ੴ




# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ



ਭਾਈ ਸਾਹਿਬ ਰਣਧੀਰ ਸਿੰਘ ਜੀ


www.sikhbookclub.com



ਭਾਈ ਸਾਹਿਬ ਭਾਈ ਰਣਧੀਰ ਸਿੰਘ

 www.sikhbookclub.com

ੴ ਵਾਹਿਗੁਰੂ ਜੀ ਕੀ ਫ਼ਤਹ ॥

"ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥"

"ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥"

"ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥"

"ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥"

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ

 www.sikhbookclub.com

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਤੀਜੀ ਵਾਰ ਅਕਤੂਬਰ ੨੦੦੩
੨੦੦੦ ਕਾਪੀ
ਮੁੱਲ : ੧੦੦-੦੦

ਪ੍ਰਕਾਸ਼ਕ :
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

 www.sikhbookclub.com

# ਤਤਕਰਾ


| *ਪ੍ਰਕਰਣ* | *ਪੰਨਾ* |
|---|---|
| ਮੁਖ-ਬੰਦ | ੧ |
| ਸੰਪਾਦਕੀ ਨੋਟ | ੮ |
| ਉਥਾਨਕਾ | ੧੨ |
| ੧ - 'ਕਰਮ' ਪਦ ਦੇ ਅਰਥ | ੧੩ |
| ੨ - ਪੂਰਬਲੇ ਕਰਮਾਂ ਦਾ ਲੇਖਾ | ੧੪ |
| ੩ - ਕਰਮਾਂ ਦਾ ਚੱਕਰ ਕਿਵੇਂ ਚੱਲਿਆ | ੨੪ |
| ੪ - ਪੂਰਬਲੇ ਪੁੰਨ ਕਰਮ | ੨੬ |
| ੫ - ਭਾਗੁ | ੩੨ |
| ਗੁਰੂ ਅਕਾਲ ਪੁਰਖ ਦਾ ਧਿਆਨ ਕਿਵੇਂ ਧਰੀਦਾ ਹੈ | ੩੪ |
| ੬ - ਕਰਮ-ਫਲ-ਪਰਦਾਤਾ ਗੁਰੂ ਕਰਤਾਰ | ੪੨ |
| ਨਿਰਬਾਣ ਪਦ | ੪੨ |
| ੭ - ਫ਼ਜ਼ਲ ਰਹਿਮਤ ਦੇ ਭਾਵ-ਅਰਥਾਂ ਵਿਚਿ ਕਰਮੁ | ੫੧ |
| ਕਰਮ ਖੰਡ | ੫੧ |
| ਨਦਰਿ | ੫੯ |
| ੮ - ਹੁਕਮ ਰਜ਼ਾਈ ਕਰਮ | ੭੧ |
| ੯ - ਕਾਰਣੁ ਕਰਤੇ ਵਸਿ ਕਰਮ | ੮੪ |
| ੧੦ - ਕਰਮ ਬਿਧਾਤਾ ਗੁਰੂ ਕਰਤਾਰ | ੯੬ |
| ੧੧ - ਕਰਮਾਂ ਉਪਰਿ ਨਿਬੇੜੇ | ੧੧੨ |
| ੧੨ - ਕਰੇ ਕਰਾਏ ਆਪਿ ਪ੍ਰਭੁ | ੧੨੧ |
| ੧੩ - ਕਰਮੁ ਕਹਾਂ ਤੇ ਆਇਆ | ੧੪੨ |
| ੧੪ - ਆਨਮਤ ਕਰਮ ਨਿਰਣੇ | ੧੪੬ |
| ੧੫ - ਆਨਮਤ ਕਰਮ ਪਾਖੰਡ ਨਿਖੇਧੀ | ੧੬੯ |
| ੧੬ - ਮਨਮੁਖਿ ਕਰਮ | ੨੦੫ |
| ਲੋਕਾਚਾਰੀ ਹਉਮੈ ਬੰਧਨ ਬਿਆਪਤ ਮਨਮੁਖੀ ਕਰਮ | ੨੧੮ |

੧੭ – ਮਨਮਤਿ ਕਰਮ ੨੨੨
੧੮ – ਤ੍ਰੈਗੁਣੀ ਤ੍ਰਿਬਿਧਿ ਕਰਮ ੨੨੮
੧੯ – ਬੰਧਨ ਬਿਆਪਤ ਕਰਮ ੨੩੫
੨੦ – ਬਿਨੁ ਗੁਰ ਕਰਮ ਨ ਛੁਟਸੀ ੨੪੩
੨੧ – ਗੁਰ ਕਾ ਸਬਦੁ ਕਾਟੇ ਕੋਟਿ ਕਰਮ ੨੫੬
ਜੋਤਿ ਦੀ ਝਲਕ ੨੫੭
ਅਕਾਲ ਪੁਰਖ ਦੀ ਮੂਰਤੀ ੨੫੮
ਗੁਰਮਤਿ ਟਕਸਾਲੀ ਨਾਮ ੨੬੫
੨੨ – ਬਿਨੁ ਸਿਮਰਨ ਕਰਮਾਂ ਦੀ ਨਿਸਫਲਤਾ ੨੬੭
੨੩ – ਕਿਰਤ–ਕਰਮ ੨੭੭
੨੪ – ਕਰਣੀ ਕੀਰਤਿ–ਹਰਿ ਕੀਰਤਿ ਕਰਮ ੨੮੮
੨੫ – ਗੁਰਮੁਖਿ ਕਰਮ ਪ੍ਰਧਾਨ ੨੯੬
੨੬ – ਨਾਮ ਅਭਿਆਸ ਦੀ ਗੁਰਮਤਿ ਜੁਗਤੀ ੩੧੫
੨੭ – ਚਹੁੰਆਂ ਜੁਗਾਂ ਦਾ ਨਿਬੇੜਾ ੩੧੯
੨੮ – ਤੱਤ ਗੁਰਮਤਿ ਕਰਮੁ ਸਰਬੋਤਮ ੩੨੮
੨੯ – ਆਨਮਤਿ ਕਰਮਾਂ ਨਾਲੋਂ ਗੁਰਮਤਿ ਕਰਮ ਦੀ ਵਿਲੱਖਣਤਾ ੩੪੪
੩੦ – ਅਧਿਆਤਮ ਕਰਮ ੪੧੭
ਨਾਮ ਜਪਣ ਦੀ ਜੁਗਤੀ ੪੨੨
੩੧ – ਨਿਰਬਾਣ ਪਦ ਦੀ ਪ੍ਰਾਪਤੀ ੪੩੫
ਸਚਖੰਡ ਵਾਸੀ ਰੂਹਾਂ ਦਾ ਨਜਾਰਾ ੪੫੪
੩੨ – ਕਦਮ–ਉਲਾਂਘ ਦੇ ਅਰਥਾਂ ਵਿਚ ਕਰਮ ੪੬੪

## ਧੰਨਵਾਦ

ਭਾਈ ਸਹਿਬ ਭਾਈ ਰਣਧੀਰ ਸਿੰਘ ਜੀ ਦੀ ਰਚਿਤ ਪੁਸਤਕ "ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ" ਦੀ ਤੀਜੀ ਛਾਪ ਸੰਗਤ ਦੀ ਭੇਟਾ ਹੈ। ਪੁਸਤਕ ਦੀ ਛਪਾਈ ਲਈ ਅਖੰਡ ਕੀਰਤਨੀ ਜਥਾ ਟਰਾਂਟੋ ਅਤੇ ਭਾਈ ਜਗਜੀਵਨ ਸਿੰਘ ਜੀ ਯੂ ਐਸ ਏ ਵਲੋਂ ਮਿਲੇ ਸਹਿਯੋਗ ਦਾ ਟ੍ਰਸਟ ਅਤੀ ਧੰਨਵਾਦੀ ਹੈ।

ਮਨਜੀਤ ਸਿੰਘ
ਸੈਕਟਰੀ, ਟ੍ਰਸਟ

# ਮੁਖ-ਬੰਦ

ਗੁਰਬਾਣੀ ਇਕ ਅਸਗਾਹ ਅਮਿਉ ਸਮੁੰਦਰ ਹੈ, ਜਿਸ ਦੇ ਕਤਰੇ ਕਤਰੇ ਵਿਚ ਵਖੋ ਵਖ ਪਰ ਘੁਲੇ ਮਿਲੇ ਅਧਿਆਤਮਕ ਭਾਵਾਂ ਦੀਆਂ ਅਮੁਲ ਮੋਤੀ-ਮਣੀਆਂ ਡਲ੍ਹਕ ਰਹੀਆਂ ਹਨ। ਕਿਸੇ ਇਕ ਅਧਿਆਤਮਕ ਵਿਸ਼ੇ ਦੀਆਂ ਬੀਜਲ-ਕਣੀਆਂ ਨੂੰ ਇਕ ਲੜੀ ਵਿਚ ਪ੍ਰੋਣਾ ਅਰ ਉਨ੍ਹਾਂ ਦੀ ਸਮੁੱਚੀ ਚਮਕ ਦਮਕ ਨੂੰ ਇਕ ਇਕਾਗਰ-ਪ੍ਰਗਟਾਵ ਵਿਚ ਦਰਸਾਉਣਾ, ਕਿਸੇ ਅਮਰ-ਬੁੱਧੀ, ਕਿਸੇ ਅਧਿਆਤਮਕ-ਸੁਤੇ-ਪ੍ਰਬੀਨ-ਬੁੱਧੀ (Spiritual genius) ਦਾ ਹੀ ਕੰਮ ਹੈ।

ਭਾਈ ਸਾਹਿਬ ਜੀ ਨੇ ਗੁਰਬਾਣੀ ਦੇ ਅਥਾਹ ਸਮੁੰਦਰ ਵਿਚੋਂ, "ਗੁਰਮਤਿ-ਕਰਮ-ਫ਼ਿਲਾਸਫ਼ੀ" ਬਾਰੇ ਸਾਰੇ ਵੀਚਾਰ, ਹਰ ਪਹਿਲੂ ਤੋਂ, ਹਰ ਪੱਖ ਤੋਂ, ਬੜੇ ਨਿਰਣੇ ਜਨਕ ਅਰ ਸਪੱਸ਼ਟ ਲਫ਼ਜ਼ਾਂ ਵਿਚ, ਇਸ ਪੁਸਤਕ ਵਿਚ ਅੰਕਿਤ ਕੀਤੇ ਹਨ।

ਗੁਰਮਤਿ ਅਧਿਆਤਮਕ ਰਹੱਸ (Sikh mysticism) ਵਿਚ ਪ੍ਰਬੀਨ ਤੇ ਆਰੂੜ ਲੇਖਕ ਦੇ ਵਿਸ਼ਾਲ ਅਰ ਗੂੜ੍ਹੇ ਆਤਮਕ ਤਜਰਬਿਆਂ ਨੇ ਇਸ ਪੁਸਤਕ ਵਿਚ ਇਕ ਜਵਾਹਰਾਤੀ ਪਰਖ ਨਾਲ ਚੁਣੀ, ਕਰਮ-ਫ਼ਿਲਾਸਫ਼ੀ ਦੀ ਵਿਚਾਰ-ਲੜੀ ਸਾਨੂੰ ਦਿੱਤੀ ਹੈ।

ਇਹ ਇਕ ਰਹੱਸਮਈ, ਤੇ ਆਤਮਕ ਸੁਹਜ-ਸੁਆਦ ਭਰਪੂਰ ਭਾਵ-ਵਿਸਥਾਰੀ ਕ੍ਰਿਤ ਹੈ। ਇਸ ਵਿਚ ਕਿਸੇ ਸਕਾਲਰ ਦੀ ਸਿਰਦਰਦੀ ਨਹੀਂ। ਇਸ ਵਿਚ ਕਿਸੇ ਟਕਸਾਲੀ ਗਿਆਨੀ ਦੀ ਖ਼ੁਸ਼ਕ-ਬਿਆਨੀ ਨਹੀਂ। ਇਸ ਵਿਚ ਕਿਸੇ ਪ੍ਰਚਾਰੀ ਕਥਾਕਾਰ ਦੀ ਦਲੀਲੀ ਕਥਨੀ ਨਹੀਂ। ਇਸ ਵਿਚ ਇਕ ਉਚੇ ਸੁਚੇ ਗੁਰਮਤਿ ਆਸ਼ੇ ਦਾ ਅਨੁਭਵੀ ਵਿਸਥਾਰ ਹੈ।

ਇਸ ਪੁਸਤਕ ਵਿਚ ਆਈ ਭਾਈ ਸਾਹਿਬ ਜੀ ਦੀ ਲਿਖਣ-ਸ਼ੈਲੀ ਭਾਵੇਂ ਕੋਮਲ ਤੇ ਨਰਮ ਨਹੀਂ, ਪਰ ਇਸ ਵਿਚ ਗ਼ਜ਼ਬ ਦੀ ਦ੍ਰਿੜ੍ਹਤਾ, ਜੁੰਬਸ਼ ਤੇ ਡੂੰਘਾਈ ਹੈ। ਇਸ ਵਿਚ ਸਪੱਸ਼ਟਤਾ, ਸਮਰੱਥਾ ਤੇ ਸ਼ਕਤੀ ਦੀ ਰੌ ਬੇਹਦ ਹੈ। ਨਾ ਪੱਛਮੀ ਵਿਦਿਆ ਦਾ ਚਾਨਣਾ ਇਸ ਨੂੰ ਲਿਖਣ ਵਿਚ ਸਹਾਈ ਹੋਇਆ ਹੈ ਤੇ ਨਾ ਪੂਰਬੀ ਵਿਦਿਆ ਦਾ। ਇਸ ਵਿਚ ਨਿਰੋਲ ਗੁਰਬਾਣੀ ਦੇ ਚਾਨਣੇ ਵਿਚ ਗੁਰਬਾਣੀ ਦੇ ਉਚ ਆਸ਼ੇ ਨੂੰ ਪੇਸ਼ ਕੀਤਾ ਗਿਆ ਹੈ। ਇਸ ਲੇਖਣੀ ਵਿਚ ਚਾਹੇ ਨਜ਼ਾਕਤ ਨਹੀਂ, ਪਰ ਲਤਾਫ਼ਤ ਹਦੋਂ ਪਰੇ ਦੀ ਹੈ। ਇਸ ਵਿਚ ਭਾਵੇਂ ਨਰਮਾਹਟ ਨਹੀਂ, ਪਰ ਅਸਲੀਅਤ ਦੀ ਤਾਕਤ ਅਵੱਸ਼ ਹੈ। ਇਸ ਵਿਚ ਭਾਵੇਂ ਲਫ਼ਜ਼ੀ ਗੁਦਗੁਦਾਹਟ ਨਹੀਂ, ਪਰ ਗੁਰਮਤਿ ਦੇ ਇਕ ਮਹਾਨ ਆਦਰਸ਼ ਦੀ ਗੂੰਜ ਗੂੰਜਾਹਟ ਜ਼ਰੂਰ ਹੈ। ਇਸ ਵਿਚ ਭਾਵੇਂ ਮਹਿਜ਼ ਲਫ਼ਜ਼ਾਂ ਦੀ ਚਮਤਕਾਰੀ ਚਮਕਾਹਟ ਨਹੀਂ, ਪਰ ਇਕ ਉਛਲ ਉਛਲ ਪੈਂਦੇ ਰੌ ਦੀ ਵਿਗਸਾਹਟ ਜ਼ਰੂਰ ਹੈ।

ਇਹ ਮਹਾਨ ਰਚਨਾ ਸਾਡੇ ਕਈ ਆਤਮਕ ਭੁਲੇਖਿਆਂ ਲਈ ਇਕ ਚਾਨਣ-ਮੁਨਾਰਾ ਬਣ ਗਈ ਹੈ। ਗੁਰਮਤਿ ਜੀਵਨ ਦੀ ਜਗਿਆਸਾ ਦੀਆਂ ਲੋੜਾਂ ਦੀ ਪੂਰਨਤਾ ਦਾ ਅਖੁਟ ਭੰਡਾਰ ਹੈ। ਵਿਦਵਾਨਾਂ ਲਈ, ਕਥਾਕਾਰਾਂ ਲਈ, ਫ਼ਿਲਾਸਫ਼ਰਾਂ ਲਈ, ਅਧਿਆਤਮਕ-ਰਹੱਸ ਦੇ ਪਾਂਧੀਆਂ ਲਈ ਹਮੇਸ਼ਾ ਇਕ ਅਮੁੱਲ ਖ਼ਜ਼ਾਨਾ ਬਣੀ ਰਹੇਗੀ।

 www.sikhbookclub.com

ਫ਼ਲਸਫ਼ਿਕ ਲਿਖਤਾਂ ਵਿਚੋਂ ਕੁਛ ਲਭਣ ਲਈ ਹਮੇਸ਼ਾ ਡੂੰਘੀ ਚੁੱਭੀ ਮਾਰਨੀ ਪੈਂਦੀ ਹੈ। ਕਈਆਂ ਵਿਚੋਂ ਮੇਹਨਤ ਤੇ ਜਤਨ ਕੀਤੇ ਬਗ਼ੈਰ ਕਦੀ ਭੀ ਕੁਛ ਨਹੀਂ ਨਿਕਲਦਾ। ਪਰ ਇਸ ਲਿਖਤ ਦੀਆਂ ਡੂੰਘਾਣਾਂ ਦੇ ਮੋਤੀ ਸਿੱਪੀਆਂ ਦੀ ਝੋਲ 'ਚੋਂ ਨਿਕਲ ਕੇ ਉਪਰ ਉਪਰ ਅਣਗਿਣਤ ਲਹਿਰਾਂ ਵਿਚ ਲਹਿਰੇ ਲੈ ਰਹੇ ਹਨ। ਕਿਤਿਓਂ ਭੀ ਖੋਲ੍ਹ ਲਵੋ, ਕਿਤਿਓਂ ਸ਼ੁਰੂ ਕਰ ਦਿਓ, ਬਿਨਾਂ ਪਰੇਸ਼ਾਨੀ ਦੇ, ਬਿਨਾਂ ਭਰਮ ਭੁਲੇਖੇ ਦੇ ਗੁਰਮਤਿ ਦੇ ਤੱਤ ਭਾਵਾਂ ਦਾ ਨਿਖੇੜ ਸਾਡੀਆਂ ਅੱਖੀਆਂ ਅਗੇ ਵਿਛਿਆ ਮਹਿਸੂਸ ਹੋ ਜਾਂਦਾ ਹੈ।

ਹਰ ਸਤਰ ਵਿਚ ਰਹੱਸਮਈ ਆਤਮਕ ਤਜਰਬਿਆਂ ਦੀ ਝਲਕ ਹੈ; ਫ਼ਲਸਫ਼ਿਕ ਵੀਚਾਰਾਂ ਨੂੰ ਇਕ ਰੂਹਾਨੀ ਪਿਉਂਦ ਤੇ ਗੁਰਸਿੱਖੀ ਦੇ ਤੱਤ ਮਾਰਗ ਦੇ ਨਿਰਣੇ ਦੀ ਰੰਗਣ ਵਿਚ ਪੇਸ਼ ਕੀਤਾ ਹੈ। ਇਸ ਵਿਚ ਸਾਫ਼ ਨਜ਼ਰ ਆ ਜਾਂਦਾ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਨੇ ਵੇਦ-ਕਤੇਬੀ (Vedic ਤੇ Semetic) ਕਰਮ ਫ਼ਿਲਾਸਫ਼ੀ ਤੇ ਇਸ਼ਟਾਪਤੀ ਦੀ ਕਿਵੇਂ ਕਾਇਆਂ ਪਲਟ ਦਿੱਤੀ ਹੈ। ਕਰਮ ਫ਼ਿਲਾਸਫ਼ੀ ਦੇ ਹਰ ਇਕ ਵਿਸ਼ੇ ਨੂੰ ਆਦਿ ਤੋਂ ਅੰਤ ਤਕ, ਉਸ ਦਾ ਹਰ ਇਕ ਰੂਪ ਤੇ ਹਰ ਇਕ ਵਿਸ਼ਵਾਸ ਅਨੁਭਵੀ-ਵੀਚਾਰ ਦੀ ਕੁਠਾਲੀ ਵਿਚ ਢਾਲਿਆ।

## ੨

ਗੁਰਮਤਿ ਦਾ ਆਨਮਤਾਂ ਨਾਲ ਵੱਡਾ ਵਿਰੋਧ ਕਰਮ-ਫ਼ਿਲਾਸਫ਼ੀ ਤੋਂ ਹੀ ਹੋਇਆ। ਦੂਜੇ ਮੱਤਾਂ ਵਿਚ ਕਰਮ-ਕਾਂਡ ਤੇ ਸਰਗੁਣ ਉਪਾਸ਼ਨਾ ਪ੍ਰਧਾਨ ਸੀ, ਪਰ ਗੁਰਸਿੱਖੀ ਵਿਚ ਇਨ੍ਹਾਂ ਦਾ ਸਖ਼ਤ ਖੰਡਨ ਕੀਤਾ ਗਿਆ।

ਪਿਛਲੇ ਜਨਮਾਂ ਦੇ ਸੰਸਕਾਰ ਇਸ ਜਨਮ ਤੇ ਜ਼ਰੂਰ ਪ੍ਰਭਾਵ ਪਾਉਂਦੇ ਹਨ; ਪਰ ਗੁਰਮੁਖ ਜਨ, ਸ਼ਬਦ ਦੀ ਟੇਕ ਲੈ ਕੇ ਬਹੁਤ ਸਾਰੀਆਂ ਉਪਾਧੀਆਂ ਤੋਂ ਬਚ ਜਾਂਦੇ ਹਨ, ਬਲਕਿ ਸਹਿਜੇ ਸਹਿਜੇ ਸਭ ਮੈਲ ਧੋ ਕੇ ਨਿਰਮਲ ਤੇ ਅਛੂਹ ਹੋ ਜਾਂਦੇ ਹਨ। ਇਹ ਜੀਵਨ-ਮੁਕਤ ਤਤਕਾਲ ਹੀ ਨਹੀਂ ਪ੍ਰਾਪਤ ਹੁੰਦੀ।

ਭਾਈ ਨਾਨੋ ਨੇ ਗੁਰੂ ਅਰਜਨ ਦੇਵ ਜੀ ਤੋਂ ਇਕ ਵੇਰੀ ਪੁਛਿਆ, "ਗਰੀਬ ਨਿਵਾਜ਼ ਜੀ! ਜਿਸ ਸਮੇਂ ਸ਼ਬਦ ਸੁਣਦੇ ਹਾਂ, ਤਿਸ ਸਮੇਂ ਤਾਂ ਮਨ ਨੀਵਾਂ ਰਹਿੰਦਾ ਹੈ, ਜਿਸ ਸਮੇਂ ਵਿਵਹਾਰ ਵਿਚ ਪੈਂਦੇ ਹਾਂ ਤਿਸ ਸਮੇਂ ਭੁਲ ਜਾਂਦਾ ਹੈ।" ਗੁਰੂ ਸਾਹਿਬ ਦਾ ਬਚਨ ਹੋਇਆ, "ਇਹ ਬਿਉਹਾਰ ਤੇ ਦੁਰਮਤਿ ਦਾ ਅਭਿਆਸ ਬਹੁਤਿਆਂ ਜਨਮਾਂ ਦਾ ਚਲਿਆ ਆਇਆ ਹੈ ਤੇ ਸ਼ਬਦ ਬਾਣੀ ਦਾ ਅਭਿਆਸ ਏਸੇ ਜਨਮ ਤੁਸਾਂ ਪਾਇਆ ਹੈ। ਓਸ ਅਭਿਆਸ ਦੁਆਰੇ ਅਣਹੁੰਦਾ ਦ੍ਰਿੜ੍ਹ ਹੋ ਗਇਆ ਹੈ ਤੇ ਇਹ ਭੀ ਆਤਮ ਗਿਆਨ ਦਾ ਅਭਿਆਸ ਨਿਤ ਸ੍ਵਣ ਦੁਆਰੇ ਦ੍ਰਿੜ੍ਹ ਹੋਵੇਗਾ।" ਏਸੇ ਅਮਰ ਨੂੰ ਭਾਈ ਸਾਹਿਬ ਜੀ ਨੇ ਬੜੀ ਚੰਗੀ ਤਰ੍ਹਾਂ ਗੁਰ ਪ੍ਰਮਾਣਾਂ ਦੀ ਕੁੰਜੀ ਨਾਲ ਖੋਲ੍ਹ ਕੇ ਦਸਿਆ।

ਸ੍ਰੀ ਦਸਮੇਸ਼ ਜੀ ਭਾਰਤ ਵਿਚ ਪ੍ਰਚਲਤ ਕਰਮਾਂ ਧਰਮਾਂ ਦਾ ਜ਼ਿਕਰ ਅਕਾਲ ਉਸਤਤਿ ਵਿਚ ਕਰਦਿਆਂ ਲਿਖਦੇ ਹਨ— ਕਈ ਸਰੀਰ ਉਤੇ ਸਰਦੀ ਸਹਾਰਦੇ ਹਨ, ਕਈ ਗਰਮੀ ਤੇ ਕਈ ਬਰਖਾ। ਕਈਆਂ ਨੇ ਜੋਗ-ਸਮਾਧੀਆਂ ਲਾਉਂਦਿਆਂ ਕਲਪ ਬਿਤਾ ਦਿੱਤੇ, ਸ਼ਾਸਤ੍ਰ ਸਿਮ੍ਰਿਤੀਆਂ, ਵੇਦ ਉਚਾਰਦਿਆਂ ਉਮਰਾਂ ਬਿਤਾ ਦਿੱਤੀਆਂ। ਵਿਗਿਆਨ ਤੇ ਕਾਵਿ ਵਿਚ ਕਈ ਰੁਝੇ ਹੋਏ ਹਨ,

ਕਈ ਅਗਨ-ਹੋਤ੍ਰੀ ਹਨ, ਕਈ ਪਵਨ-ਅਹਾਰੀ। "ਨਹੀ ਤਦਪਿ ਦੇਵ ਹੋਵਤ ਪ੍ਰਤੱਛ ॥"[1] ਅਕਾਲ ਪੁਰਖ ਤਾਂ ਭੀ ਪਰਤੱਖ ਨਹੀਂ ਹੁੰਦਾ। ਕਈ ਗੀਤ ਗਾਣਿਆਂ ਵਿਚ ਮਸਤ ਹਨ, ਕਈ ਹੋਰ ਦੇਸਾਂ ਦੀਆਂ ਬੋਲੀਆਂ ਰਟ ਕੇ ਗਿਆਨ ਇਕੱਠਾ ਕਰਦੇ ਫਿਰਦੇ ਹਨ, ਤੀਰਥਾਂ ਤੇ ਭਰਮਦੇ ਭਟਕਦੇ ਫਿਰਦੇ ਹਨ; ਨਿਉਲੀ ਕਰਮ ਤੇ ਦਾਨ ਧਰਮ ਤੇ ਯਗ ਵਗ਼ੈਰਾ ਕਰਦੇ ਹਨ। ਕਿਤੇ ਪਿਤ੍ਰ ਕਰਮਾਂ ਤੇ ਕਿਤੇ ਨ੍ਰਿਤ ਨਾਚਾਂ ਵਿਚ ਰੁਝੇ ਹੋਏ ਹਨ। ਹੋਮ ਜਗ ਦੇ ਕਈ ਅਡੰਬਰ ਰਚਦੇ ਹਨ। ਪਰ ਸ੍ਰੀ ਦਸਮੇਸ਼ ਜੀ ਬੜੇ ਕੜਕਵੇਂ ਲਫ਼ਜ਼ਾਂ ਵਿਚ ਸਪੱਸ਼ਟ ਕਰਦੇ ਹਨ—

**ਬਿਨ ਏਕ ਨਾਮ ਇਕ ਚਿਤ ਲੀਨ ॥ ਫੋਕਟੋ ਸਰਬ ਧਰਮਾਂ ਬਿਹੀਨ ॥੨੦॥ ੪੦॥**
**(ਅਕਾਲ ਉਸਤਤਿ)**

ਸ੍ਰੀ ਭਾਈ ਸਾਹਿਬ ਜੀ ਭੀ ਇਸੇ ਗੁਰਮਤਿ ਆਸ਼ੇ ਨੂੰ ਬਾਰ ਬਾਰ ਬੜੇ ਜ਼ੋਰਦਾਰ ਲਫ਼ਜ਼ਾਂ ਵਿਚ ਲਿਖਦੇ ਹੋਏ ਕਹਿੰਦੇ ਹਨ—

"ਇਹ ਸਿਮ੍ਰਿਤੀਆਂ ਤੇ ਸ਼ਾਸਤ੍ਰ ਜੇਹੜੇ ਸਾਜੇ ਗਏ ਹਨ, ਇਹਨਾਂ ਵਿਚ ਕੁਛ ਨਹੀਂ ਧਰਿਆ ਪਿਆ। ਇਹਨਾਂ ਵਿਚ ਸਿਰਫ਼ ਪਾਪ ਪੁੰਨ ਦੇ, ਕਰਮਾਂ ਦੀਆਂ ਗੀਟੀਆਂ ਗਣਤ ਗਣੀਆਂ ਹੋਈਆਂ ਹਨ। ਉਹ ਕਰਮ ਭੀ ਅੰਧਲੇ ਅੰਧ ਅਗਿਆਨੀਆਂ ਵਾਲੇ ਕਰਦੇ ਹਨ। ਗੁਰੂ ਦੇ ਭਾਣੇ ਦਾ ਉਹਨਾਂ ਨੂੰ ਗਿਆਨ ਹੀ ਨਹੀਂ ਹੁੰਦਾ। ਉਹ ਆਪਣੇ ਭਾਣੇ ਹੀ ਆਪ-ਹੁਦਰੇ ਚਲਦੇ ਹਨ, ਅਤੇ ਆਪ-ਹੁਦਰੇ ਕਰਮ ਕਰਦੇ ਹਨ।"

ਇਹ ਹੈ ਬੁਨਿਆਦੀ ਫ਼ਰਕ ਗੁਰਮਤਿ ਮਾਰਗ ਵਿਚ ਅਰ ਕਰਮ ਕਾਂਡੀ ਮਾਰਗਾਂ ਵਿਚ।

## ੩

ਭਾਈ ਸਾਹਿਬ ਜੀ ਨੇ ਕਰਮ-ਫ਼ਿਲਾਸਫ਼ੀ ਦੇ ਸਮੁੱਚੇ ਵਿਸ਼ੇ ਬਾਰੇ ਵਿਗਿਆਨਕ ਸਿਲਸਿਲੇ ਵਿਚ ਵਿਸਥਾਰ-ਵਿਚਾਰ ਪੇਸ਼ ਕੀਤੀ ਹੈ। ਇਸ ਸਿਲਸਿਲੇ ਦੀ ਸੰਖੇਪ ਜੇਹੀ ਭਾਵਿਕ-ਵੰਡ ਤੇ ਉਸ ਦਾ ਤੱਤ ਇਸ ਪ੍ਰਕਾਰ ਹੈ-

(੧) ਪੁਸਤਕ ਦੇ ਪਹਿਲੇ ਹਿੱਸੇ ਵਿਚ '**ਕਰਮ**' ਪਦ ਦੀ ਵਖ ਵਖ ਭਾਵਾਂ ਵਿਚ ਵਿਆਖਿਆ ਦੇ ਕੇ ਦਸਿਆ ਹੈ ਕਿ ਕਰਮਾਂ ਦਾ ਚੱਕਰ ਕਿਵੇਂ ਚਲਿਆ। ਅਜ ਭੀ ਸਿਵਾਏ ਉਨ੍ਹਾਂ ਵਿਰਲੀਆਂ ਰੂਹਾਂ ਤੋਂ ਜੋ ਨਾਮ-ਭਗਤੀ ਦੁਆਰਾ ਕਰਮਾਂ ਦੇ ਬੰਧਨਾਂ ਨੂੰ ਤੋੜ ਦਿੰਦੇ ਹਨ, ਪਾਪਾਂ ਸਰਾਪਾਂ ਦੀ ਪਿਛਲੀ ਮੈਲ ਨੂੰ ਨਾਮ ਨਾਲ ਧੋ ਦਿੰਦੇ ਹਨ, ਬਾਕੀ ਸਭ ਜੀਵਾਂ ਦਾ ਨਿਬੇੜਾ ਕਰਮਾਂ ਉਤੇ ਹੀ ਹੁੰਦਾ ਹੈ। ਜੈਸਾ ਉਹ ਬੀਜਦੇ ਹਨ, ਤੈਸਾ ਹੀ ਉਹ ਖਾਂਦੇ ਹਨ।

(੨) **ਕਰਮ-ਕਾਂਡੀ ਕਰਮਾਂ** ਦਾ ਨਿਖਾਰ ਉਪਰ ਦੇ ਹੀ ਚੁਕੇ ਹਾਂ। ਇਨ੍ਹਾਂ ਆਨਮਤ ਕਰਮਾਂ-ਧਰਮਾਂ ਦੇ ਪਾਖੰਡ ਦਾ ਪਾਜ ਉਘੇੜਨ ਲਈ, ਅਰ ਇਨ੍ਹਾਂ ਪਰਪੰਚੀ ਕਰਮਾਂ-ਧਰਮਾਂ ਦੇ ਗੁਮਰਾਹਕੁਨ ਵਿਸ਼ਵਾਸ ਦਾ ਬਨਾਉਟੀ ਵੇਦ-ਸ਼ਾਸਤ੍ਰੀ ਢਾਂਚਾ ਚੂਰ ਚੂਰ ਕਰਨ ਲਈ, ਭਾਈ ਸਾਹਿਬ ਜੀ ਨੇ ਸੌ ਸਫ਼ੇ ਤੋਂ ਵਧੀਕ ਗੁਰ-ਪ੍ਰਮਾਣਾਂ ਦੀ ਕਟਾਖਯ ਭਰੀ ਭਾਵਾਰਥੀ ਲੜੀ ਪੇਸ਼ ਕੀਤੀ ਹੈ। ਨਿਖਾਰ ਨਿਚੋੜ ਕਢ ਕੇ ਲਿਖਦੇ ਹਨ— "ਦਰ-ਅਸਲ ਇਹ ਪਾਖੰਡ ਕਰਦੇ ਹਨ, ਰੱਬ

---

[1] ਅਕਾਲ ਉਸਤਤਿ, ਅੰਕ ੧੧॥ ੧੩੧॥


www.sikhbookclub.com

ਰੀਝਾਉਣ ਲਈ ਨਹੀਂ। ਰੱਬ ਐਸੇ ਪਾਖੰਡ-ਕਰਮੀਆਂ ਤੇ ਰੀਝਦਾ ਹੀ ਨਹੀਂ, ਨਾ ਹੀ ਅਜਿਹੇ ਪਾਖੰਡ-ਕਰਮਾਂ ਤੇ ਪਤੀਜਦਾ ਹੈ। ਅਣਭੋਲ ਲੋਕ ਪਤੀਜ ਜਾਂਦੇ ਹਨ। ਜਿਸ ਮਾਇਆ ਦੀ ਤ੍ਰਿਸ਼ਨਾ ਲਈ ਅਜਿਹੇ ਡਿੰਭ ਰਚੇ ਜਾਂਦੇ ਹਨ ਤਿਨ੍ਹਾਂ ਕਰਕੇ ਤ੍ਰਿਸ਼ਨਾ ਉਹਨਾਂ ਦੀ ਫੇਰ ਭੀ ਨਹੀਂ ਮਿਟਦੀ, ਸਗੋਂ ਹੋਰ ਵਧੇਰੀ ਵਧ ਜਾਂਦੀ ਹੈ।"

(੩) **ਹਉਮੈ-ਬਿਆਪਤ ਕਰਮ**— ਪਰਮਾਰਥ ਤੋਂ ਬੇਮੁਖ ਆਦਮੀ ਹਮੇਸ਼ਾ ਹਉਮੈ ਦੇ ਅਧੀਨ ਕਰਮ ਕਰਦੇ ਹਨ। ਇਨ੍ਹਾਂ ਬੇਮੁਖ ਪੁਰਸ਼ਾਂ ਉਤੇ ਮਾਇਆ ਦਾ ਮੋਹ ਪ੍ਰਬਲ ਰਹਿੰਦਾ ਹੈ। ਨਾਮ ਵਲ ਰੁਚੀ ਹੀ ਨਹੀਂ ਜਾਂਦੀ। ਅੰਦਰ ਲੋਭ ਵਿਕਾਰ ਤੇ ਵਾਸ਼ਨਾਵਾਂ ਦੀ ਅੱਗ ਲਗੀ ਰਹਿੰਦੀ ਹੈ। ਸੋ ਮਨਮੁਖਾਂ ਦੇ ਕਰਮ, ਤੇ ਮਨਮਤਾਂ ਦੇ ਕਰਮਾਂ ਵਿਚ ਗ੍ਰਸੇ ਪੁਰਸ਼ ਸਾਰੀ ਉਮਰ ਭਰਮਦੇ ਭਟਕਦੇ ਹੀ ਰਹਿੰਦੇ ਹਨ। ਚੰਗੇ ਮੰਦੇ ਕਰਮਾਂ ਦੀ ਸੁਰਤ ਭੀ ਗੁਆ ਦਿੰਦੇ ਹਨ।

ਕਈ ਦਿਖਾਵੇ ਦੇ ਪਰਮਾਰਥ ਤੇ ਧਾਰਮਕ ਰੀਤਾਂ ਰਸਮਾਂ ਵਿਚ ਪੈ ਕੇ ਬੜੇ ਹੰਕਾਰ ਵਿਚ ਫੂਲੇ ਰਹਿੰਦੇ ਹਨ ਕਿ ਅਸੀਂ ਏਨੇ ਵਰਤ ਨੇਮ ਕੀਤੇ, ਅਸੀਂ ਇਹ ਜਪ ਤਪ ਤੇ ਸੰਜਮ ਕੀਤੇ। ਇਹ ਪਰਮਾਰਥੀ ਕਰਮ ਭੀ ਨਿਰੇ ਗੁਮਾਨ ਹੀ ਗੁਮਾਨ ਰਹਿ ਜਾਂਦੇ ਹਨ।

(੪) **ਤ੍ਰੈਗਣੀ ਤ੍ਰਿਬਿਧ ਕਰਮ**— ਸਾਡੀ ਸਾਰੀ ਮਾਨਸਕ ਅਵਸਥਾ ਤਿੰਨਾਂ ਗੁਣਾਂ ਵਿਚ ਵਿਆਪ ਰਹੀ ਹੈ। ਇਨ੍ਹਾਂ ਤੋਂ ਉਪਰ ਹੈ ਲਿਵ ਦੀ ਅਵਸਥਾ, ਜੋ ਤੁਰੀਆ ਗੁਣ ਵਿਚ ਹੀ ਵਾਪਰਦੀ ਹੈ। ਇਹ ਗੁਣ ਇਹ ਹਨ—

(ੳ) ਤਮੋ ਗੁਣ— ਮਨ ਦੀ ਅੰਧਿਆਰੀ ਪਸ਼ੂ ਬ੍ਰਿਤ ਦਸ਼ਾ— Animal conscious state.

(ਅ) ਰਜੋ ਗੁਣ— ਸੰਸਾਰੀ ਵਾਸ਼ਨਾਵਾਂ ਦੀ ਦਸ਼ਾ— Passion conscious state.

(ੲ) ਸਤੋ ਗੁਣ— ਸੱਤ-ਸੰਤੋਖੀ ਮਨ ਦੀ ਦਸ਼ਾ— Refined conscious state.

(ਸ) ਤੁਰੀਆ ਗੁਣ— ਲਿਵ ਦੀ ਉਨਮਨ ਦਸ਼ਾ— Super–conscious state.

ਲਿਵ ਦੀ ਅਵਸਥਾ ਤੋਂ ਨੀਚੇ, ਇਨਸਾਨ, ਸਤੋ ਗੁਣੀ ਬਣ ਸਕਦਾ ਹੈ। ਪਰ ਸਹਿਜ ਅਨੰਦ ਦੀ ਅਵਸਥਾ ਇਸ ਤੋਂ ਉਪਰ ਹੀ ਪ੍ਰਾਪਤ ਹੁੰਦੀ ਹੈ। ਉਹਨਾਂ ਦੀ ਹਉਮੈ ਮਰ ਜਾਂਦੀ ਹੈ। ਤ੍ਰੈ-ਗੁਣੀ ਕਰਮ ਸਭ ਹਉਮੈ ਬੰਧਨ ਕਰਮ ਹਨ। ਤ੍ਰੈਗੁਣੀ ਤ੍ਰਿਬਿਧ ਕਰਮ ਹੀ ਬੰਧਨ ਬਿਆਪਤ ਕਰਮ ਹਨ।

(੫) **ਕਿਰਤ ਕਰਮ**— ਕਿਰਤ-ਕਰਮ ਉਹ ਚੰਗੇ ਜਾਂ ਮੰਦੇ ਕਰਮ ਹਨ, ਜੋ ਜੀਵ ਨੇ ਪਿਛਲੇ ਜਨਮ ਵਿਚ ਕੀਤੇ ਹੋਣ। ਹਿੰਦੂ ਫ਼ਲਸਫ਼ਾ ਤੇ ਬੋਧੀ ਫ਼ਲਸਫ਼ਾ, ਕਿਰਤ-ਕਰਮਾਂ ਦੇ ਵਿਸ਼ਵਾਸ ਨੇ ਨਿਰਾਸ਼ਾਵਾਦੀ (Pessimistic) ਬਣਾ ਦਿੱਤੇ। ਇਨ੍ਹਾਂ ਨੇ ਇਸ ਸੰਸਾਰ ਨੂੰ ਦੁਖ ਰੂਪ ਦਸਿਆ, ਜਿਸ ਵਿਚ ਕਰਮ-ਭੋਗਣ ਤੋਂ ਕੋਈ ਛੁਟਕਾਰਾ ਨਹੀਂ। ਗੁਰਮਤਿ ਫ਼ਲਸਫ਼ਾ ਏਥੇ ਆ ਕੇ ਬਿਲਕੁਲ ਆਸ਼ਾਵਾਦੀ ਅਰ ਚੜ੍ਹਦੀਆਂ ਕਲਾਂ ਦਾ ਪ੍ਰੇਰਕ ਬਣ ਜਾਂਦਾ ਹੈ, ਕਿਉਂਕਿ ਗੁਰਮੁਖ ਜਨਾਂ ਦਾ ਵਿਸ਼ਵਾਸ ਹੈ ਕਿ **"ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥"**[੧] ਗੁਰਮਤਿ-

[੧] ਬਸੰਤ ਰਾਮਾਨੰਦ ਜੀ, ਪੰਨਾ ੧੧੯੫

ਰਸਾਇਣੀ-ਟਕਸਾਲ ਅਨੇਕਾਂ ਗੁਰੂ-ਸਰਨ-ਆਇਆਂ ਨੇ ਜੀਵਨ ਤੇ ਘਟਾਈ ਅਰ ਅਜ਼ਮਾਈ, ਅਰ ਅਨੇਕਾਂ ਹੀ ਇਸ ਪਾਰਸ-ਰਸਾਇਣੀ-ਅਉਖਧੀ ਨੂੰ ਵਰਤ ਕੇ ਅਕਾਲ ਪੁਰਖ ਦੇ ਤੱਤ ਸਰੂਪ ਨੂੰ ਪ੍ਰਾਪਤ ਹੋਏ। ਅਠੋ ਪਹਿਰ ਸਿਮਰਨ ਭਗਤੀ ਨਾਲ ਕੋਟ ਕਲੰਕ ਖਿਨ ਮਾਹਿ ਮਿਟ ਜਾਂਦੇ ਹਨ।

(੬) **ਹਰਿ-ਕੀਰਤ-ਕਰਮ**— ਕਰਮਾਂ ਸਿਰ ਸਫਲਾ ਕਰਮ "ਹਰਿ ਕੀਰਤ ਕਰਮ" ਹੈ। ਅਕਾਲ ਪੁਰਖ ਦੀ ਸੱਚੀ ਸਿਫ਼ਤ-ਸਲਾਹ ਹੀ ਸ਼ੁਭ ਕਰਮਨ ਸਿਰ ਕਰਮ ਹੈ। ਇਹ ਸਿਫ਼ਤ-ਸਲਾਹ ਨਾਮ ਦੇ ਰਹੱਸ, ਤੇ ਲਿਵ-ਮਗਨ ਅਭਿਆਸ ਨਾਲ ਹੋ ਸਕਦੀ ਹੈ, ਗੁਰਬਾਣੀ ਦੇ ਕੀਰਤਨ ਤੇ ਅਭਿਆਸ ਦੁਆਰਾ ਹੋ ਸਕਦੀ ਹੈ। ਸਭ ਤ੍ਰਿਸ਼ਨਾ ਨਿਵਾਰੀ ਜਾਂਦੀ ਹੈ। ਪਰਮ-ਗਤਿ ਪਾਉਣ ਦਾ ਇਕੋ ਇਕ ਮਾਰਗ ਹਰਿ-ਕੀਰਤ ਕਰਮ ਹੈ।

(੭) **ਹੁਕਮ-ਰਜ਼ਾਈ-ਕਰਮ**— ਹਰਿ-ਕੀਰਤ-ਕਰਮ ਗੁਰਮਤਿ ਦਾ ਸ੍ਰੇਸ਼ਟ ਸਾਧਨ ਹੈ, ਤੇ ਹੁਕਮ-ਰਜ਼ਾਈ ਕਰਮ ਇਸ ਸਾਧਨ ਦੀ ਇਕ ਮੰਜ਼ਲ ਹੈ। ਇਸ ਮੰਜ਼ਲ ਦਾ ਨਿਤ-ਕਰਮ ਹੀ ਇਹ ਹੈ ਕਿ ਬ੍ਰਹਮ ਸੱਤਾ ਦੀ ਵਿਸ਼ਾਲ ਅਨੰਤ ਚੁਪ ਵਿਚ ਰਸ-ਲੀਣ ਹੋ ਹੋ, ਹੋਰ ਰਸ ਪੀਂਦੇ ਜਾਣਾ। ਹੁਕਮ-ਰਜ਼ਾਈ ਕਰਮ ਵਿਚ ਸਿਫ਼ਤ-ਸਲਾਹ ਦਾ ਅਗੰਮੀ ਗੀਤ ਕਿਸੇ ਅਕਹਿ ਖੇੜੇ ਤੇ ਅਵੇਸ਼ ਦੇ ਦਰ ਖੋਲ੍ਹਦਾ ਹੈ।

(੮) **ਅਧਿਆਤਮ ਕਰਮ** ਉਹ ਕਰਮ ਹਨ, ਜਦ ਕਿ ਸਿਖ ਦੀ ਜਾਗ ਉਠੀ ਸੁਰਤ ਸਤਿਗੁਰੂ ਦੇ ਕੰਵਲ-ਮਸਤਕੀ ਸੂਰਜ-ਨੈਣਾਂ ਵਿਚ ਸਦਾ ਸਦਾ ਗੱਡੀ ਜਾਂਦੀ ਹੈ। ਇਹ ਉਹ ਆਤਮਕ ਅਭੇਦਤਾ ਹੈ, ਜਿਸ ਵਿਚ ਸਿਖ ਦੀ ਰੂਹ ਗੁਰ-ਸ਼ਬਦ ਦੀ ਪਵਨ-ਉਡਾਰੀ ਲਾ ਕੇ ਅਗੰਮ, ਅਥਾਹ ਬੇਨਿਆਜ਼ ਸਾਈਂ ਦੇ ਨਿਜ-ਸਰੂਪ ਵਿਚ ਲੀਨ ਹੋ ਜਾਂਦੀ ਹੈ। ਰਸ-ਰਸੀਂਦੇ ਗੁਰਮੁਖ ਜਨਾਂ ਦੀ ਮੰਜ਼ਲ ਦਾ ਇਹ ਸਿਖਰ ਹੈ। ਇਕ ਅਮਰ ਸਦੈਵਤਾ ਵਿਚ ਇਹ ਇਉਂ ਘੁਲ ਮਿਲ ਜਾਂਦੇ ਹਨ, ਜਿਵੇਂ—

> **ਜਗ ਮਗ ਜੋਤਿ ਸਰੂਪ ਜੋਤਿ ਪਰਮ ਜੋਤਿ ਮਿਲਿ ਜੋਤਿ ਮਹਿ॥**
> **ਅਦਭੁਤ ਅਤਹਿ ਅਨੂਪ ਪਰਮ ਤਤੁ ਤਤਹਿ ਮਿਲਿਓ ॥**

**(ਭਾਃ ਗੁਰਦਾਸ ਜੀ ਕਬਿਤ ਸਵੱਯੇ, ਸੋਰਠਾ)**

## ੪

ਜਿਸ ਕੌਮ ਦਾ ਇਤਿਹਾਸ ਅਣਲਿਖਿਆ ਪਿਆ ਹੋਵੇ, ਓਸ ਕੌਮ ਦੀ ਸ਼ਾਨ ਦੁਨੀਆ ਦੀਆਂ ਅੱਖਾਂ ਉਹਲੇ ਰਹਿੰਦੀ ਹੈ; ਜਿਸ ਕੌਮ ਦਾ ਫ਼ਲਸਫ਼ਾ ਛੁਪਿਆ ਹੋਇਆ ਹੋਵੇ, ਉਸ ਕੌਮ ਦੀ ਹਸਤੀ ਤੋਂ ਦੁਨੀਆ ਅਨਜਾਣ ਰਹਿੰਦੀ ਹੈ।

ਗੁਰਬਾਣੀ ਵਿਚ ਆਏ ਗੁਰਮਤਿ ਆਸ਼ਿਆਂ ਦਾ ਨਿਖੇੜਵਾਂ-ਵਿਸਥਾਰ (Analytical study) ਸਭ ਤੋਂ ਪਹਿਲਾਂ ਭਾਈ ਗੁਰਦਾਸ ਜੀ ਨੇ ਕੀਤਾ। ਸਤਿਗੁਰੂ ਸੱਚੇ ਪਾਤਸ਼ਾਹ ਏਨੇ ਪ੍ਰਸੰਨ ਹੋਏ ਕਿ ਉਨ੍ਹਾਂ ਨੇ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਦੀ ਪਦਵੀ ਦੇ ਦਿੱਤੀ। ਗੁਰਮਤਿ ਦਾ ਆਨਮਤ ਦੇ ਨਾਲ ਟਾਕਰਾ (Comparative study) ਤੇ ਗੁਰਮਤਿ ਦੇ ਅਧਿਆਤਮ ਰਹੱਸ ਦਾ ਨਿਰਣਾ ਭਾਈ ਗੁਰਦਾਸ ਜੀ ਨੇ ਕਬਿੱਤ ਸਵੱਯਾਂ ਵਿਚ ਕੀਤਾ।

ਸ੍ਰੀ ਦਸਮੇਸ਼ ਜੀ ਦੇ ਸਮੇਂ ਫ਼ਲਸਫ਼ੇ ਨੂੰ ਪੇਸ਼ ਕਰਨ ਦਾ ਜਤਨ ਭਾਈ ਨੰਦ ਲਾਲ ਜੀ ਨੇ ਕੀਤਾ ਤੇ ਭਾਈ ਮਨੀ ਸਿੰਘ ਜੀ ਨੇ ਸਿਖ ਇਤਿਹਾਸ ਦੀ ਸੰਭਾਲ ਵਲ ਧਿਆਨ ਦਿੱਤਾ। ਸਿਖ ਇਤਿਹਾਸ ਨੂੰ ਸੰਭਾਲਣ ਦੇ ਜਤਨ ਜਾਰੀ ਰਹੇ। ਕਵੀ ਸੰਤੋਖ ਸਿੰਘ ਜੀ ਤੋਂ ਲੈ ਕੇ ਕਰਮ ਸਿੰਘ ਹਿਸਟੋਰੀਅਨ ਤੇ ਭਾਈ ਸਾਹਿਬ ਵੀਰ ਸਿੰਘ ਤਕ ਸਿੱਖ ਫ਼ਲਸਫ਼ੇ ਨੂੰ ਇਤਿਹਾਸ ਰਾਹੀਂ ਹੀ ਪੇਸ਼ ਕੀਤਾ ਗਿਆ। ਪ੍ਰੋ: ਪੂਰਨ ਸਿੰਘ ਜੀ ਤੇ ਗਰਪੁਰ ਵਾਸੀ ਭਾਈ ਸਾਹਿਬ ਸ਼ੇਰ ਸਿੰਘ ਜੀ ਨੇ ਆਪਣੇ ਅਥਾਹ ਰੁਝੇਵਿਆਂ ਵਿਚ, ਗੁਰਮਤਿ ਨੂੰ ਪੱਛਮ ਦੇ ਫ਼ਲਸਫ਼ਿਆਂ ਨਾਲ ਟਕਰਾ ਕੇ ਪੇਸ਼ ਕਰਨ ਦਾ ਜਤਨ ਕੀਤਾ। ਪਰ ਸਿਖ ਆਗੂਆਂ ਦੀ ਅੰਧਾ ਧੁੰਧ ਖ਼ੁਦਗਰਜ਼ੀ ਤੇ ਅਣਗਹਿਲੀ ਦੇ ਕਾਰਨ ਇਹ ਦੋ ਕੌਮ ਦੇ ਹੀਰੇ ਆਪਣੇ ਨਿਕੇ ਨਿਕੇ ਜਤਨਾਂ ਦੀ ਆਭਾ ਦਿਖਾ ਕੇ ਚੁਪ-ਚਪੀਤੇ ਅਲੋਪ ਹੋ ਗਏ।

ਸਾਡੀ ਖ਼ੁਸ਼ਕਿਸਮਤੀ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਸਤਾਰਾਂ ਸਾਲ ਜੇਲ੍ਹ ਯਾਤ੍ਰਾ ਤੋਂ ਬਾਅਦ ਲਗਾਤਾਰ ਸਾਨੂੰ ਗੁਰਮਤਿ ਦੇ ਉਨਾਂ ਆਸ਼ਿਆਂ ਉਤੇ ਮਹਾਨ ਪੁਸਤਕਾਂ ਦਿੱਤੀਆਂ ਹਨ ਜਿਨ੍ਹਾਂ ਬਾਰੇ ਸਾਡੇ ਇਤਿਹਾਸਕ ਰੁਚੀਆਂ ਵਾਲੇ ਵਿਦਵਾਨ ਜਾਂ ਤਾਂ ਕਲਮ ਹੀ ਨਹੀਂ ਸਨ ਚੁਕਦੇ ਤੇ ਜੇ ਕਦੀ ਲਿਖਦੇ ਭੀ ਸਨ ਤਾਂ ਅਨਭਵੀ ਘਾਟ ਦੇ ਕਾਰਨ, ਦੂਜੇ ਮੱਤਾਂ ਦਾ ਦਿਮਾਗ਼ੀ ਕੂੜਾ ਹੂੰਝ ਕੇ ਗੁਰਬਾਣੀ ਦੇ ਟੀਕਿਆਂ ਵਿਚ ਅਨੁਮਾਨੋਂ ਹੀ ਭਰ ਦਿੰਦੇ ਸਨ।

ਇਸਾਈ ਮੱਤ ਦੀ ਇਕ ਸੰਤ ਇਸਤ੍ਰੀ ਸੇਂਟ ਥਰੇਸਾ (St. Teresa) ਕਠਿਨ ਤੋਂ ਕਠਿਨ ਤਪ ਕਰਨ ਲਈ ਪ੍ਰਸਿਧ ਹੈ। ਉਸ ਨੇ ਕਈ ਸਾਲ ਤਪ ਕਰ ਕੇ ਆਖਿਆ, "ਕਰਮ-ਕਾਂਡੀ ਤਪ ਕਰਨੇ, ਜਗਰਾਤੇ ਕਟਣੇ ਬੜੇ ਸੌਖੇ ਹਨ, ਪਰ ਭਾਣਾ ਮੰਨਣਾ, ਹਉਮੈ ਮਾਰਨੀ ਤੇ ਗਰੀਬੀ ਧਾਰਨੀ ਬੜੀ ਕਠਿਨ ਹੈ।" ਜੋ ਭੀ ਇਹ ਪੁਸਤਕ ਪੜ੍ਹੇਗਾ, ਉਸ ਨੂੰ ਯਕੀਨ ਹੋ ਜਾਏਗਾ ਕਿ ਭਾਣਾ ਮੰਨਣਾ, ਗਰੀਬੀ ਧਾਰਨੀ ਇਕ ਨਾਮ-ਰਸੀਏ ਲਈ ਕਠਿਨ ਨਹੀਂ— ਹਾਂ ਹੋਵੇ ਨਾਮ ਦਾ ਰਸੀਆ।

ਇਹ ਪੁਸਤਕ ਬੜੇ ਵਿਸਥਾਰ ਨਾਲ ਦ੍ਰਿੜ੍ਹਾਉਂਦੀ ਹੈ ਕਿ ਇਕ ਸਿਖ ਦਾ ਨਜ਼ਰੀਆ ਹਮੇਸ਼ਾ ਆਸ਼ਾਵਾਦੀ ਹੈ। ਪਾਪ ਪੁੰਨ ਕਰਮਾਂ ਧਰਮਾਂ ਦੇ ਸਹਿਮ ਉਸ ਲਈ ਸਹਿਮ ਨਹੀਂ ਰਹਿੰਦੇ। ਸ਼ਬਦ-ਗੁਰੂ ਦੀ ਧੁਨ ਵਿਚ ਸਿਖ ਸੁਰਤ, ਚੇਲਾ ਹੋ ਕੇ ਮਗਨ ਰਹਿੰਦੀ ਹੈ ਅਰ ਸਹਿਜੇ ਸਹਿਜੇ ਸਿਖ ਦਾ ਹਿਰਦਾ ਰਸ ਦਾ ਕੰਵਲ-ਕਟੋਰਾ ਬਣ ਜਾਂਦਾ ਹੈ। ਜਦ ਤਕ ਸਿਖ ਦੇ ਹੋਠਾਂ ਤੇ ਨਾਮ ਦੀ ਸ਼ਹਿਦ-ਮੋਹਰ ਹੈ, ਉਦੋਂ ਤਾਈਂ ਉਸ ਨੂੰ ਕੋਈ ਪਾਪ ਪੁੰਨ ਨਹੀਂ ਪੁਹ ਸਕਦੇ।

ਸਿਖ-ਸੁਰਤ, ਗੁਰ-ਅਵਤਾਰ ਸੁਰਤ ਉਤੇ ਇਉਂ ਖੇਡਦੀ ਹੈ ਜਿਵੇਂ ਲਹਿਰਾਂ ਸਾਗਰ ਉਤੇ। ਸਾਗਰ ਦੀਆਂ ਲਹਿਰਾਂ ਪਵਨ ਦੇ ਵੇਗ ਵਿਚ ਕਦੀ ਏਧਰ ਜਾਂਦੀਆਂ ਹਨ, ਕਦੀ ਓਧਰ; ਕਦੀ ਸ਼ਾਂਤ ਹੋ ਜਾਂਦੀਆਂ ਹਨ, ਕਦੀ ਉਛਾਲ ਪਰ ਉਛਾਲ ਖਾਂਦੀਆਂ ਹਨ। ਪਰ ਲਹਿਰਾਂ ਸੌ ਮਾਰਾਂ ਖਾ ਕੇ ਭੀ ਨਿਸਚਿੰਤ ਰਹਿੰਦੀਆਂ ਹਨ, ਕਿਉਂਕਿ ਉਹ ਮਹਿਸੂਸ ਕਰਦੀਆਂ ਹਨ ਕਿ ਸਾਨੂੰ ਸ਼ਹੁ ਸਾਗਰ ਦੀ ਹਿੱਕ ਤੋਂ ਕੋਈ ਵਿਛੋੜ ਨਹੀਂ ਸਕਦਾ। ਚਾਹੇ ਸਾਗਰ ਸ਼ਾਂਤ ਹੋਵੇ ਚਾਹੇ ਉਨ੍ਹਾਂ ਨੂੰ ਪਟਕਾ ਪਟਕਾ ਕੇ ਮਾਰੇ, ਲਹਿਰਾਂ ਇਹੀਓ ਮਹਿਸੂਸ ਕਰਦੀਆਂ ਹਨ ਕਿ ਸ਼ਹੁ ਸਾਗਰ ਸਾਡੇ ਅੰਗ ਸੰਗ ਹੈ। ਇਹ ਮਾਰਨਾ ਪਟਕਾਉਣਾ ਸਭ ਉਸ ਦੀ ਮੌਜ ਹੈ। ਭਾਵੇਂ ਲਖ ਵੇਰੀ ਹੇਠਾਹਾਂ ਪਟਕਾਏ, ਭਾਵੇਂ ਲਖ ਵੇਰੀ ਉਤਾਹਾਂ। ਏਸੇ ਤਰ੍ਹਾਂ ਸਿਖ-ਸੁਰਤ ਅਕਾਲ ਪੁਰਖ ਦੀ ਸੱਚੀ ਲਿਵ ਵਿਚ, ਉਸ ਦੀ ਹੁਕਮ-ਰਜ਼ਾਈ-ਲਿਵ ਵਿਚ ਮਸਤ ਰਹਿੰਦੀ ਹੈ।


www.sikhbookclub.com

ਮਨਮੁਖਾਂ ਦਾ ਕਰਮ-ਭੋਗਣਾ, ਅਰ ਸ਼ਹੁ ਸਾਗਰ ਤੋਂ ਵਿਛੜਨਾ ਇਉਂ ਹੈ ਜਿਵੇਂ ਕਿ ਬੁਦਬੁਦਿਆਂ ਦਾ ਘੜੀ ਭਰ ਦਾ ਨਾਚ ਕਰ ਕੇ ਅਲੋਪ ਹੋ ਜਾਣਾ।

ਇਸ ਪੁਸਤਕ ਨੂੰ ਪੜ੍ਹਦਿਆਂ ਗੁਰਮਤਿ ਦੇ ਉਚ ਆਦਰਸ਼ਾਂ ਬਾਰੇ ਸਾਡਾ ਗਿਆਨ-ਭੰਡਾਰ ਅਮੁੱਕ ਜਿਹਾ ਹੋ ਜਾਂਦਾ ਹੈ। ਸਾਡਾ ਵਿਸ਼ਵਾਸ ਸੁਕੀਰਤ ਕਰਮਾਂ ਵਿਚ ਚਟਾਨ ਵਰਗਾ ਅਹਿੱਲ ਹੋ ਜਾਂਦਾ ਹੈ; ਭਾਈ ਸਾਹਿਬ ਜੀ ਦੀਆਂ ਸਾਰੀਆਂ ਲਿਖਤਾਂ ਨਾਲ ਜਦ ਇਸ ਮਹਾਨ ਰਚਨਾ ਦਾ ਇਕ ਹੋਰ ਵਾਧਾ ਹੁੰਦਾ ਦੇਖਦੇ ਹਾਂ ਤਾਂ ਮੈਨੂੰ ਇੰਞ ਪ੍ਰਤੀਤ ਹੁੰਦਾ ਹੈ ਕਿ ਗੁਰਮਤਿ-ਅਧਿਆਤਮ ਫ਼ਲਸਫ਼ੇ ਦੇ ਅਤਿ ਸੁੰਦਰ ਤਾਜ ਮਹਿਲ ਦਾ ਸ਼ਾਨਦਾਰ ਗੁੰਬਦ ਬਣ ਗਿਆ ਹੈ।

ਇਸ ਪੁਸਤਕ ਨੂੰ ਪੜ੍ਹਨਹਾਰਾ ਗੁਰਬਾਣੀ ਦੇ ਅਥਾਹ ਅਮਿਤ ਸਾਗਰ ਵਿਚੋਂ ਗੁਰਮਤਿ ਦੇ ਤੱਤ-ਭਾਵਾਂ ਦਾ ਅੰਮ੍ਰਿਤ ਸਹਿਜ ਸੁਭਾਏ ਹੀ ਪਾਨ ਕਰੇਗਾ। ਗੁਰ-ਆਸ਼ਿਆਂ ਵਿਚ ਜੋ ਭੁਲੇਖੇ ਟੀਕਾਕਾਰਾਂ ਨੇ ਪਾਏ ਹੋਏ ਹਨ, ਓਹ ਕਦਾਚਿਤ ਨਹੀਂ ਰਹਿਣਗੇ। ਗੁਰਬਾਣੀ ਪੜ੍ਹਨ ਦਾ ਉਨ੍ਹਾਂ ਨੂੰ ਅਗੋਂ ਨੂੰ ਸੁਆਦ ਹੀ ਹੋਰ ਆਏਗਾ।

ਜਿਸ ਸ਼ਬਦ ਦੀ ਭੀ ਭਾਈ ਸਾਹਿਬ ਨੇ ਵਿਆਖਿਆ ਕੀਤੀ ਹੈ, ਉਹ ਵਿਆਖਿਆ ਇਕ ਅੰਮ੍ਰਿਤ ਦਾ ਬੇਹਦ ਡੂੰਘਾ ਚਸ਼ਮਾ ਨਜ਼ਰ ਆਉਂਦਾ ਹੈ। ਜਿਸ ਦੇ ਇਕ ਦੋ ਛਟੇ ਭੀ ਅੱਖਾਂ ਨੂੰ ਠਾਰਦੇ ਹਨ। ਜਿਸ ਦੀ ਇਕ ਇਕ ਬੂੰਦ ਸਮਾਧੀ ਦਾ ਟਿਕਾਉ ਲਿਆਉਂਦੀ ਹੈ। ਮੈਨੂੰ ਤਾਂ ਇਸ ਪੁਸਤਕ ਦੇ ਪੜ੍ਹਨ ਤੋਂ ਉਹੀਓ ਰਸ ਆਇਆ ਹੈ, ਜੋ ਭਾਈ ਸਾਹਿਬ ਜੀ ਦੇ ਇਲਾਹੀ ਕੀਰਤਨ ਤੋਂ ਆਉਂਦਾ ਹੈ।

ਮਾਡਲ ਟਾਊਨ, ਲੁਧਿਆਣਾ ਤ੍ਰਿਲੋਚਨ ਸਿੰਘ
੨੦ ਅਕਤੂਬਰ ੧੯੫੧

# ਸੰਪਾਦਕੀ ਨੋਟ

## ਪੰਜ ਸਵਾਲ

ਅਧਿਆਤਮਵਾਦ (ਰੂਹਾਨੀਅਤ) ਸੰਬੰਧੀ ਹੇਠ ਲਿਖੇ ਸਵਾਲ ਸਾਰੇ ਸੰਸਾਰ ਵਿਚ ਖਾਸ ਵਿਸ਼ੇਸ਼ਤਾ ਵਾਲੇ ਹਨ, ਜਿਨ੍ਹਾਂ ਬਾਰੇ ਹਰ ਦੇਸ਼, ਕੌਮ ਤੇ ਮਜ਼ਹਬ ਦੇ ਅਚਾਰਯਾਂ ਨੇ ਆਪੋ ਆਪਣੇ ਨਿਸ਼ਚੇ ਅਨੁਸਾਰ ਵਖੋ ਵਖ ਸਿਧਾਂਤ ਕਢ ਕੇ ਉਨ੍ਹਾਂ ਦਾ ਪ੍ਰਚਾਰ ਜਗਤ ਵਿਚ ਕੀਤਾ ਹੈ—

੧. ਅਕਾਲ ਪੁਰਖ ਤੇ ਉਸ ਦਾ ਗਿਆਨ-ਦਾਤਾ ਗੁਰੂ।

੨. ਬ੍ਰਹਮ ਬਾਣੀ ਤੇ ਗੁਰਮੰਤ੍ਰ (ਇਸਮੇ ਆਜ਼ਮ)।

੩. ਸਥੂਲ ਸਰੀਰ ਅੰਦਰ ਸੂਖਮ ਸਰੀਰ, ਅਰਥਾਤ, ਜੀਵ ਆਤਮਾ ਨੂੰ ਪਰਤੱਖ ਕਰਨਾ, ਦਸਮ ਦੁਆਰ ਤੇ ਅਨਹਦ ਸ਼ਬਦ।

੪. ਇਸ ਦੁਨੀਆ ਤੋਂ ਪਰੇ ਅਣਦਿਸਦਾ ਜਗਤ ਅਰਥਾਤ ਰੂਹਾਨੀ ਮੰਡਲ, ਸੁਰਗ, ਨਰਕ, ਧਰਮਰਾਇ ਤੇ ਉਸ ਦੀ ਕਚਹਿਰੀ, ਸਚਖੰਡ (ਅਰਸ਼ੇ ਮੁਅੱਲਾ)।

੫. ਕਰਮ ਅਰਥਾਤ ਅਮਲ, ਉਸ ਦਾ ਫਲ, ਕਰਮ ਤੇ ਕਿਰਪਾ ਦਾ ਸੰਬੰਧ।

ਇਨ੍ਹਾਂ ਉਪਰ ਦਿੱਤੇ ਮਸਲਿਆਂ ਸੰਬੰਧੀ ਤਕਰੀਬਨ ਸਾਰੇ ਮਜ਼ਹਬ ਇਹ ਮੰਨਦੇ ਹਨ ਕਿ ਅਕਾਲ ਪੁਰਖ ਇੱਕ ਹੈ, ਜੀਵ ਦਾ ਛੁਟਕਾਰਾ ਨਾਮ ਜਪਣ ਨਾਲ ਹੀ ਹੁੰਦਾ ਹੈ, ਕਰਮ ਦਾ ਫਲ ਮਿਲਦਾ ਹੈ। ਵਾਹਿਗੁਰੂ ਦੀ ਬਖ਼ਸ਼ਿਸ਼ ਨਾਲ ਹੀ ਭਗਤੀ ਤੇ ਕਲਿਆਣ ਪ੍ਰਾਪਤ ਹੁੰਦੀ ਹੈ। ਕਰਮਾਂ ਅਨੁਸਾਰ ਦੁਖ ਸੁਖ ਨਰਕ ਸੁਰਗ ਆਦਿ ਭੋਗਣੇ ਪੈਂਦੇ ਹਨ। ਇਤਿਆਦਿ।

ਸਿੱਖ ਧਰਮ ਦੀ ਅਧਿਆਤਮ ਫ਼ਿਲਾਸਫ਼ੀ ਸਾਰੀ ਦੁਨੀਆ ਦੇ ਧਰਮਾਂ ਨਾਲੋਂ ਵਿਲੱਖਣ ਹੈ। ਗੁਰਬਾਣੀ ਵਿਚ ਇਨ੍ਹਾਂ ਉਪਰ ਦਸੇ ਮਸਲਿਆਂ ਨੂੰ ਪਰਮਾਤਮ-ਅਨਭਵੀ-ਕਲਾ ਦੁਆਰਾ ਵਰਣਨ ਕੀਤਾ ਗਿਆ ਹੈ। ਇਸੇ ਲਈ ਸਿਖ ਧਰਮ ਕਲਾਵਾਦੀ ਤੇ ਅਚਰਜਵਾਦੀ ਹੈ। ਦਸ ਗੁਰੂ ਸਾਹਿਬਾਨ ਉਸ ਅਕਲ ਕਲਾ ਵਾਲੇ ਅਕਾਲ ਪੁਰਖ ਦੀ ਗੁਰੂ-ਜੋਤਿ ਦਾ ਕਲਾ-ਕ੍ਰਿਸ਼ਮੀ ਪਰਗਟ ਰੂਪ ਹੈ ਤੇ ਇਨ੍ਹਾਂ ਦੀ ਉਚਾਰਨ ਕੀਤੀ ਗੁਰਬਾਣੀ, ਧੁਰ ਕੀ ਬਾਣੀ, ਅਕਾਲੀ ਬਾਣੀ ਅਰਥਾਤ ਬ੍ਰਹਮ ਬਾਣੀ ਹੈ। ਤੇ ਗੁਰੂ ਨਾਨਕ ਸਾਹਿਬ ਦਾ ਲਿਆਂਦਾ ਹੋਇਆ ਸਤਿਨਾਮ (ਵਾਹਿਗੁਰੂ ਗੁਰਮੰਤ੍ਰ) ਅਕਾਲ ਪੁਰਖ ਦਾ ਨਿਜ ਸੰਕੇਤਿਆ ਗੁਰਮਤਿ ਨਾਮ, ਅਰਥਾਤ ਇਸਮੇ ਆਜ਼ਮ ਹੈ। ਬਾਕੀ ਹੋਰ ਜਿਤਨੇ ਭੀ ਨਾਮ ਅਕਾਲ ਪੁਰਖ ਦੇ ਹਨ, ਉਹ ਸਭ ਕਿਰਤਮ ਨਾਮ ਹਨ, ਜੋ ਸੰਸਾਰੀ ਜੀਵਾਂ ਨੇ ਅਕਾਲ ਪੁਰਖ ਦੇ ਚਮਤਕਾਰੀ ਕੌਤਕਾਂ ਨੂੰ ਦੇਖ ਕੇ ਆਪਣੀ ਜਿਹਬਾ ਤੋਂ ਸੰਕੇਤ ਕੀਤੇ ਹਨ। ਗੁਰਬਾਣੀ ਵਿਚ ਜੀਵ-ਆਤਮਾ ਤੇ ਅਨਹਦ ਸ਼ਬਦ, ਦਸਮ ਦੁਆਰ ਦੇ ਡੂੰਘੇ ਮਸਲੇ ਦਾ ਬੜੇ ਵਿਸਥਾਰ ਨਾਲ ਨਿਰਣਾ ਕੀਤਾ ਹੋਇਆ ਹੈ। ਇਸੇ ਤਰ੍ਹਾਂ 'ਅਣਡਿੱਠੀ ਦੁਨੀਆ' ਵਿਚ ਨਰਕ, ਸੁਰਗ, ਧਰਮਰਾਇ ਤੇ ਆਤਮ ਮੰਡਲ, ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ

ਸਚਖੰਡ ਦਾ ਭੀ ਬੜਾ ਅਚਰਜ ਵਰਨਣ ਹੈ। ਕਰਮ ਦੇ ਮਸਲੇ ਦਾ ਹੱਲ ਹਰ ਪਹਿਲੂ ਤੋਂ ਗੁਰਬਾਣੀ ਵਿਚੋਂ ਲਭਦਾ ਹੈ। ਲੋੜ ਕੇਵਲ ਸ਼ਰਧਾ ਭਾਵਨੀ ਵਾਲੀ ਗੁਰਮਤਿ ਸਿੱਖਿਆ ਦੀ ਕਮਾਈ ਦੀ ਹੈ, ਜਿਸ ਦੇ ਸਦਕੇ ਸਭ ਭੇਦ ਜਗਿਆਸੂ ਤੇ ਖੁਲ੍ਹ ਜਾਂਦੇ ਹਨ।

**ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ ਬਾਣੀ ਗੁਰਬਾਣੀ ਲਾਗੇ**
**ਤਿਨ੍ ਹਥਿ ਚੜਿਆ ਰਾਮ ॥ ੪ ॥ ੧ ॥ ੮ ॥**

**(ਆਸਾ ਮਃ ੪॥ ਪੰਨਾ ੪੪੨)**

ਗੁਰਬਾਣੀ ਰੱਬੀ ਰਤਨਾਂ ਦਾ ਭੰਡਾਰ ਹੈ। ਜੋ ਇਸ ਬਾਣੀ ਵਲ ਲਗਦੇ ਹਨ, ਉਨ੍ਹਾਂ ਨੂੰ ਹੀ ਇਹ ਅਮੋਲਕ ਰਤਨ ਪ੍ਰਾਪਤ ਹੁੰਦੇ ਹਨ। ਗੁਰੂ ਸਾਹਿਬਾਨ ਦੇ ਸਮੇਂ ਵਿਚ ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਦੋ ਬੜੀਆਂ ਸਿੱਖ ਬਜ਼ੁਰਗ ਹਸਤੀਆਂ ਨੇ ਗੁਰਬਾਣੀ ਦਾ ਅਨੁਵਾਦ ਆਪਣੀ ਰਚਨਾ ਦੁਆਰਾ ਕੀਤਾ। ਤੇ ਏਨ੍ਹਾਂ ਦੀ ਰਚਨਾ ਗੁਰੂ ਸਾਹਿਬਾਨ ਵਲੋਂ ਪ੍ਰਮਾਣੀਕ ਰਚਨਾ ਹੈ।

ਉਪ੍ਰੰਤ ਅਨੇਕਾਂ ਵਿਦਵਾਨਾਂ ਤੇ ਗ੍ਰੰਥਕਾਰਾਂ ਨੇ ਗੁਰਮਤਿ ਸੰਬੰਧੀ ਕਈ ਤਰ੍ਹਾਂ ਦੇ ਗ੍ਰੰਥ ਲਿਖੇ। ਪਹਿਲੇ ਸਮੇਂ ਦੇ ਕਈ ਸਾਧੂ ਲਿਖਾਰੀਆਂ ਨੇ ਸੰਸਕ੍ਰਿਤ ਦੀ ਐਨਕ ਲਾ ਕੇ ਗੁਰਮਤਿ-ਸਿਧਾਂਤਾਂ ਦੀ ਵਿਆਖਿਆ ਕਰਦਿਆਂ ਇਹ ਉਕਾਈ ਖਾਧੀ ਕਿ ਉਨ੍ਹਾਂ ਗੁਰਬਾਣੀ ਨੂੰ ਬੇਦਾਂ ਦਾ ਸਾਰ ਪਰਗਟ ਕਰਨਾ ਭੀ ਇਕ ਵਡਿਆਈ ਜਾਣਿਆ। ਸਿੰਘ ਸਭਾ ਲਹਿਰ ਨੇ ਪੰਥ ਵਿਚੋਂ ਮਿਲਗੋਭਾਪਣ ਦੂਰ ਕੀਤਾ, ਨਿਰੋਲ ਗੁਰਮਤਿ ਦਾ ਪ੍ਰਚਾਰ ਕੀਤਾ, ਪਰ ਪੱਛਮੀ ਵਿੱਦਿਆ ਦਾ ਅਸਰ ਪੈਣ ਕਰਕੇ ਅੰਗ੍ਰੇਜ਼ੀ ਪੜ੍ਹੇ ਲਿਖੇ ਕਈ ਲਿਖਾਰੀਆਂ ਨੇ ਯੂਰਪ ਦੀ ਐਨਕ ਲਾ ਕੇ ਗੁਰਮਤਿ ਸਿਧਾਂਤਾਂ ਸੰਬੰਧੀ ਇਸ ਤਰ੍ਹਾਂ ਲੇਖਣੀ ਚਲਾਈ, ਜਿਸ ਨਾਲ ਗੁਰੂ ਅਕਾਲ ਪੁਰਖ ਦੀ ਅਭੇਦਤਾ, ਆਤਮ-ਕਲਾ ਤੇ ਰੂਹਾਨੀਅਤ ਸੰਬੰਧੀ ਸੂਖਮ ਵਿਚਾਰਾਂ ਪਿੱਛੇ ਸਿੱਟ ਕੇ ਓਪਰੀਆਂ ਓਪਰੀਆਂ ਗੱਲਾਂ ਸਿਖ ਸੰਗਤਾਂ ਦੇ ਸਾਹਮਣੇ ਪੇਸ਼ ਕੀਤੀਆਂ ਜਾਣ ਲਗੀਆਂ।

ਪੰਥ ਵਿਚ ਗੁਰਬਾਣੀ ਨੂੰ ਗੁਰੂ ਘਰ ਦੀ ਆਮਨਾਏ (ਸਿਸਟਮ) ਤੇ ਗੁਰੂ ਘਰ ਦੀਆਂ ਇਸਤਲਾਹਾਂ ਨਾਲ ਵਿਚਾਰਨ ਵਾਲੇ ਸੱਜਣ ਵਿਰਲੇ ਹੀ ਹਨ। ਗੁਰਮਤਿ ਸਿਧਾਂਤਾਂ ਨੂੰ ਗੁਰਬਾਣੀ ਦੁਆਰਾ ਪ੍ਰਗਟ ਕਰਨ ਲਈ ਨਾਮ ਬਾਣੀ ਦੀ ਕਮਾਈ ਤੇ ਵਿਦਵਤਾ ਦੋਹਾਂ ਦੀ ਲੋੜ ਹੈ। ਏਨ੍ਹਾਂ ਦੋਹਾਂ ਤੋਂ ਬਿਨਾਂ ਗੁਰਬਾਣੀ ਦੀ ਵਿਆਖਿਆ ਅਸੰਭਵ ਹੈ।

ਉਪਰ ਦੱਸੇ ਪੰਜਾਂ ਸਵਾਲਾਂ ਸੰਬੰਧੀ ਲੜੀ ਬੱਝਵੀਂ ਵਿਚਾਰ ਦਾ ਸਿਲਸਿਲਾ ਫ਼ੀ ਜ਼ਮਾਨਾ ਕੇਵਲ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਹੀ ਜਾਰੀ ਕੀਤਾ ਤੇ ਇਸ ਨੂੰ ਤੋੜ ਨਿਭਾ ਦਿੱਤਾ। ਆਪ ਦੀਆਂ ਪੁਸਤਕਾਂ ਦਾ ਸਿਲਸਿਲਾ ੧੯੩੬ ਈਃ ਤੋਂ ਜਾਰੀ ਹੈ। ਹੁਣ ਤਕ ਦੋ ਦਰਜਨਾਂ ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ, ਜਿਨ੍ਹਾਂ ਵਿਚ ਇਨ੍ਹਾਂ ਪੰਜਾਂ ਸਵਾਲਾਂ ਦਾ ਨਿਰਣਾ ਚੰਗੀ ਤਰ੍ਹਾਂ ਕੀਤਾ ਗਿਆ ਹੈ। ਜਿਹਾ ਕਿ—

੧. ਅਕਾਲ ਪੁਰਖ, ਗੁਰੂ, ਗੁਰਬਾਣੀ ਤੇ ਗੁਰਮਤਿ-ਨਾਮ ਸੰਬੰਧੀ, ਆਪ ਦੀਆਂ ਹੇਠ ਲਿਖੀਆਂ ਪੁਸਤਕਾਂ ਖਾਸ ਵਿਸ਼ੇਸ਼ਤਾ ਰਖਦੀਆਂ ਹਨ— ਗੁਰਮਤਿ ਨਾਮ ਅਭਿਆਸ ਕਮਾਈ; ਗੁਰਮਤਿ ਲੇਖ; ਗੁਰਮਤਿ ਬਿਬੇਕ; ਚਰਨ ਕਮਲ ਕੀ ਮਉਜ; ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? ਹਉਮੈ ਨਾਵੈ ਨਾਲ ਵਿਰੋਧੁ; ਤਿਮਰ ਅਗਿਆਨ ਤੋਂ ਉਜਿਆਰਾ; ਬਾਬਾ ਵੈਦ ਰੋਗੀਆਂ ਦਾ; ਜੇਲ੍ਹ-ਚਿੱਠੀਆਂ; ਅੰਮ੍ਰਿਤ ਕੀ ਹੈ? ਅੰਮ੍ਰਿਤ ਕਲਾ। ਇਨ੍ਹਾਂ ਦੇ ਨਾਲ ਹੀ ਆਪ ਦੇ [illegible] ਤਰੰਗਾਂ ਤੇ ਰੰਗਾਂ ਸੰਬੰਧੀ 'ਜੋਤਿ ਵਿਗਾਸ' ਤੇ 'ਦਰਸ਼ਨ [illegible]' [illegible] ਸੰਗ੍ਰਹਿ

Page 15 www.sikhbookclub.com

ਹਨ।

੨. ਅਗਲੀ ਦੁਨੀਆ ਸੰਬੰਧੀ ਪੜ੍ਹੋ— ਅਣਡਿੱਠੀ ਦੁਨੀਆ ਤੇ ਸਚਖੰਡ ਦਰਸ਼ਨ।

੩. ਜੀਵ-ਆਤਮਾ ਤੇ ਅਨਹਦ ਸ਼ਬਦ ਸੰਬੰਧੀ— ਪੁਸਤਕ ਅਨਹਦ ਸ਼ਬਦ ਦਸਮ ਦੁਆਰ ਤੇ ਗਗਨ ਉਡਾਰੀ ਵਿਚ ਇਸ ਮਸਲੇ ਦਾ ਐਸਾ ਹੱਲ ਕੀਤਾ ਗਿਆ ਹੈ ਕਿ ਇਸ ਸੰਬੰਧ ਵਿਚ ਗੁਰਮੁਖੀ ਵਿਚ ਕੋਈ ਪੁਸਤਕ ਅੱਜ ਤੱਕ ਨਹੀਂ ਛਪੀ।

੪. ਕਰਮ ਦਾ ਮਸਲਾ— ਇਹ ਮਸਲਾ ਬੜਾ ਹੀ ਪੇਚਦਾਰ ਹੈ, ਇਸ ਸੰਬੰਧੀ ਆਮ ਸ਼ੰਕੇ ਇਹ ਹਨਃ ਕਰਮ ਕਿਵੇਂ ਬਣੇ, ਜੀਵ ਕਰਮਾਂ ਵਿਚ ਕਿਵੇਂ ਪਰਵਿਰਤ ਹੋਇਆ, ਜੀਵ ਕਰਮਾਂ ਦੇ ਫਲ ਦਾ ਕਿਥੋਂ ਤੱਕ ਜ਼ਿੰਮੇਵਾਰ ਹੈ, ਕਰਮ ਤੇ ਕਿਰਪਾ ਦਾ ਸੰਬੰਧ ਕਿਸ ਤਰ੍ਹਾਂ ਦਾ ਹੈ? ਕੀ ਕਰਮ ਅਨਾਦੀ ਹਨ? ਇਸ ਸਿਲਸਿਲੇ ਦਾ ਹੱਲ ਆਪ ਨੇ ਇਸ ਪੁਸਤਕ "ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ" ਵਿਚ ਕੀਤਾ ਹੈ।

**ਕਰਮ ਫ਼ਿਲਾਸਫ਼ੀ**— ਇਹ ਪੁਸਤਕ ਪੰਜ ਸੌ ਸਫ਼ੇ ਦੀ ਹੈ, ਜੋ ਜਨਵਰੀ ੧੯੫੦ ਵਿਚ ਸ਼ੁਰੂ ਕਰ ਕੇ ਛੇ ਮਹੀਨੇ (ਜੂਨ) ਵਿਚ ਸਮਾਪਤ ਕੀਤੀ ਗਈ। ਇਸ ਵਿਚ ਦਸਿਆ ਗਿਆ ਹੈ ਕਿ ਗੁਰਬਾਣੀ ਵਿਚ 'ਕਰਮ' ਸ਼ਬਦ ਕੰਮ, ਭਾਗ, ਮਿਹਰ, ਸ਼ੁਭ ਅਸ਼ੁਭ ਕਰਮ, ਸਖ਼ਾਵਤ, ਨੀਸਾਨੁ (ਵੇਰਵਾ), ਤੇ ਕਦਮ-ਉਲਾਂਘ ਸੱਤਾਂ ਅਰਥਾਂ ਵਿਚ ਆਇਆ ਹੈ। ਭਾਈ ਸਾਹਿਬ ਨੇ ਇਨ੍ਹਾਂ ਸੱਤਾਂ ਅਰਥਾਂ ਦਾ ਨਿਰਣਾ ਪੁਸਤਕ ਦੇ ੪੧ ਪ੍ਰਕਰਣਾਂ[1] ਵਿਚ ਕੀਤਾ ਹੈ ਤੇ ਕਰਮ ਦੇ ਮਸਲੇ ਨੂੰ ਹਰ ਪਹਿਲੂ ਤੋਂ ਗੁਰਬਾਣੀ ਦੀ ਰੌਸ਼ਨੀ ਵਿਚ ਹੱਲ ਕਰ ਦਿਖਾਇਆ ਹੈ। ਪੁਸਤਕ ਵਿਚ ਦਸਿਆ ਗਿਆ ਹੈ ਕਿ ਸ੍ਰਿਸ਼ਟੀ-ਰਚਨਾ ਦੇ ਅਰੰਭ ਵਿਚ ਜੀਵ ਉਤਪਤ ਹੋਣ ਪਰ ਕਰਮ ਕਰਨ ਲੱਗ ਪਏ। ਉਸ ਵੇਲੇ ਉਹ ਕਰਮ ਕਰਨ ਵਿਚ ਸੁਤੰਤ੍ਰ ਸਨ। ਉਨ੍ਹਾਂ ਜੈਸੇ ਕਰਮ ਕੀਤੇ, ਵੈਸਾ ਫਲ ਭੁਗਤਣ ਦੇ ਜ਼ਿੰਮੇਵਾਰ ਬਣੇ। ਉਨ੍ਹਾਂ ਦੇ ਸੰਚਤ ਕਰਮਾਂ ਦਾ ਫਲ ਭੁਗਤਾਉਣਹਾਰਾ ਕਰਤਾਰ ਆਪ ਹੋਇਆ। ਇਸ ਤਰ੍ਹਾਂ ਜੀਵਾਂ ਨੂੰ ਜਨਮ ਜਨਮਾਂਤ੍ਰਾਂ ਵਿਚ ਕਰਮਾਂ ਦੀ ਗਤੀ ਅਨੁਸਾਰ ਕਰਮਾਂ ਦੇ ਫਲ ਭੁਗਤਣ ਲਈ ਭਟਕਣਾ ਪਿਆ। ਇਉਂ ਪੂਰਬ ਕਰਮ ਦਾ ਸਿਲਸਿਲਾ ਚੱਲ ਪਿਆ। ਜੀਵ ਨੂੰ ਕਰਮ ਦਾ ਫਲ ਭੁਗਤਣਾ ਹੀ ਪੈਂਦਾ ਹੈ ਤੇ ਫਲ ਪਰਦਾਤਾ ਵਾਹਿਗੁਰੂ ਆਪ ਹੀ ਹੈ। ਕਲਿਜੁਗ ਅੰਦਰ ਏਹਨਾਂ ਕਰਮਾਂ ਦੇ ਫਲ ਭੁਗਤਣ ਦੇ ਗੇੜ ਤੋਂ ਕੇਵਲ ਗੁਰਮਤਿ-ਨਾਮ ਜਪਣ ਨਾਲ ਹੀ ਛੁਟਕਾਰਾ ਹੋ ਸਕਦਾ ਹੈ। ਇਸ ਤੋਂ ਬਿਨਾਂ ਆਨ ਧਰਮਾਂ ਅਨੁਸਾਰ ਕੀਤੇ ਕਰਮ ਅੰਤੀ ਅਉਸਰ ਛੁਡਾਉਣ ਲਈ ਸਮਰੱਥ ਨਹੀਂ। ਕਰਮ ਤੇ ਕਿਰਪਾ ਦੋਨੋਂ ਤਾਣੇ ਪੇਟੇ ਨਿਆਈਂ ਓਤ ਪੋਤ ਅਰਥਾਤ ਲਾਜ਼ਮ ਮਲਜ਼ੂਮ ਹਨ।

ਆਮ ਲੋਕੀ ਗੁਰਬਾਣੀ ਸੰਬੰਧੀ ਇਸ ਤਰ੍ਹਾਂ ਦੀ ਗ਼ਲਤ-ਫ਼ਹਿਮੀ ਵਿਚ ਪੈ ਜਾਂਦੇ ਹਨ ਕਿ ਕਿਤੇ ਤਾਂ ਇਹ ਲਿਖਿਆ ਹੈ **"ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥"**[2] ਕਿਤੇ ਇਉਂ ਲਿਖਿਆ ਹੈ ਕਿ **"ਕਹੁ ਮਾਨੁਖ ਤੇ ਕਿਆ ਹੋਇ ਆਵੈ ॥ ਜੋ ਤਿਸੁ ਭਾਵੈ ਸੋਈ ਕਰਾਵੈ ॥"**[3] ਉਹ ਸਮਝ ਲੈਂਦੇ ਹਨ ਕਿ ਜੇ ਵਾਹਿਗੁਰੂ ਹੀ ਸਭ ਕੁਝ ਕਰਾਉਂਦਾ ਹੈ ਤਦ ਕਰਮਾਂ ਦੀ ਸਜ਼ਾ ਯਾ ਜਜ਼ਾ ਕਿਉਂ ਮਿਲਦੀ ਹੈ। ਇਸ ਪੁਸਤਕ ਨੂੰ ਪੜ੍ਹ ਕੇ ਇਸ ਤਰ੍ਹਾਂ ਦੇ ਸਭ ਸ਼ੰਕੇ ਦੂਰ ਹੋ ਜਾਂਦੇ

---

[1] ਪ੍ਰਕਾਸ਼ਨਾ-ਪ੍ਰਬੰਧ ਅਧੀਨ ਪੁਸਤਕ ਨੂੰ ੩੨ ਮੁਖ ਪ੍ਰਕਰਣਾਂ ਵਿਚ ਸਮੇਟਿਆ ਹੋਇਆ ਹੈ।

[2] ਆਸਾ ਮਃ ੧ ਪਟੀ॥ ਪੰਨਾ ੪੩੩

[3] ਗਉੜੀ ਸੁਖਮਨੀ ਮਃ ੫, ॥ ੩॥ ੧੧॥ ਪੰਨਾ ੨੭੭

 www.sikhbookclub.com

ਹਨ। ਨਾਲ ਹੀ ਥੀਓਸਾਫ਼ੀਕਲ ਸੁਸਾਇਟੀ ਵਾਲੇ ਸ੍ਰੀਮਤੀ ਐਨੀ ਬੈਸੰਟ ਜਿਹੇ ਲਿਖਾਰੀਆਂ ਦੇ ਇਹ ਭੁਲੇਖੇ ਭੀ ਦੂਰ ਹੋ ਜਾਂਦੇ ਹਨ ਕਿ ਕਰਮ ਅਨਾਦੀ ਅਨੰਤ ਹਨ। ਕਰਮ ਦਾ ਮੁੱਢ ਸ੍ਰਿਸ਼ਟੀ ਦੇ ਨਾਲ ਹੀ ਬੱਝਾ ਹੈ ਤੇ ਗੁਰੂ ਕੇ ਸ਼ਬਦ ਦੀ ਅਭਿਆਸ ਕਮਾਈ ਨਾਲ ਕੀਤੇ ਕਰਮ ਨਾਸ਼ ਹੋ ਜਾਂਦੇ ਹਨ।

ਪੁਸਤਕ ਦਾ ਆਕਾਰ ਦੇਖ ਕੇ ਹੈਰਾਨ ਨਹੀਂ ਹੋਣਾ ਚਾਹੀਦਾ। ਕਰਮਾਂ ਦੇ ਮਸਲੇ ਪ੍ਰਥਾਇ ਨਿਰਣਾ ਕਰਨ ਲਈ ਇਤਨੇ ਗੁਰ ਪ੍ਰਮਾਣ ਇਕੱਠੇ ਕਰ ਕੇ ਉਨ੍ਹਾਂ ਦੀ ਵਿਆਖਿਆ ਕਰਨੀ ਕੋਈ ਸੌਖੀ ਗੱਲ ਨਹੀਂ। ਇਹ ਖੂਬੀ ਹੈ ਕਿ ਪੁਸਤਕ ਦੇ ਲਿਖਾਰੀ ਜੀ ਨੂੰ ਗੁਰਬਾਣੀ ਦਾ ਕਿਤਨਾ ਅਭਿਆਸ ਤੇ ਉਸ ਦਾ ਕਿਤਨਾ ਗੂੜ੍ਹ ਗਿਆਨ ਹੈ ਜੋ ਉਨ੍ਹਾਂ ਇਤਨੇ ਢੁਕਵੇਂ ਪ੍ਰਮਾਣ ਲਭ ਕੇ, ਇਕੱਠੇ ਕਰ ਕੇ, ਉਨ੍ਹਾਂ ਦੀ ਵਿਆਖਿਆ ਕਰ ਕੇ, ਕਰਮਾਂ ਦੇ ਮਸਲੇ ਨੂੰ ਪੂਰੀ ਤਰ੍ਹਾਂ ਹੱਲ ਕਰ ਕੇ ਨਿਭਾ ਦਿੱਤਾ। ਨਾਲ ਹੀ ਸਿੱਧ ਕਰ ਦਿੱਤਾ ਕਿ ਕਲਿਆਣ ਕਰਨਹਾਰ, ਕਰਨਜੋਗ ਕਰਮ, ਕੇਵਲ ਗੁਰਮਤਿ ਦਾ ਜਾਪ ਤੇ ਗੁਰਬਾਣੀ ਦਾ ਪਠਨ ਪਾਠਨ ਤੇ ਕੀਰਤਨ ਹੀ ਹੈ, ਜੋ ਲੋਕ ਪਰਲੋਕ ਵਿਚ ਸਦਾ ਸਫਲ ਤੇ ਸੁਖਦਾਈ ਹੈ।

ਸਾਰ ਸਿੱਟਾ ਇਹ ਹੈ ਕਿ –

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ**
**ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥**

ਇਹ ਪੁਸਤਕ ਆਪਣੀ ਨਜ਼ੀਰ ਆਪ ਹੈ, ਜਿਸ ਨੂੰ ਪੜ੍ਹ ਕੇ ਪਾਠਕ ਜਨ ਪੂਰੀ ਤਰ੍ਹਾਂ ਲਾਹਾ ਲੈਣਗੇ।

ਗੁਜਰਵਾਲ (ਲੁਧਿਆਣਾ) ਨਾਹਰ ਸਿੰਘ
੧ ਨਵੰਬਰ ੧੯੫੧ ਗਜਾਨੀ

# ਉਥਾਨਕਾ

ਕਰਮ ਦੇ ਵਿਸ਼ੇ (ਮਜ਼ਮੂਨ) ਉਤੇ ਅਨੇਕ ਸਿਆਣਿਆਂ ਨੇ ਸਹਸ ਸਿਆਣਪੀ ਸਿਆਣਫਾਂ ਛਾਂਟੀਆਂ, ਅਨੇਕ ਅਕਲਾਈਆਂ ਨੇ ਆਪੋ ਆਪਣੀਆਂ ਅਕਲਾਂ ਦੌੜਾਈਆਂ, ਅਨੇਕ ਫ਼ਿਲਸਫ਼ੇਦਾਨ ਫ਼ਿਲਾਸਫ਼ਰਾਂ ਨੇ ਫ਼ਿਲਾਸਫ਼ੀਆਂ ਲਿਖੀਆਂ, ਅਡੋ ਅਡੀ ਮਤਾਂ ਵਾਲਿਆਂ ਨਾਨਾ ਪ੍ਰਕਾਰ ਮੱਤ-ਮਤਾਂਤਰੀ ਪੁਸਤਕਾਂ ਰਚੀਆਂ, ਬਥੇਰੀਆਂ ਬਾਦ-ਬਿਵਾਦੀ ਬਹਿਸ-ਵਿਚਾਰਾਂ ਅਤੇ ਪ੍ਰਸ਼ਨੋਤ੍ਰੀਆਂ ਹੋਈਆਂ, ਪੁਰਾਤਨ ਰਿਸ਼ੀਆਂ ਮੁਨੀਆਂ ਨੇ ਭਾਂਤ ਭਾਂਤ ਦੀਆਂ ਸ਼ਾਸਤ੍ਰ ਸਿਮਰਤੀਆਂ, ਸੁਰਤੀਆਂ ਅਤੇ ਵੇਦ-ਵੇਦਾਂਤਰੀ ਰੁਚੀਆਂ ਰਚਿ ਰਚਿ ਵਖੋ ਵਖ ਆਦਰਸ਼ਾਂ ਭਰੇ ਸਿਧਾਂਤ ਸਿਧ ਕੀਤੇ। ਸਨਾਤਨੀ ਸਿਧਾਂਤਾਂ ਦੇ ਐਨ ਉਲਟ ਸਭ ਤੋਂ ਪਹਿਲਾਂ ਕਰਮ ਸ਼ਾਸਤ੍ਰੀ ਮਸਲਾ ਪੂਰੇ ਜ਼ੋਰਾਂ ਵਿਚਿ ਅਤੇ ਪੂਰੀ ਜ਼ਖ਼ਾਮਤ ਭਰੀ ਤਸਨੀਫ਼ ਵਿਚਿ ਮਹਾਤਮਾ ਗੋਤਮ ਬੁਧ ਨੇ ਪ੍ਰਚਲਤ ਕੀਤਾ। ਓਦੋਂ ਤੋਂ ਲਾ ਕੇ ਹੁਣ ਦੇ ਵਰਤਮਾਨ ਸਮੇਂ ਤਾਈਂ ਇਸ 'ਕਰਮ' ਵਿਸ਼ੇ ਪ੍ਰਥਾਇ ਚਰਚਾ ਛਿੜੀ ਹੀ ਚਲੀ ਆਉਂਦੀ ਹੈ। ਚਾਹੇ ਬੁਧ ਮੱਤ ਇਸ ਦੇ ਦਹਿਰੀਅਤ ਭਰੇ ਨਾਸਤਿਕਤਾ ਅਨਸਰ ਦੇ ਬਿਪਰਜੇ ਪ੍ਰਚਾਰ ਕਾਰਨ ਹਿੰਦੁਸਤਾਨ ਵਿਚੋਂ ਚਿਰੋਕਣਾ ਮਿਟ ਕੇ ਮਾਅਦੂਮ ਹੋ ਚੁਕਾ ਹੈ, ਪਰ ਇਸ ਦੇ ਕਰਮ-ਸਿਧਾਂਤੀ ਬੀਜ-ਅੰਸੀ 'ਕਾਂਡ' ਦੀ ਅਹਿਮੀਅਤ ਬਣੀ ਹੀ ਰਹੀ ਅਤੇ ਹੁਣ ਤਾਈਂ ਬਣੀ ਹੀ ਚਲੀ ਆਉਂਦੀ ਹੈ।

ਆਨਮਤ ਕਰਮ ਕਾਂਡ ਨੂੰ ਗੁਰਮਤਿ ਅੰਦਰ ਪ੍ਰਭਾਵਤ ਅਤੇ ਖਲਤ ਮਲਤ ਹੁੰਦਾ ਦੇਖ ਕੇ ਇਸ ਅਵਸਰ ਤੇ ਨਿਹਾਇਤ ਅਹਿੰਮ ਜ਼ਰੂਰੀ ਹੋਇਆ ਅਤੇ ਗੁਰਮਤਿ ਹਿਤੈਸ਼ੀ ਪਰਮਾਰਥੀ ਜਨਾਂ ਵਲੋਂ ਪ੍ਰਬਲ ਪ੍ਰੇਰਨਾ ਹੋਈ ਕਿ ਇਸ 'ਕਰਮ' ਦੇ ਮਜ਼ਮੂਨ ਸੰਬੰਧੀ ਗੁਰਮਤਿ ਤੱਤ ਅਧਿਆਤਮ ਨਿਰਣੇ ਭਰੀ ਵੀਚਾਰ ਨਿਰਣਤ ਕੀਤੀ ਜਾਵੇ ਅਤੇ ਗੁਰਮਤਿ ਤੱਤ ਅਧਿਆਤਮੀ ਕਰਮ ਫ਼ਿਲਾਸਫ਼ੀ ਦਾ ਖਰੜਾ ਤਿਆਰ ਕੀਤਾ ਜਾਵੇ। ਤਾਂ ਤੇ ਗੁਰੂ ਅਕਾਲ ਪੁਰਖ ਦਾ ਆਸਰਾ ਲੈ ਕੇ, ਗੁਰੂ ਕਰਤਾਰ ਅਰਪਨ ਕੀਤੀ ਗੁਰਮਤਿ ਵੀਚਾਰ ਅਨੁਸਾਰ, ਇਹ ਖਰੜਾ ਤਿਆਰ ਕਰ ਕੇ ਗੁਰੂ ਪੰਥ ਦੇ ਪੇਸ਼ ਕੀਤਾ ਜਾਂਦਾ ਹੈ।

ਦਾਸ-



# ੧ – 'ਕਰਮ' ਪਦ ਦੇ ਅਰਥ

ਗੁਰਬਾਣੀ ਅੰਦਰ ਕਰਮ ਪਦ ਸਤ ਪ੍ਰਕਾਰ ਦੇ ਅਰਥਾਂ ਵਿਚਿ ਵਰਤਿਆ ਗਿਆ ਹੈ—

(੧) ਜੋ ਕੀਤਾ ਜਾਵੇ, ਕੰਮ, ਕਾਰਜ।

(੨) ਕਿਸਮਤ, ਤਕਦੀਰ, ਭਾਗ।

(੩) ਬਖ਼ਸ਼ਿਸ਼, ਫ਼ਜ਼ਲ, ਰਹਿਮਤ, ਨਦਰ, ਮੇਹਰ।

(੪) ਸ਼ੁਭ ਅਸ਼ੁਭ ਕਰਮ।

(੫) ਸਖ਼ਾਵਤ, ਦਾਤਾ-ਪਨ।

(੬) ਕਦਮ, ਉਲਾਂਘ।

(੭) ਨਿਰਣਾ, ਵੇਰਵਾ, ਨੀਸਾਨ।

 www.sikhbookclub.com

# ੨ - ਪੂਰਬਲੇ ਕਰਮਾਂ ਦਾ ਲੇਖਾ

## (ਲੇਖ, ਅਲੇਖ, ਸੁਲੇਖ)

ਆਮ ਸੰਸਾਰੀ ਲੋਗ ਦੁਨੀਆ ਅੰਦਰਿ ਦੂਜੇ ਭਾਇ ਦੇ ਦੁਰਮਤਿ ਕਰਮਾਂ ਵਿਚਿ ਪਰਵਿਰਤ ਰਹਿੰਦੇ ਹਨ। ਉਹਨਾਂ ਤੋਂ ਦੁਰਮਤਿ ਕਰਮ ਹੀ ਹੁੰਦੇ ਹਨ, ਭਾਵੇਂ ਉਹ ਬੇਦਾਂ ਨੂੰ ਪੜ੍ਹ ਪੜ੍ਹ ਕੇ ਵਖਾਨਣਹਾਰੇ ਪੰਡਿਤ ਹੀ ਹੋਣ, ਪਰ ਉਹ ਮਾਇਆ-ਮੋਹ ਦੇ ਸੁਆਉ ਵਿਚਿ ਹੀ ਲੱਥ ਪੱਥ ਰਹਿੰਦੇ ਹਨ, ਉਹਨਾਂ ਦੀ ਪਰਮਾਰਥ ਅਤੇ ਪਰਮਾਰਥੀ ਸੱਚੇ ਕਰਮ, ਨਾਮ-ਧਰਮ ਵਲ ਰੁਚੀ ਹੀ ਨਹੀਂ ਆਉਂਦੀ, ਸੁਰਤੀ ਹੀ ਨਹੀਂ ਫਿਰਦੀ। ਓਹ ਅਵੱਸ਼ ਭੈੜੇ ਦੁਰਮਤਿ ਕਰਮ ਹੀ ਕਰਦੇ ਹਨ। ਐਸੇ ਕਰਮ ਦਾ ਗੇੜ ਉਹਨਾਂ ਦਾ ਮੁਕਦਾ ਮਿਟਦਾ ਨਹੀਂ। ਪੂਰਬਲੇ ਕਰਮਾਂ ਦੀ ਲਿਖਤ ਅਨੁਸਾਰ ਏਹ ਦੁਰਮਤੀ ਕਰਮ ਉਹਨਾਂ ਨੂੰ ਅਵੱਸ਼ ਕਰਨੇ ਬਣਦੇ ਹਨ। ਓਹਨਾਂ ਤੋਂ ਹੁੰਦੇ ਹੀ ਮੰਦੇ ਕਰਮ ਹਨ। ਇਹੋ ਓਹਨਾਂ ਨੂੰ ਪਿਛਲੇ ਜਨਮ ਦੇ ਕਰਮਾਂ ਦਾ ਫਲ ਮਿਲਿਆ ਹੁੰਦਾ ਹੈ - ਮੰਦੇ ਕਰਮ ਕਮਾਉਣਾ। ਇਸ ਜਨਮ ਵਿਚਿ ਏਹ ਮੰਦੇ ਕਰਮ ਕਰਨ ਕਰਕੇ ਉਹਨਾਂ ਦਾ ਅਗਲਾ ਲੇਖਾ ਸਗੋਂ ਹੋਰ ਵਧ ਜਾਂਦਾ ਹੈ, ਨਿਬੜਦਾ ਨਹੀਂ। ਅਜਿਹੇ ਮੂਰਖਾਂ ਨੂੰ ਅਗਾਹਾਂ ਹੋਰ ਸਜ਼ਾ ਮਿਲਦੀ ਹੈ। ਓਹ ਦਾਤੇ ਦੇ ਦਿੱਤੇ ਪਦਾਰਥਾਂ ਵਿਚ ਹੀ ਰਚ ਪਚ ਜਾਂਦੇ ਹਨ ਅਤੇ ਦਾਤੇ ਨੂੰ ਚਿਤ ਚੇਤੇ ਹੀ ਨਹੀਂ ਰਖਦੇ। ਉਸ ਦਾ ਕਦੇ ਭੀ ਚਿੰਤਨ ਨਹੀਂ ਕਰਦੇ, ਜਿਸ ਨੇ ਇਹ ਜੀਉ ਪਿੰਡ ਸਰੀਰ ਦਿੱਤਾ ਹੈ ਅਤੇ ਜੋ ਸਾਰੇ ਚਰਾਚਰ ਜੀਉ ਪਿੰਡ ਸਾਜ ਕੇ ਸਾਰਿਆਂ ਨੂੰ, ਮੰਦ ਅਮੰਦ ਕਰਮੀ ਮੂਰਖਾਂ ਮਨਮੁਖਾਂ ਨੂੰ ਭੀ ਰਿਜ਼ਕ ਰੋਜ਼ੀ ਦਿੰਦਾ, ਸੰਬਾਹੁੰਦਾ ਪਹੁੰਚਾਉਂਦਾ ਹੈ। ਉਹ ਬਪੁੜੇ ਮੂੜ੍ਹ ਮੰਦ-ਕਰਮੀ ਸਦਾ ਚੁਰਾਸੀ ਦੇ ਗੇੜ ਵਿਚ ਪਏ ਹੀ ਰਹਿੰਦੇ ਹਨ, ਜਮ ਦਾ ਫਾਹਾ ਓਹਨਾਂ ਦੇ ਗਲਾਂ ਵਿਚਿ ਪਿਆ ਹੀ ਰਹਿੰਦਾ ਹੈ, ਕਦੇ ਨਹੀਂ ਕਟੀਂਦਾ (ਕੱਟੀਦਾ)। ਫਿਰ ਫਿਰ ਕੇ, ਮੁੜ ਮੁੜ ਕੇ ਓਹ ਆਉਂਦੇ ਜਾਂਦੇ ਜੰਮਦੇ ਮਰਦੇ ਰਹਿੰਦੇ ਹਨ। ਓਹਨਾਂ ਅੰਧ-ਅਗਿਆਨੀ ਮਨੁਖਾਂ ਅੰਧਲਿਆਂ ਨੂੰ ਮਨੁਖਾ ਜਨਮ ਦੇ ਸੰਵਾਰਨ ਦਾ ਉਪਾਉ ਸਰੰਜਾਮ ਕੁਛ ਸੁਝਦਾ ਹੀ ਨਹੀਂ, ਓਹ ਆਪਣੇ ਪੂਰਬਲੇ ਕਰਮਾਂ ਦੀ ਲਿਖਤਕਾਰ ਦਾ ਲਿਖਿਆ ਭੋਗਦੇ ਹਨ, ਕੀਤਾ ਪਾਉਂਦੇ ਹਨ, ਧੁਰਿ ਲਿਖੀਤਾ ਕਮਾਉਂਦੇ ਹਨ ਅਤੇ ਮੰਦ ਭਾਗੀਂ ਹੀ ਮਰਦੇ ਜੰਮਦੇ ਆਉਂਦੇ ਜਾਂਦੇ ਰਹਿੰਦੇ ਹਨ। ਪੂਰੇ ਭਾਗਾਂ ਕਰਕੇ, ਅਛੇ ਨੇਕ ਕਰਮਾਂ ਕਰਕੇ ਜਿਨ੍ਹਾਂ ਦੇ ਕਰਮ ਪੂਰਬਲੇ ਜਨਮਾਂ ਦੇ ਕੀਤੇ ਹੋਏ ਹੁੰਦੇ ਹਨ, ਤਿਨ੍ਹਾਂ ਦਾ ਅੰਕੂਰ ਇਹ ਸਫੁੱਟ ਹੁੰਦਾ ਹੈ ਕਿ ਇਸ ਜਨਮ ਵਿਖੇ ਓਹਨਾਂ ਨੂੰ ਸੱਚਾ ਸਤਿਗੁਰੂ ਸੁਖਦਾਤਾ ਆਪਣੇ ਸੱਚੇ ਸਤਿਗੁਰ ਸਰੂਪ ਵਿਚਿ ਆਇ ਮਿਲਦਾ ਹੈ। ਜਿਸ ਤੋਂ ਸੱਚੀ ਦੀਖਿਆ, ਗੁਰ-ਦੀਖਿਆ ਮਿਲ ਕੇ ਨਾਮ ਦੀ ਪ੍ਰਾਪਤੀ ਹੁੰਦੀ ਹੈ। ਜਿਸ ਸੁਖਦਾਤੇ, ਸੱਚੇ ਸੁਖਦਾਤੇ ਦੀਆਂ ਕਮਾਈਆਂ ਕਰਕੇ ਓਹ ਵਡਭਾਗੇ ਪੁਰਸ਼ ਸੁਖ ਮਾਣਦੇ ਹਨ ਅਤੇ ਗ੍ਰਿਹਸਤ ਵਿਚਿ ਹੀ ਰਹਿੰਦੇ ਹੋਏ ਖਾਂਦੇ ਪੀਂਦੇ ਪਹਿਨਦੇ ਹਸਦੇ ਖੇਡਦੇ ਰਹਿੰਦੇ ਹਨ, ਤਿਨ੍ਹਾਂ ਦੀ ਸੁੱਖੋ ਸੁੱਖ ਹੀ, ਸਦਾ ਸੁੱਖਾਂ, ਆਤਮ ਆਨੰਦ ਮਈ ਸੁੱਖਾਂ ਵਿਚਿ ਸਾਰੀ ਅਵਰਦਾ (ਉਮਰ) ਵਿਹਾਉਂਦੀ ਹੈ। ਐਸਾ ਸੁਖਦਾਤਾ ਨਾਮ ਕਦੇ ਭੀ ਮਨਹੁੰ ਨਹੀਂ ਵਿਸਾਰਨਾ ਚਾਹੀਦਾ, ਜਿਸ ਦੀ ਪਰਤਾਪ-ਕਮਾਈ ਕਰਕੇ ਸੱਚੇ ਦਾਤਾਰ ਦੇ ਦਰ ਸੱਚੀ ਸੋਭਾ ਮਿਲਦੀ ਹੈ। ਯਥਾ ਗੁਰਵਾਕ—

**ਸਲੋਕ ਮਃ ੩ ॥ ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥**

**ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ ॥ ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥ ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ ॥ ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥ ਸੁਖੁ ਮਾਣਹਿ ਸੁਖੁ ਪੈਨਣਾ ਸੁਖੇ ਸੁਖਿ ਵਿਹਾਇ ॥ ਨਾਨਕ ਸੋ ਨਾਉ ਮਨਹੁ ਨ ਵਿਸਾਰੀਐ ਜਿਤੁ ਦਰਿ ਸਚੈ ਸੋਭਾ ਪਾਇ ॥ ੧ ॥**

**(ਸਿਰੀਰਾਗ ਕੀ ਵਾਰ ਮਃ ੪, ਪੰਨਾ ੮੫)**

ਗੁਰਮਤਿ ਨਾਮ ਜਪਣ ਰੂਪੀ ਸੱਚੀ ਕਮਾਈ ਦਾ ਸ਼ੁਭ ਕਰਮ, ਪੂਰਬਲੀ (ਪੂਰਬਲੇ ਸ਼ੁਭ ਕਰਮਾਂ ਦੀ) ਲਿਖਤ ਅਨੁਸਾਰ ਹੀ ਕੋ ਵਡਭਾਗੀ ਗੁਰਮੁਖਿ ਜਨ ਕਮਾਉਂਦਾ ਹੈ। ਓਹੀ ਗੁਰੂ ਘਰ ਦਾ, ਸਤਿਗੁਰੂ ਦਾ ਸੱਚਾ ਸਿੱਖ ਸੇਵਕ ਬਣਦਾ ਹੈ, ਓਸੇ ਨੂੰ ਹੀ ਗੁਰੂ ਦੁਆਰਿਓਂ, ਗੁਰੂ ਸਰੂਪ ਪੰਜਾਂ ਪਿਆਰਿਆਂ ਦੇ ਰਾਹੀਂ ਸੱਚੀ ਦੀਖਿਆ ਗੁਰਮਤਿ ਨਾਮ ਦੀ ਮਿਲਦੀ ਹੈ, ਜਿਸ (ਗੁਰਮਤਿ ਨਾਮ) ਦੇ ਸੇਵਨ ਕਮਾਵਨ ਕਰਕੇ (ਗੁਰੂ ਦਾ ਸੱਚਾ ਸਿੱਖ ਸੇਵਕ ਬਣਨ ਕਰਕੇ) ਤਿਸ ਗੁਰਸਿੱਖ ਸੇਵਕ ਵਡਭਾਗੇ ਗੁਰਮੁਖਿ ਜਨ ਨੂੰ ਸਦੀਵੀ ਆਤਮ ਪਰਮਾਤਮ ਸੁਖ ਦੀ ਆਨੰਦ ਕਲਿਆਨਦਾਇਕ ਪ੍ਰਾਪਤੀ ਹੁੰਦੀ ਹੈ। ਭਾਗਾਂ ਬਿਨਾਂ ਐਸਾ ਸਤਿਗੁਰੂ ਨਹੀਂ ਮਿਲਦਾ। ਇਹ ਕੇਵਲ ਗੁਰੂ ਘਰ (ਗੁਰੂ ਨਾਨਕ ਦੇ ਘਰ) ਨੂੰ ਹੀ ਵਡਿਆਈ ਤੌਫ਼ੀਕ ਹੈ ਕਿ ਜਿਥੋਂ ਗੁਰ-ਦੀਖਿਆ ਰੂਪੀ ਸ਼ਬਦ ਗੁਰ-ਮੰਤਰ ਦੀ ਸੱਚੀ ਦਾਤਿ ਸੁਲੱਭਤ ਹੁੰਦੀ (ਲਭਦੀ) ਹੈ। ਸਤਿਗੁਰੂ ਗੁਰੂ ਨਾਨਕ ਦਸਮੇਸ਼ ਨੇ ਜੁਗਾਂ ਪ੍ਰਯੰਤ ਸਦੀਵ ਲਈ ਪੰਜਾਂ ਪਿਆਰਿਆਂ ਦੁਆਰਾ ਇਸ ਦਾਤਿ-ਪ੍ਰਾਪਤੀ ਦਾ ਧੁਰਵਾ ਬੰਨ੍ਹ ਦਿੱਤਾ। ਇਹੀ ਸ਼ਬਦ ਗੁਰ ਮੰਤ੍ਰ ਰੂਪੀ ਦਾਤਿ ਹੈ, ਜਿਸ ਦੀ ਕਮਾਈ ਕਰਕੇ ਦਾਤੇ ਦਾਤਾਰ ਅਗਮ ਅਗੋਚਰ ਨਿਰੰਕਾਰ ਨੂੰ ਮਿਲੀਦਾ ਹੈ। ਯਥਾ ਗੁਰਵਾਕ—

**ਪੂਰਬਿ ਲਿਖਿਆ ਸੁ ਕਰਮੁ ਕਮਾਇਆ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥**
**ਬਿਨੁ ਭਾਗਾ ਗੁਰੁ ਪਾਈਐ ਨਾਹੀ ਸਬਦੈ ਮੇਲਿ ਮਿਲਾਵਣਿਆ ॥੨ ॥**

**(ਮਾਝ ਮਹਲਾ ੩, ਪੰਨਾ ੧੧੮)**

ਇਹ ਪੂਰਬਲੇ ਕਰਮਾਂ ਦਾ ਅੰਕੂਰ ਹੈ। ਜਦੋਂ ਇਹ ਉਗਵਦਾ ਪੁੰਕਰਦਾ ਹੈ, ਪਰਗਟ ਉਦੇ ਹੁੰਦਾ ਹੈ, ਤਦੇ ਹੀ ਪੂਰਬ-ਕਰੰਮੜੇ ਅੰਕੂਰ ਪਰਗਟ ਹੋਣ ਕਰਿ ਰਸਿਕ ਬੈਰਾਗੀ ਪੁਰਖ, ਕਿਸੇ ਨਾਮ ਬਾਣੀ ਕੀਰਤਨ ਦੇ ਰਸੀਏ, ਮਾਇਆ ਤੋਂ ਅਤੀਤ, ਪਰਮਾਤਮਾ-ਮਿਲਾਪ ਦੇ ਅਰੂੜ ਵੈਰਾਗ ਅਨੁਰਾਗ ਪਾਗੇ, ਪੁੱਜੇ ਹੋਏ ਗੁਰਮੁਖਿ ਜਨ ਦਾ ਦਰਸ-ਭੇਟ-ਮਿਲਾਵਾ ਹੁੰਦਾ ਹੈ, ਜਿਸ ਦੇ ਸੁਤੇ ਪ੍ਰੇਰਨਾ ਪ੍ਰਭਾਵ ਪਰਤਾਪ ਕਰਿ ਉਹ ਜਗਿਆਸੂ ਉਤਮ ਪੁਰਸ਼ ਵਡਭਾਗਾ ਸਤਿਗੁਰੂ ਗੁਰੂ ਨਾਨਕ ਦੇ ਦਰੋਂ ਘਰੋਂ ਵਰੋਸਾਉਂਦਾ ਹੈ, ਗੁਰਮਤਿ ਨਾਮ ਦੀ ਅਮੋਲਕ ਦਾਤਿ ਪਾਉਂਦਾ ਹੈ। ਇਸ ਬਿਧਿ ਗੁਰਮੁਖਿ ਸੰਤ ਜਨਾਂ, ਪੰਜ ਜਨਾਂ ਦੀ ਸੰਗਤਿ ਦੇ ਤੁਫ਼ੈਲ ਉਸ ਦੇ ਅਗਿਆਨ ਅੰਧੇਰ ਗੁਬਾਰ ਦੀ ਨਿੰਦ੍ਰਾ (ਨੀਂਦ) ਵਿਚਿ ਜਨਮ ਜਨਮਾਂਤ੍ਰਾਂ ਦੇ ਸੁੱਤੜੇ ਦੀ ਗੁਰ-ਗਿਆਨ ਜੋਤਿ-ਪ੍ਰਕਾਸ਼ੀ-ਜਾਗ ਖੁਲ੍ਹ ਜਾਂਦੀ ਹੈ। ਯਥਾ ਗੁਰਵਾਕ—

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥ ੨॥ ੨॥ ੧੧੯॥**

**(ਗਉੜੀ ਮਹਲਾ ੫, ਪੰਨਾ ੨੦੪)**

ਗੁਰਮਤਿ ਨਾਮ ਅਭਿਆਸ ਰੂਪੀ ਕਰਮੁ ਸਾਰੇ ਸਰੀਰਕ ਰੋਗਾਂ ਲਈ ਅਉਖਧੀ ਰੂਪ ਨੁਸਖ਼ਾ ਹੈ। ਗੁਰਮਤਿ ਗੁਣ ਮੰਗਲ ਗਾਵਣ ਰੂਪੀ ਸੱਚੜਾ ਕਰਮੁ ਕਲਿਆਣ ਰੂਪ ਹੈ, ਜਿਸ ਤੋਂ ਵਾਹਿਗੁਰੂ ਦੀ


www.sikhbookclub.com

ਪ੍ਰਾਪਤੀ ਹੁੰਦੀ ਹੈ। ਗੁਰਮਤਿ ਨਾਮੁ ਰੂਪੀ ਬੀਜ ਮੰਤਰ, ਅਰਥਾਤ, ਉਹ ਗੁਰ-ਮੰਤਰ ਜੋ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਦੁਆਰਾ ਅਧਿਕਾਰੀ ਅੰਮ੍ਰਿਤ ਪਾਤਰ ਜਗਿਆਸੂ ਜਨ ਦੇ ਹਿਰਦੇ ਅੰਦਰ ਬੀਜਿਆ ਜਾਂਦਾ ਹੈ, ਇਸ ਦਾ ਪ੍ਰਾਪਤੀ-ਮਈ ਗਿਆਨੁ ਸਰਬ ਪ੍ਰਾਣੀ ਮਾਤਰ ਲਈ ਹੈ। ਚਹੁੰਆਂ ਵਰਨਾਂ ਵਿਚੋਂ ਹਰ ਕੋਈ ਇਸ ਦਾ ਅਧਿਕਾਰੀ ਹੈ। ਹਰ ਇਕ ਵਰਨ, ਹਰ ਇਕ ਜਾਤਿ ਜਨਮ ਦਾ ਪ੍ਰਾਣੀ ਗੁਰਮਤਿ ਨਾਮ ਦੇ ਜਪਣ ਦਾ ਹੱਕ ਰਖਦਾ ਹੈ। ਜੋ ਕੋਈ ਭੀ ਗੁਰਮਤਿ ਨਾਮ ਦਾ ਜਾਪ ਕਰਦਾ ਹੈ, ਭਾਵੇਂ ਕਿਸੀ ਵਰਨ ਜਾਤੀ ਵਿਚੋਂ ਜਨਮਿਆ ਹੋਵੇ, ਤਿਸ ਦੀ ਨਿਰਸੰਦੇਹ ਗਤਿ ਕਲਿਆਣ ਹੋ ਜਾਂਦੀ ਹੈ। ਪ੍ਰੰਤੂ ਇਸ ਗੁਰਮਤਿ ਨਾਮ ਦੀ ਪ੍ਰਾਪਤੀ ਅਤੇ ਜਪਣ ਦੀ ਜੁਗਤੀ ਤਿਸੇ ਵਿਰਲੇ ਵਡਭਾਗੀ ਪੁਰਸ਼ ਨੂੰ ਨਸੀਬ ਹੁੰਦੀ ਹੈ ਜਿਸ ਨੂੰ ਗੁਰ ਘਰ ਦੀ ਸਾਧ ਸੰਗਤਿ, ਸੱਚੀ ਸਤਸੰਗਤਿ ਵਿਚਿ ਵਾਸਾ ਮਿਲਣ ਦੇ ਕਾਰਨ ਪੰਜਾਂ ਪਿਆਰਿਆਂ ਤੋਂ ਬੀਜ ਮੰਤ੍ਰੀ ਜੀਵਨ-ਗੁੜ੍ਹਤੀ ਮਿਲਿ ਚੁਕੀ ਹੋਵੇ। ਹੋਰ ਕਿਸੇ ਭੀ ਜੁਗਤੀ ਦੁਆਰਾ ਗੁਰਮਤਿ ਨਾਮ ਅਤੇ ਨਾਮੀ ਵਾਹਿਗੁਰੂ ਨਹੀਂ ਪਾਇਆ ਜਾ ਸਕਦਾ। ਨਾ ਹੀ ਕਿਸੇ ਹੋਰਤ ਧਰਮ ਕਰਮ ਕੀਤਿਆਂ ਵਾਹਿਗੁਰੂ ਅਤੇ ਵਾਹਿਗੁਰੂ ਦਾ ਨਾਮ ਮਿਲਦਾ ਹੈ। ਬਸ, ਤਿਸੇ ਨੂੰ ਮਿਲਦਾ ਹੈ ਜਿਸ ਦੇ ਪੂਰਬਲੇ ਕਰਮਾਂ ਵਿਚੋਂ ਧੁਰੋਂ ਕਰਮ-ਬਿਧਾਤੇ ਨੇ ਲਿਖਿਆ ਹੁੰਦਾ ਹੈ। ਜਿਸ ਦੇ ਉਪਰਿ ਇਸ ਬਿਧਿ ਧੁਰਿ ਨਦਰ-ਕਰੰਮੀ ਕਿਰਪਾ ਹੋ ਗਈ ਹੋਵੇ, ਉਸੇ ਹੀ ਗੁਰਮੁਖਿ ਜਨ ਦੇ ਰਿਦੰਤਰਿ ਅੰਤਰਿ-ਆਤਮੇ ਹੀ ਗੁਰਮਤਿ ਨਾਮ ਦ੍ਰਿੜ੍ਹ ਕਰ ਕੇ ਧਾਰਨ ਹੁੰਦਾ ਹੈ। ਗੁਰਮਤਿ ਨਾਮ ਦੇ ਧਾਰਨ ਰੂਪੀ ਅਭਿਆਸ ਦੀ ਕਲਾ ਐਸੀ ਪਾਰਸ ਰੂਪ ਹੈ ਕਿ ਇਹ ਪਸ਼ੂਆਂ ਪ੍ਰੇਤਾਂ ਮੁਘਦਾਂ ਪੱਥਰਾਂ ਦੇ ਭੀ ਤਾਰਨ ਨੂੰ ਸਮਰੱਥ ਹੈ। ਯਥਾ ਗੁਰਵਾਕ—

> ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥ ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧਸੰਗਿ ਪਾਵੈ ਜਨੁ ਕੋਇ ॥ ਕਰਿ ਕਿਰਪਾ ਅੰਤਰਿ ਉਰਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥ ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥ ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥ ੫ ॥
>
> (ਗਉੜੀ ਸੁਖਮਨੀ ਮਃ ੫, ਪੰਨਾ ੨੭੪)

ਨਾ ਸਿਰਫ਼ ਨਾਮ ਰੂਪੀ ਅਭਿਆਸ ਕਰਮ ਦੀ ਗਤਿ ਹੀ ਪੂਰਬ ਲਿਖੇ ਕਰਮਾਂ ਦਾ ਫਲ ਹੈ, ਬਲਕਿ ਜੋ ਜੋ ਕਰਮ ਰੂਪੀ ਕਾਰ ਹਰ ਇਕ ਪ੍ਰਾਣੀ ਸੁਤੇ ਸੁਭਾਵ ਕਰਦਾ ਹੈ ਅਤੇ ਬੇਬੌਹਾ ਹੋ ਕੇ ਕਰੀ ਜਾਂਦਾ ਹੈ ਉਹ ਕਾਰ ਕਰਮ ਉਸ ਦੇ ਪੂਰਬਲੇ ਕਰਮਾਂ ਦੀ ਲਿਖਤਕਾਰ ਰੂਪੀ ਫਲ ਹੈ ਅਤੇ ਇਹ ਕਾਰ ਕਮਾਵਣੀ ਕਰਤੇ ਨੇ ਹੀ, ਕਰਮ-ਫਲ-ਦਾਤੇ ਨੇ ਹੀ ਧੁਰੋਂ ਲਿਖ ਪਾਈ ਹੈ। ਯਥਾ ਗੁਰਵਾਕ—

> ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥
>
> (ਆਸਾ ਦੀ ਵਾਰ, ਪਉੜੀ ੨੪, ਪੰਨਾ ੪੭੫)
>
> ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥ ੪ ॥
>
> (ਆਸਾ ਸ੍ਰੀ ਕਬੀਰ ਜੀਉ, ਪੰਨਾ ੪੮੧)

ਭਾਵਃ — ਧੁਰੋਂ ਲਿਖ ਛੋਡੀ ਕਾਰ, ਧੁਰੋਂ ਲਿਖਿਆ ਪੂਰਬਲੇ ਜਨਮ ਦਾ ਕਰਮ ਅਵੱਸ਼ ਕਰਨਾ ਪੈਂਦਾ ਹੈ। ਇਹ ਕਰਮ ਕਰਨਹਾਰੇ ਦੇ ਵੱਸ ਦਾ, ਉਸ ਦੀ ਆਪਣੀ ਮਰਜ਼ੀ ਦਾ ਕਰਮ ਨਹੀਂ ਰਹਿੰਦਾ। ਇਸ ਵਿਚ ਉਸ ਦਾ ਕੋਈ ਚਾਰਾ ਨਹੀਂ ਚਲਦਾ, ਆਪਮੁਹਾਰਾ ਹੀ ਉਸ ਤੋਂ ਹੁੰਦਾ ਹੈ। ਇਹ ਕਰਮ

ਉਸ ਦੇ ਪਿਛਲੇ ਜਨਮ ਦੀ ਸਜ਼ਾ (ਬਦਲੇ) ਦੇ ਰੂਪ ਵਿਚਿ ਹੁੰਦਾ ਹੈ। ਜਜ਼ਾ ਸਜ਼ਾ ਦੇਣਹਾਰਾ ਕਰਮ-ਬਿਧਾਤਾ, ਕਰਮ-ਫਲਦਾਤਾ ਵਾਹਿਗੁਰੂ ਹੀ ਉਸ ਤੋਂ ਕਰਾਉਂਦਾ ਹੈ। ਪਰ ਇਸ ਕਰਮ ਕਰਨ ਦੀ ਜ਼ਿੰਮੇਵਾਰੀ ਤੋਂ ਕਰਮ ਕਰਨਹਾਰਾ ਪ੍ਰਾਣੀ ਬੰਚਤ ਨਹੀਂ ਹੁੰਦਾ। ਜ਼ਿੰਮੇਵਾਰੀ ਤਾਂ ਉਸ ਦੀ ਜ਼ਰੂਰੀ ਠਹਿਰੀ, ਪਿਛਲੇ ਜਨਮ ਦੇ ਕਰਮਾਂ ਦਾ ਜ਼ਿੰਮੇਵਾਰ ਕਰਨਹਾਰਾ ਪ੍ਰਾਣੀ ਹੀ ਗਰਦਾਨਿਆ ਜਾਂਦਾ ਹੈ। ਪਿਛਲੇ ਜਨਮ ਦੇ ਕਰਮਾਂ ਦੀ ਜਜ਼ਾ ਸਜ਼ਾ ਵਿਚਿ ਉਸ ਨੂੰ ਉਸ ਦੇ ਕਰਮ ਦੀ ਹੈਅਤ ਦੇ ਮੁਤਾਬਕ ਨਿਰਾ ਜਨਮ ਹੀ ਨਹੀਂ ਮਿਲਦਾ, ਬਲਕਿ ਇਸ ਨਵੇਂ ਮਿਲੇ ਕਰਮ ਕੈਅੰਤੀ ਜਨਮ ਦੀ ਜੈਅੰਤੀ ਵਾਲੇ ਕਰਮ ਭੀ ਉਸ ਨੂੰ ਅਵੱਸ਼ ਕਰਨੇ ਪੈਂਦੇ ਹਨ। ਸਾਕਤ-ਕਰੰਮੀਆਂ ਨੂੰ ਸਾਕਤਾਂ ਵਾਲਾ ਜਨਮ ਹੀ ਮਿਲੇਗਾ ਅਤੇ ਸਾਕਤਾਂ ਵਾਲੇ ਕਰਮ ਹੀ ਉਨ੍ਹਾਂ ਤੋਂ ਹੋਣਗੇ। ਇਸ ਦੀ ਠੱਲ੍ਹ ਨਹੀਂ ਪੈਂਦੀ, ਨਾ ਪਵੇਗੀ, ਜਦੋਂ ਤਾਈਂ ਹੁਕਮ ਰਜਾਈ ਕਰਮ-ਬਿਧਾਤੇ ਦੀ ਹੁਕਮ-ਰਜ਼ਾ ਅਨੁਸਾਰ ਉਹ ਸੁਲੱਖਣਾ ਵਿਲੱਖਣਾ ਕੰਮ ਕਰਮ ਉਸ ਤੋਂ ਨਹੀਂ ਹੋ ਆਵੇਗਾ, ਜੋ ਕਮਾਤੇ ਸਮੂਹ ਕਰਮਾਂ ਨੂੰ ਬੰਨ੍ਹ ਲਾਉਣਹਾਰਾ ਹੈ। ਇਹ ਸ਼ੁਭ ਕਰਮ ਭੀ ਕਿਸੇ ਸ਼ੁਭ ਕਰਮੀ ਅੰਕੁਰ ਦੇ ਉਗਵਣ ਕਰਿ ਹੀ ਹੋਵੇਗਾ। ਅਗਿਆਨੀ ਮੂੜ੍ਹ ਲੋਕ ਅਸ਼ੁਭ ਕਰਮਾਂ ਦਾ ਦੋਸ਼ ਤਾਂ ਕਰਾਉਣਹਾਰੇ ਤੇ ਲਾਉਂਦੇ ਹਨ ਅਤੇ ਸ਼ੁਭ ਕਰਮਾਂ ਦੇ ਕਰਨ ਦਾ ਕ੍ਰੈਡਿਟ ਆਪ ਲੈਂਦੇ ਹਨ, ਸ਼ੁਭ ਕਰਮਾਂ ਦੇ ਕਰਨਹਾਰੇ ਆਪਣੇ ਆਪ ਨੂੰ ਮੰਨਦੇ ਹਨ। ਇਹ ਉਹਨਾਂ ਦਾ ਅਨਮਾਨ ਬਿਲਕੁਲ ਗ਼ਲਤ ਹੈ ਅਤੇ ਉੱਕਾ ਹੀ ਗੁਰਮਤਿ ਪ੍ਰਤਿਕੂਲ (ਗੁਰਮਤਿ ਤੋਂ ਉਲਟ) ਹੈ। ਕਰਤਾਰ ਦੇ ਘਰਿ ਸਦਾ ਸੱਚਾ ਨਿਆਉਂ ਹੈ। ਉਹ ਕਰਤਬਾਂ ਤੇ ਕਰਮਾਂ ਤੇ ਨਿਬੇੜਾ ਕਰਦਾ ਹੈ। ਪੂਰਬਲੇ ਜਨਮ ਦੀ ਕਰਮੀ ਕਰਤੂਤ ਅਨੁਸਾਰ ਹੀ ਨਿਆਉਂ ਨਿਬੇੜਦਾ ਹੈ। ਪਿਛਲੇ ਜਨਮ ਦੇ ਕਿਸੇ ਸ਼ੁਭ ਕਰਮ ਦੇ ਸ਼ੁਭ ਅੰਕੁਰ ਕਰਕੇ ਉਸ ਨੂੰ ਮਾਨੁਖਾ ਜਨਮ ਫੇਰ ਮਿਲਦਾ ਹੈ (ਮਾਨੁਖਾ ਜਨਮ ਦੇ ਦੇਣਹਾਰਾ ਦਾਤਾਰ ਕਰਤਾਰ ਵਾਹਿਗੁਰੂ ਹੈ), ਜਿਸ ਦੇ ਵਡੇ ਭਾਗ ਹੁੰਦੇ ਹਨ ਉਸ ਨੂੰ ਧੁਰ ਪਠਾਏ ਗੁਰੂ ਅਵਤਾਰ ਦਾ ਉਪਦੇਸ਼ ਕਾਟ ਕਰ ਜਾਂਦਾ ਹੈ ਅਤੇ ਉਸ ਦੇ ਦਰਸਾਏ ਸ਼ੁਭ ਵਿਲੱਖਣੀ ਕਰਮ ਨੂੰ ਕਰਨ ਵਲ ਰੁੱਚਤ ਹੋ ਜਾਂਦਾ ਹੈ; ਪ੍ਰਬਲ ਰੁਚੀ ਹੋਣ ਕਰਿ ਉਕਤ ਸ਼ੁਭ ਕਰਮ ਨੂੰ ਕਰਨ ਲਗ ਪੈਂਦਾ ਹੈ। ਤਦ ਉਸ ਦੇ ਪਿਛਲੇ ਕਰਮਾਂ ਦਾ ਭੀ ਨਿਬੇੜਾ ਹੋ ਜਾਂਦਾ ਹੈ। ਉਸ ਦੇ ਭੋਗ ਤਾਂ ਅਵੱਸ਼ ਭੋਗਣੇ ਪੈਂਦੇ ਹਨ। ਭੋਗਾਵਣਹਾਰਾ ਛਿਨ ਮਾਤਰ ਵਿਚਿ ਭੋਗਾਇ ਦਿੰਦਾ ਹੈ। ਜੋ ਪ੍ਰਾਣੀ ਮਾਇਕ ਪਦਾਰਥਾਂ ਦੇ ਲਾਲਚਾਂ ਵਿਚਿ ਲੱਥ ਪੱਥ ਹੋਇਕੈ ਅਤੇ ਦ੍ਰਿਸ਼ਮਾਨ ਪੰਜ-ਭੂਤਕ ਲਹਿਵੋ ਲਾਅਬ ਦੇ ਰਸਾਂ ਕਸਾਂ, ਰੂਪਾਂ ਰੰਗਾਂ ਵਿਚਿ ਭੁਲਾਇਮਾਨ ਤੇ ਲੁਭਾਇਮਾਨ ਹੋ ਕੇ ਮਾਨੁਖਾ ਜਾਮੇ ਰੂਪੀ ਰਤਨ ਜਨਮ ਨੂੰ ਰਾਇਗਾਂ (ਬੇ-ਅਰਥ) ਹੀ ਖੋ ਲੈਂਦੇ ਹਨ, ਤਿਨ੍ਹਾਂ ਨੂੰ ਕਰਮ ਸੁਕਰਮ ਕਰਨ ਦੀ ਅਉੜਨੀ ਹੀ ਨਹੀਂ ਅਉੜਦੀ, ਸੂਝ ਬੂਝ ਹੀ ਨਹੀਂ ਆਉਂਦੀ, ਜਿਸ ਕਰਕੇ ਇਹ ਰਤਨ ਜਨਮ ਸਕਾਰਥਾ ਹੁੰਦਾ ਹੈ। ਓਹ ਉਸ ਸ੍ਰੇਸ਼ਟ ਸੁਕਰਮ ਨੂੰ ਕਰ ਹੀ ਨਹੀਂ ਸਕਦੇ, ਕਿਉਂਕਿ ਉਹਨਾਂ ਨੇ ਪੂਰਬਲੇ (ਆਪਣੇ ਪਿਛਲੇ) ਜਨਮ ਵਿਚਿ ਸੁਕ੍ਰਿਤ ਕਰਮਾਂ ਵਾਲਾ ਬੀਜ ਹੀ ਨਹੀਂ ਬੋਇਆ ਹੋਇਆ ਹੁੰਦਾ। ਜਿਸ ਕੂਰ ਕਰਮਾਂ ਰੂਪੀ ਮੰਦ ਭਾਗਾਂ ਦੇ ਕਾਰਨ ਨਾ ਓਹਨਾਂ ਨੂੰ ਇਸ ਜਨਮ ਵਿਚਿ ਸਤਸੰਗਤਿ ਪ੍ਰਾਪਤਿ ਹੁੰਦੀ ਹੈ ਨਾ ਓਹ ਸੁਕ੍ਰਿਤ ਕਰਣੀ ਵਾਲੇ ਕਰਮ ਵਿਚਿ ਲਗ ਸਕਦੇ ਹਨ। ਯਥਾ ਗੁਰਵਾਕ—

> **ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥ ਪੂਰਬ ਜਨਮਿ ਕਰਮ**
> **ਭੂਮਿ ਬੀਜੁ ਨਾਹੀ ਬੋਇਆ ॥ ੧ ॥ ਰਹਾਉ ॥**
>
> (ਆਸਾ ਸ੍ਰੀ ਕਬੀਰ ਜੀਉ, ਪੰਨਾ ੪੮੧)

ਕਰਮ ਭੂਮੀ ਵਿਚਿ ਜੈਸਾ ਬੀਜ ਪੂਰਬ ਜਨਮਾਂ ਵਿਚਿ ਬੀਜਿਆ ਹੁੰਦਾ ਹੈ ਸੋਈ ਇਸ ਜਨਮ ਵਿਚਿ ਲੁਣਨਾ ਪੈਂਦਾ ਹੈ। ਪਿਛਲੇ ਜਨਮ ਵਿਚਿ ਕੀਤੇ ਕਰਮਾਂ ਦਾ ਲੇਖਾ ਹਰ ਪ੍ਰਾਣੀ ਦੇ ਮੱਥੇ ਤੇ ਲਿਖਿਆ ਹੁੰਦਾ ਹੈ। ਏਹਨਾਂ ਲੇਖਾਂ ਅਨੁਸਾਰ ਹੀ ਜੋ ਕਰਮ ਅਗੇ ਨੂੰ, ਅਗਲੇ ਜਨਮ ਵਿਚਿ ਕਰਨੇ ਹਨ


www.sikhbookclub.com

ਸੋ ਭੁਗਤਣੇ ਪੈਂਦੇ ਹਨ। ਪਿਛਲੇ ਜਨਮਾਂ ਦੇ ਮੰਦ-ਕਰਮੀ ਪੁਰਸ਼ ਦੀ ਜਮਾਂਦਰੂ ਰੁਚੀ ਹੀ ਮੰਦ ਕਰਮਾਂ ਵਲ ਪਰਵਿਰਤ ਹੁੰਦੀ ਹੈ ਅਤੇ ਜਿਸ ਨੇ ਪਿਛਲੇ ਜਨਮ ਵਿਚਿ ਸੁਕ੍ਰਿਤ ਕਰਮੀ, ਸ਼ੁਭ-ਕਰਮੀ ਬੀਜ ਬੋਇਆ ਹੁੰਦਾ ਹੈ ਉਸ ਦੀ ਸੁਤੇ ਸ੍ਰਿਸ਼ਤਿ ਮੁਢ ਕਦੀਮੀ ਖ਼ਸਲਤ ਹੀ ਸੁਚੱਜੇ ਸੁਕਰਮਾਂ ਵਲ ਪ੍ਰਬਲ ਕਰਕੇ ਪ੍ਰੇਰਤ ਹੁੰਦੀ ਹੈ। "ਜੋ ਧੁਰਿ ਲਿਖਿਆ ਲੇਖੁ ਸੇ ਕਰਮ ਕਮਾਇਸੀ"[੧] ਵਾਲਾ ਗੁਰਵਾਕ ਇਸ ਪ੍ਰਥਾਇ ਠੀਕ ਘਟਦਾ ਹੈ ਅਤੇ ਜਿਸ ਦੇ ਲੇਖ ਵਿਚਿ ਧੁਰੋਂ ਹੀ ਪੂਰਾ ਸੁਕ੍ਰਿਤ ਕਰਮੀ ਲੇਖ ਲਿਖਿਆ ਹੁੰਦਾ ਹੈ ਤਿਸ ਵਡਭਾਗੇ ਜਨ ਨੇ ਹੀ ਇਸ ਜਨਮ ਅੰਦਰਿ ਗੁਰ-ਦੀਖਿਅਤ ਗੁਰਮਤਿ ਨਾਮ ਧਿਆਇਆ ਹੈ। ਯਥਾ ਗੁਰਵਾਕ—

ਜਿਸਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿਨਾਮੁ ਧਿਆਇਆ॥ ੧ ॥

(ਸਲੋਕ ਮः ੩, ਪੰਨਾ ੫੧੨)

ਜਿਨ੍ਹਾਂ ਨੂੰ ਧੁਰੋਂ ਹੀ ਸ਼ੁਭ ਕਰਮ ਪ੍ਰਾਪਤਿ ਲਿਖਤ ਭਈ ਹੈ ਤਿਨ੍ਹਾਂ ਨੂੰ ਹੀ ਇਸ ਜਨਮ ਵਿਖੇ ਨਾਮ ਧਿਆਉਣ ਦਾ ਸੁਭਾਗ ਪ੍ਰਾਪਤਿ ਹੁੰਦਾ ਹੈ। ਪਰ ਹੁੰਦਾ ਵਿਰਲੇ ਗੁਰਮੁਖਿ ਜਨਾਂ ਨੂੰ ਹੀ ਹੈ। ਪਹਿਲਾਂ ਤਾਂ ਵਡੇ ਭਾਗਾਂ ਕਰਕੇ ਮਨੁਖਾ ਜਨਮ ਮਿਲਦਾ ਹੈ, ਫੇਰ ਅਤਿ ਵਡੇ ਭਾਗਾਂ ਕਰਕੇ ਗੁਰੂ ਘਰ ਵਿਖੇ, ਗੁਰੂ ਨਾਨਕ ਦੇ ਘਰਾਣੇ ਗੁਰ ਸੰਗਤਿ ਵਿਚ ਨਿਵਾਸ ਹੁੰਦਾ ਹੈ ਅਤੇ ਗੁਰੂ ਦੁਆਰਿਓਂ ਪੰਚਾਮ੍ਰਿਤੀ ਗੁਰ-ਦੀਖਿਆ ਮਿਲਦੀ ਹੈ। ਜਿਸ ਜਿਸ ਵਿਰਲੇ ਜਨ ਨੂੰ ਇਹ ਦਾਤਿ ਮਿਲਦੀ ਹੈ, ਉਹ ਗੁਰਮੁਖਿ ਵਿਰਲਿਆਂ ਦੀ ਸੰਗਤਿ ਅਤੇ ਪੰਥ ਵਿਚਿ ਆ ਰਲਦਾ ਹੈ। ਐਸੇ ਗੁਰਮੁਖਿ-ਵਿਰਲਿਆਂ ਦਾ ਸਮੂਹ ਹੀ ਖ਼ਾਲਸਾ ਪੰਥ ਹੈ। ਬੇਖਾਸ ਤੇ ਬੇ-ਖ਼ਾਲਿਸ ਮਲੇਛੀ ਭੇਖੀ ਬੰਦੇ, ਜੋ ਨਾਮ ਅਭਿਆਸ ਦੇ ਨੇੜੇ ਨਹੀਂ ਜਾਂਦੇ, ਖ਼ਾਲਸਾ ਸਦਾਉਣ ਦੇ ਅਧਿਕਾਰੀ ਹੀ ਨਹੀਂ। ਅਜਿਹੇ ਮੰਦ-ਕਰਮੀ ਮਲੇਛ ਖਾਲਸੇ ਨੇ ਹੀ ਪੰਥ ਨੂੰ ਬਦਨਾਮ ਕੀਤਾ ਹੈ। ਦਿਨ ਆਵੇਗਾ ਕਿ ਓਹ ਪਰਸਪਰ ਖਹਿ ਖਹਿ ਕੇ ਹੀ ਖੈ ਹੋ ਜਾਣਗੇ। ਤੱਤ ਨਰੋਤਮੀ ਖ਼ਾਲਸਾ ਕੌਮ ਜੁਗੋ ਜੁਗ ਅਟੱਲ ਅਤੇ ਅਮੱਰ ਰਹੇਗੀ। ਇਹਨਾਂ ਮਲੇਛ-ਕਰਮੀਆਂ ਦੇ ਭੀ ਕੋਈ ਵੱਸ ਦੀ ਗੱਲ ਨਹੀਂ ਰਹੀ। ਇਹਨਾਂ ਦੀ ਪੂਰਬਲੀ ਲਿਖਤਕਾਰ ਹੀ ਐਸੀ ਹੈ।

"ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ"[੨] ਗੁਰਵਾਕ ਦੇ ਭਾਵ ਅਨੁਸਾਰ ਹਰੇਕ ਪ੍ਰਾਣੀ ਨੂੰ ਅਵੱਸ਼ ਓਹ ਕਰਮ ਕਰਨੇ ਬਣਦੇ ਹਨ, ਜੈਸੀ ਕਿ ਕਿਰਤ-ਕਰਮ-ਰੇਖਾ ਕਰਤੇ ਨੇ ਧੁਰੋਂ ਲਿਖ ਪਾਈ ਹੈ। ਪ੍ਰੰਤੂ ਇਹਨਾਂ ਕਰਮ-ਰੇਖਣੀ-ਮਲੇਛ-ਕਰਮਾਂ ਦੇ ਉਹਨਾਂ ਨੂੰ ਜਵਾਬ-ਦੇਹ ਜ਼ਰੂਰ ਹੋਣਾ ਪਵੇਗਾ।

ਸਰਬ ਜੀਆਂ ਸਿਰਿ ਲੇਖ ਧੁਰ ਤੋਂ ਹੀ ਲਿਖੇ ਹੋਏ ਹਨ। ਕੋਈ ਭੀ ਪ੍ਰਾਣੀ ਇਸ ਲਿਲਾਟੀ ਲਿਖਤ ਤੋਂ ਮੁਸਤਿਸਨਾ ਨਹੀਂ। ਸਭ ਹੀ ਲੇਖੇ ਅੰਦਰਿ ਹਨ। ਕੇਵਲ ਕਰਤਾ ਪੁਰਖ ਅਲੇਖ ਹੈ। ਆਪ ਕਰਤਾ ਪੁਰਖ ਇਹ ਕੁਦਰਤਿ ਰਚ ਰਚ ਕੇ ਚਰਾਚਰ ਜੀਵਾਂ ਦੇ ਲੇਖ ਸੁਲੇਖ ਤੇ ਕੁਲੇਖ ਵੀਚਾਰਦਾ ਹੈ ਅਤੇ ਖ਼ੁਦ ਅਲੇਖ ਹੀ ਰਹਿੰਦਾ ਹੈ। ਲੇਖ ਰਹਿਤ ਹੈ, ਤਾਂ ਕੁਦਰਤਿ ਦਾ ਕਰਨਹਾਰ (ਰਚਨਹਾਰ) ਕਰਤਾ ਪੁਰਖ ਹੀ ਹੈ, ਜੋ ਨਾ-ਸਿਰਫ਼ ਕੁਦਰਤਿ ਨੂੰ ਰਚ ਰਚ ਕੇ ਹੀ ਦੇਖਦਾ ਹੈ, ਬਲਕਿ ਕੁਦਰਤਿ ਦੇ ਕਾਦਰ ਕਰਤੇ ਪੁਰਖ ਨੂੰ ਪੂਰਾ ਮਕਦੂਰ ਹੈ ਕਿ ਆਪਣੀ ਕੀਤੀ (ਰਚੀ) ਕੁਦਰਤਿ ਦੇ ਜੀਵਾਂ ਦੇ ਮੁਕੱਦਰ ਅਨੁਸਾਰ ਸਾਰੀ ਕਾਇਨਾਤ ਨੂੰ ਆਪਣੇ ਹੁਕਮ ਅੰਦਰਿ ਚਲਾਏ। ਜੈਸਾ ਕਿ ਗੁਰਵਾਕ ਹੈ—

ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥ ਆਪਿ ਅਲੇਖੁ

[੧] ਗੂਜਰੀ ਕੀ ਵਾਰ, ਪਉੜੀ ੫, ਪੰਨਾ ੫੧੦

[੨] ਸੋਰਠਿ ਮः ੫, ਪੰਨਾ ੬੧੦

**ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥ ੧ ॥**

(ਸੋਰਠਿ ਮਃ ੧, ਪੰਨਾ ੫੯੮)

ਹੁਕਮ-ਰਜਾਈ ਕਰਤੇ ਦੇ ਹੁਕਮ ਰਜ਼ਾ ਅਨੁਸਾਰ ਜਿਸ ਪ੍ਰਾਣੀ ਦਾ ਪੂਰਬਲਾ ਕਰਮੁ ਭਲਾ ਪੰਨੇ ਪਿਆ ਹੁੰਦਾ ਹੈ, ਤਿਸ ਨੂੰ ਗੁਰਮੁਖਿ ਸਾਧ ਜਨਾਂ ਦੀ ਸੰਗਤਿ ਵਿਚਿ ਪ੍ਰਾਰਬਧੀ ਬਿਸਰਾਮ ਮਿਲਦਾ ਹੈ। ਸੇ ਸਦਾ ਹੀ ਸੰਤਾਂ ਭਗਤਾਂ ਕੀਰਤਨੀ ਜਨਾਂ ਦਾ ਪੱਲਾ ਫੜੀ ਰਖਦੇ ਹਨ। ਤਿਨ੍ਹਾਂ ਦੀ ਓਟ ਆਸਰੇ ਰੂਪੀ ਸੰਗਤਿ ਨੂੰ ਉਹ ਸਦਾ ਸਹਾਈ ਜਾਣਦੇ ਹਨ। ਤਾਂ ਤੇ ਜਿਥੇ ਭੀ ਨਿਰਬਾਣ ਕੀਰਤਨੀ ਗੁਰਮੁਖਿ ਸਾਧ ਜਨਾਂ ਦੀ ਇਕੱਤਰਤਾ ਹੁੰਦੀ ਹੈ ਤਿਥੇ ਉਹ ਧਾ ਕੇ ਜਾਂਦੇ ਹਨ। ਅਤੇ ਸੱਚੇ ਹਰਿ-ਜਸ ਦਾ ਸੱਚਾ ਲਾਹਾ ਲੈਂਦੇ ਹਨ। ਐਸੇ ਨਿਰਬਾਣ ਨਾਦ ਅਨਾਹਦੀ ਕੀਰਤਨ ਧੁਨੀਆਂ ਵਾਲੀ ਸੰਤ-ਸਮਾਗਮੀ-ਗੁਰਮੁਖਿ ਸੰਗਤਿ ਵਿਚ ਜਾਣ ਅਤੇ ਰਹਿਣ ਕਰਿ ਤਿਨ੍ਹਾਂ ਦੇ ਜਨਮ-ਜਨਮਾਂਤ੍ਰਾਂ ਦੇ ਜਮ-ਸੰਤਾਪ ਮਿਟ ਜਾਂਦੇ ਹਨ। ਯਥਾ ਗੁਰਵਾਕ—

**ਜਹ ਸਾਧ ਸੰਤਨ ਹੋਵਹਿ ਇਕਤ੍ਰ ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ ॥**
**ਸਾਧ ਸਭਾ ਮਹਿ ਅਨਦ ਬਿਸ੍ਰਾਮ ॥ ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ ॥ ੩ ॥**

(ਧਨਾਸਰੀ ਮਃ ੫, ਪੰਨਾ ੬੭੬)

ਤਥਾ—

**ਜਾ ਕੋ ਰੇ ਕਰਮੁ ਭਲਾ ਤਿਨਿ ਓਟ ਗਹੀ ਸੰਤ ਪਲਾ ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ ॥**

(ਧਨਾਸਰੀ ਮਃ ੫, ਪੰਨਾ ੬੭੮)

ਧੁਰੋਂ ਹੀ ਜਿਨ੍ਹਾਂ ਦੇ ਕਰਮ ਵਿਚਿ ਪੂਰਬਲੇ ਜਨਮ ਦਾ ਲਿਖਿਆ ਹੋਇਆ ਹੈ, ਤਿਨ੍ਹਾਂ ਨੂੰ ਹੀ ਗੁਰਮਤਿ ਨਾਮ ਮਈ ਸਾਚ (ਸੱਚ ਪਦਾਰਥ) ਦੀ ਸਿਖਿਆ, ਗੁਰਮੰਤਰ ਗੁਰ-ਦੀਖਿਆ ਗੁਰੂ ਘਰ ਦੀ ਸਾਧ ਸੰਗਤਿ ਵਿਚੋਂ ਪ੍ਰਾਪਤਿ ਹੁੰਦੀ ਹੈ। ਤਿਨ੍ਹਾਂ ਦੀ ਜਮ-ਫਾਸ ਕਟੀ ਜਾਣ (ਕਟੇ ਜਾਣ) ਦਾ ਮੂਲੁ ਬੱਝ ਜਾਂਦਾ ਹੈ। ਯਥਾ ਗੁਰਵਾਕ—

**ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ ॥**

(ਧਨਾਸਰੀ ਮਃ ੫ ਛੰਤ, ਪੰਨਾ ੬੯੧)

ਗੁਰੂ ਘਰ ਦੇ ਵਿਰਲੇ ਕਰਮ ਜੋਗੀਸ਼ਰਾਂ, ਗੁਰਮੁਖਿ ਭਗਤ ਜਨ ਅਭਿਆਸੀ ਜਨਾਂ ਤੋਂ ਬਿਨਾਂ ਇਹ ਸਾਰਾ ਚਲਣਹਾਰਾ ਅਸਾਰ ਸੰਸਾਰ ਗਰਬ ਗੁਮਾਨ ਦਾ ਹੀ ਅਟਿਆ ਹੋਇਆ ਹੈ। ਇਸ ਗਰਬ ਹੰਕਾਰ ਦੇ ਅੱਟੇ ਹੋਏ ਸਭ ਸੰਸਾਰੀ ਨਰ ਨਾਰੀ ਮਾਇਆ ਦੇ ਰੰਗ ਕੁਰੰਗ ਵਿਚਿ ਰੱਟ ਕੁਰੱਟੇ (ਰਚੇ ਪਚੇ) ਹੋਏ ਅਨੇਕਾਂ ਹੀ ਪਾਪ ਕਰਮ ਕਮਾਉਂਦੇ ਹਨ ਅਤੇ ਅੰਨ੍ਹੇ ਵਾਹ ਕਮਾਈ ਹੀ ਚਲੇ ਜਾਂਦੇ ਹਨ। ਅਹਿਨਿਸਿ ਇਹ ਅੰਧਲੇ ਕਰਮ ਕਮਾਉਂਦੇ ਹੋਏ ਲੋਭ ਮੋਹ ਅਭਿਮਾਨ ਵਿਚਿ ਡੁਬੇ ਰਹਿੰਦੇ ਹਨ। ਐਸੇ ਖਲਤ ਮਲਤ ਰਹਿੰਦੇ ਹਨ ਕਿ ਉਹਨਾਂ ਨੂੰ ਕਦੇ ਨਿਮਖ ਮਾਤਰ ਭੀ ਮਰਨਾ ਚਿਤ ਵਿਚਿ ਨਹੀਂ ਆਉਂਦਾ। ਜੇ ਮਰਨਾ ਚਿਤ ਆਵੇ, ਕਦੇ ਚੇਤੇ ਆ ਜਾਵੇ ਤਾਂ ਓਹ ਪਾਪ-ਕਰਮ ਤੋਂ ਕਦੇ ਤਾਂ ਸੰਕੋਚ ਕਰਨ। ਓਹਨਾਂ ਦੀ ਅਹਿਨਿਸਿ ਪੁੱਤਰ ਕਲਿੱਤਰ ਮਿਤਰਾਂ ਦੇ ਮੋਹ ਮਮਤਾ ਦੇ ਬਿਉਹਾਰਾਂ ਵਿਚਿ ਹੀ ਵਿਹਾਉਂਦੀ ਹੈ। ਸਾਰੀ ਅਵਰਦਾ ਵਿਹਾ ਜਾਂਦੀ ਹੈ। ਓਦੋਂ ਹੀ ਪਤਾ ਲਗਦਾ ਹੈ, ਜਦੋਂ ਅਉਧ ਪੁਜ ਖੜੋਂਦੀ ਹੈ। ਗਿਣਤੀ ਦੇ ਲਿਖੇ ਦਿਨ ਕਾਲ ਦੇ, ਆਯੂ ਦੇ ਮੁਕ ਜਾਣ ਤੇ ਸਿਰ ਤੇ ਆ ਖੜੋਂਦੇ ਹਨ ਅਤੇ ਧਰਮਰਾਇ ਦੇ ਦੂਖ-

ਦਾਤੇ ਦੂਤ, ਜਮ ਆ ਮੂੰਹ ਦਿਖਾਉਂਦੇ ਹਨ, ਜੋ ਭਰਮ ਮਾਤਰ ਭੀ ਕਦੇ ਚਿਤ ਚੇਤੇ ਨਹੀਂ ਸਨ ਹੁੰਦੇ। ਬਸ, ਪਾਪਾਂ ਦੀ ਖੇਪ ਲੱਦ ਕੇ ਚਲੇ ਜਾਂਦੇ ਹਨ, ਨਾਮ ਧਨ ਖਟਣ ਦੀ ਉਹਨਾਂ ਦੇ ਭਾਗਾਂ ਵਿਚਿ ਰੇਖਾ ਹੀ ਨਹੀਂ ਲਿਖੀ ਹੁੰਦੀ। ਕਿਰਤ ਕਰਮ ਪਿਛਲੇ ਜਨਮ ਦਾ ਮਿਟਦਾ ਨਹੀਂ। ਯਥਾ ਗੁਰਵਾਕ—

**ਪਾਧਾਣੂ ਸੰਸਾਰੁ ਗਾਰਬਿ ਅਟਿਆ ॥ ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥ ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥ ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥ ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ ॥ ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮੁ ਧਨੁ ਨਹੀ ਖਟਿਆ ॥ ੧ ॥**

(ਜੈਤਸਰੀ ਛੰਤ ਮਃ ੫ , ਪੰਨਾ ੭੦੫)

ਜਿਹੜੇ ਕਰਮ ਪੂਰਬਲੇ ਜਨਮ ਦੇ ਧੁਰਿ ਲਿਖ ਪਾਏ ਹਨ, ਸੇ ਇਸ ਜਨਮ ਵਿਚਿ ਕਰਨੇ ਪੈਂਦੇ ਹਨ। ਇਹ ਧੁਰਿ ਲਿਖਤ ਕਰਮ ਹਨ। ਇਹ ਜ਼ਰੂਰ ਕਰਮਾਂ ਦੀ ਸ਼ਕਲ ਵਿਚਿ ਭੁਗਤਣੇ ਬਣਦੇ ਹਨ, ਜਿਹਾ ਜਨਮ ਮਿਲੇਗਾ ਤਿਸੇ ਜਨਮ ਵਾਲੇ ਕਰਮ, ਕਰਮ-ਬਿਧਾਤੇ ਵਲੋਂ ਧੁਰਿ ਲਿਖ ਪਾਏ ਕਰਮ ਅਵੱਸ਼ ਕਰਨੇ ਪੈਣਗੇ। ਪਿਛਲੇ ਜਨਮ ਦੇ ਕਰਮਾਂ ਦੀ ਸਜ਼ਾ ਜਜ਼ਾ ਵਜੋਂ ਜਿਸ ਪ੍ਰਾਣੀ ਨੂੰ ਚੰਡਾਲਾਂ ਦੇ ਘਰਿ ਜਨਮ ਮਿਲਿਆ ਹੈ, ਉਸ ਨੂੰ ਇਸ ਚੰਡਾਲ ਜਨਮ ਵਾਲੇ ਚੰਡਾਲ ਕਰਮ ਭੁਗਤ ਜਜ਼ੁਕਤੀ ਕਰਮ ਕਮਾਉਣੇ ਪੈਣਗੇ।

**ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ ॥ ੫ ॥**

(ਵਾਰ ਸੂਹੀ, ਪਉੜੀ ੫, ਪੰਨਾ ੭੮੭)

ਪਰਾ ਪੂਰਬਲੀ ਲਿਖਤ ਅਨੁਸਾਰ ਕਿਸੇ ਪੂਰਬਲੇ ਸ਼ੁਭ ਕਰਮ ਦਾ ਫਲ-ਅੰਕੂਰ ਇਸ ਜਨਮ ਵਿਚਿ ਇਹ ਸਫੁਟ ਹੁੰਦਾ ਹੈ ਕਿ ਉਸ ਦਾ ਸਤਿਸੰਗ ਵਿਚਿ ਵਾਸਾ ਆ ਹੁੰਦਾ ਹੈ, ਜਿਸ ਕਾਰਨ ਉਸ ਦੀਆਂ ਸਾਰੀਆਂ ਪਰਮਾਰਥੀ ਆਸਾਂ ਪੂਰਨ ਹੋ ਜਾਂਦੀਆਂ ਹਨ। ਯਥਾ ਗੁਰਵਾਕ—

**ਪਰਾ ਪੂਰਬਲਾ ਲੀਖਿਆ ਮਿਲਿਆ ਅਬ ਆਇ ॥ ਬਸਤ ਸੰਗਿ ਹਰਿ ਸਾਧ ਕੈ ਪੂਰਨ ਆਸਾਇ ॥ ੨ ॥**

(ਬਿਲਾਵਲੁ ਮਃ ੫, ਪੰਨਾ ੮੧੩)

ਪਿਛਲੇ ਪੂਰਬਲੇ ਜਨਮ ਦੇ ਪ੍ਰਬਲ ਸ਼ੁਭ ਕਰਮ ਫਲ ਅੰਕੂਰੀ ਕਰਮਾਂ ਦਾ ਸਦਕਾ, ਅਗਲੇ ਜਨਮ ਵਿਚਿ ਗੁਰੂ ਘਰ ਵਿਖੇ ਜਨਮ ਮਿਲ ਕੇ ਅਰ ਗੁਰੂ ਕੀ ਸਾਧ ਸੰਗਤਿ ਵਿਚਿ ਵਾਸਾ ਹੋਣ ਕਰਕੇ ਗੁਰ ਸਤਿਗੁਰ ਨਾਨਕ ਗੁਰੂ ਦਸਮੇਸ਼ ਦੇ ਸਿੱਖ ਬਣਨ ਦੀ ਦਾਤਿ ਮਿਲਦੀ ਹੈ ਅਤੇ ਇਸ ਬਿਧਿ ਨਿਗੁਰਿਓਂ ਸਗੁਰੇ ਹੋ ਕੇ ਗੁਰ-ਦੀਖਿਅਤ ਗੁਰਮਤਿ ਨਾਮ ਗੁਰਮੰਤਰ ਦੀਆਂ ਅਭਿਆਸ ਕਮਾਈਆਂ ਦਾ ਪਾਤਰ ਬਣੀਦਾ ਹੈ ਅਤੇ ਇਤ ਬਿਧਿ, ਕੇਵਲ ਇਤ ਬਿਧਿ ਹੀ ਨਾਮ ਧਿਆਇ ਸਕੀਦਾ ਹੈ। ਅਜਿਹੇ ਅਹਿਨਿਸ ਨਾਮ ਧਿਆਇਨੀ ਨਾਮ ਰਤੇ ਜਨ ਸਦਾ ਸੁਖ-ਪ੍ਰਾਪਤੀ ਦਾ ਸੁਭਾਗ ਭੁੰਚਦੇ ਹਨ। ਅਜਿਹੇ ਨਾਮ-ਸੁਖ-ਸੁਭਾਗੀ ਜਨਾਂ ਵਿਟਹੁੰ ਗੁਰੂ ਨਾਨਕ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ। ਯਥਾ ਗੁਰਵਾਕ—

**ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ ॥**

(ਵਾਰ ਬਿਲਾਵਲ, ਸਲੋਕ ਮਃ ੩, ਪੰਨਾ ੮੫੧)

**ਜਿਸੁ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ ਸੋ ਹਰਿ ਹਰਿ ਨਾਮੁ ਧਿਆਏ ॥ ਨਾਮਿ**


www.sikhbookclub.com

**ਰਤੇ ਜਨ ਸਦਾ ਸੁਖੁ ਪਾਇਨਿ੍ ਜਨ ਨਾਨਕ ਤਿਨ ਬਲਿ ਜਾਏ॥ ੧ ॥**

**(ਵਾਰ ਬਿਲਾਵਲ, ਸਲੋਕ ਮਃ ੩, ਪੰਨਾ ੮੫੧)**

ਗੁਰੂ ਘਰ ਦੀ ਸੰਗਤਿ ਪ੍ਰਾਪਤਿ ਹੋਣ ਕਰਿ ਅਤੇ ਗੁਰਮੁਖਿ ਸਿੱਖ ਸਜਣ ਪਰ ਹੀ ਨਿਤਾਪ੍ਰਤਿ ਹਰਿ ਗੁਣ ਗਾਉਣ ਦਾ ਅਤੇ ਹਰਿ ਗੁਣ ਗਾ ਕੇ ਰਸਨਾ ਪਵਿੱਤਰ ਕਰਨ ਦਾ ਸੁਭਾਗ ਤਿਨ੍ਹਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦਾ ਕੋਈ ਪਰਾ ਪੂਰਬਲਾ ਕਰਮੁ ਬਣਿ ਆਇਆ ਤੇ ਜਾਗਿਆ ਹੈ। ਯਥਾ ਗੁਰਵਾਕ—

**ਪਰਾ ਪੂਰਬਲਾ ਕਰਮੁ ਬਣਿ ਆਇਆ ॥ ਹਰਿ ਕੇ ਗੁਣ ਨਿਤ ਰਸਨਾ ਗਾਇਆ ॥ ੩ ॥**

**(ਰਾਮਕਲੀ ਮਃ ੫, ਪੰਨਾ ੮੯੭)**

ਇਹ ਜਨਮ ਪਾ ਕੇ, ਮਾਨੁਖਾ ਸਰੀਰ ਜਾਮਾ ਧਾਰ ਕੇ ਜੋ ਮਾਨੁਖ ਜਾਮਾਵੰਤ ਜੀਉ, ਸਰੀਰ-ਰਚਣਹਾਰ-ਕਰਤੇ ਪੁਰਖ ਵਾਹਿਗੁਰੂ ਦੇ ਨਾਮ ਨੂੰ ਮਨ ਵਿਚਿ ਨਹੀਂ ਵਸਾਉਂਦੇ ਇਹ ਸਰੀਰ ਧਾਰ ਕੇ, ਓਹਨਾਂ ਦੇ ਹੋਰ ਕਰਮ ਕਮਾਵਣੇ ਕਿਸੇ ਲੇਖੇ ਨਹੀਂ। ਓਹਨਾਂ ਦਾ ਇਸ ਜਗ ਵਿਚਿ ਆਉਣਾ, ਮਨੁਖਾ ਜਾਮਾ ਧਾਰ ਕੇ ਆਉਣਾ ਹੀ ਬਿਰਥਾ ਹੈ; ਨਾ ਆਉਣ ਦੇ ਬਰਾਬਰ ਹੈ। ਤਿਨ੍ਹਾਂ ਦਾ ਆਉਣਾ ਹੀ ਸਫਲ ਹੈ ਜਿਨ੍ਹਾਂ ਦੇ ਹਿਰਦੇ ਵਿਚਿ ਵਾਹਿਗੁਰੂ ਨਾਮ ਵਸਦਾ ਹੈ। ਪਰ ਤਿਨ੍ਹਾਂ ਦੇ ਮਨ ਵਿਚਿ ਹੀ ਵਸਦਾ ਹੈ, ਜਿਨ੍ਹਾਂ ਨੇ ਪੂਰਨ ਗੁਰਮਤਿ ਅਨੁਸਾਰ ਸਤਿਗੁਰੂ ਦੇ ਸਿੱਖ ਬਣ ਕੇ ਗੁਰੂ ਦੁਆਰਿਓਂ ਗੁਰਮੰਤਰ ਗੁਰ-ਦੀਖਿਆ ਪ੍ਰਾਪਤਿ ਕੀਤੀ ਹੈ। ਗੁਰ-ਦੀਖਿਆ ਰੂਪੀ ਗੁਰਮੰਤਰ ਤਿਨ੍ਹਾਂ ਨੂੰ ਹੀ ਪ੍ਰਾਪਤਿ ਹੁੰਦਾ ਹੈ ਜੋ ਸਤਿਗੁਰ ਦੀ ਕਿਰਪਾ ਪ੍ਰਸਾਦ ਦੇ ਪਾਤਰ ਬਣਦੇ ਹਨ। ਪ੍ਰਸਾਦੀ ਸਤਿਗੁਰੂ ਦਾ ਕਿਰਪਾ ਪ੍ਰਸਾਦ, ਪੂਰਬ ਲਿਖਤੀ ਕਰਮਾਂ ਦੇ ਪ੍ਰਭਾਵ ਕਰਕੇ ਹੀ ਪਾਈਦਾ ਹੈ। ਤਿਨ੍ਹਾਂ ਦੇ ਮਾਨੁਖਾ ਜਾਮੇ ਸਰੀਰ ਦੀ ਜਨਮ ਯਾਤ੍ਰਾ ਪਰਵਾਣ ਹੁੰਦੀ ਹੈ ਜਿਨ੍ਹਾਂ ਦਾ ਚਿਤ, ਜਿਨ੍ਹਾਂ ਦੀ ਮਾਨਸਕ ਰੁਚੀ ਅਹਿਨਿਸਿ ਗੁਰੂ ਕਰਤਾਰ ਦੇ ਚਰਨਾਂ ਨਾਲਿ ਜੁੜਤ ਹੈ। ਏਸੇ ਪ੍ਰਥਾਇ ਹੀ ਸਰੀਰ ਨੂੰ ਸਨਮੁਖ ਕਰਕੇ ਇਹ ਗੁਰਵਾਕ ਉਚਾਰਣਤ ਹੁੰਦਾ ਹੈ —

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥ ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥ ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥ ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥ ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥ ੩੫ ॥**

**(ਰਾਮਕਲੀ ਮ ੩ ਅਨੰਦੁ, ਪੰਨਾ ੯੨੨)**

ਅਜਿਹੇ ਪੂਰਬ-ਕਰਮ-ਬੰਧਨੀ ਪ੍ਰਾਣੀਆਂ ਦਾ ਬਿਪਰਜੇ ਕਰਮ ਕਮਾਵੰਦਿਆਂ, ਧੰਦੇ ਧਾਵੰਦਿਆਂ ਹੀ ਸਾਰਾ ਦਿਨ ਜਾਂਦਾ ਹੈ ਅਤੇ ਉਹ ਸੋਵੰਦਿਆਂ ਹੀ ਸਾਰੀ ਰੈਣ ਗਵਾ ਜਾਂਦੇ ਹਨ। ਉਹ ਕੂੜ ਕੁਸੱਤ ਕੁਕਰਮਾਂ ਦੇ ਕਰਨ ਵਿਚਿ, ਕੂੜ ਬੋਲਿ ਬੋਲਿ ਹੀ ਬਿਖ ਮਾਇਆ ਦੇ ਜ਼ਹਿਰੀਲੇ ਰਤੂ ਗ੍ਰਾਸ ਘੁਟ ਖਾਂਦੇ ਪੀਂਦੇ ਰਹਿੰਦੇ ਹਨ। ਸਾਰੀ ਆਯੂ ਏਵੇਂ ਹੀ ਬਿਤਾਇ ਕੈ ਅਜਿਹੇ ਮਨਮੁਖ ਇਸ ਜਗਤ ਸੰਸਾਰ ਤੋਂ ਰੋਂਦੇ ਹੀ ਚਲੇ ਜਾਂਦੇ ਹਨ, ਅਗਾਹਾਂ ਭੀ ਰੋਣ ਕੁਰਲਾਣ ਓਹਨਾਂ ਦਾ ਮੁਕਦਾ ਨਹੀਂ, ਕਿਉਂਕਿ ਉਹਨਾਂ ਦੇ ਸਿਰਾਂ ਤੇ ਜਮ ਦਾ ਕਰਾਰਾ ਡੰਡਾ ਪੈਂਦਾ ਹੀ ਰਹਿੰਦਾ ਹੈ। ਇਸ ਜਮ-ਡੰਡੇ ਦਾ ਡੰਡ (ਡੰਨ) ਓਹਨਾਂ ਨੂੰ ਖਿਨ ਖਿਨ ਸਹਿਣਾ ਪੈਂਦਾ ਹੈ। ਧੁਰਿ ਧਰਮਰਾਇ ਦੀ ਦਰਗਾਹ ਤਾਈਂ ਡੰਡੇ ਪੈਂਦੇ ਹੀ ਚਲੇ ਜਾਂਦੇ ਹਨ। ਇਸ ਕਰਕੇ ਧੁਰ ਦਰਗਾਹੇ ਭੀ ਓਹਨਾਂ ਦੀ ਪਤਿ ਪਰਤਿਸ਼ਟਾ ਨਹੀਂ ਰਹਿੰਦੀ, ਸਾਰੀ ਖੋਈ ਜਾਂਦੀ ਹੈ। ਵਾਹਿਗੁਰੂ ਦਾ ਨਾਮ ਛਡ ਕੇ ਦੂਜੇ ਭਾਇ ਦੇ ਕਰਮਾਂ ਵਿਚਿ ਖਚਤ ਰਹਿਣ ਦੀ ਸਗੋਂ ਦੂਣ ਸਵਾਈ ਸਜ਼ਾ

ਮਿਲਦੀ ਹੈ। ਵਾਹਿਗੁਰੂ ਦਾ ਨਾਮ ਓਹਨਾਂ ਨੇ ਕਦੇ ਭੀ ਨਿਮਖ ਮਾਤਰ ਚੇਤਿਆ ਨਹੀਂ ਹੁੰਦਾ। ਇਸ ਪ੍ਰਕਾਰ ਸੱਟਾਂ ਸਜਾਈਂ ਖਾਂਦੇ ਚੁਰਾਸੀ ਦੇ ਆਵਾ-ਗਵਣੀ ਗੇੜ ਵਿਚਿ ਹੀ ਪਏ ਰਹਿੰਦੇ ਹਨ। ਸਤਿਗੁਰੂ ਦੀ ਕਿਰਪਾ ਹੋ ਜਾਏ ਤਾਂ ਓਹ ਸਿਧੇ ਮਾਰਗ ਤੇ, ਗੁਰਮਤਿ ਮਾਰਗ ਤੇ ਪੈ ਜਾਣ ਅਤੇ ਨਾਮ ਜਪਣ ਲਗ ਜਾਣ। ਐਸੀ ਜਪਣੀ ਜਪਣ ਕਿ ਨਾਮੀ ਵਾਹਿਗੁਰੂ ਉਹਨਾਂ ਦੇ ਮਨ ਵਿਚਿ ਵਸਿ ਜਾਵੇ ਤਾਂ ਓਹ ਜਮ-ਡੰਡ ਦੀ ਮਾਰ ਤੋਂ ਬਚ ਸਕਦੇ ਹਨ। ਜਮਾਂ ਦੀ ਮਾਰ ਤੋਂ ਬਚਾਵਾ, ਆਵਾ-ਗਉਣ ਤੋਂ ਛੁਟਾਵਾ ਅਤੇ ਨਾਮ ਨਾਮੀ ਨਾਲਿ ਸਹਜ-ਮਿਲਾਵਾ ਇਹ ਸਭ ਪੂਰਬਲੇ ਕਰਮਾਂ ਕਰਕੇ ਹੈ। ਯਥਾ ਮੁਖਵਾਕ—

> ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ ॥ ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ ॥ ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ ॥ ਹਰਿ ਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ ॥ ਗੁਰ ਪਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਲਾਗੈ ਕੋਇ ॥ ਨਾਨਕ ਸਹਜੇ ਮਿਲਿ ਰਹੈ ਕਰਮਿ ਪਰਾਪਤਿ ਹੋਇ ॥ ੨ ॥

(ਰਾਮਕਲੀ ਕੀ ਵਾਰ, ਮः ੩, ਪੰਨਾ ੯੪੮)

ਪੂਰਬਲੇ ਜਨਮਾਂ ਦੇ ਲੇਖ ਕੁਲੇਖ ਕਦੇ ਮਿਟਦੇ ਨਹੀਂ, ਨਾ ਹੀ ਜਨਮ ਮਰਨ ਦਾ ਸਿਲਸਿਲਾ ਹਟਦਾ ਹੈ। ਕੁਕਰਮ ਕਰਨੋਂ ਹਟੇ ਤਾਂ ਇਹ ਸਿਲਸਿਲਾ ਭੀ ਮਿਟੇ। ਪਰ ਹਟ ਸਕਦਾ ਨਹੀਂ, ਦੋਸ਼ ਤਾਂ ਕਰਮਾਂ ਆਪਣਿਆਂ ਦਾ ਹੁੰਦਾ ਹੈ, ਪਰ ਦੋਸ਼ ਹੋਰਨਾਂ ਨੂੰ ਦਿੰਦਾ ਹੈ। ਮੰਦੇ ਕਰਮ ਕਰਤਬ ਦਾ ਉਲਾਂਭਾ ਦੂਜਿਆਂ ਤੇ ਦਿੰਦਾ ਅਤੇ ਆਪ ਬਰੀਉਲ-ਜ਼ੁੰਮਾ ਰਹਿੰਦਾ ਹੈ। ਹੋਰ ਕਿਸੇ ਆਪਣੇ ਸ਼ਰੀਕ ਉਤੇ ਉਲਾਂਭਾ ਦੇਣ ਦਾ ਜੇ ਰਖਣਾ ਨਾ ਮਿਲ ਸਕੇ ਤਾਂ ਉਸ ਦਾ ਦੋਸ਼ ਕਰਨ ਕਰਾਵਨਹਾਰ ਕਰਤਾਰ ਤੇ ਲਾਉਂਦਾ ਹੈ, ਆਪਣੇ ਤੇ ਨਹੀਂ ਲਾਉਂਦਾ। ਕਰਨਹਾਰ ਕਰਮ-ਬਿਧਾਤਾ ਕਰਤਾਰ ਤਾਂ ਕੀਤੇ ਕਰਮਾਂ ਦਾ ਫਲ ਭੁਗਤਾਉਂਦਾ ਹੈ ਅਤੇ ਕੁਕਰਮਾਂ ਦੀ ਸ਼ਕਲ ਵਿਚ ਭੁਗਤਾਉਂਦਾ ਹੈ। ਪਿਛਲਾ ਲੇਖਾ ਮਿਟਦਾ ਨਹੀਂ, ਓਹ ਹੋਰ ਕੁਕਰਮ ਕਰ ਕੇ ਅਗਾਹਾਂ ਦਾ ਲੇਖਾ ਭੀ ਵਧਾ ਲੈਂਦਾ ਹੈ। ਰੋਸ ਦੋਸ ਭਲਾ ਹੋਰ ਕਿਸ ਦਾ? ਯਥਾ ਗੁਰਵਾਕ—

> ਪੂਰਬ ਜਨਮ ਕੋ ਲੇਖੁ ਨ ਮਿਟਈ ਜਨਮਿ ਮਰੈ ਕਾ ਕਉ ਦੋਸੁ ਧਰੇ ॥

(ਮਾਰੂ ਮः ੧, ਪੰਨਾ ੧੦੧੪)

# ੩ - ਕਰਮਾਂ ਦਾ ਚੱਕਰ ਕਿਵੇਂ ਚੱਲਿਆ

ਪੂਰਬਲੇ ਕਰਮਾਂ ਦਾ ਲੇਖਾ ਤਾਂ ਸੁੰਨਹੁ ਉਪਜੇ ਦਸ ਅਵਤਾਰਾਂ, ਦੇਵ ਦਾਨਵ, ਗਣ ਗੰਧਰਬਾਂ ਨੂੰ ਭੀ ਭੁਗਤਣਾ ਪੈਂਦਾ ਹੈ। ਸ੍ਰਿਸ਼ਟੀ ਦੀ ਉਤਪਤੀ ਤੋਂ ਪਹਿਲਾਂ, ਪਾਸਾਰਾ ਪਸਾਰਨ ਤੋਂ ਪਹਿਲਾਂ ਵਾਲੀ ਸੁੰਨ ਪੁਲਾੜਕ ਅਕਲ ਕਲਾ ਤੋਂ ਜਦ ਰਚਣਹਾਰ ਕਰਤਾਰ ਨੇ ਰਚਨਾ ਰਚੀ, ਤਦ ਉਦੋਂ ਹੀ ਜੀਵਤ ਕਲਾ ਦੇ ਨਾਲਿ ਹੀ ਕਰਮ ਭੀ ਉਪਜ ਖੜੋਤੇ। ਇਨਸਾਨ ਨੂੰ ਮੁਢਲੇ ਇਨਸਾਨੀਅਤ ਰਚੰਨੇ ਕਰਮਾਂ ਦਾ ਮੁਖਤਿਆਰ ਮੁਤਲਿਕ ਬਣਾ ਦਿੱਤਾ। ਕੋਈ ਚੰਗਾ ਕਰੇ, ਕੋਈ ਮੰਦਾ ਕਰੇ। ਸਭ ਦਾ ਫਲ-ਪਰਦਾਤਾ, ਕਰਮ-ਬਿਧਾਤਾ, ਕਰਨਹਾਰ ਕਰਤਾਰ, ਸ੍ਰਿਸ਼ਟੀ ਨੂੰ ਰਚਣਹਾਰ, ਸਭ ਮਖ਼ਲੂਕ ਦਾ ਖ਼ਾਲਿਕ, ਮਾਲਿਕ, ਕੁਦਰਤ ਦਾ ਕਾਦਰੇ ਮੁਤਲਕ, ਕਰਮਾਂ ਦਾ ਲੇਖਾ ਭੁਗਤਾਉਣਹਾਰ, ਨਿਰੰਕਾਰ ਆਪ ਬਣਿਆ। ਆਨਮਤੀਆਂ ਹਿੰਦੂਆਂ ਦੇ ਦਸ ਅਵਤਾਰ, ਸੁੰਨੋਂ ਉਪਜੇ ਦਸ ਅਵਤਾਰ, ਆਪਣੇ ਆਪਣੇ ਕਰਮਾਂ ਦੇ ਲੇਖੇ ਦੇ ਦੇਣਹਾਰ ਗਰਦਾਨੇ ਗਏ, ਗਣ ਗੰਧਰਬ, ਦੇਵ ਦਾਨਵ ਆਦਿ ਭੀ ਗਰਦਾਨੇ ਗਏ। ਇਉਂ ਮੁਢ ਤੋਂ ਹੀ ਕਰਮਾਂ ਦਾ ਚੱਕਰ ਚਲ ਪਿਆ। ਸਭਨਾਂ ਦੇ ਸਿਰ ਕਰਮਾਂ ਦਾ ਲੇਖਾ ਲਿਖਿਆ ਗਿਆ। ਨਿਜੋ ਨਿਜੀ ਮੂੜ੍ਹ ਅਮੂੜ੍ਹਤਾ ਵਿਚਿ ਆਪੋ ਆਪਣਾ ਲਿਖਿਆ ਕਰਮ ਕਮਾਵਣ ਲਗੇ। ਲੇਖਾ ਵਧਦਾ ਗਿਆ ਅਤੇ ਕਰਮ ਕਮਾਵਣਹਾਰਿਆਂ ਦੇ ਸਿਰ ਇਸ ਲੇਖੇ ਦਾ ਸੂਦ ਦਰ ਸੂਦ ਪੈਂਦਾ ਰਿਹਾ। ਸੁੰਨਹੁ ਉਪਾਈ, ਸਭ ਵਿਅਕਤਗਤਾਈ, ਕਰਮਾਂ ਦੇ ਲੇਖੇ ਅੰਦਰਿ ਆਈ। ਯਥਾ ਗੁਰਵਾਕ—

> ਸੁੰਨਹੁ ਉਪਜੇ ਦਸ ਅਵਤਾਰਾ ॥ ਸ੍ਰਿਸਟਿ ਉਪਾਇ ਕੀਆ ਪਸਾਰਾ ॥ ਦੇਵ ਦਾਨਵ
> ਗਣ ਗੰਧਰਬ ਸਾਜੇ ਸਭਿ ਲਿਖਿਆ ਕਰਮ ਕਮਾਇਦਾ ॥ ੧੨ ॥
>
> (ਮਾਰੂ ਮਃ ੧, ਪੰਨਾ ੧੦੩੮)

ਸ੍ਰਿਸ਼ਟੀ ਦੇ ਸਾਜਣਹਾਰ ਦਾ ਖੇਲ ਇਹ ਅਜਬ ਨਿਰਾਲਾ ਹੈ ਕਿ ਕਰਮ ਕਰਨਹਾਰ ਇਨਸਾਨ ਦੇ ਅਖ਼ਤਿਆਰ ਵਿਚਿ, ਕਰਮਾਂ ਦਾ ਫਲ ਭੁਗਤਾਰੀ ਵਸੀਕਾਰ ਨਹੀਂ ਰਖਿਆ, ਆਪਣੇ ਹੱਥ ਹੀ ਰਖਿਆ। ਸਰਬੱਗ ਸਿਰਜਣਹਾਰ ਦੇ ਇਸ ਕਉਤਕ ਤੋਂ ਅਲਪੱਗੀ ਅਕਲ ਚਕਾਚੌਂਧ ਖਾ ਜਾਂਦੀ ਹੈ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਧੁਰਿ ਲਿਖਿਆ ਕਰਮ ਅਵੱਸ਼ੋਂ ਹੀ ਕਰਨਾ ਪੈਂਦਾ ਹੈ। ਧੁਰ ਫ਼ੁਰਮਾਏ ਕਰਮ ਦੇ ਕਰਤੱਤ ਨੂੰ ਕੋਈ ਨਹੀਂ ਮੇਟ ਸਕਦਾ। ਮੁੱਢੋਂ ਹੀ ਜਿਨ੍ਹਾਂ ਦਾ ਸਤਸੰਗਤਿ ਵਿਚਿ ਵਾਸਾ ਹੋ ਜਾਂਦਾ ਹੈ, ਇਹ ਸ਼ੁਭ ਕਰਮੀ ਲੇਖ ਰੇਖ, ਧੁਰਿ ਲੇਖੇ ਅਨੁਸਾਰ ਹੀ ਮੇਖਤ ਹੁੰਦੀ ਹੈ। ਗੁਰ ਪ੍ਰਮਾਣਾਂ ਦੀ ਪ੍ਰੋੜ੍ਹਤਾ, ਇਸ ਪ੍ਰਥਾਇ ਗੁਰਬਾਣੀ ਅੰਦਰਿ ਵਿਦਮਾਨ ਹੈ। ਜੈਸੇ ਕਿ ਗੁਰ ਫ਼ੁਰਮਾਨ ਹੈ -

> ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥ ਕੋਇ ਨ ਮੇਟੈ ਧੁਰਿ ਫੁਰਮਾਇਆ ॥
> ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ ॥ ੧੫ ॥
>
> (ਮਾਰੂ ਸੋਲਹੇ ਮਃ ੩, ਪੰਨਾ ੧੦੪੪)


www.sikhbookclub.com

ਗੁਰਮਤਿ ਜਪ ਤਪ ਦਇਆ ਧਰਮ ਵਾਲਾ ਪੁੰਨ ਕਰਮ ਤਿਨ੍ਹਾਂ ਦਾ ਹੀ ਨਿਹਚਲ ਰਹਿੰਦਾ ਹੈ ਅਤੇ ਤੋੜ ਨਿਭਦਾ ਹੈ ਜਿਨ੍ਹਾਂ ਦੇ ਪੂਰਬਲੇ ਕਰਮਾਂ ਵਿਚਿ ਇਹ ਪੁੰਨ ਫਲ ਮਿਲਣਾ ਲਿਖਿਆ ਹੁੰਦਾ ਹੈ।

ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ ਲਿਖਾਧਾ ॥

(ਵਾਰ ਮਾਰੂ ਡਖਣੇ ਮਃ ੫, ਪੰਨਾ ੧੧੦੧)

ਸ੍ਰਿਸ਼ਟੀ ਦੇ ਨਾਥ ਜਗਜੀਵਨ ਜਗਦੀਸਰ ਕਰਤੇ ਦੇ ਹੀ ਸਭ ਕਿਛੁ ਵਸਗਤਿ ਹੈ। ਜਗਤ ਨਾਥ ਸਮਰੱਥ ਕਰਤੇ ਪੁਰਖ ਨੇ ਜਿਨ੍ਹਾਂ ਦੇ ਮਸਤਕ ਤੇ ਸ਼ੁਭ ਲੇਖ ਧੁਰੋਂ ਲਿਖਿਆ ਹੈ ਤਿਨ੍ਹਾਂ ਸ਼ੁਭ-ਕਰਮੀਆਂ ਵਡ-ਭਾਗਿਆਂ ਨੇ ਹੀ ਵਾਹਿਗੁਰੂ ਨੂੰ ਸੱਚੀ ਧਿਆਵਣੀ ਧਿਆਇਆ ਹੈ। ਵਾਹਿਗੁਰੂ ਸੱਚੇ ਸੁਆਮੀ ਸਮਰੱਥ ਸੱਚੇ ਮਾਲਕ ਨੇ ਜਿਨ੍ਹਾਂ ਦੇ ਕਰਮਾਂ ਵਿਚ ਧੁਰ ਦਾ ਲਿਖਿਆ ਹੋਇਆ ਹੈ ਤਿਨ੍ਹਾਂ ਨੇ ਹੀ ਵਾਹਿਗੁਰੂ ਨਾਮ ਨੂੰ ਸੱਚੀ ਅਰਾਧਣੀ ਅਰਾਧਿਆ ਹੈ। ਤਿਨ੍ਹਾਂ ਦੇ ਸਾਰੇ ਪਾਪ ਇਕ ਨਿਮਖ ਵਿਚਿ ਹੀ ਲਥ ਗਏ (ਲਹਿ ਗਏ) ਹਨ, ਜਿਨ੍ਹਾਂ ਨੇ ਗੁਰ-ਬਚਨ ਦ੍ਰਿੜ੍ਹਾਏ ਜਾਪ ਅਨੁਸਾਰ, ਅਰਥਾਤ, ਅੰਮ੍ਰਿਤ ਛਕਣ ਸਮੇਂ ਦੀ ਮਿਲੀ ਗੁਰ-ਦੀਖਿਆ ਵਾਲੇ ਜਾਪ ਗੁਰ-ਮੰਤਰ ਦੁਆਰਾ ਗੁਰਮਤਿ ਨਾਮ ਨੂੰ ਸੱਚੀ ਜਪਣੀ ਜਪਿਆ ਹੈ। ਜੈਸਾ ਕਿ ਗੁਰਵਾਕ ਹੈ –

ਤੂ ਜਗਜੀਵਨੁ ਜਗਦੀਸੁ ਸਭ ਕਰਤਾ ਸ੍ਰਿਸਟਿ ਨਾਥੁ ॥ ਤਿਨ ਤੂ ਧਿਆਇਆ ਮੇਰਾ ਰਾਮੁ ਜਿਨ ਕੈ ਧੁਰਿ ਲੇਖੁ ਮਾਥੁ ॥ ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ ਤਿਨ ਹਰਿ ਹਰਿ ਨਾਮੁ ਅਰਾਧਿਆ ॥ ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ ਜਿਨ ਗੁਰ ਬਚਨੀ ਹਰਿ ਜਾਪਿਆ ॥

(ਤੁਖਾਰੀ ਮਃ ੪, ਪੰਨਾ ੧੧੧੫)

ਵਾਹਿਗੁਰੂ ਦਾ ਨਾਮ ਜਪਣਾ ਅਤੇ ਵਾਹਿਗੁਰੂ ਦੇ ਗੁਣ ਗਾਵਣੇ ਭੀ ਤਿਸੇ ਅਨਿੰਨ ਗੁਰਮੁਖਿ ਗੁਰਸਿਖ ਦੇ ਸੁਭਾਗ ਵਿਚਿ ਹਨ ਜਿਸ ਦੇ ਪੂਰਬਲੇ ਕਰਮਾਂ ਵਿਚਿ ਲਿਖਿਆ ਹੁੰਦਾ ਹੈ। ਵਾਹਿਗੁਰੂ ਦੇ ਗੁਣ ਗਾਵਣੇ ਅਤੇ ਵਾਹਿਗਰੂ ਦਾ ਨਾਮ ਜਪਣਾ ਐਸਾ ਸ੍ਰੇਸ਼ਟ ਅਤੇ ਸਰਬੋਤਮ ਕਰਮ ਹੈ ਕਿ ਜਨਮ ਜਨਮ ਦੇ ਪਾਤਿਕਾਂ, ਪਤਿਤ-ਕਰਮੀਆਂ ਨੂੰ ਪਾਵਨ ਪਵਿੱਤਰ ਦੁੱਧ ਧੋਤੇ ਬਣਾ ਦਿੰਦਾ ਹੈ। ਯਥਾ ਗੁਰਵਾਕ—

ਪਤਿਤ ਪਾਵਨ ਪ੍ਰਭ ਤੇਰੋ ਨਾਉ ॥ ਪੂਰਬਿ ਕਰਮ ਲਿਖੇ ਗੁਣ ਗਾਉ ॥ ੧ ॥ ਰਹਾਉ ॥

(ਭੈਰਉ ਮਃ ੫, ਪੰਨਾ ੧੧੩੮)

ਪੂਰਬਿ ਲਿਖਿਆ ਸ਼ੁਭ ਕਰਮ ਦਾ ਅੰਕੂਰ ਜਿਨ੍ਹਾਂ ਨੂੰ ਉਦੀਪਤ ਹੁੰਦਾ ਹੈ, ਸੇ ਵਡਭਾਗੇ ਜਨ ਸਤਿਗੁਰੂ ਨਾਨਕ ਦੇ ਘਰ ਦੇ ਸਿੱਖ ਸੇਵਕ ਆ ਬਣਦੇ ਹਨ। ਤਿਨ੍ਹਾਂ ਨੂੰ ਹੀ ਸੱਚੇ ਗੁਰਸਿਖ ਸੇਵਕ ਬਣ ਕੇ ਗੁਰਮਤਿ ਨਾਮ ਜਪਣ ਆਰਾਧਣ ਦੀ ਸੱਚੀ ਸੇਵਾ ਅਰੂੜ੍ਹਤ ਹੋਈ ਹੈ, ਜਿਸ ਸੇਵਾ ਨੂੰ ਕਰ ਕੇ ਤਿਨ੍ਹਾਂ ਨੂੰ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਯਥਾ ਗੁਰਵਾਕ—

ਨਾਨਕ ਸਤਿਗੁਰੁ ਸੇਵਿ ਸੁਖੁ ਪਾਇਆ ਜਿਨ੍ ਪੂਰਬਿ ਲਿਖਿਆ ਕਰਾਮੁ ॥ ੨॥

(ਸਾਰੰਗ ਕੀ ਵਾਰ, ਮ ੩, ਪੰਨਾ ੧੨੪੮)

ਇਸ ਦੀ ਪ੍ਰੋੜ੍ਹਤਾ ਅਗਲੇਰਾ ਗੁਰਵਾਕ ਭੀ ਕਰਦਾ ਹੈ, ਯਥਾ—

**ਗੁਰ ਕੀ ਸੇਵਾ ਸੋ ਜਨੁ ਪਾਏ ॥ ਜਾ ਕਉ ਕਰਮਿ ਲਿਖਿਆ ਧੁਰਿ ਆਏ ॥ ੩॥**

(ਮਲਾਰ ਮਃ ੫, ਪੰਨਾ ੧੨੭੦)

ਭਾਵ: — ਗੁਰ ਸਤਿਗੁਰੂ ਦੀ ਸੇਵਾ ਤਿਸੇ ਜਨ ਵਡਭਾਗੇ ਨੂੰ ਹੀ ਪ੍ਰਾਪਤਿ ਹੁੰਦੀ ਹੈ, ਗੁਰੂ ਕਾ ਸਿੱਖ ਬਣਨ ਦਾ ਸੁਭਾਗ ਤਿਸੇ ਨੂੰ ਹਾਸਲ ਹੁੰਦਾ ਹੈ ਜਿਸ ਦੇ ਕਰਮਾਂ ਵਿਚਿ ਧੁਰੋਂ ਹੀ ਲੇਖੁ ਲਿਖਿਆ ਹੁੰਦਾ ਹੈ। ਕਈਆਂ ਜਨਮਾਂ ਦੀ ਨੇਕ ਕਮਾਈ ਕਰ ਕੇ ਗੁਰੂ ਘਰ ਵਿਚਿ ਜਨਮ ਲਈਦਾ ਹੈ ਅਤੇ ਸਤਸੰਗਤਿ ਵਿਚਿ ਵਾਸਾ ਹੁੰਦਾ ਹੈ, ਅਰਥਾਤ, ਸਤਸੰਗਤਿ ਕਰ ਕੇ ਅਤੇ ਨਿਸ਼ਕਾਮ ਸੇਵਾ ਸੰਗਤਿ ਦੀ ਕਰ ਕੇ ਗੁਰਮਤਿ ਨਾਮ ਰੂਪੀ ਗੁਰ-ਦੀਖਿਆ-ਪ੍ਰਾਪਤੀ ਦਾ ਪਾਤਰ ਬਣੀਦਾ ਹੈ।

ਜਿਸ ਦੇ ਮੱਥੇ ਤੇ ਧੁਰਿ ਕਰਤੇ ਪੁਰਖ ਵਲੋਂ ਲਿਲਾਟੀ ਲੇਖ ਲਿਖਿਆ ਹੁੰਦਾ ਹੈ ਤਿਸੇ ਨੇ ਹੀ ਗੁਰੂ ਦੁਆਰਿਓਂ ਗੁਰ-ਦੀਖਿਆ-ਪ੍ਰਾਪਤੀ ਕਰ ਕੇ ਅਤੇ ਗੁਰਮਤਿ ਨਾਮ ਗੁਰ-ਮੰਤਰ ਦੀਆਂ ਅਥਾਹ ਅਭਿਆਸ ਕਮਾਈਆਂ ਕਰ ਕੇ, ਗੁਰੂ ਦਰਸਾਈ ਵਾਹਿਗੁਰੂ ਦੀ ਜਗੰਨੀ ਜੋਤਿ ਦੀ ਕਿਰਨ ਰਿਦੰਤਰਿ ਜਗਾਈ ਹੈ। ਇਹ ਜੋਤਿ ਜਗੰਨੀ ਕਿਰਨ-ਕਣੀ ਕੀ ਹੈ? ਗੁਰੂ ਸਤਿਗੁਰੂ ਵਾਹਿਗੁਰੂ ਦੇ ਜੋਤਿ ਕਿਰਨੇ ਚਰਨ ਦਾ ਰਿਦੰਤਰਿ ਪ੍ਰਕਾਸ਼ ਹੈ। ਜੋਤਿ-ਕਿਰਨ ਦਾ ਪਹਿਲਾ ਟਿਮਟਿਮਾਉ ਹੀ ਨਿਰੰਕਾਰੀ ਦਿੱਬ ਲਤੀਫ਼ੀ ਚਰਨ ਦਾ ਰਿਦੰਤਰੀ ਨਿਰੰਤਰੀ ਟਿਕਾਉ ਹੈ। ਐਸਾ ਚਰਨ ਕੰਵਲੀ ਚਰਾਗ਼ ਜੋਤਿ ਪ੍ਰਕਾਸ਼ੀ ਗੁਰਮੁਖਾਂ ਨੇ ਜਗਾ ਕੇ ਉਰ ਅੰਤਰਿ ਧਰਿਆ ਹੋਇਆ ਹੁੰਦਾ ਹੈ। ਯਥਾ ਗੁਰਵਾਕ—

**ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ ਗੁਰ ਸਤਿਗੁਰ ਚਰਨ ਉਰ ਧਰਿਆ॥**

(ਰਾਗ ਕਾਨੜਾ ਚਉਪਦੇ ਮਃ ੪, ਪੰਨਾ ੧੨੯੪)

ਐਸੇ ਜੋਤਿ ਚਰਾਗ਼ੀ ਜਨ ਹੀ, ਰਸ-ਜੋਤਿ ਰਸਾਈ ਪ੍ਰੀਤਿ ਦੇ ਰਸੀਏ, ਜੋਤਿ ਰਸ ਬੇਧਾਈ ਤੀਰ ਪ੍ਰੀਤਿ ਦੇ ਬੇਧੇ ਹੋਏ, ਪ੍ਰੇਮ-ਗੁਨ੍ਹਣੀ ਵਿਚਿ ਗੀਧੇ (ਗੁੰਨ੍ਹੇ) ਹੋਏ, ਅਨਦਿਨ, ਰਸਿ ਕੀਰਤਨ ਆਨੰਦੀ ਗੁਣ ਗਾਵੰਦੇ ਹਨ। ਗੁਣ ਗਾਉਂਦੇ ਕੀਰਤਨਾਉਂਦੇ ਕਦੇ ਥਕਦੇ ਅਕਦੇ ਨਹੀਂ। ਐਸਾ ਕੀਰਤਨ ਅਨੰਦੀ ਉਮਾਹਾ ਭੀ ਓਹਨਾਂ ਦੇ ਪੂਰਬਲੇ ਕਰਮਾਂ ਵਿਚਿ ਧੁਰੋਂ ਲਿਖਿਆ ਚਲਿਆ ਆਉਂਦਾ ਹੈ।

**ਨਾਨਕ ਅਨਦਿਨੁ ਗੁਣ ਉਚਰੈ ਜਿਨ ਕਉ ਧੁਰਿ ਲਿਖਿਆ ਹੋਇ ॥ ੧ ॥**

(ਕਾਨੜੇ ਕੀ ਵਾਰ, ਸਲੋਕ ਮਃ ੪, ਪੰਨਾ ੧੩੧੩)

ਪੂਰਬਲਾ ਕਰਮ ਅੰਕੂਰੀ ਕੋਈ ਸ਼ੁਭ ਕਰਮ ਅੰਕੂਰ ਜਾਗਿਆ ਹੋਵੇ ਤਾਂ ਗੁਰੂ ਘਰ ਦਾ ਸਤਿਸੰਗੁ ਮਿਲਦਾ ਹੈ ਅਤੇ ਐਸੇ ਸਤਿਸੰਗੀ ਗੁਰਮੁਖਿ ਜਨਾਂ ਦੇ ਸੰਗਿ ਮਿਲ ਕੇ ਸੋਹਣੇ ਸਤਿਸੰਗ-ਅਸਥਾਨ ਗੁਰ ਦੀਵਾਨ ਵਿਖੇ ਬੈਠ ਕੇ ਕੀਰਤਨ ਕਰਨ ਦਾ ਅਵਸਰ ਬਝਦਾ ਹੈ ਤੇ ਬੱਝਿਆ ਹੀ ਰਹਿੰਦਾ ਹੈ। ਕਲਜੁਗ ਵਿਖੇ ਹਰੀ ਗੁਣ ਗਾਵਣਾ, ਹਰਿ ਕੀਰਤਨ ਕਰਨਾ ਹੀ ਕਲਿਆਣਕਾਰੀ ਹੈ, ਸੋ ਕਰਮਾਂ ਨਾਲਿ ਹੀ ਲਭਦਾ ਹੈ। ਯਥਾ ਗੁਰਵਾਕ—

**ਕਰਮੁ ਹੋਵੈ ਸਤਸੰਗਿ ਮਿਲਾਏ ॥ ਹਰਿ ਗੁਣ ਗਾਵੈ ਬੈਸਿ ਸੁ ਥਾਏ ॥ ੧ ॥ ਰਹਾਉ॥**

(ਗਉੜੀ ਗੁਆਰੇਰੀ ਮਃ ੩, ਪੰਨਾ ੧੫੮)

# ੪ – ਪੂਰਬਲੇ ਪੁੰਨ ਕਰਮ

**ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥ ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥**
**ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ ॥ ੪॥ ੭॥ ੨੭॥**

**(ਗਉੜੀ ਗੁਆਰੇਰੀ ਮਃ ੩, ਪੰਨਾ ੧੬੦)**

ਭਾਵ: — ਜਿਨ੍ਹਾਂ ਦੇ ਕਰਮ ਲਿਖੋਤੇ ਪੂਰਬ ਪੁੰਨ ਖਾਤੇ ਪੋਤੇ ਅੰਦਰਿ ਧੁਰੋਂ ਪੁੰਨ ਕਰਮ ਜਮ੍ਹਾ ਹੋਇਆ ਹੁੰਦਾ ਹੈ, ਸੋਈ ਜਨ ਗੁਰਮਤਿ-ਗਿਆਨ ਦੇ ਅਧਿਕਾਰੀ ਅਤੇ ਸੱਚੇ ਗਿਆਨ-ਬੀਚਾਰੀ ਇਸ ਜਨਮ ਵਿਚਿ ਕੁਦਰਤੋਂ ਹੀ ਗੁਰੂ ਘਰ ਵਿਚਿ ਆ ਕੇ ਪੁੰਕਰਦੇ ਹਨ। ਸੋਈ ਗੁਰਮੁਖਿ ਜਨ "ਗੁਰ ਗਿਆਨੁ ਪਦਾਰਥੁ ਨਾਮੁ" ਦੇ ਅਭਿਆਸਾਚਾਰੀ ਬਣਦੇ ਹਨ। ਜਿਨ੍ਹਾਂ ਦੇ ਸ਼ੁਭ ਕਰਮੀ ਪੂਰਬਲੇ ਖਾਤੇ ਖ਼ਜ਼ਾਨੇ ਰੂਪੀ ਲਿਖਤ ਪੋਤੇ ਅੰਦਰਿ ਪੁੰਨ ਦੀ ਪ੍ਰਬਲ ਉੱਗਰਤਾ ਹੁੰਦੀ ਹੈ, ਤਿਨ੍ਹਾਂ ਦੀ ਹਉਮੈ ਮਰਦੀ ਹੈ। ਸੋਈ ਜਨ ਹਉਮੈ ਮਾਰ ਕੇ ਨਿਰਮਾਣ ਗੁਰਮੁਖਿ ਭਗਤ ਜਨਾਂ ਵਾਲੀਆਂ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਦੇ ਹਨ। ਐਸੇ ਨਾਮ ਰਤੇ ਗੁਰਸਿਖ ਗੁਰਮੁਖਿ ਭਗਤ ਜਨਾਂ ਤੋਂ ਗੁਰੂ ਸਾਹਿਬ ਘੋਲ ਘੁਮਾਈਆਂ ਹੁੰਦੇ ਹਨ। ਦੇਖੋ ਨਾਮ ਅਭਿਆਸ ਕਮਾਈਆਂ ਵਾਲੇ ਪੁੰਨ ਕਰਮੀ ਗੁਰਸਿੱਖਾਂ ਦਾ ਕਿਤਨਾ ਵੱਡਾ ਵਡ-ਫ਼ਜ਼ੀਲਤੀ ਮਰਤਬਾ ਹੈ, ਜਿਨ੍ਹਾਂ ਤੇ ਕਿ ਖ਼ੁਦ ਗੁਰੂ ਸਾਹਿਬ ਭੀ ਵਾਰੇ ਘੋਲੇ ਜਾਂਦੇ ਹਨ। ਏਦੂੰ ਵਧੇਰੇ ਹੋਰ ਪੁੰਨ ਕਰਮੀ ਕੌਣ ਹੋ ਸਕਦਾ ਹੈ। ਤਾਂ ਤੇ ਨਾਮ ਅਭਿਆਸ ਦੀਆਂ ਕਮਾਈਆਂ ਵਿਟਹੁੰ ਸਾਨੂੰ ਵਧ ਵਧ ਕੇ, ਬੜ੍ਹ ਚੜ੍ਹ ਕੇ ਅਤੇ ਬਿੰਦ ਬਿੰਦ ਚੁਖ ਚੁਖ ਹੋ ਕੇ, ਕੁਰਬਾਨ ਹੋਣਾ ਚਾਹੀਦਾ ਹੈ। ਮੇਹਰਬਾਨ ਵਾਹਿਗੁਰੂ ਦੇ ਨਾਮ ਲੈਣ ਵਾਲਿਆਂ ਤੋਂ ਗੁਰੂ ਸਦ ਕੁਰਬਾਨੇ ਜਾਂਦੇ ਹਨ। ਐਸੇ ਨਾਮ ਦੇ ਦਾਤੇ ਮੇਹਰਬਾਨ ਸਤਿਗੁਰੂ ਤੋਂ ਸਾਨੂੰ ਕਿਤਨਾ ਕੁ ਕੁਰਬਾਨ ਹੋਣਾ ਚਾਹੀਦਾ ਹੈ ਜਿਸ ਦਾ ਅੰਤੁ ਹਿਸਾਬ ਨਹੀਂ। ਗੁਰੂ ਮੇਹਰਬਾਨ ਦੇ ਫ਼ੁਰਮਾਨ ਦਾ ਆਗਿਆਕਾਰੀ ਹੋਣਾ ਅਤੇ ਹੁਕਮ ਰਜਾਈ ਸਾਹਿਬ ਦੇ ਸਭ ਤੋਂ ਵੱਡੇ ਅਤੇ ਸ੍ਰੇਸ਼ਟ ਹੁਕਮ ਦਾ ਅਨੁਸਾਰੀ ਹੋਣਾ ਹੀ ਗੁਰਸਿਖਾਂ ਦੀ ਪੁੰਨ ਲੇਖੇ ਪੈਣ ਵਾਲੀ ਕੁਰਬਾਨੀ ਹੈ। ਸਾਹਿਬ ਦਾ ਸਰਬੋਤਮ ਹੁਕਮ ਜੋ ਸਤਿਗੁਰਾਂ ਦੁਆਰੇ ਸਿੱਖਾਂ ਪ੍ਰਤੀ ਸੂਚਤ ਹੋਇਆ ਹੈ, ਉਹ ਹੈ ਨਾਮ ਜਪਣਾ ਅਤੇ ਗੁਰਬਾਣੀ ਦ੍ਰਿੜ੍ਹਾਏ ਆਸ਼ੇ ਅਨੁਸਾਰ ਜਪਣਾ, ਤੇ ਜਪੀ ਜਾਣਾ। ਐਸਾ ਜਪਣਾ ਕਿ ਜਪ ਜਪ ਕੇ ਨਾਮੀ ਵਾਹਿਗੁਰੂ ਨਾਲਿ ਤਦ ਰੂਪ ਹੀ ਹੋ ਜਾਣਾ। ਗੁਰਮੁਖਾਂ ਨੂੰ ਹੀ ਇਹ ਵਡਿਆਈ ਮਿਲਦੀ ਹੈ। ਮਨਮੁਖ ਮੂੜ੍ਹ ਅਗਿਆਨੀਆਂ ਦਾ ਮਾਇਆ ਚਿਤਵਾਸ ਹੀ ਉਲਟਾ ਅਭਿਆਸ ਹੈ। ਉਹ ਤਾਂ ਅਹਿਨਿਸਿ ਮਾਇਆ ਦੀਆਂ ਚਿਤਵਨੀਆਂ ਹੀ ਚਿਤਵਦੇ ਰਹਿੰਦੇ ਹਨ। ਉਹ ਮੂੜ੍ਹ ਅਗਿਆਨੀ ਇਕ ਨਿਮਖ ਭੀ ਨਾਮ ਚਿਤਵਨੀ ਦੇ ਸ਼ੁਭ ਪਾਸੇ ਨਹੀਂ ਆਉਂਦੇ। ਨਾਮ ਬਿਨਾਂ ਤਿਨ੍ਹਾਂ ਦਾ ਦੁਖਾਂ ਵਿਚਿ ਹੀ ਨਿਵਾਸ ਰਹਿੰਦਾ ਹੈ। ਸੱਚਾ ਸੁਖਦਾਤਾ ਗੁਰਮਤਿ ਗਿਆਨੁ (ਨਾਮ ਅਭਿਆਸ) ਹੈ। ਤਿਸ ਪਾਸੇ ਕੋਈ ਗੁਰਮੁਖਿ ਜਨ ਹੀ ਲਗਦੇ ਹਨ। ਓਹੀ ਗੁਰਮੁਖਿ ਜਨ ਹੀ ਲਗਦੇ ਹਨ ਜਿਨ੍ਹਾਂ ਦੇ ਪੁੰਨ ਕਰਮਾਂ ਵਿਚਿ ਧੁਰੋਂ ਲਿਖਿਆ ਹੋਇਆ ਹੁੰਦਾ ਹੈ। ਯਥਾ ਗੁਰਵਾਕ—

ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥ ੭ ॥

(ਗਉੜੀ ਗੁਆਰੇਰੀ ਮਃ ੧, ਪੰਨਾ ੨੨੨)

'ਗੁਰਮੁਖਿ ਗਿਆਨੁ' ਆਨਮਤ ਗਿਆਨਾਂ ਨਾਲੋਂ ਐਸਾ ਹੀ ਵਿਲੱਖਣ ਹੈ ਜੈਸਾ ਕਿ ਗੁਰਮਤਿ ਕਰਮੁ ਆਨਮਤ ਕਰਮਾਂ ਨਾਲੋਂ ਵਿਲੱਖਣ ਹੈ। ਇਸ ਦਾ ਵਿਸ਼ੇਸ਼ ਨਿਰਣਾ ਅਗੇ ਹੋਵੇਗਾ।

ਨਾਮ ਨਾਲਿ ਸਹਜ ਧਿਆਨ ਲਗਣਾ ਗੁਰਮੁਖਾਂ ਦੇ ਵਿਰਸੇ ਵਿਚਿ ਹੀ ਆਇਆ ਹੈ ਜਿਨ੍ਹਾਂ ਨੇ ਪੂਰਬਲੇ ਪੁੰਨ ਕਰਮਾਂ ਕਰਕੇ ਸਤਿਗੁਰੂ ਨੂੰ ਪਾਇਆ ਹੈ। ਸਤਿਗੁਰੂ ਦਾ ਪਾਉਣਾ ਪੂਰਬਲੇ ਪੁੰਨ ਕਰਮਾਂ ਦਾ ਹੀ ਅੰਕੂਰ ਹੈ। ਐਸੇ ਪੁੰਨ-ਕਰਮੀ ਗੁਰਮੁਖਾਂ ਦੀ ਸੰਗਤਿ ਵਿਚਿ ਮਿਲ ਰਹਿਣ ਦਾ ਸੁਭਾਗ ਭੀ ਪੁੰਨ ਕਰਮੀ ਸਤਸੰਗੀਆਂ ਨੂੰ ਹੀ ਪ੍ਰਾਪਤਿ ਹੁੰਦਾ ਹੈ। ਜਿਨ੍ਹਾਂ ਦੀ ਸਤਸੰਗਤਿ ਵਿਚਿ ਮਿਲੇ ਰਹਿਣ ਦੇ ਪਰਤਾਪ ਨਾਲਿ ਦਰਗਹਿ ਮਾਨੁ ਪਾਈਦਾ ਹੈ। ਯਥਾ ਗੁਰਵਾਕ—

ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ ॥ ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥ ੧ ॥

(ਗਉੜੀ ਕੀ ਵਾਰ, ਸਲੋਕ ਮਃ ੪, ਪੰਨਾ ੩੧੩)

ਧੰਨ ਗੁਰੂ ਚਉਥੀ ਪਾਤਸ਼ਾਹੀ! ਕੇਵਡ ਵਡਾ ਇਸ਼ਤਿਆਕ ਜ਼ਾਹਰ ਕੀਤਾ ਹੈ, ਪੁੰਨ ਕਰਮੀ ਸਤਿਸੰਗੀ ਜਨਾਂ ਦੀ ਸੰਗਤਿ ਵਿਚਿ ਮਿਲੇ ਰਹਿਣ ਦਾ। ਆਹਾ! ਗੁਰੂ ਸਾਹਿਬ ਖ਼ੁਦ ਸ਼ੌਕ ਸ਼ੌਕਾਉਂਦੇ ਹਨ ਅਤੇ ਨਿਜ ਸ਼ੌਂਕ ਸ਼ੌਂਕਾਇ ਕੇ ਗੁਰਸਿੱਖਾਂ ਦਾ ਸ਼ੌਕ ਵਧਾਉਂਦੇ ਹਨ। "ਤਿਨ ਕੀ ਸੰਗਤਿ ਮਿਲਿ ਰਹਾ", ਸੱਚ ਮੁੱਚ ਗੁਰੂ ਸੱਚੇ ਪਾਤਸ਼ਾਹ ਗੁਰ ਸੰਗਤਿ ਵਿਚਿ ਪਰਤੱਖ ਹੁੰਦੇ ਹਨ ਅਤੇ ਪਰਤੱਖ ਵਰਤਦੇ ਹਨ। ਦਿਬ ਲਤੀਫ਼ੀ ਨਦਰਿ ਦ੍ਰਿਸ਼ਟੀ ਵਾਲੇ ਗੁਰਸਿੱਖਾਂ ਗੁਰਮੁਖਿ ਜਨਾਂ ਨੂੰ ਤਾਂ ਪਰਤੱਖ ਦੀਂਹਦੇ ਹਨ। ਗੁਰ ਸੰਗਤਿ ਵਿਚਿ ਨਿਰਬਾਣ ਕੀਰਤਨ ਕਰਨ ਵਾਲੇ ਅਖੰਡਾਕਾਰੀ ਸੁਰਤੀਸ਼ਰਾਂ ਨੂੰ ਤਾਂ ਜੋਤੀਸ਼ ਗੁਰੂ ਸਨਮੁਖ ਦੀਦਾਰੇ ਦਿੰਦੇ ਹਨ। ਆਹਾ! ਕੈਸਾ ਗੁਰਵਾਕ ਇਸ ਪ੍ਰਥਾਇ ਸਫੁਰਨ ਹੋ ਕੇ ਸੁਘਟਤ ਹੋਇਆ ਹੈ -

ਜਿਨ੍ ਕਉ ਨਾਮੁ ਲਿਖਿਆ ਧੁਰਿ ਲੇਖੁ ॥ ਤੇ ਅਨਦਿਨੁ ਨਾਮ ਸਦਾ ਧਿਆਵਹਿ ਗੁਰ ਪੂਰੇ ਤੇ ਭਗਤਿ ਵਿਸੇਖੁ ॥ ੧ ॥ ਰਹਾਉ ॥ ਜਿਨ੍ ਕਉ ਹਰਿ ਪ੍ਰਭੁ ਲਏ ਮਿਲਾਇ ॥ ਤਿਨ੍ ਕੀ ਗਹਣਗਤਿ ਕਹੀ ਨ ਜਾਇ ॥ ਪੂਰੇ ਸਤਿਗੁਰ ਦਿਤੀ ਵਡਿਆਈ ॥ ਊਤਮ ਪਦਵੀ ਹਰਿ ਨਾਮਿ ਸਮਾਈ ॥ ੨ ॥ ਜੋ ਕਿਛੁ ਕਰੇ ਸੁ ਆਪੇ ਆਪਿ ॥ ਏਕ ਘੜੀ ਮਹਿ ਥਾਪਿ ਉਥਾਪਿ ॥ ਕਹਿ ਕਹਿ ਕਹਣਾ ਆਖਿ ਸੁਣਾਏ ॥ ਜੇ ਸਉ ਘਾਲੇ ਥਾਇ ਨ ਪਾਏ ॥ ੩ ॥ ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ ॥ ਸਚੁ ਬਾਣੀ ਗੁਰੁ ਸਬਦੁ ਸੁਣਾਏ ॥

(ਆਸਾ ਮਃ ੩ ਪੰਚਪਦੇ, ਪੰਨਾ ੩੬੪)

ਭਾਵਃ — ਜਿਨ੍ਹਾਂ ਦੇ ਲੇਖ ਸੁਲੇਖਾਂ ਵਿਚਿ ਧੁਰੋਂ ਪੂਰਬਲੇ ਜਨਮ ਦੇ ਪੁੰਨ ਕਰਮਾਂ ਦੇ ਪ੍ਰਭਾਵ ਕਰਿ ਗੁਰਮਤਿ ਨਾਮ ਜਪਣ ਦਾ ਸੁਲੇਖ ਲਿਖਿਆ ਹੋਇਆ ਹੁੰਦਾ ਹੈ ਸੇ ਜਨ ਇਸ ਜਨਮ ਵਿਚਿ ਪੂਰੇ ਗੁਰੂ (ਸਤਿਗੁਰੂ ਨਾਨਕ) ਦੇ ਘਰੋਂ ਵਿਸ਼ੇਸ਼ (ਵਿਲੱਖਣ) ਗੁਰਮਤਿ ਪ੍ਰੇਮਾ ਭਗਤੀ ਦੀ ਦਾਤਿ ਪ੍ਰਾਪਤਿ ਕਰ ਕੇ ਨਾਮ ਧਿਆਨ ਰੂਪੀ ਅਭਿਆਸ ਕਮਾਈ ਵਿਚਿ ਦਿਨ ਰਾਤਿ ਸਦ-ਸਦਾ ਅਤੇ


www.sikhbookclub.com

ਸੁਆਸਿ ਸੁਆਸਿ ਜੁਟੇ ਰਹਿੰਦੇ ਹਨ। ਗੁਰਮਤਿ ਨਾਮ ਦੀ ਇਸ ਅਥਾਹ ਅਭਿਆਸ ਕਮਾਈ ਦਾ ਸਦਕਾ ਏਸੇ ਜਨਮ ਵਿਖੇ ਹੀ ਵਾਹਿਗੁਰੂ ਉਹਨਾਂ ਨੂੰ ਆਪਣੇ ਨਾਲਿ ਮਿਲਾ ਲੈਂਦਾ ਹੈ, ਆਪਣੇ ਸ੍ਵੈ-ਸਰੂਪ ਵਿਚਿ ਮਿਲਾ ਲੈਂਦਾ ਹੈ। ਅਜਿਹੇ ਵਿਸ਼ੇਸ਼ ਕਰਮੀ ਵਡਭਾਗੇ ਗੁਰਮੁਖਿ ਜਨਾਂ ਦੀ ਗਹਿਣਗਤਿ ਕਹੀ ਕਥੀ ਨਹੀਂ ਜਾਂਦੀ। ਇਸ ਵਡਭਾਗ ਅਤੇ ਸੱਚੀ ਵਡਿਆਈ ਦੀ ਬਖ਼ਸ਼ਸ਼ ਉਹਨਾਂ ਨੂੰ ਪੂਰੇ ਸਤਿਗੁਰੂ (ਗੁਰੂ ਨਾਨਕ) ਦੇ ਦੁਆਰਿਓਂ (ਦਰੋਂ ਘਰੋਂ) ਹੀ ਹੁੰਦੀ ਹੈ; ਹੋਰ ਕਿਤੋਂ ਨਹੀਂ। ਵਾਹਿਗੁਰੂ ਅਤੇ ਵਾਹਿਗੁਰੂ ਦੇ ਨਾਮ ਵਿਚਿ ਸਮਾਈ ਵਾਲੀ ਉਤਮ ਪਦਵੀ ਦੇ ਪ੍ਰਦਾਨ ਕਰਨਹਾਰਾ ਉਹ ਆਪੇ ਆਪਿ ਹੈ, ਇਸ ਵਿਚਿ ਹੋਰ ਕਿਸੇ ਦਾ ਹੱਥ ਨਹੀਂ। ਜਿਸ ਨੂੰ ਚਾਹੇ, ਵਿਸ਼ੇਸ਼ ਗੁਰਮਤਿ ਨਾਮ-ਭਗਤੀ ਦੀ ਥਾਪਨਾ ਦੇ ਕੇ ਆਪਣੇ ਸਰੂਪ ਵਿਚਿ ਮਿਲਾਇ ਲੈਣ ਦੀ ਉਚ ਥਾਪਨਾ ਵਾਲੀ ਉਤਮ ਤੇ ਪਰਮ ਪਦਵੀ ਪ੍ਰਦਾਨ ਕਰੇ। ਆਪੋਂ ਕੋਈ ਇਸ ਉਤਮ ਦਾਤਿ ਅਤੇ ਉਚ ਪਦਵੀ ਨੂੰ ਪ੍ਰਾਪਤਿ ਨਹੀਂ ਹੋ ਸਕਦਾ। ਕਹਿਣ ਮਾਤਰ ਭਾਵੇਂ ਬਥੇਰਾ ਕਥਨੀ ਕਰਦਾ ਫਿਰੇ ਅਤੇ ਲੋਕਾਂ ਨੂੰ ਸੁਣਾਉਂਦਾ ਫਿਰੇ ਕਿ ਮੈਨੂੰ ਆਪੇ ਹੀ ਸਭ ਕੁਛ ਮਿਲਿਆ ਹੈ। ਸਤਿਗੁਰੂ ਦੀ ਸਹਾਇਤਾ ਬਾਝਹੁੰ, ਉਸ ਦੀ ਨਦਰ-ਕਰੰਮੀ ਮੇਹਰ ਬਾਝਹੁੰ ਮਨਮੁਖੀ ਆਨਮਤੀ ਪੁਰਸ਼ ਆਪਣੀ ਮਨਮਤਿ ਅਧੀਨੀ ਅਤੇ ਆਨਮਤ ਪ੍ਰਾਧੀਨੀ ਸੌ ਘਾਲਾਂ ਘਾਲਦਾ ਫਿਰੇ, ਉਸ ਦੀ ਮਨਮਤੀ ਅਤੇ ਕੁਮੱਤੀ ਘਾਲ ਇਕ ਭੀ ਥਾਇੰ ਨਹੀਂ ਪੈਂਦੀ। ਸਭ ਘਾਲਾਂ ਅਜਾਈਂ ਜਾਂਦੀਆਂ ਹਨ। ਜਿਨ੍ਹਾਂ ਦੇ ਪੋਤੇ ਪੁੰਨ ਹੁੰਦਾ ਹੈ ਪਿਛਲੀ ਪੂਰਬਲੀ ਲਿਖਤਕਾਰ ਦਾ, ਤਿਨ੍ਹਾਂ ਨੂੰ ਕਰਮ-ਬਿਧਾਤਾ ਵਾਹਿਗੁਰੂ, ਨਦਰੀ ਨਦਰਿ ਨਿਹਾਲਣਾ, ਕਰਮ-ਦਾਤਿ ਫਲ-ਦਾਤਾ, ਸੱਚੇ ਸਤਿਗੁਰੂ ਦਾ ਮਿਲਾਪ ਕਰਾਉਂਦਾ ਹੈ। ਸਤਿਗੁਰੂ ਉਹਨਾਂ ਨੂੰ ਗੁਰਬਾਣੀ ਦੀ ਪਾਣ ਚਾੜ੍ਹ ਕੇ ਗੁਰ-ਦੀਖਿਆ ਰੂਪੀ ਤੱਤ ਮਤਿ ਸਰੂਪੀ ਸ਼ਬਦ ਗੁਰ-ਮੰਤਰ ਸੁਣਾਉਂਦਾ ਦ੍ਰਿੜ੍ਹਾਉਂਦਾ ਹੈ।

ਇਸ ਗੁਰ-ਦੀਖਿਆ ਰੂਪੀ ਗੁਰ-ਮੰਤਰ ਦੇ ਲੈਣ ਲਈ ਸੇਈ ਗੁਰਮੁਖਿ ਸਿੱਖ, ਗੁਰੂ ਪਾਸ, ਗੁਰੂ ਰੂਪ ਪੰਜਾਂ ਪਿਆਰਿਆਂ ਪਾਸ ਜਾਂਦੇ ਹਨ ਜਿਨ੍ਹਾਂ ਦੇ ਪੂਰਬ ਲਿਖਤਕਾਰੀ ਪੋਤੇ ਵਿਚਿ ਪੁੰਨ ਕਰਮ ਲਿਖਿਆ ਹੁੰਦਾ ਹੈ। ਉਹਨਾਂ ਨੂੰ ਉਥੋਂ ਗੁਰਮਤਿ ਨਾਮ ਮਿਲਦਾ ਹੈ ਅਤੇ ਨਾਮ ਅਭਿਆਸ ਉਥੋਂ ਹੀ ਦ੍ਰਿੜ੍ਹ ਹੁੰਦਾ ਹੈ, ਜਿਸ ਕਰਕੇ ਉਹ ਨਾਮ ਦੀਆਂ ਅਤੁੱਟ ਅਭਿਆਸ ਕਮਾਈਆਂ ਕਰਨ ਲਗ ਪੈਂਦੇ ਹਨ। ਹਰ ਛਿਨ ਸੁਆਸਿ ਸੁਆਸਿ, ਊਠਤ ਬੈਠਤ ਸੋਵਤ ਜਾਗਤ, ਹਰ ਘੜੀ, ਹਰ ਸਾਇਤ ਪਲ ਨਾਮ ਦਾ ਹੀ ਉਚਾਰਨ ਕਰਦੇ ਹਨ। ਇਕ ਛਿਨ ਭੀ ਨਹੀਂ ਵਿਸਰਦੇ। ਐਸੇ ਨਾਮ ਅਭਿਆਸ ਕਮਾਈਆਂ ਕਰਨ ਵਾਲਿਆਂ ਦੇ ਕਰਮ ਧਰਮ ਕਾਰਜ ਸਭ ਸੁਤੇ ਹੀ ਪਵਿੱਤਰ ਅਤੇ ਗੁਰਮਤਿ ਅਨੁਕੂਲੀ ਹੁੰਦੇ ਹਨ। ਗੁਰਮਤਿ ਬਿਪਰਜੇ ਕਾਈ ਕਰਮ ਧਰਮ ਯਾ ਕਾਰਜ ਉਹਨਾਂ ਤੋਂ ਹੁੰਦੇ ਹੀ ਨਹੀਂ। ਯਥਾ ਗੁਰਵਾਕ—

> **ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ**
> **ਹਰਿ ਸਾਤੇ ॥ ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥ ੧੬ ॥**
> (ਵਾਰ ਸੋਰਠਿ, ਪੰਨਾ ੬੪੮)

ਗੁਰੂ ਘਰ ਦੀ ਸਤਸੰਗਤਿ ਵਿਚਹੁੰ ਹੀ ਨਾਮ ਨਿਧਾਨੁ ਮਿਲਦਾ ਹੈ ਅਤੇ ਏਥਹੁੰ ਹੀ (ਨਾਮ ਨਿਧਾਨ ਮਿਲਣ ਕਰਕੇ) ਨਾਮੀ ਵਾਹਿਗੁਰੂ ਪਾਈਦਾ ਹੈ। ਘਟ ਵਿਖੇ ਹੀ ਗੁਪਤੋਂ ਪਰਗਟ ਹੋ ਜਾਂਦਾ ਹੈ, ਗੁਰਮਤਿ ਨਾਮ ਅਭਿਆਸ ਦੀ ਬਰਕਤ ਕਰ ਕੇ। ਪਰਗਟ ਹੋਣ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਹਿਰਦੇ ਘਟ ਅੰਦਰਿ ਜੋਤਿ-ਪ੍ਰਕਾਸ਼ੀ ਚਾਨਣਾ ਹੋ ਜਾਂਦਾ ਹੈ ਅਤੇ ਸਾਰਾ ਤਿਮਰ ਅਗਿਆਨ-

ਅੰਧੇਰ ਗੰਵਾਇਆ ਜਾਂਦਾ ਹੈ, ਦੂਰ ਹੋ ਜਾਂਦਾ ਹੈ। ਕੇਵਲ ਸਤਿਗੁਰੂ ਦੇ ਪ੍ਰਸਾਦ ਕਰਿ ਹੀ ਐਸਾ ਅਸਚਰਜ ਕਉਤਕ ਵਰਤਦਾ ਹੈ। ਜਿਸ ਵਾਹਿਗੁਰੂ ਨਿਰੰਕਾਰ ਨੂੰ ਅਗਾਧ ਬੋਧ ਸੁਣੀਦਾ ਹੈ, ਜੋ ਸਾਰੇ ਮੱਤ ਮਤਾਂਤਰ ਆਨਮਤ ਗਿਆਨ ਤੋਂ ਅਗੋਚਰਾ ਹੈ, ਸੋ ਗੁਰ ਪ੍ਰਸਾਦ ਕਰਿ ਗੁਰਮਤਿ ਤੱਤ ਗਿਆਨ ਦੀ ਅਗਾਧ ਕਿਰਪਾ ਕਰਿ ਰਿਦੰਤਰਿ ਹੀ ਆਇ ਵੁਠਦਾ ਹੈ। ਸਤਿਗੁਰੂ ਆਪਿ ਅੰਦਰ ਪਰਵੇਸ਼ ਕਰਾ ਦਿੰਦਾ ਹੈ। ਜਿਸ ਦੇ ਅੰਦਰਿ ਪਰਵੇਸ਼ ਕਰਨ, ਵੁਠਣ ਕਰਿ ਜੋਤਿ-ਜਲਵੀ ਚਾਨਣਾ ਹੀ ਚਾਨਣਾ ਹੋ ਜਾਂਦਾ ਹੈ। ਅੰਨ੍ਹੇਰੇ ਦਾ ਨਮੂਦ ਮਾਤਰ ਭੀ ਨਹੀਂ ਰਹਿੰਦਾ। ਸਤਿਗੁਰੂ ਦੀ ਨਦਰਿ-ਮੇਹਰੀ ਦਾਤਿ ਕਰਿ ਨਾਮ ਦੀਆਂ ਕਮਾਈਆਂ ਵਾਲੇ ਗੁਰਮੁਖਿ ਜਨਾਂ, ਪੰਜਾਂ ਪਿਆਰਿਆਂ ਦੁਆਰਾ ਪਰਵੇਸ਼ ਹੋਇਆ ਗੁਰ-ਦੀਖਤੀ, ਨਾਮ ਪਾਰਸ ਰੂਪ ਹੈ, ਪਾਰਸ ਕਲਾ ਸਪੰਨ ਹੈ। ਅਮਰੋਂ ਹੀ ਗੁਰਮਤਿ ਨਾਮ ਨੂੰ ਪਾਰਜਾਤੀ ਅੰਮ੍ਰਿਤ ਕਲਾ ਪ੍ਰਾਪਤਿ ਹੈ। ਕਾਇਆ-ਕਲਪਨੀ ਪਾਰਸ ਕ੍ਰਿਸ਼ਮਨੀ ਕੁਦਰਤੀ ਚੁੰਭਕਤ ਹੈ, ਜਿਸ ਦੇ ਚੁੰਭਕ ਕ੍ਰਿਸ਼ਮੇ ਦੁਆਰਾ (ਪਾਰਸ ਪਰਸਿਆਂ) ਮਨੂਰੋਂ ਕੰਚਨ ਹੋ ਜਾਈਦਾ ਹੈ। ਐਸੀ ਪਾਰਸ ਪ੍ਰਭਾ ਵਾਲਾ ਨਾਮ ਕੇਵਲ ਗੁਰੂ ਨਾਨਕ ਦਸਮੇਸ਼ ਸਾਹਿਬ ਦੇ ਘਰੋਂ ਖੰਡੇ ਦਾ ਅੰਮ੍ਰਿਤ ਛਕ ਕੇ, ਨਿਗੁਰਿਓਂ ਸਗੁਰਾ ਹੋਣ ਕਰਿ ਹੀ ਮਿਲਦਾ ਹੈ। ਅਤੇ ਇਤ ਬਿਧਿ ਨਾਮ ਦੀ ਪ੍ਰਾਪਤੀ ਹੋਣ ਕਰਿ ਹੀ ਨਾਮ ਦੀ ਅਭਿਆਸ ਕਮਾਈ ਹੋ ਸਕਦੀ ਹੈ। ਐਸੀ ਪਾਰਸ-ਸ਼ਕਤਨੀ ਨਾਮ ਕਮਾਈ, ਜਿਸ ਦੇ ਪਾਰਸ ਪ੍ਰਭਾਵੀ ਪਰਤਾਪ ਕਰਿ ਪਰਤੱਖ ਦਰਸ਼ਨਾਂ ਦੀ ਜੋਤਿ ਪਰਜੁਲਤੀ ਬਿਚੱਖਣਤਾ ਬਿਚੱਛਨ ਹੁੰਦੀ ਹੈ। ਜਿਨ੍ਹਾਂ ਬਿਚੱਛਨੀ ਜਨਾਂ ਦੇ ਬੜੇ ਨਿਗਰ ਤਪ ਕਰਮੀ ਪੁੰਨ ਪਲੈ (ਪੋਤੇ ਵਿਚ) ਹਨ, ਤਿਨ੍ਹਾਂ ਦੀ ਹੀ ਇਹ ਪਰਮਾਰਥੀ ਜੋਤਿ ਸੁਦਰਸ਼ਨੀ ਭਾਗਾਂ ਵਾਲੀ ਜਾਗ ਖੁਲ੍ਹਦੀ ਹੈ। ਯਥਾ ਗੁਰਵਾਕ—

> ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥ ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ ॥ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥ ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ ॥ ਜਿਨ੍ ਕੈ ਪੋਤੈ ਪੁੰਨੁ ਹੈ ਤਿਨ੍ਹੀ ਦਰਸਨੁ ਪਾਇਆ ॥ ੧੯॥
>
> (ਸਾਰੰਗ ਕੀ ਵਾਰ, ਪੰਨਾ ੧੨੪੪-੪੫)

ਸਾਰਾ ਸੰਸਾਰ ਤ੍ਰੈਗੁਣੀ ਮਾਇਆ-ਮੋਹ ਦੇ ਹੜ੍ਹ ਵਿਚਿ ਹੜ੍ਹਿਆ ਰੁੜ੍ਹਿਆ ਜਾ ਰਿਹਾ ਹੈ। ਕੋਈ ਗੁਰੂ ਵਰੋਸਾਇਆ ਗੁਰਸਿਖ ਸੱਜਣ ਹੀ ਮਾਇਆ-ਅਤੀਤ ਤੁਰੀਆ ਗੁਣੀ ਚਉਥੇ ਪਦ ਵਿਚਿ ਖੇਡਦਾ ਹੈ। ਮਨਮੁਖਾਂ ਖ਼ੁਦਸਰਾਂ ਨੂੰ ਇਹ ਪਦ ਕਦੇ ਪ੍ਰਾਪਤਿ ਨਹੀਂ ਹੋ ਸਕਦਾ। ਕੇਵਲ ਗੁਰਮੁਖਾਂ ਨੂੰ ਹੀ ਇਸ ਪਦ ਦੀ ਪਹੁੰਚ ਹੈ। ਜਿਨ੍ਹਾਂ ਗੁਰਮੁਖਾਂ ਉਤੇ ਅਪਾਰ ਨਦਰਿ-ਮੇਹਰ ਨਦਰਾਲੂ ਮਿਹਰਬਾਨ, ਸਾਹਿਬ ਗੁਰੂ ਕਰਤਾਰ ਦੀ ਹੁੰਦੀ ਹੈ ਤਿਨ੍ਹਾਂ ਦੀ ਹੀ ਇਸ ਪਦ ਪੁਗ ਕੇ ਤੋੜਿ ਨਿਭਦੀ ਹੈ। ਕਈਆਂ ਨੂੰ ਸੂਖਛਮ ਹੰਕਾਰ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਪੁਗਿਆ ਹੋਇਆ ਸਮਝ ਖਲੋਂਦੇ ਹਨ। ਜਿਸ ਹੰਕਾਰ ਦੇ ਕਾਰਨ ਉਹ ਵਿਚਾਲੇ ਹੀ ਕਾਂਪ ਖਾ ਜਾਂਦੇ ਹਨ, ਤੇ ਪੁਗ ਖਲੋਣ ਅਵਸਥਾ ਤੋਂ ਉਰੇਡੇ ਹੀ ਰਹਿ ਜਾਂਦੇ ਹਨ। ਉਹਨਾਂ ਨੂੰ ਭਰਮ-ਗਿਆਨ ਹੋ ਜਾਂਦਾ ਹੈ ਕਿ ਜੋ ਕੁਛ ਜਾਨਣਾ ਹੈ, ਅਸੀਂ ਜਾਣ ਖੜੋਤੇ ਹਾਂ। ਸਾਨੂੰ ਪੂਰਨ ਗਿਆਨ ਪ੍ਰਾਪਤਿ ਹੋਇਆ ਹੈ। ਹੁਣ ਸਾਨੂੰ ਸਤਸੰਗਤਿ ਦੀ ਹੀ ਲੋੜ ਨਹੀਂ। ਹਾਲਾਂਕਿ ਗੁਰੂ ਸਾਹਿਬ ਦਾ ਫ਼ੁਰਮਾਨ ਹੈ, ਜਿਸ ਦੁਆਰਾ ਪਰਮਾਰਥ ਦੇ ਪਾਂਧੀਆਂ ਗੁਰਸਿੱਖਾਂ ਨੂੰ ਚੁਕੰਨੇ ਕੀਤਾ ਹੈ—

**ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥ ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥**

(ਸੂਹੀ ਛੰਤ ਮਃ ੫, ਪੰਨਾ ੭੭੭)

ਗੁਰਸਿੱਖਾਂ ਨੂੰ ਸਦਾ ਨਿਰਮਾਣ ਰਹਿਣਾ ਸਤਿਗੁਰੂ ਨੇ ਸਿਖਾਇਆ ਹੈ। ਇਸ ਪਰਮਾਰਥੀ ਮਾਣ, ਸੂਖਮ ਹੰਕਾਰ ਤੋਂ ਬਚੇ ਰਹਿਣ ਤੋਂ ਹੀ ਸਾਵਧਾਨ ਕੀਤਾ ਹੈ ਕਿ ਮੈਂ ਪਰਮਾਰਥ ਅਤੇ ਪਰਮਾਤਮ-ਗਿਆਨ ਸੰਬੰਧੀ ਸਭ ਕੁਛ ਜਾਣ ਲਿਆ ਹੈ। ਜਿਨ੍ਹਾਂ ਨੇ ਐਸਾ ਭਰਮ-ਗਿਆਨ ਕੀਤਾ ਹੈ, ਉਹਨਾਂ ਅਭਾਗਿਆਂ ਦੀ ਖੜਦੀ ਕਲਾ ਹੋ ਗਈ ਹੈ। ਉਹਨਾਂ ਦੀ ਹਾਲਤ ਬੜੀ ਹੀ ਤਰਸ-ਯੋਗ ਹੋ ਜਾਂਦੀ ਹੈ। ਉਹ ਸਤਸੰਗਤਿ ਵਿਚਿ ਜਾਣੋਂ ਭੀ ਰਹਿ ਖੜੋਂਦੇ ਹਨ। ਐਸੇ ਆਕੀ ਹੋ ਜਾਂਦੇ ਹਨ ਕਿ ਕਹਿੰਦੇ ਹਨ, ਸਾਨੂੰ ਸੰਗਤਿ ਕਰਨ ਦੀ ਲੋੜ ਹੀ ਨਹੀਂ ਰਹੀ। ਸਭ ਤੋਂ ਭੈੜਪੁਣਾ ਇਹ ਵਾਪਰ ਜਾਂਦਾ ਹੈ ਕਿ ਨਾਮ ਅਭਿਆਸ ਕਰਨੋਂ ਭੀ ਉਚਾਟ ਹੋ ਜਾਂਦੇ ਹਨ। ਗੁਰਮਤਿ ਦੇ ਉਚ ਪਦ ਤੋਂ ਗੁਮਰਾਹ ਹੋ ਕੇ ਉਹਨਾਂ ਨੂੰ ਇਹ ਬਿਮਾਰੀ ਚਿੰਮੜ ਜਾਂਦੀ ਹੈ ਕਿ ਉਹ ਖਰੜ ਗਿਆਨੀ ਹੋ ਜਾਂਦੇ ਹਨ। ਗੁਰਬਾਣੀ ਦੀਆਂ ਤੁਕਾਂ ਦਾ ਹੀ ਉਲਟਾ ਅਰਥ ਕਰਨ ਲਗ ਜਾਂਦੇ ਹਨ। ਨਾਮ ਅਭਿਆਸ ਨੂੰ ਉਹ ਆਮ ਆਨਮਤੀਆਂ ਵਾਲਾ ਕਰਮ-ਅਭਿਆਸ ਕੁਸਮਝਣ ਲੱਗ ਪੈਂਦੇ ਹਨ ਤੇ ਇਹ ਤੁਕ ਅਗੇ ਡਾਹ ਕੇ ਕਹਿੰਦੇ ਹਨ ਕਿ **"ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥"**[1]

ਏਹਨਾਂ ਦੋਹਾਂ ਪੰਗਤੀਆਂ ਦੀ ਵਿਸਥਾਰ ਸਹਿਤ ਵਿਆਖਿਆ ਤਾਂ ਅਸੀਂ ਅਗੇ ਚਲ ਕੇ ਕਰਾਂਗੇ, ਪ੍ਰੰਤੂ ਤਤ ਭਾਵ ਦਰਸ਼ਨੀ ਟੂਕ ਦਰਸਾਉਣੀ ਏਥੇ ਭੀ ਪਰਮ ਜ਼ਰੂਰੀ ਹੈ। ਨਾਮ ਅਭਿਆਸ ਕੋਈ ਆਨਮਤੀ ਕਰਮਾਂ ਜਿਹਾ ਅਭਿਆਸ ਨਹੀਂ। ਨਾਮ ਤਾਂ ਆਪਣੇ ਅਸਲੀ ਗੁਰਮਤਿ ਲੁਗ਼ਾਤੀ ਮਾਅਨਿਆਂ ਵਿਚਿ ਤੱਤ ਗਿਆਨ ਹੈ। ਕਰਮ ਨਹੀਂ, ਜਿਸ ਨੂੰ ਅਸੀਂ ਛੱਡ ਬਹਿਣਾ ਹੈ। ਇਹ ਤਾਂ ਗਿਆਨ, ਤੱਤ ਗਿਆਨ ਕਲਾ ਸੰਜੁਗਤੀਆ ਕਰਮ ਹੈ, ਜਿਸ ਨੂੰ ਕਿ ਗੁਰਮਤਿ-ਗਿਆਨੀਆਂ ਭਗਤਾਂ ਨੇ ਤੋੜ ਸਚਖੰਡ-ਵਾਸ ਤਾਈਂ ਭੀ ਕਰਨੋਂ ਨਹੀਂ ਹਟਣਾ। ਉਸ ਦੇ ਮਹਾਂ ਅਭਾਗ ਹਨ ਜਿਸ ਨੇ ਇਹ ਕੁਸਮਝ ਆਪਣੇ ਮਨ ਵਿਚਿ ਵਸਾ ਲਈ ਹੈ। ਗੁਰਮੁਖਿ ਗੁਰਸਿਖ ਨੇ ਤਾਂ ਤਦੋਂ ਤਾਈਂ, ਨਿਬਹੇ ਓੜ ਵਾਲੀ ਬਿਵਸਥਾ ਵਿਚਿ ਭੀ ਨਾਮ ਨੂੰ ਧਿਆਈ ਜਾਣਾ ਹੈ। ਇਸ ਵਿਚਿ ਸੰਦੇਹ ਨਹੀਂ ਕਿ ਜਿਉਂ ਜਿਉਂ ਉਹ ਨਾਮ ਧਿਆਏਗਾ ਤਿਉਂ ਤਿਉਂ ਉਸ ਦੀ ਅਨਤ ਤ੍ਰੂੰਗਾਂ ਵਿਚਿ ਨਾਮ ਧਿਆਵਣੀ ਆਤਮ ਅਵਸਥਾ, ਧਿਆਵਨ-ਆਤਮੀ ਅਵਸਥਾ ਉੱਚੀ ਤੋਂ ਉੱਚੀ ਅਜਬ ਰੰਗਾਂ ਵਾਲੀ, ਬਿਸਮ ਤ੍ਰੂੰਗਾਂ ਵਾਲੀ ਹੁੰਦੀ ਜਾਏਗੀ। ਪਰ ਉਹ ਨਾਮ ਧਿਆਵਣੋਂ ਕਦੇ ਨਹੀਂ ਹਟੇਗਾ। ਨਾਮ ਧਿਆਵਣ ਦਾ ਸੁਆਦ, ਅਸਲ ਸੁਆਦ, ਬਿਸਮਾਦੀ ਸੁਆਦ ਹੀ ਅਗੇ ਜਾ ਕੇ ਉੱਚੇ ਚੜ੍ਹ ਕੇ ਆਏਗਾ। ਜਿਉਂ ਜਿਉਂ ਉਹ ਉੱਚੇ ਤੋਂ ਉੱਚੇ ਆਤਮ-ਰੰਗਾਂ ਵਿਚਿ ਅਰੂੜ ਹੁੰਦਾ ਜਾਵੇਗਾ ਤਿਉਂ ਤਿਉਂ ਉਸ ਦੀ ਨਾਮ ਅਭਿਆਸ ਤ੍ਰੂੰਗਾਂ ਵਾਲੀ ਅਵਸਥਾ ਭੀ ਉੱਚੀ ਹੁੰਦੀ ਚਲੀ ਜਾਏਗੀ। ਆਤਮ ਪਰਮਾਤਮ ਸੰਗਮੀ ਮਿਲਾਪ ਦਰਸ਼ਨ-ਮੇਲਿਆ ਸਨਮੁਖੀ ਪਰਮਾਤਮ ਦਰਸ਼ਨ, ਦਰਸ਼ਨ ਕਰਨਹਾਰੇ ਗੁਰਮੁਖਿ ਦੀ ਨਾਮ ਅਭਿਆਸ ਕਮਾਈ ਦੇ ਰਸ ਨੂੰ ਹੋਰ ਭੀ ਚਾਰ ਚੰਦ ਲਾਵੇਗਾ। ਜਿਉਂ ਜਿਉਂ ਸਨਮੁਖ ਦਰਸ਼ਨਾਂ ਦੇ ਆਨੰਦ ਮਾਣੇਗਾ, ਤਿਉਂ ਤਿਉਂ ਉਸ ਦੇ ਨਾਮ ਅਭਿਆਸ ਖੇੜੇ ਵਿਚਿ

[1] ਭੈਰਉ ਰਵਿਦਾਸ ਜੀ, ॥ ੩॥. ਪੰਨਾ ੧੧੬੭

ਅਨੂਪਮ ਤੋਂ ਅਨੂਪਮ ਰੰਗ ਰਸ ਖਿੜੇਗਾ। ਜਿਥੇ ਅਗਮ ਅਗਾਹੁ ਪਾਰਬ੍ਰਹਮ ਵਾਹਿਗੁਰੂ ਅਕਾਲ ਪੁਰਖ ਨਾਮੀ ਦੇ ਪਰੇ ਤੋਂ ਪਰੇ ਦਰਸ਼ਨਾਂ ਦੀ ਥਾਹ ਨਹੀਂ, ਤਿਥੇ ਨਾਮੀ ਅਕਾਲ ਪੁਰਖ ਦੇ ਨਾਮ ਦੀ ਭੀ ਗਹਿਣਗਤਿ ਕੋਈ ਨਹੀਂ। ਨਾ ਹੀ ਨਾਮ ਦੇ ਅਭਿਆਸ ਦਾ ਪਾਰਾਵਾਰ ਹੈ। ਨਾਮ ਅਭਿਆਸ, ਗੁਰਮੁਖਿ ਜਨ ਦੀ ਜਾਨ, ਰੂਹੋ ਰਵਾਨ ਹੈ ਅਤੇ ਹਰਿ ਜਨ ਇਕ ਦੂੰ ਇਕ ਚੜ੍ਹੰਦੀਆਂ ਆਤਮ-ਬਿਵਸਥਾ ਵਿਖੇ ਹੋਰ ਤੋਂ ਹੋਰ ਵਧ ਕਲਿਆਨ-ਕਾਰੀ ਨੀਸ਼ਾਨ ਹੈ। ਤਾਂ ਹੀ ਤੇ ਗੁਰਬਾਣੀ ਅੰਦਰਿ ਨਾਮ ਧਿਆਵਣਾ ਗੁਰਮੁਖਾਂ ਦਾ ਕਦੇ ਹਟਕਦਾ ਨਹੀਂ। ਨਾਮ ਨਾਮੀ ਅਭੇਦਤਾ ਦੇ ਸਾਪੇਖਸ਼ ਗਿਆਨ ਵਿਖੇ ਭੀ ਨਹੀਂ ਹਟਕਦਾ। ਜਿਸ ਨਾਮ ਦੇ ਮਨ ਵੱਸਣ ਕਰਕੇ ਨਾਮੀ ਨਿਰੰਕਾਰ ਦਾ ਮੇਲ ਮਿਲਾਪ ਹੁੰਦਾ ਹੈ ਉਸ ਨੂੰ ਕਦੇ ਛਡਿਆ ਜਾ ਸਕਦਾ ਹੈ? ਮੇਲਾਪ ਤਾਂ ਕਿਰਪਾ, ਨਦਰ ਮੇਹਰ ਦਾ ਪਰਤਾਪ ਹੈ। ਵਾਹਿਗੁਰੂ ਜਪ, ਹੁਕਮੀ ਵਾਹਿਗੁਰੂ ਦੀ ਹੁਕਮ ਰਜ਼ਾ ਹੈ। ਤੋੜ ਤਾਈਂ, ਤੋੜ ਪੁਜੇ ਤਾਈਂ ਭੀ ਛਡਣ ਦਾ ਹੁਕਮ ਨਹੀਂ। ਛਡਿ ਬੈਠਾ ਤਾਂ ਰਹਿ ਖੜੋਤਾ। ਇਹ ਹੈ ਗੁਰਮਤਿ ਮਤਿ ਸਤਿਗੁਰੂ ਦੀ, ਜੋ ਗੁਰੂ ਸਾਹਿਬ ਨੇ ਗੁਰਬਾਣੀ ਦੁਆਰਾ ਸਿੱਖਾਂ ਪ੍ਰਤੀ ਦ੍ਰਿੜ੍ਹਾਈ ਬੁਝਾਈ ਹੈ। ਗੁਰਬਾਣੀ ਸਰੂਪੇ ਸਤਿਗੁਰੂ, ਗੁਰਬਾਣੀ ਨਿਧੇ ਸਤਿਗੁਰੂ ਦੀ ਸਤਸੰਗਤਿ ਅਤੇ ਸਤਸੰਗੀਆਂ ਦਾ ਦਰਸ਼ਨ-ਮਿਲਾਪ ਤਿਨ੍ਹਾਂ ਨੂੰ ਹੀ ਹੁੰਦਾ ਹੈ ਜਿਨ੍ਹਾਂ ਦੇ ਪੂਰਬ ਜਨਮ-ਕਰੰਮੀ ਪੋਤੇ ਕਰਮ ਨਛਤ੍ਰ ਵਿਚਿ ਲਿਖਿਆ ਹੁੰਦਾ ਹੈ। ਯਥਾ ਗੁਰਵਾਕ—

> **ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥ ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥ ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥ ੧ ॥**
>
> **(ਸਿਰੀਰਾਗੁ ਮਃ ੩, ਪੰਨਾ ੩੦)**

 www.sikhbookclub.com

# ੫ - ਭਾਗੁ

ਪੂਰਬਲੇ ਕਰਮ ਸੰਜੋਗੀ ਲੇਖਾਂ ਕਰਕੇ ਵਰਤਮਾਨ ਜਨੰਮੀ ਭਾਗੁ ਉਦੇ ਹੁੰਦਾ ਹੈ, ਤਾਂ ਤੇ ਪਿਛਲੇ ਕਾਂਡ ਦੇ ਨਾਲ ਹੀ ਇਸ ਪ੍ਰਥਾਇ ਜ਼ਿਕਰ ਕਰਨਾ ਭੀ ਜ਼ਰੂਰੀ ਹੈ। ਗੁਰਬਾਣੀ ਵਿਖੇ ਜਿਥੇ ਕਿਤੇ ਭੀ 'ਕਰਮ' ਪਦ ਭਾਗੁ ਦੇ ਅਰਥਾਂ ਵਿਚਿ ਆਇਆ ਹੈ, ਤਿਸ ਸੰਬੰਧੀ ਕੁਛ ਕੁ ਵੀਚਾਰ-ਨਿਰਣਾ ਕੀਤਾ ਜਾਂਦਾ ਹੈ। ਭਾਗ ਦੇ ਅਰਥਾਂ ਵਾਲੇ ਕਰਮ ਤੋਂ ਆਨਮਤੀਆਂ ਦੀ ਮੁਰਾਦ ਤਾਂ ਦੁਨਿਆਵੀ ਕਰਮ ਭਾਗ ਦੀ ਹੈ, ਪ੍ਰੰਤੂ ਗੁਰਮਤਿ ਅੰਦਰ 'ਕਰਮ' ਪਦ ਦੇ ਭਾਗਾਂ ਵਾਲੇ ਅਰਥ ਮਹਿਜ਼ ਪਰਮਾਰਥੀ ਹਨ, ਕਿਸੇ ਨੂੰ ਦੁਨਿਆਵੀ ਐਸ੍ਵਰਜ ਮਿਲਣਾ ਭੀ ਕੋਈ ਕਰਮੁ (ਭਾਗੁ) ਹੈ? ਰਾਜ ਭਾਗ ਭੀ ਪਰਮਾਰਥੀਆਂ, ਗੁਰਮਤਿ ਪਰਮਾਰਥੀਆਂ ਨਿਕਟ ਕੋਈ ਭਾਗ, ਕਿਸਮਤ ਯਾ ਕਰਮ ਨਹੀਂ। ਇਹ ਸਭ ਹੇਚ ਕਰਮ ਵਿਭਾਗੀ ਅਰਥ ਹਨ, ਜਿਨ੍ਹਾਂ ਦੀ ਗੁਰਮਤਿ ਅੰਦਰਿ ਕੋਈ ਕਦਰੋ ਕੀਮਤ ਨਹੀਂ, ਕਿਉਂਕਿ ਇਹ ਸਭ ਚੁਰਾਸੀ ਦੇ ਗੇੜ ਵਿਚਿ ਲੈ ਜਾਣ ਵਾਲੇ ਹਨ। ਜਿਨ੍ਹਾਂ ਦਾ ਸਵਿਸਥਾਰ ਜ਼ਿਕਰ ਲੋੜ ਪਈ ਤਾਂ ਕਿਸੇ ਹੋਰ ਕਾਂਡ ਵਿਚਿ ਕੀਤਾ ਜਾਵੇਗਾ। ਏਥੇ ਇਸ ਕਾਂਡ ਵਿਖੇ ਤਾਂ ਗੁਰਮਤਿ ਦ੍ਰਿੜ੍ਹੰਮੀ ਪਰਮਾਰਥ ਦੇ, ਭਾਵ, ਭਾਗੁ-ਅਰਥੀ ਕਰਮ ਪ੍ਰਥਾਇ ਕੁਝ ਵੀਚਾਰ ਨਿਰਣਾ ਕਰਨਾ ਉਚਿਤ ਹੈ। ਸੋ ਗੁਰਵਾਕ ਪ੍ਰਮਾਣ ਦੇ ਕੇ ਅਰੰਭ ਕੀਤਾ ਜਾਂਦਾ ਹੈ—

**ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥ ੮ ॥ ੮ ॥**

(ਗਉੜੀ ਮঃ ੫, ਪੰਨਾ ੨੩੯)

ਗੁਰੂ ਨਾਨਕ, ਪਾਰਬ੍ਰਹਮ ਰੂਪ ਗੁਰੂ ਨਾਨਕ ਇਸ ਕਲੀਕਾਲ ਵਿਖੇ ਜਿਨ੍ਹਾਂ ਪ੍ਰਾਣੀਆਂ ਨੂੰ ਆਇ ਮਿਲਿਆ ਹੈ, ਜਿਨ੍ਹਾਂ ਪ੍ਰਾਣੀਆਂ ਨੇ, ਜਿਸ ਜਿਸ ਜਗਿਆਸੂ ਨੇ ਪਾਰਬ੍ਰਹਮ ਪਰਮੇਸਰ ਦਾ ਰੂਪ ਸਤਿਗੁਰੂ ਨਾਨਕ ਭੇਟਿਆ ਹੈ, ਜੋ ਜੋ ਪ੍ਰਾਣੀ ਕਲਿਜੁਗ ਵਿਖੇ ਗੁਰੂ ਨਾਨਕ ਪਾਰਬ੍ਰਹਮ ਦੀ ਸਰਨਾਗਤਿ ਆਏ ਹਨ, ਤਿਨ੍ਹਾਂ ਦਾ ਕਰਮੁ, ਤਿਨ੍ਹਾਂ ਦਾ ਜਨਮ ਜਨਮ ਦੇ ਸੁਤਿਆਂ ਦਾ ਭਾਗੁ ਜਾਗ ਉਠਿਆ ਹੈ। ਕਿਉਂਕਿ ਓਹਨਾਂ ਨੂੰ ਗੁਰੂ ਕੇ ਬਚਨ ਰੂਪੀ ਦੀਖਿਆ ਦੁਆਰਾ ਗੁਰਮੰਤਰ ਮਿਲਿਆ ਹੈ। ਜਿਸ ਦੇ ਕਾਰਨ ਓਹਨਾਂ ਦਾ ਨਿਸਤਾਰਾ, ਭਵਜਲ ਤੋਂ ਪਾਰ-ਉਤਾਰਾ ਹੋ ਗਿਆ ਹੈ। ਏਦੂੰ ਵਡਾ ਕਰਮੁ, ਇਸ ਤੋਂ ਉੱਚਾ ਭਾਗੁ ਕਿਸ ਦਾ ਹੋ ਸਕਦਾ ਹੈ, ਜਿਸ ਦਾ ਪਰਲੋਕ ਸੰਵਰਨ ਦਾ ਪਰਮਾਰਥੀ ਕਰਮੁ — ਸੱਚਾ ਭਾਗ ਸੁਭਾਗ ਖੁਲ੍ਹ ਗਿਆ ਹੈ। ਇਹ ਕਰਮ ਸੁਕਰਮੀ ਮਰਾਤਬਾ ਕਿਸੇ ਉਚੇ ਕਰਮ, ਉਚੇ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ। ਜਿਨ੍ਹਾਂ ਨੂੰ ਪਾਰਬ੍ਰਹਮ ਗੁਰੂ ਨਾਨਕ ਦੇ ਭੇਟਣ ਦਾ ਭਾਗ ਸੁਭਾਗੀ ਕਰਮ ਪ੍ਰਾਪਤ ਨਹੀਂ ਹੋਇਆ, ਜਿਨ੍ਹਾਂ ਦਾ ਇਹ ਭਾਗ ਜਾਗਿਆ ਨਹੀਂ, ਓਹ ਚੁਰਾਸੀ ਦੇ ਗੇੜ ਵਿਚਿ ਹੀ ਫਿਰਦੇ ਰਹਿੰਦੇ ਹਨ। ਤਿਨ੍ਹਾਂ ਦਾ ਆਵਾ ਗਵਨ, ਆਉਣ ਜਾਣ ਕਦੇ ਮੁਕਦਾ ਮਿਟਦਾ ਨਹੀਂ।

ਜਿਸ ਦਾ ਪੂਰਬਲੇ ਕਰਮਾਂ ਦਾ ਲੇਖਾ ਪਰਖਿਆ ਜਾ ਕੇ, ਜੋ ਜਗਿਆਸੂ ਗੁਰਮਤਿ ਕਸੌਟੀ ਤੇ

ਚੜ੍ਹ ਕੇ ਪੂਰਾ ਉਤਰਦਾ ਹੈ, ਉਸ ਦੇ ਉਪਰ ਸੱਚੀ ਨਦਰ ਮੇਹਰ ਹੋ ਜਾਂਦੀ ਹੈ ਤਾਂ ਉਸ ਦੇ ਪੂਰੇ ਭਾਗ ਖੁਲ੍ਹਦੇ ਹਨ। ਇਸ ਬਿਧਿ ਪੂਰੇ ਭਾਗ ਕਰਿ ਵਾਹਿਗੁਰੂ ਦੇ ਵਸਲ ਸੰਜੋਗ ਸੁਹਾਗ ਨੂੰ ਪ੍ਰਾਪਤਿ ਹੋਈਦਾ ਹੈ। ਗੁਰੂ ਨਾਨਕ ਦੇ ਘਰ ਦੀ ਸੱਚੀ ਗੁਰ ਪੰਚ-ਪਰਵਾਨੀ ਪੱਧ ਤੋਂ ਗੁਰੂ ਦੀਖਿਆ ਗੁਰਮੰਤ੍ਰੀ ਨਾਮੁ ਪ੍ਰਾਪਤ ਕੀਤਾ ਹੋਇਆ ਹੀ ਮਹਾਂ ਅੰਮ੍ਰਿਤ ਰਸੀ ਮਿਠਾਸ ਵਾਲਾ ਹੁੰਦਾ ਹੈ। ਇਸ ਮਿਠਾਸ-ਰਸ ਵਿਚਿ ਸੁਆਦਤ ਹੋਈ ਸੁਰਤੀ ਸੁਰਤੀਸ਼ਰਾਂ ਦੀ ਸਦਾ ਹੀ ਜੁੜੀ ਰਹਿੰਦੀ ਹੈ। ਇਉਂ ਸੱਚਾ ਵਸਲ ਮੇਲ, ਸੱਚੀ ਵਾਹਿਗੁਰੂ-ਪ੍ਰਾਪਤੀ ਵਾਲਾ ਸਦਾ ਹੀ ਬਣਿਆ ਰਹਿੰਦਾ ਹੈ। ਯਥਾ ਗੁਰਵਾਕ—

**ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥ ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥ ੪ ॥ ੨ ॥**

(ਗਉੜੀ ਛੰਤ ਮਃ ੧, ਪੰਨਾ ੨੪੩)

ਵਾਹਿਗੁਰੂ ਨਾਮ ਰੂਪੀ ਮਾਲ ਦੌਲਤ, ਵਾਹਿਗੁਰੂ ਵਸਲ ਰੂਪੀ ਮਿਲਖ ਮਲਕੀਅਤ ਤਿਸ ਦੇ ਘਟ ਅੰਦਰਿ ਹੀ ਆਇ ਪ੍ਰਾਪਤਿ ਹੁੰਦੀ ਹੈ ਅਤੇ ਸਦਾ ਪ੍ਰਾਪਤਿ ਰਹਿੰਦੀ ਹੈ ਜਿਸ ਦੇ ਮਸਤਕ ਉਤੇ ਧੁਰਿ ਪੂਰਬਲੇ ਪੁੰਨ ਕਰਮਾ ਦਾ ਸੱਚਾ ਸੁਭਾਗੁ ਲਿਖਿਆ ਹੁੰਦਾ ਹੈ। ਯਥਾ ਗੁਰਵਾਕ—

**ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥ ਹਰਿ ਸੰਪੈ ਨਾਨਕ ਘਰਿ ਤਾ ਕੈ ॥ ੧੦ ॥**

(ਗਉੜੀ ਬਾਵਨ ਅਖਰੀ ਮਃ ੫, ਪੰਨਾ ੨੫੨)

ਜਿਸ ਭਾਗਠ ਜਨ ਦੇ ਪੂਰੇ ਭਾਗ ਹੁੰਦੇ ਹਨ ਓਹੀ ਗੁਰਮੁਖਿ ਸੰਤ ਜਨਾ ਦੀ ਸੰਗਤਿ ਦਾ ਸਦਕਾ ਸਿਮਰਨ ਅਭਿਆਸ ਵਿਚਿ ਦਿਨ ਰਾਤ ਤੱਤਪਰ ਹੋ ਕੇ ਜੁਟਦਾ ਹੈ। ਯਥਾ ਗੁਰਵਾਕ—

**ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥ ਨਾਨਕ ਸਿਮਰਨੁ ਪੂਰੈ ਭਾਗਿ ॥ ੬॥**

(ਗਉੜੀ ਸੁਖਮਨੀ ਮਃ ੫, ਪੰਨਾਂ ੨੬੩)

ਸਤਿਗੁਰੂ ਦਾ ਮਿਲਣਾ ਵਡੇ ਭਾਗਾਂ, ਉਚ ਭਾਗਾਂ ਕਰਕੇ ਹੈ। ਜੇ ਭਾਗ (ਕਰਮ) ਹੋਵੇ ਤਾਂ ਸੱਚਾ ਸਤਿਗੁਰੂ ਮਿਲਦਾ ਹੈ। ਅਤੇ ਸਤਿਗੁਰੂ ਦੁਆਰਿਓਂ ਪੰਜਾਂ ਪਿਆਰਿਆਂ ਤੋਂ ਸਤਿਗੁਰੂ ਦੇ ਹੁਕਮ ਅਨੁਸਾਰ ਗੁਰਮੰਤ੍ਰ ਰੂਪੀ ਗੁਰ-ਦੀਖਿਆ ਮਿਲਦੀ ਹੈ ਅਤੇ ਗੁਰਮਤਿ ਨਾਮ ਦੀ ਅਭਿਆਸ ਜੁਗਤੀ ਬੁੱਝੀਦੀ ਹੈ। ਇਸ ਜੁਗਤੀ ਦੁਆਰਾ ਦਸਿਆ, ਬੁਝਾਇਆ ਤੇ ਦ੍ਰਿੜ੍ਹਾਇਆ ਨਾਮ ਅਭਿਆਸ ਦਾ ਤੋਰਾ ਅਜਿਹਾ ਤੁਰਦਾ ਹੈ ਕਿ ਕਦੇ ਹਟਦਾ ਹੀ ਨਹੀਂ। ਅਭਿਆਸ ਆਮੁਹਾਰਾ ਆਪੇ ਚਲਿਆ ਰਹਿੰਦਾ ਹੈ। ਸੁਆਸਿ ਸੁਆਸਿ ਨਾਮ ਵਖਾਨਣ ਦੀ ਲਗਾਤਾਰੀ ਟੇਵ ਲਗੀ ਰਹਿੰਦੀ ਹੈ। ਨਾਮ ਰਸਨਾ ਕਰਕੇ ਜਪਣਾ, ਸੁਰਤੀ ਕਰਕੇ ਸਿਮਰਨਾ, ਨਾਮ-ਉਚਾਰਨੀ ਮੁਹਾਰਨੀ ਦੁਆਰਾ ਕੰਨਾਂ ਕਰਕੇ ਸੁਣਨਾ ਅਭਿਆਸੀ ਜਨ ਦਾ ਬਿਉਹਾਰ ਹੀ ਬਣ ਜਾਂਦਾ ਹੈ। ਇਸ ਤੋਂ ਉੱਚਾ ਸੁੱਚਾ ਸੁਭਾਗ (ਸੁਕਰਮ) ਹੋਰ ਕਿਹੜਾ ਹੋ ਸਕਦਾ ਹੈ? ਯਥਾ ਗੁਰਵਾਕ—

**ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੈ ਨਾਮੁ ਨਾਮੇ ਬਿਉਹਾਰਾ ॥ ੯ ॥**

(ਆਸਾ ਕਾਫੀ ਮਃ ੧, ਪੰਨਾ ੪੧੯)

ਕਲਜੁਗ ਅੰਦਰਿ ਕਰਤੇ ਪੁਰਖ ਦੇ ਕੀਤੇ (ਰਚਤ), ਤਿਹਾਂ ਗੁਣਾਂ (ਰਜ, ਤਮ, ਸਤਿ) ਵਿਚਿ ਹੀ ਆਮ ਦੁਨੀਆਵੀ ਜੀਵ, ਪਰਮਾਰਥੋਂ ਭੁੱਲੇ ਸਾਰੇ ਪ੍ਰਾਣੀ ਨਾਨਾ ਪ੍ਰਕਾਰੀ ਕਰਮ ਕਮਾਉਂਦੇ ਫਿਰਦੇ ਹਨ ਅਤੇ ਕਰਮ-ਪ੍ਰਾਇਣੀ-ਲਿਖਤ ਅਨੁਸਾਰ ਚਹੁੰਆਂ ਖਾਣੀਆਂ (ਅੰਡਜ, ਜੇਰਜ, ਸੇਤਜ

Page 39 www.sikhbookclub.com

ਉਤਭੁਜ) ਦੀਆਂ ਜੀਵ-ਜੋਨੀਆਂ ਵਿਚਿ ਹੀ ਘੁੰਮਣ-ਘੇਰੀਆਂ ਖਾਂਦੇ ਰਹਿੰਦੇ ਹਨ। ਤੁਰੀਆ ਗੁਣੀ, ਚੌਥੇ ਪਰਮ ਪਦ ਤਾਈਂ ਤਾਂ ਉਸ ਭਾਗਵੰਤ (ਭਾਗਾਂ ਵਾਲੇ) ਗੁਰਮੁਖਿ ਜਨ ਦੀ ਪਹੁੰਚ ਹੁੰਦੀ ਹੈ ਜੋ ਵਾਹਿਗੁਰੂ ਨਾਮ ਰਟਨ ਰੂਪੀ ਅਕਥ ਕਹਾਣੀ ਨੂੰ ਸੁਆਸਿ ਗਿਰਾਸੀ ਅਭਿਆਸ ਦੁਆਰਾ ਕਥਨ (ਰਟਨ) ਹਾਰਾ ਹੁੰਦਾ ਹੈ। ਯਥਾ ਗੁਰਵਾਕ—

**ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ ॥ ਕਰਮੁ ਹੋਵੈ ਤਾਂ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ ॥ ੩ ॥**

**(ਆਸਾ ਮਃ ੩ ਅਸਟਪਦੀਆ ਘਰੁ ੨, ਪੰਨਾ ੪੨੩)**

ਵਾਹਿਗੁਰੂ ਨਾਮ ਭਾਗੁ ਕਰਕੇ ਹੀ ਪ੍ਰਾਪਤਿ ਹੁੰਦਾ ਹੈ। ਅਤੇ ਜਿਨ੍ਹਾਂ ਨੂੰ ਪ੍ਰਾਪਤਿ ਹੁੰਦਾ ਹੈ, ਸੱਚੀ ਪ੍ਰਾਪਤਣੀ ਕਰਿ ਪ੍ਰਾਪਤਿ ਹੁੰਦਾ ਹੈ। ਉਸੇ ਨੂੰ ਸੱਚੇ ਵਾਹਿਗੁਰੂ ਦੇ ਦਰ ਤੇ ਸੱਚੀ ਸੋਭਾ ਦਾ ਸਿਰੋਪਾਉ ਮਿਲਦਾ ਹੈ, ਕਿਉਂਕਿ ਤਿਸ ਨੂੰ ਨਾਮ ਦੀ ਸੱਚੀ ਪ੍ਰਾਪਤਣੀ ਪ੍ਰਾਪਤਿ ਹੋ ਗਈ ਹੈ। ਉਸ ਦੀ ਅੰਤ ਤਾਈਂ ਅਭਿਆਸ ਕਮਾਈ ਤੋੜ ਨਿਭਦੀ ਹੈ ਅਤੇ ਓਸੇ ਦੀ ਨਾਮ ਦੁਆਰਾ ਨਾਮੀ ਵਾਹਿਗੁਰੂ ਵਿਚਿ ਸਮਾਈ ਹੋ ਜਾਂਦੀ ਹੈ। ਯਥਾ ਗੁਰਵਾਕ—

**ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ ॥੨॥**

**(ਗੂਜਰੀ ਕੀ ਵਾਰ ਮਃ ੩, ਪੰਨਾ ੫੧੪)**

ਪੂਰਨ ਕਰਮ, ਪੂਰੇ ਭਾਗ ਤਿਸੇ ਦੇ ਹਨ ਜਿਸ ਨੇ ਵਾਹਿਗੁਰੂ ਨੂੰ ਭੇਟਿਆ ਹੈ। ਅਤੇ ਐਸੀ ਭੇਟਣੀ ਭੇਟਿਆ ਹੈ ਕਿ ਉਸ ਦੇ ਅੰਤਰਿ ਬਾਹਰ, ਰੋਮ ਰੋਮ ਵਿਖੇ ਅੰਗ ਅੰਗ ਵਿਖੇ ਓਤ ਪੋਤ ਰਮਤ ਰਾਮ ਹੀ ਰਮ ਰਹਿਆ ਹੈ। ਵਿਥ ਅੰਤਰੇ ਦਾ ਸਭ ਭਰਮ ਭੇਦ, ਦੂਈ ਦੁਜਾਇਗੀ ਸਭ ਮਿਟ ਗਈ ਹੈ। ਵਿਤਕਰਾ, ਦੂਜਪਣੇ ਦਾ ਵਿਤਕਰਾ ਦੂਰ ਹੋ ਗਿਆ ਹੈ। ਇਸ ਤੋਂ ਉਤਮ, ਇਸ ਤੋਂ ਵਡਾ ਕਰਮੁ (ਭਾਗੁ) ਹੋਰ ਕਿਸ ਦਾ ਹੋ ਸਕਦਾ ਹੈ ? ਏਦੂੰ ਵਡਾ ਭਾਗੁ ਹੋਰ ਕਿਹੜਾ ਹੋ ਸਕਦਾ ਹੈ ? ਗੁਰੂ ਘਰ ਨੂੰ (ਗੁਰੂ ਨਾਨਕ ਦੇ ਘਰ ਨੂੰ ) ਹੀ ਇਹ ਫ਼ਖ਼ਰ ਪ੍ਰਾਪਤਿ ਹੈ, ਜਿਸ ਦੇ ਅਨੁਸਾਰੀ ਹੋਇਆਂ ਇਸ ਅਧਿਕਾਰਤਾ ਦਾ ਮੁਰਾਤਬਾ ਮਿਲਦਾ ਹੈ। ਸਤਿਗੁਰੂ ਸੱਚਾ ਗੁਰੂ ਤਿਸ ਨੂੰ ਹੀ ਮਿਲਦਾ ਹੈ, ਜਿਸ ਦਾ ਉੱਗਰ ਕਰਮੁ ਹੁੰਦਾ ਹੈ, ਉੱਚਾ ਭਾਗੁ ਹੁੰਦਾ ਹੈ। ਓਹ ਹੀ ਸੱਚੇ ਨਾਮ ਦਾ ਤੱਤ-ਅਭਿਆਸੀ ਧਿਆਨ-ਨਿਵਾਸੀ ਬਣਦਾ ਹੈ। ਨਾਮ ਧਿਆਨਧਾਰੀ ਹੋ ਕੇ ਹੀ ਨਾਮ ਵਿਚਿ ਰੱਤੇ ਜਾਣ ਦੀ ਰਹਿਮਤ ਹੁੰਦੀ ਹੈ। ਨਾਮ ਵਿਚਿ ਰੱਤੇ ਹੋਏ ਜਨ ਸਦਾ ਸੁਖ ਪਾਉਂਦੇ ਹਨ। ਗੁਰੂ ਸਾਹਿਬ ਤਿਨ੍ਹਾਂ ਵਡਭਾਗੇ ਜਨਾ ਵਿਟਹੁੰ ਸਦਾ ਬਲਿ ਜਾਂਦੇ ਹਨ। ਯਥਾ ਗੁਰਵਾਕ—

ਜਿਸੁ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ ਸੋ ਹਰਿ ਹਰਿ ਨਾਮੁ ਧਿਆਏ ॥
ਨਾਮਿ ਰਤੇ ਜਨ ਸਦਾ ਸੁਖੁ ਪਾਇਨਿ੍ ਜਨ ਨਾਨਕ ਤਿਨ ਬਲਿ ਜਾਏ ॥ ੧ ॥

**(ਬਿਲਾਵਲ ਕੀ ਵਾਰ, ਸਲੋਕ ਮਃ ੩, ਪੰਨਾ ੮੫੧)**

## ਗੁਰੂ ਅਕਾਲ ਪੁਰਖ ਦਾ ਧਿਆਨ ਕਿਵੇਂ ਧਰੀਦਾ ਹੈ ?

ਸਮਰੱਥ ਪੂਰਨ ਪਾਰਬ੍ਰਹਮ ਪਰਮੇਸਰ ਦਾ ਧਿਆਨ ਸੋਈ ਜਨ ਧਰ ਸਕਦਾ ਹੈ ਜਿਸ ਦਾ ਪੂਰਾ ਕਰਮ ਅੰਕੂਰ ਭਾਗ ਜਾਗਿਆ ਹੋਵੇ। ਅਗਮ ਅਗੋਚਰ ਅਦ੍ਰਿਸ਼ਟ ਪਾਰਬ੍ਰਹਮ ਨਿਰੰਕਾਰ, ਜਿਸ ਦਾ

ਕੋਈ ਆਕਾਰ ਨਹੀਂ, ਜੋ ਦ੍ਰਿਸ਼ਟਮਾਨ ਸਾਕਾਰ ਪਦਾਰਥਾਂ ਵਾਗੂੰ ਅਤੇ ਸਾਕਾਰਕ ਮੂਰਤੀਆਂ ਵਾਂਗੂੰ ਮੂਰਤੀਮਾਨ ਅਤੇ ਦ੍ਰਿਸ਼ਟੀ-ਗੋਚਰਾ ਨਹੀਂ, ਉਸ ਦਾ ਧਿਆਨ ਧਰਨਾ ਕੋਈ ਸੁਖਾਲੀ ਗੱਲ ਨਹੀਂ। ਜੋ ਵਾਹਿਗੁਰੂ ਅਕਾਲ ਮੂਰਤੀ ਵਾਲਾ ਹੈ, ਜਿਸ ਦਾ ਵਜੂਦ ਕਾਲ ਚਕਰ ਚਿਹਨ ਬਿਹੂਣਾ ਅਕਾਲ ਸਰੂਪਾ ਹੈ, ਉਸ ਦਾ ਕੋਈ ਧਿਆਨ ਧਰੇ ਤਾਂ ਕਿਵੇਂ ਧਰੇ? ਪੰਜ ਭੂਤਕ ਗਿਆਨ ਇੰਦਰੇ ਦ੍ਰਿਸ਼ਟਮਾਨ ਪਸਾਰੇ ਤੋਂ ਉਪਰ ਅਤੇ ਅਗੋਚਰੀ ਗਿਆਤ ਤੋਂ ਸਖਣੇ ਅਤੇ ਊਰੇ ਹਨ। ਗਿਆਤਾਕਾਰ ਦਾ ਗਿਆਤਾਕਾਰੀ ਧਿਆਨ ਤਾਂ ਧਿਆਨਿਆ ਜਾ ਸਕਦਾ ਹੈ, ਗਿਆਤ-ਅਗੋਚਰੇ ਪੰਜ ਭੂਤਕ ਇੰਦ੍ਰਿਆਂ ਦੀ ਗਿਆਤ ਦਾਇਰੇ ਤੋਂ ਬਾਹਰ ਅਪਰੰਪਰੇ ਵਜੂਦ ਦਾ ਅਨੁਮਾਨ ਹੀ ਲਾਇਆ ਜਾ ਸਕਦਾ ਹੈ, ਉਸ ਦਾ ਅਪ੍ਰੋਕਸ਼ ਗਿਆਨ ਨਹੀਂ ਹੋ ਸਕਦਾ, ਨਾ ਹੀ ਧਿਆਨ ਜਮਾਇਆ ਜਾ ਸਕਦਾ ਹੈ।

ਆਨ ਮਤਾਂ ਵਾਲਿਆਂ ਨੂੰ ਤਾਂ ਕੀ ਆਖਣਾ ਹੈ, ਜਿਨ੍ਹਾਂ ਨੂੰ ਗੁਰਮਤਿ ਦਾ ਬੋਧ ਹੀ ਨਹੀਂ; ਅਸਾਡੇ ਗੁਰਮਤਿ ਮੱਤ ਅਵਲੰਬੀ ਕਈ ਭਲੇ ਅਤੇ ਉੱਘੇ ਉੱਘੇ ਸੰਤ ਮੰਡਲੀਆਂ ਵਾਲਿਆਂ ਨੂੰ ਭੀ ਧਿਆਨ ਧਰਨ ਦਾ ਥਹੁ ਪਤਾ ਨਹੀਂ। ਓਹ ਗੁਰਮਤਿ ਤੋਂ ਉਲਟ ਮਨ-ਆਈਆਂ ਉਕਤੀਆਂ ਯੁਕਤੀਆਂ ਵਾਲਾ ਯੱਕੜ ਧਿਆਨ, ਕੁਫੱਕੜ ਧਿਆਨ ਧਰਦੇ ਧਰਾਉਂਦੇ ਹਨ। ਕਈ ਤਾਂ ਆਨਮਤੀਆਂ ਦੀ ਰੀਸੇ ਮੂਰਤੀਆਂ ਨੂੰ ਮੂਹਰੇ ਰਖ ਕੇ ਧਿਆਨ ਜਮਾਉਣ ਦਾ ਕੁਫੱਕੜ ਰਚਦੇ ਹਨ। ਕਈ ਗੁਰੂ ਨਾਨਕ ਦੀ ਫ਼ੋਟੋ ਨੂੰ ਅਗੇ ਰਖ ਕੇ ਧਿਆਨ-ਜਮਾਉਣੀ-ਦ੍ਰਿਸ਼ਟੀ ਦਾ ਹੀ ਵਿਸ਼ਾ ਬਣਾਉਂਦੇ ਹਨ। ਕਈ ਗਏ-ਗੁਜ਼ਰੇ ਅਸੰਤ-ਮਤੀ ਸੰਤ ਸਦਾਉਣਹਾਰੇ ਆਪਣੀ ਹੀ ਤਸਵੀਰ ਪੂਜਾ ਦੇ ਦ੍ਰਿਸ਼ਟ-ਧਿਆਨ-ਪੂਜਾਰੀ ਲੋਕਾਂ ਨੂੰ ਬਣਾਉਂਦੇ ਹਨ। ਇਸ ਪ੍ਰਕਾਰ ਦੇ ਬੜੇ ਹੀ ਨੀਵੇਂ ਦਰਜੇ ਦੇ ਧਿਆਨ-ਅਵਲੰਬੀ ਅਸਾਡੇ ਹੀ ਅੰਦਰਿ ਪੈਦਾ ਹੋ ਗਏ ਹਨ, ਜੋ ਗੁਰਮਤਿ ਦੇ ਤੱਤ ਧਿਆਨ-ਆਸ਼ੇ ਦੇ ਆਦਰਸ਼ ਤੋਂ ਕੋਸੋਂ ਦੂਰ ਹਨ। ਅਲਪੱਗ ਵਜੂਦ ਦੀ ਮੂਰਤੀ ਦਾ ਧਿਆਨ ਧਰਨਾ ਤਾਂ ਮਹਾਂ ਪਾਪ ਹੈ, ਸਰਬੱਗ ਸਤਿਗੁਰਾਂ ਦੀਆਂ ਪ੍ਰਚਲਤ ਫ਼ੋਟੋ ਤਸਵੀਰਾਂ ਸਭ ਫ਼ਰਜ਼ੀ ਹਨ, ਨਾ ਹੀ ਗੁਰੂ ਦੀ ਕੋਈ ਮੂਰਤੀ ਸਾਕਾਰਕ ਹੈ। "ਗੁਰ ਮੂਰਤਿ ਗੁਰ ਸਬਦੁ ਹੈ"[੧] ਐਸੀ ਗੁਰ ਦੀ ਮੂਰਤੀ ਦਾ ਧਿਆਨ ਅਸੀਂ ਮਨ ਮਾਹਿ ਜਮਾਉਣਾ ਹੈ। "ਗੁਰ ਕੀ ਮੂਰਤਿ ਮਨ ਮਹਿ ਧਿਆਨੁ"[੨] ਗੁਰੂ ਸ਼ਬਦ ਨਾਲਿ ਸੁਰਤੀ ਜੋੜਨੀ ਗੁਰੂ ਕੀ ਮੂਰਤਿ ਨਾਲ ਧਿਆਨ ਧਰਨਾ ਹੈ। ਗੁਰੂ ਸ਼ਬਦ ਨਾਲਿ ਸੁਰਤੀ ਜੋੜਨ ਦਾ ਪਹਿਲਾ ਮਰਹਲਾ "ਸਬਦੁ ਗੁਰੂ ਸੁਰਤਿ ਧੁਨਿ ਚੇਲਾ"[੩] ਗੁਰ ਵਾਕ ਦੇ ਭਾਵ ਅਨੁਸਾਰ ਗੁਰੂ ਵਾਹਿਗੁਰੂ ਰੂਪੀ ਸ਼ਬਦ ਦੀ ਆਹਤ ਧੁਨੀ ਦੇ ਨਾਲਿ ਸੁਰਤੀ ਰੂਪੀ ਧਿਆਨ ਨੂੰ ਜੋੜਨਾ ਹੈ। ਧਿਆਨ ਰੂਪੀ ਚੇਲਾ ਜਦੋਂ ਤਾਈਂ ਸ਼ਬਦ ਧੁਨੀ ਰੂਪੀ ਗੁਰੂ ਨਾਲਿ ਨਾ ਜੁੜੇ ਤਦ ਤਾਈਂ ਗੁਰੂ ਤੇ ਚੇਲੇ ਦੀ, ਅਰਥਾਤ, ਗੁਰੂ ਅਤੇ ਸਿਖ ਦੀ ਸੰਧ ਨਹੀਂ ਮਿਲਦੀ। ਸ਼ਬਦ ਦਾ ਅਭਿਆਸ ਭਾਵੇਂ ਰਸਨਾ ਰੂਪੀ ਬੈਖਰੀ ਬਾਣੀ ਉਚਾਰਨ ਦੁਆਰਾ ਹੋਵੇ, ਭਾਵੇਂ ਸੁਆਸਾਂ ਦੁਆਰਾ ਹੋਵੇ, ਉਸ ਦੀ ਧੁਨੀ ਜ਼ਰੂਰ ਹੈ, ਭਾਵੇਂ ਮਧਮ ਤੋਂ ਮਧਮ ਅਤੇ ਸੂਖਮ ਹੀ ਹੋਵੇ। ਪਹਿਲ ਪ੍ਰਿਥਮੇ ਅਭਿਆਸੀ ਜਨ ਇਸ ਸ਼ਬਦ-ਧੁਨੀ ਨਾਲਿ ਸੁਰਤਿ ਜੋੜੇਗਾ। ਮੋੜ ਮੋੜ ਕੇ ਅਤੇ ਮੁੜ ਮੁੜ ਕੇ ਧਿਆਨ-ਸੁਰਤੀ ਨੂੰ ਸ਼ਬਦ ਧੁਨੀ ਨਾਲਿ ਲਾਵੇਗਾ। ਜਿਉਂ ਜਿਉਂ ਲਾਵੇਗਾ ਅਤੇ ਜਿਤਨਾ ਜਿਤਨਾ ਲਾਵੇਗਾ, ਤਿਤਨਾ ਤਿਤਨਾ ਅਤੇ ਤਿਉਂ

---

੧ ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੧੧

੨ ਗੋਂਡ ਮਃ ੫, ਪੰਨਾ ੮੬੪

੩ ਰਾਮਕਲੀ ਮਃ ੧, ਸਿਧ ਗੋਸਟ, ਪੰਨਾ ੯੪੩


www.sikhbookclub.com

ਤਿਉਂ ਗੁਰ-ਸ਼ਬਦ ਦੀ ਪਾਰਸ-ਕਲਾ ਵਰਤੇਗੀ। ਧਿਆਨ ਜੋੜਦੇ ਜੋੜਦੇ ਜਦੋਂ ਇਕ ਛਿਨ ਮਾਤਰ ਭੀ ਸਮੁੱਚਾ ਧਿਆਨ ਸਮੁੱਚੀ ਸੁਰਤੀ ਦਾ ਹਰਿ ਜਨ ਦਾ ਸ਼ਬਦ ਨਾਲਿ ਜੁੜ ਗਿਆ ਤਦੋਂ ਅਚਿੰਤੋਂ ਹੀ ਅੰਤਰਿ-ਆਤਮੇ ਰਸ-ਜੋਤਿ ਪ੍ਰਕਾਸ਼ ਦਾ ਚਮਤਕਾਰ ਬਿਜਲੀ ਕਰੰਟ ਦੀ ਨਿਆਈਂ ਜ਼ਹੂਰ ਪਜ਼ੀਰ ਹੋ ਜਾਏਗਾ। ਰਸ-ਜੋਤਿ-ਪ੍ਰਕਾਸ਼-ਚਮਤਕਾਰੇ ਦਾ ਇਹ ਨਦਰ-ਮੇਹਰੀ ਕ੍ਰਿਸ਼ਮਾ ਜਦੋਂ ਕ੍ਰਿਸ਼ਮਤ ਹੋ ਗਿਆ ਤਦੋਂ ਹੀ ਸ਼ਬਦ ਤੇ ਸੁਰਤਿ ਦਾ ਤੱਤ ਵਾਸਤਵੀ ਮੇਲਾਵਾ ਬਣ ਆਵੇਗਾ। ਰਸ-ਜੋਤਿ ਦੇ ਅਗਾਧ ਸੁਆਦ ਨੇ ਸਦਾ ਹੀ ਅਤੇ ਸੁਤੇ ਸੁਭਾਵ ਹੀ ਸੁਰਤਿ, ਸ਼ਬਦ ਵਲ ਜੋੜੀ ਰਖਣੀ ਹੈ। ਸ਼ਬਦ ਅਭਿਆਸ ਦਾ ਅਸਲ ਅਨੰਦ ਹੀ ਅਭਿਆਸੀ ਜਨ ਨੂੰ ਇਸ ਆਤਮ ਅਵਸਥਾ ਵਿਖੇ ਆਉਣਾ ਹੈ। ਜਿਉਂ ਜਿਉਂ ਇਹ ਅਨੰਦ ਵਧੇਗਾ ਤਿਉਂ ਤਿਉਂ ਅਭਿਆਸ ਭੀ ਸਹਜ ਵਧਣੀ ਵਿਚ ਵਧਦਾ ਜਾਵੇਗਾ ਅਤੇ ਆਤਮ-ਜੋਤਿ-ਰਹੱਸਨੀ ਪ੍ਰਕਾਸ਼-ਕਲਾ ਦਾ ਪਸਾਰਾ ਭੀ ਅਧਿਕ ਤੋਂ ਅਧਿਕ ਪਸਰਦਾ ਜਾਵੇਗਾ। ਅੰਤਰ ਕ੍ਰਾਂਤੀ ਕਾਇਆਂ ਅੰਤ੍ਰੀਵੀ ਜੋਤਿ ਪਸਾਰੇ ਦਾ ਪ੍ਰਕਾਸ਼ ਫੇਰ ਅੰਦਰੋਂ ਬਾਹਯਮੁਖੀ ਅਕਾਸ਼ ਪੁਲਾੜ ਦੇ ਅਕਾਰ ਪਸਾਰੇ ਵਿਚਿ ਸਾਰੇ ਹੀ ਪਸਰ ਨਿਕਲੇਗਾ। ਬਾਕੀ ਸਭ ਦੇਖਾ ਹੀ ਪਰਵਾਣ ਹੈ, ਕਹਿਬੇ ਕੋ ਸੋਭਾ ਨਹੀਂ। ਇਹ ਸਭ ਭਾਗਾਂ ਦੀ ਖੇਡ ਹੈ। ਯਥਾ ਗੁਰਵਾਕ—

ਤੂ ਸਮਰਥੁ ਪੂਰਨ ਪਾਰਬ੍ਰਹਮੁ ॥ ਸੋ ਧਿਆਏ ਪੂਰਾ ਜਿਸੁ ਕਰਮੁ ॥ ੧ ॥

(ਰਾਮਕਲੀ ਮਃ ੫, ਪੰਨਾ ੮੯੩)

ਗੁਰਮੁਖਾਂ ਦੇ ਇਸ ਗਿਆਨ-ਪ੍ਰਕਾਸ਼ੀ-ਜੋਤਿ-ਧਿਆਨ ਦੀ ਡੋਰੀ ਵਾਹਿਗੁਰੂ ਆਪ ਫੜ ਕੇ ਤੁਣਕਦਾ ਹੈ। ਅਤੇ ਗੁਰਮੁਖਾਂ ਨੇ ਭੀ ਕੇਵਲ ਗੁਰੂ ਵਾਹਿਗੁਰੂ ਪ੍ਰਾਇਣ ਹੋ ਕੇ ਇਹ ਗਿਆਨ-ਜੋਤੀਸ਼ੀ ਧਿਆਨ-ਡੋਰੀ ਵਾਹਿਗੁਰੂ ਦੇ ਹੱਥ ਫੜਾਇ ਛਡੀ ਹੈ, ਆਪਣੀ ਮਨ-ਮਰਜ਼ੀ ਅਤੇ ਮਤਸਰੀ ਉਕਤੀ ਯੁਕਤੀ ਸਭ ਮਿਟਾਇ ਛਡੀ ਹੈ। ਜਿਧਰ ਨੂੰ ਉਹ ਖਿਚਦਾ ਹੈ ਤਿਸੇ ਵਲ ਹੀ ਓਹ ਧਾਵੰਦੇ, ਰੁਚੀ ਰੁਚਾਵੰਦੇ ਹਨ। ਮਨਮੁਖੀ ਦੀਵਾਨੇ ਕਮਲੇ ਲੋਕ, ਅਕਲ ਲਤੀਫ਼ੀਓਂ ਅੰਨ੍ਹੇ ਲੋਕ, ਅੰਧ ਮਤਿ ਭਰਮ ਦੇ ਭੁਲਾਏ ਹੋਏ, ਪਏ ਮਨ-ਉਕਤੀ ਅਤੇ ਆਨਮਤ ਉਕਤੀ ਦੇ ਕਰਮ ਕਰਦੇ ਹਨ। ਉਨ੍ਹਾਂ ਦੇ ਹੱਥ ਕੁਛ ਨਹੀਂ ਆਉਂਦਾ। ਨਾ ਓਹਨਾਂ ਨੂੰ ਕੁਝ ਹਾਸਲ ਹੁੰਦਾ ਹੈ। ਭਾਗਾਂ ਬਿਨਾਂ ਭਲਾ ਕੀ ਮਿਲ ਸਕਦਾ ਹੈ! ਜੈਸਾ ਕਿ ਗੁਰਵਾਕ ਹੈ—

ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥ ਗੁਰਮੁਖਿ
ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥

(ਰਾਮਕਲੀ ਮਃ ੧ ਦਖਣੀ ਓਅੰਕਾਰ, ਪੰਨਾ ੯੩੫)

ਜਿਨ੍ਹਾਂ ਦਾ ਭਾਗ ਖੁਲ੍ਹਦਾ ਹੈ, ਜਾਗਦਾ ਹੈ, ਤਿਨ੍ਹਾਂ ਨੂੰ ਪ੍ਰਾਲਬਧ ਗੁਰੂ ਦੀ, ਸੱਚੇ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰੂ ਘਰ ਦੀ ਸਤਸੰਗਤਿ ਵਿਚਿ ਵਾਸਾ ਮਿਲਦਾ ਹੈ। ਤਿਥੋਂ ਪੰਜਾਂ ਪਿਆਰਿਆਂ ਦੀ ਸ਼ਰਨੀ ਆਏ ਨੂੰ ਗੁਰਮੰਤਰ ਦੀਖਿਆ, ਗੁਰ ਮੰਤਰ ਦੀ ਦਾਤਿ ਮਿਲਦੀ ਹੈ। ਤਿਸ ਗੁਰ-ਦੀਖਿਆ ਗੁਰ ਮੰਤਰ ਦੀ ਅਥਾਹ ਅਭਿਆਸ ਕਮਾਈ ਕਰ ਕੇ ਅਤੇ ਸ਼ਬਦ ਸੁਰਤੀਸ਼ਰੀ ਅਖੰਡਾਕਾਰ ਧਿਆਨ ਧਰ ਕੇ ਨਿਰੰਕਾਰ ਵਾਹਿਗੁਰੂ ਸੱਚਾ ਸੁਆਮੀ ਮਿਲਦਾ ਹੈ। ਯਥਾ ਗੁਰਵਾਕ—

ਕਰਮੁ ਖੁਲਾ ਗੁਰੁ ਪਾਇਆ ਹਰਿ ਮਿਲਿਆ ਸੁਆਮੀ ॥

(ਮਾਰੂ ਵਾਰ ਡਖਣੇ ਮਃ ੫, ਪੰਨਾ ੧੦੯੯)

ਜਨਮ ਜਨਮ ਦੇ ਮਨਮਤੀ ਅਤੇ ਮਨਮੁਖੀ ਕੁਕਰਮਾਂ ਵਿਕਰਮਾਂ ਕਰਕੇ ਮਲੀਨ ਹੋਈਵੀ ਬੁਧੀ


www.sikhbookclub.com

ਅੰਧ ਅਗਿਆਨ ਦੀ ਨੀਂਦੇ ਸੁੱਤੀ ਰਹਿੰਦੀ ਹੈ। ਸੁੱਤੀ ਪਈ ਤਦੇ ਹੀ ਜਾਗਦੀ ਹੈ ਜਦੋਂ ਅੰਧ ਮਤਿ ਬੁਧੀ ਵਾਲੇ ਦਾ ਕੋਈ ਕਰਮ-ਅੰਕੂਰੀ ਭਾਗ ਜਾਗਦਾ ਹੈ। ਫੇਰ ਗੁਰੂ ਦੀ ਕਿਰਪਾ ਹੁੰਦੀ ਹੈ। ਗੁਰੂ ਕਿਰਪਾ ਕਰਦਾ ਹੈ ਤਾਂ ਇਹ ਮਨ ਜਾਗਦਾ ਹੈ, ਜਨਮ ਜਨਮ ਦਾ ਸੁੱਤਾ ਹੋਇਆ ਜਾਗ ਪੈਂਦਾ ਹੈ, ਤਾਂ ਇਸ ਮਨ ਦੀ ਦੁਰਮਤਿ ਮਤਿ ਮਲੀਨੀ ਦੁਬਿਧਾ ਮਰਦੀ ਹੈ। ਯਥਾ ਗੁਰਵਾਕ—

**ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥ ੪ ॥**

(ਭੈਰਉ ਮਃ ੩, ਪੰਨਾ ੧੧੨੯)

ਪਰਮਾਰਥੀ ਆਸਤਕਤਾ ਵਾਲੇ ਵਾਹਿਗੁਰੂ ਦੇ ਪਾਸੇ ਸੋਈ ਜਨ ਲਗਦਾ ਹੈ ਅਤੇ ਸੋਈ ਜਨ ਵਾਹਿਗੁਰੂ ਦੀ ਸ਼ਰਨੀ ਆਉਂਦਾ ਹੈ ਜਿਸ ਦੇ ਗੁਰੂ ਨਾਨਕ ਦੀ ਕਿਰਪਾ ਨਾਲਿ ਪੂਰਨ ਭਾਗ ਜਾਗ ਪੈਂਦੇ ਹਨ—

**ਕਹੁ ਨਾਨਕ ਜਾ ਕੇ ਪੂਰਨ ਕਰਮਾ॥ ਸੋ ਜਨੁ ਆਇਆ ਪ੍ਰਭ ਕੀ ਸਰਨਾ॥**

(ਭੈਰਉ ਮਃ ੫, ਪੰਨਾ ੧੧੫੦)

ਕਿਉਂਕਿ ਜਿਸ ਨੂੰ ਕਰਤਾਰ ਸੁਮਤਿ ਸੁਕਰਮੀ ਸੁਭਾਗ ਬਖ਼ਸ਼ਦਾ ਹੈ ਤਿਸ ਦੀ ਹੀ ਰੁਚੀ ਗੁਰੂ ਘਰ ਦੀ ਸਤਸੰਗਤਿ ਕਰਨ ਦੀ ਸਚੜੀ ਕਾਰ ਵਲ ਲਗਦੀ ਹੈ। ਉਸ ਦਾ ਸਭ ਤੋਂ ਮੁਖ ਬਿਉਹਾਰ ਸਤਿਸੰਗ ਕਰਨਾ ਹੋ ਜਾਂਦਾ ਹੈ। ਯਥਾ ਗੁਰਵਾਕ—

**ਜਿਸ ਨੋ ਕਰਮੁ ਕਰੇ ਕਰਤਾਰੁ ॥ ਸਾਧਸੰਗਿ ਹੋਇ ਤਿਸੁ ਬਿਉਹਾਰੁ ॥**

(ਭੈਰਉ ਮਃ ੫, ਪੰਨਾ ੧੧੫੧)

ਭਾਗਾਂ ਤੋਂ ਬਿਨਾਂ ਗੁਰੂ ਘਰ ਦਾ ਸਤਸੰਗਿ ਨਹੀਂ ਲਭਦਾ ਅਤੇ ਭਾਗਾਂ ਤੋਂ ਬਿਨਾਂ ਵਾਹਿਗੁਰੂ ਦੀ ਭਗਤੀ ਨਹੀਂ ਹੁੰਦੀ। ਜਿਨ੍ਹਾਂ ਦੇ ਕਰਮਾਂ ਵਿਚਿ ਪੂਰਬ ਅੰਕੂਰੀ ਭਗਤੀ ਦਾ ਭਾਗੁ ਲਿਖਿਆ ਹੁੰਦਾ ਹੈ ਤਿਨ੍ਹਾਂ ਨੂੰ ਹੀ ਗੁਰੂ ਅਤੇ ਗੁਰੂ-ਘਰ ਦਾ ਪਰਮਾਰਥੀ ਸੁਹਾਗ ਪ੍ਰਾਪਤਿ ਹੁੰਦਾ ਹੈ। ਵਾਹਿਗੁਰੂ ਦਾ ਨਾਮ ਅਤੇ ਨਾਮੀ ਵਾਹਿਗੁਰੂ ਭੀ ਕਰਮ-ਭਾਗ ਕਰਕੇ ਹੀ ਮਿਲਦਾ ਹੈ। ਯਥਾ ਗੁਰਵਾਕ—

**ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ ॥ ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ ॥ ੨ ॥**

(ਬਸੰਤ ਹਿੰਡੋਲ ਮਃ ੧, ਪੰਨਾ ੧੧੭੧)

ਤਾਂ ਤੇ ਭਾਗਾਂ ਤੇ ਸ਼ਾਕਰ ਰਹਿਣਾ ਗੁਰਮਤਿ ਜਗਿਆਸੂ ਜਨ ਲਈ ਅਤਿ ਜ਼ਰੂਰੀ ਹੈ। ਨਿਰਾ ਪੁਰਾ ਨਿਜ ਕਰਤਤੀ ਕਰਮਾਂ ਦੀ ਆਕੜ ਤੇ ਰਹਿਣਾ ਮਹਾਂ ਮੂਰਖਤਾ ਹੈ। ਬਸ ਕਰਮੁ (ਭਾਗੁ) ਕਰਕੇ ਹੀ ਭਗਤੀ ਸੁਹਾਵੀ ਸਫਲ ਫਲਾਵੀਂ ਹੋਂਦੀ ਹੈ। ਭਗਤੀ ਭਾਉ, ਤੁਠਾ ਸਤਿਗੁਰੂ ਹੀ ਬਖ਼ਸ਼ਦਾ ਹੈ। ਜੈਸੇ ਭਗਤੀ ਭਾਉ ਸਤਿਗੁਰੂ ਦੀ ਬਖ਼ਸ਼ਸ਼ ਹੈ, ਤੈਸੇ ਹੀ ਸਤਿਗੁਰੂ ਦੀ ਬਖ਼ਸ਼ਸ਼ ਨਾਲਿ ਵਾਹਿਗੁਰੂ ਦੇ ਸਚਖੰਡੀ ਮਹਿਲ ਦਰਬਾਰ ਵਿਚਿ ਥਾਉਂ ਮਿਲਦੀ ਹੈ। ਭਾਉ ਪ੍ਰੇਮ ਭਾਵਨਾ ਸੇਤੀ ਭਗਤੀ ਕਰੀ ਜਾਣੀ ਪਰਮ ਹੁਕਮ ਰਜਾਈ ਕਰਮੁ ਹੈ। ਪ੍ਰੇਮਾ ਭਗਤੀ ਓਸੇ ਦੀ ਥਾਇੰ ਪੈਂਦੀ ਹੈ ਜੋ ਗੁਰਮੁਖਿ ਜਨ ਭਗਤੀ ਭਾਵ ਕਰਦਾ ਹੋਇਆ ਭੀ ਵਾਹਿਗੁਰੂ-ਮਿਲਾਪ ਰੂਪੀ ਸੁਫਲ ਫਲ ਦੀ ਪ੍ਰਾਪਤੀ ਹਿਤ ਹੀ ਗੁਰੂ ਤੁਠੇ ਦੀ ਨਦਰ ਮੇਹਰ ਉਤੇ ਹੀ ਸ਼ਾਕਰ ਰਹਿੰਦਾ ਹੈ। ਆਪਣੇ ਭਗਤੀ ਰੂਪੀ ਸੁਕ੍ਰਿਤ ਕਰਮ ਉਤੇ ਹੀ ਸ਼ਾਕਰ ਨਹੀਂ ਰਹਿੰਦਾ। ਇਸ ਬਿਧਿ ਨਿਜ ਭਗਤੀ ਉਤੇ ਨਿਰਭਰ ਰਹਿਣਾ ਸੂਖਸ਼ਮ ਅਹੰਗਤਾ ਉਤਪਤੀ ਦਾ

Page 43 www.sikhbookclub.com

ਕਾਰਨ ਹੋ ਜਾਂਦਾ ਹੈ। ਉਸ ਦੀ ਸੂਖਮ ਹਉਮੈ ਦੀ ਕਾਈ ਨਹੀਂ ਜਾਂਦੀ। ਸਤਿਗੁਰੂ ਦੀਆਂ, ਭਗਤੀ-ਦਾਤੇ ਸਤਿਗੁਰੂ ਦੀਆਂ ਨਦਰਾਂ ਮੇਹਰਾਂ ਤੇ ਸ਼ਾਕਰ ਰਹਿੰਦਿਆਂ ਹੀ ਵਾਹਿਗੁਰੂ ਦੇ ਮਹਿਲਾਂ ਵਿਚਿ ਥਾਉਂ ਮਿਲਦੀ ਹੈ। ਭਾਗਾਂ ਉਤੇ ਸ਼ਾਕਰ ਰਹਿਣਾ ਨਦਰੀ ਵਾਹਿਗੁਰੂ ਦੀ, ਮਿਹਰਬਾਨ ਸਤਿਗੁਰੂ ਦੀ ਨਦਰਾਂ ਮਿਹਰਾਂ ਦਾ ਪਾਤਰ ਬਣਨਾ ਹੈ। ਕਿਉਂਕਿ ਜਦੋਂ ਜਗਿਆਸੂ ਦੇ ਅੰਦਰਿ ਇਹ ਸੰਸਕਾਰ ਸਫੁਰਨ ਹੋ ਜਾਂਦਾ ਹੈ ਕਿ ਮੈਂ ਆਪਣੀ ਨਿਜ ਭਗਤਿ ਕਮਾਈ ਕਰਕੇ ਹੀ ਇਸ ਪਦ ਨੂੰ ਪ੍ਰਾਪਤਿ ਹੋਇਆ ਹਾਂ ਅਤੇ ਸਤਿਗੁਰੂ ਵਾਹਿਗੁਰੂ ਦੇ ਮਹਿਲਾਂ ਦਾ ਵਾਸਲ ਹੋਇਆ ਹਾਂ ਤਦੋਂ ਵਾਸਤਵ ਵਿਚਿ ਉਸ ਨੂੰ ਤੱਤ ਪਦ ਦੀ ਪ੍ਰਾਪਤੀ ਨਹੀਂ ਹੋਈ ਹੁੰਦੀ। ਨਾ ਹੀ ਮਹਿਲੀ ਵਾਹਿਗੁਰੂ ਦੇ ਦਰ ਘਰ ਮਹਿਲਾਂ ਦਾ ਵਾਸਾ ਪ੍ਰਾਪਤਿ ਹੋਇਆ ਹੁੰਦਾ ਹੈ, ਸਗੋਂ ਉਹ ਉਸ ਪਦੋਂ ਉਰੇਡੇ ਹੀ ਰਹਿ ਖੜੋਂਦਾ ਹੈ। ਇਸ ਸੂਖਮ ਹੰਕਾਰ ਤੇ ਹੀ ਇਹ ਅਸਥੂਲ ਅਹੰਕਾਰ ਉਪਜ ਖੜੋਂਦਾ ਹੈ ਕਿ ਅੱਜ ਮੇਰੇ ਸਾਰਖਾ ਕੋਈ ਨਹੀਂ। ਮੈਥੋਂ ਛੁਟ ਇਹ ਪਦ ਕਿਸੇ ਹੋਰਸ ਨੂੰ ਪ੍ਰਾਪਤਿ ਨਹੀਂ ਹੋਇਆ। ਇਹ ਇਕ ਪ੍ਰਕਾਰ ਦੀ ਦੂਜੇ ਪੁਗ ਖਲੋਏ ਗੁਰਮੁਖਾਂ ਦੀ ਅਚੇਤ ਨਿੰਦਾ ਹੋ ਜਾਂਦੀ ਹੈ ਅਤੇ ਆਪਣਾ ਹੰਕਾਰ ਵਧ ਜਾਂਦਾ ਹੈ। ਜਿਨ੍ਹਾਂ ਨੂੰ ਸੱਚੀ ਗੁਰਮਤਿ-ਭਗਤੀ ਦੀ ਜਾਗ ਲਗੀ ਹੈ, ਜੋ ਜਨ ਸੱਚੀ ਪਰਮਾਰਥਕ ਜਾਗ ਵਾਲੀ ਭਗਤੀ ਕਰਿ, ਜਾਗ ਸੁਭਾਗੇ ਹੋਏ ਹਨ, ਤਿਨ੍ਹਾਂ ਨੂੰ ਇਸ ਪ੍ਰਕਾਰ ਦੀ ਅਚੇਤ ਨਿੰਦਾ-ਮਈ ਨਿਜ ਭਗਤਿ-ਹੰਕਾਰ ਸੰਸਕਾਰੀ ਸੰਸਕਾਰ ਹੀ ਨਹੀਂ ਕੁਫੁਰਨ ਹੁੰਦੇ। ਓਹ ਤਾਂ ਇਸ ਪ੍ਰਕਾਰੀ ਨਿੰਦ-ਨਿੰਦਾਰੀ ਸੰਸਕਾਰਾਂ ਦਾ ਪਰਹਰਾਈ ਤਿਆਗ ਕਰ ਕੇ, ਕੇਵਲ ਤੱਤ ਭਗਤੀ ਭਾਵ ਵਿਚਿ ਹੀ ਸੁਜਾਗ ਅਤੇ ਸਾਵਧਾਨ ਰਹਿੰਦੇ ਹਨ। ਇਹ ਸਾਵਧਾਨਤਾ ਸੰਵੁਕਤਨੀ ਤੋੜ ਨਿਭਣੀ ਸੁਹਾਵੀ ਭਗਤੀ ਕੇਵਲ ਉੱਗਰ ਕਰਮ ਭਾਗਾਂ ਦਾ ਹੀ ਅੰਕੂਰ ਹੈ। ਯਥਾ ਗੁਰਵਾਕ—

**ਗੁਰੁ ਤੁਠਾ ਬਖਸੇ ਭਗਤਿ ਭਾਉ ॥ ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥**
**ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥ ੩ ॥**

**(ਬਸੰਤੁ ਮਃ ੧, ਪੰਨਾ ੧੧੭੦)**

ਇਹ ਸ਼ੁਭ ਲਛਣੀ ਭਾਗੁ ਭੀ ਪੂਰਬਲੇ ਸ਼ੁਭ ਕਰਮਾਂ ਦਾ ਹੀ ਅੰਕੂਰ ਹੁੰਦਾ ਹੈ। ਤਾਂ ਤੇ ਭਾਗਾਂ ਅੰਦਰਿ ਲਿਖਿਆ ਭੁਗਤਣਾ ਹੀ ਪੈਂਦਾ ਹੈ। ਸ਼ੁਭ ਭਾਗਾਂ ਦੀ ਸ਼ੁਭ ਲਿਖਤਣੀ ਸ਼ੁਭ ਭੁਗਤਣੀ ਕਰਾਉਂਦੀ ਹੈ। ਇਹ ਸ਼ੁਭ ਭੁਗਤਣੀ ਸ਼ੁਭ ਲੀਨਤਾ ਕਰਾਉਂਦੀ ਹੈ, ਭੁਗਤਿ ਮੁਕਤਿ ਦੇ ਦਾਤੇ ਓਤਿ ਪੋਤਿ ਅਭੇਦੀ ਗੁਰੂ ਕਰਤਾਰ ਦੇ ਸਰੂਪ ਵਿਚਿ।

ਜਿਸ ਜਗਿਆਸੂ ਦਾ ਅਤਿ ਉਤਮ ਅਤੇ ਉੱਗਰ ਭਾਗੁ ਹੁੰਦਾ ਹੈ ਸੋਈ ਗੁਰੂ ਦਾ ਸਿਖ ਸੇਵਕ ਸਿੰਘ ਬਣਦਾ ਹੈ ਅਤੇ ਗੁਰੂ-ਸਿਖ ਸੇਵਕ ਬਣ ਕੇ ਅਤੁਟ ਨਾਮ ਅਭਿਆਸ ਕਮਾਈਆਂ ਰੂਪੀ ਸੱਚੀ ਸੇਵਾ ਵਿਖੇ ਤੱਤਪਰ ਹੋ ਕੇ ਜੁਟਦਾ ਹੈ ਅਤੇ ਸਤਿਗੁਰੂ ਦੇ ਪਰਮ ਪਰਸਾਦ ਕਰਿ ਨਿਸ਼ਕਾਮ ਅਤੇ ਨਿਰਮਾਣ ਗੁਰ-ਭਗਤਿ-ਸੇਵਾ ਵਿਚ ਜੁਟ ਕੇ ਜੀਵਨ-ਮੁਕਤ ਹੋ ਜਾਂਦਾ ਹੈ। ਇਹ ਜੀਵਨ-ਮੁਕਤੀ ਦਾ ਪਰਮ ਪਦ ਗੁਰ ਪ੍ਰਸਾਦੀ ਹੀ ਪ੍ਰਾਪਤਿ ਹੁੰਦਾ ਹੈ। ਇਹ ਗੁਰੂ ਦਾ ਪ੍ਰਸਾਦ ਅਤਿ ਉਜਲਾ ਅਤੇ ਉਚਾ, ਜਗਿਆਸੂ ਜਨ ਦਾ ਕਰਮੁ (ਭਾਗੁ) ਹੈ। ਯਥਾ ਗੁਰਵਾਕ—

**ਕਰਮੁ ਹੋਵੈ ਤਾਂ ਸੇਵਾ ਕਰੈ ॥ ਗੁਰ ਪਰਸਾਦੀ ਜੀਵਤ ਮਰੈ ॥**

**(ਬਸੰਤੁ ਮਃ ੩ ਘਰ ੧ ਦੁਤੁਕੇ, ਪੰਨਾ ੧੧੭੨)**

ਅਜਿਹੇ ਉੱਗਰ ਭਾਗ ਉਦੇ ਹੋਣ ਤੋਂ ਬਿਨਾਂ ਸਾਰੀ ਲੁਕਾਈ ਭਰਮ-ਭੁਲਾਈ ਹੀ ਫਿਰਦੀ ਹੈ।


www.sikhbookclub.com

ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਸ਼ੁਭ ਕਰਮ ਹੀ ਸ਼ੁਭ ਭਾਗ ਦੇ ਲਖਾਇਕ ਅਤੇ ਸੂਚਕ ਹਨ। ਸ਼ੁਭ ਕਰਮਾਂ ਦੇ ਲੇਖ ਕਰਮ-ਬਿਧਾਤੇ ਅਤੇ ਕਰਮ-ਫਲ-ਪਰਦਾਤੇ ਸਿਰੀ ਅਕਾਲ ਪੁਰਖ ਦੇ ਅਟੱਲ ਹੁਕਮ ਅਨੁਸਾਰ, ਪਿਛਲੇ ਜਨਮਾਂ ਦੇ ਅੰਕੂਰਕ ਹੋਣ ਕਰਿ, ਨਵੀਨ ਜਨਮ ਮਿਲਣ ਪਰ ਜਗਿਆਸੂ ਜਨ ਦੇ ਮਸਤਕ ਤੇ ਲਿਖੇ ਜਾਂਦੇ ਹਨ, ਜਿਨ੍ਹਾਂ ਦਾ ਸੰਕੇਤਕ ਨਾਮ ਭਾਗੁ ਹੋ ਜਾਂਦਾ ਹੈ। ਸੋ ਭਾਗ ਸੁਲੱਖਣੇ ਕਰਮਾਂ ਦਾ ਭੁਗਤਾ ਹਰ ਇਕ ਜਗਿਆਸੂ ਜਨ ਜਨਮ ਤੋਂ ਹੀ ਹੋ ਜਾਂਦਾ ਹੈ। ਜਿਨ੍ਹਾਂ ਦੀ ਜਨਮ ਤੋਂ ਕੁਦਰਤੀ ਮਨ-ਰੁਚੀ ਭਗਤੀ ਭਾਵ ਵਲ ਹੁੰਦੀ ਹੈ ਉਨ੍ਹਾਂ ਦੇ ਸ਼ੁਭ ਮਸਤਕੀ ਭਾਗ ਹੀ ਮੁਢ ਤੋਂ ਸ਼ੁਭ ਸੁਰਤੀਗਤੇ ਹੁੰਦੇ ਹਨ। ਇਹ ਭਗਤੀ ਮਾਰਗ ਵਾਲਾ ਜਨਮ ਬਤੀਤਣੋਂ ਰਹਿ ਨਹੀਂ ਸਕਦੇ। ਓਹਨਾਂ ਦੇ ਇਸ ਜਨਮ ਅੰਦਰਿ ਨਦਰ ਕਰੰਮੀ ਇਕ ਸ਼ੁਆ ਮਾਤਰ ਹੀ ਮੁਕਤ ਗਤਿ, ਉਚ ਕਲਿਆਣਕਾਰੀ ਤੱਤ, ਭਗਤੀ ਦਾ ਤੱਤ ਫਲ ਅਰਪਾਉਣ ਨੂੰ ਸਮਰੱਥ ਹੋਇ ਆਵੰਦੀ ਹੈ। ਓਹ ਗੁਰੂ ਘਰ ਵਿਖੇ ਆ ਕੇ ਅੰਮ੍ਰਿਤ ਛਕਣ ਸਮੇਂ ਪਹਿਲੀ ਪਾਣ ਗੁੜ੍ਹਤੀ ਦੇ ਅੰਮ੍ਰਿਤ ਛਾਂਦੇ ਨਾਲਿ ਤ੍ਰਿਪਤ ਹੋ ਕੇ ਰਸ-ਜੋਤਿ-ਪ੍ਰਗਾਸੀ-ਅਨੰਦ ਮਾਨਣ ਵਾਲੇ ਹੋ ਜਾਂਦੇ ਹਨ। ਇਹ ਤੱਤ ਫਰੱਤੀ ਆਤਮ ਬਿਵਸਥਾ ਦਾ ਬਿਜਲੰਕਾਰੀ ਉਮਗਾਉ ਓਹਨਾਂ ਦੇ ਭਾਗਾਂ ਦਾ ਪਸਰਾਉ ਹੀ ਹੁੰਦਾ ਹੈ। ਇਹਨਾਂ ਭਾਗਾਂ ਬਿਹੂਣੋਂ ਆਮ ਦੁਨੀਆ ਭਰਮ-ਭੁਲਾਈ ਹੀ ਫਿਰਦੀ ਰਹਿੰਦੀ ਹੈ ਅਤੇ ਮੋਹ ਮਮਤਾ ਦੇ ਮਾਇਆਵੀ ਗੇੜ ਵਿਚਿ ਪੈ ਕੇ ਬਹੁਤ ਹੀ ਦੁਖਾਂ ਮਈ ਜਨਮ ਜਨਮਾਂਤਰੀ ਧੱਕੇ ਖਾਂਦੀ ਹੈ। ਯਥਾ ਗੁਰਵਾਕ—

**ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥**

(ਬਸੰਤ ਮਃ ੩, ਪੰਨਾ ੧੧੭੫)

ਜਿਨ੍ਹਾਂ ਜਗਿਆਸੂਆਂ ਦਾ ਪਰਾ-ਪੂਰਬਲਾ ਮਸਤਕਿ ਲਿਖਤੀ ਭਾਗੁ (ਕਰਮੁ) ਖੁਲ੍ਹਦਾ ਹੈ ਓਹਨਾਂ ਦੇ ਅੰਤਰਿ ਆਤਮੇ ਅੰਮ੍ਰਿਤ ਛਕਣ ਸਾਰ ਹੀ ਸੁਧਾ ਮੰਤ੍ਰੀ ਜਾਗ ਲਗ ਜਾਂਦਾ ਹੈ ਅਤੇ ਜੋਤਿ ਪ੍ਰਕਾਸ਼ ਦਾ ਖੇੜਾ ਹੋ ਜਾਂਦਾ ਹੈ। ਗੁਰ-ਸ਼ਬਦ ਮੰਤ੍ਰ ਓਹਨਾਂ ਨੂੰ ਅਮਿਉ ਰਸਾਇਣੀ ਮਿਠਾਸ ਵਾਲਾ ਹੋ ਕੇ ਸੰਜੀਵਨਤ ਹੋ ਜਾਂਦਾ ਹੈ। ਇਸ ਸ਼ਬਦ ਗੁਰ ਮੀਠੇ ਦੇ ਪ੍ਰਭਾਵ ਕਰਕੇ ਤਿਨ੍ਹਾਂ ਦੀ ਅਭਿਆਸ-ਕਲਾ ਭੀ ਅੰਮ੍ਰਿਤ ਸਰਸ਼ਾਰੀ ਅਤਿ ਮਿਠ-ਮਿਠਾਰੀ ਹੋ ਜਾਂਦੀ ਹੈ, ਜਿਸ ਦੇ ਜ਼ੋਰ ਤਾਣ ਕਰਿ ਖਿਨ ਖਿਨ ਨਾਮ ਅਭਿਆਸ ਕਲਾ ਜ਼ੋਰੋ ਜ਼ੋਰ ਵਧਦੀ ਤੇ ਹੋਰੋ ਹੋਰ ਵਧ-ਵਧੇਰੇ ਆਤਮ ਰੰਗ ਖੇੜਦੀ ਹੈ, ਜਿਸ ਜੋਤਿ-ਪ੍ਰਕਾਸ਼ ਦੇ ਖਿਨੋ ਖਿਨ ਵਧੰਦੇ ਰਸ-ਜੋਤਿ-ਸਪਰਸੀਏ ਪਾਰਸ-ਖੇੜੇ ਦੇ ਪ੍ਰਭਾਵ ਕਰਿ, ਉਸ ਨੂੰ ਆਪਣੇ ਘਟ ਵਿਖੇ ਅਤੇ ਹਰ ਪ੍ਰਾਣੀ ਦੇ ਘਟ ਵਿਖੇ ਜੋਤਿ-ਜੋਤੀਸ਼ਰ ਵਾਹਿਗੁਰੂ ਪ੍ਰਤਿਬਿੰਬਤ ਨਜ਼ਰੀ ਆਉਂਦਾ ਹੈ, ਪਰਤੱਖ ਦਿਸਦਾ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ—

**ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥ ਖੁਲ੍ਹਿਓ ਕਰਮੁ ਭਇਓ ਪਰਗਾਸਾ ਘਟਿ**
**ਘਟਿ ਹਰਿ ਹਰਿ ਡੀਠਾ ॥ ੧ ॥ ਰਹਾਉ ॥**

(ਸਾਰਗ ਮਃ ੫, ੧੨੧੨)

ਵਾਹਿਗੁਰੂ ਦੇ ਦਰਸ਼ਨਾਂ ਦਾ ਉਦਮ ਕਰਨਾ ਉਤਮ ਜਗਿਆਸੂ ਜਨ ਦੀ ਸ੍ਰਿਸ਼ਤ ਸਿਫ਼ਾਤੀ ਅੰਦਰਿ ਮਨਹਿਲੱਕ ਹੁੰਦਾ ਹੈ। ਉਹ ਦਰਸ਼ਨਾਂ ਦੇ ਉਦਮ ਕੀਤੇ ਬਿਨਾਂ ਰਹਿ ਨਹੀਂ ਸਕਦਾ। ਗੁਰਬਾਣੀ ਅੰਦਰਿ ਆਏ ਹੁਕਮ ਰੂਪ ਸਤਿਗੁਰੂ ਬਚਨਾਂ ਨੂੰ ਕਮਾਉਂਦਾ ਹੈ ਅਤੇ ਕਮਾਉਣ ਵਿਚਿ ਰੰਚਕ ਆਲਸ ਨਹੀਂ ਕਰਦਾ, ਨਾ ਹੀ ਬਿਲਮਤਾ ਦਿੰਦਾ ਹੈ। ਇਹ ਉਦਮ ਉਸ ਦੇ ਮੱਥੇ ਲਿਖੇ ਸ਼ੁਭ

ਕਰਮ ਭਾਗ ਹੀ ਕਰਾਉਂਦੇ ਹਨ। ਪਰ ਫੇਰ ਭੀ ਉਹ ਗੁਰਮੁਖਿ ਜਨ ਵਾਹਿਗੁਰੂ ਦੀਆਂ ਨਦਰ-ਕਰੰਮੀ ਮੇਹਰਾਂ ਦਾ ਹੀ ਪਾਤਰ ਬਣਿਆ ਰਹਿੰਦਾ ਹੈ ਅਤੇ ਜਦੋਂ ਦਰਸ਼ਨਾਂ ਦੀ ਪ੍ਰਾਪਤੀ ਹੁੰਦੀ ਹੈ ਤਦੋਂ ਉਹ ਇਹ ਸਭ ਕੁਛ ਉਸ ਦੀ ਨਦਰਾਂ ਦਾ ਸਦਕਾ ਹੀ ਜਾਣਦਾ ਹੈ। ਇਕ ਨਿਮਖ ਮਾਤਰ ਭੀ ਉਸ ਦੇ ਹਿਰਦੇ ਅੰਦਰਿ ਇਹ ਕੁਫੁਰਨੀ ਨਹੀਂ ਫੁਰਦੀ ਕੁਫੁਰਦੀ, ਕਿ ਇਹ ਦਰਸ਼ਨ-ਝਾਕਾ ਉਸ ਦੀ ਆਪਣੀ ਘਾਲਣਾ ਦਾ ਸਦਕਾ ਹੈ। ਇਸ ਨੂੰ ਉਹ ਫ਼ੈਜ਼-ਗੁੰਜਾਰੀ ਰਹਿਮਤਾਈ ਭਾਗਾਂ ਦਾ ਜ਼ਹੂਰ ਹੀ ਜਾਣਦਾ ਹੈ ਅਤੇ ਮਨ ਬਚ ਕਰਮ ਕਰਕੇ ਜਾਣਦਾ ਹੈ। ਜੈਸਾ ਕਿ ਇਸ ਗੁਰਵਾਕ ਦਾ ਤੱਤ ਆਸ਼ਾ ਹੈ—

ਉਦਮੁ ਕਰਉ ਦਰਸਨੁ ਪੇਖਨ ਕੌ ਕਰਮਿ ਪਰਾਪਤ ਹੋਇ ॥ ੧ ॥

(ਸਾਰਗ ਮਃ ੫, ਪੰਨਾ ੧੨੨੩)

ਇਸ ਗੁਰ ਵਾਕੀ ਤੁਕ ਅੰਦਰਿ ਕਰਮ ਦਾ ਭਾਵ-ਅਰਥ ਸਪੱਸ਼ਟ ਭਾਗੁ, ਸ਼ੁਭ ਨਸੀਬਾ ਭਾਗੁ ਹੈ। ਜੋਤਿ ਪ੍ਰਕਾਸ਼ੀਏ ਗੁਰਮੁਖਿ ਜਨਾਂ ਦਾ ਦਰਸ਼ਨ ਭੀ ਕਰਮਾਂ (ਭਾਗਾਂ) ਨਾਲ ਹੀ ਪ੍ਰਾਪਤ ਹੁੰਦਾ ਹੈ, ਐਵੇਂ ਨਹੀਂ। ਉਦਮ ਭੀ ਓਹਨਾਂ ਦਾ ਬਰ-ਹੱਕ ਹੈ। ਪਰ ਪ੍ਰਾਪਤੀ ਦਰਸ਼ਨ ਦੀ ਭਾਗਾਂ ਸੇਤੀ ਹੀ ਹੈ।

ਜਿਨ੍ਹਾਂ ਦੇ ਮਸਤਕਿ ਭਾਗੁ ਹੁੰਦਾ ਹੈ ਓਹੀ ਵਾਹਿਗੁਰੂ ਨਾਮ ਨੂੰ ਜਪਦੇ ਹਨ। ਨਿਗੁਰੇ ਨਰ ਨਾਰੀ ਨਾਮ ਨਹੀਂ ਜਪ ਸਕਦੇ। ਪਰਮਾਰਥੀ ਗੁਰਮਤਿ ਅਸੂਲ ਪੱਕਾ ਹੈ ਕਿ ਨਿਗੁਰਿਆਂ ਨੂੰ ਨਾਮ ਹੀ ਪ੍ਰਾਪਤਿ ਨਹੀਂ ਹੁੰਦਾ, ਜਪਣਾ ਤਾਂ ਓਹਨਾਂ ਨੇ ਕੀ ਸੀ। ਜਿਨ੍ਹਾਂ ਦਾ ਭਾਗ ਉਦੇ ਹੁੰਦਾ ਹੈ ਓਹ ਗੁਰੂ ਨਾਨਕ ਦੇ ਘਰਿ ਦਰਿ ਸ਼ਰਨੀ ਆਇ ਪੈਂਦੇ ਹਨ। ਤਿਥੇ ਉਹ ਸਗੁਰੇ ਬਣ ਕੇ ਗੁਰਮੰਤਰ ਗੁਰ-ਦੀਖਿਆ ਲੈਂਦੇ ਹਨ। ਤਦ ਉਹ ਨਾਮ ਜਪਣ ਜੋਗੇ ਹੁੰਦੇ ਹਨ। ਬੇ-ਪੀਰਿਆਂ ਨਿਗੁਰਿਆਂ ਨੂੰ ਨਾਮ ਨਹੀਂ ਮਿਲਦਾ ਅਤੇ ਸਗੁਰਾ ਓਹੀ ਹੁੰਦਾ ਹੈ ਜਿਸ ਦੇ ਭਾਗ ਖੁੱਲ੍ਹਣ। ਯਥਾ ਗੁਰਵਾਕ—

ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥ ਸਚਿ ਸਮਾਵੈ ਏਹੁ ਸਰੀਰੁ ॥ ੪ ॥ ੪ ॥ ੯ ॥

(ਮਲਾਰ ਮਃ ੧, ਪੰਨਾ ੧੨੫੭)

ਗੁਰਮਤਿ ਨਾਮ ਜਪਦੇ ਜਪਦੇ ਵਡਭਾਗੀਆਂ ਦਾ ਮਨ ਭੀ ਤੇ ਤਨ ਭੀ ਸੱਚੇ ਵਾਹਿਗੁਰੂ ਦੇ ਸਰੂਪ ਵਿਚਿ ਸਮਾ ਜਾਂਦਾ ਹੈ। ਪਹਿਲਾਂ ਨਾਮ ਦੇ ਜੋਤਿ ਤ੍ਰੰਗੀ ਸਰੋਵਰ ਵਿਚਿ ਤਾਰੀਆਂ ਲਾ ਕੇ ਤ੍ਰਿਬੁਡ ਹੋ ਜਾਂਦਾ ਹੈ, ਫੇਰ ਨਾਮੀ ਵਾਹਿਗੁਰੂ ਸੇਤੀ ਇਕ-ਮਿਕ ਹੋਇ ਸਮਾਵੰਦਾ ਹੈ।

ਪੂਰਾ ਸ਼ਬਦ ਵਾਹਿਗੁਰੂ ਪੂਰੇ ਭਾਗਾਂ (ਕਰਮਾਂ) ਨਾਲਿ ਹੀ ਧਿਆਇਕੈ ਮਨਿ ਵਸਾਇਆ ਜਾਂਦਾ ਹੈ—

ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥

(ਵਾਰ ਮਲਾਰ ਕੀ, ਪਉੜੀ ੧੯, ਪੰਨਾ ੧੨੯੬)

ਪੂਰੇ ਸਤਿਗੁਰੂ ਗੁਰ ਨਾਨਕ ਦੀਆਂ ਵਡੀਆਂ ਵਡਿਆਈਆਂ ਹਨ। ਪ੍ਰੰਤੂ ਵਡੇ ਭਾਗਾਂ ਨਾਲਿ (ਪੂਰੇ ਕਰਮਾਂ ਸੇਤੀ) ਹੀ ਐਸਾ ਸੱਚਾ ਸਤਿਗੁਰੂ ਪਾਇਆ ਜਾ ਸਕਦਾ ਹੈ। ਨਹੀਂ ਤਾਂ ਭਾਗ-ਹੀਣ ਭਉਂਦੂ ਭੇਖੀ ਅਤੇ ਡਿੰਭੀ ਅਲਪਗ ਦੇਹਧਾਰੀ ਗੁਰੂਆਂ ਪਾਸ ਹੀ ਭਉਂਦੇ ਭਰਮਦੇ ਫਿਰਦੇ ਹਨ।


www.sikhbookclub.com

ਆਪਣਾ ਜਨਮ ਬਿਰਥਾ ਹੀ ਗੰਵਾ ਲੈਂਦੇ ਹਨ। ਫੇਰ ਓਹਨਾਂ ਨੂੰ ਬਹੁਤੇ ਜਨਮਾਂ ਵਿਚਿ ਭਰਮਣਾ ਪੈਂਦਾ ਹੈ। ਓੜਕ ਮੁੜ ਘਿੜ ਕੇ ਜਦੋਂ ਭੀ ਇਸ ਜੀਵ ਦੀ ਕਲਿਆਣ ਹੋਣੀ ਹੈ ਤਾਂ ਗੁਰੂ ਨਾਨਕ ਸਾਹਿਬ ਦੇ ਘਰੋਂ ਹੀ ਹੋਣੀ ਹੈ। ਜਿਸ ਦਾ ਭਾਗ ਖੁਲ੍ਹਦਾ ਹੈ, ਓਹੀ ਸੱਚੇ ਸਤਿਗੁਰੂ ਦੇ ਦਰੋਂ ਘਰੋਂ ਵਰੋਸਾਉਂਦਾ ਹੈ—

**ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ ਕਰਮਿ ਮਿਲੈ ਤਾਂ ਪਾਇ ॥**

(ਸਲੋਕ ਮਃ ੩, ਪੰਨਾ ੧੪੧੯)

ਧੁਰੋਂ ਬਖ਼ਸ਼ਸ਼ ਵਾਲੇ ਭਾਗੁ (ਕਰਮੁ) ਜਿਨ੍ਹਾਂ ਦੇ ਜਾਗ ਪਏ ਹਨ, ਓਹਨਾਂ ਨੂੰ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦਿਆਂ ਇਕ ਬਿਲਮ ਨਹੀਂ ਲਗਦੀ। ਇਸ ਬਖ਼ਸ਼ਸ਼ ਨੂੰ ਕੋਈ ਮੇਟ ਨਹੀਂ ਸਕਦਾ।

**ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥ ੬ ॥**

(ਸਿਰੀਰਾਗੁ ਮਃ ੧, ਪੰਨਾ ੬੨)

ਗੁਰਮੁਖਾਂ ਦੀ ਸੰਗਤਿ ਦਾ ਮਿਲਣਾ ਭੀ ਭਾਗਾਂ ਕਰਕੇ ਹੀ ਹੈ। ਤਿਸ ਸਤਸੰਗਿ ਰੂਪੀ ਸਥਾਨ ਵਿਖੇ ਬੈਠ ਕੇ ਅਤੇ ਗੁਰਮੁਖਾਂ ਪਿਆਰਿਆਂ ਨਾਲਿ ਰਲ ਮਿਲ ਕੇ ਵਾਹਿਗੁਰੂ ਦੇ ਗੁਣ ਗਾਵਣ ਨਾਲਿ ਦਾਤਾ ਦਿਆਲ ਹੁੰਦਾ ਹੈ। ਇਹ ਦਇਆਲਤਾ ਵਾਹਿਗੁਰੂ ਨਾਲਿ ਮੇਲਣ ਦੀ ਸਫਲ ਸੁਭਾਗਤਾ ਹੈ।

**ਕਰਮੁ ਹੋਵੈ ਸਤਸੰਗਿ ਮਿਲਾਏ ॥ ਹਰਿ ਗੁਣ ਗਾਵੈ ਬੈਸਿ ਸੁ ਥਾਏ ॥ ੧ ॥ ਰਹਾਉ ॥**

(ਗਉੜੀ ਗੁਆਰੇਰੀ ਮਹਲਾ ੩, ਪੰਨਾ ੧੫੮)

ਸਗੁਰੇ ਜਗਿਆਸੂ ਦਾ ਅਪਣਾਇਆ ਹੋਇਆ ਸਤਿਗੁਰੂ ਗੁਰੂ ਨਾਨਕ ਦਸਮੇਸ਼ ਤਿਸ ਨੂੰ ਤੁਠ ਕੇ ਨਾਮ ਦੀ ਦਾਤਿ ਦਿੰਦਾ ਹੈ, ਉਸ ਦੇ ਮਸਤਕ ਉਤੇ ਇਸ ਨਾਮ-ਪ੍ਰਾਪਤੀ ਦੇ ਭਾਗ ਦੀ ਰੇਖਾ ਪਹਿਲਾਂ ਹੀ ਲਿਖੀ ਹੁੰਦੀ ਹੈ।

**ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ ॥ ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ ॥ ੧ ॥**

(ਧਨਾਸਰੀ ਮਃ ੫, ਪੰਨਾ ੬੮੦)

ਐਸੀ ਦਾਤਿ-ਬਖ਼ਸ਼ੰਦ ਦਾ ਬਖ਼ਸ਼ਿਆ ਹੋਇਆ ਗੁਰਮੁਖਿ ਜਨ ਆਪਣੇ ਕਰਮੀ ਕਮਲ ਜਮਾਲ ਦੇ ਕ੍ਰਿਸ਼ਮੇ ਨਾਲਿ ਹੋਰਨਾਂ ਸੰਗੀਆਂ ਨੂੰ ਭੀ ਨਾਮ-ਤ੍ਰੰਗਤਾ ਦੀ ਪ੍ਰੇਰਨਾ ਕਰ ਕੇ, ਪੰਜਾਂ ਪਿਆਰਿਆਂ ਦੀ ਸਰਣਾਗਤਿ ਲਿਆ ਕੇ ਗੁਰੂ ਸਮਰੱਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰੋਂ ਨਾਮ ਦਿਵਾਉਂਦਾ, ਨਾਮ ਜਪਾਉਂਦਾ ਅਤੇ ਨਾਮ ਦ੍ਰਿੜ੍ਹਾਉਂਦਾ ਹੈ। ਇਸ ਕਲਜੁਗ ਵਿਖੇ ਇਹੋ ਪੁੰਨ ਧਰਮ ਅਜਿਹੇ ਗੁਰਮੁਖਾਂ ਨੇ ਖਟਿਆ ਹੈ। ਇਹ ਪੁੰਨ ਧਰਮ ਕਰਮ ਓਹਨਾਂ ਦਾ ਸੱਚਾ ਧਰਮ-ਆਹਰ ਹੋ ਗਿਆ ਹੈ। ਲਿਖਤ ਲਿਲਾਟੀ ਕਰਮਾਂ (ਭਾਗਾਂ) ਦੀ ਸੱਚੀ ਖੇਡ ਹੈ। ਜਿਸ ਨੂੰ ਖਿਡਾਏ ਉਹੀ ਖੇਡਦਾ ਹੈ।

# ੬ - ਕਰਮ-ਫਲ-ਪਰਦਾਤਾ ਗੁਰੂ ਕਰਤਾਰ

## (ਕੀਤੇ ਕਰਮਾਂ ਦੀ ਫਲ-ਦਾਤਿ ਕਰਨੇਹਾਰ ਕਰਤਾਰ ਦੇ ਹਥਿ ਵਸਿ ਹੈ)

ਧੁਰਿ ਮਸਤਕਿ ਲਿਖਤ ਲਿਖੀ ਅਨੁਸਾਰ ਕਈ ਸ਼ੁਭ ਅਸ਼ੁਭ ਕਰਮ ਐਸੇ ਹਨ ਜੋ ਪ੍ਰਾਣੀ ਨੂੰ ਅਵੱਸ਼ੋਂ ਕਰਨੇ ਪੈਂਦੇ ਹਨ। ਏਹਨਾਂ ਅਵੱਸ਼ੋਂ ਕਰਨ ਯੋਗ ਕਰਮਾਂ ਦੀ ਲਿਖਤ ਭੀ ਕਰਤੇ ਪੁਰਖ ਵਲੋਂ ਲਿਖੀ ਹੋਈ ਹੁੰਦੀ ਹੈ। ਉਸ ਲਿਖਤ ਅਨੁਸਾਰ ਪ੍ਰਾਣੀ ਸੋ ਸੋ ਕਰਮ ਕਰਦਾ ਹੈ ਜਿਹੋ ਜਿਹੀ ਲਿਖਤ ਲਿਖ ਕੇ ਪਾਈ ਹੋਈ ਹੁੰਦੀ ਹੈ—

**ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ ॥ ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ ॥ ੨ ॥**

(ਸੋਰਠਿ ਮਃ ੫ ਘਰੁ ੧, ਪੰਨਾ ੬੧੦)

ਇਸ ਗੁਰਵਾਕ ਦੇ ਭਾਵ ਅਨੁਸਾਰ ਇਹ ਗੱਲ ਸਪੱਸ਼ਟ ਹੈ ਕਿ ਕਰਤੇ ਪੁਰਖ ਨੇ ਜੈਸੀ ਕਿਰਤ ਲਿਖ ਕੇ ਪਾਈ ਹੈ, ਜੈਸੀ ਲਿਖਤ ਲਿਖੀ ਹੈ, ਓਸੇ ਅਨੁਸਾਰ ਹੀ ਪ੍ਰਾਣੀ ਸੋਈ ਸੋਈ ਕਰਮ ਕਰਦਾ ਹੈ। ਗੁਰੂ ਕੇ ਸੇਵਕਾਂ ਸਿੱਖਾਂ ਨੂੰ ਗੁਰੂ ਕਰਤਾਰ ਨੇ ਉਸ ਦੇ ਪੂਰਬਲੇ ਸ਼ੁਭ ਲਿਖਤੀ ਕਰਮਾਂ ਅਨੁਸਾਰ ਨਾਮ ਜਪਣ ਦੀ ਸੇਵਾ ਰੂਪੀ ਸ਼ੁਭ ਸ੍ਰੇਸ਼ਟ ਤੇ ਸ਼ੁਭ ਕਰਮ ਹੀ ਲਿਖ ਕੇ ਦਿੱਤਾ ਹੈ। ਇਹ ਕਰਮ-ਫਲ-ਦਾਤਿ ਕਰਤੇ ਪੁਰਖ ਦੇ ਹੱਥ ਵਸਿ ਹੀ ਹੈ। ਇਹ ਫਲ-ਪਰਦਾਤੀ-ਕਰਮ, ਦਾਤਾ, ਕਰਮ-ਫਲ-ਪਰਦਾਤਾ, ਕਰਤਾ ਪੁਰਖ ਗੁਰੂ ਕਰਤਾਰ ਆਪਿ ਆਪਣੀ ਕਰਮ-ਅਭੀਚੀ ਪ੍ਰੇਰਨਾ ਦੇ ਜ਼ੋਰ ਕਰਾਉਂਦਾ ਹੈ। ਕਰਮ ਕਰਨੇਹਾਰ ਪ੍ਰਾਣੀ ਦਾ ਇਸ ਕਰਮ ਯਾ ਏਹਨਾਂ ਕਰਮਾਂ ਦੇ ਕਰਨ ਵਿਚਿ ਕੋਈ ਜ਼ੋਰ ਤਾਣ ਨਹੀਂ ਚਲਦਾ। ਕਿਉਂਕਿ ਇਹ ਕਰਮ ਉਸ ਦੇ ਪੂਰਬਲੇ ਕਰਮਾਂ ਦੇ ਸਿਲੇ ਵਿਚਿ ਉਸ ਦੇ ਧੁਰਿ ਮਸਤਕ ਲਿਖਤੀ ਕਰਮ ਹਨ, ਜੋ ਕਰਮ-ਬਿਧਾਤੇ ਗੁਰੂ ਕਰਤਾਰ ਨੇ ਕਰਮ ਦੇ ਫਲ ਰੂਪੀ ਸਿਲੇ ਵਿਚਿ ਸਭ ਤੋਂ ਭੁਗਤਾਉਣੇ ਹਨ। ਕਰਮਾਂ ਦਾ ਯਾ ਕਰਮ ਕਰਨਹਾਰੇ ਪ੍ਰਾਣੀ ਦਾ ਇਸ ਕਰਮ ਯਾ ਏਹਨਾਂ ਕਰਮਾਂ ਦੇ ਕਰਨ ਵਿਚ ਕੋਈ ਵਸ ਯਾ ਵਾਸਤਾ ਨਹੀਂ। ਕਰਮ ਕਰਨਹਾਰੇ ਦੇ ਆਪਣੇ ਵੱਸ ਹੋਵੇ ਤਾਂ ਉਹ ਆਪਣੇ ਆਪਿ ਹੀ ਫਲ ਭੁਗਤ-ਭੁਗਤਾ ਲਵੇ। ਕਰਮਾਂ ਦੇ ਵੱਸ ਦੀ ਗੱਲ ਹੋਵੇ ਤਾਂ ਕੇਵਲ ਕਰਮ ਹੀ ਪਰਧਾਨ ਨ ਬਣਿ ਬੈਠਣ। ਗੁਰਮਤਿ ਅੰਦਰਿ ਕਰਮ ਨਿਰਜੀਉ ਹਨ। ਏਹਨਾਂ ਅੰਦਰਿ ਆਪੋਂ ਫਲ ਭੁਗਤਣ-ਭੁਗਤਾਉਣ ਦੀ ਸੱਤਾ ਨਹੀਂ। ਆਨਮਤ ਕਰਮ ਫ਼ਿਲਾਸਫ਼ੀ ਏਸ ਕਰਕੇ ਫੋਕਟ ਹੈ।

### ਨਿਰਬਾਣ ਪਦ

ਆਨਮਤਾਂ ਅਨੁਸਾਰ, ਖਾਸ ਕਰਿ ਬੁਧ ਮਤਿ ਅਨੁਸਾਰ ਕਰਮਾਂ ਨੂੰ ਐਥੋਂ ਤਾਈਂ ਪਰਧਾਨਤਾ ਦਿੱਤੀ ਗਈ ਹੈ ਕਿ ਓਥੇ ਨਿਰਬਾਣ ਪਦ ਭੀ ਕਰਮਾਂ ਉਪਰ ਨਿਰਭਰ ਹੈ। ਸਿਖਰਲੇ ਸ੍ਰੇਸ਼ਟ ਕਰਮ ਹੀ


www.sikhbookclub.com

ਓਥੇ ਨਿਰਬਾਣ ਰੂਪ ਗਰਦਾਨੇ ਗਏ ਹਨ। ਕਰਮ ਕਰਨਹਾਰਾ ਆਪੋਂ ਹੀ ਨਿਰਬਾਣ ਪਦ ਨੂੰ ਪੁਗਿਆ ਹੋਇਆ ਕੈਸੇ ਮੰਨਿਆ ਜਾ ਸਕਦਾ ਹੈ? ਆਨਮਤ ਕਰਮ ਨਿਰਬਾਣਤਾ ਪਦ ਤਿਨ੍ਹਾਂ ਮਤਿ-ਅਵਲੰਬੀਆਂ ਨੂੰ ਅਹੰਮਤ ਮਤਸਰ ਅਤੇ ਓੜਕ ਕੋਰੇ ਅਤੇ ਫੋਕਟ ਨਾਸਤਕ ਬਣਾ ਦਿੰਦਾ ਹੈ, ਪਰਮਾਤਮਾ ਤੋਂ ਨਿਰੋਲ ਮੁਨਕਰ ਕਰਾ ਦਿੰਦਾ ਹੈ। ਅਹੰਬ੍ਰਹਮ ਅਸਮੀ ਦੀ ਇੱਲਤ ਭੀ ਏਥੋਂ ਹੀ ਚਿਮੜਦੀ ਹੈ। 'ਮੈਂ ਰੱਬ ਹਾਂ' ਦਾ ਫੋਕਾ ਦਾਅਵਾ ਇਸ ਨਿਰਬਾਣ ਕਰਮ ਇਲਤੀ ਫ਼ਿਲਾਸਫ਼ੀ ਤੋਂ ਹੀ ਉਪਜਦਾ ਹੈ। ਇਹ ਨਿਰਬਾਣ ਕਰਮ ਇਲਤੀ ਫ਼ਿਲਾਸਫ਼ੀ ਹੀ ਨਾਸਤਕਾਂ ਦੀ ਜਾਨ ਹੈ। ਗੁਰਮਤਿ ਅੰਦਰਿ ਨਿਰੇ ਕਰਮਾਂ ਦੇ ਵੱਸ ਦੀ ਕੋਈ ਗੱਲ ਨਹੀਂ। ਨਾ ਹੀ ਕਰਮ ਕਰਨਹਾਰੇ ਪ੍ਰਾਣੀ ਦੇ ਕੁਛ ਵਸੀਕਾਰ ਹੈ। ਉਸ ਦੇ ਕੀਤੇ ਕਰਮਾਂ ਦਾ ਫਲ ਦੇਣਹਾਰ ਗੁਰੂ ਕਰਤਾਰ ਹੈ। ਸ਼ੁਭ ਅਸ਼ੁਭ ਕਰਮ ਜੋ ਭੀ ਪ੍ਰਾਣੀ ਕਰਦਾ ਹੈ, ਉਸ ਦਾ ਫਲ ਭੁਗਤਾਣੀ ਸਵਾਬ ਯਾ ਅਜ਼ਾਬ ਸਭ ਕਰਤੇ ਪੁਰਖ ਦੇ ਵਸਿ ਹੈ। ਕੀਤੇ ਕਰਮਾਂ ਦਾ ਦੇਣਹਾਰ ਯਾ ਲੈਣਹਾਰ, ਕਰਮ ਕਰਨਹਾਰ ਪ੍ਰਾਣੀ ਹੀ ਗਰਦਾਨਿਆ ਜਾਂਦਾ ਹੈ, ਨਾ ਕਿ ਫਲ ਭੁਗਤਾਉਣ-ਹਾਰਾ ਸਮਰੱਥ ਕਰਤਾ ਪੁਰਖ। ਜਿਥੇ ਓਹ ਕਰਮਾਂ ਦੀ ਸ਼ਕਲ ਵਿਚਿ ਫਲ ਭੁਗਤਾਉਂਦਾ ਹੈ ਉਥੇ ਉਸੇ ਸ਼ਕਲ ਵਿਚ ਉਸ ਨੂੰ, ਅਰਥਾਤ, ਪੁਰਖ ਬਿਧਾਤੇ ਨੂੰ ਕਰਮਾਂ ਦਾ ਕਰਤਾ ਭੁਗਤਾ ਦਾਤਾ ਆਖਿਆ ਜਾਂਦਾ ਹੈ। ਪਰ ਇਸ ਤੋਂ ਕਰਮਾਂ ਦਾ ਕਰਨਹਾਰ ਪ੍ਰਾਣੀ ਆਪਣੀ ਕਰਮ-ਗਤਿ ਤੋਂ ਗ਼ੈਰ ਜ਼ੁੰਮੇਵਾਰ ਨਹੀਂ ਸਮਝਿਆ ਜਾਂਦਾ। ਉਸ ਦੇ ਕਰਮਾਂ ਦੀ ਸਜ਼ਾ ਜਜ਼ਾ ਯਾ ਸਵਾਬ ਦਿਹੰਦੀ ਫਲ-ਸਮਰੱਥਾ ਉਸ ਦੇ ਆਪਣੇ ਹੱਥ ਨਹੀਂ, ਬਲਕਿ ਕਰਮ-ਫਲ-ਪਰਦਾਤੇ ਗੁਰੂ ਕਰਤਾਰ ਦੇ ਵਸਗਤਿ ਹੈ। ਕਰਮ ਅਹੰ-ਮਤਸਰੀ ਅਗਿਆਨੀ ਪੁਰਸ਼ ਸ਼ੁਭ ਕਰਮਾਂ ਦਾ ਕਰਨਹਾਰ ਤਾਂ ਆਪ ਖ਼ੁਦ ਬਣ ਕੇ ਬੈਠਦਾ ਹੈ ਅਤੇ ਅਸ਼ੁਭ ਕਰਮ ਕਿਸੇ ਹੋਰ ਤਾਕਤ ਦੇ ਮੱਥੇ ਮੜ੍ਹਦਾ ਹੈ। ਚਾਹੇ ਉਹ ਉਸ ਤਾਕਤ ਤੋਂ ਵਾਸਤਵ ਵਿਚਿ ਮੁਨਕਰ ਹੀ ਹੋਵੇ। ਪਰ ਬੁਰੇ ਕਰਮਾਂ ਦੀ ਬੁਰਾਈ ਦਾ ਜ਼ਿੰਮੇਵਾਰ ਠਹਿਰਾਉਣ ਨੂੰ ਕਿਸੇ ਹੋਰ ਤਾਕਤ ਨੂੰ ਗ਼ਰਦਾਨਦਾ ਹੈ। ਉਥੇ ਉਸ ਦੀ ਨਾਸਤਕਤਾ ਭੀ ਭੁੱਰਰ ਹੋ ਜਾਂਦੀ ਹੈ। ਗੁਰਮਤੋਂ ਸਖਣੇ ਜਿਤਨੇ ਵੀ ਮਨਮੁਖ ਹਨ, ਸਭਨਾਂ ਅੰਦਰਿ ਨਾਸਤਕਤਾ ਦਾ ਅਨਸਰ ਬਹੁਤ ਕੰਮ ਕਰਦਾ ਹੈ। ਕਰਮ ਪਰਧਾਨ ਮੰਨਣਹਾਰਿਆਂ ਨਿਰਬਾਣ ਮਤੀਸ਼ਰੀ ਦਾਨਿਆ ਅੰਦਰਿ ਇਸ ਨਾਸਤਕਤਾ ਦੀ ਸਗੋਂ ਬਾਹਲੀ ਬਹੁਲਤਾ ਹੈ। ਓਹਨਾਂ ਦੇ ਨਿਰਬਾਣ ਆਸਰਤ ਕਰਮ ਭੀ ਸਭ ਹਾਸੋਹੀਣੇ ਹਨ। ਚੇਸ਼ਟਾ ਤ੍ਰਿਸ਼ਨਾ ਨੂੰ ਮਾਰਨਾ ਓਹ ਆਪਣੀ ਉਕਤੀ ਯੁਕਤੀ ਵਾਲੇ ਤਿਆਗ ਦੁਆਰਾ ਹੀ ਨਿਰਬਾਣ ਸਮਝਦੇ ਹਨ। ਜਿਹੜਾ ਇਨਸਾਨ ਸਮੂਹ ਸੰਸਾਰਕ ਵਾਸ਼ਨਾ ਤ੍ਰਿਸ਼ਨਾ ਤੋਂ ਉੱਕਾ ਹੀ ਨਿਰਵਾਸ ਅਤੇ ਨਿਰਚਾਹ ਹੋ ਗਿਆ, ਬਸ, ਉਹ ਓਹਨਾਂ ਦੇ ਭਾਣੇ ਨਿਰਬਾਣ ਪਦ ਨੂੰ ਪ੍ਰਾਪਤ ਹੋ ਗਿਆ। ਹਠ ਯੋਗ ਵਾਲੇ ਤਿਆਗ ਦਾ ਮਸਲਾ ਹੀ ਅਸਲ ਨਿਰਬਾਣ ਪਦ ਦੀ ਪਹੁੰਚ ਤੋਂ ਆਸਕਤ ਹੈ। ਗੁਰਮਤਿ ਅੰਦਰਿ ਅਸਲ ਨਿਰਬਾਣ ਇਸ ਬਿਧਿ ਨਿਰਣਤ ਹੈਃ-

**ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥ ੨ ॥**
**ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਨਾਮਿ ਰਤਾ ਸੋਈ ਨਿਰਬਾਣੁ ॥ ੩ ॥**

**(ਆਸਾ ਮਃ ੫, ਪੰਨਾ ੩੮੫)**

ਤਾਂ ਤੇ ਨਿਰਬਾਣ ਪਦ ਦੇ ਗਾਹਕ ਨੂੰ ਗ੍ਰਿਹਸਤ ਦੇ ਤਿਆਗ ਦੀ ਲੋੜ ਨਹੀਂ, ਨਾ ਹੀ ਹਠ ਯੋਗ ਨਾਲਿ ਟੱਕਰਾਂ ਮਾਰਨ ਦੀ ਕੋਈ ਜ਼ਰੂਰਤ ਹੈ। ਬਸ, "**ਨਿਰਬਾਣ ਪਦੁ ਇਕੁ ਹਰਿ ਕੋ ਨਾਮੁ**

॥"[1] ਦੇ ਗੁਰ ਵਾਕ ਅਨੁਸਾਰ ਗੁਰਮਤਿ ਨਾਮ ਅਭਿਆਸ ਕਮਾਈ ਹੀ ਨਿਰਬਾਣ ਪਦ ਦੀ ਸੂਚਕ ਹੈ। ਇਸ ਤੱਤ ਨਿਰਬਾਣ ਪਦ ਲਈ ਹੋਰਤ ਕਰਮ ਕ੍ਰਮਾਉਣੇ ਸਭ ਨਿਸਫਲ ਹਨ। ਆਨਮਤੀਆਂ ਦੀ ਤਾਂ ਕਰਮ ਪਰਧਾਨਤਾ ਵਾਲੀ ਕੁਮੱਤ ਹੀ ਸਫਲ ਫਲ ਹੈ, ਜਿਸ ਦਾ ਕਿ ਗੁਰਮਤਿ ਅੰਦਰਿ ਉੱਕਾ ਹੀ ਵਿਧਾਨ ਨਹੀਂ, ਸਗੋਂ ਨਿਖੇਧ ਹੀ ਨਿਖੇਧ ਹੈ। ਨਿਰਾ ਕਰਮੁ, ਫਲ ਪਰਦਾਨਤਾ ਦੀ ਸ਼ਕਤਿ ਤੇ ਆਸਕਤ (ਨਿਪੁੰਸਕ) ਹੈ। ਤਾਂ ਤੇ ਕਰਮ ਦੀ ਪਰਧਾਨਤਾ ਕਿਥੇ ਅਤੇ ਕਿਵੇਂ ਰਹੀ? ਪਰਧਾਨਤਾ ਕੇਵਲ ਫਲ-ਪਰਦਾਤੇ ਨੂੰ ਹੀ ਹੈ। ਕਰਮ-ਫਲ-ਪਰਦਾਤਾ ਸਰਬ ਸ਼ਕਤੀਸ਼ਰ ਵਾਹਿਗੁਰੂ ਹੀ ਹੈ। ਜਿਸ ਤੋਂ ਉਪਰ ਸ਼ਕਤੀਵਾਨ (Almighty) ਸ਼ਕਤਿ ਤਾਕਤ ਹੋਰ ਕਿਸੇ ਨੂੰ ਨਹੀਂ। ਕਰਮਾਂ ਦੀ ਸੁਫਲ ਫਲਾਣੀ ਤਾਕਤ ਸ਼ਕਤਿ ਕਰਤੇ ਪੁਰਖ ਨੂੰ ਹੀ ਸ੍ਵੈਭੰ ਸਰੂਪ ਵਿਚਿ ਪ੍ਰਾਪਤਿ ਹੈ। ਇਹ ਤਾਕਤ ਸ਼ਕਤਿ ਨਾ ਕਿਸੇ ਪ੍ਰਕਿਰਤੀ ਜੀਵ ਨੂੰ ਪ੍ਰਾਪਤਿ ਹੈ ਨਾ ਪ੍ਰਕਿਰਤੀ ਕਿਰਤ ਨੂੰ । ਕਰਮ ਨੂੰ ਤਾਂ ਕੀ ਹੋਣੀ ਸੀ! ਤਿਸ ਤਾਕਤ ਨੂੰ ਸਿਰੀ ਜਪੁਜੀ ਸਾਹਿਬ ਦੀ ਤੇਤੀਵੀਂ ਪਉੜੀ ਵਿਚ 'ਜੋਰੁ' ਦਾ ਪਦ ਦੇ ਕੇ ਦਰਸਾਇਆ ਗਿਆ ਹੈ। ਤੇ ਨਿਰੂਪਣ ਕੀਤਾ ਗਿਆ ਹੈ ਕਿ ਇਹ ਜੋਰ (ਤਾਕਤ, ਸਕਤ, might) ਨਾ ਤਾਂ ਆਖਣ ਭਾਖਣ ਕਰਕੇ ਮਿਲਦਾ ਹੈ ਨਾਹੀ ਬੇਦ ਬੀਚਾਰੀ, ਬੇਦ ਪਾਠ ਪੜਤਾਰੀ ਆਨਮਤ ਮੰਤ੍ਰੀ ਬੋਲ ਬੋਲਾਰੀ ਭਾਖਿਆ ਆਖ-ਭਾਖਿਆ ਤੋਂ ਮਿਲਦਾ ਹੈ। ਨਾ ਹੀ ਆਨਮਤ ਕਰਮ ਕਰਮਾਰੀ ਮੋਨ (ਚੁਪ) ਸਾਧਿਆਂ ਮਿਲਦਾ ਹੈ। ਇਹ 'ਜੋਰ' ਆਪ-ਹੁਦਰੀ ਮੰਗਣ ਮੰਗਿਆਂ ਭੀ ਨਹੀਂ ਮਿਲਦਾ। ਨਾ ਹੀ ਦੇਣ ਦਾਤਾਰ ਦਾਤਿ-ਸ਼ਕਤੀ ਦੇ ਦਾਤਾ ਬਣਿਆਂ ਮਿਲਦਾ ਹੈ। ਇਹੁ ਜੋਰ ਚਿਰੰਜੀਵੀ ਜੀਵਣ ਜੀਵਿਆਂ ਭੀ ਨਹੀਂ ਮਿਲਦਾ, ਨਾ ਹੀ ਅਹੰਮਤਿ ਮਰਨੀ ਮਰੀਵਿਆਂ ਮਿਲਦਾ ਹੈ। ਮਰਨ ਮੁਕਤਿ ਪਦ ਵਾਲੀ, ਜੋਰ (ਤਾਣ) ਵਾਲੀ ਗੱਲ ਗੁਰਮਤਿ ਅੰਦਰਿ ਛੋਛੀ ਅਤੇ ਹੋਛੀ ਗਰਦਾਨੀ ਗਈ ਹੈ। ਇਹ ਤਾਣੁ (ਕਲਾ, ਬਲ) ਨਾ ਹੀ ਰਾਜ ਕਰਕੇ, ਨਾ ਹੀ ਮਾਲ ਕਰਕੇ, ਨਾ ਹੀ ਮਨ ਸੰਕਲਪਤ ਸ਼ੋਰ-ਸ਼ਰਾਬੇ ਵਾਲੇ ਅਲਪਗ ਅਤੇ ਮਸਨੂਈ ਧਿਆਨ ਜਮਾਇਆਂ ਮਿਲਦਾ ਹੈ। ਇਹ ਸਰਬ ਕਲਾ ਸਮਰੱਥਤਾ ਵਾਲਾ ਆਤਮ-ਬਲ ਤਾਣ (ਜੋਰ) ਸੁਰਤੀਆਂ ਸਿਮ੍ਰਤੀਆਂ ਦੇ ਖ਼ੁਸ਼ਕ ਗਿਆਨ ਵੀਚਾਰ ਦੁਆਰਾ ਪ੍ਰਾਪਤਿ ਨਹੀਂ ਹੁੰਦਾ। ਨਾ ਹੀ ਇਹ ਜੋਰ (ਸਮਰੱਥਤਾ ਸੰਪੰਨ ਆਮ ਬਲ) ਸੰਸਾਰ ਤੋਂ ਤਿਆਗ ਛੁਟਕਾਰੇ ਦੀਆਂ ਜੁਗਤੀਆਂ ਦੁਆਰਾ ਹੀ ਪ੍ਰਾਪਤਿ ਹੁੰਦਾ ਹੈ। ਆਪਣੇ ਤਾਣ, ਆਪਣੇ ਕਰਮਾਂ ਦੇ ਆਸਰੇ, ਆਪੋਂ ਕੋਈ ਉਤਮ ਨਹੀਂ ਬਣ ਸਕਦਾ। ਕਰਮ ਵਿਕਰਮੀ ਨੀਚਤਾ ਵਾਲਾ ਫਲ-ਪਰਦਾਤਾ ਭੀ ਇਕੋ ਅਕਾਲ ਪੁਰਖ ਹੈ। ਆਪੋਂ ਕੋਈ ਉਤਮ ਨੀਚ ਨਹੀਂ ਬਣਿ ਕਹਾ ਸਕਦਾ। ਜਿਸ ਸਰਬ ਕਲਾ ਸਮਰੱਥ ਅਕਾਲ ਪੁਰਖ ਦੇ ਹੱਥ ਵੱਸ ਵਿਚਿ ਸਾਰਾ ਬਲੁ ਤਾਣੁ ਜ਼ੋਰ ਹੈ ਓਹੀ ਬਲ ਜ਼ੋਰ ਮਾਨੁਖਾਂ ਨੂੰ ਬਖ਼ਸ਼ ਸਕਦਾ ਹੈ ਅਤੇ ਬਲਵਾਨ ਬਣਾ ਕੇ ਵੇਖਦਾ ਵਿਗਸਦਾ ਹੈ। ਯਥਾ ਗੁਰਵਾਕ—

> ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ
> ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ
> ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ
> ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥ ੩੩ ॥

(ਜਪੁਜੀ ਸਾਹਿਬ, ਪੰਨਾ ੭)

---

[1] ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧, ਪੰਨਾ ੧੧੬੩

 www.sikhbookclub.com

ਪਿਛਲੇ ਜਨਮ ਦੇ ਕਰਮਾਂ ਦਾ ਫਲ ਭੁਗਤਾਉਣ ਲਈ ਇਸ ਜਨਮ ਵਿਚਿ ਜੀਵਾਂ ਦੇ ਜੰਮਣ-ਕਾਲ ਤੋਂ ਲੈ ਕੇ ਮਰਨ ਤਾਈਂ ਦੀ ਕਿਰਿਆ ਵਿਚਿ ਅਕਾਲ ਪੁਰਖ ਦੀ ਅਜ਼ਗੈਬੀ ਕਲਾ ਦਾ ਹੱਥ ਹੈ। ਆਪਣੀ ਆਯੂ ਦੇ ਪਹਿਲੇ ਪਹਿਰੇ ਵਿਚਿ ਜਦੋਂ ਜੀਵ ਮਾਤਾ ਦੇ ਗਰਭ ਵਿਚ ਆਉਂਦਾ ਹੈ ਤਾਂ ਓਥੇ ਉਸ ਅੰਧਕਾਰ ਵਿਚਿ ਉਸ ਦੀ ਪਾਲਨਾ ਕਰਨਹਾਰਾ ਗ਼ਾਇਬੁਲ ਪ੍ਰਸਤ ਵਾਹਿਗੁਰੂ ਹੀ ਹੈ। ਜੀਵਾਂ ਦੇ ਪਿਛਲੇ ਕਰਮਾਂ ਅਨੁਸਾਰ ਕਰਮ ਭੁਗਤਣੀ ਗਰਭ ਵਿਚਿ ਵਾਸਾ ਦਿੰਦਾ ਹੈ। ਜਿਹੋ ਜਿਹਾ ਜਨਮ ਦੇਣਾ ਹੁੰਦਾ ਹੈ, ਓਹੋ ਜਿਹੀ ਗਰਭਨੀ ਕੁਲ ਕਰਮਨੀ ਮਾਤਾ ਦੀ ਕੁਖ ਵਿਚ ਜਾ ਪੈਂਦਾ ਹੈ। ਅਮੀਰ ਕੁਲ ਕਰਮਨੇ ਜੀਵ ਇਸ ਜਨਮ ਵਿਚ ਆਉਣ ਲਈ ਅਮੀਰ ਖ਼ਾਨਦਾਨ ਪਰਵਰਨੀ ਮਾਤਾ ਦੇ ਗਰਭ ਵਿਚਿ ਆਇ ਪੈਂਦਾ ਹੈ। ਅਤੇ ਗ਼ਰੀਬ ਕੁਲ ਕਰਮੀ ਪੂਰਬਲੇ ਅੰਕੁਰ ਸਫੁਟੀ ਕਰਮਾਂ ਕਰਿ ਗ਼ਰੀਬ ਘਰਾਣੇ ਦੀ ਜ਼ਨਾਨੀ ਦੀ ਕੁਖ ਵਿਚਿ ਆਇ ਪਰਵੇਸ਼ ਹੁੰਦਾ ਹੈ। ਆਪੋਂ ਨਹੀਂ; ਕਰਤਾ ਪੁਰਖ ਦੇ ਹੁਕਮ ਅਨੁਸਾਰ ਇਸ ਦੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਜੀਵ ਨੂੰ ਇਸ ਜਨਮ ਵਿਚਿ ਭੁਗਤਾਉਂਦਾ ਹੈ। ਦਸ ਮਾਸ ਗਰਭ-ਅਗਨਿ ਦੀ ਮਾਰ ਤੋਂ ਬਚਾ ਕੇ ਰਖਣਾ ਕੇਵਲ ਸਮਰੱਥ ਪੁਰਖ ਦੀ ਹੀ ਸਮਰੱਥਤਾ ਹੈ। ਇਸ ਜੰਤੇ ਵਸਿ ਕਿਛ ਭੀ ਨਹੀਂ। ਜਨਮ ਲੈਣ ਵਾਲੇ ਜੀਵ ਦੀ ਆਯੂ ਦਾ ਕਰਮ ਮੁਹਲਤੀ ਟੇਵਾ ਪਹਿਲਾਂ ਹੀ ਲਿਖਤ ਵਿਚਿ ਲਿਖ ਦਿੱਤਾ ਹੁੰਦਾ ਹੈ। ਇਸ ਮੁਹਲਤ ਵਿਚਿ ਜੋ ਜੋ ਕਰਮ ਜੀਵ ਤੋਂ ਕਰਾਉਣੇ ਹੁੰਦੇ ਹਨ, ਓਹ ਉਸ ਦੇ ਪੂਰਬਲੇ ਕਰਮਾਂ ਦੀ ਭੁਗਤ-ਰੇਖਾ ਅਨੁਸਾਰ ਹੀ ਹੁੰਦੇ ਹਨ। ਜਿਸ ਦੇ ਕਰਨੋਂ ਉਹ ਟਲ ਨਹੀਂ ਸਕਦਾ। ਧੁਰਿ ਲਿਖਤਕਾਰ ਜੋ ਲਿਖੀ ਹੋਈ ਹੁੰਦੀ ਹੈ ਓਹਨਾਂ ਕਰਮਾਂ ਦੇ ਕਾਰਨ ਜੀਵ ਚੰਡਾਲ ਦੇ ਘਰਿ ਚੰਡਾਲਣੀ ਦੇ ਪੇਟੋਂ ਜਨਮ ਲੈ ਕੇ ਚੰਡਾਲਾਂ ਵਾਲੇ ਕਰਮ ਹੀ ਕਰੇਗਾ। ਪਾਰਸਾਵਾਂ ਦੇ ਘਰਿ ਜਨਮ ਲੈ ਕੇ ਅਤੇ ਪਾਰਸਾਣੀ ਦੇ ਪੇਟੋਂ ਜਨਮ ਕਰਿ ਪਾਰਸਾਵਾਂ ਵਾਲੇ ਹੀ ਕਰਮ ਕਰੇਗਾ। ਜਿਸ ਪਰਵਾਰ ਵਿਖੇ ਜਨਮ ਲੈਂਦਾ ਹੈ ਤਿਸ ਦੇ ਭੀਤਰ ਹੀ ਪ੍ਰਭੂ ਪਰਮਾਤਮਾ ਨੇ ਜੀਵ ਨੂੰ ਸੰਜੋਇਆ ਹੈ, ਕਰਮ ਸੰਜੋਅਣੀ ਜਨਮ ਦਿੱਤਾ ਹੈ। ਜਿਹੜੇ ਉਸ ਪਰਵਾਰ ਮੰਡਲ ਜੰਤਾਂ ਦੇ ਜਨਮ ਸੁਜਨਮੀ ਕਰਮ ਹਨ, ਤੇਹੋ ਜਿਹੇ ਕਰਮ ਇਸ ਨਵਜਨਮੀ ਜੀਵ ਜੰਤ ਨੂੰ ਭੀ ਕਰਨੇ ਪੈਣਗੇ। ਪਿਛਲੇ ਕਰਮਾਂ ਦਾ ਫਲ ਉਸ ਨੂੰ ਇਸ ਜਨਮ ਵਿਖੇ ਭੁਗਤਣਾ ਬਣੇਗਾ। ਭੁਗਤਣ ਭੁਗਤਾਉਣ ਵਾਲਾ ਪ੍ਰਭੂ ਪਰਮਾਤਮਾ ਹੈ। ਇਸ ਜੰਤ ਦੇ ਵੱਸ ਵਿਚਿ ਕਿਛ ਨਹੀਂ। ਸਾਧਾਰਨ ਕਰਮ ਅਤੇ ਸੁਕਰਮ ਉਸ ਤੋਂ ਆਪ ਹੀ ਕਰਮ-ਫਲ-ਪਰਦਾਤਾ ਕਰਤਾ ਪੁਰਖੁ ਕਰਾਉਂਦਾ ਹੈ। ਯਥਾ ਗੁਰਵਾਕ—

> ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ ॥ ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ ॥ ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ ॥ ਮਾਤ ਪਿਤਾ ਭਾਈ ਸੁਤ ਬਨਿਤਾ ਤਿਨ ਭੀਤਰਿ ਪ੍ਰਭੂ ਸੰਜੋਇਆ ॥ ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਧਰਿ ਪਾਇਤਾ ਉਦਰੈ ਮਾਹਿ ॥ ੧ ॥
>
> (ਸਿਰੀਰਾਗੁ ਮਃ ੫, ਪੰਨਾ ੭੭)

ਜਿਸ ਜਿਸ ਮਾਤ ਪਿਤਾ ਬਨਿਤਾ ਸੁਤ ਭਾਈ ਦੇ ਸੰਗਿ ਸੰਜੋਗ ਜੁੜ ਕੇ ਪਿਛਲੇ ਜਨਮ ਦੀ ਕਰਮ ਰੇਖਾ ਅਨੁਸਾਰ ਲਿਖੇ ਹੋਏ ਹੋਣਗੇ ਤਿਨ੍ਹਾਂ ਭੀਤਰ ਹੀ ਸੰਜੋਗ ਅਨੁਸਾਰ ਉਹ ਜਨਮ ਲਏਗਾ। ਤਿਨ੍ਹਾਂ ਸੰਗਿ ਜੁੜੇ ਸੰਜੋਗਾਂ ਅਨੁਸਾਰ ਹੀ ਉਹ ਇਸ ਜਨਮ ਵਿਖੇ ਕਰਮ ਕਮਾਏਗਾ। ਜਿਥੋਂ ਤਾਈਂ

ਕਰਮ ਸੰਜੋਗੀ ਅਤੇ ਸੰਜੋਗ ਭੋਗੀ ਕਰਮਾਂ ਦਾ ਲੇਖਾ ਹੈ ਓਥੋਂ ਤਾਈਂ ਤਿਨ੍ਹਾਂ ਪੂਰਬ ਸੰਜੋਗੀ ਕਰਮਾਂ ਨੂੰ ਭੁਗਤਾਉਣ ਲਈ ਲਿਖਤੀ ਰੇਖਾ ਅਨੁਸਾਰੀ ਕਰਮ ਕਰੇਗਾ। ਮੁਹਲਤ ਕਰੰਮਨੀ ਰੇਖਾ ਪੂਰਬਲੀ ਜਦੋਂ ਮੁਕ ਗਈ, ਫੇਰ ਅਗਲੇਰੇ ਕਰਮ ਉਹ ਆਪਣੀ ਕਰਮ ਭੂਮੀ ਵਿਚਿ ਵਖਰੇ ਬੋਵੇਗਾ। ਜਿਸ ਦਾ ਲੇਖਾ ਉਸ ਨੂੰ ਭੁਗਤਾਉਣਹਾਰਾ ਅਗੇ ਚਲ ਕੇ ਭੁਗਤਾਵੇਗਾ। ਮਨਮੁਖੀ ਜੀਵ ਜੋ ਕਰਮ ਨਵੇਂ ਸਿਰਿਓਂ (ਪਿਛਲੇ ਕਰਮਾਂ ਦਾ ਲੇਖਾ ਭੁਗਤਾਇ ਕੇ) ਕਰਨਗੇ ਅਤੇ ਮਨਮੁਖੀ ਕਰਮ ਕਰਦੇ ਹੀ ਮਰ ਜਾਣਗੇ, ਓਹ ਸਦਾ ਹੀ ਦੁਹੇਲੇ ਰਹਿਣਗੇ। ਕਿਉਂਕਿ ਇਹ ਮਨੁਖਾ ਜਨਮ ਓਹਨਾਂ ਨੂੰ ਫੇਰ ਨਹੀਂ ਮਿਲੇਗਾ। ਰੱਬ ਸਬੱਬੀ ਹੀ ਭਾਵੇਂ ਮਿਲੇ। ਜਿਹੜੇ ਗੁਰਮੁਖਿ ਜਨ ਪੂਰੇ ਸਤਿਗੁਰੂ ਦੇ ਸਿਖ ਸੇਵਕ ਬਣ ਕੇ ਸਤਿਗੁਰੂ ਦੀ (ਦਰਸਾਈ ਦ੍ਰਿੜ੍ਹਾਈ) ਸੇਵਾ ਭਾਵਨਾ ਭਗਤੀ ਕਰਨਗੇ ਉਹ ਅਗਲੀ ਦਰਗਾਹ ਵਿਚਿ ਜਾ ਕੇ ਸਦਾ ਹੀ ਸੁਹੇਲੇ ਰਹਿਣਗੇ। ਏਸ ਨਵੀਨ ਜੁਗ ਜਨਮੀ ਧਰਤੀ ਵਿਖੇ ਜੇਹਾ ਨਵੀਨ ਕਰਮ ਬੀਜ ਓਹ ਬੋਵਣਗੇ ਤੇਹਾ ਹੀ ਉਹ ਕਰਮ-ਭੂਮੀ ਬੀਜ ਬੀਜੇ ਅਨੁਸਾਰ ਅਗੇ ਜਾ ਕੇ, ਯਾ ਅਗਲੇ ਜਨਮ ਵਿਖੇ ਓਹ ਭੁੰਚਣਗੇ (ਖਾਣਗੇ)। ਭਗਤੀ ਕਰਨਹਾਰੇ ਭਗਤ ਜਨ ਤਾਂ ਅਗੇ ਜਾ ਕੇ ਵਾਹਿਗੁਰੂ ਦੇ ਦਰਬਾਰ ਵਿਚਿ ਸੋਭਾ ਪਾਉਣਗੇ (ਸੋਹਣਗੇ) ਅਤੇ ਮਨਮੁਖ ਪਏ ਜਨਮਾਂ ਵਿਖੇ, ਨਾਨਾ ਪ੍ਰਕਾਰੀ ਗਰਭ ਜੋਨੀਆਂ ਵਿਚਿ ਭਉਂਦੇ ਭਰਮਦੇ ਤੇ ਭਟਕਦੇ, ਭਟਕ ਭਟਕ ਕੇ ਚੋਟਾਂ ਖਾਂਦੇ ਰਹਿਣਗੇ। ਇਹ ਪੰਚਮ ਗੁਰੂ ਨਾਨਕ ਸਾਹਿਬ ਦਾ ਨਿਜ ਉਚਰਨੀ ਵਾਕ ਹੈ। ਵਾਹਿਗੁਰੂ ਗੋਬਿੰਦ ਦਾ ਲਿਖਿਆ ਧੁਰਿ ਲੇਖ ਕਦੇ ਮਿਟਦਾ ਨਹੀਂ। ਮਨਮੁਖ ਆਪਣਾ ਕਮਾਣਾ ਸਾਥ ਲੈ ਕੇ ਹੁਕਮ ਦੇ ਬਧੇ ਪਛੋਤਉਂਦੇ ਹੀ ਉਠ ਜਾਣਗੇ ਅਤੇ ਜ਼ਰੂਰ ਜਮਾਂ ਦੇ ਵਸਿ ਪੈਣਗੇ, ਜਿਨ੍ਹਾਂ ਤੋਂ ਛੁਟਕਾਰਾ ਕਦੇ ਨਹੀਂ ਹੋਣਾ। ਅੰਤ ਕਾਲ ਓਹ ਇਕ ਰਤੀ ਭੀ ਬਿਲਮ ਨਹੀਂ ਲੱਗਣ ਦੇਣਗੇ ਜਾਨ ਕੱਢਣ ਵਿਚਿ, ਕਿਉਂਕਿ ਓਹਨਾਂ ਦੇ ਤਕੜੇ ਜਮ-ਜੱਫੜੇ ਵਾਲੇ ਹੱਥ ਪਏ ਹੋਣਗੇ। ਯਥਾ ਗੁਰਵਾਕ—

**ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ ਉਠਿ ਚਲੇ ਕਮਾਣਾ ਸਾਥਿ ॥ ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥ ਲਿਖਿਆ ਆਇਆ ਪਕੜਿ ਚਲਾਇਆ ਮਨਮੁਖ ਸਦਾ ਦੁਹੇਲੇ ॥ ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ ॥ ਕਰਮ ਧਰਤੀ ਸਰੀਰ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥ ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ ॥ ੫ ॥ ੧ ॥ ੪ ॥**

(ਸਿਰੀਰਾਗੁ ਮਹਲਾ ੫, ਪੰਨਾ ੭੮)

ਸਰੀਰ-ਧਰਤੀ ਰੂਪੀ ਕਰਮ-ਭੂਮਿ ਪਰਿ ਜੈਸਾ ਬੀਜ ਕੋਈ ਬੋਵੇਗਾ (ਬੀਜੇਗਾ) ਸੋਈ ਖਾਇਗਾ। ਬੀਜ ਬੋਏ ਨੂੰ ਫਲ ਲਾ ਕੇ, ਫਲ ਭੁਗਤਾਉਣੀ ਕਰਮ ਫਲ-ਪਰਦਾਤੇ ਪੁਰਖ ਬਿਧਾਤੇ ਦੇ ਅਖ਼ਤਿਆਰ ਹੈ।

ਸਿਰਜਨਹਾਰ ਕਰਤੇ ਪੁਰਖ ਨੇ ਆਪ ਹੀ ਸਾਰੀ ਸ੍ਰਿਸ਼ਟੀ ਉਪਾਈ ਹੈ ਅਤੇ ਇਸ ਨਿਜ ਉਪਾਈ ਸ੍ਰਿਸ਼ਟੀ ਵਿਚਿ ਉਪਾਏ ਜਾਏ ਜੀਅ ਜੰਤ ਨੂੰ, ਸਾਰਿਆਂ ਜੀਵਾਂ ਨੂੰ ਆਪੇ ਹੀ ਰਿਜ਼ਕ ਸੰਬਾਹ ਰਿਹਾ ਹੈ। ਸਭਨਾਂ ਦਾ ਰਾਜ਼ਕ ਮਾਲਕ ਪ੍ਰਤਿਪਾਲਕ ਓਹੀ ਇਕ ਪਾਰਬ੍ਰਹਮ ਪਰਮੇਸ਼ਰ ਸ੍ਰਿਸ਼ਟੀ ਨਾਥ ਹੈ। ਜਿਹੜੇ ਉਸ ਰਾਜ਼ਕ ਰਿਜ਼ਕ-ਦਾਤੇ ਦੀ ਦਿੱਤੀ ਰੋਜ਼ੀ ਰਿਜ਼ਕ ਤੇ ਸਾਬਰ ਸ਼ਾਕਰ ਨਹੀਂ ਰਹਿੰਦੇ, ਕਨਾਅਤ ਕਰਿ ਨਹੀਂ ਬਹਿੰਦੇ, ਸੰਤੁਸ਼ਟ ਨਹੀਂ ਹੁੰਦੇ, ਓਹ ਵਲ ਛਲ ਕਰ ਕੇ ਰੋਜ਼ੀ


www.sikhbookclub.com

ਕਮਾਉਂਦੇ ਅਤੇ ਖੋਟੀਆਂ ਕਮਾਈਆਂ ਕਰਿ ਕਰਿ ਖਾਂਦੇ ਪਹਿਨਦੇ ਹਨ ਅਤੇ ਅਜਿਹੀ ਖੋਟੀ ਕਮਾਈ ਕਰਨ ਲਗਿਆਂ ਅਰਲ ਬਰਲ ਕੂੜ ਕੁਸੱਤ ਮੂੰਹੋਂ ਕਢ ਕੇ, ਝੂਠ ਬੋਲ ਕੇ ਵਰਤੋਂ ਬਿਉਹਾਰ ਸੰਸਾਰ ਵਿਖੇ ਕਰਦੇ ਹਨ। ਤਿਸ ਕੂੜ ਠੱਗੀ ਦਾ ਫਲ ਓਹ ਆਪੇ ਆਪਣੇ ਖੋਟੇ ਕਰਮਾਂ ਕਰਿ ਭੁੰਚਦੇ ਹਨ। ਭੁੰਚਾਉਣਹਾਰਾ ਆਪਿ ਤਿਜੇਹੀ ਹੀ ਸਜ਼ਾ ਜਜ਼ਾ ਵਿਚਿ ਹੋਰ ਖੋਟੇ ਕਰਮ ਓਹਨਾਂ ਤੋਂ ਕਰਾਉਂਦਾ ਹੈ। ਓਹ ਸਜ਼ਾ-ਦਿਹੰਦ ਦੀ ਤਾੜਨਾ ਰੂਪੀ ਭਾਵਨੀ ਦੁਆਰਾ ਜੋ ਭੀ ਭਾਗ ਭੁਗਤਾਉਣੀ ਸਜ਼ਾ ਓਹਨਾਂ ਨੂੰ ਮਿਲਣੀ ਹੈ ਤੇਹੋ ਜੇਹੇ ਖੋਟੇ ਕਰਮਾਂ ਵਿਚਿ ਓਹਨਾਂ ਨੂੰ ਪਰਵਿਰਤ ਅਤੇ ਖਚਿਤ ਕੀਤਾ ਜਾਂਦਾ ਹੈ। ਓਹ ਕਰਮ ਓਹਨਾਂ ਨੂੰ ਚੁਰਾਸੀ ਦੇ ਗੇੜ ਦੀਆਂ ਹੋਰ ਸਜ਼ਾਵਾਂ ਦਿਵਾਉਂਦੇ ਹਨ। ਜੋ ਸ਼ੁਭ ਕਰਮ ਬੀਜ ਬੋਵੰਦੇ ਹਨ ਆਪਣੀ ਨਵੀਨ ਕਰਮ ਭੂਮਿ ਮਈ ਸਰੀਰ ਧਰਤੀ ਵਿਚਿ, ਓਹਨਾਂ ਨੂੰ ਸ਼ੁਭ ਕਰਮ ਅੰਕੂਰੀ ਸੁਫਲ ਫਲ ਇਹ ਮਿਲਦਾ ਹੈ ਕਿ ਓਹਨਾਂ ਨੂੰ ਸ੍ਰੇਸ਼ਟ ਕਰਮਾਂ ਸਿਰ ਅਤਿ ਸ੍ਰੇਸ਼ਟ ਕਰਮ ਸੱਚੇ ਨਾਮ ਦੀ ਅਭਿਆਸ ਕਮਾਈ ਦਾ ਦ੍ਰਿੜ੍ਹਾਵਣਾ ਬੁਝਾਵਣਾ ਮਿਲਦਾ ਹੈ ਅਤੇ ਨਾਮ ਦੇ ਅਖੁੱਟ ਅਤੇ ਅਤੁੱਟ ਭੰਡਾਰ ਗੁਰੂ ਦੁਆਰਿਓਂ ਓਹਨਾਂ ਨੂੰ ਮਿਲਦੇ ਹਨ ਅਤੇ ਭੁੰਚਾਏ ਜਾਂਦੇ ਹੈਨ। ਜੋ ਜਨ ਵਾਹਿਗੁਰੂ ਨੂੰ ਚੇਤ ਕੇ, ਸਿਮਰ ਕੇ ਖਾਂਦੇ ਪੀਂਦੇ ਪਹਿਨਦੇ ਹਨ, ਤਿਨ੍ਹਾਂ ਦਾ ਖਾਣਾ ਪੀਣਾ ਪਹਿਨਣਾ ਸਫਲ ਹੈ। ਅਤੇ ਜਿਹੜੇ ਪ੍ਰਾਣੀ ਨਾਮ ਨਹੀਂ ਜਪਦੇ ਤਿਨ੍ਹਾਂ ਨਾਮੋਂ ਭੁਲਿਆਂ ਨੂੰ ਅਜਿਹੀ ਭੁਲ ਪਾਈ ਹੈ ਕਿ ਉਹ ਦਸ ਨਹੁੰਆਂ ਦੀ ਕਮਾਈ ਭੀ ਨਹੀਂ ਕਰ ਸਕਦੇ। ਖੋਟੀਆਂ ਉਪਜੀਵਕਾਂ ਕਰਦਿਆਂ ਹੋਇਆਂ ਓਹਨਾਂ ਪਾਸੋਂ ਅਗਲਾ ਖਟਿਆ ਕਮਾਇਆ ਭੀ ਉਡ ਜਾਂਦਾ ਹੈ। ਓੜਕ ਓਹ ਲੋਕਾਂ ਪਾਸੋਂ ਮੰਗ ਕੇ ਖਾਣ ਨੂੰ ਹੱਥ ਅਡੀ (ਟੱਡੀ) ਫਿਰਦੇ ਹਨ। ਯਥਾ ਗੁਰਵਾਕ—

> ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ ॥ ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ ॥ ਤੁਧੁ ਆਪੇ ਭਾਵੈ ਸੋ ਕਰਹਿ ਤੁਧੁ ਓਤੈ ਕੰਮਿ ਓਇ ਲਾਇਆ ॥ ਇਕਨਾ ਸਚੁ ਬੁਝਾਇਓਨੁ ਤਿਨਾ ਅਤੁਟ ਭੰਡਾਰ ਦੇਵਾਇਆ ॥ ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ ਤਡਾਇਆ ॥ ੮ ॥
>
> (ਸਿਰੀਰਾਗੁ ਕੀ ਵਾਰ, ਪੰਨਾ ੮੫)

ਨਿਗੁਰੇ ਗੁਰੂ-ਹੀਣੇ ਮੀਣੇ ਮਨਮੁਖਾਂ ਦੇ ਕਰਮ ਕਮਾਵਣੇ ਐਸੇ ਹੀ ਨਿਸਫਲ ਹਨ ਜਿਵੇਂ ਸੋਹਾਗ-ਹੀਣੀ ਦੋਹਾਗਣ ਰੰਨ ਦੇ ਤਨਿ ਸੀਗਾਰ ਲਗਾਵਣੇ ਨਿਸਫਲ ਹਨ। ਨਿਖਸਮੀ ਦੇ ਸੀਗਾਰ ਕਾਹਦੇ ਹਨ! ਸਭ ਬਿਰਥੇ ਹਨ। ਤੈਸੇ ਮਨਮੁਖਾਂ ਦੇ ਕਰਮ ਹਨ। ਓਹਨਾਂ ਦੀ ਕਮਾਈ ਅਜਾਈਂ ਹੀ ਜਾਂਦੀ ਹੈ। ਮਨਮੁਖੀ ਕਰਮ ਕੀਤਿਆਂ ਸੱਚਾ ਸੁਹਾਗ ਭਾਗ ਪਰਮਾਰਥ ਦੀ ਪ੍ਰਾਪਤੀ ਦਾ ਨਹੀਂ ਲਹੀਦਾ। ਜਿਵੇਂ ਦੋਹਾਗਣੀ ਦੀ ਸੇਜੇ ਕੰਤ ਨਹੀਂ ਆਵੰਦਾ, ਤਿਵੇਂ ਮਨਮੁਖੀ ਜਗਿਆਸੂ ਇਸਤ੍ਰੀ ਸਦਾ ਪਿਰ ਬਿਹੂਣੀ ਹੀ ਰਹਿੰਦੀ ਹੈ। ਉਸ ਨੂੰ ਮਨਮੁਖੀ ਕਰਮ ਕਰਕੇ ਕੁਛ ਭੀ ਪ੍ਰਾਪਤੀ ਨਹੀਂ ਹੁੰਦੀ। ਸਗੋਂ ਮਨਮੁਖੀ ਕਰਮ ਕਰਕੇ ਨਿਤ ਨਿਤ ਖੁਆਰੀ ਹੀ ਰਹਿੰਦੀ ਹੈ। ਜਿਉਂ ਜਿਉਂ ਮਨਮੁਖੀ ਕਰਮ ਕਰਦੀ ਹੈ ਤਿਉਂ ਤਿਉਂ ਖਜਲ ਖੁਆਰ ਹੀ ਹੁੰਦੀ ਫਿਰਦੀ ਹੈ। ਨਾ ਹੀ ਉਸ ਦੀ ਘਾਲ ਇਸ ਲੋਕ ਵਿਚਿ ਥਾਇ ਪੈਂਦੀ ਹੈ, ਨਾ ਹੀ ਉਸ ਨੂੰ ਦਰਗਹ ਢੋਈ ਮਿਲਦੀ ਹੈ। ਸੱਚੇ ਪਿਰ ਰੀਸਾਲੂ ਵਾਹਿਗੁਰੂ ਪਰਮਾਤਮਾ ਦਾ ਮਹਿਲ ਓਹਨਾਂ ਨੂੰ ਕਦੇ ਪ੍ਰਾਪਤਿ ਨਹੀਂ ਹੁੰਦਾ। ਕਿਉਂਕਿ ਓਹਨਾਂ ਦੀ ਮਨਮੁਖਤਾ ਓਹਨਾਂ ਨੂੰ ਇਸ ਲੋਕ ਵਿਖੇ ਸਤਿਗੁਰੂ ਦੇ ਦਰੋਂ ਘੁਰੋਂ ਸਦਾ ਬੇਮੁਖ ਰਖਦੀ ਹੈ। ਓਹਨਾਂ ਨੂੰ ਕਿਸੇ ਘਰ ਬਾਰ ਵਿਖੇ ਭੀ ਠਿਕਾਣਾ ਲੈਣਾ ਨਹੀਂ

ਸੁਝਦਾ। ਸੱਚਾ ਗੁਰੂ-ਦੁਆਰਾ ਦਰਬਾਰ ਤਾਂ ਓਹਨਾਂ ਨੂੰ ਕੀ ਦਿਸਣਾ ਸੀ। ਕੋਈ ਗੁਰਮੁਖਿ ਹੀ ਗੁਰੂ ਦੇ ਘਰ ਦਰ ਨੂੰ ਪ੍ਰਾਪਤਿ ਹੁੰਦਾ ਹੈ। ਅਤੇ ਸੱਚੇ ਕਰਮ, ਗੁਰਮਤਿ ਕਰਮ ਕਮਾਉਣ ਦੀ ਸੱਚੀ ਬੂਝਣੀ ਬੁਝਦਾ ਹੈ। ਇਹ ਸੱਚੀ ਬੂਝਣੀ ਬੁਝੇ ਬਿਨਾ ਕਰਮ ਕਮਾਉਣੇ ਮਾਨੁਖਾ ਜਨਮ ਰੂਪੀ ਰਤਨ ਪਦਾਰਥ ਨੂੰ ਅਜਾਈਂ ਖੋਵਣਾ ਹੈ। ਇਹ ਦਾਤਿ, ਸੱਚੇ ਸੁੱਚੇ ਕਰਮਾਂ ਦੀ ਦਾਤਿ, ਦਾਤਾ ਵਾਹਿਗੁਰੂ ਕਰਤਾ ਪੁਰਖ ਆਪੇ ਆਪਣੀ ਨਦਰ ਕਰਿ ਦੇਵੇ ਤਾਂ ਹੀ ਪਾਈਦੀ ਹੈ। ਹੋਰ ਕਰਣਪਲਾਵ ਕੀਤਿਆਂ ਕੁਛ ਨਹੀਂ ਬਣਦਾ। ਇਹ ਦਾਤਿ, ਦੇਵਣ ਵਾਲੇ ਗੁਰੂ ਕਰਤਾਰ ਦੇ ਹਥਿ ਹੈ। ਅਤੇ ਕਰਤਾਰ ਦੀ ਨੇਤ ਅਨੁਸਾਰ ਗੁਰੂ ਦੁਆਰੇ ਹੀ ਪਾਈਦੀ ਹੈ ਅਤੇ ਕਰਮਾਂ ਅਨੁਸਾਰ ਹੀ ਮਿਲਦੀ ਹੈ। ਕਰਮਾਂ ਉਤੇ ਹੀ ਨਦਰ ਹੁੰਦੀ ਹੈ। ਜੇਹੇ ਕਰਮ ਕੋਈ ਕਮਾਵੰਦਾ ਹੈ ਤੇਹੋ ਜਿਹੀ ਹੀ ਨਦਰ ਹੁੰਦੀ ਹੈ ਅਤੇ ਤੇਹੋ ਜਿਹਾ ਹੀ ਫਲ ਮਿਲਦਾ ਹੈ। ਸਭ ਕੁਛ ਕਰਮ-ਫਲ-ਦਾਤੇ ਦਾਤਾਰ ਗੁਰੂ ਕਰਤਾਰ ਦੇ ਹਥਿ ਵਸਿ ਹੈ। ਉਪਰਲਾ ਭਾਵ ਐਨ ਹੇਠਲੇ ਗੁਰਵਾਕ ਅਨੁਸਾਰ ਠੀਕ ਉਤਰਦਾ ਹੈ—

> ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥ ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥ ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥ ੧ ॥

(ਸਿਰੀਰਾਗੁ ਮਃ ੩, ਪੰਨਾ ੩੧)

> ਭਾਈ ਰੇ ਗੁਰਮੁਖਿ ਬੂਝੈ ਕੋਇ ॥ ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥ ੧ ॥ ਰਹਾਉ ॥ ...... ਆਪੇ ਦੇਇ ਤ ਪਾਈਐ ਹੋਰੁ ਕਰਣਾ ਕਿਛੂ ਨ ਜਾਇ ॥ ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥ ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ ॥ ੩ ॥

(ਸਿਰੀਰਾਗੁ ਮਹਲਾ ੩, ਪੰਨਾ ੩੩)

ਬਿਚਾਰੇ ਕਰਮ ਕਰਨ ਕਮਾਵਣ ਵਾਲੇ ਪ੍ਰਾਣੀ ਦੇ ਹਥਿ ਕੁਛ ਨਹੀਂ। ਆਪਣੇ ਹੁਦਰੋਂ ਉਹ ਕੀ ਕੁਛ ਕਰ ਸਕਦਾ ਹੈ । ਅਤੇ ਉਸ ਬੀਚਾਰੇ ਕਰਮ ਕਰਨਹਾਰੇ ਦੇ ਵਸਿ ਭੀ ਕੀ ਹੈ? ਪੂਰਨ ਖਸਮੁ ਗੁਰੂ ਕਰਤਾਰ ਉਸ ਦੇ ਪੂਰਬਲੇ ਕਰਮਾਂ ਅਨੁਸਾਰ ਜਿਧਰ, ਜਿਸ ਪਾਸੇ ਉਸ ਨੂੰ ਲਾਉਂਦਾ ਹੈ ਤਿਸ ਪਾਸੇ ਓਹ ਲਗਦਾ ਹੈ। ਯਥਾ ਗੁਰਵਾਕ—

> ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ ॥ ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ ॥ ੧ ॥

(ਗਉੜੀ ਮਾਲਾ ੫, ਪੰਨਾ ੨੧੬)

ਕਰਮਾਂ ਦਾ ਖੇਤੁ ਸਭ ਕੋਈ ਬੀਜਦਾ ਵਾਹੁੰਦਾ ਕਮਾਉਂਦਾ ਹੈ, ਆਪਣੇ ਜਾਣੇ ਸਭ ਕੋਈ ਆਪਣੇ ਭਲੇ ਨੂੰ ਹੀ ਖੇਤੁ ਬੀਜਦਾ ਹੈ, ਪਰ ਜੋ ਖੇਤ ਖਸਮ ਕਰਤੇ ਪੁਰਖ ਨੂੰ ਭਾਉਂਦਾ ਹੈ ਉਹੀ ਜੰਮ ਕੇ ਸਿਰੇ ਚੜ੍ਹਦਾ ਹੈ। ਕਰਮਾਂ ਦੀ ਖੇਤੀ ਜਮਾਉਣ ਪਕਾਉਣਹਾਰ ਖ਼ੁਦ ਖ਼ਸਮ ਕਾਦਰ ਕਰਤਾ ਆਪਿ ਹੀ ਹੈ। ਗੁਰਮੁਖਿ ਗੁਰਸਿਖ ਸਤਿਗੁਰੂ ਪ੍ਰਾਇਣ ਹੋ ਕੇ ਹੀ ਸਤਿਗੁਰ-ਦਰਸਾਏ ਸ਼ੁਭ-ਕਰਮਾਂ, ਗੁਰਮਤਿ ਕਰਮਾਂ ਦੀ ਖੇਤੀ ਬੀਜਦੇ ਹਨ। ਸਤਿਗੁਰੂ ਦੇ ਆਸਰੇ ਪ੍ਰਾਇਣੀ ਧਰਮ ਧਰਤੀ ਵਿਚਿ ਜੇਹਾ ਕੋ ਬੀਜੈ ਤੇਹਾ ਹੀ ਫਲ ਪਾਉਂਦਾ ਹੈ। ਗੁਰੂ ਦੇ ਸਿਖ ਗੁਰ-ਹੁਕਮੀ ਬੰਦੇ ਹੋਇਕੈ ਅੰਮ੍ਰਿਤ-ਨਾਮ ਦੇ ਅੰਮ੍ਰਿਤ-ਅਭਿਆਸ ਰੂਪੀ ਕਰਮਾਂ ਦਾ ਬੀਜ ਬੋਵੰਦੇ ਹਨ। ਵਾਹਿਗੁਰੂ ਤਿਨ੍ਹਾਂ ਨੂੰ ਅਮ੍ਰਿਤ ਫਲ ਹੀ

ਪ੍ਰਦਾਨ ਕਰਦਾ ਹੈ। ਅਜਿਹੇ ਗੁਰੂ ਪ੍ਰਾਇਣੀ ਹੁਕਮੀ ਬੰਦੇ ਗੁਰੂ ਕੇ, ਹਲਤ ਪਲਤ ਵਿਖੇ ਮੁਖ ਉਜਲੇ ਹੁੰਦੇ ਹਨ। ਓਹ ਵਾਹਿਗੁਰੂ ਦੀ ਸੱਚੀ ਦਰਗਾਹ ਵਿਚਿ ਸੁਰਖ਼ਰੂਈ ਦੇ ਸਿਰੋਪਾਉ ਸੇਤੀ ਪੈਧੇ ਜਾਵੰਦੇ ਹਨ। ਗੁਰੂ ਤੋਂ ਬੇਮੁਖਾਂ ਖੋਟੇ ਮਨਮੁਖ ਹਤਿਆਰਿਆਂ ਅੰਦਰਿ ਖੋਟ ਹੀ ਹੁੰਦੀ ਹੈ। ਓਹ ਨਿਤ ਖੋਟ ਹੀ ਕਮਾਵੰਦੇ ਹਨ। ਓਹਨਾਂ ਨੂੰ ਓਹਨਾਂ ਦੇ ਬੀਜੇ ਖੋਟ ਦਾ ਤਿਵੇਹੋ ਜਿਹਾ ਹੀ ਖੋਟਾ ਫਲ ਮਿਲਦਾ ਹੈ, ਫਲ-ਪਰਦਾਤੇ ਦੀ ਦਰਗਾਹੋਂ। ਕਰਮਾਂ ਸੰਦੜੇ ਖੇਤੁ ਵਿਚ ਜੇਹਾ ਕੋ ਬੀਜਦਾ ਹੈ ਤੇਹਾ ਫਲ ਪਾਉਂਦਾ ਹੈ। ਫਲ ਦੇਵਣ ਲਾਵਣਹਾਰ ਫਲ-ਪਰਦਾਤਾ ਗੁਰੂ ਕਰਤਾਰ ਆਪ ਹੈ। ਕਰਮਾਂ ਦੇ ਵਸਿ ਕੁਛ ਨਹੀਂ, ਨਾ ਕਰਮ ਕਰਨਹਾਰੇ ਅਲਪਗ ਬੰਦੇ ਦੇ ਹੀ ਕੁਛ ਹਥਿ ਵਸਿ ਹੈ। ਯਥਾ ਗੁਰਵਾਕ—

**ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥ ਗੁਰਸਿਖੀ ਅੰਮ੍ਰਿਤ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥ ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨਾਏ ॥ ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਏ ॥**

**(ਗਉੜੀ ਕੀ ਵਾਰ, ਸਲੋਕ ਮਃ ੪, ਪੰਨਾ ੩੦੨-੩੦੩)**

ਕਰਮਾਂ ਦੀ ਕਿਰਸਾਣੀ ਦਾ ਖੇਤੁ ਸਭੁ ਹਰਿ ਪ੍ਰਭ ਕਰਤੇ ਦਾ ਹੀ ਹੈ। ਸਭ ਕਿਸੇ ਨੂੰ ਵਾਹਿਗੁਰੂ ਕਰਤੇ ਪੁਰਖ ਨੇ ਆਪਿ ਹੀ ਕਿਰਸਾਣੀ ਕਰਨ ਲਾਇਆ ਹੈ। ਗੁਰਮੁਖਾਂ ਦੀ ਖੇਤੀ ਦਾ ਵਾਹਿਗੁਰੂ ਦੀ ਬਖ਼ਸ਼ਸ਼ ਨਾਲਿ ਖ਼ੂਬ ਜਮਾਉ ਜੰਮਦਾ ਹੈ। ਵਾਹਿਗੁਰੂ-ਪ੍ਰਾਇਣੀ ਕਰਮ ਕਮਾਇਕੈ ਗੁਰਮੁਖਿ ਸਦਾ ਹੀ ਲਾਹੇਵੰਤ ਰਹਿੰਦੇ ਹਨ। ਮਨਮੁਖਾਂ ਨੂੰ ਲਾਹੇ ਦੇ ਥਾਂ ਘਾਟਾ ਹੀ ਰਹਿੰਦਾ ਹੈ। ਓਹ ਸਗੋਂ ਆਪਣਾ ਅਗਲਾ ਮੂਲ ਭੀ ਗਵਾਇ ਬਹਿੰਦੇ ਹਨ। ਸਭ ਕੋਈ ਆਪਣੇ ਭਲੇ ਨੂੰ ਬੀਜਦਾ ਹੈ। ਪਰ ਜੋ ਖੇਤ ਕਰਤੇ ਪੁਰਖ ਨੂੰ ਭਾਵੰਦਾ ਹੈ ਸੋ ਖੇਤ ਸਫਲ ਫਲਾਵੰਦਾ ਹੈ। ਗੁਰਸਿੱਖਾਂ ਨੇ ਅੰਮ੍ਰਿਤ ਬੀਜ ਬੀਜਿਆ ਹੈ। ਤਿਨ੍ਹਾਂ ਨੂੰ ਫਲ-ਪਰਦਾਤੇ ਪੁਰਖ-ਬਿਧਾਤੇ ਵਾਹਿਗੁਰੂ ਵਲੋਂ ਅੰਮ੍ਰਿਤ-ਫਲ ਹੀ ਪ੍ਰਦਾਨ ਹੁੰਦਾ ਹੈ। ਓਹਨਾਂ ਦੀ ਕਿਰਸਾਣੀ ਖੇਤੀ ਸਫਲ ਫਲਾਉਂਦੀ ਹੈ। ਜੋ ਜਮ ਰੂਪੀ ਚੂਹਾ ਹੋਰਨਾਂ ਦੀਆਂ (ਕਿਰਸ) ਖੇਤੀਆਂ ਨੂੰ ਨਿਤ ਕੁਰਕਦਾ ਹੈ ਓਹ ਗੁਰਮੁਖਿ ਸਿੱਖਾਂ ਦੀ ਖੇਤੀ (ਕਿਰਸ) ਨੂੰ ਨਹੀਂ ਕੁਰਕ ਬੁਰਕ ਸਕਦਾ। ਵਾਹਿਗੁਰੂ ਕਰਤੇ ਪੁਰਖ ਨੇ ਇਸ ਜਮ ਰੂਪੀ ਚੂਹੇ ਨੂੰ ਗੁਰਮੁਖਾਂ ਦੀ ਕਿਰਸ ਖੇਤੀ ਵਿਚੋਂ ਮਾਰ ਕੇ ਬਾਹਰਿ ਕਢ ਕਢਾਇ ਦਿੱਤਾ ਹੈ। ਗੁਰਮੁਖਾਂ ਦੀ ਅੰਮ੍ਰਿਤ ਬੀਜ ਬੀਜਣੀ ਖੇਤੀ ਕਿਰਸਾਣੀ ਖ਼ੂਬ ਭਾਉ ਭਰੰਬਰੀ ਹੋ ਕੇ ਜੰਮਦੀ ਫਲਦੀ ਹੈ। ਵਾਹਿਗੁਰੂ ਦੀ ਨਦਰ-ਕਰੰਮੀ ਬਖ਼ਸ਼ਸ਼ ਨਾਲਿ ਬੋਹਲਾਂ ਦੇ ਬੋਹਲ ਲਗ ਜਾਂਦੇ ਹਨ। ਗੁਰੂ ਕਰਤਾਰ ਨੂੰ ਧਿਆਉਣ-ਹਾਰਿਆਂ, ਸਤਿਗੁਰੂ ਸਤਿ ਪੁਰਖ ਦੇ ਸਚਿਆਰ ਸਿੱਖਾਂ ਗੁਰਮੁਖਿ ਜਨਾਂ ਦਾ ਕਰਤੇ ਪੁਰਖ ਨੇ ਸਭ ਕਾੜਾ ਅੰਦੇਸਾ ਲਾਹ ਦਿੱਤਾ ਹੈ। ਓਹਨਾਂ ਨੂੰ ਚਿੰਤਾ ਕਲਪਣਾ ਕੁਝ ਨਹੀਂ ਰਹਿੰਦੀ। ਡੋਰੀ ਜੋ ਓਹਨਾਂ ਨੇ ਗੁਰੂ ਕਰਤਾਰ ਦੇ ਭਰੋਸੇ ਉਤੇ ਛਡੀ ਹੁੰਦੀ ਹੈ। ਨਾਮ ਅਰਾਧਨ ਵਾਲੇ ਗੁਰਮੁਖਿ ਜਨ ਗੁਰੂ ਨਾਨਕ ਦੀ ਨਦਰ ਮੇਹਰ ਨਾਲ ਆਪ ਹੀ ਤਰ ਜਾਂਦੇ ਹਨ। ਅਤੇ ਆਪਣੀ ਸਤਸੰਗਤਿ ਦੇ ਪ੍ਰਭਾਵ ਨਾਲਿ ਸਾਰੇ ਸੰਸਾਰੀਆਂ ਵਿਖੇ ਭੀ ਇਹੋ ਨਾਮ-ਅੰਮ੍ਰਿਤ ਦੇ ਛਟਿਆਂ ਦਾ ਸੰਚਾਰਾ ਵਰਤਾਰਾ ਵਰਤਾਉਂਦੇ ਹਨ। ਜਿਸ ਤੋਂ ਸਾਰੇ ਸੰਸਾਰ ਦੇ ਨਿਸਤਾਰੇ ਦਾ ਬਾਨ੍ਹਣੂ ਬਝਦਾ ਹੈ। ਯਥਾ ਗੁਰਵਾਕ—

**ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ ॥ ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ ॥ ਸਭੁ ਕੋ ਬੀਜੈ ਆਪਣੇ ਭਲੇ**


www.sikhbookclub.com

ਨੋ ਹਰਿ ਭਾਵੈ ਸੋ ਖੇਤੁ ਜਮਾਇਆ ॥ ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ ॥ ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ ॥ ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ ॥ ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ ਜਿਨੀ ਸਤਿਗੁਰੁ ਪੁਰਖੁ ਧਿਆਇਆ ॥ ਜਨ ਨਾਨਕ ਨਾਮੁ ਅਰਾਧਿਆ ਆਪਿ ਤਰਿਆ ਸਭ ਜਗਤੁ ਤਰਾਇਆ ॥ ੧ ॥

(ਗਉੜੀ ਕੀ ਵਾਰ, ਸਲੋਕ ਮਃ ੪, ਪੰਨਾ ੩੦੪)

ਗੁਰਮੁਖਿ ਜਨਾਂ, ਦੇ ਨਾਮ-ਰੰਗਣੀ ਨਿਸ਼ਕਾਮ ਕਰਮ ਆਪਣੀ ਅਹੰਮਤਿ ਉਕਤ ਸਿਆਣਪ ਤੋਂ ਰਹਿਤ ਹੁੰਦੇ ਹਨ। ਓਹ ਦਿਨ ਰੈਣ ਨਾਮ ਵਖਾਨਣ ਵਿਚਿ ਹੀ ਮਗਨ ਰਹਿੰਦੇ ਹਨ। ਆਪਣੇ ਆਪ ਨੂੰ ਮਨ ਬਚ ਕਰਮ ਕਰਕੇ ਗੁਣਹੀਨ ਨਿਰਗੁਣ ਹੀ ਸਮਝਦੇ ਹਨ। ਆਪਣੀ ਕਰਣੀ ਉਤੇ ਮਾਣ ਨਹੀਂ ਕਰਦੇ। ਇਹੋ ਕਹਿੰਦੇ ਹਨ ਮੈਂ ਕਉਣ ਹਾਂ ਕਰਮ-ਕਰਣੀ ਕਰਨ ਵਾਲਾ, ਮੇਰੇ ਵਿਚ ਤਾਂ ਕੋਈ ਭੀ ਗੁਣ ਨਹੀਂ। ਕਰਨ ਕਰਾਵਨਹਾਰ ਵਾਹਿਗੁਰੂ ਆਪਿ ਹੈ।

ਉਕਤਿ ਸਿਆਨਪ ਕਿਛੂ ਨ ਜਾਨਾ ॥ ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥ ੧ ॥ ਮੈ ਨਿਰਗੁਨ ਗੁਣੁ ਨਾਹੀ ਕੋਇ ॥ ਕਰਨ ਕਰਾਵਨਹਾਰ ਪ੍ਰਭ ਸੋਇ ॥ ੧ ॥ ਰਹਾਉ ॥

(ਆਸਾ ਮਃ ੫, ਪੰਨਾ ੩੮੭-੮੮)

ਸੱਚ ਮੁੱਚ ਵਾਸਤਵੀ ਨਿਸਚਿਤ ਗੁਰਮਤਿ ਗੂੜ੍ਹ ਭੇਵ ਅਭੇਵ ਇਹੀ ਹੈ ਕਿ—

ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ ॥

(ਸੂਹੀ ਮਃ ੧, ਪੰਨਾ ੭੬੬)

ਇਸ ਗੁਰਮਤਿ ਗੂੜ੍ਹ ਰਮਜ਼ ਦੀ ਕੀਮਤਿ ਕੇਵਲ ਗੁਰਮੁਖਿ ਜਨ ਹੀ ਜਾਣਦੇ ਹਨ। ਹੋਰ ਕਿਸੇ ਨੂੰ ਇਸ ਗੱਲ ਦਾ ਕੀ ਭੇਵ ਮਿਲ ਸਕਦਾ ਹੈ! ਕਰਮਾਂ ਸੁਕਰਮਾਂ ਦਾ ਫਲ-ਪਰਦਾਤਾ ਆਪਿ ਗੁਰੂ ਕਰਤਾਰ ਜੁ ਹੋਇਆ। ਫਲ-ਪਰਦਾਤਨੀ ਕਿਰਤ ਵਾਲੇ ਜੋ ਜੋ ਕਰਮ ਭੀ ਕੋਈ ਜਨ ਕਰਦਾ ਹੈ ਤਿਨ੍ਹਾਂ ਤੋਂ ਉਹ ਕਰਮ-ਫਲ-ਪਰਦਾਤਾ, ਕਰਮ-ਬਿਧਾਤਾ ਕਰਤਾ ਪੁਰਖ ਗੁਰੂ ਕਰਤਾਰ ਹੀ ਕਰਾਉਂਦਾ ਹੈ। ਕਰਮ ਲਿਖਤੇ ਜ਼ੁਮਰੇ ਵਿਚ ਜੋ ਕਰਮ ਕਿਸੇ ਵਲੋਂ ਕਰੇ ਜਾਣੇ ਹਨ, ਓਹ ਉਸ ਦੇ ਆਪਣੇ ਨਹੀਂ ਹੁੰਦੇ। ਅਜਿਹੇ ਧੁਰਿ-ਲਿਖਤੇ ਕਰਮਾਂ ਦਾ ਲੇਖਾ ਕਰਮ ਕਰਨਹਾਰੇ ਤੋਂ ਕੁਛ ਨਹੀਂ ਲਿਆ ਜਾਂਦਾ। ਇਹ ਤਾਂ ਲੇਖ ਅਲੇਖੀ ਕਰਮ ਹਨ, ਜਿਨ੍ਹਾਂ ਦਾ ਕਰਾਵਣਹਾਰ ਆਪਿ ਕਰਤਾ ਪੁਰਖ ਕਰਮ-ਬਿਧਾਤਾ ਹੈ। ਇਹ ਲੇਖ ਸੁਲੇਖੀ ਕਰਮ ਕਰਮ-ਕਰੰਤੇ ਗੁਰਮੁਖਿ ਜਨ ਦੀ ਸ੍ਰਿਸ਼ਟ ਵਿਚਿ ਸੁਤੇ ਹੀ ਅੰਕਰਤ ਹੁੰਦੇ ਹਨ। ਸੁਕ੍ਰਿਤ ਕਰਣੀ ਵਾਲੇ ਗੁਰਮੁਖਿ ਜਨ ਜੀਵਤ ਮਿਰਤਕ ਹੋ ਕੇ ਅਤੇ ਵਾਹਿਗੁਰੂ ਪਰਮਾਤਮਾ ਨਾਲਿ ਇਕ-ਮਿਕਤਾ ਸਹਿਤ ਮਿਲੇ ਹੋਏ ਹੋ ਕੇ ਭੀ ਸੁਤੇ ਸਹਿਜੀ ਕਰਮ ਜੋ ਕਰਦੇ ਕਰਾਵੰਦੇ ਹਨ, ਓਹ ਸਭ ਲੇਖੇ ਤੋਂ ਬਾਹਰ ਹੁੰਦੇ ਹਨ। ਓਹਨਾਂ ਦਾ ਕਰਾਵਣਹਾਰਾ ਵਾਹਿਗੁਰੂ ਪਰਮਾਤਮਾ ਆਪਿ ਹੁੰਦਾ ਹੈ। ਓਹਨਾਂ ਦਾ ਸਭ ਲੇਖਾ ਛੁਟਕ ਜਾਂਦਾ ਹੈ।

ਜਿਨ ਕਉ ਤੂ ਹਰਿ ਮੇਲਹਿ ਸੁਆਮੀ ਸਭੁ ਤਿਨ ਕਾ ਲੇਖਾ ਛੁਟਕਿ ਗਇਆ ॥
ਤਿਨ ਕੀ ਗਣਤ ਨ ਕਰਿਅਹੁ ਕੋ ਭਾਈ ਜੋ ਗੁਰ ਬਚਨੀ ਹਰਿ ਮੇਲਿ ਲਇਆ ॥

(ਤੁਖਾਰੀ ਮਃ ੪, ਪੰਨਾ ੧੧੧੫)

# ੭ - ਫ਼ਜ਼ਲ ਰਹਿਮਤ ਦੇ ਭਾਵ-ਅਰਥਾਂ ਵਿਚਿ ਕਰਮੁ

ਸੱਚੇ ਵਾਹਿਗੁਰੂ ਦੇ ਸੱਚੇ ਦਰਬਾਰ ਵਿਚਿ ਪੰਜ ਪਰਵਾਨ ਜਨ ਹੀ ਸਿਰ-ਕਢਵੀਂ ਸੋਭਾ ਦੇ ਪਾਤਰ ਬਣਦੇ ਹਨ। ਵਾਹਿਗੁਰੂ ਨਦਰੀ ਦੀ ਨਦਰਿ ਰਹਿਮਤ (ਕਰਮ) ਦੁਆਰਾ ਓਹਨਾਂ ਦੇ ਮਸਤਕ ਵਿਖੇ ਨੀਸਾਨੀ-ਲੇਖ ਲਿਖਿਆ ਹੁੰਦਾ ਹੈ। ਓਹਨਾਂ ਦਾ ਲੇਖਾ ਕਰਮਾਂ ਦੇ ਹਿਸਾਬ ਤੋਂ ਪਾਕ ਬੇਬਾਕ ਹੋ ਗਿਆ ਹੁੰਦਾ ਹੈ। ਹੋਰ ਜੀਵਾਂ ਦੇ ਆਪੋ ਆਪਣੇ ਕਰਮਾਂ ਤੇ ਨਿਬੇੜੇ ਹੁੰਦੇ ਹਨ। ਪੰਚ ਪਰਵਾਨ ਜਨ, ਪ੍ਰਗ ਖਲੋਤੇ ਗੁਰਮੁਖਿ ਜਨ ਲੇਖੇ ਤੋਂ ਰਹਿਤ, ਕਰਮਾਂ ਦੀ ਕਾਣ-ਕਨੌਡ ਤੋਂ ਮੁਬੱਰਾ ਹੋ ਗਏ ਹੁੰਦੇ ਹਨ। ਨਦਰਾਂ ਦੇ ਮਾਲਕ ਵਾਹਿਗੁਰੂ ਦੀ ਰਹਿਮਤ ਵਾਲੀ ਨਦਰਿ ਦੁਆਰਾ ਮਸਤਕ ਅੰਕ੍ਰਤੀ ਨੀਸਾਨੁ ਹੀ ਓਹਨਾਂ ਦਾ ਪਾਰਗ੍ਰਾਮੀ ਧੁਰਵਾ ਹੈ। ਤਿਨ੍ਹਾਂ ਦੇ ਗੁਰਮੁਖਾਂ ਵਾਲੇ ਨਾਮ-ਨੀਸਾਨੀ ਕੀਤੇ ਕਰਮ, ਓਹਨਾਂ ਦੀ ਕਰਮ-ਰੇਖਾ ਮੇਟ ਮਿਟਵਾਇ ਦਿੰਦੇ ਹਨ। ਕਰਮ-ਬਿਧਾਤਾ ਕਰਤਾ ਪੁਰਖ ਹੀ ਮੇਟ ਦਿੰਦਾ ਹੈ। ਓਹਨਾਂ ਉਤੇ ਨਦਰੀ ਦੀ ਨਦਰਿ ਰਹਿਮਤ ਹੋ ਜਾਂਦੀ ਹੈ। ਜਿਸ ਨਦਰਿ ਰਹਿਮਤੀ ਨੀਸਾਨੀ ਨੀਸਾਨੇ ਹੋਏ ਓਹ ਦਰਗਹਿ ਪੈਧੇ ਜਾਂਦੇ ਹਨ, ਜਿਸ ਕਰਕੇ ਸੱਚੇ ਦੇ ਸੱਚ ਦਰਬਾਰ ਵਿਚਿ ਵੜਨੋਂ ਓਹਨਾਂ ਨੂੰ ਕੋਈ ਅਟਕਾਉ ਨਹੀਂ ਹੁੰਦਾ।

ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ
ਕਰਮਿ ਪਵੈ ਨੀਸਾਣੁ ॥

(ਜਪੁਜੀ ਸਾਹਿਬ, ਪੰਨਾ ੭)

## ਕਰਮ ਖੰਡ

ਇਸ ਰ੍ਹਹਿਮਤ-ਨੀਸਾਨੀ ਪਰਲੋਕੀ-ਖੰਡ ਵਿਖੇ ਰਹਿਮਤ-ਪਾਤਰਾਂ ਪਾਰਗ੍ਰਾਮੀ-ਗੁਰਮੁਖਾਂ ਦਾ ਹੀ ਵਾਸਾ ਹੁੰਦਾ ਹੈ। ਇਸੇ ਕਰਕੇ ਇਸ ਖੰਡ ਦਾ ਨਾਉਂ "ਕਰਮ ਖੰਡ" ਅਰਥਾਤ, ਰਹਿਮਤ, ਫ਼ਜ਼ਲ, ਦਰਿ ਦਾ ਖੰਡ ਹੈ। ਉਥੇ ਆਤਮ-ਜਿਣਨੀ ਸੂਰਿਆਂ ਦਾ ਵਾਸਾ ਹੁੰਦਾ ਹੈ। ਓਹਨਾਂ ਸੂਰਬੀਰ ਗੁਰਸਿੱਖਾਂ ਦਾ, ਜਿਨ੍ਹਾਂ ਨੂੰ ਮਾਤ ਲੋਕ ਅੰਦਰਿ ਇਸ ਜੁਗ ਵਿਖੇ ਜਨਮਿਆਂ ਸਾਰੇ ਜੀਵਨ ਵਿਚ ਲਗਾਤਾਰ "ਹਰਿ ਰੰਗੁ" ਲਗਿਆ ਰਹਿੰਦਾ ਹੈ, ਅਤੇ ਹਰਿ ਰੰਗ ਸੇਤੀ ਰੰਗੀਜੇ ਹੀ ਦਰਗਹਿ ਪੈਧੇ ਜਾਂਦੇ ਹਨ। ਇਸ ਰੰਗ-ਰੰਗੀਜੇ ਆਤਮ-ਬਿਵਸਥਾ ਦੇ ਕਾਰਨ ਹੀ ਓਹਨਾਂ ਦਾ ਬਲ-ਤੇਜ ਅਤਸੈ ਕਰਕੇ ਕਲਾਵਾਨ ਹੋ ਜਾਂਦਾ ਹੈ। ਇਹ ਮਹਾਂ ਬਲਿ ਸੂਰ ਤਾਣ ਬਾਣ ਨੀਸਾਣੀ ਕਰਮ ਖੰਡ (ਫ਼ਜ਼ਲ ਖੰਡ, ਨਦਰਿ ਖੰਡ, ਰਹਿਮਤ ਖੰਡ) ਨਿਰਾ ਤੇਜ ਕਲਾ ਸੰਵੁਕਤੂਰ, ਤੇਜ ਕਲਾ ਜੋਰ-ਸਮਰੱਥੂਰੀਆਂ ਸਹਿਤ ਭਰਪੂਰ ਹੁੰਦਾ ਹੈ। ਤਿਥੇ ਸਰਬ ਕਲਾ ਸਮਰੱਥ ਵਾਹਿਗੁਰੂ ਦੇ ਤੇਜ ਕਲਾ ਵਾਲੇ ਤੇਜ (ਸਮਰੱਥਾ) ਪਰਤਾਪੀਆਂ ਬਿਨਾਂ ਹੋਰ ਕਿਸੇ ਦਾ ਵਾਸਾ ਨਹੀਂ ਹੁੰਦਾ। ਤਿਥੈ ਆਤਮ ਬਲ ਕਰਕੇ

ਸਰੀਰ, ਸਰੀਰਕ ਅਤੇ ਮਾਨਸਕ ਇੰਦ੍ਰਿਆਂ ਨੂੰ ਵਸਿ ਕਰਨ ਵਾਲੇ ਜੋਧਿਆਂ ਮਹਾਂ ਬਲੀ ਸੂਰਮਿਆਂ ਦਾ ਵਾਸਾ ਹੁੰਦਾ ਹੈ। ਤਿਨ੍ਹਾਂ ਦੇ ਅੰਤਰਿ-ਆਤਮੇ ਰਮਤ-ਰਾਮ ਪਰਮਾਤਮਾ ਹੀ ਪਰਮਾਤਮਾ ਭਰਪੂਰ ਹੁੰਦਾ ਹੈ। ਯਥਾ ਗੁਰਵਾਕ—

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾ ਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥

(ਜਪੁਜੀ ਸਾਹਿਬ, ਪੰਨਾ ੮)

ਸੱਚੀ ਸੂਰਮਤਾਈ ਵਾਲੀ ਬਿਜੈ ਮੁਕਤੀ ਜਿਤ ਜਿਤਣ ਲਈ ਵਾਹਿਗੁਰੂ ਦੀ ਵਾਟ ਪਰਮਾਰਥੀ ਮਾਰਗ ਦਾ ਜੋ ਗੁਰਮਤਿ ਦੁਆਰਾ ਬੁਝਣਾ ਹੈ, ਇਹੀ ਗੁਰਮੁਖਿ ਸੂਰਿਆਂ ਭਗਤਾਂ ਦਾ ਘੋੜੇ ਪਾਖਰ ਸੋਇਨੇ ਸਾਖਤਿ ਰੂਪੀ ਲਾਉ ਲਸ਼ਕਰੀ ਸਾਮਾਨ ਹੈ। ਅਤੇ ਗੁਰਮਤਿ ਗੁਣਾਂ ਦੇ ਤੱਤ ਨੂੰ ਗ੍ਰਹਿਣ ਕਰਨਾ ਇਹੋ ਤਰਕਸ਼ ਤੀਰ ਕਮਾਣ ਤੇਗਬੰਦ ਰੂਪ ਯੁਧ ਦੇ ਹਥਿਆਰ ਹਨ। ਪਤਿ ਸਿਉ ਪਰਗਟ ਪਾਹਾਰੇ ਵਜਦੇ ਵਾਜੀਂ ਸਣ-ਨੀਸਾਣੇ ਧੁਰਿ ਦਰਬਾਰ ਨੂੰ ਜਾਣਾ (ਪੁਜਣਾ) ਇਹੋ ਵਾਜਾ ਨੇਜਾ ਹੈ। ਵਾਹਿਗੁਰੂ ਦਾ ਫ਼ਜ਼ਲ ਹੀ ਧਰਮ-ਜੋਧਿਆਂ ਦੀ ਜਾਤਿ ਹੈ। ਯਥਾ ਗੁਰਵਾਕ—

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥ ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥ ੩ ॥

(ਸਿਰੀਰਾਗੁ ਮਃ ੧, ਪੰਨਾ ੧੬)

ਫਲ-ਪਰਦਾਤਾ ਕਰਮ-ਬਿਧਾਤਾ ਵਾਹਿਗੁਰੂ ਆਪਣੀ ਫ਼ਜ਼ਲ ਮਿਹਰੰਮਤ ਨਾਲਿ ਤਾਰਨ ਲਗਿਆਂ ਇਕ ਬਿਲਮ ਨਹੀਂ ਲਾਉਂਦਾ। ਪਰ ਮਿਹਰੰਮਤ ਉਸ ਦੀ, ਉਸ ਦੇ ਆਗਿਆਕਾਰੀ ਜਗਿਆਸੂ ਉਤੇ ਹੀ ਹੁੰਦੀ ਹੈ। ਜੋ ਜਗਿਆਸੂ ਭੀ ਸੁਫਲ ਕਮਾਈ ਨਾਮ ਦੀ, ਆਗਿਆਕਾਰੀ ਹੋ ਕੇ ਕਰਦਾ ਹੈ, ਉਸ ਉਪਰ ਮੇਹਰਬਾਨ ਸੁਜਾਨ ਪਿਤਾ ਵਾਹਿਗੁਰੂ ਦੀ ਮਿਹਰੰਮਤ ਦਾ ਝਰਨਾ ਝਰਦਾ ਹੈ। ਸਭ ਤੋਂ ਵਡਾ ਅਤੇ ਸੱਚਾ ਕਿਰਸਾਣ ਕਰਤਾ ਪੁਰਖ ਆਪ ਹੈ, ਜਿਸ ਦੀ ਖੇਤੀ ਸਾਰਾ ਸੰਸਾਰੁ ਹੈ। ਫੇਰ ਉਹ ਆਪ ਵੱਡਾ ਸੁਜਾਨ ਕਿਰਸਾਣ ਹੈ, ਜੋ ਆਪਣੀ ਲਾਈ ਖੇਤੀ ਰੂਪੀ ਫੁਲਵਾੜੀ ਦੇ ਕਿਸੇ ਬੂਟੇ ਨੂੰ ਨਹੀਂ ਭੁਲਦਾ। ਸਾਰੀ ਕਿਰਸਾਣੀ ਨੂੰ ਪ੍ਰਾਰਬਧ ਰੂਪੀ ਜਲ ਪੁਜਾ ਰਿਹਾ ਹੈ। ਸਭ ਦੀ ਰਖਵਾਲੀ ਕਰ ਰਿਹਾ ਹੈ। ਸਭ ਦੀ ਸਾਰ ਲੈਂਦਾ ਹੈ, ਕਿਸੇ ਨੂੰ ਨਹੀਂ ਭੁਲਦਾ। ਜੇਹੜੇ ਗੁਰਮੁਖਿ ਜਨ ਜਗਿਆਸੂ ਰੂਪੀ ਸੱਚ (ਸਤਿ ਪਦਾਰਥ) ਦਾ ਬੀਜ ਦਾਣਾ ਬੋਵੰਦੇ ਹਨ ਅਤੇ ਸੱਚੀ ਗੁਰਮਤਿ ਨਾਮ ਅਭਿਆਸ ਕਮਾਈ ਕਰਦੇ ਹਨ ਤਿਨ੍ਹਾਂ ਨੂੰ ਤਿਸ ਅੰਮ੍ਰਿਤ-ਨਾਮ ਬੀਜੇ ਦੀ ਸੁਫਲ ਕਮਾਈ ਦਾ ਫਲ ਇਹ ਲਗਦਾ ਹੈ ਕਿ ਉਨ੍ਹਾਂ ਦੇ ਅੰਤਰਿ-ਆਤਮੇ ਰਸ-ਜੋਤਿ ਪ੍ਰਕਾਸ਼ ਦੀ ਮੁਸ਼ਕ ਝਕੋਲਣੀ ਬੂਟੀ ਉਗਵ ਖਲੋਂਦੀ ਹੈ। ਇਹ ਮੁਸ਼ਕ-ਝਕੋਲਣਾ ਸੁਫਲ ਫਲ ਰਸ-ਜੋਤਿ-ਪ੍ਰਕਾਸ਼ੀਆ ਨਾਮੁ ਹੀ ਹੁੰਦਾ ਹੈ ਜਿਸ ਤੋਂ ਨਵ-ਨਿਧੀਆਂ ਅਤੇ ਰਿਧੀਆਂ ਸਿਧੀਆਂ ਜ਼ਹੂਰ ਪਜ਼ੀਰ ਹੁੰਦੀਆਂ ਹਨ। ਤਾਂ ਤੇ ਪੂਰਨ ਗੁਰਮਤਿ ਰੀਤੀ ਜੁਗਤੀ ਨਾਲਿ ਬੀਜਿਆ ਸੰਚਰੀਜਿਆ ਨਾਮ, ਗੁਰਮਤਿ ਅਭਿਆਸ ਕਮਾਈਆਂ ਦੇ ਸੱਚੇ ਕਿਰਤ-ਕਰੰਮੀ ਪ੍ਰਭਾਵ ਕਰਕੇ ਨਵਨਿਧੀਆ ਅਤੇ ਰਸ-ਜੋਤਿ-ਵਿਗਸੀਆ ਨਾਮ ਪਰਜੁਲਤ ਹੋਇ ਉਪਜਦਾ ਹੈ। ਇਹ ਮੇਹਰਬਾਨ ਵਾਹਿਗੁਰੂ ਦਾ ਸੱਚਾ ਮੇਹਰੰਮਤੀ ਨੀਸਾਨ ਫ਼ਜ਼ਲ (ਕਰਮ) ਹੈ। ਯਥਾ ਗੁਰਵਾਕ—

**ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥ ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥ ਨਉਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥**

(ਸਿਰੀਰਾਗੁ ਮਃ ੧, ਪੰਨਾ ੧੯)

ਜਿਸ ਦੇ ਉਪਰ ਉਸ ਦਾ ਫ਼ਜ਼ਲ ਕਰਮ ਹੁੰਦਾ ਹੈ ਤਿਸੇ ਦੇ ਹਿਰਦੇ ਰੂਪੀ ਭੂਮਕਾ ਵਿਚਿ ਅੰਮ੍ਰਿਤ ਨਾਮ ਦਾ ਬੀਜ ਸੰਚਰਦਾ ਹੈ। ਉਸੇ ਤੋਂ ਸੁਫਲ ਕਮਾਈਆਂ ਕਰਾਉਂਦਾ ਹੈ। ਉਸੇ ਨੂੰ ਰਸ-ਜੋਤਿ-ਪ੍ਰਕਾਸ਼ੀਏ ਨਵਨਿਧਿ ਨਾਮ ਦਾ ਸੁਫਲ ਫਲ ਲਾਉਂਦਾ ਹੈ। ਹੇ ਵਾਹਿਗੁਰੂ! ਇਹ ਤੇਰਾ ਫ਼ਜ਼ਲ ਕਰਮ ਹੈ। ਇਹ ਤੇਰੀ ਮਿਹਰੰਮਤ ਹੈ। ਇਹ ਤੇਰੀ ਬਖ਼ਸ਼ਸ਼ ਹੈ।

**ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥ ੫੨ ॥**

(ਗਉੜੀ ਬਾਵਨ ਅਖਰੀ, ਪੰਨਾ ੨੬੧)

ਖਰਿਆਂ ਦੇ ਸੰਗ ਨਾਲ ਖੋਟੇ ਭੀ ਬਖ਼ਸ਼ੇ ਜਾਂਦੇ ਹਨ, ਜੇਕਰ ਵਾਹਿਗੁਰੂ ਦੀ ਬਖ਼ਸ਼ਸ਼ ਹੋਵੇ। ਬਖ਼ਸ਼ਸ਼ ਮਿਹਰੰਮਤ ਅਗੇ ਖੋਟੇ ਕਰਮਾਂ ਦੀ ਭੀ ਪੁਛ ਨਹੀਂ ਹੁੰਦੀ। ਖੋਟੇ ਕਰਮਾਂ ਦਾ ਲੇਖਾ ਭੀ ਫ਼ਜ਼ਲ ਕਰਮ ਅਗੇ ਮੁਕ ਚੁਕ ਜਾਂਦਾ ਹੈ। ਪਾਰਬ੍ਰਹਮ ਦੀ ਮਿਹਰੰਮਤ ਰੂਪੀ ਵਡ-ਵਡਿਆਈ ਦੇ ਤੁਫ਼ੈਲ ਪਾਣੀ ਵਿਚਿ ਪੱਥਰ ਭੀ ਤਰ ਜਾਂਦੇ ਹਨ।

ਪਰਮਾਰਥੀ ਪ੍ਰੇਮ ਪਿਆਰੁ ਭੀ ਵਾਹਿਗੁਰੂ ਆਪਣੇ ਫ਼ਜ਼ਲ ਕਰਮ ਕਰਕੇ ਫ਼ਜ਼ਲ-ਕਰੰਮੀ ਜਗਿਆਸੂਆਂ ਦੇ ਅੰਦਰਿ ਲਾਉਂਦਾ ਹੈ। ਉਸ ਦੀ ਮਿਹਰੰਮਤੀ ਨਦਰਿ ਕਰਕੇ ਉਸ ਦੇ ਮਨਜ਼ੂਰ-ਨਜ਼ਰ ਹੋਏਵੇ ਹੁੰਦੇ ਹਨ। ਸਾਨੂੰ ਭੀ ਉਸ ਦੀ ਮੇਹਰ ਨਦਰਿ ਮਿਹਰੰਮਤ ਦੇ ਪਾਤਰ ਹੋਣ ਦੀ ਯਾਚਨਾ ਸਦਾ ਕਰਨੀ ਚਾਹੀਦੀ ਹੈ।

**ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥ ਨਾਨਕ ਲੇਹੁ ਮਿਲਾਇ ਮੈ ਜਾਚਕ ਦੀਜੈ ਨਾਮੁ ਹਰਿ ॥ ੧੩ ॥**

(ਸਲੋਕ ਮਃ ੪, ਪੰਨਾ ੧੪੨੨)

ਨਾਮ ਦੀ ਸੱਚੀ ਯਾਚਨਾ ਭੀ ਉਸੇ ਨੂੰ ਸਿਖਾਉਂਦਾ ਅਤੇ ਉਸੇ ਤੋਂ ਕਰਾਉਂਦਾ ਹੈ ਜਿਸ ਉਪਰ ਉਸ ਦਾ ਮੇਹਰ-ਨਦਰੀ ਕਰਮ-ਫ਼ਜ਼ਲ ਹੁੰਦਾ ਹੈ। ਜੋ ਜੋ ਜਨ ਇਸ ਜਨਮ ਵਿਖੇ ਗੁਰੂ ਦੀ ਚਰਨੀ ਆਇ ਲਗਦੇ ਹਨ, ਸੱਚੇ ਗੁਰੂ ਸਤਿਗੁਰੂ ਨਾਨਕ ਸਰੂਪ ਦੀ ਸਰਨੀ ਆਇ ਢਹਿੰਦੇ ਹਨ ਤਿਨ੍ਹਾਂ ਉਪਰ ਹੀ ਵਾਹਿਗੁਰੂ ਦਾ ਸੱਚਾ ਫ਼ਜ਼ਲ ਕਰਮ ਹੁੰਦਾ ਹੈ। ਯਥਾ ਗੁਰਵਾਕ—

**ਨਾਨਕ ਕਰਮੁ ਪਾਇਆ ਤਿਨ ਸਚਾ ਜੋ ਗੁਰ ਚਰਣੀ ਲਗੇ ਆਇ ॥੨੦॥**

(ਸਲੋਕ ਮਃ ੪, ਪੰਨਾ ੧੪੨੩)

ਤਿਨ੍ਹਾਂ ਨੂੰ ਸੱਚੇ ਦਾ ਸੱਚਾ ਕਰਮ ਹੀ ਪ੍ਰਾਪਤਿ ਹੁੰਦਾ ਹੈ ਜੋ ਸੱਚੇ ਸਤਿਗੁਰੂ ਦੇ ਚਰਨ ਸਰਨ ਆਇ ਕੈ ਗੁਰੂ ਕੇ ਸਿਖ ਸਜਦੇ ਹਨ। ਚਰਨੀ ਸਰਨੀ ਸਤਿਗੁਰੂ ਦੀ ਆਇ ਕੇ ਗੁਰੂ ਘਰ ਤੋਂ ਗੁਰ-ਦੀਖਿਆ ਗੁਰ-ਮੰਤਰ ਗੁਰਮਤਿ ਨਾਮ ਪ੍ਰਾਪਤਿ ਕਰਦੇ ਹਨ। ਜਿਤਨੀ ਭੀ ਦਾਨ-ਦਾਤਾਰ ਵਾਹਿਗੁਰੂ ਦੀ ਅਚਿੰਤ ਦਾਤਿ ਹੈ ਸੋ ਸਭ ਫ਼ਜ਼ਲ-ਕਰੰਮੀ ਦਾਤਿ ਹੈ।

**ਪੂਰੇ ਗੁਰ ਤੇ ਵਡਿਆਈ ਪਾਈ ॥ ਅਚਿੰਤ ਨਾਮੁ ਵਸਿਆ ਮਨਿ ਆਈ ॥**

(ਬਿਲਾਵਲ ਮਃ ੩, ਪੰਨਾ ੨੯੮)


www.sikhbookclub.com

ਨਾਮ ਦਾ ਅਚਿੰਤ ਮਨ ਵਿਖੇ ਵਸਿ ਆਉਣਾ, ਅਚਿੰਤ ਹੀ ਨਾਮ ਦਾ ਹਿਰਦੇ ਅੰਦਰਿ ਆ ਪ੍ਰਕਾਸ਼ ਹੋਣਾ, ਇਹ ਸਭ ਸਤਿਗੁਰੂ ਦੀ ਵਡਿਆਈ ਹੈ। ਇਹ ਵਾਹਿਗੁਰੂ ਦੀ ਫ਼ਜ਼ਲ-ਕਰੰਮੀ ਮਿਹਰੰਮਤਿ ਹੈ। ਨਹੀਂ ਤਾਂ ਨਾਨਾ ਪ੍ਰਕਾਰੀ ਕਰਮਾਂ ਦੀ ਘਾਲ ਕਮਾਈ ਆਪਣੀ ਘਾਲਣਾ ਉਤੇ ਸ਼ਾਕਰ ਹੋ ਕੇ ਕੀਤੀ ਸੇਵਾ ਭਗਤੀ ਐਵੇਂ ਨਿਸਫਲ ਹੀ ਜਾਂਦੀ ਹੈ। ਗੁਰ-ਮੰਤਰ ਗੁਰਮਤਿ ਨਾਮ ਦੀ ਕਮਾਈ ਭੀ, ਬਗ਼ੈਰ ਉਸ ਦੀ ਦਇਆ ਮਇਆ ਦੇ ਫਲੀਭੂਤ ਨਹੀਂ ਹੁੰਦੀ। ਗੁਰੂ ਦੇ ਮੰਤਰ ਦੀ ਅਭਿਆਸ-ਕਮਾਈ ਕਰਨ ਭੀ ਉਹ ਜਨ ਲਗਦਾ ਹੈ ਜਿਸ ਉਪਰ ਨਦਰਿ-ਕਰੰਮੀ ਵਾਹਿਗੁਰੂ ਦਾ ਮਿਹਰੰਮਤੀ-ਫ਼ਜ਼ਲ ਹੋਵੇ।

ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ ॥ ਜਾ ਕਉ
ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੋ ਮੰਤਾ ॥ ੩ ॥

(ਧਨਾਸਰੀ ਮਃ ੫, ਪੰਨਾ ੬੭੨)

ਜਿਸ ਨੂੰ ਵਾਹਿਗੁਰੂ ਦੀ ਪ੍ਰਾਪਤੀ ਹੋਣੀ ਹੁੰਦੀ ਹੈ ਉਸ ਨੂੰ ਗੁਰੂ-ਮੰਤਰ ਕਮਾਉਣ ਦੀ ਦਇਆਲਤਾ ਪਹਿਲਾਂ ਹੋ ਜਾਂਦੀ ਹੈ। ਫੇਰ ਇਸ ਦਇਆਲਤਾ ਨਦਰਿ ਮੇਹਰ ਦੇ ਪ੍ਰਾਇਣ ਹੋ ਕੇ ਜੋ ਪਿਆਰਾ ਸਫਲ ਕਮਾਈਆਂ ਕਰਦਾ ਹੈ ਉਸ ਦੀ ਘਾਲ ਥਾਇੰ ਪੈਂਦੀ ਹੈ। ਉਸ ਉਪਰ ਦਇਆਲੂ ਨਦਰਾਲੂ ਪਿਤਾ ਪਰਮਾਤਮਾ ਆਪਣੇ ਵਸਲ ਦਾ ਫ਼ਜ਼ਲ-ਕਰਮ ਨਾਜ਼ਲ ਕਰਦਾ ਹੈ। ਦਰਸ-ਪਿਆਸ ਦੀ ਆਸ ਦੇ ਸੰਕਲਪ ਫੁਰਨ ਤੋਂ ਭੀ ਜਦੋਂ ਸੁਰਤੀ ਬਿਰਤੀ ਅਫੁਰ ਹੋ ਜਾਵੇ ਤਦੋਂ ਹੀ ਅਚਿੰਤ ਆਤਮ ਬਿਵਸਥਾ ਪ੍ਰਾਪਤਿ ਹੁੰਦੀ ਹੈ ਅਤੇ ਤਦੋਂ ਹੀ ਨਿਜ ਕਰਮ ਕਰੰਤਣੇ ਮਾਣ ਦਾ ਕੜ ਟੁਟਦਾ ਹੈ। ਤਾਂ ਤੇ ਅਭਿਆਸੀ ਜਨ ਲਈ ਲਾਜ਼ਮੀ ਹੈ ਕਿ ਨਾਮ ਅਭਿਆਸ ਕਰਮ ਦੀ ਅਤੁੱਟ ਕਮਾਈ ਕਰਦਾ ਹੋਇਆ ਭੀ ਕਿਰਪਾਲੂ ਜੁਲ-ਜਲਾਲੂ, ਕਾਰਨ-ਕਰਨ ਕਰੀਮ ਫ਼ਜ਼ਲਾਲੂ ਦੇ ਫ਼ਜ਼ਲ-ਕਰਮ ਤੇ ਹੀ ਡੋਰੀ ਰਖੇ, ਦਰਸ਼ਨ-ਮਿਲਾਪ ਦੀ। ਟੇਕ ਭਰੋਸਾ ਏਕੈ ਅਕਾਲ ਪੁਰਖ ਤੇ ਰਖੇ। ਫੇਰ ਉਹ ਇਕ ਛਿਨ ਅਚਿੰਤੇ ਹੀ ਆਵੇਗੀ ਕਿ ਇਕ-ਦਮ ਕਿਵਾੜ ਖੁਲ੍ਹ ਜਾਣਗੇ ਅਤੇ ਦਰਸ਼ਨ-ਜੋਤਿ ਦੇ ਝਲਕਾਰ ਅੰਤਰਿ ਹਿਰਦਾਰੇ (ਘਟ ਅੰਤਰਿ) ਹੀ ਆਇ ਪੈਣਗੇ। ਬਹੁਤ ਕੁਝ ਉਸ ਦੇ ਫ਼ਜ਼ਲ-ਕਰਮ ਉਤੇ ਹੀ ਨਿਰਭਰ ਹੈ। ਆਪਣੇ ਕਰਮਾਂ ਉਤੇ ਕੀ ਕੋਈ ਸ਼ਾਕਰ ਹੋਵੇਗਾ। "ਖੁਲਿ੍ਓ ਕਰਮੁ ਭਇਓ ਪਰਗਾਸਾ"[1] ਵਾਲੀ ਸੁਫਲ ਘੜੀ ਅਚਿੰਤੇ ਹੀ ਘਟ ਅੰਤਰਿ ਕਰੰਮਤਿ ਹੋਣੀ ਹੈ, ਫ਼ਜ਼ਲ ਨਸੀਬਤ ਹੋਣੀ ਹੈ। ਦੇਖੋ ਅਚਿੰਤ ਦਾਤਿ ਦੀ ਫ਼ਜ਼ਲ-ਖੇਡ ਅਗਲੇ ਗੁਰਵਾਕ ਵਿਖੇ ਕੈਸੀ ਅਨੂਪਮ ਰਚੀ ਹੈ। ਯਥਾ ਗੁਰਵਾਕ—

ਭੈਰਉ ਮਹਲਾ ੫ ॥ ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ
ਦੀਨੋ ਨਾਮੁ ॥ ਸਹਜ ਬਿਨੋਦ ਚੋਜ ਆਨੰਤਾ ॥ ਨਾਨਕ ਕਉ ਪ੍ਰਭੁ ਮਿਲਿਓ
ਅਚਿੰਤਾ ॥ ੧ ॥ ਕਹੁ ਨਾਨਕ ਕੀਰਤਿ ਹਰਿ ਸਾਚੀ ॥ ਬਹੁਰਿ ਬਹੁਰਿ ਤਿਸੁ
ਸੰਗਿ ਮਨੁ ਰਾਚੀ ॥ ੧ ॥ ਰਹਾਉ ॥ ਅਚਿੰਤ ਹਮਾਰੈ ਭੋਜਨ ਭਾਉ ॥ ਅਚਿੰਤ
ਹਮਾਰੈ ਲੀਚੈ ਨਾਉ ॥ ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ
ਭੰਡਾਰ ॥ ੨ ॥ ਅਚਿੰਤ ਹਮਾਰੈ ਕਾਰਜ ਪੂਰੇ ॥ ਅਚਿੰਤ ਹਮਾਰੇ ਲਥੇ ਵਿਸੂਰੇ
॥ ਅਚਿੰਤ ਹਮਾਰੈ ਬੈਰੀ ਮੀਤਾ ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥ ੩

[1] ਸਾਰਗ ਮਃ ੫, ਰਹਾਉ॥ ੪੨॥ ਪੰਨਾ ੧੨੧੨

॥ ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥ ਅਚਿੰਤ ਹਮਾਰੀ ਪੂਰਨ ਆਸਾ ॥
ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥ ਅਚਿੰਤੁ ਹਮ ਕਉ ਗੁਰ ਦੀਨੋ ਮੰਤੁ ॥
੪ ॥ ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ ਹਮਾਰੇ ਮਿਟੇ ਅੰਧੇਰ ॥ ਅਚਿੰਤੋ
ਹੀ ਮਨਿ ਕੀਰਤਨੁ ਮੀਠਾ ॥ ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥ ੫ ॥
ਅਚਿੰਤ ਮਿਟਿਓ ਹੈ ਸਗਲੋ ਭਰਮਾ ॥ ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥
ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥ ੬ ॥
ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥
ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥
੭ ॥ ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭ ਠਾਕੁਰੁ
ਏਕ ॥ ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥
੮ ॥ ੩ ॥ ੬ ॥

(ਪੰਨਾ ੧੧੫੭)

ਵਿਆਖਿਆ- ਫ਼ੈਜ਼ ਗੰਜੂਰ ਕਰੀਮੁਲ ਕਮਾਲ ਸ੍ਰੀ ਅਕਾਲ ਪੁਰਖ ਦਾ ਅੱਵਲ-ਤਰੀਨ ਫ਼ੈਜ਼ ਫ਼ਜ਼ਲ ਰਹਿਮਤ-ਪਾਤਰੀ ਜਨਾਂ ਉਤੇ ਇਹ ਹੁੰਦਾ ਹੈ ਕਿ ਸਤਿਗੁਰ ਸੱਚੇ ਦੁਆਰਾ ਵਾਹਿਗੁਰੂ ਨਾਮ ਰੂਪੀ ਅਮੋਲ ਰਤਨ ਦਾ ਦਾਨ ਓਹਨਾਂ ਨੂੰ ਦਿਵਾਉਂਦਾ ਹੈ ਜੋ ਵਾਹਿਗੁਰੂ ਦੀ ਨਦਰਿ ਮੇਹਰ ਫ਼ਜ਼ਲ ਦੇ ਪਾਤਰ ਅਧਿਕਾਰੀ, ਪਰਮ ਅਧਿਕਾਰੀ ਹੁੰਦੇ ਹਨ। ਇਸ ਗੁਰਮਤਿ ਨਾਮ ਦੀ ਪਾਰਸ-ਅਭਿਆਸਨੀ-ਕਲਾ ਦੇ ਤੁਫ਼ੈਲ ਗੁਰੂ ਨਾਨਕ ਸਾਹਿਬ ਦੇ ਵਰੋਸਾਏ ਸਿੱਖਾਂ ਨੂੰ ਵਾਹਿਗੁਰੂ ਦਾ ਵਸਲ-ਮਿਲਾਪ ਅਚਿੰਤੇ ਹੀ ਹੋ ਜਾਂਦਾ ਹੈ। ਵਸਲ ਹੋਣ ਸਾਰ ਹੀ ਚੋਜੀ ਪ੍ਰੀਤਮ ਆਪਣੇ ਅਨਿੰਨ ਪ੍ਰੇਮੀ ਜਨਾਂ ਨਾਲਿ ਸਹਜ ਅਨੰਦ ਬਿਨੋਦੀ ਅਨੰਤ ਚੋਜ ਕਰਨ ਲਗ ਪੈਂਦਾ ਹੈ। ਇਸ ਚੋਜ ਅਨੰਦੀ ਪਰਮ ਅਦਭੁਤ ਰੰਗਾਂ ਅੰਦਰਿ, ਵਾਹਿਗੁਰੂ ਸੇਤੀ ਚੋਜ ਬਿਨੋਦੀ ਕੇਲ ਕਰੰਦਿਆਂ, ਅਤਿ ਸੁਰਤਿ ਸਮੀਪੀ ਅਤੇ ਦ੍ਰਿਸ਼ਟ-ਸਨਮੁਖੀ ਪ੍ਰੀਤਮ-ਦਰਸ਼ਨ ਕਰਦਿਆਂ ਹੋਇਆਂ, ਜੋ ਗੁਰਬਾਣੀ, ਸੱਚੀ ਬਾਣੀ ਦੇ ਕੀਰਤਨ ਦਾ ਆਨੰਦ ਆਉਂਦਾ ਹੈ ਉਹ ਅਦੁੱਤੀ ਅਤੇ ਅਕੱਥਨੀਯ ਹੈ। ਤਤ ਆਤਮ-ਅਨੰਦ ਦੀ ਅਵਧੀ ਪ੍ਰੀਤਮ ਪਰਮਾਤਮਾ ਦੀ ਸਾਪੇਕਸ਼ ਦਿਬ-ਦੀਦਾਰਤਾ ਵਿਚਿ ਹੀ ਹੁੰਦੀ ਹੈ। ਵਾਹਿਗੁਰੂ ਦੀ ਇਸ ਸਾਚੀ ਰੰਗ ਰਾਚੀ ਕੀਰਤਿ ਦਾ, ਕੀਰਤਨੀ ਜਨਾਂ ਨੂੰ ਰੱਜ ਨਹੀਂ ਆਉਂਦਾ। ਓਹ ਬਹੁੜਿ ਬਹੁੜਿ ਕੀਰਤਨ ਦੇ ਉਮਾਹਿਆਂ ਵਿਚਿ ਹੀ ਉਮਾਹੁੰਦੇ ਹਨ ਅਤੇ ਮੁੜਿ ਮੁੜਿ ਕੀਰਤਨ-ਰੰਗਾਂ ਵਿਚਿ ਹੀ ਰਚੇ ਰਹਿੰਦੇ ਹਨ। ਕੀਰਤਨ ਓਹਨਾਂ ਤੋਂ ਛਡਿ ਹੀ ਨਹੀਂ ਹੁੰਦਾ। ਨਾ ਪ੍ਰੀਤਮ ਦਾ ਦੀਦਾਰ ਛੁਟੇ, ਨਾ ਕੀਰਤਨ ਛੁਟੇ। ਇਕ ਛਿਨ ਪਲ ਜੇ ਕਿਤੇ ਦੀਦਾਰ ਲਾਂਭੇ ਭੀ ਹੋ ਜਾਂਦਾ ਹੈ ਅਤੇ ਦੀਦਾਰ-ਮਾਸੂਰੀ ਪ੍ਰੀਤਮ ਲੁਕਣ-ਮੀਟੀਆਂ ਖੇਲਣ ਲਗ ਪੈਂਦਾ ਹੈ ਤਾਂ ਭੀ ਓਹ ਕੀਰਤਨ ਕਰਿ ਕਰਿ ਹੀ ਦਰਸ਼ਨ ਦੀਦਨੀ ਮੋੜੇ ਮਹਿਬੂਬ ਦੇ ਕਰਾਉਂਦੇ ਹਨ। ਤੁਰਤ ਹੀ ਕੀਰਤਨ ਕਰਨਾ ਅਰੰਭ ਦਿੰਦੇ ਹਨ। ਕੀਰਤਨੀਆਂ ਦੇ ਕੀਰਤਨ ਤੇ ਰੀਝ ਕੇ ਲੁਕਣ-ਮੀਟਣੀਆ ਮਹਿਬੂਬ ਫੇਰ ਨਖਰ-ਨਹੋਰੜਾ ਘੁੰਗਟ ਲਾਹ ਕੇ ਅਤਿ ਅਪਾਰ ਜਗਮਗੀ ਮੁਖਾਰ ਦਾ ਦਰਸ਼ਨ-ਦੀਦਾਰ ਦਿੰਦਾ ਹੋਇਆ ਸਨਮੁਖ ਆ ਜ਼ਹੂਰ ਪਜ਼ੀਰ ਹੁੰਦਾ ਹੈ। ਦਰਸ ਜ਼ਹੂਰੀ ਹਾਜ਼ਰ ਹਜ਼ੂਰੀ ਸਾਪੇਖਸ਼ਤ ਦੇ ਵਿਗਾਸ ਅੰਦਰਿ ਕੀਰਤਨ-ਰੰਗਾਂ ਵਿਚ ਜੋ ਮਹਿਵਤਾ ਹੁੰਦੀ ਹੈ ਉਹ ਅਗੇ ਨਾਲੋਂ ਭੀ ਅਕਥਨੀਯ ਹੁੰਦੀ ਹੈ। ਕੀਰਤਨ ਓਹਨਾਂ ਦਾ ਭੋਜਨ ਹੀ ਹੋ

ਜਾਂਦਾ ਹੈ। ਇਸ ਭੋਜਨ ਭਾਉ ਵਿਚ ਹੋਰ ਭੋਜਨ ਦੀ ਰੁਚੀ ਹੀ ਨਹੀਂ ਰਹਿੰਦੀ। ਅਨਦਿਨ ਓਹ ਕੀਰਤਨ ਰੂਪੀ ਭੋਜਨ ਭੁੰਚਣ ਵਿਚਿ ਹੀ ਰਚੇ ਰਹਿੰਦੇ ਹਨ। ਨਾ ਛਾਦਨ ਦੀ ਨਾ ਭੋਜਨ ਦੀ ਰੁਚੀ, ਇਛਾ ਹੀ ਨਹੀਂ ਰਖਦੇ। ਅਚਿੰਤੇ ਜੋ ਭੋਜਨੀ ਪਦਾਰਥ ਆ ਮਿਲੇ ਸੋ ਭੁੰਚ ਲੈਂਦੇ ਹਨ ਅਤੇ ਸੋਈ ਭੁੰਚ ਕੇ ਸੰਤੁਸ਼ਟ ਰਹਿੰਦੇ ਹਨ। ਭਾਵੇਂ ਰੁੱਖਾ ਸੁੱਖਾ ਭੋਜਨ ਹੀ ਹੋਵੇ, "**ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥**"[੧] ਇਹ ਹੈ "**ਅਚਿੰਤ ਹਮਾਰੈ ਭੋਜਨ ਭਾਉ**" ਦੀ ਭਾਉ-ਭੁਗਤਨੀ ਬਿਵਸਥਾ। ਇਸ ਅਵਸਥਾ ਵਿਖੇ ਨਾਮ ਅਭਿਆਸ ਦਾ ਸਫੁਰਨ-ਵੇਗ ਭੀ ਅਫੁਰ ਹੀ ਫੁਰਦਾ ਹੈ ਅਤੇ ਸੁਤੇ ਸੁਭਾਵ ਹੀ ਬਿਨਾ ਯਤਨ ਦੇ ਚਲਿਆ ਰਹਿੰਦਾ ਹੈ। ਊਠਤ ਬੈਠਤ ਸੋਵਤ ਜਾਗਤ ਚਲਦਿਆਂ ਫਿਰਦਿਆਂ ਅਚਿੰਤੇ ਹੀ ਸੁਰਤੀ ਕਰਕੇ, ਸੁਆਸਾਂ ਕਰਕੇ, ਜਪ-ਅਭਿਆਸ ਕਰਕੇ ਨਾਮ ਦਾ ਸਹਜ ਬਿਲੋਵਨਾ ਆਪ-ਹੁਦਰੋਂ ਹੀ ਬਿਲੋਈਂਦਾ ਰਹਿੰਦਾ ਹੈ। ਦਇਆਲੂ ਕਿਰਪਾਲੂ ਕਰੀਮ ਰਹੀਮ ਵਾਹਿਗੁਰੂ ਦੇ ਫ਼ਜ਼ਲ-ਕਰੰਮ ਅਤੇ ਰਹਿਮਤ-ਕਰੰਮ ਦਾ ਉਸ ਗੁਰਮੁਖਿ ਜਨ ਤੇ ਖਾਸ ਨਿਛਾਵਰਾ ਹੈ, ਜਿਸ ਨੂੰ ਇਹ "**ਅਚਿੰਤ ਹਮਾਰੈ ਲੀਚੈ ਨਾਉ**" ਦੀ ਲਹਿਰ ਬਹਿਰ ਪ੍ਰਾਪਤਿ ਹੋਈ ਹੈ। ਫ਼ਜ਼ਲ-ਕਰੰਮੀ ਰੱਬੀ ਉਦਾਰਤਾ ਦੇ ਪਾਤਰ ਜਨਾਂ ਦਾ ਸ਼ਬਦ ਦੁਆਰਾ ਉਧਾਰ-ਨਿਸਤਾਰਾ ਭੀ ਇਕ ਛਿਨਕ ਮਾਤਰ ਵਿਚਿ ਅਚਿੰਤੋਂ ਹੀ ਹੋ ਜਾਂਦਾ ਹੈ। ਸ਼ਬਦ ਉਧਾਰ ਰਹਿਮਤ-ਪਾਤਰੀਸ਼ਾਂ ਦੇ ਮੁਕਤਿ ਭੁਗਤਿ ਦੇ ਭੰਡਾਰ ਅਚਿੰਤੇ ਹੀ ਭਰੇ ਰਹਿੰਦੇ ਹਨ। "**ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ**" ਦੀ ਮਿਹਰੰਮਤ ਵਰੋਸਾਇਆਂ ਦੇ ਸਾਰੇ ਕਾਰਜ ਭੀ ਅਚਿੰਤੇ ਹੀ ਪੂਰੇ ਹੁੰਦੇ ਰਹਿੰਦੇ ਹਨ, ਕੋਈ ਭੀ ਅਧੂਰਾ ਨਹੀਂ ਰਹਿੰਦਾ। "**ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ**"[੨] ਦੀ ਨਦਰਿ-ਦ੍ਰਿਸ਼ਟਿ-ਵਰਸੀਜਿਆਂ ਉਪਰ "**ਅਚਿੰਤ ਹਮਾਰੈ ਕਾਰਜ ਪੂਰੇ**" ਦੀ ਭਾਵ-ਘਟਨਾ ਸੁਤੇ ਸੁਭਾਵ ਹੀ ਘਟਦੀ ਰਹਿੰਦੀ ਹੈ। ਓਹਨਾਂ ਦੇ ਸਾਰੇ ਵਿਸੂਰੇ ਝੁਰੇਵੇਂ ਭੀ ਅਚਿੰਤੇ ਹੀ ਲਹਿ ਜਾਂਦੇ ਹਨ ਅਤੇ ਸਦਾ ਹੀ ਲਥੇ ਰਹਿੰਦੇ ਹਨ। "**ਅਚਿੰਤ ਹਮਾਰੈ ਲਥੇ ਵਿਸੂਰੇ**" ਦੀ ਨਦਰਿ ਦ੍ਰਿਸ਼ਟੀ ਜਿਨ੍ਹਾਂ ਉਪਰਿ ਹੋ ਗਈ ਓਹਨਾਂ ਨੂੰ "**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ**"[੩] ਦੇ ਗੁਰਵਾਕ ਅਨੁਸਾਰਤਾ ਵਾਲੀ ਸਮ-ਦ੍ਰਿਸ਼ਟਿ ਪ੍ਰਾਪਤਿ ਹੋ ਜਾਂਦੀ ਹੈ। ਓਹਨਾਂ ਦਾ ਨਾ ਕੋਈ ਦੁਸ਼ਮਨ ਰਹਿੰਦਾ ਹੈ ਨਾ ਓਹ ਕਿਸੇ ਨਾਲ ਵੈਰ ਭਾਵ ਰਖਦੇ ਹਨ, ਕਿਸੇ ਦੇ ਭੀ ਵੈਰੀ ਨਹੀਂ ਹੁੰਦੇ, ਬਲਕਿ ਸਾਰੇ ਓਹਨਾਂ ਦੇ ਮਿਤਰ ਅਤੇ ਓਹ ਸਾਰਿਆਂ ਦੇ ਸਜਣ ਬਣੇ ਰਹਿੰਦੇ ਹਨ। "**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ**"[੪], ਸਗੋਂ ਬੈਰੀ ਭੀ ਓਹਨਾਂ ਦੇ ਮਿਤਰ ਬਣ ਜਾਂਦੇ ਹਨ ਅਤੇ ਅਚਿੰਤੇ ਹੀ ਹੋ ਜਾਂਦੇ ਹਨ। "**ਅਚਿੰਤ ਹਮਾਰੈ ਬੈਰੀ ਮੀਤਾ**"। ਫ਼ਜ਼ਲ-ਕਰੰਮੀ ਪਰਤਾਪ ਅਚਿੰਤੇ ਹੀ ਤਿਨ੍ਹਾਂ ਦੇ ਵਿਰਸੇ ਵਿਚਿ ਆ ਜਾਂਦਾ ਹੈ। ਜੋ ਅੰਮ੍ਰਿਤ ਅਭਿਆਸ ਸ਼ਬਦ ਰਸਾਇਣੀ ਹੁੰਦੇ ਹਨ, ਸਾਲਾਹੀ ਵਾਹਿਗੁਰੂ ਦੀ ਸਿਫ਼ਤ-ਸਾਲਾਹ ਕਰਨ ਵਾਲਿਆਂ ਨੂੰ ਦੁਸ਼ਮਨ ਦਾ ਭੈ ਨਹੀਂ ਰਹਿੰਦਾ— "**ਨਾਨਕ ਨਾਮੁ ਸਲਾਹੀਐ ਭਇ ਦੁਸਮਨ ਭਾਗੈ**" ॥[੫] ਓਹਨਾਂ ਦੀ ਅੰਤਰ-ਗਤੀ ਭਾਵਨਾ

---

[੧] ਮਾਰੂ ਮਃ ੧, ਪੰਨਾ ੧੦੧੩
[੨] ਗਉੜੀ ਸੁਖਮਨੀ ਮਃ ੫, ਪੰਨਾ ੨੯੩
[੩] ਧਨਾਸਰੀ ਮਃ ੫, ਪੰਨਾ ੬੭੧
[੪] ਉਹੀ
[੫] ਬਿਲਾਵਲ ਮਃ ੫, ਪੰਨਾ ੮੧੭


www.sikhbookclub.com

ਸਾਰਿਆਂ ਨੂੰ ਆਪਣਾ ਮਿਤਰ ਕਰਕੇ ਜਾਨਣ ਵਾਲੀ ਹੁੰਦੀ ਹੈ ਅਤੇ ਵਰਤੋਂ ਵਿਹਾਰ ਭੀ ਸਭਨਾਂ ਦੇ ਨਾਲਿ ਮਿਤਰਚਾਰੇ ਵਾਲਾ ਹੁੰਦਾ ਹੈ। ਓਹ ਬੁਰੇ ਦਾ ਭੀ ਭਲਾ ਤਕਦੇ ਹਨ। ਬੁਰਾ ਕਰਨ ਵਾਲੇ ਨਾਲਿ ਭੀ ਭਲਾ ਸਲੂਕ ਰਖਦੇ ਹਨ, ਕਿਉਂਕਿ ਮਨੋਭਾਵਨਾ ਓਹਨਾਂ ਦੀ ਸਦਾ ਸਭਨਾਂ ਦੇ ਨਾਲਿ ਭਲਿਆਈ ਕਰਨ ਦੀ ਹੀ ਹੁੰਦੀ ਹੈ। ਦੂਜੇ ਓਹਨਾਂ ਦਾ ਤੇਜ-ਪਰਤਾਪ ਹੀ ਐਸਾ ਹੁੰਦਾ ਹੈ। ਓਹਨਾਂ ਉਪਰ ਮਾਲਕ ਦੀ ਮਿਹਰੰਮਤ ਅਤੇ ਫ਼ਜ਼ਲ-ਕਰੰਮੜਾ ਨਦਰਾਰਾ ਹੁੰਦਾ ਹੈ। ਤਾਹੀਂ ਤੇ ਉਹਨਾਂ ਉਪਰ **"ਅਚਿੰਤ ਹਮਾਰੈ ਬੈਰੀ ਮੀਤਾ"** ਵਾਲੀ ਬਿਵਸਥਾ ਘਟਦੀ ਹੈ। **"ਅਚਿੰਤੋ ਹੀ ਇਹੁ ਮਨੁ ਵਸਿ ਕੀਤਾ"** ਵਾਲਾ ਕਰਮ-ਫ਼ਜ਼ਲ ਭੀ ਤਿਨ੍ਹਾਂ ਉਪਰਿ **"ਮਨੁ ਬਸਿ ਆਵੈ ਨਾਨਕ ਜੇ ਪੂਰਨ ਕਿਰਪਾ ਹੋਇ"**[1] ਵਾਲੇ ਗੁਰਵਾਕ ਦਾ ਭਾਵ ਆਇਦ ਹੁੰਦਾ ਹੈ। ਸੱਚ ਮੁੱਚ ਪੂਰਨ ਕਰੰਮ ਜਿਨ੍ਹਾਂ ਫ਼ਜ਼ਲ-ਪਾਤਰਾਂ ਤੇ ਹੁੰਦੀ ਹੈ ਤਿਨ੍ਹਾਂ ਦਾ ਮਨ ਹੀ ਵਸਿ ਆਉਂਦਾ ਹੈ। ਸਰਬ ਪ੍ਰਕਾਰ ਦੀ ਚਿੰਤਾ ਤੋਂ ਅਚਿੰਤ ਕਰਨ ਲਈ ਅਚਿੰਤੇ ਹੀ ਪ੍ਰਭੂ ਪਰਮਾਤਮਾ ਆਪਣੇ ਅਨਿੰਨ ਦਾਸ ਜਨ ਲਈ ਦਿਲਾਸਾ ਰੂਪ ਹੋ ਜਾਂਦਾ ਹੈ। ਭਗਤ ਜਨਾਂ ਦਾ ਭਰਵਾਸਾ ਬਣ ਜਾਂਦਾ ਹੈ, ਕਿਉਂਕਿ ਜਦੋਂ ਵਾਹਿਗੁਰੂ ਦਿਲਾਸਾ ਰੂਪ ਆਸਰਾ-ਪਰਨਾ ਬਣ ਜਾਂਦਾ ਹੈ, ਫੇਰ ਅਚਿੰਤੇ ਹੀ ਉਹ ਓਹਨਾਂ ਦੀਆਂ ਸਾਰੀਆਂ ਆਸਾਂ ਪੂਰਨਹਾਰਾ ਬਣ ਜਾਂਦਾ ਹੈ। ਪਤਾ ਨਹੀਂ ਲਗਦਾ ਜਦੋਂ ਆਸਾ ਪੂਰਨ ਹੋ ਜਾਂਦੀ ਹੈ। ਆਸਾ-ਵੰਤਿਆਂ ਦੀ ਤਾਂ ਇਕੋ ਦਰਸ਼ਨ ਦੀ ਆਸਾ ਹੁੰਦੀ ਹੈ। ਜਦੋਂ ਇਹ ਪੂਰਨ ਹੋ ਜਾਂਦੀ ਹੈ ਅਤੇ ਦਰਸ਼ਨ-ਮਈ ਵਿਚਿ ਵਿਚਰੀਦਾ ਹੈ ਤਦੋਂ ਆਸਾ-ਮਈ ਸੁਤੇ ਸੰਕਲਪ ਓਹਨਾਂ ਦੇ ਸੰਪੂਰਨ ਹੋ ਜਾਂਦੇ ਹਨ। ਸੰਕਲਪ ਮਾਤਰ ਵਿਚਿ ਸਹਿਜ ਸਫੁਰਨ ਹੋਈ ਆਸਾ ਭੀ ਅਚਿੰਤੋਂ ਹੀ ਪੂਰਨ ਹੋ ਜਾਂਦੀ ਹੈ। ਦਰਸ਼ਨ-ਦਰਸੰਤੇ ਕਰਮਵੰਤਿਆਂ ਨੂੰ ਆਸਾ-ਮਈ ਸੰਕਲਪ ਭੀ ਸ਼ੁਭ ਸੰਕਲਪ ਆਸਾ ਵਾਲਾ ਸਫੁਰਨ ਹੁੰਦਾ ਹੈ, ਜਿਸ ਦੇ ਅਖੀ ਫੋਰ ਵਿਚ, ਅੱਖੀਆਂ ਦੇ ਫਰਕਣ ਮਾਤਰ ਵਿਚਿ ਪੂਰਨ ਹੋਣ ਵਿਚਿ ਬਿਲਮ ਨਹੀਂ ਲਗਦੀ। ਨਦਰਵੰਤੇ ਗੁਰਸਿੱਖਾਂ ਨੂੰ ਅਚਿੰਤ ਦਾਤਿ ਜਦ ਮਿਲਦੀ ਹੈ ਤਾਂ ਓਹਨਾਂ ਨੂੰ ਸਗਲ ਸਿਧਾਂਤ, ਗੂੜ੍ਹ ਤੋਂ ਗੂੜ੍ਹ ਭਾਵ-ਮਈ ਸਿਧਾਂਤ ਸੁਤੇ ਹੀ ਫੁਰਿ ਆਉਂਦੇ ਹਨ। ਉਹ ਗੁਹਜ ਸਿਧਾਂਤ ਦਾ ਤਤਵੇਤਾ, ਭਾਵ, ਵਿਆਖੇਤਾ ਹੋ ਜਾਂਦਾ ਹੈ।ਵਾਹਿਗੁਰੂ ਦੀ ਕਰਮ-ਕ੍ਰਿਸ਼ਮਾਣੀ ਨਦਰਿ ਨਾਲਿ ਕਰਮਵੰਤੇ ਗੁਰਮੁਖਾਂ, ਅਨਿੰਨ ਦਾਸਰਿਆਂ ਦੇ ਸਾਰੇ ਹੀ ਅਗਿਆਨ-ਮਈ ਅੰਧੇਰ ਮਿਟ ਜਾਂਦੇ ਹਨ। ਗੁਰਮਤਿ ਗਿਆਨ-ਚਾਨਣਾ ਹੋਣ ਕਰਿ ਓਹਨਾਂ ਦੀ ਤਾਤ ਪਰਾਈ ਸਭ ਵਿਸਰ ਜਾਂਦੀ ਹੈ। ਓਹਨਾਂ ਦੀ ਸਗਲ ਸੰਗ ਹੀ ਬਣ ਆਉਂਦੀ ਹੈ, ਕਿਉਂਕਿ ਓਹਨਾਂ ਦਾ ਨਾ ਕੋਈ ਬੈਰੀ ਰਹਿੰਦਾ ਹੈ ਨਾ ਬਿਗਾਨਾ ਓਹਨਾਂ ਨੂੰ ਨਜ਼ਰ ਆਉਂਦਾ ਹੈ। ਫੇਰ **"ਅਚਿੰਤ ਹਮਾਰੇ ਬਿਨਸੇ ਬੈਰ"** ਰੂਪੀ ਉਪਰਲੇ ਗੁਰਵਾਕ ਦੀ ਏਸ ਤੁਕ ਦੇ ਭਾਵ ਅਨੁਸਾਰ ਓਹਨਾਂ ਦੇ ਬੈਰ ਭਾਵ ਵਾਲੇ ਸੰਸਕਾਰ ਹੀ ਬਿਨਸ ਜਾਂਦੇ ਹਨ। ਕੀਰਤਨ-ਰਸ ਦੀ ਮਿਠਾਸ ਓਹਨਾਂ ਨੂੰ ਦਿਨੋ ਦਿਨ ਹੋਰ ਤੇ ਹੋਰ, ਵਧੇਰੇ ਤੋਂ ਵਧੇਰੇ ਅਤਿ ਮੀਠੀ ਅਤੇ ਅੰਮ੍ਰਿਤ ਸੁਆਦ ਅਨੰਦ ਵਾਲੀ ਲਗਣ ਲਗ ਜਾਂਦੀ ਹੈ। ਇਸ ਅਤਿ ਰਸ ਮੀਠੇ ਕੀਰਤਨ ਦੇ ਜੋਤਿ ਵਿਗਾਸ ਹੁਲਾਸ ਕਰਿ ਪਰਮਾਤਮ ਜੋਤਿ ਦਰਸ਼ਨੀ ਝਾਕਾ ਅਤਿ ਨਿਖਰਵਾਂ ਹਰ ਘਟਿ ਅੰਦਰਿ, ਘਟ ਘਟ ਅੰਦਰਿ ਪਰਤੱਖ ਹੋਣ ਲਗ ਪੈਂਦਾ ਹੈ। ਐਥੋਂ ਤਾਈਂ ਕਿ ਆਪੇ ਅਤੇ ਪਰਮਾਤਮ-ਸਿੰਞਾਪੇ ਵਿਚਿ ਕੋਈ ਭਰਮ ਭੇਦ ਨਹੀਂ ਰਹਿੰਦਾ। ਇਕਮਿਕਤਾ ਹੋਣ ਕਰਿ ਆਤਮ-ਪਰਮਾਤਮਾ ਦੀ ਜੋਤਿ ਜੋਤਿੰਦਰਾ ਹੋਣ ਕਰਿ ਸਗਲੇ ਕਰਮਾਂ ਦੀ ਮਿਟ-ਮਿਟਾਈ ਹੋ ਜਾਂਦੀ ਹੈ। ਇਹ ਕਰਮ ਫ਼ਜ਼ਲਾਣੀ ਬਚਿਤਰ ਕ੍ਰਿਸ਼ਮਾ ਹੈ ਅਤੇ

---

[1] ਗਉੜੀ ਥਿਤੀ ਮਃ ੫, ਪੰਨਾ ੨੯੮


www.sikhbookclub.com

ਅਚਿੰਤਰ ਦਾਤਿਸਮਾ ਹੈ। ਇਸ ਅਚਿੰਤਰ ਦਾਤਿਸਮੇ ਬਚਿਤਰ ਕ੍ਰਿਸ਼ਮੇ ਦੀ ਕ੍ਰਿਸ਼ਮਨ ਕਲਾ ਦੇ ਤੁਫ਼ੈਲ ਪਰਮਾਤਮ-ਆਨੰਦੀ ਸੁਖ ਸਹਜ ਸਾਗਰ ਵਿਚਿ ਤ੍ਰਿਬੁਡਤਾ ਅਸਥਿਰਤਾ ਹੁੰਦੀ ਹੈ। ਅਭਿਆਸੀ ਜਨ ਦੇ ਅਨਹਦ ਬਾਜੇ ਜਦੋਂ ਬਜਣ ਲਗਦੇ ਹਨ ਤਦੋਂ ਭੀ ਇਹ ਅਚਿੰਤੇ ਹੀ ਬਜਣੇ ਸ਼ੁਰੂ ਹੁੰਦੇ ਹਨ। ਅਭਿਆਸੀ ਜਨ ਨੂੰ ਪਤਾ ਹੀ ਨਹੀਂ ਲਗਦਾ। ਅਭਿਆਸ-ਮਸਤੀਸ਼ਰਾਂ ਦੀਆਂ ਸੁਰਤਿ-ਤ੍ਰੰਗੀ-ਤਾਣਾਵਾਂ ਤਾਂ ਸੁਰਤਿ ਦੀ ਅਨੰਦ-ਮਸਤੀ ਵਿਚਿ ਖਿੰਚੀਆਂ ਰਹਿੰਦੀਆਂ ਹਨ। ਸ਼ਬਦ-ਸੁਰਤੀਸ਼ਰੀ ਸਾਹਿਬ ਸੱਚਾ ਦਾਤਾਰ ਤੁਠ ਕੇ ਅਚਿੰਤੇ ਹੀ ਅਨਹਦ ਬਾਜਿਆਂ ਦੀ ਮੁਰਲੀ ਬਜਾਇ ਦੇਂਦਾ ਹੈ, ਜੋ ਸੁਰਤੇ ਜਨ ਦੇ ਦਸਮ ਦੁਆਰ ਅੰਦਰਿ ਸੁਤੇ ਸੁਭਾਵ ਹੀ ਵਜਣ ਲਗ ਪੈਂਦੀ ਹੈ। ਤਦ ਪਸਚਾਤ ਦਸਮ ਦੁਆਰ ਵਿਖੇ ਹੀ ਗੋਬਿੰਦ ਦੇ ਪਰਗਟ ਨੀਸਾਨੀ ਗੂੰਜ ਗਜਣ ਲਗ ਪੈਂਦੀ ਹੈ। ਗੋਬਿੰਦ ਨਗਾਰੇ ਦੀ ਇਹ ਗੂੰਜ ਅਤਿ ਸੁਰੀਲੀ ਅਤੇ ਮਸਤੀਲੀ ਹੁੰਦੀ ਹੈ, ਜੋ ਅਭਿਆਸੀ ਜਨ ਦੀ ਸੁਰਤੀ ਨੂੰ ਤਦਾਕਾਰ ਵਾਹਿਗੁਰੂ ਦੇ ਚਰਨਾਂ ਵਿਚਿ ਜੋੜੀ ਰਖਦੀ ਹੈ। ਹੋਰ ਪਾਸੇ ਮੋੜੀ ਮੁੜਦੀ ਨਹੀਂ। ਏਥੇ ਪੁਜ ਕੇ ਹੀ "**ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ**" ਗੁਰਵਾਕ ਦੇ ਭਾਵ ਵਾਲੀ ਨਿਹਚਲ ਪਤਿਆਣੀ ਪਛਾਣ ਧਣੀ ਗੋਵਿੰਦ ਦੀ ਆਉਂਦੀ ਹੈ, ਜਿਸ ਨੂੰ ਪੇਖ ਪਛਾਣ ਕੇ ਮਨ ਵਿਗਸ ਵਿਗਸ ਕੇ ਪਤੀਜਦਾ ਹੈ ਅਤੇ ਅਨੰਦ ਵਿਗਸਾਉ ਵਿਚਿ ਡੁਲ੍ਹਿ ਡੁਲ੍ਹਿ ਪੈਂਦਾ ਹੈ। ਇਹ ਅਤਿ ਅਨੂਪਮੀ ਬਿਵਸਥਾ ਭੀ ਨਿਹਚਲ ਧਣੀ ਗੋਬਿੰਦ ਜੀ ਕਾਮੁਲ ਕਰੀਮ ਕਮਾਲੁਲ ਰਹੀਮ ਦੀ ਅਚਿੰਤ ਦਾਤਿ ਹੈ। ਤੱਤ ਜਾਣ ਪਛਾਣ ਵਾਲਾ ਪਰਚੰਡ ਬਿਬੇਕ-ਗਿਆਨ ਏਥੇ ਹੀ ਉਪਜਦਾ ਹੈ ਅਤੇ ਅਚਿੰਤੇ ਹੀ ਉਪਜਦਾ ਹੈ। ਏਕੋ ਅਕਾਲ ਪੁਰਖ ਦੀ ਸੱਚੀ ਟੇਕ ਬਿਬੇਕੀ, ਸਗਲ ਬਿਬੇਕ ਟੇਕੀ ਸਦਾ ਦਰਸ-ਪਰਸਨੀ ਪਾਰਸ ਵਸਤੂ ਅਚਿੰਤੇ ਹੀ ਆ ਹਥਿ ਚੜ੍ਹਦੀ ਹੈ। ਇਹ ਅਤਿ ਵਡਭਾਗਾ ਧੁਰ ਦਾ ਲੇਖੁ ਪ੍ਰਭੂ ਪਰਮਾਤਮਾ ਅਚਿੰਤੇ ਹੀ ਆਪਣੇ ਫ਼ਜ਼ਲ ਕਰਮ ਦੁਆਰਾ, ਆਪਣੇ ਫ਼ਜ਼ਲ ਪਾਤਰੀ ਜਨ ਦੇ ਮਸਤਕ ਉਤੇ ਲਿਖ ਦਿੰਦਾ ਹੈ, ਜਾਂ ਤੇ "**ਅਚਿੰਤ ਮਿਲਿਓ ਪ੍ਰਭ ਠਾਕੁਰੁ ਏਕ**"। ਦਰਸ ਪਰਸ ਪੁਜਾਰੀ ਨੂੰ ਸਾਪੇਖਸ਼ ਦਰਸ਼ਨ ਚੁਲੰਭਲੀ ਜੋਤਿ ਜੁਲ ਜਲਾਲੀ ਹੁਸਨਲ ਜਮਾਲੀ ਇਕੋ ਇਕ ਪੂਜਜ ਪ੍ਰੀਤਮ ਪਰਮਾਤਮਾ ਦੇਵ ਦਾ ਵਸਲ ਵਸਾਲ ਇਉਂ ਅਚਿੰਤੇ ਹੀ ਉਸ ਦੇ ਫ਼ਜ਼ਲ ਕਮਾਲ ਦੀ ਬਰਕਤ ਨਾਲਿ ਮਿਲਿਆ ਹੋਇਆ ਹੈ। "**ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭ ਠਾਕੁਰੁ ਏਕ**" ਵਾਲੀ ਮਿਹਰੰਮਤ ਜਦ ਸੰਪੂਰਨਤਾ ਸਹਿਤ ਆਇ ਨਾਜ਼ਲ ਹੁੰਦੀ ਹੈ ਤਦ "**ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ**" ਦੀ ਧੁਨੀ ਵਾਲੇ ਸੋਹਲੇ ਮੇਹਰੰਮਤੀ ਨਦਰਿਸ਼ਟਾ ਜਨ ਗਾਉਂਦਾ ਥਕਦਾ ਨਹੀਂ, ਗਾਈ ਜਾਂਦਾ ਹੈ। ਧੰਨ ਪ੍ਰਭੂ ਪਰਮਾਤਮਾ ਰੂਪ ਗੁਰੂ, ਗੁਰੂ ਨਾਨਕ ਧੰਨ ਤੇਰੀ ਦਇਆ ਮਇਆ, ਜਿਸ ਦੇ ਮਇਆ-ਮਈ ਫ਼ਜ਼ਲ (ਕਰਮ) ਦੇ ਨਾਲਿ ਇਹ ਨਿਸਚਲ ਅਬਦੀ ਬਿਵਸਥਾ ਪ੍ਰਾਪਤਿ ਭਈ। ਅਤੇ ਅਚਿੰਤ ਹੀ ਸਗਲੀ ਚੜੀ ਚਿੰਤਾ ਉਡ ਗਈ। 'ਮਈ' ਦੇ ਅਰਥ ਏਥੇ 'ਮਇਆ-ਮਿਹਰੰਮਤ' ਦੇ ਹਨ। ਮਇਆ, ਦਇਆ, ਫ਼ਜ਼ਲ ਇਕੋ ਅਰਥ ਵਿਚਿ ਹਨ। ਗੁਰੂ ਨਾਨਕ ਦੀ, ਵਾਹਿਗੁਰੂ ਰੂਪ ਸਤਿਗੁਰੂ ਨਾਨਕ ਦੀ, ਖਾਸ ਵਾਹਿਗੁਰੂ ਪ੍ਰਭੂ ਪਰਮਾਤਮਾ ਦੀ ਮਇਆ-ਮਿਹਰੰਮਤ ਹੋਈ। ਮਇਆ ਭਈ ਤਾਂ "**ਚਿੰਤ ਅਚਿੰਤਾ ਸਗਲੀ ਗਈ**"। ਗੁਰੂ ਨਾਨਕ ਗੁਰੂ ਕਰਤਾਰ ਮਇਆਵੰਤ ਦਇਆਵੰਤ ਹੋਏ ਦਇਆਲ ਕਿਰਪਾਲ ਹੋਏ ਤਾਂ ਸਗਲ 'ਚਿੰਤ' ਅਚਿੰਤਾ ਹੋ ਕੇ ਕਾਫ਼ੂਰ ਹੋ ਗਈ, ਫੰਘ ਲਾ ਕੇ ਉਡ ਗਈ। ਇਸ ਪਦ 'ਮਈ' ਦੇ ਮਇਆ ਫ਼ਜ਼ਲ ਵਾਲੇ ਅਰਥ ਹੀ ਇਸ ਗੁਰ-ਪੰਗਤੀ ਵਿਚਿ ਹਨ। "**ਗੋਬਿੰਦ ਗੋਬਿੰਦ ਗੋਬਿੰਦ ਮਈ**" ਵਾਹਿਗੁਰੂ ਦੀ ਫ਼ਜ਼ਲ-

ਕਰੰਮੀ ਮੇਹਰੰਮਤਾ ਤੇ ਸੁਪ੍ਰਸੰਨ ਹੋ ਕੇ ਨਿਹਾਲ ਨਿਹਾਲ ਹੋ ਕੇ ਤਿੰਨ ਵਾਰ ਗੋਬਿੰਦ ਗੋਬਿੰਦ ਗੋਬਿੰਦ ਧੰਨਤਾ ਸਹਿਤ ਉਚਾਰਿਆ ਹੈ। ਜੈਸੇ ਕਿ ਧੰਨਤਾ ਸਹਿਤ ਹੀ ਨਿਹਾਲ ਸੁਪ੍ਰਸੰਨ ਹੋ ਕੇ 'ਨਾਨਕ ਨਾਨਕ ਨਾਨਕ' ਉਚਾਰਿਆ ਗਿਆ ਹੈ। "**ਗੋਬਿੰਦ ਗੋਬਿੰਦ ਗੋਬਿੰਦ ਮਈ ॥ ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥**"[੧] ਗੋਬਿੰਦ ਵਾਹਿਗੁਰੂ ਦੀ ਦਇਆ ਮਇਆ ਨਾਲਿ ਦਇਆਲੂ ਸਤਿਗੁਰੂ ਰੂਪੀ ਸਾਧ ਦਾ ਭੇਟਣਾ ਹੋਇਆ ਅਤੇ ਜਦੋਂ ਤੋਂ ਗੁਰੂ ਨਾਨਕ ਸਰੂਪਾ ਸੱਚੇ ਸਾਧੂ ਸਤਿਗੁਰੂ ਦਾ ਧਾਰਨਾ ਨਸੀਬ ਹੋਇਆ ਤਬ ਤੇ ਨਿਗੁਰਾਪਣ ਸਾਕਤਪੁਣਾ ਸਭ ਦੂਰਿ ਹੋ ਗਿਆ। ਅਤੇ ਦੁਰਮਤਿ ਮਤਿ ਭੀ ਦੂਰ ਹੋ ਗਈ। ਗੁਰਮਤਿ ਧਾਰਨ ਕਰਨ ਦੇ ਪਰਤਾਪ ਨਾਲਿ ਸਿਰੀ ਗੁਰੂ ਗੋਬਿੰਦ ਦੇ ਮਇਆਵੰਤ ਹੋਣ ਦਾ ਫ਼ਜ਼ਲ-ਕਰੰਮੀ ਫਲ ਅਪਰ ਅਪਾਰ ਹੈ। ਬਖ਼ਸ਼ਸ਼, ਰਹਿਮਤ, ਮਿਹਰੰਮਤ, ਫ਼ਜ਼ਲ ਦੇ ਲਗ ਭਗੀ ਅਰਥਾਂ ਵਾਲਾ ਅਗਲਾ ਕਾਂਡ ਨਦਰਿ ਕਰਮ ਦਾ ਹੈ, ਜੋ ਗੁਰ-ਪ੍ਰਮਾਣਾਂ ਸਹਿਤ ਗੁਰਮਤਿ ਕਰਮ ਫ਼ਿਲਾਸਫ਼ੀ, ਭਾਵ, ਗੁਰਮਤਿ ਸਿਧਾਂਤਨੀ ਕਰਮ ਫ਼ਿਲਾਸਫ਼ੀ ਵਿਚਿ ਨਿਰਣਤ ਹੋਣਾ ਅਤਿ ਜ਼ਰੂਰੀ ਹੈ। ਸੋ ਅਗੇ ਹੁਣ ਇਸ ਦਾ ਨਿਰਣਾ ਅਰੰਭਦੇ ਹਾਂ।

## ਨਦਰਿ

ਗੁਰਮਤਿ ਅੰਦਰਿ ਕੇਵਲ ਕਰਮਾਂ ਦੇ ਕਰਨ ਕਰਕੇ ਹੀ ਪਰਮ ਪਦ ਨੂੰ ਨਹੀਂ ਪੁਗ ਖਲੋਈਦਾ; ਇਸ ਦੇ ਨਾਲਿ ਨਦਰਾਲੂ ਵਾਹਿਗੁਰੂ ਦੀ ਨਦਰਿ ਦੀ ਅਵੱਸ਼ ਲੋੜ ਹੈ, ਲਾਜ਼ਮੀ ਤੌਰ ਤੇ ਲੋੜ ਹੈ। ਐਥੋਂ ਤਾਈਂ ਕਿ ਵਾਹਿਗੁਰੂ ਦੇ ਫ਼ਜ਼ਲ ਨਾਲਿ, ਗੁਰੂ ਕਰਤਾਰ ਦੀ ਰਹਿਮਤ ਦੁਆਰਾ ਪ੍ਰਾਪਤਿ ਹੋਏ ਨਾਮ ਦਾ ਅਭਿਆਸਤ ਕਰਮ, ਅਰਥਾਤ, ਅਭਿਆਸ ਕਮਾਈ ਵਾਲਾ ਸਭ ਤੋਂ ਸ੍ਰੇਸ਼ਟ ਅਤੇ ਸਰਬੋਤਮ ਕਰਮ ਭੀ ਓਦੋਂ ਤਾਈਂ ਤੋੜ ਨਹੀਂ ਨਿਭਦਾ ਜਦੋਂ ਤਾਈਂ ਨਾਲੋ ਨਾਲਿ ਨਦਰਾਲੂ ਦਾਤੇ ਦੀ ਨਦਰਿ ਉਤੇ ਟੇਵ ਟੇਕ ਨ ਰਖੀ ਜਾਵੇ। ਨਿਰੇ ਨਿਜ ਅਭਿਆਸ ਦੀ ਕਮਾਈ ਤੇ ਸ਼ਾਕਰ ਹੋਇਆਂ ਪ੍ਰੇਮ ਪਦ ਨੂੰ ਨਹੀਂ ਪੁਜੀਦਾ। ਧੁਰ ਦੀ ਮੰਜ਼ਲ ਤੇ ਤੋੜ ਪੁਜਣ ਲਈ ਪੈਰੋ ਪੈਰ ਕਰਮ-ਫਲ-ਪਰਦਾਤੇ ਨਦਰੀ ਵਾਹਿਗੁਰੂ ਦੀ ਨਦਰਿ ਉਤੇ ਡੋਰੀ ਰਖਣੀ ਪਰਮ ਲਾਜ਼ਮੀ ਹੈ।

> **ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥**

(ਜਪੁਜੀ ਸਾਹਿਬ, ਪੰਨਾ ੭)

ਇਸ ਗੁਰਵਾਕ ਅੰਦਰਿ ਜਿਥੇ ਇਕੋ ਗੁਰਮਤਿ ਨਾਮ ਦੇ ਅਤੁਟ ਅਭਿਆਸ ਦੀ ਅਥਾਹ ਕਮਾਈ ਦਾ ਦ੍ਰਿੜ੍ਹੰਮਤਿ ਉਪਦੇਸ਼ ਉਪਦੇਸ਼ਿਆ ਹੋਇਆ ਹੈ ਤਿਥੇ ਇਹ ਭੀ ਨਾਲੇ ਹੀ ਨਿਰੂਪਣ ਕਰਾ ਦਿੱਤਾ ਗਿਆ ਹੈ ਕਿ ਭਾਵੇਂ ਕਿਤਨੀ ਹੀ ਅਥਾਹ ਕਮਾਈ ਕੀਤੀ ਜਾਵੇ, ਨਦਰੀ ਵਾਹਿਗੁਰੂ ਦੀ ਨਦਰਿ ਮੇਹਰ ਬਿਨਾਂ ਥਾਇਂ ਨਹੀਂ ਪੈਂਦੀ। ਅਤੁਟ ਕਮਾਈ ਦੀ ਅਥਾਹਤਾ ਇਕ ਜੀਭ ਤੋਂ ਲੱਖ ਜੀਭਾਂ ਹੋਣ, ਲਖ ਜੀਭਾਂ ਤੋਂ ਭੀ ਬੀਸ ਲੱਖ ਜੀਭਾਂ ਹੋ ਜਾਣ; ਫੇਰ ਏਹਨਾਂ ਵੀਹ ਲੱਖ ਜੀਭਾਂ ਤੋਂ

[੧] ਬਿਲਾਵਲ ਮਃ ੫, ਪੰਨਾ ੮੨੨

(ਹਰ ਇਕ ਜੀਭ ਤੋਂ) ਲੱਖ ਲੱਖ ਵਾਰ ਇਕ ਨਾਮੁ ਵਾਹਿਗੁਰੂ ਦਾ ਲਗਾਤਾਰ ਜਪਿਆ ਜਾਵੇ; ਲੱਖਾਂ ਜੀਭਾਂ ਲੱਖ ਬੀਸ (ਵੀਹ ਲੱਖ) ਹੋ ਕੇ ਲੱਖ ਲੱਖ ਵਾਰ ਵਾਹਿਗੁਰੂ ਦੇ ਨਾਮ ਜਪਣ ਦੀ ਅਤੁੱਟ ਅਤੇ ਅਥੱਕ ਅਭਿਆਸ ਕਮਾਈ ਕਰਨ, ਪਰ ਕਮਾਈ ਕਰਦੇ ਹੋਏ, ਨਦਰੀ ਵਾਹਿਗੁਰੂ ਦੀ ਨਦਰਿ-ਮੇਹਰ ਉਤੇ ਡੋਰੀ ਅਭਿਆਸੀ ਜਨ ਦੀ ਹੋਵੇ। ਕੇਵਲ ਇਹੋ ਗੱਲ ਹੈ, ਏਸੇ ਰਾਹ ਮਾਰਗ ਤੇ ਚਲ ਕੇ ਹੀ ਪਤੀ-ਪਰਮੇਸ਼ਰ ਦੀ ਪ੍ਰਾਪਤੀ ਦੀ ਪਰਤਿਸ਼ਟਤ ਪਉੜੀਆਂ ਦੇ ਸਿਖਰਲੇ ਡੰਡੇ ਤੇ ਜਾ ਚੜ੍ਹੀਦਾ ਹੈ। ਏਸੇ ਗੁਰਮਤਿ ਪ੍ਰੇਮਾ ਭਗਤੀ ਬਿਨਾਂ ਹੋਰ ਕੋਈ ਰਾਹ ਵਸੀਲਾ ਪਰਮਾਤਮਾ ਨੂੰ ਪਾਉਣ (ਮਿਲਣ) ਦਾ ਨਹੀਂ। ਐਵੇਂ ਭਾਵੇਂ ਕੋਈ ਕਿਵੇਂ ਗੁਰਮੁਖਿ ਭਗਤ ਜਨਾਂ ਦੀ ਰੀਸ ਕਰਨ ਦੀਆਂ ਡੀਂਗਾਂ ਮਾਰਦਾ ਫਿਰੇ। ਇਹ ਰੀਸ ਅਜਿਹੀ ਹੈ ਜਿਵੇਂ ਕੀੜਿਆਂ ਪਤੰਗਿਆਂ ਦੀ ਅਕਾਸ਼ ਦੀਆਂ ਉਚਾਈਆਂ ਤੇ ਉਡਣ ਵਾਲੇ ਅਨਲ ਪੰਛੀ ਦੀ ਰੀਸ ਹੋਵੇ। ਤਿਵੇਂ ਹੀ ਨੀਚਾ ਨੀਚ ਕਰਮੀਆਂ, ਅਹੰਮਤਿ ਮਤਿ ਕਰਨਹਾਰਿਆਂ ਦੀ ਕੂੜਾਵੀ ਰੀਸ ਹੈ, ਧੁਰਿ ਪੁਗਣ ਵਾਲੇ ਨਦਰਿਸ਼ਟੇ ਗੁਰਮੁਖਿ ਜਨਾਂ ਦੀ ਬਰਾਬਰੀ ਕਰਨ ਦੀ। ਓਹ ਕਦੇ ਓਹਨਾ ਦੀ ਬਰਾਬਰੀ ਨਹੀਂ ਕਰ ਸਕਦੇ। ਵਾਹਿਗੁਰੂ ਨੂੰ ਤਾਂ ਉਸ ਦੀ ਨਦਰਿ ਮੇਹਰ ਨਾਲ ਹੀ ਪਾਈਦਾ ਹੈ। ਜਿਨ੍ਹਾਂ ਗੁਰਮੁਖਾਂ ਉਤੇ ਨਦਰਾਲੂ ਦੀ ਨਦਰਿ ਹੋਈ ਹੈ ਓਹੀ ਪਰਮਾਤਮ-ਪ੍ਰਾਪਤੀ ਦੇ ਪਾਤਰ ਹਨ। ਪਹਿਲਾਂ ਤਾਂ ਗੁਰਮਤਿ ਨਾਮ ਦੀ ਪ੍ਰਾਪਤੀ ਹੀ ਨਦਰਾਂ ਮੇਹਰਾਂ ਨਾਲਿ ਹੁੰਦੀ ਹੈ, ਫੇਰ ਜਿਹੜੇ ਗੁਰਮੁਖਿ ਜਨ ਵਾਹਿਗੁਰੂ ਨਾਮ ਦੇ ਅਨਿੰਨ ਅਭਿਆਸੀ ਹਨ ਉਨ੍ਹਾਂ ਦਾ ਅਨਿੰਨ ਅਭਿਆਸ-ਕਰਮ ਹੀ ਵਾਹਿਗੁਰੂ ਨਦਰਾਲੂ ਦੀ ਤੁੱਠੀ ਨਦਰਿ ਨਦਰਾਵਣ ਦਾ ਕਾਰਨ ਬਣਦਾ ਹੈ। ਤਾਂ ਤੇ ਉਸ ਦੀਆਂ ਨਦਰਾਂ ਦੁਆਰਾ ਹੀ ਨਦਰਿ-ਕਰੰਮੀ ਦ੍ਰਿਸ਼ਟ ਕਿਸਮਤਾਂ ਦੁਆਰਾ ਹੀ ਉਸ ਨੂੰ ਪਾਈਦਾ ਹੈ। ਕੂੜੀਆਂ ਰੀਸ-ਡੀਂਗਾਂ ਮਾਰਨਹਾਰੇ ਦੀ ਕੂੜੀ ਹੀ ਠੀਸ ਡੀਂਗ ਗਪੀਸ ਹੈ। ਕੂੜੀਆਂ ਗੱਪਾਂ ਮਾਰਿਆਂ ਕੀ ਬਣਦਾ ਹੈ। ਗੱਪ-ਠੀਸ ਤਾਂ ਨਿਰੀ ਰੀਸ ਠਗੀਸ ਹੀ ਹੈ। ਪ੍ਰੀਤਮ ਦੀ ਦਰਗਾਹ ਵਿਚਿ ਪਤਿ ਪਰਤਿਸ਼ਟਾ ਸੇਤੀ ਪੈਧੇ ਜਾਣ ਦਾ ਸਿਰੋਪਾਉ ਰੂਪੀ ਕੱਪੜਾ ਉਪਰ ਦਰਸਾਈ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਗੁਰਮਤਿ ਸੱਚੜੇ ਕਰਮ ਕੀਤਿਆਂ ਹੀ ਮਿਲਦਾ ਹੈ। ਇਤ ਬਿਧਿ ਹੀ ਇਸ ਅਧਿਆਤਮ ਕਰਮ ਕਰਨਹਾਰੇ ਤੇ ਨਦਰਾਲੂ ਦੀ ਨਦਰਿ-ਮੇਹਰ ਹੁੰਦੀ ਹੈ ਅਤੇ ਉਸ ਦੀਆਂ ਨਦਰਾਂ ਨਾਲਿ ਹੀ ਨਦਰਿ-ਕਰੰਮੀ ਨੂੰ ਮੋਖ ਦੁਆਰਾ ਮਿਲਦਾ ਹੈ।

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**

(ਜਪੁਜੀ ਸਾਹਿਬ, ਪੰਨਾ ੨)

ਅੰਮ੍ਰਿਤ ਵੇਲੇ ਦੇ ਸਚੁ ਨਾਮੁ ਰੂਪੀ ਵਡਿਆਈ ਦੇ ਅਭਿਆਸ ਕਮਾਈ ਰੂਪੀ ਬੀਚਾਰਨੇ ਕਰਮ ਹੀ ਅਭਿਆਸੀ ਜਨ ਨੂੰ ਵਾਹਿਗੁਰੂ ਦੀ ਨਦਰਿ ਦਾ ਪਾਤਰ ਬਣਾਉਂਦੇ ਹਨ, ਜਿਸ ਤੋਂ ਉਸ ਨੂੰ ਮੋਖ ਦੁਆਰ ਮਿਲਦਾ ਹੈ। ਹਰਿ ਜਸ ਸਿਫਤਿ ਸਾਲਾਹ ਨੂੰ ਛਡ ਕੇ ਫੋਕੀ ਆਪਣੀ ਵਡਿਆਈ ਦਾ ਜਸ ਕਰਾਉਣਹਾਰਿਆਂ, ਆਪਣੇ ਆਪ ਨੂੰ ਚੰਗਾ ਅਖਾਉਣਹਾਰਿਆਂ, ਚੰਗਾ ਨਾਉਂ ਧਰਾਉਣਹਾਰਿਆਂ ਉਤੇ ਨਦਰਿ ਨਹੀਂ ਹੁੰਦੀ। ਅਤੇ ਨਦਰਿ ਬਿਨਾਂ ਓਹਨਾਂ ਦੀ ਬਾਤ ਕੋਈ ਨਹੀਂ ਪੁਛਦਾ। ਨਾ ਏਥੇ ਨਾ ਓਥੇ। ਨਾ ਇਸ ਲੋਕ ਵਿਖੇ ਨਾ ਪਰਲੋਕ ਵਿਖੇ। ਤਾਂ ਤੇ ਨਦਰਿ-ਕਰੰਮੀ ਕਰਮਾਂ ਤੋਂ ਬਿਨਾਂ ਹੋਰ ਸਭ ਅਹੰਮਤੀ ਕਰਮ ਕਰਨੇ, ਸਭ ਫੋਕਟ ਹਨ। ਚਾਹੇ ਓਹਨਾਂ ਅਹੰਮਤੀ ਕਰਮਾਂ ਨੂੰ ਚਹੁੰਆਂ ਜੁਗਾਂ ਦੀ ਆਰਜਾ ਉਮਰ ਵਾਲਾ ਹੋ ਕੇ, ਏਦੂੰ ਭੀ ਦਸ ਗੁਣੀ ਵਡੀ ਆਰਜਾ ਵਾਲਾ ਹੋ ਕੇ ਜਸੁ ਖਟਣ

ਲਈ ਕਰੇ। ਐਹੋ ਜਿਹਾ ਜਸੁ ਕਿ ਨਵਾਂ ਖੰਡਾ ਵਿਚਿ ਉਸ ਦੀ ਵਡਿਆਈ ਉੱਘੀ ਹੋ ਜਾਵੇ ਅਤੇ ਇਸ ਵਡਿਆਈ ਦੇ ਕਾਰਨ ਉਹ ਭੀ ਨਵਾਂ ਖੰਡਾਂ ਵਿਚਿ ਉੱਘਾ ਹੋ ਜਾਵੇ। ਅਤੇ ਜਿਥੋਂ ਦੀ ਉਹ ਲੰਘੇ, ਹਰ ਕੋਈ ਉਸ ਦਾ ਉਸਤਤਿ ਕਰਨਹਾਰ ਹੋ ਕੇ ਉਸ ਦੇ ਨਾਲਿ ਤੁਰ ਪਵੇ, ਪਿਛਲਗ ਹੋ ਕੇ ਉਠ ਤੁਰੇ, ਕੁਲਹਾ ਦੇਣਹਾਰਾ ਹੋ ਕੇ। ਤਾਂ ਭੀ, ਜੇ ਉਹ ਉਸ ਵਾਹਿਗੁਰੂ ਦੀਆਂ ਨਦਰਾਂ ਮੇਹਰਾਂ ਦਾ ਪਾਤਰ ਨਹੀਂ ਬਣੇਗਾ, ਉਸ ਦੀ ਅਗੇ ਗਇਆਂ ਕੋਈ ਬਾਤ ਭੀ ਨਹੀਂ ਪੁਛੇਗਾ। ਸਗੋਂ ਉਹ ਅਹੰਮਤਿ ਕਰਮਾਂ ਦਾ ਕਰਨਹਾਰਾ ਹੋਣ ਕਰਿ ਦੋਸ਼ੀ ਗਰਦਾਨਿਆ ਜਾਵੇਗਾ। ਐਸਾ ਦੋਸ਼ੀ, ਜੋ ਇਸ ਦੋਸ਼ ਦੇ ਕਾਰਨ ਕੀੜਿਆਂ ਵਿਚੋਂ ਭੀ ਮਹਾਂ ਮਾੜਾ ਕੀੜਾ ਬਣੇਗਾ, ਜਿਸ ਨੂੰ ਦੋਸ਼ੀ, ਮਹਾਂ ਦੋਸ਼ੀ ਭੀ ਕਿਰਮ ਜੰਤੀ ਕਿਰਮਾਂ ਕੀੜਿਆਂ ਵਾਲਾ ਕੁੱਤਾ ਹੋਣ ਦਾ ਦੋਸ਼ ਥਪਦੇ ਹਨ। ਅਰਥਾਤ, ਨਾਮ ਤੋਂ ਬੇਮੁਖ ਕਰਮ-ਅਭਿਮਾਨੀਆਂ ਦੀ ਕਿਰਮਾਂ (ਕੀੜਿਆਂ) ਵਾਲੇ ਕੁੱਤੇ ਵਾਲੀ ਦੁਰਦਸ਼ਾ ਹੋਵੇਗੀ। ਨਾਮ ਤੋਂ ਬੇਮੁਖ ਹੋ ਕੇ ਆਰਜਾ (ਉਮਰਾ) ਵਧਾਉਣ ਅਤੇ ਜਗਤ ਸੰਸਾਰ ਦੀ ਜਸ-ਸੋਭਾ ਲੈਣ ਵਾਲੇ ਮਨਮੁਖੀ ਜਸ ਕਰਮ ਹੰਕਾਰੀ ਪੁਰਸ਼ ਨੂੰ ਦਰਗਾਹੇ ਢੋਈ ਮਿਲਣੀ ਤਾਂ ਕਿਤੇ ਰਹੀ, ਉਸ ਨੂੰ ਕੀੜਿਆਂ ਵਿਚੋਂ ਭੀ ਨਿਖਿਧ ਕੀੜਾ, ਬਿਸ਼ਟਾ ਦਾ ਕੀੜਾ, ਕਿਰਮ ਜੰਤੀ ਕੀੜਾ ਬਣਨਾ ਪਵੇਗਾ। ਯਥਾ ਵਾਕ ਸਿਰੀ ਜਪੁਜੀ ਸਾਹਿਬ—

> **ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥**

(ਜਪੁਜੀ ਸਾਹਿਬ, ਪੰਨਾ ੨)

ਜਿਸ ਸੱਚੀ ਦਰਗਾਹ ਵਿਖੇ ਸੱਚੀਆਂ ਵਡਿਆਈਆਂ ਮਿਲਦੀਆਂ ਹਨ ਅਤੇ ਪੁਜ ਪੁਗ ਕੇ ਸਦ ਖੁਸ਼ੀਆਂ ਦੇ, ਆਤਮ-ਅਹਿਲਾਦੀ ਖੁਸ਼ੀਆਂ ਦੇ ਸਦੀਵੀ ਡੰਕੇ ਵਜਦੇ ਰਹਿੰਦੇ ਹਨ, ਅਤੇ ਸਦੀਵੀ ਚਾਉ ਉਮਾਹ ਭਰੀਆਂ ਨੌਬਤਾਂ ਬਜਦੀਆਂ ਰਹਿੰਦੀਆਂ ਹਨ, ਤਿਥੇ ਤਿਨ੍ਹਾਂ ਪੁਗ-ਖਲੋਤੇ ਗੁਰਮੁਖਿ ਜਨਾਂ ਦੇ ਮੁਖ-ਮਸਤਕ ਉਤੇ ਸੁਰਖ਼ਰੂਈ ਦੀ ਬਿਜੈ ਨੀਸਾਨੀ ਟਿੱਕੇ ਨਿਕਲਦੇ ਹਨ; ਜਿਨ੍ਹਾਂ ਨੇ ਇਸ ਮਾਤ ਲੋਕ ਵਿਖੇ ਰਹਿ ਕੇ ਸਾਰੀ ਆਯੂ ਪ੍ਰਯੰਤ ਸੱਚੇ ਨਾਮ ਦੀਆਂ ਕਮਾਈਆਂ ਕਰ ਕੇ ਹਰ ਛਿਨ ਨਾਮ ਅਤੇ ਨਾਮੀ ਵਾਹਿਗੁਰੂ ਨੂੰ ਮਨ ਵਿਚਿ ਅੰਤਰ-ਆਤਮੇ ਵਸਾਇਆ ਹੈ, ਕਦੇ ਨਹੀਂ ਵਿਸਾਰਿਆ, ਇਹ ਸੱਚਾ ਮਰਤਬਾ ਵਾਹਿਗੁਰੂ ਨਦਰਾਂ ਵਾਲੇ ਦੀ ਕਿਰਪਾ ਕਰਮ ਦੁਆਰਾ ਨਦਰਿ ਕਰ ਕੇ ਹੀ ਮਿਲਦਾ ਹੈ। ਅਤੇ ਨਦਰਿ-ਕਰੰਮੀ ਨਾਮ ਦੀ ਕਮਾਈ ਦੇ ਪਰਤਾਪ ਨਾਲਿ ਮਿਲਦਾ ਹੈ, ਨਹੀਂ ਤਾਂ ਹੋਰ ਸਾਰੀਆਂ ਗੱਲਾਂ ਕਰਮਾਂ ਦੇ ਕਮਾਵਣ-ਹਾਰਿਆਂ ਦੀਆਂ ਅਤੇ ਮਾਇਕ ਪਦਾਰਥੀ ਕਰਮਾਂ ਦੇ ਕਰਨ ਦੀਆਂ ਸਭ ਬੇਅਰਥ ਅਤੇ ਦੂਜੇ ਭਾਵ ਦੀਆਂ ਫਾਦਲ ਬਾਦ ਫ਼ਜ਼ੂਲ ਗੱਲਾਂ ਹੀ ਹਨ। ਯਥਾ ਗੁਰਵਾਕ—

> **ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥ ੨ ॥**

(ਸਿਰੀਰਾਗੁ ਮਃ ੧, ਪੰਨਾ ੧੬)


www.sikhbookclub.com

ਇਸ ਵਾਉ ਦੁਆਉ ਵਾਲੀ ਦੂਤੀਏ ਭਾਵ ਦੀ ਕਾਰ ਵਿਚਿ ਲਗ ਕੇ ਜਿਹੜੇ ਮਨਮੁਖ ਮੂੜ੍ਹੇ ਪੁਰਸ਼ ਨਾਮ ਨੂੰ ਵਿਸਾਰ ਦਿੰਦੇ ਹਨ, ਓਹ ਦੁਬਿਧਾ ਵਿਚਿ ਸਾਰੀ ਉਮਰ ਗ੍ਰਸੇ ਹੋਏ ਰਚ ਪਚ ਕੇ ਮਨੂਰ ਹੋਏਵੇ ਹੀ ਮਰ ਜਾਂਦੇ ਹਨ। ਓਹਨਾਂ ਦੇ ਅੰਤਰਲੀ ਤ੍ਰਿਸ਼ਨਾ-ਅਗਨੀ ਨਹੀਂ ਬੁਝਦੀ। ਸਾਰੀ ਲੋਕਾਈ ਹੀ ਇਸ ਤ੍ਰਿਸ਼ਨਾ ਦੀ ਦੱਧੀ ਹੋਈ ਹੈ। ਮਾਇਆ ਮਮਤਾ ਮੋਹਣੀ ਦੀ ਅਤੇ ਹਉਮੈ ਅਹੰਕਾਰ ਦੀ ਹੀ ਮੁਠੀ ਹੋਈ ਹੈ। ਏਥੋਂ ਜਿਨ੍ਹਾਂ ਨੂੰ ਸਤਿਗੁਰੂ ਦਇਆਲ ਹੀ ਆਪਣੀ ਦਇਆ ਨਦਰਿ ਕਰਿ ਰਖੇ, ਸੋਈ ਉਭਰਦੇ ਹਨ। ਨਹੀਂ ਤਾਂ ਸਭ ਲੋਕੀ ਮਾਇਆ ਦੇ ਧੰਦਿਆਂ ਦੀ ਹੀ ਠੱਗੀ ਹੋਈ ਹੈ। ਸਤਿਗੁਰੂ ਜਿਨ੍ਹਾਂ ਨੂੰ ਸਿਫ਼ਤਿ ਸਾਲਾਹ ਰੂਪੀ ਗੁਣ ਸਾਰ (ਸਾਰ ਗੁਣ) ਬਖ਼ਸ਼ਦਾ ਹੈ ਅਤੇ ਜਿਨ੍ਹਾਂ ਨੂੰ ਨਾਮ ਜਪਾਉਂਦਾ ਹੈ, ਸੋਈ ਇਸ ਤ੍ਰਿਸ਼ਨਾ ਦੁਬਿਧਾ ਮਮਤਾ ਮਈ ਅਗਨੀ ਤੋਂ ਬਚਦੇ ਹਨ। ਓਹਨਾਂ ਦੀ ਸੰਸਾਰੀ ਵਿਸ਼ੇ ਪ੍ਰਤਿ ਮਈ ਮਮਤਾ ਭੀ ਮਰ ਜਾਂਦੀ ਹੈ। ਓਹਨਾਂ ਦਾ ਮੋਹ ਮਈ ਪਿਆਰ ਭੀ ਮਰ ਜਾਂਦਾ ਹੈ। ਓਹਨਾਂ ਦੇ ਅੰਦਰੋਂ ਵੈਰ ਵਿਰੋਧ ਭੀ ਚਲਿਆ ਜਾਂਦਾ ਹੈ। ਓਹਨਾਂ ਦੀ ਧੰਦੇ-ਧਾਵਨੀ-ਰੁਚੀ ਭੀ ਮੁਕ ਚੁਕ ਜਾਂਦੀ ਹੈ। ਹਉਮੈ ਭੀ ਓਹਨਾਂ ਦੀ ਮਰ ਜਾਂਦੀ ਹੈ। ਮਾਇਆਵੀ ਮਮਤਾ ਭਰਿਆ ਕ੍ਰੋਧ ਜੁੱਸਾ ਭੀ ਖਤਮ ਹੋ ਜਾਂਦਾ ਹੈ। ਇਹ ਸਭ ਕੁਛ ਸੱਚੇ ਨਾਮ ਦੇ ਪਰਤਾਪ ਕਰਕੇ ਹੀ ਅਤੇ ਸੱਚ ਰੂਪੀ ਨਾਮ ਦੀਆਂ ਅਤੁੱਟ ਕਮਾਈਆਂ ਕਰਕੇ ਹੀ ਨਾਮ-ਨਿਸਤਾਰੀ ਵਰਤਾਰਾ ਵਰਤਦਾ ਹੈ। ਪ੍ਰੰਤੂ ਇਹ ਸੱਚਾ ਨਾਮ ਗੁਰੂ ਕਰਤਾਰ ਦੀ ਨਦਰਿ ਕਰਕੇ ਕਰਮੀ ਹੀ ਮਿਲਦਾ ਹੈ। ਨਾਮ-ਕਮਾਈ ਭੀ ਕਰਮੀ ਹੀ ਪ੍ਰਾਪਤਿ ਹੁੰਦੀ ਹੈ ਅਤੇ ਗੁਰਮੁਖਾਂ ਨੂੰ ਹੀ ਪ੍ਰਾਪਤਿ ਹੁੰਦੀ ਹੈ। ਕਿਉਂਕਿ ਗੁਰਮੁਖਾਂ ਦੀ ਬਿਰਤੀ ਸਦਾ ਹੀ ਦੂਤੀਏ ਭਾਵ ਤੋਂ ਨਿਰਲੇਪ ਅਤੇ ਨਿਰਵਿਰਤ ਰਹਿੰਦੀ ਹੈ; ਪਰਵਿਰਤੀ ਵਿਚਿ ਨਹੀਂ ਪੈਂਦੀ। ਗੁਰਮੁਖਾਂ ਦੀ ਇਹ ਸੱਚੀ ਨਿਰੋਧਤਾ ਹੈ। ਨਾਮ ਅਭਿਆਸ ਕਮਾਈ ਰੂਪੀ ਗੁਰਮੁਖਾਂ ਦੀ ਜਿਹੜੀ ਸੱਚੀ ਕਾਰ ਹੈ, ਉਸ ਦੀ ਨਾਮ-ਫਲ-ਭੂਤਕੀ ਬਰਕਤ ਨਾਲਿ ਹੀ ਸੱਚਾ ਵਾਹਿਗੁਰੂ ਮਿਲਦਾ ਹੈ। ਕੇਵਲ ਗੁਰਮਤਿ ਉਤੇ ਚਲਿਆਂ ਹੀ ਸਤਿ ਪਦਾਰਥ ਨਾਮੁ ਅਤੇ ਨਾਮੀ ਸਤਿ ਪੁਰਖ ਅਕਾਲੁ ਹਥਿ ਆਉਂਦਾ ਹੈ, ਪ੍ਰਾਲਭਦੀ ਪਲੜੇ ਵਿਚਿ ਪੈਂਦਾ ਹੈ। ਜਿਸ ਦੇ ਪੱਲੇ ਇਹ ਸਤਿ ਪਦਾਰਥ ਅਤੇ ਸਤਿ ਪੁਰਖ ਪਇਆ ਹੈ, ਉਹ ਨਰ ਨਾ ਫਿਰ ਜੰਮਦਾ ਹੈ ਨਾ ਮਰਦਾ ਹੈ। ਉਸ ਦਾ ਆਵਾ ਗਵਣ ਮਿਟ ਜਾਂਦਾ ਹੈ। ਉਸ ਨੂੰ ਵਾਹਿਗੁਰੂ ਦੇ ਦਰ ਤੇ ਪੁਜਿਆਂ ਅਤੇ ਪੁਗ-ਖਲੋਇਆਂ ਦੀ 'ਪੰਚ ਪਰਵਾਣ ਪੰਚ ਪਰਧਾਨੁ' ਵਾਲੀ ਪਦਵੀ ਮਿਲਦੀ ਹੈ। ਉਹ ਸੱਚੀ ਦਰਗਾਹੇ ਸੱਚੇ ਸਿਰਪਾਉ ਸੇਤੀ ਪੈਧਾ ਜਾਂਦਾ ਹੈ। ਇਹ ਨਦਰਿ ਕਰੰਮੀ ਖੇਡ ਹੈ। ਯਥਾ ਗੁਰਵਾਕ—

> ਮੂੜੇ ਰਾਮੁ ਜਪਹੁ ਗੁਣ ਸਾਰਿ ॥ ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥ ੧ ॥ ਰਹਾਉ ॥ ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥ ੨ ॥ ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥ ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ ॥ ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥ ੩ ॥ ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥ ੪ ॥ ੧੪ ॥

(ਸਿਰੀਰਾਗੁ ਮਃ ੧, ਪੰਨਾ ੧੯)


www.sikhbookclub.com

ਦਰਗਹਿ ਪੈਧੇ ਜਾਣ ਵਾਲੀ ਖੇਡ ਸੱਚ ਮੁੱਚ ਨਦਰਿ-ਕਰੰਮੀ ਖੇਡ ਹੈ। ਨਹੀਂ ਤਾਂ ਜੇਤੀ ਆਵਣ ਜਾਣੀ ਸ੍ਰਿਸ਼ਟੀ ਹੈ, ਆਪੋ ਆਪਣੀ ਮਤਿ ਅਤੇ ਆਪੋ ਆਪਣੇ ਮਤੇ ਅਨੁਸਾਰ, ਮਤ ਮਤਾਂਤਰੀ ਬੁੱਧੀ ਅਨੁਸਾਰ ਸਭ ਕੋਈ ਆਪਣੇ ਜਾਣੇ ਨਾਮੁ ਜਪਦਾ ਹੈ; ਪਰ ਸਭ ਵਖੋ ਵਖਰੇ ਕਿਰਤਮ ਨਾਮ ਲੈਂਦੇ ਹਨ। ਪਰ ਗੁਰਮੁਖਿ ਨਾਮੁ ਸੋਈ ਬੁਝਦਾ ਹੈ ਜੋ ਵਾਹਿਗੁਰੂ ਨੂੰ ਭਾਵੰਦਾ ਹੈ, ਜਿਸ ਉਪਰਿ ਗੁਰੂ ਕਰਤਾਰ ਦੀ ਨਦਰਿ ਮੇਹਰ ਹੁੰਦੀ ਹੈ। ਹੋਰ ਮਨਮੁਖ ਇਆਣੀ ਲੁਕਾਈ ਸਭ ਭਰਮਿ ਭੁਲਾਈ ਹੀ ਫਿਰਦੀ ਹੈ। ਕਿਰਤਮ ਨਾਮ ਲਇਆਂ ਕਿਸੇ ਦੀ ਪੂਰੀ ਨਹੀਂ ਪੈਂਦੀ। ਉਹ ਨਾਮ ਦੀ ਅਸਲ ਜਪਣੀ ਵਾਲਾ ਨਾਮ ਜਪ ਹੀ ਨਹੀਂ ਸਕਦੇ। ਜਿਸ ਨੂੰ ਨਦਰਾਲੂ ਕਰਤੇ ਪੁਰਖ ਦੀ ਨਦਰਿ ਮੇਹਰ ਹੁੰਦੀ ਹੈ ਸੋਈ ਸਤਿਨਾਮ (ਗੁਰਮਤਿ ਨਾਮ) ਦੀ ਸੱਚਾਈ ਤੇ ਆਉਂਦਾ ਹੈ। ਤਿਸੇ ਨੂੰ ਗੁਰਮਤਿ ਨਾਮ ਗੁਰਦੀਖਣੀ ਗੁਰਮੰਤਰ ਸੱਚੜਾ ਪ੍ਰਾਪਤਿ ਹੁੰਦਾ ਹੈ। ਬਸ, ਸੇਈ ਨਦਰਵੰਤੇ ਸੱਚੜਾ ਨਾਮ ਜਪ ਜਪ ਕੇ ਅਤੇ ਸੱਚੀਆਂ ਨਾਮ ਅਭਿਆਸ ਕਮਾਈਆਂ ਕਰ ਕਰ ਕੇ, ਸੱਚੇ ਵਾਹਿਗੁਰੂ ਦੇ ਸੱਚੇ ਸਰੂਪ ਵਿਚਿ ਸਮਾਉਂਦੇ ਹਨ। ਯਥਾ ਗੁਰਵਾਕ—

> **ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ ॥ ਜਾ ਕਉ ਨਦਰਿ ਕਰਹਿ ਤੂੰ ਆਪਣੀ ਸਾਈ ਸਚਿ ਸਮਾਣੀ ॥ ੪ ॥ ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥ ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥ ੫ ॥**
>
> (ਆਸਾ ਮਃ ੩, ਪੰਨਾ ੪੨੩)

ਵਾਹਿਗੁਰੂ ਦੇ ਨਦਰਿ ਭਾਉਣ ਵਾਲੇ ਨਦਰਵੰਤੇ ਹੀ ਗੁਰੂ ਘਰ ਵਿਖੇ ਆ ਕੇ ਪਰਵੇਸ਼ ਹੁੰਦੇ ਹਨ। ਸੋਈ ਦਰਿ ਦਰਵੇਸ਼ ਭਗਤ ਐਥੇ ਇਸ ਲੋਕ ਵਿਖੇ ਕੀਰਤਨ ਗਾਂਵਦੇ ਹੋਏ ਇਕ ਪ੍ਰਕਾਰ ਦੀ ਦਰ ਦਰਗਾਹੀ ਹਦੂਰੀ ਭਰਦੇ ਹਨ, ਹਜ਼ੂਰੀ ਵਿਚਿ ਬੈਠੇ ਹੋਏ ਕੀਰਤਨ ਗਾਵੰਦੇ ਸੋਹੰਦੇ ਹਨ। ਇਹ ਬੜੇ ਕਰਮਵੰਤੇ ਨਦਰਵੰਤੇ ਹਨ। ਜੋ ਕਰਮਾਂ ਬਾਹਿਰੇ ਵਾਹਿਗੁਰੂ ਦੀਆਂ ਨਦਰਾਂ ਉਰਾਹਰੇ ਹਨ, ਓਹਨਾਂ ਨੂੰ ਨ ਏਥੇ ਇਸ ਲੋਕ ਵਿਖੇ ਢੋਈ ਮਿਲਦੀ ਹੈ ਨ ਉਹ ਅਗੇ ਗਇਆਂ ਸੱਚੀ ਦਰਗਾਹ ਵਿਚਿ ਢੋਈ ਲਹਿਣੀ ਪਾਉਂਦੇ ਹਨ। ਐਵੇਂ ਧਾਵੰਦੇ ਫਿਰਦੇ ਹਨ, ਜੂਨੀਆਂ ਵਿਚਿ ਧੱਕੇ ਖਾਵੰਦੇ। ਇਹ ਸੱਚੀ ਨਦਰਿ ਬਿਹੂਣਿਆਂ ਦੇ ਲੱਛਣ ਹਨ।

> **ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨਾ ਲਹਨ੍ਹੀ ਧਾਵਦੇ ॥**
>
> (ਆਸਾ ਦੀ ਵਾਰ, ਪੰਨਾ ੪੬੮)

ਨਿਰੀ ਕਥਨੀ ਬਦਨੀ ਕਰ ਕੇ ਖਰੜ ਗਿਆਨ, ਕਥਨੀ ਬਦਨੀ ਵਾਲੇ ਗਿਆਨ ਘੋਖਿਆਂ ਵਾਹਿਗੁਰੂ ਪਰਮਾਤਮਾ ਨਹੀਂ ਪਾਇਆ ਜਾ ਸਕਦਾ। ਗੁਰਮਤਿ ਮਤਿ, ਸੱਚੜੀ ਮਤਿ ਆਵੇ ਤਾਂ ਅਨਦਿਨ ਗੁਰਬਾਣੀ ਨੂੰ ਲਗ ਕੇ ਸੱਚੜੇ ਗੁਰਮਤਿ ਗੁਣ ਗਾਵੇ। ਸਦਾ ਗਾਵੰਦਾ ਹੀ ਰਹੇ। ਅਨਦਿਨੀ ਗੁਣ ਗਾਵਣੀ, ਸਦਾ ਸਦਾ ਸਿਫਤਿ ਸਲਾਹੁੰਦੇ ਕੀਰਤਨ ਦੁਆਰਾ ਹੀ ਸਾਲਾਹੀ-ਵਾਹਿਗੁਰੂ ਨੂੰ ਪਾਈਦਾ ਹੈ। ਵਿਣ ਕਰਮਾਂ ਨਦਰਾਂ ਮੇਹਰਾਂ ਦੇ ਨਾ ਇਹ ਕੀਰਤਨ ਮਿਲਦਾ ਹੈ ਗੁਰਬਾਣੀ ਦਾ, ਨਾ ਗੁਰਬਾਣੀ ਗਾਵਣੀ ਮਿਲਦੀ ਹੈ, ਨਾ ਸੱਚੀ ਸਿਫਤਿ ਸਾਲਾਹ ਵਾਲੀ ਨੇਅਮਤ ਨਸੀਬ ਹੁੰਦੀ ਹੈ ਅਤੇ ਨਾ ਹੀ ਸਿਫਤਿ-ਸਾਲਾਹੀ, ਸਲਾਹੁਣ ਯੋਗ ਵਾਹਿਗੁਰੂ ਹੀ ਮਿਲਦਾ ਹੈ। ਬਥੇਰੇ ਬਿਲਲਾਇ

Page 69 www.sikhbookclub.com

ਬਿਲਲਾਇ ਕੇ ਭਉਂਕ ਮਰੇ ਹਨ, ਬਿਲਕ ਬਿਲਕ ਕੇ। ਗੁਰੂ ਦੇ ਸ਼ਬਦ ਗੁਰ-ਮੰਤਰ ਦੁਆਰਾ ਭਗਤੀ ਅਭਿਆਸ ਕੀਤਿਆਂ ਮਨ ਭੀ ਭਿਜਦਾ ਹੈ ਤੇ ਤਨ ਭੀ ਭਿਜਦਾ ਹੈ। ਇਉਂ ਤਨ ਮਨ ਭਿਜਿਆਂ ਭਗਤ-ਵਛਲ ਵਾਹਿਗੁਰੂ ਆਪਿ ਨਦਰਿ ਕਰਿ ਆ ਵਸਦਾ ਹੈ। ਗੁਰੂ ਨਾਨਕ ਸਾਹਿਬ ਦੀ ਨਦਰਿ ਮੇਹਰ ਹੋਇ ਆਵੰਦੀ ਹੈ। ਨਦਰਾਲੂ ਪਿਤਾ ਪਰਮੇਸ਼ਰ ਆਪੇ ਹੀ ਆਪਣੀ ਨਦਰਿ ਕਰਿ ਆਇ ਮਿਲਦਾ ਹੈ ਅਤੇ ਅੰਤਰਿ ਆਤਮੇ ਆਪਿ ਆਇ ਪ੍ਰਾਪਤਿ ਹੁੰਦਾ ਹੈ ਪ੍ਰੀਤਮ ਪਰਮਾਤਮਾ। ਯਥਾ ਗੁਰਵਾਕ—

**ਕਹਿਐ ਕਥਿਐ ਨ ਪਾਈਐ ਅਨਦਿਨੁ ਰਹੈ ਸਦਾ ਗੁਣ ਗਾਇ ॥ ਵਿਣੁ ਕਰਮੈ ਕਿਨੈ ਨ ਪਾਇਓ ਭਉਕਿ ਮੁਏ ਬਿਲਲਾਇ ॥ ਗੁਰ ਕੈ ਸਬਦਿ ਮਨੁ ਤਨੁ ਭਿਜੈ ਆਪਿ ਵਸੈ ਮਨਿ ਆਇ ॥ ਨਾਨਕ ਨਦਰੀ ਪਾਈਐ ਆਪੇ ਲਏ ਮਿਲਾਇ ॥ ੨ ॥**

**(ਬਿਹਾਗੜੇ ਕੀ ਵਾਰ, ਮ: ੩, ਪੰਨਾ ੫੫੧)**

ਜਦ ਉਸ ਦੀ ਨਦਰਿ ਹੁੰਦੀ ਹੈ ਤਾਂ ਆਪੇ ਆ ਮਿਲਦਾ ਹੈ। ਵਾਹਿਗੁਰੂ-ਮਿਲਾਪ ਦੇ ਪ੍ਰੇਮੀ ਜਨ ਨੂੰ, ਨਾਮ ਅਭਿਆਸ ਕਮਾਈ ਨੂੰ ਪ੍ਰੇਮ ਸਹਿਤ ਨਿਬਾਹੁੰਦਿਆਂ ਹੋਇਆਂ ਸਦਾ ਉਸ ਦੀ ਨਦਰਿ ਮੇਹਰ ਉਤੇ ਹੀ ਸੱਚੀ ਟੇਕ ਰਹਿੰਦੀ ਹੈ। ਨਦਰੀਂ ਹੀ ਸਤਿਗੁਰੂ ਦੇ ਸੇਵਕ ਸਿਖ ਬਣੀਦਾ ਹੈ। ਨਦਰੀਂ ਹੀ ਸਤਿਗੁਰੂ ਦ੍ਰਿੜ੍ਹਾਈ, ਦੀਖਸ਼ਾਈ ਨਾਮ-ਭਗਤੀ ਦੀ ਸੇਵਾ ਕਮਾਈ ਹੁੰਦੀ ਹੈ। ਇਹੋ ਨਾਮ-ਭਗਤੀ ਵਾਲੀ ਕਮਾਈ ਸਤਿਗੁਰੂ ਦੀ ਸੱਚੀ ਸੇਵਾ ਹੈ, ਜੋ ਨਦਰੀ ਹੀ ਪ੍ਰਾਪਤਿ ਹੁੰਦੀ ਹੈ। ਨਦਰੀਂ ਹੀ ਮਨੁ ਨਿਰਮਲ ਹੁੰਦਾ ਹੈ। ਏਹਨਾਂ ਨਦਰਾਂ ਉਤੇ ਸ਼ਾਕਰ ਹੋ ਕੇ ਅਭਿਆਸੀ ਜਨ ਨੂੰ ਨਾਮ ਅਭਿਆਸ ਕਮਾਈ ਕਰਨਾ ਅਤੇ ਕਰੀ ਜਾਣਾ ਚਾਹੀਦਾ ਹੈ। ਵਾਹਿਗੁਰੂ ਨਾਮ ਚੇਤਣ ਤੋਂ ਇਕ ਨਿਮਖ ਭਰ ਭੀ ਹਟਣਾ ਨਹੀਂ ਚਾਹੀਦਾ। ਸੁਆਸਿ ਸੁਆਸਿ ਜਪੀ ਹੀ ਜਾਣਾ ਚਾਹੀਦਾ ਹੈ। ਇਕੋ ਨਾਮ, ਗੁਰਮਤਿ ਨਾਮ ਵਾਹਿਗੁਰੂ ਜਪਿਆਂ ਹੀ ਜਪਣਹਾਰੇ ਅਜਪਾ ਜਾਪੀ ਜਨ ਦੀ ਗਤੀ ਕਲਿਆਣ ਹੁੰਦੀ ਹੈ। ਅਤੇ ਸੱਚਾ ਆਤਮਿਕ ਅਧਿਆਤਮਿਕ ਸੁਖ ਮਿਲਦਾ ਹੈ। ਐਸਾ ਅਬਦੀ ਸੁਖ ਮਿਲਦਾ ਹੈ ਕਿ ਫਿਰ ਮੂਲੋਂ ਹੀ ਕੋਈ ਦੁਖ ਨਹੀਂ ਵਿਆਪਦਾ। ਅਭਿਆਸੀ ਜਨ ਐਸੀ ਅਭਿਆਸ ਕਮਾਈ ਕਰੇ ਕਿ ਬਿੰਦ ਬਿੰਦ ਚੁਖ ਚੁਖ ਹੋ ਕੇ ਨਾਮ ਜਪੇ। ਟੋਟਕੇ ਹੋ ਕੇ ਟੁੱਟ ਟੁੱਟ ਕੇ ਨਾਮ ਜਪਣ ਨੂੰ ਪਵੇ। ਕਦੇ ਹਟੇ ਹੰਭੇ ਨਾ। ਚਾਹੇ ਤਨ ਛਿਨ ਛਿਨ ਹੋ ਜਾਵੇ। ਗੱਲ ਕੀ, ਮਰਿੰ ਮਿਟੇ। ਇਉਂ ਨਦਰੀਂ ਮਰ ਕੇ ਜੀਊਂਦੇ ਹੋਈਦਾ ਹੈ। ਜੀਵਨ ਮੁਕਤਿ ਪਦਵੀ ਇਉਂ ਨਦਰੀਂ ਪ੍ਰਾਪਤਿ ਹੁੰਦੀ ਹੈ। ਇਉਂ ਨਦਰਾਂ ਦੁਆਰਾ ਨਾਮ ਅਤੇ ਜਪਣ ਵਾਲਾ ਅਭਿਆਸੀ ਜਨ ਅਤੇ ਨਾਮ ਵਾਲਾ ਨਾਮੀ ਪੁਰਖ ਅਕਾਲ ਵਾਹਿਗੁਰੂ ਤਿੰਨੇ ਇੱਕ-ਮਿੱਕ ਹੋ ਜਾਂਦੇ ਹਨ, ਜਦੋਂ ਸ਼ਬਦ ਵਾਹਿਗੁਰੂ ਮਨ ਵਿਚਿ ਵੱਸ ਕੇ ਤਦ ਰੂਪ ਹੋ ਜਾਂਦਾ ਹੈ। ਨਦਰੀਂ ਹੀ ਹੁਕਮ ਬੁਝ ਕੇ ਹੁਕਮੀ ਵਿਚਿ ਸਮਾਈ ਹੁੰਦੀ ਹੈ, ਅਤੇ ਸੱਚੜੇ ਪਰਮਾਤਮ-ਮਿਲਾਪ ਅਤੇ ਨਾਮ-ਜਾਪ ਦੀ ਰਸ-ਰਸਾਈ ਵਿਚਿ ਬਿਸਮ ਮਸਤਾਪ ਹੁੰਦਾ ਹੈ। ਇਹ ਰਸ ਬਿਸਮਤਾਈ ਉਸ ਦੀ ਨਦਰਿ-ਦ੍ਰਿਸ਼ਟੀ ਕਰਕੇ ਹੀ ਨਸੀਬਤ ਹੁੰਦੀ ਹੈ। ਜਿਨ੍ਹਾਂ ਨੇ ਜਿਹਬਾ ਕਰਕੇ, ਰਸਨਾ ਕਰਕੇ ਹਰਿ ਰਸੁ ਨਹੀਂ ਚਖਿਆ, ਓਹ ਇਸ ਜਗ ਵਿਚਿ ਆਏ ਨ ਆਏ ਇਕੋ ਜਿਹੇ ਹੀ ਹਨ। ਸੱਚ ਮੁੱਚ ਉਹ ਜਿਹਬਾ, ਉਹ ਰਸਨਾ ਹੀ ਜਾਣਦੀ ਹੈ, ਜਿਸ ਨੇ ਹਰਿ ਰਸ ਚਖਿਆ ਹੈ। ਨਾਮ ਰੂਪੀ ਪਾਰਸ ਨੂੰ ਜਾਪ ਦੁਆਰਾ ਜਿਹਬਾ ਤੇ ਘਸਾਉਂਦਿਆਂ ਘਸਾਉਂਦਿਆਂ ਇਕ ਅਕਹਿ ਜੋਤਿ ਰਸ ਜਿਹਬਾ ਤੇ ਹੀ ਆਇ ਉਦੀਪਤ ਹੁੰਦਾ ਹੈ, ਜਿਸ ਨੂੰ ਫੇਰ ਛਡਿ ਨਹੀਂ ਸਕੀਦਾ। ਇਹ ਰਸ ਇਕ ਬਚਿਤ੍ਰ ਅਤਿ ਅਦਭੁਤ ਰਸ ਹੁੰਦਾ ਹੈ, ਜੇ

ਸੰਸਾਰਕ ਪਦਾਰਥ ਭੁੰਚਣੇ ਰਸਾਂ ਕਸਾਂ ਤੋਂ ਅਤਿ ਵਿਲੱਖਣ ਅਤੇ ਅਸਚਰਜ ਰੂਪਾ ਹੈ। ਪਦਾਰਥਕ ਰਸ ਸਭ ਨੀਵੇਂ ਅਤੇ ਹੋਛੇ ਰਸ ਹਨ। ਇਸ ਰਸ ਤਾਈਂ ਕਦ ਪੁਜ ਸਕਦੇ ਹਨ। ਜਿਹੜੀ ਜਿਹਬਾ ਨੂੰ, ਜਿਸ ਦੀ ਰਸਨਾ ਨੂੰ ਇਸ ਬਿਸਮ ਰਸ ਦਾ ਅੰਮ੍ਰਿਤ-ਬਿਸਮਨਾ-ਸੁਆਦ ਨਹੀਂ ਆਇਆ, ਉਹ ਜਿਹਬਾ (ਗੁਰੂ ਸਾਹਿਬ ਫ਼ੁਰਮਾਉਂਦੇ ਹਨ) ਜਲ ਜਾਇ, ਜਲ ਜਾਣ ਦੇ ਲਾਇਕ ਹੈ। ਕੈਸਾ ਸੁਤੇ ਭਾਖਿਆ ਗੁਰ-ਸਰਾਪ ਹੈ ਨਾਮਹੀਣੀ ਜਿਹਬਾ ਨੂੰ! ਭੈੜੇ ਹੋਰ ਹੋਛੇ ਤੁਛ ਤੁਛੋਤੇ ਰਸਾਂ ਵਿਚਿ ਲਗ ਰਹੀ ਰਸਨਾ ਨੂੰ ਇਹ ਬਿਸਮ ਰਸੀ ਸੁਆਦੁ ਕਿਥੇ? ਦੂਜੇ ਭਾਇ ਦੇ ਰਸਾਂ ਕਸਾਂ ਵਿਚਿ ਖਚਿਤ ਹੋਇਆਂ ਦੁਖ ਹੀ ਦੁਖ, ਸਦਾ ਦੁਖ ਹੀ ਹੈ। ਐਥੇ ਓਥੇ ਲੋਕ ਪਰਲੋਕ ਵਿਚਿ ਦੁਖ ਹੀ ਦੁਖ ਹੈ। ਸਭਨਾਂ ਉਪਰਿ ਇਕ ਅਕਾਲ ਪੁਰਖ ਦੀ ਇਕੋ ਜਿਹੀ ਹੀ ਨਦਰਿ ਹੈ, ਪਰ ਫ਼ਰਕ ਓਥੇ ਪੈਂਦਾ ਹੈ ਜਿਥੇ ਸੰਸਾਰੀ ਜੀਵ ਉਸ ਦੇ ਹੁਕਮ-ਰਜਾਈ-ਕਰਮ-ਗਤਿ ਤੋਂ ਖਿਸਕ ਜਾਂਦੇ ਹਨ। ਹੁਕਮੋਂ ਖਿਸਕਿਆਂ ਉਪਰ ਨਦਰਿ ਹੋਣੋਂ ਭੀ ਖੁੰਝ ਜਾਂਦੀ ਹੈ। ਹੁਕਮੀ ਬੰਦਿਆਂ, ਨਾਮ ਰਸਿਕ ਬੇਧੰਦਿਆਂ ਗੁਰਮੁਖਿ ਜਨਾਂ ਉਤੇ ਨਦਰਿ, ਪੂਰਿ-ਕਰੰਮੀ ਨਦਰਿ ਆਪੇ ਹੋਇ ਆਵੰਦੀ ਹੈ। ਦੂਜਿਆਂ ਤੇ ਆਪੋਂ ਫ਼ਰਕ ਪੈ ਜਾਂਦਾ ਹੈ। ਸਤਿਗੁਰੂ ਮਿਲੇ ਦਾ ਇਹ ਫਲੁ ਹੈ ਕਿ ਨਾਮ ਦੀ ਵਡਾਈ ਉੱਚਤਾ ਮਿਲਣ ਕਰਕੇ ਨਾਮ-ਨਿਸਾਨੀ ਗੁਰਮੁਖਿ ਜਨ ਉਤੇ ਨਦਰਾਲੂ ਵਾਹਿਗੁਰੂ ਦੀ ਨਦਰਿ ਦ੍ਰਿਸ਼ਟੀ ਸੁਵੱਲੀ ਅਤੇ ਸੁਫਲ ਫਲੱਲੀ ਰਹਿੰਦੀ ਹੈ। ਯਥਾ ਗੁਰਵਾਕ—

> ਵਡਹੰਸੁ ਮਹਲਾ ੩ ॥ ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ ॥ ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ ॥ ੧ ॥ ਮੇਰੇ ਮਨ ਚੇਤਿ ਸਚਾ ਸੋਇ ॥ ਏਕੋ ਚੇਤਹਿ ਤਾ ਸੁਖੁ ਪਾਵਹਿ ਫਿਰਿ ਦੂਖੁ ਨ ਮੂਲੇ ਹੋਇ ॥ ੧ ॥ ਰਹਾਉ ॥ ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ ॥ ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ ॥ ੨ ॥ ਜਿਨਿ ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲਿ ਜਾਉ ॥ ਅਨ ਰਸ ਸਾਦੇ ਲਗਿ ਰਹੀ ਦੁਖੁ ਪਾਇਆ ਦੂਜੈ ਭਾਇ ॥ ੩ ॥ ਸਭਨਾ ਨਦਰਿ ਏਕ ਹੈ ਆਪੇ ਫਰਕੁ ਕਰੇਇ ॥ ਨਾਨਕ ਸਤਿਗੁਰਿ ਮਿਲਿਐ ਫਲੁ ਪਾਇਆ ਨਾਮੁ ਵਡਾਈ ਦੇਇ ॥ ੪ ॥ ੨ ॥
>
> (ਪੰਨਾ ੫੫੮-੫੯)

ਵਾਹਿਗੁਰੂ ਨਾਮ ਦੀ ਵਡਿਆਈ ਨਦਰਾਂ (ਕਰਮਾਂ) ਨਾਲਿ ਪ੍ਰਾਪਤਿ ਹੁੰਦੀ ਹੈ ਅਤੇ ਓਹਨਾਂ ਵਿਰਲੀਸ਼ਰਾਂ ਗੁਰਮੁਖਿ ਜਨੀਸ਼ਰਾਂ ਨੂੰ ਪ੍ਰਾਪਤਿ ਹੁੰਦੀ ਹੈ ਜਿਨ੍ਹਾਂ ਨੇ ਹੁਕਮ-ਰਜਾਈ ਗੁਰੂ ਕਰਤਾਰ ਦਾ ਹੁਕਮ ਮੰਨ ਕੇ ਵਾਹਿਗੁਰੂ ਨੂੰ ਧਿਆਇਆ ਹੈ; ਸੱਚੀ ਧਿਆਉਣੀ ਕਰਿ ਧਿਆਇਆ ਹੈ। ਅਤੇ ਹੁਕਮ-ਰਜਾਈ ਵਾਹਿਗੁਰੂ ਜਿਨ੍ਹਾਂ ਤੇ ਕਿਰਪਾ ਨਦਰਿ ਦ੍ਰਿਸ਼ਟੀ ਕਰਦਾ ਹੈ ਤਿਨ੍ਹਾਂ ਨੂੰ ਹੀ ਪੂਰੇ ਨਦਰਿ-ਕਰੰਮੇ ਭਾਗਾਂ ਕਰਕੇ ਗੁਰੂ ਨਾਨਕ ਸਰੂਪਾ ਸੱਚਾ ਸਤਿਗੁਰੂ ਪਾਤਸ਼ਾਹੁ ਮਿਲਦਾ ਹੈ। ਯਥਾ ਗੁਰਵਾਕ—

> ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ ਹਰਿ ਜੀਉ ਕਿਰਪਾ ਕਰੇ ਰਜਾਇ ॥੨॥
>
> (ਵਡਹੰਸ ਕੀ ਵਾਰ, ਮ: ੩, ਪੰਨਾ ੫੯੧)

> ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ ਗੁਰਮੁਖਿ ਵਿਰਲੈ ਕਿਨੈ ਧਿਆਇਆ ॥ ੧੪ ॥
>
> (ਵਡਹੰਸ ਕੀ ਵਾਰ ਮ: ੪, ਪੰਨਾ ੫੯੧)

ਪਰਮੇਸ਼ਰ ਪਰਮਾਤਮਾ ਦਾ ਸੱਚਾ ਨਾਮੁ ਅੰਮ੍ਰਿਤ-ਕਲਾ-ਸੰਪੰਨ ਹੈ; ਅੰਮ੍ਰਿਤ ਪਾਰਸੰਨਾ ਹੈ; ਅੰਮ੍ਰਿਤ ਪਾਰਸ ਕਲਾਵੀ ਸੰਪੰਨਤਾ ਰਖਦਾ ਹੈ। ਇਸ ਦੇ ਸਿਮਰਨਹਾਰੇ ਤੇ ਭੀ ਪਾਰਸ-ਕਲਾ ਵਰਤਦੀ ਹੈ। ਉਹ ਸਿਮਰ ਸਿਮਰ ਕੇ ਅਮਰ-ਜੀਵਨੇ ਜੀਵਨ ਵਾਲਾ ਹੋ ਜਾਂਦਾ ਹੈ। ਉਹ ਸੱਚੀ ਜੀਵਨੀ, ਅਮਰ ਜੀਊਣੀ ਜੀਵਨੀ ਜੀਉ ਉਠਦਾ ਹੈ। ਐਸਾ ਨਾਮੁ ਨਦਰਿ ਕਰਮ ਕਰਕੇ ਹੀ ਪ੍ਰਾਪਤਿ ਹੁੰਦਾ ਹੈ। ਜਿਸ ਨੂੰ ਪ੍ਰਾਪਤਿ ਹੁੰਦਾ ਹੈ ਸੋ ਜਨ ਨਿਰਾਲੇ ਜੀਵਨ ਵਾਲਾ ਨਿਰਮਲ (ਖਾਲਸਾ) ਹੀ ਥੀ ਰਹਿੰਦਾ ਹੈ।

**ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ ॥ ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ ॥ ੨ ॥**

(ਸੋਰਠਿ ਮਃ ੫, ਪੰਨਾ ੬੧੬)

ਦਾਤਾਰੁ ਗੁਰੂ ਕਰਤਾਰ ਦੀ ਮੇਹਰ ਨਦਰਿ ਦਾ ਸਦਕਾ ਹੀ ਸਿਫ਼ਤਿ-ਸਾਲਾਹਣੀ ਭਗਤੀ ਦੀ ਦਾਤਿ ਵਾਹਿਗੁਰੂ ਦੇ ਵਿਰਲੇ ਨਦਰਿ ਪਾਤਰੀਸ਼ਾਂ, ਗੁਰਮੁਖਿ ਜਨਾਂ ਨੂੰ ਹੀ ਮਿਲਦੀ ਹੈ। ਭਗਤਿ-ਵਛਲ ਵਾਹਿਗੁਰੂ ਦਾਤਾਰ ਨਦਰਾਰ ਨੇ ਜਿਸ ਗੁਰਮੁਖਿ ਵਿਰਲੀਸ਼ਰ ਜਨ ਨੂੰ ਅਨਿੰਨ ਭਗਤੀ ਦਾ ਇਹ ਭੰਡਾਰੁ ਸਉਂਪ ਦਿੱਤਾ ਹੈ, ਓਹਨਾਂ ਤੋਂ ਫੇਰ ਲੇਖੇ ਦੀ ਪੁਛ ਨਹੀਂ ਲਿਤੀ ਗਈ। ਕਰਮਾਂ ਦੇ ਲੇਖੇ ਦੀ ਪੁਰਸਿਸ਼ (ਪੁਛ) ਨਹੀਂ ਹੋਈ। ਜਿਸ ਨੂੰ ਨਦਰਾਲੂ ਵਾਹਿਗੁਰੂ ਦੀ ਪਰਮ ਕਿਰਪਾਲਤਾ ਉਦਾਰਤਾ ਨਦਰਾਰਤਾ ਦੁਆਰਾ ਸੱਚੇ ਨਾਮ ਦਾ ਰੰਗੁ ਚਲੂਲਾ ਚੜ੍ਹ ਗਿਆ, ਉਹ ਫੇਰ ਰੰਗ-ਰਤੜਾ ਹੀ ਰਿਹਾ। ਕਿਉਂਕਿ ਹਰਿ ਰੰਗ ਨਾ ਕਦੇ ਉਤਰਦਾ ਹੈ ਨਾ ਜਾਂਦਾ ਹੈ— **"ਰਾਮ ਰੰਗੁ ਕਦੇ ਉਤਰਿ ਨ ਜਾਇ ॥"**[1] ਐਸੇ ਰੰਗ-ਰਤੜੇ ਜਨਾਂ ਨਦਰਿ-ਰੱਤਿਆਂ ਦਾ ਇਕੋ ਨਾਮੁ ਹੀ ਆਧਾਰੁ ਹੈ। ਇਕੋ ਨਾਮੁ ਹੀ ਭੋਜਨ ਅਹਾਰੁ (ਭੱਤਾ) ਹੋ ਜਾਂਦਾ ਹੈ। ਤਿਨ੍ਹਾਂ ਨਾਮ-ਅਹਾਰੀਆਂ, ਨਾਮ-ਅਧਾਰੀਆਂ, ਨਾਮੁ-ਭੋਜਨ-ਕਰਮਾਰੀਆਂ ਪਿਛੇ ਸਾਰਾ ਜਗੁ ਹੀ ਭੁੰਚਦਾ ਭੋਗਦਾ ਹੈ। ਓਹਨਾਂ ਦੀ ਭਜਨ-ਕਮਾਈ ਅਭਿਆਸ-ਕਰਮਾਈ ਦੇ ਤੁਫ਼ੈਲ ਸਾਰੇ ਜਗਤ ਨੂੰ, ਸਾਰੇ ਸੰਸਾਰੀਆਂ ਨੂੰ ਭੁੰਚਣ ਜੋਗ ਭੋਜਨ ਅਹਾਰੁ ਪਹੁੰਚਦਾ ਹੈ। ਓਹਨਾਂ ਨੂੰ ਰੱਬ ਪਿਆਰਾ ਹੁੰਦਾ ਹੈ ਅਤੇ ਉਹ ਰੱਬ ਪਿਆਰਾ ਪ੍ਰੀਤਮ ਓਹਨਾਂ ਤੋਂ ਐਸਾ ਨਦਰਾਰ ਪਿਆਰ-ਦ੍ਰਿਸ਼ਟਾ ਹੋ ਕੇ ਪੁਕਰਦਾ ਹੈ ਕਿ ਓਹਨਾਂ ਹੀ ਜੋਗਾ ਹੋ ਰਹਿੰਦਾ ਹੈ। ਮੁਕਤਿ ਭੁਗਤਿ ਦਾ ਦਾਤਾ ਭਗਤਿ-ਵਛਲ ਵਾਹਿਗੁਰੂ ਆਪਣੇ ਭਗਤਾਂ ਦੀ ਅਨਿੰਨ ਭਗਤੀ ਤੇ ਤੁੱਸ ਕੇ (ਤੁੱਠ ਕੇ) ਰੀਝ ਕੇ, ਪਸੀਜ ਕੇ ਤੁਫਲੀਜਿਆ ਹੋਇਆ ਓਹਨਾਂ ਦੀ ਤੁਫ਼ੈਲਤਾ ਬਰਕਤ ਨਾਲਿ ਸਾਰਿਆਂ ਨੂੰ ਭੁਗਤਿ-ਭੋਜਨੀ-ਛਾਂਦਾ ਭੁਗਤਾਉਂਦਾ ਵਰਤਾਉਂਦਾ ਹੈ। **"ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥"**[2] ਜਿਸ ਕਿਸੇ ਗੁਰਮੁਖਿ ਜਨ ਨੂੰ ਨਦਰ-ਕਰੰਮਾਂ ਨਾਲਿ, ਜੋਗ-ਸੰਜੋਗੀ ਪੰਜਾਂ ਪਿਆਰਿਆਂ ਦੇ ਪਰਤਾਪ ਮਿਲਾਪ ਬਸੀਠੀ ਪਰਤਾਪ ਨਾਲਿ ਸੱਚੇ ਸਤਿਗੁਰੂ ਦੀ ਪ੍ਰਾਪਤੀ ਹੋ ਗਈ ਹੈ, ਉਹ ਨਿਗੁਰਿਓਂ ਸਗੁਰਾ ਹੋਇਆ ਹੈ। ਜਿਸ ਵਡਭਾਗੇ ਨਦਰਾਗੇ ਜਨ ਨੂੰ ਇਸ ਬਿਧਿ ਗੁਰੂ ਦੀ ਪ੍ਰਾਪਤੀ ਹੋ ਗਈ ਹੈ, ਐਸੇ ਜਨ ਨੇ ਹੀ ਸਤਿਗੁਰੂ ਦੀ ਸੱਚੀ ਬਸੀਠੀ ਦੁਆਰਾ ਵਾਹਿਗੁਰੂ ਅਗਮ ਅਗੋਚਰ ਸਾਹਿਬ ਨਾਲਿ ਜਾਣ ਜਾਣੀ ਤੇ ਤੱਤ ਪਿਉਂਦ ਗੰਢ ਪਾਈ ਹੈ। ਸੋਈ ਵਡਭਾਗੀ ਨਦਰਾਗੀ ਜਨ ਵਾਹਿਗੁਰੂ ਦੇ ਪਰਤੱਖ ਦਰਸ਼ਨਾਂ ਦੇ ਦਰਸੇਤੇ ਤੱਤਵੇਤੇ

---

[1] ਗਉੜੀ ਮਃ ੫, ਪੰਨਾ ੧੯੪

[2] ਗਉੜੀ ਕੀ ਵਾਰ ਮਃ ੪, ਪੰਨਾ ੩੦੬

ਹੋਏ ਹਨ। ਤਿਨ੍ਹਾਂ ਨੇ ਹੀ ਸਤਿ ਪੁਰਖ ਨੂੰ ਅਸਲ ਅਰਥਾਂ ਵਿਚਿ ਜਾਣਿਆ ਹੈ। ਜਾਨਣ ਜਾਨਣੀ ਦੇ ਅਸਲ ਅਰਥਾਂ ਵਿਚਿ ਜਾਣਿਆ ਪਹਿਚਾਣਿਆ ਹੈ। ਐਸੇ ਖਸਮੇ ਭਾਣਿਆਂ, ਖਸਮ ਨੂੰ ਭਾ ਗਇਆਂ, ਨਦਰਾ ਗਇਆਂ ਜਨਾਂ ਤੇ ਗੁਰੂ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ। ਯਥਾ ਗੁਰਵਾਕ—

> ਪਉੜੀ ॥ ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ ॥ ਸਉਪੇ ਜਿਸੁ ਭੰਡਾਰ ਫਿਰਿ ਪੁਛ ਨ ਲੀਤੀਅਨੁ ॥ ਜਿਸ ਨੋ ਲਗਾ ਰੰਗੁ ਸੇ ਰੰਗਿ ਰਤਿਆ ॥ ਓਨਾ ਇਕੋ ਨਾਮ ਅਧਾਰੁ ਇਕਾ ਉਨ ਭਤਿਆ ॥ ਓਨਾ ਪਿਛੈ ਜਗੁ ਭੁੰਚੈ ਭੋਗਈ ॥ ਓਨਾ ਪਿਆਰਾ ਰਬੁ ਓਨਾਹਾ ਜੋਗਈ ॥ ਜਿਸੁ ਮਿਲਿਆ ਗੁਰੁ ਆਇ ਤਿਨਿ ਪ੍ਰਭੁ ਜਾਣਿਆ ॥ ਹਉ ਬਲਿਹਾਰੀ ਤਿਨ ਜਿ ਖਸਮੈ ਭਾਣਿਆ ॥ ੪ ॥
>
> (ਰਾਮਕਲੀ ਕੀ ਵਾਰ ਮਃ ੫, ਪੰਨਾ ੯੫੮)

ਖਸਮ ਨੂੰ ਓਹੀ ਜਨ ਭਾਉਂਦੇ ਹਨ ਜਿਨ੍ਹਾਂ ਉਤੇ ਉਸ ਦੀ ਨਦਰਿ ਹੁੰਦੀ ਹੈ। ਨਦਰਿ ਉਸ ਦੀ ਓਹਨਾਂ ਤੇ ਹੀ ਹੁੰਦੀ ਹੈ ਜੋ ਉਸ ਦੇ ਹੁਕਮ ਅਨੁਸਾਰੀ ਆਗਿਆਕਾਰੀ ਹੋ ਕੇ ਸ੍ਰੇਸ਼ਟ ਗੁਰਮਤਿ-ਕਰਮ ਕਮਾਉਂਦੇ ਹਨ। ਐਸੇ ਕਰਮਵੰਤਿਆਂ ਤੇ ਹੀ ਕਰਮ ਭਰੀ ਨਦਰਿ ਮੇਹਰ ਦਇਆ ਦ੍ਰਿਸ਼ਟੇਹਰ ਹੁੰਦੀ ਹੈ। ਯਥਾ ਗੁਰਵਾਕ—

> ਕ੍ਰਿਪਾ ਕਰੇ ਜਿਸੁ ਆਪਣੀ ਧੁਰਿ ਪੂਰਾ ਕਰਮੁ ਕਰੇਇ ॥ ਜਨ ਨਾਨਕ ਸੇ ਜਨ ਉਬਰੇ ਜੋ ਸਤਿਗੁਰ ਸਰਣਿ ਪਰੇ ॥ ੨ ॥
>
> (ਰਾਮਕਲੀ ਕੀ ਵਾਰ, ਮਃ ੫, ਪੰਨਾ ੯੫੯)

ਧੁਰੋਂ ਹੀ ਪੂਰਾ ਕਰਮ, ਗੁਰਮਤਿ ਸਰਬੋਤਮ ਕਰਮ ਕਰਨਹਾਰਿਆਂ ਤੇ ਹੀ ਨਦਰਿ ਮੇਹਰ ਕਿਰਪਾ ਹੁੰਦੀ ਹੈ। ਜਿਸੁ ਗੁਰਮੁਖਿ ਜਨ ਉਤੇ ਨਦਰਾਲੂ ਦੀ ਨਦਰਿ ਮੇਹਰ, ਕਿਰਪਾਲੂ ਦੀ ਕਿਰਪਾ ਹੁੰਦੀ ਹੈ, ਸੋ ਧੁਰੋਂ ਪ੍ਰਾਲਬਧੋਂ ਹੀ ਪੂਰਾ ਕਰਮ ਕਰਦਾ ਹੈ। ਜੋ ਧੁਰੋਂ ਹੀ ਨਦਰ-ਪਾਤਰੀ ਕਰਮੁ ਹੁੰਦਾ ਹੈ। ਤਿਸ ਦੇ ਪੂਰੇ ਕਰਮ ਕਮਾਈ ਦੀ ਮੋਹਰ ਧੁਰੋਂ ਲਗ ਜਾਂਦੀ ਹੈ। ਉਸ ਦੇ ਮਸਤਕ ਤੇ ਕਰਮ-ਨਦਰਨੀ-ਨੀਸ਼ਾਨ ਲਿਖਿਆ ਜਾਂਦਾ ਹੈ। ਤਿਨ੍ਹਾਂ ਨਦਰਿ-ਨੀਸ਼ਾਨਿਆਂ ਦਾ ਨਦਰਿ-ਉਬਰਾਉ ਸਤਿਗੁਰ ਸ਼ਰਨਾਗਤੀ ਨੀਸਾਨਿਆ ਜਾਂਦਾ ਹੈ। ਸੇਈ ਨਦਰ-ਨੀਸ਼ਾਨੇ ਗੁਰਮੁਖਿ ਜਨ ਸੱਚੇ ਦੀ ਸੱਚੀ ਦਰਗਾਹ ਵਿਚਿ ਅਪਣਾਏ ਪਹਿਨਾਏ ਜਾਂਦੇ ਹਨ। ਨਦਰਿ ਮਹਿਮਾਏ ਜਨਾਂ ਦਾ ਹੀ ਨਿਸਤਾਰਾ ਹੈ। ਨਦਰਿ-ਹੀਣਿਆਂ ਨੂੰ ਆਪਣੇ ਕਰਮਾਂ ਦਾ ਕਫ਼ਾਰਾ ਕਰਨਾ ਪੈਂਦਾ ਹੈ। ਹਕ ਹਕੀਕਤ ਦੇ ਸੱਚੜੇ ਰੰਗ-ਦੀਦਾਰੀਆਂ, ਨਦਰਿ-ਦਰਾਰੀਆਂ ਉਪਰ ਹੀ ਅਗਲਾ ਗੁਰਵਾਕ ਘਟਦਾ ਹੈ—

> ਪਉੜੀ ॥ ਜੋ ਰਤੇ ਦੀਦਾਰ ਸੇਈ ਸਚੁ ਹਾਕੁ ॥ ਜਿਨੀ ਜਾਤਾ ਖਸਮੁ ਕਿਉ ਲਭੈ ਤਿਨਾ ਖਾਕੁ ॥ ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ ॥ ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ ॥ ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ ॥ ਮਨੁ ਤਨੁ ਹੋਇ ਨਿਹਾਲੁ ਬਿੰਦਕ ਨਦਰਿ ਝਾਕੁ ॥ ਨਉਨਿਧਿ ਨਾਮੁ ਨਿਧਾਨੁ ਗੁਰ ਕੈ ਸਬਦਿ ਲਾਗੁ ॥ ਤਿਸੈ ਮਿਲੈ ਸੰਤ ਖਾਕੁ ਮਸਤਕਿ ਜਿਸੈ ਭਾਗ ॥ ੫ ॥
>
> (ਰਾਮਕਲੀ ਕੀ ਵਾਰ ਮਃ ੫, ਪੰਨਾ ੯੫੯)

ਗੁਰੂ ਕੇ ਸ਼ਬਦ ਦੀ ਪਾਰਸ-ਲਾਗੰ ਜਿਨ੍ਹਾਂ ਨੂੰ ਲਗ ਗਈ, ਓਹਨਾਂ ਦੀ ਪਰਮਾਰਥਕ ਜਾਗ

ਇਕ ਚੁੰਬਕ ਕਲਾ ਦੇ ਕ੍ਰਿਸ਼ਮੇ ਨਾਲਿ ਖੁਲ੍ਹ ਗਈ। ਸਫਲ ਕਮਾਈ ਦਾ ਸੁਫਲ ਫਲ ਮਿਲਦਾ ਹੈ। ਇਹ ਹੈ ਨਦਰਿ, ਜੋ ਉਜਲ ਕਰਮਾਂ ਵਾਲੇ ਉਜਲ ਦੀਦਾਰਿਆਂ ਦੇ ਵਿਰਸੇ ਵਿਚਿ ਆਉਂਦੀ ਹੈ ਅਤੇ ਦੁੱਧ-ਧੋਤੇ ਉਜਲ ਕਰਮਾਰੀਆਂ ਉਪਰਿ ਵਰਸਦੀ ਹੈ। ਨਦਰਿ ਦੇ ਹੱਕਦਾਰ ਹਕੀਕਤ ਵਿਚਿ ਸੇਈ ਹੋਏ ਹਨ ਜੋ ਅੰਤ ਨੂੰ ਸੱਚ ਹੱਕ ਖੁਦਾਇ ਦੇ ਦੀਦਾਰ ਵਿਚਿ ਰਤੇ ਜਾ ਕੇ ਓਥੇ ਹੀ ਮਜਜ਼ੂਬ ਹੋ ਗਏ, ਸੱਚੜੇ ਹੁਸਨਲ ਜਮਾਲ ਸਾਹਿਬ ਦੇ ਹੁਸਨ ਕਮਾਲ ਵਿਚਿ ਹੀ ਮਹਿਵ ਹੋ ਗਏ। ਕਰਮ-ਨਦਰਾਰੀਆਂ, ਨਦਰ-ਕਰਮਾਰੀਆਂ, ਨਾਮਿ-ਰੰਗਾਰੀਆਂ ਰੰਗ-ਦੀਦਾਰੀਆਂ ਦਾ ਰੱਬੀ ਇਸ਼ਕ ਹੀ ਇਸ਼ਕ-ਹਕੀਕੀ ਹੈ। ਐਸੇ ਇਸ਼ਕ-ਹਕੀਕਾਰੀਆਂ ਖਸਮ-ਜਣਾਰੀਆਂ ਦੀ ਖ਼ਾਕ ਨੂੰ ਸੁਰਿ ਨਰ, ਮੁਨਿ ਜਨ ਪਏ ਲੋਚਦੇ ਹਨ। ਪਰ ਲਭਦੀ ਨਹੀਂ। ਤਿਨ੍ਹਾਂ ਦੇ ਸੰਗ ਮਿਲ ਕੇ ਵੇਕਾਰ-ਕਰਮੀਆਂ ਦਾ ਵੇਕਾਰਾਂ ਨਾਲਿ ਮੈਲਾ ਹੋਇਆ ਵਿਆ ਮਨੁ ਪਾਕ ਹੋ ਜਾਂਦਾ ਹੈ। ਐਸਾ ਪਾਕ ਹੋ ਜਾਂਦਾ ਹੈ ਕਿ ਓਹਨਾਂ ਦੇ ਤਿਮਰ ਅਗਿਆਨ ਅੰਧੇਰ ਵਾਲੇ ਭਰਮ ਦੇ ਤਾਕ ਖੁਲ੍ਹ ਜਾਂਦੇ ਹਨ। ਅਤੇ ਸੱਚੇ ਵਾਹਿਗੁਰੂ ਦਾ ਧੁਰਿ ਦਰਗਾਹੀ ਸੱਚਾ ਮਹਿਲ ਦਿਸਣ, ਪਰਤੱਖ ਦਿਸਣ ਲਗ ਪੈਂਦਾ ਹੈ। ਜਿਸ ਨੂੰ ਇਕ ਵਾਰ ਆਪਦੀ ਨਦਰਿ ਕਰਿ ਮਹਿਲੀ ਵਾਹਿਗੁਰੂ ਆਪਣੇ ਮਹਿਲ ਦੀ ਝਾਕੀ ਆਪਿ ਪੁਆ ਦੇਵੇ ਉਸ ਨੂੰ ਫਿਰ ਓਥੋਂ ਧੱਕਣ ਵਾਲਾ, ਮਹਿਲੋਂ ਕੱਢਣ ਵਾਲਾ ਕੋਈ ਨਹੀਂ ਜੰਮਿਆ। ਕੀਹਦਾ ਮਕ਼ਦੂਰ ਹੈ ਕਿ ਉਸ ਨੂੰ ਓਥੋਂ ਧਕੇਲ ਧਕੇ, "ਜਾ ਬਖਸੇ ਤਾ ਧਕਾ ਨਹੀ ॥"[1] ਬਖ਼ਸ਼ਿਆਂ ਹੋਇਆਂ ਨੂੰ ਕਦੇ ਧੱਕਾ ਨਹੀਂ ਮਿਲਦਾ। ਬਸ, ਓਹ ਓਥੇ ਜੋਗੇ ਹੀ ਰਹਿ ਜਾਂਦੇ ਹਨ। ਬਿੰਦਕ ਨਦਰਿ ਝਾਕੀ ਪਾ ਕੇ ਓਹਨਾਂ ਦਾ ਮਨੁ ਤਨੁ ਨਿਹਾਲੋ ਨਿਹਾਲ ਹੋ ਜਾਂਦਾ ਹੈ। ਉਹ ਤਿਸੇ ਨਦਰਿ-ਨਿਹਾਲਤਾ ਵਿਚਿ ਹੀ ਮੁਸਤਗਰਕ਼ ਅਤੇ ਮਖ਼ਮੂਰੋ ਮਖ਼ਮੂਰ ਹੋ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਸਚਖੰਡ ਪੁਜ ਕੇ ਸਿਖਰ ਦਰਬਾਰ ਤੋਂ ਦਿਬ ਦ੍ਰਿਸ਼ਟੀ ਦੁਆਰੇ ਸਾਰੇ ਖੰਡਾਂ ਬ੍ਰਹਿਮੰਡਾਂ ਵਿਚਿ ਚਾਰ ਚੁਫੇਰੇ ਨਜ਼ਰ ਮਾਰ ਕੇ ਦੇਖਿਆ ਤੇ ਅਜ਼ਮਾਇਆ, ਤਾਂ ਕੀ ਦੇਖਿਆ ਅਜ਼ਮਾਇਆ? ਇਹ ਕਿ ਨਿਰਭਉ ਨਿਰੰਕਾਰ ਅਤੇ ਨਿਰਭਉ ਨਾਮ ਹੀਂ ਸਾਰ, ਤਤ-ਸਚੁ ਹੈ। ਇਸ ਸਚੁ ਅਤੇ ਸੱਚੇ ਦੀ ਸੂਝ ਬੂਝ ਤੋਂ ਸਭ ਸ਼ੂਨ ਤੇ ਖਾਲੀ ਹਨ। ਸਭ ਅਕਾਰ-ਮੰਡਲ ਭੀ ਇਕ ਅੱਖ ਦੇ ਫੋਰੇ ਵਿਚਿ ਵਿਥ ਵਿਥ ਖੂੰਜੇ ਕੋਨੇ ਕੋਨੇ ਵਿਚਿ ਫਿਰ ਕੇ ਦੇਖ ਲਏ। ਗਿਆਨੀਆਂ, ਪੰਡਤਾਂ, ਬੇਦ-ਬੀਚਾਰੀਆਂ ਨੂੰ ਭੀ ਜੋਹ ਕੇ ਦੇਖ ਪੜਤਾਲ ਲਿਆ। ਦੇਵਾਂ, ਮਾਣਸਾਂ, ਜੋਧ ਅਵਤਾਰਾਂ ਨੂੰ ਭੀ ਅਜ਼ਮਾ ਢੂੰਡਿਆ। ਸਮਾਧੀਆਂ ਲਾਉਣ ਵਾਲੇ ਸਿਧਾਂ ਦੀ ਸੂੰਹ ਭੀ ਲੈ ਲਈ। ਏਹਨਾਂ ਸਾਰਿਆਂ ਅੰਦਰਿ ਕੱਚੀਆਂ ਮ਼ਤਾਂ ਵਾਲਾ ਕਚ-ਪਿਚ, ਅਕਲੀ ਅੰਧਿਆਂ ਵਾਲਾ ਅੰਧ ਵਰਤਾਰਾ ਹੀ ਵਰਤ ਰਹਿਆ ਹੈ। ਸਚੁ ਰੂਪੀ ਸੱਚਾ ਨਾਮ ਕਿਤੇ ਭੀ ਨਹੀਂ। ਨਾ ਹੀ ਸੱਚ ਕਰਤਾਰ ਦੀ ਸੱਚੀ ਸ਼ਰਧਾ ਭਾਵਨਾ ਵਾਲੇ ਤੱਤ ਗਿਆਨ ਦਾ ਹੀ ਕਿਤੇ ਨਮੂਦ ਹੈ। ਅਗੇ ਜਾ ਕੇ ਕੰਮ ਆਉਣ ਵਾਲੇ ਨਿਰਭਉ ਨਿਰੰਕਾਰ ਦੇ ਨਿਰੰਕਾਰੀ ਨਾਮ ਤੋਂ ਸ਼ੂਨ ਹੋਰ ਹੋਰ ਨਿਕੰਮੇ ਕਰਮਾਂ ਵਿਚਿ ਹੀ ਸਾਰੀ ਸ੍ਰਿਸ਼ਟੀ ਉਰਝੀ (ਉਲਝੀ) ਹੋਈ ਹੈ। ਸਿਫ਼ਤਿ ਸਾਲਾਹ ਰੂਪੀ ਸੱਚਾ ਸਾਰ-ਕਰਮ ਕੋਈ ਭੀ ਨਹੀਂ ਕਰਦਾ। ਕਰਨ ਯੋਗ ਸਾਰ-ਕਰਮ ਇਕ ਗੁਰਮਤਿ-ਨਾਮ-ਅਭਿਆਸ-ਕਮਾਈ ਹੀ ਹੈ। ਇਹੋ ਸੱਚੀ ਬੰਦਗੀ ਹੈ, ਜੋ ਕਰਮੀ, ਅਰਥਾਤ ਉਸ ਦੀਆਂ ਨਦਰਿ ਕਰੰਮੀ ਮੇਹਰਾਂ ਨਾਲਿ ਹੀ ਪ੍ਰਾਪਤਿ ਹੁੰਦੀ ਹੈ। ਬੰਦਗੀ ਕਰਦਿਆਂ ਭੀ ਬੰਦਗੀ ਕਰਨਹਾਰੇ ਉਸ ਦੀਆਂ ਨਦਰਾਂ ਦੇ ਪਾਤਰ ਹੀ ਬਣੇ ਰਹਿੰਦੇ ਹਨ। ਵਾਸਤਵ

---

[1] ਵਾਰ ਸੂਹੀ ਕੀ, ਮਃ ੧, ਪੰਨਾ ੭੮੯


www.sikhbookclub.com

ਵਿਚਿ ਉਸ ਦੀ ਨਦਰ ਹੀ ਪਾਰ ਲੰਘਾਉਣਹਾਰੀ ਹੈ। ਯਥਾ ਗੁਰਵਾਕ—

> ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥ ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥ ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥ ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥ ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥ ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥ ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰ ॥ ੨ ॥

(ਸਾਰੰਗ ਕੀ ਵਾਰ, ਮਃ ੧, ਪੰਨਾ ੧੨੪੧-੪੨)

ਐਸੇ ਗੁਰੂ ਨਾਨਕ ਸਾਰਖੇ ਸਤਿਗੁਰੂ ਗੁਰੂ ਨਾਨਕ ਸਰੂਪ ਦਾ ਦਰਸ਼ਨ ਭੇਟ ਮੇਲਾ ਤਾਂ ਹੀ ਹੁੰਦਾ ਹੈ ਜੇ ਨਦਰੀ ਵਾਹਿਗੁਰੂ ਦਾ ਨਦਰਿ-ਕਰਮ ਹੋਵੇ।

> ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ ॥ ੧੩ ॥

(ਸਾਰੰਗ ਕੀ ਵਾਰ ਮਃ ੪, ਪੰਨਾ ੧੨੪੨)

ਸੱਚੇ ਸਤਿਗੁਰੂ ਦਾ ਸੱਚ ਮਿਲਾਵਾ, ਦਰਸ ਭੇਟਣਾ ਹੋਣ ਕਰਿ, ਗੁਰ-ਮੰਤਰ ਗੁਰ-ਦੀਖਿਆ ਮਈ ਸ਼ਬਦ ਪ੍ਰਾਪਤਿ ਹੁੰਦਾ ਹੈ, ਗੁਰੂ ਦੁਆਰਿਓਂ। ਇਸ ਸ਼ਬਦ ਗੁਰ-ਮੰਤਰ ਦੀ ਕਰਮ-ਕਮਾਈ ਕੀਤੇ ਬਿਨਾਂ ਕਿਸੇ ਨੂੰ ਪਰਮ ਪਦ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ। ਸਭ ਦੁਖੀਏ ਹੋ ਚਲੇ ਜਾਂਦੇ ਹਨ ਜਗ ਤੋਂ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਦੀ ਨਦਰਿ ਦੁਆਰਾ ਹੀ ਵਾਹਿਗੁਰੂ ਸ਼ਬਦ ਨੂੰ ਪਾਈਦਾ ਹੈ। ਅਤੇ ਨਦਰਿ-ਕਰੰਮੀ ਕਮਾਈ ਦੁਆਰਾ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਯਥਾ ਗੁਰਵਾਕ—

> ਬਿਨੁ ਸਬਦੈ ਕਿਨੈ ਨ ਪਾਇਓ ਦੁਖੀਏ ਚਲੇ ਰੋਇ ॥ ਨਾਨਕ ਨਦਰੀ ਪਾਈਐ ਕਰਮਿ ਪਰਾਪਤਿ ਹੋਇ ॥ ੨ ॥

(ਸਾਰੰਗ ਕੀ ਵਾਰ, ਮਃ ੩, ਪੰਨਾ ੧੨੫੦)

ਧੁਰ ਦੇ ਸ਼ੁਭ ਕਰਮ ਦੇ ਅੰਕੂਰ ਉਗਵੇ ਅਨੁਸਾਰ ਨਦਰਿ ਕਰਮ ਹੋਵੇ ਤਾਂ ਗੁਰੂ ਸਾਹਿਬ ਸੱਚੇ ਸਤਿਗੁਰੂ ਪਾਤਸ਼ਾਹ ਗੁਰੂ ਨਾਨਕ ਦੇ ਦਰ ਘਰ ਤਾਈਂ ਰਸਾਈ ਹੋਵੇ। ਬਿਨਾਂ ਨਦਰਿ ਕਰਮ ਤੋਂ ਸਤਿਗੁਰੂ ਦਾ ਦਰ ਘਰ ਨਹੀਂ ਪਾਇਆ ਜਾਂਦਾ। ਪਾਰਸ ਰੂਪ ਸਤਿਗੁਰੂ ਨੂੰ ਮਿਲ ਕੇ ਕੰਚਨ ਹੋ ਜਾਈਦਾ ਹੈ, ਜੋ ਵਾਹਿਗੂਰੂ ਦੀ ਨਦਰਿ ਰਜਾਇ ਹੋਵੇ। ਸਤਿਗੁਰੂ ਦੀ ਸੰਗਤਿ, ਗੁਰੂ ਘਰ ਦੀ ਸਤਸੰਗਤਿ ਦਾ ਲਾਹਾ ਲੈਣਾ ਕਰਮੀ (ਨਦਰੀ) ਹੀ ਪੱਲੇ ਪੈਂਦਾ ਹੈ, ਨਦਰਾਂ ਕਰਮਾਂ ਬਿਨਾਂ ਨਹੀਂ ਪੈਂਦਾ। ਯਥਾ ਗੁਰਵਾਕ—

> ਕਰਮੁ ਹੋਵੈ ਤਾ ਸਤਿਗੁਰੁ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥
> ਸਤਿਗੁਰੁ ਮਿਲਿਐ ਕੰਚਨੁ ਹੋਈਐ ਜਾਂ ਹਰਿ ਕੀ ਹੋਇ ਰਜਾਇ ॥ ੧ ॥ ...
> ... ਲਾਹਾ ਹਰਿ ਸਤਸੰਗਤਿ ਪਾਈਐ ਕਰਮੀ ਪਲੈ ਪਾਇ ॥ ੫ ॥

(ਮਲਾਰ ਮਃ ੩, ਪੰਨਾ ੧੨੭੬)

ਨਾਮ ਦੀਆਂ ਕਮਾਈਆਂ ਕਰਿ ਕਰਿ ਮੇਹਰਬਾਨ ਵਾਹਿਗੁਰੂ ਦੇ ਦਰ-ਦੀਬਾਣੀ ਮਾਣ ਮਹੱਤਾ ਮਰਤਬਾ ਨਦਰ ਕਰੰਮੀ ਨੀਸ਼ਾਣਤਾ ਅਨੁਸਾਰ ਪਰਵਾਣ ਪੈ ਕੇ ਪ੍ਰਾਪਤਿ ਹੁੰਦਾ ਹੈ-

**ਨਾਇ ਤੇਰੈ ਮਾਣੁ ਮਹਤ ਪਰਵਾਣੁ ॥ ਤੇਰੀ ਨਦਰੀ ਕਰਮਿ ਪਵੈ ਨੀਸਾਣੁ ॥ ੨॥**

**(ਰਾਗੁ ਪਰਭਾਤੀ ਬਿਭਾਸ ਮਃ ੧ ਚਉਪਦੇ ਘਰੁ ੧, ਪੰਨਾ ੧੩੨੭)**

ਜਿਸ ਨੂੰ ਕਿਰਪਾ ਧਾਰ ਕੇ, ਆਪਣੀ ਨਦਰਿ ਦੁਆਰਾ ਆਪ ਨਿਵਾਜਦਾ ਹੈ ਤਿਸੇ ਦੀਆਂ ਕੀਤੀਆਂ ਪੂਰਨ ਕਰਮ-ਕਮਾਈਆਂ ਪਰਵਾਣ ਪੈਂਦੀਆਂ ਹਨ—

**ਜਿਸਹਿ ਨਿਵਾਜੇ ਕਿਰਪਾ ਧਾਰਿ ॥ ਪੂਰਨ ਕਰਮ ਤਾ ਕੇ ਆਚਾਰ ॥**

**(ਪ੍ਰਭਾਤੀ ਮਃ ੫, ਪੰਨਾ ੧੩੪੦)**

ਮਨ ਦੇ ਸਭ ਭਰਮ-ਭੇਦ, ਅਸ਼ਰਧਕਤਾ ਭਰੇ ਦੁਬਿਧਾ ਭਰੇ ਭਰਮ-ਭੇਦ ਮਿਟਾਇ ਕੇ ਸ਼ਰਧਾ ਸੇਤੀ ਦਿਨ ਰੈਨ ਨਾਮ ਅਭਿਆਸ ਕਮਾਈਆਂ ਕਰੀ ਜਾਵੇ ਅਤੇ ਸਤਸੰਗਤਿ ਦਾ ਆਸਰਾ ਹਰਿ ਦਮ ਰਖੇ ਤਾਂ ਸਮਝੇ ਕਿ ਪੂਰਨ ਕਰਮ ਜਾਗ ਪਏ ਹਨ, ਜਿਸ ਤੋਂ ਵਾਹਿਗੁਰੂ-ਮਿਲਾਪ ਦਾ ਨਦਰਿ-ਪਾਤਰ ਹੋ ਜਾਂਦਾ ਹੈ। ਨਦਰਿ ਹੋ ਹੀ ਜਾਂਦੀ ਹੈ। ਬਸ ਨਦਰੀ ਮੇਲਾ ਔਹ ਪਿਆ ਹੈ—

**ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ ॥ ਸਾਧ ਸੰਗਤਿ**
**ਹਰਿ ਮਿਲੈ ਜਿਸਹਿ ਪੂਰਨ ਕਰਮ ॥ ੩ ॥**

**(ਪ੍ਰਭਾਤੀ ਮਃ ੫ ਘਰ ੨ ਬਿਭਾਸ, ਪੰਨਾ ੧੩੪੧)**

ਗੁਰਬਾਣੀ ਅੰਦਰਿ ਦਰਸਾਏ ਹੁਕਮਾਂ ਉਤੇ ਪੂਰਨ ਭਰੋਸਾ ਰਖ ਕੇ ਅਤੇ ਸਗਲ ਭਰਮ ਮਿਟਾਇ ਕੇ ਨਾਮ-ਕਮਾਈਆਂ ਨੂੰ ਕਮਰਕਸੇ ਕਰ ਕੇ ਜੁਟ ਪਵੇ, ਹਰ ਦਮ ਉਸ ਦੀਆਂ ਨਦਰਾਂ ਮੇਹਰਾਂ ਉਤੇ ਟੇਕ ਰਖੇ, ਆਪਣੀਆਂ ਕਮਾਈਆਂ ਦਾ ਮਾਣ ਨਾ ਕਰੇ, ਹੁਕਮ ਮੰਨ ਕੇ ਕਮਾਈਆਂ ਕਰੇ, ਐਸੇ ਹੁਕਮ-ਰਜ਼ਾਈ ਚਲਣਹਾਰੇ ਉਪਰ ਨਦਰਿ ਮਿਹਰ ਬਹੁਤ ਛੇਤੀ ਹੁੰਦੀ ਹੈ। ਪ੍ਰੀਤਮ ਪਰਮਾਤਮਾ ਘਟ ਵਿਚਿ ਵੁਠ ਕੇ ਆਪਣਾ ਜੋਤਿ-ਜਲਵੰਨਾ ਚਮਕਾਰਾ ਵਿਗਸਾਰਾ ਦਿਖਾ ਕੇ ਆ ਮਿਲਦਾ ਹੈ।

# ੮ - ਹੁਕਮ ਰਜ਼ਾਈ ਕਰਮ

ਨਦਰਿ-ਮਨਜ਼ੂਰ ਕਰਮ ਹੁਕਮੀ ਦੇ ਹੁਕਮ ਅਨੁਸਾਰ ਪਹਿਲਾਂ ਹੀ ਧੁਰਿ ਮਸਤਕਿ ਲਿਖੇ ਹੋਏ ਹੁੰਦੇ ਹਨ। ਰਜ਼ਾਈ (ਰਜ਼ਾ ਦੇ ਮਾਲਕ ਵਾਹਿਗੁਰੂ) ਦੀ ਰਜ਼ਾ ਵਾਲਾ, ਹੁਕਮੀ (ਹੁਕਮ ਕਰਨਹਾਰ ਸੱਚੇ ਹਾਕਮ ਅਕਾਲ ਪੁਰਖ) ਦੀ ਹੁਕਮ ਅਨੁਸਾਰਤਾ ਵਾਲਾ ਕਰਮੁ ਪਹਿਲਾਂ ਹੀ ਕਰਮ ਕਰਨਹਾਰ ਕਰਮਵੰਤੇ ਪ੍ਰਾਣੀ ਦੀ ਕਿਸਮਤਿ (ਪਰਾਲਬਧ) ਵਿਚਿ ਧੁਰੋਂ ਨਾਲਿ ਹੀ ਲਿਖਿਆ ਹੋਇਆ ਹੁੰਦਾ ਹੈ, ਜੋ ਉਸ ਨੂੰ ਅਵੱਸ਼ ਕਰਨਾ ਨਸੀਬਤ ਹੁੰਦਾ ਹੈ। ਉਸ ਪ੍ਰਾਲਬਧੀ ਕਰਮ ਦੇ ਅਨੁਸਾਰ ਹੀ ਉਸ ਦਾ ਨਿਸਤਾਰਾ ਹੈ। ਹੁਕਮ ਰਜ਼ਾਈ ਦੀ ਰਜ਼ਾ-ਮਈ ਸੱਚੇ ਹੁਕਮ ਤੇ ਚਲਣਾ ਅਤੇ ਇਹੋ ਹੁਕਮ-ਰਜ਼ਾਈ-ਕਰਮ ਕਰਨਾ ਹੀ ਇਕੋ ਇਕ ਵਾਹਿਦ ਵਸੀਲਾ (ਤ੍ਰੀਕਾ) ਹੈ ਉਤਮ ਜਗਿਆਸੂ ਦੇ ਸੱਚੇ ਨਿਸਤਾਰੇ ਦਾ, ਅਤੇ ਸੱਚੇ ਵਾਹਿਗੁਰੂ ਦੇ ਦਰਿ ਪਰਵਾਣ ਪੈਣ ਦਾ ਅਤੇ ਸਚਿਆਰ ਬਣਨ ਦਾ। ਤਾਂ ਤੇ ਉਤਮ ਜਗਿਆਸੂ ਜਨ ਦਾ ਪਰਮ ਧਰਮ ਹੈ ਕਿ ਓਹੀ ਕਰਮ ਕਰੇ ਜੋ ਵਾਹਿਗੁਰੂ ਦੇ ਹੁਕਮ ਉਸ ਦੀ ਰਜ਼ਾ ਅਨੁਸਾਰ ਹੋਣ। ਹੁਕਮ-ਰਜ਼ਾਈ ਚਲਣ ਦਾ ਉਦਮ ਨਿਹਾਇਤ ਲਾਜ਼ਮੀ ਹੈ। ਹੁਕਮਰਜ਼ਾ ਵਾਲਾ ਸੱਚੜਾ ਕਰਮ ਕਰਨਾ ਕਰਮਵੰਤੇ ਦਾ ਅੱਵਲ-ਤਰੀਨ ਫ਼ਰਜ਼ ਹੈ, ਜਿਸ ਤੋਂ ਉਹ ਕਦੇ ਅਵੇਸਲਾ ਹੋ ਹੀ ਨਹੀਂ ਸਕਦਾ। ਨਾ ਹੀ ਅਵੇਸਲਾ ਹੋਣਾ ਚਾਹੀਦਾ ਹੈ। ਸਤਿਗੁਰੂ ਹੁਕਮ ਅਤੇ ਹੁਕਮ ਰਜ਼ਾਈ ਸਾਹਿਬ ਦਾ ਹੁਕਮ-ਦਰਸਾਇਆ ਕਰਮ ਜੇ ਗੁਰਸਿਖ ਨਹੀਂ ਕਰਦਾ ਤਾਂ ਉਹ ਗੁਰੂ ਦਾ ਸਿਖ ਕਾਹਦਾ ਹੈ? ਐਵੇਂ ਨਾਮ-ਧਰੀਕ ਸਿਖ ਹੈ। ਹੁਕਮ ਰਜ਼ਾਈ ਵਾਹਿਗੁਰੂ ਦੇ ਹੁਕਮਾਂ ਦਾ ਸਮੂਹ (ਮਜਮੂਆ) ਸਤਿਗੁਰੂ ਦੀ ਬਾਣੀ ਹੈ। ਇਸ ਬਾਣੀ ਅੰਦਰਿ ਦਰਸਾਏ ਹੁਕਮ ਅਨੁਸਾਰੀ ਕਰਮਾਂ ਦਾ ਕਰਨਾ ਹੁਕਮ ਰਜ਼ਾਈ ਚਲਣਾ ਹੈ। ਚਾਹੇ ਏਹਨਾਂ ਹੁਕਮਾਂ ਉਤੇ ਸਮੁੱਚੇ ਤੌਰ ਤੇ ਉਹੀ ਵਡਭਾਗ-ਕਰੰਮਾ-ਜਨ ਚਲ ਸਕਦਾ ਹੈ ਜਿਸ ਨੂੰ ਉਹ ਆਪਿ ਚਲਾਏ, ਪਰ ਹੁਕਮ ਦੀ ਰਜ਼ਾ ਮੰਨਣਾ, ਹੁਕਮ ਦਾ ਪਾਲਣਾ ਹਰੇਕ ਸਿਖ ਦਾ ਫ਼ਰਜ਼ ਹੈ। ਘਾਲ ਥਾਇਂ ਉਸੇ ਦੀ ਪੈਂਦੀ ਹੈ ਜਿਸ ਉਪਰਿ ਉਹ ਨਦਰੀ ਨਦਰਿ ਨਿਹਾਲ ਹੋਵੇ। ਪਰ ਉਸ ਨੇ ਜਦੋਂ ਭੀ ਨਿਹਾਲ ਹੋਣਾ ਹੈ, ਅਸਾਡੇ ਕਰਮਾਂ ਤੇ ਹੋਣਾ ਹੈ। ਅਤੇ ਓਹਨਾਂ ਕਰਮਾਂ ਤੇ ਹੋਣਾ ਹੈ ਜੋ ਉਸ ਦੀ ਹੁਕਮ ਰਜ਼ਾ ਦੇ ਅਨੁਸਾਰ ਹੋਣ। ਹੁਕਮ ਰਜ਼ਾਈ ਕਰਮ ਸਾਫ਼ ਗੁਰਬਾਣੀ ਅੰਦਰਿ ਦਰਸਾ ਦਿੱਤੇ ਗਏ ਹਨ। ਤਾਂ ਤੇ ਇਹ ਭੁਲੇਖਾ ਹੀ ਨਹੀਂ ਰਹਿੰਦਾ ਕਿ ਕਿਹੜੇ ਹੁਕਮ ਰਜ਼ਾਈ ਕਰਮ ਹਨ। ਘਟ ਤੋਂ ਘਟ ਗੁਰੂ ਦੇ ਸਚਿਆਰ ਸਿਖ ਨੂੰ ਤਾਂ ਇਹ ਭੁਲੇਖਾ ਰਹਿ ਹੀ ਨਹੀਂ ਸਕਦਾ। ਗੁਰਸਿਖ ਹੌਸਲਾ ਨਾ ਹਾਰੇ, ਇਹ ਖ਼ਿਆਲ ਨਾ ਕਰੇ ਕਿ ਖ਼ਬਰੇ ਮੇਰੇ ਕੀਤੇ ਕਰਮ ਪਰਵਾਣ ਪੈਣੇ ਹਨ ਕਿ ਨਹੀਂ। ਮੇਰ ਤੇਰ ਦਾ ਭਰਮ ਚੁਕਾਇ ਕੇ, ਏਹੜ ਤੇਹੜ ਦੇ ਬਹਾਨੇ ਲਾਹਿ ਕੇ ਹੁਕਮ ਰਜ਼ਾਈ ਵਾਹਿਗੁਰੂ ਦੇ ਹੁਕਮਾਂ ਤੇ ਚਲਣਾ, ਅਰਥਾਤ, ਗੁਰਬਾਣੀ ਅੰਦਰਿ ਦਰਸਾਏ ਹੁਕਮ ਰਜ਼ਾਈ ਕਰਮਾਂ ਦਾ ਕਰਨਾ ਆਪਣਾ ਗੁਰਸਿੱਖੀ ਦਾ ਉਦੇਸ਼ ਬਣਾਵੇ। ਇਹ ਕੀ ਪਤਾ ਕਿ ਕਦੋਂ ਅਤੇ ਕਿਹੜੇ ਵੇਲੇ ਉਸ ਦੇ ਕੀਤੇ ਕਰਮ ਫਲੀਭੂਤ ਹੋ ਜਾਣੇ ਹਨ। ਇਹ ਦ੍ਰਿੜ੍ਹ ਨਿਸਚਾ ਰੱਖੇ ਕਿ ਹੁਕਮ ਰਜ਼ਾਈ ਕਰਮਾਂ ਦਾ ਕਰਨਾ ਕਦੇ ਨਿਹਫਲ ਨਹੀਂ

 www.sikhbookclub.com

ਜਾਂਦਾ। ਸਾਨੂੰ ਇਹ ਪਤਾ ਨਹੀਂ ਕਿ ਨਦਰਿ ਕਦੋਂ ਹੋ ਜਾਣੀ ਹੈ, ਪਰ ਹੋਵੇਗੀ ਜ਼ਰੂਰ—

ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥

(ਰਾਗੁ ਗੋਂਡ ਚਉਪਦੇ ਮਃ ੪ ਘਰੁ ੧, ਪੰਨਾ ੮੫੯)

ਹੁਕਮ ਰਜ਼ਾਈ ਕਰਮਾਂ ਦੀ ਘਾਲ ਕਮਾਈ ਜ਼ਰੂਰ ਥਾਇੰ ਪਏਗੀ। ਨਦਰਿ ਵਲੋਂ ਨਿਰਾਸਤਾ ਹੋਣ ਕਰਿ ਮਤੇ ਨਿਤਾਣਾ ਹੀ ਹੋ ਬਹੇ। ਨਿਰੀ ਨਦਰਾਂ ਉਪਰ ਨਿਰਭਰਤਾ ਰਖਣ ਕਰਿ ਅਵੇਸਲਾ ਭੀ ਨਾ ਹੋ ਜਾਵੇ। ਹੁਕਮ ਰਜ਼ਾਈ ਕਰਮ ਕਰੀ ਜਾਵੇ—

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ ੧ ॥

(ਰਾਗੁ ਗੂਜਰੀ ਵਾਰ ਮਃ ੫, ਸਲੋਕੁ ਮਃ ੫, ਪੰਨਾ ੫੨੨)

ਪਰ ਦਾਅਵਾ ਭੀ ਨਾ ਬੰਨ੍ਹ ਬੈਠੇ। ਹੁਕਮ ਰਜ਼ਾਈ ਚਲਣ ਨੂੰ ਆਪਣੀ ਆਗਿਆਕਾਰਤਾ ਸਮਝੇ। ਸਤਿਗੁਰੂ ਦਾ ਆਗਿਆਕਾਰੀ ਸਿਖ ਬਣਨਾ ਸਿੱਖੀ ਦੇ ਯਾਚਕ ਦੀ ਯਾਚਨਾ ਦਾ ਪਹਿਲਾ ਅਤੇ ਮੁਖ ਸਬਕ ਹੈ। ਗੁਰਸਿੱਖੀ ਦੇ ਦੀਖਿਆਮਈ ਸਬਕ ਨੂੰ ਹੁਕਮੀ ਦਾ ਹੁਕਮ, ਸਤਿਗੁਰੂ ਦਾ ਪ੍ਰਸਾਦੀ ਹੁਕਮ ਸਮਝ ਕੇ ਸਿਖੇ। ਇਹ ਨਿਰਾ ਹੁਕਮ ਹੀ ਨਹੀਂ, ਗੁਰੂ ਦਾ ਪ੍ਰਸਾਦ ਹੈ। ਪ੍ਰਸਾਦੀ ਦਾ ਭੋਜਨ ਅਹਿਲਾਦ ਹੈ। ਪ੍ਰਸਾਦੀ ਨੇ, ਹੁਕਮ ਰਜ਼ਾਈ ਨੇ ਹੁਕਮ ਦਿੰਦੇ ਹੋਏ, ਹੁਕਮ ਦਰਸਾਉਂਦੇ ਹੋਏ ਨਾਲਿ ਹੀ ਇਹ ਲਿਖ ਦਿੱਤਾ ਹੈ ਕਿ ਹੁਕਮ ਰਜ਼ਾ ਉਤੇ ਚਲਣਾ ਹੈ। ਤਾਂ ਤੇ ਹੁਕਮ ਰਜ਼ਾਈ ਚਲਣਹਾਰੇ ਨੂੰ ਹੁਕਮ-ਰਜ਼ਾਈ ਚਲਣ ਦੇ ਹੁਕਮ ਮਿਲਣ ਸਾਰ ਨਿਰਾ ਇਸ ਨੂੰ ਵੀਚਾਰਨਾ ਹੀ ਨਹੀਂ, ਸਗੋਂ ਨਾਲਿ ਦੀ ਨਾਲਿ ਇਸ ਉਪਰ ਚਲਣਾ ਇਸ ਹੁਕਮ ਅਨੁਸਾਰ ਕਮਾਈ (ਕਰਮ) ਕਰਨਾ ਭੀ ਲਾਜ਼ਮੀ ਹੈ—

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥

(ਜਪੁਜੀ ਸਾਹਿਬ, ਪੰਨਾ ੧)

ਧੁਰਿ ਸ੍ਰਿਸ਼ਟੋਂ ਲਿਖੇ ਹੁਕਮ ਨੂੰ, ਨਾਲਿ ਸ੍ਰਿਸ਼ਟ ਦੇ ਲਿਖੇ ਹੁਕਮ ਨੂੰ, ਨਾਲਿ ਦੀ ਨਾਲਿ ਕਮਾਈ ਵਿਚਿ ਲਿਆਉਣਾ ਹੈ, ਹੁਕਮ ਮਿਲਣ ਨਾਲਿ ਹੀ, ਹੁਕਮ ਉਦੀਪਤ ਹੋਣ ਨਾਲਿ ਹੀ, ਨਿਰੀ ਰਜ਼ਾ ਤੇ ਹੀ ਨਹੀਂ ਰਹਿ ਖੜੋਣਾ। ਪਰ ਹੁਕਮ ਉਪਰ ਚਲਣਾ ਹੀ ਹੈ। ਹੁਕਮ ਉਪਰਿ ਚਲਣਾ ਹੁਕਮ ਰਜ਼ਾ ਦਾ ਮੰਨਣਾ ਹੈ। ਹੁਕਮ ਰਜ਼ਾ ਦਾ ਰਜ਼ਾਈ ਹੋਣਾ ਹੁਕਮਾਂ ਦੀ ਕਮਾਈ ਕਰਨਹਾਰਾ ਬਣਨਾ ਹੈ, ਨਾ ਕਿ ਮੱਥੇ ਤੇ ਹੱਥ ਧਰ ਕੇ ਨਿਰਉਦਮ (ਨਿਰਕਰਮਤਾ) ਦਾ ਧਰਨਾ ਮਾਰਿ ਬੈਠਣਾ। ਉਹ ਨਿਕਰਮਣਾ ਬੰਦਾ ਹੈ ਜੋ ਕਰਮ ਨਹੀਂ ਕਮਾਉਂਦਾ। ਆਪਣੇ ਗੁਰੂ ਦਾ, ਸੱਚੇ ਸਾਹਿਬ ਸੱਚੇ ਹਾਕਮ ਦਾ ਜੋ ਹੁਕਮ ਨਹੀਂ ਮੰਨਦਾ, ਨਿਕਰਮਣੀ ਸਿਖ ਹੈ। ਗੁਰੂ ਕਰਤਾਰ ਦਾ ਆਗਿਆਕਾਰ ਸਿੱਖ ਨਹੀਂ ਕਹਾ ਸਕਦਾ, ਹੁਕਮੀ ਬੰਦਾ ਨਹੀਂ ਸਦਾ ਸਕਦਾ। ਇਹ ਯਾਦ ਰਹੇ ਕਿ ਬੰਦੇ ਦੇ ਹੁਕਮ ਰਜ਼ਾਈ ਕਰਮ ਕੀਤੇ ਹੀ ਥਾਇੰ ਪੈਂਦੇ ਹਨ। ਰਜ਼ਾਈ ਦੀ ਰਜ਼ਾ ਮੰਨਣੇ ਕਰਮ ਹੀ ਕਰਮਾਉਣੇ (ਕਮਾਈ ਅੰਦਰਿ ਲਿਆਉਣੇ) ਫਲੀਭੂਤ ਹੁੰਦੇ ਹਨ। ਦੂਜੇ ਕਰਮ ਸਭ ਫਾਦਲ ਹੀ ਹਨ। ਫਾਦਲ ਕਰਮਾਂ ਦੀ ਫ਼ਿਲਾਸਫ਼ੀ ਭੀ ਫ਼ਜ਼ੂਲ ਫ਼ਿਲਾਸਫ਼ੀ ਹੀ ਹੈ; ਨਿਕੰਮੀ ਮਗਜ਼-ਖਪਾਈ ਹੈ। ਸੋ ਉਸ ਨਾਲ ਸਾਡਾ ਕੋਈ ਸਰੋਕਾਰ ਨਹੀਂ।

ਗੁਰੂ ਕਰਤਾਰ ਗੁਸਾਈਂ ਸੱਚੇ ਸਾਈਂ ਹੁਕਮ-ਰਜ਼ਾਈ ਦਾ ਹੁਕਮਨ ਸਿਰ ਸੱਚਾ ਅਤੇ ਸ੍ਰੇਸ਼ਟ ਸਭ ਤੋਂ ਮੁਖ ਹੁਕਮੁ ਸਿਫ਼ਤਿ-ਸਲਾਹ ਨਾਮ ਸਿਮਰਨ ਅਭਿਆਸ ਹੈ। ਨਾਮ ਸਿਮਰਨ ਅਭਿਆਸ ਦੀ ਕਮਾਈ ਕਰਨਾ ਹੁਕਮ-ਰਜ਼ਾਈ ਦੀ ਰਜ਼ਾ ਉਪਰਿ ਚਲਣਾ ਹੈ। ਇਸ ਸਿਫ਼ਤਿ-ਸਾਲਾਹ ਰੂਪੀ ਹੁਕਮਨ ਸਿਰਿ ਹੁਕਮ ਨੂੰ ਕਮਾਵਣਾ ਹੀ ਗੁਰਮਤਿ ਅਨੁਸਾਰ ਕਰਨ ਯੋਗ ਸੱਚੇ ਕਰਮ ਦਾ ਕਰਨਾ ਹੈ। ਕਰਨ ਯੋਗ ਕਰਮ ਨੂੰ ਉਹ ਆਪਣੇ ਹੁਕਮ ਅਨੁਸਾਰ ਆਪਿ ਕਰਾਉਂਦਾ ਹੈ। ਹੁਕਮ ਹੀ ਉਸ ਦਾ, ਉਸ ਦੇ ਕਰਾਉਣ ਯੋਗ ਕਰਮ ਨੂੰ ਕਰਨਾ ਹੈ। ਜਿਸ ਕਰਮ ਦੇ ਕਰਨ ਦਾ ਉਸ ਵਲੋਂ ਹੁਕਮ ਹੈ, ਉਸ ਕਰਮ ਦੇ ਕਰਨ ਕਰਾਉਣਹਾਰਾ ਉਹ ਆਪ ਹੈ। ਉਸ ਦੇ ਹੁਕਮ ਅੰਦਰਿ ਕੀਤਾ ਕਰਮ ਉਸੇ ਦਾ ਕਰਮ ਹੈ। ਗੁਰਸਿੱਖਾਂ ਨੇ ਸੋਈ ਕੰਮ (ਕਰਮ) ਕਰਨਾ ਹੈ ਜੋ ਆਪਿ ਗੁਰੂ ਕਰਤਾਰ ਕਰਾਏ, ਭਾਵੇਂ ਕਿਵੇਂ ਅਤੇ ਕਿਸੇ ਥਾਂ ਤੇ ਕਿਸੇ ਪੋਜੀਸ਼ਨ ਵਿਚਿ ਰਖ ਕੇ ਗੁਰਸਿੱਖਾਂ ਪਾਸੋਂ ਕਰਵਾਏ। ਜਿਥੇ ਰਖ ਕੇ ਕਰਾਏ, ਸਾਈ ਭਲੀ ਜਾਇ ਹੈ। ਸੋਈ ਸਿਆਣਾ ਸਿਖ ਹੈ, ਸੋਈ ਪਤਿਵੰਤਾ ਗੁਰਸਿਖ ਹੈ, ਜਿਸ ਨੂੰ ਹੁਕਮ ਰਜਾਈ ਕਰਤਾਰ ਗੁਰੂ ਦਾ ਹੁਕਮ ਮੀਠਾ ਲਗਦਾ ਹੈ। ਗੁਰਸਿਖ ਹੁਕਮੀ ਬੰਦਾ ਤਾਂ ਹਰ ਦਮ ਆਪਣੇ ਆਪ ਨੂੰ ਉਸ ਦੇ ਇੱਕਤ ਹੁਕਮ ਦੇ ਧਾਗੇ ਵਿਚਿ ਪਰੋਤਾ ਜਾਣਦਾ ਹੈ। ਨਾ ਸਿਰਫ਼ ਆਪਣੇ ਆਪ ਨੂੰ, ਬਲਕਿ ਸਭਸ ਨੂੰ ਹੁਕਮੀ ਦੇ ਇੱਕਤ ਹੁਕਮ-ਧਾਗੇ ਦੀ ਪਰੋਤ ਤੋਂ ਬਾਹਰਿ ਨਹੀਂ ਸਮਝਦਾ। ਐਸੇ ਹੁਕਮੀ ਬੰਦੇ, ਹੁਕਮ-ਰਜ਼ਾਈ ਚਲਣਹਾਰੇ ਸਿਖ ਗੁਰਮੁਖਿ ਜਨ ਨੂੰ ਆਪਣੀ ਨਦਰਿ ਅਨੁਸਾਰ, ਨਦਰਿ ਕਰੰਮੀ ਭਗਤਿ ਵਛਲਤਾ ਅਨੁਸਾਰ ਆਪਣੀ ਚਰਨੀ ਲਾਇ ਲੈਂਦਾ ਹੈ। ਜਿਸ ਹੁਕਮ ਰਜ਼ਾਈ ਚਲਣਹਾਰੇ, ਹੁਕਮੇ ਅੰਦਰਿ ਸਿਫ਼ਤਿ ਸਾਲਾਹੀ ਅਤੁਟ ਕਮਾਈ ਕਰਨਹਾਰੇ ਨਾਮ ਅਭਿਆਸੀ ਗੁਰਸਿਖ ਗੁਰਮੁਖ ਜਨ ਦਾ, ਸਿਫਤਿ ਸਾਲਾਹੀ ਕਮਾਈਆਂ ਕਰਿ ਕਰਿ, ਹੁਕਮ ਰਜ਼ਾਈ ਰਜ਼ਾਵਾਂ ਮੰਨਿ ਮੰਨਿ, ਹਿਰਦੰਤਰੀ ਊਂਧ ਕਮਲ ਪ੍ਰਗਾਸ ਹੋ ਗਿਆ ਹੈ, ਵਿਗਸ ਉਠਿਆ ਹੈ, ਤਿਸ ਨੇ ਸਰਬ ਥਾਈਂ ਰਮ ਰਹੇ ਜੋਤਿ ਜੋਤੀਸ਼ਰ ਨਿਰੰਜਨ ਦਾ ਪਰਤੱਖ ਦਰਸ਼ਨ ਕਰਿ ਲਿਆ ਹੈ। ਸਰਬੇ ਥਾਈਂ ਉਹ ਜੋਤਿ ਨਿਰੰਜਨੀ ਦਾ ਸਾਂਗੋ ਪਾਂਗ ਦੀਦਾਰਾ ਕਰਨਹਾਰਾ ਬਣਿਆ ਹੈ। ਸਾਕਸ਼ਾਤ ਦਰਸ਼ਨ ਕਰਦਾ ਹੈ। ਹਾਜ਼ਰਾ ਹਜ਼ੂਰ ਜ਼ਾਹਰਾ ਜ਼ਹੂਰ ਸਰਬੇ ਥਾਈਂ ਇਕੈ ਨਿਰੰਜਨ ਨੂੰ ਪੇਖਦਾ ਹੈ ਅਤੇ ਪੇਖਿ ਪੇਖਿ ਵਿਗਸਦਾ ਹੈ। ਅਤੇ ਵਿਗਸ ਵਿਗਸ ਕੇ ਇਉਂ ਸਨਮੁਖ ਮਹਿਮਾ ਕਰਦਾ ਹੈ, ਸਨਮੁਖੀ ਉਸਤਤਿ ਉਚਰਦਾ ਹੈ— ਹੇ ਨੂਰ ਜ਼ਹੂਰੀ! ਆਪੋਂ ਜ਼ਹੂਰ ਵਿਚਿ ਆਏ ਸੱਚੇ ਸਾਹਿਬਾ! ਤੇਰੀ ਮਹਿਮਾ ਤੂੰਹੇ ਜਾਣਹਿ ਤਾਂ ਜਾਣਹਿ। ਆਪਣਾ ਆਪਿ ਤੂੰ ਆਪਿ ਹੀ ਪਛਾਣਹਿ ਤਾਂ ਪਛਾਣਹਿ। ਮੈਂ ਤਾਂ ਆਪੋਂ ਕੁਛ ਭੀ ਨਹੀਂ; ਨਾਚੀਜ਼ ਬੰਦਾ ਹਾਂ। ਤੇਰੇ ਦਰ ਘਰ ਦੇ ਓਹਨਾਂ ਸੰਤਾਂ ਤੋਂ ਬਲਿ ਬਲਿ ਜਾਂਦਾ ਹਾਂ ਜਿਨ੍ਹਾਂ ਨੇ ਆਪਾ ਮਾਰਿਆ। ਐਉਂ ਮਾਰਿਆ ਕਿ ਮਾਰ ਕੇ ਪੀਹ ਸਿਟਿਆ। ਕਾਮ, ਕ੍ਰੋਧੁ, ਲੋਭ, ਮੋਹ, ਹੰਕਾਰ ਪੰਜੇ ਦੂਤ ਭੀ ਨਾਲੇ ਹੀ ਪੀਹ ਸਿਟੇ। ਹੇ ਨਿਰੰਕਾਰ, ਤੂੰ ਸਦਾ ਹੀ ਨਿਰਵੈਰ ਹਹਿਂ। ਤੇਰੇ ਸੰਤ ਭੀ ਇਸ ਨਿਰਵੈਰਤਾ ਦੀ ਮਲ ਤੋਂ ਰਹਿਤ ਨਿਰਮਲ ਹਨ, ਜਿਨ੍ਹਾਂ ਨੂੰ ਡਿਠਿਆਂ ਸਭ ਕਲਮਲ ਉਤਰ ਜਾਂਦੇ ਹਨ। ਤਿਨ੍ਹਾਂ ਗੁਰੂ ਘਰ ਦੇ, ਗੁਰੂ ਨਾਨਕ ਦੇ ਘਰ ਦੇ ਦਾਸਾਂ ਦਾ ਦਾਸ ਹੋ ਕੇ ਅਤੇ ਅਤਿ ਨਿਰਮਾਣ ਹੋ ਕੇ ਤੇਰਾ ਨਾਮ ਹੀ ਧਿਆਇ ਧਿਆਇ ਕੇ ਜੀਵਾਂ। ਸਾਰਾ ਜੀਵਨ ਨਾਮ ਅਭਿਆਸ ਕਮਾਈਆਂ ਕਰਿ ਕਰਿ ਹੀ ਬਤੀਤ ਕਰਾਂ। ਤੇਰੀ ਹੁਕਮ ਰਜ਼ਾ ਤੇ ਚਲਣ ਦੇ ਪਰਤਾਪ ਨਾਲਿ ਮੇਰਾ ਸਗਲ ਭਰਮ-ਭਉ ਮਿਟ ਗਇਆ, ਜੋ ਢੀਠ ਹੋ ਕੇ, ਤਕੜਾ ਹੋ ਕੇ ਚਿਮੜਿਆ ਹੋਇਆ ਹੈ, ਸਾਰੇ ਸੰਸਾਰ ਨੂੰ। ਯਥਾ ਗੁਰਵਾਕ—

ਮਾਝ ਮਹਲਾ ੫ ॥ ਸੋਈ ਕਰਣਾ ਜਿ ਆਪਿ ਕਰਾਏ ॥ ਜਿਥੈ ਰਖੈ ਸਾ ਭਲੀ ਜਾਏ ॥ ਸੋਈ ਸਿਆਨਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥ ੧ ॥ ਸਭ ਪਰੋਈ ਇਕਤੁ ਧਾਗੈ। ਜਿਸੁ ਲਾਇ ਲਏ ਸੋ ਚਰਣੀ ਲਾਗੈ ॥ ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥ ੨ ॥ ਤੇਰੀ ਮਹਿਮਾ ਤੂੰ ਹੈ ਜਾਣਹਿ ॥ ਅਪਣਾ ਆਪੁ ਤੂੰ ਆਪਿ ਪਛਾਣਹਿ ॥ ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥ ੩ ॥ ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ ਜਿਨ ਦੇਖੈ ਸਭ ਉਤਰਹਿ ਕਲਮਲ ॥ ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥ ੪ ॥ ੪੨ ॥ ੪੯ ॥

(ਪੰਨਾ ੧੦੮-੯)

ਹੁਕਮ ਰਜ਼ਾਈ ਸਾਹਿਬ ਸੱਚਾ ਸਾਈਂ ਵਾਹਿਗੁਰੂ ਜਿਸ ਉਪਰਿ ਦਇਆਲ ਹੁੰਦਾ ਹੈ ਤਾਂ ਆਪਣੀ ਕਿਰਪਾ ਕਰਿ ਉਸ ਤੋਂ ਸੇਈ ਕਰਮ ਕਰਾਉਂਦਾ ਹੈ, ਜੋ ਉਸ ਦੀ ਹੁਕਮ-ਰਜ਼ਾ ਦੇ ਅਨਕੂਲ ਹੋਣ। ਸੋਈ ਕਾਰ ਉਸ ਤੋਂ ਕਰਵਾਉਂਦਾ ਹੈ ਜੋ ਹੁਕਮ ਰਜ਼ਾਈ ਕਾਰ ਹੋਵੇ। ਇਹ ਕਾਰ ਸੇਵਾ ਸੋਈ ਸੇਵਕ ਸਿਖ ਗੁਰਮੁਖਿ ਜਨ ਕਰਦਾ ਹੈ, ਜਿਸ ਨੂੰ ਉਹ ਆਪਣਾ ਹੁਕਮ ਮਨਾਉਂਦਾ ਹੈ। ਹੁਕਮ ਰਜ਼ਾਈ ਵਾਹਿਗੁਰੂ ਕਰਤਾਰ ਦਾ ਹੁਕਮ ਮੰਨਣ ਕਰਕੇ ਉਹ ਗੁਰਸਿਖ ਸੇਵਕ ਹੁਕਮ ਦੀ ਕਾਰ ਕਮਾਵਣ ਕਰਿ ਹਰਿ-ਦਰਗਹਿ ਪਰਵਾਣ ਹੋ ਜਾਂਦਾ ਹੈ। ਹੁਕਮ ਮੰਨਣ ਦਾ ਸਦਕਾ ਹੀ ਉਸ ਨੂੰ ਖਸਮ, ਸੱਚੇ ਹੁਕਮ ਰਜ਼ਾਈ ਮਾਲਕ ਦੇ ਮਹਿਲ ਦੀ ਰਸਾਈ ਹੋ ਜਾਂਦੀ ਹੈ। ਜਿਹੜਾ ਸੇਵਕ ਸਿਖ ਓਹੀ ਕੁਛ ਕਰਦਾ ਕਮਾਉਂਦਾ ਕਰਮਾਉਂਦਾ ਹੈ, ਜੋ ਜੋ ਖਸਮ ਨੂੰ ਭਾਉਂਦਾ ਹੈ ਤਾਂ ਉਹ ਮਨੋਂ ਚਿੰਦਿਆ ਫਲ ਪਾਉਂਦਾ ਹੈ ਅਤੇ ਮੁਖ ਉਜਲਾ ਲੈ ਕੇ ਸੁਰਖ਼ਰੂਈ ਸਹਿਤ ਪੈਧਾ (ਪਹਿਨਿਆ) ਸੱਚੀ ਦਰਗਹ ਵਿਚਿ ਜਾਇ ਵਾਸਲ ਹੁੰਦਾ ਹੈ। ਯਥਾ ਗੁਰਵਾਕ—

ਪਉੜੀ ॥ ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥ ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥ ੧੫ ॥

(ਆਸਾ ਦੀ ਵਾਰ, ਪੰਨਾ ੪੭੧)

ਕਰਮਾਂ ਦੇ ਗੇੜ ਦੇ ਨਾਲਿ ਨਾਲਿ ਹੀ ਹੁਕਮੀ ਦੇ ਹੁਕਮਾਂ ਦਾ ਗੇੜ ਚਲਦਾ ਹੈ। ਜੇਹੇ ਕੋਈ ਕਰਮ ਕਮਾਉਂਦਾ ਹੈ ਤੇਹੋ ਜਿਹਾ ਫਲ ਹੀ ਕਰਮ-ਫਲ-ਪਰਦਾਤਾ ਗੁਰੂ ਕਰਤਾਰ ਉਸ ਨੂੰ ਦਿੰਦਾ ਹੈ ਅਤੇ ਤਿਸੇ ਕਰਮ ਦੇ ਮੁਤਾਬਕ ਹੀ ਅਗਲੇ ਜਨਮ ਵਿਚਿ ਅਜਿਹੇ ਕਰਮ ਉਸ ਤੋਂ ਕਰਾਉਂਦਾ ਹੈ, ਜੋ ਪਹਿਲੇ ਜਨਮ ਦੇ ਕਰਮਾਂ ਦਾ ਫਲ ਰੂਪ ਹੋਣ। ਪੂਰਬਲੇ ਜਨਮ ਦੇ ਕਰਮਾਂ ਦਾ ਫਲ ਉਨ੍ਹਾਂ ਕਰਮਾਂ ਦੇ ਮੁਤਾਬਕ ਜਨਮ ਦੇਣਾ ਹੀ ਨਹੀਂ, ਇਸ ਅਗਲੇ ਜਨਮ ਦੇ ਕਰਮ ਭੁਗਤਾਉਣਾ ਭੀ ਪਿਛਲੇ ਜਨਮ ਦੇ ਕਰਮਾਂ ਦਾ ਫਲ ਹੁੰਦਾ ਹੈ, ਜੋ ਹੁਕਮ ਰਜ਼ਾਈ ਸਾਹਿਬ ਆਪਣੇ ਹੁਕਮ ਅੰਦਰ ਭੁਗਤਾਉਂਦਾ ਹੈ। ਤਾਂ ਕਰਮ ਕਮਾਉਣਹਾਰਾ ਅਲਪਗ ਪੁਰਸ਼ ਇਹ ਡੀਂਗ ਕਦੇ ਭੀ ਨਹੀਂ ਮਾਰ ਸਕਦਾ ਕਿ ਫਲਾਣੇ ਫਲਾਣੇ ਕਰਮ ਮੈਂ ਖ਼ੁਦ ਆਪਣੀ ਮਰਜ਼ੀ ਨਾਲ ਕਰਦਾ ਹਾਂ। ਉਸ ਦੀ ਹੁਕਮ-ਰਜ਼ਾ ਮੰਨਣ ਵਾਲੇ


www.sikhbookclub.com

ਸਤਿ ਕਰਿ ਮੰਨਣ ਵਾਲੇ ਤਾਂ ਇਹੀ ਕਹਿੰਦੇ ਹਨ ਕਿ—

> ਸੂਹੀ ਮਹਲਾ ੪ ॥ ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥ ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥ ੧ ॥ ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥ ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥ ੧ ॥ ਰਹਾਉ ॥ ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥ ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥ ੨ ॥ ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥ ਇਕਨਾ ਸਤਿਗੁਰੁ ਮੇਲਿ ਤੂ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥ ੩ ॥ ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥ ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਾਇਆ ਅਜਾਣੁ ॥ ੪ ॥ ੪ ॥ ੧੫ ॥ ੨੪ ॥
>
> (ਪੰਨਾ ੭੩੬)

ਭਾਵ— ਹੁਕਮ ਰਜ਼ਾਈ ਕਰਤੇ ਪੁਰਖ ਨੇ ਆਪਣੇ ਹੁਕਮ ਅੰਦਰਿ, ਆਪਣੀ ਰਜ਼ਾ ਅੰਦਰਿ ਹੀ ਜੋ ਕੁਛ ਕੀਤਾ ਹੈ ਸੋ ਕੀਤਾ ਹੈ ਅਤੇ ਜੋ ਕੁਛ ਕਰਨਾ ਹੈ ਸੋ ਕਰਨਾ ਹੈ। ਇਸ ਹੁਕਮ ਰਜ਼ਾ ਤੋਂ ਉਲਟ, ਜਾਂ ਇਸ ਹੁਕਮ ਰਜ਼ਾ ਦੇ ਸਦਰਸ਼ ਸ਼ਰੀਕੀ ਵਿਚਿ ਹੋਰ ਕਿਸੇ ਦਾ ਕੀਤਾ ਕਰਿਆ ਕੁਛ ਨਹੀਂ ਹੁੰਦਾ। ਕੋਈ ਕਰ ਕੇ ਦਿਖਾਵੇ, ਜੋ ਉਸ ਦੀ ਸ਼ਕਤਿ ਹੋਵੈ ਕਰਨ ਦੀ। ਉਸ ਦੀ ਸਰਬੱਗ-ਹੁਕਮ-ਰਜ਼ਾ ਤੋਂ ਪਰੇਡੇ ਕਿਸੇ ਅਲਪਗ ਹਸਤੀ ਦਾ ਆਪਣਾ ਕੀਤਾ ਕੁਝ ਭੀ ਨਹੀਂ ਹੁੰਦਾ। ਤਾਂ ਤੇ ਜਿਉਂ ਉਸ ਨੂੰ ਭਾਵੇ, ਜਿਉਂ ਉਸ ਦੀ ਰਜ਼ਾ ਵਿਚਿ ਆਵੇ ਤਿਵੇਂ ਹੀ ਰਹਿਣਾ ਉਚਿਤ ਹੈ। ਸਭ ਕੁਛ ਵਾਹਿਗੁਰੂ ਦੇ ਵਸਿ ਹੈ ਅਤੇ ਉਸ ਦੀ ਹੁਕਮ ਰਜ਼ਾ ਦੇ ਅੰਦਰਿ ਹੈ। ਜ਼ੋਰ ਚਾਰਾ ਕੁਛ ਨਹੀਂ ਚਲਦਾ ਕੁਛ ਕਰਿ ਸਕਣ ਦਾ, ਉਸ ਦੀ ਰਜ਼ਾ ਉਸ ਦੇ ਹੁਕਮ ਦੇ ਪ੍ਰਤਿਕੂਲ ਕਰ ਸਕਣ ਦਾ। ਉਸ ਦੀ ਸ਼ਰੀਕੀ ਕਰਿਆਂ, ਉਸ ਦੀ ਹਮਸਰੀ ਕਰਿਆਂ, ਉਸ ਦੀ ਬਰੋਬਰੀ ਕਰਿਆਂ ਕੀ ਬਣਦਾ ਹੈ। ਸਗੋਂ ਐਸਾ ਕਰਨਾ ਐਨ ਮਨਮੁਖਤਾ ਹੈ। ਜਿਉਂ ਤਿਸ ਨੂੰ ਭਾਵੇ ਤਿਵੇਂ ਹੀ ਉਸ ਦੇ ਦਰੋਂ ਬਖ਼ਸ਼ੇ ਜਾਣ ਦਾ ਉਸ ਦੀ ਬਖ਼ਸ਼ਸ਼ ਦਾ ਪਾਤਰ ਬਣਨਾ ਚਾਹੀਦਾ ਹੈ। ਆਪੇ ਹੀ ਜਿਸ ਨੇ ਜੀਉ ਪਿੰਡ ਦੇਣ ਦੀ ਬਖ਼ਸ਼ਸ਼ ਕੀਤੀ ਹੈ, ਤਿਸ ਨੇ ਆਪੇ ਹੀ ਰੋਜ਼ੀ ਕਾਰੇ ਲਾਉਣ ਦਾ ਹੀਲਾ ਕੀਤਾ ਹੈ। ਜੇਹਾ ਉਸ ਸੱਚੇ ਕਰਨਹਾਰ ਕਰਤਾਰ ਦਾ ਹੁਕਮ ਹੁੰਦਾ ਹੈ ਤੇਹੋ ਜਿਹਾ ਕਰਮ ਹੀ ਹਰ ਕੋਈ ਕਮਾਉਂਦਾ ਹੈ, ਉਸ ਦੇ ਪੂਰਬਲੇ ਕਰਮ ਦੀ ਲਿਖਤਕਾਰੀ ਰੇਖਾ ਅਨੁਸਾਰ ਜੋ ਲਿਖਣਹਾਰੇ ਨੇ ਪਹਿਲਾਂ ਹੀ ਲਿਖਿ ਦਿੱਤੀ ਹੁੰਦੀ ਹੈ। ਉਸ ਦੀ ਹੁਕਮ-ਰਜ਼ਾ ਤੋਂ ਉਲਟ ਕਿਸੇ ਦਾ ਕੀਤਾ ਕੁਛ ਭੀ ਨਹੀਂ ਹੁੰਦਾ, ਚਾਹੇ ਕਿਤਨਾ ਹੀ ਜ਼ੋਰ ਲਾ ਲਵੇ ਅਤੇ ਕਿਤਨਾ ਹੀ ਯਤਨ ਕਰਿ ਥਕੇ। ਇਕੋ ਉਦਾਹਰਣ ਕਾਫ਼ੀ ਹੈ। ਉਹ ਇਹ ਕਿ ਸਿਰਜਨਹਾਰ ਕਰਤੇ ਪੁਰਖ ਨੇ ਆਪਣੀ ਅਕਲ ਕਲਾ ਤੋਂ ਪੰਜ ਤੱਤ (ਜਲ, ਵਾਯੂ, ਅਗਨੀ, ਧਰਤਿ ਤੇ ਅਕਾਸ਼) ਉਪਾ ਕੇ ਸਾਰੀ ਸ੍ਰਿਸ਼ਟੀ ਸਾਜੀ ਹੈ। ਕੋਈ ਬੜੇ ਤੋਂ ਬੜਾ ਅਕਲੱਈਆ ਸਾਜ ਕੇ ਵਿਖਾਵੇ ਖਾਂ। ਪੰਜਾਂ ਤੱਤਾਂ ਤੋਂ ਵਖਰਾ ਕੋਈ ਛੇਵਾਂ ਤੱਤ ਹੀ ਉਪਾ ਕੇ ਵਿਖਾਵੇ। ਹਰਗਿਜ਼ ਦਿਖਾ ਨਹੀਂ ਸਕਦਾ। ਏਸੇ ਕਰਕੇ ਤਾਂ ਹਰ ਕੋਈ ਅਲਪੱਗ ਅਤੇ ਉਸ ਸਰਬੱਗ ਦੇ ਸਾਹਮਣੇ ਹੇਚ ਹੈ।

ਸਰਬੱਗ ਪੁਰਖ ਕਰਤਾਰ ਦੇ ਮੁਕਾਬਲੇ ਵਿਚਿ ਕਿਸੇ ਅਲਪੱਗ ਪੁਰਸ਼ ਦਾ ਕੀਤਾ ਹੋਇਆ ਛੇਵਾਂ ਤੱਤ ਹੋ ਹੀ ਨਹੀਂ ਸਕਦਾ, ਉਪਜ ਹੀ ਨਹੀਂ ਸਕਦਾ। ਭਾਵੇਂ ਲਖ ਸਾਇੰਸਦਾਨ ਜ਼ੋਰ ਲਾ ਥਕਣ। ਹਾਂ, ਉਸ ਦੇ ਕੀਤੇ ਤੱਤਾਂ ਤੋਂ ਕਾਢਾਂ ਤਾਂ ਮਨਿ-ਆਈਆਂ ਕੱਢ ਲੈਣਗੇ, ਪਰ ਨਵਾਂ ਤੱਤ ਤਿਆਰ ਨਹੀਂ ਕਰ ਸਕਦੇ। ਤਾਂ ਤੇ ਹੁਕਮ ਰਜ਼ਾਈ ਦੀ ਰਜ਼ਾ ਤੋਂ ਉਲਟ ਚਲਣਾ ਮਹਾਂ ਮੂਰਖਤਾ ਹੈ ਅਤੇ ਨਿਰੀ ਮਨਮੁਖਤਾ ਹੈ। ਐਸੇ ਪੁਰਖਾਂ ਮਨਮੁਖਾਂ ਨੂੰ ਓੜਕ ਪਛਤਾਉਣਾ ਹੀ ਪੈਂਦਾ ਹੈ। ਇਸ ਹੁਕਮ ਰਜ਼ਾ ਦੀ ਖੇਡ ਨੂੰ ਸੋਈ ਜਨ ਗੁਰਮੁਖ ਬੁੱਝ ਸਕਦਾ ਹੈ ਜਿਸ ਨੂੰ ਸੱਚੇ ਸਤਿਗੁਰੂ ਦਾ ਮੇਲਾ ਕਰਾਇ ਕੇ ਤੂੰ ਆਪਿ ਬੁਝਾਵਹਿਂ। ਮਨਮੁਖਾਂ ਨੂੰ ਆਪਣੀ ਪੂਰਬਲੀ ਕਿਰਤ-ਕਰੰਮੀ ਕਰਨੀ ਅਨੁਸਾਰ ਮਨਮੁਖਤਾ ਦਾ ਹੀ ਸਿਲਾ ਮਿਲਦਾ ਹੈ। ਓਹ ਆਪਣੇ ਕਰਮਾਂ ਨੂੰ ਪਏ ਰੋਂਦੇ ਹਨ। ਹਰ ਹਾਲਤ ਵਿਚਿ ਹੀ ਵਾਹਿਗੁਰੂ ਦੀ ਵਡਿਆਈ ਕਹੀ ਨਹੀਂ ਜਾ ਸਕਦੀ। ਮੂਰਖ ਮੁਗਧ ਅਲਪੱਗ ਨੀਚਾਣਿਆਂ ਨੀਵਿਆਂ ਨੀਵਾਣਿਆਂ ਬੰਦਿਆਂ ਦੀ ਉਥੇ ਕੀ ਪੁਗਣੀ ਹੈ। ਕੋਈ ਵਾਹ ਨਹੀਂ ਚਲਣੀ। ਗੁਰੂ ਸਾਹਿਬ ਫ਼ੁਰਮਾਉਂਦੇ ਹਨ, ਐਸੇ ਅਜਾਣਾਂ ਨੂੰ ਫ਼ੁਰਮਾਇਸ਼ ਕਰਦੇ ਹਨ ਕਿ ਆਪਣੀ ਅਜਿਹੀ ਮਨਮੁਖਤਾ ਢੀਠਤਾ ਦੀ ਭੁੱਲ ਖਿਮਾ ਮੰਗਣ ਅਤੇ ਉਸ ਦੇ ਦਰੋਂ ਬਖ਼ਸ਼ੇ ਜਾਣ ਦੀਆਂ ਲੇਲ੍ਹੜੀਆਂ ਕਢਣ। ਫੇਰ ਗੁਰੂ ਸਾਹਿਬ ਉਹਨਾਂ ਦੇ ਬਖ਼ਸ਼ੇ ਜਾਣ ਦੀ ਸ਼ਫ਼ਾਅਤ (ਸਿਫ਼ਾਰਸ਼) ਭੀ ਕਰਨਗੇ। ਤਾਂ ਤੇ ਗੁਰਸਿੱਖਾਂ ਨੂੰ ਕਰਨਹਾਰ ਗੁਰੂ ਕਰਤਾਰ ਦੀ ਹੁਕਮ-ਰਜ਼ਾ ਅੰਦਰਿ ਰਹਿਣਾ ਹੀ ਭਲਾ ਹੈ—

**ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥ ਗੁਰਿ ਪੂਰੈ ਉਪਦੇਸਿਆ**
**ਸੁਖੁ ਖਸਮ ਰਜਾਈ ॥ ੩ ॥ ੪੮ ॥**

**(ਬਿਲਾਵਲੁ ਮਃ ੫, ਪੰਨਾ ੮੧੩)**

ਗੁਰੂ ਨਾਨਕ ਪੰਚੇਸ਼ ਨੇ, ਸ੍ਰੀ ਗੁਰੂ ਪੰਜਮੀ ਪਾਤਸ਼ਾਹੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੇ ਗੁਰ ਧੁਰਿ ਦਰਗਾਹੀ ਗੁਰੱਤਤਾ ਦੇ ਸਰੂਪ ਵਿਚਿ ਗੁਰਸਿੱਖਾਂ ਤਾਈਂ ਇਹੋ ਤੱਤ-ਉਪਦੇਸ਼ ਦਿੱਤਾ ਹੈ ਕਿ ਕਰਨਹਾਰ ਕਰਤਾਰ ਜੋ ਕਰਿ ਰਹਿਆ ਹੈ ਉਸ ਵਿਚਿ ਕਿੰਤੂ ਨਹੀਂ ਕਰਨੀ। ਹੁਕਮ ਰਜ਼ਾਈ ਆਗਿਆ ਸਤਿ ਸਤਿ ਕਰਿ ਮੰਨਣੀ, ਮੱਥੇ ਧਰਨੀ। ਵਡੇ ਦੀ ਵਡਿਆਈ ਹੁਕਮ ਕਰਨ ਵਿਚਿ ਹੀ ਹੈ। ਗੁਰਸਿੱਖਾਂ ਦੀ ਸਆਦਤਮੰਦੀ ਖਸਮ ਦੀ ਰਜ਼ਾ ਨੂੰ ਸਤਿ ਸਤਿ ਕਰਿ ਮੰਨਣ ਵਿਚਿ ਹੀ ਹੈ ਅਤੇ ਏਸੇ ਵਿਚਿ ਹੀ ਸੱਚਾ ਸੁਖ ਹੈ। ਹੁਕਮ ਰਜ਼ਾਈ ਚਲਣ ਜੈਸਾ ਸੁਖੁ ਹੋਰ ਕੋਈ ਨਹੀਂ। ਸਿੱਖਾਂ ਦੀ ਜ਼ਜਿਆਰਤਾ ਹੀ ਇਹੋ ਹੈ। ਸੱਚੀ ਹੁਕਮ-ਰਜ਼ਾ ਤਾਂ ਸਿਫ਼ਤਿ ਸਾਲਾਹ ਦੀ ਕਾਰ ਕਮਾਵਣੀ ਹੈ। ਅਥਾਹ ਨਾਮ ਅਭਿਆਸ ਕਮਾਈ ਕਰ ਕੇ ਜਿਨ੍ਹਾਂ ਦੇ ਹਿਰਦੇ ਅੰਦਰਿ ਨਿਰੰਕਾਰ ਓਅੰਕਾਰ ਵਾਹਿਗੁਰੂ ਵਸਿ ਰਸਿ ਗਇਆ ਹੈ ਅਤੇ ਸਰਬ ਗੁਣਾਂ ਸੰਪੰਨ ਸਾਚੇ ਗੁਰਮਤਿ ਬਿਬੇਕ ਬੀਚਾਰ ਤੱਤ ਗਿਆਨ ਦਾ ਵਿਗਾਸ ਪ੍ਰਕਾਸ਼ ਹੋ ਗਿਆ ਹੈ, ਓਹਨਾਂ ਦੀ ਹੀ ਹੁਕਮ ਰਜ਼ਾ ਉਤੇ ਸੱਚੀ ਸ਼ਰਧਾ ਬੱਝੀ ਹੈ। ਓਹ ਸਦਾ ਗੁਰੂ ਕਰਤਾਰ ਦੇ ਭਾਣੇ ਅੰਦਰਿ ਹੀ ਕਰਮ ਕਮਾਉਂਦੇ ਹਨ ਅਤੇ ਇਸ ਸੱਚੀ ਹੁਕਮ ਰਜ਼ਾਈ ਨਾਮ ਅਭਿਆਸ ਕਮਾਈ ਦੁਆਰੇ ਸੱਚੇ ਹੁਕਮ ਰਜ਼ਾਈ ਦੇ ਹੁਕਮ ਸਰੂਪ ਵਿਚਿ ਸਮਾਉਂਦੇ ਹਨ। ਯਥਾ ਗੁਰਵਾਕ—

**ਜਿਨ ਕੇ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥ ਗੁਰ ਕੈ ਭਾਣੈ**
**ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥ ੯ ॥ ੪ ॥**

**(ਰਾਮਕਲੀ ਮਃ ੧, ਪੰਨਾ ੯੦੫)**


www.sikhbookclub.com

**'ਗੁਰ ਕੈ ਭਾਣੈ ਕਰਮ ਕਮਾਵਣੇ'** ਹੁਕਮ ਰਜ਼ਾਈ ਕਰਮ ਕਰਨੇ ਹਨ, ਜੋ ਕਿ ਰਜ਼ਾਈ ਵਾਹਿਗੁਰੂ ਦੀ ਹੁਕਮ ਰਜ਼ਾ ਹੈ। ਉਹ ਸਤਿਗੁਰੂ ਦੀ ਬਾਣੀ ਵਿਚਿ ਅਕਾਲੀ ਹੁਕਮਾਂ ਦੁਆਰਾ ਦਰਸਾਈ ਗਈ ਹੈ। ਗੁਰੂ ਨੂੰ ਉਹੀ ਕੁਝ ਭਾਉਂਦਾ ਹੈ ਜੋ ਅਕਾਲ ਪੁਰਖ ਦਾ ਹੁਕਮ ਹੋਵੇ। ਤਾਂ ਤੇ ਗੁਰੂ ਦੇ ਭਾਣੇ ਵਾਲੇ ਕਰਮ ਕਮਾਉਣੇ ਗੁਰਸਿੱਖਾਂ ਦਾ ਮੁਖ ਅਸੂਲ ਹੈ। ਸਿਖ ਹੀ ਸੋ ਹੈ ਜੋ ਗੁਰੂ ਦੇ ਹੁਕਮ ਨੂੰ ਮੰਨਣ-ਮਈ ਭਾਣੇ ਨੂੰ ਮੰਨਣ ਵਿਚਿ ਆਉਂਦਾ, ਗੁਰੂ ਦੀ ਰਜ਼ਾ ਕਮਾਉਂਦਾ ਹੈ—

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**

(ਸੋਰਠਿ ਮ: ੩, ਪੰਨਾ ੬੦੧)

ਆਹਾ! ਭਾਣੇ ਦੀ ਕਾਰ ਸੰਬੰਧੀ, ਹੁਕਮ ਰਜ਼ਾਈ ਕਰਮ ਸੰਬੰਧੀ ਕੈਸਾ ਗੁਰਵਾਕ ਸਾਹਮਣੇ ਆਇਆ ਹੈ—

**ਮ: ੫ ॥ ਨਾਨਕ ਨਾਮੁ ਧਿਆਈਐ ਗੁਰੁ ਪੂਰਾ ਮਤਿ ਦੇਇ ॥ ਭਾਣੈ ਜਪ ਤਪ ਸੰਜਮੋ ਭਾਣੈ ਹੀ ਕਢਿ ਲੇਇ ॥ ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ ॥ ਭਾਣੇ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ ॥ ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ ॥ ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ ॥ ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ ॥ ਭਾਣੈ ਹੀ ਜਿਸੁ ਭਗਤੀ ਲਾਏ ਨਾਨਕ ਵਿਰਲੇ ਹੇ ॥ ੨ ॥**

(ਰਾਮਕਲੀ ਕੀ ਵਾਰ, ਪੰਨਾ ੯੬੩)

ਹੁਕਮ ਰਜ਼ਾਈ ਚੱਲਣ ਦੇ ਮੁਸ਼ਤਾਕ ਸਿਖ ਨੂੰ ਗੁਰੂ ਪੂਰਾ ਇਹ ਮਤਿ ਉਪਦੇਸ਼ ਦਿੰਦਾ ਹੈ ਕਿ ਨਾਮ ਧਿਆਉਣਾ ਹੀ ਪੂਰੀ ਅਤੇ ਸੱਚੀ ਹੁਕਮ-ਰਜ਼ਾ ਦਾ ਮੰਨਣਾ ਹੈ ਅਤੇ ਇਹੋ ਹੀ ਸੱਚਾ ਹੁਕਮ ਰਜ਼ਾਈ ਕਰਮੁ ਹੈ। ਤਾਂ ਤੇ ਗੁਰੂ ਦੀ ਰਜ਼ਾ ਦੇ ਆਗਿਆਕਾਰ ਗੁਰਸਿਖ ਨੂੰ ਇਹੀ ਚਾਹੀਦਾ ਹੈ ਕਿ ਨਾਮ ਧਿਆਉਣ ਵਿਚਿ ਹੀ ਹਮਾਤਨ ਹੋ ਕੇ ਜੁਟ ਜਾਵੇ, ਇਹੀ ਸਭ ਤੋਂ ਸ੍ਰੇਸ਼ਟ ਗੁਰਮਤਿ ਕਰਮ ਹੈ। ਭਾਣੇ ਦੇ ਮਾਲਕ ਵਾਹਿਗੁਰੂ ਦਾ ਹੁਕਮ ਰਜ਼ਾਈ ਭਾਣਾ ਅਟੱਲ ਹੈ, ਮਿਟਦਾ ਨਹੀਂ। ਗਿਣਿਆ ਮਿਣਿਆ ਹੈ, ਖੁੰਝਦਾ ਨਹੀਂ। ਆਪਣੇ ਭਾਣੇ ਅਨੁਸਾਰ ਆਪਣੀ ਹੁਕਮ-ਰਜ਼ਾ ਅੰਦਰ ਹੀ ਜੀਵਾਂ ਮਾਨੁਖਾਂ ਨੂੰ ਓਹਨਾਂ ਦਾ ਕਰਮ-ਬਿਧਾਤਾ, ਫਲ ਪਰਦਾਤਾ ਹੋਣਿ ਕਰਿ ਪਿਛਲੇ ਕਰਮਾਂ ਦਾ ਫਲ ਭੁਗਤਾਉਂਦਾ ਹੋਇਆ, ਜਪ ਤਪ ਸੰਜਮ ਆਦਿਕ ਆਨਮਤ ਕਰਮਾਂ ਵਿਚਿ ਲਾ ਛਡਦਾ ਹੈ, ਅਤੇ ਭਾਣੇ ਅੰਦਰਿ ਹੀ ਓਹਨਾਂ ਨੂੰ ਓਧਰੋਂ ਕੱਢ ਲੈਂਦਾ ਹੈ। ਆਪਣੇ ਹੁਕਮ ਰਜ਼ਾਈ ਭਾਣੇ ਅੰਦਰਿ ਹੀ ਚੁਰਾਸੀ ਦੇ ਜੀਵਾਂ ਨੂੰ ਓਹਨਾਂ ਦੇ ਕੀਤੇ ਕਰਮਾਂ ਦਾ ਫਲ ਭੁਗਤਾਉਣ ਲਈ ਜੋਨੀਆਂ ਵਿਚਿ ਭਵਾਉਂਦਾ ਹੈ। ਅਤੇ ਸ਼ੁਭ ਕਰਮਾਂ ਵਾਲਿਆਂ ਉਤੇ, ਹੁਕਮ ਰਜ਼ਾਈ ਚਲਣ ਵਾਲਿਆਂ ਉਤੇ ਬਖ਼ਸ਼ਸ਼ ਦਾ ਦਰ ਖੋਲ੍ਹ ਦਿੰਦਾ ਹੈ। ਆਪਣੇ ਭਾਣੇ ਅੰਦਰਿ ਹੀ ਜੀਵਾਂ ਤੋਂ ਦੁਖ ਸੁਖ ਭੁਗਤਾਉਣੇ ਕਰਮ ਕਰਾਉਂਦਾ ਹੈ। ਓਹਨਾਂ ਕਰਮਾਂ ਦੁਆਰਾ ਹੀ ਓਹੀ ਕਰਮ ਓਹਨਾਂ ਤੋਂ ਕਰਾ ਕੇ ਲਿਖਤ ਕਰਮੇ ਦੁਖ ਸੁਖ ਓਹਨਾਂ ਪਾਸੋਂ ਹੀ ਭੁਗਤਵਾਉਂਦਾ ਹੈ। ਇਉਂ ਪੂਰਬਲੇ ਕਰਮਾਂ ਦਾ ਲੇਖਾ ਨਿਬੜਾਉਂਦਾ ਹੈ। ਭਾਣੇ ਅੰਦਰ, ਆਪਣੀ ਪੂਰਨ ਰਜ਼ਾ ਦੇ ਹੁਕਮ ਵਿਚਿ ਹੀ ਗਰਭ ਜੋਨੀ ਵਿਚਿ ਮਿੱਟੀ ਦਾ ਪੁਤਲਾ, ਮਾਸ ਦਾ ਬੁੱਤ ਬਣਾ ਕੇ ਉਸ ਦੇ ਅੰਦਰਿ ਜੀਵਤ ਕਲਾ ਵਾਲੀ ਜੋਤਿ ਧਰਦਾ ਹੈ। ਬਿੰਦ ਤੋਂ ਪਿੰਡ, ਪਿੰਡ ਤੋਂ ਜੀਵ ਬਣਾ ਦਿੰਦਾ ਹੈ। ਰਜ਼ਾ ਭਾਣੇ ਅੰਦਰਿ ਹੀ ਜੀਵਾਂ ਤੋਂ ਓਹਨਾਂ ਦੇ ਕਰਮਾਂ ਦੇ ਭੋਗ


www.sikhbookclub.com

ਭੋਗਾਇੰਦਾ ਹੈ। ਅਤੇ ਜਦੋਂ ਭੋਗ ਭੋਗੇ ਜਾਂਦੇ ਹਨ, ਮੁੱਕ ਜਾਂਦੇ ਹਨ ਤਾਂ ਮਨਹਿ ਕਰ ਦਿੰਦਾ ਹੈ, ਭੋਗ ਭੋਗਾਇਣੇ ਕਰਮ ਕਰਨੋਂ। ਜੀਵਾਂ ਨੂੰ ਨਰਕਾਂ ਸੁਰਗਾਂ ਵਿਚਿ ਪਾਉਣਾ ਭੀ ਉਸ ਦੀ ਰਜ਼ਾ ਏਜ਼ਦੀ ਕਰਮ-ਗਤਿ ਵਾਲਾ ਹੁਕਮ ਰਜ਼ਾਈ ਭਾਣਾ ਹੈ। ਆਪਣੇ ਹੁਕਮ ਰਜ਼ਾਈ ਭਾਣੇ ਅੰਦਰਿ ਜੀਵਾਂ ਨੂੰ ਨਰਕ ਸੁਰਗ ਉਤਾਹਾਂ ਚੜ੍ਹਾ ਕੇ ਫੇਰ ਧਰਤੀ ਤੇ ਲਿਆ ਪਟਕਾਉਂਦਾ ਹੈ। ਪ੍ਰੰਤੂ ਆਪਣੇ ਖਾਸੁਲ ਖਾਸ ਹੁਕਮ ਰਜ਼ਾ ਦੇ ਭਲੇ ਭਾਣੇ ਅੰਦਰਿ ਕਿਸੇ ਵਿਰਲੇ ਗੁਰਮੁਖਿ ਜਨ ਨੂੰ ਹੀ ਸਿਫ਼ਤਿ-ਸਾਲਾਹੀ ਪ੍ਰੇਮਾ ਭਗਤੀ ਦੇ ਸਾਰ-ਸ੍ਰੇਸ਼ਟ ਕਰਮ ਵਲ ਲਾਉਂਦਾ ਹੈ। ਸ੍ਰੇਸ਼ਟ ਸਰਬੋਤਮ ਕਰਮ ਸਿਫ਼ਤਿ ਸਾਲਾਹ ਰੂਪੀ ਵਾਹਿਗੁਰੂ ਦੀ ਅਨਿੰਨ ਨਾਮ-ਭਗਤੀ ਤੋਂ ਵਾਂਝਿਆਂ ਉਪਰਿ ਭੀ ਓਸੇ ਦੇ ਹੁਕਮ ਦੀ ਕਰਮ-ਰਜ਼ਾਈ ਕਲਮ-ਲੇਖਣੀ ਵਗੀ ਹੋਈ ਹੈ। ਜੈਸਾ ਕਿ ਗੁਰਵਾਕ ਹੈ—

> **ਮਹਲਾ ੧ ॥ ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥ ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥ ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥ ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ ॥ ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ ॥ ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥ ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥ ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥ ੨ ॥**

(ਸਾਰੰਗ ਕੀ ਵਾਰ, ਪੰਨਾ ੧੨੪੧)

ਭਾਵ ਅਰਥ— ਸਭੇ ਹਿੰਦੂ ਮਤ ਦੀਆਂ ਸੁਰਤੀਆਂ ਉਪਨਿਸ਼ਦਾਂ ਅਤੇ ਸਭੇ ਜੋਗ ਸ਼ਾਸਤ੍ਰ ਅਤੇ ਸਾਰੇ ਬੇਦ ਪੁਰਾਣ ਸਣੇ ਚਾਰੇ ਬੇਦਾਂ ਦੇ ਬੇਦ-ਪਾਠੀ ਅਤੇ ਸਾਰੇ ਅਠਾਰ੍ਹਾਂ ਪੁਰਾਣਾਂ ਦੇ ਪੜ੍ਹਨਹਾਰੇ; ਸਾਰੇ ਹੀ ਆਨਮਤੀ ਤਪ ਅਤੇ ਸਭੇ ਹੀ ਤਪਾਂ ਦੇ ਕਰਣੇਹਾਰੇ ਤੇ ਸਭੇ ਹੀ ਗੀਤ ਸਣੇ ਗਾਇਨ ਵਿਦਿਆ ਦੇ ਗੀਤ ਗਾਵਣਹਾਰੇ ਸਾਰੇ ਹੀ ਆਨਮਤ ਗਿਆਨ ਅਤੇ ਗਿਆਨਾਂ ਦੇ ਘੋਟਣਹਾਰੇ, ਸਭੇ ਹੀ ਬੁਧੀਆਂ ਅਤੇ ਬੁਧੀਆਂ ਦੇ ਬੁਧਿ ਫ਼ਿਲਾਸਫ਼ਰ ਅਤੇ ਸੁਧਿ ਗਿਆਤੇ, ਸਾਰੇ ਹੀ ਆਨਮਤੀ ਤੀਰਥ ਅਤੇ ਸਾਰੇ ਹੀ ਆਨਮਤੀ ਪੂਜਾ-ਅਸਥਾਨ, ਸਾਰੀਆਂ ਹੀ ਮਮਲਕਤਾਂ ਤੇ ਖ਼ਾਨ ਮਲੂਕੀ ਪਾਤਸ਼ਾਹੀਆਂ ਅਤੇ ਸਾਰੇ ਹੀ ਏਹਨਾਂ ਉਤੇ ਅਮਰ ਹੁਕਮ ਚਲਾਉਣਹਾਰੇ ਉਮਰੇ ਖ਼ਾਨ ਸੁਲਤਾਨ ਅਤੇ ਸਾਰੇ ਹੀ ਐਸ਼ਾਂ ਕਰਨਹਾਰੇ ਅੱਈਆਸ਼ ਅਤੇ ਕੂੜ ਦੀਆਂ ਖੁਸ਼ੀਆਂ ਮਨਾਵਣਹਾਰੇ ਕੂੜੇ ਰੀਪਬਲਿਕੀ ਗੁਮਾਸ਼ਤੇ ਜਮਹੂਰੀਅਤ ਦੇ ਠੇਕੇਦਾਰ ਅਤੇ ਸਾਰੇ ਹੀ ਸ਼ਖ਼ਸੀ ਹਕੂਮਤ ਦੇ ਰਾਜੇ ਰਾਣੇ ਖ਼ਾਨ ਅਮੀਰੜੇ, ਸਾਰੇ ਹੀ ਬ੍ਰਹਿਮੰਡਾਂ ਦੀਪਾਂ ਲੋਆਂ ਦੇ ਵਾਸੀ ਸਮੁੱਚੇ ਨਰ ਨਾਰੀ ਮਾਨੁਖ ਅਤੇ ਸਾਰੇ ਦੇਵ-ਲੋਕਾਂ ਦੇ ਸਭੇ ਦੇਵਤੇ ਅਤੇ ਸਭੇ ਜੋਗ-ਧਿਆਨੀ ਜੋਗੀ, ਰਿਸ਼ੀ, ਮੁਨੀ, ਤਪ-ਤਪੀਸ਼ਰ, ਧਿਆਨ-ਧਿਆਨੀਸ਼ਰ, ਸਾਰੇ ਸਭੇ ਪੁਰੀਆਂ, ਖੰਡ ਸਭਿ ਅਤੇ ਸਭੇ ਜੀਆ ਜਹਾਨ ਜਿਤਨੇ ਭੀ ਏਹ ਸਾਰੇ ਵਿਸਥਾਰੇ ਕਾਇਨਾਤ ਕਰਮਾਰੇ ਹਨ, ਏਹਨਾਂ ਸਾਰਿਆਂ ਨੂੰ ਕਰਤਾ ਪੁਰਖ ਸੱਚਾ ਪਾਤਸ਼ਾਹ ਸ਼ਹਿਨਸ਼ਾਹ ਪਰਮੇਸ਼ਰ ਪਰਮਾਤਮਾ ਆਪਣੇ ਹੁਕਮ ਅੰਦਰਿ ਚਲਾਉਂਦਾ ਹੈ। ਸਭਨਾਂ ਉਪਰਿ ਉਸੇ ਦਾ ਹੁਕਮ ਹੈ। ਸਭ ਨੂੰ ਆਪਣੀ ਜ਼ੇਰੇ-ਕਮਾਨ ਰਖਦਾ ਹੈ ਅਤੇ ਸਭਨਾਂ ਉਤੇ ਉਸ ਦੀ ਹੁਕਮ-ਹੁਕਾਮੀ ਰਜ਼ਾ ਕਲਾਮੀ ਕਰਮਾਂ ਦੀ ਕਲਮ ਵਹੀ ਹੋਈ ਹੈ। ਸਭ ਉਸ ਦੀ ਕਲਮ ਹੇਠਾਂ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਉਹ ਸਦਾ ਸੱਚਾ ਅਕਾਲ ਪੁਰਖ ਹੈ। ਉਸ ਦਾ ਨਾਉਂ ਭੀ ਸੱਚਾ ਹੈ ਅਤੇ ਉਸ ਦਾ ਦੀਬਾਣੁ ਸਜ਼ਖੰਡੀ ਦਰਬਾਰੁ ਭੀ ਸੱਚਾ ਹੈ, ਜਿਥੇ ਸਦ ਹੀ ਸਚੁ ਨਿਆਉਂ

ਨਿਬੜਦਾ ਹੈ ਅਤੇ ਸਭ ਦੇ ਕਰਮਾਂ ਦਾ ਲੇਖਾ ਨਿਬੇੜਿਆ ਜਾਂਦਾ ਹੈ। ਉਸ ਦੀ ਹੁਕਮ-ਰਜ਼ਾ ਤੋਂ ਕੋਈ ਭੀ ਬਾਹਰਿ ਨਹੀਂ, ਇਕ ਤਿਨਕਾ ਭੀ ਬਾਹਰਿ ਨਹੀਂ। ਉਸ ਦੇ ਹੁਕਮ ਬਿਨਾਂ ਪੱਤਾ ਨਹੀ ਹਿਲ ਸਕਦਾ। ਉਸ ਦੀ ਰਜ਼ਾ ਬਾਹਰਾ ਕਿਸੇ ਦਾ ਚਾਰਾ ਨਹੀਂ ਚਲ ਸਕਦਾ। ਹੁਕਮ ਰਜ਼ਾ ਦੀ ਖੇਡ ਅਗਲੇ ਗੁਰ ਪ੍ਰਮਾਣ ਵਿਚਿ ਏਦੂੰ ਭੀ ਅਦਭੁਤ ਦਰਸਾਈ ਗਈ ਹੈ—

> **ਸਲੋਕ ਮਃ ੨ ॥ ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥ ਉਤਮ ਮਧਿਮ ਜਾਤੀ ਜਿਨਸੀ ਭਰਮਿ ਭਵੈ ਸੰਸਾਰੁ ॥ ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥ ੧ ॥**
>
> **(ਸਾਰੰਗ ਕੀ ਵਾਰ, ਪੰਨਾ ੧੨੪੩)**

ਵਿਆਖਿਆ— ਆਪਣਾ ਹੁਕਮੁ ਸਾਜ ਕੇ ਹੁਕਮੀ ਪਾਤਸ਼ਾਹ ਸਾਰੀ ਸ੍ਰਿਸ਼ਟੀ ਦੇ ਮਾਲਕ ਸ਼ਹਿਨਸ਼ਾਹ ਅਕਾਲ ਮੂਰਤਿ ਕਰਤੇ ਪੁਰਖ ਨੇ, ਸਭਨਾਂ ਨੂੰ ਅਤੇ ਸਭ ਕੁਝ ਨੂੰ ਆਪਣੇ ਹੁਕਮ ਅੰਦਰਿ ਰਖਿਆ ਹੋਇਆ ਹੈ। ਜੀਵਾਂ ਦੇ ਕਰਮਾਂ ਅਨੁਸਾਰ ਆਪਣੀ ਹੁਕਮ-ਰਜ਼ਾਈ ਨੇਤ ਅਨੁਸਾਰ ਜਿੰਤ ਜਿਤ ਚਾਹਿਆ ਹੈ, ਤਿਤ ਤਿਤ ਜੀਵਾਂ ਨੂੰ ਲਾਇਆ ਹੈ। ਜਿਨ੍ਹਾਂ ਅਪਾਤਰਾਂ ਨੂੰ ਇਤਰ ਕਰਮਾਂ ਵਿਚਿ ਲਾਉਣਾ ਭਰਮਿ ਭੁਲਾਉਣਾ ਹੁੰਦਾ ਹੈ, ਤਿਨ੍ਹਾਂ ਖਰੜ ਗਿਆਨ ਦੇ ਘੁਮੰਡੀਆਂ ਨੂੰ ਬੇਦ-ਪਾਠੀ ਹੋਣ ਦਾ ਅਭਿਮਾਨੀ ਬਣਾ ਦਿੰਦਾ ਹੈ ਅਤੇ ਉਨ੍ਹਾਂ ਨੂੰ ਘਣੇ ਅਗਿਆਨ ਦੇ ਗੇੜ ਵਿਚਿ ਹੀ ਘੁਮਾ ਦਿੰਦਾ ਹੈ। ਕਿਉਂਕਿ ਬੇਦਾਂ ਵਿਚਿ ਨਿਰੀਆਂ ਪਾਪ ਪੁੰਨ ਦੀਆਂ ਕਥਾ-ਕਹਾਣੀਆਂ ਹੀ ਹਨ, ਹੋਰ ਓਹਨਾਂ ਵਿਚਿ ਕੁਛ ਨਹੀਂ ਧਰਿਆ ਪਿਆ। ਕਰਮ-ਹੀਣੇ ਕਰਮ ਅਭਿਮਾਨੀ ਅਗਿਆਨੀ ਬੇਦ ਦੀਆਂ ਕਥਾ ਕਹਾਣੀਆਂ ਵਿਚਿ ਹੀ ਉਲਝ ਜਾਂਦੇ ਹਨ।

ਅਸਲ 'ਚ ਏਹਨਾਂ ਫੋਕਟ ਕਥਾ-ਕਹਾਣੀਆਂ ਦਾ ਰਿਵਾਜ ਬੇਦਾਂ ਨੇ ਹੀ ਆਣਿਆ ਹੈ, ਕਥਾ-ਕਥੋਲੇ ਬੇਦ-ਬਣੌਤਿਆਂ ਤੋਂ ਹੀ ਲਿਆਂਦਾ ਹੈ। ਬੇਦਾਂ ਦੀ ਇਸ ਪਾਪ ਪੁੰਨ ਬੀਚਾਰੀ ਕਥਾ ਵਿਚਿ ਉਰਝ ਕੇ ਓਹ ਅਧਵਾਟੇ ਹੀ ਰਹਿ ਜਾਂਦੇ ਹਨ। ਪਰਮਾਰਥੀ ਅਧਿਆਤਮ ਗਿਆਨ ਦਾ ਉਥੇ (ਬੇਦਾਂ ਵਿਚਿ) ਮੁਸ਼ਕ ਭੀ ਨਹੀਂ। ਐਵੇਂ ਕਥੋਲੀਆਂ ਹੀ ਹਨ। ਦੇ ਦੇ ਲੈਣਾ ਅਤੇ ਲੈ ਲੈ ਦੇਣ ਦੇ ਪਾਪ ਪੁੰਨ ਦਾ ਹੀ ਰੇੜਕਾ ਬੇਦਾਂ ਦੀ ਬੀਚਾਰ-ਕਥਾ ਵਿਚਿ ਪਿਆ ਰਹਿੰਦਾ ਹੈ। ਪਾਪੀ ਪੁੰਨੀ ਬਣ ਕੇ ਕੋਈ ਨਰਕ ਵਿਚਿ ਜਾ ਪੈਂਦਾ ਹੈ, ਕੋਈ ਸੁਰਗ ਵਿਚਿ ਜਾ ਢਹਿੰਦਾ ਹੈ। ਫੇਰ ਥਲੇ ਜਾ ਡਿਗਦਾ ਹੈ। ਸਾਰਾ ਸੰਸਾਰ ਹੀ ਆਮ ਤੌਰ ਤੇ, ਅਤੇ ਹਿੰਦਵੈਣ ਮਹਾਸ਼ਾ ਭੇਡਾਚਾਰ ਖਾਸ ਤੌਰ ਤੇ ਏਸੇ ਵਹਿਣ ਵਿਚਿ ਹੀ ਰੁੜ੍ਹਿਆ ਚਲਿਆ ਜਾ ਰਿਹਾ ਹੈ। ਉਤਮ, ਮਧਮ, ਊਚ ਨੀਚ, ਜਾਤੀਆਂ ਜਿਨਸਾਂ ਦੇ ਭਰਮ-ਭੇਦ ਵਿਚਿ ਫਸਿਆ ਹੋਇਆ ਚੁਰਾਸੀ ਦੇ ਗੇੜ ਵਿਚਿ ਭਟਕਦਾ ਫਿਰਦਾ ਹੈ। ਜੁਗਾਂ ਤੋਂ ਭਟਕਦਾ ਭਰਮਦਾ ਚਲਿਆ ਆਉਂਦਾ ਹੈ।

ਏਸ ਖਲਜਗਣ ਤੋਂ ਕਢਣ ਲਈ ਜੀਵਾਂ ਤੇ ਤਰਸ ਖਾ ਕੇ ਅਕਾਲ ਪੁਰਖ ਨੇ ਗੁਰੂ ਸਾਹਿਬਾਨ ਦੀ ਬਸੀਠਤਾ ਵਿਚਿ ਅੰਮ੍ਰਿਤ ਬਾਣੀ ਗੁਰ-ਬਾਣੀ ਧੁਰੋਂ ਆਪਣੀ ਨਿਜ ਦਰਗਾਹੋਂ ਭੇਜੀ। ਇਹ ਗੁਰ-ਬਾਣੀ ਨਿਰੀ ਖ਼ਾਲਸ ਤੱਤੋ ਤੱਤ ਵਖਾਣੀ ਅੰਮ੍ਰਿਤ ਬਾਣੀ ਹੈ, ਜੋ ਕੇਵਲ

Page 85 www.sikhbookclub.com

ਗੁਰਮੁਖਾਂ ਦੇ ਗਿਆਨ ਧਿਆਨ ਵਿਚਿ ਆਉਣ ਗੋਚਰੀ ਹੈ। ਅਕਾਲ ਪੁਰਖ ਦੇ ਸੱਚੇ ਗਿਆਨ ਦੀ ਲਖਸ਼ਕ ਲਖਾਇਕ ਹੈ ਤਾਂ ਕੇਵਲ ਗੁਰ-ਬਾਣੀ ਹੀ ਹੈ। ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਪਰਮੇਸ਼ਰ ਨਾਲ ਧਿਆਨ, ਸੱਚਾ ਰਸ-ਜੋਤਿ ਗਿਆਨ-ਗਮਨੇਸ਼ਰੀ ਧਿਆਨ ਜੋੜਨ ਜੁੜਾਉਣਹਾਰੀ ਬਾਣੀ ਹੈ ਤਾਂ ਕੇਵਲ ਗੁਰ-ਬਾਣੀ ਹੀ ਹੈ। ਅੰਮ੍ਰਿਤ ਕਲਾ ਵਰਤਾ ਕੇ ਕਲਜੁਗੀ ਜੀਵਾਂ ਨੂੰ ਅਮਰ ਕਰਾਉਣਹਾਰੀ ਬਾਣੀ ਹੈ ਤਾਂ ਏਹੋ ਗੁਰ-ਬਾਣੀ ਹੈ। ਹਾਂ ਜੀ, ਇਹ ਅੰਮ੍ਰਿਤ ਦ੍ਰਿਸ਼ਟੇ ਅੰਮ੍ਰਿਤ ਤੱਤਵੇਤੇ ਗੁਰਮੁਖਾਂ ਦੇ ਗਿਆਨ ਧਿਆਨ ਵਿਚਿ ਹੀ ਆਈ ਹੈ। ਗੁਰਮੁਖਾਂ ਦੇ ਮੁਖਾਂ ਤੋਂ ਹੀ ਆਖੀ ਭਾਖੀ ਸੋਭਦੀ ਹੈ। ਵਾਸਤਵ ਵਿਚਿ ਗੁਰ-ਬਾਣੀ ਨੂੰ ਆਖਣ ਭਾਖਣ ਉਚਾਰਨ ਦੀ ਸਹੀ ਸਮਝ ਗੁਰਮੁਖਾਂ ਗੁਰੂ-ਵਰੋਸਾਏ ਗੁਰੂ ਘਰ ਦੇ ਗੁਰ-ਬਾਣੀ ਦੇ ਭਗੜ ਜਨਾਂ ਨੂੰ ਹੀ ਆਈ ਹੈ। ਇਸ ਅੰਮ੍ਰਿਤ ਰੂਪ ਬਾਣੀ ਵਿਚਿ ਪਾਰਸ ਰਸਾਇਣੀ ਅੰਮ੍ਰਿਤ ਕਲਾ ਹੈ। ਇਸ ਦੇ ਉਚਾਰਨ ਮਾਤਰ ਵਿਚਿ ਹੀ ਮਹਾਂ ਅਨੰਦ ਹੈ, ਅਦੁੱਤੀ ਅਨੰਦ ਹੈ, ਅਸਚਰਜ ਅਨੰਦ ਹੈ, ਚੋਜ-ਬਿਨੋਦੀ ਅਨੰਦ ਹੈ। ਇਸ ਅੰਮ੍ਰਿਤ ਬਾਣੀ ਦੀ ਕਥਾ ਕਰਨ ਦੀ ਲੋੜ ਨਹੀਂ। ਇਹ ਆਪਣੇ ਨਿਜ ਸਰੂਪ ਵਿਚਿ ਕਥਾ ਰੂਪ ਹੈ। ਅੰਮ੍ਰਿਤ ਕਥਾ ਅਨੂਪਮ ਸਰੂਪ ਗੁਰ-ਬਾਣੀ ਦਾ ਕਉਣ ਕਥਨ ਕਰ ਸਕਦਾ ਹੈ। ਧੁਰ ਕੀ ਬਾਣੀ ਨੂੰ ਧੁਰੋਂ ਆਏ ਸਤਿਗੁਰੂ ਹੀ ਸਮਝਣ ਦੇ ਸਮਰੱਥ ਹਨ। ਯਾ ਧੁਰ ਪੁੱਜੇ ਗੁਰਮਖਿ ਜਨ, ਗੁਰ ਘਰ ਦੇ ਸੁਰਤਿ-ਗਿਆਨੇ ਤੱਤ-ਵਖਾਨੇ ਗੁਰਮੁਖਿ-ਗਿਆਨੇ, ਗੁਰ-ਬਾਣੀ ਦੀ ਸੁਰਤਿ ਕਲਾ ਦਾ ਆਨੰਦ ਮਾਣ ਸਕਦੇ ਹਨ। ਇਸ ਸੁਰਤਿ ਕਰਮ ਦੇ ਧਿਆਨ ਨਾਲਿ, ਧੁਰੋਂ ਧੁਰਾਏ ਧਿਆਨ ਨਾਲਿ ਗੁਰਬਾਣੀ ਨੂੰ ਧਿਆਨ ਵਿਚਿ ਧਿਆਉਂਦੇ ਹਨ। ਹਾਂ ਜੀ, "ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ" ਵਾਲੀ ਪੰਗਤੀ ਦੀ ਵਿਆਖਿਆ ਹੋਣੀ ਹੀ ਅਤੀ ਕਠਨ ਹੈ। ਜਿਸ ਦਰਜੇ ਦੇ ਉਚੇਰੇ ਮਾਅਨੇ ਤੋਂ ਗਿਆਨ ਧਿਆਨ ਵਿਚਿ ਇਹ ਗੁਰਬਾਣੀ ਆਈ ਹੈ ਉਸੇ ਦਰਜੇ ਦੇ ਸੁਰਤਿ ਕਰਮ ਧਿਆਨ ਵਿਚਿ ਹੀ ਇਹ ਧਿਆਈ ਸੁਰਤਨਾਈ ਜਾ ਸਕਦੀ ਹੈ। ਸੁਰਤਿ ਕਰਮੀਸ਼ਰਾਂ, ਕਰਮ ਧਿਆਨੀਸ਼ਰਾਂ ਗੁਰਮੁਖਿ ਜਨਾਂ ਦੇ ਕਮਾਉਣ ਜੋਗ ਧਿਆਉਣ ਜੋਗ ਹੀ ਇਹ ਅੰਮ੍ਰਿਤ ਬਾਣੀ ਹੈ। ਆਨਮਤੀਆਂ ਬੇਦ-ਕਥੱਤੀਆਂ ਦੀ ਰੀਸੇ ਗੁਰਬਾਣੀ ਦੀ ਕਥਾ ਕਰਨੀ ਮਹਾਂ ਮਨਮਤਿ ਹੈ। ਇਹ ਆਪ ਹੀ ਅਕੱਥ ਕਥਾ ਰੂਪ ਹੈ। ਇਸ ਦੀ ਕਥਾ ਅਕੱਥ ਹੈ। ਕੋਈ ਕਥ ਨਹੀਂ ਸਕਦਾ। ਇਸ ਦਾ ਮੁੜਿ ਮੁੜਿ ਉਚਾਰਨਾ, ਅਖੰਡ ਉਚਾਰਤਾ ਵਿਚਿ ਉਚਾਰੀ ਜਾਣਾ, ਇਸ ਗੁਰਬਾਣੀ ਦਾ ਪਾਠ ਮਾਤਰ ਹੀ ਕਲਿਆਣਕਾਰੀ ਹੈ। ਇਸ ਬਾਣੀ ਅੰਦਰ ਪਾਰਸ-ਕਲਾ ਭਰਪੂਰ ਹੈ। ਇਸ ਨੂੰ ਜੋ ਕੋਈ ਆਖਦਾ ਭਾਖਦਾ ਪਠਾਕਦਾ ਹੈ, ਉਸ ਦੇ ਮੁਖ ਵਿਚਿ ਅੰਮ੍ਰਿਤ ਪੈਂਦਾ ਹੈ। ਇਸ ਅੰਮ੍ਰਿਤ ਨੂੰ ਛਡ ਕੇ ਜੋ ਅਗਿਆਨੀ ਗਿਆਨੜੇ ਗੁਰਬਾਣੀ ਨੂੰ ਅਰਥਾਉਂਦੇ ਹੋਏ ਆਪਣੀਆਂ ਮਨ-ਉਕਤ ਕਥੋਲੀਆਂ ਪਾਉਂਦੇ ਹਨ ਓਹ ਅੰਮ੍ਰਿਤ ਵਿਚਿ ਨੀਰ ਰਲਾਉਂਦੇ ਹਨ, ਨੀਰ ਰਿੜਕਦੇ ਰਿੜਕਾਉਂਦੇ ਹਨ। ਅਲਪਗ ਬੁਧਿ ਮਤੀਆਂ ਅਰਥ ਕਰ ਕੇ ਨੀਰ ਹੀ ਵਿਲੋਂਦੇ ਹਨ। ਸਰਬੱਗ ਸਰੂਪ ਬਾਣੀ ਦੇ ਅਰਥਾਂ ਦੇ ਪੜਛਾਵੇਂ ਨੂੰ ਭੀ ਪੁਜ ਨਹੀਂ ਸਕਦੇ, ਅਰਥ ਤਾਂ ਓਹਨਾਂ ਨੇ ਕੀ ਕਰਨਾ ਸੀ। ਇਸ ਤਰ੍ਹਾਂ ਦੀ ਕਥਾ ਦੀ ਪਰਪਾਟੀ ਬਹੁਤ ਹੀ ਬੁਰੀ ਪਰਪਾਟੀ ਹੈ। ਸੁਖ! ਇਸ ਅਭਿਪਰੇ ਪ੍ਰਥਾਇ ਇਕ ਵਖਰੀ ਪੁਸਤਕ ਦੀ ਲੋੜ ਹੈ। ਏਥੇ ਟੂਕ ਮਾਤਰ ਏਤਨਾ ਹੀ ਬਥੇਰਾ ਹੈ। ਲੇਖ ਅਸਲੀ ਲੰਮੇਰਾ ਹੋਣ ਦੀ ਸੰਕੋਚ, ਬਸ ਏਥੇ ਹੀ ਬਸ ਕਰਦੇ ਹਾਂ। ਹੁਣ ਅਸਲ ਪ੍ਰਕਰਣ ਵਲ ਆਉਂਦੇ ਹਾਂ।

ਹਾਂ ਜੀ! ਤੱਤ ਵਖਾਣੀ ਗੁਰਬਾਣੀ ਗੁਰਮੁਖਾਂ ਤੋਂ "ਸੁਰਤੀ ਕਰਮਿ" ਹੀ ਧਿਆਈ ਜਾਂਦੀ ਹੈ। ਧੇਯ ਵਾਹਿਗੁਰੂ ਦਾ ਧਿਆਨ ਗੁਰਬਾਣੀ ਸੁਰਤਿ-ਕਰੰਮੀ ਅਭਿਆਸ-ਕਮਾਈ ਦੁਆਰਾ ਹੀ ਜਮਾਇਆ ਜਾ ਸਕਦਾ ਹੈ। ਇਹ ਸੁਰਤਿ-ਕਰੰਮੀ-ਧਿਆਨ ਸੁਰਤੇ ਦੀ ਸੁਰਤਿ ਉਪਰ ਹੀ ਮੁਨਹਸਰ ਹੈ। ਯਾ ਕਰਮ-ਬਿਧਾਤੇ ਗੁਰੂ ਕਰਤਾਰ ਦੀ ਬਖ਼ਸ਼ਸ਼ ਸੁਰਤਿ-ਕਰੰਮਨੀ ਬਖ਼ਸ਼ਿਸ਼ ਦੇ ਸਦਕੇ ਚੁਣ-ਕਢੇ ਲਧੋਵਾਰਿਆਂ ਗੁਰਮੁਖਾਂ ਉਪਰਿ ਹੀ ਰਜ਼ਾਇਤ ਹੁੰਦਾ ਹੈ। ਹਾਂ ਜੀ! ਹੁਕਮ ਰਜ਼ਾ ਦੀ ਖੇਡ ਜੁ ਹੋਈ। ਕਿਉਂਕਿ ਉਹ ਹੁਕਮੀ ਪਾਤਸ਼ਾਹ "**ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ**" ਗੁਰਵਾਕ ਪੰਗਤੀ ਦੇ ਭਾਵ ਅਨੁਸਾਰ ਆਪਣਾ ਹੁਕਮ ਸਾਜ ਕੇ, ਆਪਣੇ ਹੁਕਮ ਦਾ ਇਲਾਹੀ ਸਿੱਕਾ ਸਾਜ ਕੇ, ਹੁਕਮ ਦਾ ਸੱਚਾ ਧੁਰਵਾ ਬੰਨ੍ਹ ਕੇ ਸਭ ਕਿਸੇ ਨੂੰ ਇਸ ਹੁਕਮ ਅਨੁਸਾਰ ਹੀ ਰਖਦਾ ਹੈ। ਇਸ ਹੁਕਮ ਨਦਰਿਸ਼ਟੀ ਦਾਇਰੇ ਤੋਂ ਬਾਹਰ ਕਿਸੇ ਨੂੰ ਨਹੀਂ ਹੋਣ ਦਿੰਦਾ। ਇਸ ਹੁਕਮ ਦੀ ਰੌਸ਼ਨ-ਜ਼ਮੀਰੀ ਦਿੱਬ-ਦ੍ਰਿਸ਼ਟੀਰੀ ਨਾਲਿ ਹੀ ਸਭਸ ਨੂੰ ਵੇਖਦਾ ਹੈ। ਇਸ ਹੁਕਮ-ਰਜ਼ਾ ਅੰਦਰਿ ਸੋਈ ਆਉਂਦਾ ਹੈ, ਸੋਈ ਸਫਲਾਉਂਦਾ ਸੁਫਲ ਫਲਾਉਂਦਾ ਹੈ, ਜਿਸ ਦੀ ਨਾਮ ਅਭਿਆਸ ਦੀ ਸਫਲ ਕਮਾਈ ਦੇ ਤੁਫ਼ੈਲ ਹਉਮੈ ਟੁੱਟ ਜਾਂਦੀ ਹੈ। ਤਾਂ ਉਹ ਹੁਕਮ-ਰਜ਼ਾ ਦੇ ਸੁਲੇਖੇ ਵਿਚ ਆਉਂਦਾ ਹੈ। ਹੁਕਮ-ਰਜ਼ਾ ਦੀ ਖੇਡ ਦਾ ਐਸਾ ਤਲਿੱਸਮੀ ਚਮਤਕਾਰ ਹੈ।

ਇਹ ਹੁਕਮ-ਰਜ਼ਾਈ ਕਰਮ-ਕਰਮਾਈ ਗੁਰਬਾਣੀ, ਹੁਕਮ ਰਜ਼ਾ ਅੰਦਰਿ ਹੀ ਆਈ ਧੁਰੋਂ ਆਈ ਹੈ। ਗੁਰਸਿੱਖਾਂ ਲਈ ਖ਼ਾਸ ਕਰਿ ਅਤੇ ਕਲਜੁਗੀ ਜੀਵਾਂ ਲਈ ਆਮ ਕਰਕੇ ਇਹ ਗੁਰਬਾਣੀ ਰੂਪੀ ਸੱਚੜਾ ਬੇਦ ਧੁਰੋਂ ਉਤਰਿਆ ਹੈ। ਇਸ ਸੱਚੜੇ ਬੇਦ ਦੇ ਮੁਕਾਬਲੇ ਤੇ ਹੋਰ ਕੋਈ ਬੇਦ ਨਹੀਂ। ਪਰਮੇਸ਼ਰੀ ਸੱਚੜਾ ਗਿਆਨ ਪ੍ਰਕਾਸ਼ਨਹਾਰਾ ਅਸਲੀ ਬੇਦ ਇਹ ਗੁਰਬਾਣੀ ਹੀ ਹੈ, ਹੋਰ ਸਭ ਨਕਲੀ ਬੇਦ ਹਨ। "**ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥**"[1] ਦੂਜੇ ਬੇਦ ਤਾਂ ਬਸ ਸੰਸਾਰ ਦੀ ਕਾਰ ਜੋਗੇ ਹੀ ਹਨ, ਜੈਸਾ ਕਿ ਗੁਰਵਾਕ ਹੈ—

> **ਮਃ ੧ ॥ ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥ ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥ ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥ ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥ ੨ ॥**
>
> **(ਸਾਰੰਗ ਕੀ ਵਾਰ, ਪੰਨਾ ੧੨੪੩)**

ਨਾਮ-ਰਸ ਵਾਲਾ ਬੇਦ-ਵਾਪਾਰੀ ਗੁਰਮੁਖਿ-ਜਨ ਕੋਈ ਵਿਰਲਾ ਹੀ ਪੈਦਾ ਹੁੰਦਾ ਹੈ। ਅਤੇ ਹੁਕਮ-ਰਜ਼ਾਈ ਕਰਮੀ ਹੀ ਉਸ ਬੇਦ-ਵਾਪਾਰੀ ਨੂੰ ਨਾਮ ਦੀ ਰਾਸ ਪੱਲੇ ਪੈਂਦੀ ਹੈ। ਤੇ ਸਦਾ ਪੱਲੇ ਰਹਿੰਦੀ ਹੈ। ਕਲਜੁਗ ਅੰਦਰਿ ਸਤਿਗੁਰ ਨਾਨਕ ਦਸੋਂ ਗੁਰੂ ਪਾਤਸ਼ਾਹੀਆਂ ਨੇ ਸੱਚਾ ਬੇਦ, ਨਾਮ-ਰਾਸ ਭਰਪੂਰ ਲੀਣਾ ਬੇਦ, ਬਾਣੀ ਦਾ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗਾਂ ਜੁਗਾਂਤਰੀ ਜੀਵਾਂ ਦੇ ਨਿਸਤਾਰੇ ਲਈ ਪਰਗਟ ਕੀਤਾ। ਜੋ ਗੁਰਮੁਖਿ ਜਨ ਇਸ ਸੱਚੇ ਬੇਦ ਦੇ ਅਧਿਕਾਰੀ ਅਤੇ ਅਨੁਸਾਰੀ ਹੁੰਦੇ ਹਨ ਤੇ ਉਸ ਦੀ ਰਜ਼ਾ-ਹੁਕਮ ਅੰਦਰਿ ਹੀ ਹੁੰਦੇ ਹਨ, ਓਹਨਾਂ ਨੂੰ ਹੀ ਕਰਮੀ ਨਾਮ ਦੀ ਸੱਚੀ ਰਾਸ-ਪੂੰਜੀ ਪ੍ਰਾਪਤਿ ਹੁੰਦੀ ਹੈ। ਨਹੀਂ ਤਾਂ ਜਿਹੜੇ ਇਹ ਚਾਰੇ ਬੇਦ ਹਿੰਦੂ ਮਤ ਦੇ ਹਨ,

---

[1] ਰਾਮਕਲੀ ਮਃ ੧, ਪੰਨਾ ੮੭੯

ਇਹ ਤਾਂ ਪਰਮਾਰਥੀ ਗੁਣਾਂ ਤੋਂ ਉੱਕੇ ਹੀ ਸਖਣੇ ਤੇ ਸ਼ੂਨ ਹਨ। ਏਹਨਾਂ ਦੇ ਪੜ੍ਹਿਆਂ ਗੁਨਿਆਂ ਕਿਸੇ ਦੀ ਮੁਕਤਿ ਕਲਿਆਣ ਨਹੀਂ ਹੋ ਸਕਦੀ।

**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥**

(ਸੂਹੀ ਮਃ ੫, ਪੰਨਾ ੭੪੭)

ਬੇਦਾਂ ਅੰਦਰਿ ਤਾਂ ਬਹੁਤਾ ਜ਼ੋਰ ਜੋ ਖਰੀ ਖਤ ਦਿੱਤਾ ਹੈ ਤਾਂ ਪੁੰਨ ਪਾਪ ਦੀ ਪੁਕਾਰ ਕਰਨ ਤੇ ਦਿੱਤਾ ਹੈ। ਇਹ ਪੁੰਨ ਪਾਪ ਸੁਰਗ ਨਰਕ ਦਾ ਬੀਉ ਹਨ। ਭਾਵ, ਪੁੰਨ ਕੀਤੇ ਸੁਰਗ ਬਾਂਛਣ ਦਾ ਬੀਜ ਬੋਵੰਦੇ ਹਨ ਅਤੇ ਪਾਪ ਕੀਤੇ ਨਰਕ ਦਾ ਬੀਜ ਬੋਂਦੇ ਹਨ। ਬਸ ਬੇਦ ਇਹੋ ਕੁਛ ਪਾਪ ਪੁੰਨ ਦੇ ਝੇੜਿਆਂ ਵਿਚਿ ਹੀ ਖ਼ਤਮ ਹੈ। ਜੋ ਬੀਜਿਆ ਜਾਂਦਾ ਹੈ ਤੈਸਾ ਹੀ ਤਿਸ ਦਾ ਫਲ ਉਗਵਦਾ ਹੈ। ਫਲ ਨੂੰ ਖਾਣਹਾਰੇ ਜੀਵ-ਆਤਮਾ ਨੂੰ ਇਸ ਦਾ ਭੋਗ ਅਗਾਹਾਂ ਨਰਕਾਂ ਸੁਰਗਾਂ ਵਿਚਿ ਭੋਗਣਾ ਪੈਂਦਾ ਹੈ। ਬਸ ਏਤਨਾ ਹੀ ਬੇਦ ਪੜ੍ਹੇ ਦਾ ਗੁਣ ਸਮਝ ਲਵੋ। ਦੂਜੇ ਪਾਸੇ ਸਤਿਗੁਰੂ ਨਾਨਕ ਦੇਵ ਸੱਚੇ ਗੁਰੂ ਪਾਤਸ਼ਾਹ ਨੇ ਸੱਚੇ ਗਿਆਨ ਦਾ ਤੱਤ-ਸਾਰ ਰੂਪੀ ਬੇਦ ਗੁਰਬਾਣੀ ਗੁਰਮਤਿ ਨਾਮ ਦਾ ਜੋ ਇਸ ਕਲੀਕਾਲ ਵਿਖੇ ਪਰਗਟ ਕੀਤਾ ਹੈ, ਇਸ ਗਿਆਨ ਨੂੰ ਸਿਫਤਿ-ਸਾਲਾਹ ਵਿਚਿ ਲਿਆਵੇ ਵਡਿਆਵੇ ਸਾਲਾਹਵੇ। ਇਸ ਸਿਫਤਿ-ਸਾਲਾਹ ਰੂਪੀ ਗਿਆਨ ਦੀ ਰਾਸ ਰਾਹਿਆਂ ਸੱਚਾ ਨਾਮ ਹੀ ਬੀਜੀਦਾ ਹੈ ਅਤੇ ਫਲ ਭੀ ਇਸ ਬੀਜੀ ਰਾਸ ਦਾ ਜੋਤਿ ਪ੍ਰਕਾਸ਼ਮਈ ਨਾਮੁ ਹੀ ਹੁੰਦਾ ਹੈ, ਜੋ ਨਾਮ ਜੋਤੀਸ਼ ਨਾਮੀ ਵਾਹਿਗੁਰੂ ਦੇ ਸਰੂਪ ਵਿਚਿ ਸਮਾਈ ਕਰਾ ਕੇ ਹੀ ਫਲੀਭੂਤ ਹੁੰਦਾ ਹੈ।

**ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥**

(ਸਾਰੰਗ ਕੀ ਵਾਰ, ਮਃ ੧, ਪੰਨਾ ੧੨੪੩)

ਦਰਗਹ ਅੰਦਰਿ ਸਦੀਵੀ ਥਾਉਂ ਪਾਉਣ ਦਾ ਹਰਿ ਦਰਗਹ ਪਰਵਾਣ ਪੈਣ ਦਾ, ਸਦਾ ਲਈ ਕਬੂਲ ਹੋਣ ਦਾ ਇਹੀ ਇਕੋ ਇਕ ਜ਼ਰੀਆ ਹੈ। ਐਸੀ ਸੱਚੜੀ ਗਿਆਨ-ਰਾਸ ਕਰਮੀਂ ਹੀ ਨਸੀਬਤ ਹੁੰਦੀ ਹੈ। ਪਰ ਹੁੰਦੀ ਹੈ ਸੱਚੜੇ ਬੇਦ-ਵਾਪਾਰੀਆਂ, ਹਰਿ ਕੇ ਨਾਮ ਦੇ ਵਾਪਾਰੀਆਂ ਨੂੰ। "**ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥**" ਇਸ ਸੱਚੀ ਰਾਸੀ ਦੇ ਸੱਚੜੇ ਵਾਪਾਰੀਆਂ, ਨਾਮ ਦੇ ਬਿਉਹਾਰੀਆਂ ਬਿਨਾਂ ਇਸ ਨਾਮ ਦੀ ਰਾਸ ਨੂੰ ਹੋਰ ਕੋਈ ਨਹੀਂ ਲਦ ਲੈ ਚਲਿਆ। ਇਸ ਰਾਸੀ ਬਾਹਰੀ ਜੇ ਕਿਸੇ ਨੇ ਲੱਦ ਲੱਦੀ ਹੈ ਤਾਂ ਬਿਖ ਦੀ ਲੱਦ ਹੀ ਲੱਦੀ ਹੈ। ਨਾਮ ਰੂਪੀ ਧਨ ਦੀ ਰਾਸਿ ਕਿਸੇ ਵਿਰਲੇ ਗੁਰਮੁਖਿ ਜਨ ਨੇ ਹੀ ਲੱਦੀ ਹੈ, ਉਸੇ ਦੀ ਹੀ ਖੇਪ ਨਿਭੀ ਹੈ ਗੁਰ ਪ੍ਰਸਾਦ ਕਰਿ, ਰਜ਼ਾਈ ਦੀ ਰਜ਼ਾ ਕਰਿ। "**ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥**"

ਜੋ ਲੋਗ ਲੋਭ ਮੋਹ ਦੇ ਬੰਨ੍ਹੇ ਹੋਏ ਹਉਮੈ ਕਰਮ ਕਮਾਉਂਦੇ ਹਨ, ਹਉਮੈ ਦੇ ਅਧੀਨ ਹੋ ਕੇ ਕਰਮ ਕਮਾਉਂਦੇ ਹਨ ਓਹਨਾਂ ਨੂੰ ਕਰਮ-ਬਿਧਾਤੇ ਵਲੋਂ ਇਹੋ ਕਰਮ-ਫਲ ਮਿਲਦਾ ਹੈ ਕਿ ਓਹ ਚੁਰਾਸੀ ਦੇ ਗੇੜ ਵਿਚਿ ਜਾਇ ਪੈਂਦੇ ਹਨ, ਜਿਥੋਂ ਓਹਨਾਂ ਦੇ ਆਵਣ ਜਾਵਣ ਦੀ ਫੇਰੀ ਕਦੇ ਨਹੀਂ ਚੁਕਦੀ। ਓਹ ਮੁੜਿ ਮੁੜਿ ਫੇਰੀ ਵਿਚਿ ਪੈਣ ਵਾਲੇ ਹੀ ਹਉਮੈ ਕਰਮ ਕਮਾਉਂਦੇ ਹਨ। ਇਹ ਕਰਮ ਓਹ ਰੱਬੀ ਹੁਕਮ-ਰਜ਼ਾਈ ਪ੍ਰੇਰਨਾ ਦੁਆਰਾ ਪੂਰਬਲੇ ਕਰਮਾਂ ਦੀ ਸਜ਼ਾ ਭੁਗਤਣ ਹਿਤ ਕਰਦੇ ਹਨ। ਜਿਉਂ ਸਜ਼ਾਵੀ ਜਜ਼ਾਵੀ ਕਰਮ ਵਧਦੇ ਜਾਂਦੇ ਹਨ ਤਿਉਂ ਤਿਉਂ ਓਹਨਾਂ ਦੀ ਹਉਮੈ ਹੋਰ ਵਧਦੀ ਜਾਂਦੀ ਹੈ। ਵਧਦੀ ਹਉਮੈ ਦੇ ਅਧੀਨ ਹੀ ਓਹ ਚੁਰਾਸੀ ਦੇ ਗੇੜ ਵਿਚਿ ਪੈਣ ਵਾਲੇ


www.sikhbookclub.com

ਕਰਮ ਹੋਰ ਵਧੇਰੇ ਕਰਦੇ ਹਨ, ਪ੍ਰਾਰਬਧੀ ਰਜ਼ਾ ਰਜ਼ਵੀ ਦੀ ਕਰਾਉਂਦੀ ਹੈ। ਸਜ਼ਾ ਜਜ਼ਾ ਜਜ਼ਵਾਉਂਦੀ ਸਜ਼ਵਾਉਂਦੀ ਹੈ। ਇਹ ਜਜ਼ਾ ਜਜ਼ਵਣੀ ਸਜ਼ਾ ਸਜ਼ਵਣੀ ਕਰਮ ਹੁਕਮ-ਰਜ਼ਾਣੀ ਦੀ ਹੁਕਮ-ਰਜ਼ਾ ਅੰਦਰਿ ਹੀ ਕੀਤੇ ਜਾਂਦੇ ਹਨ। ਸਜ਼ਾ ਜਜ਼ਾ ਭੁਗਤਣਹਾਰਿਆਂ ਤੋਂ, ਆਪਿ ਕਰਤਾ ਓਹਨਾਂ ਤੋਂ ਕਰਾਉਂਦਾ ਹੈ। ਇਸ ਕਰਮ ਕਰਾਵਣ ਵਿਚਿ ਕਰਤੇ ਨੂੰ ਜੋ ਗੱਲ ਸੁਖਾਉਂਦੀ ਚੰਗਿਆਉਂਦੀ ਹੈ, ਸਾਈ ਗੱਲ ਚੰਗੇਰੀ ਹੈ। ਯਥਾ ਗੁਰਵਾਕ—

**ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੇ ਫੇਰੀ ॥**
**ਨਾਨਕ ਆਪਿ ਕਰਾਏ ਕਰਤਾ ਜੋ ਤਿਸੁ ਭਾਵੈ ਸਾਈ ਗਲ ਚੰਗੇਰੀ ॥੨॥**

**(ਸਾਰੰਗ ਕੀ ਵਾਰ, ਮ: ੩, ਪੰਨਾ ੧੨੫੧)**

ਪ੍ਰਭੂ ਕਰਤੇ ਪੁਰਖ ਦੇ ਜਿਤਨੇ ਭੀ ਜੀਅ ਜੰਤ ਕੀਤੇ ਹੋਏ ਹਨ, ਸਭਨਾਂ ਦੇ ਸਿਰਿ ਕਿਸੇ ਨ ਕਿਸੇ ਕਰਮ ਦੀ ਕਾਰ ਕਰਨੀ ਲਿਖੀ ਹੋਈ ਹੁੰਦੀ ਹੈ। ਓਹ ਇਹ ਕਰਮ ਕਾਰ ਲਿਖਾ ਕੇ ਹੀ ਆਉਂਦੇ ਹਨ। ਆਪਣੇ ਸਿਰ ਮਸਤਕ ਪੇਸ਼ਾਨੀ ਤੇ ਧੁਰੋਂ ਲਿਖਾ ਕੇ ਆਉਂਦੇ ਹਨ। ਹਰਿ ਜਨਾਂ ਦੇ ਲਿਖਤ-ਰਜ਼ਾਈ ਕਰਮ ਦਾ ਇਹ ਵਾਧਾ ਹੁੰਦਾ ਹੈ ਕਿ ਓਹਨਾਂ ਨੂੰ (ਹਰਿ ਜਨਾਂ ਨੂੰ) ਵਾਹਿਗੁਰੂ ਇਹ ਵਡਾਈ ਬਖ਼ਸ਼ਦਾ ਹੈ ਕਿ ਤਿਨ੍ਹਾਂ ਨੂੰ ਹਰਿ ਕਾਰੈ ਲਾ ਦਿੰਦਾ ਹੈ, ਨਾਮ ਜਪਣ ਦੀ ਸੱਚੜੀ ਕਾਰ ਵਿਚਿ ਲਾ ਦਿੰਦਾ ਹੈ। ਸਤਿਗੁਰੂ ਦੇ ਚਰਨੀਂ ਜਾ ਪੈਂਦੇ ਹਨ। ਫੇਰ ਗੁਰੂ ਦੁਆਰਿਓਂ ਓਹਨਾਂ ਨੂੰ ਨਾਮ ਮਿਲਦਾ ਹੈ। ਗੁਰ ਪ੍ਰਸਾਦਿ ਕਰਿ ਪੰਜਾਂ ਪਿਆਰਿਆਂ ਦੀ ਦਿੱਤੀ ਨਾਮ-ਗੁੜ੍ਹਤੀ ਫਲੀਭੂਤ ਹੋ ਜਾਂਦੀ ਹੈ। ਨਾਮ ਅਭਿਆਸ ਦ੍ਰਿੜ੍ਹ ਹੋ ਜਾਂਦਾ ਹੈ। ਇਸ ਦ੍ਰਿੜ੍ਹਤਾ ਦੇ ਸਹਾਰੇ ਨਾਮ ਜਪਦਾ ਜਪਦਾ ਹਰਿ ਜਨ ਸੰਸਾਰ-ਭਵਜਲ ਤੋਂ ਪਾਰ ਲੰਘ ਜਾਂਦਾ ਹੈ। ਯਥਾ ਗੁਰਵਾਕ—

**ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ ॥ ਹਰਿ ਜਨ ਕਉ ਹਰਿ ਦੀਨ੍ ਵਡਾਈ ਹਰਿ ਜਨੁ ਹਰਿ ਕਾਰੈ ਲਾਵੈ ॥ ੧ ॥ ਸਤਿਗੁਰ ਹਰਿ ਹਰਿ ਨਾਮੁ ਦ੍ਰਿੜਾਵੈ ॥ ਹਰਿ ਬੋਲਹੁ ਗੁਰ ਕੇ ਸਿਖ ਮੇਰੇ ਭਾਈ ਹਰਿ ਭਉਜਲੁ ਜਗਤੁ ਤਰਾਵੈ ॥ ੧ ॥ ਰਹਾਉ ॥**

**(ਮਲਾਰ ਮ: ੪, ਪੰਨਾ ੧੨੬੩-੬੪)**

ਸਤਿਗੁਰੂ ਸੱਚਾ ਪਾਤਸ਼ਾਹ ਗੁਰੂ ਨਾਨਕ ਆਪਣਿਆਂ ਦਸਾਂ ਜਾਮਿਆਂ ਵਿਚਿ ਸਾਰੇ ਜਗਤ ਨੂੰ ਭਵਜਲੋਂ ਤਰਾਉਣ ਪਾਰ ਲੰਘਾਉਣ ਲਈ ਹੀ ਆਇਆ ਹੈ। ਅਤੇ ਏਸੇ ਕਾਰਨ, ਜਗਤ ਨੂੰ ਭਵਜਲੋਂ ਤਾਰਨ ਦੇ ਕਾਰਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜੁਗ ਜੁਗ ਸਦਾ ਸਦ ਅਟੱਲ ਗੁਰੂ ਥਾਪੇ ਜਾਣ ਦਾ ਧੁਰਵਾ ਬੰਨ੍ਹਿਆ ਹੈ। ਜਿਉਂ ਜਿਉਂ ਹੁਕਮ-ਰਜ਼ਾਈ ਪਾਤਸ਼ਾਹ ਦੀ ਹੁਕਮ-ਰਜ਼ਾ ਜਿਸ ਜਿਸ ਉਤੇ ਹੁੰਦੀ ਹੈ ਤਿਉਂ ਤਿਉਂ ਤਿਸ ਤਿਸ ਦਾ ਨਿਸਤਾਰਾ ਬਾਰੋ ਬਾਰੋ ਹੁੰਦਾ ਹੈ। ਕਰਮਾਂ ਅਨੁਸਾਰ ਜਿਉਂ ਜਿਉਂ ਵਾਰੀ ਆਉਂਦੀ ਹੈ ਤਿਉਂ ਤਿਉਂ ਹੁਕਮ-ਰਜ਼ਾਈ ਦੀ ਰਜ਼ਾ ਅੰਦਰਿ ਨਿਸਤਾਰਾ ਹੋਣ ਵਿਚਿ ਬਿਲਮ ਨਹੀਂ ਲਗਦੀ।

# ੯ - ਕਾਰਣੁ ਕਰਤੇ ਵਸਿ ਕਰਮ

ਜਿਵੇਂ ਕਰਮਾਂ ਦਾ ਫਲ ਕਰਤੇ ਦੇ ਵਸਿ ਹੈ ਤਿਵੇਂ ਅਨੇਕ ਕਰਮਾਂ ਦਾ ਕਾਰਣੁ ਭੀ ਕਰਤੇ ਦੇ ਵਸਿ ਹੀ ਹੁੰਦਾ ਹੈ। ਕਈਆਂ ਹਾਲਤਾਂ ਵਿਚਿ ਫਲ ਹੀ ਕਾਰਣੁ ਰੂਪ ਹੋ ਜਾਂਦਾ ਹੈ। ਓਹੋ ਕਾਰਣੁ ਹੀ ਕਰਤੇ ਪੁਰਖ ਦੀ ਰਜ਼ਾ ਅਨੁਸਾਰ ਜੀਵਾਂ ਤੋਂ ਕਰਮੁ ਕਰਾਉਂਦਾ ਹੈ। ਸਤਿਗੁਰੂ ਦੇ ਭਾਣੇ ਚਲਣ ਵਾਲਿਆਂ, ਅਰਥਾਤ, ਗੁਰੂ ਕਰਤਾਰ ਦੀ ਰਜ਼ਾ ਅਨੁਸਾਰ ਚਲਣ ਵਾਲਿਆਂ ਦੀ ਵਡਿਆਈ ਵਡੀ ਹੋ ਜਾਂਦੀ ਹੈ। ਜਿਸ ਜਨ ਦੀ ਵਡਿਆਈ ਵਡੀਰੀ ਜਾਂਦੀ ਹੈ, ਤਿਸ ਉਤਮ ਹਰਿ ਜਨ ਦੇ ਹਿਰਦੇ ਵਿਚਿ ਹਰਿ ਨਾਮ ਉੱਤਮਤਾ ਸਹਿਤ ਵਸਿ ਜਾਂਦਾ ਹੈ। ਉੱਤਮਤਾ ਸਹਿਤ ਨਾਮ ਮਨਿ ਵੱਸਣ ਦੀ ਦਾਤਿ ਅਤਿ ਵਡੀ ਹੈ, ਜਿਸ ਨੂੰ ਕੋਈ ਮੇਟ ਨਹੀਂ ਸਕਦਾ। ਦੇਵਣਹਾਰ ਜਿਸ ਨੂੰ ਦੇਵੇ ਤਿਸ ਦੇ ਉਪਰ ਕ੍ਰਿਪਾਲੂ ਦੀ ਖਾਸ ਕਿਰਪਾ ਹੁੰਦੀ ਹੈ। ਚਾਹੇ ਅਭਿਆਸੀ ਦੇ ਨਾਮ ਅਭਿਆਸ ਕਰਮਾਂ ਕਰਿ ਹੀ ਉਹ ਵਡਿਆਈ ਉਸ ਨੂੰ ਮਿਲਦੀ ਹੈ; ਪ੍ਰੰਤੂ ਜਿਸ ਨੂੰ ਆਪਣੀ ਕਿਰਪਾ ਕਰੇਇ ਤਿਸੇ ਨੂੰ ਇਹ ਵਡਿਆਈ ਮਿਲਦੀ ਹੈ। ਤਿਸੇ ਪਾਸੋਂ ਕਰਤਾ ਐਸੇ ਕਰਮ ਕਰਾਉਂਦਾ ਹੈ ਜੋ ਕਿਰਪਾ ਵਰਸੀਜ ਹੋਣ, ਜੋ ਕਿਰਪਾ ਉਤਪੰਨੀਜ ਹੋਣ, ਜੋ ਕਿਰਪਾ ਪਾਤਰੀਜ ਹੋਣ। ਮੁਕਦੀ ਗੱਲ ਇਹ ਕਿ ਹਰ ਹਾਲਤ ਵਿਚਿ ਕਾਰਣੁ ਕਰਤੇ ਦੇ ਵਸਿ ਹੈ। ਪ੍ਰਾਣੀ ਉਤਮ ਜਗਿਆਸੂ ਤੋਂ ਐਸੇ ਕਰਮ ਕਰਾਉਣੇ, ਜਿਨ੍ਹਾਂ ਦੇ ਕਰਨ ਕਰਿ ਉਸ ਉਤੇ ਕਿਰਪਾ ਹੋ ਜਾਵੇ, ਐਸੇ ਕਰਮ ਸਭ ਕਾਰਣੁ ਰੂਪ ਹਨ। ਐਸਾ ਕਾਰਣੁ ਕਰਤੇ ਵਸਿ ਹੈ। ਯਥਾ ਗੁਰਵਾਕ—

> ਸਲੋਕ ਮਃ ੩ ॥ ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ ॥ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ ॥ ਕਿਰਪਾ ਕਰੇ ਜਿਸੁ ਆਪਣੀ ਤਿਸੁ ਕਰਮਿ ਪਰਾਪਤਿ ਹੋਇ ॥ ਨਾਨਕ ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ ॥ ੧ ॥

(ਸਿਰੀਰਾਗ ਕੀ ਵਾਰ, ਪੰਨਾ ੯੦)

ਪਰ "ਕਾਰਣੁ ਕਰਤੇ ਵਸਿ ਹੈ" ਵਾਲੀ ਬੁਝਾਰਤ ਨੂੰ ਤੱਤ ਅਰਥਾਂ ਵਿਚਿ ਕੋਈ ਗੁਰਮੁਖਿ ਹੀ ਬੂਝ ਸਕਦਾ ਹੈ। ਵਾਹਿਗੁਰੂ-ਸਿਮਰਨ ਦੀ ਅਭਿਆਸ ਕਮਾਈ ਦੀ ਕਰਮ ਰੂਪੀ ਸੇਵਾ ਸਦਾ ਸੁਖ-ਦਾਤੀ ਹੈ। ਪਰ ਇਸ ਸੁਖ ਰੂਪੀ ਫਲ, ਇਸ ਸੁਖ ਫਲ ਦਾ ਫਲ-ਪਰਦਾਤਾ ਜਿਥੇ ਆਪਿ ਗੁਰੂ ਕਰਤਾਰ ਹੈ ਉਥੇ ਇਸ ਸੁਖ-ਫਲ ਸ਼ਗੁਫ਼ਤੀ ਸਿਮਰਨ-ਸੇਵਾ ਦਾ ਕਰਾਉਣਹਾਰਾ ਭੀ ਉਹ ਆਪ ਹੈ। ਤਿਸ ਸੇਵਾ ਦਾ ਕਾਰਨ ਭੀ ਕਰਤੇ ਵਸਿ ਹੈ, ਜਿਸ ਕਰਕੇ ਭੀ ਉਕਤ ਸੇਵਾ ਕਰਾਉਣੀ ਮਨਸੂਬ ਹੋਈ ਹੈ। ਸੇਵਾ-ਸਿਮਰਨ ਦੀ ਅਧਿਕਾਰਤਾ ਉਹ ਕਰਤਾ ਪੁਰਖ ਆਪਿ ਕਰਾਉਂਦਾ ਹੈ ਅਤੇ ਆਪ ਹੀ ਸੇਵਾ ਦਾ ਫਲ ਭੁਗਤਾਉਂਦਾ ਹੈ। ਅਤਿ ਉੱਚਾ ਹੁੰਦਾ ਹੋਇਆ, ਅਲਪਗ ਮਨੁਸ਼ਾਂ ਦੀ ਪਹੁੰਚ ਤੋਂ ਅਗਮ ਅਗੋਚਰ ਹੁੰਦਾ ਹੋਇਆ ਭੀ ਓਹ ਗੁਰਮੁਖਿ ਜਨ ਤਾਈਂ ਆਪਣੇ ਅਗਮ ਅਗੋਚਰ ਸਰੂਪ ਦੀ ਲੱਖਤਾ ਕਰਾ ਦਿੰਦਾ ਹੈ। ਜਿਸ ਨੂੰ ਆਪ ਆਪਣੀ ਮੇਹਰ-ਫਲ ਦੁਆਰਾ ਆਪਣਾ ਸਰੂਪ ਦਿਖਾਵੇ

ਲਖਾਵੇ, ਓਹੀ ਦੇਖ ਲਖ ਸਕਦਾ ਹੈ। ਇਸ ਭੇਦ ਵਿਚਿ ਓਤਿ ਪੋਤਿ ਕਰਤੇ ਪੁਰਖ ਦਾ ਕਾਰਣ ਫਲ ਅਧਿਕਾਰਤਾ ਅਤੇ ਫਲ ਪਰਦਾਤ ਫਲ ਕਰਮਤਾ ਸੰਮਿਲਤ ਹੈ। ਜਿਨ੍ਹਾਂ ਦੇ ਨਾਮ ਘਟ ਅੰਦਰਿ ਵੱਸ ਜਾਂਦਾ ਹੈ ਓਹਨਾਂ ਨੂੰ ਆਪੇ ਹੀ ਆਪਣਾ ਆਪ ਵੇਖਿ ਵਿਖਾਲਦਾ ਹੈ। ਘਟ ਅੰਦਰਿ ਨਾਮ ਤਿਨ੍ਹਾਂ ਦੇ ਹੀ ਵਸਦਾ ਹੈ ਜਿਨ੍ਹਾਂ ਤੇ ਉਹ ਆਪ ਆਪਣੀ ਕਿਰਪਾ ਕਰਿ ਵਸਾਉਂਦਾ ਹੈ। ਇਸ ਕਿਰਪਾ ਦਾ ਕਾਰਨ ਆਪ ਕਰਤੇ ਦੇ ਹਥਿ ਵਸਿ ਹੈ। ਤਿਸੈ ਕਾਰਣ ਕਰਕੇ ਹੀ ਸਿਮਰਨ-ਕਮਾਈ ਦਾ ਕਰਮ ਕਮਾਲ ਨੂੰ ਪਹੁੰਚਦਾ ਹੈ। ਪਰਮਾਰਥ ਦੇ ਮਾਰਗ ਤੇ ਚਲਾ ਕੇ ਆਪਿ ਹੀ ਜਗਿਆਸੂ ਜਨਾਂ ਨੂੰ ਜੀਵਾਉਂਦਾ ਹੈ, ਨਵ-ਜੀਵਨਾ ਜੀਵਨ ਬਖ਼ਸ਼ਦਾ ਹੈ। ਆਪ ਹੀ ਉਸ ਮਾਰਗ ਤੋਂ ਘੁਸਾ ਕੇ ਪਰਮਾਰਥ ਵਲੋਂ ਇਕ ਪ੍ਰਕਾਰ ਓਹਨਾਂ ਨੂੰ ਮਾਰਿ ਹੀ ਘਤਦਾ ਹੈ। ਯਥਾ ਗੁਰਵਾਕ—

> **ਆਪੇ ਮਾਰੇ ਆਪਿ ਜੀਵਾਏ ॥ ਆਪੇ ਮੇਲੇ ਮੇਲਿ ਮਿਲਾਏ ॥ ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥ ੭ ॥ ਆਪੇ ਊਚਾ ਊਚੋ ਹੋਈ ॥ ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ ॥ ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ ॥ ੮ ॥ ੨੬ ॥ ੨੭ ॥**

(ਮਾਝ ਮਃ ੩, ਪੰਨਾ ੧੨੫-੨੬)

ਮਾਰਨਹਾਰਾ ਤੇ ਰਾਖਨਹਾਰਾ ਇਕੋ ਕਰਤਾ ਪੁਰਖ ਵਾਹਿਗੁਰੂ ਹੀ ਹੈ। ਮਾਨਸ ਦੇ ਹਥਿ ਏਹਨਾਂ ਦੋਹਾਂ ਗੱਲਾਂ ਵਿਚੋਂ ਕੋਈ ਗੱਲ ਭੀ ਨਹੀਂ। ਮਾਨੁਖ ਨੂੰ ਤਾਂ ਇਹੀ ਚਾਹੀਦਾ ਹੈ ਕਿ ਉਸ ਕਰਨ ਕਾਰਨ ਸਮਰੱਥ ਦਾ ਨਾਮ ਆਪਣੇ ਕੰਠ ਵਿਚਿ ਪਰੋਈ ਰਖੇ ਅਤੇ ਸਦਾ ਉਸ ਦਾ ਹੁਕਮ ਬੁਝ ਕੇ ਉਸ ਦੇ ਹੁਕਮ ਦੇ ਅਧੀਨ ਕੰਮ ਕਰੇ। ਦੂਖ ਸੂਖ ਦੇਵਣਹਾਰ ਕਰਨਹਾਰ ਕਰਤਾਰ ਹੀ ਹੈ। ਤਾਂ ਤੇ ਹੋਰ ਸਭ ਕੁਛ ਤਿਆਗ, ਹੋਰ ਵਿਡਾਣੀ ਟੇਕ ਵਿਸਾਰ ਕੇ ਇਕੋ ਕਰਤਾਰ ਨੂੰ ਹੀ ਚਿਤਾਰਨਾ ਸਹੀ ਹੈ ਅਤੇ ਸੱਚੜਾ ਗੁਰਮਤਿ ਕਰਮ ਹੈ। ਸਦਾ ਸਦਾ ਦਿਨ ਰੈਨੀ ਵਾਹਿਗੁਰੂ-ਜਾਪ ਅਭਿਆਸ-ਕਮਾਈ ਹੀ ਸਭ ਤੇ ਊਚ ਅਤੇ ਸਭ ਤੋਂ ਸ੍ਰੇਸ਼ਟ ਨਿਰਮਲ ਕਰਣੀ ਹੈ। ਹੋਰ ਕਰਮਾਂ ਦੀ ਕਰਣੀ ਸਭ ਹੇਚ ਹੈ। ਤਾਂ ਤੇ ਸ੍ਰੇਸ਼ਟ ਸੰਤ ਜਨਾਂ ਨੂੰ ਆਨ ਕਾਮ ਤਿਆਗ ਕੇ ਇਹੀ ਇਕੋ ਨਾਮ ਅਭਿਆਸ ਕਮਾਈ ਰੂਪੀ ਕਰਮ ਹੀ ਕਰਨਾ ਲੋੜੀਦਾ ਹੈ। ਹਿਰਦੇ ਕਰਕੇ, ਸੁਆਸਾਂ ਦੁਆਰਾ ਪੂਰਨ ਗੁਰਮੰਤਰ ਵਾਹਿਗੁਰੂ ਨਾਮ ਦਾ ਬਿਲੋਵਨਾ, ਬਿਲੋਵਣਾ-ਮਈ ਅਭਿਆਸ ਕਮਾਈ ਹੀ ਸਭ ਤੇ ਭਲਾ ਸੋਭਾ ਧਨਵੰਤਨੀ ਕਰਮ ਹੈ। ਇਉਂ ਨਾਮ ਅਭਿਆਸ ਕਮਾਈਆਂ ਕਰਨ ਕਰਾਉਣ ਦੀ ਖੇਲ ਉਸ ਦੀ ਆਪ ਵਰਤਾਈ ਹੋਈ ਹੈ। ਗੁਰੂ ਸਾਹਿਬ ਇਰਸ਼ਾਦ ਫੁਰਮਾਂਦੇ ਹਨ ਕਿ ਕਰਨੇਹਾਰ ਹੋਰ ਦੂਜਾ ਕੋਈ ਨਹੀਂ। ਹੇਠਾਂ ਉਪਰਿ ਉਸੇ ਦੀ ਕਲਾ ਹੀ ਵਰਤ ਰਹੀ ਹੈ। ਯਥਾ ਗੁਰਵਾਕ—

> **ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੮੧)

> **ਦੂਖ ਸੂਖ ਪ੍ਰਭ ਦੇਵਨਹਾਰੁ ॥ ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੮੩)

> **ਜਪਿ ਜਨ ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ ਨਿਰਮਲ ਇਹ ਕਰਣੀ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੮੩)

**ਭਲੀ ਸੁਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰਮੰਤ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੯੦)

**ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੯੧)

ਤਾਂ ਤੇ ਸਿਮਰਨ ਦੀ ਉਚ ਕਰਨੀ ਮਈ ਕਰਮ-ਗਤਿ ਸਭ ਕਰਨਹਾਰ ਕਰਤਾਰ ਦੇ ਵਸਗਤਿ ਹੀ ਹੈ। ਸੁਫਲ ਫਲਾਈ ਕਮਾਈ ਦੇ ਅਨੁਸਾਰ ਹੀ ਕਰਮ ਦੀ ਗਤਿ ਸਭ ਕਰਨਹਾਰ ਦੇ ਅਧੀਨ ਹੀ ਹੈ। ਕਰਦਾ ਤਾਂ ਅਭਿਆਸੀ ਜਨ ਹੀ ਹੈ, ਪਰ ਫਲ ਕਰਮ-ਗਤਿ ਉਸ ਦੇ ਹਥਿ ਨਹੀਂ। ਨਾ ਹੀ ਕਰਤੱਤ ਗੁਣਾਂ ਦਾ ਖ਼ੁਦ ਖ਼ੁਦੇਸੀ ਕਰਤਾ (ਕਰਨਹਾਰ) ਉਹ ਆਪਿ ਹੈ। ਡੋਰੀ ਕਰਤਾਰ ਦੇ ਹਥਿ ਹੈ। ਇਸ ਡੋਰੀ ਦੇ ਆਸਰੇ ਪ੍ਰਾਇਣੀ-ਕਰਮ ਉਤਮ ਅਭਿਆਸੀ ਕਰਦੇ ਹਨ। ਹਮੋ-ਹੱਮਤੀ ਮਤਸਰੀ ਦਾਅਵਾ ਓਹਨਾਂ ਦਾ ਕਖ ਭੀ ਨਹੀਂ। ਜੇ ਹੋਵੇ ਤਾਂ ਹਰ ਕੋਈ ਅਭਿਆਸ ਨਾ ਕਰਨ ਲਗ ਜਾਵੇ। ਜਿਸ ਨੂੰ ਉਹ ਆਪਣੀ ਕਿਰਪਾ ਕਰਿ ਕਰਾਉਂਦਾ ਹੈ, ਸੋਈ ਕਰਦਾ ਹੈ। ਇਹ ਕਿਰਪਾ-ਮਈ ਕਾਰਣੁ ਕਰਤੇ ਦੇ ਵਸਿ ਹੈ।

ਕਈ ਅਗਿਆਨੀ ਮੂਰਖ ਲੋਗ ਇਸ ਉਪਰਲੇ ਗੁਰ ਪ੍ਰਮਾਣ ਵਿਚਿ ਦਿੱਤੀਆਂ ਪਹਿਲੀਆਂ ਦੋਹਾਂ ਤੁਕਾਂ ਨੂੰ ਆਪਣੀ ਮਤਸਰ ਦੁਆਰਾ ਉਲਟਾ ਪੁਲਟਾ ਕੇ ਪੜ੍ਹਦੇ ਹਨ, ਯਾਨੀ "**ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥**" ਦੇ ਥਾਉਂ "**ਕਰੈ ਕਰਾਵੈ ਆਪੇ ਆਪਿ ॥ ਮਾਨੁਖ ਕੈ ਕਿਛੂ ਨਾਹੀ ਹਾਥਿ ॥**" ਪੜ੍ਹਦੇ ਪ੍ਰਮਾਣਦੇ ਹਨ ਅਤੇ ਆਪਣੀ ਮਨ-ਮਰਜ਼ੀ ਦੇ ਅਰਥ ਇਉਂ ਕਰਦੇ ਹਨ ਕਿ ਮਾੜੇ ਚੰਗੇ ਕਰਮਾਂ ਨੂੰ ਕਰਨ ਕਰਾਉਣਹਾਰਾ ਉਹ ਆਪ ਹੀ ਹੈ, ਓਹੀ ਜ਼ਿੰਮੇਵਾਰ ਹੈ। ਮਾਨੁਖ ਦੇ ਨਾ ਕੁਛ ਹਥਿ ਹੈ, ਨਾ ਉਹ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਐਸੇ ਅਰਥ ਕਰਨਾ ਓਹਨਾਂ ਦੀ ਮੂੜ੍ਹ ਮਤਿ ਹੈ। ਮਾੜੇ ਕੰਮਾਂ ਦੇ ਕਰਨ ਦੀ ਦੇਣਦਾਰੀ ਤੋਂ ਬਚਣ ਲਈ ਉਹ ਐਸਾ ਪ੍ਰਮਾਣਕ ਅਰਥ ਜਾਣ ਬੁਝ ਕੇ ਦਿੰਦੇ ਹਨ। ਨਾਲੇ ਮੰਦੇ ਕਰਮ ਕਰੀ ਭੀ ਜਾਂਦੇ ਹਨ। ਮੰਦੇ ਪਾਪ ਕਰਮ ਕਰਦੇ ਹੋਏ ਆਪਣੇ ਆਪ ਨੂੰ ਏਹਨਾਂ ਕਰਮਾਂ ਦੀ ਕਰਣੀ ਤੋਂ ਨਿਰਲੇਪ ਅਤੇ ਨਿਸਪਾਪ ਸਿਧ ਕਰਨ ਲਈ ਓਹ ਇਉਂ ਪ੍ਰਮਾਣ ਦਿੰਦੇ ਹਨ। ਚੰਗੇ ਕਰਮਾਂ ਦਾ ਸਿਹਰਾ ਆਪ ਲੈਣਾ ਮੰਗਦੇ ਹਨ। ਓਹ ਮੰਦ ਕਰਮੀ ਪੁਰਸ਼ ਜੋ ਮੰਦ ਕਰਮ ਕਰਦੇ ਹਨ, ਇਹ ਪਿਛੋਂ ਭੀ ਓਹਨਾਂ ਦੇ ਪਿਛਲੇ ਕੀਤੇ ਪਾਪਾਂ ਦਾ ਫਲ ਹੈ ਅਤੇ ਅੱਗੇ ਨੂੰ ਭੀ ਏਹਨਾਂ ਕੀਤੇ ਮੰਦ ਕਰਮਾਂ ਦਾ ਫਲ ਓਹਨਾਂ ਨੂੰ ਹੀ ਖ਼ੁਦ ਭੁਗਤਣਾ ਪਏਗਾ। ਮੰਦ ਕਰਮਾਂ ਦਾ ਫਲ ਦੇਣਹਾਰ ਦੋਹਾਂ ਹਾਲਤਾਂ ਵਿਚਿ ਆਪਿ ਕਰਤਾ ਪੁਰਖ ਕਰਤਾਰ ਹੈ। ਪੂਰਬਲੇ ਮੰਦ-ਕਰਮਾਂ ਦੀ ਭੁਗਤਾਉਣੀ ਸਜ਼ਾ ਦੇ ਰੂਪ ਵਿਚਿ ਇਸ ਅਗਲੇ ਜਨਮ ਵਿਚਿ ਭੀ ਮੰਦ ਕਰਮ ਕਰਨ ਦੇ ਹਰਬੇ ਵਿਚਿ ਉਸ ਨੂੰ ਰਖਿਆ ਓਦੂੰ ਭੀ ਭੈੜੇ ਹਰਬੇ ਵਿਚਿ ਉਸ ਨੂੰ ਪਾਇਆ ਜਾਂਦਾ ਹੈ। ਐਸੇ ਹਰਬੇ ਵਿਚਿ ਪੈ ਕੇ ਜੇ ਜਾਣ ਬੁਝ ਕੇ ਓਦੂੰ ਭੀ ਵਧੇਰੇ ਭੈੜੇ ਕਰਮ ਕਰੇ ਤਾਂ ਇਹ ਉਸ ਦੀ ਹੋਰ ਭੀ ਭੈੜੀ ਮੰਦ ਕਰਮੀ ਸਮਝੀ ਜਾਵੇਗੀ। ਪਰ ਉਹ ਇਸ ਭੈੜਪੁਣੇ ਤੋਂ ਬਰੀਉੱਲਜ਼ੁਮਾ ਨਹੀਂ ਹੋ ਸਕਦਾ। ਉਹੀ ਭੈੜੇ ਕਰਮ ਕਰਨਹਾਰ ਗਰਦਾਨਿਆ ਜਾਏਗਾ, ਨਾ ਕਿ ਉਸ ਦੇ ਥਾਉਂ ਹੋਰ ਕੋਈ। ਚੰਗੇ ਕਰਮ੨੨ ਕਰਨੇ ਚੰਗੇ ਹੀ ਹਨ। ਓਹਨਾਂ ਦਾ ਚੰਗਾ ਫਲ ਹੀ ਐਥੇ ਓਥੇ ਉਸ ਨੂੰ ਮਿਲਦਾ ਹੈ। ਪਰ ਚੰਗੇ ਕੰਮ ਕਰਨ ਨੂੰ ਅਪਨਾਉਣ ਦਾ ਜੱਫਾ ਝਟ ਮਾਰ ਲੈਂਦਾ ਹੈ। ਫੇਰ ਉਸ ਨੂੰ "**ਕਰੇ ਕਰਾਵੈ ਆਪੇ ਆਪਿ**" ਦੀ ਤੁਕ ਘੜਨੀ ਅਤੇ ਆਪਣੇ

ਆਪ ਤੇ ਘਟਾਉਣੀ ਭੁਲ ਜਾਂਦੀ ਹੈ। ਭੁਲ ਕੀ ਜਾਂਦੀ ਹੈ, ਉਹ ਘਟਾਉਂਦਾ ਹੀ ਨਹੀਂ। ਮਨਚਲਾ ਘੇਸਲਾ ਰਹਿੰਦਾ ਹੈ। ਉਹ ਤਾਂ ਮੰਦ ਕਰਮ ਦਾ ਪਾਪ ਦੂਸ਼ਨ ਭੀ ਕਿਸੇ ਨੂੰ ਕਰਾਵਣਹਾਰਾ ਠਹਿਰਾਇਕੇ ਉਸੇ ਤੇ ਥਪਦਾ ਹੈ ਅਤੇ ਆਪਣੇ ਆਪ ਨੂੰ ਨਿਰਦੋਸ਼ ਸਿਧ ਕਰਦਾ ਹੈ। ਹਰ ਪ੍ਰਕਾਰੀ ਕਰਮ ਕਰਾਉਣਹਾਰਾ ਫਲ ਰੂਪੀ ਕਾਰਣੁ ਕਰਤੇ ਦੇ ਵਸਿ ਹੈ। ਬੀਜ ਕਰਮੀ ਕਾਰਣ ਦਾ ਉਹ ਖ਼ੁਦ ਕਰਮ ਕੁਨਿੰਦਾ ਜ਼ੁੰਮੇਵਾਰ ਹੈ। ਨਿਖੜੰਮੀਆਂ ਢੁੱਚਰਾਂ ਡਾਹ ਕੇ ਉਹ ਜ਼ੁੰਮੇਵਾਰੀ ਤੋਂ ਬਚਦਾ ਨਹੀਂ, ਬਰੀ ਨਹੀਂ ਹੋ ਸਕਦਾ। ਕਾਰਜ ਰੂਪ ਕਰਮ ਅਤੇ ਕਾਰਣ ਰੂਪ ਦੋਹਾਂ ਦਾ ਉਹ ਆਪ ਜਵਾਬ-ਦੇਹ ਹੈ। ਕਾਰਣ ਕਾਰਜ ਚਾਹੇ ਖ਼ੁਦ ਕਰਦਾ ਹੈ, ਚਾਹੇ ਕਰਾਇਆ ਕਰਦਾ ਹੈ, ਪਰ ਕੀਤੇ ਕਰਾਏ ਦੋਹਾਂ ਦੀ ਕਰਨੀ ਭਰਨੀ ਆਪਿ ਭਰਦਾ ਹੈ। ਕਾਰਨੀ-ਕਰਮ ਚਾਹੇ ਕਰਤੇ ਵਸਿ ਹੈ, ਪਰ ਓੜਕ ਉਹ ਕਾਰਨੀ-ਕਰਮ ਉਸ ਦੀ ਕਰਨੀ ਦਾ ਹੀ ਸਿੱਟਾ ਹੈ। ਕਾਰਣ ਕਾਰਜ ਦਾ ਫਲ ਦੇਣਾ ਲੈਣਾ ਉਸ ਦੇ ਹਥਿ ਨਹੀਂ, ਕਰਤੇ ਦੇ ਵਸਿ ਹੈ, ਪਰ ਦੋਹਾਂ ਦੀ ਜ਼ੁੰਮੇਵਾਰੀ ਉਸੇ ਤੇ ਪੈਣੀ ਹੈ। ਜੇ ਕਹੇ ਮੈਂ ਕੁਛ ਨਹੀਂ ਕਰਦਾ, ਜੋ ਕੁਛ ਕਰਦਾ ਕਰਾਉਂਦਾ ਹੈ ਕਰਤਾ ਹੀ ਕਰਾਉਂਦਾ ਹੈ, ਇਹ ਢਕੌਂਸਲਾ ਉਸ ਦਾ ਤਾਂ ਸੱਚਾ ਜਾਣੀਏ ਜੇ ਉਹ ਹੱਥ ਤੇ ਹੱਥ ਧਰ ਕੇ ਨਿਸਲ ਹੋ ਕੇ ਬਹਿ ਜਾਵੇ, ਕੁਛ ਭੀ ਨਾ ਕਰੇ। ਪਰ ਬੈਠਦਾ ਨਹੀਂ, ਕੁਛ ਨਾ ਕੁਛ ਕਰੀ ਜਾਂਦਾ ਹੈ। ਕਰਦਾ ਹੀ ਰਹਿੰਦਾ ਹੈ। ਅਤੇ ਕਰਦਾ ਭੀ ਮੈਂ ਮੈਂ ਕਰ ਕੇ ਹੈ। ਹਰੇਕ ਕੰਮ ਵਿਚਿ ਆਪਣੀ ਮੇਰ ਅੜਾਉਂਦਾ ਹੈ। ਮੈਂ ਕਰਦਾ ਹਾਂ, ਮੈਂ ਕਰਦਾ ਹਾਂ, ਪਰ ਜਦ ਉਸ ਦਾ ਮੰਦ ਚੰਗ ਅਗੇ ਆਉਂਦਾ ਹੈ ਤਾਂ ਬ੍ਰਹਮ ਗਿਆਨੀ ਬਣ ਬੈਠਦਾ ਹੈ।. ਆਪ ਅਛੂੱਤ ਜਾਂਦਾ ਹੈ ਅਤੇ 'ਕਰੈ ਕਰਾਵੈ ਆਪੇ ਆਪਿ' ਦੇ ਖਰੜ ਗਿਆਨ ਦਾ ਰੇੜਕਾ ਰਿੜਕਣ ਲਗ ਪੈਂਦਾ ਹੈ। ਚੰਗੇ ਕੰਮਾਂ ਬਾਰੇ ਕਦੇ ਨਹੀਂ ਕਹਿੰਦਾ ਕਿ ਮੈਥੋਂ ਕਰਤੇ ਨੇ ਕਰਾਏ ਹਨ।

ਕਰਮ ਕਰਨ ਦੇ ਅਭਿਮਾਨੀਆਂ ਨੂੰ ਭੀ ਚੁਰਾਸੀ ਦੇ ਗੇੜ ਵਿਚਿ ਪੈਣਾ ਪੈਂਦਾ ਹੈ। ਸੋ ਜਿਹੜੇ ਕਹਿੰਦੇ ਹਨ ਤੇ ਅਭਿਮਾਨ ਕਰਦੇ ਹਨ ਕਿ ਫਲਾਣਾ ਅੱਛਾ ਕਰਮ ਮੈਂ ਕੀਤਾ ਹੈ, ਓਹ ਗੁਰਮਤਿ ਕਰਮ ਫ਼ਿਲਾਸਫ਼ੀ ਤੋਂ ਹੀਣੇ ਹੋਣ ਕਰਕੇ ਏਸੇ ਅਭਿਮਾਨ ਵਿਚਿ ਹੀ ਰੁੜ੍ਹੇ ਰਹਿੰਦੇ ਹਨ। ਜੇ ਓਹਨਾਂ ਨੂੰ ਮਨ ਬਚ ਕਰਮ ਕਰਕੇ ਇਹ ਗੱਲ ਦ੍ਰਿੜ੍ਹ ਹੋ ਜਾਵੇ ਕਿ ਸੱਚ ਮੁੱਚ ਜੋ ਕੁਛ ਕਰਦਾ ਕਰਾਉਂਦਾ ਹੈ ਓਹੀ ਕਰਤਾ ਪੁਰਖ ਹੀ ਹੈ, ਮੈਂ ਤਾਂ ਕੁਛ ਭੀ ਨਹੀਂ ਕਰ ਸਕਦਾ ਤਾਂ ਉਸ ਦਾ ਕੀਤਾ ਕਰਮ ਭੀ ਲੇਖੇ ਲਗੇ। "ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥"[੧] ਵਾਲੀ ਗੱਲ ਜੇ ਦ੍ਰਿੜ੍ਹ ਹੋ ਜਾਵੇ ਤਾਂ ਇਸ ਰੋੜ੍ਹ ਵਿਚੋਂ ਰੁੜ੍ਹਨੋਂ ਬਚ ਜਾਵੇ। ਜਿਤਨੇ ਭੀ ਆਨਮਤੀ ਕਰਮ ਹਨ ਤਿਨ੍ਹਾਂ ਦੇ ਕਰਨਹਾਰਿਆਂ ਦਾ ਅਹੰਕਾਰ ਹੀ ਵਧਦਾ ਹੈ। ਜੈਸਾ ਕਿ ਗੁਰਵਾਕ ਹੈ—

> **ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥ ......**
> **ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥ ...... ਕਰਨ ਕਰਾਵਨ ਕਰਨੈਹਾਰੁ ॥ ਇਸ ਕੈ ਹਾਥਿ ਕਹਾ ਬੀਚਾਰੁ ॥ ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥ ਆਪੇ ਆਪਿ ਆਪਿ ਪ੍ਰਭੁ ਸੋਇ ॥ ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥ ਸਭ ਤੇ ਦੂਰਿ ਸਭਹੂ ਕੈ ਸੰਗਿ ॥ ਬੂਝੈ ਦੇਖੈ ਕਰੈ ਬਿਬੇਕੁ ॥ ਆਪਹਿ ਏਕ ਆਪਹਿ ਅਨੇਕ ॥ ਮਰੈ ਨ ਬਿਨਸੈ ਆਵੈ ਨ ਜਾਇ ॥ ਨਾਨਕ ਸਦ ਹੀ**

[੧] ਭੈਰਉ ਨਾਮਦੇਉ ਜੀ. ਪੰਨਾ ੧੧੬੫


www.sikhbookclub.com

**ਰਹਿਆ ਸਮਾਇ ॥ ੬ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੭੮-੭੯)

ਭਾਵ, ਆਪਣੇ ਆਪ ਨੂੰ ਕਰਮਵੰਤ ਕਹਾਉਣ ਵਾਲੇ ਜਨਮ ਮਰਨ ਦੇ ਗੇੜ ਵਿਚਿ ਨਾਨਾ ਪ੍ਰਕਾਰ ਦੀਆਂ ਜੋਨੀਆਂ ਵਿਚਿ ਭਰਮਦੇ ਹਨ। ਕੋਟਿ ਆਨਮਤ ਕਰਮ ਕਰਨਹਾਰਿਆਂ ਦੀ ਹਉਮੈ ਹੀ ਵਧਦੀ ਹੈ। ਓਹਨਾਂ ਦੇ ਸਾਰੇ ਪ੍ਰੀਸ਼ਰਮ ਕੀਤੇ ਹੋਏ ਬਿਰਥੇ ਜਾਂਦੇ ਹਨ। ਆਨਮਤੀ ਕਰਮਾਂ ਦੇ ਕੀਤੇ ਪੁਰਸ਼ਾਰਥ ਸਭ ਨਿਰਾਰਥ ਹੀ ਰਹਿੰਦੇ ਹਨ। ਆਨਮਤ ਕਰਮਾਂ ਦੇ ਪੱਖੀ ਕਹਿੰਦੇ ਹਨ ਕਿ ਜੇ ਹਉਮੈ ਨਾ ਧਾਰੀ ਜਾਏ, ਫੇਰ ਤਾਂ ਕਰਮ ਕੀਤੇ ਸਕਾਰਥ ਹੀ ਹੁੰਦੇ ਹਨ। ਇਹ ਗੱਲ ਨਹੀਂ। ਆਨਮਤੀ ਕਰਮਾਂ ਦੇ ਕਰਨ ਵਿਚਿ ਹੀ ਹਉਮੈ ਆ ਵੜਦੀ ਹੈ। ਇਹ ਸਾਰੇ ਕਰਮ ਹੀ ਹਉਮੈ-ਉਪਜਾਇਕ ਹਨ। ਕੋਈ ਭੀ ਆਨਮਤੀ ਕਰਮ ਕਲਿਆਣਕਾਰੀ ਨਹੀਂ। ਆਨਮਤੀਆਂ ਵਾਲੇ ਕਰੋੜਾਂ ਕਰਮ ਸਭੇ ਹੀ ਬਿਰਥੇ ਹਨ। ਅਤੇ ਏਸੇ ਕਰਕੇ ਹੀ ਬਿਰਥੇ ਹਨ ਕਿ ਓਹਨਾਂ ਤੋਂ ਹਉਮੈ ਉਪਜਦੀ ਹੈ। ਤਾਂ ਹੀ ਤੇ ਕਿਸੇ ਲੇਖੇ ਨਹੀਂ ਪੈਂਦੇ। ਇਸ ਅਲਪੱਗ ਜੀਵ ਨੂੰ ਇਹ ਹੰਕਾਰ ਕਿ ਮੈਂ ਹੀ ਸਭ ਕੁਝ ਕਰਦਾ ਹਾਂ, ਰਸਾਤਲ ਵਿਚਿ ਲੈ ਜਾਣ ਵਾਲਾ ਹੈ।

**ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੭੮)

ਅਸਲ ਵਾਸਤਵਤਾ ਤਾਂ ਇਹੀ ਹੈ ਕਿ ਕਰਨ ਕਰਾਵਣ ਤੇ ਕਰਣੇਹਾਰ ਆਪਿ ਹੀ ਕਰਤਾਰ ਹੈ। ਇਸ ਵਿਚਾਰੇ ਅਲਪੱਗ ਮਾਨੁਖ ਦੇ ਕੀ ਹਥਿ ਹੈ, ਕੁਛ ਭੀ ਨਹੀਂ। "ਕਰਨ ਕਰਾਵਨ ਕਰਨੈਹਾਰੁ" ਉਹ ਆਪਿ ਹੀ ਹੈ। ਜੈਸੀ ਜੈਸੀ ਉਸ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਹੈ, ਤੈਸਾ ਹੀ ਉਹ ਹੋ ਜਾਂਦਾ ਹੈ। ਕਰਮ-ਦ੍ਰਿਸ਼ਟੀ ਉਸ ਦੀ ਕਿਰਪਾ-ਦ੍ਰਿਸ਼ਟੀ ਕਰਕੇ ਹੀ ਹੈ। ਕਰਮ-ਦ੍ਰਿਸ਼ਟੀ ਦੇ ਅਧੀਨ ਹੀ ਅਲਪੱਗ ਜੀਵ ਕਰਮ ਕਰਦੇ ਹਨ। ਕਰਮਾਂ ਦੇ ਲੇਖੇ ਅਨੁਸਾਰ, ਲੇਖੇ ਅੰਦਰਿ ਹੀ ਸਭ ਕਰਮ ਕਮਾਉਂਦੇ ਹਨ। ਤਾਂਹੀ ਤੇ ਕਰਤਾ ਪੁਰਖ ਕਰਨ ਕਰਾਵਨ ਕਰਨੇਹਾਰ ਹੈ। ਤਾਂਹੀ ਤੇ ਹੀ ਕਾਰਣੁ ਕਰਤੇ ਦੇ ਹਥਿ ਵਸਿ ਹੈ, ਜਿਸ ਦੇ ਅਧੀਨ ਜੀਵ ਕਰਮ ਕਰਦੇ ਹਨ। ਆਪਣੀ ਕਿਰਪਾ ਦੇ ਤ੍ਰੰਗ ਕਰਿ, ਜੋ ਕਿਛ ਕਰਤਾ ਪੁਰਖ ਕਰਦਾ ਹੈ ਸੋ ਆਪਣੇ ਇਸ ਦ੍ਰਿਸ਼ਟਿ-ਰੰਗਾਂ ਕਰਿ ਆਪਣੇ ਹੀ ਰੰਗਾਂ ਵਿਚਿ ਕਰਦਾ ਹੈ। ਅਲਪੱਗ ਨੂੰ ਸਰਬੱਗ ਕਰਤਾਰ ਦੇ ਦ੍ਰਿਸ਼ਟਿ-ਰੰਗਾਂ ਦਾ ਕੀ ਥਹੁ ਪਤਾ ਲਗਦਾ ਹੈ। ਉਸ ਨੂੰ ਤਾਂ ਸਰਬੱਗ ਦੀ ਸਰਬੱਗਤਾ ਦਾ ਪਤਾ ਹੀ ਨਹੀਂ। ਉਸ ਨੂੰ ਤਾਂ ਇਹ ਭੀ ਪਤਾ ਨਹੀਂ ਕਿ ਕਰਨੇਹਾਰ ਕਰਤਾਰ ਸਭ ਦੇ ਸੰਗਿ ਤੇ ਨੇੜੇ ਹੈ। ਦੂਰ ਹੁੰਦਾ ਹੋਇਆ ਭੀ ਸਭ ਦੇ ਨੇੜੇ ਹੈ। ਨੇੜੇ ਦੂਰ ਵਾਹਿਗੁਰੂ ਆਪੇ ਆਪਿ ਹੀ ਵਰਤਦਾ ਹੈ। ਉਹ ਕਰਨਹਾਰ ਕਰਤਾਰੁ ਸਾਰਿਆਂ ਦੇ ਕਰਮ ਨੂੰ ਬੁਝਦਾ ਹੈ ਅਤੇ ਭਲੀ ਭਾਂਤਿ ਬੁਝਦਾ ਹੈ। ਬੁਰੇ ਭਲੇ ਹਰੇਕ ਕਰਮ ਨੂੰ ਦੇਖਦਾ ਹੈ ਅਤੇ ਦੇਖ ਕੇ ਸਾਰ ਅਸਾਰ ਕਰਮ-ਕਰਤਿਆਂ ਨੂੰ ਵੀਚਾਰਿ ਵੀਚਾਰਿ ਸਾਰਿਆਂ ਦੇ ਕਰਮਾਂ ਦਾ ਫਲ ਦਿੰਦਾ ਹੈ। ਦਿੰਦਾ ਹੀ ਨਹੀਂ, ਭੁਗਤਾਉਂਦਾ ਹੈ। ਏਸੇ ਕਰਕੇ ਹੀ ਕਰਮ ਦਾ ਕਾਰਜ-ਫਲ ਅਤੇ ਕਾਰਣੁ ਕਰਾਊ, ਕਾਰਣੁ ਉਭਰਾਊ, ਕਾਰਣੁ ਉਪਜਾਊ (ਜਿਸ ਤੋਂ ਕਰਮ ਫੈਲਦੇ ਫਲਦੇ ਹਨ) ਬੀਜ ਕਰਤੇ ਦੇ ਹਥਿ ਵਸਿ ਹੈ। ਸਰਬੱਤ ਜੀਵ ਮਾਤਰ ਦਾ ਕਰਮ ਅਕਰਮ ਸੁਕਰਮ ਵੀਚਾਰੀ ਬਿਬੇਕ, ਬਿਵੇਚਨੀ ਏਕ ਤੇ ਅਨੇਕ ਰੂਪ ਹੋਇ ਵਰਤਦਾ ਹੈ। ਬੇਅੰਤ ਜੋ ਹੋਇਆ, ਬੇਅੰਤ ਕਰਮਾਂ ਦਾ ਅਤੇ ਕਰਮ ਕਰਨਹਾਰਿਆਂ ਦਾ ਲੇਖਾ ਨਿਬੜਦਾ ਹੈ। ਅਤੇ ਸਾਰੇ ਸਮੂਹ ਰਚਨਾ ਵਿਖੇ ਕਰਨ ਕਾਰਨ

ਸਮਰੱਥ ਹੋ ਕੇ ਸਮਾ ਰਹਿਆ ਹੈ। ਉਸ ਦੀ ਕਰਨ ਕਾਰਨ ਸਮਰੱਥਤਾ ਕਦੇ ਮੁਕਦੀ ਮਰਦੀ ਨਹੀਂ। ਕਿਉਂਜੁ ਉਹ ਖ਼ੁਦ ਅਮਰ ਅਬਿਨਾਸ਼ੀ ਅਤੇ ਅਜੋਨੀ ਹੈ। ਕਾਲ-ਚੱਕਰ ਵਿਚਿ ਆਏ ਨਾਸਵੰਤ ਅਤੇ ਜੂਨੀਆਂ ਵਾਲੇ ਸਗਲੇ ਜੰਤਾਂ ਦੇ ਕਾਰਣ-ਕਰੰਮੀ ਲੇਖਿਆਂ ਦਾ ਸਦਾ ਸਦਾ ਨਿਬੇੜਨਹਾਰਾ ਹੈ। ਤ੍ਰੈਕਾਲ ਅਬਾਧ ਉਸ ਦੀ ਕਾਰਣ ਕਾਰਯ ਕਰਮਾਣੀ ਸਮਰੱਥਤਾ ਹੈ। 'ਕਰਨ ਕਰਾਵਨ ਕਰਨੈਹਾਰੁ' ਹੋਣਾ ਉਸ ਦੀ ਸਰਬ-ਕਲਾ ਸਮਰੱਥਤਾ ਦਾ ਸੂਚਕ ਹੈ।

**ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥ ੧ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੯੧)

**ਮਃ ੩ ॥ ਜੋ ਧੁਰਿ ਮੇਲੇ ਸੇ ਮਿਲਿ ਰਹੇ ਸਤਿਗੁਰ ਸਿਉ ਚਿਤੁ ਲਾਇ ॥ ਆਪਿ ਵਿਛੋੜੇਨੁ ਸੇ ਵਿਛੁੜੇ ਦੂਜੈ ਭਾਇ ਖੁਆਇ ॥ ਨਾਨਕ ਵਿਣੁ ਕਰਮਾ ਕਿਆ ਪਾਈਐ ਪੂਰਬਿ ਲਿਖਿਆ ਕਮਾਇ ॥ ੨ ॥**

(ਸੋਰਠਿ ਕੀ ਵਾਰ, ਪੰਨਾ ੬੪੫)

ਕਰਨ ਕਾਰਨ ਸਮਰੱਥ ਵਾਹਿਗੁਰੂ ਦੇ ਸਤਿਗੁਰੂ ਦੀ ਬਸੀਠੀ, ਨਦਰਿ ਨਦਰੀਠੀ ਵਿਚਿ ਮੇਲ ਮਿਲਾਏ ਹੋਏ ਗੁਰਮੁਖਿ ਜਨ, ਧੁਰਿ ਪੂਰਬ ਕਰੰਮੀ ਲਿਖਤ ਅਨੁਸਾਰ ਉਸ ਦੇ ਸ੍ਵੈ ਸਰੂਪ ਵਿਚਿ ਮਿਲ ਜਾਂਦੇ ਹਨ ਅਤੇ ਮਿਲ ਕੇ ਮਿਲੇ ਹੀ ਰਹਿੰਦੇ ਹਨ। ਜਿਹੜੇ ਮਨਮੁਖ ਵਾਹਿਗੁਰੂ ਨੇ ਆਪਿ ਵਿਛੋੜੇ ਹਨ ਸੋ ਵਿਛੁੜੇ ਹੀ ਰਹਿੰਦੇ ਹਨ, ਦੂਜੇ ਭਾਇ ਦੀ ਖੁਮਾਰੀ ਕਰ ਕੇ। ਮਨਮੁਖਾਂ ਦੇ ਦੁਕ੍ਰਿਤ ਕਰਮਾਂ ਦੀ ਰੇਖਾ ਅਨੁਸਾਰ ਕਰਨ ਕਾਰਨ ਸਮਰੱਥ ਕਰਤਾ ਪੁਰਖ ਓਹਨਾਂ ਨੂੰ ਦੂਜੇ ਭਾਇ ਦੀ ਖੱਜਲ ਖੁਆਰੀ ਵਿਚਿ ਖੱਜਲ ਕੀਤੀ ਰਖਦਾ ਹੈ। ਨਾ ਓਹਨਾਂ ਦੀ ਕਰਮ ਕਰਤਬਣੀ ਕਰਤੂਤ ਮੁਕਦੀ ਹੈ, ਨਾ ਇਹ ਰੇਖਾ ਮਿਟਦੀ ਹੈ। ਅਤੇ ਨਾ ਇਹ ਖੁਆਰੀ ਦੂਰ ਹੁੰਦੀ ਹੈ। ਖੁਆਰੀ ਦੂਰ ਕਰਨਾ ਅਤੇ ਦੂਜੇ ਭਾਇ ਵਿਚਿ ਖੁਆਉਣਾ, ਸਭ ਕਰਮਾਂ ਦਾ ਰਸੀਠੀਆ ਕਰਨਹਾਰ ਕਰਤਾਰ ਕਰਤੇ ਪੁਰਖ ਦੇ ਵਸਿ ਹੈ। ਦੂਜੇ ਭਾਇ ਵਿਚਿ ਖੁਆਉਣ ਅਤੇ ਖੁਆਰ ਕਰਨ ਦਾ ਮੂਜਦ ਤਾਂ ਮਨਮੁਖਾਂ ਦੇ ਮਨਮੁਖੀ ਦੁਕ੍ਰਿਤ ਕਰਮ ਹੀ ਹਨ, ਪਰ ਏਹਨਾਂ ਕਰਮਾਂ ਦਾ ਫਲ ਚਖਾਉਣਾ ਅਤੇ ਕਰਮ-ਰੇਖਾ ਦਾ ਮਿਟਾਉਣਾ ਕਰਨ ਕਾਰਨ ਸਮਰੱਥ ਕਰਤੇ ਪੁਰਖ ਦੇ ਹਥਿ ਹੈ। ਪੂਰਬਲੇ ਜਨਮ ਦਾ ਵੱਟਾ ਜੋ ਕੁਛ ਮਿਲਦਾ ਹੈ, ਸੋ ਕਰਮਾਂ ਕਰਕੇ ਮਿਲਦਾ ਹੈ। ਵਿਣ ਕਰਮਾਂ ਐਵੇਂ ਕੁਛ ਨਹੀਂ ਪਾਈਦਾ। ਪੂਰਬਿ ਲਿਖਿਆ ਹੀ ਕਮਾਈਦਾ ਹੈ। ਪੂਰਬ ਦੇ ਲਿਖੇ ਕਰਮਾਂ ਅਨੁਸਾਰ ਹੀ ਵੱਟੇ ਵਜੋਂ ਕਰਣੀ ਕਿਰਦਾਰ ਦੇ ਸਿਲੇ ਵਜੋਂ, ਸਜ਼ਾ ਜਜ਼ਾ ਵਜੋਂ ਅਗੇ (ਅਗਲੇ ਜਨਮ ਵਿਚਿ) ਕਰਮ ਕਮਾਉਣੇ ਪੈਂਦੇ ਹਨ। ਕਰਮਾਂ ਦੀ ਕਮਾਈ ਦਾ ਇਹ ਸਿਲਸਿਲਾ ਮੁਕਦਾ ਹੀ ਨਹੀਂ। ਕਰਮਾਂ ਦੇ ਕਰਨ ਕਰਾਉਣ ਦੇ ਗੇੜ ਵਿਚਿ ਪਾਉਣਾ ਕਾਰਨ ਕਰਨ ਸਮਰੱਥ ਵਾਹਿਗੁਰੂ ਦੇ ਵਸਿ ਹੀ ਹੈ।

**ਸੂਹੀ ਮਹਲਾ ੫ ॥ ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ ॥ ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥ ੧ ॥ ਮੇਰੇ ਰਾਮਰਾਇ ਮੁਝ ਤੇ ਕਛੂ ਨ ਹੋਈ ॥ ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ ॥ ੧ ॥ਰਹਾਉ ॥ ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ ॥ ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ ॥ ੨ ॥ ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ ॥ ਤੇਰੀ ਗਤਿ**

Page 95 www.sikhbookclub.com

**ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ ॥ ੩ ॥ ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ ॥ ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥ ੪ ॥ ੬ ॥ ਪ੩ ॥**

(ਪੰਨਾ ੭੪੮)

ਵਿਆਖਿਆ— ਜਦੋਂ ਇਹ ਦ੍ਰਿਸ਼ਟਮਾਨ ਆਕਾਰ-ਪਸਾਰਾ ਪਸਾਰਿਆ ਹੀ ਨਹੀਂ ਸੀ ਗਇਆ, ਸ੍ਰਿਸ਼ਟੀ ਦੀ ਰਚਨਾ ਰਚੀ ਹੀ ਨਹੀਂ ਸੀ ਗਈ, ਜਦੋਂ ਇਹ ਦ੍ਰਿਸ਼ਟ ਗੋਚਰੀ ਕਾਇਨਾਤ ਹੈ ਹੀ ਨਹੀਂ ਸੀ, ਜਦੋਂ ਇਹ ਦਿਸ ਰਹਿਆ ਰਚਨਾਰਾ ਕੁਛ ਹੈ ਹੀ ਨਹੀਂ ਸੀ, ਰਚਨਹਾਰ ਨੇ ਰਚਿਆ ਹੀ ਨਹੀਂ ਸੀ, ਇਹ ਸਾਰੀ ਰਚਨਾ ਹੋਂਦ (ਹਸਤੀ) ਵਿਚਿ ਆਈ ਹੀ ਨਹੀਂ ਸੀ, ਇਹ ਚੁਰਾਸੀ ਆਵਾ ਗਵਣ (ਜੂਨੀਆਂ ਵਿਚਿ ਆਉਣਾ ਜਾਣਾ) ਦਾ ਸਿਲਸਿਲਾ ਬਣਿਆ ਹੀ ਨਹੀਂ ਸੀ ਤਦੋਂ ਇਹ ਜੀਵ ਕੀ ਕਰਦਾ ਹੁੰਦਾ ਸੀ। ਕਿਸ ਸਰੂਪ ਵਿਚਿ ਅਤੇ ਕਿਵੇਂ ਅਤੇ ਕਿਥੇ ਰਹਿੰਦਾ ਸੀ ਅਤੇ ਜਦੋਂ ਰਚਨਾ ਰਚੀ ਗਈ ਅਤੇ ਆਕਾਰ ਪਸਾਰਾ ਪਸਾਰਿਆ ਗਿਆ ਤਦੋਂ ਇਹ ਜੀਵ ਪਹਿਲਾਂ ਜੋਨੀ ਵਿਚਿ ਆਇਆ ਤਾਂ ਕਿਵੇਂ ਆਇਆ, ਕਿਹੜੇ ਕਰਮ ਕਰ ਕੇ ਆਇਆ? ਇਸ ਦਾ ਠੀਕ ਉਤਰ ਇਹੀ ਹੈ ਕਿ ਜਿਸ ਠਾਕੁਰ ਨੇ ਇਹ ਰਚਨ-ਪਸਾਰਾ ਆਕਾਰ-ਰਚਨਾਰਾ ਰਚਿਆ ਹੈ ਉਹ ਆਪਣਾ ਖੇਲ ਕਰਿ ਕਰਿ ਵੇਖਦਾ ਹੈ ਅਤੇ ਰਚੇ ਖੇਲ ਨੂੰ ਵੇਖਿ ਵੇਖਿ ਵਿਗਸਦਾ ਹੈ। ਗੁਰਮਤਿ ਅਨੁਸਾਰ ਤਾਂ ਉਤਰ ਇਹੀ ਹੈ ਕਿ—

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ ੨੧ ॥**

(ਜਪੁਜੀ ਸਾਹਿਬ, ਪੰਨਾ ੪)

ਸ੍ਰਿਸ਼ਟੀ ਦੀ ਰਚਨਾ ਦੇ ਕਾਰਣ ਦੀ ਅਸਲ ਹੈਅਤ ਦਾ ਅਸਲ ਜਾਣੂ ਤਾਂ ਸ੍ਰਿਸ਼ਟੀ ਦੀ ਰਚਨਾ ਨੂੰ ਸਾਜਨਹਾਰਾ ਸਿਰਜਨਹਾਰ ਕਰਤਾਰ ਹੀ ਹੈ।

**ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥ ੧ ॥**

ਕਰਤੇ ਪੁਰਖ ਦੀ ਰਚਨਾਵੀ ਗਤਿ ਮਿਤਿ ਨੂੰ, ਕਾਦਰੇ ਮੁਤਲਕ ਦੀ ਕੁਦਰਤਿ ਨੂੰ ਉਸ ਦਾ ਕੀਤਾ ਹੋਇਆ ਜੰਤ ਕੀ ਜਾਣ ਸਕਦਾ ਹੈ !

**ਕਰਤੇ ਕੀ ਮਿਤਿ ਨ ਜਾਨੈ ਕੀਆ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੮੫)

ਆਪਣੀ ਅਲਪਗਤਾ ਨੂੰ ਜਣਾਉਂਦੇ ਹੋਏ ਉਤਮ ਜਗਿਆਸੂ ਤਾਂ ਆਖਿ ਆਖਿ ਕਰਤੇ ਪੁਰਖ ਅਗੇ ਬਿਨੇ ਅਲਾਉਂਦੇ ਹਨ (ਜੈਸਾ ਕਿ ਆਪਿ ਗੁਰੂ ਨਾਨਕ ਸਾਹਿਬ ਨੇ ਬਿਨੇ ਅਲਾਉਣ ਦਾ ਧੁਰਵਾ ਬੰਨ੍ਹਿਆ ਅਤੇ ਪੂਰਨਾ ਪਾਇਆ ਹੈ) : ਹੇ ਮੇਰੇ ਰਾਮ, ਸਰਬੱਤ ਮਹਿ ਰਮ ਰਹੇ ਅਟੱਲ ਸ਼ਾਹ! ਸੁਲਤਾਨ ਰਾਇ! ਕਰਤੇ ਪੁਰਖ! ਮੈਥੋਂ ਤਾਂ ਕੋਈ ਭੀ ਕਰਮ ਨਹੀਂ ਹੋ ਸਕਦਾ। ਤੂੰ ਆਪ ਹੀ ਕਰਨ ਕਾਰਨ ਸਮਰੱਥ ਹਹਿਂ , ਆਪੇ ਕਰਤਾ ਹਹਿਂ । ਜੋ ਆਪਿ ਕਰਾਵਹਿਂ ਸੋਈ ਹੁੰਦਾ ਹੈ।

**ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥ ੪ ॥**

(ਭੈਰਉ ਨਾਮਦੇਉ ਜੀ, ਪੰਨਾ ੧੧੬੫)

ਸਾਰਿਆਂ ਦੇ ਅੰਤਰਿ ਸੋਈ ਕਰਤਾਰ ਕਰਨਹਾਰ ਵਸਿ ਰਹਿਆ ਹੈ (ਸਰਬ ਨਿਰੰਤਰਿ


www.sikhbookclub.com

ਸੋਈ), ਸੋਈ ਪ੍ਰੇਰਕ ਹੋ ਕੇ ਨਿਰੰਤਰੋਂ ਹੀ ਸਭ ਕੁਛ ਕਰਦਾ ਕਰਾਉਂਦਾ ਹੈ।

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥**

(ਗਉੜੀ ਮਃ ੫, ਪੰਨਾ ੨੦੬)

ਗਣਤੀ ਗਣਿਆਂ, ਕਰਮਾਂ ਦਾ ਲੇਖਾ ਕੀਤਿਆਂ ਕਿਤੇ ਭੀ ਤੇ ਕਦੇ ਭੀ ਛੁਟਕਾਰਾ ਨਹੀਂ।

**ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥**

(ਗਉੜੀ ਬਾਵਨ ਅਖਰੀ ਮਃ ੫, ਪੰਨਾ ੨੬੧)

ਅਲਪੱਗ ਕਚੀ ਦੇਹੀ ਵਾਲਿਆਂ ਦੀ ਕਚੀ ਹੀ ਅਲਪੱਗ ਮਤਿ ਹੈ। ਹੇ ਵਾਹਿਗੁਰੂ ਕਰਨਹਾਰ ਕਰਤਾਰ! ਆਪਣੀ ਕਿਰਪਾ ਕਰ ਕੇ ਬਖਸ਼ ਲੇਹੁ। ਤੇਰੀ ਬਖ਼ਸ਼ਸ਼ ਨਿਰਾਲੀ ਹੈ, ਵਿਲੱਖਣੀ ਹੈ। ਤੇਰੀ ਬਖ਼ਸ਼ਸ਼ ਦਾ ਦਰ ਸਦਾ ਖੁਲ੍ਹਾ ਹੈ। ਤੁਧ ਜੇਵਡ ਬਖ਼ਸ਼ਿੰਦੁ ਬਖ਼ਸ਼ਨਹਾਰ ਹੋਰ ਕੋਈ ਨਹੀਂ। ਜੀਅ ਜੰਤ ਸਭਿ ਤੇਰੇ ਹੀ ਕੀਤੇ ਹੋਏ ਹਨ। ਸਰਬ ਘਟਾਂ ਦਾ ਤੂੰਹੀ ਪ੍ਰੇਰਕ ਹਹਿਂ, ਧਿਆਨ ਧਰ ਕੇ ਦੇਖੀਏ ਤਾਂ ਤੂੰ ਸਰਬ ਘਟ ਅੰਤਰਿ ਹਾਜ਼ਰ ਜ਼ਾਹਰਾ ਦਿਸਦਾ ਹੈਂ। ਤੇਰੀ ਗਤਿ ਮਿਤਿ ਤੂੰਹੀ ਜਾਣਦਾ ਹੈਂ। ਤੇਰੀ ਕੁਦਰਤਿ ਦਾ ਪਾਰਾਵਾਰ ਨਹੀਂ ਲਿਆ ਜਾ ਸਕਦਾ, ਨਾ ਹੀ ਕੀਮਤਿ ਪੈ ਸਕਦੀ ਹੈ ਤੇਰੀ ਕੁਦਰਤਿ ਦੀ। ਮੈਂ ਗੁਣਹੀਣ ਹਾਂ, ਮੂਰਖ ਹਾਂ, ਗਿਆਤ-ਹੀਣ ਹਾਂ, ਗਿਆਨ-ਹੀਣ ਅਜਾਣ ਅਗਿਆਨੀ ਹਾਂ। ਕਰਮ ਧਰਮ ਦੀ ਸਾਰ ਨਹੀਂ ਆਉਂਦੀ, ਨਾ ਕਰਮ ਕਰਨ ਦੀ ਜਾਚ ਹੈ। ਨਾ ਧਰਮੀ ਬਣ ਕੇ ਪੁੰਨ ਕਰਮ ਮਈ ਧਰਮ ਕਰਮ ਕਰਨ ਦੀ ਸੂਝ ਬੂਝ ਹੈ। ਐਸੀ ਦਇਆ ਕਰਹੁ ਕਿ ਮੈਂ ਦਿਨ ਰਾਤ ਤੇਰੇ ਗੁਣ ਗਾਈ ਜਾਵਾਂ। ਤੇਰਾ ਭਾਣਾ ਜੋ ਤੂੰ ਕਰਹਿ ਕਰਾਵੇਂ ਸੋ ਮੈਨੂੰ ਮਿੱਠਾ ਲਗੇ।

**ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ ਰਹਾਉ ॥**

(ਧਨਾਸਰੀ ਮਃ ੫, ਪੰਨਾ ੬੭੭)

ਤੇਰੇ ਕੀਤੇ ਵਿਚਿ, ਤੇਰੇ ਕਰਵਾਏ ਵਿਚਿ, ਤੇਰੇ ਹੁਕਮ ਦੀ ਕਾਰ ਵਿਚਿ, ਤੇਰੇ ਕਰਵਾਏ ਕਰਮ ਦੇ ਕਾਰਣ ਵਿਚਿ ਰੱਤੀ ਭੀ ਚੂੰ-ਚਿਰਾਂ ਨਾ ਹੋਵੇ। ਤੇਰੀ ਆਗਿਆ ਸਤਿ ਸਤਿ ਕਰਿ ਮੰਨਣ ਤੇ ਤੇਰਾ ਭਾਣਾ ਮਿੱਠਾ ਕਰ ਕੇ ਮੰਨਣ ਦੀ ਕਿਰਪਾਲਤਾ ਹੋਵੇ।

ਸਤਿਗੁਰੂ ਜਿਨ੍ਹਾਂ ਨੂੰ ਆਪਣੀ ਕਿਰਪਾ ਕਰ ਕੇ ਅਜਿਹੀਆਂ ਜੋਦੜੀਆਂ ਕਰਨੀਆਂ ਸਿਖਾ ਦਿੰਦਾ ਹੈ ਉਨ੍ਹਾਂ ਉਤੇ ਜ਼ਰੂਰ ਬਖ਼ਸ਼ਸ਼ ਹੋ ਜਾਂਦੀ ਹੈ। ਤਿਨ੍ਹਾਂ ਪਾਸੋਂ ਸਦਾ ਸਾਹਿਬ ਸਿਫਤਿ ਸਾਲਾਹੀ ਕੀਰਤ ਰਮਾਈ ਕੰਮ ਹੀ ਕਰਾਉਂਦਾ ਹੈ। ਤਿਨ੍ਹਾਂ ਦੇ ਕਰਮ ਫਿਰ ਆਉਂਦੇ ਹਨ। ਤਿਨ੍ਹਾਂ ਤੋਂ ਫੇਰ ਮਾੜੇ ਕਰਮ ਹੁੰਦੇ ਹੀ ਨਹੀਂ। ਸਦਾ ਸੁਕ੍ਰਿਤ ਕਰਮ ਹੀ ਹੁੰਦੇ ਹਨ। ਇਉਂ ਕਾਰਣੁ ਕਰਤੇ ਵਸਿ ਕਰਮ ਹਨ।

ਇਸ ਅਵਸਥਾ ਵਿਚਿ ਅੰਤਰਜਾਮੀ ਵਾਹਿਗੁਰੂ ਦੀ ਪ੍ਰੇਰਨਾ ਅਨੁਸਾਰ ਹੀ ਉਹ ਕਰਮ ਕਰਦਾ ਹੈ। ਉਸ ਦੇ ਆਪਣੇ ਉਦਮ ਰਹਿ ਖੜੋਂਦੇ ਹਨ। ਉਕਤ ਪ੍ਰੇਰਤ ਕਰਮ ਕਰਨਹਾਰੇ ਜਨ ਦਾ ਕੋਈ ਵਾਹ-ਵਾਸਤਾ ਨਹੀਂ ਹੁੰਦਾ। ਜਿਉਂ ਤੰਤੀ ਨਟੂਆ ਤੰਤ ਵਜਾਉਂਦਾ ਹੈ ਤਿਵੇਂ ਹੀ ਜੰਤ ਜਨ ਵਜਦੇ ਹਨ—

**ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ ॥ ਜਿਉ ਨਟੂਆ**
**ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ ॥ ੧ ॥**

(ਬਿਲਾਵਲ ਮਃ ੪, ਪੰਨਾ ੭੯੯)


www.sikhbookclub.com

ਕਰਮਾਂ ਦਾ ਕਰਨਾ ਕਰਾਉਣਾ ਸਭ ਕਰਤੇ ਪੁਰਖ ਦੇ ਵਸਿ ਹੈ। ਕਰਤੇ ਪੁਰਖ ਤੋਂ ਮੁਨਕਰ ਨਾਸਤਕ ਲੋਗ ਬਕਦੇ ਹਨ ਕਿ ਜੀਵ ਤੋਂ ਕਰਮ ਹੀ ਸਭ ਕੁਛ ਕਰਾਉਂਦੇ ਹਨ। ਜੀਵ ਕਰਮਾਂ ਦਾ ਬੱਧਾ ਹੀ ਆਉਂਦਾ ਜਾਂਦਾ ਹੈ। ਕਰਮ ਮੁੱਕ ਜਾਣ ਤਾਂ ਜੀਉ ਦਾ ਆਉਣਾ ਜਾਣਾ ਮੁੱਕ ਜਾਂਦਾ ਹੈ ਅਤੇ ਜੀਵ ਨਿਰਬਾਣ ਪਦ ਨੂੰ ਪ੍ਰਾਪਤਿ ਹੋ ਜਾਂਦਾ ਹੈ। ਇਹ ਬੁੱਧ-ਪੰਥੀਆਂ ਦਾ ਪੱਖ ਹੈ। ਦਹਿਰੀਏ ਨਾਸਤਕ ਤਾਂ ਮਾਇਆ ਨੂੰ ਹੀ ਸਭ ਕੁਛ ਮੰਨਦੇ ਹਨ। ਓਹ ਜੀਵ ਕਲਾ ਨੂੰ ਨਹੀਂ ਮੰਨਦੇ। ਓਹ ਕਹਿੰਦੇ ਹਨਃ "ਮਾਇਆ ਦੇ ਪੰਜਾਂ ਤੱਤਾਂ ਕਰਿ ਹੀ ਦੇਹੀ ਸਾਜੀ ਜਾਂਦੀ ਹੈ। ਪੰਜ ਤੱਤ ਹੀ ਦੇਹੀ ਨੂੰ ਸਾਜਦੇ ਹਨ। ਦੇਹੀ ਬਿਨਸ ਗਈ, ਬਸ, ਤੱਤਾਂ ਵਿਚਿ ਤੱਤ ਰਲ ਗਏ। ਨਾ ਕੁਛ ਆਉਂਦਾ ਹੈ, ਨਾ ਜਾਵੰਦਾ ਹੈ। ਨਾ ਜੀਵ ਹੈ, ਨਾ ਜੀਵਤ ਕਲਾ ਹੈ।" ਤਿਨ੍ਹਾਂ ਮਾਇਆ ਦੇ ਤੱਤਾਂ ਨੂੰ ਹੀ ਸਭ ਕੁਛ ਮੰਨਣ ਵਾਲਿਆਂ ਲਈ ਤਾਂ ਪ੍ਰਸ਼ਨ ਰੂਪ ਵਿਚਿ ਇਹ ਉਤਰ ਹੈ ਕਿ—

**ਪੰਚ ਤਤੁ ਮਿਲਿ ਕਾਇਆ ਕੀਨੀ ਤਤੁ ਕਹਾ ਤੇ ਕੀਨੁ ਰੇ ॥ ੨॥ ੩॥**

**(ਗੋਂਡ ਕਬੀਰ ਜੀ, ਪੰਨਾ ੮੭੦)**

ਜੇ ਪੰਜਾਂ ਤੱਤਾਂ ਨੇ ਆਪੋਂ ਹੀ ਆਪਸ ਮਿਲਿ ਮਿਲ ਕੇ, ਅਥਵਾ ਪੰਜਾਂ ਤੱਤਾਂ ਦੇ ਆਪਸ ਵਿਚੀ ਮਿਲਣ ਕਰਿ ਕਾਇਆ ਸੁਤੇ ਹੀ ਸਾਜੀ ਜਾਂਦੀ ਹੈ ਤਾਂ ਤੁਸੀਂ ਦੱਸੋ ਕਿ ਤੱਤਾਂ ਦਾ ਸਾਜਣਹਾਰਾ ਕੌਣ ਹੈ? ਤੱਤ ਕਿਥੋਂ ਆਏ ਅਤੇ ਕੀਹਨੇ ਬਣਾਏ? ਸਾਫ਼ ਹੈ ਕਿ ਓਹਨਾਂ ਦਾ ਬਣਾਵਣਹਾਰਾ ਸਰਬ ਕਲਾ ਸਮਰੱਥ ਸਿਰਜਣਹਾਰ ਵਾਹਿਗੁਰੂ ਕਰਤਾ ਪੁਰਖ ਹੈ। ਜਿਸ ਨੇ ਆਪਣੀ ਸਰਬ ਕਲਾਵੀ ਸਮਰੱਥਤਾ ਕਰਕੇ ਆਪਣੇ ਆਪ ਨੂੰ ਸਾਜਿਆ ਹੈ, **"ਆਪੀਨੈ ਆਪੁ ਸਾਜਿਓ"**[੧] ਉਹ ਸ੍ਵੈ-ਪ੍ਰਕਾਸ਼ਤ ਸੈਭੰ ਕਲਾ ਕਰਕੇ ਅਕਲ ਕਲਾ ਸੰਪੰਨ ਹੈ। ਓਹਨਾਂ ਨੀਮ ਨਾਸਤਕਾਂ, ਬੋਧ-ਮੱਤੀ ਹੁੱਜਤੀਆਂ ਦੀ ਏਸ ਹੁੱਜਤ ਦਾ ਉਤਰ ਕਿ "ਜੀਵ ਨਿਰਾ ਪੁਰਾ ਕਰਮਾਂ ਦੇ ਅਧੀਨ ਹੈ, ਕਰਮਾਂ ਦੇ ਬੰਧਨ ਵਿਚਿ ਹੀ ਕਰਮਾਂ ਦਾ ਬੱਧਾ ਹੋਇਆ ਹੀ ਜੀਵ ਭਉਂਦਾ ਫਿਰਦਾ ਹੈ", ਇਹ ਹੈ—

**ਕਰਮ ਬਧੁ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥ ੨॥੩॥**

**(ਗੋਂਡ ਕਬੀਰ ਜੀ, ਪੰਨਾ ੮੭੦)**

ਜੇ ਜੀਉ ਨੂੰ ਤੁਸੀਂ ਕਰਮ-ਬੱਧ ਕਹਿੰਦੇ ਹੋ ਤਾਂ ਦੱਸੋ ਕਿ ਜੀਵ ਨੂੰ ਕਰਮਾਂ ਵਿਚਿ ਬੰਧਨ ਵਾਲੀ ਜੀਵਤ-ਕਲਾ ਕੀਹਨੇ ਦਿੱਤੀ? ਜੀਵ-ਸੱਤਾ ਵਾਲੀ ਚੇਤੰਨਤਾ, ਚੇਤੰਨ-ਕਲਾ ਕਰਮਾਂ ਵਿਚਿ ਕਿਵੇਂ ਆਈ? ਕਿਸੇ ਦੀ ਦਿੱਤੀ ਆਈ ਕਿ ਆਪੇ ਹੀ ਆਈ? ਕਰਮ ਆਪੇ ਹੀ ਜੀਵਤ-ਕਲਾ ਸੰਪੰਨ ਯਾ ਜੀਵ-ਸੱਤਾ ਸੰਯੁਕਤ ਨਹੀਂ ਮੰਨੇ ਜਾ ਸਕਦੇ। ਅਸਲੇ ਕਰਕੇ ਕਰਮ ਤਾਂ ਜੀਵਨ-ਕਲਾ-ਹੀਨ ਨਿਪੁੰਸਕ ਹਨ। ਇਹ ਜੀਵ ਨੂੰ ਬੰਧਨ ਵਿਚਿ ਕਿਵੇਂ ਰਖ ਸਕਦੇ ਹਨ? ਹਰਗਿਜ਼ ਨਹੀਂ ਰਖ ਸਕਦੇ। ਕਰਮਾਂ ਦੇ ਅਸਲੇ ਵਿਚਿ ਕੋਈ ਚੇਤਨ-ਸੱਤਾ ਯਾ ਜੀਵਤ-ਕਲਾ ਨਹੀਂ। ਕਰਮਾਂ ਉਪਰ ਕਰਤੇ ਪੁਰਖ ਦਾ ਕਲਾ ਸੰਪੰਨ ਡੰਡਾ ਹੈ। ਜੀਵਾਂ ਦੀ ਪ੍ਰਾਲਬਧ ਅਨੁਸਾਰ ਜੀਵਾਂ ਤੋਂ ਕਰਮ ਕਰਾਉਂਦਾ ਹੈ ਅਤੇ ਕਰਮਾਂ ਦਾ ਨਿਬੇੜਾ ਨਿਬੇੜਦਾ ਹੈ। ਕਰਮ ਆਪੋਂ ਨਿਬੇੜਾ ਕੁਛ ਨਿਬੇੜ ਨਹੀਂ ਸਕਦੇ। ਬੋਧ-ਮਤੀ ਕਰਮ ਫ਼ਿਲਾਸਫ਼ੀ ਅਨੁਸਾਰ ਕਰਮ ਹੀ ਜੀਵ ਨੂੰ ਨਿਰਬਾਣ ਪਦ ਦਿਵਾਉਂਦਾ ਹੈ, ਕਰਮ ਹੀ ਸਭ ਕੁਛ ਕਰਾਉਂਦਾ ਹੈ। ਬੁਧ-ਮਤੀ ਕਰਮ ਫ਼ਿਲਾਸਫ਼ੀ ਏਥੇ ਫ਼ਿਅਲ ਹੈ। ਓਹ

---

[੧] ਆਸਾ ਦੀ ਵਾਰ, ਪੰਨਾ ੪੬੩

Page 98 www.sikhbookclub.com

ਜੀਵ ਨੂੰ ਤਾਂ ਮੰਨਦੇ ਹਨ, ਈਸ਼ਵਰ ਨੂੰ ਨਹੀਂ ਮੰਨਦੇ। ਕਰਮ ਨੂੰ ਅਨਾਦੀ ਮੰਨਦੇ ਹਨ ਤੇ ਕਹਿੰਦੇ ਹਨ ਕਿ ਕਰਮ ਦਾ ਕੀਤਾ ਹੋਇਆ ਨਿਰਬਾਣ ਰੂਪ ਜੀਵ ਹੀ ਕੁੱਲ-ਕੁੱਲਾਂ ਹੈ। ਗੁਰਮਤਿ ਕਰਮ ਫ਼ਿਲਾਸਫ਼ੀ ਏਹਨਾਂ ਦੋਹਾਂ ਦਹਰੀਅਤ ਵਾਲੇ ਮੱਤਾਂ ਨੂੰ ਸੋਧਦੀ ਪਰਬੋਧਦੀ ਹੈ ਅਤੇ ਖੰਡਨ ਰੂਪ ਨਿਖੇਧੀ ਕਰਦੀ ਹੈ, ਨਾਸਤਕ ਅਤੇ ਅੱਧ-ਨਾਸਤਕ ਮੱਤਾਂ ਨੂੰ। ਗੁਰਮਤਿ ਨਾਮ ਦੀ ਅਚਲ ਅਭਿਆਸ ਕਮਾਈ ਦੇ ਅਟੱਲ ਪਰਤਾਪ ਨਾਲਿ ਵਾਹਿਗੁਰੂ ਸਰਬ ਵਿਆਪਕ ਅਤੇ ਸਰਬ-ਕਲਾ ਸਮਰੱਥ ਪਰਤੱਖ ਅਤੇ ਪਰਗਟ-ਪਾਹਾਰੇ ਨਜ਼ਰੀ ਆਵੰਦਾ ਹੈ। ਵਾਹਿਗੁਰੂ ਦੀ ਵਿਆਪਕਤਾ ਵਿਚਿ ਹੀ ਸਦ-ਜੀਵ ਦੇਹੁਰੀ, ਅਤੇ ਸਰਜੀਉ ਦੇਹੁਰੀ ਰੂਪੀ ਤਨ ਵਿਚਿ ਹੀ ਜੀਵ-ਆਤਮਾ ਜੋਤਿ ਜੋਤੀਸ਼ ਵਾਹਿਗੁਰੂ ਪ੍ਰਕਾਸ਼ਤ ਹੋ ਜਾਂਦਾ ਹੈ।

> ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥ ਕਹਿ
> ਕਬੀਰ ਰਾਮ ਨਾਮ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥ ੩॥੩॥

(ਗੋਂਡ ਕਬੀਰ ਜੀ, ਪੰਨਾ ੮੭੦)

ਉਪਰਲੀ ਸਮੁੱਚੀ ਵਿਆਖਿਆ ਇਸ ਸਮੁੱਚੇ ਗੁਰਵਾਕ ਦੀ ਇਉਂ ਹੀ ਕੀਤੀ ਗਈ ਹੈ—

> ਪੰਚ ਤਤੁ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ ॥ ਕਰਮ ਬਧ ਤੁਮ
> ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥ ੨ ॥ ਹਰਿ ਮਹਿ ਤਨੁ ਹੈ
> ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥ ਕਹਿ ਕਬੀਰ ਰਾਮ ਨਾਮੁ ਨ
> ਛੋਡਉ ਸਹਜੇ ਹੋਇ ਸੁ ਹੋਇ ਰੇ ॥ ੩ ॥ ੩ ॥

(ਗੋਂਡ ਕਬੀਰ ਜੀਉ, ਪੰਨਾ ੮੭੦)

ਸੱਚ ਮੁੱਚ ਕਰਮ ਕਰਾਉਣ ਕਾਰਣ-ਕਰਤੇ ਦੇ ਹਥਿ ਵਸਿ ਹੈ, ਸੰਸਾਰੀਆਂ ਕਰਮ-ਚਾਰੀਆਂ ਦੇ ਵਸਿ ਕਿਛ ਭੀ ਨਹੀਂ।

> ਨਾਨਕ ਸਚਾ ਏਕੁ ਹੈ ਦੂਹੁ ਵਿਚਿ ਹੈ ਸੰਸਾਰੁ ॥ ਚੰਗੈ ਮੰਦੈ ਆਪਿ ਲਾਇਅਨੁ
> ਸੋ ਕਰਨਿ ਜਿ ਆਪਿ ਕਰਾਏ ਕਰਤਾਰੁ ॥ ੨ ॥

(ਰਾਮਕਲੀ ਕੀ ਵਾਰ, ਮਃ ੩, ਪੰਨਾ ੯੫੦)

ਸੱਚੇ ਵਾਹਿਗੁਰੂ ਇਕ ਅਕਾਲ ਪੁਰਖ ਨੇ ਦਵੈਤਾ ਵਿਚਿ ਵਿਆਪ ਰਹੀ ਦੁਨੀਆ ਨੂੰ ਆਪੇ ਹੀ ਕਰਮਾਂ ਦੇ ਪਾਸੇ ਲਾਇਆ ਹੋਇਆ ਹੈ। ਚੰਗੇ ਮੰਦੇ ਕਰਮਾਂ ਵਿਚਿ ਆਪ ਹੀ ਆਪਣੇ ਹੁਕਮ ਅਨੁਸਾਰ ਸੰਸਾਰੀਆਂ ਨੂੰ ਲਾ ਛਡਿਆ ਹੈ। ਸੰਸਾਰੀ ਕਰਮਾਚਾਰੀ ਉਹੀ ਕੁਛ ਕਰਦੇ ਹਨ, ਉਹੀ ਕਰਮ ਕਮਾਉਂਦੇ ਹਨ ਜੋ ਆਪਿ ਖ਼ੁਦ ਕਰਤਾਰ ਕਰਾਏ, ਜਿਨ੍ਹਾਂ ਕਰਮਾਂ ਵਲ ਆਪਿ ਕਰਤਾਰ ਰੁਚੀ ਕਰਵਾਏ।

ਸੱਚੇ ਕਰਤਾਰ ਦਾ ਫ਼ੁਰਮਾਨ ਸੱਚਾ ਅਤੇ ਅਟੱਲ ਹੈ। ਇਸ ਫ਼ੁਰਮਾਨ ਹੁਕਮ ਨੂੰ ਕੋਈ ਫੇਰ ਨਹੀਂ ਸਕਦਾ, ਉਲਟਾ ਨਹੀਂ ਸਕਦਾ, ਮੋੜ ਨਹੀਂ ਸਕਦਾ। ਉਸ ਕਾਦਰ ਕਰਤੇ ਪੁਰਖ ਦੀ ਕੀਤੀ ਹੋਈ ਸਭ ਕੁਦਰਤਿ ਹੈ। ਕੁਦਰਤਿ ਦੇ ਬੰਦੇ ਭੀ ਸਭ ਓਸੇ ਦੇ ਕੀਤੇ ਹੋਏ ਹਨ। ਕੁਦਰਤਿ ਦੇ ਬੰਦਿਆਂ ਪਾਸੋਂ ਕਰਮ ਭੀ ਕਰਤਾ ਪੁਰਖ ਆਪਣੇ ਹੁਕਮ ਅਨੁਸਾਰੀ ਕਰਾਉਂਦਾ ਹੈ। ਉਹ ਕਾਰਣ ਕਰਣ ਕਰੀਮ ਹੈ। ਜਿਸ ਦੇ ਮਸਤਕਿ ਆਪਣੀ ਬਖ਼ਸ਼ਸ਼ ਦਾ ਕਰਮ ਨੀਸ਼ਾਣ ਪਾਉਂਦਾ ਹੈ, ਉਸੇ


www.sikhbookclub.com

ਸੇਵਕ ਕਰਮਾਚਾਰੀ ਨੂੰ ਆਪਣੇ ਹੁਕਮ ਅਨੁਸਾਰੀ ਕਰਮਾਂ ਦੀ ਕਮਾਈ ਰੂਪੀ ਸੇਵਾ ਵਿਚਿ ਲਿਆਉਂਦਾ ਹੈ। ਤੱਤ ਹੁਕਮ ਰਜ਼ਾਈ ਕਰਮਾਂ ਦੀ ਸਫਲ ਕਮਾਈ ਕਰਕੇ ਜਿਸ ਗੁਰਮੁਖਿ ਦਾ ਸਤਿਗੁਰੂ ਦਾ ਮੇਲਾ ਕਰਾਇ ਕੈ ਅਤੇ ਸਤਿਗੁਰੂ ਤੋਂ ਗੁਰਮੰਤਰ ਦੀਖਿਆ ਦਿਵਾਇ ਕੈ ਨਾਭ ਕੰਵਲ ਵਿਗਸਾਉਣਾ ਹੁੰਦਾ ਹੈ, ਉਸ ਨੂੰ ਦਿਨ ਰਾਤ ਜਾਗ੍ਰਤ ਅਵਸਥਾ ਵਿਚਿ ਸਾਵਧਾਨਤਾ ਸਹਿਤ ਅਤੁਟ ਅਭਿਆਸ ਕਮਾਈ ਕਰਨ ਦੀ ਦਾਤਿ ਮਿਲਦੀ ਹੈ।

**ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ ॥ ਕਾਰਣ ਕਰਣ ਕਰੀਮ ਕੁਦਰਤਿ ਤੇਰੀਐ ॥ ੧੬ ॥ ... ... ...**

**ਜਿਸ ਕੈ ਮਸਤਕਿ ਕਰਮੁ ਹੋਇ ਸੋ ਸੇਵਾ ਲਾਗਾ ॥ ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ ਸੋ ਅਨਦਿਨੁ ਜਾਗਾ ॥**

(ਰਾਮਕਲੀ ਕੀ ਵਾਰ ਮਃ ੫, ਪੰਨਾ ੯੬੪)

ਜੋ ਕੋਈ ਜਿਧਰ ਜਿਸ ਪਾਸੇ ਲਾਇਆ ਹੈ ਲਾਉਣਹਾਰੇ ਨੇ, ਸੋ ਪ੍ਰਾਣੀ ਓਧਰ ਹੀ ਉਸੇ ਪਾਸੇ ਲਗਦਾ ਹੈ। ਅਤੇ ਤੈਸੇ ਹੀ ਕਰਮ ਕਰਨ ਲਗ ਪੈਂਦਾ ਹੈ। ਜਿਸ ਉਤੇ ਵਾਹਿਗੁਰੂ ਦੀ ਅਤਿ ਦਰਜੇ ਦੀ ਕਿਰਪਾਲਤਾ ਹੁੰਦੀ ਹੈ, ਤਿਸ ਜਨ ਜਗਿਆਸੂ ਨੂੰ ਗੁਰੂ ਘਰ ਦੀ ਸਾਧ ਸੰਗਤਿ ਵਲ ਲਾਇ ਕੇ, ਸਤਸੰਗਤਿ ਵਿਚਿ ਰਖਾਇ ਕੇ ਤਿਸ ਪਾਸੋਂ ਸਿਮਰਨ ਭਜਨ ਰੂਪੀ ਸੱਚਾ ਕਰਮ ਕਰਾਉਂਦਾ ਹੈ ਅਤੇ ਬ੍ਰਹਮ ਪਾਰਬ੍ਰਹਮ ਦਾ ਧਿਆਨ ਧਰਾਉਂਦਾ ਹੈ। ਗੁਰੂ ਨਾਨਕ ਦੇ ਗੁਰਮਤਿ ਧਰਮ ਮਤਿ, ਗੁਰਮਤਿ ਵਾਲਾ ਧਿਆਨ ਧਿਆਨਾਉਂਦਾ ਹੈ। ਯਥਾ ਗੁਰਵਾਕ—

**ਜਿਤੁ ਕੋ ਲਾਇਓ ਤਿਤ ਹੀ ਲਾਗਾ ਤੈਸੇ ਕਰਮ ਕਮਾਇਓ ॥ ੭ ॥ ਜਉ ਭਇਓ ਕ੍ਰਿਪਾਲੁ ਤਾ ਸਾਧਸੰਗੁ ਪਾਇਆ ਜਨ ਨਾਨਕ ਬ੍ਰਹਮੁ ਧਿਆਇਓ ॥ ੮ ॥ ੧ ॥**

(ਮਾਰੂ ਮਃ ੫ ਘਰੁ ੩ ਅਸਟਪਦੀਆ, ਪੰਨਾ ੧੦੧੭)

ਕਰਤੇ ਪੁਰਖ ਦੇ ਪਠਾਏ ਹੋਏ ਹੀ ਜੀਵ ਜਗਤ ਵਿਚਿ ਆਉਂਦੇ ਹਨ ਅਤੇ ਸੋਈ ਕਰਮ ਕਰਾਉਂਦੇ ਹਨ ਜੈਸਾ ਕਿ ਵਾਹਿਗੁਰੂ ਦਾ ਰਜ਼ਾਕਾਰ ਭਾਣਾ ਹੁੰਦਾ ਹੈ। ਕਰਤੇ ਪੁਰਖ ਦੀ ਰਜ਼ਾ ਤੋਂ ਬਾਹਰਿ ਕਿਛ ਭੀ ਨਹੀਂ ਹੁੰਦਾ, ਨਾ ਕਰਮ ਨਾ ਧੰਦਾ। ਤਾਂ ਤੇ ਕਾੜ੍ਹਾ ਅੰਦੇਸਾ ਕਾਹਦਾ? ਯਥਾ ਗੁਰਵਾਕ—

**ਤੁਮਹਿ ਪਠਾਏ ਤਾ ਜਗ ਮਹਿ ਆਏ ॥ ਜੋ ਤੁਧੁ ਭਾਣਾ ਸੇ ਕਰਮ ਕਮਾਏ ॥ ਤੁਝ ਤੇ ਬਾਹਰਿ ਕਿਛੂ ਨ ਹੋਆ ਤਾ ਭੀ ਨਾਹੀ ਕਿਛੁ ਕਾੜਾ ॥ ੨ ॥**

(ਮਾਰੂ ਸੋਲਹੇ ਮਃ ੫, ਪੰਨਾ ੧੦੮੧)

ਜਿਸ ਪਾਸੇ ਏਹਨਾਂ ਅਲਪਗ ਪ੍ਰਾਣੀਆਂ ਨੂੰ ਲਾਇਆ ਹੈ ਤਿਸੇ ਪਾਸੇ ਓਹ ਲਗਦੇ ਹਨ ਅਤੇ ਤੇਹੋ ਜਿਹੇ ਹੀ ਕਰਮ ਕਮਾਉਂਦੇ ਹਨ। ਵਾਹਿਗੁਰੂ ਜਿਸ ਉਪਰ ਆਪਣੀ ਕਿਰਪਾ ਕਰਦਾ ਹੈ ਤਿਸ ਨੂੰ ਗੁਰੂ ਸ਼ਬਦ ਵਲ ਲਾ ਦਿੰਦਾ ਹੈ। ਗੁਰ-ਸ਼ਬਦ-ਕਮਾਈ ਉਸ ਤੋਂ ਕਰਾ ਕੇ ਉਸ ਨੂੰ ਬ੍ਰਹਮ ਸਰੂਪ ਸ਼ਬਦ ਵਿਖੇ ਹੀ, ਸ਼ਬਦ ਦੁਆਰਾ ਬ੍ਰਹਮ ਵਿਚ ਹੀ ਸਮਾ ਲੈਂਦਾ ਹੈ। ਯਥਾ ਗੁਰਵਾਕ—

**ਜਿਤ ਹਮ ਲਾਏ ਤਿਤ ਹੀ ਲਾਗੇ ਤੈਸੇ ਕਰਮ ਕਮਾਵਹਿਗੇ ॥ ਹਰਿ ਜੀ ਕ੍ਰਿਪਾ**


www.sikhbookclub.com

**ਕਰੇ ਜਉ ਅਪਨੀ ਤੌ ਗੁਰ ਕੇ ਸਬਦਿ ਸਮਾਵਹਿਗੇ ॥ ੩ ॥**

**(ਮਾਰੂ ਕਬੀਰ ਜੀ, ਪੰਨਾ ੧੧੦੩)**

ਇਹ ਸੰਸਾਰ ਸਾਰਾ ਵਿਕਾਰ ਰੂਪੀ ਹੈ ਅਤੇ ਵੇਕਾਰੀ ਕਰਮ ਵਿਚਿ ਹੀ ਵੇੜ੍ਹਿਆ ਹੋਇਆ ਹੈ। ਵੇਕਾਰ ਕਰਮਾਂ ਕਰਿ ਏਥੇ ਅੰਨ੍ਹੀ ਪਈ ਹੋਈ ਹੈ। ਕੋਈ ਕਿਸੇ ਨੂੰ ਵਰਜਦਾ ਨਹੀਂ। ਵਰਜੇ ਕਿਵੇਂ, ਸਾਰੇ ਅੰਧੇਰ ਹੀ ਅੰਧੇਰ ਵਿਆਪਿਆ ਹੋਇਆ ਹੈ। ਇਸ ਕਰਕੇ ਸਗਲੀ ਲੁਕਾਈ ਹੀ ਗੁਮਰਾਹ ਹੋਈ ਫਿਰਦੀ ਹੈ। ਆਨਮਤ ਕਿਰਤ-ਕਰੰਮੀਆਂ ਦੀ ਕੀਤੀ ਕਤਾਈ ਏਥੇ ਸਭ ਖੋਈ ਜਾਂਦੀ ਹੈ। ਏਥੇ ਤਾਂ ਬਸ ਨਾਮ ਰੂਪੀ ਰਤਨ ਦੀ ਅਭਿਆਸ ਕਮਾਈ ਰੂਪੀ ਕਰਮ ਦਾ ਹੀ ਚਾਨਣ ਹੁੰਦਾ ਹੈ। ਜਿਸ ਕਰਕੇ ਅਭਿਆਸੀ ਜਨ ਦੀ ਸੁਰਤੀ ਅੰਦਰਿ ਹੀ ਇਸ ਚਾਨਣ ਦਾ ਪਹੁ-ਫੁਟਾਲਾ ਹੁੰਦਾ ਹੈ, ਪ੍ਰਚੰਡ ਸੁਰਤਿ-ਗਿਆਨ ਰੂਪੀ ਲੋਈ ਫੁਟਦੀ ਹੈ। ਵਾਹਿਗੁਰੂ ਨਾਮ ਹੀ ਸੱਚਾ ਦਾਰੂ ਹੈ ਅੰਧਕਾਰ ਦੇ ਨਿਕਲਣ ਦਾ। ਹੋਰ ਸਰਬ ਕਰਮ ਨਾਸ ਰੂਪ ਹਨ। ਅਨਿਤ, ਨਾਸ ਹੋਣ ਵਾਲੇ ਹਨ। ਇਸ ਨਾਮ ਰੂਪੀ ਕਰਮ ਦੇ ਦਾਰੂ ਰੂਪੀ ਕਾਰਣ ਦਾ, ਸਫਲ ਫਲਾਰਨ ਕਾਰਣ ਦਾ ਕਰਨੇਹਾਰ ਭੀ ਵਡਾ ਅਪਾਰ ਹੈ।

**ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ**
**ਸਗਲ ਲੀਜੈ ਖੋਇ ॥ ੧ ॥ ਇਹ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ**
**ਅਵਰੁ ਨਾਸਤਿ ਕਰਣਹਾਰੁ ਅਪਾਰੁ ॥ ੧ ॥ ਰਹਾਉ ॥**

**(ਪ੍ਰਭਾਤੀ ਮਃ ੧, ਪੰਨਾ ੧੩੨੭)**

ਜਿਹੜੇ ਕਹਿੰਦੇ ਹਨ, ਮੇਰਾ ਕਰਿਆ ਸਭ ਕੁਛ ਹੁੰਦਾ ਹੈ ਓਹ ਸਭ ਝੰਖ ਝੰਖਦੇ ਹਨ (ਝਖ ਮਾਰਦੇ ਹਨ), ਓਹਨਾਂ ਦਾ ਕਹਿਆ ਕੀਤਾ ਕੁਛ ਨਹੀਂ ਹੁੰਦਾ। ਕਰਮ ਕਰੀਮ ਹੀ ਛੇਕੜ ਕਰਦਾ ਹੈ। ਉਸ ਦਾ ਕੀਤਾ ਕੋਈ ਮੇਟ ਨਹੀਂ ਸਕਦਾ—

**ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ ॥ ਕਰਮ ਕਰੀਮ ਜੁ ਕਰਿ**
**ਰਹੇ ਮੇਟਿ ਨ ਸਾਕੈ ਕੋਇ ॥ ੩੨ ॥**

**(ਸਲੋਕ ਕਬੀਰ ਜੀ, ਪੰਨਾ ੧੩੬੬)**

# ੧੦ – ਕਰਮ ਬਿਧਾਤਾ ਗੁਰੂ ਕਰਤਾਰੁ

ਸੇਵਕਾਂ, ਸ਼ੁਭ-ਕਰਮਾਚਾਰੀਆਂ ਤੋਂ ਵਾਹਿਗੁਰੂ, ਗੁਣ ਦਾਤਿ ਦਾ ਸ਼ੁਭ ਗੁਣ ਦਾਤਾ, ਨਿਰਮਲੀ ਹੂੰ ਨਿਰਮਲਾਤਾ ਸ਼ੁਭ-ਗੁਣੀ ਕਰਮ ਕਰਾਇੰਦਾ ਹੈ। ਆਪਣੀ ਨਿਰਮਲ ਬਖ਼ਸ਼ਸ਼ ਕਰਕੇ ਪਹਿਲਾਂ ਨਿਜ-ਬਖ਼ਸ਼ਸ਼-ਪਾਤਰਾਂ ਨੂੰ ਸੱਚੇ ਸਤਿਗੁਰੂ ਦੀ ਮੇਲ-ਮਿਲਾਉਣੀ ਬਖ਼ਸ਼ਸ਼ ਕਰਦਾ ਹੈ। ਫੇਰ ਗੁਰੂ ਦੁਆਰੇ ਗੁਰ ਸ਼ਬਦ ਮੰਤਰ ਦੀ ਦਾਤਿ ਕਰਾਉਂਦਾ ਹੈ। ਇਉਂ ਓਹਨਾਂ ਨੂੰ ਨਿਰਮਲ ਸ਼ਬਦ-ਅਭਿਆਸ ਕਰਮਾਚਾਰੀ ਬਣਾ ਦਿੰਦਾ ਹੈ। ਗੁਰ-ਸ਼ਬਦ ਮੰਤਰ ਦੀ ਨਿਰਮਲ ਅਭਿਆਸ ਕਮਾਈ ਕਰਦਿਆਂ ਹੋਇਆਂ, ਸ਼ਬਦ ਕਮਾਈ ਸੰਚਰਦਿਆਂ ਅਭਿਆਸੀ ਜਨਾਂ ਦਾ ਦੂਜਾ ਭਾਉ ਦੂਰ ਹੋ ਜਾਂਦਾ ਹੈ। ਫੇਰ ਓਹਨਾਂ ਦੀ ਗੁਣੀ ਵਾਹਿਗੁਰੂ ਵਿਚਿ ਸਮਾਈ ਹੋ ਜਾਂਦੀ ਹੈ। ਇਉਂ ਵਾਹਿਗੁਰੂ ਗੁਣਾਂ ਦਾ ਦਾਤਾ, ਆਪਣੇ ਗੁਣਾਂ ਵਿਚਿ ਗੁਣ-ਕਰਮਾਤੇ ਨੂੰ ਆਪਿ ਸਮਾਇ ਲੈਂਦਾ ਹੈ। ਗੁਰੂ ਨਾਨਕ ਸਾਹਿਬ ਜੀ ਐਸੇ ਗੁਣਾਂ ਦੇ ਸਮੂਹ, ਸੱਚੇ ਗੁਣੀ, ਵਾਹਿਗੁਰੂ ਅਤੇ ਵਾਹਿਗੁਰੂ ਨਾਮ ਨੂੰ ਹਿਰਦੇ ਵਿਚਿ ਵਸਾਉਣ ਵਾਲਿਆਂ ਦੇ ਬਾਰੰਬਾਰ ਵਾਰਨੇ ਜਾਂਦੇ ਹਨ। ਨਿਰਮਲ ਨਿਰੰਕਾਰ ਵਾਹਿਗੁਰੂ ਸੱਚੇ ਦਾ ਸੱਚਾ ਨਾਮ 'ਵਾਹਿਗੁਰੂ' ਭੀ ਸਦਾ ਨਿਰਮਲ ਹੀ ਹੈ। ਪ੍ਰੰਤੂ ਇਹ ਨਿਰਮਲ ਨਾਮ ਗੁਰ-ਸ਼ਬਦ ਦੀਖਿਆ ਦੁਆਰਾ ਹੀ ਦ੍ਰਿੜ੍ਹ ਹੁੰਦਾ ਹੈ, ਅਤੇ ਅਭਿਆਸੀ ਜਨਾਂ ਦੇ ਮਨ ਵਿਚਿ ਵਸਦਾ ਹੈ। ਆਪੇ ਹੀ ਵਾਹਿਗੁਰੂ ਗੁਰ-ਦਾਤਾ ਗੁਰ ਸ਼ਬਦ ਦੀਖਿਆ ਬਖ਼ਸ਼ਾਤਾ ਬਣ ਜਾਂਦਾ ਹੈ। ਆਪੇ ਹੀ ਆਪਣੇ ਅਧਿਕਾਰੀ ਜਨਾਂ ਪਾਸੋਂ ਸ਼ਬਦ (ਗੁਰਮੰਤਰ ਅਭਿਆਸ) ਕਮਾਈ ਕਰਾ ਕੇ ਉਸ ਕਮਾਈ ਦਾ ਫਲ-ਪਰਦਾਤਾ ਕਰਮ ਬਿਧਾਤਾ ਬਣਿ ਜਾਂਦਾ ਹੈ। ਕਮਾਈ ਕਰਨੇਹਾਰੇ ਗੁਰਸਿਖ ਸੇਵਕ ਗੁਰਮੁਖਿ ਜਨ ਕਮਾਈਆਂ ਕਰਿ ਕਰਿ, ਵਾਹਿਗੁਰੂ ਦੇ ਤੱਤ-ਗਿਆਤੇ ਤੱਤਵੇਤੇ ਹੋ ਜਾਂਦੇ ਹਨ। ਅੰਮ੍ਰਿਤ ਨਾਮ ਦੀਆਂ ਕਮਾਈਆਂ, ਅਭਿਆਸ ਕਮਾਈਆਂ ਕਰਨਹਾਰੇ ਜਨ ਸਦਾ ਹੀ ਸੁੰਦਰ ਸੋਹਣੇ, ਅਤਿ ਸੋਹਣੇ ਹੋ ਜਾਂਦੇ ਹਨ, ਕਿਉਂਕਿ ਗੁਰਮਤਿ ਨਾਮ ਦੇ ਅਭਿਆਸ ਦੀ ਅਮਿਉ ਰਸਾਇਣੀ ਕਲਾ ਕ੍ਰਿਸ਼ਮ ਕਮਾਈ ਦੁਆਰਾ ਹਰਿ ਰਸ ਓਹਨਾਂ ਦੇ ਮੁਖਾਰਬਿੰਦ ਤੋਂ ਟੁਲਿ ਟੁਲਿ ਪਉਂਦਾ, ਡੁਲ੍ਹਿ ਡੁਲ੍ਹਿ ਪੈਂਦਾ ਰਹਿੰਦਾ ਹੈ। ਯਥਾ ਗੁਰਵਾਕ—

> ਹਰਿ ਆਪੇ ਮੇਲੇ ਸੇਵ ਕਰਾਏ ॥ ਗੁਰ ਕੈ ਸਬਦਿ ਭਾਉ ਦੂਜਾ ਜਾਏ ॥ ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ ॥ ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥ ੧ ॥ ਰਹਾਉ ॥ ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥ ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥ ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥ ੨ ॥

(ਮਾਝ ਮਃ ੩, ਪੰਨਾ ੧੨੬)

ਕਰਤਾ ਪੁਰਖ, ਕਾਦਰੇ ਮੁਤਲਕ ਕਰਤਾਰ ਆਪੇ ਹੀ ਆਪਣੀ ਕੁਦਰਤਿ ਸਾਜ ਕੇ, ਆਪੇ ਆਪਣੀ ਸਾਜੀ ਕੁਦਰਤਿ ਦੇ ਜੀਅ ਜੰਤ ਦੇ ਕਰਮਾਂ ਦਾ (ਅਕਰਮਾਂ ਸੁਕਰਮਾਂ ਦਾ) ਆਪੇ ਹੀ

 www.sikhbookclub.com

ਬੀਚਾਰ ਕਰਦਾ ਹੈ। ਖੋਟਿਆਂ ਖਰਿਆਂ ਦਾ ਪਰਖਣਹਾਰਾ ਭੀ ਆਪ ਹੀ ਹੈ। ਖੋਟਿਆਂ ਦੇ ਖੋਟੇ ਦੁਕ੍ਰਿਤ ਕਰਮਾਂ ਦਾ ਅਤੇ ਖਰਿਆਂ ਦੇ ਖਰੇ ਸੁਕ੍ਰਿਤ ਕਰਮਾਂ ਦਾ ਪਰਖ-ਪਰਖਾਇ ਕੇ ਨਿਖੇੜਾ ਨਿਬੇੜਾ ਭੀ ਆਪ ਹੀ ਕਰਦਾ ਹੈ। ਖਰਿਆਂ ਨੂੰ ਓਹਨਾਂ ਦੇ ਖਰੇ ਦੁੱਧ-ਧੋਤੇ ਕਰਮਾਂ ਦੀ ਸ਼ੁਭ ਕਰਣੀ ਅਨੁਸਾਰ ਆਪਣੀ ਪਰਵਾਨਗੀ ਦੇ ਖ਼ਜ਼ਾਨੇ ਵਿਚਿ ਪਾ ਲੈਂਦਾ ਹੈ, ਖੋਟਿਆਂ ਨੂੰ ਓਹਨਾਂ ਦੇ ਖੋਟੇ ਕਰਮਾਂ ਕਰਕੇ ਬਾਹਰਿ ਕਢ ਕੇ ਪਰੇ ਵਗਾਹ ਮਾਰਦਾ ਹੈ। ਸੱਚੇ ਦੀ ਸੱਚੀ ਦਰਗਾਹੇ ਖੋਟਿਆਂ ਦੀ ਕੁਛ ਨਹੀਂ ਵਟੀਦੀ। ਓਹ ਸੱਚੀ ਦਰਗਾਹੇ ਵੜਨੇ ਨਹੀਂ ਪਾਉਂਦੇ। ਜੇ ਕਿਤੇ ਘੁਸੜ ਭੀ ਜਾਣ ਮਲੋ ਮਲੀ ਤਾਂ ਬਾਹਰਿ ਕਢ ਸੁਟੀਂਦੇ ਹਨ। ਓਹਨਾਂ ਦੀ ਕੂਕ ਪੁਕਾਰ ਕੋਈ ਨਹੀਂ ਸੁਣਦਾ। ਕਿਸ ਅਗੇ ਜਾ ਕੇ ਪੁਕਾਰ ਕਰਨ! ਓਹਨਾਂ ਨੂੰ ਹੋਰ ਕੋਈ ਨਹੀਂ ਕਬੂਲਦਾ। ਹਾਰ ਕੇ ਸਤਿਗੁਰੂ ਦੇ ਪਿਛੇ ਭਜ ਕੇ ਉਸੇ ਦੀ ਸ਼ਰਨੀ ਜਾ ਢਹਿੰਦੇ ਹਨ ਅਤੇ ਘਿਗਿਆ ਕੇ ਜਦੋਂ ਲੇਲ੍ਹੜੀਆਂ ਕਢਦੇ ਹਨ ਕਿ ਸਾਨੂੰ ਬਖ਼ਸ਼ ਲਵੋ ਤਾਂ ਸਤਿਗੁਰੂ ਦਇਆਲ-ਦਾਤਾ ਓਹਨਾਂ ਨੂੰ ਆਪਣੇ ਲੜਿ ਲਾ ਲੈਂਦਾ ਹੈ। ਲੜਿ-ਲਗਿਆਂ ਦੀ ਲਾਜ ਸਤਿਗੁਰੂ ਪਾਲਦਾ ਹੈ। ਗੁਰੂ ਨਾਨਕ ਦਾ ਘਰ ਸਦਾ ਬਖ਼ਸ਼ਿੰਦ ਹੈ। ਸਤਿਗੁਰੂ ਆਪਣੀ ਕਿਰਪਾ ਕਰਿ ਓਹਨਾਂ ਨੂੰ ਸੁਮੱਤਿ ਬਖ਼ਸ਼ਦਾ ਹੈ। ਗੁਰਮਤਿ-ਦੀਖਿਆ ਦਾਨ ਆਪਣੇ ਦੁਆਰਿਓਂ ਦਿਵਾਉਂਦਾ ਹੈ ਅਤੇ ਉਸ ਦੀਖਿਆ ਗੁਰਮੰਤਰ ਦੀ ਕਮਾਈ ਕਰਨ ਲਾ ਦਿੰਦਾ ਹੈ। ਇਹੀ ਕਰਣੀ (ਗੁਰ ਸ਼ਬਦ ਦੀ ਕਮਾਈ) ਹੀ ਸਾਰ ਕਰਣੀ ਹੈ, ਜਿਸ ਕਰਕੇ ਕਿ ਓਹ ਸਤਿਗੁਰੂ ਦੇ ਪਰਤਾਪ ਨਾਲਿ ਖੋਟਿਓਂ ਖਰੇ ਹੋ ਜਾਂਦੇ ਹਨ। ਐਸਾ ਹੈ ਸਤਿਗੁਰੂ ਸੁਖ-ਦਾਤਾ ਕਰਮ-ਬਿਧਾਤਾ! ਸ਼ਬਦ ਦੀ ਸਾਰ ਕਮਾਈ ਦੁਆਰਾ ਖੋਟਿਆਂ ਦਾ ਜਨਮ-ਜੀਵਣ ਭੀ ਸੰਵਾਰ ਦਿੰਦਾ ਹੈ। ਇਸ ਬਿਧਿ ਓਹ ਗੁਰੂ ਘਰ ਦੇ ਪਰਮ ਪ੍ਰੇਮੀ ਅਤੇ ਪੰਚ ਪਰਵਾਣ ਪਿਆਰੇ ਬਣ ਜਾਂਦੇ ਹਨ। ਗੁਰੂ ਦੇ ਬਖ਼ਸ਼ੇ ਪ੍ਰੇਮ ਪਿਆਰ ਕਰਕੇ ਵਾਹਿਗੁਰੂ ਦੀ ਸੱਚੀ ਦਰਗਾਹ ਵਿਚਿ ਭੀ ਓਹ ਪਰਵਾਨੇ ਮੰਨੇ ਜਾਂਦੇ ਹਨ। ਤਿਨ੍ਹਾਂ ਦੇ ਕਰਮਾਂ ਦੀ ਗਿਣਤੀ ਕੋਈ ਕੀ ਕਰ ਸਕਦਾ ਹੈ, ਜਿਨ੍ਹਾਂ ਨੂੰ ਗੁਰੂ ਕਰਤਾਰ ਨੇ ਆਪਿ ਬਖ਼ਸ਼ ਦਿੱਤਾ ਹੈ। ਧਰਮਰਾਇ ਖ਼ੁਦ ਭੀ ਓਹਨਾਂ ਤੋਂ ਓਹਨਾਂ ਦੇ ਕਰਮਾਂ ਦਾ ਲੇਖਾ ਨਹੀਂ ਲੈ ਸਕਦਾ। ਯਥਾ ਗੁਰਵਾਕ—

> **ਪਉੜੀ ॥ ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥ ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰਵਾਰਿ ॥ ਖੋਟੇ ਸਚੀ ਦਰਗਾਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥ ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥ ਸਤਿਗੁਰ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥ ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥ ੧੨ ॥**
>
> (ਵਾਰ ਮਾਝ ਕੀ, ਪੰਨਾ ੧੪੩)

ਐਸਾ ਹੈ ਕਰਮ-ਬਿਧਾਤਾ ਗੁਰੂ ਕਰਤਾਰੁ! ਕਰਤੇ ਦਾ ਕੀਤਾ ਹੋਇਆ ਹੋਣ ਕਰਕੇ ਮਾਨੁਖ ਓਹੀ ਕਰਮ ਕਰਦਾ ਹੈ ਅਤੇ ਉਸ ਦਾ ਉਹੀ ਕਰਮ ਕੀਤਾ ਥਾਇੰ ਪੈਂਦਾ ਹੈ ਜੋ ਕਰਤੇ ਦੀ ਰਜ਼ਾ ਅਨੁਸਾਰ ਹੋਵੇ। ਕਰਤੇ ਦਾ ਕੀਤਾ ਹੋਇਆ ਅਲਪੱਗ ਮਾਨਸ ਕਰਤੇ ਦਾ ਕਰਾਇਆ ਕਰਮ ਕਰਦਾ ਹੈ। ਉਸ ਦੇ ਗੋਚਰਾ ਕੁਝ ਨਹੀਂ। ਉਸ ਨੂੰ ਪੁਛਦਾ ਕੋਈ ਨਹੀਂ। ਤਿਸ ਨੂੰ ਕਹਿ ਪੁਛ ਕੇ ਕਿਸੇ ਨੇ ਕੀ ਲੈਣਾ ਕਰਨਾ ਹੈ! ਕਰਤੇ ਦੇ ਕੀਤੇ ਹੋਏ ਜੀਵ ਦੇ ਵਸਿ ਕਿਛ ਨਹੀਂ। ਉਸ ਨੂੰ ਕੀ ਕਹਿਣਾ ਹੋਇਆ! ਕੀਤੇ ਹੋਏ ਜੀਵ ਦੀ ਚਤਰਾਈ ਕਰਤੱਬ, ਕਰਮਾਈ-ਚਤਰਾਈ ਏਥੇ ਪੁਜਦੀ ਨਹੀਂ। ਕਰਣਹਾਰ

ਕਰਤਾਰ ਨੇ ਜੋ ਕੁੱਛ ਕਰਨਾ ਹੈ ਸੋ ਕਰ ਰਹਿਆ ਹੈ ਅਤੇ ਕਰ ਕੇ ਹੀ ਰਹੇਗਾ। ਹੇ ਕਰਤਾਰ! ਤੇਰਾ ਹੁਕਮ ਹੀ ਭਲਾ! ਤੇਰੇ ਹੁਕਮ ਅਨੁਸਾਰ ਜੋ ਤੁਧਨੋ ਭਾਵੇ ਸੋਈ ਭਲਾ ਹੈ। ਸੋਈ ਅਸਾਨੂੰ ਕਰਨਾ ਉਚਿਤ ਹੈ। ਤੈਨੂੰ ਤੇਰਾ ਹੁਕਮ ਹੀ ਭਲਾ ਭਾਉਂਦਾ ਹੈ। ਅਤੇ ਤੇਰਾ ਹੁਕਮਾਂ ਸਿਰਿ ਹੁਕਮੁ, ਸੱਚੜਾ ਹੁਕਮ ਹੈ ਸਿਫਤਿ ਸਾਲਾਹ, ਨਾਮ ਸਾਲਾਹਣਾ, ਨਾਮ ਦੀ ਸਿਫਤਿ ਕਮਾਈ ਵਾਲਾ ਕਰਮ ਕਮਾਵਣਾ। ਤਾਂ ਤੇ ਕਿਸੇ ਨੂੰ ਸੱਚੇ ਪੁਰਖ ਕਰਤਾਰ ਦੇ ਦਰਬਾਰ ਵਿਚਿ ਵਡਿਆਈ ਮਿਲਦੀ ਹੈ ਜੋ ਸੱਚੇ ਨਾਮ ਦੀ ਅਭਿਆਸ ਕਰਮ ਕਮਾਈ ਕਰਦਾ ਕਰਦਾ ਸੱਚੇ ਨਾਮ ਦੇ ਜੋਤਿ ਜੋਤੀਸ਼ ਸਰੂਪ ਵਿਚਿ ਸਮਾ ਜਾਵੇ। ਜੋ ਕਰਤਾਰ ਕਰਨੇਹਾਰ ਦਾ ਧੁਰੋਂ ਲਿਖਿਆ ਹੋਇਆ ਹੁਕਮ (ਪਰਵਾਨਾ) ਹੈ, ਤਿਸ ਅਨੁਸਾਰ ਹੀ ਜੀਵ ਦੇ ਕਰਮ-ਰੇਖ ਅਨੁਸਾਰੀ ਕਿਰਤ ਪਈ ਹੋਈ ਹੈ। ਨਾ ਕਰਤਾਰ ਦਾ ਹੁਕਮ ਫਿਰੇ, ਨਾ ਇਹ ਕਿਰਤ-ਰੇਖ ਫਿਰੇ। ਨਾ ਇਹ ਹੁਕਮ ਇਕ ਵਾਰ ਲਿਖਿਆ ਜਾ ਕੇ ਫੇਰ ਕਿਸੇ ਦਾ ਮੁੜਾਇਆ ਮੁੜ ਸਕੇ, ਨਾ ਹੀ ਮਸਤਕਿ ਵੁੜੀ ਕਰਮ-ਰੇਖ ਮਿਟ ਸਕੇ। ਜੈਸਾ ਕਰਨਹਾਰ ਕਰਤਾਰ ਨੇ ਲੇਖ ਲਿਖਿਆ ਹੈ ਤੈਸਾ ਹੀ ਕਰਮ ਕਰਨਾ ਉਸ ਦੇ ਗਲਿ ਪਿਆ ਹੈ। ਉਕਤ ਕਰਮ ਉਸ ਨੂੰ ਕਰਨਾ ਹੀ ਪਵੇਗਾ। ਹਿਕਮਤਿ ਹੁੱਜਤੀ ਪੁਕਾਰ ਉਸ ਦੀ ਸੁਣੀ ਨਹੀਂ ਜਾਏਗੀ। ਹਰਿ ਦਰਗਹਿ ਬਹੁਤਾ ਬੋਲਣ ਵਾਲੇ ਦਾ ਨਾਉਂ ਬੋਲ-ਵਿਗਾੜ ਮੂਰਖ-ਗਵਾਰ ਬਜ਼ਾਰੀ ਹੀ ਪਵੇਗਾ। ਜ਼ਿੰਦਗੀ ਰੂਪੀ ਸ਼ਤਰੰਜ ਦੀ ਬਾਜ਼ੀ ਪੁਗਦੀ ਨਹੀਂ ਅਤੇ ਨਰਦ ਕੱਚੀ ਰਹਿੰਦੀ ਹੈ। ਹੁਕਮੀ ਬੰਦਾ ਸੋਈ ਹੈ ਜੋ ਉਸ ਦੇ ਹੁਕਮ ਫ਼ੁਰਮਾਨੀ ਬੰਦਸ਼ ਵਿਚਿ, ਬੰਦੀ ਅੰਦਰਿ ਬੰਦਗੀ ਕਰਦਾ ਹੈ। ਸਿਫ਼ਤਿ ਸਾਲਾਹੀ ਕਰਮ ਕਰਦਾ ਹੈ ਅਤੇ ਹੁਕਮ ਸਤਿ ਸਤਿ ਕਰਿ ਮੰਨਦਾ ਹੈ। ਏਥੇ ਦਾਨੇ ਬੀਨੇ ਪੜ੍ਹਿਆਂ ਹੋਇਆਂ ਕਰਮ-ਅਭਿਮਾਨੀ ਪੰਡਤਾਂ ਦਾ ਕੋਈ ਚਾਰਾ ਨਹੀਂ ਚਲਦਾ। ਨਾ ਹੀ ਮੂਰਖਾਂ ਦੇ ਮੰਦ ਕਰਮਾਂ ਦੀ ਹੀ ਗਣਤੀ ਗਣੀ ਜਾਂਦੀ ਹੈ। ਕਿਸੇ ਦੀ ਘਾਲ ਥਾਇੰ ਪਾਉਣੀ ਹੋਵੇ ਤਾਂ ਪੁਰਖਾਂ ਦੀ ਮੰਦ ਕਰੰਮੀ ਰੇਖਾ ਨੂੰ ਭੀ ਉਹ ਮਿਟਾਇ ਦਿੰਦਾ ਹੈ ਅਤੇ ਮੰਦ-ਕਰਮੀਆਂ ਨੂੰ ਸੁਕ੍ਰਿਤ-ਕਰਮੀ ਬਣਾ ਦਿੰਦਾ ਹੈ। ਯਥਾ ਗੁਰਵਾਕ—

> ਆਸਾ ਮਹਲਾ ੧ ॥ ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥ ੧ ॥ ਤੇਰਾ ਹੁਕਮੁ ਭਲਾ ਤੁਧੁ ਭਾਵੈ ॥ ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥ ੧ ॥ ਰਹਾਉ ॥ ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ ॥ ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ ॥ ੨ ॥ ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥ ਸਤਰੰਜੀ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ ॥ ੩ ॥ ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥ ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥ ੪ ॥ ੨ ॥ ੩੬ ॥

(ਪੰਨਾ ੩੫੯)

ਜਿਸ ਤੇ ਉਹ ਆਪ ਦਇਆਲ ਹੁੰਦਾ ਹੈ ਤਿਸ ਨੂੰ ਆਪਣਾ ਹੁਕਮ ਆਪ ਬੁਝਾ ਦਿੰਦਾ ਹੈ। ਅਤੇ ਹੁਕਮ ਬੁਝਾ ਕੇ ਉਸ ਤੋਂ ਹੁਕਮ ਅਨੁਸਾਰੀ ਕਰਮ ਕਰਾਉਂਦਾ ਹੈ। ਅਤੇ ਸੱਚੇ ਲੇਖੇ ਲਾਉਂਦਾ ਹੈ। ਜਿਸ ਨੂੰ ਆਪ ਭੁਲਾਏ, ਉਹ ਨਿਤ ਨਵੀਂ ਮਉਤ ਮਰਦਾ ਹੈ ਅਤੇ ਨਿਤ ਨਵੀਂ ਜੂਨ ਜੰਮਦਾ ਹੈ।

ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥ ਜਿਸਹਿ ਭੁਲਾਏ ਆਪਿ ਮਰਿ ਮਰਿ ਜੰਮਹਿ ਨਿਤ ॥ ੨ ॥

(ਗੂਜਰੀ ਕੀ ਵਾਰ, ਮਃ ੫, ਪੰਨਾ ੫੨੩)

ਕਰਤਾਰ ਕਰਤਾ ਪੁਰਖ ਦੇ ਕਰਨ ਕਾਰਨ ਸਮਰੱਥ ਹੋਣ ਪ੍ਰਥਾਇ ਹੇਠ ਲਿਖਿਆ ਗੁਰ-ਪ੍ਰਮਾਣ ਖ਼ੂਬ ਢੁਕਦਾ ਹੈ। ਯਥਾ ਗੁਰਵਾਕ—

ਬਿਲਾਵਲੁ ਮਹਲਾ ੫ ॥ ਜਿਨਿ ਤੂ ਬੰਧਿ ਕਰਿ ਛੋਡਿਆ ਫੁਨਿ ਸੁਖ ਮਹਿ ਪਾਇਆ ॥ ਸਦਾ ਸਿਮਰਿ ਚਰਣਾਰਬਿੰਦ ਸੀਤਲ ਹੋਤਾਇਆ ॥ ੧ ॥ ਜੀਵਤਿਆ ਅਥਵਾ ਮੁਇਆ ਕਿਛੁ ਕਾਮਿ ਨ ਆਵੈ ॥ ਜਿਨਿ ਏਹੁ ਰਚਨੁ ਰਚਾਇਆ ਕੋਊ ਤਿਸ ਸਿਉ ਰੰਗੁ ਲਾਵੈ ॥ਰਹਾਉ ॥ ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ ॥ ਕੀਰੀ ਤੇ ਹਸਤੀ ਕਰੈ ਟੂਟਾ ਲੇ ਗਾਢੈ ॥ ੨ ॥ ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ ॥ ਕਿਰਤ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ ॥ ੩ ॥ ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥ ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥ ੪ ॥ ੩੦ ॥ ੬੦ ॥

(ਪੰਨਾ ੮੧੬)

ਭਾਵ – ਜਿਸ ਕਰਨਹਾਰ ਕਰਤਾਰ ਸਿਰਜਣਹਾਰ ਨੇ ਇਸ ਜੀਵ ਨੂੰ ਸਿਰਜ ਕੇ ਗਰਭ ਵਿਖੇ ਨੌਂ ਦਸ ਮਾਸ ਪਾਇ ਰਖਿਆ ਅਤੇ ਬੰਧਿ ਰਹਾਇ ਰਖਿਆ, ਤਿਸ ਗਰਭ-ਬੰਧਨ ਵਿਚਿ ਬੰਧੇ ਹੋਏ ਨੂੰ ਗਰਭ-ਕੁੰਡ ਵਿਖੇ ਭੀ ਜੀਵਾਇ ਰਖਿਆ ਅਤੇ ਗਰਭ-ਅਗਨੀ ਦਾ ਸੇਕ ਨਾ ਲਗਣ ਦਿੱਤਾ ਅਤੇ ਫੇਰ ਇਸ ਗਰਭ ਦੀ ਕੈਦ ਚੋਂ ਕਢ ਕੇ ਬਾਹਰ ਖੁਲ੍ਹੀ ਪਉਣ ਲਵਾਈ ਅਤੇ ਖੁਲ੍ਹਾ ਸਾਹ ਲਵਾਇਆ। ਇਉਂ ਗਰਭ-ਅਸਥਾਨੜੇ-ਦੁਖ ਚੋਂ ਕਢ ਕੇ ਸੁਖ ਮਹਿ ਪਾਇਆ, ਸੁਖੀ ਕੀਤਾ। ਐਸੇ ਸੁਖਦਾਇਕ ਸੁਖ-ਪਾਇਕ ਬੰਧਨ-ਛਡਾਇਕ ਸਮਰੱਥ ਪ੍ਰਭੂ ਪਰਮੇਸਰ ਦਾ ਸਦਾ ਸਦਾ ਸਿਮਰਨ ਕਰਿ, ਹੇ ਪ੍ਰਾਣੀ! ਉਸ ਦੀ ਚਰਨ ਸਰਨ ਢਹਿ ਕੇ । ਜਿਸ ਸਿਮਰਨ ਦੇ ਪਰਤਾਪ ਨਾਲਿ ਸਦਾ ਸਦਾ ਸੀਤਲਤਾ ਵਰਤੇਗੀ। ਆਪੋਂ ਤਾਂ ਇਹ ਜੀਵ ਕਿਸੇ ਕੰਮ ਨਹੀਂ ਆਉਂਦਾ। ਨਾ ਜੀਊਂਦਾ ਨਾ ਮੋਇਆ, ਕਿਸੇ ਕੰਮ ਦਾ ਨਹੀਂ। ਤਾਂ ਤੇ ਇਸ ਜੀਵ ਨਾਲਿ ਯਾ ਜੀਵ-ਰਚਨੀ ਰਚਨਾ ਨਾਲਿ ਮੋਹ ਲਾਉਣਾ ਬਿਰਥਾ ਹੈ। ਜਿਸ ਨਾਲਿ ਨੇਹੁ ਲਾਉਣਾ ਭੀ ਬੇਫ਼ਾਇਦਾ ਹੈ। ਜਿਸ ਸਿਰਜਨਹਾਰ ਕਰਤਾਰ ਨੇ ਇਹ ਰਚਨਾ ਰਚੀ ਅਤੇ ਆਪਣੀ ਰਚਨਾ ਦੁਆਰਾ ਇਹ ਜੀਵ ਰਚਿਆ, ਬਿੰਦ ਤੋਂ ਪਿੰਡ ਤੇ ਪਿੰਡ ਤੋਂ ਜੀਵ ਮਾਨੁ ਪ੍ਰਾਣਾਧਾਰੀ ਬਣਾ ਦਿੱਤਾ, ਉਸ ਰਚਨਹਾਰ ਕਰਤਾਰ ਨਾਲਿ ਕੋਈ ਵਿਰਲਾ ਹੀ ਪ੍ਰੇਮ-ਰੰਗ ਲਾਉਂਦਾ ਹੈ। ਜੋ ਲਾਉਂਦਾ ਹੈ ਸੋ ਵਡਭਾਗਾ ਸੁਖ-ਸੋਹਾਗਾ ਹੈ। ਸਭ ਕੁਛ ਕਰਤੇ ਦੇ ਵਸਿ ਹੈ, ਪ੍ਰਾਣੀ ਦੇ ਵਸਿ ਕੁਛ ਭੀ ਨਹੀਂ। ਗਰਮੀ ਸਰਦੀ ਦਾ ਕਰਨਹਾਰ ਕਰਤਾ ਹੈ। ਹੁੱਸੜ ਤਪਤ ਵਿਚੋਂ ਕਢ ਕੇ ਠੰਡਕ ਮਈ ਕੁਸਲ ਸੁਖ ਵਾਤਾਵਰਣਹਾਰਾ ਭੀ ਓਹੀ ਸਿਰਜਨਹਾਰੁ ਹੈ। ਉਸ ਦੀ, ਉਸ ਸਰਬ ਕਲਾ ਸਮਰੱਥ ਦੀ ਸਮਰੱਥਤਾ ਅਪਰ ਅਪਾਰ ਹੈ। ਕੀੜੀ ਤੋਂ ਹਾਥੀ ਬਣਾ ਸਕਦਾ ਹੈ। ਕੀੜੀ ਦੀ ਹੇਚ ਹਸਤੀ ਤੋਂ ਹਾਥੀ ਦੀ ਵਿਸ਼ੇਸ਼ ਤਾਕਤ ਦੇ ਸਕਦਾ ਹੈ। ਜਨਮ ਜਨਮ ਦੇ ਵਾਹਿਗੁਰੂ ਤੋਂ ਟੁਟੇ ਨੂੰ ਵਾਹਿਗੁਰੂ ਨਾਲਿ ਫੇਰ ਗੰਢ ਸਕਦਾ ਹੈ, ਜੋੜ ਸਕਦਾ ਹੈ। ਅੰਡਜ, ਜੇਰਜ, ਸੇਤਜ ਉਤਭੁਜ ਜੀਵ-ਜੋਨੀ ਦੀਆਂ ਚਾਰੇ ਖਾਣੀਆਂ ਏਹ ਸਭ ਪ੍ਰਭੂ ਪਰਮਾਤਮਾ ਦੀ ਹੀ ਕਿਰਤ ਹਨ। ਉਸੇ ਕਰਨਹਾਰ

ਕਰਤਾਰ ਦੀਆਂ ਹੀ ਕੀਤੀਆਂ ਹੋਈਆਂ ਹਨ। ਅੰਡਜ ਅੰਡੇ ਤੋਂ ਪੈਦਾਇਸ਼ ਦੇਣ ਵਾਲੀ ਖਾਣੀ, ਜੇਰਜ ਜੇਰ ਤੋਂ ਪੈਦਾ ਹੋਣ ਵਾਲੀ ਖਾਣੀ, ਸੇਤਜ ਪਸੀਨੇ ਤੋਂ ਪੈਦਾ ਹੋਣ ਵਾਲੀ ਖਾਣੀ, ਉਤਭੁਜ ਬਨਾਸਪਤੀ ਤੋਂ ਉਗਵਣ ਵਾਲੀ ਖਾਣੀ, ਇਹ ਚਾਰੇ ਖਾਣੀਆਂ ਕਰਤੇ ਪੁਰਖ ਦੀਆਂ ਕੀਤੀਆਂ ਹੋਈਆਂ ਹਨ। ਇਹ ਚਾਰ ਖਾਣੀਆਂ ਤਾਂ ਪਰਸਿਧ ਹਨ ਜੋ ਆਮ ਇਲਮ ਵਿਚਿ ਆ ਚੁਕੀਆਂ ਹਨ। ਏਦੂੰ ਛੁਟ ਹੋਰ ਅਣਗਿਣਤ ਖਾਣੀਆਂ ਹਨ ਜਿਨ੍ਹਾਂ ਦੀ ਗਿਆਤ (Knowledge) ਇਲਮੁਲ ਗ਼ਾਇਬ ਦੁਆਰਾ ਹੀ ਹੋ ਸਕਦੀ ਹੈ। ਐਸਾ ਬੇਅੰਤ ਰਚਨਾ ਦਾ ਰਚਨਹਾਰ ਕਰਤਾ ਪੁਰਖ ਕਰਤਾਰ ਹੈ। ਏਹਨਾਂ ਸਾਰੀਆਂ ਅਤੇ ਸਮੁੱਚੀਆਂ ਖਾਣੀਆਂ ਦੇ ਅਗਿਣਤ ਜੀਵਾਂ ਦੀ ਕਿਰਤ ਕਰੰਮੀ ਕਮਾਈ ਕਰਾਵਣਹਾਰਾ ਅਤੇ ਉਕਤ ਨਾਨਾ ਪ੍ਰਕਾਰੀ ਕਮਾਈਆਂ ਨੂੰ ਫਲ ਦੇਵਣਹਾਰਾ ਕੇਵਲ ਵਾਹਿਗੁਰੂ ਸਰਬ ਜੀਆਂ ਆਧਾਰਾ ਹੀ ਹੈ। ਐਸੇ ਸਰਬ ਜੀਆਂ ਆਧਾਰੇ, ਸਰਬ ਜੀਵਾਂ ਦੀਆਂ ਕਿਰਤ ਕਮਾਂਈਆਂ ਨੂੰ ਫਲ ਦੇਵਣਹਾਰੇ ਵਾਹਿਗੁਰੂ ਨੂੰ ਨਿਤਾਪ੍ਰਤਿ ਨਾਮ ਦੀਆਂ ਨਾਮ ਕੀਰਤਨ ਦੀਆਂ ਨਿਰਤਕਾਰੀਆਂ ਕਰਿ ਕਰਿ ਰਾਵਨਾ ਧਿਆਵਨਾ ਉਚਿਤ ਹੈ। ਐਸੇ ਰਵਨ ਯੋਗ ਗੋਬਿੰਦ ਨੂੰ ਇਸ ਬਿਧਿ ਰਵਨਾ, ਵਾਹਿਗੁਰੂ-ਬੋਲਾਏ ਗੁਰਮੁਖਾਂ ਦਾ ਹੀ ਸ਼ੁਭ ਸੁਕ੍ਰਿਤ ਕਰਮ ਹੈ। ਹੇ ਵਾਹਿਗੁਰੂ! ਸਾਥੋਂ ਆਪਣੀ ਕਰਮ ਕਰਤੂਤ ਨਾਲਿ, ਸਾਥੋਂ ਆਪੋਂ ਹੀ ਆਪਣੇ ਜ਼ੋਰ ਤਾਣ ਨਾਲਿ ਕੁਛ ਭੀ ਨਹੀਂ ਹੁੰਦਾ, ਨਾ ਹੋ ਸਕਦਾ ਹੈ। ਤੂੰ ਹੀ ਸਮਰੱਥ ਹੈਂ, ਜੋ ਕਰਹਿੰ ਕਮਾਵਹਿੰ , ਸਭ ਤੂੰਹੀ ਸਮਰੱਥ ਹੈਂ। ਯਾ ਤੇਰੇ ਦਰ ਘਰ ਦੇ ਗੁਰਮੁਖਿ ਸਾਧ ਜਨ ਇਹ ਸਮਰੱਥਤਾ ਰੱਖਦੇ ਹਨ। ਇਹ ਸੰਸਾਰੀ ਜੀਵ ਮੋਹ ਮਮਤਾ ਦੇ ਅਲਪੱਗ ਮਾਇਆਵੀ ਜੀਵ ਸਭ ਅਸਮਰੱਥ ਹਨ। ਹੇ ਗੁਰੂ ਨਾਨਕ! ਤੂੰ ਹੀ ਏਹਨਾਂ ਅਸਮਰੱਥ ਜੀਵਾਂ ਨੂੰ ਮੋਹ ਮਗਨਤਾ ਦੇ ਅੰਧ ਕੂਪ ਤੋਂ ਬਾਹਰਿ ਕਢ ਲੈ! ਨਰਕੀ ਜੀਵਾਂ ਨੂੰ ਨਰਕ ਘੋਰ ਤੋਂ ਕਢਣਹਾਰਾ ਕਰਮ-ਬਿਧਾਤਾ ਗੁਰੂ ਕਰਤਾਰ ਹੀ ਹੈ।

ਜਿਨ੍ਹਾਂ ਉਪਰ ਕਰਮ-ਬਿਧਾਤੇ ਗੁਰੂ ਕਰਤਾਰ ਦੀ ਕਿਰਪਾ ਹੁੰਦੀ ਹੈ ਓਹਨਾਂ ਦਾ ਐਸਾ ਕਰਮ ਖੁਲ੍ਹਦਾ ਹੈ, ਓਹਨਾਂ ਦੀ ਨਾਮ-ਰਸਿਕ ਸੁਰਤੀ ਬਿਰਤੀ ਦਾ ਐਸਾ ਉਘਾੜ ਹੋ ਜਾਂਦਾ ਹੈ ਕਿ ਓਹ ਹਰ ਦਮ ਕੀਰਤਨ-ਮਸਤਾਨੇ ਹੀ ਹੋ ਰਹਿੰਦੇ ਹਨ। ਤਿਨ੍ਹਾਂ ਦੇ ਕੀਰਤਨ-ਕਰੰਮੀ ਕਿਵਾੜ ਐਸੇ ਖੁਲ੍ਹਦੇ ਹਨ ਕਿ ਗੁਰਬਾਣੀ ਦੀ ਅਗੰਮ ਕੀਰਤਨ-ਕਲਾ ਤਿਨ੍ਹਾਂ ਨੂੰ ਸੁਤੇ ਸਫੁਰਨ ਹੋਇ ਆਉਂਦੀ ਹੈ ਤੇ ਓਹ ਅਨਦਿਨ ਮਸਤੁਲ ਮਸਤ ਹੋ ਕੇ ਰਸ-ਵਿਗਾਸ ਅਨੰਦੀ ਵਜਦਾਂ ਵਿਚਿ ਆ ਕੇ ਕੀਰਤਨ ਕਰਦੇ ਹਨ। ਓਹਨਾਂ ਦੇ ਸਾਰੇ ਪ੍ਰੀਸ਼ਰਮ-ਸ਼ਰਮ ਉਦਮੀ ਪ੍ਰਯਤਨ ਰਹਿ ਖੜੋਂਦੇ ਹਨ। ਓਹਨਾਂ ਦਾ ਅਨੰਦ ਅਝੱਲ, ਅਸਥਿਤ, ਥਾਵੀਂ ਮੁਕਾਮੀ ਬਿਸਰਾਮ ਅਸਥਿਰਾਮ ਹੋ ਜਾਂਦਾ ਹੈ। ਓਹਨਾਂ ਦੀ ਸਗਲੀ ਧਾਵਣੀ ਮਿਟ ਜਾਂਦੀ ਹੈ। ਸੁਰਤਿ ਬਿਰਤਿ ਧਾਵਣੀ ਭੀ ਮਿਟ ਜਾਂਦੀ ਹੈ। ਧੰਧੇ ਧਾਵਣੀ ਮਿਟ ਜਾਂਦੀ ਹੈ। ਜੂਨੀਆਂ ਵਿਚਿ ਆਵਾਗਵਨੀ ਭੀ ਸਗਲੀ ਮਿਟਿ ਜਾਂਦੀ ਹੈ। ਐਸੇ ਕੀਰਤਨ-ਕਰਾਮੀ, ਸੁਰਤਿ-ਬਿਸਰਾਮੀ ਗੁਰਮੁਖਿ ਜਨ ਨੂੰ ਜੀਵਨ ਪਦਵੀ ਪਾਉਣ ਦਾ ਸਰਬ ਅਨੁਦਾਈ ਪਰਮ ਸੁਖੁ ਪ੍ਰਾਪਤਿ ਹੋ ਜਾਂਦਾ ਹੈ। ਐਸੇ ਜੀਵਨ ਪਦ ਪਾਵਨੇ ਅਨਦ ਅਨੰਦੀ ਜਨਾਂ ਨੂੰ (ਅਨਦ-ਅਨੰਦੀਆਂ ਨੂੰ) ਹੀ ਪੁਰਖ ਬਿਧਾਤੇ ਦੇ, ਰਿਦ ਵਿਚ ਸਿਮਰਨ ਦੀ ਬਿਸਮਾਦ ਸੁਰਤਿ ਅਰਾਧਨੀ ਸੂਝਿ ਬੂਝਿ ਸਫੁਰਤ ਹੁੰਦੀ ਹੈ। ਅਜਿਹੇ ਅਗਾਧ ਆਨੰਦਨੀ ਸੁਰਤੇ ਜਨਾਂ, ਗੁਰਮੁਖਿ ਸੰਤਾਂ, ਕੀਰਤਨ-ਕਰੰਤਾਂ ਦੀ ਸੰਗਤ-ਸ਼ਰਨਾਗਤਿ ਅਭਿਆਸੀ ਜਨਾਂ ਦੇ ਅਭਿਆਸ-ਝਰਨੇ ਸੁਤੇ ਸੁਭਾਵ ਅਤੇ ਨਿਰਯਤਨ ਹੀ ਝਰਨ ਲਗ ਪੈਂਦੇ ਹਨ। ਤਿਨ੍ਹਾਂ ਦੇ ਕਾਮ ਕ੍ਰੋਧ ਲੋਭ ਮੋਹ ਸਾਰੇ ਹੀ ਨਿਵਾਰੇ ਜਾਂਦੇ ਹਨ। ਸਾਰੇ ਸੂਖਮ ਅਹੰਕਾਰ-ਸੰਸਕਾਰ ਭੀ


www.sikhbookclub.com

ਕਾਫ਼ੂਰ ਹੋ ਜਾਂਦੇ ਹਨ। ਤਿਨ੍ਹਾਂ ਦੇ ਅੰਦਰਲੇ (ਪੰਚ ਦੂਤ) ਬਾਹਰਲੇ (ਪੰਚ ਦੂਤ ਮੁਜੱਸਮੀ) ਬੈਰੀ ਸਗਲੇ ਨਵਿਰਤ ਹੋ ਜਾਂਦੇ ਹਨ। ਤਿਨ੍ਹਾਂ ਨੂੰ ਜੋਤਿ-ਜਲਵਨੀ ਜ਼ਾਹਰਾ ਜ਼ਹੂਰ ਹਾਜ਼ਰਾ ਹਜ਼ੂਰ ਵਾਹਿਗੁਰੂ ਹੀ ਵਾਹਿਗੁਰੂ ਸਗਲੇ ਨਜ਼ਰ ਆਉਂਦਾ ਹੈ। ਪਰਤੱਖ ਦੀਹਦਾ ਹੈ। ਜਲਵਨ-ਦੀਦਾਰੇ ਦਿਖਾਉਂਦਾ ਦੀਹਦਾ ਹੈ। ਜਹਾਂ ਤਹਾਂ ਮਉਜੂਦ ਦਿਸਦਾ ਹੈ, ਕਦੇ ਭੀ ਅਤੇ ਕਿਤੇ ਜਾ ਕੇ ਭੀ ਦੂਰ (ਦ੍ਰਿਸ਼ਟੀਓਂ ਓਹਲੇ) ਨਹੀਂ ਹੁੰਦਾ। ਐਸੀ ਸੁਖ-ਸਰਸਨੀ ਸੀਤਲਤਾ (ਠੰਡ) ਕਲੇਜੇ ਵਿਚ ਪਈ ਕਿ ਸਗਲੀ ਡੰਝ ਮਿਟਿ ਗਈ। ਹਿਰਦੇ ਵਿਚਿ ਸਦ-ਸੀਤਲਾਣੀ ਠੰਡ ਪਾਉਣ ਵਾਲਾ ਪਰਮਾਤਮ ਦਰਸ-ਵਿਗਾਸੀ ਸੱਚਾ ਸੁਖ ਆਇ ਪ੍ਰਾਪਤ ਹੋਇਆ, ਜ਼ਹੂਰ ਪਜ਼ੀਰ ਹੋਇਆ ਕਿ ਸਦ ਆਨੰਦ ਖ਼ੁਸ਼ੀਆਂ ਵਾਲੀ ਸ਼ਰਧਾ ਪੂਰਨ ਹੋ ਗਈ। ਸੰਤ ਸਹਾਈ ਆਇ ਹੋਏ। ਸ਼ਰਧਾ ਪੂਰਤ ਗੁਰਮੁਖਿ ਸੰਤ ਜਨਾਂ ਦੀ ਸਹਾਇਤਾ ਨਾਲਿ ਵਾਹਿਗੁਰੂ ਨੇ ਸਾਰੇ ਮਨੋਰਥ ਪੂਰੇ ਕਰ ਦਿੱਤੇ। ਕੀ ਪਰਮਾਰਥੀ, ਕੀ ਪਰਸੁਆਰਥੀ, ਕੀ ਸੰਸਾਰੀ, ਕੀ ਬਿਵਹਾਰੀ ਸਭ ਕਾਮਨਾਵਾਂ ਪੂਰੀਆਂ ਹੋ ਗਈਆਂ। ਪੁਰਖ-ਬਿਧਾਤੇ, ਕਰਮ-ਫਲ-ਪਰਦਾਤੇ ਵਾਹਿਗੁਰੂ ਦੀ ਹੀ ਇਹ ਸਮਰੱਥਾ ਹੈ ਕਿ ਪਤਿਤ-ਕਰਮੀਆਂ ਨੂੰ ਭੀ ਪਾਵਨ ਪਵਿਤਰ ਕਰ ਦਿੰਦੀ ਹੈ ਅਤੇ ਖਿਨ ਵਿਚਿ ਕਰ ਦਿੰਦੀ ਹੈ। ਐਸੀ ਖਿਨ-ਭੀਤਰੀ ਪਤਿਤੋਂ ਪਵਿਤਰ ਕਰਨਹਾਰੀ ਵਾਹਿਗੁਰੂ ਪੁਰਖ-ਬਿਧਾਤੇ ਦੀ ਸਰਬ-ਕਲਾਵੀ ਸਮਰੱਥਤਾ ਦੀ ਮਹਿਮਾ ਕਥਨ ਨਹੀਂ ਕੀਤੀ ਜਾ ਸਕਦੀ। ਸਰਬ-ਇੱਛ-ਪੂਰਕ ਗੋਬਿੰਦ ਗੁਣੀ ਨਿਧਾਨ ਦੀ ਸਰਬ ਓਟਾਈ, ਸਰਬ ਸੁਖਦਾਈ, ਸ਼ਰਧਾ ਭਾਵਨਾਈ ਵਾਲੇ ਗੁਰਮੁਖਿ ਜਨ ਨਿਰਭਉ ਪਦਵੀ ਨੂੰ ਪ੍ਰਾਪਤਿ ਹੋ ਜਾਂਦੇ ਹਨ। ਤਿਨ੍ਹਾਂ ਦੇ ਸਗਲੇ ਭਉ ਮਿਟ ਜਾਂਦੇ ਹਨ। ਐਸੇ ਕਰਨ-ਕਾਰਨ ਸਮਰੱਥ ਵਾਹਿਗੁਰੂ ਦਾਤਾਰ ਕਰਮ-ਬਿਧਾਤੇ ਗੁਰੂ ਕਰਤਾਰ ਦਾ ਜਸੁ ਦਿਨ ਰੈਨਾਰਿ ਗਾ ਗਾ ਕੇ ਅਤੇ ਲਿਵ ਲਾ ਲਾ ਕੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਕਰਮਵੰਤੇ ਗੁਰਮੁਖਿ ਜਨ ਸਦਾ ਹੀ ਰੱਜੇ ਰਹਿੰਦੇ ਹਨ। ਸਤਿਗੁਰੂ ਨਾਨਕ ਸਾਹਿਬ ਦੇ ਰਾਹੀਂ ਵਾਹਿਗੁਰੂ ਦੀ ਓਟ ਲੈਣ ਨਾਲਿ ਜੋ ਬਖ਼ਸ਼ਸ਼ ਦਾ ਦਰ ਖੁਲ੍ਹਦਾ ਹੈ, ਐਨ ਐਸੀ ਕਰਮ-ਬਿਧਾਤਣ ਬਿਵਸਥਾ ਦਾ ਵਰਨਣ ਇਸ ਅਗਲੇਰੇ ਗੁਰਵਾਕ ਅੰਦਰਿ ਹੈ—

> ਮਾਰੂ ਮਹਲਾ ੫ ॥ ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥ ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥ ੧ ॥ ਅਬ ਮੋਹਿ ਜੀਵਨ ਪਦਵੀ ਪਾਈ ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥ ੧ ॥ ਰਹਾਉ ॥ ਕਾਮੁ ਕ੍ਰੋਧ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥ ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥ ੨ ॥ ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥ ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥ ੩ ॥ ਨਿਰਭਉ ਭਏ ਸਗਲ ਭੈ ਖੋਏ ਗੋਬਿੰਦ ਚਰਣ ਓਟਾਈ ॥ ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥ ੪ ॥ ੬ ॥
>
> (ਪੰਨਾ ੧੦੦੦)

ਗਹਿਰ ਗੰਭੀਰ ਵਾਹਿਗੁਰੂ ਸੱਚੇ ਪਾਤਸ਼ਾਹ ਦਾ ਸੱਚਾ ਗਿਆਨ ਤੇ ਸਚੰਨਾ ਧਿਆਨ ਭੀ ਗਹਿਰ ਗੰਭੀਰ ਹੈ। ਜਿਸ ਤਰਹ ਵਾਹਿਗੁਰੂ ਦਾ ਅੰਤ ਕੋਈ ਨਹੀਂ ਪਾ ਸਕਦਾ ਤਿਸੇ ਤਰਹ ਉਸ ਦੇ ਗਿਆਨ ਧਿਆਨ ਦਾ ਅੰਤ ਭੀ ਨਹੀਂ ਪਾਇਆ ਜਾ ਸਕਦਾ। ਬੇਅੰਤ ਵਾਹਿਗੁਰੂ ਦੇ ਹੁਕਮ ਹਾਸਲ

ਦੀ ਹੱਦ ਭੀ ਬੇਅੰਤ ਹੈ। ਵਾਹਿਗੁਰੂ ਦੇ ਹੁਕਮ ਦੀ ਮਾਹੀਅਤ ਭੀ ਕੋਈ ਨਹੀਂ ਜਾਣ ਸਕਦਾ। ਜੇਤੀ ਖ਼ੁਦਾਈ ਹੈ ਖ਼ੁਦਾਵੰਦ ਦੀ, ਤੇਤੀ ਹੀ ਖ਼ੁਦਾ ਨੂੰ ਮਿਲਣ ਦੀ ਯਾਚਨਾ ਕਰਦੀ ਹੈ, ਤੇਤੀ ਹੀ ਉਸ ਨੂੰ ਚਾਹੁੰਦੀ ਹੈ। ਜਿਸ ਦਾ ਉਸ ਦੇ ਹੁਕਮ ਅਨੁਸਾਰ ਕਰਮ ਖੁਲ੍ਹਿਆ ਹੈ ਉਸੇ ਨੂੰ ਉਹ ਮਿਲਦਾ ਹੈ, ਓਹੀ ਉਸ ਨੂੰ ਪਾਉਂਦਾ ਹੈ। ਸੱਚਾ ਕਰਮੁ, ਸੱਚਾ ਧਰਮੁ, ਧਾਰਮਿਕ ਔਜ-ਆਦਰਸ਼ ਵਾਲਾ ਨਾਮ ਅਭਿਆਸ ਰੂਪੀ ਸੱਚੜਾ ਕਰਮ ਵਾਹਿਗੁਰੂ ਦੇ ਹਥਿ ਹੈ। ਸੋਈ ਇਹ ਕਰਮ ਕਰਦਾ ਹੈ ਜਿਸ ਨੂੰ ਉਹ ਕਰਾਉਂਦਾ ਹੈ, ਹੁਕਮਾਉਂਦਾ ਹੈ। ਹੁਕਮੀ ਵਾਹਿਗੁਰੂ ਦੇ ਹੁਕਮ ਅੰਦਰਿ ਨਾਮ ਰੂਪੀ ਸੱਚ ਦੀਆਂ ਬੇਪਰਵਾਹੀਆਂ ਦੇ ਅਖੁੱਟ ਭੰਡਾਰੇ ਹਨ। ਜਿਸ ਨੂੰ ਬੇਪਰਵਾਹ ਹੋ ਕੇ ਵਰਤਾਉਣ ਦਾ ਹੁਕਮ ਹੁੰਦਾ ਹੈ, ਤਿਸੇ ਉਪਰ ਹੀ ਉਹ ਵਰਸਦਾ ਹੈ; ਤਿਸੈ ਦੀ ਕਿਸਮਤ ਵਿਚਿ ਉਹ ਭੰਡਾਰਾ ਵਰਤਦਾ ਹੈ; ਤਿਸੈ ਨੂੰ ਇਹ ਛਾਂਦਾ ਮਿਲਦਾ ਹੈ। ਉਹ ਦਇਆਲ ਕਿਰਪਾਲੂ ਪ੍ਰਭੂ ਹੈ। ਆਪੇ ਹੀ ਕਰਮ-ਬਿਧਾਤਾ ਕਿਰਪਾਨਿਧਿ-ਨਿਧਾਤਾ ਹੋ ਕੇ ਸੱਚੜਾ ਮੇਲੁ ਮੇਲਾਉਂਦਾ ਹੈ। ਯਥਾ ਗੁਰਵਾਕ—

> ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥ ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥ ੧੩ ॥ ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥ ਵੇਪਰਵਾਹ ਅਖੁਟ ਭੰਡਾਰੈ ॥ ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥ ੧੪ ॥

(ਮਾਰੂ ਮਃ ੧, ਪੰਨਾ ੧੦੩੪)

ਕਰਮ-ਬਿਧਾਤੇ ਦੀ ਕਰਮ-ਫਲ ਗਿਆਤ-ਦਾਤਿ ਦਾ ਸ਼ੁਭ-ਲਛਣੀ ਟੇਵਾ ਇਸ ਅਗਲੇ ਗੁਰਵਾਕ ਅੰਦਰਿ ਭੇਵ ਅਭੇਵਤ ਹੈ—

> ਜਿਨਿ ਤੂ ਜਾਤਾ ਕਰਮ ਬਿਧਾਤਾ ॥ ਪੂਰੈ ਭਾਗਿ ਗੁਰ ਸਬਦਿ ਪਛਾਤਾ ॥ ਜਤਿ ਪਤਿ ਸਚੁ ਸਚਾ ਸਚੁ ਸੋਈ ਹਉਮੈ ਮਾਰਿ ਮਿਲਾਇਦਾ ॥੯॥ ਮਨੁ ਕਠੋਰੁ ਦੂਜੈ ਭਾਇ ਲਾਗਾ ॥ ਭਰਮੇ ਭੂਲਾ ਫਿਰੈ ਅਭਾਗਾ ॥ ਕਰਮੁ ਹੋਵੈ ਤਾ ਸਤਿਗੁਰੁ ਸੇਵੇ ਸਹਜੇ ਹੀ ਸੁਖੁ ਪਾਇਦਾ ॥੧੦॥ ਲਖ ਚਉਰਾਸੀਹ ਆਪਿ ਉਪਾਏ ॥ ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥ ਬਿਨੁ ਭਗਤੀ ਬਿਸਟਾ ਵਿਚਿ ਵਾਸਾ ਬਿਸਟਾ ਵਿਚਿ ਫਿਰਿ ਪਾਇਦਾ ॥੧੧॥ ਕਰਮੁ ਹੋਵੈ ਗੁਰੁ ਭਗਤਿ ਦ੍ਰਿੜਾਏ ॥ ਵਿਣੁ ਕਰਮਾ ਕਿਉ ਪਾਇਆ ਜਾਏ ॥ ਆਪੇ ਕਰੇ ਕਰਾਏ ਕਰਤਾ ਜਿਉ ਭਾਵੈ ਤਿਵੈ ਚਲਾਇਦਾ ॥੧੨॥ ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥ ਮੂਰਖੁ ਅੰਧਾ ਤਤੁ ਨ ਪਛਾਣੈ ॥ ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥੧੩॥ ਸਭੁ ਕਿਛੁ ਆਪੇ ਆਪਿ ਕਰਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥ ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ ॥੧੪॥ ਸਚਾ ਸਾਹਿਬੁ ਗਹਿਰ ਗੰਭੀਰਾ ॥ ਸਦਾ ਸਲਾਹੀ ਤਾ ਮਨੁ ਧੀਰਾ ॥ ਅਗਮ ਅਗੋਚਰੁ ਕੀਮਤਿ ਨਹੀ ਪਾਈ ਗੁਰਮੁਖਿ ਮੰਨਿ ਵਸਾਇਦਾ ॥੧੫॥ ਆਪਿ ਨਿਰਾਲਮੁ ਹੋਰ ਧੰਧੈ ਲੋਈ ॥ ਗੁਰ ਪਰਸਾਦੀ ਬੂਝੈ ਕੋਈ ॥ ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥

(ਮਾਰੂ ਮਃ ੩, ਪੰਨਾ ੧੦੬੧)


www.sikhbookclub.com

ਵਾਹਿਗੁਰੂ ਕਰਤੇ ਪੁਰਖ ਨੂੰ ਜਿਨ੍ਹਾਂ ਨੇ ਕਰਮ-ਬਿਧਾਤਾ (ਕਰਮ ਦਾ ਫਲ ਦੇਣਹਾਰਾ) ਕਰ ਕੇ ਜਾਣਿਆ, ਓਹਨਾਂ ਪੂਰਨ ਵਡਭਾਗੀਆਂ ਨੇ ਗੁਰ-ਸ਼ਬਦ ਦੇ ਗਿਆਨ-ਚਰਾਗ਼ੀ ਚਾਨਣੇ ਦੇ ਪਰਤਵ ਕਰਿ ਹੀ ਇਸ ਭੇਦ ਨੂੰ ਪਛਾਣਿਆ। ਗੁਰਮਤਿ ਅਨੁਸਾਰ ਕਰਮਾਂ ਦਾ ਫਲ ਦੇਣਹਾਰਾ ਹੋਣ ਕਰਕੇ ਕਰਤਾ ਪੁਰਖ ਕਰਮ-ਬਿਧਾਤਾ ਕਹਾਉਂਦਾ ਹੈ ਅਤੇ ਸਚੋ ਸੱਚ ਕਰਮਾਂ ਦੀ ਗਤੀ ਨੂੰ ਨਿਬੇੜਦਾ ਹੈ। ਜੀਵ ਦੇ ਸੱਚੇ ਜਪ ਤਪ ਕੀਤੇ ਸੋਈ ਲੇਖੇ ਪੈਂਦੇ ਹਨ ਜੋ ਹਉਮੈ ਰਹਿਤ ਹੋ ਕੇ ਉਸ ਦੀ ਹੁਕਮ-ਰਜ਼ਾ ਅੰਦਰਿ ਕੀਤੇ ਜਾਣ। ਇਸ ਬਿਧਿ ਹੁਕਮ-ਰਜ਼ਾ ਦੀ ਅਨੁਸਾਰਤਾ ਹਉਮੈ ਦਾ ਅਭਾਵ ਕਰ ਦਿੰਦੀ ਹੈ। ਅਤੇ ਹਉਮੈ ਦੇ ਅਭਾਵ ਹੋਣ ਕਰਿ ਅਕਾਲ ਪੁਰਖ ਦਾ ਮੇਲ ਹੁੰਦਾ ਹੈ। ਹਉਮੈ-ਅਭਾਵੀ ਆਤਮ-ਬਿਰਤਿ ਬਿਵਸਥਾ ਅੰਦਰਿ ਕੀਤੇ ਕਰਮ ਨੂੰ ਫਲ ਲਗਦਾ ਹੈ। ਲਾਉਣਹਾਰਾ ਕਰਮ-ਬਿਧਾਤਾ ਕਰਤਾਰ ਹੀ ਫਲ ਲਾਉਂਦਾ ਹੈ। ਕਰਤਾਰ ਦੀ ਹੁਕਮ-ਰਜ਼ਾ ਤੋਂ ਘੁਥੇ ਹੋਏ ਨਿਰੀ ਹਉਮੈ ਅੰਦਰਿ ਕਰਮ ਕਰਨਹਾਰਿਆਂ ਦਾ ਮਨ ਅਤਿ ਕਠੋਰ ਕੁਰੱਖ਼ਤ ਹੋ ਜਾਂਦਾ ਹੈ। ਜਿਨ੍ਹਾਂ ਨੇ ਮਨ-ਕਠੋਰ ਦੇ ਮਗਰ ਲਗ ਕੇ ਆਪਣੇ ਕਰਮਾਂ ਦੀ ਡੋਰ ਛੱਡੀ ਹੋਈ ਹੈ ਓਹ ਮੁੜਿ ਮੁੜਿ ਦੂਜੇ ਭਾਇ ਦੇ ਕੰਮਾਂ, ਕਾਜਾਂ-ਕੁਕਾਜਾਂ, ਕੁਕਰਮਾਂ ਵਿਚਿ ਹੀ ਪ੍ਰਵਿਰਤ ਰਹਿੰਦੇ ਹਨ। ਓਹ ਅਭਾਗੇ ਪੁਰਸ਼ ਸਦਾ ਭਰਮਾਂ ਵਿਚਿ ਹੀ ਭੁਲੇ ਹੋਏ ਫਿਰਦੇ ਰਹਿੰਦੇ ਹਨ। ਜਿਨ੍ਹਾਂ ਉਤੇ ਕਰਮ ਬਖ਼ਸ਼ਸ਼ ਹੁੰਦੀ ਹੈ ਓਹ ਸੱਚੇ ਸਤਿਗੁਰੂ ਦੇ ਸੱਚੇ ਸਿਖ ਸੇਵਕ ਬਣ ਕੇ ਸਤਿਗੁਰੂ ਦੇ ਸੱਚ ਦ੍ਰਿੜ੍ਹਾਏ ਸੁਕ੍ਰਿਤ ਕਰਮਾਂ ਦੇ ਕਰਨਹਾਰੇ ਹੋ ਜਾਂਦੇ ਹਨ, ਜਿਨ੍ਹਾਂ ਦੇ ਕਰਨ ਕਰਿ ਸਹਜ-ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਸਹਜ-ਸੁਖ ਦੀ ਪ੍ਰਾਪਤੀ ਗੁਰਮਤਿ ਅਨੁਸਾਰੀ ਸੁਕ੍ਰਿਤ-ਕਰਮੀ ਹੋਇਆਂ ਹੀ ਹੁੰਦੀ ਹੈ। ਗੁਰਮਤਿ ਸੁਕ੍ਰਿਤ ਕਰਮ ਕੀਤੇ ਬਿਨਾਂ ਚੁਰਾਸੀ ਦੇ ਗੇੜ ਵਿਚਿ ਹੀ ਭਰਮਣਾ ਪੈਂਦਾ ਹੈ। ਇਹ ਚੁਰਾਸੀ ਲੱਖ ਜੋਨ ਅਤੇ ਜੋਨਾਂ ਦੇ ਗੇੜੇ ਕਰਤੇ ਪੁਰਖ ਨੇ ਆਪ ਹੀ ਉਪਾਏ ਹਨ। ਉਸ ਦੇ ਹੁਕਮ ਅੰਦਰਿ ਹੀ ਲੱਖ ਚੌਰਾਸੀਹ ਜੋਨੀਆਂ ਦਾ ਗੇੜ ਬਣਿਆ ਹੈ। ਅਤੇ ਹੁਕਮ ਅੰਦਰਿ ਹੀ ਏਹ ਜੋਨੀਆਂ ਭੁਗਤਣੀਆਂ ਪੈਂਦੀਆਂ ਹਨ। ਮਾਨਸ ਜਨਮ ਦੀ ਜੋਨੀ ਵਿਚਿ ਹੀ ਸੱਚੜਾ ਉਧਾਰ ਹੋਣ ਦਾ ਅਤੇ ਕਰਤਾਰ ਨੂੰ ਮਿਲਣ ਦਾ ਮੌਕਾ (ਅਵਸਰ) ਮਿਲਦਾ ਹੈ। ਜਿਸ ਨੂੰ ਮੇਲਣਾ ਮਨਜ਼ੂਰ ਹੁੰਦਾ ਹੈ ਉਸ ਨੂੰ ਗੁਰੂ-ਦੁਆਰੇ ਭਗਤੀ ਦ੍ਰਿੜ੍ਹ ਹੋਣ ਦਾ ਸੁਭਾਗ ਪ੍ਰਾਪਤਿ ਹੁੰਦਾ ਹੈ। ਭਗਤੀ ਬਿਨਾਂ ਬਿਸ਼ਟਾ ਵਿਚਿ ਵਾਸਾ ਹੁੰਦਾ ਹੈ। ਭਗਤੀ ਬਿਹੂਣਾ ਹੋਣ ਕਰਕੇ ਜੀਵ ਵਿਸ਼ਿਆਂ ਦਾ ਕੀੜਾ ਹੋ ਜਾਂਦਾ ਹੈ ਅਤੇ ਬਿਖੈ ਰਸਾਂ ਵਿਚਿ ਪੈ ਕੇ ਬਿਸ਼ਟ-ਕਿਰਮ ਹੋ ਕੇ ਗੰਦਗੀ ਵਿਚਿ ਪਿਆ ਰਹਿੰਦਾ ਹੈ। ਅੰਤ ਨੂੰ ਮਰਨ ਪਿਛੋਂ ਫੇਰ ਭੀ ਉਸ ਦਾ ਬਿਸ਼ਟਾ ਵਿਚਿ ਹੀ ਵਾਸਾ ਰਹਿੰਦਾ ਹੈ ਅਤੇ ਬਿਸ਼ਟਾ ਦੇ ਕੀੜੇ ਦੀ ਜੂਨ ਵਿਚਿ ਜਾ ਪੈਂਦਾ ਹੈ। ਖ਼ਬਰ ਨਹੀਂ ਕਿਤਨਾ ਕੁ ਚਿਰ, ਕਿਤਨਾ ਕੁ ਕਾਲ ਗੰਦਗੀ ਵਿਚਿ ਹੀ ਵਿਹਾਉਂਦੀ ਹੈ। ਕਿਤਨੀ ਭਿਆਨਕ ਮਲਨ-ਮਲੀਨ ਬਿਸ਼ਟਾ ਕਿਰਮ ਜੋਨੀ ਦੇ ਗੇੜ ਭੁਗਤਣੇ ਪੈਂਦੇ ਹਨ। ਨਿਸਚੇ ਕਰਿ ਜਾਣੋ, ਇਹ ਗੇੜ ਜ਼ਰੂਰ ਭੁਗਤਣੇ ਪੈਂਦੇ ਨੇ। ਮਤ ਖ਼ਿਆਲ ਕਰੋ ਕਿ ਇਹ ਰੋਚਕ ਭਿਆਨਕ ਉਪਦੇਸ਼ ਹੀ ਹਨ। ਨਹੀਂ ਨਹੀਂ, ਹਰਗਿਜ਼ ਨਹੀਂ। ਸਤਿਗੁਰੂ ਦੀ ਸਤਿ ਸਤਿ ਬਾਣੀ ਦਾ ਅੱਖਰ ਅੱਖਰ ਸੱਚ ਹੈ। ਭਾਵ ਭੀ ਉਹੀ ਹੈ ਜੋ ਸੱਚ ਮੁੱਚ ਵਰਤ ਕੇ ਰਹੇਗਾ। ਟਲੇਗਾ ਨਹੀਂ। ਜੇ ਸ਼ੁਭ ਕਰਮ ਹੋਣ ਅਤੇ ਕਾਰਨ ਕਰਨ ਕਰੀਮ ਦੀ ਬਖ਼ਸ਼ਸ਼ ਹੋਵੇ ਤਾਂ ਸੱਚਾ ਸਤਿਗੁਰੂ ਮਿਲੇ ਅਤੇ ਸੱਚੀ ਭਗਤੀ ਪ੍ਰਾਪਤਿ ਹੋਵੇ ਅਤੇ ਭਗਤੀ ਦੁਆਰਾ ਸੱਚੇ ਦਾ ਮਹਿਲ ਪ੍ਰਾਪਤਿ ਹੋਵੇ। ਗੁਰ-ਭਗਤੀ ਭਾਵ ਮਈ ਸ੍ਰੇਸ਼ਟ ਅਤੇ ਸਰਬੋਤਮ ਕਰਮਾਂ ਬਿਨਾਂ ਨਾ ਮਹਿਲੀ, ਨਾ ਮਹਿਲੀ ਦਾ ਮਹਿਲ ਘਰੁ ਦਰੁ ਪਾਇਆ ਜਾ ਸਕਦਾ ਹੈ। ਇਸ ਪਦ ਦੀ ਪ੍ਰਾਪਤੀ ਸਭ ਕਰਨ ਕਾਰਨ

ਸਮਰੱਥ ਕਰਤੇ ਪੁਰਖ ਦੇ ਹਥਿ ਹੈ। **"ਆਪੇ ਕਰੇ ਕਰਾਏ ਕਰਤਾ ਜਿਉ ਭਾਵੈ ਤਿਵੈ ਚਲਾਇਦਾ ॥"** ਜਿਵੇਂ ਉਸ ਨੂੰ ਭਾਵੇ, ਤਿਵੈਂ ਚਲਾਵੇ। ਸਿਮ੍ਰਿਤਿ ਸ਼ਾਸਤ੍ਰ ਆਨਮਤ ਪੁਸਤਕਾਂ ਨੂੰ ਪੜ੍ਹਨਹਾਰੇ ਤੱਤ ਵਸਤੂ ਨੂੰ ਪ੍ਰਾਪਤਿ ਨਹੀਂ ਹੋ ਸਕਦੇ, ਨਾ ਹੀ ਸਿਮ੍ਰਿਤੀਆਂ ਸ਼ਾਸਤ੍ਰਾਂ ਨੂੰ ਤੱਤ ਵਸਤੂ ਦਾ ਪਤਾ ਹੈ। (ਕਰਤੇ ਪੁਰਖ ਦਾ ਕੀ ਪਤਾ ਹੋਣਾ ਸੀ?) ਏਹਨਾਂ ਪੜ੍ਹਾਈਆਂ ਦੇ ਪੜ੍ਹਨਹਾਰੇ ਸਭਿ ਮੂਰਖ ਅੰਧੇ ਹਨ। ਮੂਰਖ ਅੰਧਿਆਂ ਨੂੰ ਤੱਤ ਪਦ ਦੀ ਕੀ ਪਛਾਣ ਹੋ ਸਕਦੀ ਹੈ? ਵਾਹਿਗੁਰੂ ਦੀ ਕਿਰਪਾ ਨਾਲਿ ਜਿਨ੍ਹਾਂ ਨੂੰ ਹੋਣੀ ਹੁੰਦੀ ਹੈ ਤਿਨ੍ਹਾਂ ਨੂੰ ਹੀ ਹੁੰਦੀ ਹੈ। **"ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥"**

ਕਰਤਾ ਪੁਰਖ ਆਪੇ ਕਿਰਪਾ ਕਰੇ, ਆਪੇ ਪ੍ਰੇਰਨਾ ਪ੍ਰੇਰਿ ਸੁਮਤਿ ਧਰੇ ਅਤੇ ਆਪੇ ਗੁਰਮਤਿ ਦਾਨ ਕਰ ਕੇ ਸੁਕ੍ਰਿਤ ਕਰਮ ਗੁਰਮੁਖਾਂ ਵਾਲੇ ਕਰਾਏ। ਗੁਰਮਤਿ ਤੋਂ ਬੇਮੁਖਾਂ ਨੂੰ ਭ੍ਰਮਿ ਭੁਲਾਇ ਕੈ ਆਪੇ ਦੁਕ੍ਰਿਤ ਦੁਰਮਤਿ ਕਰਮਾਂ ਵਿਚਿ ਪਾਏ। ਇਹ ਸਭ ਉਸ ਦੇ ਹੁਕਮ-ਰਜ਼ਾਈ ਭਾਣੇ ਦੀ ਕਰਮ-ਬਿਧਾਤਤਾ ਵਾਲੀ ਨੇਤ ਹੈ। ਉਪਰਲੇ ਗੁਰ-ਪ੍ਰਮਾਣ ਦੀ ਚੌਧਵੀਂ ਸਤਰ ਦੇ ਅੰਕ ਵਿਚਿ ਏਹ ਫ਼ੁਰਮਾਨ ਹੈ ਕਿ -

> **ਸਭੁ ਕਿਛੁ ਆਪੇ ਆਪਿ ਕਰਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥ ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ ॥੧੪॥**

ਗੁਰਮਤਿ ਦਾ ਸਪੱਸ਼ਟ ਅਭਿਪਰਾ ਇਹੀ ਹੈ, ਕਰਮ-ਫਲ ਕਿਰਤਨੀ-ਕਰਮਾਂ ਦੇ ਸਿਲਸਿਲੇ ਵਿਚਿ ਇਹ ਬਾਤ ਪਰਮ ਸਹੀ ਅਤੇ ਸਤਿ ਹੈ ਕਿ ਸਭ ਕੁਛ ਉਹ ਕਰਤਾ ਪੁਰਖੁ ਆਪੇ ਆਪਿ ਹੀ ਕਰਾਉਂਦਾ ਹੈ ਅਤੇ ਇਉਂ ਕਰਮ ਕਰਾਇ ਕਰਾਇ ਤਿਨ੍ਹਾਂ ਦੇ ਫਲ ਭੁਗਤਾਉਂਦਾ ਹੈ, ਜੀਵਾਂ ਕੋਲੋਂ। ਕਰਮਾਂ ਦੀ ਗਤਿ ਅਨੁਸਾਰ ਹੀ ਸਭਨਾਂ ਦੇ ਸਿਰੋ-ਸਿਰ ਨਾਨਾ ਪ੍ਰਕਾਰੀ ਧੰਧਿਆਂ ਦੇ ਕਰਾਉਣ ਦੀ ਕਿਰਤ ਲਿਖੀ ਹੋਈ ਹੈ। ਤਿਸ ਕਿਰਤ ਅਨੁਸਾਰ ਓਹ (ਜੀਵ ਧੰਧਿਆਂ ਵਾਲੇ) ਕਰਮ ਕਮਾਉਂਦੇ ਹਨ। ਆਪੇ ਹੀ ਕਿਰਤ-ਧੰਧਮੀ ਕਰਮਾਂ ਅਨੁਸਾਰ ਜੀਵਾਂ ਦੀਆਂ ਜੂਨੀਆਂ ਨੂੰ ਥਾਪਦਾ ਹੈ, ਉਲਟਾ ਉਲਟਾ ਕੇ ਥਾਪਦਾ ਹੈ। ਥਾਪ ਥਾਪ ਕੇ ਨਿਗਰਾਨੀ ਕਰਦਾ ਹੈ ਅਤੇ ਵੇਖਦਾ ਹੈ, ਮਤੇ ਉਸ ਦੀ ਕਰਮ ਗਤਿ ਦੇ ਪ੍ਰਤਿਕੂਲ ਤਾਂ ਕੋਈ ਜੀਵ ਉਲਟੀ ਜੋਨੀ ਵਿਚਿ ਨਹੀਂ ਪਾਇਆ (ਥਾਪਿਆ) ਗਿਆ। ਇਹ ਉਸ ਦੇ ਘਰ ਦਾ ਸਦ-ਸਦੀਵੀ ਅਤੇ ਸਚ-ਸਚੀਵੀ ਨਿਆਉਂ ਹੈ। ਇਹ ਚੌਰਾਸੀਹ ਲੱਖ ਜੂਨੀਆਂ ਅਤੇ ਜੂਨੀਆਂ ਦੇ ਭੁਗਤਾਉਣ ਦਾ ਸਾਰਾ ਸਿਲਸਿਲਾ ਹੀ ਨਿਆਉਂ ਇਨਸਾਫ਼ ਦਾ ਸੂਚਕ ਹੈ। ਇਸ ਦੀ ਅਨਕੂਲਤਾ ਪੂਰਨ ਨਿਆਉਂ ਨਿਬੇੜੇ ਦੀ ਨਿਬੇੜਨਹਾਰੀ ਹੈ। ਇਹ ਆਵਾ-ਗਵਨੀ ਅਤੇ ਕਰਮ ਅਕਰਮ ਸੁਕਰਮ ਭੁਗਤਵਨੀ ਅਸੂਲ ਹੀ ਨਿਰਾ ਨਿਆਉਂ ਇਨਸਾਫ਼ ਉਤੇ ਮਬਨੀ ਹੈ। ਉਸ ਦੇ ਘਰਿ ਸਦਾ ਸਦਾ ਨਿਆਉਂ ਇਨਸਾਫ਼ ਹੈ। ਏਸ ਕਰਕੇ ਉਹ ਪੂਰਨ ਨਿਆਂਕਾਰੀ, ਮੁਨਸਫ਼ਾਂ ਦੇ ਸਿਰ ਮੁਨਸਿਫ਼, ਸੱਚਾ ਮੁਨਸਿਫ਼ ਹੈ। ਸ੍ਰਿਸ਼ਟੀ ਰਚਨਾ ਦੀ Cosmos ਏਸੇ ਅਸੂਲ ਕਰਕੇ ਸੰਭਵ ਹੈ, ਨਹੀਂ ਤਾਂ Chaos ਹੀ Chaos (ਰਗੜਾ ਝਗੜਾ), ਏਨਾਰਕੀ ਹੀ ਏਨਾਰਕੀ ਹੈ। ਅਸਲ ਪੁਛੋ ਤਾਂ ਇਸ ਅਸੂਲੋਂ ਸਖਣੇ, ਸਭ ਮਤਾਂ ਵਾਲੇ ਏਨਾਰਕਿਸਟ ਹਨ। ਇਹ ਏਨਾਰਕਿਜ਼ਮ ਨਾਸਤਕਤਾ ਨਹੀਂ ਤਾਂ ਨਾਸਤਕਤਾ ਦੇ ਨੇੜੇ ਤੇੜੇ ਹੀ ਹੈ। ਜੋ ਆਵਾ-ਗਵਨੀ ਅਸੂਲ ਦੇ ਕਾਇਲ ਨਹੀਂ, ਜੋ ਕਰਮਾਂ ਅਨੁਸਾਰ ਜੂਨੀਆਂ ਵਿਚ ਜਨਮਣ (transmigration of souls) ਵਾਲੇ ਅਸੂਲ ਤੱਤ ਗੁਰਮਤਿ ਅਸੂਲ ਨੂੰ ਨਹੀਂ ਮੰਨਦੇ, ਓਹ ਏਨਾਰਕਿਸਟ ਹਨ ਅਤੇ ਪੱਕੇ ਏਨਾਰਕਿਸਟ ਹੋ ਜਾਂਦੇ ਹਨ। ਬਲਕਿ ਨਾਸਤਕ

ਮਤ ਵਾਲਿਆਂ ਦੀ ਕਹਿਰ ਕੁਫ਼ਾਰੀ ਦਹਿਰੀਅਤ ਦੇ ਪੈਰੋਕਾਰ ਹੋ ਜਾਂਦੇ ਹਨ। ਮਨਮੁਖਾਂ ਨੂੰ ਕੁਮਾਰਗ ਪਾਉਂਦਾ ਅਤੇ ਗੁਰਮੁਖਾਂ ਨੂੰ ਸੁਮਾਰਗ ਬੁਝਾਉਂਦਾ ਹੈ, ਉਹ ਸੱਚਾ ਸਾਹਿਬ ਗਹਿਰ ਗੰਭੀਰ ਹੈ। ਉਸ ਸੱਚੇ ਸਾਹਿਬ ਦੇ ਚਲਾਏ ਗੁਰਮਤਿ ਅਸੂਲਾਂ ਵਿਚਿ ਗਹਿਰ ਗੰਭੀਰਤਾ ਹੀ ਭਰੀ ਪਈ ਹੈ। ਗਹਿਰ ਗੰਭੀਰਤਾ ਤੋਂ ਖ਼ਾਲੀ ਕੋਈ ਭੀ ਗੁਰਮਤਿ ਅਸੂਲ ਨਹੀਂ। ਇਸ ਗਹਿਰ ਗੰਭੀਰ ਵਾਹਿਗੁਰੂ ਦੀ ਸਦਾ ਸਿਫ਼ਤਿ ਸਾਲਾਹ ਕਰਨ ਨਾਲਿ ਹੀ ਮਨ ਧੀਰਦਾ ਹੈ। ਉਸ ਦੀ ਅਗਮ ਅਗੋਚਰਤਾ ਦੀ ਕੀਮਤਿ ਨਹੀਂ ਪਾਈ ਜਾਂਦੀ। ਓਹ ਗੁਰਮੁਖਾਂ ਦੇ ਮਨ ਵਿਚਿ ਆਪ ਵਸਿ ਜਾਂਦਾ ਹੈ। ਗੁਰਮੁਖਿ ਜਨ ਭੀ ਉਸ ਨੂੰ ਮਨ ਵਿਚਿ ਵਸਾ ਕੇ ਦੂਜੀ ਕਾਈ ਗੱਲ ਰਾਈ ਮਾਤਰ ਭੀ ਨਹੀਂ ਕਰਦੇ। ਓਹਨਾਂ ਨੂੰ ਕੀ ਪਈ ਕਰਤੇ ਦੀ ਕੀਮਤਿ ਅਤੇ ਗਤਿ ਮਿਤਿ ਜਾਨਣ ਦੀ। ਜਿਨ੍ਹਾਂ ਦੇ ਮਨ ਵਿਚਿ ਕਰਤਾ ਪੁਰਖ ਆਪਿ ਵਸਿ ਗਿਆ ਹੈ, ਤਿਨ੍ਹਾਂ ਦੀਆਂ ਏਹੜ-ਤੇਹੜਾਂ ਹੁੱਜਤਾਂ ਸਭ ਮੁੱਕ ਗਈਆਂ। ਓਹਨਾਂ ਨੂੰ ਵਿਦਿਅਕ ਅਕਲੀ ਸਿਆਣਪਾਂ ਦ੍ਰਿੜ੍ਹਾਉਣ ਨਾਲਿ ਕੋਈ ਵਾਸਤਾ ਹੀ ਨਹੀਂ ਰਿਹਾ। ਪਾਰਬ੍ਰਹਮ-ਦਰਸੀਆਂ ਨੂੰ ਬ੍ਰਹਮਤਾ ਦੀ ਅਲਪੱਗ ਅਕਲੀ ਖੋਜ ਟੂਲਾਣ ਵਿਚਿ ਪੈਣ ਦੀ ਲੋੜ ਹੀ ਕਾਈ ਨਹੀਂ ਰਹੀ। ਵਾਹਿਗੁਰੂ ਆਪਿ ਨਿਰਾਲਮ ਹੈ। ਉਸ ਨੂੰ ਹਿਰਦੇ ਵਸਾਉਣ ਵਾਲੇ ਗੁਰਮੁਖਿ ਭੀ ਨਿਰਾਲਮ ਹੀ ਥੀ ਰਹਿੰਦੇ ਹਨ। ਨਿਰਾਲਮ ਸੋ, ਜੋ ਆਪਣੇ ਆਪ ਵਿਚਿ ਦ੍ਰਿੜ੍ਹ ਹੋਵੇ, ਦੂਜੇ ਦੇ ਆਸਰੇ ਤੋਂ ਰਹਿਤ ਹੋਵੇ, ਅਸੰਗ ਹੋਵੇ, ਸੰਸਾਰ ਤੋਂ ਨਿਰਲੇਪ ਹੋਵੇ। ਗੁਰਮੁਖਾਂ ਤੋਂ ਬਿਨਾਂ ਹੋਰ ਸਭ ਲੁਕਾਈ ਸੰਸਾਰਕ ਧੰਦਿਆਂ ਵਿਚਿ ਹੀ ਰਚੀ ਮਿਚੀ ਹੈ। ਇਸ ਰਚ-ਮਿਚਤ ਵਾਲੀ ਭਿਆਨਕਤਾ ਨੂੰ ਕੋਈ ਗੁਰਮੁਖ ਹੀ ਮਹਿਸੂਸ ਕਰਦਾ ਹੈ। ਨਹੀਂ ਤਾਂ ਸਭ ਲੁਕਾਈ ਰਚੀ ਮਿਚੀ ਹੋਈ ਏਸੇ ਵਹਿਣ ਵਿਚਿ ਰੁੜ੍ਹੀ ਚਲੀ ਜਾਂਦੀ ਹੈ ਅਤੇ ਮੁੜਿ ਮੁੜਿ ਗੇੜੇ ਖਾਂਦੀ ਹੈ ਜਨਮ ਜੋਨੀਆਂ ਦੇ। ਕੋਈ ਵਾਹਿਗੁਰੂ-ਵਰੋਸਾਇਆ ਗੁਰਮੁਖਿ ਹੀ ਏਸ ਉਲਝਣ ਨੂੰ ਜਾਣਦਾ ਹੈ ਅਤੇ ਸੁਲਝਾਉਣਹਾਰਾ ਹੁੰਦਾ ਹੈ। ਬਸ, ਉਸੇ ਦੀ ਸੁਲਝਦੀ ਹੈ ਜਿਸ ਦੇ ਘਟ ਅੰਦਰਿ ਗੁਰੂ ਨਾਨਕ ਦਾ ਬਖ਼ਸ਼ਿਆ ਨਾਉਂ ਵਸਿ ਧਸਿ ਜਾਂਦਾ ਹੈ। ਇਉਂ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਿ ਕਰਿ ਅੰਤੀ ਅਉਸਰ ਉਹ ਨਾਮੀ ਵਾਹਿਗੁਰੂ ਕਰਤਾਰ ਸਮਰੱਥ ਦਾਤਾਰ ਨਾਲਿ ਮਿਲ ਜਾਂਦਾ ਹੈ।

ਸਤਿਗੁਰੂ ਦੀ ਪ੍ਰਾਪਤੀ ਕਰਮਾਂ ਨਾਲਿ ਹੁੰਦੀ ਹੈ। ਸਤਿਗੁਰੂ ਦੁਆਰਾ ਸ਼ਬਦ ਗੁਰਮੰਤਰ ਮਿਲਦਾ ਹੈ। ਸ਼ਬਦ ਦੀ ਕਮਾਈ ਕਰਕੇ ਹਉਮੈ ਮੈਲੁ ਦੂਰ ਹੁੰਦੀ ਹੈ। ਇਉਂ ਮਨ ਨਿਰਮਲ ਹੋ ਕੇ ਨਾਮ ਅਭਿਆਸ ਕਮਾਈ ਨੂੰ ਜਾਰੀ ਰਖਦਿਆਂ ਹੋਇਆਂ ਅੰਤਰਿ-ਆਤਮੇ ਗਿਆਨ-ਰਤਨ-ਚਾਨਣ ਦਾ ਪ੍ਰਗਾਸ ਹੁੰਦਾ ਹੈ। ਚਾਨਣਾ ਹੀ ਚਾਨਣਾ ਹੋ ਜਾਂਦਾ ਹੈ। ਤਿਮਰ-ਅਗਿਆਨ ਦਾ ਅੰਧੇਰਾ ਸਾਰਾ ਦੂਰ ਹੋ ਜਾਂਦਾ ਹੈ। ਕਰਮਾਂ ਬਿਨਾਂ ਹੋਰ ਘਨੇਰੀ ਲੋਕੀ ਟੱਕਰਾਂ ਮਾਰਦੀ ਫਿਰਦੀ ਹੈ। ਮੁੜਿ ਮੁੜਿ ਮਰਿ ਮਰਿ ਜੰਮਦੀ ਹੈ ਤੇ ਜੰਮਿ ਜੰਮਿ ਮਰਦੀ ਹੈ। ਆਵਾ-ਗਵਣਾ ਦੀ ਫੇਰੀ ਚੁਕਦੀ ਹੀ ਨਹੀਂ। ਬਿਖ ਦਾ ਰਤਿਆ ਹੋਇਆ ਚੁਰਾਸੀ ਦਾ ਜੀਵ ਮੁੜਿ ਮੁੜਿ ਬਿਖ ਹੀ ਕਮਾਉਂਦਾ ਹੈ, ਬਿਖਵਤੇ ਕਰਮ ਹੀ ਕਰਦਾ ਹੈ। ਉਸ ਨੂੰ ਸੁਖ ਕਦੇ ਨਹੀਂ ਮਿਲਦਾ। ਕਰਮ-ਬਿਧਾਤੇ ਵਲੋਂ ਕਰਮਾਂ ਅਨੁਸਾਰ ਹੀ ਸੁਖ ਦੁਖ ਮਿਲਦਾ ਹੈ। ਯਥਾ ਗੁਰਵਾਕ—

ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥ ਮਨੁ
ਨਿਰਮਲੁ ਗਿਆਨੁ ਰਤਨੁ ਚਾਨਣ ਅਗਿਆਨੁ ਅੰਧੇਰੁ ਗਵਾਇਆ ॥ ੨ ॥

ਬਿਨੁ ਕਰਮਾ ਹੋਰ ਫਿਰੈ ਘਨੇਰੀ ॥ ਮਰਿ ਮਰਿ ਜੰਮੈ ਚੁਕੈ ਨ ਫੇਰੀ ॥ ਬਿਖੁ ਕਾ ਰਾਤਾ ਬਿਖੁ ਕਮਾਵੈ ਸੁਖੁ ਨ ਕਬਹੂ ਪਾਇਆ ॥ ੧੩ ॥

(ਮਾਰੂ ਮ: ੩, ਪੰਨਾ ੧੦੬੭)

ਕਰਤੇ ਪੁਰਖ ਨੇ ਜਿਨ੍ਹਾਂ ਦੇ ਕਰਮਾਂ ਵਿਚਿ ਧੁਰੋਂ ਹੀ ਲਿਖਤ ਲਿਖ ਪਾਈ ਹੈ ਤਿਨ੍ਹਾਂ ਦੀ ਹੀ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ਹੈ। ਇਹ ਸੂਝ ਬੂਝ ਤਿਨ੍ਹਾਂ ਨੂੰ ਹੀ ਆਈ ਹੈ ਜਿਨ੍ਹਾਂ ਦੀ ਗੁਰੂ ਨਾਲਿ ਬਣਿ ਆਈ ਹੈ ਅਤੇ ਜਿਨ੍ਹਾਂ ਨੇ ਗੁਰ-ਚਰਨਾਂ ਨਾਲਿ ਹੀ ਲਿਵ ਲਾਈ ਹੈ। ਇਉਂ ਗੁਰੂ-ਕਰਤਾਰ ਕਰਮ-ਬਿਧਾਤਾ ਜਿਸ ਨੂੰ ਦਾਤਿ ਦੇਵੈ ਉਸੇ ਗੁਰਮੁਖਿ ਜਨ ਨੂੰ ਹੀ ਨਾਮ-ਪਦਾਰਥ ਦੀ ਲਬਦ ਲਭਦੀ ਹੈ। ਕਰਮ-ਬਿਧਾਤੇ ਦੀ ਕਿਰਪਾ ਨਾਲਿ ਹੀ ਇਹ ਨਾਮ ਪਦਾਰਥ ਮਿਲਦਾ ਹੈ; ਜਦ ਉਹ ਆਪਿ ਕਿਰਪਾ ਕਰਦਾ ਹੈ ਅਤੇ ਉਸ ਦੀ ਕਿਰਪਾ ਨਾਲਿ ਹੀ ਨਾਮ ਅਭਿਆਸ ਦੀ ਅਤੁੱਟ ਕਮਾਈ ਕਰਦਿਆਂ ਕਰਦਿਆਂ ਨਾਮ ਵਿਚਿ ਹੀ ਸਮਾਈ ਹੋ ਜਾਂਦੀ ਹੈ। ਨਾਮ ਜਪਣ ਵਾਲੇ ਦੀ, ਨਾਮ ਕਰਮ ਕਰੀਆਲੇ ਗੁਰਮੁਖਿ ਜਨ ਦੀ ਨਾਮੀ ਵਾਹਿਗੁਰੂ ਨਾਲਿ ਮੇਲ-ਮਿਲਾਈ ਹੋ ਜਾਂਦੀ ਹੈ। ਯਥਾ ਗੁਰਵਾਕ—

ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥ ਬਿਨੁ ਸਤਿਗੁਰੁ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥ ੭ ॥ ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥ ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥

(ਮਾਰੂ ਸੋਲਹੇ ਮ: ੪, ਪੰਨਾ ੧੦੬੯)

ਪਸੂ ਬਿਰਤੀ ਵਾਲੇ ਮਨਮੁਖ ਪਸ਼ੂਆਂ ਵਾਲੇ ਹੀ ਕਰਮ ਕਰਦੇ ਹਨ ਤਿਨ੍ਹਾਂ ਨੂੰ ਪਰਮਾਰਥ ਦੀ ਸੂਝ ਬੂਝ ਕੀ ਹੋਈ? ਆਉਂਦੀ ਹੀ ਨਹੀਂ। ਪਸ਼ੂਆਂ ਵਾਲੇ ਕਰਮ ਸਭਿ ਕੂੜਾਵੇ ਕਰਮ ਹੀ ਹਨ। ਕੂੜੇ ਕਰਮਾਂ ਦਾ ਕੂੜਾਵਾ ਫਲ ਹੀ ਮਿਲਦਾ ਹੈ। ਤਿਨ੍ਹਾਂ ਕੂੜੇ ਕਰਮਾਂ ਦਾ ਕਰਾਲੂ ਭੀ ਕੂੜਾ ਹੀ ਕਹਾਉਂਦਾ ਹੈ। ਅਜਿਹੇ ਕੂੜੇ ਪੁਰਸ਼ ਨੂੰ ਜੇ ਕਰਤਾ ਦੀ ਨੇਤ ਅਨੁਸਾਰ ਸੱਚੇ ਸਤਿਗੁਰੂ ਦੀ ਸਰਣਿ ਪ੍ਰਾਪਤਿ ਹੋ ਜਾਵੇ ਅਤੇ ਉਹ ਗੁਰੂ-ਘਰ ਦੇ ਪੰਨੇ ਪੈ ਜਾਵੇ ਤਾਂ ਉਸ ਦੀ ਪਸੂ-ਬਿਰਤੀ ਉਲਟ ਕੇ ਕੁਬੁਧੀਓਂ ਸਬੁਧੀ ਵਿਚਿ ਪਲਟ ਜਾਂਦੀ ਹੈ। ਉਹ ਉਲਟਾ ਸਚੁ-ਪਦਾਰਥੁ ਨਾਮ ਦਾ ਖੋਜੀ ਵਿਹਾਜੀ ਹੋ ਜਾਂਦਾ ਹੈ। ਵਾਹਿਗੁਰੂ ਨਾਮ ਉਸ ਦੇ ਹਿਰਦੇ ਅੰਦਰਿ ਵਸਿ ਆਉਂਦਾ ਹੈ। ਸਦਾ ਸਦਾ ਰਸਿ ਆਉਂਦਾ ਹੈ। ਇਉਂ ਉਹ ਨਾਮ ਦਾ ਰਸੀਆ ਬਣਿ ਜਾਂਦਾ ਹੈ। ਨਾਮ ਦਾ ਰਸੀਆ ਹੋ ਕੇ ਰੀਸਾਲੂ ਗੁਣੀ-ਨਿਧਾਨ ਨੂੰ ਪਾ ਲੈਂਦਾ ਹੈ। ਸਤਿਗੁਰੂ ਦੇ ਪਰਸਾਦ ਕਰਿ ਪੁਗ ਖਲੋਂਦਾ ਹੈ। ਇਹ ਪਦ ਪਾਇਕੈ ਉਸ ਦੇ ਪਸੂਪਣੇ-ਅਭਿਮਾਨ ਦਾ ਬੀਜ ਨਾਸ ਹੁੰਦਾ ਹੈ। ਇਹ ਬਿਧੀ ਆਪੇ ਹੀ ਬਿਧਾਤਾ ਬਣਾਏ ਤਾਂ ਬਣਾਏ, ਆਪੇ ਕਰਤਾ ਕਰੇ ਕਰਾਏ। ਆਪੇ ਹੀ ਉਹ ਭੁਲਿਆਂ ਨੂੰ ਮੁੜਿ ਮਾਰਗਿ ਪਾਉਣਹਾਰਾ ਹੈ। ਆਪੇ ਹੀ ਮਨਮੁਖੋਂ ਗੁਰਮੁਖਿ ਬਣਾ ਕੇ ਵਡਿਆਈ ਦੇਣਹਾਰਾ ਹੈ। ਇਉਂ ਕਰਮ-ਬਿਧਾਤੇ ਦੀ ਰਜ਼ਾ ਨਾਲਿ ਨਾਮ ਨਾਮੀ ਦੇ ਸੱਚੇ ਜੋਤਿ ਸਰੂਪੀ ਸਰੂਪ ਵਿਚਿ ਸਮਾਈ ਹੋਣ ਦੀ ਬਿਧਿ ਬਣਦੀ ਹੈ। ਯਥਾ ਗੁਰਵਾਕ—

ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥ ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥ ੨ ॥ ਹਰਿ ਹਰਿ ਨਾਮੁ ਰਿਦੈ ਸਦ


www.sikhbookclub.com

ਵਸਿਆ ਪਾਇਆ ਗੁਣੀ ਨਿਧਾਨੁ ॥ ਗੁਰ ਪਰਸਾਦੀ ਪੂਰਾ ਪਾਇਆ ਚੂਕਾ
ਮਨ ਅਭਿਮਾਨੁ ॥ ੩ ॥ ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥ ੪ ॥ ੯ ॥ ੧੯ ॥

(ਭੈਰਉ ਮਃ ੩, ਪੰਨਾ ੧੧੩੨-੩੩)

ਕਰਮ-ਬਿਧਾਤੇ ਗੁਰੂ ਕਰਤਾਰ ਦੀ ਕਰਮ-ਬਿਧਾਤਮੀ-ਖੇਡ ਦਾ ਇਸ ਅਗਲੇ ਗੁਰਵਾਕ ਅੰਦਰਿ ਖੂਬ ਵਿਚਾਰ ਕੇ ਨਿਰਣਾ ਦ੍ਰਿੜ੍ਹਾਇਆ ਗਿਆ ਹੈ—

ਹਰਿ ਗਹਿਰ ਗੰਭੀਰੁ ਗੁਣੀ ਗਹੀਰੁ ਗੁਰ ਕੈ ਸਬਦਿ ਪਛਾਨਿਆ ॥ ਬਹੁ ਬਿਧਿ
ਕਰਮ ਕਰਹਿ ਭਾਇ ਦੂਜੈ ਬਿਨੁ ਸਬਦੈ ਬਉਰਾਨਿਆ ॥ ੧ ॥ ਹਰਿ ਨਾਮਿ
ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ ॥ ਨਾਮ ਬਿਨਾ ਸਭੁ ਜਗੁ
ਹੈ ਮੈਲਾ ਦੂਜੈ ਭਰਮਿ ਪਤਿ ਖੋਈ ॥ ੨ ॥ ਕਿਆ ਦ੍ਰਿੜਾਂ ਕਿਆ ਸੰਗ੍ਰਹਿ
ਤਿਆਗੀ ਮੈ ਤਾ ਬੂਝ ਨ ਪਾਈ ॥ ਹੋਹਿ ਦਇਆਲੁ ਕ੍ਰਿਪਾ ਕਰਿ ਹਰਿ ਜੀਉ
ਨਾਮੋ ਹੋਇ ਸਖਾਈ ॥ ੩ ॥ ਸਚਾ ਸਚੁ ਦਾਤਾ ਕਰਮ ਬਿਧਾਤਾ ਜਿਸੁ ਭਾਵੈ
ਤਿਸੁ ਨਾਇ ਲਾਏ ॥ ਗੁਰੂ ਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ ॥ ੪ ॥
ਦੇਖਿ ਬਿਸਮਾਦੁ ਇਹੁ ਮਨੁ ਨਹੀ ਚੇਤੇ ਆਵਾਗਉਣੁ ਸੰਸਾਰਾ ॥ ਸਤਿਗੁਰੁ ਸੇਵੇ
ਸੋਈ ਬੂਝੈ ਪਾਏ ਮੋਖ ਦੁਆਰਾ ॥ ੫ ॥ ਜਿਨੑ ਦਰੁ ਸੂਝੈ ਸੇ ਕਦੇ ਨ ਵਿਗਾੜਹਿ
ਸਤਿਗੁਰਿ ਬੂਝ ਬੁਝਾਈ ॥ ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ ਆਵਣ
ਜਾਣੁ ਰਹਾਈ ॥ ੬ ॥ ਸੇ ਦਰਿ ਸਾਚੈ ਸਾਚੁ ਕਮਾਵਹਿ ਜਿਨ ਗੁਰਮੁਖਿ ਸਾਚੁ
ਅਧਾਰਾ ॥ ਮਨਮੁਖ ਦੂਜੈ ਭਰਮਿ ਭੁਲਾਏ ਨਾ ਬੂਝਹਿ ਵੀਚਾਰਾ ॥ ੭ ॥ ਆਪੇ
ਗੁਰਮੁਖਿ ਆਪੇ ਦੇਵੈ ਆਪੇ ਕਰਿ ਕਰਿ ਵੇਖੈ ॥ ਨਾਨਕ ਸੇ ਜਨ ਥਾਇ ਪਏ ਹੈ
ਜਿਨ ਕੀ ਪਤਿ ਪਾਵੈ ਲੇਖੈ ॥ ੮॥ ੩॥

(ਸਾਰਗ ਮਃ ੩, ਪੰਨਾ ੧੨੩੪-੩੫)

ਵਿਆਖਿਆ— ਵਾਹਿਗੁਰੂ ਗਹਿਰ ਗੰਭੀਰ ਹੈ, ਬਹੁਤ ਡੂੰਘਾ, ਅਤਿ ਅਥਾਹ ਹੈ, ਅਗੰਮ ਹੈ, ਜਿਸ ਦੀ ਗੰਮਤਾ ਨਹੀਂ ਪਾਈ ਲਖੀ ਜਾਂਦੀ, ਜਿਸ ਦਾ ਥਾਹ ਨਹੀਂ ਲਿਆ ਜਾ ਸਕਦਾ, ਅਲਪਗ ਅਕਲ ਵਾਲੇ ਅਕਲਈਆਂ ਦੀ ਸਮਝ ਤੋਂ ਅਗੋਚਰਾ ਹੈ। ਉਸ ਨੂੰ ਅਕਲਾਂ ਨਾਲਿ ਕੋਈ ਨਹੀਂ ਪਛਾਣ ਸਕਦਾ। ਉਹ ਗੁਣਾਂ ਦਾ ਅਮੀਕ ਖਜ਼ਾਨਾ ਹੈ। ਪਰ ਉਸ ਦੇ ਗੁਣ ਭੀ ਅਗਮ ਅਗੋਚਰ ਹਨ, ਅਲਪਗ ਅਕਲਈਆਂ ਦੀ ਅਕਲ ਤੋਂ ਅਗੋਚਰੇ ਗੁਣ। ਉਸ ਦੇ ਗੁਣਾਂ ਦੀ ਗੰਮਤਾ ਬੜੇ ਬੜੇ ਦਾਨੇ ਬੀਨੇ ਸਦਾਉਣ ਵਾਲੇ ਫ਼ਿਲਾਸਫ਼ਰਾਂ ਪਾਸੋਂ ਨਹੀਂ ਹੋ ਸਕਦੀ। ਐਸਾ ਗੁਣੀ ਗਹੀਰ, ਗਹਿਰ ਗੰਭੀਰ ਵਾਹਿਗੁਰੂ ਤਿਨ੍ਹਾਂ ਤੋਂ ਹੀ ਜਾਣਿਆ ਪਾਇਆ ਜਾਂਦਾ ਹੈ, ਜਿਨ੍ਹਾਂ ਉਪਰ ਵਾਹਿਗੁਰੂ ਦੀ ਕਿਰਪਾ ਹੋਵੈ ਅਤੇ ਜਿਨ੍ਹਾਂ ਨੂੰ ਵਾਹਿਗੁਰੂ ਦੀ ਕਿਰਪਾ ਨਾਲਿ ਸੱਚੇ ਸਤਿਗੁਰੂ ਜੀ ਦਾ ਮੇਲਾ ਹੁੰਦਾ ਹੈ, ਅਤੇ ਗੁਰ-ਦੁਆਰਿਓਂ ਗੁਰ-ਸ਼ਬਦ ਦੀ ਪ੍ਰਾਪਤੀ ਹੁੰਦੀ ਹੈ। ਤਿਸ ਸ਼ਬਦ ਗੁਰ-ਮੰਤਰ ਦੀ ਅਥਾਹ ਕਮਾਈ ਕਰ ਕੇ ਗਹਿਰ ਗੰਭੀਰ ਗੁਣੀ ਗਹੀਰ ਵਾਹਿਗੁਰੂ ਨੂੰ ਪਛਾਣਿਆ ਜਾ ਸਕਦਾ ਹੈ, ਐਵੇਂ ਹੋਰ ਕਿਸੇ ਮਨਮੁਖ ਗੁਰਮੰਤਰ ਹੀਣੇ ਨਿਗੁਰੇ ਮੀਣੇ ਤੋਂ ਨਹੀਂ ਪਛਾਣਿਆ ਜਾ ਸਕਦਾ, ਚਾਹੇ ਉਹ ਬਥੇਰੇ ਬਹੁ ਬਿਧੀਆਂ ਦੇ ਪ੍ਰਕਾਰੀ ਕਰਮ ਕਰਨ। ਇਹ ਕਰਮ ਕੀਤੇ, ਮਨਮੁਖੀਆਂ ਅਨਮਤੀਆਂ ਨਿਗੁਰਿਆਂ ਦੇ ਥਾਇੰ


www.sikhbookclub.com

ਨਹੀਂ ਪੈਂਦੇ, ਕਿਉਂਕਿ ਇਹ ਸਭਿ ਦੂਜੇ ਭਾਇ ਦੇ ਕਰਮ ਹੁੰਦੇ ਹਨ ਅਤੇ ਦੂਜੇ ਭਾਇ ਦੇ ਕੁਰੰਗਾਂ ਕੁਸੰਗਾਂ ਵਿਚਿ ਹੀ ਕੀਤੇ ਜਾਂਦੇ ਹਨ। ਗੁਰ ਸ਼ਬਦ ਬਿਨਾਂ ਉਹ ਮਤਿਹੀਣ ਹਨ, ਗੁਰਮਤਿ ਮਤਿ ਤੋਂ ਸੁੰਞੇ ਹਨ। ਗੁਰਮਤਿ ਮਤਿ ਤੋਂ ਸੁੰਞੇ ਅਤੇ ਸਖਣੇ ਤੱਤ ਸਮਝ ਸੂਝ ਵਾਲੇ ਸਿਆਣੇ ਨਹੀਂ ਹੋ ਸਕਦੇ। ਸਗੋਂ ਤੱਤ ਅਕਲ ਤੋਂ ਸੁੰਞੇ, ਕਮਲੇ, ਬਉਰੇ ਹੋਏ ਭਰਮਦੇ ਭਟਕਦੇ ਰਹਿੰਦੇ ਹਨ। ਸਾਰਾ ਜਗਤ ਸੰਸਾਰੁ ਹੀ ਨਾਮ ਤੋਂ ਬਿਨਾਂ ਬੌਰਾਨਿਆ ਹੋਇਆ ਹੈ। ਕੁਮਤਿ-ਮਤੀ ਓਪਰੀਆਂ ਸਿਆਣਪਾਂ ਅਤੇ ਮਨ-ਘੜਤ ਥੀਊਰੀਆਂ ਦੀ ਖੇਹ ਉੜਾਉਂਦਾ ਫਿਰਦਾ ਹੈ। ਅਤੇ ਇਹੋ ਖੇਹ ਉੜਾ ਕੇ, ਖੌਰੂ ਪਾ ਪਾ ਕੇ ਲਿਬੜਿਆ ਰਹਿੰਦਾ ਹੈ, ਜਿਸ ਲਿਬੇੜ ਵਾਲੀ ਮੈਲ ਕਦੇ ਲਹਿੰਦੀ ਹੀ ਨਹੀਂ।

ਨਾਮ ਦਾ ਅੰਮ੍ਰਿਤ-ਇਸ਼ਨਾਨ ਕਰਨ ਵਾਲਾ ਹੀ ਨਿਰਮਲ ਹੋ ਸਕਦਾ ਹੈ। ਉਸ ਨੂੰ ਕੋਈ ਮੈਲ ਨਹੀਂ ਪੁਹੰਦੀ, ਕੋਈ ਲਿਬੇੜ ਉਸ ਦੇ ਨੇੜੇ ਨਹੀਂ ਆਉਂਦੀ। ਅਗਲੀ ਜਨਮ ਜਨਮ ਦੀ ਮੈਲ ਉਤਰ ਜਾਂਦੀ ਹੈ, ਫੇਰ ਚੜ੍ਹਦੀ ਨਹੀਂ। ਦੂਜੇ ਭਾਵ ਦੀ ਮਾਇਆ-ਮਲੁ ਉਸ ਦੀ ਸਭ ਧੋਤੀ ਜਾਂਦੀ ਹੈ, ਨਾਮ-ਉਦਕ-ਇਸ਼ਨਾਨੀ ਜਨ ਕਦੇ ਮੈਲਾ ਨਹੀਂ ਹੁੰਦਾ, ਸਦਾ ਨਿਰਮਲ ਰਹਿੰਦਾ ਹੈ। ਦੂਜੇ ਭਾਇ ਦੀ ਮੈਲ ਨਾਲਿ ਸਾਰਾ ਜਗੁ ਮੈਲਾ ਹੋਇਆ ਪਿਆ ਹੈ। ਨਾਮ ਬਿਨਾਂ ਨਾ ਦੂਜੇ ਭਾਇ ਦੀ ਮੈਲ ਜਾਂਦੀ ਹੈ, ਨਾ ਜਗ ਨਿਰਮਲ ਹੋ ਸਕਦਾ ਹੈ। ਮਾਇਆ ਦੇ ਇਸ ਦੂਜੇ ਭਾਵ ਨੇ ਸਾਰੇ ਸੰਸਾਰ ਦੀ ਮਤਿ ਮਾਰ ਦਿੱਤੀ ਹੈ ਅਤੇ ਮਤਿ ਖੋ ਦਿੱਤੀ, ਖੁਆਰ ਕਰਿ ਦਿੱਤੀ ਹੈ। ਮਾਇਆ ਵਿਚਿ ਮਤਿਆਂ, ਦੂਜੇ ਭਾਇ ਦੇ ਮਲਨੱਤਿਆਂ ਨੂੰ ਆਪੋਂ ਕਦੇ ਸੂਝ ਬੂਝ ਨਹੀਂ ਆਉਂਦੀ, ਆ ਹੀ ਨਹੀਂ ਸਕਦੀ, ਕਿ ਕਿਹੜੀ ਅਜਿਹੀ ਵਸਤੂ ਦ੍ਰਿੜ੍ਹ ਕਰਨੀ ਚਾਹੀਦੀ ਹੈ ਜਿਸ ਤੋਂ ਯੋਗ ਅਯੋਗ ਕੰਮਾਂ ਦੇ ਗ੍ਰਹਿਣ ਤਿਆਗ ਦੀ ਸੱਚੀ ਸੂਝ ਬੂਝ ਆ ਜਾਵੇ। ਹਉਮੈ ਦੀ ਮਤਿ ਨਾਲਿ ਅਲਪਗ ਹਉਮੈ-ਫਸੇ ਮਨਮੁਖਾਂ ਨੂੰ ਇਹ ਸੂਝ ਬੂਝ ਨਹੀਂ ਆ ਸਕਦੀ। ਓਹਨਾਂ ਹਉਮੈ-ਮਸਤਾਰੀਆਂ ਤੋਂ ਇਹ ਬੂਝ ਪਾਈ ਹੀ ਨਹੀਂ ਜਾ ਸਕਦੀ, ਇਹ ਤਦੇ ਪ੍ਰਾਪਤ ਹੋ ਸਕਦੀ ਹੈ ਜੇ ਵਾਹਿਗੁਰੂ ਕਿਰਪਾਲ ਦਇਆਲ ਆਪਣੀ ਕਿਰਪਾ ਦਇਆ ਕਰੇ ਅਤੇ ਨਾਮ ਦੀ ਦਾਤਿ ਦੇਵੇ, ਸਦਾ ਸਹਾਈ ਸਦਾ ਸਖਾਈ ਹੋਵੇ। ਵਾਹਿਗੁਰੂ ਸੱਚਾ, ਸਚੁ ਦਾਤਿ ਦਾ ਦਾਤਾ, ਕਰਮ-ਬਿਧਾਤਾ, ਜਿਸ ਨੂੰ ਭਾਵੇ ਤਿਸ ਨੂੰ ਆਪ ਹੀ ਨਾਮ ਦੀਆਂ ਕਮਾਈਆਂ (ਅਭਿਆਸ ਕਮਾਈਆਂ) ਕਰਨ ਲਾ ਲਵੇ—

**ਸਚਾ ਸਚੁ ਦਾਤਾ ਕਰਮ ਬਿਧਾਤਾ ਜਿਸੁ ਭਾਵੈ ਤਿਸੁ ਨਾਇ ਲਾਏ ॥**

ਸੋਈ ਜਨ ਸੱਚੀ ਬੁਝਣੀ ਬੁਝਦਾ ਹੈ ਜਿਸ ਨੂੰ ਗੁਰੂ ਦੁਆਰਿਓਂ ਦਾਤਿ ਦਿਵਾਇ ਕੇ ਆਪਿ ਬੁਝਾਇੰਦਾ ਹੈ। ਇਸ ਬਿਸਮਾਦ ਪਦ ਨੂੰ ਦੇਖ ਕੇ ਕੋਈ ਗੁਰਮੁਖਿ ਜਨ ਹੀ ਪਤੀਆਉਂਦਾ ਹੈ। ਇਸ ਬਿਸਮਾਦ ਖੇਡ ਨੂੰ, ਬਿਸਮਾਦ ਕੁਦਰਤਿ, ਬਿਸਮਾਦ ਰਚਨਾ ਨੂੰ ਦੇਖ ਕੇ ਕੋਈ ਵਡਭਾਗਾ ਜਨ ਹੀ ਈਮਾਨ ਲਿਆਉਂਦਾ ਹੈ ਅਤੇ ਕਾਦਰੇ ਕੁਦਰਤਿ ਉਤੇ ਰੀਝ ਰੀਝਾਉਂਦਾ ਹੈ। ਪਰ ਆਵਾ-ਗਵਨ ਦੇ ਚਕਰ ਵਿਚਿ ਪਏ ਮਨਮੁਖ ਸੰਸਾਰੀਆਂ ਦੇ ਮਨ ਕਠੋਰ ਇਸ ਬਿਸਮਾਦ ਖੇਡ ਨੂੰ ਦੇਖ ਕੇ ਨਹੀਂ ਪਸੀਜਦੇ, ਨਹੀਂ ਪੰਘਰਦੇ ਅਤੇ ਬਿਸਮਾਦ ਰਚਨਾ ਦੇ ਰਚਨਹਾਰ ਕੁਦਰਤਿ ਦੇ ਅੰਦਰਿ ਵੱਸ ਰਹੇ ਕੁਦਰਤਿ ਦੇ ਮਾਲਕ ਕਾਦਰ ਨੂੰ ਨਹੀਂ ਚੇਤਦੇ। ਸਤਿਗੁਰੂ ਨੂੰ ਸੇਵਨਹਾਰਾ, ਸਤਿਗੁਰੂ-ਸੇਵਾ ਦੁਆਰਾ ਨਾਮ ਪ੍ਰਾਪਤਿ ਕਰ ਕੇ ਵਾਹਿਗੁਰੂ ਨੂੰ ਸਿਮਰਨਹਾਰਾ ਸੇਵਕ ਸਿੱਖ, ਕੋਈ ਵਡਭਾਗਾ ਸਿਖ ਸੇਵਕ ਹੀ ਇਸ ਸੱਚੀ ਬੁਝਣੀ ਨੂੰ ਬੁਝ ਸਕਦਾ ਹੈ ਅਤੇ ਬੁਝ ਕੇ ਮੋਖ-ਦੁਆਰਾ ਪਾ ਸਕਦਾ ਹੈ। ਗੁਰਮਤਿ ਨਾਮ ਰੂਪੀ ਸੱਚ ਦੀ ਸੱਚੀ ਕਰਣੀ-ਕਿਰਤ ਕਮਾਈ ਕੀਤਿਆਂ ਆਵਣ ਜਾਣਾ ਮਿਟ ਜਾਂਦਾ ਹੈ। ਆਵਾ-


www.sikhbookclub.com

ਗਉਣ ਚਉਰਾਸੀ ਦੇ ਸਿਲਸਿਲੇ ਵਾਲਾ ਗੇੜ ਹਟ ਜਾਂਦਾ ਹੈ। ਜਿਨ੍ਹਾਂ ਗੁਰਮੁਖਾਂ ਨੂੰ ਸਚ ਨਾਮ ਦਾ ਆਧਾਰ ਹੈ, ਸੇ ਜਨ ਸੱਚੇ ਵਾਹਿਗੁਰੂ ਦੇ ਦਰ ਤੇ ਜਾ ਕੇ ਹੀ ਇਹੀ ਸੱਚੀਆਂ ਕਮਾਈਆਂ ਕਰਦੇ ਹਨ। ਸੱਚੀ ਦਰਗਹਿ ਜਾ ਕੇ ਭੀ, ਦਰਗਹਿ ਪੁਜ ਕੇ ਪੁਗੇ ਹੋਏ ਗੁਰਮੁਖਾਂ ਦੀ ਨਾਮ ਅਭਿਆਸ ਕਮਾਈ ਹੁੰਦੀ ਹੀ ਰਹਿੰਦੀ ਹੈ। ਨਾਮ ਅਭਿਆਸ ਦੇ ਸੱਚੜੇ ਕਰਮ ਦੀ ਕਮਾਈ ਉਥੇ ਜਾ ਕੇ ਭੀ ਨਹੀਂ ਮੁਕਦੀ ਰੁਕਦੀ। ਦੂਜੇ ਭਾਇ ਵਿਚਿ ਭਰਮ-ਭੁਲਾਨੇ ਮਨਮੁਖਾਂ ਨੂੰ ਇਸ ਪਦ ਦੇ ਵੀਚਾਰਨ ਦੀ ਸੋਝੀ, ਬੁਧਿ-ਬੁਝੇਗੀ ਹੀ ਨਹੀਂ। ਸੱਚ ਦਾਤਾਰ ਕਰਤਾਰ ਆਪ ਹੀ ਮੁਖੀ ਗੁਰੂ ਹੈ। ਗੁਰਾਂ ਸਿਰ ਮੁਖੀ ਸਿਰਮੌਰ ਗੁਰੂ ਵਾਹਿਗੁਰੂ ਆਪ ਹੈ, ਆਪੇ ਹੀ ਗੁਰਮੁਖਤਾ ਦੀ ਦਾਤਿ ਦਿੰਦਾ ਹੈ, ਦਾਤਿ-ਪਾਤਰਾਂ ਨੂੰ। ਆਪਿ ਹੀ ਦਾਤਾਂ ਦੇ ਦੇ ਕੇ ਆਪੇ ਹੀ ਕਰਮ ਅਨੁਸਾਰ ਗੁਰਮੁਖ ਮਨਮੁਖ ਕਰ ਕਰ ਕੇ ਵੇਖਦਾ ਹੈ, ਕਿਸੇ ਨੂੰ ਮਨਮੁਖ ਕਰ ਦਿੰਦਾ ਹੈ, ਕਿਸੇ ਨੂੰ ਗੁਰਮੁਖ ਬਣਾ ਦਿੰਦਾ ਹੈ। ਜਿਸ ਦੀ ਪਤਿ ਲੇਖੇ ਪੈਂਦੀ ਹੈ ਸੋਈ ਜਨ ਥਾਇੰ ਪੈਂਦੇ ਹਨ। ਓਹੀ ਦਰਗਹਿ ਮਕਬੂਲ ਹੁੰਦੇ ਹਨ।

ਤਿਨ੍ਹਾਂ ਗੁਰਮੁਖਾਂ ਨੂੰ ਮੁਕਤਿ ਗਤਿ ਪ੍ਰਾਪਤਿ ਹੁੰਦੀ ਹੈ, ਜਿਨ੍ਹਾਂ ਨੂੰ ਗੁਰੂ ਦੇ ਦਰੋਂ ਘਰੋਂ ਨਾਮ ਖ਼ਜ਼ਾਨਾ ਮਿਲਦਾ ਹੈ। ਜਿਸ ਨਾਮ ਨਿਧਾਨ ਖ਼ਜ਼ਾਨੇ ਨੂੰ ਭੋਗ ਭੁੰਚ ਕੇ ਉਹ ਤ੍ਰਿਪਤਿ ਅਘਾਈ ਰਹਿੰਦੇ ਹਨ। ਪੂਰੇ ਗੁਰੂ ਕੀ ਵਡਿਆਈ ਦੇ ਪਰਤਾਪ ਨਾਲਿ ਤਿਨ੍ਹਾਂ ਦੇ ਘਟ ਅੰਤਰਿ ਏਕੁ ਨਾਮੁ ਹੀ ਵਸਿਆ ਹੋਇਆ ਹੁੰਦਾ ਹੈ ਅਤੇ ਵਸਿਆ ਰਹਿੰਦਾ ਹੈ। ਵਾਹਿਗੁਰੂ ਦਾਤਾ ਕਰਮ ਬਿਧਾਤਾ ਆਪੇ ਹੀ ਕਰਤਾ ਹੈ, ਆਪੇ ਹੀ ਭੁਗਤਾ ਹੈ, ਜੋ ਸਬਾਈ ਖ਼ਲਕਤ ਖ਼ੁਦਾਈ ਨੂੰ ਰਿਜ਼ਕ ਦਿੰਦਾ ਹੈ। ਕਰਣਹਾਰ ਕਰਤਾਰ ਨੇ ਜੋ ਕੁਛ ਕਰਨਾ ਹੈ ਸੋ ਉਹੀ ਕਰਿ ਰਹਿਆ, ਉਸ ਦੇ ਉਲਟ ਅਵਰ ਕੁਛ ਭੀ ਕਿਸੇ ਤੋਂ ਕੀਤਾ ਨਹੀਂ ਜਾਂਦਾ। ਸਿਰਜਨਹਾਰ ਕਰਤਾ ਪੁਰਖ ਆਪੇ ਹੀ ਸ੍ਰਿਸ਼ਟੀ ਨੂੰ ਸਾਜਦਾ ਅਤੇ ਸਾਜ ਉਪਾਇ ਕੇ ਸ੍ਰਿਸ਼ਟੀ ਦੇ ਚਰਾ-ਚਰ ਜੀਵਾਂ ਨੂੰ ਆਪੋ ਆਪਣੇ ਠਿਕਾਣੇ ਸਿਰ ਅੱਡੋ ਅੱਡੀ ਧੰਧਿਆਂ ਵਿਚਿ ਲਾ ਦਿੰਦਾ ਹੈ।

ਐਸੇ ਸਰਬ ਕਲਾ ਸਮਰੱਥ ਸਿਰਜਨਹਾਰ ਕਰਤਾਰ ਨੂੰ ਸੇ੍ਵਹੁ, ਸਿਮਰੋ ਅਤੇ ਸਿਮਰ ਕੇ ਤਾਂ ਸੱਚੇ ਸੁਖ ਨੂੰ ਪਾਵਹੁ। ਇਹ ਸੱਚਾ ਸੁਖ, ਆਤਮ ਪਰਮਾਤਮ ਸੁਖ ਹੈ। ਪਰਮਾਤਮਾ ਦਾ ਮੇਲ ਹੀ ਸਭ ਤੋਂ ਵਡਾ ਸੁਖ ਪਰਮ ਆਨੰਦ ਹੈ। ਇਸ ਪਰਮਾਤਮੀ ਮਿਲਾਪ ਦੇ ਪਰਮ ਅਨੰਦੀ ਸੁਖ ਨੂੰ ਸਤਿਗੁਰੂ ਦੀ ਬਸੀਠਤਾ ਦੁਆਰਾ ਹੀ ਪਾਈਦਾ ਹੈ। ਆਪਣੇ ਆਪ ਦੇ ਉਪਾਵਨਹਾਰਾ ਕਰਤਾ ਪੁਰਖ ਅਕਾਲ ਆਪ ਹੀ ਹੈ। ਅਕਾਲ ਪੁਰਖ ਆਪਣੀ ਸੈ੍ਭੰ ਕਲਾ ਤੋਂ ਆਪਣੇ ਆਪ ਹੀ ਉਤਪੰਨ ਹੋਇਆ ਹੈ। ਉਸ ਦੀ ਉਤਪਤੀ ਸੁਤੇ ਪ੍ਰਕਾਸ਼ ਹੈ। ਸਭ ਦਾ ਉਪਾਵਨਹਾਰਾ ਸ੍ਰਿਸ਼ਟਾਵਨਹਾਰਾ ਹੋ ਕੇ ਉਹ ਆਪ ਅਲੱਖ ਹੀ ਰਹਿੰਦਾ ਹੈ। ਉਸ ਨੂੰ ਉਸਦਾ ਸਿਰਜਿਆ ਉਪਰਜਿਆ ਜੀਵ ਕੋਈ ਲਖ ਨਹੀਂ ਸਕਦਾ।

ਆਪਣੇ ਸੁਤੇ ਭਾਣੇ ਵਾਲੇ ਇਨਸਾਫ਼ ਮੂਜਬ ਉਹ ਆਪੇ ਹੀ ਮਾਰਦ੍ਹਾ ਹੈ ਅਤੇ ਆਪੇ ਹੀ ਆਪਣੀ ਸੈ੍-ਸਮਰੱਥਾ ਦੁਆਰਾ ਮਾਰ ਕੇ ਜੀਵਾਲਦਾ ਹੈ। ਇਹ ਮਾਰ ਜੀਵਾਲਣ ਦੀ ਖੇਡ ਓਹ ਆਪਣੇ ਨਿਆਉਂ ਇਨਸਾਫ਼ੀ ਚੋਜ ਵਿਡਾਣੇ ਭਾਣੇ ਅੰਦਰਿ ਕਰਦਾ ਹੈ। ਕਿਸੇ ਨੂੰ ਮਾਰਿ ਜੀਵਾਲਣ ਵਿਚਿ ਉਸ ਦਾ ਆਪਣਾ ਸੁਆਉ ਸੁਆਰਥ ਤਿਲ ਮਾਤਰ ਭੀ ਨਹੀਂ। ਇਕਨਾਂ ਨੂੰ ਉਹ ਦਾਤੇ ਬਣਾ ਦਿੰਦਾ ਹੈ, ਇਕਨਾਂ ਨੂੰ ਉਹ ਮੰਗਤੇ ਭਿਖਾਰੀ ਕਰ ਦਿੰਦਾ ਹੈ। ਆਪਣੇ ਮਨਜ਼ੂਰ-ਨਜ਼ਰ ਵਿਰਲਿਆਂ ਨੂੰ ਓਹ ਭਗਤ ਬਣਾ ਦਿੰਦਾ ਹੈ। ਭਗਤੀ ਦਾਨ ਦੇ ਕੇ, ਉਨ੍ਹਾਂ ਤੋਂ ਆਪੇ ਹੀ ਉਹ ਆਪਣੀ ਬਖ਼ਸ਼ਸ਼ ਦੁਆਰਾ ਭਗਤੀ ਕਰਾ ਦਿੰਦਾ ਹੈ। ਸੇ ਵਡਭਾਗੇ ਜਨ ਹਨ ਜਿਨ੍ਹਾਂ ਨੇ ਕਰਨ-ਕਾਰਨ ਸਮਰੱਥ ਇਕੋ ਵਾਹਿਗੁਰੂ ਨੂੰ ਜਾਣਿਆ ਗਿਆਨਾਣਿਆ ਹੈ। ਐਸੇ ਗੁਣ-ਗਿਆਨਵੰਤੇ ਸਦਾ ਇਕੋ ਸਮਰੱਥ ਸਿਰਜਨਹਾਰ ਦੇ


www.sikhbookclub.com

ਸੱਚੇ ਸਰੂਪ ਵਿਚਿ ਸਮਾਏ ਰਹਿੰਦੇ ਹਨ। ਜੈਸਾ ਓਹ ਸੁੰਦਰ ਸਰੂਪ ਸੋਹਣੇ ਰੂਪ ਵਾਲਾ ਅਤੇ ਸੁਘੜ ਸਿਆਣਾ ਹੈ, ਤੈਸਾ ਬਸ ਉਹੀ ਇਕੋ ਆਪਿ ਹੈ। ਉਸ ਜੇਵਡ ਹੋਰ ਕੋਈ ਸੋਹਣੇ ਸਰੂਪ ਵਾਲਾ ਅਤੇ ਸਿਆਣਪੁਣੇ ਦੀ ਸੁਘੜਤਾ ਵਾਲਾ ਨਹੀਂ। ਉਸ ਦੀ ਸੁੰਦਰਤਾ ਦੀ, ਉਸ ਦੀ ਸੁਘੜਤਾ ਦੀ ਕੀਮਤਿ ਕਹੀ ਹੀ ਨਹੀਂ ਜਾਂਦੀ। ਆਪੇ ਆਪਣੇ ਕੀਤੇ ਜੰਤਾਂ ਦੇ ਅੰਦਰਿ ਦੁਖ ਸੁਖ ਪਾਉਂਦਾ ਹੈ। ਆਪੇ ਹੀ ਉਹਨਾਂ ਨੂੰ ਭਰਮਿ ਭੁਲਾਉਂਦਾ ਹੈ। ਇਹ ਸਭ ਕਿਛ ਓਹਨਾਂ ਦੇ ਕਰਮਾਂ ਅਨੁਸਾਰ ਹੀ ਕਰਦਾ ਕਰਾਉਂਦਾ ਹੈ। ਵਡਾ ਦਾਤਾ, ਕਰਮ-ਬਿਧਾਤਾ, ਕਿਰਤ ਕਮਾਈਆਂ ਦਾ ਫਲ-ਪ੍ਦਾਤਾ ਕਰ ਕੇ ਉਸ ਨੂੰ ਸਿਰਫ਼ ਉਸ ਦੇ ਬਖ਼ਸ਼ੇ ਹੋਏ ਗੁਰਮੁਖਿ ਜਨਾਂ ਨੇ ਹੀ ਜਾਤਾ ਹੈ। ਹੋਰ ਨਿਗੁਰੀ ਸਭ ਲੁਕਾਈ ਇਸ ਭੇਦ-ਗਿਆਤ ਤੋਂ ਅੰਧੀ (ਅੰਧੇਰੇ ਵਿਚ) ਹੀ ਫਿਰਦੀ ਹੈ। ਜਿਨ੍ਹਾਂ ਨੇ ਉਚ ਬਿਵਸਥਾ ਦੇ ਬਿਸਮਾਦ ਦਾ ਰਸ ਚਖਿਆ ਹੈ ਤਿਨ੍ਹਾਂ ਨੂੰ ਹੀ ਸੱਚਾ ਸੁਆਦ ਆਇਆ ਹੈ; ਸਤਿਗੁਰ ਨੇ ਇਸ ਤੱਤ ਸਮਦਰਸਤਾ ਦੀ ਤਿਨ੍ਹਾਂ ਨੂੰ ਬੂਝਿ ਬੁਝਾਈ ਹੈ। ਇਕਨਾਂ ਨੂੰ ਨਾਮ ਤੋਂ ਭੁਲਾਇ ਰਖਿਆ ਹੈ ਅਤੇ ਓਹਨਾਂ ਨੂੰ ਮਨਮੁਖ ਬਣਾਇ ਰਖਿਆ ਹੈ। ਇਕਨਾਂ ਨੂੰ ਆਪਿ ਗੁਰਮੁਖਿ ਬਣਾਇ ਦਿੱਤਾ ਹੈ ਅਤੇ ਗੁਰਮੁਖਿ ਬਣਾਇ ਕੇ ਆਪਣਾ ਆਪ ਬੁਝਾਇ ਦਿੱਤਾ ਹੈ, ਆਪਣੇ ਸਰੂਪ ਦੀ ਆਪਿ ਲਖਤਾ ਕਰਾਇ ਦਿੱਤੀ ਹੈ। ਮਨਮੁਖਾਂ ਨੂੰ ਆਪੇ ਭੁਲਾਵਣਹਾਰਾ ਅਤੇ ਗੁਰਮੁਖਾਂ ਨੂੰ ਆਪੇ ਬੁਝਾਵਣਹਾਰਾ ਜਾਣ ਕੇ ਗੁਰਮੁਖਿ ਜਨ ਇਸ ਭੇਦ ਵਿਚਿ ਉਸ ਦੇ ਸੱਚੇ ਨਿਆਉਂ ਇਨਸਾਫ਼ ਦੀ ਝਲਕ ਦੇਖਦੇ ਹਨ ਅਤੇ ਤਿਸ ਵਿਚ ਉਸ ਦੀ ਵਡੀ ਵਡਿਆਈ ਜਾਣਦੇ ਹਨ। ਅਤੇ ਵਡਿਆਈ ਵਡੀ ਵਾਲਾ ਜਾਣ ਕੇ ਉਸ ਨੂੰ ਸਲਾਹੁੰਦੇ ਹਨ। ਸਾਲਾਹ ਸਾਲਾਹ ਕੇ ਉਸ ਦੇ ਅਨਿੰਨ ਭਗਤ ਜਨ ਸਦਾਉਂਦੇ ਹਨ। ਅਤੇ ਉਸ ਨੂੰ ਸਰਬ ਕਲਾ ਸਮਰੱਥ ਸੱਚੜੇ ਨਿਆਉਂ ਇਨਸਾਫ਼ ਨਿਬੇੜਨ ਵਾਲਾ ਸੱਚਾ ਪਾਤਸ਼ਾਹ ਰਾਜਿਆਂ ਸਿਰਿ ਰਾਜਾ ਸਮਝਦੇ ਹਨ। ਸੱਚ ਮੁੱਚ ਤਿਸ ਜੇਵਡ ਹੋਰ ਕੋਈ ਰਾਜਾ ਪਾਤਸ਼ਾਹ ਸ਼ਹਿਨਸ਼ਾਹ ਨਹੀਂ, ਜਿਸ ਨੇ ਸਰਬ ਜੀਵਾਂ ਨੂੰ ਉਨ੍ਹਾਂ ਦੇ ਆਪੋ ਆਪਣੇ ਲਿਖਤ ਕਰਨ-ਗਤਾਤਰੀ ਕਰਮ ਭੁਗਤਾਉਣ ਵਾਲਾ ਆਵਾ-ਗਵਨੀ ਸਿਲਸਿਲੇ ਦਾ ਸੱਚੜਾ ਨਿਆਉਂ ਨਿਬੇੜਿਆ ਹੈ।

ਐਸਾ ਨਿਆਉਂ ਹੋਰ ਕੋਈ ਨਿਬੇੜ ਨਹੀਂ ਸਕਦਾ, ਚਾਹੇ ਦੁਨੀਆਂ ਦਾ ਕਿਤਨਾ ਹੀ ਵਡਾ ਸਿਆਸਤਦਾਨ ਇਨਸਾਫ਼-ਪਸਿੰਦ ਨੇਤਾ ਵਡ-ਵਡੇਰਾ ਹੋਵੇ। ਇਉਂ ਉਸ ਸੱਚੀ ਇਲਾਹੀ ਅਦਾਲਤ ਵਿਚੋਂ ਸੱਚੇ ਅਦਲ ਦੀ ਟਕਸਾਲ ਟਕਸਾਲੀ ਗਈ ਹੈ। ਸੱਚੇ ਤਪਾਵਸ (ਅਦਲ ਇਨਸਾਫ਼) ਦੀ ਬਣਤਰ ਉਸ ਸੱਚ ਤਪਾਵਸੀ ਸੱਚੜੇ ਪਾਤਸ਼ਾਹ ਨੇ ਆਪਿ ਬਣਾਈ ਹੈ, ਜਿਸ ਦੇ ਤੁਲ ਹੋਰ ਤਪਾਵਸੀ ਬਣਤਰ ਕੋਈ ਪੁਜ ਨਹੀਂ ਸਕਦੀ। ਤਾਹੀਓਂ ਤਾਂ **"ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ"**[1]। ਤਿਸ ਸਦਾ ਸੱਚੜੇ ਨਿਆਉਂ ਦਾ ਰਜਾਈ ਅਨੁਸਾਰੀ ਬਣਾ ਕੇ ਵਿਰਲੇ ਕਿਸੇ ਗੁਰਮੁਖਿ ਜਨ ਤੋਂ ਹੀ ਹੁਕਮ-ਰਜਾਈ ਚੱਲਣ ਵਾਲਾ ਹੁਕਮੁ ਮਨਵਾਉਂਦਾ ਹੈ।

ਹੇ ਪ੍ਰਾਣੀਓ! ਤਿਸ ਸਭ ਤੋਂ ਮੁਖੀ ਗੁਰੂ (ਗੁਰ-ਮੁਖਿ) ਵਾਹਿਗੁਰੂ ਨੂੰ ਸਦਾ ਸਦਾ ਹੀ ਧਿਆਵਹੁ, ਜਿਸ ਨੇ ਐਸੀ ਨਿਆਉਂ ਇਨਸਾਫ਼ ਦੀ (ਤਪਾਵਸੀ) ਬਣਤ ਬਣਾਈ ਹੈ। ਸਤਿਗੁਰੂ ਨੂੰ ਭੇਟਣਹਾਰਾ, ਇਕੋ ਸੱਚੇ ਸਤਿਗੁਰੂ ਨੂੰ ਗੁਰੂ ਕਰਿ ਮੰਨ ਕੇ ਭੇਟਣਹਾਰਾ ਗੁਰਮਖਿ ਜਨ ਹੀ ਕਰਮਾਂ ਦੇ ਖੇਲ ਵਾਲੀ ਬਾਜੀ ਜਿਤ ਕੇ ਸੱਚੀ ਫ਼ਤਹ ਦਾ ਬਿਜਈ ਸਿਹਰਾ ਹਾਸਲ ਕਰਦਾ ਹੈ, ਫ਼ਤਹਮੰਦ ਹੋ ਕੇ

---

[1] ਰਾਮਕਲੀ ਮਃ ੩, ਪੰਨਾ ੯੧੨

ਭੀ ਵਾਹਿਗੁਰੂ ਦਾ ਨਾਮ ਹਿਰਦੇ ਵਿਚ ਵਸਾਈ ਰਖਦਾ ਹੈ। ਇਹੀ ਕਰਮਨ ਸਿਰਿ ਸੱਚੜਾ ਕਰਮ ਹੈ। ਸਰਬ ਕਲਾ ਸਮਰੱਥ ਵਾਹਿਗੁਰੂ ਕਰਤਾ ਪੁਰਖ ਸੱਚਾ ਸਾਹਿਬ ਆਪ ਆਪਣੇ ਅਸਲੇ ਤੋਂ ਹੀ ਸੱਚਾ ਹੈ, ਸਦਾ ਸੱਚਾ ਹੈ, ਭੂਤ, ਭਵਿਖ, ਭਵਾਨ ਤਿੰਨਾਂ ਕਾਲਾਂ ਵਿਚਿ ਹੀ ਸੱਚਾ ਹੈ। ਗੁਰੂ ਦੀ ਬਾਣੀ, ਬਾਣੀਆਂ ਸਿਰ ਸੱਚੀ ਬਾਣੀ ਇਹੋ ਕੁਛ (ਸੱਚੇ ਦੀ ਸੱਚ ਵਡਿਆਈ ਵਾਲੀ ਮਹਿਮਾ) ਸ਼ਬਦ ਉਪਦੇਸ਼ ਕਰਿ ਕਰਿ ਸੁਣਾਉਂਦੀ ਹੈ। ਜਿਸ ਮਹਿਮਾ ਨੂੰ ਸੁਣ ਸੁਣ ਕੇ ਅਤੇ ਇਸ ਵਡਿਆਈ ਨੂੰ ਵੇਖ ਵੇਖ ਕੇ, ਰੱਬ ਦੀ ਵਡੱਤਤਾ ਦੇ ਸਰੂਪ ਨੂੰ ਪਰਤੱਖ ਲਖ ਲਖ ਕੇ ਗੁਰੂ ਨਾਨਕ ਸਾਹਿਬ ਬਿਸਮਾਦ ਹੋ ਰਹੇ ਹਨ ਅਤੇ ਸੱਚੇ ਸਾਹਿਬ ਪ੍ਰਭੂ ਪਰਮਾਤਮਾ ਨੂੰ ਸਰਬੇ ਠਾਈਂ ਰਵਿਆ ਵੇਖ ਵੇਖ ਕੇ ਵਿਗਸ ਰਹੇ ਹਨ। ਇਹ ਉਪਰਲੀ ਵਿਆਖਿਆ ਐਨ ਇਸ ਹੇਠਲੇ ਗੁਰ--ਪ੍ਰਮਾਣ ਦਾ ਅਨੁਵਾਦ ਹੈ—

ਰਾਮਕਲੀ ਮਹਲਾ ੩ ॥ ਨਾਮੁ ਖਜਾਨਾ ਗੁਰ ਤੇ ਪਾਇਆ ਤ੍ਰਿਪਤਿ ਰਹੇ ਆਘਾਈ ॥ ੧ ॥ ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ ॥ ਏਕੁ ਨਾਮੁ ਵਸਿਆ ਘਟ ਅੰਤਰਿ ਪੂਰੇ ਕੀ ਵਡਿਆਈ ॥ ੧ ॥ ਰਹਾਉ ॥ ਆਪੇ ਕਰਤਾ ਆਪੇ ਭੁਗਤਾ ਦੇਦਾ ਰਿਜਕੁ ਸਬਾਈ ॥ ੨ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥ ੩ ॥ ਆਪੇ ਸਾਜੇ ਸ੍ਰਿਸਟਿ ਉਪਾਏ ਸਿਰਿ ਸਿਰਿ ਧੰਧੈ ਲਾਈ ॥ ੪ ॥ ਤਿਸਹਿ ਸਰੇਵਹੁ ਤਾ ਸੁਖੁ ਪਾਵਹੁ ਸਤਿਗੁਰਿ ਮੇਲਿ ਮਿਲਾਈ ॥ ੫ ॥ ਆਪਣਾ ਆਪੁ ਆਪਿ ਉਪਾਏ ਅਲਖੁ ਨ ਲਖਣਾ ਜਾਈ ॥ ੬ ॥ ਆਪੇ ਮਾਰਿ ਜੀਵਾਲੇ ਆਪੇ ਤਿਸ ਨੋ ਤਿਲੁ ਨ ਤਮਾਈ ॥ ੭ ॥ ਇਕਿ ਦਾਤੇ ਇਕਿ ਮੰਗਤੇ ਕੀਤੇ ਆਪੇ ਭਗਤਿ ਕਰਾਈ ॥ ੮ ॥ ਸੇ ਵਡਭਾਗੀ ਜਿਨੀ ਏਕੋ ਜਾਤਾ ਸਚੇ ਰਹੇ ਸਮਾਈ ॥ ੯ ॥ ਆਪਿ ਸਰੂਪੁ ਸਿਆਣਾ ਆਪੇ ਕੀਮਤਿ ਕਹਣੁ ਨ ਜਾਈ ॥ ੧੦ ॥ ਆਪੇ ਦੁਖੁ ਸੁਖੁ ਪਾਏ ਅੰਤਰਿ ਆਪੇ ਭਰਮਿ ਭੁਲਾਈ ॥ ੧੧ ॥ ਵਡਾ ਦਾਤਾ ਗੁਰਮੁਖਿ ਜਾਤ ਨਿਗੁਰੀ ਅੰਧ ਫਿਰੈ ਲੋਕਾਈ ॥ ੧੨ ॥ ਜਿਨੀ ਚਾਖਿਆ ਤਿਨਾ ਸਾਦੁ ਆਇਆ ਸਤਿਗੁਰਿ ਬੂਝ ਬੁਝਾਈ ॥ ੧੩ ॥ ਇਕਨਾ ਨਾਵਹੁ ਆਪਿ ਭੁਲਾਏ ਇਕਨਾ ਗੁਰਮੁਖਿ ਦੇਇ ਬੁਝਾਈ ॥ ੧੪ ॥ ਸਦਾ ਸਦਾ ਸਾਲਾਹਿਹੁ ਸੰਤਹੁ ਤਿਸ ਦੀ ਵਡੀ ਵਡਿਆਈ ॥ ੧੫ ॥ ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤੁ ਬਣਾਈ ॥ ੧੬ ॥ ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ ॥ ੧੭ ॥ ਤਿਸ ਨੋ ਪ੍ਰਾਣੀ ਸਦਾ ਧਿਆਵਹੁ ਜਿਨਿ ਗੁਰਮੁਖਿ ਬਣਤ ਬਣਾਈ ॥ ੧੮ ॥ ਸਤਿਗੁਰ ਭੇਟੈ ਸੋ ਜਨੁ ਸੀਝੈ ਜਿਸੁ ਹਿਰਦੈ ਨਾਮੁ ਵਸਾਈ ॥ ੧੯ ॥ ਸਚਾ ਆਪਿ ਸਦਾ ਹੈ ਸਾਚਾ ਬਾਣੀ ਸਬਦਿ 'ਸੁਣਾਈ ॥ ੨੦ ॥ ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ ਮੇਰਾ ਪ੍ਰਭੁ ਰਵਿਆ ਸ੍ਰਬ ਥਾਈ ॥ ੨੧ ॥ ੫ ॥ ੧੪ ॥

(ਰਾਮਕਲੀ ਮਃ ੩, ਪੰਨਾ ੯੧੧-੧੨)

# ੧੧ - ਕਰਮਾਂ ਉਪਰਿ ਨਿਬੇੜੇ

ਕਰਤੇ ਪੁਰਖ ਦੀ ਸਾਜੀ ਹੋਈ ਧਰਤੀ ਰੂਪੀ ਧਰਮਸਾਲ ਵਿਖੇ ਅਨੇਕ ਰੰਗ ਦੇ, ਅਨਿਕ ਪ੍ਰਕਾਰੀ ਜੋਨਿ-ਜੁਗਤੀਆਂ ਦੇ, ਅਨੇਕ ਅਨੰਤ ਨਾਵਾਂ ਦੇ ਜੀਅ ਜੰਤ ਵਸਦੇ ਹਨ। ਤਿਨ੍ਹਾਂ ਦਾ ਓਹਨਾਂ ਦੇ ਆਪੋ ਆਪਣੇ ਕਰਮਾਂ ਅਨੁਸਾਰ ਵਾਹਿਗੁਰੂ ਦੀ ਦਰਗਾਹ ਅੰਦਰਿ, ਪੂਰਨ ਵੀਚਾਰ ਹੋ ਕੇ ਸੱਚਾ ਨਿਆਉਂ ਨਿਬੜਦਾ ਹੈ। ਕਿਉਂਕਿ ਓਹ ਆਪ ਭੀ ਸੱਚਾ ਹੈ ਅਤੇ ਉਸ ਦਾ ਦਰਬਾਰ ਭੀ ਸੱਚਾ ਹੈ, ਉਸ ਦੇ ਸੱਚੇ ਨਿਆਉਂ ਇਨਸਾਫ਼ ਵਾਲੀ ਅਦਾਲਤ (ਕੋਰਟ) ਭੀ ਸੱਚੀ ਹੈ, ਓਥੇ (ਉਸ ਦਰਬਾਰ ਵਿਖੇ) ਪ੍ਰਗ ਖਲੋਤੇ ਪੰਚ ਜਨ ਹੀ ਪਰਵਾਨ ਹੋਏ ਹਨ। ਪੰਚ ਪਰਵਾਣ ਗੁਰਮੁਖ ਜਨਾਂ ਨੂੰ ਹੀ ਓਥੇ ਸੱਚੀ ਸੋਭਾ ਮਿਲਦੀ ਹੈ। ਉਸ ਸੱਚੇ ਦਰਬਾਰ ਵਿਖੇ ਇਹੀ ਪੰਚ ਪਰਵਾਨ ਹੋਏਵੇ ਗੁਰਮੁਖਾਂ, ਸੱਚੇ ਅਹਿਲਕਾਰਾਂ, ਸੱਚੇ ਦਰਬਾਰੀਆਂ ਦਾ ਹੀ ਸ਼ੋਭਨੀਕ ਦੀਵਾਨ ਸਜਦਾ ਹੈ। ਜੀਵਾਂ ਦਾ, ਧਰਤੀ ਧਰਮਸਾਲ (ਧਰਮ ਕਰਮ ਦੀ ਸ਼ਾਲਾ) ਦੇ ਜੀਵਾਂ ਦੇ ਕਰਮਾਂ ਧਰਮਾਂ ਦਾ, ਓਹਨਾਂ ਦੇ ਕਰਮਾਂ ਅਨੁਸਾਰ ਹੀ ਨਿਆਉਂ ਵੀਚਾਰਿਆ ਜਾਂਦਾ ਹੈ ਅਤੇ ਸੱਚੋ ਸੱਚ ਨਿਬੇੜਾ ਹੁੰਦਾ ਹੈ। ਨਦਰੀ ਦੀ ਨਦਰਿ ਨੀਸਾਣ ਵਾਲੇ ਤਿਥੇ ਸੁਰਖ਼ਰੂਈਆਂ ਦੇ ਸੇਹਰੇ ਸੋਂਹਦੇ ਹਨ। ਓਹਨਾਂ ਨੂੰ **'ਜਿਣਿ ਬਾਜੀ ਘਰਿ ਆਇਆ'**[1] ਦੇ ਸੇਹਰੇ ਸਿਰੋਪਾਇ ਮਿਲਦੇ ਹਨ। ਕੱਚਿਆਂ ਪਿੱਲਿਆਂ ਦੀ ਓਥੇ ਪੱਕੀ ਸੋਧ ਸੁਧਾਈ ਹੁੰਦੀ ਹੈ। ਸੱਚਿਆਂ ਤੇ ਪੱਕਿਆਂ ਦੀ ਸਚਿਆਈ ਤੇ ਪਕਿਆਈ ਦੀ ਉਥੇ ਪਰਖ ਹੁੰਦੀ ਹੈ। ਕਰਮਾਂ ਦੀ ਪਰਖ ਨਿਰਖ ਅਨੁਸਾਰ ਨਦਰਿ-ਪਾਤਰਾਂ ਨੂੰ ਨਦਰੀ (ਵਾਹਿਗੁਰੂ ਨਦਰਾਂ ਵਾਲੇ) ਦੀ ਨਦਰਿ-ਨਿਹਾਲਤਾ ਦਾ ਨੀਸਾਣ ਮਿਲਦਾ ਹੈ। ਧੁਰਿ ਸੱਚੜੇ ਨਿਆਉਂ-ਅਸਥਾਨੀ ਗਇਆਂ ਹੀ, ਪੂਰੀ ਕਸੌਟੀ ਤੇ ਲਗਿਆਂ, ਇਮਤਿਹਾਨ ਵਿਚ ਪੂਰੇ ਨਿਕਲਦੇ ਹਨ। ਸੇਈ ਪਰਵਾਣ ਪੈਂਦੇ ਹਨ। ਇਹ ਗੁਰ ਨਾਨਕ ਸਾਹਿਬ ਦਾ ਸਪੱਸ਼ਟ ਫ਼ੁਰਮਾਨ ਹੈ। ਯਥਾ ਗੁਰਵਾਕ—

> **ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥ ੩੪ ॥**

(ਜਪੁਜੀ ਸਾਹਿਬ, ਪੰਨਾ ੭)

ਇਉਂ ਕਰਮਾਂ ਦੀ ਖੇਡ ਨਿਆਉਂ ਤੇ ਨਿਬੜਦੀ ਹੈ। ਨਿਰੰਕਾਰ ਦੀ ਨਿਗਰਾਨੀ ਹੇਠਾਂ ਧਰਮਰਾਇ ਆਪਣੀ ਹਜ਼ੂਰੀ ਵਿਚਿ ਸੰਸਾਰੀ ਜੀਵਾਂ ਦੀਆਂ ਚੰਗਿਆਈਆਂ ਬੁਰਿਆਈਆਂ, ਚੰਗੇ ਮੰਦੇ ਕਰਮ ਕੀਤੇ ਕਰਮਾਂ ਦੀ ਪੜਤਾਲ ਕਰਦਾ ਹੈ। ਨੇਕੀਆਂ ਅਤੇ ਬਦੀਆਂ, ਅਰਥਾਤ, ਨੇਕ ਤੇ ਬਦ

---

[1] ਬਸੰਤੁ ਮਹਲਾ ੫ ਘਰੁ ੨ ਹਿੰਡੋਲ , ਪੰਨਾ ੧੧੮੫

 www.sikhbookclub.com

ਅਮਲਾਂ ਦੀ ਕਰਣੀ ਆਪੋ ਆਪਣੇ ਕਰਮਾਂ ਅਨੁਸਾਰ ਜ਼ਰੂਰ ਭੁਗਤਣੀ ਪਏਗੀ। ਕਿਸੇ ਨੂੰ ਨੇੜੇ ਦਾ ਗੇੜ ਸੁਰਗ ਨਰਕ ਦੀ ਹੇਰਾ ਫੇਰੀ ਦਾ ਭੁਗਤਣਾ ਪੈਂਦਾ ਹੈ। ਕਿਸੇ ਨੂੰ ਲਖ ਚੁਰਾਸੀ ਦੇ ਲੰਮੇ ਫੇਰ ਵਿਚਿ ਪਾਇਆ ਜਾਂਦਾ ਹੈ। ਬੇਦਾਚਾਰੀ, ਲੋਕਾਚਾਰੀ ਚੰਗੇ ਕਰਮ ਕਰਨ ਵਾਲਿਆਂ ਨੂੰ ਭੀ ਧਰਮਰਾਇ ਦੀ ਹਜ਼ੂਰੀ ਵਿਚਿ ਜਾ ਕੇ ਕੀਤੇ ਕਰਮਾਂ ਦਾ ਹਿਸਾਬ ਦੇਣਾ ਪੈਂਦਾ ਹੈ। ਸਭਨਾਂ ਨੂੰ ਧਰਮਰਾਇ ਦੀ ਹਜ਼ੂਰੀ ਭੁਗਤਣੀ ਪੈਂਦੀ ਹੈ।

**ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ ॥**

(ਸਲੋਕ ਮਃ ੩, ਪੰਨਾ ੧੪੧੪)

ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸੱਚੜਾ ਗੁਰਮਤਿ ਕਰਮ ਕਰਨ ਵਾਲਿਆਂ ਨੂੰ ਧਰਮਰਾਇ ਦੀ ਕਚਹਿਰੀ ਵਿਚਿ ਨਹੀਂ ਜਾਣਾ ਪੈਂਦਾ । ਹੋਰ ਸਭ ਲੇਖੇ ਅੰਦਰਿ ਹਨ। ਕਰਮਾਂ ਦਾ ਲੇਖਾ ਸਭ ਤੋਂ ਲਿਆ ਜਾਂਦਾ ਹੈ। ਨਹੀਂ ਲਿਆ ਜਾਂਦਾ ਤਾਂ ਨਾਮ ਅਭਿਆਸ ਕਮਾਈ ਵਾਲਿਆਂ ਪਾਸੋਂ ਨਹੀਂ ਲਿਆ ਜਾਂਦਾ। ਤਿਸ ਨੂੰ ਧਰਮਰਾਇ ਪਾਸ ਨਹੀਂ ਜਾਣਾ ਪੈਂਦਾ। ਸਗੋਂ ਧਰਮਰਾਇ ਓਹਨਾਂ ਦਾ ਹੁਕਮੀ ਬੰਦਾ ਹੋ ਕੇ ਕਾਰ ਕਮਾਵਣ ਨੂੰ ਤੱਤਪਰ ਰਹਿੰਦਾ ਹੈ। ਓਹ ਸਿਧੇ ਸੱਚੇ ਦੇ ਦਰਬਾਰ ਸਚ-ਖੰਡ ਵਿਖੇ ਜਾਂਦੇ ਹਨ ਅਤੇ ਮੁਖ ਉਜਲਾ ਲੈ ਕੇ ਜਾਂਦੇ ਹਨ। ਓਹਨਾਂ ਦੀਆਂ ਕਰਮਾਂ ਦੀਆਂ ਮੁਸ਼ੱਕਤਾਂ ਘਾਲਾਂ ਏਥੇ ਹੀ ਘਾਲੀਆਂ ਜਾਂਦੀਆਂ ਹਨ। ਸਭ ਲੇਖੇ ਕਰਮ ਮੁਸ਼ੱਕਤਾਂ ਦੇ ਏਥੇ ਘਾਲੇ ਜਾਂਦੇ ਹਨ। ਅੱਵਲ ਤਾਂ ਨਾਮ ਅਭਿਆਸ ਸਿਫ਼ਤ ਸਲਾਹ ਰੂਪੀ ਸੱਚੜੀ ਕਮਾਈ ਵਾਲੇ ਦੁਤੀਆ ਕੋਈ ਕਰਮ, ਛੁਟ ਨਾਮ ਕਮਾਈ ਦੇ, ਕਰਦੇ ਹੀ ਨਹੀਂ। ਜਿਹੜਾ ਕੋਈ ਕਰਮ ਪਹਿਲਾਂ, ਨਾਮ ਦੀ ਪ੍ਰਾਪਤੀ ਤੋਂ ਪਹਿਲਾਂ ਕੀਤਾ ਹੋਇਆ ਹੁੰਦਾ ਹੈ ਓਸ ਦਾ ਲੇਖਾ ਓਥੇ ਹੀ ਮੁਕ ਜਾਂਦਾ ਹੈ, ਮੁੜ ਨਹੀਂ ਲਿਆ ਜਾਂਦਾ ਉਨ੍ਹਾਂ ਪਾਸੋਂ। ਸਗੋਂ ਨਾਮ ਧਿਆਵਣਹਾਰਿਆਂ ਉਜਲ-ਦੀਦਾਰਿਆਂ ਦੇ ਨਾਲਿ ਹੋਰ ਭੀ ਕੇਤੀ ਲੁਕਾਈ ਦਾ ਇਸ ਲੇਖੇ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਹੋਰ ਭੀ ਅਨੇਕਾਂ ਦਾ ਮੁਖ ਉਜਲਾ ਹੋ ਜਾਂਦਾ ਹੈ। ਤਿਨ੍ਹਾਂ ਦੀ ਸੱਚੀ ਸੰਗਤ ਦੇ ਤੁਫ਼ੈਲ, ਸਰਬੋਤਮ ਕਰਮੀ ਉਜਲ-ਮੁਖੀਆਂ ਦੀ ਘਾਲਣਾ ਦੇ ਨਾਲਿ ਕੇਤੜੇ ਹੀ ਆਨ ਕਰਮ ਮੁਸ਼ੱਕਤੀਆਂ ਦੀ ਮੁਸ਼ੱਕਤ ਘਾਲੀ ਜਾਂਦੀ ਹੈ। ਕੇਤੜਿਆਂ ਦੀ ਕਰਮ-ਫਾਸ ਕੱਟੀ ਜਾਂਦੀ ਹੈ। ਇਉਂ ਕੇਤੇ ਹੀ ਆਵਾ-ਗਵਨੀ ਗੇੜ ਤੋਂ ਛੁਟ ਜਾਂਦੇ ਹਨ। ਸਭਨਾਂ ਦੀ ਬੰਦ-ਖ਼ਲਾਸ ਹੋ ਜਾਂਦੀ ਹੈ, ਨਰਕ-ਨਿਵਾਸ ਚੋਂ ਭੀ ਬੰਦ-ਖ਼ਲਾਸ ਹੋ ਜਾਂਦੀ ਹੈ—

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ**
**ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥**

(ਸਲੋਕ, ਪੰਨਾ ੮)

ਇਉਂ ਓਹਨਾਂ ਦੀ ਕਰਮ-ਗਤਿ ਭੀ ਨਿਬੜ ਜਾਂਦੀ ਹੈ। ਓੜਕ ਕਰਮਾਂ ਤੇ ਹੀ ਨਿਬੇੜਾ ਹੁੰਦਾ ਹੈ। ਅੰਤ ਨਿਬੇੜਾ ਤਾਂ ਕੇਤੀ ਛੁਟੀ ਨਾਲਿ ਵਾਲਿਆਂ ਦਾ ਹੀ ਹੈ। ਜੇਹੋ ਜੇਹਾ ਕਰਮ ਕਿਸੇ ਨੇ ਕੀਤਾ ਹੁੰਦਾ ਹੈ ਤੇਹੋ ਜਿਹਾ ਹੀ ਉਸ ਦਾ ਨਿਬੇੜਾ ਹੋ ਰਹਿੰਦਾ ਹੈ। **"ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ"**[1] ਜੇਹਾ ਕੋਈ ਕਰਮ ਕਰਦਾ ਹੈ ਤੇਹਾ ਹੀ ਓਹ ਓੜਕ ਇਸ ਜਗ ਵਿਖੇ ਭੀ ਪ੍ਰਸਿਧ ਹੋ

[1] ਸਿਰੀਰਾਗੁ ਮਃ ੩, ਪੰਨਾ ੩੩


www.sikhbookclub.com

ਜਾਂਦਾ ਹੈ। ਅੰਤੀ ਅਉਸਰਿ ਜਾ ਕੇ ਜਿਹੜਾ ਨਿਬੇੜਾ ਹੋਣਾ ਹੈ ਓਹ ਤਾਂ ਹੋ ਕੇ ਹੀ ਰਹਿੰਦਾ ਹੈ। ਏਥੇ ਅੰਦਰਿ ਬਹਿ ਕੇ ਸ਼ੁਭ ਅਸ਼ੁਭ ਕਰਮ ਕਰਨ ਵਾਲਿਆਂ ਦੀ ਓੜਕ ਉਜਾਗਰਤਾ ਹੋ ਜਾਂਦੀ ਹੈ। ਧਰਮ-ਕਰਮ ਕਮਾਵਣਹਾਰਿਆਂ ਦੀ ਮਸ਼ਹੂਰੀ ਭੀ ਹੋਏ ਬਿਨਾਂ ਨਹੀਂ ਰਹਿੰਦੀ । ਧਰਮ ਦੇ ਕਰਮ ਕਰਨਹਾਰੇ ਹੋਣ ਕਰਕੇ ਓਹਨਾਂ ਨੂੰ ਸਭ ਕੋਈ ਧਰਮੀ ਬੰਦੇ ਆਖਦਾ ਹੈ ਅਤੇ ਬੁਰੇ ਪਾਪ ਕਰਮ ਕਰਨਹਾਰਿਆਂ ਦਾ ਨਾਉਂ ਪਾਪੀ ਬੰਦੇ ਪੈ ਜਾਂਦਾ ਹੈ। ਪਾਪੀ ਲੋਗ ਭਾਵੇਂ ਧਰਤੀ ਵਿਚਿ ਲੁਕ ਕੇ ਭੀ ਪਾਪ ਕਰਮ ਕਮਾਵਨਿ, ਓਹਨਾਂ ਦੇ ਪਾਪ-ਕਰਮ ਦਾ ਪੜਦਾ ਓੜਕ ਉਘੜਿ ਹੀ ਆਉਂਦਾ ਹੈ। ਸ਼ੁਭ ਅਸ਼ੁਭ ਕਰਮ ਦਰ-ਪਰਦਾ ਕਰਨ ਵਾਲਿਆਂ ਦੀ ਸ਼ੁਭ ਅਸ਼ੁਭ ਉਜਾਗਰਤਾ ਭੀ ਇਕ ਪ੍ਰਕਾਰ ਓਹਨਾਂ ਦੇ ਸ਼ੁਭ ਅਸ਼ੁਭ ਕਰਮਾਂ ਦਾ ਨਿਆਉਂ ਨਿਬੇੜਾ ਹੀ ਹੈ।

**ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥ ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥**

**(ਮਾਝ ਕੀ ਵਾਰ, ਮਃ ੨, ਪੰਨਾ ੧੩੮)**

ਕਰਤੇ ਪੁਰਖ ਨੇ ਆਪੇ ਹੀ ਸਭ ਜਗਤੁ ਉਪਾਇਆ ਹੈ ਅਤੇ ਆਪਿ ਹੀ ਉਪਾਇ ਕੇ ਆਪੇ ਹੀ ਸਾਰਾ ਜਗਤੁ ਸਿਰਿ ਸਿਰਿ ਧੰਧੇ ਲਾਇਆ ਹੈ। ਆਪੇ ਹੀ ਮੋਹ ਦੀ ਠਗਉਰੀ ਪਾਇ ਕੇ ਆਪੇ ਹੀ ਜਗਤ ਨੂੰ ਨਿਜ ਸਰੂਪ ਗਿਆਨ ਤੋਂ ਗੁਮਰਾਹ ਕਰਾਇਆ ਹੈ। ਮੋਹ-ਠਗਉਰੀ ਦੇ ਠਗੇ ਹੋਇਆਂ ਦੇ ਅੰਦਰਿ ਤ੍ਰਿਸ਼ਨਾ ਦੀ ਅੰਧੇਰੀ ਅਗਨੀ ਭੜਕ ਉਠਦੀ ਹੈ ਤੇ ਓਹਨਾਂ ਦੀ ਭੁੱਖ ਤੇਹ ਮਿਟਦੀ ਹੀ ਨਹੀਂ। ਉਹ ਸਦਾ ਭੁੱਖੇ ਤਿਹਾਏ ਹੀ ਰਹਿੰਦੇ ਹਨ। ਤ੍ਰਿਪਤਿ ਹੀ ਨਹੀਂ ਹੁੰਦੇ। ਮੋਹ ਦਾ ਗ੍ਰਸਿਆ ਹੋਇਆ ਸੰਸਾਰ ਮੁਜੱਸਮ ਸੰਸ਼ਾ ਹੀ ਬਣਿ ਰਹਿਆ ਹੈ, ਸੰਸੇ ਰੂਪ ਹੀ ਹੋਇ ਰਹਿਆ ਹੈ। ਸਤਿਗੁਰ ਬਿਨਾਂ ਇਹ ਮੋਹ ਟੁਟਦਾ ਨਹੀਂ, ਚਾਹੇ ਸਾਰਾ ਸੰਸਾਰ ਕਿਤਨੇ ਹੀ ਹੋਰ ਅਨਮਤੀ ਕਰਮ ਕਰਿ ਕਰਿ ਥਕ ਰਹੇ। ਗੁਰਮਤੀ ਨਾਮ ਧਿਆਇ ਕੇ, ਸਿਫ਼ਤਿ ਸਾਲਾਹ ਰੂਪੀ ਸਰਬੋਤਮ ਗੁਰਮਤਿ ਕਰਮ ਕਰ ਕੇ ਵਾਹਿਗੁਰੂ ਦਾ, ਭਾਣੇ ਅੰਦਰਿ, ਸੁਖ-ਰੱਜ ਤ੍ਰਿਸ਼ਨ-ਤ੍ਰਿਪਤੱਜ ਹੋ ਜਾਂਦਾ ਹੈ। ਓਹ ਆਪ ਤਾਂ ਉਧਰਦਾ ਹੀ ਹੈ, ਸਾਰੀ ਆਪਣੀ ਕੁਲ ਨੂੰ ਭੀ ਓਧਾਰਨਹਾਰਾ ਹੋ ਜਾਂਦਾ ਹੈ। ਉਸਦੇ ਜਨਣਹਾਰੀ ਮਾਤਾ ਭੀ ਧੰਨਤਾ ਯੋਗ ਹੋ ਜਾਂਦੀ ਹੈ। ਇਉਂ ਹਰਿ ਸੇਤੀ ਚਿਤ ਲਾਉਣ ਵਾਲਿਆਂ ਦੀ ਸੁਰਤਿ ਭੀ ਸੁਹਾਵਣੀ ਹੋ ਜਾਂਦੀ ਹੈ ਅਤੇ ਸ਼ੋਭਾ ਭੀ ਸੁਹਾਵਣੀ ਬਣਿ ਜਾਂਦੀ ਹੈ।

**ਪਉੜੀ ॥ ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥ ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥ ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥ ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥ ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥ ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥ ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥ ੨ ॥**

**(ਵਾਰ ਮਾਝ ਕੀ, ਪੰਨਾ ੧੩੮-੧੩੯)**

ਓੜਕ ਨਿਬੇੜਾ ਨਾਮ ਸੁਰਤੀਸ਼ਰਾਂ ਦੇ ਨਾਮ ਨਿਹਕਰਮੀ ਕਰਮ ਉਤੇ ਹੀ ਹੈ, ਜਿਸ ਨੇ ਕੋਟ ਕਰਮ ਕਰ ਕੇ ਨਾਲ ਦਿਆਂ ਦਾ ਤੇ ਕੁੱਲਾਂ ਦਾ ਭੀ ਉਧਾਰ ਕਰ ਦਿੱਤਾ। ਸਭ ਕੁਛ ਕਰਮਾਂ ਉਪਰ ਹੀ


www.sikhbookclub.com

ਨਿਬੜਦਾ ਹੈ। ਆਪੋਂ ਤਾਂ ਪ੍ਰਾਣੀ ਸਭ ਕੁਛ ਹੀ ਲੈਣਾ ਲੋਚਦਾ ਹੈ। ਉਸ ਦੀ ਨਿਜ ਲੋਚਾ ਅਨੁਸਾਰ ਓਹਨੂੰ ਕੁਛ ਨਹੀਂ ਮਿਲਦਾ। ਜੇ ਆਪਣੀ ਲੋਚਾ ਅਨੁਸਾਰ ਲੋਚਿਆ ਹੋਇਆ ਹਰੇਕ ਪਦਾਰਥ ਇਸ ਅਲਪੱਗ ਪ੍ਰਾਣੀ ਨੂੰ ਮਿਲ ਜਾਵੇ ਤਾਂ ਹਰ ਕੋਈ ਭਾਗਾਂ ਵਾਲਾ ਹੋ ਕੇ ਨਾ ਬਹਿ ਜਾਵੇ, ਆਪੋਂ ਹੀ ਭਾਗਾਂ ਵਾਲਾ ਨਾ ਹੋਇ ਬਹੇ। ਇਹ ਤਾਂ ਜਿਸ ਕਰਤਾਰ ਨੇ ਸ੍ਰਿਸ਼ਟੀ ਰੂਪੀ ਰਚਨਾ ਦਾ ਕਾਰਣ ਕੀਤਾ ਹੈ, ਸੋਈ ਕਰਣਹਾਰ ਕਰਤਾ ਆਪਣੇ ਕੀਤੇ ਹੋਏ ਪ੍ਰਾਣੀਆਂ ਦੇ ਆਪੋ ਆਪਣੇ ਕਰਮਾਂ ਅਨੁਸਾਰ ਹੱਕੋ ਹੱਕ ਨਿਬੇੜੇ ਕਰਦਾ ਹੈ। ਓਹੀ ਰਚਣਹਾਰ ਕਰਤਾਰ ਸਭਨਾਂ ਦੀ ਸਾਰ ਲੈਂਦਾ ਹੈ। ਆਪਣੇ ਹੁਕਮ ਦੀ ਖੇਡ ਅਨੁਸਾਰ ਕਰਮ ਕਰਨਹਾਰਿਆਂ ਦੇ ਕਰਮ ਬਣਾਉਂਦਾ ਹੈ ਅਤੇ ਓਹਨਾਂ ਦੇ ਕਰਮ-ਨਿਬੇੜੇ ਅਨੁਸਾਰ ਹੀ ਕਰਮ ਕਰਾਉਂਦਾ ਹੈ। ਓੜਕ ਅੰਤ ਨਿਬੇੜੇ ਵਾਲੇ ਕਰਮ ਕਰਾਇ ਕੇ ਉਹਨਾਂ ਦਾ ਅੰਤ ਨਿਬੇੜਾ ਕਲਿਆਣ-ਮੁਕਤੇੜਾ ਕਰ ਦਿੰਦਾ ਹੈ। ਯਥਾ ਗੁਰਵਾਕ—

**ਆਪਣ ਲੀਆ ਜੇ ਮਿਲੈ ਤਾਂ ਸਭੁ ਕੋ ਭਾਗਠੁ ਹੋਇ ॥ ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥ ੩ ॥ ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ ॥ ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥ ੪ ॥ ੧ ॥ ੧੮ ॥**

**(ਗਉੜੀ ਬੈਰਾਗਣਿ ਮਃ ੧, ਪੰਨਾ ੧੫੭)**

ਓਥੇ ਕਿਸੇ ਹੁਕਮੋਂ ਮੁਨਹਰਿਫ਼ (ਆਕੀ) ਬੰਦੇ ਨੂੰ ਕਦੇ ਵਡਾਈ ਮਿਲਦੀ ਹੈ? ਜਿਸ ਕਿਸੀ ਨੇ ਕਰਤੇ ਪੁਰਖ ਸੱਚੜੇ ਖਸਮ ਦਾ ਸੱਚੜਾ ਹੁਕਮ ਵਾਹਿਗੁਰੂ-ਨਾਮੁ ਨਹੀਂ ਜਪਿਆ, ਉਸ ਨੂੰ ਨਾ ਮਿਲਦੀ ਹੈ, ਨਾ ਮਿਲੀ, ਨਾ ਮਿਲ ਸਕਦੀ ਹੈ। ਜੇਹੋ ਜੇਹੇ ਕੋਈ ਕਰਮ ਕਮਾਉਂਦਾ ਹੈ, ਤਿਨ੍ਹਾਂ ਕਰਮਾਂ ਅਨੁਸਾਰ ਤਿਸ ਨੂੰ ਤੇਹੋ ਜੇਹੇ ਹੀ ਫਲ ਮਿਲਦੇ ਹਨ। ਕਰਮ-ਫਲ-ਪਰਦਾਤਾ ਤਾਂ ਕਰਤਾਰ ਹੀ ਹੈ, ਪਰ ਨਿਬੇੜਾ ਕਰਮਾਂ ਅਨੁਸਾਰ ਕਰਦਾ ਹੈ। ਨਿਬੇੜਾ ਕਰਨਹਾਰ ਫਲ ਦੇਣਹਾਰ ਉਹ ਹੈ, ਕਰਮਾਂ ਉਪਰ ਹੀ ਨਿਬੜਦਾ ਹੈ।

**ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥**

**(ਗਉੜੀ ਕੀ ਵਾਰ ਮਃ ੪, ਪੰਨਾ ੩੧੭)**

ਇਸ ਗੁਰਵਾਕ ਦੇ ਭਾਵ ਤੋਂ ਸਪੱਸ਼ਟ ਇਹ ਗੱਲ ਨਿਤਰਦੀ ਹੈ ਕਿ ਜੈਸੇ ਕੋਈ ਕਰਮ ਕਮਾਵੰਦਾ ਹੈ ਤੈਸੇ ਹੀ ਓਹਨਾਂ ਕਰਮਾਂ ਦੇ ਅਨੁਸਾਰ ਉਸ ਨੂੰ ਫਲ ਮਿਲਦੇ ਹਨ। ਤੇਹੋ ਜੇਹੇ ਕਰਮ ਹੀ ਫਲਦੇ ਹਨ ਜੇਹੋ ਜੇਹੇ ਕਰਮ ਕੋਈ ਕਮਾਵੰਦਾ ਹੈ। ਕਰਮਾਂ ਦੇ ਫਲਾਂ ਦਾ ਦੇਣਹਾਰ ਦਾਤਾਰ ਕਰਤਾਰ ਕਰਮ-ਬਿਧਾਤਾ ਆਪਿ ਹੈ। ਪਰ ਕੀਤੇ ਕਰਮਾਂ ਉਤੇ ਹੀ ਅੰਤ ਨਿਬੇੜਾ ਹੁੰਦਾ ਹੈ। ਕੀਤੇ ਕਰਮ ਹੀ ਕਰਮਾਂ ਦੇ ਬੀਜ ਅਨੁਸਾਰ ਫਲਦੇ ਹਨ। ਬੀਜ ਨੂੰ ਫਲ ਦੇਣਹਾਰਾ ਵਾਹਿਗੁਰੂ ਕਰਤਾਰ ਹੈ। ਨਾ ਕਰਮਾਂ ਨੂੰ ਕਰਨਹਾਰਾ ਇਹ ਫੜ੍ਹ ਮਾਰ ਸਕਦਾ ਹੈ ਕਿ ਮੈਂ ਕਰਮਾਂ ਦਾ ਫਲ ਲਿਆ ਹੈ, ਨਾ ਹੀ ਕਰਮ ਆਪੋਂ ਫਲਣ ਦੀ ਸੱਤਿਆ ਰਖਦੇ ਹਨ। ਨਿਰਜੀਵ ਕਰਮ ਆਪੋਂ ਸੁਫਲ ਫਲਣ ਦੀ ਸੱਤਿਆ ਤੋਂ ਹੀਣ ਹਨ। ਇਹ ਤਾਂ ਉਸ ਬੀਜ ਦੀ ਨਿਆਈਂ ਹਨ ਜਿਸ ਨੂੰ ਕਿਰਸਾਨ ਬੀਜਦਾ ਹੈ। ਤਿਸ ਬੀਜ ਦਾ ਅੰਕੂਰ ਤਦੋਂ ਹੀ ਉਗਵਦਾ ਹੈ ਜਦੋਂ ਕਿਰਸਾਨ ਬੋਏ ਬੀਜ ਦੀ ਬੀਜਾਈ ਸੁਘੜਤਾ ਨਾਲਿ ਕਰਦਾ ਹੈ, ਧਰਤੀ ਨੂੰ ਵਾਹ ਕੇ, ਸੁਹਾਗ ਕੇ ਸੁਮੌਸਮਾ ਬੀਜ ਬੋਵੰਦਾ ਹੈ, ਬੀਜ ਬੋ ਕੇ ਬੀਜੇ ਖੇਤ ਦੀ ਰਖਵਾਲੀ ਲਈ ਵਾੜ ਕਰਦਾ ਹੈ। ਉਗਵੇ ਬੀਜ ਦੀ ਅੰਕੂਰਤ ਖੇਤੀ ਦੀ ਸਮੇਂ ਸਮੇਂ ਸਿਰਿ ਸੰਚਾਈ (ਸਿੰਜਾਈ) ਕਰਦਾ ਹੈ। ਖੇਤੀ ਨੂੰ ਸਿੰਜ-ਸੰਵਾਰ ਕੇ ਉਸ ਦੀ ਗੁਡਾਈ ਕਰਦਾ ਹੈ, ਉਗਵੀ ਖੇਤੀ ਨੂੰ ਗੁੱਡ ਕੇ ਉਸ

 www.sikhbookclub.com

ਵਿਚੋਂ ਘਾਸ ਫੂਸ ਆਦਿਕ ਸਭ ਸਾਫ਼ ਕਰ ਦਿੰਦਾ ਹੈ ਤਦ ਖੇਤੀ ਏਤਨੀ ਕਮਾਈ ਕੀਤਿਆਂ ਹੀ ਸਫਲ ਫਲਣ ਦੀ ਸੂਰਤਿ ਅਖ਼ਤਿਆਰ ਕਰਦੀ ਹੈ। ਏਤਨੀ ਕਮਾਈ ਕਰਦਿਆਂ ਕਮਾਈ ਕਰਨਹਾਰਾ ਫੇਰ ਭੀ ਦਾਅਵਾ ਨਹੀਂ ਬੰਨ੍ਹ ਸਕਦਾ ਕਿ ਉਸ ਦੀ ਕਮਾਈ ਉਸ ਦੀ ਐਨ ਇਛਾ ਅਨੁਸਾਰ ਫਲੀਭੂਤ ਹੋਵੇਗੀ। ਕਮਾਈ ਨੂੰ ਫਲ ਦੇਣਾ, ਸੁਫਲ ਫਲਾਉਣਾ ਕਰਨੇਹਾਰ ਕਰਤਾਰ ਦੇ ਵਸਿ ਹੈ। ਜੇ ਓਹੀ ਚਾਹੇ ਤਾਂ ਖੜੀ ਖੇਤੀ ਨੂੰ ਗੜੇ-ਮਾਰ ਤੋਂ ਬਚਾਵੇ ਅਤੇ ਹੋਰ ਅਨੇਕ ਪ੍ਰਕਾਰ ਦੀਆਂ ਅਲਾਵਾਂ-ਬਲਾਵਾਂ ਤੋਂ ਰਖਿਆ ਕਰੇ; ਪੱਕੀ ਅਤੇ ਪੱਕ ਕੇ ਫਲਣਹਾਰ ਵਢੀ ਹੋਈ ਲਾਣ ਢੋ-ਢੁਆਈ ਨੂੰ ਸਿਰੇ ਲਾਵੇ; ਪਿੜ ਵਿਚਿ ਗਾਹੇ ਲਾਣ ਚੋਂ ਅਥੱਕ ਮਿਹਨਤ ਕੀਤਿਆਂ ਤੋੜ ਪੁਚਾਵੇ ਅਤੇ ਦਾਣਾ ਫੱਕਾ ਘਰਿ ਲਿਆ ਕੇ ਬੋਹਲਾਂ ਤੋਂ ਬੁਖ਼ਾਰ ਭਰਾਵੇ। ਇਸ ਸਾਰੀ ਘਾਲੀ ਮੁਸ਼ੱਕਤ ਵਿਚਿ ਮੁਸ਼ੱਕਤ ਘਾਲਣਹਾਰਾ ਅਲਪੱਗ ਇਨਸਾਨ ਰੰਚਕ ਡੀਂਗ ਨਹੀਂ ਮਾਰ ਸਕਦਾ ਕਿ ਮੇਰੀ ਕੀਤੀ ਹੋਈ ਕਮਾਈ ਆਪੋਂ ਸਫਲ ਹੋਈ ਹੈ ਯਾ ਮੇਰੀ ਹੀ ਮਿਹਨਤ ਮੁਸ਼ੱਕਤ ਨਾਲਿ ਦਸਤਯਾਬ ਹੋਈ ਹੈ। ਇਨਸਾਨ ਅਲਪੱਗ ਕਿਰਸਾਨ ਤਾਂ ਬੀਜ ਬੋ ਕੇ ਲਾਂਭੇ ਹੁੰਦਾ ਹੈ, ਉਸ ਦੇ ਮਿੱਠੇ ਬੀਜ ਦੇ ਉਗਵਣ ਦਾ, ਹਰਾ ਭਰਾ ਹੋਣ ਦਾ, ਇਕ ਬੀਜ ਤੋਂ ਅਨੇਕਾਂ ਬੀਜਾਂ ਵਾਲੇ ਸਿੱਟੇ ਲਗਣ ਦਾ ਜੋ ਸਾਰਾ ਕੁਦਰਤਿ ਕਾਇਨਾਤੀ ਸਿਲਸਿਲਾ ਹੈ, ਉਹ ਸਭ ਕਰਤਾਰ ਕਰਨਹਾਰ ਦੇ ਹੱਥ ਵੱਸ ਹੈ। ਇਨਸਾਨ ਦੀ ਅਕਲ ਹੈਰਾਨ ਹੈ ਕਿ ਕਿਵੇਂ ਹਰੀ ਅੰਗੂਰੀ ਲਹਿਲਹਾਉਂਦੀ ਹੈ, ਕਿਵੇਂ ਅੰਗੂਰੀ ਤੋਂ ਸ਼ਗੂਫੇ ਉਗਵ ਕੇ ਖਿੜਦੇ ਹਨ ਅਤੇ ਸੋਹਣੇ ਫੁੱਲਾਂ ਦੀ ਸੁੰਦਰ ਸ਼ਕਲ ਸੂਰਤਿ ਅਖ਼ਤਿਆਰ ਕਰਦੇ ਹਨ, ਕਿਵੇਂ ਫੁੱਲਾਂ ਤੋਂ ਪਿਛੋਂ ਫੇਰ ਭਾਂਤ ਭਾਂਤ ਦਾ ਫਲ ਲਗ ਕੇ ਸਫਲਦੇ ਹਨ। ਇਹ ਸਾਰੀ ਗੁਪਤ ਕਲਾ ਕਾਇਨਾਤੀ ਕੁਦਰਤਿ ਦੇ ਮਾਲਕ ਕਰਤਾਰ ਦੀ ਸਾਨਿਆ ਹੈ। ਵਿਚਿ ਵਿਚਕਾਰਲੀ ਸਾਨਈ ਖੇਡ ਸਭ ਕਰਤਾਰ ਦੀ ਕੀਤੀ ਵਰਤਦੀ ਹੈ। ਇਸ ਕੁਦਰਤੀ ਗੇੜ ਵਿਚਿ ਗਿੜੀ ਹੋਈ ਅਤੇ ਗਿੜ ਕੇ ਮਟਰੋੜ ਹੋਈਵੀ ਇਨਸਾਨੀ ਅਲਪੱਗ ਅਕਲ ਵਿਸਮਾਦ ਵਿਚਿ ਨਹੀਂ ਆਉਂਦੀ; ਕਦੇ ਕਦਾਈਂ ਚਕ੍ਰਿਤ ਹੈਰਾਨ ਤਾਂ ਹੁੰਦੀ ਹੈ, ਚਉਂਧੀ ਵਿਚ ਆ ਕੇ ਹੋਊ ਕਰ ਛਡਦੀ ਹੈ ਤੇ ਕੁਦਰਤਿ ਵਿਚ ਕਰਨਹਾਰ ਕਾਦਰ ਕਰਤਾਰ ਦਾ ਜ਼ਹੂਰ ਨਹੀਂ ਮਹਿਸੂਸ ਕਰਦੀ। ਇਸਤ੍ਰੀ ਪੁਰਸ਼ ਦਾ ਸੰਜੋਗ ਭੋਗ ਹੁੰਦਾ ਹੈ। ਓਹ ਆਪੋ ਆਪਣੀ ਕਾਮ ਕਾਮਨਾ ਅਰਥ ਭੋਗ ਭੋਗ ਕੇ ਲਾਂਭੇ ਹੁੰਦੇ ਹਨ। ਪਰ ਓਹਨਾਂ ਨੂੰ ਰਾਈ ਮਾਤਰ ਭੀ ਮਹਿਸੂਸ ਨਹੀਂ ਹੁੰਦਾ, ਕਿ ਕਿਵੇਂ ਗਰਭ ਹੁੰਦਾ ਹੈ, ਕਿਵੇਂ ਬਿੰਦ ਤੇ ਪਿੰਡ ਬਣਦਾ ਹੈ, ਕਿਵੇਂ ਉਸ ਬਣੇ ਪਿੰਡ ਪੁਤਲੇ ਅੰਦਰਿ ਜਾਨ ਪੈਂਦੀ ਹੈ, ਕਿਵੇਂ ਜੀਵ-ਸੱਤਾ ਮਿਲਦੀ ਹੈ, ਕਿਵੇਂ ਗਰਭ-ਕੁੰਟ ਦੀ ਅਗਨੀ ਤੋਂ ਜੀਵ ਬਚ ਕੇ ਮਾਤਾ ਦੇ ਉਦਰ ਵਿਚਿ ਪਾਲਣਾ ਪੋਸਨਾ ਪਾਉਂਦਾ ਹੈ। ਇਸ ਸਾਰੀ ਖੇਡ ਵਿਚ ਗੁਪਤ ਹੱਥ ਕਰਨਹਾਰ ਕਰਤਾਰ ਦਾ ਹੈ। ਜਿਵੇਂ ਉਹ ਅਗਮ ਅਗੋਚਰ ਅਤੇ ਨਿਰਾਲਮ ਹੈ, ਤਿਵੇਂ ਉਸ ਦੀ ਖੇਡ, ਕਾਦਰ ਦੀ ਕੁਦਰਤਿ ਭੀ ਅਗੰਮ ਹੈ, ਅਲਪੱਗ ਇਨਸਾਨੀ ਅਕਲ ਦੀ ਪਹੁੰਚ ਤੋਂ ਅਗੋਚਰ ਹੈ। ਇਸ ਅਸ਼ਕਤਤਾ ਵਿਚ ਜੰਮਿਆ ਪਲਿਆ, ਜੋ ਆਪਣੀ ਸੰਭ੍ਹਾਲ ਆਪ ਨਹੀਂ ਕਰ ਸਕਦਾ, ਕੀ ਡੀਂਗ ਮਾਰ ਸਕਦਾ ਹੈ ਕਿ ਉਸ ਨੇ ਆਪਣੇ ਕਰਤੱਵ ਨਾਲ ਹੀ ਇਹ ਇਨਸਾਨੀ ਸੂਰਤ ਅਖ਼ਤਿਆਰ ਕੀਤੀ ਹੈ। ਜੀਵ ਦੇ ਕਰਮਾਂ ਵਿਚ ਭੀ ਅਲਪੱਗ ਜੀਵ ਦੀ ਕੁਝ ਕਮਾਈ ਸਮਾਈ ਨਹੀਂ ਚਲਦੀ। ਅਲਪੱਗ ਅਕਲ ਦੀ ਸੁਕਰਮਾਂ ਦੀ ਸੁਫਲ ਫਲਾਣੀ ਖੇਡ ਵਿਚ ਕੱਖ ਭੀ ਚਾਰਾ-ਜੋਈ ਨਹੀਂ ਹੋ ਸਕਦੀ। ਹਾਂ, ਨਿਬੇੜਾ ਉਸਦੇ ਕਰਮ ਤੇ ਹੁੰਦਾ ਹੈ। ਓੜਕ ਦੀ ਫਲ-ਪ੍ਰਤੁਠਤਾ ਉਸ ਦੇ ਕਰਮਾਂ ਅਨੁਸਾਰ ਹੀ ਨਿਬੜਦੀ ਹੈ।

ਜੀਵ ਨੂੰ ਉਸ ਦੇ ਅੰਧੇ ਕੰਮਾਂ ਦੀ ਅੰਧ ਮਤਿ ਅਨੁਸਾਰ ਕੀਤੇ ਕਰਮਾਂ ਦੀ ਅੰਧੀ ਸਜਾਇ

ਜ਼ਰੂਰ ਮਿਲਦੀ ਹੈ; ਉਸ ਦੀ ਨਿਜ ਘਾਲੀ ਘਾਲ ਸਭ ਅਜਾਈਂ ਹੀ ਜਾਂਦੀ ਹੈ। ਅਲਪੱਗ ਜੀਵ ਨਿਕੰਮੇ ਕੰਮਾਂ ਨੂੰ ਚੰਮ-ਚਿੱਚੜ ਹੋ ਕੇ ਐਵੇਂ ਚਿੰਮੜੇ ਰਹਿੰਦੇ ਹਨ; ਉਸ ਦੇ ਅੰਤੀ ਫਲ ਨੂੰ ਨਹੀਂ ਵਿਚਾਰਦੇ। ਵਿਚਾਰ ਸਕਦੇ ਹੀ ਨਹੀਂ। ਫਲਦਾਈ ਅੰਤ ਫਲ ਸਿੱਟੇ ਨੂੰ ਨਹੀਂ ਵਿਚਾਰਦੇ, ਨਾ ਹੀ ਮੂਲ ਦੀ ਤਹਿ ਤੇ ਜਾਂਦੇ ਹਨ (ਜਾ ਸਕਦੇ ਹੀ ਨਹੀਂ), ਐਵੇਂ ਡਾਲੀ ਨੂੰ ਹੀ ਲਗੇ ਰਹਿੰਦੇ ਹਨ।

**ਡਾਲੀ ਲਾਗੈ ਨਿਹਫਲੁ ਜਾਇ ॥ ਅੰਧੀ ਕੰਮੀ ਅੰਧ ਸਜਾਇ ॥**

(ਆਸਾ ਮਃ ੩, ਪੰਨਾ ੩੬੨)

ਅੰਧੇ ਅਕਲੀ ਬਾਹਰੇ ਕੰਮ ਭੀ ਅੰਧਲੇ ਹੀ ਹਨ। ਅੰਧੇ ਕੰਮਾਂ ਦੀ ਸਜ਼ਾ ਭੀ ਇਹੋ ਜਿਹੀ ਹੀ ਨਿਬੜਦੀ ਹੈ। ਓੜਕ ਨਿਬੇੜਾ ਕਰਮਾਂ ਉਤੇ ਹੀ ਹੈ। ਮੂੜ-ਮਤੀ ਮਨੁੱਖ ਨੂੰ ਚੰਗੇ ਕਰਮਾਂ ਦਾ ਚੰਗਾ ਫਲ ਜਦੋਂ ਮਿਲਦਾ ਹੈ ਤਾਂ ਉਹਨਾਂ ਚੰਗੇ ਫਲ ਵਾਲੇ ਕਰਮਾਂ ਨੂੰ ਆਪਣੇ ਕੀਤੇ ਕਰਮ ਮੰਨਦਾ ਹੈ ਅਤੇ ਮੰਦ ਸਜ਼ਾਈ ਵਾਲੇ ਕਰਮੀ ਦਾ ਦੋਸ਼ ਦੂਜਿਆਂ ਤੇ ਲਾਉਂਦਾ ਹੈ। ਆਪ ਇਨ੍ਹਾਂ ਕਰਮਾਂ ਦਾ ਜਿੰਮੇਵਾਰ ਸਜ਼ਾ ਦੇਣਹਾਰ ਨੂੰ ਹੀ ਬਣਾਂਦਾ ਹੈ।

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ ੨੧ ॥**

(ਆਸਾ ਮਃ ੧ ਪਟੀ, ਪੰਨਾ ੪੩੩)

ਆਪਣਾ ਕੀਤਾ ਆਪਿ ਹੀ ਪਾਉਣਾ ਪੈਂਦਾ ਹੈ। ਇਹੋ ਤਾਂ ਸਿਰੋ ਸਿਰ ਕਰਮਾਂ ਤੇ ਨਿਬੇੜੇ ਦਾ ਪਰਪੱਕ ਅਸੂਲ ਹੈ, ਜੋ ਐਨ ਗੁਰਮਤਿ ਅਨਕੂਲ ਹੈ। ਜੇਹੀ ਕਰਣੀ ਤੇਹੀ ਭਰਨੀ ਵਾਲੇ ਕਰਮ-ਨਿਬੇੜੇ ਪ੍ਰਥਾਇ ਇਹ ਗੁਰਵਾਕ ਉਚਾਰਨ ਹੋਇਆ ਹੈ—

**ਪਉੜੀ ॥ ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥ ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥ ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥ ਕਿਛੁ ਲਾਹੇ ਉਪਰਿ ਘਾਲੀਐ ॥ ੨੧ ॥**

(ਆਸਾ ਦੀ ਵਾਰ, ਪੰਨਾ ੪੭੪)

ਭਾਵ, ਸਦਾ ਕਰਣੀ ਸਿਫਤਿ-ਸਾਲਾਹ ਨਾਮ ਅਭਿਆਸ ਰੂਪੀ ਸੁਭ ਕਰਣੀ ਹੀ ਹੈ। ਸਲਾਹੁਣ ਯੋਗ ਸੱਚੇ ਸਲਾਹੀ, ਸਾਹਿਬ ਦੀ ਸਿਮਰਨ ਰੂਪੀ ਸੇਵਾ, ਸਦਾ ਤੋੜ-ਨਿਭਣੀ ਸੇਵਾ ਹੀ ਸਫਲ ਸੁਕਰਣੀ ਹੈ ਅਤੇ ਤੋੜ ਨਿਭਣੇ ਸੱਚੇ ਸੁਖ, ਆਤਮ ਸੁਖ ਦਾ ਮੂਲ ਕਾਰਨ ਹੈ ਅਤੇ ਬੁਰੇ ਕੰਮਾਂ ਦੀ ਬੁਰੀ ਘਾਲਨਾ ਦੁਆਰਾ ਕੀਤੀ ਖੋਟੀ ਕਰਮ-ਕਮਾਈ ਖੋਟੇ ਅਤੇ ਬੁਰੇ ਕਰਮ-ਫਲਾਂ ਦੀ ਹੀ ਸਜ਼ਾਇ-ਦਾਤੀ ਹੈ। ਆਪੋ ਆਪਣੀ ਕਰਣੀ ਦਾ ਕੀਤਾ ਫਲ ਜ਼ਰੂਰ ਭੁਗਤਣਾ ਪੈਂਦਾ ਹੈ। ਜੇ ਗੱਲ ਨਿਸਚਿਤ ਹੋਵੇ ਕਿ ਆਪਣਾ ਕੀਤਾ ਆਪਿ ਅਵੱਸ਼ ਹੀ ਪਾਉਣਾ ਪੈਂਦਾ ਹੈ ਤਾਂ ਘਾਲ ਬੁਰੀ ਕਿਉਂ ਘਾਲੀ ਜਾਵੇ, ਬੁਰੇ ਕਰਮਾਂ ਰੂਪੀ ਬੁਰੀ ਕਰਣੀ ਕਿਉਂ ਕੀਤੀ ਜਾਵੇ? ਮੰਦੇ ਕੰਮ (ਕਰਮਾਂ) ਦਾ ਮੰਦਾ ਨਤੀਜਾ ਜ਼ਰੂਰ ਨਿਕਲਣਾ ਹੈ। ਜੇ ਇਹ ਗੱਲ ਨਿਸਚੇ ਹੋਵੇ ਅਤੇ ਦੂਰ-ਅੰਦੇਸ਼ੀ ਵਾਲੀ ਲੰਮੀ ਨਜ਼ਰ ਨਾਲਿ ਨਿਹਾਰ ਕੇ ਦੇਖਿਆ ਜਾਵੇ ਕਿ ਮੰਦੀਂ ਕੰਮੀਂ ਕੀਤਾ ਕਰਮਿਆ ਨਤੀਜਾ ਜਦ ਕਦ ਮੰਦਾ ਹੁੰਦਾ ਹੈ, ਤਾਂ ਤੇ ਐਸੀ ਲੰਮੀ ਸੋਚ ਵਾਲੇ ਪੁਰਸ਼ਾਂ ਨੂੰ ਮੰਦਾ ਕਰਮ ਮੂਲੋਂ ਹੀ ਨਹੀਂ ਕਰਨਾ ਚਾਹੀਦਾ।


www.sikhbookclub.com

ਕਰਮਾਂ ਦੀ ਬਾਜ਼ੀ ਦਾ ਐਸਾ ਪਾਸਾ ਢਾਲਣਾ ਚਾਹੀਦਾ ਹੈ, ਜਿਸ ਨੂੰ ਕਿ ਸੱਚੇ ਸਾਹਿਬ ਦੁਆਰੇ ਹਾਰ ਕੇ ਨਾ ਜਾਈਐ। ਸੱਚੇ ਸਾਹਿਬ ਨਾਲਿ ਸੱਚੀ ਸਿਫਤਿ ਸਾਲਾਹ ਸੁਕ੍ਰਿਤ ਕਰਣੀ ਹੀ ਐਸੀ ਬਾਜ਼ੀ ਲਾਉਣੀ ਚਾਹੀਦੀ ਹੈ ਜਿਸ ਦੁਆਰਾ ਜਿੱਤ ਕੇ ਹੀ ਜਾਈਏ ਅਤੇ ਸੱਚੇ ਸਾਹਿਬ ਦੇ ਦਰਬਾਰਿ ਜਾ ਪਰਵਾਣ ਪਈਏ। ਇਉਂ ਮਾਨੁਖਾ ਜਨਮ ਨੂੰ ਸਫਲਾ ਤੇ ਸੁਹੇਲਾ ਕਰ ਜਾਈਐ। ਸੱਚੇ ਲਾਹੇ ਵਾਲੀ ਘਾਲ ਸੇਵਾ ਕਮਾਈ, ਸੱਚੜੀ ਸਿਫਤਿ ਸਾਲਾਹੀ ਕਰਮ ਰੂਪੀ ਗੁਰਮਤਿ ਨਾਮ ਅਭਿਆਸ ਕਮਾਈ ਹੈ ਅਤੇ ਨਾਮ ਦੇ ਲਾਹੇ ਵਾਲੀ ਬਾਜੀ ਲਾਉਣੀ ਹੀ ਸਫਲ ਕਮਾਈ ਹੈ। ਜਿਤਨੇ ਭੀ ਸੰਸਾਰ ਦੇ ਜੀਆ-ਜੰਤ ਹਨ, ਸਾਰੇ ਹੀ ਆਪੋ ਆਪਣੇ ਕਰਮਾਂ ਦੀ ਭੁਗਤਣੀ ਭੁਗਤਦੇ ਹਨ ਅਤੇ ਉਹਨਾਂ ਉਹਨਾਂ ਕਰਮਾਂ ਵਿਚਿ ਹੀ ਪ੍ਰਵਿਰਤ ਹੁੰਦੇ ਹਨ ਜੋ ਪੂਰਬਲੇ ਕਿਰਤ ਕਰਮਾਂ ਦੀ ਭੁਗਤਣੀ ਭੁਗਤਾਉਣੇ ਹੁੰਦੇ ਹਨ। ਸਾਰੇ ਆਨਮਤ ਕਰਮਾਂ ਦਾ ਅੰਤ ਏਹੀ ਹੁੰਦਾ ਹੈ ਕਿ ਮੁੜਿ ਮੁੜਿ ਜੋਨੀ ਪਾਇ ਨੂੰ ਕਰਮ-ਸਜ਼ਾਈਆਂ ਹੀ ਭੋਗਣੀਆਂ ਪੈਂਦੀਆਂ ਹਨ। ਅਨਿਕ ਜੂਨੀਆਂ ਦੇ ਜੀਆ-ਜੰਤ ਜਿਥੇ ਭੀ ਦੇਖੋ, ਆਪੋ ਆਪਣੇ ਕਰਮਾਂ ਵਿਚਿ ਲਗੇ ਹੋਏ ਹਨ। ਆਪਣੇ ਆਪ ਨਹੀਂ ਲਗੇ, ਨਿਜ ਕਰਮਾਂ ਦੀ ਗਤੀ ਅਨੁਸਾਰ ਪੂਰਬਲੀ ਕਰਮ ਭੋਗ ਭਾਗਤੀ ਲਿਖਤ ਅਨੁਸਾਰ ਹੀ ਲਾਏ ਹੋਏ ਹਨ। ਨਾਨਾ ਪ੍ਰਕਾਰੀ ਕਰਮਾਂ ਵਿਚ ਲਗ ਕੇ, ਰਚ ਮਿਚ ਕੇ ਖੱਜਲ ਹੋਏ ਪਏ ਹਨ। ਇਹ ਆਨਮਤ ਕਰਮ ਸੁਖਫਲ ਦਾਤੇ ਕਦੇ ਭੀ ਨਹੀਂ, ਕਰਮਾਂ ਦੇ ਗੇੜ ਵਿਚਿ ਹੀ ਭੁਆਉਂਦੇ ਫਿਰਦੇ ਹਨ। ਕਰਮ-ਗਤੀ ਕਰਮ-ਸਜ਼ਾਈ (ਸਜ਼ਾ ਰੂਪੀ ਕਰਮ) ਕਮਾਉਂਦੇ ਫਿਰਦੇ ਹਨ। ਆਨਮਤ ਕਰਮ ਕੀਤਿਆਂ ਕਾਲ-ਫਾਸ ਵਿਚਿ ਅਜਿਹੇ ਪਈਦਾ ਹੈ ਕਿ ਜਿਸ ਤੋਂ ਛੁਟਣ ਦਾ ਉਪਾਵ ਕੋਈ ਸੁਝਦਾ ਹੀ ਨਹੀਂ, ਜਿਸ ਤੋਂ ਛੁਟਣ ਦੀ ਕੋਈ ਬਿਧੀ ਬਣਦੀ ਹੀ ਨਹੀਂ। ਮੁੜਿ ਮੁੜਿ ਜੋਨੀਆਂ ਵਿਚਿ ਭਰਮਦੇ ਮੁੜਿ ਮੁੜਿ ਕਾਲ-ਫਾਸ ਵਿਚਿ ਪੈਣਾ ਪੈਂਦਾ ਹੈ। ਅਤੇ ਕਾਲ-ਫਾਸ ਸਹਿਣ ਦੀ ਤੇ ਮੁੜਿ ਮੁੜਿ ਜੂਨੀਆਂ ਵਿਚਿ ਪੈਣ ਦੀ ਬਿਉਂਤ ਕਰਮਾਂ ਅਨੁਸਾਰ ਹੀ ਬਣਦੀ ਹੈ, ਫਸਣ ਦੀ ਅਤੇ ਛੁਟਣ ਦੀ ਬਿਧਿ—

**ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥ ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥ ੩ ॥**

(ਆਸਾ ਰਵਿਦਾਸ ਜੀਉ, ਪੰਨਾ ੪੮੬)

ਕਰਮਾਂ ਦਾ ਖੇਤ ਐਸਾ ਹੈ ਕਿ ਇਸ ਵਿਚਿ ਜੇਹਾ ਕੋਈ ਬੀਜ ਬੀਜਦਾ ਹੈ, ਤੇਹੇ ਹੀ ਫਲ ਲੁਣਦਾ ਹੈ। ਅਕ੍ਰਿਤਘਣਾਂ ਨੇ ਵਾਹਿਗੁਰੂ ਤੋਂ ਬੇਮੁਖਤਾਈ ਦਾ ਬੀਜ ਬੀਜਿਆ ਹੈ ਤਿਸ ਦਾ ਫਲ ਤਿਨ੍ਹਾਂ ਨੂੰ ਇਹ ਮਿਲਦਾ ਹੈ ਕਿ ਉਹ ਜੂਨੀਆਂ ਵਿਚਿ ਪਏ ਭਰਮਦੇ ਫਿਰਦੇ ਹਨ—

**ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥ ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥ ੪ ॥**

(ਵਾਰ ਜੈਤਸਰੀ, ਪੰਨਾ ੭੦੬)

ਜੇਹਾ ਕੋਈ ਕਰਮ ਕਮਾਵੰਦਾ ਹੈ ਤੇਹਾ ਹੀ ਉਸ ਦਾ ਨਿਬੇੜਾ ਹੁੰਦਾ ਹੈ। ਜੋ ਭਲੇ ਕਰਮ ਕਮਾਵੰਦਾ ਹੈ ਤਾਂ ਉਸ ਦਾ ਅਗੇ ਭਲਾ ਹੋ ਜਾਂਦਾ ਹੈ। ਜੋ ਸਭ ਤੋਂ ਸ੍ਰੇਸ਼ਟ ਕਰਮ ਕਰਦਾ ਹੈ ਉਸ ਦਾ ਫਲ ਉਸ ਨੂੰ ਇਹ ਮਿਲਦਾ ਹੈ ਅੰਮ੍ਰਿਤ-ਨਾਮ ਫਲ-ਦਾਤ ਦਾ ਵਰਤਾਰਾ ਉਸ ਦੇ ਉਪਰਿ ਆਪਿ ਕਰਮ-ਫਲਦਾਤਾ ਵਾਹਿਗੁਰੂ ਵਰਤਾ ਦਿੰਦਾ ਹੈ—


www.sikhbookclub.com

**ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥**

(ਸੂਹੀ ਮਃ ੧, ਪੰਨਾ ੭੩੦)

ਜੈਸੀ ਜੋ ਕਿਸੇ ਦੀ ਸੇਵਾ-ਪੂਜਾ ਕਰਦਾ ਹੈ ਤੈਸਾ ਹੀ ਓਹ ਹੋ ਰਹਿੰਦਾ ਹੈ ਅਤੇ ਤੇਹੋ ਜੇਹੇ ਹੀ ਉਹ ਕਰਮ ਕਮਾਉਣ ਲਗ ਪੈਂਦਾ ਹੈ। ਇਸ ਬਿਧਿ ਆਪਣਾ ਬੀਜਿਆ ਆਪਿ ਹੀ ਖਾਂਦਾ ਹੈ, ਸ਼ਿਕਵਾ ਕਰਨ ਦੀ ਗੁੰਜਾਇਸ਼ ਹੀ ਕੋਈ ਨਹੀਂ। ਨਿਬੇੜਾ ਕਰਮਾਂ ਉਤੇ ਹੁੰਦਾ ਹੈ। ਜੋ ਜੜ੍ਹ-ਮਤਿ ਲੋਕ ਪਾਹਨ (ਪੱਥਰ) ਦੀ ਪੂਜਾ-ਸੇਵਾ ਕਰਨ ਲਗ ਪੈਂਦੇ ਹਨ ਉਨ੍ਹਾਂ ਦੀ ਬੁੱਧੀ ਪੱਥਰ ਸਮਾਨ ਹੋ ਜਾਂਦੀ ਹੈ। ਬੁੱਤ ਦੀ ਪੂਜਾ ਕਰਨਹਾਰਿਆਂ ਦੀ ਹੀ ਜੜ੍ਹ ਮਤਿ ਹੁੰਦੀ ਹੈ, ਉਹ ਜੜ੍ਹ-ਜੋਨੀਆਂ ਵਿਚਿ ਭਉਂਦੇ ਹਨ, ਓਹਨਾਂ ਦੀ ਕਰਣੀ-ਕਿਸਮਤ ਬੜੀ ਹੀ ਮਾੜੀ ਹੁੰਦੀ ਹੈ। ਨਿਬੇੜਾ ਲਾਜ਼ਮੀ ਕਰਮਾਂ ਅਨੁਸਾਰ ਹੀ ਹੁੰਦਾ ਹੈ। ਉਹਨਾਂ ਦੀ ਘਾਲ ਅਜਾਈਂ ਹੀ ਜਾਂਦੀ ਹੈ—

**ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥ ੧ ॥ ੧੨ ॥**

(ਮਃ ੫, ੧੧੬੦)

**ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥ ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥ ੨ ॥**

(ਰਾਗੁ ਸੂਹੀ ਮਃ ੩ ਘਰੁ ੧੦, ਪੰਨਾ ੭੫੫)

ਕਰਮਾਂ ਦੀ ਫਾਹੀ ਫਾਥੇ ਲੋਗ ਜੋ ਕਰਮ ਕਮਾਉਂਦੇ ਹਨ, ਤੇਹੋ ਜੇਹਾ ਹੀ ਤਿਨ੍ਹਾਂ ਨੂੰ ਫਲ ਮਿਲਦਾ ਹੈ। ਤੇਹਾ ਹੀ ਉਹ ਫਲ ਭੁਗਤਦੇ ਹਨ ਤੇ ਦੋਸ਼ ਆਪਣੇ ਕਰਮਾਂ ਦਾ ਦੂਜਿਆਂ ਨੂੰ ਦਿੰਦੇ ਹਨ। ਇਹ ਉਹਨਾਂ ਦੀ ਅਗਿਆਨ ਕਰਿ ਭੁਲ ਹੈ। ਆਪਣੇ ਕੀਤੇ ਕਰਮ ਆਪ ਹੀ ਬੰਧਨ ਰੂਪ ਹੋ ਜਾਂਦੇ ਹਨ ਤੇ ਕਰਮ ਕਰਨਹਾਰਿਆਂ ਨੂੰ ਬੰਧਨ ਵਿਚਿ ਫਸਾ ਲੈਂਦੇ ਹਨ। ਉਹ ਚੁਰਾਸੀ ਦੇ ਗੇੜ ਵਿਚਿ ਮੋਹੇ ਮਾਇਆ ਦੇ ਧੰਧਿਆਂ ਵਿਚਿ ਹੀ ਲੱਥ ਪੱਥ ਹੋ ਜਾਂਦੇ ਹਨ—

**ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥ ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥ ੧ ॥**

(ਰਾਮਕਲੀ ਮਃ ੫, ਪੰਨਾ ੮੮੮)

ਸਿਫਤਿ ਸਾਲਾਹੀ ਕਰਮ ਕਰੰਤਿਆਂ ਨੂੰ ਭੀ ਤੈਸੀ ਹੀ ਲਿਵ ਪ੍ਰਾਪਤ ਹੁੰਦੀ ਹੈ ਜੈਸੀ ਉਹਨਾਂ ਦੀ ਨਾਮ ਅਭਿਆਸ ਕਮਾਈ ਹੁੰਦੀ ਹੈ। ਜਿਹੜੇ ਗੁਰਮੁਖਿ ਲੋਗ ਸਤਿਗੁਰੂ ਦੀ ਆਗਿਆ ਅਨੁਸਾਰ ਸਤਿਗੁਰੂ ਦੀ ਦੀਖਿਆ ਦੀ ਪੂਰੀ ਤਰ੍ਹਾਂ ਕਮਾਈ ਕਰਦੇ ਹਨ ਉਹਨਾਂ ਦੀ ਹੀ ਸਹਜ-ਘਰ ਵਿਚਿ ਲਿਵ ਲਗਦੀ ਹੈ। ਯਥਾ ਗੁਰਵਾਕ—

**ਜੈਸਾ ਕਰਮੁ ਤੈਸੀ ਲਿਵ ਲਾਵੈ ॥ ਸਤਿਗੁਰੁ ਪੂਛਿ ਸਹਜ ਘਰੁ ਪਾਵੈ ॥ ੩ ॥**

(ਪ੍ਰਭਾਤੀ ਅਸਟਃ ਮਃ ੧ ਬਿਭਾਸ, ਪੰਨਾ ੧੩੪੨)

ਕਈ ਨਾਮੁ ਜਪਣ ਵਾਲੇ ਕਰਮਾਚਾਰੀ ਅਭਿਆਸੀ ਜਨ ਸ਼ਿਕਵਾ ਸ਼ਿਕਾਇਤ ਕਰਿਆ ਕਰਦੇ ਹਨ ਕਿ ਨਾਮ ਬਥੇਰਾ ਜਪੀਦਾ ਹੈ ਪਰ ਲਿਵ ਨਹੀਂ ਲਗਦੀ, ਮਨ ਨਹੀਂ ਟਿਕਦਾ, ਸੁਰਤਿ ਨਹੀਂ

ਜੁੜਦੀ। ਤਿਨ੍ਹਾਂ ਪ੍ਰਥਾਇ ਹੀ, ਤਿਨ੍ਹਾਂ ਦੇ ਉਤਰ ਵਿਚਿ ਇਹ ਗੁਰਵਾਕ ਉਪਰਲਾ ਆਇਆ। ਸੇਵਾ ਸਿਮਰਨ ਤਾਂ ਥੋੜਾ ਹੁੰਦਾ ਹੈ ਤੇ ਫਲ ਬਹੁਤਾ ਮੰਗਦੇ ਹਨ, ਤਨਕ ਕਮਾਈਆਂ ਕਰਨ ਵਾਲੇ। ਜੈਸੀ ਉਹ ਸਿਮਰਨ ਦੀ ਕਮਾਈ ਕਰਦੇ ਹਨ ਤੈਸੀ ਹੀ ਉਹਨਾਂ ਦੀ ਸੁਰਤੀ ਬਿਰਤੀ ਹੋ ਰਹਿੰਦੀ ਹੈ। ਨਾਮ ਅਤੇ ਨਾਮ ਦੀ ਅਭਿਆਸ ਕਮਾਈ ਪਾਰਸ ਰੂਪ ਹੈ। ਜੈਸੀ ਕੋਈ ਕਮਾਈ ਕਰੇਗਾ ਅਤੇ ਇਸ ਨਾਮ ਰੂਪੀ ਪਾਰਸ ਨੂੰ ਪਰਸਣਹਾਰਾ ਬਣੇਗਾ, ਤੈਸੀ ਹੀ ਉਸ ਦੀ ਸੁਰਤੀ ਬਿਰਤੀ ਜੁੜੇਗੀ। ਨਾਮ ਨੇ ਪਾਰਸ-ਕਲਾ ਜ਼ਰੂਰ ਵਰਤਾਉਣੀ ਹੈ। ਜਿਉਂ ਜਿਉਂ ਅਭਿਆਸੀ ਜਨ ਕਮਾਈਆਂ ਕਰਦਾ ਵਧਦਾ ਜਾਵੇਗਾ, ਤਿਉਂ ਤਿਉਂ ਉਸ ਦੀ ਲਿਵ-ਸੁਰਤੀ ਦਾ ਜੁੜਾਉ ਅੰਤ ਜਮਾਉ ਵਧਦਾ ਅਤੇ ਵਧਦਾ ਜਾਏਗਾ। ਲਿਵ ਦੀ ਲੀਲ੍ਹਾ ਪਰੇ ਤੋਂ ਪਰੇ ਹੈ। ਲਿਵ ਦੀ ਅਵਸਥਾ ਭੀ ਉਚੇਰੀ ਤੋਂ ਉਚੇਰੀ ਹੈ। ਸਿਖਰਲੀ ਲਿਵ-ਅਟਾਰੀ ਸਹਜ ਬਿਵਸਥਾ ਵਾਲੀ ਹੈ। ਇਸ ਪਦ-ਅਟਾਰੜੇ ਦੀ ਗੁਰਮਤਿ-ਦੀਖਿਆ ਅਨੁਸਾਰ ਪ੍ਰੇਮ-ਜੁਗਤੀ ਵਾਲੇ ਬਣਿਆਂ ਹੀ ਪ੍ਰਾਪਤੀ ਹੁੰਦੀ ਹੈ। ਕਮਾਈਆਂ ਅਤੇ ਲਿਵਤਾਰ ਦੋਈ ਸਹਜ ਵਿਚਿ ਹੀ ਹੋ ਤੁਰਦੀਆਂ ਹਨ ਅਤੇ ਲਿਵ ਦਾ ਸਹਜ ਜੁੜਾਉ ਹੋ ਜਾਂਦਾ ਹੈ। ਤਾਂ ਤੇ ਲਿਵ-ਸਹਜ-ਸਮਾਧਿ ਦੇ ਖੇਡੇ ਦਾ ਨਿਬੇੜਾ ਭੀ ਅਭਿਆਸ ਕਮਾਈਆਂ ਵਾਲੇ ਸਿਫਤਿ-ਸਾਲਾਹ ਕਰਮ ਦੇ ਮੁਤਾਬਕ ਹੀ ਹੁੰਦਾ ਹੈ। ਨਾਮ ਦੀਆਂ ਕਮਾਈਆਂ ਪਾਰਸ ਰੂਪ ਹਨ, ਆਹਲੀਆਂ ਨਹੀਂ ਜਾਂਦੀਆਂ। ਅਭਿਆਸੀ ਜਨ ਦੀ ਲਿਵ-ਕਰਮੀ ਅਵਸਥਾ ਦਾ ਨਿਬੇੜਾ ਪਾਰਸ ਕਮਾਈ ਦੀ ਬਹੁਲਤਾ ਉਪਰਿ ਹੀ ਹੈ। ਬਸ, ਦਿਨ ਰਾਤ ਜੁਟਿਆ ਰਹੇ, ਅੱਖ ਨਾ ਉਘੇੜੇ, ਫਿਰ ਕਰਤਾਰ ਕਰਨਹਾਰ ਦੀ ਨਦਰਿ-ਕਰੰਮੀ ਮਿਹਰ ਭੀ ਹੋ ਜਾਂਦੀ ਹੈ ਤੇ ਨਾਮ ਸਿਮਰਨ ਦੇ ਤੋਰੇ ਭੀ ਸੁਤੇ ਸੁਭਾਵ ਤੁਰ ਪੈਂਦੇ ਹਨ ਅਤੇ ਸਹਜ-ਲਿਵ ਡੋਰੀ ਭੀ ਲਗੀ ਰਹਿੰਦੀ ਹੈ।

# ੧੨ - ਕਰੇ ਕਰਾਏ ਆਪਿ ਪ੍ਰਭੁ

ਕਰਮਾਂ ਉਪਰਿ ਨਿਬੇੜੇ ਦਾ ਫ਼ੈਸਲਾ ਕਰਤਾਰ ਕਰਨਹਾਰ ਦੇ ਹਥਿ ਹੋਣ ਕਰਕੇ ਅਤੇ "**ਕਾਰਣੁ ਕਰਤੇ ਵਸਿ**" ਦੇ ਅਭਿਪਰੇ ਅਨੁਸਾਰ[1] ਇਹੁ ਅਸੂਲ ਐਨ ਗੁਰਮਤਿ ਅਨਕੂਲ ਹੈ ਕਿ "**ਕਰੇ ਕਰਾਏ ਆਪਿ ਪ੍ਰਭੁ**"[2]। ਇਸ ਗੁਰਵਾਕ ਅਨਕੂਲਤਾ ਦੀ ਪ੍ਰੋੜ੍ਹਤਾ ਵਿਚਿ ਹੋਰ ਭੀ ਗੁਰ-ਪ੍ਰਮਾਣ ਗੁਰਬਾਣੀ ਅੰਦਰਿ ਆਉਂਦੇ ਹਨ, ਜਿਨ੍ਹਾਂ ਉਪਰਿ ਵੀਚਾਰ ਕਰਕੇ ਵਿਆਖਿਆ ਕਰਨਾ ਏਥੇ ਅਤੀ ਉਚਿਤ ਹੋਵੇਗਾ। ਪਹਿਲਾ ਗੁਰਵਾਕ ਇਸ ਭਾਵ ਦੀ ਪ੍ਰੋੜ੍ਹਤਾ ਵਿਚਿ ਇਹ ਦ੍ਰਿਸ਼ਟੀ ਆਇਆ ਹੈ—

> **ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥ ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥ ਸਭ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥ ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ ॥ ੩ ॥**

(ਸਿਰੀਰਾਗੁ ਮਃ ੫, ਪੰਨਾ ੪੩-੪੪)

ਭਾਵ— ਸਿਫਤਿ ਸਾਲਾਹ ਰੂਪੀ ਸਿਮਰਨ-ਸੇਵਾ, ਨਾਮ ਅਭਿਆਸ ਕਮਾਈ ਦੀ ਯਾਚਨਾ ਕਰਨੀ, ਗੁਰੂ ਕਰਤਾਰ ਦੁਆਰਿਓਂ ਮੰਗ ਮੰਗਣੀ ਗੁਰੂ ਘਰ ਦੇ ਉਤਮ ਜਗਿਆਸੂ ਮੰਗਤ ਜਨਾਂ ਯਾਚਕਾਂ ਨਾਮ-ਭੀਖ ਦੇ ਭਿਖਾਰੀਆਂ ਦਾ ਇਕੋ ਇਕ ਕਸਬ ਹੈ, ਜੋ ਅਭਿਆਸ ਰੂਪੀ ਸ੍ਰੇਸ਼ਟ ਕਰਮ ਕਰਨਹਾਰਿਆਂ ਦੇ ਵਸਿ ਗੋਚਰਾ ਹੈ। ਇਹ ਯਾਚਨਾ ਰੂਪੀ ਕਸਬ ਭੀ ਜਿਸ ਥੋਂ ਆਪਿ ਕਰਤਾਰ ਕਰਾਏ, ਸੋਈ ਕਰਦਾ ਹੈ। ਤਿਸੈ ਅਧਿਕਾਰੀ ਯਾਚਕ ਜਨ ਦੇ ਰਿਦੇ ਅੰਦਰਿ ਹੀ ਇਹ ਯਾਚਨਾ ਸਫੁਰਨ ਹੁੰਦੀ ਹੈ ਜਿਸ ਤੋਂ ਆਪਿ ਕਿਰਪਾਲੂ ਕਰਤਾਰ ਨੇ ਆਪਣੀ ਕਿਰਪਾ ਦਇਆ ਮਇਆ ਕਰਿ ਉਕਤ ਯਾਚਨਾ ਅਨੁਸਾਰੀ, ਉਕਤ ਸਫੋਰਤ-ਸਿਫਤਾਈ ਯਾਚਨਾ ਕਸਬੀ ਕਰਮ ਕਰਾਉਣਾ ਮਨਜ਼ੂਰੇ ਨਜ਼ਰ ਹੋਇਆ ਵਿਆ ਹੁੰਦਾ ਹੈ। ਤਾਹੀਓਂ ਤਾਂ ਸੇਵਕ ਜਨ ਸੇਵਾ ਯਾਚਕੂ ਦੀ ਯਾਚਨਾ ਤੁਰਤੋ ਫੁਰਤ ਹੀ ਥਾਇੰ ਪੈਂਦੀ ਹੈ ਅਤੇ "**ਲਾਈਆਂ ਅਪੁਨੀ ਸੇਵ**" ਵਾਲੀ ਮਿਹਰੰਮਤਿ ਉਸ ਉਪਰਿ ਹੋ ਜਾਂਦੀ ਹੈ। ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਸਿਫਤਿ ਸਾਲਾਹ ਰੂਪੀ ਸੱਚੀ ਸੇਵਾ ਵਿਖੇ ਤੱਤਪਰ ਹੋ ਕੇ ਉਹੀ ਸੇਵਕ ਜਨ ਲਗਦਾ ਹੈ ਜਿਸ ਨੂੰ ਵਾਹਿਗੁਰੂ ਆਪਿ ਲਾਵੇ। ਵਾਹਿਗੁਰੂ ਦੀ ਆਪਣੀ ਸੇਵ ਅਪਣਾਇਆਂ ਹੋਇਆਂ, ਦਰੋਂ ਘਰੋਂ ਵਰੋਸਾਇਆਂ ਹੋਇਆਂ ਨੂੰ ਹੀ ਮਿਲਦੀ ਹੈ। ਸਿਮਰਨ ਰੂਪੀ ਸੇਵਾ ਦੀ ਮੁਸ਼ੱਕਤ ਘਾਲ ਕਮਾਈ ਅਤੇ ਪੁਜੇ ਹੋਏ ਗੁਰਮੁਖਿ ਸਾਧੂ ਦਾ ਸੰਗ ਤੁੱਠੇ ਗੁਰਦੇਵ ਸੱਚੇ ਸਤਿਗੁਰੂ ਦੀ ਸੁਪ੍ਰਸੰਨਤਾ (ਤੁੱਸਤਾ) ਦੁਆਰਾ ਹੀ ਪ੍ਰਾਪਤਿ ਹੁੰਦੀ ਹੈ। ਇਹ ਸਾਰੀ ਗੱਲ ਸੱਚੇ ਸਾਹਿਬ ਦੀ ਵਸਗਤਿ ਵਾਲੀ ਹੀ ਹੈ। ਸੱਚੇ ਸਾਹਿਬ ਗੁਰੂ ਕਰਤਾਰ ਦੇ ਹੀ ਵਸਿ ਹੈ, ਜਿਸ ਨੂੰ ਚਾਹੇ, ਜਿਸ ਉਪਰਿ ਉਹ ਸੁਪ੍ਰਸੰਨ ਹੋਵੇ, ਤਿਸੇ ਨੂੰ ਇਹ ਸਿਮਰਨ ਨਾਮ ਅਭਿਆਸ ਰੂਪੀ ਸੱਚੀ ਕਮਾਈ ਵਾਲੀ ਸੇਵਾ ਮਿਲਦੀ ਹੈ। ਇਹੀ ਸੇਵਾ ਸੱਚਾ ਸੁਕ੍ਰਿਤ ਕਰਮ ਹੈ, ਜਿਸਨੂੰ ਕਮਾਵਣਾ ਗੁਰਮਤਿ ਅਨੁਸਾਰ ਸਭ ਤੋਂ ਸ੍ਰੇਸ਼ਟ ਅਤੇ ਸਰਬੋਤਮ ਹੈ।

---

[1] ਦੇਖੋ ਪ੍ਰਕਰਣ ੯ - *ਕਾਰਣੁ ਕਰਤੇ ਵਸਿ ਕਰਮ*

[2] ਸਿਰੀਰਾਗੁ ਮਃ ੫, ਪੰਨਾ ੪੯

ਸੇਵਾ ਦਾ ਪ੍ਰੇਰਕ, ਸੇਵਾ ਦਾ ਤੁਠਕ ਪ੍ਰਸਾਦੀ ਹੋਣ ਕਰਕੇ ਸੱਚਾ ਸਾਹਿਬ ਪ੍ਰਭੂ ਪਰਮਾਤਮਾ ਹੀ ਕਰਨ ਕਰਾਵਣਹਾਰਾ (ਕਰਨ ਕਰੇਵ) ਹੈ। ਸਿਮਰਨ ਸੇਵਾ ਰੂਪੀ ਕਰਮ ਨੂੰ **"ਕਰੇ ਕਰਾਏ ਆਪਿ ਪ੍ਰਭੁ"** ਵਾਲੀ ਤੁੱਸਤਾ ਪ੍ਰਸਾਦਤਾ ਠੀਕ ਢੁਕਦੀ ਹੈ। ਐਸੇ ਤੁਠੇ ਸਤਿਗੁਰੂ ਸਾਹਿਬ ਦੇ ਸਦਾ ਬਲਿਹਾਰਨੇ ਜਾਈਏ ਜੋ ਸੇਵਕ ਮੰਗਤ ਜਨਾਂ ਦੀ ਸੱਚੀ ਮਨਸਾ ਪੂਰਨਹਾਰਾ (ਪੂਰੀ ਕਰਨਹਾਰਾ) ਹੈ। ਅਗਲੇਰਾ ਗੁਰ-ਪ੍ਰਮਾਣ ਭੀ ਉਪਰਲੇ ਭਾਵ ਦੀ ਪ੍ਰੌੜ੍ਹਤਾ ਦਰਸਾਉਂਦਾ ਹੈ -

> **ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ ॥ ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ ॥ ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ ॥ ੪ ॥ ੧੫ ॥ ੮੫ ॥**

(ਸਿਰੀਰਾਗੁ ਮਃ ੫, ਪੰਨਾ ੪੮)

ਜੀਵਾਂ ਨੂੰ ਮਾਰ ਕੇ ਆਪੇ ਜੀਵਾਲਣਹਾਰ ਕਰਨ ਕਾਰਨ ਸਮਰੱਥ ਵਾਹਿਗੁਰੂ ਦੇ ਹੀ ਸਭ ਕਿਛ ਹੱਥ ਵਿਚ ਹੈ। ਓਹੀ ਜੀਵਾਂ ਦੇ ਪੂਰਬਲੇ ਕਰਮਾਂ ਅਨੁਸਾਰ ਅਗਲੇ ਜਨਮਾਂ ਵਿਖੇ ਓਹਨਾਂ ਤੋਂ ਬਦਲੇ ਵਜੋਂ ਸੱਜ਼ਾਈ ਜਜ਼ਾਈ ਕਰਮ ਆਪਿ ਕਰਾਉਂਦਾ ਹੈ। ਇਉਂ ਸੱਚੋ ਸੱਚਾ ਨਿਆਉਂ ਹੱਥੋ ਹੱਥੀ ਭੁਗਤਾਉਂਦਾ ਹੈ। ਤਿਨ੍ਹਾਂ ਨਿਆਉਂ-ਭੁਗਤਾਈ ਕਰਮਾਂ ਦਾ ਪ੍ਰੇਰਕ ਹੋ ਕੇ ਜੋ ਕਰਮ ਓਹ ਜੀਵਾਂ ਪਾਸੋਂ ਕਰਾਉਂਦਾ ਹੈ, ਇਕ ਪ੍ਰਕਾਰ ਆਪਿ ਓਹ ਕਰਮ ਕਰਦਾ ਹੈ। ਪ੍ਰੇਰਕ ਜੁ ਹੋਇਆ। ਕਰਮ-ਭੁਗਤਾਊ ਇਸ ਪ੍ਰਕਾਰੀ ਨਿਆਉਂ-ਨਿਬੇੜੇ ਦੀ ਸਭ ਬਿਧਿ ਓਸ ਹੀ ਦੇ ਹਥਿ ਗੋਚਰੀ ਹੈ। ਜੀਵਾਂ ਦੇ ਕਰਮਾਂ ਦਾ ਚਿਤਰ-ਗੁਪਤੀ ਲੇਖਾ ਹਰ ਦਮ ਉਸ ਦੇ ਪਾਸਿ ਹੈ, ਕਿਉਂਕਿ ਓਹ ਸਰਬੱਤਰ ਜੀਵਾਂ ਦੇ ਅੰਤਰਿ ਬਾਹਰਿ ਵਿਆਪਕ ਵਸਦਾ ਹੋਇਆ ਹਰ ਛਿਨ ਤਿਨ੍ਹਾਂ ਦੇ ਅੰਗਿ ਸੰਗਿ ਹੈ। ਜੀਵਾਂ ਦੇ ਕਰਮਾਂ ਨੂੰ ਸਦਾ ਦੇਖਦਾ ਪਰਖਦਾ ਹੈ ਅਤੇ ਦੇਖ ਪਰਖ ਕੇ ਹੀ ਤਿਨ੍ਹਾਂ ਨੂੰ ਆਵਾ-ਗਵਨੀ ਜਨਮ-ਜੋਨੀਆਂ ਵਿਚਿ ਪਾਉਂਦਾ ਹੈ, ਮਾਰ ਕੇ ਭੀ, ਜੀਵਾਲ ਕੇ ਭੀ ਤਿਨ੍ਹਾਂ ਤੋਂ ਇਨੰਸਾਫ਼ੋ-ਇਨਸਾਫ਼ ਕਰਮੀ ਨਿਬੇੜੇ ਕਰਾਉਂਦਾ ਹੈ। ਇਸ ਨਿਆਉਂ-ਨਿਬੇੜੀ ਸਿਲਸਿਲੇ ਵਿਚ ਜੀਵ ਜੋ ਕਰਮ ਕਰਦੇ ਹਨ ਓਹ ਅਣਸਰਦੇ ਨੂੰ ਹੀ ਕਰਦੇ ਹਨ; ਬੇਬਸ ਹੋ ਕੇ ਕਰਦੇ ਹਨ; ਕਰਮਾਂ ਦੀ ਖਸਮ-ਹੱਥੀ ਨੱਕ-ਨੱਥੀ ਨਕੇਲ ਦੇ ਨਕੇਲੇ ਹੋਏ ਕਰਦੇ ਹਨ। ਇਉਂ **"ਕਰੇ ਕਰਾਇ ਆਪਿ ਪ੍ਰਭੁ"** ਵਾਲੀ ਪ੍ਰਭਤਾ ਕਰਮ-ਨਿਵਾਰਨੀ ਭੁਗਤਾਉਣੀ ਸਾਹਿਬੀ ਸਾਹਿਬ ਸਮਰੱਥ ਦੇ ਸਮਰੱਥਤਾ ਅਧੀਨ ਹੈ। ਸਰਬ ਜੀਵਾਂ ਦੇ ਸਮੱਗਰ ਕਰਮਾਂ ਦਾ ਚਿਤਰ-ਗੁਪਤਾ ਹੋਣ ਕਰਿ ਓਹ ਸਰਬ ਘਟਾਂ ਕਾ ਨਾਥ ਹੈ। ਤਾਂ ਤੇ ਉਸ **"ਸਰਬ ਘਟਾ ਕੇ ਨਾਥ"** ਪ੍ਰਭੂ ਪਰਮਾਤਮਾ ਦੀ ਸਦਾ ਸ਼ਰਨਾਗਤਿ ਹੋਇ ਰਹਿਣਾ ਗੁਰੂ ਨਾਨਕ ਸਾਹਿਬ ਦੇ ਘਰ ਦੇ ਸਿੱਖਾਂ ਦਾ ਬਿਰਦੂ ਹੈ।

ਕਿਲਵਿਖ ਪਾਪਾਂ ਦਾ ਮਲੀਆਮੇਟ ਕਰਨ ਲਈ ਆਨਮਤ ਤੰਤ ਮੰਤ ਰੂਪੀ ਅਉਖਧਾਂ ਦਾ ਕੁਛ ਚਾਰਾ ਨਹੀਂ ਚਲਦਾ। ਗੁਰਮਤਿ ਨਾਮ ਦਾ ਸਿਮਰਨ ਅਭਿਆਸ ਹੀ ਸੱਚੀ ਅਉਖਧੀ ਹੈ, ਕਿਲਵਿਖ ਰੋਗਾਂ ਤੇ ਪਾਪਾਂ ਦਾ ਬਿਨਾਸ ਕਰਨ ਲਈ। ਜਿਨ੍ਹਾਂ ਨੂੰ ਆਪਿ ਕਰਨਹਾਰ ਕਰਤਾਰ ਪੁੱਠੀ ਭੁਲਾਉਣੀ ਦਿੰਦਾ ਹੈ, ਤਿਨ੍ਹਾਂ ਨੂੰ ਭੁਲਾਇ ਕੇ ਆਨਮਤ ਕੂੜਾਵੇ ਤੰਤਾਂ ਮੰਤਾਂ ਵਲ ਲਗਾ ਦਿੰਦਾ ਹੈ ਅਤੇ ਗੁਰਮਤਿ ਨਾਮ ਦੇ ਪਾਸੇ ਆਉਣ ਹੀ ਨਹੀਂ ਦਿੰਦਾ; ਓਹਨਾਂ ਨੂੰ ਸਿਮਰਨ ਗੁਰਮਤਿ ਨਾਮੁ ਉੱਕਾ ਹੀ ਵਿਸਰਾਇ ਦਿੰਦਾ ਹੈ ਅਤੇ ਜਿਨ੍ਹਾਂ ਉਤੇ ਉਸ ਦੀ ਕਿਰਪਾ ਹੁੰਦੀ ਹੈ, ਤਿਨ੍ਹਾਂ ਨੂੰ ਗੁਰਮਤਿ ਸੁਮਾਰਗੀ ਪੱਖ ਪਾਸੇ ਤੇ ਹੀ ਰਖਦਾ ਹੈ ਅਤੇ ਗੁਰਮਤਿ ਨਾਮ ਦੀਆਂ ਅਭਿਆਸ ਕਮਾਈਆਂ ਤੇ ਤੱਤਪਰ ਕਰ ਕੇ ਲਾਇ ਦਿੰਦਾ ਹੈ। ਚੇਤੇ ਰਹੇ ਕਿ ਇਹ


www.sikhbookclub.com

ਸੁਮਾਰਗ ਪਾਉਣ ਵਾਲੀ ਉਸ ਦੀ ਕਿਰਪਾ ਅਤੇ ਕੁਮਾਰਗ ਲਾਉਣ ਵਾਲੀ ਉਸ ਦੀ ਕ੍ਰੂਰ ਦ੍ਰਿਸ਼ਟੀ ਜੀਵਾਂ ਦੇ ਪੂਰਬਲੇ ਕਰਮਾਂ ਅਨੁਸਾਰ ਹੀ ਹੁੰਦੀ ਹੈ। ਅਲਪੱਗ ਪ੍ਰਾਣੀਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਹੜੇ ਕਰਮਾਂ ਤੋਂ ਉਹ ਪ੍ਰਕਰਦਾ ਹੈ ਤੇ ਕਿਹੜੀ ਕਰਣੀ ਨੂੰ ਓਹ ਮਨਜ਼ੂਰੇ-ਨਜ਼ਰ ਕਰਦਾ ਹੈ ਅਤੇ ਕਿਹੜਾ ਕਰਮ ਉਸ ਦੀ ਰਜ਼ਾ ਤੋਂ ਉਲਟ ਅਤੇ ਬੇਪਰਜੇ ਹੁੰਦਾ ਹੈ। ਗੁਰਮਤਿ ਦੇ ਖੋਜੀਆਂ ਨੂੰ ਤਾਂ ਪੱਕਾ ਨਿਸਚਾ. ਹੁੰਦਾ ਹੈ ਕਿ ਗੁਰੂ ਕਰਤਾਰ ਦੀਆਂ ਨਜ਼ਰਾਂ ਅੰਦਰਿ ਪਰਵਾਣ ਹੋਣ ਵਾਲਾ ਇਕੋ ਇਕ ਕਰਮ-ਸੁਕਰਮ, ਸਰਬੋਤਮ ਸਰਬ ਸ੍ਰੇਸ਼ਟ ਕਰਮ, ਸਿਫਤਿ ਸਾਲਾਹ ਨਾਮੁ ਅਭਿਆਸ ਦੀ ਕਮਾਈ ਹੈ, ਸੋ ਵਿਰਲੇ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਜਿਨ੍ਹਾਂ ਨੂੰ ਪਤਾ ਲਗ ਜਾਣ ਪਰ ਭੀ ਦ੍ਰਿੜ੍ਹਤਾ ਵਲੋਂ ਊਣਤਾ ਰਹਿੰਦੀ ਹੈ ਅਤੇ ਇਸ ਦ੍ਰਿੜ੍ਹਤਾਈ ਦੀ ਊਣਤਾਈ ਕਰਕੇ ਉਹ ਲਟਾਪੀਂਘ ਹੋ ਕੇ ਨਾਮ ਅਭਿਆਸ ਕਮਾਈਆਂ ਕਰਨ ਲਈ ਜੁਟਦੇ ਨਹੀਂ, ਓਹਨਾਂ ਉਤੇ ਨਦਰਿ ਕਰਮ ਦੇ ਖੁਲ੍ਹੇ ਗਫੇ ਨਹੀਂ ਵਰਤਦੇ, ਸੰਕੋਚਵੇਂ ਹੀ ਰਹਿੰਦੇ ਹਨ। ਪਰ ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਉਦਮ ਕਰ ਕੇ ਜੋ ਜਨ ਸਿਮਰਨ ਦਾ ਲੜ ਫੜਦੇ ਹਨ ਅਤੇ ਅਭਿਆਸ ਕਮਾਈਆਂ ਕਰਨ ਲਈ ਕਮਰਕਸੇ ਕਰ ਕੇ ਤਿਆਰ-ਬਰ-ਤਿਆਰ ਹੋ ਜਾਂਦੇ ਹਨ, ਤਿਨ੍ਹਾਂ ਉਤੇ ਗੁਰੂ ਕਰਤਾਰ ਆਪਣੀ ਉਦਾਰਤਾ ਮੇਹਰ ਨਦਰਾਰਤਾ ਬਹੁਤ ਵਧੇਰੇ ਵਰਸਾਉਂਦਾ ਹੈ ਅਤੇ ਸਦਾ ਚੜ੍ਹਦੀ ਕਲਾ ਵਰਤਾਉਂਦਾ ਹੈ। ਕਈ ਵਾਰ ਐਸਾ ਇਤਫ਼ਾਕ ਹੋ ਜਾਂਦਾ ਹੈ ਕਿ ਅਚੇਤ ਕੋਈ ਐਸਾ ਸ੍ਰੇਸ਼ਟ ਗੁਰਮਤਿ ਉਦਿਓਗੀ ਕਰਮ ਹੋ ਜਾਂਦਾ ਹੈ ਜੋ ਅਭਿਆਸੀ ਜਨ ਨੂੰ ਨਦਰਾਂ ਮੇਹਰਾਂ ਦਾ ਪਾਤਰ ਅਚੇਤ ਹੀ ਬਣਾ ਦਿੰਦਾ ਹੈ। ਓਹ ਐਉਂ ਉਭੜ ਉਭੜ ਕੇ ਉਤਸ਼ਾਹ ਨਾਲਿ ਜ਼ੋਰੋ ਜ਼ੋਰ ਨਾਮ ਜਪਣ ਲਗ ਜਾਂਦਾ ਹੈ, ਜੋ ਉਸ ਨੂੰ ਪ੍ਰਤੀਤ ਹੀ ਨਹੀਂ ਹੁੰਦਾ ਕਿ ਓਹ ਆਪੋਂ ਨਾਮ ਜਪ ਰਹਿਆ ਹੈ, ਵਾਸਤਵ ਵਿਚਿ ਓਹ ਅਜਿਹੀਆਂ ਹਾਲਤਾਂ ਵਿਚਿ ਜਪਾਇਆ ਹੀ ਜਪਦਾ ਹੈ। ਕਈਆਂ ਤੋਂ ਅਚਿੰਤ ਹੀ ਕੋਈ ਅਜਿਹਾ ਖੋਟਾ ਕਰਮ ਹੋ ਜਾਂਦਾ ਹੈ ਜਿਸ ਦਾ ਉਸ ਨੂੰ ਪਤਾ ਹੀ ਨਹੀਂ ਲਗਦਾ। ਪਰ ਉਸ ਦੀ ਸੁਰਤੀ ਬਿਰਤੀ ਅਜਿਹੀ ਮਟਰੋੜ ਹੋ ਜਾਂਦੀ ਹੈ ਕਿ ਉਹ ਉਦਮ ਕੀਤਿਆਂ ਭੀ ਅਭਿਆਸ ਕਮਾਈ ਵਲ ਨਹੀਂ ਆਉਂਦਾ। ਬਥੇਰਾ ਯਤਨ ਕਰਦਾ ਹੈ, ਪਰ ਬਣ ਹੀ ਨਹੀਂ ਸਕਦਾ। ਓਥੇ ਐਉਂ ਉਸ ਨੂੰ ਜਾਪਦਾ ਹੈ ਕਿ ਉਹ ਭੁਲਾਇਆ ਹੋਇਆ ਹੀ ਭੁਲਦਾ ਹੈ। ਨਾਮ ਜਪਣ ਵਲ ਲਗਣ ਦਾ ਉਸ ਨੂੰ ਭਰਮ ਹੀ ਲਗਾ ਹੁੰਦਾ ਹੈ। ਯਥਾ ਗੁਰਵਾਕ—

ਅਵਰੁ ਨ ਅਉਖਧੁ ਤੰਤ ਨ ਮੰਤਾ ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ॥ ਤੂੰ ਆਪਿ
ਭੁਲਾਵਹਿ ਨਾਮੁ ਵਿਸਾਰਿ ॥ ਤੂੰ ਆਪੇ ਰਾਖਹਿ ਕਿਰਪਾ ਧਾਰਿ॥੪॥

(ਆਸਾ ਮਃ ੧, ਪੰਨਾ ੪੧੬)

ਏਸੇ ਹੀ ਉਪਰਲੇ ਭਾਵ ਦੀ ਪ੍ਰੋੜ੍ਹਤਾ ਵਿਚਿ ਹੇਠ ਲਿਖਿਆ ਗੁਰਵਾਕ ਭੀ ਸੁਥਾਉਂ ਹੀ ਫਬਦਾ ਹੈ—

ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ
ਹੋਵੈ ਕਿਸ ਥੈ ਜਾਇ ਰੂਆਈਐ ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ


www.sikhbookclub.com

**ਲਿਖਿਆ ਪਾਈਐ ॥ ੭ ॥ ੧੨ ॥**

(ਆਸਾ ਮ: ੧, ਪੰਨਾ ੪੧੮)

ਭਾਵ— ਜੀਵਾਂ ਨੂੰ ਜੋ ਭੀ ਦੁਖ ਯਾ ਸੁਖ ਮਿਲਦਾ ਹੈ, ਸਭ ਕਰਤੇ ਪੁਰਖ ਦੇ ਭਾਣੇ ਅੰਦਰਿ ਮਿਲਦਾ ਹੈ, ਕਰਮਾਂ ਅਨੁਸਾਰ ਮਿਲਦਾ ਹੈ, ਕਰਮ-ਬਿਧਾਤੇ ਦੇ ਹੁਕਮ ਮੂਜਬ ਹੀ ਮਿਲਦਾ ਹੈ। ਕਿਸੇ ਨੂੰ ਦੁਖੋਂ ਸੁਖੁ, ਕਿਸੇ ਨੂੰ ਸੁਖੋਂ ਦੁਖੁ। ਦੁਨੀਆਵੀ ਸੁਖ ਤੇ ਦੁਖ ਹਰਖ ਤੇ ਸੋਗ ਹੀ ਉਪਜਾਉਂਦੇ ਹਨ। ਹਰਖ ਸੋਗ ਤੋਂ ਨਿਆਰਾ ਨਾਮ ਨੇਅਮਤਾਰਾ ਕੋਈ ਜਨ ਵਿਰਲਾ ਹੀ ਹੈ। ਨਹੀਂ ਤਾਂ ਸੰਸਾਰਕ ਸੁਖ ਦੇ ਹਰਖਵੰਤ ਅੰਤ ਦੁਨੀਆਵੀ ਦੁਖ ਦੇ ਸੋਗੀ ਰੋਗੀ ਦਰ-ਅਸਲ ਸਾਰੇ ਹੀ ਦੁਖੀ ਹਨ ਅਤੇ ਆਪੋ ਆਪਣੇ ਦੁਖਾਂ ਦੀਆਂ ਪੰਡਾਂ ਖੋਲ੍ਹ ਕੇ ਪਏ ਸ਼ਿਕਵੇ ਸ਼ਿਕਾਇਤਾਂ ਦੁਖਾਂ ਦੀਆਂ ਕਰਿ ਕਰਿ ਰੋਣੇ ਰੋਂਦੇ ਹਨ, ਭਾਣੇ ਨੂੰ ਮਿੱਠਾ ਕਰ ਕੇ ਨਹੀਂ ਮੰਨਦੇ। ਐਉਂ ਕੋਈ ਨਹੀਂ ਸਮਝਦਾ ਕਿ ਦੁਖ ਸੁਖ ਭਾਣੇ ਦੀ ਖੇਡ ਹੈ। ਆਪੋ ਆਪਣੇ ਪੂਰਬਲੇ ਕਰਮਾਂ ਦੀ ਹੀ ਸਹੇੜ ਹੈ। ਕਰਮਾਂ ਦੀ ਲਿਬੇੜ ਦੇ ਲਿਬੜੇ ਹੋਏ ਜਨਮ-ਜੋਨੀਆਂ ਦੇ ਜੀਵ ਆਪੋ ਆਪਣਾ ਕੀਤਾ ਆਪੇ ਪਾਉਂਦੇ ਹਨ। ਕੀਤਾ ਪਾਉਂਦੇ ਹਨ। ਓਹਨਾਂ ਦਾ ਆਪਣਾ ਕੀਤਾ ਕੁਛ ਨਹੀਂ ਹੁੰਦਾ। ਓਹਨਾਂ ਦੇ ਆਪੋ ਆਪਣੇ ਕਰਮਾਂ ਦੀ ਕਰਤੂਤ ਅਨੁਸਾਰ ਕਰਤਾ ਪੁਰਖ ਓਹਨਾਂ ਤੋਂ ਦੁਖ-ਸੁਖ ਭੁਗਤਾਉਣੇ ਕਰਮ ਹੀ ਕਰਾਉਂਦਾ ਹੈ। ਤਿਨ੍ਹਾਂ ਕਰਮਾਂ ਨੂੰ ਮੇਟ ਸਮੇਟ ਕੋਈ ਨਹੀਂ ਸਕਦਾ। ਅਲਪੱਗ ਜੀਵ ਦਾ ਕੀ ਅਖ਼ਤਿਆਰ ਹੈ, ਸਰਬੱਗ ਕਰਤਾ ਪੁਰਖ ਜੋ ਚਾਹੇ ਸੋ ਕਰੇ। ਓਹਨਾਂ ਤੋਂ ਕਰਮ ਦੇ ਫਲ ਭੁਗਤਾਉਂਦਾ ਹੈ। ਕਰਮਾਂ ਦੇ ਦੁਖ ਸੁਖ ਭੋਗਣਹਾਰੇ ਨਾ ਕਿਸੇ ਨੂੰ ਦੋਸ਼ ਦੇ ਸਕਦੇ ਹਨ ਨਾ ਕਿਸੇ ਨੂੰ ਦੋਸ਼ੀ ਗਰਦਾਨਣ ਦੀ ਕਿਸੇ ਪਾਸ ਸ਼ਿਕਾਇਤ ਕਰ ਸਕਦੇ ਹਨ। ਆਪਣੀ ਸ਼ਿਕਾਇਤ ਆਖਿ ਸੁਣਾਉਣ ਤਾਂ ਕਿਸ ਨੂੰ ਆਖਿ ਸੁਣਾਉਣ। ਬੜੀ ਹੱਦ ਕਰਤੇ ਪੁਰਖ ਨੂੰ ਦੁਹਾਈ ਦੇਣ ਦੀ ਹੈ। ਪਰ ਉਸ ਨੇ ਤਾਂ ਇਹ ਸਾਰਾ ਸਿਲਸਿਲਾ ਰਚਾਇਆ ਹੈ। **"ਆਪੇ ਕਰੇ ਕਰਾਏ ਕਰਤਾ"** ਦੇ ਗੁਰਵਾਕ ਦੇ ਭਾਵ ਅਨੁਸਾਰ ਦੁਖ ਸੁਖ ਭੋਗ ਦੇ ਕਰਮ ਕਰਤਾ ਪੁਰਖ ਆਪ ਆਪਣੀ ਪ੍ਰੇਰਨਾ ਅਨੁਸਾਰ ਕਰਾਉਂਦਾ ਹੈ, ਕਿਸੇ ਦਾ ਕੁਛ ਅਖ਼ਤਿਆਰ ਨਹੀਂ। ਕਰਤਾ ਆਪ ਕਰਦਾ ਹੈ, ਆਪ ਹੀ ਭੁਗਤਾਉਂਦਾ ਹੈ। ਬੰਦੇ ਦੇ ਆਪਣੇ ਵੱਸ ਭੀ ਕੁਛ ਨਹੀਂ। ਫਲ-ਭੁਗਤਾਉਣੇ-ਕਰਮ ਪ੍ਰੇਰਕ ਦੀ ਪਰਮ ਪ੍ਰੇਰਨਾ ਅਨੁਸਾਰ ਹੋਣ ਵਾਲੇ, ਕਮਾਉਣਹਾਰਾ ਆਪ ਹੀ ਕਰਦਾ ਸਮਝੇ। ਤਦ ਕਰਨਹਾਰੇ ਦੇ ਅਖ਼ਤਿਆਰ ਹੀ ਕੁਛ ਨਾ ਰਿਹਾ। ਗਲ-ਕਟਣੇ ਕਸਾਈ ਨੂੰ ਗਲ ਕਟਣ ਦਾ ਕਸਬ ਉਸੇ ਦੇ ਪੂਰਬਲੇ ਕਰਤਬਾਂ ਕਰਮਾਂ ਨਾਲਿ ਮਿਲਦਾ ਹੈ। ਉਹ ਕੀਤੇ ਬਾਝ ਰਹਿ ਨਹੀਂ ਸਕਦਾ। ਸਜ਼ਾ ਭੁਗਤਣੇ ਕਰਮ ਪ੍ਰੇਰਕ ਦੀ ਉਕਸਾਹਟ ਨਾਲਿ ਹੀ ਹੁੰਦੇ ਹਨ। ਇਸ ਵਿਚ ਕਰਨਹਾਰੇ ਦਾ ਕੁਛ ਚਾਰਾ ਨਹੀਂ ਚਲਦਾ। ਹੁਕਮਾਂ ਦਾ ਮਾਲਕ ਹੁਕਮੀ ਪਾਤਸ਼ਾਹ ਬੇਪ੍ਰਵਾਹ ਖ਼ੁਦਾਵੰਦ ਆਪਣੇ ਹੁਕਮ ਅੰਦਰਿ ਹੀ ਕੀਤੇ ਜੀਵਾਂ ਨੂੰ ਚਲਾਉਂਦਾ ਹੈ; ਹੁਕਮ ਅੰਦਰਿ ਹੀ ਸਭ ਭੁਗਤਣੇ ਭੁਗਤਾਉਂਦਾ ਹੈ, ਭੁਗਤਣੇ ਭੁਗਤਾ ਭੁਗਤਾ ਕੇ, ਹੁਕਮ ਚਲਾ ਚਲਾ ਕੇ, ਕਰਮ ਕਰਾ ਕਰਾ ਕੇ ਵਿਗਸਦਾ ਹੈ। ਇਉਂ ਸੱਚਾ ਨਿਆਉਂ ਨਿਬੜਿਆ ਦੇਖ ਵਿਗਸਦਾ ਹੈ, ਕਿਉਂਕਿ ਕੋਈ ਅਨਿਆਈਂ ਗੱਲ ਨਹੀਂ ਹੁੰਦੀ। ਸਭ ਕੋਈ ਆਪਣਾ ਕੀਤਾ ਪਾਉਂਦਾ ਹੈ ਅਤੇ ਲਿਖਿਆ ਪਾਉਂਦਾ ਹੈ। ਕਰਮ ਕਰਨ ਵਾਲੀ ਭਰਨੀ ਜੋ ਭੀ ਭਰਦਾ ਹੈ ਸੋ ਲਿਖੇ ਅਨੁਸਾਰ ਹੀ ਭਰਦਾ ਹੈ। ਕਰਮ-ਨਿਆਉਂ-ਨਿਬੇੜ ਲਖਸ਼ ਮੂਜਬ **"ਆਪੇ ਕਰੇ ਕਰਾਏ ਕਰਤਾ"** ਵਾਲਾ ਕਰਮ-ਭੁਗਤਾਊ ਨਿਯਮ ਇੰਨ ਬਿੰਨ ਠੀਕ ਘਟਣ ਘਟਾਵੀ ਅਰਥਾ ਵਿਚ ਠੀਕ ਘਟਦਾ ਹੈ। ਜੇ ਕਹੇ ਕਿ ਇਸ ਦਾ ਭਾਵ ਇਹ ਹੋਇਆ ਕਿ ਕਰਮ ਕਰਨ ਵਿਚ ਜੀਵ ਦੀ ਕੋਈ ਜ਼ਿੰਮੇਵਾਰੀ ਨਹੀਂ, ਜੀਵ ਦੋਸ਼ ਰਹਿਤ ਹੈ, ਇਹ ਬਿਲਕੁਲ ਗ਼ਲਤ ਹੈ। ਜੀਵ ਦਾ ਕੋਈ ਦੋਸ਼ ਨਾ ਹੁੰਦਾ ਤਾਂ ਕਰਤਾ ਪੁਰਖ ਫਲ-ਭੁਗਤਾਊ ਕ੍ਰੂਰ-ਕਰਮ ਕਿਉਂ ਕਰਾਉਂਦਾ? ਪਿਛਲੇ ਜਨਮ ਦਾ ਦੋਸ਼ੀ ਹੋਣਾ ਸਿੱਧ ਕਰਦਾ ਹੈ ਕਿ ਉਸ ਤੋਂ ਇਸ ਜਨਮ ਵਿਚ ਸਜ਼ਾ-ਭੁਗਤਾਊ ਕਰਮ ਕਰਾਏ ਗਏ।

 www.sikhbookclub.com

ਸਜ਼ਾ-ਭੁਗਤਾਊ ਕਰਮ ਜੀਵ ਦੇ ਹੱਥੋਂ ਕਰੇ ਕਰਾਏ ਜਾਣੇ ਇਸ ਗੱਲ ਦਾ ਸਬੂਤ ਦਿੰਦੇ ਹਨ ਕਿ ਉਹ ਦੋਸ਼ੀ ਜ਼ਰੂਰ ਹੈ, ਚਾਹੇ ਪਿਛਲੇ ਜਨਮ ਦਾ ਦੋਸ਼ੀ ਹੀ ਹੋਵੇ, ਦੋਸ਼ੀ ਜ਼ਰੂਰ ਹੈ। ਸ਼ੁਕਰ ਹੈ ਕਰਤਾਰ ਦਾ ਕਿ ਉਸ ਦਾ ਭਾਰ ਹੌਲਾ ਹੋਣ ਦਾ ਧੁਰਵਾ ਬੱਝ ਗਿਆ, ਨਹੀਂ ਤਾਂ ਪਤਾ ਨਹੀਂ, ਕਿਤਨੇ ਜਨਮ ਹੋਰ ਭੁਗਤਣੇ ਪੈਣੇ ਸਨ। ਭਾਰ ਹੌਲਾ ਕਰ ਕੇ ਹੀ ਕਰਤਾ ਪੁਰਖ ਵਿਗਸਦਾ ਹੈ ਵੇਖ ਵੇਖ ਕੇ। ਇੰਨ-ਬਿੰਨਵਾਂ ਘਟਵਾਂ ਗੁਰਵਾਕ ਉਪਰਲੇ ਭਾਵ ਦਾ ਇਹ ਅਗਲੇਰਾ ਹੈ—

> **ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥ ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥ ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥ ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥ ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥ ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥ ੯ ॥**
>
> **(ਆਸਾ ਮਃ ੩ ਛੰਤ ਘਰੁ ੩, ਪੰਨਾ ੪੪੧-੪੨)**

ਇਸ ਜਨਮ ਵਿਖੇ, ਅਰਥਾਤ, ਮਨੁੱਖਾ ਜਨਮ ਪਾ ਕੇ ਭੀ ਜਿਹੜੇ ਜੰਤ ਭਰਮਿ ਭੁਲੇ ਫਿਰਦੇ ਹਨ, ਉਹ ਆਪੇ ਨਹੀਂ ਭੁਲੇ ਫਿਰਦੇ। ਕਰਤੇ ਪੁਰਖ ਦੀ ਕਰਮ-ਰੇਖੀ ਮੇਖਾ ਮੂਜਬ ਹੀ ਭਰਮੇ ਹੋਏ ਭੁਲੇ ਫਿਰਦੇ ਹਨ। ਪੂਰਬਲੇ ਕਰਮਾਂ ਦੀ ਭੁਗਤਣੀ ਸਜ਼ਾ ਦੀ ਜਜ਼ਾ ਵਿਚਿ ਹੀ ਉਹ ਭਰਮ ਭੁਲ ਕੇ ਕਰਮ ਕਮਾਉਂਦੇ ਫਿਰਦੇ ਹਨ। ਇਉਂ ਕਰਤੇ ਪੁਰਖ ਦੇ ਆਪਿ ਭੁਲਾਏ ਭਰਮਾਏ ਭਰਮਦੇ ਭੁਲਦੇ ਫਿਰਦੇ ਹਨ। "**ਤਿਨਿ ਸਹਿ ਆਪਿ ਭੁਲਾਏ**" ਵਾਲੀ ਪੰਗਤੀ ਨੇ ਇਹ ਗੱਲ ਸਾਫ਼ ਕਰ ਦਿੱਤੀ ਹੈ ਕਿ ਓਹਨਾਂ ਨੂੰ ਜੋ ਭੁਲ ਵਗੀ ਹੋਈ ਹੈ, ਖਸਮ ਦੀ ਵਗਾਈ ਹੋਈ ਹੀ ਵਗੀ ਹੈ। ਨਿਆਂਕਾਰੀ ਸੱਚੇ ਸਾਹਿਬ ਨੇ ਭੁਲੜ ਜੰਤ ਦੀ ਸਜ਼ਾ ਵਿਚਿ ਹੀ ਇਹ ਭੁਲ ਵਗਾਈ ਹੈ, ਤਾਕਿ ਭੁਲਣ ਦਾ ਮਜ਼ਾ ਚਖ ਲੈਣ, ਸਜ਼ਾ ਭੁਗਤ ਕੇ ਮੁੜ ਨਾ ਭੁਲਣ। ਸਜ਼ਾ ਜਜ਼ਾ ਵਲੋਂ ਓਹ ਮੁੜਿ ਦੂਜੇ ਭਾਇ ਦੇ ਕਰਮਾਂ ਭਰਮਾਂ ਵਿਚਿ ਰੁਲੇ ਰੁਲਾਏ ਭਰਮ-ਭੁਲਾਏ ਫਿਰਦੇ ਹਨ। ਦੂਜੇ ਭਾਇ ਵਿਚਿ ਪੈ ਕੇ ਹੋਰ ਵਧੇਰੇ ਹਉਮੈ ਕਰਮ ਕਮਾਉਂਦੇ ਹਨ। "**ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ**" ਵਾਲੀ ਪੰਗਤੀ ਸਾਫ਼ ਦਸਦੀ ਹੈ ਕਿ ਆਪਿ ਹੀ ਸੱਚੇ ਸਾਹਿਬ ਨੇ ਹੀ ਐਸੇ ਜੰਤ ਨੂੰ ਆਪਿ ਭੁਲਾਇਆ ਹੈ ਅਤੇ ਕੁਮਾਰਗਿ ਲਾਇਆ ਹੈ, ਪਿਛਲੇ ਜਨਮ ਦੀਆਂ ਸਜ਼ਾਵਾਂ ਭੁਗਤਾਉਣ ਲਈ। ਸੋ ਓਹ ਕਰਮ ਕਰਿ ਕਰਿ ਭੁਗਤੀ ਜਾਂਦੇ ਹਨ। ਕੁਮਾਰਗ ਪੈ ਪੈ ਕੇ, ਪਾਏ ਹੋਏ ਹੀ ਪੈ ਪੈ ਕੇ ਸਜ਼ਾ ਦੀ ਭੁਗਤਣੀ ਭੁਗਤਦੇ ਹਨ। ਸਜ਼ਾ ਤੇ ਜਜ਼ਾ ਵਾਲੇ ਕਰਮ ਭੁਗਤਦਿਆਂ ਭਾਵ ਸਜ਼ਾ ਵੱਟੇ ਦੇ ਕਰਮ ਕਰਦਿਆਂ ਤਿਨ੍ਹਾਂ ਜੰਤਾਂ ਦਾ ਕੁਛ ਭੀ, ਕਾਈ ਭੀ ਵਸਿ ਨਹੀਂ ਚਲਦਾ "**ਤਿਨ ਕਾ ਕਿਛੁ ਨ ਵਸਾਈ**" ਤਿਨ੍ਹਾਂ ਦੇ ਵੱਸ ਗੋਚਰੇ ਗੱਲ ਹੀ ਕਾਈ ਨਹੀਂ। ਤਿਨ੍ਹਾਂ ਜੰਤਾਂ ਦੇ ਕਰਮਾਂ ਦੀ ਗਤੀ ਅਵਗਤੀ, ਹੇ ਕਰਤਾਰ ਕਰਤੇ ਪੁਰਖ! ਤੂੰ ਹੀ ਜਾਣਦਾ ਹੈ, ਜਿਨਿ ਇਹ ਰਚਨਾ ਕਰਮਾਂ ਸੰਦੜੀ ਰਚਾਈ ਹੈ। ਇਸ ਕਰਮ-ਗਤੀ ਅਵਗਤੀ ਪ੍ਰਥਾਇ ਜੋ ਤੇਰਾ ਅਗੰਮੀ ਹੁਕਮ ਹੈ, ਓਹ ਖਰਾ ਬਹੁਤਾ ਹੀ ਹੈ। ਇਸ ਹੁਕਮ ਦੇ ਬੁਝਣ ਦੀ ਬੂਝ ਸੂਝ ਤੂੰ ਕਿਸੇ ਗੁਰਮੁਖਿ ਜਨ ਨੂੰ ਹੀ ਬੁਝਾਉਂਦਾ ਸੁਝਾਉਂਦਾ ਹੈਂ। ਹੋਰ ਕਿਸੇ ਨੂੰ ਇਸ ਕਰਮ ਅਟਚਟੀ ਖੇਡ ਦਾ ਪਤਾ ਹੀ ਨਹੀਂ ਲਗਦਾ। ਇਉਂ ਗੁਰੂ ਨਾਨਕ ਸਾਹਿਬ ਸੱਚੇ ਗੁਰੂ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਜੰਤ ਵਿਚਾਰੇ ਕੀਹਦੇ ਪਾਣੀਹਾਰ ਹਨ, ਉਹ ਕੀ ਕਰ ਸਕਦੇ ਹਨ। ਹੇ ਵਾਹਿਗੁਰੂ, ਤੂੰ ਹੀ ਇਨ੍ਹਾਂ ਨੂੰ ਭੁਲਾਇਆ ਹੋਇਆ ਹੈ, ਇਨ੍ਹਾਂ ਦੇ ਪੂਰਬਲੇ ਕਰਮਾਂ ਦੀ ਸਜ਼ਾ ਭੁਗਤਾਉਣ ਵਾਸਤੇ। ਇਹ ਤੇਰੀ ਰਹਿਮ-ਰਜ਼ਾ, ਮੇਹਰੰਮਤ ਦੇ ਹੀ ਤਲਬਗਾਰ ਹਨ। ਤੂੰ ਕਿਰਪਾ ਕਰ ਕੇ ਇਹਨਾਂ ਦਾ ਬਚਾਉ ਤੇ ਰਹਿਮ-ਦ੍ਰਿਸ਼ਟੀ ਕਰ।

ਧੰਨ ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਮਹਾਰਾਜ, ਜਿਨ੍ਹਾਂ ਨੇ ਰਹੀਮ ਕਰੀਮ ਕਰਤੇ ਪੁਰਖ ਵਲੋਂ ਜੀਵਾਂ ਉਤ ਮੇਹਰੰਮਤ ਕਰਨ ਦੀ ਤਲਬ ਤਲਬੀ ਹੈ। ਜੇ ਸਤਿਗੁਰੂ ਨਾਨਕ ਸਾਹਿਬ ਨਾ ਮੇਹਰਬਾਨ ਹੁੰਦੇ ਤਾਂ ਇਹਨਾਂ ਕਲਜੁਗੀ ਜੀਵਾਂ ਨੇ ਕਿਥੇ ਬਖ਼ਸ਼ੇ ਜਾਣਾ ਸੀ। ਜੀਵਾਂ ਦੀਆਂ ਭੁਲਾਂ ਬਖ਼ਸ਼ਵਾਉਣ ਦੇ ਆਪ ਮਦਦਗਾਰ ਬਣੇ, ਕੈਸੀ ਉੱਚੀ ਸੁੱਚੀ ਇਹ ਬਸੀਠੀ ਹੈ। ਭੁਲੜ ਜੀਵਾਂ ਦੀ ਭੁੱਲਣਗਤੀ ਨੂੰ ਵੀਚਾਰ ਕੇ ਕੈਸਾ ਉਧਾਰ ਕਰਨਾ ਮਿਥਿਆ ਹੈ ਕਲਜੁਗੀ ਜੀਵਾਂ ਦਾ, ਅਤੇ ਕਰਮ ਦੀ ਗਤੀ ਅਵਗਤੀ ਦੀ ਕੈਸੀ ਗੰਢ ਖੋਲ੍ਹੀ ਹੈ, ਕੈਸੀ ਨਬਜ਼ ਪਛਾਣੀ ਹੈ। ਆਪਣੇ ਅਵਗਤ ਕਰਮਾਂ ਦੀ ਗਤੀ ਨੂੰ ਨਾ ਜਾਣਦੇ ਹੋਏ ਭੁਲੜ ਜੀਵ ਆਪਣੀਆਂ ਭੁਲਾਂ ਦੇ ਦੋਸ਼ ਭੁਲਾਉਣਹਾਰੇ ਤੇ ਹੀ ਅਰੋਪਦੇ ਹਨ, ਆਪਣੀਆਂ ਭੁਲਾਂ ਨੂੰ ਨਹੀਂ ਮੰਨਦੇ। ਇਹ ਓਹਨਾਂ ਦੀ ਹੋਰ ਭੀ ਭਾਰੀ ਭੁਲ ਹੈ, ਹੋਰ ਭੀ ਭਾਰਾ ਦੋਸ਼ ਹੈ, ਬੜਾ ਬੱਜਰ ਗੁਨਾਹ ਹੈ। ਅਜਿਹੇ ਕਲਜੁਗੀ ਬੱਜਰ ਗੁਨਾਹਗਾਰਾਂ ਨੂੰ ਕੀਤੇ ਗੁਨਾਹਾਂ ਦੇ ਦੋਸ਼ ਤੋਂ ਬਚਾਉਣਾ ਬਖ਼ਸ਼ਵਾਉਣਾ ਧੰਨ ਗੁਰੂ ਨਾਨਕ ਸਾਹਿਬ ਦਾ ਹੀ ਉੱਚ ਮਰਾਤਬੀ ਸੁੱਚ ਮਨਸਬੀ ਮੇਹਰੰਮਤੀ ਕੰਮ ਹੈ, ਜੋ ਕਿਸੇ ਵਲੀ ਔਲੀਏ ਅੰਬੀਏ ਪੀਰ ਪੈਗ਼ੰਬਰ ਅਵਤਾਰ ਦੇ ਵਿਰਸੇ ਵਿਚਿ ਨਹੀ ਆਇਆ।

ਕਰਮ-ਗਤੀ ਕਰਮਾਂ ਦੁਆਰਾ ਭੁਗਤਾਉਣ ਪ੍ਰਥਾਇ ਅਗਲੇਰਾ ਗੁਰਵਾਕ ਭੀ ਤੱਤ ਸਹੀ ਹੈ। ਯਥਾ ਗੁਰਵਾਕ—

> **ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥ ਕਹੁ ਕਬੀਰ ਜਿਸੁ**
> **ਸਤਿਗੁਰ ਭੇਟੈ ਪੁਨਰਪਿ ਜਨਮਿ ਨ ਆਵੈ ॥ ੪ ॥ ੨ ॥**

(ਆਸਾ ਕਬੀਰ ਜੀਉ, ਪੰਨਾ ੪੭੬)

ਕਰਮਾਂ ਦੇ ਗੇੜ ਨਾਲਿ ਹੀ ਜਨਮਾਂ ਦਾ ਫੇਰ ਫਿਰ-ਘਿਰਾ ਪੈਦਾ ਹੁੰਦਾ ਹੈ। ਪੂਰਬਲੇ ਕਰਮਾਂ ਦੀ ਗਤੀ ਅਨੁਸਾਰ ਅਗਲੇਰੇ ਜਨਮ ਵਿਚਿ ਪੂਰਬਲੇ ਕਰਮਾਂ ਦੀ ਕਰਨੀ ਭਰਨੀ ਵਾਲੇ ਕਰਮ ਭੁਗਤਣੇ ਲਾਜ਼ਮੀ ਹਨ। ਭੁਗਤਾਉਣਹਾਰਾ ਭੁਗਤਾਉਂਦਾ ਹੈ। ਜਿਸ ਕਰਮ ਵਿਖੇ ਓਹ ਕਿਸੇ ਨੂੰ ਲਾਉਂਦਾ ਹੈ, ਤਿਸੇ ਵਿਚਿ ਹੀ ਕਰਮ-ਭੁਗਤੂ ਪ੍ਰਾਣੀ ਲਗਦਾ ਹੈ। ਜਿਧਰ ਭੁਗਤਾਉਣਹਾਰਾ ਲਾਉਂਦਾ ਹੈ, ਤੈਸੇ ਹੀ ਕਰਮ ਹਰ ਪ੍ਰਾਣੀ ਕਮਾਉਂਦਾ ਹੈ, ਜੈਸਾ ਕਰਮ ਉਹਨਾਂ ਨੂੰ ਪਰਮਾਤਮਾ ਫੁਰਮਾਉਂਦਾ ਹੈ। ਇਹਨਾਂ ਕਰਮਗਤਾਂ ਦੀ ਕੈਦ ਤੋਂ ਅਤੇ ਚੁਰਾਸੀ ਵਾਲੇ ਜਨਮ ਮਰਨ ਦੇ ਗੇੜ ਤੋਂ ਸੋਈ ਜਨ ਬਚਦਾ ਹੈ ਜਿਸ ਉਪਰਿ ਤੁਠ ਕੇ ਆਪ ਤੁਠਾ ਸਤਿਗੁਰੂ ਆਪਿ ਆਪਣਾ ਦਰਸ ਉਸ ਨੂੰ ਭੇਟਾਉਂਦਾ ਹੈ। ਸਤਿਗੁਰੂ ਦਾ ਦਰਸ਼ਨ ਭੇਟ ਕੇ ਵਾਹਿਗੁਰੂ ਦੇ ਦਰਸ਼ਨ ਵਿਚਿ ਸਮਾ ਜਾਂਦਾ ਹੈ, ਫੇਰ ਜਨਮਾਂ ਦੇ ਗੇੜ ਵਿਚਿ ਨਹੀਂ ਆਉਂਦਾ। "ਪੁਨਰਪਿ ਜਨਮਿ ਨ ਆਵੈ" ਤਿਸ ਭਾਵ ਪ੍ਰਥਾਇ ਅਗਲੇਰੇ ਗੁਰਵਾਕ ਮਈ ਦੁਤੁਕੀ ਭਲੀ ਘਟਦੀ ਹੈ—

> **ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥ ਜਿਸਹਿ ਭੁਲਾਏ ਆਪਿ ਮਰਿ**
> **ਮਰਿ ਜੰਮਹਿ ਨਿਤ ॥ ੨ ॥**

(ਗੁਜਰੀ ਵਾਰ, ਮਃ ੫, ਪੰਨਾ ੫੨੩)

ਭਾਵ—ਜਿਸ ਉਪਰ ਵਾਹਿਗੁਰੂ ਦਇਆਲੂ ਹੋ ਜਾਂਦਾ ਹੈ ਤਿਸ ਦਾ ਉਹ ਮਿੱਤਰ ਬਣ ਜਾਂਦਾ ਹੈ ਅਤੇ ਮਿੱਤਰ ਬਣਾ ਕੇ ਤਿਸ ਨੂੰ ਆਪਣਾ ਹੁਕਮ ਬੁਝਾ ਦਿੰਦਾ ਹੈ। ਹੁਕਮ ਬੁਝਾ ਕੇ ਉਸ ਤੋਂ ਓਹ ਹੁਕਮ-ਰਜਾਈ ਕਰਮ ਕਰਾਉਂਦਾ ਹੈ। ਹੁਕਮ-ਰਜ਼ਾਈ ਕਰਮ ਕਰਾ ਕੇ ਉਸ ਨੂੰ ਆਪਣੇ ਵਿਖੇ ਸਮਾਇ ਲੈਂਦਾ ਹੈ। ਐਉਂ ਉਸ ਦਾ ਜਨਮ ਮਰਨ ਮਿਟ ਜਾਂਦਾ ਹੈ ਅਤੇ ਐਉਂ ਸੱਚਾ ਨਿਰਬਾਣ ਪਦੁ ਉਸ ਨੂੰ ਮਿਲ ਹੈ। ਆਪੋਂ ਕੀਤੇ ਕਰਮਾਂ ਬਦਲੇ ਕਿਸੇ ਨੂੰ ਨਿਰਬਾਣ ਪਦ ਹੀ


www.sikhbookclub.com

ਉਸ ਦੇ ਗਲੇ ਪਈ ਰਹਿੰਦੀ ਹੈ। ਤੈਸੇ ਕਰਮ-ਅਹੰਕਾਰੀ ਨੂੰ ਉਹ ਆਪਣੇ ਨਿਜ ਸਰੂਪ ਦੇ ਗਿਆਨ ਤੋਂ ਆਪ ਹੀ ਭੁਲਾਇ ਦਿੰਦਾ ਹੈ। ਉਸ ਦਾ ਭੁਲਾਇਆ ਹੋਇਆ ਓਹ ਜਨ ਭਰਮ-ਭੁਲਾ ਹੀ ਭਟਕਦਾ ਅਤੇ ਭ੍ਰਮਿ ਭ੍ਰਮਿ ਚੋਟਾਂ ਖਾਂਦਾ ਰਹਿੰਦਾ ਹੈ, ਮੁੜਿ ਮੁੜਿ ਜੋਨੀਆਂ ਵਿਚਿ ਪੈਂਦਾ ਰਹਿੰਦਾ ਹੈ। ਨਿਤ ਆਉਂਦੇ ਗੇੜਿ ਓਹ ਜੰਮਿ ਜੰਮਿ ਮਰਦਾ ਹੈ ਅਤੇ ਮਰਿ ਮਰਿ ਜੰਮਦਾ ਹੈ। ਗੇੜ ਚੁਰਾਸੀ ਦਾ ਕਦੇ ਮੁਕਦਾ ਹੀ ਨਹੀਂ। ਕੈਸੀ ਬੁਰੀ ਗਤੀ ਹੈ, ਉਸ ਅਭਾਗੇ ਜੀਵ ਦੀ। ਦਰ-ਅਸਲ ਉਸ ਦੇ ਆਪਣੇ ਕਰਮਾਂ ਦੀ ਹੀ ਕਰਤੂਤ ਹੈ। ਤਿਸੇ ਕਰਮ-ਗਤਿ ਬਾਰੇ ਅਗਲਾ ਗੁਰਵਾਕ ਭੀ ਵਿਆਖਤ ਹੈ। ਯਥਾ ਗੁਰਵਾਕ—

> **ਸਭ ਤੈ ਉਪਾਈ ਭਰਮ ਭੁਲਾਈ ॥ ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥ ੨ ॥**
> **ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥**
> **੩ ॥**

(ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧, ਪੰਨਾ ੫੨੫)

ਭਾਵ— ਸਾਰੀ ਸ੍ਰਿਸ਼ਟੀ ਕਰਤੇ ਪੁਰਖ ਨੇ ਆਪ ਹੀ ਸਾਜ ਕੇ ਉਪਾਈ ਹੈ ਤੇ ਆਪ ਹੀ ਇਸ ਰਚਨਾ ਦਾ ਖੇਡ ਰਚਾਇ ਕੇ ਆਪ ਹੀ ਆਪਣੀ ਉਪਾਈ ਸ੍ਰਿਸ਼ਟੀ ਭਰਮ-ਭੁਲਾਹੀ ਹੈ। ਅਤੇ ਜਿਸ ਨੂੰ ਆਪ ਕਰਨਹਾਰ ਕਰਤਾਰ ਸੁਮਤਿ ਦਿੰਦਾ ਹੈ, ਤਿਸ ਨੂੰ ਆਪਿ ਹੁਕਮ ਬੁਝਾਇ ਕੇ ਸੁਮਾਰਗਿ ਪਾਇ ਲੈਂਦਾ ਹੈ ਅਤੇ ਸੱਚੇ ਸਤਿਗੁਰੂ ਦਾ ਮੇਲ ਮਿਲਾਇ ਦਿੰਦਾ ਹੈ। ਇਉਂ ਸੱਚੜਾ ਮੇਲ ਮਿਲਾਇ ਕੇ ਉਸ ਭਰਮ ਭੁਲਾਵੇ ਦਾ ਸੰਸਾ ਮਿਟਾ ਦਿੰਦਾ ਹੈ। ਜਿਸ ਦਾ ਭਰਮ ਭੁਲਾਵਾ ਮਿਟ ਜਾਂਦਾ ਹੈ ਤਿਸ ਨੂੰ ਇਕੋ ਅਕਾਲ ਹੀ ਅਕਾਲ ਨਦਰੀ ਆਉਂਦਾ ਹੈ, ਕਰਤਾ ਧਰਤਾ ਇਕੋ ਕਰਤਾ ਪੁਰਖ ਹੀ ਦੀਂਹਦਾ ਹੈ। ਓਹ ਇਕ ਅਕਾਲ ਨੂੰ ਛਡ ਕੇ ਦੂਜੇ ਦੀ ਉਪਾਸ਼ਨਾ ਵਿਚਿ ਨਹੀਂ ਲਗਦਾ। ਤਾਂ ਹੀ ਤੇ ਏਕੰਕਾਰ ਦੇ ਉਪਾਸ਼ਕ ਆਨ ਕਰਮਾਂ ਧਰਮਾਂ ਵਿਚਿ ਖਚਿਤ ਨਹੀਂ ਹੁੰਦੇ, ਇਕੋ ਸੱਚੇ ਸਿਫਤਿ-ਸਾਲਾਹੀ ਕਰਮ ਗੁਰਮਤਿ ਨਾਮ ਦੇ ਸ਼ੈਦਾਈ ਹੀ ਬਣੇ ਰਹਿੰਦੇ ਹਨ। ਨਾਮ ਦੇ ਵਾਪਾਰੀ ਤੇ ਨਾਮ ਦੇ ਕਰਮਾਂਕਾਰੀ ਹੀ ਹੋਇ ਰਹਿੰਦੇ ਹਨ। ਦੁਤੀਏ ਭਾਵ ਦੀ ਕਰਮ ਉਪਾਸ਼ਨਾ ਵਿਚਿ ਨਹੀਂ ਪਰਵਿਰਤ ਹੁੰਦੇ। ਉਪਰਲੇ ਭਾਵ ਪ੍ਰਥਾਇ ਹੇਠਲਾ ਗੁਰਵਾਕ ਭੀ ਖੂਬ ਪ੍ਰੋੜ੍ਹਤਾ ਜਨਕ ਹੈ। ਯਥਾ ਗੁਰਵਾਕ—

> **ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥ ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥ ੫ ॥.........**
>
> **ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥ ਜਿਉ ਚਲਾਏ ਤਿਉ ਚਾਲਹ ਭਾਈ ਹੋਰਿ ਕਿਆ ਕੋ ਕਰੇ ਚਤੁਰਾਈ ॥ ੬ ॥ ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ ॥ ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ ॥ ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ ॥ ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ ॥ ੭ ॥**

(ਸੋਰਠਿ ਮਃ ੧ ਘਰੁ ੧ ਅਸਟਃ ਚਉਤੁਕੀ, ਪੰਨਾ ੬੩੪-੩੫)

ਵਿਆਖਿਆ— ਸਾਧਾਰਨ ਸੁਤੇ ਸੁਭਾਵੀ ਕਰਮ ਅਤੇ ਸੁਕ੍ਰਿਤ ਕੀਰਤੀ ਸ਼ੁਭ ਕਰਮ ਕਰਾਵਣਹਾਰਾ ਓਹ ਆਪਿ ਕਰਤਾ ਪੁਰਖ ਹੀ ਹੈ, ਜੋ ਕਰਨ ਕਾਰਨ ਸਮਰੱਥ ਹੈ। ਸਭ ਤੋਂ ਸ੍ਰੇਸ਼ਟ ਕਰਮ ਸਿਫਤਿ ਸਾਲਾਹ, ਅਰਥਾਤ, ਗੁਰਮਤਿ ਨਾਮ, ਜਿਸਨੂੰ ਪੱਕਾ ਕਰਕੇ ਦ੍ਰਿੜ੍ਹਾਉਣਾ ਹੁੰਦਾ ਹੈ, ਉਸ ਨੂੰ ਦ੍ਰਿੜ੍ਹ ਕਰਾਉਂਦਾ ਹੈ। ਦ੍ਰਿੜ੍ਹਾਵਣਹਾਰ ਗੁਰ ਕਰਤਾਰ ਭਾਇ ਭਾਉ ਭਗਤੀ ਪਾਤਰਾਂ ਤੋਂ ਆਪ ਹੀ ਸੱਚੀ ਭੈ ਭਾਉ ਭਾਵਨਾ ਮਨਾਇ ਕੇ ਤਿਨ੍ਹਾਂ ਦੇ ਮਨਾਂ ਤੋਂ, ਮੁਖ ਰਸਨਾਵਾਂ ਤੋਂ ਸੱਚੜਾ ਮਈ ਜੂਠਿ ਲਹਾ

 www.sikhbookclub.com

(ਉਤਰਾ) ਦਿੰਦਾ ਹੈ। ਮਨ ਅੰਦਰਿ, ਮੁਖ ਰਸਨਾ ਉਪਰਿ ਨਾਮ-ਰਸ ਵਸਾ ਕੇ, ਰਸਾ ਕੇ ਤਿਨ੍ਹਾਂ ਨੂੰ ਆਪੇ ਹੀ ਆਪਣੇ ਅਗੰਮ ਗਿਆਨ ਦੀ ਗੰਮਤਾ ਬਖ਼ਸ਼ਦਾ ਹੈ। ਨਾ ਸੋਝੀ ਵਿਚਿ ਆਉਣ ਵਾਲੇ ਅਗੋਚਰ ਨਿਜ ਸਰੂਪੀ ਗਿਆਨ ਦੀ ਸੋਝੀ ਸੁਝਾਉਂਦਾ ਹੈ। ਇਸ ਗਿਆਨ ਸੂਝ ਵਾਲੀ ਮਤਿ ਸੁਮਤਿ ਤਿਸ ਨੂੰ ਹੀ ਆਵੰਦੀ ਹੈ ਜਿਸ ਨੂੰ ਵਾਹਿਗੁਰੂ ਆਪਣੀ ਕਿਰਪਾ ਕਰਿ ਸਤਿਗੁਰੂ ਦਾਤੇ (ਨਾਮ ਦਾਤੇ) ਦੇ ਮਿਲਾਪ ਦੀ ਦਾਤਿ ਬਖਸ਼ੇ। ਗੁਰੂ-ਹੀਣੇ ਨਿਗੁਰੇ ਪ੍ਰਾਣੀ ਨੂੰ ਇਹ ਮਤਿ ਸੁਮਤਿ ਕਾਈ ਭੀ ਰਾਈ ਮਾਤਰ ਨਹੀਂ ਆਉਂਦੀ। ਆਪੋਂ ਕਿਸੇ ਨੂੰ ਭੀ ਗੁਰਮਤਿ ਸੁਮੱਤੜੀ ਨਹੀਂ ਆ ਸਕਦੀ, ਗੁਰੂ ਦੁਆਰਾ ਹੀ ਆ ਸਕਦੀ ਹੈ। ਸਤਿਗੁਰੂ ਸੱਚੜੇ ਦਾ ਸੱਚਾ ਮਿਲਾਪ ਜਿਸ ਨੂੰ ਵਾਹਿਗੁਰੂ ਕਰਾਵੇ ਤਿਸੈ ਨੂੰ ਹੋ ਸਕਦਾ ਹੈ। **"ਜਿਉ ਚਲਾਏ ਤਿਉ ਚਾਲਹ ਭਾਈ"** ਜਿਵੇਂ ਹੁਕਮੀ, ਹੁਕਮ ਚਲਾਉਣਹਾਰਾ ਵਾਹਿਗੁਰੂ ਆਪਣੀ ਹੁਕਮ ਰਜ਼ਾ ਅਨੁਸਾਰ ਸਾਨੂੰ ਕਲਜੁਗੀਂ ਜੀਵਾਂ ਨੂੰ ਚਲਾਏ, ਤਿਵੇਂ ਹੀ ਅਸੀਂ ਚਲਦੇ ਹਾਂ। ਕਿਸੇ ਦੀ ਆਪਣੀ ਚਤੁਰਾਈ ਕੀਤਿਆਂ ਕੁਛ ਨਹੀਂ ਹੋ ਸਕਦਾ, ਚਾਹੇ ਕਿਤਨੀ ਹੀ ਕੋਈ ਚਤੁਰਾਈ ਕਰੇ। ਜਿਨ੍ਹਾਂ ਤੇ ਕਰੋਪੀ ਹੁੰਦੀ ਹੈ ਉਹਨਾਂ ਨੂੰ ਸੁਮਤਿ ਨਹੀਂ ਆਉਂਦੀ, ਉਹ ਆਪਣੀ ਹੀ ਮੂੜ੍ਹ ਮਤਿ ਦੇ ਭਰਮਾਏ ਹੋਏ ਹੀ ਚਲਦੇ ਹਨ। ਉਹਨਾਂ ਦੀ ਮੂੜ੍ਹ ਮਤਿ ਦੀ ਸਜ਼ਾ ਕਰਤੇ ਪੁਰਖ ਵਲੋਂ ਇਹੋ ਮਿਲਣੀ ਹੈ ਕਿ ਉਹ ਭ੍ਰਮਿ ਭੁਲਾਏ ਭੁਲੇ ਹੀ ਰਹਿੰਦੇ ਹਨ ਅਤੇ ਜਿਨ੍ਹਾਂ ਉਤੇ ਕਿਰਪਾਲੂ ਕਰਤੇ ਪੁਰਖ ਦੀ ਕਿਰਪਾ ਹੁੰਦੀ ਹੈ ਉਹ ਨਾਮ-ਭਗਤੀ ਵਿਚਿ ਰੱਤੇ ਹੀ ਰਹਿੰਦੇ ਹਨ। ਭਗਤੀ ਦੇ ਰੰਗ ਲਾਏ ਹੋਏ ਹੀ ਲਗਦੇ ਹਨ। ਹੇ ਵਾਹਿਗੁਰੂ! ਤੇਰਾ ਇਹ ਖੇਲ ਅਪਰ ਅਪਾਰ ਹੈ। ਇਸ ਵਿਚ ਕਿਸੇ ਦਾ ਕਿੰਤੂ ਕਰਨ ਵਾਲਾ ਚਾਰਾ ਨਹੀਂ ਚਲਦਾ। ਇਹ ਉਸ ਦਾ ਅਹਿਮਕਪੁਣਾ ਹੈ ਜੇ ਕੋਈ ਇਉਂ ਕਹੇ ਕਿ ਉਹ ਕਿਉਂ ਭਰਮ ਭੁਲਾਉਂਦਾ ਹੈ ਪ੍ਰਾਣੀਆਂ ਨੂੰ, ਅਤੇ ਕਿਸੇ ਨੂੰ ਭਰਮ ਭੁਲਾਉਂਦਾ ਹੈ ਤੇ ਕਿਸੇ ਨੂੰ ਭਗਤੀ ਲਾਉਂਦਾ ਹੈ। ਇਹ ਵਰਤਾਰਾ ਕਿਵੇਂ ਵਰਤਾਉਂਦਾ ਹੈ, ਇਹ ਨਿਰਾ ਅਹੰ-ਮਤਾਰਾ ਹੈ। ਅਲਪੱਗ ਮੱਤੀਆਂ ਵਾਲੇ ਉਸ ਸਰਬੱਗ ਪੁਰਖ ਦੀ ਸਰਬੱਗਤਾ ਵਾਲੀ ਗਤੀ ਨੂੰ ਕਿਵੇਂ ਪਹੁੰਚ ਸਕਦੇ ਹਨ। ਹੇ ਵਾਹਿਗੁਰੂ! **"ਤੇਰਾ ਖੇਲੁ ਅਪਾਰਾ"** ਹੈ। ਸਰਬੱਤਰ ਅਲਪੱਗ ਜੀਵਾਂ ਉਤੇ ਤੂੰ ਆਪ ਆਪਣੇ ਭਾਣੇ ਦਾ ਹੁਕਮ ਚਲਾਵਣਹਾਰਾ ਹੈਂ। ਜਿਹੋ ਜਿਹੇ ਕਰਮ ਜੀਵ ਕਮਾਵੰਦੇ ਹਨ, ਤਿਹੋ ਜਿਹੇ ਹੀ ਤਿਨ੍ਹਾਂ ਨੂੰ ਫਲ ਮਿਲਦੇ ਹਨ। ਫਲ ਦੇਵਣਹਾਰਾ ਵਾਹਿਗੁਰੂ ਆਪਿ ਹੈ। ਕਰਮ ਸੁਕਰਮੀ ਫਲ ਦਾਤਾਰ ਭੀ ਉਹ ਆਪਿ ਹੈ। ਫਲਾਂ ਰੂਪੀ ਕਰਮ ਭੁਗਤਾਉਣੀ ਗਤੀ ਭੀ ਉਹ ਆਪ ਹੀ ਵਰਤਾਉਂਦਾ ਹੈ।

**ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ ॥**

ਦਾ ਭਾਵ ਇਉਂ ਉਪਰ ਦੀ ਵਿਆਖਿਆ ਅਨੁਸਾਰ ਮਿਲਾਇਆ ਮਿਲਦਾ ਹੈ। ਆਪਣੇ ਹੁਕਮ ਅਨੁਸਾਰ ਚਲਾਵਣਹਾਰਾ ਤੂੰ ਆਪ ਹੈਂ। ਜੇ ਕੋਈ ਆਪਣੀ ਅਹੰ-ਮਤਿ ਕਰਿ ਇਉਂ ਆਖੇ ਕਿ ਮੈਂ ਸੇਵਾ ਕਰਦਾ ਹਾਂ, ਉਸ ਦਾ ਇਉਂ ਆਖਣਾ ਬਿਰਥਾ ਹੈ, ਨਾਦਾਨੀ ਭਰਿਆ ਮਤਸਰੀ ਹੰਕਾਰ ਹੈ। ਜੀਉ ਪਿੰਡ, ਜਿਸ ਦੁਆਰਾ ਉਹ ਸੇਵਾ ਕਰਦਾ ਹੈ, ਉਹ ਤਾਂ ਸਭ ਕੁਛ ਉਸੇ ਦਾ ਹੈ। ਹੇ ਵਾਹਿਗੁਰੂ ਜੀਉ! ਪਿੰਡ ਸਭ ਤੇਰਾ ਹੀ ਹੈ, ਜਿਸ ਦੁਆਰਾ ਸੇਵਾ ਕਰਨਹਾਰਾ ਸੇਵਾ ਕਰਦਾ ਕਮਾਂਵਦਾ ਹੈ। ਜੇ ਕੁਝ ਆਪਣਾ ਹੋਵੇ, ਪਿੰਡ ਸਰੀਰ ਭੀ ਆਪਣਾ ਹੋਵੇ ਤਾਂ ਭੀ ਇਉਂ ਕਹਿੰਦਾ ਅਲਪੱਗ ਜੀਵ ਸੋਭ ਸਕਦਾ ਹੈ ਕਿ ਮੈਂ ਸੇਵਾ ਕਰਦਾ ਹਾਂ। ਜਦ ਉਸ ਦਾ (ਜੀਵ ਦਾ) ਹੈ ਹੀ ਕੁਛ ਨਹੀਂ, ਸਭ ਕੁਛ ਦਿੱਤਾ ਗੁਰੂ ਦਾਤਾਰ ਦਾ ਹੈ, ਤਦ ਤਾਂ ਇਹੀ ਕਹਿਣਾ ਫਬਦਾ ਹੈ ਕਿ ਹੇ ਕਰਤਾਰ, ਤੇਰੀ ਕਰਾਈ ਹੀ ਸੇਵਾ ਹੋ ਸਕਦੀ ਹੈ! ਆਪੇ ਕੋਈ ਡੀਂਗ ਨਹੀਂ ਮਾਰ ਸਕਦਾ ਕਿ ਮੈਂ ਸੇਵਾ ਖ਼ੁਦ ਕਰਦਾ ਹਾਂ। ਪ੍ਰੰਤੂ ਇਹ ਸੁਮਤਿ (ਉਪਰ ਲਿਖੇ ਅਨੁਸਾਰ ਸਮਝਣ ਦੀ) ਉਸੇ ਨੂੰ ਆ ਸਕਦੀ ਹੈ ਜਿਸ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਨਾਨਕ ਦਸਮੇਸ਼ ਦਾ

ਸੱਚਾ ਮਿਲਾਪ ਹੋ ਜਾਵੇ ਤੇ ਗੁਰੂ ਦੀ ਕਿਰਪਾ ਪ੍ਰਸਾਦ ਕਰਿ ਉਸ ਨੂੰ ਅੰਮ੍ਰਿਤ ਨਾਮ ਦੀ ਅੰਮ੍ਰਿਤ ਦਾਤਿ ਮਿਲ ਜਾਵੇ। ਅੰਮ੍ਰਿਤ ਨਾਮ ਦੀ ਅੰਮ੍ਰਿਤ ਰਸਾਇਣੀ ਸਿਮਰਨ ਕਮਾਈ ਦੁਆਰਾ ਦਿਬ-ਦ੍ਰਿਸ਼ਟੀ ਬ੍ਰਹਮ ਗਿਆਨੀ ਦੀ ਖੁਲ੍ਹਦੀ ਹੈ। ਸਾਰਾ ਜਗਤ ਸੰਸਾਰ ਨਾਮ-ਹੀਣਾ ਹੋਣ ਕਰਿ ਨਿਰਧਨ ਕੰਗਾਲ ਹੈ। ਨਾਮ-ਧਨ ਬਿਨਾਂ ਹੋਰ ਧਨ ਕੂੜਾਵਾ ਹੈ। ਏਸ ਕੂੜਾਵੇ ਮਾਇਆ ਰੂਪੀ ਧਨ ਨਾਲਿ ਕੋਈ ਰਜਿਆ ਨਹੀਂ। ਕਿਸੇ ਦੀ ਭੁੱਖ ਨਹੀਂ ਲਹਿੰਦੀ। ਕਿਸੇ ਨੂੰ ਤ੍ਰਿਪਤਿ ਨਹੀਂ ਆਉਂਦੀ। ਤ੍ਰਿਪਤੀ ਬਾਝੋਂ ਸੁਖ ਕਿਥੇ? ਤ੍ਰਿਸ਼ਨਾ-ਫਾਸੇ ਲੋਗ ਕੰਗਲਿਆਂ ਦੇ ਮਗਰ ਲਗ ਕੇ ਕੰਗਲੇ ਹੀ ਰਹਿੰਦੇ ਹਨ। ਨਾਮ ਬਿਨਾਂ ਤ੍ਰਿਪਤਿ ਕਦੇ ਨਹੀਂ ਆਉਂਦੀ। ਕੰਗਾਲਤਾ (ਕੰਗਲਾਪਣ) ਅਤੇ ਨਿਰਧਨਤਾ ਹੀ ਰਹਿੰਦੀ ਹੈ। ਸਾਰਾ ਜਗਤ ਨਾਮ ਤੋਂ ਸੁੰਞਾ ਹੋਣ ਕਰਕੇ ਦੂਜੇ ਭਾਵ ਵਿਚਿ ਭਰਮ ਭੁਲਾਇਆ ਫਿਰਦਾ ਹੈ। ਆਪਣੀ ਹਉਮੈ ਦੇ ਕਾਰਨ ਹੀ ਦੁਖੀਆ ਹੋ ਰਿਹਾ ਹੈ। ਹਉਮੈ ਕਰਕੇ ਹੀ ਦੁਖ ਆਉਂਦਾ ਹੈ। ਹਉਮੈ ਅੰਦਰਿ ਕਰਮ ਕਮਾਵਣ ਕਰਿ ਹੀ, ਉਸ ਨੂੰ ਕਰਤੇ ਪੁਰਖ ਵਲੋਂ ਇਸ ਬੇਮੁਖਤਾ ਦੀ ਸਜ਼ਾ ਮਿਲਦੀ ਹੈ ਕਿ ਉਹ ਭਰਮਿ ਭੁਲਾਇਆ ਹੋਇਆ ਦੁਖੜੇ ਸਹਿੰਦਾ ਹੈ। ਆਪਣੇ ਕੀਤੇ ਕਰਮਾਂ ਦੇ ਅਫਰੇਮੇ ਕਾਰਨ ਹੋਰ ਹਉਮੈ ਵਧਦੀ ਹੈ। ਹੁਕਮ-ਰਜਾਈ ਕਰਮਾਂ ਦੇ ਕਰਨ ਕਰਿ ਹੀ ਘਾਲ ਥਾਇ ਪੈਂਦੀ ਹੈ ਅਤੇ ਪ੍ਰਾਪਤੀ ਤ੍ਰਿਪਤਾਵਤੀ ਹੁੰਦੀ ਹੈ। ਹਉਮੈ ਅੰਦਰਿ ਆਪਣੇ ਕੀਤੇ ਕਰਮਾਂ ਦੀਆਂ ਤ੍ਰਿਸ਼ਨਾਵਾਂ ਲੋਚਾਵਾਂ ਕੀਤਿਆਂ ਕੁਛ ਨਹੀਂ ਬਣਦਾ, ਨਾ ਕੁਛ ਪਾਈਦਾ (ਪਾ ਸਕੀਦਾ) ਹੈ, ਚਾਹੇ ਕਿਤਨੀਆਂ ਹੀ ਬਹੁਤੀਆਂ ਲੋਚਣੀਆਂ ਲਈ ਲੋਚਦਾ ਫਿਰੇ। ਹਉਮੈ ਅੰਦਰਿ ਕੀਤੇ ਕਰਮਾਂ ਨਾਲਿ ਤਾਂ ਚੁਰਾਸੀ ਦੇ ਗੇੜ ਵਿਚਿ ਹੀ ਪਈਦਾ ਹੈ। ਹਉਮੈ ਅੰਦਰਿ ਕਰਮ ਕਮਾਵਣ ਵਾਲੇ ਦਾ ਆਉਣਾ ਜਾਣਾ ਮਰਨਾ ਜੰਮਣਾ ਕਦੇ ਮੁਕਦਾ ਹੀ ਨਹੀਂ। ਇਸ ਗੇੜ ਤੋਂ ਛੁਟਕਾਰਾ ਹੁੰਦਾ ਹੈ ਤਾਂ ਕੇਵਲ ਗੁਰ-ਸ਼ਬਦ ਦੀ ਕਮਾਈ ਕੀਤਿਆਂ ਹੀ ਹੁੰਦਾ ਹੈ। ਇਹ ਫ਼ੈਸਲਾ ਕਰਮਾਂ ਦੇ ਨਿਬੇੜੇ ਦਾ, ਚੁਰਾਸੀ ਦੇ ਗੇੜੇ ਤੋਂ ਛੁਟਕਾਰੇ ਦਾ ਕਰਨਹਾਰ ਕਰਤਾਰ ਦੇ ਵਸਿ ਹੈ। ਉਸ ਤੋਂ ਬਿਨਾਂ ਦੂਜਾ ਕੋਈ ਹੋਰ ਨਿਬੇੜਾ ਕਰਨਹਾਰਾ ਨਹੀਂ ਹੈ। ਯਥਾ ਗੁਰਵਾਕ—

**ਪਉੜੀ ॥ ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ ਬਿਨੁ ਨਾਵੈ ਤ੍ਰਿਪਤਿ ਨਾਹੀ ॥**
**ਦੂਜੈ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ ॥ ਬਿਨੁ ਕਰਮਾ ਕਿਛੂ ਨ ਪਾਈਐ ਜੇ**
**ਬਹੁਤੁ ਲੋਚਾਹੀ ॥ ਆਵੈ ਜਾਇ ਜੰਮੈ ਮਰੈ ਗੁਰ ਸਬਦਿ ਛੁਟਾਹੀ ॥ ਆਪਿ ਕਰੈ**
**ਕਿਸੁ ਆਖੀਐ ਦੂਜਾ ਕੋ ਨਾਹੀ ॥੧੬॥**

(ਮਾਰੂ ਵਾਰ ਮਃ ੩, ਪੰਨਾ ੧੦੯੧-੯੨)

ਕਰਮਾਂ ਦੇ ਗਤਿ-ਅਵਗਤੀ ਨਿਚੋੜ-ਨਿਬੇੜੇ ਅਨੁਸਾਰ, ਪ੍ਰਾਲਬਧੀ ਨਿਖੇੜ ਮੂਜਬ ਹਰ ਇਕ ਪ੍ਰਾਣੀ ਸੋਈ ਕਰਮ ਕਮਾਵੰਦਾ ਹੈ ਜੋ ਗੁਰੂ ਕਰਤਾਰ ਦਾ ਹੁਕਮੁ ਏਜ਼ਦੀ ਫ਼ੁਰਮਾਨ ਕਰਾਉਂਦਾ ਹੈ। ਜੇਹਾ ਓਹ ਆਪਿ ਫ਼ੁਰਮਾਉਂਦਾ ਹੈ ਤੇਹੇ ਹੀ ਪ੍ਰਾਣੀ ਕਰਮ ਕਮਾਉਂਦਾ ਹੈ। ਯਥਾ ਗੁਰਵਾਕ—

**ਸੋਈ ਕਰਮੁ ਕਮਾਵੈ ਪ੍ਰਾਣੀ ਜੇਹਾ ਤੂ ਫੁਰਮਾਏ ॥**

(ਤੁਖਾਰੀ ਛੰਤ ਮਃ ੫, ਪੰਨਾ ੧੧੧੭)

ਹੁਕਮ ਫ਼ੁਰਮਾਨ ਅਨੁਸਾਰ ਜਨਮ, ਹੁਕਮ ਅੰਦਰਿ ਹੀ ਕਰਮ। ਸਭ ਕਰਤੇ ਦਾ ਹੀ ਫ਼ੁਰਮਾਨ ਹੈ। ਹੁਕਮੀ ਸਾਹਿਬ ਦੇ ਹੁਕਮ-ਫ਼ੁਰਮਾਨੀ ਕਰਮ ਪ੍ਰਾਣੀ ਨੂੰ ਅਵੱਸ਼ ਕਰਨੇ ਪੈਂਦੇ ਹਨ। ਇਹ ਅਵੱਸ਼ਕਾਰੀ ਕਰਮ ਜਨਮ ਦੇ ਨਾਲਿ ਹੀ ਲਿਖੇ ਹੋਏ ਹੁੰਦੇ ਹਨ। ਜੇਹਾ ਜਨਮ ਤੇਹਾ ਕਰਮ। ਕਰਮ-ਭੁਗਤਾ ਇਕੋ ਹੀ ਜਨਮ ਭੁਗਤਾਇਆ ਜਾਂਦਾ ਹੈ। ਭੁਗਤਾਉਣਹਾਰਾ ਕਰਮ-ਬਿਧਾਤਾ ਆਪਿ ਹੈ, ਹੋਰ ਕੋਈ ਨਹੀਂ।


www.sikhbookclub.com

ਜਦੋਂ ਤਾਈਂ ਪ੍ਰਾਣੀ ਹਉਮੈ, ਮੋਹ ਅਤੇ ਭਰਮ ਦਾ ਪ੍ਰੀ-ਤਿਆਗ ਕਰ ਕੇ ਸਿਫਤਿ ਸਾਲਾਹ ਦੀ ਪਟੜੀ ਤੇ ਨਹੀਂ ਪੈਂਦਾ, ਤਦ ਤਾਈਂ ਪ੍ਰੇਮ ਦਾ ਸੱਚਾ ਮਾਰਗ ਉਸ ਨੂੰ ਨਹੀਂ ਮਿਲਦਾ। ਮਿਲਾਇਆ ਹੀ ਮਿਲਦਾ ਹੈ। ਭਰਮ-ਗੜ੍ਹ ਤੋੜਿਆ ਹੈ ਜਿਨ੍ਹਾਂ ਦਾ, ਤਿਨ੍ਹਾਂ ਨੂੰ ਹੀ ਪ੍ਰੇਮ ਸੁਮਾਰਗੀ ਪੈਂਡਾ ਪ੍ਰਾਪਤਿ ਹੁੰਦਾ ਹੈ। ਤਿਸ ਭਾਵ ਪ੍ਰਥਾਇ ਕਿਆ ਹੀ ਸੁੰਦਰ ਗੁਰਵਾਕ ਉਚਾਰਨ ਹੋਇਆ ਹੈ। ਯਥਾ-

ਰਾਗੁ ਮਾਰੂ ਮਹਲਾ ੧ ਘਰੁ ੫ ੴ ਸਤਿਗੁਰ ਪ੍ਰਸਾਦਿ ॥

ਅਹਿਨਿਸਿ ਜਾਗੈ ਨੀਦ ਨ ਸੋਵੈ ॥ ਸੋ ਜਾਣੈ ਜਿਸੁ ਵੇਦਨ ਹੋਵੈ ॥ ਪ੍ਰੇਮ ਕੇ ਕਾਨ ਲਾਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥ ੧ ॥ ਜਿਸ ਨੋ ਸਾਚਾ ਸਿਫਤੀ ਲਾਏ ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥ ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥ ੧ ॥ ਰਹਾਉ ॥ ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥ ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤ੍ਰਿਖਾ ਨਿਵਾਰੀ ਜੀਉ ॥ ੨ ॥ ਸਹਸਾ ਤੋੜੇ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ ॥ ਗੁਰ ਕੈ ਸਬਦਿ ਮਰੇ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥ ੩ ॥ ਹਉਮੈ ਜਲਿਆ ਮਨਹੁ ਵਿਸਾਰੇ ॥ ਜਮਪੁਰਿ ਵਜਹਿ ਖੜਗ ਕਰਾਰੇ ॥ ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥ ੪ ॥ ਮਾਇਆ ਮਮਤਾ ਪਵਹਿ ਖਿਆਲੀ ॥ ਜਮਪੁਰਿ ਫਾਸਹਿਗਾ ਜਮ ਜਾਲੀ ॥ ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥ ੫ ॥ ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥ ੬ ॥ ੧ ॥ ੧੨ ॥

(ਪੰਨਾ ੯੯੩)

ਤੱਤ ਭਾਵ ਵਿਆਖਿਆ— ਅਸਥਾਈ (ਰਹਾਉ) ਵਾਲੀਆਂ ਪੰਗਤੀਆਂ ਇਹ ਤੱਤ-ਕਰਮ-ਸਾਰੀ ਸਾਰ-ਭੇਦ ਪ੍ਰਗਟਾਉਂਦੀਆਂ ਹਨ ਕਿ ਸੱਚਾ ਸਿਫ਼ਤੀਸੁਰ ਵਾਹਿਗੁਰੂ ਆਪਿ ਜਿਸ ਨੂੰ ਸਿਫ਼ਤਿ ਸਾਲਾਹ ਬਖ਼ਸ਼ਦਾ ਹੈ ਸੋਈ ਗੁਰਮੁਖਿ ਜਨ ਸਿਫ਼ਤਿ-ਸਾਲਾਹੀ ਅਭਿਆਸ-ਕਮਾਈਆਂ ਵਿਚ ਤੱਤਪਰ ਹੋ ਕੇ ਲਗਦਾ ਹੈ। ਵਿਰਲੇ ਕਿਸੇ ਗੁਰਮੁਖਿ ਨੂੰ ਹੀ ਇਹ ਰਾਜ਼ ਸੱਚੀ ਸਿਫ਼ਤਿ ਸਾਲਾਹ (ਗੁਰਮਤਿ ਨਾਮ ਗੁਰ-ਮੰਤਰ) ਦਾ ਦਸਦਾ ਬੁਝਾਉਂਦਾ ਹੈ। ਆਪੇ ਹੀ ਨਾਮ-ਅੰਮ੍ਰਿਤ ਦੇ ਵਾਪਾਰੀ, ਅੰਮ੍ਰਿਤ ਛਕਣ ਦੇ ਅਧਿਕਾਰੀ ਲਭ ਲੈਂਦਾ ਹੈ। ਤਿਨ੍ਹਾਂ ਨੂੰ ਆਪ ਹੀ ਅੰਮ੍ਰਿਤ ਦੀ ਸਾਰ ਜਣਾਇ ਦਿੰਦਾ ਹੈ। ਅੰਮ੍ਰਿਤ ਦੀ ਸਹੀ ਸਾਰ ਜਾਨਣਹਾਰੇ ਹੀ ਅੰਮ੍ਰਿਤ-ਪਦਾਰਥ ਦੇ ਵਾਪਾਰੀ ਬਣਦੇ ਹਨ। ਬਣਾਏ ਹੀ ਬਣਦੇ ਹਨ। ਆਪੇ ਹੀ ਬਣਾਉਂਦਾ ਹੈ। ਐਸੇ ਵਾਹਿਗੁਰੂ ਦੇ ਆਪਿ ਬਣਾਏ ਹੋਏ ਅੰਮ੍ਰਿਤ ਦੇ ਵਾਪਾਰੀ ਅੰਮ੍ਰਿਤ-ਨਾਮ ਦੀ ਕਮਾਈ ਕਰਦੇ ਹੋਏ ਦਿਨੇ ਰਾਤ ਨਾਮ ਅਭਿਆਸ ਕਮਾਈ ਕਰਨ ਵਿਚ ਜੁਟੇ ਹੀ ਰਹਿੰਦੇ ਹਨ। ਗ਼ਫ਼ਲਤ ਦੀ ਨੀਂਦੇ ਨਹੀਂ ਸਉਂਦੇ। ਅਰਥਾਤ, ਅਭਿਆਸ ਕਮਾਈ ਤੋਂ ਗਾਫ਼ਲ ਹੋ ਕੇ ਇਕ ਛਿਨ ਭੀ ਕਮਾਈ ਕਰਨੋਂ ਨਹੀਂ ਅਵੇਸਲੇ ਹੋ ਕੇ ਰਹਿੰਦੇ ਬਹਿੰਦੇ। ਸਾਵਧਾਨ (ਸੁਜਾਨ) ਹੋ ਕੇ ਅਭਿਆਸ ਕਮਾਈਆਂ ਵਿਚਿ ਹੀ ਰਾਤ ਦਿਨੇ ਜਾਗਦੇ ਰਹਿੰਦੇ ਹਨ। ਇਕ ਪਲਕ ਭਰ ਭੀ ਨਹੀਂ ਸਉਂਦੇ। ਜਿਨ੍ਹਾਂ ਦੇ ਅੰਦਰਿ ਪ੍ਰੇਮ ਦੀਆਂ ਕਾਨੀਆਂ ਲਗੀਆਂ ਹੋਈਆਂ ਹੁੰਦੀਆਂ ਹਨ, ਉਹਨਾਂ ਨੂੰ ਕਾਹਨੂੰ ਨੀਂਦ ਆਉਂਦੀ ਹੈ! ਇਸ ਵੇਦਨੀ ਬਿਵਸਥਾ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨਾਲਿ ਵਾਪਰੀ ਵਰਤੀ ਹੋਈ ਹੁੰਦੀ ਹੈ। ਉਹ ਜੇ ਇਕ ਛਿਨ ਭੀ ਨਾਮ ਅਭਿਆਸ ਤੋਂ ਵਿਰਵੇ ਹੋ ਜਾਂਦੇ ਹਨ ਤਾਂ ਓਹਨਾਂ ਦੇ ਭਾ ਦੀ ਬਣ


www.sikhbookclub.com

ਜਾਂਦੀ ਹੈ। ਉਹਨਾਂ ਦੀ ਜਾਨ ਲਬਾਂ ਤੇ ਆ ਜਾਂਦੀ ਹੈ "ਆਖਾ ਜੀਵਾ ਵਿਸਰੈ ਮਰਿ ਜਾਉ"[1] ਦੇ ਭਾਵ ਵਾਲੀ ਘਟਨਾ ਉਹਨਾਂ ਤੇ ਐਨ ਘਟਦੀ ਹੈ। ਨਾਮ ਸਿਮਰਨ ਆਖਣ ਭਾਖਣ ਹੀ ਉਹਨਾਂ ਦਾ ਜੀਵਨ-ਆਧਾਰ ਹੈ। ਪਰ ਨਾਮ ਤੋਂ ਵਿਸਰਜਤ ਹੋਇਆਂ, ਵਿਸਰਿਆਂ ਉਹਨਾਂ ਦਾ ਮਰਨ ਹੋ ਜਾਂਦਾ ਹੈ। ਇਕ ਛਿਨ ਨਾਮ ਤੋਂ ਵਿਸਰਨ ਦੀ ਪੀੜ ਉਹਨਾਂ ਲਈ ਮਰਨ ਦੀ ਪੀੜ ਵੇਦਨ ਸਦਰਸ ਹੈ। ਐਸੀ ਪ੍ਰੇਮ-ਵੇਦਨ ਵਾਲੇ ਹੀ ਅਹਿਨਿਸਿ ਸਿਮਰਨ ਵਿਚਿ ਜਾਗਦੇ ਹਨ ਅਤੇ ਇਕ ਨਿਮਖ ਮਾਤਰ ਨਹੀਂ ਸਉਂਦੇ। ਜਿਨ੍ਹਾਂ ਨੂੰ ਸੱਚੇ ਰੱਬੀ ਪ੍ਰੇਮ ਇਸ਼ਕ ਪਰਮਾਰਥੀ ਦੀਆਂ ਸੱਚੀਆਂ ਲਿੱਲਾਂ ਲਗੀਆਂ ਹੋਈਆਂ ਹਨ, ਸੋਈ ਇਸ ਵੇਦਨੀ ਬਿਵਸਥਾ ਦੀ ਸਾਰ ਜਾਣਦੇ ਹਨ। ਜਿਨ੍ਹਾਂ ਦਾ ਹੀਅਰਾ-ਜੀਅਰਾ ਪ੍ਰੇਮ ਦੇ ਤੀਰਾਂ ਨਾਲਿ ਵਿੰਨ੍ਹਿਆ ਹੋਇਆ ਹੁੰਦਾ ਹੈ, ਉਹਨਾਂ ਦੇ ਹਾਲ ਦੀ ਅਉਖਧੀ, ਉਹਨਾਂ ਦਾ ਦੂਖ-ਦਾਰਨੀ ਦਾਰੂ ਇਹ ਦੁਨੀਆਵੀ ਵੈਦ ਹਕੀਮ ਕੀ ਜਾਣਦੇ ਹਨ? ਜਾਣ ਹੀ ਨਹੀਂ ਸਕਦੇ।

ਪ੍ਰੀਤਮ ਪਰਮਾਤਮਾ ਰੂਪੀ ਖਸਮ ਸੇਤੀ ਐਸਾ ਵੇਦਨੀ ਪ੍ਰੇਮ ਕੋਈ ਵਿਰਲੀ ਵਡਭਾਗਣ ਪਰਮਾਰਥੀ ਜਗਿਆਸਾ ਵਾਲੀ ਜਗਿਆਸਣ ਇਸਤ੍ਰੀ ਹੀ ਰਚਾਉਂਦੀ ਹੈ। ਪਰ ਜਦ ਰਚਾਉਂਦੀ ਹੈ ਤਦ ਗੁਰ ਕੇ ਸ਼ਬਦ ਦੁਆਰਾ ਹੀ ਹਿਤੋਂ ਚਿਤੋਂ ਰਚਾਉਂਦੀ ਹੈ। ਹਿਤੋਂ ਚਿਤੋਂ ਗੁਰ-ਮੰਤਰ (ਗੁਰਮਤਿ ਨਾਮ) ਦੀ ਅਭਿਆਸਣ ਹੋ ਕੇ ਹੀ ਐਸਾ ਨੇਹੁ ਲਾਉਂਦੀ ਰਚਾਉਂਦੀ ਹਿਤ ਚਿਤਾਉਂਦੀ ਹੈ। ਐਸੀ ਸੱਚੜਾ ਨੇਹੁ ਪ੍ਰੇਮੁ ਰਚਾਉਣ ਵਾਲੀ ਇਸਤ੍ਰੀ ਪਰਮਾਰਥ ਦੀ ਸਹਜ ਅਵਸਥਾ ਨੂੰ ਪ੍ਰਾਪਤਿ ਹੋ ਕੇ ਸੁਤੇ ਸਹਜ ਹੀ ਖਰੀ ਸੁਹੇਲੀ ਹੋ ਜਾਂਦੀ ਹੈ। ਉਸ ਦੇ ਦੁਖ ਦਾਰਦ ਸਭ ਮਿਟ ਜਾਂਦੇ ਹਨ। ਸੁਖ ਸਹਜ ਦੀ ਖਰੀ ਸੁਹੇਲਤਾ ਉਸ ਨੂੰ ਪ੍ਰਾਪਤਿ ਹੋ ਜਾਂਦੀ ਹੈ। ਉਸ ਦੀਆਂ ਸਾਰੀਆਂ ਡੰਝਾਂ ਲਹਿ ਜਾਂਦੀਆਂ ਹਨ। ਉਸ ਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ, ਸਾਰੇ ਭਰਮ ਚਕਨਾ-ਚੂਰ ਹੋ ਜਾਂਦੇ ਹਨ, ਉੱਕੇ ਪੁੱਕੇ ਹੀ ਚੁੱਕੇ ਜਾਂਦੇ ਹਨ। ਓਹ ਸੁਆਸ ਅਭਿਆਸੀ ਲਿਵਤਾਰੀ ਐਸਾ ਖੰਡਾ ਖੜਕਾਉਂਦੇ ਹਨ, ਐਸੇ ਅਰਧ ਉਰਧੀ ਪ੍ਰੇਮ ਅਭਿਆਸ ਦੇ ਚਾਬਕ ਕਸ ਕਸ ਕੇ ਚਲਾਉਂਦੇ ਹਨ, ਨਾਭੀ ਵਿਚਿ ਸੁਆਸ ਟਿਕਾ ਰਸ-ਜੋਤਿ ਬਿਧੰਨੇ ਹੋਇ ਕੇ ਸਿਫਤਿ ਸਾਲਾਹ ਦੀ ਧਣਖ (ਕਮਾਣ) ਦਾ ਐਸਾ ਚਿੱਲਾ ਚੜ੍ਹਾਉਂਦੇ ਹਨ ਕਿ "ਗੁਰ ਕੈ ਸਬਦਿ ਮਰੈ ਮਨੁ ਮਾਰੇ" ਵਾਲੀ ਸੁੰਦਰ ਯੋਗ ਅਵੱਸਥਾ ਵਾਲੇ ਸੱਚੜੇ ਤੇ ਸੁੰਦਰਵਲੇ ਜੋਗਾਧਾਰੀ (ਸਹਜ ਯੋਗ ਅਭਿਆਸੀ) ਹੋ ਜਾਂਦੇ ਹਨ। ਪ੍ਰੇਮ-ਬਾਣੀ ਰੂਪੀ ਬਾਣ ਮਾਰ ਮਾਰ ਕੇ, ਸਿੰਨ੍ਹ ਸਿੰਨ੍ਹ ਕੇ ਪ੍ਰੇਮ-ਬਾਣੀ ਦੇ ਬਾਣ ਚਲਾ ਕੇ ਐਸਾ ਸੁਆਸ-ਅਭਿਆਸੀ ਚਿੱਲਾ ਚੜ੍ਹਾਉਂਦੇ ਹਨ ਕਿ ਅਣੀਆਲੇ ਬਾਣਾਂ (ਤੀਰਾਂ) ਦੀ ਅਣੀ ਹਿਰਦਾ ਵੇਧ ਕੇ ਵਿਚੇ ਹੀ ਅੜੀ ਰਹਿੰਦੀ ਹੈ, ਨਿਕਾਲੀ ਨਿਕਲਦੀ ਨਹੀਂ। ਨਿਕਲੇ ਕਿਵੇਂ, ਕਢਣ ਨੂੰ ਜੀਉ ਹੀ ਨਹੀਂ ਕਰਦਾ। ਪਿਰੰਮ ਦੀ ਐਸੀ ਸੁਆਦਲੀ ਪੀਰ ਹੈ ਕਿ ਉਸ ਨੂੰ ਜਰਨ ਵਾਲੇ ਜਰੀਏ ਹੀ ਜਾਣਦੇ ਹਨ, ਉਹ "ਮਰਿ ਜੀਵੈ ਮਰੀਆ"[2] ਦੀ ਸਹਿਜ ਆਤਮ-ਅਵਸਥਾ ਵਾਲੇ ਜੀਵਨ ਮੁਕਤਿ ਮਰਜੀਵੜੇ ਬਣ ਜਾਂਦੇ ਹਨ। ਇਉਂ ਗੁਰ-ਸ਼ਬਦ ਦੀ ਪਾਰਸ ਅਭਿਆਸ ਕਲਾ ਉਹਨਾਂ ਦੇ ਅੰਦਰਿ ਆਤਮੇ ਵਰਤ ਜਾਂਦੀ ਹੈ ਕਿ ਉਹ ਸੱਚ ਮੁੱਚ ਮਰ-ਜੀਵੇ ਹੋ ਜਾਂਦੇ ਹਨ। ਐਸੇ ਸੁੰਦਰ ਜੋਗਾਧਾਰੀ ਮਰ-ਜੀਵੜੇ ਗੁਰਮੁਖਿ ਜਨ ਗੁਰੂ ਕਰਤਾਰ ਦੇ ਬਣਾਏ ਹੋਏ ਹੀ ਬਣਦੇ ਹਨ। ਉਸ ਦੀ ਨਦਰਿ ਦਾ ਸਦਕਾ ਹੀ ਬਣਦੇ ਹਨ। ਆਪੇ ਕੋਈ ਨਹੀਂ ਬਣ ਸਕਦਾ। ਹਉਮੈ ਨੂੰ ਮਾਰ ਕੇ ਮਰਦੇ ਹਨ। ਗੁਰਮੁਖਾਂ ਦੀ ਇਹ ਹਉਮੈ ਗੁਰੂ ਕਰਤਾਰ ਦੀ ਕਿਰਪਾ ਨਾਲ ਹੀ ਮਰਦੀ ਹੈ।

ਜੋ ਗੁਰੂ ਤੋਂ ਬੇਮੁਖ ਹਨ, ਮਨਮੁਖ ਹਨ, ਉਹ ਅਹਿਨਿਸਿ ਹਉਮੈ ਦੀ ਅਗਨੀ ਵਿਚਿ ਹੀ ਸੜੇ

---

[1] ਆਸਾ ਮਃ ੧, ਪੰਨਾ ੯

[2] ਆਸਾ [illegible] ਛੰਤ ਘਰੁ ੪. ਪੰਨਾ ੪੪੯


www.sikhbookclub.com

ਬੁਝੇ ਕੁੜ੍ਹੇ ਰਹਿੰਦੇ ਹਨ। ਐਸੇ ਹਉਮੈ ਦੀ ਅਗਨੀ ਨਾਲਿ ਜਲਿਆਂ ਦਧਿਆਂ ਨੂੰ ਵਾਹਿਗੁਰੂ ਕਰਤਾ ਪੁਰਖ ਕਦੇ ਚੇਤੇ ਹੀ ਨਹੀਂ ਆਉਂਦਾ। ਉਹ ਉੱਕਾ ਹੀ ਵਾਹਿਗੁਰੂ ਤੇ ਵਾਹਿਗੁਰੂ ਨਾਮ ਨੂੰ ਮਨਹੁੰ ਵਿਸਾਰ ਦਿੰਦੇ ਹਨ। ਵਾਹਿਗੁਰੂ ਵਿਸਾਰਨਹਾਰੇ ਅਜਿਹੇ ਮਨਮੁਖਾਂ ਨੂੰ ਜਮਪੁਰੇ ਵਿਚਿ ਜਾ ਕੇ ਜਮਾਂ ਦੇ ਖੜਗ ਕਰਾਰੇ ਵਜਦੇ ਹਨ। ਜਦੋਂ ਜਮਾਂ ਦੇ ਗੁਰਜ ਪੈਣ ਲਗਦੇ ਹਨ, ਫੇਰ ਓਹ ਕੂਕਦੇ ਹਨ ਤੇ ਕਹਿ ਉਠਦੇ ਹਨ ਕਿ ਹੁਣ ਅਗਾਂਹ ਨੂੰ ਨਾਮ ਜਪਾਂਗੇ, ਪਰ "**ਅਬ ਕੈ ਕਹਿਐ ਨਾਮੁ ਨ ਮਿਲਈ**", ਹੁਣ ਦੀ ਕੂਕ ਪੁਕਾਰ ਤੋਂ ਕੀ ਬਣਦਾ ਹੈ ਅਤੇ ਉਹਨਾਂ ਦਾ ਆਖਿਆ ਕਉਣ ਸੁਣਦਾ ਹੈ। ਕਦੇ ਛੁਟਕਾਰਾ ਨਹੀਂ ਹੋ ਸਕਦਾ, ਮੁਧਗਰਾਂ ਦੀ ਮਾਰ ਤੋਂ। ਜਮਪੁਰਿ ਜਾ ਕੇ ਇਹ ਹਾਲ ਉਹਨਾਂ ਦਾ ਹੁੰਦਾ ਹੈ ਜੋ ਮਾਤ ਲੋਕ ਵਿਖੇ ਸਾਰੀ ਉਮਰ ਰਹਿੰਦੇ ਮਾਇਆ ਮਮਤਾ ਦੇ ਅਲੂਦੇ ਖ਼ਿਆਲਾਂ ਵਿਚਿ ਹੀ ਲਿਬੜੇ ਰਹਿੰਦੇ ਹਨ, ਮਾਇਆ ਮਮਤਾ ਵਾਲੇ ਕੰਮਾਂ ਵਿਚ ਲਿਬੜੇ ਰਹਿੰਦੇ ਹਨ, ਉਹਨਾਂ ਨੂੰ ਇਹ ਗੱਲ ਕਦੇ ਭੀ ਨਹੀਂ ਅਉੜਦੀ ਕਿ ਜਮਪੁਰਿ ਜਾ ਕੇ ਜਮ ਦੀ ਜਾਲੀ (ਫਾਸੀ) ਵਿਚਿ ਫਸਣਾ ਪਏਗਾ, ਅਰ ਜ਼ਰੂਰ ਫਸਣਾ ਪਏਗਾ। ਜੂਨੀਆਂ ਵਿਚਿ ਰਹਿੰਦੇ, ਹੇਤ ਦੇ ਬੰਧਨ ਜੋ ਤੋੜ ਨਹੀਂ ਸਕਦੇ, ਮਾਇਆ ਮਮਤਾ ਤੋਂ ਜੇਕਰ ਕੋਈ ਰਹਿਤ ਨਹੀਂ ਹੋ ਸਕਦੇ ਤਾਂ ਹੀ ਉਹਨਾਂ ਦੀ ਜਮਾਂ ਦੇ ਹੱਥੋਂ ਖੁਆਰੀ ਹੁੰਦੀ ਹੈ। ਜਮ-ਦੁਆਰੇ ਤਾਹੀਓਂ ਤਾਂ ਓਹਨਾਂ ਨੂੰ ਖੱਜਲ ਖੁਆਰ ਹੋਣਾ ਪਏਗਾ। ਏਥੇ ਕਿਸੇ ਦਾ ਕੀਤਾ ਕੁਛ ਨਹੀਂ। ਕਿਸੇ ਦੇ ਵਸਿ ਦੀ ਗੱਲ ਹਰਗਿਜ਼ ਨਹੀਂ ਰਹਿੰਦੀ।

ਜਿਸ ਨੂੰ ਉਸ ਦਾਤਾਰ ਗੁਰੂ ਕਰਤਾਰ ਨੇ ਬਖ਼ਸ਼ਣਾ ਹੁੰਦਾ ਹੈ ਤਿਸ ਨੂੰ ਇਸ ਮਾਨੁਖਾ ਜਨਮ ਵਿਖੇ ਹੀ ਅੰਮ੍ਰਿਤ ਦੀ ਦਾਤਿ ਮਿਲ ਜਾਂਦੀ ਹੈ। ਅੰਮ੍ਰਿਤ ਨਾਮ ਪ੍ਰਾਪਤਿ ਹੋ ਜਾਂਦਾ ਹੈ। ਜਿਸ ਨੂੰ ਇਹ ਦਾਤਿ ਮਿਲ ਜਾਂਦੀ ਹੈ ਉਸ ਦਾ ਬਿਨ-ਚਾਹੇ ਸੁਤੇ ਹੀ ਖੰਡਾ ਖੜਕਣ ਲਗ ਪੈਂਦਾ ਹੈ। ਨਿਰਯਤਨ ਹੀ ਨਾਮ ਅਭਿਆਸ ਦੇ ਸਾਸ-ਗਿਰਾਸੀ ਤੋਰੇ ਤੁਰੇ ਰਹਿੰਦੇ ਹਨ। ਜੇਬ-ਘੜੀ ਨੂੰ ਅੱਠ-ਪਹਿਰੀ ਚਾਬੀ ਦਿਤਿਆਂ ੨੪ ਘੰਟੇ ਚਲਦੀ ਰਹਿੰਦੀ ਹੈ, ਕਲਾਕ ਨੂੰ ਹਫ਼ਤੇਵਾਰ ਚਾਬੀ ਦੀ ਲੋੜ ਹੈ, ਪ੍ਰੰਤੂ ਅੰਮ੍ਰਿਤ-ਅਧਿਕਾਰੀ ਨੂੰ ਜੀਵਨ-ਜੁਗਤਾਰੀ ਚਾਬੀ ਪੰਜਾਂ ਪਿਆਰਿਆਂ ਦੁਆਰਾ ਮਿਲਿਆਂ, ਇਕੋ ਵਾਰ ਮਿਲਿਆਂ, ਜੀਵਨੰ-ਆਰਜਾਰੀ ਅਭਿਆਸਾਚਾਰੀ ਪੈਂਡੂਲਮ ਉਮਰ ਭਰ ਖੜਕਦਾ ਹੀ ਰਹਿੰਦਾ ਹੈ। ਕਦੇ ਬੰਦ ਨਹੀਂ ਹੁੰਦਾ। ਖੜਕਾਉਣਹਾਰੇ ਦਾ ਖੜਕਾਇਆ ਹੀ ਖੜਕਦਾ ਹੈ। ਜੇ ਵਿਚਿ-ਵਿਚਾਲੇ ਬਿਘਨ ਨਾ ਪੈ ਜਾਣ, ਅਭਿਆਸੀ ਅਣਹੋਈ ਕਾਂਪ ਨਾ ਖਾ ਜਾਣ, ਤਾਹੀਂ ਇਹ ਕਾਰ ਤੋੜ ਨਿਭਦੀ ਹੈ। ਨਿਭਾਉਣਹਾਰਾ ਨਿਭਾਉਂਦਾ ਹੈ। ਸੂਖਮ ਤੋਂ ਸੂਖਮ ਅਹੰਕਾਰ ਜੇ ਕਿਤੇ ਵਿਆਪ ਜਾਏ ਤਾਂ ਅਭਿਆਸੀ ਜਨ ਉਥੇ ਦੇ ਉਥੇ ਹੀ ਰਹਿ ਖੜੋਂਦੇ ਹਨ। ਫੇਰ ਕਿਤੇ ਸਤਿਸੰਗ-ਟੋਰਾ ਲਗਿਆਂ ਅਗਾਹਾਂ ਤੁਰਦੇ ਹਨ। ਨਦਰਿ ਹੋ ਜਾਵੇ ਨਦਰੀ ਪੁਰਖ ਮੇਹਰਬਾਨ ਦੀ, ਤਾਂ ਖੜਦੀਓਂ ਚੜ੍ਹਦੀ ਕਲਾ ਬਹੁੜ ਹੋ ਜਾਣ ਵਿਚਿ ਬਿਲਮ ਨਹੀਂ ਲਗਦਾ।

ਏਸੇ ਉਪਰਲੇ ਭਾਵ ਪੂਰਤ ਇਹ ਅਗਲੇਰਾ ਗੁਰਵਾਕ ਹੈ—

ਮਾਰੂ ਮਹਲਾ ੩ ਘਰੁ ੫ ਅਸਟਪਦੀ ੴ ਸਤਿਗੁਰ ਪ੍ਰਸਾਦਿ ॥

ਜਿਸ ਨੋ ਪ੍ਰੇਮੁ ਮੰਨਿ ਵਸਾਏ ॥ ਸਾਚੈ ਸਬਦਿ ਸਹਜਿ ਸੁਭਾਏ ॥ ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ ॥ ੧ ॥ ਆਪੇ ਮੇਲੇ ਆਪਿ ਮਿਲਾਏ ॥ ਆਪਣਾ ਪਿਆਰੁ ਆਪੇ ਲਾਏ ॥ ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥ ੧ ॥ ਰਹਾਉ ॥ ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥ ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ

ਬੀਚਾਰੀ ਜੀਉ ॥ ੨ ॥ ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਤਿ ਖੋਵੈ ॥ ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥ ੩ ॥ ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥ ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥ ੪ ॥ ਏਹੁ ਸਬਦੁ ਸਾਰੁ ਜਿਸ ਨੋ ਲਾਏ ॥ ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥ ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥ ੫ ॥ ਅਗਮ ਨਿਗਮੁ ਸਤਿਗੁਰੂ ਦਿਖਾਇਆ ॥ ਕਰਿ ਕਿਰਪਾ ਅਪਨੈ ਘਰਿ ਆਇਆ ॥ ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ ॥ ੬ ॥ ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥ ਸਤਿਗੁਰ ਬਾਝਹੁ ਸਭੁ ਧੰਧ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥ ੭ ॥ ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥ ਸਚੈ ਸਬਦਿ ਰਤੇ ਬੈਰਾਗੀ ਹੋਰਿ ਭ੍ਰਮਿ ਭੁਲੇ ਗਾਵਾਰੀ ਜੀਉ ॥ ੮ ॥ ਗੁਰਮੁਖਿ ਜਿਨੀ ਨਾਮੁ ਨ ਪਾਇਆ ॥ ਮਨਮੁਖਿ ਬਿਰਥਾ ਜਨਮੁ ਗਵਾਇਆ ॥ ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰਿ ਬੀਚਾਰੀ ਜੀਉ ॥ ੯ ॥ ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੇ ਜੁਗ ਚਾਰੇ ਜਾਤਾ ॥ ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥ ੧੦॥ ੧॥

(ਪੰਨਾ ੧੦੧੬)

ਤੱਤ ਭਾਵ ਵਿਆਖਿਆ-- ਪ੍ਰੀਤਮ ਵਾਹਿਗੁਰੂ ਆਪਿ ਆਪਣਾ ਪ੍ਰੇਮ ਜਿਸ ਨੂੰ ਦੇਵੇ, ਪ੍ਰੇਮ ਦੇ ਕੇ ਜਿਸ ਮਨ ਵਿਚਿ ਪ੍ਰੇਮ ਹੀ ਪ੍ਰੇਮ ਵਸਾ ਦੇਵੇ, ਓਹੀ ਇਸ ਪ੍ਰੇਮ-ਵੇਦਨ ਦੀ ਸਾਰ ਜਾਣ ਸਕਦਾ ਹੈ ਅਤੇ ਓਹੀ ਪ੍ਰੇਮ ਸਹਿਤ ਸ਼ਬਦ ਅਭਿਆਸ ਦੀ ਸੱਚੀ ਕਾਰ ਵਿਖੇ ਤੱਤਪਰ ਹੋ ਕੇ ਲਗ ਸਕਦਾ ਹੈ। ਦਾਤਾਰ ਕਰਤਾ ਪੁਰਖ ਕਰਤਾਰ ਵਾਹਿਗੁਰੂ ਸ਼ਬਦ ਗੁਰ-ਮੰਤਰ ਦੀ ਦਾਤਿ ਭੀ ਗੁਰੂ ਦੁਆਰਿਓਂ ਸਹਿਜ ਸੁਭਾਇ ਹੀ ਤਿਸ ਜਨ ਨੂੰ ਦਿਵਾ ਦਿੰਦਾ ਹੈ। ਜਿਸ ਉਪਰਿ ਉਸ ਦੀ ਨਦਰਿ ਮੇਹਰ ਹੋਵੇ, ਆਪੇ ਮੇਲਦਾ ਹੈ, ਆਪੇ ਮੇਲ ਮਿਲਾਉਂਦਾ ਹੈ। ਆਪਣਾ ਪਿਆਰ ਆਪੇ ਲਾਉਂਦਾ ਹੈ। ਪ੍ਰੇਮ ਦੀ ਸਾਰ ਭੀ ਸੋਈ ਜਾਣਦਾ ਹੈ ਜਿਸ ਉਪਰ ਨਦਰੀ ਵਾਹਿਗੁਰੂ ਦੀ ਨਦਰਿ ਹੁੰਦੀ ਹੈ।

ਜਿਸ ਗੁਰਮੁਖਿ ਜਨ ਉਤੇ ਉਹ ਨਦਰੀ ਨਦਰਿ ਨਿਹਾਲ ਹੁੰਦਾ ਹੈ, ਉਸ ਨੂੰ ਨਾਮ ਅਭਿਆਸ ਕਮਾਈ ਦੀ ਸੱਚੀ ਕਾਰ ਕਰਾਇ ਦਿਬ ਦ੍ਰਿਸ਼ਟੀ ਬਖ਼ਸ਼ ਦਿੰਦਾ ਹੈ ਤੇ ਦਿਬ ਦ੍ਰਿਸ਼ਟੀ ਵਾਲੀ ਸੁਜਾਗ ਜਾਗ੍ਰਤ ਕਰਾਇ ਕੇ ਉਸ ਦਾ ਭਰਮ ਚੁਕਾਇ ਦਿੰਦਾ ਹੈ। ਜਾਗਤ-ਜੋਤੀਆ ਪ੍ਰਚੰਡ ਗਿਆਨ ਜਗਾਇ ਕੇ ਉਸ ਦਾ ਅੰਧੇਰ ਅਗਿਆਨ ਗੰਵਾਇ ਦਿੰਦਾ ਹੈ। ਇਉਂ ਗੁਰ ਪ੍ਰਸਾਦ ਕਰਿ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋਈ ਸੱਚਾ ਗੁਰਮੁਖਿ ਜੋਗੀ ਹੈ ਜਿਸ ਨੂੰ ਉਪਰ ਦੱਸੀ ਜੁਗਤਿ ਮੁਕਤੀਸ਼ਰੀ ਸੁਰਤਿ-ਸਾਵਧਾਨਤਾ ਹੋ ਜਾਂਦੀ ਹੈ। ਪਰ ਹੁੰਦੀ ਹੈ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੇ ਸਦਕੇ। ਗੁਰ-ਦੀਖਿਅਤ ਗੁਰ ਸ਼ਬਦ ਮੰਤਰ ਦੀ ਕਮਾਈ ਦੀ ਬਰਕਤ ਨਾਲਿ ਧਨ ਪਿਰ ਦਾ ਮੇਲਾ, ਅਰਥਾਤ, ਪਰਮਾਰਥ ਦੀ ਜਗਿਆਸਾ ਵਾਲੀ ਗੁਰਮੁਖਿ-ਪ੍ਰਿੰਮਨੀ ਦਾ ਮੇਲਾ ਪ੍ਰੀਤਮ ਵਾਹਿਗੁਰੂ ਨਾਲਿ ਸੰਜੋਗ ਕਰਕੇ ਹੀ ਹੁੰਦਾ ਹੈ। ਸੰਜੋਗਾਂ ਦੀ ਲਿਖਤਕਾਰ ਗੁਰੂ ਕਰਤਾਰ ਦੇ ਹੀ ਵਸਿ ਹੈ ਅਤੇ ਜਗਿਆਸੂ ਦੇ ਕਰਮਾਂ ਦੀ ਜਗਿਆਸਾ ਹੈ।

ਇਹ ਧਨ ਪਿਰੀ ਮੇਲਾ ਪੂਰਨ ਗੁਰਮਤਿ ਅਸੂਲਾਂ ਦੀ ਅਨਕੂਲਤਾ ਅਨੁਸਾਰ ਚਲਣ ਵਾਲਿਆਂ


www.sikhbookclub.com

ਗੁਰਮੁਖਾਂ, ਅਨਿੰਨ ਉਪਾਸ਼ਕਾਂ, ਅਕਾਲ ਪੁਰਖ ਦੇ ਆਸ਼ਕਾਂ ਨੂੰ ਹੁੰਦਾ ਹੈ। ਗੁਰਮਤਿ ਉਤੇ ਪੂਰੀ ਤਰ੍ਹਾਂ ਚਲਿਆਂ ਦੁਰਮਤਿ ਖੋਈ ਜਾਂਦੀ ਹੈ। ਜਿਸ ਅੰਦਰੋਂ ਦੁਰਮਤਿ ਖੋਈ ਗਈ, ਮਨਮਤਿ ਮਲ ਧੋਈ ਗਈ, ਉਹ ਧੁਰਿ ਪਿਰ ਮੇਲ ਮਿਲਈਆ ਸੰਜੋਗੀ ਜਨ, ਪ੍ਰੀਤਮ ਮਿਲ ਰਹੀ ਸੰਜੋਗਨ ਧਨ (ਇਸਤ੍ਰੀ) ਹਰਿ ਰੰਗਾਂ, ਨਾਮ ਰੰਗਾਂ ਵਿਚਿ ਰਤੀ ਹੋਈ, ਪਿਰ ਪ੍ਰੀਤਮ ਦੇ ਇਸ਼ਕ-ਪਿਰੰਮੀ ਮੌਜ ਵਿਚਿ ਮਤੀ ਹੋਈ ਨਿਤਾਪ੍ਰਤਿ ਰਲੀਆਂ ਮਾਣਦੀ ਹੈ ਅਤੇ ਸੱਚੇ ਪਿਆਰ ਵਿਚਿ ਹੀ ਗੁੱਧੀ ਰਹਿੰਦੀ ਹੈ। ਅਜਿਹੀ ਪਿਆਰ ਵਿਚ ਪਰੁੰਨੀ ਗੁੰਨ੍ਹੀ ਹੋਈ ਮਾਸ਼ੂਕਾ ਹੀ ਆਪਣੇ ਕੰਤ ਰੀਸਾਲੂ ਨੂੰ ਅਤਿ ਪਿਆਰੀ ਲਗਦੀ ਹੈ। ਉਸ ਦੇ ਬਿਰਹੇ ਦੇ ਬੇਦਨੀ ਰੋਗ ਸਭਿ ਚੁੱਕੇ ਜਾਂਦੇ ਹਨ। ਹੋਰ ਸਰੀਰਕ ਤੇ ਮਾਨਸਕ ਰੋਗ ਭੀ ਸਾਰੇ ਦੂਰ ਹੋ ਜਾਂਦੇ ਹਨ। ਇਉਂ ਸਮੁੱਚੇ ਰੋਗਾਂ ਨੂੰ ਨਵਿਰਤ ਕਰਨਹਾਰਾ ਸੱਚਾ ਬੈਦੁ ਗੁਰ ਸਤਿਗੁਰ ਪੂਰਾ, ਦਸ ਗੁਰੂ ਅਵਤਾਰ ਧਾਰਨ ਵਾਲਾ ਗੁਰ ਨਾਨਕ ਹੀ ਹੈ। ਇਸ ਸੱਚੇ ਸਤਿਗੁਰੂ ਬਾਝੋਂ ਹੋਰ ਕੋਈ ਗੁਰੂ ਨਹੀਂ। ਨਾ ਹੀ ਐਸੇ ਸਤਿਗੁਰੂ ਬਾਝੋਂ ਹੋਰ ਕੋਈ ਸੱਚੜਾ ਬੈਦੁ ਹੈ, ਜੋ ਸਾਰੇ ਮਾਨਸਕ ਤੇ ਸਰੀਰਕ ਰੋਗ ਦੂਰ ਕਰ ਸਕੇ। ਇਹ ਸੱਚੜਾ ਬੈਦੁ ਗੁਰੂ ਆਪੇ ਆਪਿ ਨਿਰੰਜਨ ਸਰੂਪ ਹੀ ਹੈ। ਐਸੇ ਨਿਰੰਜਨ ਸਰੂਪ ਨਿਰੰਕਾਰੀ ਗੁਰੂ ਨੂੰ ਮਿਲਿਆਂ ਹੀ ਮਨ ਮਨੂਰ ਦੇ ਗੰਦ ਮੰਦ, ਭਾਵ ਗੰਦੇ ਮੰਦੇ ਕੁਫਰਨੇ ਕਾਫ਼ੂਰ ਹੋ ਕੇ ਉੱਕੇ ਹੀ ਮਿਟ ਜਾਂਦੇ ਹਨ। ਐਸੇ ਮੰਦ ਕੁਫਰਨਿਆਂ ਤੋਂ ਪਾਕ ਹੋਏ ਹਿਰਦਿਆਂ ਵਿਚਿ ਹੀ ਗਿਆਨ-ਪ੍ਰਕਾਸ਼ ਹੁੰਦਾ ਹੈ। ਗਿਆਨ-ਪ੍ਰਕਾਸ਼ੀ ਨੂਰ-ਜੋਤਾਸ਼ੀ ਸੂਰਜ ਦਾ ਤਲੂਅ (ਉਦੇ ਹੋਣਾ) ਹੁੰਦਾ ਹੈ। ਸੱਚ ਗਿਆਨ-ਤਲੂਈ, ਗਿਆਨ ਪ੍ਰਚੰਡੀ ਪਾਰਸ ਚਾਨਣੇ ਦੀ ਪ੍ਰਚੰਡਤਾ ਬਖ਼ਸ਼ਣਹਾਰੇ ਸਾਰ ਗੁਰ-ਸ਼ਬਦ ਦੀ ਪਾਰਸ-ਛੋਹ ਜਿਸ ਨੂੰ ਲਗਦੀ ਹੈ, ਤਿਸ ਗੁਰਮੁਖਿ ਜਨ ਦੇ ਤਿਮਰ ਅਗਿਆਨ ਦੇ ਭਰਮ ਦੇ ਛਉੜ ਕੱਟੇ ਜਾਂਦੇ ਹਨ ਅਤੇ ਤ੍ਰਿਸ਼ਨਾ ਭੁੱਖ ਤੇ ਦੂਖ ਰੋਗ ਸਭਿ ਮਿਟ ਜਾਂਦੇ ਹਨ। ਗਏ ਗੁਆਤੇ ਹੋ ਜਾਂਦੇ ਹਨ। ਐਸੀ ਅਪਰ ਅਪਾਰ ਅਜ਼ਗੈਬੀ ਨੇਅਮਤ ਗੁਰਮੁਖਿ ਜਨ ਵਡਭਾਗੇ ਨੂੰ ਗੁਰ ਪ੍ਰਸਾਦਿ, ਗੁਰੂ ਕਰਤਾਰ ਦੀ ਕਿਰਪਾ ਕਰਿ ਹੀ ਮਿਲਦੀ ਹੈ। **"ਆਪਣ ਲੀਆ ਕਿਛੂ ਨ ਪਾਈਐ ]"** ਨਿਰਾ ਆਪਣੀ ਕਮਾਈ ਤੇ ਸ਼ਾਕਰ ਹੋਇਆਂ ਕਾਈ ਸ਼ੈ ਨਹੀਂ ਮਿਲਦੀ। ਸ਼ੁਕਰੀਏ ਤੇ ਸ਼ੁਕਰ-ਗੁਜ਼ਾਰ ਮਸ਼ਕੂਰ ਹੋਇਆਂ ਸਭ ਕੁਛ ਮਿਲਦਾ ਹੈ, ਅਤੇ ਮਿਲਦਾ ਹੈ ਗੁਰੂ ਕਰਤਾਰ ਦੇ ਦਰੋਂ ਘਰੋਂ। ਆਪਣੀ ਲਈ-ਦੇਈ ਏਥੇ ਨਹੀਂ ਪੁਜਦੀ। ਪੁਜਦੀ-ਸਰਦੀ ਕਮਾਈ ਗੁਰੂ ਆਸਰੇ, ਕਰਤਾਰ ਭਰੋਸੇ ਕੀਤੀ ਹੋਈ ਹੀ ਥਾਇ ਪੈਂਦੀ ਹੈ। **"ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥"**[1]

ਇਉਂ ਤਾਂ ਹਰ ਕੋਈ ਨਾ ਕਰਤਾ ਧਰਤਾ ਆਪਣ ਲਈ-ਲਵਰਤਾ ਬਣ ਬੈਠੇ। ਬਸ, ਆਪਣਾ ਲੀਆ ਦੀਆ ਕਖ ਭੀ ਨਹੀਂ ਹੁੰਦਾ। ਸਰਬ ਕਲਾ ਸਮਰੱਥ ਗੁਰ ਕਰਤਾਰ ਹੀ ਆਪਣੀ ਕਲਾ (ਕਲਾ ਸ਼ਕਤਿ) ਵਰਤਾਇ ਕੇ ਸਭ ਕੁਝ ਕਰਦਾ ਕਰਾਉਂਦਾ ਹੈ। ਇਹ ਉਸ ਦੀ ਪਰਮ ਕਿਰਪਾਲਤਾ ਹੈ। ਕਰਤਾਰ ਸਰੂਪ ਸਤਿਗੁਰੂ ਨੂੰ ਹੀ ਐਸਾ ਪ੍ਰਸਾਦੀ ਬਣਨ ਦੀਆਂ ਤੌਫ਼ੀਕਾਂ ਹਨ, ਜੋ ਧੁਰਿ ਦਰਗਾਹ ਤੋਂ ਪ੍ਰਾਪਤਿ ਹਨ। ਅਗਮ ਨਿਗਮ ਦੀ ਸੋਝੀ ਨਿਰਮਲ ਪਰਤੱਖਤਾ ਵਿਚਿ ਕਰਾਉਣਾ ਸਤਿਗੁਰੂ ਦੇ ਤੌਫ਼ੀਕੀ ਵਿਰਸੇ ਵਿਚਿ ਹੀ ਆਇਆ ਹੈ। ਜਿਥੇ ਕਿਸੇ ਦੀ ਗੰਮਤਾ (ਪਹੁੰਚ) ਨਹੀਂ, ਉਸ ਅਗਮ ਅਗੋਚਰੀ ਪਰਮਾਰਥੀ ਮੰਜ਼ਲ ਤੇ ਪੁਚਾਉਣਾ ਸਿਰਫ਼ ਸਤਿਗੁਰੂ ਦੀ ਸਮਰੱਥਤਾ ਗੋਚਰਾ ਹੀ ਸੀਗਾ ਹੈ। ਜਿਸ ਅਗੰਮੀ ਇਲਮੁਲ ਗ਼ੈਬ ਦੀ ਗੰਮਤਾ ਨੂੰ ਬੇਦ ਕਤੇਬ ਭੀ ਨਹੀਂ ਪਹੁੰਚ ਸਕਦੇ ਉਸ ਤਾਈਂ ਸਤਿਗੁਰੂ ਸਮਰੱਥ ਇਕ ਫੌਰ ਵਿਚਿ ਅਪੜਾਇ ਸਕਦਾ ਹੈ। ਸਤਿਗੁਰੂ ਸਮਰੱਥ ਨੇ ਆਪਣੇ ਪਾਤਰ ਸਿੱਖਾਂ ਗੁਰਮੁਖਿ ਜਨਾਂ ਨੂੰ ਅਗਮ ਅਗੋਚਰੀ ਦ੍ਰਿਸ਼ਜ ਪਰਤੱਖ ਦਿਖਾਇਆ ਹੈ। ਹੁਣ ਭੀ ਸਤਿਗੁਰੂ ਦੇ ਵਰੋਸਾਏ

---

[1] ਬਾਰਹਮਾਹ ਮਾਂਝ ਮਃ ੫ ਘਰੁ ੪. ਪੰਨਾ ੧੩੪

ਦਿਬ ਦ੍ਰਿਸ਼ਟੀ ਵਾਲੇ ਗੁਰਮੁਖਿ ਜਨ ਇਸ ਪਰਤੱਖਤਾ ਦਾ ਅਨੰਦ ਮਾਣਦੇ ਹਨ। ਅਗਮ ਅਗੋਚਰ ਵਾਹਿਗੁਰੂ ਦੇ ਦਰਸ਼ਨਾਂ ਦਾ ਨਜ਼ਾਰਾ ਸਤਿਗੁਰੂ ਆਪਣੇ ਗੁਰਮੁਖਿ ਪਿਆਰਿਆ ਨੂੰ ਨਿਜ ਘਟ ਅੰਦਰਿ ਕਿਰਪਾ ਕਰ ਕੇ ਦਿਖਾਇ ਦਿੰਦਾ ਹੈ। ਗੰਮਤਾ ਤੋਂ ਅਗੋਚਰ ਸਰਬ ਵਿਆਪਕ ਵਾਹਿਗੁਰੂ, ਸਤਿਗੁਰੂ ਦੇ ਪ੍ਰਸਾਦ ਕਰਿ ਘਰ ਅੰਦਰਿ, ਗੁਰਮੁਖਾਂ ਦੇ ਘਟ ਭੀਤਰਿ ਹੀ ਆਇ ਦੀਦਾਰੇ ਦਿੰਦਾ ਹੈ। ਸਤਿਗੁਰੂ ਬਖ਼ਸ਼ੇ ਗੁਰਮਤਿ-ਗਿਆਨ ਦਾ ਵਾਧਾ ਇਹ ਹੈ ਕਿ ਮਾਇਆ ਵਿਚਿ ਰਹਿੰਦਿਆਂ ਹੋਇਆਂ ਹੀ, ਘਰ ਕੁਟੰਬ ਵਿਚਿ ਬਿਚਰਦਿਆਂ ਹੋਇਆਂ ਹੀ ਨਿਰੰਜਨ ਨਿਰੰਕਾਰ ਵਾਹਿਗੁਰੂ ਅਗਮ ਅਗੋਚਰ ਦਾ ਪਰਤੱਖ ਦੀਦਾਰ ਹੋ ਜਾਂਦਾ ਹੈ, ਤੱਤ ਅਪ੍ਰੋਖਸ਼ ਗਿਆਨ ਹੋ ਜਾਂਦਾ ਹੈ। ਜਿਨ੍ਹਾਂ ਉੱਤੇ ਖਾਸ ਵਾਹਿਗੁਰੂ ਦੀ ਨਜ਼ਰ ਹੁੰਦੀ ਹੈ ਤਿਨ੍ਹਾਂ ਨੂੰ ਹੀ ਇਹ ਤੱਤ-ਵੇਦਾਈ ਦੀ ਪਰਤੱਖਤਾ ਘਟਿ-ਦੀਦੱਖਤਾ ਹੁੰਦੀ ਹੈ। ਇਹ ਤੱਤ ਵੱਥੀ ਮਹੱਤਤਾ ਆਪਣਾ ਆਪ ਵਿਚਹੁੰ ਗੰਵਾਉਣ ਵਾਲੇ ਗੁਰਮੁਖਿ ਜਨਾਂ ਨੂੰ ਹੀ ਮਿਲਦੀ ਹੈ, ਜਿਸ ਨੇ ਸਤਿਗੁਰੂ ਦਾ ਸਿੱਖ ਬਣ ਕੇ ਅਨਿੰਨ ਭਗਤੀ ਮਈ ਸੇਵਾ ਕੀਤੀ ਹੋਵੇ। ਪਰਮਾਰਥ ਦਾ ਤੱਤ-ਵਿਲੱਖਣੀ ਮਰਤਬਾ ਸਤਿਗੁਰੂ ਦਾ ਸਿੱਖ ਬਣ ਕੇ ਹੀ ਮਿਲਦਾ ਹੈ। ਸਤਿਗੁਰੂ ਬਾਝਹੁ ਸਭ ਲੁਕਾਈ ਧੰਧ ਕਮਾਉਂਦੀ ਹੀ ਫਿਰਦੀ ਹੈ। ਐਵੇਂ ਕੱਚੇ ਪਿੱਲੇ ਅਲਪਗ ਮਤਿ ਬੁਧੀ ਵਾਲੇ ਡਿੰਭੀ ਗੁਰੂਆਂ ਪਾਸ ਜਾ ਜਾ ਕੇ ਟਕਰਾਂ ਮਾਰਿਆਂ ਕੀ ਬਣਦਾ ਹੈ? ਇਹ ਗੱਲ ਸੋਧ ਸਾਧ ਕੇ ਤੱਤ ਨਿਚੋੜਵੀਂ ਪਰਖ ਵਿਚਿ ਪਰਖੀ ਗਈ ਹੈ।

ਇਕਿ ਐਸੇ ਭੀ ਲੋਕ ਹਨ ਜੋ ਆਪਣੇ ਆਪ ਵਿਚਿ ਹੀ ਆਪਣੇ ਨਿਜ ਖਰੜਾਏ ਖਰੜ ਗਿਆਨ ਦੁਆਰਾ ਕੁਛ ਬਣੇ ਫਿਰਦੇ ਹਨ। ਇਹ ਨਿਰੇ ਹੀ ਹੰਕਾਰੀ ਪੁਰਸ਼ ਹਨ ਅਤੇ ਪਰਲੇ ਦਰਜੇ ਦੇ ਮੂਰਖ ਹਨ। ਭਰਮਿ ਭੁਲੇ ਹੀ ਫਿਰਦੇ ਹਨ। ਜਿਨ੍ਹਾਂ ਦੀ ਕਲਿਆਣ-ਗਤੀ ਹੋਣੀ ਉੱਕੀ ਹੀ ਅਸੰਭਵ (ਨਾਮੁਮਕਿਨ) ਹੈ। ਇਹਨਾਂ ਦੇ ਮੁਕਾਬਲੇ ਵਿਚਿ ਜਿਹੜੇ ਗੁਰਮੁਖਿ ਜਨਾਂ ਨੇ ਨਾਮ ਕਮਾਈਆਂ ਕਰ ਕਰ ਕੇ ਹਉਮੈ ਆਪਣੇ ਆਪ ਵਿਚੋਂ ਮਾਰੀ ਹੈ, ਓਹ **"ਸਚੈ ਸਬਦਿ ਰਤੇ ਬੈਰਾਗੀ"** ਹਨ। ਤਿਨ੍ਹਾਂ ਨੂੰ ਸੱਚਾ ਬੈਰਾਗ ਪਰਮਾਰਥ ਦਾ ਉਪਜਿਆ ਹੈ। ਤਿਨ੍ਹਾਂ ਨੇ ਤੱਤ ਬੈਰਾਗੀ ਬਣ ਕੇ ਪਰਮਾਰਥ ਦੀ ਖੋਜ ਕੀਤੀ ਹੈ। ਤਿਨ੍ਹਾਂ ਨੂੰ ਪਰਮਾਤਮਾ-ਪ੍ਰਾਪਤੀ ਦੀ ਸੱਚੀ ਲਿਵ ਲਗੀ ਹੈ। ਓਹ ਆਪਣੀ ਇਸ ਸੁਚਿਆਰਤਾ ਕਰਿ ਹਿਤੋਂ ਚਿਤੋਂ ਗੁਰਮਤਿ-ਸ਼ਬਦ ਦੇ ਮਾਰਗੀ ਹੋਇ ਹਨ। ਗੁਰ-ਸ਼ਬਦ ਦੀਆਂ ਤੱਤ ਅਤੇ ਅਟੁਟ ਕਮਾਈਆ ਕਰਿ ਕਰਿ ਉਹ ਨਾਮ ਦੇ ਰੰਗਾ ਵਿਚਿ ਰਤੇ ਗਏ ਹਨ। ਐਸੇ ਨਾਮ-ਰਤੇ ਬੈਰਾਗੀਆਂ, ਸ਼ਬਦ-ਅਨੁਰਾਗੀਆਂ, ਸੋਹਾਗ ਸੋਹਾਗਣੀਆਂ ਤੋਂ ਬਿਨਾਂ ਹੋਰ ਸਾਰੇ ਗੰਵਾਰ ਖੋਜੀ ਭਰਮਿ-ਭੁਲੇ ਹੋਏ ਅਹੰਮਤੀ ਆਪਾ-ਪੰਥੀ ਹਨ। ਜਿਨ੍ਹਾਂ ਨੇ ਗੁਰਮੁਖਿ ਬਣ ਕੇ ਗੁਰੂ ਦੁਆਰਿਓਂ ਗੁਰ-ਦੀਖਿਆ ਲੈ ਕੇ ਨਾਮ ਨਹੀਂ ਪ੍ਰਾਪਤਿ ਕੀਤਾ, ਸੋ ਮਨਮੁਖ ਮੂੜ ਗੰਵਾਰ ਹਨ। ਤਿਨ੍ਹਾਂ ਮਨਮੁਖਾਂ ਨੇ ਆਪਣਾ ਸਾਰਾ ਮਾਨੁਖਾ ਜਨਮ ਹੀ ਬਿਰਥਾ ਗੰਵਾ ਲਿਆ। ਅਗੇ ਅਗਲੀ ਦਰਗਾਹੇ ਜਾ ਕੇ ਨਾਮ ਬਿਨਾਂ ਕੋਈ ਭੀ ਬੇਲੀ ਨਹੀਂ। ਗੁਰਮਤਿ ਗੁਰਬਾਣੀ ਦੀ ਇਹ ਸਾਰ ਸਿੱਟੇ ਵਾਲੀ ਨਿਚੋੜਵੀਂ ਵੀਚਾਰ ਹੈ।

ਤ੍ਰਿਕਾਲ-ਦਰਸੀ ਸਰਬੱਗ ਸਤਿਗੁਰੂ ਨਾਨਕ ਸਾਹਿਬ ਨੇ ਚਹੁੰਆਂ ਜੁਗਾਂ ਦਾ ਵੀਚਾਰ ਨਿਚੋੜ ਕਢ ਕੇ ਦੇਖ ਲਿਆ ਹੈ ਕਿ ਸਾਰੇ ਜੁਗਾਂ ਵਿਚਿ ਸੱਚੇ ਸਤਿਗੁਰੂ ਦੀ ਬਸੀਠੀ ਵਿਚ ਮਿਲੇ ਅੰਮ੍ਰਿਤ-ਨਾਮ ਦੁਆਰਾ ਹੀ ਸਭ ਦਾ ਨਿਸਤਾਰਾ ਹੈ। ਅੰਮ੍ਰਿਤ-ਨਾਮ ਹੀ ਸਦਾ ਸੁਖਦਾਤਾ ਹੈ। ਪਰ **"ਜਿਸੁ ਤੂ ਦੇਵਹਿ ਸੋਈ ਪਾਏ"**। ਇਹ ਅੰਮ੍ਰਿਤ ਨਾਮੁ ਜਿਸੁ ਵਡਭਾਗੇ ਗੁਰਮੁਖਿ ਜਨ ਨੂੰ ਤੂੰ ਆਪਣੀ ਕਿਰਪਾ ਕਰਿ ਦੇਵਹਿੰ, ਤਿਸੇ ਨੂੰ ਮਿਲਦਾ ਹੈ। ਇਹ ਗੁਰਮਤਿ ਤੱਤ ਵਿਚਾਰ ਦਾ ਸਾਰ ਸਿੱਟਾ ਹੈ।

ਆਸ਼ੰਕਾ-ਵਾਦੀ ਲੋਗ ਜਿਹੜੀਆਂ ਇਹੋ ਜਿਹੀਆਂ ਅੜਾਉਣੀਆਂ ਪਾਉਂਦੇ ਹਨ ਅਤੇ ਢੁੱਚਰਾਂ ਡਾਹੁੰਦੇ ਹਨ ਕਿ ਮਨੁਖਾਂ ਦਾ ਇਹ ਮਨੂਆ ਮੁਢ ਤੋਂ ਹੀ ਚੰਚਲ ਅਥਵਾ ਬੈਰਾਗੀ ਆਪੇ ਹੀ ਹੋਇਆ ਯਾ

ਕਰਤੇ ਦਾ ਕੀਤਾ ਹੋਇਆ ਚੰਚਲ ਬੈਰਾਗੀ ਬਣਿਆ? ਇਸ ਮਨ ਨੂੰ ਮਮਤਾ ਕਿਥੋਂ ਆ ਲਗੀ? ਮੁੱਢੋਂ ਹੀ ਮਨ ਮਮਤਾ-ਗ੍ਰਸਿਆ ਕਿਵੇਂ ਹੋਇਆ?............

ਇਸ ਵਿਸ਼ੇ ਪ੍ਰਥਾਇ ਪ੍ਰਸ਼ਨੋਤ੍ਰੀ ਗੁਰਵਾਕ ਇਸ ਪ੍ਰਕਾਰ ਆਉਂਦਾ ਹੈ— ਆਪੇ ਹੀ ਗੁਰੂ ਸਾਹਿਬ ਪ੍ਰਸ਼ਨ ਕਰਦੇ ਹਨ ਅਤੇ ਵੀਚਾਰ ਅਭਿਮਾਨੀ ਪੰਡਿਤਾਂ ਨੂੰ ਸੰਬੋਧਨ ਕਰ ਕੇ ਪੁਛਦੇ ਹਨ ਅਤੇ ਉਹਨਾਂ ਦੀ ਨਿਰਉਤਰਤਾ ਅਨੁਮਾਨ ਕੇ ਆਪੇ ਹੀ ਇਸ ਪ੍ਰਕਾਰ ਪ੍ਰਸ਼ਨ ਪਾ ਕੇ ਉਤਰ ਦਿੰਦੇ ਹਨ। ਯਥਾ ਗੁਰਵਾਕ—

> ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥ ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥ ੧ ॥ ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥ ੧ ॥ ਰਹਾਉ ॥ ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ ਗੁਰ ਪਰਸਾਦੀ ਬੂਝਹੁ ਭਾਈ ॥ ਸਦਾ ਰਹਹੁ ਹਰਿ ਕੀ ਸਰਣਾਈ ॥ ੨ ॥

(ਮਲਾਰ ਮਃ ੩ ਘਰੁ ੨, ਪੰਨਾ ੧੨੬੧)

ਵੀਚਾਰ ਵਿਵੇਚਨ— ਮੂਲ ਮੁਢਵੀਂ ਅੰਸ ਇਸ ਮਨ ਦੀ ਗ੍ਰਿਹਸਤ ਸੰਬੰਧਨੀ ਹੈ ਕਿ ਅਤੀਤ ਬੈਰਾਗਨੀ ਹੈ? ਜੇ ਅਤੀਤ ਬੈਰਾਗਨੀ ਹੈ ਤਾਂ ਇਸ ਮਨ ਨੂੰ ਮਮਤਾ ਕਿਥੋਂ ਆ ਲਗੀ? ਇਸ ਮਨ ਦਾ ਮੂਲ ਜੇ ਅਜਨਮਾ ਹੈ, ਵਰਨ ਜਾਤਿ ਜਨਮ ਵਿਚਿ ਆਉਣ ਵਾਲਾ ਨਹੀਂ ਅਤੇ ਜੇਕਰ ਇਹ ਮਨ ਸਦਾ ਅਬਿਨਾਸ਼ੀ ਅੰਸ ਧਾਤ ਵਾਲਾ ਹੈ ਤਾਂ ਇਹ ਚਉਰਾਸੀ ਦਾ ਗੇੜ ਇਸ ਮਨ ਨੂੰ ਕਿਥੋਂ ਆ ਚਿਮੜਿਆ ਹੈ? ਜੇਕਰ ਚੁਰਾਸੀ ਦੇ ਗੇੜ ਵਿਚਿ ਪੈਣ ਵਾਲਾ ਹੈ ਤਾਂ ਇਹ ਮਨ ਚੰਚਲ ਹੈ। ਵੈਰਾਗ ਵਿਰੱਕਤਤਾ ਇਸ ਮਨ ਦੇ ਨੇੜੇ ਨਹੀਂ ਆਈ। ਜੇ ਵਿਰੱਕਤ ਬੈਰਾਗੀ ਇਸ ਮਨ ਨੂੰ ਹੀ ਕਹੀਐ ਤਾਂ ਇਹ ਮਮਤਾ ਰਹਿਤ ਹੋਣਾ ਚਾਹੀਦਾ ਹੈ। ਪ੍ਰੰਤੂ ਆਮ ਤੌਰ ਤੇ ਇਹ ਮਨੂਆ ਮਮਤਾ-ਗ੍ਰਸਿਆ ਹੀ ਦੀਹਦਾ ਹੈ। ਬਹੁਤੀਆਂ ਪੰਡਤਾਈਆਂ, ਵਿਦਿਆ-ਪ੍ਰਬੀਨੀਆਂ ਵਾਲੇ ਬੇਦਾਚਾਰੀ ਫ਼ਿਲਾਸਫ਼ਰਾਂ ਪ੍ਰਤੀ ਇਸ ਪ੍ਰਕਾਰ ਦੇ ਪ੍ਰਸ਼ਨ ਪਾ ਕੇ ਗੁਰੂ ਸਾਹਿਬ ਉਹਨਾਂ ਤੋਂ ਨਿਖੇੜਾ ਕਰਾਉਣਾ ਚਾਹੁੰਦੇ ਹਨ। ਪਰ ਉਹਨਾਂ ਨੂੰ ਇਸ ਨਿਖੇੜ ਨਿਬੇੜੇ ਤੋਂ ਅਸਮਰੱਥ ਸਮਝ ਕੇ ਗੁਰੂ ਸਾਹਿਬ ਆਪ ਹੀ ਉਹਨਾਂ ਦੀ ਨਿਸ਼ਾ ਕਰਾਉਂਦੇ ਹਨ। ਬੇਦ ਸਦਰਸ ਚਟਕੀਲੇ ਸੁਸ਼ਕੀਲੇ ਚੁੰਚ-ਗਿਆਨ ਦੀਆਂ ਪੁਸਤਕਾਂ ਦੇ ਲੱਦ ਲਦਿਆਂ, ਭਾਰਾਂ ਦੇ ਭਾਰ ਬੰਨ੍ਹਿਆਂ ਅਤੇ ਚੁੰਚ-ਗਿਆਨ ਚਰਚਾ ਕਰ ਕੇ ਸਭਾਜੀਤ ਹੋਇਆਂ ਕੁਛ ਨਹੀਂ ਬਣਦਾ, ਸਗੋਂ ਮਨ ਹੋਰ ਚੰਚਲ ਅਤੇ ਅਹੰਮਮਤਾ-ਗ੍ਰਸਤ ਹੋ ਜਾਂਦਾ ਹੈ। ਅਸਲ ਅਧਿਆਤਮ ਤੱਤ ਗਿਆਨ ਪ੍ਰਾਪਤਿ ਨ ਹੋਣ ਕਰਕੇ ਸਗੋਂ ਹੋਰ ਸ਼ੰਕਾਵਾਦੀ ਹੋ ਜਾਂਦਾ ਹੈ। ਨਾ ਹੀ ਮਨ ਵਸਿ ਆਉਂਦਾ ਹੈ, ਨਾ ਮਨ ਮਰਦਾ ਹੈ, ਨਾ ਅਹੰਗਤਾ ਮਰਦੀ ਹੈ, ਸਗੋਂ ਦਿਨੋ ਦਿਨ ਵਧਦੀ ਜਾਂਦੀ ਹੈ।

ਸੱਚਾ ਪੰਡਿਤ ਓਹ ਹੈ ਜੋ ਮਨ ਨੂੰ ਪਰਮਾਤਮਾ ਜੋਤਿ ਸਰੂਪ ਅੰਸ ਸਮਝਦਾ ਹੈ ਅਤੇ ਇਉਂ ਆਪਣਾ ਮੂਲ ਪਛਾਣਦਾ ਹੈ। ਪ੍ਰਚੰਡ ਸ਼ਬਦ-ਗੁਰੂ ਨਾਲਿ ਆਤਮ-ਅਭਿਆਸੀ ਲਿਵ ਜੋੜਦਾ ਹੈ, ਇਹੋ ਮਨ ਦੀ ਸੱਚੀ ਖੋਜ ਵੀਚਾਰ ਹੈ। ਮਨ ਪ੍ਰਥਾਇ ਇਹੋ ਜਿਹੇ ਪ੍ਰਸ਼ਨ ਉਚਾਰ ਕੇ ਪ੍ਰਸ਼ਨ-ਕਰਤਾ ਆਪਣੀ ਚਤੁਰਾਈ ਅਤੇ ਚਪਲਤਾਈ ਜਣਾਉਂਦਾ ਹੈ। ਮਨ ਦੇ ਤੱਤ-ਅੰਸੀ-ਅਸਲੇ ਤੋਂ ਬੇਸੂਝਾਂ, ਮੂੜ ਮਤੀ ਚਤਰ ਕਹਾਵਣ ਵਾਲੇ ਪੰਡਿਤਾਂ ਫ਼ਿਲਾਸਫ਼ਰਾਂ ਨੂੰ ਸੁਮੱਤੇ ਲਾਉਣ ਲਈ ਅਤੇ ਉਹਨਾਂ ਦੀ ਸੋਧਨਾ ਪਰਬੋਧਨਾ ਕਰਨ ਲਈ, ਸੱਚੇ ਪਾਤਸ਼ਾਹ ਸਤਿਗੁਰੂ ਸਾਹਿਬ ਜੀ ਅਸਲ ਉਤਰ ਤੋਂ ਨਿਰਉਤਰ ਦੇਖ ਕੇ,


www.sikhbookclub.com

ਉਨ੍ਹਾਂ ਬੇਦਾਚਾਰੀ ਵਿਦਵਾਨਾਂ ਨੂੰ ਇਉਂ ਉਤਰ ਦਿੰਦੇ ਹਨ ਕਿ ਕਰਤੇ ਪੁਰਖ ਸਰਬ ਸ੍ਰਿਸ਼ਟੀ ਦੇ ਸਾਜਣਹਾਰੇ ਨੇ ਹੀ ਇਸ ਮਨ ਦੀ ਸਾਜਨਾ ਸਾਜੀ ਹੈ। ਮਨ ਦੀ ਸਾਜਨਾ ਮਈ ਸ੍ਰਿਸ਼ਤ ਵਿਚਿ ਪੰਜ ਤੱਤਾਂ ਦੀ ਰਚਨਾ ਕੀਤੀ ਗਈ ਹੈ। ਇਹ ਮਨ ਪੰਜ ਤੱਤ ਕਾ ਜੀਉ ਆਪਣੇ ਅਸਲੇ ਤੋਂ ਹੀ ਰਚਿਆ ਗਿਆ। ਸੋ ਕਰਤੇ ਪੁਰਖ ਨੇ ਹੀ ਮਾਇਆ-ਮਮਤਾ ਦੀ ਗੁਪਤ ਅੰਸ ਇਸ ਮਨ ਦੇ ਅਸਲੇ ਅੰਦਰਿ, ਧਾਤ ਅਸਲੇ ਅੰਦਰਿ ਮਉਜੂਦ ਰਖੀ ਹੈ। ਜੈਸੇ ਅਸਲੇ ਅੰਦਰਿ ਫਲ ਰੂਪੀ ਸਾਰੇ ਅੰਸ ਗੁਪਤ ਲੁਪਤੀ ਮਉਜੂਦਤਾ ਰਖਦੇ ਹਨ, ਤਿਨ੍ਹਾਂ ਗੁਣਾਂ ਦੇ ਪ੍ਰਬਲ ਆਸਰੇ ਹੇਠਾਂ ਇਹ ਮਨ ਲਹਾਉ ਚੜ੍ਹਾਉ ਵਿਚਿ ਪੈ ਕੇ ਕਦੀ ਮਮਤਾ-ਮਾਤਾ ਹੋਇਆ ਚੰਚਲ ਹੋ ਜਾਂਦਾ ਹੇ। ਅਹੰਮਤਿ ਕਰਮ ਕਮਾਉਣ ਕਰਕੇ ਇਹ ਮਮਤਾ ਹੋਰ ਭੀ ਵਧੇਰੇ ਵਧ ਜਾਂਦੀ ਹੈ। ਕਦੀ ਕਰਤੇ ਪੁਰਖ ਦੀ ਹੁਕਮ-ਰਜਾਈ ਨੇਤ ਅੰਦਰਿ ਇਸ ਤੇ ਜਦੋਂ ਨਦਰਿ ਹੋ ਜਾਂਦੀ ਹੈ ਤਾਂ ਇਹ ਮਨੂਆ ਸਿਫਤ-ਸਾਲਾਹੀ ਸੱਚੇ ਸੁਕ੍ਰਿਤ ਕਰਮ ਵਿਚਿ ਲਗ ਕੇ ਮਾਇਆ ਮਮਤਾ ਤੋਂ ਉੱਕਾ ਹੀ ਨਿਰਲੇਪ ਹੋ ਜਾਂਦਾ ਹੈ ਅਤੇ ਉਚੀ ਸੁਰਤੀ ਵਿਚਿ ਬਿਚਰਦਾ ਹੈ। ਮਨ ਦੇ ਆਪਣੇ ਵਸਿ ਕੁਛ ਨਹੀਂ, ਕਰਤੇ ਪੁਰਖ ਦੇ ਹੁਕਮ ਅਨੁਸਾਰ ਇਸ ਦੀ ਬਣਾਵਟ ਰਚਨਾ ਹੀ ਐਸੀ ਹੋਈ ਹੈ ਕਿ ਜਿਸ ਅੰਦਰਿ ਅਸਲੇ ਮਾਤਰ ਹੀ ਮਾਇਆ ਦੀ ਅੰਸ਼ ਮਉਜੂਦ ਹੈ, ਵਰਤਣ ਵਾਲੇ ਮਾਨੁਖ, ਕਰਮ ਕਰਨਹਾਰੇ ਪ੍ਰਾਣੀ ਦੇ ਕਰਤਬਾਂ ਦੀ ਵਧਾਈ ਹੋਈ ਵਧ ਜਾਂਦੀ ਹੈ ਅਤੇ ਘਟਾਈ ਹੋਈ ਘਟ ਜਾਂਦੀ ਹੈ। ਇਸ ਅੰਸ-ਅੰਕੁਰੀ ਕਰਮ-ਸ਼ਗੂਫਰੀ ਸਿੱਟੇ ਦਾ ਫਲ ਕਰਤੇ ਪੁਰਖ ਦੇ ਹਥਿ ਹੈ। ਮਨ ਦੇ ਵਸਿ ਆਪੋਂ ਆਪਣੇ ਕਰਮਾਂ ਦਾ ਫਲ ਚੱਖਣ ਦੀ ਸਮਰੱਥਾ ਨਹੀਂ। ਪਰ ਮਿਲਦਾ ਸਭ ਕੁਛ ਇਸ ਦੇ ਕਰਮਾਂ ਅਨੁਸਾਰ ਹੀ ਹੈ, ਪਰ ਫਲ ਦੇਣਹਾਰ ਦਾਤਾਰ ਵਾਹਿਗੁਰੂ ਆਪ ਹੈ। ਕਰਤੇ ਪੁਰਖ ਨੇ ਆਪਣੀ ਰਚਨਾ ਦਾ ਖੇਲ ਹੀ ਐਸਾ ਰਚਾਇਆ ਹੈ, ਮਨ ਦਾ ਅਸਲਾ ਹੀ ਐਸਾ ਬਣਾਇਆ ਹੈ ਕਿ ਜੋ ਇਸ ਦੇ ਅਧੀਨ ਹੋ ਜਾਂਦੇ ਹਨ, ਜੋ ਪ੍ਰਾਣੀ ਇਸ ਦੇ ਅਧੀਨ ਹੋ ਕੇ ਮਮਤਾ-ਗ੍ਰਸਤ ਹੋ ਕੇ ਕਰਮ ਕਮਾਉਂਦੇ ਹਨ, ਉਹ ਚੁਰਾਸੀ ਦੇ ਗੇੜ ਵਿਚਿ ਪੈ ਜਾਂਦੇ ਹਨ। ਜੋ ਇਸ ਉਤੇ ਹਾਵੀ ਹੋਂਵਦੇ ਹਨ ਸੋ ਉਚ ਸੁਰਤੀ ਵਾਲੇ ਬ੍ਰਹਮਨੇਸ਼ਠੀ ਤੱਤ ਗਿਆਨੀ ਹੋ ਜਾਂਦੇ ਹਨ। ਇਸ ਗੁਹਜ ਭੇਦ ਵਾਲੀ ਗੱਲ ਨੂੰ ਗੁਰ ਪ੍ਰਸਾਦੀ ਹੀ ਬੁਝਿਆ ਜਾ ਸਕਦਾ ਹੈ। ਮਨ ਦੀ ਬਣਤਰ ਦਾ ਅਸਲ ਤੱਤ ਗਿਆਨ ਭੇਦ ਓਸੇ ਵਡਭਾਗੇ ਪੁਰਸ਼ ਨੂੰ ਹੀ ਆਇਆ ਹੈ ਜੋ ਸਤਿਗੁਰੂ ਦੀ ਦੀਖਿਆ ਦਾ ਪ੍ਰਸਾਦ ਲੈ ਕੇ ਉਸ ਨੂੰ ਭਲੀ ਭਾਂਤੇ ਭੁੰਚਦੇ ਸੁੰਚਦੇ ਹਨ। ਇਸ ਭੁੰਚਣ ਸੁੰਚਣ ਦਾ ਜਦੋਂ ਤੱਤ ਜੋਤਿ ਪਰਮ ਅੰਤਰ ਆਤਮੇ ਪ੍ਰਕਾਸ਼ਤ ਹੋ ਜਾਂਦਾ ਹੈ ਤਦੋਂ ਅਗੰਮ ਗਿਆਨ ਦੀ ਸੋਝੀ ਆਉਂਦੀ ਅਤੇ ਸਾਰੀਆਂ ਗੁੰਝਲਾਂ ਖੁਲ੍ਹ ਜਾਂਦੀਆਂ ਹਨ। ਜਿਨ੍ਹਾਂ ਸੁਰਤਿਆਂ ਦੀ ਸੁਰਤੀ ਉਚੇ ਮੰਡਲਾਂ ਵਿਚਿ ਗੁਰੂ ਦੀ ਕਿਰਪਾ ਨਾਲ ਜਾ ਚੜ੍ਹਦੀ ਹੈ ਸੋ ਜਨ ਸਦਾ ਹੀ ਹਰ ਦਮ ਹੀ ਵਾਹਿਗੁਰੂ ਦੇ ਚਰਨਾਂ ਵਿਚਿ ਹੀ ਵਾਸਾ ਰਖਦੇ ਹੋਏ ਵਾਹਿਗੁਰੂ ਨੂੰ ਸਾਂਗੋ ਪਾਂਗੋ ਵੇਖਦੇ ਹਨ। ਤਿਨ੍ਹਾਂ ਨੂੰ ਹੀ ਮਨ ਪ੍ਰਥਾਇ ਤੱਤ ਅਮੁੱਲੇ ਅਸੂਲ ਦਾ ਪਤਾ ਲਗਦਾ ਹੈ, ਨਹੀਂ ਤਾਂ ਮਨ ਦੀਆ ਫ਼ਿਲਾਸਫ਼ੀਆਂ ਵਾਲੇ ਕਰੋੜਾਂ ਹੀ ਟੱਕਰਾਂ ਮਾਰਦੇ ਫਿਰਦੇ ਹਨ।

ਮਨ ਦਾ ਜੋਤਿ ਸਰੂਪੀ ਮੂਲ ਸਮਝਣ ਵਾਲੇ ਤੱਤ ਗੁਰਮਤਿ ਗਿਆਨੀ ਗੁਰਮੁਖਿ ਜਨ ਹੀ ਇਸ ਭੇਦ ਦੇ ਅਸਲ ਹਲ ਤੋਂ ਸੰਤੁਸ਼ਟਤ ਹਨ। ਨਹੀਂ ਤਾਂ ਸਭ ਭੰਬਲ ਭੂਸੇ ਖਾਂਦੇ ਹਨ।

ਗੁਰਮਤਿ ਤੋਂ ਊਰੀ ਕਰਣੀ ਤੇ ਮਾਣ ਕਰਨਾ ਮਹਾਂ ਮੂਰਖਤਾ ਹੈ। ਸਿਫਤਿ-ਸਾਲਾਹ ਤੋਂ ਸੱਖਣੀ ਵਡੀ ਤੋਂ ਵਡੀ ਕਰਣੀ ਵਾਲੇ ਜਗਤ-ਪ੍ਰਸਿਧ ਵਡੀਰੇ ਲੋਗ ਸਦਾ ਭੁਲਦੇ ਆਏ ਹਨ। ਓਹਨਾਂ ਨੂੰ ਪਿਛਲੇ ਅਹੰਮਤਿ ਕਰਮਾਂ ਦੀ ਕਰਣੀ ਦਾ ਫਲ ਇਹ ਮਿਲਦਾ ਆਇਆ ਹੈ ਕਿ ਅਗਲੇ ਜਨਮ ਵਿਚ ਅਵੱਸ਼ ਉਹ ਕਰਮ ਕਰ ਬੈਠਦੇ ਹਨ ਜੋ ਦਰ-ਅਸਲ ਬਿਬਰਜਤ ਕਰਮ ਹੁੰਦੇ ਹਨ, ਜਿਨ੍ਹਾਂ ਤੋਂ ਓਹਨਾਂ ਨੂੰ

ਹੋੜਿਆ ਭੀ ਗਿਆ ਹੁੰਦਾ ਹੈ। ਓਹ ਲੋਗ ਭਾਵੀ ਦੇ ਭੁਚਲਾਏ ਹੋਏ ਓਹੀ ਕਰਮ ਕਰਨੋਂ ਨਹੀਂ ਰੁਕਦੇ। ਦਰ-ਅਸਲ ਐਸੇ ਅਣ-ਰੁਕੇ ਰੁਕਾਏ ਹੋ ਕੇ ਨਾ ਕਰਨ ਯੋਗ ਕਰਮ ਓਹਨਾਂ ਤੋਂ ਸਜ਼ਾ ਦੇ ਤੌਰ ਪਰ ਕਰਾਏ ਜਾਂਦੇ ਹਨ। ਵਡੇ ਵਡੇ ਧਰਮੱਗ ਸਦਾਉਣ ਵਾਲੇ ਲੋਕ ਭੀ ਭੁਲਦੇ ਆਏ ਹਨ ਅਤੇ ਸਜਾਏ ਜਜ਼ਾਏ ਗਏ ਹਨ। ਕਿਸੇ ਨੂੰ ਆਪਣੇ ਨਿਜ ਕਰਮਾਂ ਉਤੇ ਮਾਣ ਨਹੀਂ ਕਰਨਾ ਚਾਹੀਦਾ। ਕਰਨਹਾਰ ਕਰਤਾਰ ਸਮਰੱਥ ਸਿਰਜਨਹਾਰ ਉਤੇ ਹੀ ਸਾਰੀ ਡੋਰੀ ਛਡ ਦੇਣੀ ਚਾਹੀਦੀ ਹੈ। ਉਹੀ ਸਭ ਕੁਝ ਕਰਦਾ ਕਰਾਉਂਦਾ ਹੈ। ਬਸ, "ਕਰੇ ਕਰਾਏ ਆਪਿ ਪ੍ਰਭੁ" ਦੇ ਪ੍ਰਸ਼ਨ ਪ੍ਰਥਾਇ ਇਹ ਉਤਰ ਦਾ ਗੁਰ-ਪ੍ਰਮਾਣ ਦੇ ਕੇ ਅਤੇ ਵਿਆਖਤ ਕਰ ਕੇ ਅਸੀਂ ਇਸ ਪ੍ਰਕਰਣ ਦੀ ਸਮਾਪਤੀ ਕਰਦੇ ਹਾਂ —

> ਪ੍ਰਭਾਤੀ ਮਹਲਾ ੧ ਦਖਣੀ ॥ ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥ ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥ ੧ ॥ ਕੋਈ ਜਾਣਿ ਨ ਭੂਲੈ ਭਾਈ ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥ ੧ ॥ ਰਹਾਉ ॥ ਤਿਨਿ ਹਰੀਚੰਦ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ ॥ ਅਉਗੁਣ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ॥ ੨ ॥ ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥ ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ॥ ੩ ॥ ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥ ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥ ੪ ॥ ਗਣਤ ਨ ਗਣੀਂ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ ॥ ਜੋ ਕਿਛੁ ਵਰਤੈ ਤੁਧੈ ਸਲਾਹੀਂ ਸਭ ਤੇਰੀ ਵਡਿਆਈ ॥ ੫ ॥ ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ ॥ ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ ॥ ੬ ॥ ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ॥ ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ ॥ ੭ ॥ ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥ ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ ॥ ੮ ॥ ੪ ॥
>
> (ਪੰਨਾ ੧੩੪੪)

ਪੂਰਬਲੇ ਕਰਮਾਂ ਦੀ ਗਤੀ ਵਾਲੀ ਭਾਵੀ ਟਲਦੀ ਨਹੀਂ, ਉਹ ਅਵੱਸ਼ ਹੋ ਕੇ ਰਹਿੰਦੀ ਹੈ। ਉਕਤ ਭਾਵੀ ਅਧੀਨੜੇ ਕਰਮ ਹੋ ਕੇ ਰਹਿੰਦੇ ਹਨ, ਟਲਦੇ ਨਹੀਂ। ਕਦਾਚਿਤ ਟਲਦੇ ਨਹੀਂ, ਭੁਗਤਣੇ ਪੈਂਦੇ ਹਨ ਅਤੇ ਕਰਮਾਂ ਦੇ ਰੂਪ ਵਿਚਿ ਭੁਗਤਣੇ ਪੈਂਦੇ ਹਨ। ਉਕਤ ਕਰਮ ਸਜ਼ਾ ਰੂਪ ਵਿਚਿ ਹੁੰਦੇ ਹਨ। ਭਾਵੀ ਦਾ ਭੁਲਾਇਆ ਹੋਇਆ ਵਡੀ ਤੋਂ ਵਡੀ ਮਤਿ ਬੁਧਿ ਚਤਰਾਈ ਵਾਲਾ ਪੁਰਸ਼ ਭੀ ਓਹ ਕਰਮ ਕਰਿ ਬੈਠਦਾ ਹੈ ਜੋ ਅਨੁਚਿਤ ਹੋਣ। ਭਾਵੀ ਭੁਗਤਾਉਣ ਦੀ ਨੱਥ ਕਰਤੇ ਹਥਿ ਹੁੰਦੀ ਹੈ। ਉਪਰਲੇ ਗੁਰਵਾਕ ਅੰਦਰਿ ਆਏ ਉਚਾਰਨ ਹੋਏ ਦ੍ਰਿਸ਼ਟਾਂਤ ਏਸੇ ਭਾਵੀ-ਭੁਲਣੇ ਭਾਵ ਦੇ ਸਾਖੀ ਹਨ।

ਗੋਤਮ ਰਿਖੀ ਆਪਣੇ ਵਕਤ ਦੇ ਪ੍ਰਸਿਧ ਮਹਾਤਮਾ ਹੋਏ ਹਨ। ਉਸ ਮਹਾਤਮਾ ਨੂੰ ਆਪਣੀ ਮਹਾਤਮਤਾਈ ਦਾ ਅਤੇ ਆਪਣੀ ਇਸਤ੍ਰੀ ਦੇ ਸਤਿਬ੍ਰਤ ਹੋਣ ਦਾ ਬੜਾ ਹੀ ਮਾਣ ਸੀ। ਪ੍ਰੰਤੂ ਵਰਤਣਹਾਰ ਭਾਵੀ ਅਨੁਸਾਰ ਇਹ ਭਾਣਾ ਵਰਤਿਆ ਕਿ ਉਸੇ ਵਕਤ ਦੇ ਇਕ ਹੋਰ ਪ੍ਰਸਿਧ ਰਾਜੇ ਇੰਦਰ ਦੀ ਮਤਿ ਮਾਰੀ ਗਈ, ਉਹ ਮਹਾਤਮਾ ਰਿਖੀਸ਼ਰ ਗੋਤਮ ਦੀ ਸਤਿਵੰਤੀ ਇਸਤ੍ਰੀ (ਨਾਰੀ) ਦੇ ਅਤਿ ਸੁੰਦਰ ਰੂਪ ਉਤੇ ਮੋਹਤ ਹੋ ਗਿਆ। ਰਿਖੀ ਗੋਤਮ ਦੀ ਬੁੱਧੀ ਭੀ ਐਸੀ ਫਿਰੀ ਕਿ ਉਹ ਅੱਧੀ

ਰਾਤ ਨੂੰ ਬੇਵਕਤੇ ਹੀ ਦਰਿਆਏ ਤੇ ਇਸ਼ਨਾਨ ਕਰਨ ਲਈ ਟੁਰ ਗਿਆ। ਉਸ ਦੀ ਗ਼ੈਰਹਾਜ਼ਰੀ ਵਿਚਿ ਇੰਦਰ ਨੇ ਦਾਉ ਤਕਾ ਕੇ ਤੇ ਗੋਤਮ ਦਾ ਰੂਪ ਵਟਾ ਕੇ ਧੋਖੇ ਵਿਚਿ ਰਿਖੀ ਦੀ ਸਤਵੰਤੀ ਇਸਤ੍ਰੀ ਦਾ ਸਤ ਭੰਗ ਕਰਿ ਦਿੱਤਾ, ਉਸ ਨਾਲਿ ਸੰਗ ਕਰ ਕੇ। ਭਰਮ ਭੁਲਾਇਆ ਹੋਇਆ, ਕੁਵਖਤੇ ਜਗਾਇਆ ਹੋਇਆ ਰਿਖੀ ਭਾਣੇ ਅੰਦਰਿ ਮੁੜਿ ਮੌਕੇ ਤੇ ਹੀ ਆ ਗਿਆ ਅਤੇ ਕੁਸੰਗ ਹੁੰਦਾ, ਆਪਣੀ ਇਸਤ੍ਰੀ ਦਾ ਸਤ ਭੰਗ ਹੁੰਦਾ ਆਪਣੇ ਅੱਖੀਂ ਹੀ ਉਸ ਨੇ ਦੇਖਿ ਲਿਆ। ਗੋਤਮ ਰਿਖੀ ਨੇ ਕ੍ਰੋਧ ਵਿਚ ਆ ਕੇ ਇੰਦਰ ਨੂੰ ਸਰਾਫ ਦੇ ਦਿੱਤਾ ਕਿ ਜਿਸ ਭਗ ਇੰਦਰੇ ਵਿਸ਼ੇ ਕਾਰਨ ਤੂੰ ਕਾਮ-ਆਤੁਰੇ ਹੋ ਕੇ ਪਰਤ੍ਰਿਆ ਗਮਨ ਕੀਤਾ ਹੈ ਅਤੇ ਪਤਿਬ੍ਰਤਾ ਦਾ ਸਤ ਭੰਗ ਕੀਤਾ ਹੈ, ਜਾਹ ਤੇਰੇ ਸਰੀਰ ਉਤੇ ਹਜ਼ਾਰ ਚਿਹਨ (ਚਿੰਨ੍ਹ) ਭਗ ਦੇ ਹੋ ਜਾਣ। ਹਜ਼ਾਰ ਭਗਾਂ ਦੇ ਚਿੰਨ੍ਹ ਇੰਦਰ ਦੇ ਸਾਰੇ ਸਰੀਰ ਤੇ ਹੋ ਗਏ। ਅੱਤ ਲੱਜਤ ਹੋ ਕੇ ਪਤਾਲ ਵਿਚਿ ਜਾ ਲੁਕਿਆ। ਬੱਜਰ ਪਾਪ ਦੇ ਪਸਚਾਤਾਪ ਕਰ ਕੇ ਪ੍ਰਾਸਚਿਤ ਵਿਚਿ ਇੰਦਰ ਨੇ ਫੇਰ ਬੜਾ ਉੱਗਰ ਤਪ ਕੀਤਾ। ਜਿਸ ਕਰਕੇ ਨਿਸ਼ਾਨ ਮਿਟੇ ਤਾਂ ਨਾ, ਪਰ ਹਜ਼ਾਰ ਭਗਾਂ ਦੇ ਥਾਉਂ ਹਜ਼ਾਰ ਨੇਤ੍ਰਾਂ ਦੇ ਨਿਸ਼ਾਨ ਉਸ ਦੇ ਸਰੀਰ ਤੇ ਹੋ ਗਏ। ਏਸੇ ਕਾਮਨਾ ਨੂੰ ਲੈ ਕੇ ਉਹ ਤਪ ਕਰਨ ਲਗਾ ਸੀ। ਹਜ਼ਾਰ ਭਗਾਂ ਦੀ ਸ਼ਰਮ ਤਾਂ ਲਥੀ, ਹਜ਼ਾਰ ਨੇਤ੍ਰਾਂ ਵਾਲਾ ਹੋ ਕੇ ਫੇਰ ਲੁਕਿਆ ਹੋਇਆ ਬਾਹਰ ਲੋਕਾਂ ਦੇ ਸਾਹਮਣੇ ਆਇਆ। ਮਨ ਵਿਚਿ ਬਥੇਰਾ ਪਛਤਾਇਆ ਕਿ ਮੈਂ ਕੀ ਕਰ ਬੈਠਾ, ਪਰ ਭਾਵੀ ਮਿਟਦੀ ਨਹੀਂ। ਪਿਛਲੇ ਕਰਮਾਂ ਦੀ ਗਤੀ ਟਲਦੀ ਨਹੀਂ। ਪਛਤਾਇਆਂ ਕੀ ਬਣਦਾ ਹੈ! ਕਰਮ ਕਰਤੂਤੀ ਸਜ਼ਾ ਮਿਲ ਕੇ ਹੀ ਰਹੀ। ਉਸ ਨੂੰ ਸਜ਼ਾ ਭੀ ਅਵੱਸ਼ ਮਿਲਣੀ ਸੀ ਤੇ ਇਸ ਸਜ਼ਾ ਵਾਲੇ ਕਰਮ ਭੀ ਉਸ ਤੋਂ ਅਵੱਸ਼ ਕਰਾਉਣੇ ਸੀ। ਪਿਛਲੇ ਕਰਮਾਂ ਦੀ ਗਤੀ ਗਤਾਉਣ ਲਈ ਉਸ ਦੀ ਮਤਿ ਮਾਰੀ ਗਈ, ਭੁਲ ਗਿਆ, ਡੁਲ੍ਹ ਗਿਆ। ਕਰਮਾਂ ਦਾ ਮਾਰਿਆ, ਕਰਮਾਂ ਦਾ ਭੁਲਾਇਆ ਹੋਇਆ ਹੀ ਭੁਲਿਆ। ਇਸ ਸਜ਼ਾ-ਜਿਵਾਊ ਭੁਲਾਉਣੀ ਵਾਲੇ ਕਰਮ ਨਿਆਇਕਾਰੀ ਕਰਨਹਾਰ ਕਰਤਾਰ ਨੇ ਉਸ ਤੋਂ ਆਪਿ ਕਰਾਏ। ਉਸ ਨੂੰ ਡੰਨ ਦੇਣ ਲਈ ਅਤੇ ਗੋਤਮ ਦਾ ਮਾਨ ਤੋੜਨ ਲਈ, ਉਸ ਨੂੰ ਹੀ ਆਪਣੀ ਮਾਨਸਰੀ ਮਤੀ ਦਾ ਬੁਧੂ ਬਣਾ ਕੇ ਹੀ ਠਗਿਆ ਤੇ ਉਸ ਦਾ ਮਾਨ ਤੋੜ ਕੇ ਛਡਿਆ। ਐਨਾ ਚਤਰ ਸਿਆਣਾ ਹੋ ਕੇ ਓਹ ਕਦ ਆਪੇ ਜਾਣ ਕੇ ਭੁਲਦਾ ਸੀ। ਉਸ ਦੀ ਮਤਿ ਮਾਰ ਦਿੱਤੀ ਗਈ ਅਤੇ ਸਿਆਣੇ ਹੁੰਦੇ ਦੀ ਮਤਿ ਇਉਂ ਬੇਤਾਲੀ ਗਈ।

ਭਾਵੀ ਦੇ ਧਕੇ ਹੋਏ ਭਾਣੇ ਅੰਦਰਿ ਭ੍ਰਮਿ ਭੁਲਾਏ ਹੋਏ ਪ੍ਰਿਥਵੀ ਦੇ ਮਾਲਕ ਰਾਜੇ ਹਰੀਸ਼ ਚੰਦਰ ਨੇ ਇਕ ਕੋਰੇ ਕਾਗਦ ਜਿੰਨੀ ਫੁਟੀ ਕਉਡੀ ਜਿੰਨੀ ਕੀਮਤ ਨਾ ਪਾਈ। ਜੇ ਉਸ ਨੂੰ ਪਤਾ ਹੁੰਦਾ ਕਿ ਪੁੰਨ ਦਾਨ ਕੀਤੇ ਉਸ ਨੂੰ ਉਲਟੇ ਪੈਣੇ ਹਨ, ਗੁਣ ਕੀਤੇ ਹੋਏ ਅਉਗਣ ਬਣ ਜਾਣੇ ਹਨ ਤਾਂ ਉਹ ਪੁੰਨ ਦਾਨ ਕਿਉਂ ਕਰਦਾ? ਪੁੰਨ ਦਾਨ ਤਾਂ ਉਸ ਨੇ ਆਪਣੇ ਭਲੇ ਲਈ ਕੀਤੇ ਸਨ, ਪਰ ਫਲੇ ਨਹੀਂ। ਕਿਸੇ ਦਾ ਕੀਤਾ ਕੁਛ ਨਹੀਂ ਹੋ ਸਕਦਾ। ਜੋ ਕਰਤਾਰ ਨੂੰ ਭਾਵੇ ਸੋਈ ਪੁੰਨ ਕਰਮ ਸਫਲ ਫਲਦਾ ਹੈ। ਭਾਣੇ ਦੀ ਲਿਖਤਕਾਰ ਖੇਡ ਐਸੀ ਹੀ ਲਿਖੀ ਹੋਈ ਸੀ ਕਿ ਪੁੰਨ ਕਰਮ ਕੀਤੇ ਦੀ ਕਾਰ ਉਸ ਨੂੰ ਉਲਟੀ ਹੀ ਪੈਣੀ ਹੈ। ਐਡਾ ਪ੍ਰਿਥੀਪਤਿ ਰਾਜਾ ਹੁੰਦਾ ਹੋਇਆ ਉਹ ਦਾਣਿਆਂ ਦੇ ਭਾ ਮੰਡੀ ਵਿਚਿ ਬਿਕਿਆ ਅਤੇ ਬੜੇ ਸਸਤੇ ਭਾ ਬਿਕਿਆ, ਚੰਡਾਲਾਂ ਦੇ ਹਥਿ ਚੰਡਾਲ ਕਰਮ ਕਰਨ ਲਈ ਬਿਕਿਆ ਅਤੇ ਚੰਡਾਲ ਕਰਮ ਉਸ ਨੂੰ ਕਰਨੇ ਪਏ। ਜੇ ਰਾਜਿਓਂ ਚੰਡਾਲ ਬਣ ਜਾਣ ਦੀ ਖੇਡ ਦੇ ਭਾਣੇ ਦੀ ਉਸ ਨੂੰ ਖ਼ਬਰ ਹੁੰਦੀ ਯਾ ਉਸ ਦੇ ਆਪਣੇ ਹਥਿ (ਵਸਿ) ਦੀ ਖੇਡ ਹੁੰਦੀ ਤਾਂ ਉਹ ਕਿਉਂ ਮੰਡੀ ਵਿਚ ਬਿਕਦਾ। ਪਰ ਮੰਡੀ ਵਿਚਿ ਚੰਡਾਲਾਂ ਦੇ ਘਰਿ ਵਿਕਣਾ ਅਤੇ ਚੰਡਾਲ ਦੀ ਕਿਰਤ ਕਰੰਮੀ ਲਿਬੇੜ ਵਿਚਿ ਲਿਬੜਨਾ ਉਸ ਦੇ ਪੂਰਬਲੇ ਕਰਮਾਂ ਦੀ ਧੁਰਿ ਮਸਤਕ ਲਿਖੀ ਲਿਖਤ ਵਿਚ ਪਹਿਲੇ ਹੀ ਲਿਖਿਆ ਹੋਇਆ ਸੀ, ਉਸ ਨੂੰ ਕਉਣ ਮੇਟ ਸਕਦਾ?

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥

(ਰਾਮਕਲੀ ਮਃ ੧ ਦਖਣੀ ਓਅੰਕਾਰ, ਪੰਨਾ ੯੩੭)

ਸਤਿਗੁਰੂ ਤਾਂ ਸਮਰੱਥ ਹੈ ਕਿ ਸੂਲੀ ਦੀ ਸਜ਼ਾ ਸੂਲ ਵਿਚਿ ਭੁਗਤਾ ਦੇਵੇ। ਪਰ ਲਿਖੇ ਲੇਖ ਦੀ ਰੇਖ ਉੱਕੀ ਹੀ ਮਿਟਦੀ ਨਹੀਂ। ਵੰਨਗੀ ਮਾਤਰ ਉਸ ਦਾ ਪਾਹ ਲਗ ਹੀ ਜਾਂਦਾ ਹੈ। ਸਤਿਗੁਰੂ ਸਾਰੀ ਉਮਰ ਵਿਚ ਭੁਗਤਣ ਵਾਲਾ ਕੁਲੇਖ ਇਕ ਸੁਪਨ ਚਮਤਕਾਰ ਵਿਚਿ ਹੀ ਭੁਗਤਾ ਦਿੰਦਾ ਹੈ। ਜੈਸੇ ਕਿ ਗੁਰੂ ਸੱਚੇ ਪਾਤਸ਼ਾਹ ਨੇ ਕਈਆਂ ਦਾ ਭੁਗਤਾਇਆ। ਚੰਡਾਲਾਂ ਚੂਹੜਿਆਂ ਦੇ ਘਰ ਜਨਮ ਲੈ ਕੇ ਸਾਰੀ ਉਮਰ ਚੂਹੜਿਆਂ ਚੰਡਾਲਾਂ ਦੇ ਘਰਿ ਬਿਤਾਉਣ ਵਾਲਾ ਲੇਖ ਇਕ ਚਮਤਕਾਰ ਮਾਤਰ ਵਿਚਿ ਪਰਤੱਖਤਾ ਦਾ ਸਬੂਤ ਦੇ ਕੇ ਕਟਿ ਦਿੱਤਾ। ਬਿਲਮ ਨਹੀਂ ਲਗੀ। ਅਲਪੱਗ ਬੰਦੇ ਦੇ ਵਸਿ ਕੁਛ ਨਹੀਂ ਕਿ ਆਪਣੇ ਕੀਤੇ ਦੀ ਮੇਟਣੀ ਮੇਟ ਸਕੇ। ਏਥੇ ਕੇਵਲ ਗੁਰੂ ਕਰਤਾਰ ਦਾ ਹੀ ਵਸੀਕਾਰ ਹੈ।

ਬਲ ਰਾਜਾ ਬੜਾ ਦਾਨੀ ਰਾਜਾ ਹੋਇਆ ਹੈ। ਉਸ ਤੋਂ ਵਿਸ਼ਨੂੰ ਨੇ ਬਾਵਨ ਅਵਤਾਰ ਬਣ ਕੇ ਬਉਣੇ ਦਾ ਰੂਪ ਧਾਰ ਕੇ ਸਿਰਫ਼ ਢਾਈ ਕਰਮਾਂ ਧਰਤੀ ਦਾ ਦਾਨ ਮੰਗਿਆ। ਬਲ ਰਾਜੇ ਨੇ ਤਿੜ ਕੇ (ਬੜ੍ਹਾ ਕੇ) ਦੇ ਦਿੱਤਾ। ਵਿਸ਼ਨੂੰ ਨੇ ਤਾਂ ਬਾਵਨ (ਬਉਣੇ) ਦਾ ਰੂਪ ਧਾਰ ਕੇ ਬਲ ਰਾਜੇ ਨੂੰ ਛਲਣ ਦਾ (ਛਲ ਲੈਣ ਦਾ) ਬਹਾਨਾ ਹੀ ਬਣਾਇਆ ਸੀ। ਬਲ ਦੇ ਦਾਨ ਦੇਣ ਦਾ ਬਚਨ ਮਿਲਣ ਸਾਰ ਬਾਵਨ ਅਵਤਾਰ ਨੇ ਬੈਰਾਟ ਰੂਪ ਧਾਰ ਕੇ ਬੜੇ ਤੋਂ ਬੜਾ, ਅਤਿ ਵੱਡਾ ਵਿਸਥਾਰ ਦਾ ਕੱਦ ਆਪਣਾ ਬਣਾ ਲਿਆ। ਦੋਹਿ ਕਰਮਾਂ ਵਿਚਿ ਤਾਂ ਧਰਤੀ ਅਸਮਾਨ ਦੋਨੋਂ ਮਿਣ ਲਏ ਅਤੇ ਬਾਕੀ ਰਹਿੰਦੀ ਅਧੀ ਕਰਮ ਵਿਚ ਬਲ ਦਾ ਸਰੀਰ ਮਾਪ ਲਿਆ। ਜੇਕਰ ਬਲ ਰਾਜਾ ਹਰੀ ਦੇ ਬਾਵਨ ਰੂਪੀ ਛਲੀਏ ਸਰੂਪ ਨੂੰ ਪਛਾਣ ਲੈਂਦਾ ਤਾਂ ਕਿਉਂ ਛਲਿਆ ਜਾਂਦਾ? ਤਾਂ ਕਿਉਂ ਉਸ ਨੂੰ ਪਤਾਲ ਜਾਣਾ ਪੈਂਦਾ?

ਰਾਜੇ ਜਨਮੇਜੇ ਨੂੰ ਉਸ ਦੇ ਜੋਤਿਸ਼-ਨਿਪੁੰਨ ਵਿਦਿਆ-ਗੁਰੂ ਬਿਆਸ ਨੇ ਬਥੇਰੀਆਂ ਮੱਤਾਂ ਦੇ ਕੇ ਪੜ੍ਹਾਇਆ ਅਤੇ ਉਸ ਨੂੰ ਬਥੇਰਾ ਬਰਜਿਆ ਕਿ ਤੂੰ ਫਲਾਣੇ ਫਲਾਣੇ ਮੌਕੇ ਘੋੜੇ ਤੇ ਨਾ ਚੜ੍ਹੀਂ। ਜੇ ਚੜ੍ਹਿਆ ਭੀ ਤਾਂ ਫਲਾਣੀ ਅਪੱਛਰਾਂ ਦੇ ਵੇਹੜੇ ਨਾ ਵੜੀਂ। ਜੇ ਉਸ ਦੇ ਵੇਹੜੇ ਜਾ ਵੜਿਆ ਤਾਂ ਉਸ ਅਪੱਛਰਾਂ ਨੂੰ ਵਿਆਹ ਕੇ ਆਪਣੇ ਘਰਿ ਨਾ ਲਿਆਵੀਂ। ਘਰਿ ਲੈ ਭੀ ਆਇਆ ਤਾਂ ਉਸ ਅਪੱਛਰਾਂ ਦੇ ਆਖੇ ਨਾ ਲਗੀਂ, ਨਹੀਂ ਤਾਂ ਤੈਨੂੰ ਰਸਾਤਲ ਵਿਚਿ ਜਾ ਸੁਟੇਗੀ। ਬਥੇਰਾ ਇਸ ਪ੍ਰਕਾਰ ਮੱਤਾਂ ਦੇ ਦੇ ਕੇ ਬਿਆਸ ਨੇ ਰਾਜੇ ਜਨਮੇਜੇ ਨੂੰ ਸਮਝਾਇਆ। ਪਰ ਭਾਵੀ ਮਿਟਦੀ ਨਹੀਂ, ਕਰਮ-ਗਤੀ ਟਲਦੀ ਨਹੀਂ। ਮਸਤਕ ਲਿਖੇ ਲੇਖ ਦੀ ਰੇਖ ਮਿਟਦੀ ਨਹੀਂ। ਐਨ ਮੌਕੇ ਸਿਰ ਜਨਮੇਜੇ ਦੀ ਮਤਿ ਮਾਰੀ ਗਈ। ਉਸ ਨੇ ਸਭ ਕੁਛ ਕੀਤਾ, ਜਿਸ ਤੋਂ ਉਸ ਨੂੰ ਬਰਜਿਆ ਗਿਆ ਸੀ। ਅਪੱਛਰਾਂ ਦੀ ਪ੍ਰੇਰਨਾ ਨਾਲਿ ਰਾਜੇ ਨੇ ਯਗ ਰਚਾਇਆ ਅਤੇ ਅਠਾਰ੍ਹਾਂ ਬ੍ਰਾਹਮਣ ਬੁਲਾਏ। ਰਾਣੀ ਬਰੀਕ (ਪਤਲੇ) ਕਪੜੇ ਪਹਿਨ ਕੇ ਆਈ, ਜਿਸ ਨੂੰ ਵੇਖ ਕੇ ਬ੍ਰਾਹਮਣ ਹੱਸ ਪਏ। ਰਾਜੇ ਨੇ ਕ੍ਰੋਧ ਵਿਚ ਆ ਕੇ ਅਠਾਰ੍ਹਾਂ ਦੇ ਅਠਾਰ੍ਹਾਂ ਬ੍ਰਾਹਮਣ ਹੀ ਮਰਵਾ ਦਿੱਤੇ। ਜਿਸ ਤੋਂ ਉਸ ਨੂੰ ਕੋੜ੍ਹ ਦਾ ਰੋਗ ਹੋ ਗਿਆ। ਕਿਰਤ-ਕਰੰਮੀ ਰੇਖ ਵਾਲਾ ਹੁਕਮੀ ਭਾਣਾ ਚਲਾਇਆ ਚਲਦਾ ਨਹੀਂ, ਟਾਲਿਆ ਟਲਦਾ ਨਹੀਂ। ਕਰਮਾਂ ਤੋਂ ਬਣੇ ਲੇਖ ਟਾਲੇ ਟਲਦੇ ਨਹੀਂ। ਹੁਕਮ ਦੀ ਕਾਰ ਵਿਚਿ ਸਹਸ ਸਿਆਣਪੀ ਗਿਣਤੀ ਮਿਣਤੀ ਪੁਜਦੀ ਨਹੀਂ।

ਗੁਰੂ ਨਾਨਕ ਸਾਹਿਬ ਸਹਿਜ ਸੁਭਾਇ ਬਚਨ ਫ਼ੁਰਮਾਨ ਉਚਾਰਦੇ ਹਨ ਕਿ ਅਕਾਲੀ ਹੁਕਮ ਨੂੰ ਪਛਾਣ ਕੇ ਸਤਿ ਸਤਿ ਕਰ ਕੇ ਮੰਨਣਾ ਹੀ ਗੁਰਮੁਖਤਾਈ ਵਾਲੀ ਹੁਕਮ ਰਜਾਈ ਮਤਿ ਸੁਮਤਿ ਹੈ। ਜੋ ਕੁਛ ਭੀ ਵਰਤਾਰਾ ਵਰਤੇ, ਹੁਕਮ ਰਜ਼ਾ ਵਾਲਾ, ਤਿਸੈ ਵਿਚ ਹੀ ਰਾਜ਼ੀ ਰਹੇ। ਹੇ ਵਾਹਿਗੁਰੂ! ਸਭ ਤੇਰੀ ਹੀ ਵਡਿਆਈ ਹੈ।ਹਰ ਹਾਲਤ ਵਿਚਿ ਤੁਧ ਨੂੰ ਹੀ ਸਲਾਹੁੰਦਾ ਰਹਾਂ। ਗੁਰਮੁਖਿ ਜਨ ਤੇਰਾ ਭਾਣਾ

ਮਿੱਠਾ ਕਰ ਕੇ ਮੰਨਦਾ ਹੋਇਆ ਹਰ ਹਾਲਤ ਵਿਚਿ ਦੁਖ ਸੁਖ ਹਰਖ ਸੋਗ ਤੋਂ ਅਤੀਤ ਨਿਰਲੇਪ ਰਹਿੰਦਾ ਹੈ। ਉਸ ਨੂੰ ਕਦੇ ਲੇਪ ਲਗਦਾ ਹੀ ਨਹੀਂ। ਸਦਾ ਹੱਸ ਵਿਗੱਸ ਕੇ, ਹੁਕਮ ਰਜ਼ਾ ਦਾ ਅਨੁਸਾਰੀ ਹੋ ਕੇ ਹਰ ਦਮ ਸਿਮਰਨ ਵਿਚਿ ਸਾਵਧਾਨ ਹੀ ਰਹਿੰਦਾ ਹੈ। ਸਿਮਰਨ ਸ਼ਰਨਾਈ, ਸ਼ਰਨ ਸਿਮਰਨਾਈ ਵਾਲੀ ਇਹ ਅਤਿ ਅਨੂਪਮੀ ਆਤਮ ਅਵਸਥਾ ਹੈ। ਆਪ-ਹੁਦਰਾ ਮਨਮੁਖ ਮੂਰਖ ਮੁਗਧ ਵੇਲੇ ਸਿਰ ਪਹਿਲਾਂ ਤਾਂ ਵਾਹਿਗੁਰੂ ਨੂੰ ਚੇਤਦਾ ਹੀ ਨਹੀਂ, ਵਖਤ ਪਏ ਤੇ ਜਦੋਂ ਦੁਖ ਲਗੇ ਦੀ ਸਜ਼ਾ ਭੁਗਤਣੀ ਪੈਂਦੀ ਹੈ, ਫੇਰ ਪਛੋਤਾਉਂਦਾ ਹੈ। ਪਰ ਫੇਰ ਪਛਤਾਏ ਕੀ ਬਣਦਾ ਹੈ? ਭਾਣੇ ਦੀ ਕਾਰ ਕਰਨ ਕਰਾਵਨਹਾਰ ਆਪੇ ਕਰਤਾ ਪੁਰਖ ਹੀ '**ਆਪੇ ਕਰੇ ਕਰਾਏ ਕਰਤਾ**' ਹੈ। ਉਸ ਦੀ ਰਚੀ ਰਚਨਾ ਵਿਚਿ ਹੁਕਮ ਰਜ਼ਾਈ ਕਾਰ, ਕਿਰਤ ਕਰੰਮੀ ਭੁਗਤਾਰ ਭੀ ਰਚਨਾ ਦਾ ਇਕ ਅੰਗ ਹੀ ਹੈ। ਗੁਰਮੁਖਿ ਜਨ ਸਦਾ ਰੰਗਾਂ ਵਿਚਿ ਰਹਿੰਦਾ ਹੋਇਆ ਰੰਚਕ ਭੀ ਆਪਾ ਨਹੀਂ ਜਣਾਉਂਦਾ। ਉਹ ਤਾਂ ਸਦਾ ਇਸ ਗੁਰਵਾਕ ਦਾ ਅਨੁਸਾਰੀ ਰਹਿੰਦਾ ਹੈ—

**ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥ ੪ ॥**

**(ਭੈਰਉ ਨਾਮਦੇਉ ਜੀਉ, ਪੰਨਾ ੧੧੬੫)**

ਇਸ ਤੋਂ ਉਲਟ ਮਨਮੁਖ ਨੂੰ ਸਦਾ ਇਹੋ ਅਹੰਗਤਾ ਰੋਗ ਦਾ ਅਭਿਮਾਨ ਚਿਮੜਿਆ ਰਹਿੰਦਾ ਹੈ ਕਿ ਜੋ ਕੁਛ ਕਰਦਾ ਹਾਂ ਸੋ ਮੈਂ ਕਰਦਾ ਹਾਂ। ਚੰਗੇ ਕੰਮ ਕਰ ਕੇ ਅਭਿਮਾਨ ਵਿਚਿ ਪਇਆ ਸੜਦਾ ਬੁਝਦਾ ਦਗਧ ਹੁੰਦਾ ਰਹਿੰਦਾ ਹੈ। ਮੰਦਾ ਕੰਮ ਉਸ ਤੋਂ ਹੋ ਜਾਵੇ ਤਾਂ ਕਰਾਵਣਹਾਰ ਕਰਤਾਰ ਦੇ ਮੱਥੇ ਮੜ੍ਹਦਾ ਹੈ। ਉਥੇ ਇਹ ਖਰੜ ਗਿਆਨ ਛਾਂਟਣ ਲਗ ਪੈਂਦਾ ਹੈ, 'ਮੈਂ ਕੀ ਕੀਤਾ ਹੈ, ਸਭ ਕਰਤਾਰ ਨੇ ਹੀ ਕੀਤਾ ਹੈ।' ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ ਉਹ ਇਸ ਬਿਧਿ ਖਰੜ ਗਿਆਨੀ ਬਣ ਬੈਠਦਾ ਹੈ। ਵਾਸਤਵ ਵਿਚਿ ਉਸ ਦਾ ਇਸ ਗੱਲ ਤੇ ਨਿਸਚਾ ਨਹੀਂ ਹੁੰਦਾ। ਦੋਹਾਂ ਹਾਲਤਾਂ ਵਿਚ ਚੰਗਾ ਮੰਦਾ ਕਰਮ ਕਰਦਿਆਂ ਹੋਇਆਂ ਉਸ ਦੀ ਕਿਸਮਤ ਵਿਚਿ ਤਾਂ ਰਿਝਣਾ ਕਰਿਝਣਾ ਹੀ ਲਿਖਿਆ ਹੋਇਆ ਹੈ, ਜੀਅਹੁੰ ਓਹ ਅਭਿਮਾਨੀ ਹੀ ਬਣਿਆ ਰਹਿੰਦਾ ਹੈ। ਇਹ ਜੀਅੜੀ ਅਭਿਮਾਨ ਅਤੇ ਅਭਿਮਾਨ ਵਿਚ ਰਚਣਾ ਪਚਣਾ ਭੀ ਇਕ ਹੁਕਮ ਰਜ਼ਾਈ ਸਜ਼ਾ ਹੀ ਉਸ ਨੂੰ ਮਿਲੀ ਹੈ। ਹਉਮੈ ਠਗਉਰੀ ਪਾਇ ਕੇ ਭੁਲਾਵਣਹਾਰਾ ਨਿਆਉਂ ਕਰਾਵਣਹਾਰ ਕਰਮ ਕਰਨ ਨਿਆਇਕਾਰਾ ਸਿਰਜਣਹਾਰਾ ਕਰਤਾ ਉਸ ਨੂੰ ਭੁਲਾਇੰਦਾ ਹੈ। ਤਾਹੀਂ ਤੇ ਤਿਸ ਪ੍ਰਥਾਇ ਇਹ ਗੁਰਵਾਕ ਪੰਗਤੀ ਉਪਰਲੇ ਗੁਰ ਪ੍ਰਮਾਣ ਵਿਚ ਆਈ ਹੈ—

**"ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥"**

ਬਸ, ਨਾਮੁ ਰੂਪੀ, ਤੱਤ ਵਸਤੂ (ਸਚੁ) ਦੀ ਕਮਾਈ ਕੀਤਿਆਂ ਸੱਚਾ ਨਿਸਤਾਰਾ ਹੈ। ਕਿਸੇ ਵਿਰਲੇ ਗੁਰਮੁਖਿ ਪਿਆਰੇ ਤੇ ਹੀ ਇਹ ਬਖ਼ਸ਼ ਹੁੰਦੀ ਹੈ ਕਿ ਨਿਰਬਿਘਨ ਨਾਮ ਕਮਾਈ ਕਰਦਿਆਂ ਉਸ ਦੀ ਤੋੜ ਨਿਭਦੀ ਹੈ। ਚੁਰਾਸੀ ਦੇ ਗੇੜ ਅਤੇ ਹਉਮੈ ਦੇ ਫੇਰੇ ਵਿਚ ਪੈਣ ਤੋਂ ਉਸੇ ਦਾ ਹੀ ਸੱਚਾ ਛੁਟਕਾਰਾ ਹੈ।

# ੧੩ - ਕਰਮੁ ਕਹਾਂ ਤੇ ਆਇਆ

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ॥ ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ ॥ ੧ ॥ ਰਾਮ ਕੋਇ ਨ ਕਿਸ ਹੀ ਕੇਰਾ ॥ ਜੈਸੇ ਤਰਵਰਿ ਪੰਖਿ ਬਸੇਰਾ ॥ ੧ ॥ ਰਹਾਉ ॥ ਚੰਦੁ ਨ ਹੋਤਾ ਸੂਰ ਨ ਹੋਤਾ ਪਾਨੀ ਪਵਨੁ ਮਿਲਾਇਆ ॥ ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ ॥ ੨ ॥ ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥ ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ ॥ ੩ ॥ ੩ ॥

(ਰਾਮਕਲੀ ਨਾਮਦੇਉ ਜੀ, ਪੰਨਾ ੯੭੩)

ਇਹ ਗੁਰਵਾਕ ਅੰਨਮਤਾਂ ਦੀ ਵਿਦਤਾਈ ਕਰਮ-ਕਾਂਡੀ ਸਾਕਾਰ ਅਤੇ ਸਰਗੁਣ ਪੂਜਾ ਬਿਬਰਜਤ ਕਰ ਕੇ ਪਰਮ ਤੱਤ ਪਰਮੇਸ਼ਰ ਪਰਮਾਤਮਾ ਦੀ ਨਿਰਾਕਾਰ ਅਤੇ ਨਿਰਗੁਣ ਸਰੂਪਣੀ ਪੂਜਾ ਦ੍ਰਿੜ੍ਹਾਉਂਦਾ ਹੈ। ਭਾਵ ਅਰਥ ਇਸ ਗੁਰਵਾਕ ਦਾ ਇਹ ਹੈ ਕਿ ਰਚਣਹਾਰ ਕਰਤਾਰ ਦੀ ਰਚਨਾ ਰਚੇ ਜਾਣ ਤੋਂ ਪਹਿਲਾਂ ਜਦੋਂ ਕੋਈ ਆਕਾਰ ਨਹੀਂ ਸੀ ਤਦੋਂ ਨਾ ਸਾਕਾਰੀ ਕਾਇਆਂ ਜੀਵਾਂ ਪ੍ਰਾਣੀਆਂ ਦੀ ਸੀ, ਕਿਉਂਕਿ ਪੰਜ ਤੱਤ ਭੀ ਓਦੋਂ ਨਹੀਂ ਸੀ ਬਣੇ, ਪੰਜਾਂ ਤੱਤਾਂ ਬਿਨਾਂ ਕਾਇਆਂ ਸਰੀਰ ਦੀ ਹੋਂਦ ਅਸੰਭਵ ਹੈ, ਤਾਂ ਨਾ ਇਹ ਜੀਵ ਪ੍ਰਾਣੀ ਸਨ, ਨਾ ਇਹਨਾਂ ਜੀਵਾਂ ਦੇ ਜਣਨਹਾਰੇ ਮਾਤਾ ਪਿਤਾ ਸਨ, ਇਹਨਾਂ ਜੀਵਾਂ ਦੇ ਜਣਨਹਾਰਿਆਂ ਦੇ ਸਾਕਾਰ ਆਕਾਰੀ ਸਰੂਪ ਕਾਇਆਂ ਬਿਨਾਂ ਕਰਮ ਕਰਨਹਾਰਾ ਭੀ ਕੋਈ ਨਹੀਂ ਸੀ, ਤਾਂ ਤੇ ਕਰਮ ਦਾ ਭੀ ਅਭਾਵ ਹੀ ਸੀ। ਜਦੋਂ ਅਸੀਂ ਤੁਸੀਂ ਕੋਈ ਭੀ ਨਹੀਂ ਸੀ, ਉਸ ਸਮੇਂ ਇਹ ਭੀ ਪਤਾ ਨਹੀਂ ਸੀ ਲਗਦਾ ਕਿ ਕਵਨ ਜੀਵ ਕਿਸ ਥਾਨ ਤੋਂ ਆਇਆ ਹੈ।

ਤਾਂ ਤੇ ਇਹ ਕਹਿਣਾ ਅਨੁਚਿਤ ਨਹੀਂ ਕਿ ਆਦਿ ਮੂਲ ਤੋਂ ਕੋਈ ਜੀਵ ਕਿਸੇ ਦਾ ਸਨਬੰਧੀ ਨਹੀਂ, ਕਿਸੇ ਦਾ ਕੋਈ ਕੁਛ ਨਹੀਂ ਲਗਦਾ। ਕੇਵਲ ਅਕਸਮਾਤ ਹੀ ਏਹਨਾਂ ਦਾ ਮੇਲ ਸੰਜੋਗ ਹੋ ਗਿਆ ਹੈ ਤੇ ਹੋ ਰਹਿਆ ਹੈ, ਜੈਸੇ ਐਧਰੋਂ ਓਧਰ ਆਏ ਪੰਛੀਆਂ ਦਾ ਬਿਰਛ ਤੇ ਬਸੇਰਾ ਹੋ ਜਾਂਦਾ ਹੈ। ਜੇਕਰ ਇਉਂ ਕਹੋ ਕਿ ਕਰਮਾਂ ਦੇ ਪ੍ਰਭਾਵ ਕਰਕੇ ਇਹਨਾਂ ਜੀਵਾਂ ਦਾ ਪਰਸਪਰ ਸੰਜੋਗ-ਸੰਬੰਧ ਹੋ ਗਿਆ ਹੈ ਤਾਂ ਭੀ ਇਹ ਕਹਿਣਾ ਅਨੁਥਾ ਹੈ, ਕਿਉਂਕਿ ਜਦੋਂ ਅਜੇ ਰਚਨਾ ਹੀ ਨਹੀਂ ਰਚੀ ਗਈ ਸੀ, ਦੇਹ ਆਕਾਰ ਹੀ ਨਹੀਂ ਬਣੇ ਸਨ, ਨਾ ਹੀ ਦੇਹ ਆਕਾਰ ਵਾਲੇ ਜਿਸਮੀ ਮੁਜੱਸਮ ਇਨਸਾਨ ਹੈਵਾਨ ਜੀਵ ਪ੍ਰਾਣੀ ਹੀ ਬਣੇ ਸਨ, ਤਾਂ ਕਰਮ ਕਿਥੋਂ ਆ ਗਿਆ।

ਇਸ ਸਾਰੀ ਰਚਨਾ ਤੋਂ ਪਹਿਲਾਂ ਜਦੋਂ ਸਭ ਤੋਂ ਬੜੇ ਦ੍ਰਿਸ਼ਟਮਾਨ ਜ਼ਮੀਨ ਆਸਮਾਨ ਚੰਦ ਸੂਰਜ ਹੀ ਨਹੀਂ ਸੀ ਬਣੇ ਅਤੇ ਨਾ ਹੀ ਪਵਨ ਪਾਣੀ ਆਦਿਕ ਪੰਜ ਤੱਤ ਬਣੇ ਸਨ, ਜਿਨ੍ਹਾਂ ਦੇ ਮੇਲ ਨਾਲਿ ਮਿਲਾਇਆ ਹੋਇਆ ਸਰੀਰ ਆਕਾਰ ਬਣਦਾ ਹੈ, ਅਜੇ ਪਵਨ ਪਾਣੀ ਆਦਿਕ ਪੰਜਾਂ ਤੱਤਾਂ


www.sikhbookclub.com

ਦਾ ਮੇਲ ਹੀ ਨਹੀਂ ਮਿਲਾਇਆ ਗਿਆ ਸੀ, ਨਾ ਹੀ ਓਦੋਂ ਕੋਈ ਸ਼ਾਸਤ੍ਰ ਬਣਿਆ ਸੀ, ਨਾ ਕੋਈ ਬੇਦ ਬਣਿਆ ਸੀ, ਕਿਉਂਕਿ ਬੇਦਾਂ ਸ਼ਾਸਤ੍ਰਾਂ ਦੇ ਬਣਾਉਣ ਵਾਲੇ ਰਿਖੀਆਂ ਦੇ ਸਰੀਰਾਂ ਦੀ ਬਣਾਵਟ ਹੀ ਨਹੀਂ ਸੀ ਬਣੀ, ਪੰਜਾਂ ਤੱਤਾਂ ਦੀ ਮਿਲਾਵਟ ਹੀ ਨਹੀਂ ਸੀ ਹੋਈ, ਸੰਸਾਰ-ਰਚਨਾ ਬਿਨਾਂ ਜੀਵਾਂ ਨੂੰ ਧਰਮ ਉਪਦੇਸ਼ ਕਰਨ ਵਾਲੇ ਇਹ ਬੇਦ ਸ਼ਾਸਤ੍ਰ ਆਦਿਕ ਪੁਸਤਕ ਹੀ ਨਹੀਂ ਰਚੇ ਗਏ ਸੀ, ਤਾਂ ਉਸ ਸਮੇਂ ਬ੍ਰਹਮ-ਉਪਦੇਸ਼ ਬਿਨਾਂ ਅਤੇ ਧਰਮ-ਉਪਦੇਸ਼ ਕਰਨ ਵਾਲੇ ਅਤੇ ਧਰਮ-ਉਪਦੇਸ਼ਾਂ ਤੇ ਚਲਣ ਵਾਲੇ ਜੀਵਾਂ ਪ੍ਰਾਣੀਆਂ ਬਿਨਾਂ ਕਰਮ ਕਿਥੋਂ ਆ ਗਿਆ? ਭਾਵ ਕਰਮ ਕਿਤੋਂ ਭੀ ਨਹੀਂ ਸੀ ਆਇਆ। ਕਰਮਾਂ ਦਾ ਨਮੂਦ ਹੀ ਨਹੀਂ ਸੀ। ਤਾਂ ਤੇ ਸਦਾ ਸਦਾ ਅਬਿਚਲ ਰਹਿਣ ਵਾਲਾ ਇਕ ਮੂਲ ਪਰਮ ਤੱਤ, ਸਭ ਤੱਤਾਂ ਦਾ ਆਸਰਾ ਨਿਰਾਕਾਰ ਪਰਮਾਤਮਾ ਵਾਹਿਗੁਰੂ ਹੀ ਹੈ। ਤਿਸ ਦੀ ਪ੍ਰਾਪਤੀ ਨਿਰਾਕਾਰ ਨਿਰੰਜਨੀ ਸ਼ਬਦ ਦੁਆਰਾ ਹੀ ਸੰਭਵ ਹੈ, ਜੋ ਨਿਰੰਕਾਰੀ ਗੁਰੂ ਦੀ ਕਿਰਪਾ ਨਾਲਿ ਪ੍ਰਾਪਤਿ ਹੁੰਦਾ ਹੈ।

ਕਰਮਾਂ ਕਾਂਡਾਂ ਦੇ ਰਾਹੀਂ ਇਹ ਪ੍ਰਾਪਤੀ ਕਦਾਚਿਤ ਨਹੀਂ ਹੁੰਦੀ। ਨਿਰੰਕਾਰ ਵਾਹਿਗੁਰੂ ਦੀ ਪ੍ਰਾਪਤੀ ਦਾ ਮੁਖ ਮੂਲ ਨਿਰੰਕਾਰੀ ਗੁਰੂ ਦੀ ਨਦਰਤਾ ਦੇ ਸਦਕੇ ਨਿਰੰਕਾਰੀ ਨਾਮ ਹੀ ਹੈ। ਨਾ ਹੀ ਯੋਗ ਦੀ ਮੁੰਦਰਾ ਹੈ, ਨਾ ਹੀ ਤੁਲਸੀ ਮਾਲਾ ਆਦਿਕ ਆਨਮਤੀ ਕਰਮ ਕਾਂਡ ਵਾਲੀ ਪੂਜਾ ਹੈ। ਜੋ ਪੁਰਸ਼ ਨਿਰੰਕਾਰ ਵਾਹਿਗੁਰੂ ਨਿਰੰਜਨ ਦੀ ਪ੍ਰਾਪਤੀ ਹੇਤ ਖੇਚਰੀ ਭੂਚਰੀ ਮੁੰਦਰਾ ਦੀ ਯੋਗ-ਸਾਧਨਾ ਕਰਦੇ ਹਨ, ਅਥਵਾ, ਪਾਖੰਡ ਕਰਮਾਰੀ ਤੁਲਸੀ ਦੀ ਮਾਲਾ ਦੀ ਧਾਰਨਾ ਆਦਿਕ ਆਨਮਤੀ ਕਰਮ ਕਮਾਉਂਦੇ ਹਨ ਤਿਨ੍ਹਾਂ ਦੀ ਇਹ ਘਾਲ ਅਜਾਈਂ ਹੀ ਜਾਂਦੀ ਹੈ। ਪਰਮਾਤਮਾ ਪਾਰਬ੍ਰਹਮ ਕੇਵਲ ਗੁਰੂ ਦੀ ਦਇਆ ਮਇਆ ਦੁਆਰੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੀ ਪਾਇਆ ਜਾ ਸਕਦਾ ਹੈ; ਖੇਚਰੀ ਆਦਿਕ ਆਨਮਤ ਸਾਧਨਾਂ ਨਾਲਿ ਨਹੀਂ ਪਾਇਆ ਜਾਂਦਾ। ਹਠ ਯੋਗ ਦੁਆਰਾ ਪ੍ਰਾਣਾਂ ਨੂੰ ਹੇਠ ਉਤੇ ਕਰਨ ਦੇ ਸਾਧਨ, ਹਿਠਾਹਾਂ ਉਤਾਹਾਂ ਚਾੜ੍ਹਨ ਦੇ ਆਨਮਤੀ ਕਰਮ ਸਭ ਨਿਸਫਲ ਹਨ। ਤਾਲੂਏ ਵਿਚਿ ਜੀਭ ਅੜਾ ਕੇ ਪ੍ਰਾਣ ਰੋਕਣ ਨੂੰ ਹੀ ਖੇਚਰੀ ਮੁੰਦਰਾ ਕਹਿੰਦੇ ਹਨ ਤੇ ਭਵਾਂ (ਭਰਵੱਟਿਆਂ) ਦੇ ਵਿਚਕਾਰ ਨਿਗਾਹ ਟਿਕਾ ਕੇ ਪ੍ਰਾਣਾਯਾਮ ਕਰਨ ਨੂੰ ਭੂਚਰੀ ਮੁੰਦਰਾ ਆਖਦੇ ਹਨ। ਇਹਨਾਂ ਹਠ-ਯੋਗ ਸਾਧਨਾਂ ਨਾਲਿ ਅਤੇ ਤੁਲਸੀ ਮਾਲਾ ਆਦਿਕ ਧਾਰਨ ਵਾਲੇ ਆਨਮਤ ਕਰਮਾਂ ਨਾਲਿ ਕੁਛ ਲੱਭਤਾ ਨਹੀਂ ਹੁੰਦੀ। ਸਿਰੀ ਨਾਮਦੇਵ ਜੀ ਫ਼ੁਰਮਾਉਂਦੇ ਹਨ ਕਿ ਕਰਤਾ ਪੁਰਖ ਹੀ ਸਭਸ ਦਾ ਆਦਿ ਕਾਰਣ ਪਰਮ ਤੱਤ ਹੈ। ਤਿਸੀ ਵਾਹਿਗੁਰੂ ਨਿਰੰਕਾਰ ਨੇ ਆਪਣਾ ਤੱਤ ਸਰੂਪ ਨਿਰੰਕਾਰੀ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੇ ਵਿਚਿ ਦੀ ਹੋ ਕੇ ਲਖਾਇਆ ਹੈ ਅਤੇ ਧੁਰਵਾ ਬੰਨ੍ਹਿ ਦਿਖਾਇਆ ਹੈ ਕਿ ਜਦ ਕਦ ਨਿਰੰਕਾਰ ਵਾਹਿਗੁਰੂ ਲਖਿਆ ਜਾ ਸਕਦਾ ਹੈ ਤਾਂ ਗੁਰੂ ਨਾਨਕ ਨਿਰੰਕਾਰੀ ਦੇ ਕਿਰਪਾ ਪ੍ਰਸਾਦ ਕਰਿ ਹੀ ਲਖਿਆ ਜਾ ਸਕਦਾ ਹੈ, ਐਵੇਂ ਨਹੀਂ।

ਸ੍ਰਿਸ਼ਟੀ ਦੇ ਮੁਢ ਤੋਂ ਹੀ, ਆਦਿ ਰਚਨਾ ਦੇ ਆਗਾਜ਼ ਤੋਂ ਹੀ, ਜੁਗਾਂ ਦੇ ਆਦਿ ਤੋਂ ਹੀ ਇਹ ਨਿਰੰਕਾਰੀ ਧੁਰਵਾ ਅਗਾਧ ਨਿਰੰਕਾਰੀ ਕਲਾ ਦੁਆਰਾ ਬੰਨ੍ਹ ਦਿੱਤਾ ਗਿਆ ਹੈ ਕਿ ਜੀਵਾਂ ਦਾ ਉਧਾਰ-ਨਿਸਤਾਰਾ ਸਰਬ ਦਾ ਨਿਰੰਕਾਰੀ ਨਾਮ ਦੁਆਰਾ ਹੀ ਹੋਵੇਗਾ। ਨਿਰਗੁਣ ਨਿਰੰਕਾਰ ਪਰਮਾਤਮਾ ਦੀ ਪ੍ਰਾਪਤੀ ਨਿਰੰਕਾਰੀ ਨਾਮ ਦੁਆਰਾ ਹੀ ਹੋਵੇਗੀ। ਹੋਰ ਕਰਮ ਕਾਂਡ ਸਭ ਨਿਸਫਲ ਜਾਣਗੇ। ਕਰਮ ਦੀ ਆਦਿ ਸਤਤਾ ਹੈ ਹੀ ਨਹੀਂ। ਆਦੋਂ ਹੀ ਕਰਮ ਦੀ ਕਲਿਆਣਕਾਰੀ ਕਲਾ ਕਰਮਾਂ ਦਾ ਵਜੂਦ ਹੀ ਨਹੀਂ ਸੀ। ਨਿਰੰਕਾਰੀ ਨਾਮ ਦਾ


www.sikhbookclub.com

ਸੱਤਾ ਨਾਲਿ ਹੀ ਵਜੂਦ ਮਉਜੂਦ ਸੀ। ਸੁਯੰਭਵੀ ਸਤਤਾ ਅਤੇ ਸੱਤਾ ਰਖਣ ਵਾਲੇ ਨਿਰੰਕਾਰੀ ਨਾਮ ਦੇ ਨਾਲਿ ਭਲਾ ਕਰਮ ਦਾ ਮੁਕਾਬਲਾ ਹੀ ਕੀ? ਕਰਮ ਦੀ ਹੈਸੀਅਤ ਹੈਅਤ ਹੀ ਕੀ? ਸਰਬੱਗ ਵਾਹਿਗੁਰੂ ਦੀ ਹੋਂਦ ਦੇ ਤੱਤ ਗਿਆਨ ਤੋਂ ਘੁਥੇ ਅਲਪੱਗ ਪੁਰਸ਼ਾਂ ਨੇ ਕਰਮ ਦੀ ਸਾਜਨਾ ਆਪਣੀ ਅਲਪੱਗਤਾ ਨਾਲਿ ਹੀ ਸਜਾ ਲਈ। ਖ਼ਬਰ ਨਹੀਂ ਕਦੋਂ ਸਾਜੀ। ਖ਼ਬਰੇ **"ਕਰਮੁ ਕਹਾਂ ਤੇ ਆਇਆ"**, ਚਹੁੰਆਂ ਜੁਗਾਂ ਵਿਖੇ 'ਕਰਮ' ਕਰ ਵਸੀਕਾਰ ਰੰਚਕ ਭੀ ਨਾਹੀ ਸੀ, ਕਰਮ ਦੀ ਨਿਪੁੰਸਕਤਾ ਹੀ ਨਿਪੁੰਸਕਤਾ ਸਿਧ ਹੁੰਦੀ ਹੈ। ਤੱਤ ਪਰਮਾਤਮ ਦੀ ਸਤਿ ਕਲਾ ਤੋਂ ਅਗਿਆਤ ਕਈ ਅਗਿਆਨੀ ਮਹਾਤਮਾਵਾਂ ਨੇ ਕਰਮ ਨੂੰ ਹੀ ਪਰਮ ਤੱਤ ਮੰਨ ਕੇ, ਉਸ ਨੂੰ ਸਰਬ ਸ੍ਰੇਸ਼ਟਤਾ ਦੇ ਦਿੱਤੀ ਅਤੇ ਮਹਾਂ ਕਾਲ ਅਕਾਲ ਪੁਰਖ ਤੋਂ ਮੁਨਕਰ ਹੋ ਬੈਠੇ। ਤਿਨ੍ਹਾਂ ਵਡੇਰੂਆਂ ਦਾ ਐਸਾ ਪਹਿਰਾ ਭੀ ਆਇਆ ਹੈ, ਐਸਾ ਸਮਾਂ ਭੀ ਹੋ ਗੁਜ਼ਰਿਆ ਹੈ ਕਿ ਉਹਨਾਂ ਦੇ ਉਪਦੇਸ਼ ਦੇ ਸਮੇਂ ਨਾਸਤਕਤਾ ਹੀ ਨਾਸਤਕਤਾ ਇਸ ਭਾਰਤ ਵਰਸ਼ ਵਿਚਿ ਛਾ ਗਈ ਸੀ। ਅਤੇ ਹੋਰ ਖੰਡਾਂ ਤੀਕ ਭੀ ਛਾਉਣ ਲਗੀ ਸੀ, ਪਰ ਪਾਖੰਡ ਕਦੋਂ ਕੁ ਤਾਈਂ ਚਲਦਾ ਹੈ। ਪਾਖੰਡੀ ਦੁਨੀਆ ਪਾਖੰਡ ਕਰਮਾਂ ਧਰਮਾਂ ਪਿਛੇ ਹੀ ਬਹੁਤੀ ਧਾਉਂਦੀ ਹੈ ਅਤੇ ਇਸ ਬਹੁਲਤਾ ਦੀ ਅਲਖ ਸਦਾ ਮਿਟਦੀ ਰਹੀ ਹੈ। ਬਹੁਤਾ ਚਿਰ ਨਹੀਂ ਰਹਿੰਦੀ। ਛੇਤੀ ਹੀ ਨਿਬੇੜਾ ਹੋ ਜਾਂਦਾ ਹੈ। ਮੁਢ ਤੋਂ ਹੀ ਭੇਡਾਚਾਰੀ ਬਹੁਲਤਾ ਖੱਜਲ ਖੁਆਰ ਹੁੰਦੀ ਰਹੀ ਹੈ। ਕਰਮਾਂ ਦੇ ਪਿਛੇ ਲਗੀ ਬਹੁਤੇ ਸਿਆਣਿਆਂ ਦੀ ਦੁਨੀਆ ਭੀ ਰੁੜ੍ਹ ਗਈ ਅਤੇ ਰੁੜ੍ਹਦੀ ਰਹੀ ਹੈ। ਅਤਿ ਸਿਆਣੇ, ਸਭ ਤੋਂ ਬਹੁਤੇ ਸਿਆਣੇ ਸ਼ੁਸ਼ਕ ਕਰਮ ਫ਼ਿਲਾਸਫ਼ੀ ਦੀ ਧਸਣ ਵਿਚਿ ਧਸ ਕੇ ਰਹਿ ਖੜੋਤੇ। ਭਲਾ ਉਸ ਕਰਮ ਦਾ ਕੀ ਮਾਣ, ਜਿਸ ਦੀ ਬੇਥੋਹੀ ਹੋਂਦ ਦਾ ਹੀ ਪਤਾ ਨਹੀਂ ਕਿ ਕਰਮ ਕਦੋਂ ਅਤੇ ਕਿਥੋਂ ਆਇਆ? ਏਹਨਾਂ ਫੋਕੀਆਂ ਪ੍ਰਸ਼ਨੋਤਰੀਆਂ ਵਿਚਿ ਪੈਣ ਨੂੰ ਕਿ ਕਰਮ ਕਹਾਂ ਤੇ ਆਇਆ? ਸ੍ਰਿਸ਼ਟੀ ਦਾ ਆਦਿ ਕਿਵੇਂ ਬਣਿਆ? ਇਹ ਲੋਕ ਮਹਾਂ ਅਕਲ ਭਰੀ ਫ਼ਿਲਾਸਫ਼ੀ ਸਮਝਦੇ ਹਨ। ਆਦਿ ਵਿਚ ਤਾਂ ਕਰਮਾਂ ਦਾ ਨਮੂਦ ਭੀ ਨਹੀਂ ਸੀ। ਜੈਸੇ ਕਿ ਇਹ ਗੁਰਵਾਕ ਦਰਸਾਉਂਦੇ ਹਨ—

> **ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ ੧ ॥ ਅਸਟਪਦੀ ॥ ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ ਕਹ ਤੇ ਹੋਤਾ ॥**

**(ਗਉੜੀ ਸੁਖਮਨੀ ਮਃ ੫, ਪੰਨਾ ੨੯੦)**

ਜਦੋਂ ਨਿਰੰਕਾਰ ਵਾਹਿਗੁਰੂ ਆਪਣੇ ਸਰੂਪ ਵਿਚਿ ਨਿਰਗੁਣ ਸਰਗੁਣਤਾ ਦੀ ਅੰਸਤਾ ਸਹਿਤ ਨਿਜ ਸਮਾਧੀ ਵਿਚਿ ਹੀ ਅਸਥਿਰ ਸੀ ਅਤੇ ਸਾਕਾਰ, ਆਕਾਰ ਧਾਰ ਕੇ ਆਪਣੇ ਰੂਪ ਨੂੰ ਪ੍ਰਗਟਾਉਣ ਤੋਂ ਪਹਿਲਾਂ ਜਦੋਂ ਇਹ ਦਿਸਦਾ ਆਕਾਰ ਕੁਛ ਭੀ ਨਜ਼ਰ ਨਹੀਂ ਸੀ ਆਉਂਦਾ, ਓਦੋਂ ਪਾਪ ਪੁੰਨ ਰੂਪੀ ਕਰਮ ਕਿਥੇ ਸਨ ਅਤੇ ਕਿਸ ਤੋਂ ਹੋ ਸਕਦੇ ਸਨ? ਜਦੋਂ ਕਰਮਾਂ ਦਾ ਕਰਨਹਾਰਾ ਹੀ ਕੋਈ ਨਹੀਂ ਸੀ, ਕਰਮ ਕਰਨਹਾਰੇ ਦਾ ਵਜੂਦ ਹੀ ਨਹੀਂ ਸੀ ਤਦ ਕਰਮਾਂ ਦਾ ਵਜੂਦ ਕਿਵੇਂ ਹੋ ਸਕਦਾ ਹੈ? 'ਕਹਤੇ' ਪਾਠ ਨਹੀਂ ਕਰਨਾ, 'ਕਹ ਤੇ' ਪਾਠ ਠੀਕ ਹੈ। ਇਹ ਕਰਮ ਸਭ ਪਿਛੋਂ ਹੀ ਬਣੇ ਹਨ। ਕਰਮ-ਕਾਂਡੀ ਪੁਰਸ਼ਾਂ ਅਲਪੱਗਾਂ ਦੇ ਬਣਾਏ ਹੀ ਬਣੇ ਹਨ, ਕਰਤੇ ਪੁਰਖ ਨੇ ਨਹੀਂ ਬਣਾਏ। ਕਰਤਾ ਪੁਰਖ ਤਾਂ ਕਰਮਾਂ ਧਰਮਾਂ ਦੀ ਮਹੱਤਤਾ ਤੋਂ ਅਗੋਚਰ ਹੈ। ਕਰਮ ਕਰਨਹਾਰੇ ਜੀਵਾਂ ਦੇ ਕਰਮ ਕਰਤੱਤਤਾ ਦਾ ਤੱਤ-ਦਰਸੀ ਹੈ, ਨਿਆਉਂ ਨਿਬੇੜਨਹਾਰਾ ਹੈ। ਨਿਰੰਕਾਰੀ

Page 150 www.sikhbookclub.com

ਵਾਹਿਗੁਰੂ ਦੀ ਦਰਗਾਹ ਤੋਂ ਧੁਰੋਂ ਨਿਰੰਕਾਰੀ ਨਾਮ ਹੀ ਆਇਆ ਹੈ। ਕਰਮ ਖ਼ਬਰੇ ਕਿਥੋਂ ਆਇਆ ਹੈ! ਕਰਤਾਰ ਦੇ ਕਿਰਤਮ ਜੀਵਾਂ ਦਾ ਬਣਾਇਆ ਹੋਇਆ ਕਰਮ ਜੀਵਾਂ ਦੇ ਇਸ ਜੀਵਨ ਵਿਚਿ ਕਿਧਰੋਂ ਆ ਘੁਸੜਿਆ ਹੈ।

ਆਪ-ਹੁਦਰੇ ਕਰਮ ਜੀਵ ਆਪਿ ਕਰਨ ਲਗ ਪਏ। ਇਨ੍ਹਾਂ ਕੀਤੇ ਕਰਮਾਂ ਦੀ ਕਰਤਾਰ ਵਲੋਂ ਯਥਾ ਯੋਗ ਸੋਧਨਾਂ ਜੇ ਨਾ ਹੋਵੇ ਤਦ ਸ੍ਰਿਸ਼ਟੀ-ਰਚਨਾ ਵਿਚਿ ਬੇਨਿਯਮੀ ਅਤੇ ਆਪੋ-ਧਾਪੀ ਫੈਲ ਜਾਵੇ। ਕਰਮ ਦੀ ਆਪੋਂ ਮਹੱਤਤਾ ਰਾਈ ਮਾਤਰ ਭੀ ਨਹੀਂ, ਜਿਹੜੀ ਕਿ ਆਨਮਤੀਆਂ ਨੇ ਆਪਣੀ ਅਹੰਮਤਿ ਕਰ ਕੇ ਦੇ ਛਡੀ ਹੈ ਤੇ ਐਵੇਂ ਸਹੇੜ ਚਮੇੜ ਛਡੀ ਹੈ।

ਤਾਂ ਤੇ ਹੁਣ ਅਗਲੇ ਕਾਂਡ ਵਿਚਿ ਆਨਮਤ ਕਰਮਾਂ ਨੂੰ ਗੁਰਮਤਿ ਅਨੁਸਾਰ ਨਿਰਣਾਇਆ ਜਾਣਾ ਹੈ। ਅਸਲ ਵਿਚਿ ਕਰਮ ਦੀ ਪਰਧਾਨਤਾ ਆਨਮਤਾਂ ਨੇ ਹੀ ਮੰਨੀ ਹੈ। ਗੁਰਮਤਿ ਅੰਦਰਿ ਨਾਮ ਤੋਂ ਬਿਨਾਂ ਹੋਰ ਕੋਈ ਕਰਮ ਭੀ ਪ੍ਰਧਾਨਤਾ ਯੋਗ ਨਹੀਂ। ਆਨਮਤ-ਕਰਮਾਂ ਦੀ ਨਿਖੇਧੀ ਗੁਰਮਤਿ ਅੰਦਰਿ, ਗੁਰਬਾਣੀ ਅੰਦਰਿ ਏਸੇ ਕਰਕੇ ਬਹੁਤੀ ਕੀਤੀ ਗਈ ਹੈ ਕਿ ਕਿਤੇ ਗੁਰਮਤਿ-ਸੰਗ੍ਰਹੀ ਗੁਰਸਿਖਾਂ ਨੂੰ ਭੀ ਆਨਮਤੀਆਂ ਦੀ ਦੇਖਾ ਦੇਖੀ ਕਰਮਾਂ ਦੀ ਲਾਗ ਨਾ ਲਗ ਜਾਵੇ। ਗੁਰਮਤਿ ਕਰਮ ਦੀ ਫ਼ਿਲਾਸਫ਼ੀ ਹੀ ਨਿਆਰੀ ਹੈ। ਨਿਆਰੋ ਨਿਆਰਾ ਹੀ ਨਿਰਣਾ ਦੇਖਣ ਵਿਚਿ ਆਇਆ ਹੈ ਕਿ ਬੜੇ ਬੜੇ ਸਿਆਣੇ ਗੁਰਸਿਖ ਭੀ ਏਸ ਵਿਚਿ ਆਨਮਤ ਕਰਮਾਂ ਦੀ ਵਿਸ਼ੇਸ਼ਤਾ ਮੰਨਦੇ ਰਹੇ ਹਨ। ਸੋ ਗੁਰਮਤਿ ਅਨੁਸਾਰ ਏਹਨਾਂ ਨੂੰ ਪ੍ਰਬੋਧਣ ਲਈ ਅਤਿ ਜ਼ਰੂਰੀ ਹੋਇਆ ਕਿ ਆਨਮਤ ਕਰਮਾਂ ਦੀ ਹੀ ਪਹਿਲਾਂ ਸੋਧਨਾ ਕੀਤੀ ਜਾਵੇ ਅਤੇ ਐਨ ਗੁਰਬਾਣੀ ਦੀ ਰੌਸ਼ਨੀ ਵਿਚਿ ਹੀ ਕੀਤੀ ਜਾਵੇ।

# ੧੪ - ਆਨਮਤ ਕਰਮ ਨਿਰਣੈ

ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥ ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥ ੨ ॥... ਤ੍ਰੈਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥ ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥ ੬ ॥ ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥ ਤ੍ਰੈਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖ ਪਾਵਣਿਆ ॥ ੭ ॥

(ਮਾਝ ਮਃ ੩, ਪੰਨਾ ੧੨੮)

ਭਾਵ— ਲੋਕੀ ਬੇਦ ਪੜ੍ਹਦੇ ਹਨ ਅਤੇ ਪੜ੍ਹਿ ਪੜ੍ਹਿ ਬੇਦਾਚਾਰੀ ਕਰਮ ਕਮਾਉਂਦੇ ਹਨ। ਐਸੇ ਬੇਦ ਪੜ੍ਹਿ ਪੜ੍ਹਿ ਬੇਦਾਚਾਰੀ ਆਨਮਤ ਕਰਮ ਕਮਾਉਣ ਵਾਲਿਆਂ ਨੂੰ ਹਰਿ ਰਸ ਨਹੀਂ ਆਉਂਦਾ। ਆ ਹੀ ਨਹੀਂ ਸਕਦਾ, ਕਿਉਂਕਿ ਬੇਦ ਪੜ੍ਹਨਾ ਵਾਦ ਹੀ ਵਖਾਨਣਾ ਹੈ। ਬੇਦਾਂ ਅੰਦਰਿ ਵਾਦਾਂ ਦੀਆਂ ਹੀ ਕਹਾਣੀਆਂ ਹਨ। ਤਾਂ ਤੇ ਉਹ ਬੇਦ ਪੜ੍ਹਿ ਪੜ੍ਹਿ ਵਾਦੁ ਹੀ ਵਖਾਣਦੇ ਹਨ। ਮੋਹ ਮਾਇਆ ਦੀ ਸਿਖਸ਼ਾ ਹੀ ਬੇਦ ਦ੍ਰਿੜ੍ਹਾਉਂਦੇ ਹਨ। ਤਾਂ ਤੇ ਬੇਦ ਪੜ੍ਹਨ ਵਾਲਾ ਪੁਰਸ਼ ਮੋਹ ਮਾਇਆ ਵਿਚਿ ਹੀ ਮਤਿਆ ਜਾਂਦਾ ਹੈ। ਵਾਦ ਵਖਾਨਣ ਵਾਲਾ ਪੁਰਸ਼, ਵਾਦ-ਬਿਵਾਦ ਦੇ ਮਾਇਆਵੀ ਝਗੜਿਆਂ ਵਿਚਿ ਹੀ ਪੈ ਜਾਂਦਾ ਹੈ। ਇਹ ਬੇਦ ਆਦਿਕ ਆਨਮਤੀ ਪੁਸਤਕ ਅਗਿਆਨ-ਮਤੀ ਪੁਸਤਕ ਹੀ ਹਨ। ਅਗਿਆਨ-ਮਤੀ ਪੁਸਤਕਾਂ ਦੇ ਪੜ੍ਹਨ ਵਖਾਨਣ ਨਾਲਿ ਸਦਾ ਅਗਿਆਨ-ਅੰਧਾਰਾ ਹੀ ਰਹਿੰਦਾ ਹੈ। ਆਪਾ ਪਦ ਦੀ ਆਤਮ-ਗਿਆਨ ਵਾਲੀ ਸੂਝ ਬੂਝ ਬੇਦ ਪੜ੍ਹਿਆਂ ਨਹੀਂ ਆਉਂਦੀ। ਇਹ ਬੂਝ ਆਤਮ-ਗਿਆਨ ਦੀ ਗੁਰਮਤਿ ਗਿਆਨੀ ਗੁਰਮੁਖ ਜਨਾਂ ਨੂੰ ਹੀ ਆਉਂਦੀ ਹੈ। ਗੁਰਮੁਖਿ ਗਿਆਨੀ ਜਨ ਹੀ ਸਿਫਤਿ-ਸਾਲਾਹੀ ਗੁਰਮਤਿ ਕਰਮ ਕਰ ਕੇ ਪਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਨ। ਬੇਦਾਂ ਅੰਦਰਿ ਰਜ, ਤਮ, ਸਤ ਇਹਨਾਂ ਤਿਹਾਂ ਗੁਣਾਂ ਦੀ ਹੀ ਪੜ੍ਹਾਈ ਹੈ। ਇਹਨਾਂ ਤ੍ਰੈ ਗੁਣਾਂ ਨੂੰ ਪੜ੍ਹ ਕੇ ਆਤਮ ਪਰਮਾਤਮ ਪਰਮ ਤੱਤ ਦੀ ਗਿਆਤ ਨਹੀਂ ਹੁੰਦੀ। ਤਾਂ ਤੇ ਬੇਦ ਪੜ੍ਹਨਹਾਰੇ ਮੂਲਹੁੰ ਹੀ ਭੁਲੇ ਹੋਏ ਹਨ, ਗੁਰਮਤਿ ਗਿਆਨ-ਤੱਤ ਦੀ ਉਹਨਾਂ ਨੂੰ ਸੋਝੀ ਸਮਝ ਹੀ ਨਹੀਂ ਆ ਸਕਦੀ। ਪਰਮਾਤਮ ਮੂਲ ਤੱਤ ਦਾ ਸੱਚਾ ਗਿਆਨ ਗੁਰ-ਸ਼ਬਦ ਦੁਆਰਾ ਹੁੰਦਾ ਹੈ। ਗੁਰ-ਸ਼ਬਦ ਦਾ ਬੇਦਾਂ ਅੰਦਰਿ ਜ਼ਿਕਰ ਹੀ ਨਹੀਂ। ਮੂਲਹੁੰ ਭੁਲੇ ਹੋਏ ਗੁਰ-ਸ਼ਬਦ ਪਛਾਣ ਹੀ ਨਹੀਂ ਸਕਦੇ। ਮੋਹਿ ਵਿਆਪਿਆਂ ਨੂੰ ਇਹ ਸੂਝ ਪਛਾਣ ਆ ਹੀ ਨਹੀਂ ਸਕਦੀ। ਬੇਦ ਦੀ ਪੜ੍ਹਾਈ ਮੋਹ-ਵਿਆਪਤ ਵਿਦਿਆ ਹੀ ਪੜ੍ਹਾਉਂਦੀ ਹੈ ਅਤੇ ਮੋਹ ਵਿਆਪਤ ਕਰਮ ਹੀ ਕਰਾਉਂਦੀ ਹੈ, ਜਿਸ ਦੁਆਰਾ ਕਦੇ ਭੀ ਕਲਿਆਣ ਨਹੀਂ ਹੋ ਸਕਦੀ। ਗੁਰਮਤਿ ਨਾਮ ਗੁਰ-ਸ਼ਬਦ ਦੁਆਰਾ ਹੀ ਵਾਹਿਗੁਰੂ-ਪ੍ਰਾਪਤੀ ਰੂਪੀ ਸੱਚੜੀ ਕਲਿਆਣ ਸੰਭਵ ਹੈ। ਹੋਰਤ ਕਿਸੇ ਭੀ ਆਨਮਤ ਕਰਮ ਦੁਆਰਾ ਇਹ ਸੰਭਵ ਨਹੀਂ। ਬੇਦ ਰੂਪ ਆਨਮਤ ਵਿਦਿਆ ਪੜ੍ਹਨਹਾਰਾ ਪ੍ਰਾਣੀ ਤਿਹਾਂ ਗੁਣਾਂ (ਰਜੋ, ਤਮੋ, ਸਤੋ) ਵਾਲੀ ਮਾਇਆ ਦਾ ਹੀ ਉਪਾਸ਼ਕ

ਬਣਦਾ ਹੈ; ਕਿਉਂਕਿ ਬੇਦ ਕੇਵਲ ਤ੍ਰਿਬਿਧਿ ਮਾਇਆ ਹੀ ਪੁਕਾਰਦਾ ਹੈ, ਅਰਥਾਤ, ਤ੍ਰਿਬਿਧਿ ਮਾਇਆ ਦਾ ਹੀ ਉਪਦੇਸ਼ ਕਰਦਾ ਹੈ। ਇਸ ਤ੍ਰਿਬਿਧਿ ਮਾਇਆ ਦੀ ਆਨਮਤ ਪੜ੍ਹਾਈ ਪੜ੍ਹਨਹਾਰਾ ਪੁਰਸ਼ ਮਨਮੁਖ ਹੋ ਜਾਂਦਾ ਹੈ। ਮਨਮੁਖ ਬਣ ਜਾਂਦਾ ਹੈ। ਦੂਜੈ ਭਾਇ ਵਿਚਿ ਗ੍ਰਸੇ ਮਨਮੁਖ ਨੂੰ ਆਤਮ ਤੱਤ ਗਿਆਨ ਦੀ ਸੂਝ ਬੂਝ ਹੀ ਨਹੀਂ ਆ ਸਕਦੀ। ਉਹ ਤਾਂ ਬਸ ਦੂਜੈ ਭਾਇ ਦੇ ਕਰਮ ਕਮਾਵਣ ਵਿਚਿ ਹੀ ਪ੍ਰਵਿਰਤ ਹੋ ਜਾਂਦਾ ਹੈ। ਤ੍ਰੈ ਗੁਣ ਪੜ੍ਹਨਹਾਰਿਆਂ ਨੂੰ ਤੁਰੀਆ ਗੁਣ ਚੌਥੇ ਪਦ ਦੀ ਪ੍ਰਾਪਤੀ ਹੀ ਨਹੀਂ ਹੋ ਸਕਦੀ। ਤੁਰੀਆ ਗੁਣੀ ਆਤਮ-ਗਿਆਨ ਗੁਰਮਤਿ ਦੁਆਰਾ ਇਕ ਅਕਾਲ ਨੂੰ ਪਛਾਣੇ ਤੇ ਹੀ ਆਉਂਦਾ ਹੈ ਅਤੇ ਏਕੋ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੀ ਆਉਂਦਾ ਹੈ। ਇਸ ਇਕ ਨਾਮ ਦੀ ਕਮਾਈ ਸੰਬੰਧੀ ਵਿਦਿਆ, ਤ੍ਰੈ-ਗੁਣੀ ਪੜ੍ਹਾਈ ਵਾਲੇ ਬੇਦਾਂ ਵਿਚਿ ਹੀ ਨਹੀਂ। ਇਸ ਸੱਚੀ ਨਾਮ-ਵਿਦਿਆ ਦੀ ਬੂਝ ਬੂਝੇ ਬਿਨਾਂ ਦੁਖ ਹੀ ਦੁਖ ਹੈ। ਸੁਖ ਕਦੇ ਨਹੀਂ। ਤ੍ਰਿਬਿਧਿ ਮਾਇਆ ਦੇ ਕਰਮ ਕਮਾਇਆਂ ਭੀ ਕਦੇ ਕਿਸੇ ਨੇ ਸੁਖ ਪਾਇਆ ਹੈ? ਕਦਾਚਿਤ ਨਹੀਂ ਪਾਇਆ ਜਾ ਸਕਦਾ।

ਤੀਰਥ ਵਰਤ ਸੁਚ ਸੰਜਮ ਆਦਿਕ ਇਹ ਸਭਿ ਦੂਜੇ ਭਾਇ ਵਾਲੇ ਆਨਮਤ ਕਰਮ ਹਨ। ਇਹ ਗੁਰਮਤਿ ਅਨੁਸਾਰ ਕਰਨ ਯੋਗ ਕਰਮ ਨਹੀਂ। ਇਹਨਾਂ ਦੇ ਕੀਤਿਆਂ ਦੁਬਿਧਾ ਵਿਆਪ ਜਾਂਦੀ ਹੈ। ਯਥਾ ਗੁਰਵਾਕ—

> ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥ ਨਾਨਕ ਭਾਇ
> ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥ ੨ ॥
>
> (ਸਿਰੀਰਾਗੁ ਮਃ ੧, ਪੰਨਾ ੭੫)

ਇਹ ਆਨਮਤੀ ਕਰਮ ਧਰਮ ਸਭ ਫੋਕਟ ਭਰਮ ਕਰਮ ਹੀ ਹਨ। ਇਹਨਾਂ ਦੁਆਰਾ ਨਿਸਤਾਰਾ ਨਹੀਂ। ਨਿਸਤਾਰਾ ਹੈ ਤਾਂ ਭਾਇ ਭਗਤਿ ਦੁਆਰਾ ਹੀ ਹੈ। ਅਹਿਨਿਸਿ ਭਾਇ ਭਗਤਿ ਦਾ ਦਰਵਾਜ਼ਾ ਕੇਵਲ ਗੁਰੂ ਘਰ ਵਿਖੇ ਹੀ ਖੁਲ੍ਹਦਾ ਹੈ। ਗੁਰੂ ਨਾਨਕ ਸਾਹਿਬ ਨੇ ਹੀ ਖੋਲ੍ਹਿਆ ਹੈ। ਕਲਿਜੁਗ ਦੇ ਉਧਾਰ ਲਈ ਹੀ ਖੋਲ੍ਹਿਆ ਹੈ।

ਹੇਠਾਂ ਦਿੱਤੇ ਗੁਰ ਪ੍ਰਮਾਣ ਅੰਦਰਿ ਆਏ ਆਨਮਤ ਕਰਮ ਸਭ ਭਰਮ ਰੂਪ ਨਿਸਫਲ ਕਰਮ ਹਨ—

> ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ॥ ਤਪੇ ਤਪੀਸਰ ਜੋਗੀਆ
> ਤੀਰਥਿ ਗਵਨੁ ਕਰੇ ॥ ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥ ਰੰਗੁ ਨ
> ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥ ੫ ॥ ਰਾਜ ਮਿਲਕ
> ਸਿਕਦਾਰੀਆ ਰਸ ਭੋਗਣ ਬਿਸਥਾਰ ॥ ਬਾਗ ਸੁਹਾਵੇ ਸੋਹਣੇ ਚਲੈ ਹੁਕਮੁ
> ਅਫਾਰ ॥ ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥ ਚਿਤਿ ਨ
> ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ ॥ ੬ ॥ ਬਹੁਤੁ ਧਨਾਢਿ
> ਅਚਾਰਵੰਤੁ ਸੋਭਾ ਨਿਰਮਲ ਰੀਤਿ ॥ ਮਾਤ ਪਿਤਾ ਸੁਤ ਭਾਈਆ ਸਾਜਨ
> ਸੰਗਿ ਪਰੀਤਿ ॥ ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ ॥
> ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ ॥ ੭ ॥
>
> (ਸਿਰੀਰਾਗੁ ਮਃ ੫, ਪੰਨਾ ੭੦)

ਭਾਵ— ਚਾਹੇ ਕੋਈ ਸਾਰੇ ਸ਼ਾਸਤ੍ਰਾਂ, ਸਾਰੀਆਂ ਸਿਮਰਤੀਆਂ ਅਤੇ ਚਾਰੇ ਬੇਦਾਂ ਦਾ ਬਕਤਾ ਤੇ ਗਿਆਤਾ ਹੋਵੇ ਅਤੇ ਬੀਚਾਰ ਕੇ ਉਹਨਾਂ ਉਤੇ ਚਲਣਹਾਰਾ ਹੋਵੇ ਤਾਂ ਕਿਸੇ ਲੇਖੇ ਨਹੀਂ। ਤਪੇ ਤਪੀਸਰਾਂ ਦੇ ਤਪ ਕੀਤੇ ਹੋਏ, ਜੋਗੀਆਂ-ਜੋਗੀਸ਼ਰਾਂ ਦੇ ਜੋਗ ਸਾਧੇ ਹੋਏ, ਤੀਰਥ-ਗਵਨੀਆਂ ਦੇ ਤੀਰਥ ਕੀਤੇ ਹੋਏ ਅਤੇ ਤੀਰਥ ਨ੍ਹਾਤੇ ਹੋਏ ਅਤੇ ਤੀਰਥ ਨ੍ਹਾ ਕੇ ਖਟ ਕਰਮਾਂ ਤੋਂ ਭੀ ਦੂਣੇ ਪੂਜਾ ਕਰਮ ਕੀਤੇ ਹੋਏ, ਕਿਸੇ ਲੇਖੇ ਨਹੀਂ। ਇਹ ਉਪਰ ਦਸੇ ਕਰਮ ਧਰਮ, ਇਨ੍ਹਾਂ ਦੇ ਕਰਨਹਾਰਿਆਂ ਨੂੰ ਓੜਕ ਸਿੱਧੇ ਹੀ ਨਰਕਾਂ ਨੂੰ ਲੈ ਜਾਂਦੇ ਹਨ, ਕਿਉਂਕਿ ਏਹਨਾਂ ਆਨਮਤ ਕਰਮਾਂ ਦੇ ਕੀਤਿਆਂ ਪਾਰਬ੍ਰਹਮ ਨਾਲਿ ਰੰਗ ਨਹੀਂ ਲਗਦੇ, ਇਹ ਕਰਮ ਕੀਤੇ ਸਭੇ ਨਿਸਫਲ ਹਨ। ਨਿਸਫਲ ਹੀ ਨਹੀ, ਸਗੋਂ ਕਰਨਹਾਰੇ ਨੂੰ ਨਰਕਾਂ ਦਾ ਪਾਤਰ ਬਣਾਉਂਦੇ ਹਨ। ਕਿਉਂਕਿ ਇਹਨਾਂ ਕਰਮਾਂ ਦੇ ਕੀਤਿਆਂ ਕਰਨਹਾਰਿਆਂ ਦਾ ਅਹੰਮੇਉ (ਅਹੰਕਾਰ) ਹੀ ਵਧਦਾ ਹੈ, ਜੋ ਉਹਨਾਂ ਨੂੰ ਓੜਕ ਨਰਕਾਂ ਵਿਚਿ ਹੀ ਸਿੱਧਾ ਲੈ ਜਾਂਦਾ ਹੈ। ਬੜੇ ਬੜੇ ਰਾਜਿਆਂ ਦੇ ਰਾਜ ਕੀਤੇ ਹੋਏ, ਉਘੇ ਉਘੇ ਮਿਲਖਵੰਤਿਆਂ ਦੀਆਂ ਮਿਲਖਾਂ ਰੋਕੀਆਂ ਹੋਈਆਂ, ਅਤੇ ਇਹਨਾਂ ਮਿਲਖਾਂ ਦੇ ਤਾਣਿ ਸਰਦਾਰੀਆਂ ਕੀਤੀਆਂ ਹੋਈਆਂ ਅਤੇ ਨਾਨਾ ਪ੍ਰਕਾਰ ਦੀਆਂ ਰਸ-ਭੋਗਣੀਆਂ ਐਸ਼-ਇਸ਼ਰਤਾਂ ਕੀਤੀਆਂ ਹੋਈਆਂ ਅਤੇ ਬੜੇ ਬੜੇ ਸੁਹਾਵੇ ਸੋਹਣੇ ਬਾਗਾਂ ਤੇ ਮਹਿਲ-ਮਾੜੀਆਂ ਤੇ ਕਬਜ਼ੇ ਕੀਤੇ ਹੋਏ ਅਤੇ ਹਾਕਮ ਬਣ ਕੇ ਹੁਕਮ ਚਲਾਉਣ ਦੇ ਅਫਰੇਮੇ ਚੜ੍ਹੇ ਹੋਏ, ਅਤੇ ਬਹੁ-ਬਿਧੀਆਂ ਦੇ ਰੰਗਾਂ ਤਮਾਸ਼ਿਆਂ (ਸਿਨਮਿਆਂ ਥੀਏਟਰਾਂ) ਦੇ ਦੇਖਣ ਦੀਆਂ ਚਾਉ-ਰਲੀਆਂ ਮਾਨਣ ਦੇ ਚਸਕਿਆਂ ਵਿਚ ਲਗਿਆਂ ਹੀ ਸਾਰੀ ਉਮਰ ਬਿਹਾਉਂਦਿਆਂ ਬੀਤ ਗਈ ਹੋਵੇ ਤਾਂ ਇਹ ਰਾਜਸੀ ਗ੍ਰਿਹਸਤ-ਧਰਮੀਆਂ ਦੇ ਕਰਮ, ਇਹਨਾਂ ਉਪਰਲੇ ਕਰਮ ਕਰਨਹਾਰਿਆਂ ਨੂੰ ਸੱਪ ਦੀ ਜੂਨੀ ਵਿਚਿ ਸਿਟਦੇ ਹਨ, ਕਿਉਂਕਿ ਉਪਰਲੇ ਕਰਮ ਕਰਨਹਾਰਿਆਂ ਦੇ ਚਿਤ ਉਹਨਾਂ ਕਰਮਾਂ ਵਿਚਿ ਹੀ ਖਚਤ ਰਹਿੰਦੇ ਹਨ, ਪਾਰਬ੍ਰਹਮ ਪਰਮੇਸਰ ਦੀ ਯਾਦ ਵਿਚ ਨਹੀਂ ਲਗਦੇ। ਲਗ ਹੀ ਨਹੀਂ ਸਕਦੇ। ਵਾਸ਼ਨਾਵਾਂ ਵਧਦੀਆਂ ਹੀ ਜਾਂਦੀਆਂ ਹਨ। ਪ੍ਰਬਲ ਵਾਸ਼ਨਾਵਾਂ ਦੇ ਕਾਰਨ ਅੰਤ ਸਮੇਂ ਉਹਨਾਂ ਦੀ ਸੁਰਤੀ ਓਹਨਾਂ ਕੰਮਾਂ ਵਿਚਿ ਰਸੀ ਫਸੀ ਚਸਕਸੀ ਰਹਿੰਦੀ ਹੈ, ਜੋ ਉਹਨਾਂ ਨੂੰ ਸੱਪ ਦੀ ਜੂਨੀ ਵਿਚਿ ਲੈ ਜਾਂਦੇ ਹਨ। ਇਸ ਵਿਚਿ ਰੰਚਕ ਸੰਦੇਹ ਨਹੀਂ, ਧਨਾਢ ਧਨਵੰਤ ਹੋਣ ਦੇ ਬਹੁਤੇ ਅਭਿਮਾਨੀ ਅਤੇ ਉਚ ਕਰਣੀਆਂ ਦੇ ਮੰਨੇ-ਦੰਨੇ ਆਚਾਰ ਵਾਲਿਆਂ ਦੀਆਂ ਕਰਤੂਤਾਂ ਦੁਨੀਆਵੀ ਸ਼ੁਹਰਤਾਂ ਅਤੇ ਸੋਭਾ, ਨਿਰਮਲ ਰੀਤਾਂ, ਮਾਤਾ ਪਿਤਾ ਪੁਤਾਂ ਭਾਈਆਂ ਦੀਆਂ ਬਹੁ-ਬਾਹੂ ਹਮਾਇਤਾਂ ਅਤੇ ਸੱਜਣਾਂ ਸੰਗੀਆਂ ਦੀਆਂ ਮਾਇਕ ਪ੍ਰੀਤਾਂ, ਲਸ਼ਕਰਾਂ ਫ਼ੌਜਾਂ ਦੀਆਂ ਬਹੁ ਫ਼ੁਰਮਾਨੀ ਰੀਤਾਂ, ਅਨੇਕ ਪ੍ਰਕਾਰ ਦੇ ਸ਼ਸਤਰ ਚਲਾਉਣ ਦੀਆਂ ਅਤੇ ਤੀਰ-ਅੰਦਾਜ਼ੀ ਦੀਆਂ ਨਿਪੁੰਨਤਾਈਆਂ, ਤਰਕਸ਼-ਬੰਦ ਜੋਧਿਆਂ ਦੇ ਲਸ਼ਕਰਾਂ ਦੀਆਂ ਜੀਉ ਜੀਉ ਕਹਿ ਕੇ ਲੈਣ ਵਾਲੀਆਂ ਸਲਾਮੀਆਂ ਕਿਸੇ ਕੰਮ ਨਹੀਂ ਆਉਣੀਆਂ; ਸਗੋਂ ਡੂੰਘੇ ਨਰਕ (ਰਸਾਤਲ) ਵਿਚਿ ਲੈ ਜਾ ਸਿਟਣਗੀਆਂ। ਏਹਨਾਂ ਉਪਰ ਦੱਸੇ ਅਡੰਬਰਾਂ ਵਿਚਿ ਪੈ ਕੇ ਅਤੇ ਲੱਥ ਪੱਥ ਹੋ ਕੇ ਇਕ ਨਿਮਖ ਮਾਤਰ ਹੀ ਉਹਨਾਂ ਨੇ ਕਦੇ ਸਿਰਜਨਹਾਰ ਪਾਰਬ੍ਰਹਮ ਚੇਤਿਆ ਨਹੀਂ। ਸਾਰੀ ਉਮਰ ਐਵੇਂ ਹੀ ਗੰਵਾਈ। ਪਾਰਬ੍ਰਹਮ ਦਾ ਚਿਤ ਕਰਕੇ ਸਿਮਰਨ ਕਰਨ ਤੋਂ ਬਿਨਾਂ ਹੋਰ ਜਿਤਨੇ ਭੀ ਝੂਠ ਅਡੰਬਰੀ ਕਰਮ ਹਨ, ਸਭਿ ਰਸਾਤਲ ਵਿਚ ਹੀ ਲੈ ਕੇ ਡਿਗਣਗੇ, ਅਜਿਹੇ ਕਰਮਾਚਾਰੀਆਂ ਨੂੰ। ਤਾਂ ਤੇ ਸਗਲੇ ਆਨਮਤ ਕਰਮ ਕਿਸੇ ਵੀ ਲੇਖੇ ਨਹੀਂ ਲਗਣੇ, ਸਗੋਂ ਉਲਟੇ ਗਲਿ ਫਾਸ ਹੋ ਕੇ ਚਿੰਮੜ ਜਾਂਦੇ ਹਨ। ਅਗਲੇ ਗੁਰ-ਪ੍ਰਮਾਣ ਅੰਦਰ ਆਏ ਆਨਮਤ ਕਰਮ ਸਭਿ ਨਿਹਫਲ ਹਨ—

ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥ ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬਹੀ ਪਾਇ ॥ ... ... ... ... ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥ ... ... ... ... ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ ॥ ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥ ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ ॥ ੪ ॥ ੧੮ ॥ ੫੧ ॥

(ਸਿਰੀਰਾਗੁ ਮਃ ੩, ਪੰਨਾ ੩੩)

ਭਾਵ— ਨਿਰੇ ਕਾਇਆਂ ਨੂੰ ਸਾਧਣ ਵਾਲੇ ਆਨਮਤ ਹਠ ਕਰਮ, ਪੁੱਠਾ ਹੋ ਕੇ ਲਟਕਣ ਵਾਲੇ ਕਾਇਆਂ ਨੂੰ ਕਸ਼ਟ ਦੇਣ ਵਾਲੇ ਆਨਮਤ ਕਰਮ ਕੀਤਿਆਂ ਕਰਨਹਾਰੇ ਦੇ ਮਨ ਵਿਚਲੀ ਹਉਮੈ ਨਹੀਂ ਜਾਂਦੀ। ਆਤਮ-ਗਿਆਨ ਦੇ ਸਾਧਨ ਲਈ ਨੇਤੀ ਧੋਤੀ ਆਦਿ ਸਰੀਰਕ ਇੰਦਰਿਆਂ ਦਾ ਦਮਨ ਕਰਨਾ (ਅਧਿਆਤਮੀ ਕਰਮ) ਸਭ ਬੇਅਰਥ ਹੈ। ਵਰਮੀ ਮਾਰੀ ਤੋਂ ਸੱਪ ਨਹੀਂ ਮਰਦਾ, ਮਨੂਆ ਵਸਿ ਨਹੀਂ ਆਉਂਦਾ। ਅਜਿਹੇ ਕਰਮ ਕਰਨ ਵਾਲਿਆਂ ਨੂੰ ਨਾਮ ਦੀ ਪ੍ਰਾਪਤੀ ਕਦੇ ਭੀ ਨਹੀਂ ਹੁੰਦੀ। ਸਗੋਂ ਅਜਿਹੇ ਕਰਮ-ਕਾਂਡੀਆਂ ਦਾ ਹੰਕਾਰ ਦਿਨੋ ਦਿਨ ਵਧਦਾ ਜਾਂਦਾ ਹੈ। ਹਉਮੈ ਨੂੰ ਹੀ ਪੱਠੇ ਪੈਂਦੇ ਹਨ। "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥"[1] ਸਤੋ, ਰਜੋ, ਤਮੋ ਗੁਣਾਂ ਵਾਲੇ ਸਾਰੇ ਆਨਮਤ ਕਰਮ ਨਾਸਵੰਤ ਹਨ। ਇਹ ਸਭ ਦੂਜਾ ਭਾਉ ਹੈ ਅਤੇ ਵਿਕਾਰ ਰੂਪ ਹੈ। ਆਨਮਤ ਪੁਸਤਕਾਂ ਦੇ ਪੜ੍ਹਨਹਾਰੇ ਪੁਰਸ਼ ਭਾਵੇਂ ਇਹ ਆਨਮਤੀ ਪੁਸਤਕਾਂ ਪੜ੍ਹਿ ਪੜ੍ਹਿ ਕਿਤਨੇ ਭੀ ਪੰਡਿਤ ਬਣ ਜਾਣ, ਉਹਨਾਂ ਦੇ ਮੋਹ-ਮਾਇਆ ਦੇ ਬੰਧਨ ਹੀ ਵਧਦੇ ਹਨ। ਆਨਮਤੀ ਪੁਸਤਕਾਂ ਪੜ੍ਹ ਪੜ੍ਹ ਤੱਤ ਵੀਚਾਰ ਦੀ ਤਿਨ੍ਹਾਂ ਨੂੰ ਸੱਚੀ ਬੂਝ ਹੀ ਨਹੀਂ ਆਉਂਦੀ, ਮਨੂਆ ਕਦੇ ਵਸਿ ਹੀ ਨਹੀਂ ਆਉਂਦਾ। ਅਤਿ ਸਬੱਲ (ਬਲ ਵਾਲਾ) ਜੁ ਹੋਇਆ, ਇਹ ਕਿਸੇ ਭੀ ਉਪਾਇ ਕੀਤਿਆਂ, ਕਿਸੇ ਭੀ ਆਨਮਤ ਕਰਮ ਦਾ ਉੱਦਮ ਕੀਤਿਆਂ ਵਸਿ ਨਹੀਂ ਆਉਂਦਾ, ਪ੍ਰਬਲ ਹੀ ਰਹਿੰਦਾ ਹੈ, ਆਨਮਤ ਕਰਮ ਕਰਨਹਾਰੇ ਤੇ ਭਾਰੂ ਹੀ ਰਹਿੰਦਾ ਹੈ, ਕਦੇ ਖਹਿੜਾ ਨਹੀਂ ਛਡਦਾ ਸਭ ਯਤਨ ਕੀਤਿਆਂ। ਆਨਮਤ ਕਰਮਾਂ ਦੇ ਯਤਨ ਉਪਾਵ ਸਭ ਨਿਸਫਲ ਜਾਂਦੇ ਹਨ, ਸਗੋਂ ਦੂਜੇ ਭਾਇ ਵਿਚਿ ਪਾਈ ਰਖਦੇ ਹਨ। ਅਤੇ ਦੂਜੇ ਭਾਇ ਦੇ ਕਰਮਾਂ ਵਿਚਿ ਪਾਇ ਕੇ ਇਹ ਮਨ, ਕਰਮ ਕਰਨਹਾਰੇ ਨੂੰ ਦੁਖ ਹੀ ਲਾਈ ਰਖਦਾ ਹੈ। ਦੁਖੀ ਹੀ ਨਹੀਂ ਰਖਦਾ, ਸਗੋਂ ਐਥੇ ਤਾਂ ਜਿਹੜੇ ਦੁਖ ਮਿਲਣੇ ਹਨ ਸੋ ਮਿਲਣੇ ਹਨ, ਅਗੇ ਜਾ ਕੇ (ਅਗਲੀ ਦੁਨੀਆ) ਪਰਲੋਕ ਵਿਚਿ ਸਗੋਂ ਹੋਰ ਬਹੁਤੀ ਸਜਾਇ ਮਿਲਦੀ ਹੈ। ਬਸ, ਨਾਮ-ਰਤੇ ਗੁਰਮਖਿ ਜਨ ਹੀ ਉਬਰਦੇ ਹਨ ਅਤੇ ਇਸ ਹਉਮੈ ਰੋਗ ਰੂਪੀ ਬਲਾ ਤੋਂ ਬਚਦੇ ਹਨ। ਇਹ ਹਉਮੈ ਕਿਸੇ ਭੀ ਆਨਮਤੀ ਕਰਮ ਕਮਾਇਆਂ ਗਵਾਈ ਨਹੀਂ ਜਾ ਸਕਦੀ। ਗਵਾਈ ਜਾ ਸਕਦੀ ਹੈ ਤਾਂ ਗੁਰ-ਸ਼ਬਦ ਦੁਆਰਾ ਹੀ ਗਵਾਈ ਜਾ ਸਕਦੀ ਹੈ (ਗੁਰਮਤਿ ਨਾਮ ਅਭਿਆਸ ਕਮਾਈ ਕੀਤਿਆਂ)।

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ

---

[1] ਵਡਹੰਸ ਮਃ ੩, ਪੰਨਾ ੫੬੦


www.sikhbookclub.com

ਦੂਣੀ ਮਲੁ ਲਾਗੀ ਆਇ ॥

(ਸਿਰੀਰਾਗੁ ਮਃ ੩, ਪੰਨਾ ੩੯)

ਭਾਵ— ਇਸ ਸਾਰੇ ਸੰਸਾਰ ਜਗਤ ਨੇ, ਅਰਥਾਤ ਆਮ ਸੰਸਾਰੀਆਂ ਨੇ ਆਨਮਤੀ ਕਰਮ ਕਰਿ ਕਰਿ ਹਉਮੈ ਦੀ ਮੈਲ ਹੀ ਮਨ ਨੂੰ ਲਾਈ ਹੈ। ਅਤੇ ਇਸ ਹਉਮੈ-ਮੈਲ ਲਗਣ ਕਰਕੇ ਦੁਖ ਹੀ ਦੁਖ ਸਹੇੜਿਆ ਹੈ। ਦੂਜੇ ਭਾਇ ਦੇ ਆਨਮਤੀ ਕਰਮਾਂ ਦੇ ਕਰਨ ਕਰਾਉਣ ਕਰਕੇ ਮੈਲ ਹੀ ਲਗਦੀ ਹੈ। ਇਹ ਹਉਮੈ ਦੀ ਮੈਲ ਧੋਤੀ ਹੋਈ ਕਦੇ ਨਹੀਂ ਉਤਰਦੀ (ਲਹਿੰਦੀ), ਜੇ ਸੈਂਕੜੇ ਤੀਰਥਾਂ ਵਿਚਿ ਮੁੜਿ ਮੁੜਿ ਨ੍ਹਾਤਾ ਜਾਏ। ਭਾਂਤ ਭਾਂਤ ਦੇ ਬਹੁ ਬਿਧਿ ਆਨਮਤੀ ਕਰਮਾਂ ਦੇ ਕਰਨ ਕਰਕੇ ਸਗੋਂ ਹੋਰ ਦੂਣੀ ਮੈਲ ਲਗ ਜਾਂਦੀ ਹੈ।

ਕਰਮ ਧਰਮ ਨੇਤ ਬ੍ਰਤ ਪੂਜਾ ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥ ੨॥

(ਗਉੜੀ ਮਃ ੫, ਪੰਨਾ ੧੯੯)

ਉਤਮ ਜਗਿਆਸੂ ਜਨ ਨੂੰ ਉਚਿਤ ਹੈ ਕਿ ਪਾਰਬ੍ਰਹਮ ਪਰਮਾਤਮਾ ਦੀ ਪ੍ਰਾਪਤੀ ਵਾਲੇ ਗੁਰਮਤਿ ਕਰਮ ਬਿਨਾਂ ਨੇਮ ਬ੍ਰਤ ਪੂਜਾ ਆਦਿਕ ਆਨਮਤੀ ਕਰਮ ਧਰਮ ਦੇ ਰਾਹ ਨ ਪਵੇ। ਦੂਜੇ ਭਾਉ ਵਾਲੇ ਕਰਮਾਂ ਵਲ ਆਪਣੀ ਰੁਚੀ ਹੀ ਨਾ ਦੇਵੇ—

ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥ ਤ੍ਰੈਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥ ੧ ॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥ ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥ ੧ ॥ ਰਹਾਉ ॥ ਤ੍ਰੈਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥ ੨ ॥ ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ ਭਵਜਲਿ ਡੂਬੇ ਦੂਜੈ ਭਾਏ ॥ ੩ ॥... ... ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥ ੫ ॥

(ਗਉੜੀ ਮਃ ੩, ਪੰਨਾ ੨੩੦-੩੧)

ਭਾਵ— ਬੇਦਾਂ ਦਾ ਤੇ ਬੇਦਾਚਾਰੀ ਕਰਮਾਂ ਦੇ ਅਭਿਆਸ ਦਾ ਮੂਲ ਕਾਰਨ ਬ੍ਰਹਮਾ ਹੈ। ਤਿਨ੍ਹਾਂ ਬੇਦਾਚਾਰੀ ਕਰਮਾਂ ਦੇ ਅਭਿਆਸਾਚਾਰੀ ਲੋਗ, ਜੋ ਬ੍ਰਹਮਾ ਦੀ ਬੇਦ-ਵੇਹਤੀ ਸਿਖਸ਼ਾਂ ਤੋਂ ਉਤਪੰਨ ਹੋਏ, ਤਿਨ੍ਹਾਂ ਦਾ ਨਾਮ ਦੇਵਤੇ ਪੈ ਗਿਆ, ਪ੍ਰੰਤੂ ਬੇਦਾਂ ਵਿਚਿ ਮੋਹ ਮਾਇਆਵੀ ਤ੍ਰਿਸ਼ਨਾ ਦੀਆਂ ਹੀ ਕਹਾਣੀਆਂ ਹੋਣ ਕਰਿ ਜਿਹੜੇ ਇਹ ਦੇਵਤਾ ਕਹਾਉਣ ਵਾਲੇ ਲੋਗ ਬੇਦਾਚਾਰੀ ਕਰਮਾਂ ਦਾ ਅਭਿਆਸ ਕਰਨ ਲਗ ਪਏ, ਉਹ ਮਾਇਕ ਤ੍ਰੈਗੁਣਾਂ ਦੀ ਤ੍ਰਿਸ਼ਨਾਵੀ ਮੋਹ-ਪਿਆਸ ਵਿਚਿ ਹੀ ਗ੍ਰਸੇ ਗਏ। ਐਸੇ ਬੇਦਾ-ਕਰਮਾਚਾਰੀ ਲੋਗ (ਦੇਵਤੇ ਕਹਾਉਣ ਵਾਲੇ) ਤਿੰਨਾਂ ਗੁਣਾਂ (ਰਜੋ, ਸਤੋ, ਤਮੋ) ਵਿਚਿ ਹੀ ਭਰਮਦੇ ਰਹੇ। ਉਹਨਾਂ ਦਾ ਪਾਰਬ੍ਰਹਮ ਪਰਮਾਤਮਾ ਦੇ ਨਿਜ ਘਰ ਵਿਚਿ ਵਾਸ ਨਹੀਂ ਹੋਇਆ (ਨਾ ਹੀ ਕਦੇ ਹੋ ਸਕਦਾ ਹੈ ਬੇਦਾਚਾਰੀ ਕਰਮ ਕਮਾਉਣ ਵਾਲਿਆਂ ਦਾ)। ਤੇਹਾਂ ਗੁਣਾਂ ਵਿਚਿ ਭਰਮਣ ਤੋਂ ਉਹੀ ਵਡਭਾਗੇ ਪੁਰਸ਼ ਬਚੇ ਰਹੇ ਜਿਨ੍ਹਾਂ ਨੂੰ ਪਰਮਾਤਮਾ ਨੇ ਸਤਿਗੁਰੂ ਦਾ ਮਿਲਾਪ ਕਰਾ ਕੇ ਬਚਾਇਆ, ਜਿਨ੍ਹਾਂ ਦੀ ਵਾਹਿਗੁਰੂ ਨੇ ਸਤਿਗੁਰੂ ਨੂੰ ਮਿਲਾ ਕੇ ਰਖਿਆ ਕੀਤੀ ਅਤੇ

ਸਤਿਗੁਰੂ ਦੇ ਦੁਆਰਿਓਂ ਪ੍ਰੇਮਾ ਭਗਤੀ ਦਾ ਦਾਨ ਦਿਵਾ ਕੇ ਗੁਰਮਤਿ ਨਾਮ ਦਾ ਸੁਆਸਿ ਸੁਆਸਿ ਨਾਮ ਦ੍ਰਿੜਾਇਆ। ਬ੍ਰਹਮਾ ਦੀ ਰਚੀ ਹੋਈ ਤੇਹਾਂ ਗੁਣਾਂ (ਸਤੋ, ਰਜੋ, ਤਮੋ ਗੁਣਾਂ) ਵਾਲੀ ਬੇਦ ਬਾਣੀ ਨਿਰੀ ਜੰਜਾਲ ਰੂਪ ਹੀ ਹੈ। ਬ੍ਰਹਮਾ ਦੀ ਬੇਦ ਰੂਪੀ ਬਾਣੀ ਤ੍ਰੈਗੁਣਾਂ ਦੇ ਜੰਜਾਲ ਨਾਲਿ ਹੀ ਭਰੀ ਪਈ ਹੈ। ਤਿਸ ਵਿਚਿ ਦੇਵੀ ਦੇਵਤਿਆਂ ਦੇ ਮੋਹ-ਮਾਇਆਵੀ ਤ੍ਰਿਸ਼ਨਾਵੀ ਵਾਦ-ਬਿਵਾਦੀ ਝਗੜੇ ਅਤੇ ਕਰਮ ਕਾਂਡ ਦੀਆਂ ਫੋਕਟ ਗੱਲਾਂ ਹੀ ਵਰਣਨ ਹਨ। ਏਹਨਾਂ ਬੇਦਾਂ ਨੂੰ ਪੜ੍ਹਨਹਾਰੇ ਭੀ ਵਾਦ ਹੀ ਵਖਾਣਦੇ ਹਨ। ਝਗੜੇ ਦੀਆਂ ਗੱਲਾਂ ਵਿਚਿ ਹੀ ਉਲਝ ਜਾਂਦੇ ਹਨ। ਤੱਤ ਵਸਤੂ ਉਹਨਾਂ ਦੇ (ਬੇਦ ਪੜ੍ਹਨਹਾਰਿਆਂ ਦੇ) ਪੱਲੇ ਨਹੀਂ ਪੈਂਦੀ। ਜੰਜਾਲ ਦੀਆਂ ਗੱਲਾਂ ਪੜ੍ਹ ਕੇ ਮੋਹ-ਮਾਇਆ ਦੇ ਜੰਜਾਲ ਵਾਲੇ ਹੀ ਕਰਮ ਕਮਾਉਂਦੇ ਹਨ। ਜਿਨ੍ਹਾਂ ਦੇ ਕਾਰਨ ਮੋਹ-ਮਾਇਆ-ਫਾਥੇ ਜੰਜਾਲਾਂ ਵਿਚਿ ਹੀ ਸਾਰੀ ਉਮਰ ਵਿਹਾ ਜਾਂਦੀ ਹੈ, ਜੰਜਾਲੀ ਕਰਮ ਕਮਾਉਣ ਵਾਲਿਆਂ ਦੀ। ਜਿਸ ਦੇ ਕਾਰਨ ਅੰਤ ਕਾਲ ਸਮੇਂ ਜਮ ਦਾ ਠੇਂਗਾ ਉਹਨਾਂ ਦੇ ਸਿਰਾਂ ਤੇ ਵਜਦਾ ਹੈ। ਜਮ ਕਾਲ ਦਾ ਇਹ ਠੇਂਗਾ ਬੜਾ ਦੁਖਦਾਈ ਹੈ। ਪਰ ਸਹਿਣਾ ਹੀ ਪੈਂਦਾ ਹੈ। ਜਮ ਕਾਲ ਤੋਂ ਬਚਾਉਣ ਵਾਲੀ ਇਕੋ ਇਕ ਵੱਥ ਨਾਮ ਦੀ ਹੈ, ਸੋ ਉਹਨਾਂ ਦੇ ਪੱਲੇ ਨਹੀਂ ਪੈਂਦੀ। ਆਲ ਜੰਜਾਲੀ ਫੂਸ ਪਰਾਲੀ ਦੀਆਂ ਕਰਮ ਕਰਾਲੀ ਪੰਡਾਂ ਬੰਨ੍ਹ ਕੇ ਹੀ ਤੁਰਦੇ ਲਗਦੇ ਹਨ। ਗੁਰਮਤਿ ਤੋਂ ਘੁਥੇ, ਆਨਮਤ ਗ੍ਰਸੇ, ਗੁਰਮਤਿ ਗਿਆਨ ਮਾਰਗ ਤੋਂ ਮੁੱਠੇ (ਗੁਮਰਾਹ) ਮਨਮੁਖ ਅੰਧਲੇ, ਨਿਰਗੁਰਤਾ ਗੰਧਲੇ, ਅਭਾਗੇ ਪ੍ਰਾਣੀ ਅਗਿਆਨ ਰੂਪੀ ਉਹਨਾਂ ਦੇ ਆਪਣੇ ਕਰੂਰ ਕਰਮਾਂ ਨੇ ਕੁਮਾਰਗ ਵਿਚਿ ਪਾਏ ਹਨ, ਓਹਨਾਂ ਦੇ ਆਪ ਅਗਿਆਨ ਗੁਮਰਾਹੇ ਮੰਦ ਕਰਮਾਂ ਦੀ ਕਰਮ-ਬਿਧਾਤੇ ਨੇ ਇਹੋ ਸਜ਼ਾ ਦਿੱਤੀ ਹੈ ਓਹਨਾਂ ਨੂੰ ਕੁਮਾਰਗੇ ਪਾਉਣ ਦੀ। ਵਾਹਿਗੁਰੂ ਦਾ ਨਾਮ ਵਿਸਾਰ ਕੇ, ਗੁਰਮਤਿ ਨਾਮ ਵਿਸਾਰ ਕੇ ਅਨੇਕ ਆਨਮਤ ਕਰਮਾਂ ਦੇ ਕਰਨ ਵਿਚਿ ਉਹਨਾਂ ਦੀ ਕੁਬੁਧੀ ਖਚਿਤ ਹੋ ਗਈ ਹੈ। ਇਹਨਾਂ ਦੂਜੇ ਭਾਇ ਦੇ ਕਰਮਾਂ ਦੇ ਕਰਨ ਕਰਿ ਉਹ ਭਵ-ਸਾਗਰ ਵਿਚਿ ਹੀ ਗ਼ਰਕ ਹੋ ਜਾਂਦੇ ਹਨ ਅਤੇ ਅਜਿਹੇ ਮਨਮੁਖ ਅਗਾਹਾਂ ਜਾ ਕੇ ਜਮ ਕਾਲ ਦੀਆਂ ਚੋਟਾਂ ਖਾਣਗੇ। ਗੁਰੂ ਕੇ ਗੁਰਮੁਖਿ ਸਿੱਖਾਂ ਦੇ ਜਮ ਕਾਲ ਨੇੜੇ ਨਹੀਂ ਆਉਂਦਾ। ਗੁਰ-ਸ਼ਬਦ ਗੁਰਮਤਿ ਨਾਮ ਦੇ ਪਰਤਾਪ ਕਰ ਕੇ ਉਹਨਾਂ ਦੇ ਅੰਦਰ ਹਉਮੈ ਦਾ ਉੱਕਾ ਹੀ ਅਭਾਵ ਹੋ ਜਾਂਦਾ ਹੈ ਅਤੇ ਦੂਜਾ ਭਾਵ ਉਡ ਜਾਂਦਾ ਹੈ। ਦੂਜੇ ਭਾਵ ਦਾ ਨਮੂਦ ਨਹੀਂ ਰਹਿੰਦਾ। ਉਹ ਨਾਮ ਦੇ ਰੰਗਾਂ ਵਿਚਿ ਰਤੇ ਹੋਏ ਵਾਹਿਗੁਰੂ ਦੇ ਸਿਫਤਿ-ਸਾਲਾਹੀ ਗੁਣਾਂ ਦੇ ਗਾਉਣ ਵਿਚਿ ਹੀ ਜੁਟੇ ਰਹਿੰਦੇ ਹਨ। ਸਿਫਤਿ ਸਾਲ੍ਹਾਹ ਤੋਂ ਵਿਸਰਜਤ ਹੋਏ ਮਨਮੁਖ ਕਰਮਾਂ ਦੇ ਮਾਰੇ ਫਿਟਕਾਰੇ ਹੋਏ, ਅਨਿਕ ਪ੍ਰਕਾਰੀ ਦੁਖਾਂ ਦੀਆਂ ਸੱਟਾਂ ਸਹਿੰਦੇ ਹੋਏ ਸਦਾ ਬਿਕਰਾਲ ਸਜ਼ਾਵਾਂ ਭੁਗਤਦੇ ਹਨ। ਇਸ ਤੋਂ ਅਗਲਾ ਗੁਰਵਾਕ ਭੀ ਆਨਮਤ ਕਰਮ ਤੇ ਉਨ੍ਹਾਂ ਦੇ ਕਰਨ ਵਾਲਿਆਂ ਦੀ ਦੁਰਗਤੀ ਕਿਸ ਤਰ੍ਹਾਂ ਖ਼ੂਬੀ ਨਾਲ ਪ੍ਰਗਟ ਕਰਦਾ ਹੈ, ਜ਼ਰਾ ਗ਼ੌਰ ਕਰਕੇ ਵਿਚਾਰੋ-

> ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦ ਵਖਾਣੈ ॥ ੧ ॥ ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥ ੧ ॥ ਰਹਾਉ ॥

(ਗਉੜੀ ਮਃ ੩, ਪੰਨਾ ੨੩੧)

ਇਸ ਗੁਰਵਾਕ ਦਾ ਭਾਵ ਇਹ ਹੈ ਕਿ ਬ੍ਰਹਮਾ (ਜਿਸ ਨੂੰ ਬੇਦਾਂ ਦਾ ਕਰਤਾ ਤੇ ਬਕਤਾ ਸਮਝਿਆ ਜਾਂਦਾ ਹੈ) ਬੇਦ ਪੜ੍ਹਦਾ ਹੈ ਤੇ ਵਖਾਣਦਾ ਭੀ ਹੈ (ਬੇਦ ਬਾਣੀ ਉਚਾਰਦਾ ਹੈ), ਪਰ ਨਿਰਾ

ਵਾਦ ਹੀ ਵਾਦ ਵਖਾਨਦਾ ਹੈ। ਉਸ ਦੇ ਅੰਤਰਗਤਿ ਤਮੋ ਗੁਣ ਹੀ ਪਰਧਾਨ ਹੈ, ਜਿਸ ਦੇ ਕਾਰਨ ਉਹ ਆਪਾ ਹੀ ਨਹੀਂ ਚੀਨ ਸਕਦਾ। ਆਪੇ ਨੂੰ ਚੀਨ ਕੇ ਪ੍ਰਭੂ ਨੂੰ ਪਛਾਣ ਸਕੀਦਾ ਹੈ। ਪਰ ਪ੍ਰਭੂ ਨੂੰ ਤਾਂ ਪਛਾਣ ਸਕੀਦਾ ਹੈ ਜੇ ਬੇਦ ਰੂਪੀ ਵਾਦ ਫ਼ਲਸਫ਼ੇ ਦੇ ਥਾਉਂ ਗੁਰ-ਸ਼ਬਦ ਨੂੰ ਵਖਾਨਣਾ ਉਸ ਦੇ ਭਾਗਾਂ ਵਿਚਿ ਹੋਵੇ। ਗੁਰ-ਸ਼ਬਦ ਬਖਾਣੇ ਤੋਂ ਪ੍ਰਭੂ ਪਛਾਣਿਆ ਹੀ ਨਹੀਂ, ਸਗੋਂ ਪਾਇਆ ਜਾ ਸਕਦਾ ਹੈ। ਗੁਰ-ਸ਼ਬਦ-ਦੀਖਿਆ ਗੁਰੂ ਕਾ ਸੇਵਕ ਸਿਖ ਬਣਿਆਂ ਹੀ ਮਿਲ ਸਕਦੀ ਹੈ। ਗੁਰੂ ਕਾ ਸਿਖ ਬਣੇ ਤੇ ਗੁਰੂ-ਦੀਖਿਆ ਗੁਰਮਤਿ ਨਾਮ ਦਾ ਅਭਿਆਸ ਦ੍ਰਿੜ੍ਹ ਹੁੰਦਾ ਹੈ। ਗੁਰਮਤਿ ਨਾਮ ਦੀ ਅਭਿਆਸ ਰੂਪੀ ਸੇਵਾ ਕੀਤਿਆਂ ਫੇਰ ਕਾਲ ਨਹੀਂ ਖਾਂਦਾ। ਗੁਰ-ਸ਼ਬਦ ਦੀ ਸੇਵਾ (ਅਭਿਆਸ ਕਮਾਈ) ਗੁਰੂ ਦੀ ਹੀ ਸੇਵਾ ਹੈ। ਬਸ, ਕਾਲ ਤੋਂ ਛੁਟਕਾਰਾ ਜੇ ਹੋ ਸਕਦਾ ਹੈ ਤਾਂ ਗੁਰ ਸੇਵਾ ਭਗਤਿ ਕਮਾਈ ਤੇ ਹੀ ਹੋ ਸਕਦਾ ਹੈ। ਨਹੀਂ ਤਾਂ ਗੁਰ-ਸ਼ਬਦ ਤੋਂ ਮੁਨਹਰਿਫ਼, ਗੁਰੂ ਤੋਂ ਆਕੀ ਜੋ ਮਨਮੁਖ ਬੰਦੇ ਹਨ, ਸਾਰੇ ਕਾਲ ਦਾ ਹੀ ਲੁਕਮਾ ਹਨ, ਕਿਉਂਕਿ ਉਹ ਦੂਜੇ ਭਾਇ ਦੀ ਉਪਾਸ਼ਨਾ ਮਈ ਕਰਮ-ਕਾਂਡ ਵਿਚਿ ਉਲਝੇ ਹੋਏ ਹਨ। ਹਿੰਦੂਆਂ ਦਾ ਮੁਖੀ ਦੇਵਤਾ ਬ੍ਰਹਮਾ ਭੀ ਮਨਮੁਖਾਂ ਦੀ ਮੂਹਰਲੀ ਸ਼੍ਰੇਣੀ ਵਿਚੋਂ ਹੈ ਅਤੇ ਕਾਲ ਦਾ ਖਾਜਾ ਹੈ। ਮੁੜ ਘਿੜ ਕੇ ਜੁਗ-ਜਨਮਾਂ ਦੇ ਗੇੜ ਖਾ ਕੇ ਗੁਰ-ਸ਼ਰਨੀ ਆਇਆਂ, ਗੁਰੂ ਨਾਨਕ ਦੇ ਘਰ ਦਾ ਸੇਵਕ ਸਿਖ ਬਣਿਆਂ ਹੀ ਉਸ ਦਾ ਉਧਾਰ ਨਿਸਤਾਰਾ ਉਸ ਦੇ ਮੁਕੱਦਰ ਵਿਚਿ ਲਿਖਿਆ ਹੋਇਆ ਹੈ। ਸੋਈ ਹੋਇਆ ਹੈ, ਸੋਈ ਹੁੰਦਾ ਹੈ ਅਤੇ ਹੋ ਕੇ ਰਹੇਗਾ, ਜੋ ਭਾਗਾਂ ਵਿਚਿ ਹੈ। ਨਹੀਂ ਤਾਂ ਫੋਕਟ ਕਰਮਾਂ ਤੋਂ ਕਦੇ ਨਿਸਤਾਰਾ ਨਹੀਂ ਹੁੰਦਾ। ਆਨਮਤ ਦੇ ਕਰਮ ਨਿਸਤਾਰੇ ਦੀ ਸ਼ਕਤ ਤੋਂ ਸਭ ਅਸ਼ੱਕਤ ਅਤੇ ਬੇਮਕਦੂਰੇ ਹਨ।

**ਪਉੜੀ ॥ ਙੰਙਾ ਖਟੁ ਸਾਸਤ੍ਰ ਹੋਇ ਙਿਆਤਾ ॥ ਪੂਰਕੁ ਕੁੰਭਕ ਰੇਚਕ ਕਰਮਾਤਾ ॥ ਙਿਆਨ ਧਿਆਨ ਤੀਰਥ ਇਸਨਾਨੀ ॥ ਸੋਮਪਾਕ ਅਪਰਸ ਉਦਿਆਨੀ ॥ ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥ ਜੋ ਕਛੁ ਕੀਨੋ ਸੋਊ ਅਨੇਤਾ ॥ ਉਆ ਤੇ ਊਤਮੁ ਗਨਉ ਚੰਡਾਲਾ ॥ ਨਾਨਕ ਜਿਹ ਮਨਿ ਬਸਹਿ ਗੁਪਾਲਾ ॥ ੧੬ ॥**

(ਗਉੜੀ ਬਾਵਨ ਅਖਰੀ ਮਃ ੫, ਪੰਨਾ ੨੫੩)

ਭਾਵ— ਙੰਙੇ ਅੱਖਰ ਦੁਆਰਾ ਉਪਦੇਸ਼ ਕਰ ਕੇ ਗੁਰੂ ਸਾਹਿਬ ਇਹ ਫ਼ੁਰਮਾਨ ਫ਼ੁਰਮਾਉਂਦੇ ਹਨ, ਭਾਵੇਂ ਕੋਈ ਪੁਰਸ਼ ਛੇਆਂ ਸ਼ਾਸਤ੍ਰਾਂ ਦਾ ਗਿਆਤਾ (ਗਿਆਨਵਾਨ) ਹੋਵੇ, ਅਰਥਾਤ (੧) ਕਪਲ ਕਾ ਸਾਂਖ ਸ਼ਾਸਤ੍ਰ, (੨) ਗੋਤਮ ਕਾ ਨਿਆਇ ਸ਼ਾਸਤ੍ਰ, (੩) ਪਤੰਜਲੀ ਕਾ ਜੋਗ ਸ਼ਾਸਤ੍ਰ, (੪) ਉਤਰ ਮੀਮਾਂਸਾ, (੫) ਪੂਰਬ ਮੀਮਾਂਸਾ, (੬) ਵੇਦਾਂਤ ਸ਼ਾਸਤ੍ਰ, ਛੇਆਂ ਹੀ ਸ਼ਾਸਤ੍ਰਾਂ ਦਾ ਗਿਆਨ ਪ੍ਰਬੀਨ ਹੋਵੇ ਅਤੇ ਇਹਨਾਂ ਛੇਆਂ ਹੀ ਸ਼ਾਸਤ੍ਰਾਂ ਦੇ ਦ੍ਰਿੜ੍ਹਾਏ ਕਰਮਾਂ ਦਾ ਅਨੁਸਾਰੀ, ਕਰਮ ਕਰਨਹਾਰੀ ਹੋਵੇ, ਤੇ ਪੂਰਕ, ਕੁੰਭਕ, ਰੇਚਕ, ਯੋਗ (ਹੱਠ ਯੋਗ) ਦੇ ਤੇਹਾਂ ਪ੍ਰਾਣਾਯਾਮੀ ਹੱਠ ਕਰਮਾਂ, ਅਰਥਾਤ ਪੂਰਕ ਦੁਆਰਾ ਆਪਣੇ ਪ੍ਰਾਣਾਂ ਨੂੰ ਉਤਾਹਾਂ ਚੜ੍ਹਾਉਣਾ ਸਿਖ ਲਵੇ, ਕੁੰਭਕ ਕਰਮ ਦੁਆਰਾ ਸੁਆਸਾਂ ਨੂੰ ਉਪਰ ਰੋਕੀ ਰਖਣ ਦੀ ਪ੍ਰੈਕਟਿਸ ਵਿਚਿ ਪ੍ਰਬੀਨ ਹੋ ਜਾਵੇ, ਰੇਚਕ ਕਰਮ ਦੁਆਰਾ ਸੁਆਸਾਂ ਨੂੰ ਉਤਾਰਨ ਬਾਹਰ ਕਢਣ ਦੀ ਯੁਕਤੀ ਦਾ ਯਕੀਨੀ ਮਾਹਰ ਹੋ ਜਾਵੇ, ਇਤ ਬਿਧਿ ਹਠ ਯੋਗ ਕਰਮਾਰੀ ਗਿਆਨੀ ਧਿਆਨੀ ਬਣ ਜਾਵੇ, ਅਥਵਾ ਹੋਰ ਆਨਮਤ ਫ਼ਲਸਫਿਆਂ ਦਾ ਸਰਟੀਫ਼ਾਈਡ (Certified) ਗਿਆਨੀ ਡਿਗਰੀਦਾਰ ਗਿਆਨੀ ਹੋ ਜਾਵੇ, ਯਾ ਆਨਮਤ ਮਤੀਸ਼ਰੀ ਗਿਆਨੀ ਬਣਨ ਦੀ ਪ੍ਰਸਿਧਤਾ ਪ੍ਰਾਪਤਿ ਕਰ ਲਵੇ, ਭਾਵੇਂ ਲਖ ਮੈਡੀਟੇਸ਼ਨੀ ਆਨਮਤ

ਧਿਆਨ ਇਲਮਾਂ ਦਾ ਧਿਆਨੀ ਬਣ ਲਵੇ, ਅਤੇ ਫੋਕੇ ਧਿਆਨ ਜਮਾਉਣ ਸਿਖ ਲਵੇ ਅਤੇ ਸਿਖ ਕੇ ਆਪਣੇ ਆਪ ਨੂੰ ਧਿਆਨ-ਕਰਮੀ ਸਦਾ ਲਵੇ, ਇਹ ਆਨਮਤ ਕਰਮ ਸਭੇ ਹੀ ਨਿਸਫਲ ਹਨ। ਕਈ ਆਨਮਤ ਗੁਸੇ ਕਰਮਾਚਾਰੀ ਚੰਦਰਮਾ (ਸੋਮ) ਦੀ ਰੌਸ਼ਨੀ ਵਿਚਿ ਪੱਕੇ ਹੋਏ ਫਲਾਂ ਦਾ ਆਹਾਰ ਕਰਨ ਨੂੰ ਹੀ ਵਿਸੇਖ ਸਮਝਦੇ ਹਨ ਅਤੇ ਚੰਦਰਮਾ ਦੀ ਘਟਦੀ ਵਧਦੀ ਕਲਾ ਨੂੰ ਦੇਖ ਕੇ ਉਸ ਦੇ ਘਟਾਉ ਵਧਾਉ ਅਨੁਸਾਰ ਆਪਣੇ ਅਹਾਰ ਨੂੰ ਘਟਾਉਣ ਵਧਾਉਣ ਦੀ ਕਿਰਿਆ ਵਿਚਿ ਖਚਿਤ ਰਹਿੰਦੇ ਹਨ, ਐਸੇ ਕਰਮਾਚਾਰੀ ਆਪਣੇ ਆਪ ਨੂੰ ਸੋਮਪਾਕੀਏ ਕਹਾਉਂਦੇ ਹਨ। ਕਈ ਅਪਰਸੀਏ ਕਿਸੇ ਦੇ ਨਾਲਿ ਪਰਸਦੇ ਛੂੰਹਦੇ ਨਹੀਂ ਤੇ ਏਸ ਅਪਰਸ ਕਰਮ ਦੀ ਸ਼ੇਖੀ ਤੇ ਭਰਮੇ ਰਹਿੰਦੇ ਹਨ। ਕਈ ਆਨਮਤ ਕਰਮਾਚਾਰੀ ਉਦਿਆਨ ਉਜਾੜਾਂ ਵਿਚ ਵਾਸਾ ਰਖਣੇ ਨੂੰ ਮੁਕਤੀ ਦਾ ਕਾਰਨ ਮੰਨਦੇ ਹਨ। ਇਹ ਉਪਰ ਦਸੇ ਸਾਰੇ ਕਰਮ ਨਾਸਵੰਤ ਹਨ ਅਤੇ ਏਹਨਾਂ ਕਰਮਾਂ ਦੇ ਕੀਤਿਆਂ ਨਾਮ ਨਾਲਿ ਨੇਹੁ ਨਹੀਂ ਲਗਦਾ। ਅਜਿਹੇ ਕਰਮ ਕੀਤੇ ਸਾਰੇ ਅਜਾਈਂ ਜਾਂਦੇ ਹਨ। ਇਹਨਾਂ ਤੋਂ ਕੋਈ ਭੀ ਲਾਭ ਨਹੀਂ, ਨਾ ਹੀ ਪਰਮਾਰਥਕ ਤੇ ਨਾ ਹੀ ਆਰਥਕ। ਅਜਿਹੇ ਕਰਮ-ਅਭਿਮਾਨੀਆਂ ਨਾਲੋਂ ਚੰਡਾਲਾਂ ਦੇ ਘਰਿ ਜਨਮ ਲੈਣ ਵਾਲਾ ਉਹ ਪ੍ਰਾਣੀ ਉਤਮ ਹੈ, ਜਿਸ ਦੇ ਹਿਰਦੇ ਅੰਦਰਿ ਗੋਬਿੰਦ ਗੋਪਾਲ ਦਾ ਨਾਮ ਵਸਿਆ ਹੋਇਆ ਹੋਵੇ।

ਉਹ ਆਨਮਤ ਕਰਮ, ਜੋ ਪਾਪਾਂ ਦੇ ਨਾਸ਼ ਕਰਨ ਲਈ ਪ੍ਰਾਸਚਿਤ ਵਜੋਂ ਕੀਤੇ ਜਾਂਦੇ ਹਨ, ਕਿਸੇ ਲੇਖੇ ਨਹੀਂ। ਚਾਹੇ ਅਜਿਹੇ ਅਨੇਕਾਂ ਹੀ ਕਰਮ ਕੀਤੇ ਜਾਣ, ਇਹਨਾਂ ਦੁਆਰਾ ਪ੍ਰਾਣੀ ਦਾ ਉੱਕਾ ਹੀ ਨਿਸਤਾਰਾ ਨਹੀਂ ਹੁੰਦਾ। ਗੁਰਮਤਿ ਨਾਮ ਰੂਪੀ ਸਿਫਤਿ ਸਾਲਾਹ ਵਾਲਾ ਜਾਪ-ਅਭਿਆਸ ਸੱਚੜਾ ਕਰਮ ਕੋਟਾਨ ਕੋਟ ਪਾਪਾਂ ਨੂੰ ਪਰਹਰਨ ਲਈ ਸਮਰੱਥ ਹੈ। ਯਥਾ ਗੁਰਵਾਕ—

**ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥**

**(ਗਉੜੀ ਸੁਖਮਨੀ ਮਃ ੫, ਪੰਨਾ ੨੬੪)**

ਚਾਹੇ ਕਿਤਨੇ ਹੀ ਆਨਮਤ ਕਰਮ ਕੀਤੇ ਜਾਣ, ਬੇਦ ਪੁਰਾਨ ਸਿਮਰਤੀਆਂ ਨੂੰ ਚਾਹੇ ਕਿਤਨਾ ਹੀ ਘੋਖਿਆ ਜਾਵੇ ਅਤੇ ਉਹਨਾਂ ਦੇ ਅਨੁਸਾਰੀ ਹੋ ਕੇ ਭਾਵੇਂ ਸਾਰੇ ਕਰਮ ਸਾਰੀ ਉਮਰ ਕੋਈ ਕਰਦਾ ਰਹੇ, ਪਰ ਇਹਨਾਂ ਦੇ ਕੀਤਿਆਂ ਜਨਮ ਮਰਨ ਨਹੀਂ ਮਿਟਦਾ, ਜੋਨੀਆਂ ਵਿਚਿ ਹੀ ਭਰਮਣਾ ਪੈਂਦਾ ਹੈ। ਯਥਾ ਗੁਰਵਾਕ—

**ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥**

**(ਗਉੜੀ ਥਿਤੀ ਮਃ ੫, ਪੰਨਾ ੨੯੬)**

**ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ ॥**

**(ਗਉੜੀ ਥਿਤੀ ਮਃ ੫, ਪੰਨਾ ੨੯੭)**

ਆਨਮਤੀ ਲੋਗ ਆਨਮਤਾਂ ਦੇ ਨੇਤਾ ਸਾਧਿਕ ਸਿਰ ਸੁਰ ਨਰ ਮੁਨਿ ਜਨ ਬਥੇਰੇ ਕਰਮਾਂ ਧਰਮਾਂ ਵਿਚਿ ਪਰਵਿਰਤ ਹੁੰਦੇ ਹਨ, ਪਰ ਆਪਣਾ ਜਨਮ ਅਜਾਈਂ ਗੰਵਾ ਲੈਂਦੇ ਹਨ। ਅਨੇਕਾਂ ਆਨਮਤ ਕਰਮ ਕਰੰਦਿਆਂ ਨੂੰ ਮਾਇਆ ਮਲੋ ਮਲੀ ਆ ਚਿਮੜਦੀ ਹੈ। ਇਸ ਚਮੇੜ ਤੋਂ ਉਹ ਇਹਨਾਂ ਕਰਮਾਂ ਦੁਆਰਾ ਛੁਟਕਾਰਾ ਨਹੀਂ ਪਾ ਸਕਦੇ, ਜਿਵੇਂ ਕਿ ਗੁਰਵਾਕ ਹੈ—

ਰਾਗੁ ਆਸਾ ਘਰੁ ੨ ਮਹਲਾ ੫ ੴ ਸਤਿਗੁਰ ਪ੍ਰਸਾਦਿ ॥
ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ॥ ਜਿਨਿ ਸੁਖਿ ਬੈਠਾਲੀ ਤਿਸ ਭਉ ਬਹੁਤੁ ਦਿਖਾਇਆ ॥ ਭਾਈ ਮੀਤ ਕੁਟੰਬ ਦੇਖਿ ਬਿਬਾਦੇ ॥ ਹਮ ਆਈ ਵਸਗਤਿ ਗੁਰ ਪਰਸਾਦੇ ॥ ੧ ॥ ਐਸਾ ਦੇਖਿ ਬਿਮੋਹਿਤ ਹੋਇ ॥ ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ ॥ ੧ ॥ ਰਹਾਉ ॥ ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ ॥ ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ ॥ ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ ॥ ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ ॥ ੨ ॥ ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥ ਤ੍ਰੈਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥ ੩ ॥ ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥ ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖਿ ਨੇੜਿ ਨ ਆਵਾ ॥ ੪ ॥ ੧ ॥

(ਪੰਨਾ ੩੭੦)

ਵਿਆਖਿਆ— ਜਿਸ ਪ੍ਰਾਣੀ ਨੇ ਮਾਇਆ ਨਾਲਿ ਮੋਹ ਪਾਇਆ ਹੈ, ਮੋਹ ਮਮਤਾ-ਮਈ ਪ੍ਰੀਤ ਲਾਈ ਹੈ, ਉਸ ਨੂੰ ਇਹ ਡਾਇਣ ਮਾਇਆ ਖਾ ਜਾਂਦੀ ਹੈ। ਜਿਸ ਕਿਸੇ ਨੇ ਇਸ ਨੂੰ ਆਦਰ ਦਿੱਤਾ ਹੈ ਉਸ ਨੂੰ ਇਸ ਨੇ ਉਲਟਾ ਬਹੁਤ ਭੈਜਲ ਦਿਖਾਇਆ ਹੈ। ਸਕਿਆਂ ਤੋਂ ਸਕੇ ਭਾਈ, ਪਰਸਪਰ ਮਿਤ੍ਰਚਾਰੀ ਰਖਣ ਵਾਲੇ ਮਿਤਰ ਸੱਜਣ ਅਤੇ ਕੁਟੰਬਾਂ ਦੇ ਜੀਵ (ਪਰਵਾਰਾਂ ਦੇ ਪਰਵਾਰ) ਮਾਇਆ ਕਾਰਨ ਲੜਿ ਲੜਿ ਅਤੇ ਖਹਿ ਖਹਿ ਮਰਦੇ ਹਨ।

ਗੁਰੂ ਦੀ ਕਿਰਪਾ ਨਾਲਿ ਗੁਰਮੁਖਾਂ ਦੇ ਇਹ ਮਾਇਆ ਸਦਾ ਵਸਗਤਿ ਅਧੀਨ ਹੀ ਰਹਿੰਦੀ ਹੈ, ਪੋਹੰਦੀ ਨਹੀਂ। ਹੋਰ ਸਭਨਾਂ ਨੂੰ ਪੋਹ ਮੋਹ ਲੈਂਦੀ ਹੈ, ਚਾਹੇ ਕਿਤਨੇ ਹੀ ਆਨਮਤ ਕਰਮਾਂ ਦੇ ਕਰਨਹਾਰੇ ਹੋਣ। ਕੇਵਲ ਗੁਰਮੁਖਾਂ ਨੇ ਹੀ ਏਸ ਉਤੇ ਆਪਣਾ ਵਸੀਕਾਰ ਪਾਇਆ ਹੈ। ਮਾਇਆ ਦਾ ਐਸਾ ਪ੍ਰਭਾਵ ਹੈ ਕਿ ਇਸ ਨੂੰ ਦੇਖ ਕੇ ਗੁਰਮੁਖਾਂ ਤੋਂ ਬਿਨਾਂ ਸਭੇ ਹੀ ਨਮਤਿ ਕਰਮਾਚਾਰੀ ਬਿਲਕੁਲ ਮੋਹੇ ਜਾਂਦੇ ਹਨ। ਕਰੜੀਆਂ ਸਾਧਨਾਂ ਵਾਲੇ ਸਿਧ ਦੇਵਤੇ ਅਤੇ ਮਨੁਖ ਇਸ ਠੱਗਣੀ ਨੇ ਸਭ ਠੱਗ ਲਏ ਹਨ। ਬਚੇ ਹਨ ਤਾਂ ਗੁਰੂ ਘਰ ਦੇ ਗੁਰਮੁਖਿ ਸਾਧੂ ਜਨ ਹੀ, ਨਾਮ ਦੇ ਪਰਤਾਪਿ ਕਰਿ ਬਚੇ ਹਨ।

ਅਗਿਣਤ ਐਸੇ ਲੋਗ ਹਨ ਜੋ ਗ੍ਰਿਹਸਤ ਤੋਂ ਉਪਰਾਮ ਹੋ ਕੇ ਉਦਾਸੀ ਭੇਖ ਧਾਰਨ ਕਰ ਕੇ ਅਤੇ ਸੰਨਿਆਸੀ ਬਣ ਕੇ ਬਣਾਂ ਵਿਚਿ ਜਾ ਬਿਚਰਦੇ ਹਨ, ਤਿਨ੍ਹਾਂ ਨੂੰ ਭੀ ਮਾਇਆ ਦੀ ਕਾਮਨਾ ਜਾ ਵਿਆਪਦੀ ਹੈ। ਬਨਿ ਬੈਠਿਆਂ ਅਤੇ ਗ੍ਰਿਹਸਤੋਂ ਬਾਹਰ ਫਿਰਦਿਆਂ ਨੂੰ ਭੀ ਜਾ ਚਿਮੜਦੀ ਹੈ। ਜਿਹੜੇ ਗ੍ਰਿਹਸਤੀ ਹਨ, ਗ੍ਰਿਹਸਤੀ ਬਣ ਕੇ ਗ੍ਰਿਹਸਤ ਧਰਮ ਧਾਰਨ ਕਰਦੇ ਹਨ, ਆਨਮਤਾਂ ਦੇ ਆਸਰੇ ਆਨਮਤ ਕਰਮ ਧਰਮ ਕਰਦੇ ਹਨ, ਉਹ ਏਸ ਮਾਇਆ ਨੂੰ ਇਕੱਠੀ ਕਰਨ ਵਿਚ ਰਚ ਪਚ ਜਾਂਦੇ ਹਨ। ਪਰ ਉਹ ਇਹਨਾਂ ਦੀ ਬਣਦੀ ਨਹੀਂ। ਇਹਨਾਂ ਦੇ ਕਾਬੂ ਵਿਚਿ ਨਹੀਂ ਰਹਿੰਦੀ, ਸਗੋਂ ਧੋਖਾ ਦੇ ਜਾਂਦੀ ਹੈ। ਪਏ ਐਵੇਂ ਖਪਿ ਖਪਿ ਮਰਦੇ ਹਨ ਮਾਇਆਧਾਰੀ। ਜਿਨ੍ਹਾਂ ਜੇ ਘਰਿ ਬਹੁਤੀ


www.sikhbookclub.com

ਹੁੰਦੀ ਹੈ ਉਹ ਚਿੰਤਾ ਰੋਗ ਦੇ ਗ੍ਰਸੇ ਰਹਿੰਦੇ ਹਨ। ਜਿਨ੍ਹਾਂ ਕੋਲੇ ਥੋੜੀ ਹੁੰਦੀ ਹੈ, ਦੁਆਰੇ ਦੁਆਰੇ ਭਰਮਦੇ ਫਿਰਦੇ ਹਨ। ਇਕਿ ਗ੍ਰਿਹਸਤ ਵਿਚਿ ਰਹਿ ਕੇ ਸਤ ਧਰਮੀ ਸਦਾਉਂਦੇ ਹਨ। ਤਿਨ੍ਹਾਂ ਨੂੰ ਸਗੋਂ ਇਹ ਮਾਇਆ ਹੋਰ ਕਲਪਾਉਂਦੀ ਹੈ, ਭਾਂਤ ਭਾਂਤ ਰੂਪਾਂ ਵਿਚਿ ਭਾਂਤ ਭਾਂਤ ਦੇ ਦੁਖ ਦੇ ਕੇ ਕਣਤਾਉਂਦੀ ਸਤਾਉਂਦੀ ਹੈ ਅਤੇ ਉਹਨਾਂ ਦੇ ਸਤ ਧਰਮ ਨੂੰ ਭੰਗ ਕਰ ਦਿੰਦੀ ਹੈ। ਇਹਨਾਂ ਆਨਮਤੀਆਂ ਦੇ ਆਨਮਤਿ ਸਤ ਧਰਮ ਕਰਮ ਨੂੰ ਭ੍ਰਸ਼ਟ ਕਰ ਦਿੰਦੀ ਹੈ। ਤਿਨ੍ਹਾਂ ਦੇ ਕੀਤੇ ਧਰਮ ਕਰਮ ਮਾਇਆ ਉਤੇ ਕਾਬੂ ਨਹੀਂ ਪਾ ਸਕਦੇ, ਸਗੋਂ ਇਹ ਧਰਮੀ ਕਰਮੀ ਆਪਿ ਹੀ ਉਸ ਦੇ ਕਾਬੂ ਵਿਚਿ ਆ ਜਾਂਦੇ ਹਨ। ਮਾਇਆ ਦੇ ਪੰਜੇ ਵਿਚਿ ਫਸ ਕੇ ਜਕੜੇ ਜਾਂਦੇ ਹਨ। ਗੁਰੂ ਦੇ ਸਿਖ ਹੀ ਗ੍ਰਿਹਸਤ ਧਰਮ ਵਿਚਿ ਰਹਿ ਕੇ ਗੁਰਮਤਿ ਕਰਮ ਧਰਮ ਕਰਦਿਆਂ ਸਤਿਗੁਰੂ ਗੁਰੂ ਨਾਨਕ ਦੇ ਚਰਨ-ਸਰਨੀ ਧਿਆਨ ਧਰਦੇ ਹੋਏ ਇਸ ਮਾਇਆ ਤੋਂ ਅਲੇਪ ਰਹਿ ਸਕਦੇ ਹਨ। ਸਦਾ ਅਲੇਪ ਹੀ ਰਹਿੰਦੇ ਹਨ। ਤਿਨ੍ਹਾਂ ਨੂੰ ਕੋਈ ਲੇਸ ਨਹੀਂ ਲਗਦਾ, ਇਸ ਬਪੁੜੀ ਮਾਇਆ ਦਾ।

ਤਪ ਕਰਨਹਾਰੇ ਤਪੱਸੀਆਂ, ਆਨਮਤਾਂ ਦੇ ਬੜੇ ਬੜੇ ਤਪੀਸਰਾਂ ਨੂੰ ਇਸ ਮਾਇਆ ਨੇ ਲੁਭਾ ਕੇ ਸਤਿ ਮਾਰਗ ਤੋਂ, ਤੱਤ ਪਰਮਾਰਥ ਤੋਂ ਗੁਮਰਾਹ ਕਰਿ ਦਿੱਤਾ ਹੈ। ਗੁਮਰਾਹ ਕੀ, ਸਗੋਂ ਤਿਨ੍ਹਾਂ ਤਪੱਸੀਆਂ ਨੂੰ ਇਹ ਪਰਮਾਰਥ ਵਲ ਲੱਗਣ ਹੀ ਨਹੀਂ ਦਿੰਦੀ। ਬਥੇਰਾ ਆਨਮਤ ਦਾ ਤਪ ਕਰਿ ਕਰਿ ਤਪੀਸ਼ਰ ਜਨ ਜ਼ੋਰ ਲਾ ਥਕਦੇ ਹਨ। ਉਹਨਾਂ ਦੇ ਕੀਤੇ ਤਪ ਕਿਸੇ ਬਿਲੇ ਨਹੀਂ ਲਗਦੇ। ਐਸੀ ਕਰਮ ਕਮਾਉਣੀ ਉਹਨਾਂ ਤੇ ਪੈਂਦੀ ਹੈ ਕਿ ਉਹ ਮਾਇਆ ਵਿਚਿ ਹੀ ਉਲਝ ਜਾਂਦੇ ਹਨ, ਤਪ ਕਰਨੋਂ ਹੀ ਰਹਿ ਖੜੋਂਦੇ ਹਨ। ਬੜੇ ਬੜੇ ਬੇਦਵੇਤਾ ਪੰਡਿਤ ਬੇਦਾਚਾਰੀ, ਕਰਮਾਂ ਧਰਮਾਂ ਦੇ ਪੂਜਾਰੀ ਸਾਰੇ ਮਾਇਆ ਮੋਹ ਵਿਚਿ ਲੋਭਾਏ ਜਾਂਦੇ ਹਨ। ਮਾਇਆ ਉਹਨਾਂ ਨੂੰ ਭੀ ਲੋਭਾਇ ਲੈਂਦੀ ਹੈ। ਕੋਈ ਭੀ ਸੁੱਕਾ ਨਹੀਂ ਬਚਦਾ। ਇਸ ਧਰਤੀ ਤੇ ਤ੍ਰੈਗੁਣੀ ਜੀਵ ਸਾਰੇ ਮਾਇਆ ਦੇ ਹੀ ਫੱਟੇ, ਮੋਹੇ ਤੇ ਜਕੜੇ ਹੋਏ ਹਨ ਅਤੇ ਗਗਨ-ਮੰਡਲੀ ਤਾਰਾਗਣ ਪ੍ਰਿਥਵੀਆਂ ਦੇ ਆਕਾਸ਼ ਵਾਸੀ ਦੇਵ ਲੋਗ ਭੀ ਮਾਇਆ ਦੇ ਮੋਹੇ ਪਏ ਹਨ। ਕੇਵਲ ਸਤਿਗੁਰੂ ਨਾਨਕ ਸਾਹਿਬ ਦੀ ਛਤਰ-ਛਾਇਆ ਹੇਠ ਰਹਿਣ ਵਾਲਿਆਂ ਗੁਰਮੁਖਿ ਜਨਾਂ ਨੂੰ ਹੀ ਸਤਿਗੁਰੂ ਹੱਥ ਦੇ ਕੇ ਰਖਦਾ ਹੈ। ਜਿਨ੍ਹਾਂ ਨੂੰ ਸੱਚੇ ਸਤਿਗੁਰੂ ਨੇ ਗੁਰਮਤਿ ਗਿਆਨ ਬਖ਼ਸ਼ਿਆ ਹੈ, ਤਿਨ੍ਹਾਂ ਨਾਮ-ਹੁਲਾਸੀ, ਰਸ-ਜੋਤਿ-ਵਿਗਾਸੀ ਗਿਆਨੀਆਂ ਦੀ ਇਹ ਮਾਇਆ ਉਲਟੀ ਦਾਸੀ ਬਣ ਕੇ ਰਹਿੰਦੀ ਹੈ। ਹੱਥ ਜੋੜ ਕੇ ਅਰਦਾਸ ਕਰਦੀ ਹੈ, ਗੁਰਮੁਖਿ ਗਿਆਨ-ਪ੍ਰਕਾਸ਼ੀ ਸਿਖ ਦੇ ਅਗੇ ਕਿ ਜੋ ਤੁਸੀਂ ਫੁਰਮਾਓਗੇ ਓਹੀ ਕਾਰ ਕਮਾਵਾਂਗੀ। ਗੁਰੂ ਨਾਨਕ ਦੇ ਵਰੋਸਾਏ ਗੁਰਮੁਖਾਂ ਦੇ ਨੇੜੇ ਨਹੀਂ ਜਾਵਾਂਗੀ। ਦੂਰ ਹੀ ਹੱਥ ਜੋੜ ਕੇ ਖੜੀ ਰਹਾਂਗੀ।

ਕਰਮ ਧਰਮ ਦੀ ਤੱਤਸਾਰ ਸੋਝੀ ਤੋਂ ਸੱਖਣੇ ਆਨਮਤੀ ਲੋਕਾਂ ਦੀ ਮੁਕਤੀ ਵਲ ਸੁਰਤੀ ਨਹੀਂ। ਉਹਨਾਂ ਨੂੰ ਮੁਕਤੀ ਕਦਾਚਿਤ ਪ੍ਰਾਪਤਿ ਨਹੀਂ ਹੋ ਸਕਦੀ। ਸ਼ਬਦ-ਸੁਰਤਿ ਦੇ ਪਰਮਾਰਥੀ ਪੰਥ ਉਤੇ ਉਹ ਪੈਂਦੇ ਹੀ ਨਹੀਂ, ਜਿਸ ਦੇ ਜ਼ਰੀਏ ਕਿ ਪਰਮਾਰਥ ਦੀ ਮੰਜ਼ਲ ਦੀ ਟੀਸੀ ਤੇ ਪਹੁੰਚੀਦਾ ਹੈ। ਇਸ ਪਰਮ ਪਦ ਨੂੰ ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਿ ਸਿਖ ਹੀ ਗੁਰ-ਸ਼ਬਦ ਦੀ ਬਰਕਤ ਨਾਲਿ ਪ੍ਰਾਪਤਿ ਹੁੰਦੇ ਹਨ। ਉਹ ਦਿਨ ਰਾਤਿ ਸਿਫਤਿ ਸਾਲਾਹ ਦੇ ਸੱਚੜੇ ਗੁਰਮਤਿ ਕਰਮ ਦੀ ਅਭਿਆਸ ਕਮਾਈ ਵਿਚਿ ਹੀ ਜੁਟੇ ਰਹਿੰਦੇ ਹਨ। ਆਨਮਤੀਆਂ ਵਾਲੇ ਹੋਰ ਕਰਮ ਕਰਨ ਦੀ ਉਹਨਾਂ ਨੂੰ ਲੋੜ ਨਹੀਂ। ਇਹਨਾਂ ਫੋਕੇ ਆਨਮਤ ਕਰਮਾਂ ਵਿਚਿ ਉਹ ਪੈਂਦੇ ਹੀ ਨਹੀਂ। ਯਥਾ ਗੁਰਵਾਕ—


www.sikhbookclub.com

> **ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥ ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ ॥ ੧॥**

(ਆਸਾ ਮਃ ੧, ਪੰਨਾ ੪੩੭)

ਸਗਲੇ ਆਨਮਤ ਕਰਮਾਂ ਨੂੰ ਅਗਲੇ ਗੁਰਵਾਕ ਅੰਦਰਿ ਗਿਣ ਗਿਣ ਕੇ ਰੱਦ ਕੀਤਾ ਹੈ। ਯਥਾ ਗੁਰਵਾਕ—

> **ਮਃ ੧ ॥ ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥ ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥ ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥ ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥ ੨ ॥**

(ਆਸਾ ਦੀ ਵਾਰ, ਪੰਨਾ ੪੬੭)

ਵਿਆਖਿਆ— ਮਹਿਜ਼ ਇਖ਼ਲਾਕੀ ਨੇਕੀਆਂ ਹਉਮੈ ਭਰੀਆਂ ਚੰਗਿਆਈਆਂ ਦੇ ਕਰਮ ਕਰ ਕੇ ਭਾਵੇਂ ਕੋਈ 'ਲਖ ਪੁੰਨਾ' ਨਾਉਂ ਵਾਲਾ ਪ੍ਰਸਿਧ ਪੁੰਨ-ਕਰਮੀ ਮਸ਼ਹੂਰ ਹੋ ਗਿਆ ਹੋਵੇ ਅਤੇ ਉਸ ਦਾ ਨਾਉਂ ਲਖ-ਪੁੰਨਾ (ਲਖ ਪੁੰਨ ਕਰਨ ਵਾਲਾ) ਪੈ ਗਿਆ ਹੋਵੇ ਤਾਂ ਭੀ ਉਸ ਦੇ ਲਖ ਪੁੰਨ ਕਰਮ ਲਖਾਂ ਨੇਕੀਆਂ ਚੰਗਿਆਈਆਂ ਵਾਲੇ ਕੀਤੇ ਕਿਸੇ ਲੇਖੇ ਨਹੀਂ ਪੈਂਦੇ। ਨਿਰਾ ਹਉਮੈ ਹੀ ਵਧਾਉਂਦੇ ਹਨ, ਹਉਮੈ ਨੂੰ ਪੱਠੇ ਪਾਉਂਦੇ ਹਨ। ਤੀਰਥਾਂ ਤੇ ਜਾ ਜਾ ਕੇ, ਨਿਵਾਸ ਕਰ ਕਰ ਕੇ ਭਾਵੇਂ ਲਖਾਂ ਤਪ ਕੀਤੇ ਜਾਣ, ਬੀਆਬਾਨਾਂ ਜੰਗਲਾਂ ਵਿਚਿ ਜਾ ਕੇ ਜੋਗੀਆਂ ਦੇ ਦਸਮ ਦੁਆਰ ਵਿਚਿ ਪ੍ਰਾਣ ਚਾੜ੍ਹ ਕੇ ਸਮਾਧੀ ਲਾਉਣ ਦੇ ਸਾਧਨ ਰੂਪੀ ਨਾਮ-ਧ੍ਰੀਕ ਸਹਜ ਯੋਗ ਅਭਿਆਸ ਕਰਮ ਭਾਵੇਂ ਲਖ ਕਮਾਏ ਜਾਣ, ਹਉਮੈ ਅੰਦਰਿ ਮੈਦਾਨੇ ਜੰਗ ਜੂਝੇ ਜਾਣ, ਓੜਕ ਜੰਗ ਯੁਧ ਦੀ ਰਣ-ਭੂਮੀ ਵਿਚਿ ਹੀ ਲੜ ਕੇ ਪ੍ਰਾਣ ਤਿਆਗੇ ਜਾਣ, ਸੁਰਤੀਆਂ ਸਿਮਰਤੀਆਂ ਦੇ ਲਖਾਂ ਪਾਠ ਅਤੇ ਏਹਨਾਂ ਸੁਰਤੀਆਂ ਸਿਮਰਤੀਆਂ ਦੇ ਅਨੁਸਾਰੀ ਲਖਾਂ ਗਿਆਨ ਧਿਆਨ ਸਾਧੇ ਜਾਣ, ਅਤੇ ਬੇਦਾਂ ਪੁਰਾਣਾਂ ਨੂੰ ਲਖਾਂ ਵਾਰ ਭਾਵੇਂ ਪੜ੍ਹਿਆ ਘੋਖਿਆ ਜਾਵੇ, ਇਹ ਸਭ ਉਪਰ ਵਰਣਨ ਕੀਤੀਆਂ ਆਨਮਤ ਮਤੀਆਂ ਸਭ ਮਿਥਿਆ ਹਨ। ਅਤੇ ਏਹਨਾਂ ਆਨਮਤ ਮਤੀਆਂ ਅਨੁਸਾਰੀ ਕਰਮ ਕੀਤੇ ਭੀ ਮਿਥਿਆ ਅਤੇ ਬਿਰਥੇ ਹੀ ਹਨ। ਝੂਠ ਮਤਾਂਤਰੀ ਕਰਮ ਭੀ ਸਭ ਝੂਠੇ ਹਨ। ਕਾਰਨ ਕਰਨ ਸਮਰੱਥ ਕਰਤੇ ਕਰਨਹਾਰ ਨੇ ਉਹਨਾਂ ਦੀ ਕਿਸਮਤ ਵਿਚਿ ਆਵਣ ਜਾਣ ਹੀ ਲਿਖਿਆ ਹੈ। ਭਾਣੇ ਦੇ ਮਾਲਕ ਦੀ ਭਾਣੇ ਦੀ ਖੇਡ ਅੰਦਰਿ ਉਪਰਲੇ ਆਨਮਤ ਕਰਮਾਂ ਦੇ ਕਰਨਹਾਰੇ ਸਭੇ ਚੁਰਾਸੀ ਦੇ ਗੇੜ ਵਿਚਿ ਹੀ ਪੈਂਦੇ ਹਨ। ਇਸ ਕਰਕੇ ਇਹ ਸਭੇ ਆਨਮਤ ਮਤ-ਮਤਾਂਤਰੀ ਮਤੀਆਂ ਵਾਲੇ ਕਰਮ ਅਸੱਤ (ਝੂਠੇ) ਹਨ। ਗੁਰਮਤਿ ਜਪ-ਨੀਸਾਨੀ ਕਰਮੁ ਹੀ ਸੱਚਾ ਹੈ, ਅਰਥਾਤ, ਸਿਫਤਿ ਸਾਲਾਹ ਹੀ ਸੱਚਾ (ਸਤਿ) ਕਰਮੁ ਹੈ। ਹੋਰ ਸਭ ਕਰਮ ਤੋੜ ਨਾ ਨਿਭਣ ਵਾਲੇ ਹੋਣ ਕਰਕੇ ਮਿਥਿਆ ਹੀ ਹਨ। ਕਰਨਹਾਰ ਪ੍ਰਾਣੀ ਨੂੰ ਸਹਾਈ ਨਹੀਂ ਹੁੰਦੇ, ਨਾ ਐਥੇ (ਇਸ ਲੋਕ ਵਿਖੇ) ਨਾ ਓਥੇ (ਅਗਲੇ ਲੋਕ ਅਰਥਾਤ ਪਰਲੋਕ ਵਿਖੇ)।

ਤ੍ਰੈਕਾਲ-ਦਰਸੀ ਸਾਹਿਬੇ ਕਸ਼ਫ਼ ਸਤਿਗੁਰੂ ਨਾਨਕ ਪੰਚਮ ਗੁਰੂ ਨੇ ਸਾਰੇ ਸ਼ਾਸਤ੍ਰ ਬੇਦ ਪੁਰਾਨ ਸੋਧ ਕੇ ਦੇਖ ਲਏ ਅਤੇ ਸਿਮ੍ਰਿਤੀਆਂ ਦਾ ਤੱਤ ਭੀ ਨਿਚੋੜ ਕੇ ਭਾਂਪ ਲਿਆ। ਜਿਨ੍ਹਾਂ ਦੇ ਪੜ੍ਹਿਆਂ

 www.sikhbookclub.com

ਇਹਨਾਂ ਦੀ ਅਨੁਸਾਰਤਾ ਅਨੁਸਾਰ ਕਰਮ ਕਮਾਇਆਂ ਕਿਸੇ ਭੀ ਪ੍ਰਾਣੀ ਦਾ ਨਿਸਤਾਰਾ ਨਹੀਂ ਹੋ ਸਕਦਾ। ਨਿਸਤਾਰਾ ਕਰਨਹਾਰ ਭਵ-ਸਾਗਰ ਤੋਂ.ਪਾਰ-ਉਤਾਰਨਹਾਰ, ਉਧਾਰਨਹਾਰ ਹੈ ਤਾਂ ਦੀਨਾਂ ਨਾਥ ਪ੍ਰਾਨਪਤਿ ਪੂਰਨ ਪਾਰਬ੍ਰਹਮ ਪੂਰਾ ਪ੍ਰਭੂ ਪਰਮਾਤਮਾ ਅਤੇ ਪੂਰੇ ਪ੍ਰਭੂ ਦਾ ਪੂਰਾ ਨਾਮ ਹੀ ਹੈ, ਜੋ ਕੇਵਲ ਗੁਰਮਤਿ ਦੁਆਰਾ ਹੀ ਕਮਾਇਆ ਅਭਿਆਸਾਇਆ ਜਾ ਸਕਦਾ ਹੈ। ਆਨਮਤ ਮਤਾਂਤਰੀ ਕਰਮ ਕਮਾਏ ਸਭ ਬੇਅਰਥ ਹਨ। ਯਥਾ ਗੁਰਵਾਕ—

> **ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ ॥ ਦੀਨਾਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ ॥ ੧ ॥**

**(ਦੇਵਗੰਧਾਰੀ ਮਃ ੫, ਪੰਨਾ ੫੩੨)**

ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਪਰਸਣ ਲਈ, ਪਰਤੱਖ ਦਰਸ਼ਨ ਲਈ ਜਪ ਤਪ ਬਰਤ ਆਦਿ ਕਰਮ ਕੀਤੇ ਸਭੇ ਹੀ ਅਕਾਰਥ ਹਨ। ਇਹਨਾਂ ਆਨਮਤ ਕਰਮਾਂ ਦੇ ਕੀਤਿਆਂ ਤਪਤਿ ਨਹੀਂ ਬੁਝਦੀ। ਬੁਝਦੀ ਹੈ ਤਾਂ ਸਮਰੱਥ ਸੁਆਮੀ ਅਕਾਲ ਪੁਰਖ ਦੇ ਚਰਨ ਸ਼ਰਨ ਆਇਆਂ ਹੀ ਬੁਝਦੀ ਹੈ, ਅਤੇ ਅਕਾਲ ਪੁਰਖ ਦੀ ਚਰਨ ਸ਼ਰਨ ਨੂੰ ਪ੍ਰਾਪਤਿ ਹੋਈਦਾ ਹੈ ਤਾਂ ਨਿਰੰਕਾਰੀ ਸਤਿਗੁਰੂ ਦੇ ਬਖ਼ਸ਼ੇ ਨਿਰੰਕਾਰੀ ਨਾਮ ਦੀ ਗੁਰਮਤਿ ਦਰਸਾਈ ਅਭਿਆਸ ਕਮਾਈ ਦੁਆਰਾ ਪ੍ਰਾਪਤਿ ਹੋਈਦਾ ਹੈ। ਯਥਾ ਗੁਰਵਾਕ—

> **ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ ॥ ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ ॥**

**(ਬਿਹਾਗੜਾ ਮਃ ੫, ਪੰਨਾ ੫੪੫)**

ਹਿੰਦੂ ਮਤ ਦੇ ਮੰਨੇ-ਪ੍ਰਮੰਨੇ ਵਡੇ ਤੋਂ ਵਡੇ ਤਿੰਨ ਦੇਵਤੇ ਬ੍ਰਹਮਾ, ਬਿਸ਼ਨ, ਮਹੇਸ਼ (ਸ਼ਿਵਜੀ) ਹਨ। ਤੇਹਾਂ ਦੀ ਜੋ ਗਤਿ ਗੁਰਬਾਣੀ ਅੰਦਰਿ ਦਸੀ ਗਈ ਹੈ, ਓਹ ਇਸ ਅਗਲੇ ਗੁਰਵਾਕ ਦੇ ਭਾਵ ਤੋਂ ਜਾਣੀ ਜਾ ਸਕਦੀ ਹੈ। ਯਥਾ ਗੁਰਵਾਕ—

> **ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥ ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥ ੨ ॥ ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥**

**(ਵਡਹੰਸ ਮਃ ੩, ਪੰਨਾ ੫੫੯)**

ਬ੍ਰਹਮੈ ਨੇ ਬੇਦ ਰਚੇ ਤੇ ਉਹਨਾਂ ਬੇਦਾਂ ਦੁਆਰਾ ਜੋ ਬਾਣੀ ਪਰਗਟ ਕੀਤੀ, ਉਸ ਵਿਚਿ ਨਿਰਾ ਹੀ ਮੋਹ-ਮਾਇਆ ਦਾ ਪਸਾਰਾ ਹੀ ਪਸਰਿਆ (ਭਰਿਆ) ਪਿਆ ਹੈ। ਸੋ ਜੋ ਬੇਦਾਂ ਨੂੰ ਪੜ੍ਹਦੇ ਹਨ ਉਹ ਮੋਹ-ਮਾਇਆ ਵਿਚਿ ਹੀ ਨਾਸ ਗ਼ਰਕ ਹੋ ਜਾਂਦੇ ਹਨ। ਬ੍ਰਹਮਾ ਖ਼ੁਦ ਭੀ ਮੋਹ ਮਾਇਆ ਵਿਚ ਫਸ ਗਿਆ। ਜਦ ਬੇਦ ਦੇ ਰਚਨਹਾਰ ਅਤੇ ਬੇਦ-ਬਾਣੀ ਕਥਨਹਾਰੇ ਬੇਦ-ਬਾਣੀ ਪ੍ਰਗਾਸਨਹਾਰੇ ਦੀ ਹੀ ਇਹ ਗਤੀ ਹੈ ਤਾਂ ਬ੍ਰਹਮਾ ਦੀ ਬੇਦਾਂ ਦੁਆਰਾ ਦਿੱਤੀ ਸਿਖਿਆ ਉਤੇ ਚਲਨਹਾਰੇ ਲੋਕਾਂ ਦੀ ਗਤੀ ਕੀ ਹੋਵੇਗੀ? ਬੇਦਾਂ ਨੂੰ ਪੜ੍ਹਨ ਗੁੜ੍ਹਨਹਾਰੇ, ਬੇਦਾਂ ਦੀ ਦਰਸਾਈ ਕਰਮਾਚਾਰੀ ਤੇ ਚਲਣ ਵਾਲਿਆਂ ਦੀ ਕੀ ਗਤੀ ਹੋਵੇਗੀ? ਅਰਥਾਤ, ਕੁਛ ਭੀ ਨਹੀਂ ਹੋਣੀ। ਨਫ਼ੀ ਬਰਾਬਰ ਹੀ ਹੈ। ਨਹੀਂ ਹੋਣੀ ਤੇ ਨਹੀਂ ਹੋਣੀ। ਅਤੇ ਮਹਾਂਦੇਉ ਜੋ ਆਪਣੇ ਭਾਣੇ ਆਪਣੇ ਘਰਿ ਬੈਠਾ ਹੀ ਆਪਣੇ ਆਪ ਨੂੰ ਗਿਆਨੀ

ਅਖਵਾਉਂਦਾ ਹੈ, ਉਹ ਆਪ ਹੀ ਤਮੋਗੁਣ (ਕ੍ਰੋਧ) ਅਤੇ ਹੰਕਾਰ ਦਾ ਨਿਰਾ ਪੁਤਲਾ ਹੈ। ਉਸ ਦੇ ਪਿਛ-ਲਗੂਆਂ ਦਾ ਬਹੁਤਾ ਕ੍ਰੋਧ ਗੁੱਸਾ ਤੇ ਹੰਕਾਰ ਹੀ ਵਧਦਾ ਹੈ। ਅਤੇ ਤੀਜਾ ਦੇਵਤਾ ਜੋ ਹਿੰਦੂਆਂ ਦਾ ਹੈ ਵਿਸ਼ਨੂੰ, ਉਹ ਕ੍ਰਿਸ਼ਨ ਦਾ ਰੂਪ ਵਟਊਆ ਹੋ ਕੇ ਸਦਾ ਅਵਤਾਰ ਧਾਰਨ ਵਿਚਿ ਹੀ ਲਗਿਆ ਰਹਿੰਦਾ ਹੈ। ਤਾਂ ਦਸੋ, ਸੰਸਾਰ ਕਿਹੜੇ ਦੇਵਤੇ ਦੇ ਪਿਛੇ ਲਗ ਕੇ ਤੁਰੇ? ਸੰਸਾਰੀ ਲੋਕਾਂ ਦੇ ਇਹਨਾਂ ਤੇਹਾਂ ਦੇਵਤਿਆਂ ਦੇ ਪਿਛ-ਲਗ ਕਰਮਾਚਾਰੀ ਬੰਦਿਆਂ ਦਾ ਕਿਵੇਂ ਨਿਸਤਾਰਾ ਹੋਵੇ? ਇਹ ਤਿੰਨੇ ਹੀ ਫੋਕਟ ਕਰਮ ਦ੍ਰਿੜ੍ਹਾਉਣਹਾਰੇ ਹਨ, ਤਾਂ ਹਿੰਦੂ ਮਤ ਦੇ ਵਿਸਥਾਰਤ ਸਭੇ ਕਰਮ ਹੀ ਨਿਸਫਲ ਹਨ।

ਅਗਲਾ ਗੁਰਵਾਕ ਆਨਮਤ ਕਰਮਾਂ ਦੀ ਗਤਿ ਖੂਬ ਨਿਖਾਰਦਾ ਹੈ। ਯਥਾ ਗੁਰਵਾਕ—

**ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥ ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥ ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥ ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥**

**(ਵਾਰ ਸੋਰਠਿ, ਮਃ ੩, ਪੰਨਾ ੬੪੪-੪੫)**

ਭਾਵ—ਆਨਮਤ ਧਰਮ-ਪੁਸਤਕਾਂ ਨੂੰ ਪੜ੍ਹ ਪੜ੍ਹ ਕੇ ਘਰ ਘਰ ਵਿਖੇ (ਅਨੇਕਾਂ ਘਰਾਂ ਵਿਖੇ, ਥਾਉਂ ਥਾਈਂ, ਅਨੇਕਾਂ ਥਾਵਾਂ ਤੇ) ਉਪਦੇਸ਼ ਦੇ ਕੇ ਤਿਨ੍ਹਾਂ ਉਪਦੇਸ਼ਾਂ ਦੇ ਅਨੁਸਾਰੀ ਕਰਮ ਕਰਿ ਅਤੇ ਕਰਾ ਥਕੇ ਅਤੇ ਬਥੇਰੇ ਸਿਧ ਸਮਾਧੀਆਂ ਲਾ ਲਾ ਕੇ ਹਾਰ ਗਏ, ਪਰ ਅਜਿਹੇ ਕਰਮ ਕਮਾਵਣਹਾਰਿਆਂ ਦੇ ਮਨ ਨਾ ਹੀ ਵੱਸ ਵਿਚਿ ਆਏ। ਏਹਨਾਂ ਕੀਤੇ ਆਨਮਤ ਕਰਮਾਂ ਦੀ ਕੋਈ ਪੇਸ਼ ਨਾ ਗਈ। ਮਨ ਕਾਬੂ ਵਿਚਿ ਨਹੀ ਆਇਆ। ਅਨੇਕਾਂ ਆਨਮਤੀ ਭੇਖਧਾਰੀ ਭਾਂਤ ਭਾਂਤ ਦੇ ਭੇਖ ਕਰਿ ਥਕੇ ਅਤੇ ਅਠਾਹਠਾਂ ਹਿੰਦੂ ਮਤ ਦੇ ਤੀਰਥਾਂ ਵਿਚ ਨ੍ਹਾਇ ਨ੍ਹਾਇ ਕੇ ਹੰਭ ਹਟੇ, ਪਰ ਇਹ ਉਹਨਾਂ ਦੇ ਨਿਰੇ ਹਉਮੈ-ਗ੍ਰਸੇ ਕਰਮ ਹੀ ਰਹੇ। ਮਨ ਵਸਿ ਆਉਣ ਦੀ ਜੁਗਤੀ ਦਾ ਉਹਨਾਂ ਨੂੰ ਪਤਾ ਨਹੀਂ ਲਗਾ। ਹਉਮੈ-ਵਿਆਪੇ ਕਰਮਾਂ ਨੇ ਉਹਨਾਂ ਨੂੰ ਭਰਮਾਂ ਵਿਚਿ ਪਾ ਛਡਿਆ। ਹੁਣ ਜ਼ਰਾ ਅਗਲਾ ਗੁਰਵਾਕ ਭੀ ਵੀਚਾਰੋ। ਯਥਾ ਗੁਰਵਾਕ—

**ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥ ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥**

**(ਵਾਰ ਸੋਰਠਿ, ਸਲੋਕੁ ਮਃ ੩, ਪੰਨਾ ੬੪੭)**

ਭਾਵ— ਬੇਦ ਪੜ੍ਹਨਹਾਰੇ ਵਿਦਵਾਨ ਪੰਡਿਤਾਂ ਦੇ ਮਨ ਦੀ ਮੈਲ ਦੂਰਿ ਨਾ ਹੋਈ। ਨਾ ਕਦੇ ਹੋ ਸਕਦੀ ਹੈ, ਭਾਵੇਂ ਚਹੁੰਆਂ ਜੁਗਾਂ ਪ੍ਰਯੰਤ ਬੇਦ ਪੜ੍ਹਦੇ ਰਹਿਣ। ਕਿਉਂਕਿ ਬੇਦਾਂ ਦੀ ਪੜ੍ਹਾਈ ਅੰਦਰਿ ਜੀਵਨ ਪਲਟਾਉਣਹਾਰਾ ਪਾਰਸ ਗੁਣ ਹੀ ਕੋਈ ਨਹੀਂ। ਬੇਦਾਂ ਅੰਦਰਿ ਤ੍ਰੈਗੁਣਾਂ ਦੀ ਵਿਦਿਆ ਪੜ੍ਹਾਈ ਹੀ ਹੈ। ਅਤੇ ਤ੍ਰੈਗੁਣ ਮਾਇਆ ਦਾ ਹੀ ਮੂਲ ਹਨ। ਇਹਨਾਂ ਤ੍ਰੈਗੁਣ ਪੂਰਤ ਬੇਦਾਂ ਨੂੰ ਪੜ੍ਹਨਹਾਰੇ ਹਉਮੈ ਦੇ ਹੀ ਤ੍ਰੈਗੁਣੀ ਕਰਮ ਕਮਾਉਂਦੇ ਹਨ। ਹਉਮੈ ਦੇ ਕਰਮਾਂ ਨੂੰ ਕੀਤਿਆਂ ਨਾਮ ਤਾਂ ਉੱਕਾ ਹੀ ਵਿਸਰ ਜਾਂਦਾ ਹੈ। ਬੇਦ-ਬੇਤਾ, ਬੇਦ-ਗਿਆਤਾ ਕਰਮਾਚਾਰੀ ਪੰਡਿਤ ਹਉਮੈ ਦੇ ਵਿਚਿ ਭੁਲੇ ਹੋਏ ਦੂਜੇ ਭਾਇ ਦੇ ਮਾਇਆ ਵਾਪਾਰ ਦੇ ਕਰਮਾਂ ਵਿਚਿ ਲਗ ਗਏ। ਜਿਸ ਮਾਇਆ ਦੇ ਤ੍ਰਿਸ਼ਨਾਲੂ ਹੋ ਕੇ ਉਹ ਦੂਜੇ

ਭਾਇ ਦੇ ਕਰਮਾਂ ਵਿਚਿ ਪ੍ਰਵਿਰਤ ਹੋਏ, ਓਹਨਾਂ ਦੀ ਉਹ ਤ੍ਰਿਸ਼ਨਾ ਭੁੱਖ ਭੀ ਨਾ ਲਥੀ। ਅੰਦਰਖ਼ਾਨੇ ਉਹਨਾਂ ਦੇ ਤ੍ਰਿਸ਼ਨਾ ਭੁੱਖ ਦੀ ਅਗਨੀ ਭੜਕਦੀ ਹੀ ਰਹੀ। ਅਜਿਹੇ ਮਹਾਂ ਮੂਰਖ ਗਵਾਰ ਲੋਗ ਬੇਦਾਂ ਦੇ ਵੇਤਾ ਪੰਡਿਤ ਕਹਾਉਂਦੇ ਹੋਏ ਹੀ ਅੰਤੇਕਾਲ ਭੁੱਖੇ ਹੀ ਮਰ ਗਏ, ਭੁੱਖੇ ਹੀ ਤ੍ਰਿਸ਼ਨਾ ਅੰਦਰ ਦੀ ਅੰਦਰ ਲੈ ਕੇ ਹੀ ਤੁਰ ਗਏ। ਅਜਿਹੇ ਆਨਮਤ ਕਰਮਾਂ ਨੇ ਉਹਨਾਂ ਦਾ ਕੀ ਸਾਰਿਆ ਸੰਵਾਰਿਆ, ਸਗੋਂ ਬਿਗਾੜਿਆ ਹੀ ਬਿਗਾੜਿਆ। ਪਰਮਾਰਥ ਤਾਂ ਉਹਨਾਂ ਦਾ ਉੱਕਾ ਹੀ ਬਿਗੜ ਗਇਆ।

ਅਗਲੇ ਗੁਰਵਾਕ ਅੰਦਰਿ ਭੀ ਆਨਮਤ ਕਰਮਾਂ ਦੀ ਕਪੋਲਤਾ ਦੀ ਖ਼ੂਬ ਕਲਈ ਖੋਲ੍ਹੀ ਹੈ—

**ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧**

**ੴ ਸਤਿਗੁਰ ਪ੍ਰਸਾਦਿ ॥**

**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥ ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥ ੧ ॥ ਮਨ ਰੇ ਸੰਸਾਰੁ ਅੰਧ ਗਹੇਰਾ ॥ ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥ ੧ ॥ ਰਹਾਉ ॥ ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ॥ ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥ ੨ ॥ ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥ ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥ ੩ ॥ ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥ ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥ ੪ ॥ ੧ ॥**

(ਪੰਨਾ ੬੫੪)

ਵਿਆਖਿਆ— ਹਿੰਦੂ ਮਤ ਤਾਂ ਮੁਢ ਤੋਂ ਹੀ ਬੁੱਤ-ਪੂਜਾ ਦਾ ਮਰਕਜ਼ ਹੈ। ਇਹਨਾਂ ਦਾ, ਸਰਗੁਣ ਉਪਾਸ਼ਕਾਂ ਦਾ ਅਸੂਲ ਕੇਵਲ ਬੁੱਤ-ਪ੍ਰਸਤੀ ਤੇ ਹੀ ਨਿਰਭਰ ਰਖਦਾ ਹੈ। ਹਿੰਦੂ ਈਸ਼ਰ-ਪੂਜਾ ਵਿਚ ਸਦਾ ਹੀ ਬੁੱਤ-ਪ੍ਰਸਤ ਬਣੇ ਰਹੇ ਹਨ। ਹਿੰਦੂ ਮਤ-ਅਵਿਲੰਬੀਆਂ ਦੇ ਬੜੇ ਬੜੇ ਨੇਤਾਵਾਂ ਦੇ ਬੁੱਤ ਬਣਦੇ ਰਹੇ ਹਨ। ਬੁਧ ਦੇ ਬੁੱਤ ਤਾਂ ਹਰ ਮੁਲਕ ਵਿਚਿ ਬਣਾਏ ਗਏ ਹਨ। ਪੱਥਰਾਂ ਦੇ ਨਾਨਾ ਪ੍ਰਕਾਰੀ ਅਨੇਕ ਦੇਸ਼ਾਂ ਦੇ ਪੁਰਾਣੇ ਖੰਡਰਾਤ ਤੋਂ ਹੁਣ ਤਾਈਂ ਮਿਲਦੇ ਰਹੇ ਹਨ। ਹਿੰਦੂਆਂ ਦਾ ਜੈਨ ਮਤ ਭੀ ਬੁੱਤ-ਪੂਜਾ ਦਾ ਹੀ ਉਪਾਸ਼ਕ ਰਿਹਾ ਹੈ। ਅੱਜ ਕਲ੍ਹ ਨਵੀਨ ਜ਼ਮਾਨੇ ਦੇ ਹਿੰਦੂ ਨੇਤਾਵਾਂ ਨੇ ਤਾਂ ਇਸ ਬੁੱਤ-ਪ੍ਰਸਤੀ ਦੀ ਹਦ ਕਰਿ ਗੁਜ਼ਾਰੀ। ਗਾਂਧੀ ਜੈਨ-ਮਤੀ ਦੇ ਬੁੱਤ ਦੀ ਜੋ ਪੂਜਾ ਸਰਕਾਰੀ ਹੁਕਮ ਨਾਲਿ ਇਸ ਹਿੰਦ ਭਾਰਤੀ ਸਰਕਾਰ ਨੇ ਕਰਾਈ ਹੈ, ਉਸ ਨੇ ਤਾਂ ਸਾਫ਼ ਇਸ ਗੱਲ ਦਾ ਸਬੂਤ ਦੇ ਦਿੱਤਾ ਹੈ ਕਿ ਇਹ ਹਿੰਦ ਸਰਕਾਰ ਨਹੀਂ, ਹਿੰਦੂ ਸਰਕਾਰ ਹੈ। ਇਸ ਬੁੱਤ-ਪ੍ਰਸਤੀ ਤੋਂ ਖ਼ਾਲੀ ਨਾ ਹੀ ਹਿੰਦੂ ਮਤ ਹੈ, ਨਾ ਹੀ ਮੁਸਲਮਾਨੀ ਮਜ਼ਹਬ ਹੈ। ਜਿਥੇ "ਬੁਤ ਪੂਜਿ ਪੂਜਿ ਹਿੰਦੂ ਮੂਏ" ਦਾ ਫ਼ਤਵਾ ਗੁਰਬਾਣੀ ਹਿੰਦੂਆਂ ਤੇ ਲਾਉਂਦੀ ਹੈ ਉਥੇ ਨਾਲਿ ਹੀ "ਤੁਰਕ ਮੂਏ ਸਿਰੁ ਨਾਈ" ਵਾਲੀ ਬੁੱਤ-ਪ੍ਰਸਤੀ ਦਾ ਹਰਫ਼ ਮੁਸਲਮਾਨਾਂ ਉਤੇ ਭੀ ਆਉਂਦਾ ਹੈ। ਸਮੁੱਚੀ ਦੀ ਸਮੁੱਚੀ ਮੁਸਲਮਾਨ ਲੋਕਾਈ ਦਿਨ ਵਿਚਿ ਦੀ ਪੰਜ ਵਾਰ ਕਾਅਬੇ ਵਲ ਸਿਰ ਨਿਵਾ ਕੇ ਨਮਾਜ਼ ਪੜ੍ਹਦੀ ਹੈ। ਮੱਕੇ ਕਾਅਬੇ ਵਿਚਿ ਕੀ ਧਰਿਆ ਪਿਆ ਹੈ, 'ਸੰਗੇ ਅਸਵਦ' (ਕਾਲਾ ਪੱਥਰ), ਚਾਹੇ ਘੜਿਆ ਹੋਇਆ ਬੁੱਤ ਨਹੀਂ, ਨਿਰਾ ਪੱਥਰ ਹੀ ਹੈ। ਪਰ ਪੱਥਰ ਵਲ ਸਿਰ ਨਿਵਾ ਕੇ ਸਿਜਦਾ ਕਰਨਾ ਮੁਸਲਮਾਨਾਂ ਦੀ ਨਿਰੀ ਬੁੱਤ-ਪ੍ਰਸਤੀ ਹੈ। ਇਸ ਕਰਕੇ "ਤੁਰਕ ਮੂਏ ਸਿਰੁ ਨਾਈ" ਵਾਲੇ ਗੁਰਵਾਕ ਦੀ ਘਟਨਾ ਇੰਨ ਬਿੰਨ ਤੁਰਕਾਂ ਦੀ ਬੁੱਤ

ਅਤੇ ਮੱਕੇ ਵਲ ਨੂੰ ਮੂੰਹ ਕਰ ਕੇ ਸਿਰ ਨਿਵਾਉਣ ਵਾਲੀ ਬੁੱਤ-ਪ੍ਰਸਤੀ ਤੇ ਘਟਦੀ ਹੈ। ਫੇਰ ਹਿੰਦੂ ਤਾਂ ਮੁਰਦਿਆਂ ਨੂੰ ਜਾਲ ਕੇ ਮੜ੍ਹੀਆਂ ਬਣਾ ਲੈਂਦੇ ਹਨ। ਮੁਸਲਮਾਨ ਮੁਰਦਿਆਂ ਨੂੰ ਦੱਬ ਕੇ ਕਬਰਾਂ ਬਣਾਉਂਦੇ ਹਨ। ਤਾਂ ਤੇ ਇਹਨਾਂ ਦੋਹਾਂ ਵਡੀਆਂ ਬੁੱਤ-ਪ੍ਰਸਤ ਕੌਮਾਂ (ਹਿੰਦੂਆਂ ਤੇ ਮੁਸਲਮਾਨਾਂ) ਨੇ ਕਾਦਰ ਕਰੀਮ ਕਰਤੇ ਕਰਨਹਾਰ ਨਿਰੰਕਾਰ ਦੀ ਗਤਿ ਨਹੀਂ ਪਾਈ। ਸਾਰਾ ਸੰਸਾਰ ਹੀ ਅੰਧ-ਵਿਸ਼ਵਾਸੀ ਦਾ ਅੰਨ੍ਹਾ ਖਾਤਾ ਬਣਿਆ ਹੋਇਆ ਹੈ, ਜਿਸ ਕਰਕੇ ਇਸ ਦੀਆਂ ਦਸੇ ਹੀ ਦਿਸਾਵਾਂ ਦੇ ਉਦਾਲੇ (ਦੁਆਲੇ) ਜਮ ਦੇ ਜਾਲ ਦਾ ਜਿਉੜਾ ਫੰਦਾ ਪਿਆ ਹੋਇਆ ਹੈ, ਜਿਸ ਫੰਦੇ ਵਿਚੋਂ ਇਹ ਅਨਮਤੀ ਸੰਸਾਰੀ ਲੋਕ ਕਦੇ ਨਿਕਲ ਹੀ ਨਹੀਂ ਸਕਦੇ। ਕਿਉਂਕਿ ਇਹ ਕਰਮ ਹੀ ਅਜਿਹੇ ਕਮਾਉਂਦੇ ਹਨ ਜੋ ਜਮ-ਜਾਲ ਵਿਚਿ ਫਸਣ ਵਾਲੇ ਹੋਣ। ਬਸ, ਏਹਨਾਂ ਕਰਮਾਂ ਵਿਚਿ ਹੀ ਫਸ ਫਸ ਕੇ ਮਰਿ ਮੁਕਦੇ ਹਨ।

ਕਵੀਸ਼ਰ ਲੋਗ ਕਵੀਸ਼ਰੀਆਂ ਪੜ੍ਹ ਪੜ੍ਹ ਕੇ ਹੀ ਮਰ ਗਏ, ਮਰਦੇ ਚਲੇ ਆ ਰਹੇ ਹਨ ਜੁਗਾਂ ਤੋਂ, ਅਤੇ ਹੁਣ ਭੀ ਮਰਿ ਰਹੇ ਹਨ, ਕਵੀਸ਼ਰੀਆਂ ਦੀ ਕਜ-ਖ਼ਿਆਲੀ ਕਰਮ ਬਾਜ਼ੀ ਵਿਚਿ। ਹਿੰਦੂਆਂ ਦਾ ਇਕ ਕਾਪੜੀਆਂ ਦਾ ਇਕ ਫ਼ਿਰਕਾ ਹੈ, ਉਹ ਕਿਦਾਰ ਨਾਥ ਦੇ ਜਾਣ ਨੂੰ ਹੀ ਪੁੰਨ ਕਰਮ ਸਮਝਦਾ ਹੈ। ਅਤੇ ਹਿੰਦੂ ਮਤ ਦਾ ਜੋਗੀਆਂ ਦਾ ਜਰਗਾ (ਫ਼ਿਰਕਾ) ਭਸਮ ਲਾ ਕੇ ਲੰਮੀਆਂ ਜਟਾਂ ਵਧਾਉਣ ਨੂੰ ਹੀ ਕਲਿਆਣਕਾਰੀ ਕਰਮ ਸਮਝਦਾ ਹੈ। ਬਸ ਸਾਰੇ ਜੋਗੀ ਜਟਾਂ ਧਾਰ ਧਾਰ ਕੇ ਹੀ ਮਰ ਗਏ, ਪਰ ਉਹਨਾਂ ਦੀ ਕਲਿਆਣ ਨਾ ਹੋਈ। ਗਤ ਹੋਣ ਦੇ ਥਾਉਂ ਦੁਰਗਤਿ ਹੀ ਹੋਈ। ਜਦ ਉਹਨਾਂ ਦੀ ਆਪਣੀ ਹੀ ਗਤਿ ਨਹੀਂ ਹੋ ਸਕਦੀ ਤਾਂ ਉਹਨਾਂ ਨਿਰੰਕਾਰ ਪਰਮਾਤਮਾ ਦੀ ਗਤਿ ਕੀ ਪਾ ਸਕਣੀ ਸੀ। ਪਾ ਹੀ ਨਹੀਂ ਹੋਈ। ਨ ਹੀ ਪਾਈ ਗਈ, ਜੋਗੀਆਂ ਤੋਂ ਪਰਮੇਸਰ ਦੀ ਗਤੀ।

ਜੋਗ ਸੰਨਿਆਸ ਦਾ ਤਾਂ ਇਹ ਹਸ਼ਰ ਹੋਇਆ। ਹੁਣ ਰਿਹਾ ਗ੍ਰਿਹਸਤ ਆਸ਼੍ਰਮ। ਦੋਹਾਂ ਮਤਾਂ ਦੇ ਵਡੇ ਵਡੇ ਰਾਜੇ ਸ਼ਾਹ ਸੁਲਤਾਨ ਅਰਬਾਂ ਖ਼ਰਬਾਂ ਦੇ ਖ਼ਜ਼ਾਨੇ ਦਿਰਮ ਦਰਬਾਂ ਨਾਲਿ ਭਰ ਭਰ ਕੇ ਮਰ ਗਏ। ਸਾਰੀ ਉਮਰ ਉਹਨਾਂ ਦੀ, ਇਸ ਦਰਬ-ਸੰਚਨੀ ਮਾਇਆ ਇਕੱਤਰ ਕਰਨ ਵਿਚਿ ਹੀ ਵਿਹਾ ਗਈ, ਪਰ ਉਹਨਾਂ ਦੇ ਹਥਿ ਕਖ ਭੀ ਨਾ ਆਇਆ। ਨਾ ਉਹਨਾਂ ਦਾ ਕਖ ਰਿਹਾ, ਨਾ ਉਹਨਾਂ ਦੇ ਦਰਬ ਭਰੇ ਭੰਡਾਰ ਦਾ ਕਖ ਰਿਹਾ। ਸਗੋਂ ਇਸ ਦਰਬ-ਸੰਚਨੀ ਹਵਸ ਵਿਚਿ ਉਹ ਆਪਣਾ ਦੀਨੋ ਈਮਾਨ ਭੀ ਗੰਵਾ ਬੈਠੇ। 'ਤਪੋਂ ਰਾਜ ਰਾਜੋਂ ਨਰਕ' ਵਾਲੀ ਦੁਰਗਤੀ ਓਹਨਾਂ ਦੀ ਹੋਈ। ਸੋਨੇ ਦੇ ਭਾਰੀ ਭਾਰੀ ਕਿਲ੍ਹੇ ਬਣਾਉਣ ਵਾਲਿਆਂ ਰਾਜਿਆਂ ਦਾ ਕਖ ਨਾ ਰਿਹਾ, ਨਾ ਹੀ ਉਹਨਾਂ ਨੂੰ ਕਖ ਮਿਲਿਆ – 'ਮਾਇਆ ਮਿਲੀ ਨਾ ਰਾਮ'। ਬੜੇ ਬੜੇ ਬੇਦ-ਵੇਤਾ ਅਤੇ ਬੇਦ-ਗਿਆਤਾ ਪੰਡਿਤ ਫ਼ਿਲਾਸਫ਼ਰ ਬੇਦਾਂ ਨੂੰ ਪੜਿ ਪੜਿ ਮਰ ਗਏ। ਏਹਨਾਂ ਬੇਦਾਚਾਰੀ ਪੰਡਿਤਾਂ ਦੀ ਸਗੋਂ ਉਲਟੀ ਦੁਰਗਤੀ ਹੋਈ, ਹੋਰ ਤਾਂ ਹੋਰ, ਸਭ ਤੋਂ ਵਡਾ ਬੇਦਾਚਾਰੀ ਪੰਡਿਤ, ਬੇਦਾਂ ਦੇ ਰਚਨਹਾਰਾ ਬ੍ਰਹਮਾ ਬੇਦਾਂ ਦਾ ਕਰਤਾ ਹੁੰਦਾ ਹੋਇਆ ਅੰਤ ਦੁਰਗਤੀ ਪਾ ਕੇ ਹੀ ਮਰਿਆ। ਨਾਰੀ ਦਾ ਰੂਪ ਦੇਖ ਦੇਖ ਕੇ ਮਰਨਹਾਰੇ ਪੰਡਿਤਾਂ ਦੀ ਗਤੀ ਭੀ ਕਦੇ ਹੋ ਸਕਦੀ ਹੈ? ਭਾਵੇਂ ਸਾਰੀ ਉਮਰ ਬੇਦਾਚਾਰ ਕਰਮ ਕਰਿ ਹਫ ਥਕਿਆ ਹੋਵੇ। ਐਸੇ ਦੁਰਗਤੀ ਪਾ ਕੇ ਜਾਣ (ਮਰਣ) ਵਾਲੇ ਬੇਦ-ਪੰਡਿਤਾਂ ਨੇ ਭਲਾ ਅਬਿਗਤ ਪਰਮਾਤਮਾ ਦੀ ਗਤਿ ਨੂੰ ਕੀ ਜਾਣ ਸਕਣਾ ਸੀ! ਅਬਿਗਤ ਸੋ ਹੈ, ਜਿਸ ਦੀ ਗਤਿ ਨੂੰ ਕੋਈ ਅਲਪੱਗ ਪੁਰਸ਼ ਨਹੀਂ ਪਾ ਸਕਦਾ, ਚਾਹੇ ਬ੍ਰਹਮਾ ਸਾਰਖਾ ਬੇਦ-ਕਰਮਾਰੀ

ਕਰਮ ਫ਼ਿਲਾਸਫ਼ਰ ਹੋਵੇ। ਕ੍ਰਿਸ਼ਨ ਜੀ ਨੇ ਪਾਂਡਵਾਂ ਨੂੰ ਕਰਮ ਫ਼ਿਲਾਸਫ਼ੀ ਸਿਖਲਾਈ, ਦ੍ਰਿੜ੍ਹਾਈ, ਪਰ ਕਿਸੇ ਕੰਮ ਨਾ ਆਈ। ਉਹ ਹਿਮਾਲਾ ਪਰਬਤ ਦੀਆਂ ਬਰਫ਼ਾਂ ਵਿਚਿ ਹੀ ਜਾ ਕੇ ਗਲੇ।

ਵਾਹਿਗੁਰੂ ਦੇ ਨਿਰੰਕਾਰੀ ਨਾਮ ਬਿਨਾਂ ਸਾਰੇ ਹੀ ਖੁਆਰ ਹੋ ਕੇ ਮਰੇ। ਆਪਣੇ ਅੰਦਰਿ ਹੀ ਝਾਤੀ ਮਾਰ ਕੇ ਗਹੁ ਕਰ ਕੇ ਦੇਖ ਲੈਣ ਕਿ ਉਪਰਲਿਆਂ ਫੋਕਟ ਕਰਮਾਚਾਰੀਆਂ ਦੀ ਕੀ ਗਤਿ ਹੋਈ ਹੈ ਅਤੇ ਉਹਨਾਂ ਨੇ ਕਿੰਨੀ ਕੁ ਗਤਿ ਪਾਈ ਹੈ। ਸਿਰੀ ਕਬੀਰ ਸਾਹਿਬ ਨੇ ਤਾਂ ਸਤਿਗੁਰੂ ਦਿੱਬ ਦ੍ਰਿਸ਼ਟਾਈ ਦ੍ਰਿਸ਼ਟੀ ਦੁਆਰਾ ਨਿਸਚਿੰਤ ਕਰ ਕੇ ਫ਼ੈਸਲਾ ਦੇ ਦਿੱਤਾ ਹੈ ਕਿ ਕਿਸੇ ਦੀ ਭੀ ਏਹਨਾਂ ਵਿਚੋਂ ਗਤਿ ਕਲਿਆਣ ਨਹੀਂ ਹੋਈ। ਭਗਤ ਜਨਾਂ ਦੀ, ਕਬੀਰ ਸਾਰਖੇ ਪੁਜੇ ਹੋਏ, ਪੁੱਗੇ ਹੋਏ ਭਗਤ ਜਨਾਂ ਦੀ ਅੰਤਰ ਸਿਮਰਨ-ਸ਼ਕਤੀ ਅਕਾਲ ਪੁਰਖ ਨਾਲਿ ਇਕ-ਮਿਕ ਹੋਈ ਸੁਰਤਿ ਫ਼ਿਲਾਸਫ਼ੀ ਦਾ ਇਹ ਸਿੱਟਾ ਹੈ, ਜੋ ਕੁਝ ਉਪਰਲੇ ਕਰਮਾਚਾਰੀਆਂ ਦਾ ਫ਼ੋਟੋ ਖਿਚਿਆ ਗਿਆ ਹੈ। ਉਪਰਲੇ ਕਰਮਾਚਾਰੀਆਂ ਦੇ ਆਨਮਤ ਪੁਜਾਰੀ ਅਤੇ ਪੈਰੋਕਾਰ ਭੀ ਆਪੋ ਆਪਣੇ ਮਨਾਂ ਵਿਚਿ ਕੰਘੀ ਮਾਰ ਕੇ ਅਤੇ ਆਪਣੇ ਗਿਰੇਵਾਨ ਵਿਚਿ ਧੌਣ ਪਾ ਕੇ ਤੱਕ ਲੈਣ ਅਤੇ ਆਪੋ ਆਪਣੀ ਮੰਜੀ ਹੇਠਾਂ ਡੰਗੋਰੀ ਫੇਰ ਕੇ ਨਿਰਖ ਲੈਣ, ਨਿਰਣਾ ਕਰਿ ਲੈਣ। ਕਬੀਰ ਸਾਹਿਬ ਦੀ ਕਸ਼ਫ਼ ਉਪਦੇਸ਼ਨੀ ਸਾਰੀ ਤੱਤ-ਬਿਆਨੀ ਹਰਫ਼ ਹਰਫ਼ ਸਹੀ ਹੈ, ਅਤੇ ਸਦਾਕਤ ਭਰੀ ਹਕੀਕਤ ਭਰੀ ਹੈ।

ਆਨਮਤ ਕਰਮਾਂ ਦੀ ਨਿਸਫਲਤਾ ਜਨਕ ਨਿਖੇਧੀ ਅਗਲੇ ਗੁਰਵਾਕ ਅੰਦਰਿ ਕੈਸੀ ਨਿਖਾਰ ਕੇ ਕੀਤੀ ਹੈ। ਕੋਈ ਕਸਰ ਬਾਕੀ ਨਹੀਂ ਛਡੀ। ਯਥਾ ਗੁਰਵਾਕ—

> ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ ॥ ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ॥ ੧ ॥ ਮਨ ਰੇ ਸਰਿਓ ਨ ਏਕੈ ਕਾਜਾ ॥ ਭਜਿਓ ਨ ਰਘੁਪਤਿ ਰਾਜਾ ॥ ੧ ॥ ਰਹਾਉ ॥ ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥ ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥ ੨ ॥ ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥ ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥ ੩ ॥ ਪਰਿਓ ਕਾਲੁ ਸਭੈ ਜਗ ਊਪਰਿ ਮਾਹਿ ਲਿਖੇ ਭ੍ਰਮ ਗਿਆਨੀ ॥ ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ ੪ ॥ ੩ ॥
>
> (ਸੋਰਠਿ ਕਬੀਰ ਜੀ, ਪੰਨਾ ੬੫੪)

ਵਿਆਖਿਆ— ਹਿੰਦੂ ਮਤ ਦੇ ਬੇਦਾਂ ਤੇ ਪੁਰਾਨਾਂ ਦੇ ਸਾਰੇ ਸਿਧਾਂਤ ਸੁਣ ਕੇ ਜਿਨ੍ਹਾਂ ਜਿਨ੍ਹਾਂ ਸ਼ੁਭ-ਆਸਾ-ਬੰਧੂਆਂ ਨੇ ਓਹਨਾਂ ਸਿਧਾਂਤਾਂ ਅਨੁਸਾਰ ਕਰਮ ਕੀਤੇ ਅਤੇ ਕਰਮਾਂ ਅਨੁਸਾਰੀ ਹੀ ਉਹਨਾਂ ਦੀ ਜਣਾਈ ਹੋਈ ਫਲ-ਪਰਦਾਤਨੀ ਆਸਾ ਕੀਤੀ, ਸੋ ਐਵੇਂ ਅਜਾਈਂ ਹੀ ਗਈ। ਨਾ ਹੀ ਉਹਨਾਂ ਨੂੰ ਕੀਤੇ ਕਰਮਾਂ ਦੇ ਬਾਂਛਤ ਫਲ ਪ੍ਰਾਪਤਿ ਹੋਏ ਨਾ ਹੀ ਓਹਨਾਂ ਦੀ ਮੁਰਾਦ ਆਸ਼ਾ ਪੂਰੀ ਹੋਈ। ਉਹਨਾਂ ਦੀ ਕਲਿਆਣ ਤਾਂ ਕੀ ਹੋਣੀ ਸੀ, ਉਲਟੇ ਉਹ ਕਾਲ ਨੇ ਹੀ ਗ੍ਰਸਿ ਲਏ ਅਤੇ ਕਾਲ ਦਾ ਹੀ ਲੁਕਮਾ ਹੋ ਕੇ ਚੁਰਾਸੀ ਵਿਚਿ ਜਾ ਪਏ। ਰਹਿੰਦੇ ਖੂੰਹਦੇ ਕਰਮ-ਕਾਂਡੀ ਵਿਦਿਆ-ਅਕਲੀ-ਸਿਆਣੇ ਲੋਕ ਆਪਣੇ ਆਪ ਨੂੰ ਹੀ ਹੋਰਨਾਂ ਦੀ ਤਰ੍ਹਾਂ ਕਾਲ ਦਾ ਸ਼ਿਕਾਰ ਹੁੰਦੇ ਦੇਖ ਕੇ ਅਤੇ ਚੁਰਾਸੀ ਦੇ ਚੱਕਰ ਵਿਚ ਪੈਂਦੇ ਦੇਖ ਕੇ ਬੇਦਾਂ ਪੁਰਾਨਾਂ ਤੋਂ ਅਤੇ ਬੇਦਾਚਾਰੀ ਪੁਰਾਨ-ਕਥਾਊ ਪੰਡਿਤਾਂ ਤੋਂ ਭੀ ਅਸ਼ਰਧਕ ਅਤੇ ਨਿਰਾਸ਼ੇ ਹੋ ਗਏ। ਫੋਕੀ ਸਿਆਣਪਾਂ ਦੇ ਪੁਤਲੇ ਕਰਮ-ਕਾਂਡੀ ਮਨ ਦੇ ਮਾਲਕਾਂ ਮੁਨੀਸ਼ਰਾਂ, ਜੋਗੀਸ਼ਰਾਂ, ਤਪੀਸ਼ਰਾਂ ਪਾਸੋਂ ਅਨੇਕਾਂ

ਬੇਦਾਂ ਪੁਰਾਨਾਂ ਦਾ ਹੀ ਕਰਮ ਕਰ ਕੇ ਉਹਨਾਂ ਦਾ ਕੋਈ ਭੀ ਮਨੋਰਥ ਪੂਰਾ ਨਾ ਹੋ ਸਕਿਆ। ਅਨੇਕਾਂ ਕਰਮ ਕੀਤੇ ਬਿਰਥੇ ਗਏ। ਅਵਰ ਕਰਮ ਕਾਜ ਕਿਸੇ ਕੰਮ ਦੇ ਨਹੀਂ। ਜਦ ਇਕੋ ਕਰਨ ਜੋਗ ਕੰਮ 'ਨਾਮ', ਸਿਫਤਿ ਸਾਲਾਹੀ ਕਰਮ ਕਰਨਾ ਉਹਨਾਂ ਤੋਂ ਨਾ ਸਰਿਆ। ਸਰ ਹੀ ਨਹੀਂ ਸਕਦਾ, ਕਿਉਂਕਿ ਏਹਨਾਂ ਆਨਮਤ ਧਰਮ-ਪੁਸਤਕਾਂ ਵਿਚਿ ਕੇਵਲ ਫੋਕਟ ਕਰਮ-ਕਾਂਡ ਕਰਨ ਦੀ ਹੀ ਤਾਲੀਮ ਮਿਲਦੀ ਹੈ। ਜੋ ਕਾਮਨਾ-ਅਰਥ ਕੀਤੇ ਜਾਂਦੇ ਹਨ। ਨਾਮ ਨਿਹਕਾਮ ਦੀ ਇਹਨਾਂ ਪੁਸਤਕਾਂ ਬੇਦਾਂ ਪੁਰਾਨਾਂ ਅੰਦਰਿ ਕਰਮ-ਸੁਕਰਮੀ ਹੋਣ ਦਾ ਜ਼ਿਕਰ ਹੀ ਨਹੀਂ ਕੀਤਾ ਹੋਇਆ। ਇਹ ਸਾਰ ਪਦਾਰਥ ਤਾਂ ਗੁਰੂ ਘਰ ਤੋਂ ਹੀ ਮਿਲਦਾ ਹੈ। ਜਦ ਤਾਈਂ ਸੱਚੇ ਰਮਤ ਰਾਮ ਵਾਹਿਗੁਰੂ ਪਰਮਾਤਮਾ ਦੇ ਨਾਮ ਦਾ ਸਿਮਰਨ ਭਜਨ ਨਾ ਕੀਤਾ ਜਾਵੇ ਅਤੇ ਸੱਚੜਾ ਸਿਫਤਿ ਸਾਲਾਹੀ ਕਰਮ ਨਾ ਕੀਤਾ ਜਾਵੇ, ਓਦੋਂ ਤਾਈਂ ਫੋਕਟ ਕਰਮ ਕਰਨਹਾਰਿਆਂ ਦਾ ਕੱਖ ਨਹੀਂ ਬਣਦਾ। ਫੋਕਟ ਕਰਮ ਕੀਤੇ ਤੋਂ ਰਤਾ ਭਰ ਭੀ ਆਸ-ਪੂਰਤੀ ਨਹੀਂ ਹੁੰਦੀ। (ਕਬੀਰ ਸਾਹਿਬ ਦੇ ਸਮੇਂ ਖਾਸ ਕਰਕੇ ਅਤੇ ਹੁਣ ਭੀ ਆਮ ਤੌਰ ਤੇ ਹਿੰਦੂਆਂ ਅੰਦਰਿ ਰਮਤ ਰਾਮ ਨੂੰ ਰਾਮ ਰਾਜਾ ਜਾਂ ਰਘੁਪਤਿ ਰਾਜਾ ਕਹਿ ਕੇ ਪੁਕਾਰਨ ਦੀ ਅੱਲ ਪਈ ਹੋਈ ਸੀ, ਪ੍ਰੰਤੂ ਕਬੀਰ ਸਾਹਿਬ ਦਾ ਅਤੇ ਹੋਰ ਸਾਰੇ ਹਕੀਕਤ ਮਾਰਫ਼ਤ-ਦਰਸੀ ਭਗਤ ਜਨਾਂ ਦਾ ਵਿਸ਼ੇਸ਼ ਕਰਕੇ ਗੁਰਮਤਿ-ਮਾਰਗੀਆਂ ਦਾ ਨਿਸ਼ਾਨਾ ਅਪਰੰਪਰ ਨਿਰੰਕਾਰੀ ਰਾਮ ਤੋਂ ਹੀ ਹੈ। ਹਿੰਦੂਆਂ ਦੀ ਆਨਮਤਰੀ ਸੰਬੋਧਨ ਕਰ ਕੇ ਪ੍ਰਚਲਤ ਪੜਤ ਪਈ ਅਨੁਸਾਰ ਚਾਹੇ ਕੁਛ ਕਹਿ ਕੇ ਸੰਬੋਧਿਆ ਜਾਵੇ, ਬੀਠਲ, ਰਾਜਾ ਰਾਮ ਚੰਦ, ਰਘੁਨਾਥ, ਰਘੁਪਤਿ ਆਦਿ ਪਦ ਗੁਰਮਤਿ ਅੰਦਰਿ ਇਕ ਅਕਾਲ ਪੁਰਖ ਦੀ ਹਸਤੀ, ਨਿਰਗੁਣ ਸਰੂਪ ਹਸਤੀ ਦੇ ਹੀ ਲਖਾਇਕ ਹਨ, ਸਰਗੁਣ ਹਸਤੀ ਦੇ ਜਣਾਇਕ ਨਹੀਂ।) ਅਗੇ ਫੇਰ ਅਗਲੀ ਦੁਤੁਕੀ ਅੰਦਰ ਏਸੇ ਕਰਮ-ਕਾਂਡਨੀ ਉਪਾਸ਼ਨਾ ਦੀ ਇਉਂ ਨਿਖੇਧੀ ਕੀਤੀ ਗਈ ਹੈ— ਬਨਾਂ ਖੰਡਾਂ ਜੰਗਲਾਂ ਵਿਚਿ ਜਾ ਕੇ ਜੋਗ ਸਾਧਿਆਂ, ਤਪ ਦੇ ਭਰਮਣ ਕੀਤਿਆਂ ਅਤੇ ਜੜਾਂ ਬੂਟੀਆਂ ਫਲਾਂ ਨੂੰ ਖਾ ਕੇ ਨਿਰਬਾਹ ਕਰਦਿਆਂ ਇਹ ਜੋਗ ਤਪ ਆਦਿਕ ਆਨਮਤ ਕਰਮ ਕਰ ਕੇ ਭੀ ਕੁਛ ਨਹੀਂ ਬਣਦਾ। ਨਾਦੀ ਬੇਦੀ ਸ਼ਬਦੀ ਮੋਨੀ ਚਹੁੰਆਂ ਭੇਖਾਂ ਵਾਲੇ, ਅਰਥਾਤ, ਨਾਦ ਨਰਸਿੰਘੇ ਬਜਾਉਣ ਵਾਲੇ ਜੋਗੀ, ਬੇਦ ਦੀਆਂ ਰਿਚੀਆਂ ਉਚੀ ਧੁੰਨੀਆਂ ਨਾਲਿ ਉਚਾਰਨਹਾਰੇ ਸੁਆਮੀ ਸੰਨਿਆਸੀ, ਅਲਖ ਅਲਖ ਜਗਾ ਕੇ ਉਚੀ ਸੁਰ ਨਾਲਿ ਪੁਕਾਰਨ ਵਾਲੇ ਦੱਤਾਤ੍ਰੇਯ ਸਾਰਖੇ ਅਵਿਧੂਤ ਅਤੇ ਮੋਨ ਧਾਰਨਹਾਰੇ ਮੋਨੀ ਮੁਨੀ ਇਹ ਸਭੇ ਜਮ ਦੇ ਪਟੇ ਵਿਚਿ ਲਿਖੇ ਗਏ ਹਨ। ਜਮਦੂਤਾਂ ਦੇ ਹਵਾਲੇ ਹੀ ਹੋਣਗੇ। ਜਮ ਨੂੰ ਜੋ ਸਨਦ ਮਿਲੀ ਹੋਈ ਹੈ ਸੱਚੀ ਰੱਬੀ ਸਰਕਾਰ ਵਲੋਂ ਕਿ ਫਲਾਣੇ ਫਲਾਣੇ ਕਰਮਾਂ ਵਾਲੇ ਪੁਰਸ਼ ਤੇਰੇ ਸੀਗੇ ਵਿਚਿ ਲਿਖੇ ਗਏ ਹਨ, ਇਹ ਚਾਰੇ ਉਪਰ ਦਸੇ ਭੇਖਾਂ ਵਾਲੇ ਉਸੇ ਪਟੇ ਵਾਲੀ ਫ਼ਰਿਸਤ ਵਿਚਿ ਆ ਗਏ ਅਤੇ ਜਮਦੂਤਾਂ ਦੇ ਸਪੁਰਦ ਹੋਣਾ ਤਿਨ੍ਹਾਂ ਦਾ ਲਿਖਿਆ ਗਿਆ। ਉਸ ਪ੍ਰਕਾਰ ਦੀ ਭਗਤੀ ਜੋ ਨਾਰਦ ਰਿਖੀ ਨੇ ਦਸੀ ਦ੍ਰਿੜ੍ਹਾਈ, ਉਹ ਤਾਂ ਉਹਨਾਂ ਦੇ ਰਿਦੇ ਵਿਚਿ ਨਾ ਆਈ, ਨਾ ਸਮਾਈ, ਤਿਸ ਭਗਤੀ ਨੇ ਕੁਛ ਕਾਟ ਨਾ ਕੀਤੀ, ਕੁਝ ਅਸਰ ਨਾ ਕੀਤਾ। ਸਰੀਰ ਨੂੰ ਤੁਛ ਮੁਛ ਕੇ ਹੀ ਬਣਾਈ ਸਵਾਰੀ ਰਖਣ ਦੀ ਹੀ ਨਾਰਦ ਮੁਨੀ ਵਾਲੀ ਰੀਝ ਰੀਸ ਕੀਤੀ, ਡਿੰਭ-ਭਗਤੀ ਹੀ ਸਾਧੀ। ਸਰੀਰ ਸਾਧਿਆ, ਮਨ ਨਹੀਂ ਸਾਧਿਆ। ਮਨ ਸਾਧਿਆ ਹੀ ਨਹੀਂ ਜਾ ਸਕਦਾ ਪ੍ਰੇਮਾ-ਭਗਤੀ ਗੁਰਮਤਿ ਭਗਤੀ ਤੋਂ ਬਿਨਾਂ, ਐਵੇਂ ਰਾਗ ਰਾਗਨੀ ਦਾ ਪਖੰਡ ਹੀ ਖਿਲਾਰਿਆ ਹੈ। ਮੂਰਤੀਆਂ ਅਗੇ ਰਾਗ ਰਾਗਨੀ ਗਾਇ ਕੇ ਲੋਕਾਂ ਨੂੰ ਰੀਝਾਉਣ ਦਾ ਡਿੰਭ ਹੀ ਰਚਿਆ ਹੈ। ਇਹ ਬਿਧਿ ਆਪਣੇ ਆਪ ਨੂੰ ਬੜਾ ਭਗਤ ਪ੍ਰਸਿੱਧ ਕੀਤਾ। ਜਿਨ੍ਹਾਂ ਨੂੰ ਇਸ ਪਾਖੰਡ ਦੁਆਰਾ ਲੋਕਾਂ ਵਿਚ ਡਿੰਭੀ ਹੋ ਕੇ ਬੈਠਣ ਦਾ ਚਸਕਾ ਪਿਆ ਹੋਇਆ ਹੈ, ਉਹਨਾਂ ਨੂੰ ਭਲਾ ਪ੍ਰੇਮਾ ਭਗਤੀ ਨਾਲਿ ਕੀ ਵਾਸਤਾ ਹੈ।

ਉਹਨਾਂ ਨੇ ਤਾਂ ਜਮਾਂ ਦੇ ਵਸਿ ਹੀ ਪੈਣਾ ਹੈ। ਹਰੀ ਪਰਮਾਤਮਾ ਪਰਮੇਸ਼ਰ ਦੇ ਤਾਂ ਓਹ ਰਾਹ ਹੀ ਨਹੀਂ ਚਲਦੇ, ਪਰਮੇਸ਼ਰ ਪਾਸੋਂ ਉਹਨਾਂ ਨੇ ਕੀ ਲੈਣਾ ਹੈ, ਨਾਲੇ ਪਰਮਾਰਥ ਦੇ ਰਾਹ ਪੈਣ ਦਾ ਉਹਨਾਂ ਦਾ ਵਾਸਤਾ ਹੀ ਕੋਈ ਨਹੀਂ। ਐਸੇ ਡਿੰਭੀਆਂ, ਕਰਮ-ਕਾਂਡੀਆਂ ਨੂੰ ਨਾ ਪਰਮਾਰਥ ਦੀ ਪ੍ਰਾਪਤੀ ਹੋਣੀ ਹੈ ਨਾ ਹੀ ਪਰਮੇਸ਼ਰ ਦੀ। ਉਹਨਾਂ ਦੇ ਪੱਲੇ ਤਾਂ ਡਿੰਭ ਕਰਮ ਹੀ ਰਹਿ ਜਾਣੇ ਹਨ, ਜਿਨ੍ਹਾਂ ਕਰਕੇ ਉਹ ਜਮਾਂ ਦੇ ਹਵਾਲੇ ਹੀ ਹੋਣਗੇ। ਨਾ ਉਹਨਾਂ ਨੂੰ ਪਰਮਾਰਥ ਦੀ ਪ੍ਰਾਪਤੀ ਹੁੰਦੀ ਹੈ ਨਾ ਪਰਮਾਤਮਾ ਦੀ। ਸਾਰੇ ਸੰਸਾਰ ਅਤੇ ਸੰਸਾਰ ਭਰ ਦੇ ਸਮੂਹ ਆਨਮਤ ਕਰਮ-ਚਾਰੀਆਂ ਨੂੰ ਕਾਲ ਦੇ ਚੱਕਰ ਨੇ ਗ੍ਰਾਸ ਲਿਆ ਹੈ, ਜਿਸ ਕਾਰਨ ਉਹਨਾਂ ਨੂੰ ਚੁਰਾਸੀ ਦੇ ਗੇੜ ਵਿਚਿ ਪੈਣਾ ਪੈਂਦਾ ਹੈ। ਉਸ ਗੇੜ ਦੇ ਲੇਖੇ ਵਿਚਿ (ਜਮ ਦੇ ਪਟੇ ਵਿਚਿ) ਭਰਮ-ਗਿਆਨੀ ਭੀ ਲਿਖੇ ਗਏ ਹਨ। ਗਿਆਨੀ ਕਹਾਉਣ ਵਾਲੇ ਜਿਹੜੇ ਅਜੇ ਭਰਮਦੇ ਹੀ ਫਿਰਦੇ ਹਨ, ਉਹਨਾਂ ਦਾ ਨਾਮ ਭਰਮ-ਗਿਆਨੀ ਹੈ। ਆਨਮਤ ਗਿਆਨ ਦੇ ਗਿਆਨੀ ਸਭ ਭਰਮ-ਗਿਆਨੀ ਹੀ ਹਨ। ਸਭ ਕਾਲ ਦੇ ਚੱਕਰ ਅਤੇ ਚੁਰਾਸੀ ਦੇ ਗੇੜ ਅੰਦਰਿ ਗਿਣੇ ਗਏ ਹਨ। ਕਰਮ ਕਾਂਡ ਦੀ ਬੰਧਨਾ ਵਿਚ ਸਾਰੇ ਹੀ ਆਨਮਤ ਫੋਕਟ ਗਿਆਨੀ ਹਨ। ਉਹ ਜਨ ਇਨ੍ਹਾਂ ਬੰਧਨਾਂ ਤੋਂ ਆਜ਼ਾਦ ਹੋਏ ਹਨ, ਜਿਨ੍ਹਾਂ ਨੂੰ ਗੁਰੂ ਦੁਆਰਿਓਂ ਗੁਰੂ ਘਰ ਤੋਂ ਪ੍ਰੇਮਾ ਭਗਤੀ ਪ੍ਰਾਪਤਿ ਹੋਈ ਹੈ, ਸੋਈ ਜਨ ਪ੍ਰੇਮਾ ਭਗਤੀ ਦੀ ਕਮਾਈ ਕਰ ਕੇ ਸੱਚੀ ਆਜ਼ਾਦੀ ਨੂੰ ਪ੍ਰਾਪਤਿ ਹੋਏ ਹਨ। ਅਤੇ ਸੱਚੇ ਖਾਲਸੇ, ਆਨਮਤੀ ਕਰਮਾਂ ਦੀ ਕੈਦ ਤੋਂ ਰਹਿਤ ਖਾਲਸ ਜਨ ਹੋ ਗਏ ਹਨ। ਆਨਮਤ-ਕਰਮੀਏ ਕਦੇ ਏਸ ਅਜ਼ਾਦੀ ਨੂੰ ਪ੍ਰਾਪਤਿ ਨਹੀਂ ਹੋ ਸਕਦੇ। ਓਹ ਸਦਾ ਬੰਧਨ ਬੱਧੇ ਚੁਰਾਸੀ ਦੇ ਗੇੜ ਵਿਚ ਹੀ ਘੁੰਮਦੇ ਰਹਿੰਦੇ ਹਨ, ਭਾਵੇਂ ਕਿਤਨੇ ਹੀ ਉੱਗਰ ਕਰਮ ਆਨਮਤ ਧਰਮ ਦੇ ਕਰ ਲੈਣ। ਅਗਲੇ ਗੁਰਵਾਕ ਅੰਦਰਿ ਭੀ ਆਨਮਤ ਫੋਕਟ ਕਰਮਾਂ ਦੀ ਪੋਲ ਖੋਲ੍ਹੀ ਹੈ। ਯਥਾ ਗੁਰਵਾਕ—

> ਧਨਾਸਰੀ ਮਹਲਾ ੫ ॥ ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥ ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥ ੧ ॥ ਪ੍ਰਭੂ ਜੀ ਕੋ ਨਾਮੁ ਜਪਤ ਮਨ ਚੈਨ ॥ ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ ਲੈਨ ॥ ੧ ॥ ਰਹਾਉ ॥ ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ ॥ ਇਹ ਬਿਧਿ ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ ॥ ੨ ॥ ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ ਤਿਨਿ ਪਾਇਓ ਜਿਸੁ ਕਿਰਪੈਨ ॥ ਸਾਧਸੰਗਿ ਰੰਗਿ ਪ੍ਰਭ ਭੇਟੇ ਨਾਨਕ ਸੁਖਿ ਜਨ ਰੈਨ ॥ ੩ ॥ ੧੩ ॥
>
> (ਪੰਨਾ ੬੭੪)

ਇਸ ਗੁਰਵਾਕ ਦਾ ਤੱਤ ਭਾਵ ਇਸ ਬਿਧਿ ਵਿਆਖਤ ਹੈ— ਕਈ ਮੱਤਾਂ ਦੇ ਕਰਮਾਂ ਵਾਲੇ ਪੂਜਾ ਵਰਤ ਰਖਣੇ ਜਿਤਨੇ ਭੀ ਨੇਮ ਹਨ, ਨ੍ਹਾ ਕੇ ਮੱਥੇ ਟਿੱਕੇ ਲਾਉਣੇ ਆਦਿਕ ਕਿਰਿਆ ਵਾਲੇ ਜਿਤਨੇ ਭੀ ਪਾਖੰਡ ਹਨ, ਬਹੁਤਾ ਦਾਨ ਦੇਣ ਵਾਲੇ ਜਿਤਨੇ ਭੀ ਆਨਮਤ ਕਰਮ ਹਨ, ਸਭ ਫੋਕਟ ਹਨ। ਇਹਨਾਂ ਸੰਜਮਾਂ ਵਿਚੋਂ ਕਿਸੇ ਸੰਜਮ ਦੁਆਰਾ ਭੀ ਸੁਆਮੀ ਪਰਮਾਤਮ ਦੇਵ ਨਹੀਂ ਭਿਜਦਾ, ਰੀਝਦਾ। ਮੁਖੋਂ ਮਿਠੇ ਬੋਲ ਬੋਲਿਆਂ ਭੀ ਕੁਛ ਨਹੀਂ ਬਣਦਾ। ਅਕਸਰ ਇਹ ਮਿਠ-ਬੋਲੀਏ ਉਪਰੋਂ ਉਪਰੋਂ ਹੀ ਮਿੱਠਾ ਬੋਲਦੇ ਹਨ, ਅੰਦਰਿ ਓਹਨਾਂ ਦੇ ਕਪਟ ਵਿਕਾਰ ਕੁਟਲਤਾ ਦੀ ਕਾਤੀ ਹਰ ਦਮ ਫਿਰਦੀ ਰਹਿੰਦੀ ਹੈ। ਇਉਂ ਭਲਾ ਅੰਤਰਜਾਮੀ ਪਰਮਾਤਮ ਪਤੀ ਰੀਝਦਾ ਹੈ? ਕਦਾਚਿਤ ਨਹੀਂ। ਹੋਰ ਕਿਸੇ ਕਰਮ ਕੀਤਿਆਂ ਮਨ ਨਹੀਂ ਪਰਚਦਾ। ਮਨ ਨੂੰ ਕਿਸੇ ਭੀ ਆਨਮਤ ਕਰਮ ਦੇ ਕਰਨ ਤੋਂ


www.sikhbookclub.com

ਚੈਨ ਨਹੀਂ ਆਉਂਦੀ, ਕੇਵਲ ਵਾਹਿਗੁਰੂ ਦਾ ਨਾਮ ਜਪਿਆਂ ਹੀ ਚੈਨ ਪੈਂਦੀ ਹੈ। ਆਨਮਤ ਕਰਮਾਚਾਰੀ ਅਨਿਕ ਪ੍ਰਕਾਰ ਦੇ ਨਾਨਾ ਬਿਧੀ ਕਰਮ ਕਰ ਕੇ ਵਾਹਿਗੁਰੂ-ਪ੍ਰਾਪਤੀ ਦੀ ਖੋਜ ਕਰਦੇ ਹਨ, ਪ੍ਰੰਤੂ ਵਾਹਿਗੁਰੂ-ਪ੍ਰਾਪਤੀ ਦਾ ਪਰਮਾਰਥੀ ਪੈਂਡਾ ਬੜਾ ਹੀ ਬਿਖਮ ਹੈ, ਕਠਨ ਤੋਂ ਕਠਨ ਹੈ, ਆਨਮਤ ਕਰਮਾਂ ਦਾ ਉਥੇ ਵੱਸ ਨਹੀਂ ਵਸਾਉਂਦਾ ਅਤੇ ਇਨ ਬਿਧਿ ਅਗਮ ਅਗੋਚਰ ਵਾਹਿਗੁਰੂ ਵਸਿ ਨਹੀਂ ਆਉਂਦਾ, ਲਿਆ ਨਹੀਂ ਜਾਂਦਾ। ਅਨੇਕ ਪ੍ਰਕਾਰ ਦੇ ਆਨਮਤ ਜਾਪ ਤਾਪ ਦੇ ਕਰਮ ਸਾਧਣੇ, ਧਰਤੀ ਉਤੇ ਥਾਉਂ ਥਾਈਂ ਭਰਮਦਿਆਂ ਫਿਰਨਾ, ਕਿਤੇ ਟਿਕਣਾ ਹੀ ਨਾ, ਅਤੇ ਅਸਮਾਨ ਵਲੇ ਉਚੀਆਂ ਬਾਹਾਂ ਕਰਕੇ ਬਹਿਣਾ, ਇਉਂ ਉਰਧ ਬਾਹੂ ਆਸਣ ਜਮਾ ਕੇ ਘੁੱਗੂ-ਮੱਟ ਸਮਾਧੀਆਂ ਲਗਾਣੀਆਂ ਅਤੇ ਜੈਨ ਮੱਤ ਦੀਆਂ ਜੁਗਤੀਆਂ ਵਰਤਣੀਆਂ, ਹੋਰ ਭੀ ਅਨਿਕ ਪ੍ਰਕਾਰੀ ਜੋਗ ਸਾਧਨਾਵਾਂ ਕਰਨੀਆਂ, ਇਹ ਸਭ ਬਿਰਥੇ ਅਤੇ ਫੋਕਟ ਕਰਮ ਹਨ। ਇਹਨਾਂ ਦੇ ਕੀਤਿਆਂ ਠਾਕੁਰ ਨਹੀਂ ਪਤੀਆਉਂਦਾ। ਜਿਸ ਜਨ ਉਤੇ ਕਿਰਪਾਲੂ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ ਉਸ ਨੂੰ ਗੁਰੂ ਦੁਆਰਿਓਂ ਗੁਰੂ ਘਰ ਦੇ ਪੰਜਾਂ ਪਿਆਰਿਆਂ ਗੁਰਮੁਖਾਂ ਤੋਂ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਿਫਤਿ ਸਾਲਾਹ ਦਾ ਨਿਰਮੋਲਕ ਖ਼ਜ਼ਾਨਾ ਮਿਲਦਾ ਹੈ, ਜਿਸ ਦਾ ਮੁਲ ਹੀ ਕੋਈ ਨਹੀਂ। ਗੁਰੂ ਘਰ ਦੇ ਸਤਸੰਗ ਵਿਚਿ ਪ੍ਰੇਮ ਰੰਗ ਨਾਲਿ ਕੀਰਤਨ ਹਰੀ ਜਸ ਕੀਤਿਆਂ ਸੁਣਿਆਂ ਅਤੇ ਅੰਮ੍ਰਿਤ-ਨਾਮ ਦੀ ਅਭਿਆਸ ਕਮਾਈ ਕੀਤਿਆਂ ਹੀ ਵਾਹਿਗੁਰੂ ਭਿਜਦਾ ਪਤੀਜਦਾ ਹੈ ਅਤੇ ਏਸੇ, ਕੇਵਲ ਏਸੇ ਬਿਧ ਹੀ ਪ੍ਰਾਪਤ ਹੁੰਦਾ ਹੈ। ਹੋਰ ਕਿਸੇ ਬਿਧਿ ਨਹੀਂ, ਕਿਸੇ ਕਰਮ ਕੀਤਿਆਂ ਨਹੀਂ। ਵਾਹਿਗੁਰੂ ਨਾਮ ਦੇ ਰੰਗਾਂ ਵਿਚਿ ਨਾਮ-ਕੀਰਤਨ ਦੀਆਂ ਕੀਤੀਆਂ ਅਭਿਆਸ ਕਮਾਈਆਂ ਦੇ ਤ੍ਰੰਗਾਂ ਵਿਚਿ ਗੁਰਮੁਖਿ ਨਾਮ ਅਭਿਆਸੀਆਂ ਦੀ ਸਾਰੀ ਆਰਬਲਾ (ਆਯੂ) ਹੀ ਸੱਚੜੇ ਆਤਮ ਸੁਖਾਂ ਵਿਚਿ ਵਿਹਾਉਂਦੀ ਹੈ। ਬਸ, ਸਾਰ ਸਿੱਟਾ ਇਹੀ ਹੈ ਕਿ ਵਾਹਿਗੁਰੂ ਨੂੰ ਕੇਵਲ ਗੁਰਮੁਖਿ ਜਨ ਹੀ ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰ ਕੇ ਮਿਲ ਸਕਦੇ ਹਨ, ਨਹੀਂ ਤਾਂ ਵਾਹਿਗੁਰੂ ਨੂੰ ਚਹੁੰਆਂ ਬੇਦਾਂ ਦੇ ਬਕਤਾ ਬ੍ਰਹਮਾ ਨੇ ਭੀ ਨਹੀਂ ਜਾਣਿਆ। ਬੇਦਾਂ ਅੰਦਰਿ ਦਰਸਾਏ ਕਰਮਾਂ ਕਾਂਡਾਂ ਦੁਆਰਾ ਤਾਂ ਵਾਹਿਗੁਰੂ ਦਾ ਗਿਆਨ ਕਿਸੇ ਨੂੰ ਕੀ ਹੋ ਸਕਦਾ ਹੈ! ਸਿਮ੍ਰਤੀਆਂ ਪੁਰਾਣਾਂ ਵਾਲੇ ਰਿਖੀ ਮੁਨੀ ਭੀ ਵਾਹਿਗੁਰੂ ਦੇ ਤੱਤ ਗਿਆਨ ਤੋਂ ਥੋਥੇ ਹੀ ਹਨ, ਤਾਂ ਉਹਨਾਂ ਦੇ ਬਣਾਏ ਉਚਾਰੇ ਪੁਰਾਣਾਂ ਤੇ ਸਿਮ੍ਰਤੀਆਂ ਨੇ ਕੀ ਸਾਰਨਾ ਹੈ। ਪਰਮਾਤਮ-ਗਿਆਨ ਪ੍ਰਥਾਇ ਇਕ ਕਸੀਰੇ ਦਾ ਕੰਮ ਭੀ ਨਹੀਂ ਦੇ ਸਕਦੇ ਸਿਮ੍ਰਿਤਿ ਸ਼ਾਸਤ੍ਰ ਪੁਰਾਣ ਆਦਿਕ। ਯਥਾ ਗੁਰਵਾਕ—

**ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥ ਕਮਲਾਪਤਿ ਕਵਲਾ ਨਹੀ ਜਾਨਾਂ ॥ ੩ ॥**
**ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥ ੪ ॥ ੧ ॥**

**(ਧਨਾਸਰੀ ਕਬੀਰ ਜੀ, ਪੰਨਾ ੬੯੧)**

ਇਸ ਗੁਰਵਾਕ ਤੋਂ ਇਹ ਭੀ ਸਿਧ ਹੋਇਆ ਕਿ ਲਛਮੀ ਦੇ ਪਤੀ ਵਿਸ਼ਨੂੰ ਨੇ ਭੀ ਨਿਰੰਕਾਰ ਵਾਹਿਗੁਰੂ ਨੂੰ ਨਹੀਂ ਜਾਣਿਆ, ਤੱਤ ਗਿਆਨ ਬਿਗਸਾਨੇ ਇਕਮਿਕਤਾ ਵਾਲੇ ਮੇਲ ਕਰਿ। ਲਛਮੀ ਕਉਲਾਂ ਨੂੰ ਤਾਂ ਪਰਮਾਤਮ-ਮਿਲਾਵੇ ਦਾ ਤੱਤ ਗਿਆਨ ਕੀ ਹੋਣਾ ਸੀ? ਹੋ ਸਕਦਾ ਹੀ ਨਹੀਂ, ਐਵੇਂ ਭਰਮਦੇ ਹੀ ਫਿਰਦੇ ਹਨ। ਲਛਮੀ ਭੀ ਅਤੇ ਲਛਮੀ ਦਾ ਪਤੀ ਅਉਤਾਰੀਂ ਰੁਧਾ ਵਿਸ਼ਨੂੰ ਭੀ। ਕੇਵਲ ਉਹ ਪੁਰਸ਼ ਅਗਿਆਨ ਵਿਚਿ ਨਹੀਂ ਭਰਮਦਾ, ਜੋ ਅਗਿਆਨ ਕਰਮ ਵਿਚਿ ਨਹੀਂ ਪੈਂਦਾ ਅਤੇ ਗੁਰ ਪ੍ਰਸਾਦ ਕਰਿ ਵਾਹਿਗੁਰੂ ਦੇ ਚਰਨਾਂ ਨਾਲਿ ਪ੍ਰਾਪਤਿ ਹੋ ਕੇ ਵਾਹਿਗੁਰੂ ਦੀ ਸ਼ਰਨੀ ਹੀ

ਸਮਾਇਆ ਰਹਿੰਦਾ ਹੈ, ਵਾਹਿਗੁਰੂ ਨਾਮ ਦਾ ਅਭਿਆਸ ਕਰਦਿਆਂ ਕਰਦਿਆਂ ਵਾਹਿਗੁਰੂ ਵਿਚਿ ਹੀ ਲੀਨ ਹੋ ਜਾਂਦਾ ਹੈ। ਆਨਮਤ ਕਰਮਾਂ ਦੀ ਗਤੀ ਦੇ ਪੋਲ ਨੂੰ ਅਗਲਾ ਗੁਰਵਾਕ ਖ਼ੂਬ ਖੋਲ੍ਹਦਾ ਹੈ। ਯਥਾ ਗੁਰਵਾਕ—

ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ

ੴ ਸਤਿਗੁਰ ਪ੍ਰਸਾਦਿ ॥ ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥ ੧ ॥ ਰਹਾਉ ॥ ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥ ਕੁਲ ਜਨ ਮਧੇ ਮਿਲ੍ਯ੍ਯਿੋ ਸਾਰੰਗਪਾਨ ਰੇ ॥ ਕਰਮ ਕਰਿ ਕਲੰਕੁ ਮਫੀਟਸਿ ਰੀ ॥ ੧ ॥ ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ ॥ ਕਰਮ ਕਰਿ ਅਰੁਣ ਪਿੰਗੁਲਾ ਰੀ ॥ ੨ ॥ ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥ ਕਰਮ ਕਰਿ ਕਪਾਲੁ ਮਫੀਟਸਿ ਰੀ ॥ ੩ ॥ ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥ ਕਰਮ ਕਰਿ ਖਾਰੁ ਮਫੀਟਸਿ ਰੀ ॥ ੪ ॥ ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥ ਕਰਮ ਕਰਿ ਕਛਉਟੀ ਮਫੀਟਸਿ ਰੀ ॥ ੫ ॥ ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥ ਬਦਤਿ ਤਿਲੋਚਨ ਰਾਮ ਜੀ ॥ ੬ ॥ ੧ ॥

(ਪੰਨਾ ੬੯੫)

ਪੁੰਨ ਅਤੇ ਪਾਪ ਮਈ ਆਨਮਤੀ ਕਰਮ ਕੀਤੇ ਭੁਗਤਣੇ ਹੀ ਪੈਂਦੇ ਹਨ। ਇਹਨਾਂ ਦਾ ਫਲ ਅਮਿੱਟ ਹੈ। ਚਾਹੇ ਇਹਨਾਂ ਕਰਮਾਂ ਦੇ ਕਰਨਹਾਰ ਦੇ ਹਰ ਦਮ ਸਹਾਈ ਵਡੇ ਵਡੇ ਮੰਨੇ ਪ੍ਰਮੰਨੇ ਦੇਵਤੇ ਹੀ ਹੋਣ। ਆਨਮਤ ਕਰਮਾਂ ਦੀ ਲਾਗ ਤੇ ਲਿਬੇੜ ਬਣੀ ਹੀ ਰਹਿੰਦੀ ਹੈ। ਆਨਮਤੀ ਮੰਨੇ-ਪ੍ਰਮੰਨੇ ਅਵਤਾਰਾਂ ਦੇ ਸਤਾਰੇ ਭੀ ਨਹੀਂ ਮਿਟਾ ਸਕਦੇ। ਇਹ ਉਪਰਲਾ ਗੁਰਵਾਕ ਇਸੇ ਪ੍ਰਥਾਇ ਉਚਾਰਨ ਹੋਇਆ ਹੈ ਅਤੇ ਕਰਮ-ਗਤੀ ਦਾ ਹੂਬਹੂ ਫ਼ੋਟੋ ਖਿਚਦਾ ਹੈ। ਪ੍ਰਥਾਉ ਤਾਂ ਇਸ ਦਾ ਇਹ ਹੈ ਕਿ ਤ੍ਰਿਲੋਚਨ ਭਗਤ ਦੀ ਇਸਤ੍ਰੀ ਨੂੰ ਭਗਤ ਦੀ ਇਸਤ੍ਰੀ ਹੋਣ ਕਰਿ ਹੀ ਇਹ ਖ਼ਿਆਲ ਉਠਿਆ ਕਿ ਮੇਰੇ ਘਰਿ ਕੋਈ ਪੁਤਰ ਹੋਵੇ, ਨਿਪੁੱਤੀ ਨਾ ਜਾਵਾਂ। ਇਸ ਆਸ਼ੇ ਨੂੰ ਮੁਖ ਰਖ ਕੇ ਉਸ ਨੇ ਪਰਮਾਤਮਾ ਅਗੇ ਬੇਨਤੀ ਕੀਤੀ ਕਿ ਹੇ ਪਰਮਾਤਮਾ! ਮੇਰੇ ਘਰਿ ਸਪੁੱਤਰ ਹੋਵੇ, ਅਤੇ ਸਪੁੱਤਰ ਹੋਣ ਤੋਂ ਪਹਿਲਾਂ ਇਕ ਐਸਾ ਹੋਨਹਾਰ ਸੇਵਕ ਨੌਕਰ ਬਖ਼ਸ਼ੋ ਜੋ ਹਰ ਪ੍ਰਕਾਰ ਆਗਿਆਕਾਰ ਹੋਵੇ, ਮਨਬਾਂਛਤ ਸੇਵਾ ਕਰੇ। ਆਪਣੇ ਭਗਤ ਦੀ ਇਸਤ੍ਰੀ ਹੋਣ ਕਰਿ ਪਰਮਾਤਮਾ ਨੇ ਉਸ ਦੀ ਬੇਨਤੀ ਪਰਵਾਨ ਕਰ ਲਈ ਅਤੇ ਆਪ ਹੀ ਸੇਵਕ ਦਾ ਰੂਪ ਧਾਰ ਕੇ ਪਰਮੇਸ਼ਰ ਭਗਤ-ਵਛਲ ਭਗਤਾਂ ਦਾ ਪਿਆਰਾ ਤ੍ਰਿਲੋਚਨ ਦੇ ਘਰ ਅਗੇ ਆ ਕੇ ਕਹਿਣ ਲਗਾ, ਕਿ ਮੈਨੂੰ ਨੌਕਰ ਰਖਣਾ ਤਾਂ ਰਖ ਲਵੇ, ਜੋ ਕਹੋ ਸੋ ਸੇਵਾ ਕਰੂੰਗਾ, ਜੋ ਕਾਰ ਕਹੋਗੇ ਮੈਂ ਕਮਾਵਾਂਗਾ, ਮੈਨੂੰ ਸਭ ਮਨਜ਼ੂਰ ਹੈ। ਪਰ ਇਕ ਮੇਰਾ ਸੁਭਾਵ ਹੈ ਕਿ ਮੈਂ ਆਪਣੀ ਨਿੰਦਿਆ ਨਹੀਂ ਸੁਣੂੰਗਾ। ਜਦੋਂ ਮੇਰੀ ਨਿੰਦਿਆ ਕਰੋਗੇ ਮੈਂ ਓਦੋਂ ਹੀ ਤੱਤ ਛਿਨ ਬਿਨਾਂ ਪੁਛੇ ਤੋਂ ਚਲਿਆ ਜਾਊਂਗਾ। ਉਸਨੂੰ ਨੌਕਰ ਰਖ ਲਿਆ। ਕੰਮ ਮਨ-ਬਾਂਛਤ ਬਹੁਤ ਕਰੇ, ਕਦੇ ਭੀ ਕੰਮ ਕਰਦਾ ਨਾ ਥੱਕੇ। ਪਰ ਅੰਨ ਖਾਂਦਾ ਕਦੇ ਮੂੰਹੋਂ ਇਉਂ ਨਾ ਕਹੇ ਕਿ ਮੈਂ ਰਜ ਗਿਆ ਹਾਂ, ਤ੍ਰਿਪਤ ਹੋ ਗਿਆ ਹਾਂ।

ਇਕ ਦਿਨ ਤ੍ਰਿਲੋਚਨ ਭਗਤ ਦੀ ਇਸਤ੍ਰੀ ਆਪਣੀ ਪੜੋਸਣ ਪਾਸ ਆਪਣੇ ਨੌਕਰ ਦੀਆਂ ਸਿਫ਼ਤਾਂ ਕਰਦੀ ਕਰਦੀ ਇਹ ਭੀ ਕਹਿ ਬੈਠੀ ਕਿ ਨੌਕਰ ਤਾਂ ਚੰਗਾ ਮਿਲਿਆ ਹੈ ਪਰ ਰੱਜਦਾ ਕਦੇ ਨਹੀਂ, ਕਦੇ ਮੂੰਹੋਂ ਨਹੀਂ ਆਖਦਾ ਕਿ ਮੈਂ ਰੱਜ ਗਿਆ ਹਾਂ, ਇਸ ਨੂੰ ਰੱਜ ਨਹੀਂ ਆਉਂਦਾ। ਇਹ ਨਿੰਦਾ ਹੋਣ ਸਾਰ ਨੌਕਰ ਨੌਕਰੀ ਛਡ ਕੇ ਬਿਨ ਪੁਛੇ ਨਸ ਗਿਆ। ਪਿਛੋਂ ਤ੍ਰਿਲੋਚਨ ਦੀ ਇਸਤ੍ਰੀ ਪਰਮਾਤਮਾ ਨੂੰ ਕੋਸਣ ਨਿੰਦਣ ਲਗੀ ਕਿ ਪਰਮੇਸ਼ਰ ਬੜਾ ਅਨਿਆਈਂ ਹੈ, ਮੇਰੇ ਘਰ ਬੇਟਾ ਨਹੀਂ ਦਿੱਤਾ, ਹੋਰਨਾਂ ਦੇ ਘਰ ਬਥੇਰੇ ਬੇਟੇ ਪੁੱਤਰ ਦਿੱਤੇ ਹਨ। ਸੇਵਕ ਟਹਿਲੂਆ ਰਖਿਆ ਸੋ ਭੀ ਨਿਰਦਈ ਪਰਮਾਤਮਾ ਨੂੰ ਨਾ ਰੁਚਿਆ, ਨਾ ਭਾਇਆ, ਸੋ ਭੀ ਨਸ ਗਿਆ।

ਅਜਿਹੀ ਨਿੰਦਿਆ ਪਰਮੇਸ਼ਰ ਦੀ, ਆਪਣੀ ਇਸਤ੍ਰੀ ਦੇ ਮੁਖੋਂ ਸੁਣ ਕੇ ਤ੍ਰਿਲੋਚਨ ਭਗਤ ਆਪਣੀ ਇਸਤ੍ਰੀ ਸੌਹੇਂ ਇਹ ਬਚਨ ਉਚਾਰਦੇ ਹਨ ਕਿ ਪਰਮੇਸ਼ਰ ਦੀ ਗਿਆਨ-ਗਤੀ ਤੋਂ ਭੁਲੀ ਹੋਈ ਹੇ ਗੰਵਾਰ ਇਸਤ੍ਰੀ ਮੂਰਖ! ਤੂੰ ਨਾਰਾਇਣ ਦੀ ਨਿੰਦਿਆ ਕਿਉਂ ਕਰਦੀ ਹੈਂ? ਉਹ ਤਾਂ ਕਰਮਾਂ ਦਾ ਫਲ ਸਭ ਨੂੰ ਦਿੰਦਾ ਹੈ। ਇਹ ਤਾਂ ਤੇਰੇ ਪੁੰਨ ਪਾਪ ਦਾ ਹੀ ਫਲ ਹੈ। ਦੁਖ ਸੁਖ ਤੇਰੇ ਦੁਕ੍ਰਿਤ ਸੁਕ੍ਰਿਤ ਕਰਮ ਕਰਨ ਹੀ ਤੋਂ ਮਿਲਦੇ ਹਨ। ਇਸ ਵਿਚਿ ਕਰਮ ਭੁਗਤਾਉਣਹਾਰੇ ਪਰਮਾਤਮਾ ਦਾ ਕੀ ਦੋਸ਼ ਹੈ। ਕਰਮ ਕੀਤੇ ਕਦੇ ਮਿਟਦੇ ਨਹੀਂ। ਇਹ ਪ੍ਰਥਾਇ ਉਪਦੇਸ਼ ਸਭ ਸੰਸਾਰੀਆਂ ਨੂੰ ਸਾਂਝਾ ਹੈ। ਸਭਨਾਂ ਨੂੰ ਦੁਕ੍ਰਿਤ ਸੁਕ੍ਰਿਤ ਕਰਮ ਕਰ ਕੇ, ਆਨਮਤ ਦਰਸਾਏ ਪੁੰਨ ਪਾਪ ਦੇ ਕਰਮਾਂ ਦੇ ਕਰਨ ਕਰਕੇ ਦੁਖ ਸੁਖ ਭੋਗਣੇ ਹੀ ਪੈਂਦੇ ਹਨ। ਕਰਮਾਂ ਦਾ ਫਲ ਕਦੇ ਮਿਟਦਾ ਨਹੀਂ, ਭੋਗਣਾ ਹੀ ਪੈਂਦਾ ਹੈ। ਇਸ ਬਾਰੇ ਕਈ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਆਪਣੇ ਕਰਮ ਹੀ ਦੁਖ ਸੁਖ ਦਿੰਦੇ ਹਨ। ਇਸ ਨੁਕਤੇ ਨੂੰ ਬੜੇ ਬੜੇ ਸ਼ਰਧਾਵਾਨਾਂ ਕਰਮਾਚਾਰੀਆਂ ਦੇ ਦ੍ਰਿਸ਼ਟਾਂਤ ਦੇ ਕੇ ਪ੍ਰਤਿਪਾਦਨ ਕਰਦੇ ਹਨ।

ਪਹਿਲਾ ਦ੍ਰਿਸ਼ਟਾਂਤ- ਤ੍ਰਿਲੋਚਨ ਭਗਤ ਇਹ ਦਿੰਦੇ ਹਨ ਕਿ ਹਿੰਦੂ ਮਾਈਥਾਲੋਜੀ ਅਨੁਸਾਰ ਸ਼ੰਕਰ (ਸ਼ਿਵਜੀ ) ਦੇ ਮੱਥੇ ਤੇ ਵਾਸਾ ਰਖਣ ਵਾਲਾ ਚੰਦਰਮਾ ਰੋਜ਼ ਦਿਨ ਰਾਤ (ਹਿੰਦੂਆਂ ਦੀ ਮੰਨੀ ਸ਼ਰਧਾ ਅਨੁਸਾਰ) ਮਹਾਂ ਪਵਿੱਤਰ ਸੁਰਸਰੀ (ਗੰਗਾ) ਵਿਚਿ ਇਸ਼ਨਾਨ ਕਰਦਾ ਹੈ, ਕਿਉਂਕਿ ਹਿੰਦੂ ਮਾਈਥਾਲੋਜੀ ਦੀ ਮੰਨੀ ਹੋਈ ਗੰਗਾ ਸ਼ਿਵਜੀ ਦੀਆਂ ਜਟਾਂ ਲਿਟਾਂ ਵਿਚਿ ਰਹਿੰਦੀ ਹੈ। ਫੇਰ ਉਸੇ ਦੇ ਨਾਮ ਪ੍ਰਚਲਤ ਹੋਈ ਵੀ ਚੰਦਰ-ਬੰਸੀ ਕੁਲ ਵਿਚ ਉਸੀ ਦੇ ਕੁਲ ਦਾ ਪੁਰਖ ਆਪਿ ਭਗਵਾਨ ਧਨਖਧਾਰੀ ਕ੍ਰਿਸ਼ਨ ਉਸ ਦੀ ਕੁਲ ਵਿਚਿ ਉਤਪੰਨ ਹੋਏ। ਜਿਸ ਚੰਦਰਮਾ ਦੇ ਐਸੇ ਵਡੇ ਸਹਾਈ ਹੋਣ, ਉਸ ਦੀ ਕਰਮ-ਰੇਖਾ ਭੀ ਨਹੀਂ ਮਿਟੀ। ਕਰਮਾਂ ਕਰਿ ਲਗਾ ਕਲੰਕ (ਦਾਗ) ਉਸ ਦੇ ਚੇਹਰੇ ਤੋਂ ਨਹੀਂ ਮਿਟਦਾ (ਹੁਣ ਤਾਈਂ ਨਹੀਂ ਮਿਟਿਆ)। ਏਥੇ ਉਸ ਕਲੰਕ ਵਲ ਇਸ਼ਾਰਾ ਹੈ ਜੋ ਚੰਦ ਨੂੰ ਗੋਤਮ ਰਿਸ਼ੀ ਦੇ ਸਰਾਪ ਤੋਂ ਉਸ ਦੀ ਇਸਤ੍ਰੀ ਅਹੱਲਿਆ ਦਾ ਸਤੁ ਭੰਗ ਕਰਨ ਵਿਚ ਇੰਦਰ ਦੀ ਸਹਾਇਤਾ ਦੇਣ ਦੇ ਦੋਸ਼ ਤੋਂ ਮਿਲਿਆ ਸੀ। ਓਸ ਕਰਮ ਦਾ ਦੋਸ਼ ਓਸ ਦਾ ਅਮੇਟ ਹੀ ਰਿਹਾ, ਮਿਟਿਆ ਨਹੀਂ। ਹੋਰ ਕੀਹਦਾ ਕਰਮ ਦੋਸ਼ ਮਿਟ ਸਕਦਾ ਹੈ?

ਦੂਜਾ ਦ੍ਰਿਸ਼ਟਾਂਤ- ਸਾਰੇ ਬਿਸ੍ਰ ਸੰਸਾਰ ਦਾ ਦੀਪਕ (ਦੀਵੇ) ਰੂਪ ਸੁਆਮੀ ਜੋ ਸੂਰਜ ਹੈ, ਤਿਸ ਦਾ ਅਰੁਣ ਨਾਮੇ ਰਥਵਾਹੀ (ਸਾਰਥੀ) ਹੋਇਆ ਹੈ। ਤਿਸ ਅਰੁਣ ਰਥਵਾਹੀ ਦਾ ਸਕਾ ਭਰਾ ਸਾਰੇ ਪੰਛੀਆਂ ਦਾ ਰਾਜਾ ਅਤੇ ਬਿਸ਼ਨੂੰ ਦਾ ਵਾਹਨ ਗਰੜ ਭਗਵਾਨ (ਹਿੰਦੂਆਂ ਦਾ ਮੰਨਿਆ ਹੋਇਆ) ਹੈ, ਬਿਸ਼ਨੂੰ ਦੇ ਵਾਹਨ ਅਤੇ ਸਰਬ ਪੰਛੀਆਂ ਦੇ ਰਾਜੇ ਗਰੜ ਭਗਵਾਨ ਦੇ ਸੱਕੇ ਭਰਾ ਅਰੁਣ ਦਾ

 www.sikhbookclub.com

(ਸੂਰਜ ਭਗਵਾਨ ਜਿਸ ਦਾ ਮਾਲਕ ਹੋਵੇ) ਪਿੰਗਲਾਪਣ ਭੀ ਦੂਰ ਨਾ ਹੋਇਆ। ਬੜੇ ਸਹਾਈਆਂ ਤੋਂ ਆਪਣਾ ਪਿੰਗਲਾਪਣ ਦੂਰ ਨਾ ਕਰਾ ਸਕਿਆ। ਜੋ ਪਿੰਗਲਾਪਣ ਉਸ ਦੇ ਪੂਰਬਲੇ ਕਰਮਾਂ ਕਰਿ ਉਸ ਨੂੰ ਹੋਇਆ ਸੀ। ਪਿਛਲੇ ਜਨਮ ਵਿਚਿ ਅਰੁਣ ਨੇ ਇਕ ਜੀਵ (ਬਿੰਡੇ) ਦੀਆਂ ਲੱਤਾਂ ਤੋੜ ਕੇ ਉਸ ਨੂੰ ਸੀਖ ਤੇ ਭਵਾਇਆ ਸੀ। ਇਸ ਕਰਮ-ਦੋਸ਼ ਵਿਚਿ ਅਰੁਣ ਪਿੰਗਲਾ ਹੋਇਆ ਸੀ। ਇਹ ਪਿੰਗਲਾਪਣ ਉਸ ਦਾ ਨਾ ਮਿਟਿਆ, ਨਾ ਹੀ ਉਸ ਦੇ ਪਾਪ ਦਾ ਕਰਮ-ਦੋਸ਼ ਮਿਟਿਆ। ਐਡੇ ਵਡੇ ਸਹਾਈਆਂ ਦੇ ਹੁੰਦਿਆਂ ਨਾ ਮਿਟਿਆ, ਬੜੇ ਸਹਾਈਆਂ ਤੋਂ ਆਪਣੀਆਂ ਲੱਤਾਂ ਨਾ ਸੰਵਰਾ ਸਕਿਆ ਅਤੇ ਪਿੰਗਲਾਪਣ ਦੂਰ ਨਾ ਕਰਾ ਸਕਿਆ। ਤਾਂ ਤੇ ਹੋਰ ਕਉਣ ਆਪਣੇ ਕਰਮ-ਫਲ ਮਿਟਵਾ ਸਕਦਾ ਹੈ? ਨਾ ਹੀ ਕੋਈ ਐਸਾ ਵਡਾ ਵਡੇਰਾ ਮੇਟਣ ਨੂੰ ਸਮਰੱਥ ਹੈ। ਆਪਣੇ ਕਰਮਾਂ ਕਰਿ ਅਰੁਣ ਪਿੰਗਲਾ ਹੋਇਆ ਅਤੇ ਪਿੰਗਲਾ ਹੀ ਰਿਹਾ।

ਤੀਜਾ ਦ੍ਰਿਸ਼ਟਾਂਤ- ਸਾਰੀ ਲੋਕੀ ਦਾ ਨਾਥ ਸਦਾਉਣ ਵਾਲਾ ਅਤੇ ਆਪਣੇ ਪੈਰੋਕਾਰ ਭਗਤਾਂ ਦੇ ਪਾਤਕ ਹਰਨ ਵਾਲਾ (ਪਾਪ ਨਾਸ ਕਰਨ ਵਾਲਾ) ਮਹਾਂਦੇਉ ਅਨੇਕਾਂ ਭਾਂਤ ਭਾਂਤ ਦੇ ਤੀਰਥਾਂ ਤੇ ਭਰਮਦਾ ਫਿਰਿਆ, ਪਰ ਉਸ ਦੀ ਬ੍ਰਹਮਾ ਦੇ ਪੰਜਵੇਂ ਸਿਰ (ਕਪਾਲ) ਨੂੰ ਵੱਢਣ ਦੀ ਪਾਪ-ਹਤਿਆ ਨਾ ਉਤਰੀ, ਨਾ ਬ੍ਰਹਮਾ ਦਾ ਕਪਾਲ (ਸਿਰ) ਉਸ ਦੇ (ਮਹਾਂ ਦੇਵ ਦੇ) ਹੱਥ ਨੂੰ ਲਗਿਆ ਉਤਰਿਆ। ਪਰਸੰਗ ਇਉਂ ਹੈ ਕਿ ਬ੍ਰਹਮਾ ਆਪਣੀ ਪੁਤਰੀ ਸਰੁਸਤੀ ਦੇ ਰੂਪ ਤੇ ਮੋਹਤ ਹੋ ਕੇ ਉਸ ਦੇ ਪਿਛੇ ਦੌੜਿਆ ਸੀ ਉਸ ਨੂੰ ਫੜਨ ਲਈ, ਅਤੇ ਫੜ ਕੇ ਉਸ ਨਾਲਿ ਭੋਗ ਕਰਨ ਲਈ। ਉਹ ਬਿਚਾਰੀ ਆਪਣੇ ਸਤ ਨੂੰ ਬਚਾਉਣ ਲਈ ਮਹਾਂਦੇਉ ਦੀ ਸਹਾਇਤਾ ਹਿਤ ਧਾਈ (ਦਉੜੀ)। ਮਹਾਂਦੇਉ ਨੇ ਬ੍ਰਹਮਾ ਤੋਂ ਤੈਸ਼ ਖਾ ਕੇ ਬ੍ਰਹਮਾ ਨੂੰ ਸੋਧਣ ਲਈ ਉਸ ਦਾ ਪਿਛਾ ਕੀਤਾ ਅਤੇ ਉਸ ਦਾ ਪੰਜਵਾਂ ਸਿਰ ਵਢ ਹੀ ਲਿਆ। ਪਰ ਉਹ ਸਿਰ (ਕਪਾਲ) ਮਹਾਂਦੇਵ ਦੇ ਹੱਥ ਨੂੰ ਚਿਮੜ ਗਿਆ, ਚਿਮੜਿਆ ਹੋਇਆ ਉਤਰੇ ਨਾ। ਬਥੇਰਾ ਤੀਰਥਾਂ ਤੇ ਭਜਿਆ ਗਿਆ। ਤੀਰਥ ਭਰਮਦਾ ਭਰਮਦਾ ਹੱਥ ਤੋਂ ਕਪਾਲ ਦੀ ਨਵਿਰਤੀ ਰੂਪੀ ਪਾਰ ਨਾ ਪਿਆ। ਧੰਦਾ ਨਾ ਸਰਿਆ, ਕਪਾਲ ਨੂੰ ਹੱਥੋਂ ਦੂਰ ਕਰਨ ਦਾ; ਜਦ ਤਾਈਂ ਕਪਾਲ ਮੋਚਨ ਨਾ ਪੁਜਾ, ਤਦ ਤਾਈਂ ਕਪਾਲ ਹੱਥੋਂ ਨਾ ਲੱਥਾ। ਬ੍ਰਹਮਾ ਦੇ ਸਿਰ ਵਢਣ ਦੇ ਦੋਸ਼ ਤੋਂ ਮਹਾਂਦੇਵ ਦੇ ਹੱਥ ਨਾਲਿ ਲਗੀ ਕਪਾਲੀ ਅਮੇਟ ਰਹੀ, ਦੂਰ ਨਾ ਹੋਈ। ਕਰਮ ਨਾ ਮਿਟਿਆ, ਅਮੇਟ ਹੀ ਰਿਹਾ। ਜਦ ਐਸੇ ਸਮਰੱਥ ਮੰਨੇ-ਪ੍ਰਮੰਨੇ ਸਮਰੱਥ ਮਹਾਂਦੇਉ ਦਾ ਕਰਮ-ਦੋਸ਼ ਨਾ ਮਿਟਿਆ, ਉਸ ਨੂੰ ਭੋਗਣਾ ਹੀ ਪਿਆ ਤਾਂ ਹੋਰ ਕਿਸ ਦਾ ਮਿਟੇਗਾ? ਸਭ ਨੂੰ ਆਪੋ ਆਪਣੇ ਕੀਤੇ ਕਰਮ-ਫਲ ਭੋਗਣੇ ਪੈਣਗੇ, ਸਭ ਦੋਸ਼-ਕਰਮਾਂ ਦੇ ਰਾਹੀਂ ਹੀ, ਅਰਥਾਤ, ਕਰਮ ਭੁਗਤ ਕੇ ਲਹਿਣਗੇ।

ਚੌਥਾ ਉਦਾਹਰਨੀ ਦ੍ਰਿਸ਼ਟਾਂਤ, ਆਨਮਤ ਕਰਮ ਫਲ ਨਾ ਮੇਟੇ ਜਾਣ ਦਾ, ਇਹ ਹੈ ਕਿ ਭਾਵੇਂ ਨਦੀਆਂ ਦੇ ਨਾਥ ਸਮੁੰਦਰ ਵਿਚੋਂ ਅੰਮ੍ਰਿਤ (ਸੁਧਾ), ਚੰਦਰਮਾ (ਸਸੀਅਰ), ਕਾਮਧੇਨ, ਲਛਮੀ (ਕਮਲਾ), ਸਾਰੀਆਂ ਕਾਮਨਾ ਪੂਰਨ ਵਾਲਾ ਕਲਪ (ਬ੍ਰਿਛ), ਘੋੜਾ, ਬੜਾ ਚਤਰ ਵੈਦ ਧਨੰਤਰ (ਸੁਨਾਗਰ) ਇਤਿਆਦਿਕ ਅਮੋਲਕ ਰਤਨ ਨਿਕਲੇ ਹਨ, ਪਰ ਤਿਸ ਸਮੁੰਦਰ ਦਾ ਭੀ ਕਰਮਾਂ ਦੇ ਮਾਰੇ ਦਾ ਖਾਰਾਪਣ ਨਾ ਮਿਟਿਆ। ਸਮੁੰਦਰ ਨੇ ਅਗੱਸਤ ਮੁਨੀ ਰਿਸ਼ੀ ਦੇ ਬ੍ਰਹਮ ਭੋਜ ਤੇ ਨਾ ਜਾਣ ਕਰਕੇ ਉਸ ਰਿਸ਼ੀ ਨੂੰ ਗੁੱਸੇ (ਕਰੋਪ) ਕੀਤਾ ਸੀ, ਜਿਸ ਕਰੋਪੀ ਕਰਕੇ ਅਗੱਸਤ ਮੁਨੀ ਨੇ ਸਾਰਾ ਸਮੁੰਦਰ ਸਰਾਪ ਦੇ ਕੇ ਖਾਰਾ ਕਰ ਦਿੱਤਾ। ਪਰ ਸਮੁੰਦਰ ਦਾ ਉਹ ਖਾਰਾਪਣ ਨਾ ਮਿਟਿਆ।

ਖਾਰਾਪਣ ਅਮੇਟ ਰਿਹਾ।

ਪੰਜਵਾਂ ਦ੍ਰਿਸ਼ਟਾਂਤ- ਹਨੂਮਾਨ ਨੇ ਆਪਣੇ ਬਲ ਅਤੇ ਸੁਆਮੀ ਦਾ ਪਰਤਾਪ ਪ੍ਰਸਿਧ ਕਰਨ ਹੇਤ ਆਪਣੀ ਪੂਛ ਨਾਲਿ ਲੰਕਾ ਗੜ੍ਹ ਜਲਾ ਦਿੱਤਾ ਅਤੇ ਰਾਵਣ ਦਾ ਅਸ਼ੋਕ ਬਣ ਨਾਮੀ ਬਾਗ ਉਖਾੜ ਕੇ ਬਰਬਾਦ ਕਰਿ ਦਿੱਤਾ ਅਤੇ ਲਛਮਣ ਦੇ ਘਾਉ (ਸੱਲ) ਰਾਜ਼ੀ ਕਰਨ ਲਈ ਘਾਉ-ਹਰਨੀ (ਬਿਸਲਿ ਕਰਨੇ ਵਾਲੀ) ਸੰਜੀਵਨੀ ਬੂਟੀ ਹਿਮਾਲਾ ਪਰਬਤ ਤੋਂ ਲਿਆ ਕੇ ਸਿਰੀ ਰਾਮ ਚੰਦਰ ਜੀ ਨੂੰ ਪ੍ਰਸੰਨ ਕਰ ਦਿੱਤਾ। ਇਉਂ "ਤੋਖੀਲੇ ਹਰੀ"। ਏਨੇ ਵਡੇ ਕੰਮ ਕੀਤੇ ਵਡਿਆਂ ਦੀ ਪ੍ਰਸੰਨਤਾ ਲਈ, ਪਰ ਕਰਮ ਦੀ ਮਾਰ ਲੰਗੋਟੀ ਵਾਲਾ ਸਰਾਪ ਉਸ ਦੇ ਗਲੋਂ ਨਾ ਲੱਥਾ। ਓਹ ਕਿਉਂਕਿ ਹਨੂਮਾਨ ਨੇ ਇਕ ਰਿਖੀ ਦੇ ਸਾਰੇ ਬਸਤਰ ਪਾੜ ਸਿਟੇ ਸਨ, ਇਕ ਲੰਗੋਟੀ ਹੀ ਉਸ ਦੀ ਰਹਿਣ ਦਿੱਤੀ ਸੀ। ਲੰਗੋਟੀ ਮਾਤਰ ਲੈ ਕੇ ਰਿਖੀ ਵਲ ਸਿੱਟੀ, ਲੈ ਸਾਂਭ! ਰਿਖੀ ਨੇ ਲੈ ਕੇ ਆਖਿਆ, ਬੇਟਾ ਤੈਨੂੰ ਭੀ ਏਨਾ ਹੀ ਬਸਤਰ ਮਿਲੂਗਾ। ਸੋ ਜਦੋਂ ਓਹ ਬੂਟੀ ਲੈ ਕੇ ਆਇਆ, ਸਿਰੀ ਰਾਮ ਚੰਦਰ ਜੀ ਇਸ਼ਨਾਨ ਕਰ ਰਹੇ ਸਨ। ਓਹਨਾਂ ਬੜੀ ਕਿਰਪਾ ਕੀਤੀ, ਉਸ ਨੂੰ ਕਛਉਟੀ ਕਛਨੀ ਦਿੱਤੀ। ਯਾਂ ਤੇ ਕਰਮ ਦਾ ਫਲ ਅਮੇਟ ਰਹਿਆ, ਬੜੇ ਸੁਆਮੀ ਤੋਂ ਭੀ ਨਾ ਮਿਟਿਆ। ਹੋਰਨਾਂ ਜੀਵਾਂ ਦੇ ਕਰਮ ਭੋਗੇ ਬਿਨਾਂ ਕਿਵੇਂ ਮਿਟ ਸਕਦੇ ਹਨ?

ਪੂਰਬਲੇ ਜਨਮਾਂ ਦੇ ਕ੍ਰਿਤ ਕਰਮ ਭੋਗੇ ਬਿਨਾਂ ਬੜੇ ਬੜੇ ਸਮਰੱਥ ਪੁਰਸ਼ਾਂ ਤੋਂ ਭੀ ਨਾ ਮਿਟੇ। ਹੇ ਘਰ ਦੀ ਗੇਹਣ ਇਸਤ੍ਰੀ! ਤਾਂ ਤੇ ਮੈਂ ਸਰਬ ਕਰਮਾਂ ਨੂੰ ਮੇਟਣਹਾਰ ਇਕੋ ਨਿਰੰਕਾਰੀ ਨਾਮ ਜਪਿਆ ਹੈ। ਤੂੰ ਭੀ ਜਪਿਆ ਕਰ। ਵਾਹਿਗੁਰੂ ਦਾ ਨਾਮ ਕੋਟਿ ਕਰਮਾਂ ਨੂੰ ਕਟਣਹਾਰਾ ਹੈ। ਇਹ ਕੇਵਲ ਗੁਰਮਤਿ ਨਾਮ ਸਤਿਨਾਮ ਹੀ ਹੈ, ਜੋ ਸਮੁੱਚੇ ਕਰਮਾਂ ਨੂੰ ਦਗਧ ਕਰਦਾ ਹੈ। ਇਸ ਦੇ ਤੁਲ ਹੋਰ ਕੋਈ ਕਰਮ ਨਹੀਂ। ਆਨਮਤ ਧਰਮਾਂ ਦੇ ਸਭ ਕਰਮ ਫੋਕਟ ਹਨ। ਉਹ ਜੀਵ ਦਾ ਜਨਮ ਮਰਨ ਭੀ ਨਹੀਂ ਕਟ ਸਕਦੇ, ਸਗੋਂ ਚੁਰਾਸੀ ਦੇ ਗੇੜ ਵਿਚਿ ਪਾਉਂਦੇ ਹਨ। ਤਾਂ ਹੀ ਤੇ ਉਪਰਲੇ ਗੁਰਵਾਕ ਵਿਖੇ ਦਰਸਾਏ ਕਰਮਾਂ ਦੀ ਅਸਫਲਤਾ ਨਿਪੁੰਸਕਤਾ ਮਈ ਨਿਖੇਧੀ ਕੀਤੀ ਗਈ ਹੈ।

ਸੂਹੀ ਮਹਲਾ ੫ ॥ ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥ ੧ ॥ ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥ ੧ ॥ ਰਹਾਉ ॥ ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥ ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥ ੨ ॥ ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥ ੩ ॥ ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪ ॥ ੩ ॥ ੫੦ ॥

(ਪੰਨਾ ੭੪੭-੪੮)

ਵਿਆਖਿਆ— ਪ੍ਰਸਿਧ ਆਨਮਤਾਂ ਦੇ ਕਰਮ ਧਰਮ ਜਿਤਨੇ ਭੀ ਹਨ, ਸੋ ਸਭਿ ਪਾਖੰਡ ਰੂਪ ਹਨ। ਤਿਨ੍ਹਾਂ ਪਾਖੰਡ ਰੂਪ ਕਰਮਾਂ ਧਰਮਾਂ ਦੇ ਕੀਤਿਆਂ ਕਰਨਹਾਰੇ ਜੀਵਾਂ ਦਾ ਕੱਖ ਨਹੀਂ ਸੰਵਰਨਾ, ਸਗੋਂ ਅਗੇ ਜਾ ਕੇ ਏਹਨਾਂ ਪਾਖੰਡ ਕਰਮਾਂ ਧਰਮਾਂ ਦੇ ਕਰਨਹਾਰਿਆਂ ਉਤੇ ਜਮ ਜਗਾਤੀ ਦੀ ਜਗਾਤ (ਜ਼ਕਾਤ) ਦੇਣੀ ਪੈਂਦੀ ਹੈ। ਜਮ ਦਾ ਭਾਰਾ ਟੈਕਸ ਲਗਦਾ ਹੈ। ਜਿਸ ਕਰਕੇ ਉਕਤ ਕੀਤੇ ਕਰਮ ਧਰਮ ਸਾਰੇ ਹੀ ਲੁੱਟੇ ਖਸੁੱਟੇ ਜਾਣੇ ਹਨ ਅਤੇ ਜਮ ਦਾ ਡੰਡ ਕਰਾਰਾ ਵਖਰਾ ਸਹਿਣਾ ਪੈਂਦਾ ਹੈ। ਇਹ ਆਨਮਤ ਕਰਮ ਧਰਮ ਕੀਤੇ ਅਗੇ ਜਾ ਕੇ ਉੱਕੇ ਹੀ ਸਹਾਈ ਨਹੀਂ ਹੁੰਦੇ। ਚਾਹੇ ਸਾਰੀ ਉਮਰ ਹੀ ਕੋਈ ਕਰਮਾਚਾਰੀ ਧਰਮਚਾਰੀ ਇਹਨਾਂ ਕਰਮਾਂ ਧਰਮਾਂ ਨੂੰ ਕਰਦਾ ਰਹੇ। ਉਸ ਦਾ ਕਦੇ ਭੀ ਛੁਟਕਾਰਾ ਨਹੀਂ ਹੁੰਦਾ ਜਮ ਜਾਗਾਤ ਤੋਂ, ਜਮ ਦੀ ਡੰਡ ਸਹਾਤ ਤੋਂ। ਛੁਟਕਾਰਾ ਹੁੰਦਾ ਹੈ ਤਾਂ ਕੇਵਲ ਗੁਰਬਾਣੀ ਦੇ ਨਿਰਬਾਣ (ਨਿਰੋਲ) ਕੀਰਤਨ ਕੀਤਿਆਂ। ਗੁਰਬਾਣੀ ਦੇ ਨਿਰਬਾਣ ਕੀਰਤਨ ਦੁਆਰਾ ਵਾਹਿਗੁਰੂ ਕਰਤੇ ਪੁਰਖ ਦਾ ਜਸ ਗਾਇਆਂ ਅਤੇ ਸਿਫਤਿ ਸਾਲਾਹਿਆਂ ਹੁੰਦਾ ਹੈ। ਗੁਰਮਤਿ ਨਾਮ ਸਿਫਤਿ ਸਾਲਾਹੀ ਸਿਮਰਨੁ ਗੁਰਮੁਖਾਂ ਦੀ ਰਸਨਾ ਤੋਂ ਇਕ ਨਿਮਖ ਮਾਤਰ ਕੀਤਾ ਹੋਇਆ ਹੀ ਛੁਟਕਾਰਾ ਨਿਸਤਾਰਾ ਕਰਿ ਦਿੰਦਾ ਹੈ, ਜੋ ਛੁਟਕਾਰਾ ਤੇ ਨਿਸਤਾਰਾ ਸਾਰੀ ਉਮਰ ਆਨਮਤ ਕਰਮਾਂ ਧਰਮਾਂ ਦੇ ਕੀਤਿਆਂ ਨਹੀਂ ਹੁੰਦਾ। ਤਾਂ ਤੇ ਪਰਮਾਰਥ ਦੇ ਪਾਂਧੀਆਂ, ਗੁਰਮਤਿ ਗੁਰੂ ਘਰ ਦੇ ਉਚ ਆਤਮ ਅਕਾਂਖੀਆਂ, ਸੰਤਾਂ ਭਗਤਾਂ ਨੂੰ ਹੀ ਭਵ-ਸਾਗਰ ਤੋਂ ਪਾਰ ਉਤਰਨ ਦਾ ਸੱਚਾ ਈਸ਼ਰੀ, ਈਸ਼ਰ ਰਹਿਮਤੀ ਲਾਈਸੈਂਸ ਮਿਲਿਆ ਹੈ, ਹੋਰ ਕਿਸੇ ਨੂੰ ਨਹੀਂ।

ਹੋਰ ਜਿਸ ਕਿਸੇ ਨੇ ਭੀ ਇਸ ਭਵ-ਸਾਗਰ ਤੋਂ ਤਰਨਾ ਉਧਰਨਾ ਮਨਸੂਬਿਆ ਹੋਵੇ, ਸੋ ਪੁਰਸ਼ ਗੁਰ ਪ੍ਰਸਾਦੀ ਹੀ ਤਰ ਸਕਦਾ ਹੈ। ਅਤੇ ਗੁਰ ਕਰਤਾਰ ਦੀ ਇਸ ਨਿਸਤਾਰੇ, ਪਾਰ-ਉਤਾਰੇ ਦੀ

 www.sikhbookclub.com

ਰਹਿਮਤ ਓਸੇ ਤੇ ਨਾਜ਼ਲ ਹੁੰਦੀ ਹੈ ਜੋ ਸੰਤ ਸਰੂਪ ਪੰਜਾਂ ਪਿਆਰਿਆਂ ਸ੍ਰੇਸ਼ਟ ਜਨਾ ਦੁਆਰਾ ਮਿਲੀ ਗੁਰ-ਦੀਖਿਆ ਮਈ ਬਚਨ (ਗੁਰਮੰਤਰ) ਨੂੰ ਅਭਿਆਸ ਕਰਿ ਕਰਿ ਕਮਾਵੰਦੇ ਹਨ। ਇਸ ਕਲਜੁਗ ਵਿਖੇ ਭਾਵੇਂ ਆਨਮਤੀ ਕੂੜਾਂ ਤੀਰਥਾਂ ਦਾ ਇਸ਼ਨਾਨ ਅਤੇ ਪੁਰਬੀ ਮਹਾਤਮ ਵਾਲਾ ਮੱਜਨ ਇਸ਼ਨਾਨ ਕੀਤਾ ਜਾਵੇ ਤਾਂ ਭੀ ਓਹਨਾਂ ਮੱਜਨ ਕਰਨਹਾਰਿਆਂ ਮੱਜਨ-ਇਸ਼ਨਾਨੀਆਂ ਦੀ ਮੈਲ ਨਹੀਂ ਲਹਿੰਦੀ। ਮੈਲ ਲਗੀ ਹੀ ਰਹਿੰਦੀ ਹੈ। ਮੱਜਨ ਇਸ਼ਨਾਨ ਕਰਨਹਾਰੇ ਮੈਲ ਭਰੇ ਹੀ ਰਹਿੰਦੇ ਹਨ, ਕਿਉਂਕਿ ਕਲਜੁਗ ਵਿਖੇ ਕਿਸੇ ਆਨਮਤੀ ਤੀਰਥ ਦਾ ਮਹੱਤ ਬਰਕਤੀ ਮਹਾਤਮ ਨਹੀਂ ਰਿਹਾ। ਇਹਨਾਂ ਵਿਚਿ ਨ੍ਹਾਤਿਆਂ ਭੀ ਮੈਲ ਲਹਿੰਦੀ ਨਹੀਂ। ਮੈਲ ਲਹਿੰਦੀ ਹੈ ਤਾਂ ਕਲਜੁਗ ਵਿਖੇ ਗੁਰੂ ਘਰ ਦੀ ਸਾਧ ਸੰਗਤਿ ਵਿਚਿ ਬੈਠੇ ਹਰਿ ਗੁਣ ਗਾਉਣਹਾਰਿਆਂ ਗੁਰਮੁਖਾਂ ਦੀ ਲਹਿੰਦੀ ਹੈ। ਗੁਰਮੁਖਿ ਜਨ ਸਾਧ ਸੰਗਤ ਸਰੋਵਰੀ ਹਰਿ-ਜਸ ਦਾ ਇਸ਼ਨਾਨ ਕਰਿ ਕਰਿ ਨਿਰਮਲ ਹੋ ਜਾਂਦੇ ਹਨ। ਵਾਹਿਗੁਰੂ ਦਾ ਜਸ ਗਾਉਣਹਾਰਿਆਂ ਨੂੰ ਵਾਹਿਗੁਰੂ ਪਾਰਸ-ਕਲਾ ਵਰਤਾਇ ਕੇ ਆਪਿ ਨਿਰਮਲ ਕਰਿ ਦਿੰਦਾ ਹੈ।

ਹੋਰ ਜੋ ਕੋਈ ਆਨਮਤ ਦੇ ਧਰਮ-ਪੁਸਤਕ ਹਨ, ਚਾਰੇ ਬੇਦ ਹਿੰਦੂਆਂ ਦੇ, ਸਾਰੀਆਂ ਮੁਸਲਮਾਨੀ ਮਤ ਦੀਆਂ ਕੁਰਾਨ ਆਦਿਕ ਕਿਤਾਬਾਂ, ਹਿੰਦੂ ਮਤ ਦੇ ਰਿਸ਼ੀਆਂ ਮੁਨੀਆਂ ਦੀਆਂ ਸਾਜੀਆਂ (ਰਚੀਆਂ) ਸ਼ਾਸਤ੍ਰ ਸਿਮ੍ਰਤੀਆਂ ਆਦਿਕ ਧਰਮ-ਪੁਸਤਕਾਂ ਹਨ, ਇਹਨਾਂ ਦੇ ਪੜ੍ਹਿਆਂ ਤੋਂ ਮੁਕਤੀ ਨਹੀਂ ਹੁੰਦੀ, ਮੁਕਤੀ ਪ੍ਰਾਪਤਿ ਨਹੀਂ ਹੁੰਦੀ। ਗੁਰੂ ਘਰ ਦੇ ਗੁਰਮੁਖਾਂ ਦੀ ਇਕ ਗੁਰਮਤੀ ਜਾਪ ਤੋਂ ਕਲਿਆਣ ਹੋ ਜਾਂਦੀ ਹੈ। ਤਿਨ੍ਹਾਂ ਨੂੰ ਅਗੇ ਜਾ ਕੇ ਸੱਚੀ ਦਰਗਾਹ ਵਿਚ ਨਿਰਾਲੀ ਹੀ ਸ਼ੋਭਾ ਦਾ ਮਨਸਬ ਮਰਾਤਬਾ ਮਿਲਦਾ ਹੈ। ਗੁਰ-ਮੰਤਰ ਦੇ ਇਕ ਲਫ਼ਜ਼ੀ ਜਾਪ ਅਭਿਆਸ ਨਾਲਿ ਓਹ ਮੁਕਤੀਸ਼ਰੀ ਮਰਾਤਬਾ ਮਿਲਦਾ ਹੈ, ਗੁਰਮਤਿ ਨਾਮ ਅਭਿਆਸ ਕਰਨਹਾਰੇ ਗੁਰਮੁਖਿ ਅਭਿਆਸੀ ਜਨ ਨੂੰ, ਜੋ ਸਾਰੀ ਉਮਰ ਉਪਰ ਦਸੀਆਂ ਆਨਮਤ ਧਰਮ-ਪੁਸਤਕਾਂ ਦੇ ਪੜ੍ਹਨਹਾਰਿਆਂ ਨੂੰ ਨਹੀਂ ਮਿਲਦਾ। ਓਹਨਾਂ ਨੂੰ ਤਾਂ ਮੁਕਤੀ ਉੱਕੀ ਹੀ ਪ੍ਰਾਪਤਿ ਨਹੀਂ ਹੁੰਦੀ।

ਫੇਰ ਗੁਰਮਤਿ ਨਾਮ ਦੇ ਜਾਪ ਅਭਿਆਸ ਦਾ ਵਾਧਾ ਇਹ ਹੈ ਕਿ ਇਸ ਦਾ (ਗੁਰਮੰਤਰ ਦਾ) ਜਾਪ ਅਭਿਆਸ ਦਾ ਅਧਿਕਾਰ ਹਰ ਮੱਤ ਮਤਾਂਤਰੀ, ਹਰ ਇਕ ਮਜ਼ਹਬ, ਮਿੱਲਤ, ਜਾਤ ਪਾਤ ਦੇ ਆਦਮੀਆਂ ਲਈ ਖੁਲ੍ਹਾ ਹੈ ਅਤੇ ਇਸ ਦੇ ਸਾਂਝੀਵਾਲ ਹਰ ਫ਼ਰਦੇ-ਬਸ਼ਰ ਹਨ, ਹਰ ਇਨਸਾਨ ਹੈ, ਭਾਵੇਂ ਜਾਤ ਪਾਤ ਕਰਕੇ ਸਦਾਉਣ ਵਾਲੇ ਉਚੇ ਨੀਵੇਂ ਕਿਸੇ ਫ਼ਿਰਕੇ ਦਾ ਹੋਵੇ। ਏਥੇ ਊਚ ਨੀਚ ਦਾ ਕੋਈ ਵਿਤਕਰਾ ਨਹੀਂ। ਅਧਿਕਾਰ ਸਭਨਾਂ ਦਾ ਸਾਂਝਾ ਹੈ। ਹਰੇਕ ਮਜ਼ਹਬ ਦਾ, ਹਰੇਕ ਮੱਤ ਦਾ, ਹਰੇਕ ਜਾਤ ਪਾਤ ਫ਼ਿਰਕੇ ਦਾ ਪ੍ਰਾਣੀ ਇਸ ਗੁਰ-ਮੰਤਰ-ਜਾਪ ਅਭਿਆਸ ਤੇ ਉਪਦੇਸ਼ ਦਾ ਪਾਤਰ ਅਧਿਕਾਰੀ ਹੈ। ਕਿਸੇ ਪੁਰਸ਼ ਜਾਤ ਪਾਤ ਲਈ ਇਹ ਜਾਪ ਮਖ਼ਸੂਸ ਨਹੀਂ, ਜੈਸੇ ਕਿ ਹਿੰਦੂ ਮਤ ਵਿਚਿ ਖਤਰੀ, ਬ੍ਰਹਮਣ, ਸ਼ੂਦ ਤੇ ਵੈਸ਼ ਚਹੁੰਆਂ ਜਾਤਾਂ ਦਾ ਵਰਨਾਂ ਦਾ ਵਿਤਕਰਾ ਹੈ। ਉਹਨਾਂ ਵਿਚਿ ਬੇਦ-ਮੰਤਰਾਂ ਦੇ ਅਧਿਕਾਰੀ, ਧਰਮ ਸ਼ਾਸਤ੍ਰਾਂ ਦੇ ਪੜ੍ਹਨ ਦੇ ਅਧਿਕਾਰੀ ਖਾਸ ਖਾਸ ਜਾਤ ਵਰਨ ਦੇ ਪੁਰਸ਼ ਹੀ ਗਰਦਾਨੇ ਜਾਂਦੇ ਹਨ। ਸ਼ੂਦਰ ਆਦਿਕ ਉੱਕੇ ਹੀ ਅਧਿਕਾਰੀ ਨਹੀਂ। ਇਸਤ੍ਰੀ ਜਾਤੀ ਨੂੰ ਭੀ ਸ਼ੂਦਰ ਸਮਝ ਕੇ ਦੁਰਕਾਰਿਆ ਜਾਂਦਾ ਹੈ। ਗੁਰੂ ਘਰ ਦਾ ਗੁਰਮੁਖੀ ਨਾਮੁ ਐਸਾ ਹੈ ਜਿਸ ਨੂੰ ਕੋਈ ਜਪੇ, ਉਸੇ ਦਾ ਉਧਾਰ ਹੋ ਜਾਂਦਾ ਹੈ। ਕਲਜੁਗ ਵਿਖੇ ਉਧਾਰ ਹੀ ਨਾਮ, ਗੁਰਮਤਿ ਨਾਮ ਜਪਿਆਂ ਹੁੰਦਾ ਹੈ। ਅਤੇ ਸਾਰੇ ਪ੍ਰਾਣੀਆਂ ਇਨਸਾਨਾਂ ਦਾਰਦ ਦੀਨਾਂ ਦਾ ਉਧਾਰ ਹੋ ਜਾਂਦਾ ਹੈ, ਪਰ ਗੁਰਸਿਖ ਤੇ ਗੁਰਮੁਖ ਬਣ ਕੇ। ਗੁਰਮੁਖ ਬਣਨ ਦਾ, ਗੁਰਸਿਖ ਸਜਣ ਦਾ, ਅੰਮ੍ਰਿਤ ਛਕਣ ਦਾ

ਅਧਿਕਾਰ ਸਾਰਿਆਂ ਨੂੰ ਹੈ, ਇਨਸਾਨ ਮਾਤਰ ਨੂੰ ਹੈ। ਮਲੇਛ ਚੰਡਾਲਾਂ ਨੂੰ ਭੀ ਹੈ। ਸਭੇ ਹੀ ਅੰਮ੍ਰਿਤ ਬਾਟੇ ਦੇ ਸਾਂਝੀਵਾਲ ਹਨ। ਕੋਈ ਭੀ ਬਾਹਰ ਨਹੀਂ। ਕਿਸੇ ਦਾ ਖਾਸ ਹੱਕ ਮਖ਼ਸੂਸ ਨਹੀਂ। ਕਿਸੇ ਦਾ ਹੱਕ ਮਹਿਦੂਦ ਤੇ ਮਹਿਫ਼ੂਜ਼ ਨਹੀਂ। ਗੁਰਮਤਿ ਦੇ ਉਪਦੇਸ਼ ਦਾ ਹੱਕ ਸਭ ਵਰਨਾਂ ਆਸ਼ਰਮਾਂ, ਮਜ਼ਹਬਾਂ ਮਤਾਂ ਲਈ ਸਾਂਝਾ ਹੈ। ਊਚ ਨੀਚ ਦਾ ਵੰਡ-ਵੰਡੇਵਾਂ ਵਖੇਵਾਂ ਏਥੇ ਉੱਕਾ ਹੀ ਨਹੀਂ। ਜੋ ਪ੍ਰਾਣੀ ਭੀ ਅੰਮ੍ਰਿਤ ਛਕ ਕੇ ਅਤੇ ਅੰਮ੍ਰਿਤ-ਸਿੰਚਾਰ ਸਮੇਂ ਨਾਮ ਗੁਰਮੰਤ੍ਰੀ ਦੀਖਿਆ ਲੈ ਕੇ ਫੇਰ ਗੁਰਮਤਿ ਨਾਮ ਦੇ ਅਭਿਆਸ ਦੀਆਂ ਅਤੁਟ ਜਾਪ-ਕਮਾਈਆਂ ਕਰ ਲਵੇ, ਉਸ ਦਾ ਉਧਾਰ ਹੋ ਜਾਂਦਾ ਹੈ। ਇਸ ਕਲੀਕਾਲ ਵਿਖੇ ਗੁਰਮਤਿ ਧਰਮ ਧਾਰਨੀਆਂ ਦੀ ਇਹੀ ਵਿਸ਼ੇਸ਼ਤਾ ਹੈ। ਆਨਮਤੀ ਜਾਤ-ਪਾਤੀ ਵਿਤਕਰੇ ਵਾਲੀ ਹੇਚਤਾ ਏਥੇ ਨਹੀਂ। ਅਗਲਾ ਗੁਰਵਾਕ ਭੀ ਆਨਮਤ ਕਰਮਾਂ ਦੀ ਨਿਖੇਧੀ ਇਸ ਵਿਧਿ ਕਰਦਾ ਹੈ। ਯਥਾ ਗੁਰਵਾਕ—

**ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ ॥ ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥ ੨ ॥ ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥ ਤਿਨ੍ਹ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥ ੩ ॥**

**(ਸੂਹੀ ਮਃ ੫, ਪੰਨਾ ੭੮੭)**

ਭਾਵ— ਬੇਦਾਂ ਨੂੰ ਪੜ੍ਹਨਹਾਰੇ ਅਨੇਕਾਂ ਬੇਦ-ਬਕਤੇ ਅਤੇ ਬੇਦ-ਬੇਤੇ ਬ੍ਰਹਮੇ ਹੋ ਗੁਜ਼ਰੇ ਹਨ ਅਤੇ ਬੇਦਾਂ ਦੀਆਂ ਪੜ੍ਹਾਈਆਂ ਪੜ੍ਹਿ ਪੜ੍ਹਿ ਹਾਰ ਗਏ ਹਨ, ਤਿਨ੍ਹਾਂ ਤੋਂ ਤਿਲ ਮਾਤਰ ਭੀ ਕਾਦਰ ਕਰਤੇ ਪੁਰਖ ਦੀ ਕੀਮਤਿ ਨਹੀਂ ਪਾਈ ਗਈ। ਸਾਧਕੀ ਅਤੇ ਅਨੇਕਾਂ ਸਾਧਨਾਂ ਸਾਧਨਹਾਰੇ ਸਿਧ ਜੋਗੀ ਵਿਲਕਦੇ ਫਿਰਦੇ ਹਨ। ਤਿਨ੍ਹਾਂ ਤੋਂ ਭੀ ਕੋਈ ਪੂਰੀ ਨਹੀਂ ਪਈ। ਮਾਇਆ ਦੇ ਮੋਹ ਵਿਚਿ ਹੀ ਅਟਕ ਕੇ ਉਲਝ ਗਏ ਅਤੇ ਓਥੇ ਹੀ ਰਹਿ ਗਏ। ਪ੍ਰਮਾਰਥ ਦਾ ਪੈਂਡਾ ਦੂਰ ਰਹਿ ਗਿਆ। ਮੰਜ਼ਲ ਅਤਿ ਦੂਰ ਰਹਿ ਗਈ। ਵਿਸ਼ਨੂੰ ਨੇ ਦਸ ਅਉਤਾਰ ਧਾਰੇ ਅਤੇ ਰਾਜਸੀ ਪੱਖ ਵਿਚਿ ਹੋ ਕੇ ਹੀ ਬਥੇਰਾ ਵਰਤਿਆ, ਮਹਾਂਦੇਉ ਅਵਧੂਤ ਹੀ ਬਣਿਆ ਰਿਹਾ। ਮਹਾਂ ਤਿਆਗ ਸੰਨਿਆਸ ਦਾ ਧਾਰਨੀ ਬਣਿਆ ਰਿਹਾ। ਭਸਮ ਬਿਭੂਤੀਆਂ ਬਥੇਰੀਆਂ ਲਾ ਥਕਿਆ, ਨਾ ਤਿਸ ਨੇ ਵਾਹਿਗੁਰੂ ਦਾ ਅੰਤ ਪਾਇਆ, ਨਾ ਵਿਸ਼ਨੂੰ ਅਵਤਾਰਾਂ ਰਾਜ ਲੀਲ੍ਹਾ ਵਰਤਾਉਣ-ਹਾਰਿਆਂ ਨੇ ਵਾਹਿਗੁਰੂ ਦਾ ਅੰਤ ਪਾਇਆ। ਇਹਨਾਂ ਦੇ ਕਰਮ ਧਰਮ ਕੀਤੇ ਨਿਸਫਲ ਹੀ ਗਏ। ਇਹਨਾਂ ਦੀ ਕਲਿਆਣ ਨਾ ਹੀ ਹੋਈ, ਅੰਤ ਤਾਂ ਕੀ ਪਾਉਣਾ ਸੀ। ਪਾਖੰਡ ਕਰਮ ਦੀ ਨਿਖੇਧੀ ਅਗਲੇ ਗੁਰ ਪ੍ਰਮਾਣ ਦੀ ਦੁਤੁਕੀ ਇਸ ਤਰ੍ਹਾਂ ਕਰਦੀ ਹੈ—

**ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥**
**ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥ ੬ ॥**

**(ਬਿਲਾਵਲ ਮਃ ੪, ਪੰਨਾ ੮੩੭)**

ਆਨਮਤ ਕਿਰਿਆਚਾਰੀ ਕਰਮ ਕਰਿ ਕਰਿ ਬਥੇਰੇ ਪਾਖੰਡ-ਕਰਮ ਆਨਮਤ ਕਰਮਾਚਾਰੀਆਂ ਨੇ ਵਧਾਏ, ਵਧ ਤੋਂ ਵਧ ਪਾਖੰਡ ਕਿਰਿਆਚਾਰੀ ਕਰਮ ਕੀਤੇ। ਪ੍ਰੰਤੂ ਮਨ ਕਰਕੇ ਇਹ ਪਾਖੰਡ-ਕਰਮ ਹੀ ਰਿਹਾ ਅਤੇ ਪਾਖੰਡ-ਕਰਮ ਕਰਨਹਾਰਿਆਂ ਪਾਖੰਡੀਆਂ ਦੇ ਮਨ ਵਿਚਿ ਲੋਭ-ਗ੍ਰਸਿਆ ਕਪਟ ਭੀ ਛਾਇਆ ਰਿਹਾ। ਤਿਸ ਤੋਂ ਪ੍ਰਮਾਰਥ ਦੀ ਪ੍ਰਾਪਤੀ ਕੀ ਹੋ ਸਕਣੀ ਸੀ?

 www.sikhbookclub.com

ਤਸੂ ਭੀ ਨਾ ਹੋਈ। ਕੋਈ ਭੀ ਪਾਖੰਡ-ਕਰਮ ਕੀਤਾ ਲੇਖੇ ਨਾ ਪਇਆ। ਜੈਸੇ ਕਿ ਬੇਸਵਾ ਚਾਹੇ ਕਿਤਨੇ ਬਿਭਚਾਰ ਕਮਾ ਲਵੇ, ਤਿਸ ਬਿਭਚਾਰਨ ਦੇ ਪੇਟੋਂ ਜੋ ਪੁਤਰ ਪੈਦਾ ਹੋਵੇਗਾ, ਹਰਾਮੀ ਹੀ ਕਹਾਉਂਦਾ ਹੈ। ਉਸ ਦੇ ਪਿਤਾ ਦਾ ਕੀ ਨਾਮ ਪਊ ਤੇ ਉਹ ਕਿਸ ਦਾ ਸਦਾਊ? ਕਿਸੇ ਦਾ ਭੀ ਨਹੀਂ ਸਦਾਉਂਦਾ। ਤਿਵੇਂ ਹੀ ਆਨਮਤ ਪਾਖੰਡ-ਕਰਮ ਕਰਨਹਾਰੇ ਤਿਸ ਬਿਭਚਾਰੀ ਬਾਜ਼ਾਰੀ ਇਸਤ੍ਰੀ ਨਿਆਈਂ ਬਿਭਚਾਰ ਕਰਮ ਹੀ ਕਮਾਉਂਦੇ ਹਨ। ਤਿਨ੍ਹਾਂ ਦੇ ਕਰਮ ਅਜਾਈਂ ਹੀ ਜਾਂਦੇ ਹਨ, ਕਿਸੇ ਲੇਖੇ ਨਹੀਂ ਪੈਂਦੇ। ਕਿਰਿਆਚਾਰ ਪੂਜਾ ਆਦਿਕ ਆਨਮਤ ਕਰਮ ਧਰਮ ਵਧਾ ਵਧਾ ਕੇ ਬਹੁਤ ਬਹੁਤ ਕੀਤੇ, ਪਰ ਮਨ ਵਿਚਿ ਝੂਠਾ ਵਿਖਾਵਾ ਲੋਭ ਅਤੇ ਵਲ ਛਲ ਇਹੋ ਕੰਮ ਹੀ ਰਿਹਾ। ਇਸ ਕਰਕੇ ਇਹ ਕਰਮ ਵਾਹਿਗੁਰੂ ਨੂੰ ਪਰਵਾਨ ਨਾ ਹੋਏ। ਨਾਨਾ ਪ੍ਰਕਾਰੀ ਆਨਮਤ ਕਰਮਾਂ ਦੀ ਨਿਖੇਧੀ ਅਗਲੇ ਗੁਰਵਾਕ ਅੰਦਰਿ ਭਲੀ ਭਾਂਤਿ ਕੀਤੀ ਗਈ ਹੈ—

**ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥ ੧ ॥ ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥ ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥ ੧ ॥ ਰਹਾਉ ॥ ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥ ਮੁਖਿ ਬੇਦ ਚਤੁਰ ਪੜਤਾ ॥ ੨ ॥ ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥ ਖਟੁ ਕਰਮ ਸਹਿਤ ਰਹਤਾ ॥ ੩ ॥ ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥ ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥ ੪ ॥ ੧ ॥**

(ਪੰਨਾ ੮੭੩)

ਇਸ ਗੁਰ-ਵਾਕ ਅੰਦਰਿ ਇਹ ਪ੍ਰਤਿਪਾਦਨ ਕੀਤਾ ਗਿਆ ਹੈ ਕਿ ਕਰਮ ਕਾਰੀ ਯਗ, ਦਾਨ, ਨਾਨਾ ਪ੍ਰਕਾਰੀ ਤੀਰਥ-ਇਸ਼ਨਾਨ, ਤੀਰਥਾਂ ਦੇ ਇਸ਼ਨਾਨ ਦੇ ਪਾਠ ਆਦਿਕ ਆਨਮਤੀ ਕਰਮ ਧਰਮ ਸਭ ਪਾਖੰਡ ਕਿਰਿਆ ਹਨ, ਵਾਹਿਗੁਰੂ ਦਾ ਨਾਮ ਅਤੇ ਸਿਫਤਿ ਸਾਲਾਹੀ ਜਾਪ ਦੇ ਤੁਲ ਤਸੂ ਮਾਤਰ ਭੀ ਨਹੀਂ ਪੁਜਦੇ। ਬੜੇ ਬੜੇ ਯਗ, ਅਸ੍ਵਮੇਧ ਯਗ, ਭਾਵੇਂ ਕੋਈ ਕਿਤਨੇ ਕਰੇ। ਆਪਣੇ ਬ੍ਰੋਬਰ ਤੋਲ ਕੇ ਸੋਨੇ ਦਾ ਦਾਨ ਕਰੇ। ਪ੍ਰਾਗ ਰਾਜ ਤੀਰਥ ਦੇ ਇਸ਼ਨਾਨ ਭਾਵੇਂ ਕਿਤਨੇ ਕਰੇ, ਤਾਂ ਭੀ ਇਹ ਨਾਮ ਸਿਫਤਿ ਸਾਲਾਹ ਦੇ ਤੁਲ ਨਹੀਂ ਪੁਜਦੇ।

ਤਾਂ ਤੇ ਅਨਮਤੀਆਂ ਦੀ ਰੀਸੇ ਇਹਨਾਂ ਕਰਮਾਂ ਧਰਮਾਂ ਵਿਚਿ ਖੱਚਤ ਹੋਣ ਦੀ ਕੋਈ ਲੋੜ ਨਹੀਂ। ਮਗਰ ਸਿੱਖਾਂ ਗੁਰਮਤਿ ਦੇ ਜਗਿਆਸੂਆਂ ਲਈ ਆਨਮਤੀਆਂ ਦੀ ਰੀਸ ਕਰਨਾ ਬੜਾ ਹੀ ਮਨਮਤੀ ਕਰਮ ਹੈ, ਜੋ ਗੁਰਮਤਿ ਅੰਦਰਿ ਨਿਖੇਧਿਆ ਗਿਆ ਹੈ। ਤਾਂ ਤੇ ਗੁਰਸਿੱਖਾਂ ਨੂੰ ਸਾਰੀਆਂ ਆਨਮਤਾਂ ਤਿਆਗ ਕੇ ਵਾਹਿਗੁਰੂ ਦੇ ਭਜਨ ਵਿਚਿ ਸਾਵਧਾਨ ਹੋ ਕੇ ਡਟ ਜਾਣਾ ਚਾਹੀਦਾ ਹੈ। ਗਯਾ ਜਾ ਕੇ ਪਿਤਰਾਂ ਦੇ ਪਿੰਡ ਭਰਾਉਣੇ; ਕਾਸ਼ੀ (ਬਨਾਰਸ) ਵਿਖੇ ਜਾ ਕੇ 'ਆਸ' ਨਾਮੇ ਨਦੀ ਦੇ ਕਿਨਾਰੇ ਬਸਣਾ; ਚਾਰੇ ਬੇਦਾਂ ਦਾ ਕੰਠਾਗਰ (ਮੂੰਹ ਜ਼ਬਾਨੀ) ਪਾਠੀ ਹੋਵੇ; ਸਾਰੇ ਕਰਮ ਧਰਮ ਅਦਾ ਕਰਨ ਵਾਲਾ ਹੋਵੇ; ਸਾਰੇ ਮੁਖੀ ਗਿਆਨ ਇੰਦਰਿਆਂ ਨੂੰ ਵਸਿ ਕਰ ਕੇ ਰਖਣ ਵਾਲਾ ਹੋਵੇ; ਬੇਦ ਪੜ੍ਹਨਾ ਪੜ੍ਹਾਉਣਾ, ਯਗ ਕਰਨਾ ਕਰਾਉਣਾ; ਦਾਨ ਦੇਣਾ ਲੈਣਾ-ਇਹਨਾਂ ਛਿਆਂ ਕਰਮਾਂ ਦੀ ਪੱਕੀ ਰਹਿਤ ਮਰਯਾਦਾ ਦਾ ਧਾਰਨੀ ਹੋਵੇ; ਸ਼ਿਵ ਅਤੇ ਸ਼ਕਤੀ ਦੇ ਸੰਬਾਦ-ਚਰਚਿਆਂ ਵਿਚਿ ਲਗਿਆ

ਰਹਿੰਦਾ ਹੋਵੇ; ਇਹ ਸਭ ਫੋਕਟ ਕਰਮ ਹਨ। ਇਹਨਾਂ ਪਾਖੰਡ-ਪੁਆੜਿਆਂ ਨੂੰ ਛਡ ਕੇ ਗੋਬਿੰਦ ਸਿਮਰਨ ਵਿਚਿ ਤੱਤਪਰ ਹੋ ਕੇ ਲਗਣਾ ਚਾਹੀਦਾ ਹੈ। ਭਵ-ਸਾਗਰ ਤੋਂ ਤਰਨ ਦਾ ਸੁਖੈਨ ਕਰਮ ਵਾਹਿਗੁਰੂ ਨਾਮ ਦਾ ਭਜਨ ਹੈ।

ਆਨਮਤ ਕਰਮ ਕਾਂਡ ਕਰਨ ਕਰਕੇ ਗੁਰਮਤਿ ਸਹਜ ਪਦ ਵਾਲਾ ਪੂਰਨ ਬ੍ਰਹਮ ਗਿਆਨ ਪ੍ਰਾਪਤਿ ਨਹੀਂ ਹੁੰਦਾ ਅਤੇ ਬਿਨਾਂ ਸਹਜ ਪਦ ਪ੍ਰਾਪਤਿ ਹੋਏ ਅੰਦਰੋਂ ਸੰਸਾ ਭਰਮ ਨਹੀਂ ਜਾਂਦਾ। ਇਹ ਸੰਸਾ ਭਰਮ ਅਗਿਆਨ ਕਿਸੇ ਭੀ ਸੰਜਮ ਉਪਾਉ ਯਤਨ ਨਾਲਿ ਨਹੀਂ ਜਾਂਦਾ, ਭਾਵੇਂ ਕਿਤਨੇ ਭੀ ਆਨਮਤ ਕਰਮਾਂ ਨੂੰ ਕਰਿ ਕਰਿ ਹੰਭ ਰਹੇ ਕੋਈ। ਇਸ ਦੁਚਿਤੀ ਅਗਿਆਨ ਭਰਮ ਸੰਸੇ ਕਰਕੇ ਜੀਵਾਂ ਦਾ ਆਤਮਾ ਮਲੀਨ ਰਹਿੰਦਾ ਹੈ, ਕਿਸੇ ਸੰਜਮ ਨਾਲ ਭੀ ਧੋਤਾ ਨਹੀਂ ਜਾਂਦਾ। ਸ਼ਬਦ ਗੁਰ-ਮੰਤਰ ਦੇ ਨਾਲਿ ਅਹਿਨਿਸ ਸੁਰਤੀ ਜੋੜਨ ਕਰਕੇ ਹੀ ਇਹ ਮਲੀਨ ਮਨ ਨਿਰਮਲ ਹੋ ਜਾਂਦਾ ਹੈ। ਅਤੇ ਧੋਤਾ ਜਾਂਦਾ ਹੈ। ਸਦਾ ਹੀ ਸ਼ਬਦ ਨਾਲ ਲਗਿਆ ਰਹੇ ਤਾਂ ਇਹ ਬਿਧਿ ਬਣਦੀ ਹੈ। ਗੁਰੂ ਦੀ ਕਿਰਪਾ ਨਾਲਿ ਹੀ ਸਹਜ ਪਦ ਉਪਜਦਾ ਹੈ। ਜਿਸ ਦੇ ਉਪਜਣ ਕਰਕੇ ਸਾਰਾ ਹੀ ਸੰਸਾ ਰੋਗ ਚੁਕਿਆ ਜਾਂਦਾ ਹੈ। ਨਹੀਂ ਤਾਂ ਇਹ ਸਮੁਚੇ ਹੀ ਆਨਮਤੀ ਕਰਮ ਸੰਸੇ ਦੇ ਘਰ ਹਨ ਤੇ ਸੰਸਾ ਹੀ ਸੰਸਾ ਉਪਜਾਉਣਹਾਰੇ ਹਨ। ਯਥਾ ਗੁਰਵਾਕ—

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥ ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥ ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥ ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥ ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹ ਸਹਸਾ ਇਵ ਜਾਇ ॥ ੧੮ ॥

(ਰਾਮਕਲੀ ਮਃ ੩ ਅਨੰਦੁ, ਪੰਨਾ ੯੧੯)

ਜੋਗੀਆਂ ਦੇ ੧੨ ਫ਼ਿਰਕੇ ਹਨ। ਇਹਨਾਂ ੧੨ ਫ਼ਿਰਕਿਆਂ ਵਿਚਿ ਹੀ ਸਾਰੇ ਜੋਗੀ ਭਰਮਾਏ ਤੇ ਭਰਮੇ ਫਿਰਦੇ ਹਨ। ਅਤੇ ਸੰਨਿਆਸੀਆਂ ਦੇ ਦਸ ਫ਼ਿਰਕੇ ਹਨ। ਇਹਨਾਂ ਦਸਾਂ ਫ਼ਿਰਕਿਆਂ ਵਿਚਿ ਸਾਰੇ ਹੀ ਸੰਨਿਆਸੀ ਭਰਮੇ ਭਰਮਾਏ ਫਿਰਦੇ ਹਨ। ਕਿਸੇ ਦੀ ਭੀ ਕਲਿਆਣ ਨਹੀਂ ਹੁੰਦੀ। ਮੋਖ-ਦੁਆਰ ਕਲਿਆਣ ਤਾਂ ਗੁਰੂ ਕੇ ਸ਼ਬਦ ਗੁਰ-ਮੰਤਰ ਦੀ ਕਮਾਈ ਕੀਤਿਆਂ ਹੀ ਮਿਲਦੀ ਹੈ। ਗੁਰ-ਸ਼ਬਦ-ਕਮਾਈ ਕਰਿ ਕਰਿ ਮਰਿ-ਜੀਵੜਾ ਹੋਇਆਂ ਹੀ ਇਸ ਗੁਰਮਤਿ ਮੋਖ ਦੁਆਰੇ ਦੀ ਪ੍ਰਾਪਤੀ ਹੁੰਦੀ ਹੈ। ਯਥਾ ਗੁਰਵਾਕ—

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥

(ਰਾਮਕਲੀ ਮਃ ੧, ਸਿਧ ਗੋਸਟਿ, ਪੰਨਾ ੯੪੧-੪੨)

ਇਹ ਸਿਮ੍ਰਤੀਆਂ ਦੇ ਸ਼ਾਸਤ੍ਰ ਜੇਹੜੇ ਸਾਜੇ ਗਏ ਹਨ, ਇਹਨਾਂ ਵਿਚਿ ਕੁਝ ਨਹੀਂ ਧਰਿਆ ਪਿਆ। ਇਹਨਾਂ ਵਿਚਿ ਸਿਰਫ਼ ਪਾਪ ਪੁੰਨ ਦੇ ਕਰਮਾਂ ਦੀਆਂ ਗਿੱਟੀਆਂ ਗਣਤ ਗਣੀਆਂ ਹੋਈਆਂ ਹਨ। ਇਹਨਾਂ ਗਣਤਾਂ ਵਿਚੋਂ ਸੋਈ ਨਿਕਲਦਾ ਹੈ ਜਿਸ ਨੂੰ ਸੱਚੇ ਗੁਰਮਤਿ-ਗਿਆਨ ਦੀ ਸੂਝ ਬੂਝ ਆਪਿ ਗੁਰੂ ਕਰਤਾਰ ਬੁਝਾਉਂਦਾ ਸੁਝਾਉਂਦਾ ਹੈ। ਯਥਾ ਗੁਰਵਾਕ—

ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ ॥ ਜਿਸੁ ਬੁਝਾਏ ਸੋ

ਬੁਝਸੀ ਸਚੈ ਸਬਦਿ ਪਤੀਨੀ ॥

(ਰਾਮਕਲੀ ਕੀ ਵਾਰ, ਪੰਨਾ ੯੪੯)

ਸੋ ਸ਼ਬਦ ਦੇ ਦ੍ਰਿੜ੍ਹ ਹੋਇਆਂ ਹੀ ਸੱਚੀ ਪਤੀਜ ਆਉਂਦੀ ਹੈ। ਗੁਰਮਤਿ ਤੋਂ ਘੁਥੇ ਹੋਏ ਅਤੇ ਆਪੋਂ ਬਣ ਬੈਠੇ ਅਗਿਆਨੀ ਅੰਧਲੇ ਗੁਰੂਆਂ ਦੇ ਚੇਲੇ ਭੀ ਅਗਿਆਨੀ ਅੰਧਲੇ ਹਨ। ਉਹ ਕਰਮ ਭੀ ਅੰਧਲੇ ਅੰਧ-ਅਗਿਆਨੀਆਂ ਵਾਲੇ ਕਰਦੇ ਹਨ। ਗੁਰੂ ਕੇ ਭਾਣੇ ਦਾ ਉਹਨਾਂ ਨੂੰ ਗਿਆਨ ਹੀ ਨਹੀਂ। ਉਹ ਆਪਣੇ ਭਾਣੇ ਹੀ ਆਪ-ਹੁਦਰੇ ਚਲਦੇ ਹਨ ਅਤੇ ਪਾਪ-ਹੁਦਰੇ ਕਰਮ ਕਰਦੇ ਹਨ। ਤੇ ਏਹਨਾਂ ਆਪ-ਹੁਦਰੇ ਕਰਮਾਂ ਦੇ ਕਰਨ ਕਰਿ ਓਹ ਬੜੇ ਬੜੇ ਕਰਮੀ ਹੋਣ ਦੀਆਂ ਗੱਪਾਂ ਮਾਰਦੇ ਹਨ। ਨਿਰਾ ਝੂਠ ਬੋਲਣ ਤੇ ਹੀ ਉਹਨਾਂ ਨੇ ਲੱਕ ਬੰਨ੍ਹਿਆ ਹੋਇਆ ਹੁੰਦਾ ਹੈ। ਕੂੜ ਕੁਸੱਤ ਹੀ ਕਮਾਉਂਦੇ ਹਨ, ਕਰਣੀ ਵਾਲਿਆਂ ਦੀ ਨਿੰਦਿਆ ਕਰਦੇ ਰਜਦੇ ਨਹੀਂ। ਇਸ ਪਰ-ਨਿੰਦਿਆ ਦੇ ਕਾਰਨ ਉਹ ਆਪ ਭੀ ਡੁਬ ਜਾਂਦੇ ਹਨ। ਉਹਨਾਂ ਵਿਚਾਰਿਆਂ ਦੇ ਕਰਮਾਂ ਵਿਚਿ ਪਰਾਈ ਨਿੰਦਿਆਂ ਹੀ ਲਿਖੀ ਹੋਈ ਹੁੰਦੀ ਹੈ। ਜਿਵੇਂ ਜਿਵੇਂ ਕਰੂਰ ਕਰਮ ਦਾ ਫਲ ਭੁਗਤਦੇ ਹਨ ਤਿਵੇਂ ਤਿਵੇਂ ਉਹਨਾਂ ਦੀ ਰੁਚੀ ਪਰ-ਨਿੰਦਿਆ ਤੇ ਕੁਕਰਮਾਂ ਵਿਚਿ ਹੀ ਲਗੀ ਰਹਿੰਦੀ ਹੈ। ਧੁਰੋਂ ਲਾਈ ਹੋਈ ਲਗਦੀ ਹੈ, ਕਰਮ-ਰਜ਼ਾਈ ਗਤੀ ਹੀ ਓਹਨਾਂ ਦੀ ਐਸੀ ਹੁੰਦੀ ਹੈ—

ਮਃ ੩ ॥ ਗੁਰੂ ਜਿਨਾ ਦਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥ ਓਇ ਭਾਣੈ ਚਲਨਿ ਆਪਣੈ ਨਿਤਿ ਝੂਠੋ ਝੂਠੁ ਬੋਲੇਨਿ ॥ ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥ ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥ ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ ॥ ੨ ॥

(ਰਾਮਕਲੀ ਕੀ ਵਾਰ, ਪੰਨਾ ੯੫੧)

ਅਗਲੇ ਗੁਰਵਾਕ ਅੰਦਰਿ ਵਰਣਿਤ ਹੈ ਕਿ ਨਿਤ ਕਰਮ-ਕਾਂਡੀਆਂ ਅਮਲਾਂ ਤੋਂ ਸਖਣੇ ਪੰਡਿਤਾਂ, ਸੰਕਲਪਾਂ ਵਿਕਲਪਾਂ ਵਾਲੇ ਡਿੰਭੀ ਸੰਸਾਰੀਆਂ, ਮਾਇਆ ਕਾਰਨ ਧਾਵਨ ਵਾਲੇ ਉਦਾਸੀਆਂ, ਸੰਨਿਆਸੀਆਂ ਅਤੇ ਤਪੀਆਂ, ਆਪਣੇ ਜਤ ਸਤ ਉਤੇ ਗੁਮਾਨ ਕਰਨ ਵਾਲੇ ਬ੍ਰਹਮਚਾਰੀਆਂ, ਕ੍ਰੋਧਵਾਨ ਤਿਆਗੀਆਂ ਅਤੇ ਰੋਟੀਆਂ ਕਾਰਨ ਤਾਲ ਪੂਰਨਹਾਰੇ ਪੇਟ ਪਾਲਣ ਹਿਤ ਨਚਣ ਟਪਣ ਵਾਲੇ ਭਗਤੀਆਂ ਦੀ ਕਮਾਈ ਖ਼ਾਲੀ ਜਾਂਦੀ ਹੈ। ਇਹਨਾਂ ਪਾਖੰਡ-ਕਿਰਿਆਂ ਦੀ ਕਰਮ-ਕਰਤੂਤ ਦਾ ਕਰਨਾ ਮਿਥਿਆ ਹੈ। ਯਥਾ ਗੁਰਵਾਕ—

ਮਾਰੂ ਮਹਲਾ ੫ ॥ ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ ॥ ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥ ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥ ੧ ॥ ਜੀਅ ਕੀ ਕੈ ਪਹਿ ਬਾਤ ਕਹਾ ॥ ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ ॥ ੧ ॥ ਰਹਾਉ ॥ ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥ ਬ੍ਰਹਮਚਾਰਿ ਬ੍ਰਹਮਚਜੁ ਕੀਨਾ ਰਿਦੈ ਭਇਆ ਗੁਮਾਨਾ ॥ ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥ ੨ ॥ ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ॥ ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ॥ ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ ॥ ੩ ॥ ਹਰਖ ਸੋਗ

 www.sikhbookclub.com

ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ ॥ ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ ॥ ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ ॥ ੪ ॥ ਮੇਰਾ ਅੰਤਰਜਾਮੀ ਹਰਿ ਰਾਇਆ ॥ ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ ਬਿਸਰਿ ਗਏ ਬਕਬਾਇਆ ॥ ੧ ॥ ਰਹਾਉ ਦੂਜਾ ॥ ੬ ॥ ੧੫ ॥

(ਪੰਨਾ ੧੦੦੩)

ਵਿਆਖਿਆ— ਬੇਦ-ਪਾਠੀ ਪੰਡਿਤ ਮੁੱਖੋਂ ਤਾਂ ਬੇਦ ਪੜ੍ਹਦਾ ਹੈ, ਬੇਦ-ਮੰਤਰਾਂ ਦੀਆਂ ਰਿਚਾਂ ਉਚੀਆਂ ਉਚੀਆਂ ਸੁਰਾਂ ਧੁਨੀਆਂ ਨਾਲਿ ਪੁਕਾਰਦਾ ਹੈ ਪਰ ਮਨ ਦੀ ਕਾਮਨਾ ਹੈ ਕਿਸੇ ਮਾਇਆਵੀ ਮਨੋਰਥ ਨੂੰ ਯਾ ਮਾਇਆ ਨੂੰ ਹੀ ਪ੍ਰਾਪਤ ਕਰਨ ਦੀ। ਮਤਲਬ-ਸਿਧੀ ਦੇ ਗੁਲਛਰੇ ਉਡਾਉਣ ਲਈ। ਹਿਰਦੇ ਵਿਚਿ ਤਾਂ ਕਿਸੇ ਕਲਪਣਾ (ਸੰਕਲਪ ਵਿਕਲਪ) ਦੀ ਗੰਢ ਬਝੀ ਹੋਈ ਹੈ, ਫੁਰਨੇ ਤੇ ਫੁਰਨੇ ਉਪਜ ਰਹੇ ਹਨ, ਪਰ ਦਿਖਾਵੇ ਮਾਤਰ ਬਗਲ-ਸਮਾਧੀ ਲਾ ਕੇ ਇਕਾਂਤ ਵਿਚਿ ਏਕਾਂਤੀ ਮੋਨਧਾਰੀ ਹੋ ਕੇ ਬਹਿ ਜਾਂਦਾ ਹੈ। ਅੰਦਰ ਦੀ ਕਲਪਨਾ ਤਾਂ ਮਿਟਦੀ ਨਹੀਂ, ਕਿਸੇ ਖਿਨ ਭੀ। ਤਾਂ ਏਹਨਾਂ ਮੋਨ-ਸਾਧਨੀਆਂ ਬਗਲ-ਸਮਾਧੀਆਂ ਦਾ ਕੀ ਅਰਥ? ਐਵੇਂ ਬੇਫ਼ਾਇਦਾ ਹੀ ਹਨ। ਉਦਾਸੀ ਭੇਖ ਧਾਰ ਕੇ, ਘਰ ਬਾਰ ਨੂੰ ਤਜ ਕੇ ਜਿਹੜੇ ਘਰੋਂ ਬਾਹਰ ਨਸੇ ਫਿਰਦੇ ਹਨ, ਨਸਿਆਂ ਭਜਿਆਂ ਘਰ ਬਾਰ ਦੀਆਂ ਕੁਟੰਬੀ ਆਸਾਂ ਤ੍ਰਿਸ਼ਨਾਵਾਂ ਛੁਟਦੀਆਂ ਨਹੀਂ। ਐਸਾ ਉਦਾਸ ਭੀ ਨਿਰਾ ਪਾਖੰਡ ਹੀ ਹੋਇਆ।

ਪ੍ਰਮਾਰਥ ਦੇ ਮੁਤਲਾਸ਼ੀ ਦੀ ਕਿਸੇ ਭੀ ਭੇਖਾਧਾਰੀ ਪਾਸੋਂ ਨਿਸ਼ਾ ਨਹੀਂ ਹੋ ਸਕਦੀ। ਉਹ ਆਪਣੇ ਦਿਲ ਦੇ ਮਰਮ ਨੂੰ ਆਖੇ ਤਾਂ ਕੀਹਦੇ ਪਾਸ ਆਖੇ? ਕੋਈ ਮਹਿਰਮ-ਰਾਜ਼ ਨਹੀਂ ਜੋ ਦਿਲ ਦੀਆਂ ਤਰਬਾਂ ਪਛਾਣੇ, ਮਰਜ਼ ਦੀਆਂ ਨਬਜ਼ਾਂ ਨੂੰ ਜਾਣੇ, ਆਪ ਮੁਕਤ ਹੋਵੇ ਤੇ ਖ਼ੁਦ ਵਾਹਿਗੁਰੂ ਨਾਲਿ ਮਿਲਿਆ ਹੋਇਆ ਹੋਵੇ ਅਤੇ ਮੁਤਲਾਸ਼ੀ ਨੂੰ ਮਿਲਾਉਣ ਦੀ ਸਮਰੱਥਾ ਰਖਦਾ ਹੋਵੇ। ਐਸਾ ਜੀਵਨ-ਮੁਕਤ ਸੱਚਾ ਸਾਧੂ ਆਨਮਤ ਦੇ ਭੇਖਾਂ ਵਿਚ ਉੱਕਾ ਹੀ ਨਹੀਂ ਦਿਸਦਾ ਲਭਦਾ। ਢੂੰਡੇ ਤੋਂ ਭੀ ਨਹੀ ਲਭਦਾ। ਆਨਮਤਾਂ ਅੰਦਰਿ ਜਿਧਰ ਦੇਖੋ, ਪਾਖੰਡ ਹੀ ਪਾਖੰਡ ਹੈ।

ਤਪਸੀ ਹੋਣ ਦਾ ਡਿੰਭ ਪਾਖੰਡ ਧਾਰ ਕੇ (ਤਪਸੀ ਹੋਣ ਕਰਿ) ਦੇਹੀ ਬਹੁ ਬਿਧਿ ਕਰ ਕੇ ਸਾਧੀ, ਪਰ ਇਸ ਦੇਹੀ ਦੀ ਸਾਧਨਾ ਦੁਆਰਾ ਮਨ ਨਾ ਸਾਧਿਆ ਗਿਆ, ਮਨ ਵਸਿ ਹੀ ਨਾ ਆਇਆ, ਦਹਿਦਿਸਿ ਧਾਵੰਦਾ ਹੀ ਰਿਹਾ। ਉਹ ਕਾਹਦੀ ਤਪੱਸਿਆ ਹੈ, ਨਿਰੀ ਪਾਖੰਡ-ਤਪੱਸਿਆ ਹੀ ਹੋਈ ਨਾ! ਬ੍ਰਹਮਚਾਰੀ ਹੋਇ ਕੇ ਪਾਖੰਡ ਬ੍ਰਹਮਚਰਜ ਧਾਰਨ ਕੀਤਾ, ਪਰ ਬਣਿਆ ਕੁਝ ਨਾ। ਹਿਰਦੇ ਅੰਦਰਿ ਬ੍ਰਹਮਚਾਰੀ ਬਣ ਜਾਣ ਦਾ ਅਭਿਆਨ ਗੁਮਾਨ ਹੀ ਵਸਿਆ, ਪਰ ਸੌਰਿਆ ਕੁਛ ਭੀ ਨਾ। ਐਸੇ ਪਾਖੰਡ-ਬ੍ਰਹਮਚਰਜ ਤੋਂ ਕੀ ਲਾਭ? ਕੁਛ ਭੀ ਨਹੀਂ। ਸੰਨਿਆਸ ਭੇਖ ਧਾਰ ਕੇ ਸੰਨਿਆਸੀ ਬਣਿਆ ਅਤੇ ਸੰਨਿਆਸੀ ਬਣ ਕੇ ਤੀਰਥਾਂ ਤੇ ਹੀ ਭਰਮਦਾ ਭਰਮਦਾ ਟਕਰਾਂ ਮਾਰਦਾ ਫਿਰਿਆ। ਸਗੋਂ ਕ੍ਰੋਧ ਬਿਗਾਨਾ ਅੰਦਰਿ ਆ ਵੜਿਆ। ਬਾਹਰ ਦੇ ਭੇਖ ਸੰਨਿਆਸਾਂ ਤੋਂ ਬਾਹਰ ਦਾ ਕ੍ਰੋਧ ਅੰਦਰ ਆ ਘੁਸਿਆ। ਆਪ ਲਾਇਆ ਨਹੀਂ ਸੀ, ਆਪ ਨਹੀਂ ਸੀ ਸਹੇੜਿਆ। ਬਿਗਾਨਿਆਂ ਦੇ ਕ੍ਰੋਧ ਦਾ ਅਸਰ ਉਸ ਤੇ ਪੈ ਗਿਆ ਤਾਂ ਇਹ ਕਾਹਦਾ ਸੰਨਿਆਸ ਹੋਇਆ? ਸੱਚਾ ਸਨਿਆਸੀ ਉਹ ਹੈ, ਜਿਸ ਨੇ ਦੂਨੀਆ ਦਾ ਕ੍ਰੋਧ ਭੀ ਮਿਟਾਇਆ ਸੀ ਅਤੇ ਖ਼ੁਦ


www.sikhbookclub.com

ਸ਼ਾਂਤ ਹੋ ਜਾਣਾ ਸੀ। ਅੰਤਰਿ ਸ਼ਾਂਤ ਨਹੀਂ ਆਉਂਦੀ ਬਾਹਰ ਦੇ ਭੇਖ ਸੰਨਿਆਸ ਨਾਲ। ਸਗੋਂ ਅੰਤਰਿ ਤਾਮਸਿ ਆ ਵੜਦੀ ਹੈ, ਤੀਰਥਾ ਤੇ ਭੁੱਖਣ ਭਾਣੇ ਘੁੰਮਦਿਆਂ ਫਿਰਦਿਆਂ।

ਰੋਟੀਆਂ ਦੇ ਕਾਰਨ ਪੈਰਾਂ ਵਿਚਿ ਘੁੰਗਰੂ ਪਾ ਕੇ ਨਾਚੇ ਟਾਪੇ ਭੇਖ ਵਾਲੇ ਭਗਤੀਏ ਬਣਿ ਬੈਠੇ, ਏਸ ਭੇਖ ਤੋਂ ਭੀ ਕੁਛ ਨਾ ਸਰਿਆ। ਪ੍ਰਮਾਰਥ ਤਾਂ ਲਾਂਭੇ ਹੀ ਰਹਿ ਗਿਆ। ਬਰਤ ਨੇਮ ਖਟ ਕਰਮਾਂ ਵਾਲੇ ਬਾਹਰ ਦਿਖਾਵੇ ਦੇ ਭੇਖ ਕਰਿਆਂ ਭੀ ਕੁਛ ਨਾ ਬਣਿਆ। ਪਾਖੰਡ ਹੀ ਪਲੇ ਰਹਿ ਗਿਆ। ਫੇਰ ਗੀਤ ਨਾਦ ਰਾਗ ਮੁਖੋਂ ਅਲਾਪੇ, ਪਰ ਅੰਦਰਿ ਅੰਦਰਲਾ ਅਲਾਪ ਨਾਮ ਦਾ ਜਾਪ ਨਾ ਛਿੜਿਆ। ਤਾਂ ਐਸੇ ਡਿੰਭ ਰੂਪ ਰਾਗ ਰਾਗਨੀ ਦਾ ਕੀ ਲਾਭ?

ਹਰਖ ਸੋਗ ਲੋਭ ਮੋਹ ਤੋਂ ਰਹਿਤ ਅਤੀਤ ਬੈਰਾਗੀ ਸੱਚੜੇ ਸੰਤ ਭਗਤ ਸਿਫਤਿ ਸਾਲਾਹੀ ਗੁਰਮੁਖਿ ਜਨ ਤਾਂ ਗੁਰੂ ਘਰ ਵਿਖੇ ਉਤਪੰਨ ਹੋਏ ਹਨ। ਏਥੇ ਹੀ, ਏਥੇ ਹੀ ਲਭਦੇ ਹਨ। ਵਾਹਿਗੁਰੂ ਦੀ ਦਇਆ ਮਇਆ ਹੋਵੇ ਤਾਂ ਅਜਿਹੇ ਸੰਤਾਂ ਭਗਤਾਂ ਦੀ ਚਰਨ-ਧੂੜੀ ਲਭੇ। ਗੁਰ ਸਤਿਗੁਰ ਪੂਰਾ ਗੁਰੂ ਨਾਨਕ ਨਿਰੰਕਾਰੀ ਮਿਲੇ ਤਾਂ ਸਾਰੀ ਚਿੰਤਾ ਦੂਰ ਹੁੰਦੀ ਹੈ। ਨਹੀਂ ਤਾਂ ਬਾਹਰ ਦੇ ਆਨਮਤ ਪਾਖੰਡ ਭੇਖਾਂ ਦੀ ਪੜਤਾਲ ਕੀਤਿਆਂ ਤਾਂ ਨਿਰੀ ਨਿਰਾਸਤਾ ਹੀ ਨਿਰਾਸਤਾ ਪੱਲੇ ਪੈਂਦੀ ਹੈ। ਅੰਦਰਿ ਦੀਆਂ ਜਾਨਣ ਵਾਲਾ ਪ੍ਰੀਤਮ ਵਾਹਿਗੁਰੂ, ਗੁਰੂ ਮਾਲਕ ਦੀ ਕਿਰਪਾ ਨਾਲਿ ਗੁਰ ਸ਼ਬਦ ਕਮਾਇਆ ਜਾ ਕੇ ਅੰਦਰ ਹੀ ਆ ਮਿਲਦਾ ਹੈ ਤਾਂ ਸਾਰੇ ਹੀ ਬਕਬਾਦੀ ਭੇਖਾਂ ਦੀ ਢੂੰਡ ਪੜਤਾਲ ਵਾਲੀ ਨਿਰਾਸਤਾ ਵਿਸਰ ਜਾਂਦੀ ਹੈ, ਦੂਰ ਹੋ ਜਾਂਦੀ ਹੈ।

ਅਗਲੇ ਗੁਰਵਾਕ ਅੰਦਰਿ ਆਨਮਤ ਪਾਖੰਡ ਕਰਮਾਂ ਦੀ ਖੁਲ੍ਹੀ ਨਿਖੇਧੀ ਹੈ। ਯਥਾ ਗੁਰਵਾਕ—

> ਮਾਰੂ ਮਹਲਾ ੧ ॥ ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥ ੧ ॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥ ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥ ੧ ॥ ਰਹਾਉ ॥ ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥ ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥ ੨ ॥ ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥ ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥ ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥ ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥ ੩ ॥ ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥ ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥ ੪ ॥ ਮੂੰਡੁ ਮੁੰਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਆਨਾ ॥ ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ ਅੰਮ੍ਰਿਤੁ ਛੋਡਿ


www.sikhbookclub.com

ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥ ੫ ॥ ਹਾਥਿ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥ ੬ ॥ ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥ ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥ ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥ ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥ ੭ ॥ ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥ ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥ ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥ ੮ ॥ ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥ ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥ ਸਭਿ ਸੁਖ ਮੁਕਤਿ ਨਾਮੁ ਧੁਨਿ ਬਾਣੀ ਸਚੁ ਨਾਮੁ ਉਰਧਾਰੀ ॥ ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥ ੯ ॥ ੭ ॥

(ਪੰਨਾ ੧੦੧੨-੧੩)

ਵਿਆਖਿਆ— ਗੁਰਮਤਿ ਤੋਂ ਹੀਣਾ, ਆਨਮਤਿ ਗ੍ਰਸੀਣਾ ਮਨਮੁਖ ਪਾਖੰਡੀ ਪੁਰਸ਼ ਆਪਣੇ ਮਨ ਦੇ ਕਿਸੇ ਉਬਾਲੇ ਦੇ ਪਿਛੇ ਲਗ ਕੇ ਗਧੇ ਵੈਰਾਗੀ ਦੀ ਹਿੜਬਿਸੀ ਲਹਿਰ ਮਨ ਵਿਚ ਉਠਣ ਕਰਿ ਆਪਣੇ ਘਰ ਨੂੰ, ਗ੍ਰਿਹਸਤ-ਆਸ਼ਰਮ ਨੂੰ ਤਜ ਕੇ ਪਿਆ ਵਿਗੁਚਦਾ ਖਜਲ ਖੁਆਰ ਹੋਇਆ ਫਿਰਦਾ ਹੈ ਅਤੇ ਪਰਾਇਆਂ ਘਰਾਂ ਵਲ ਤਕਦਾ ਹੈ। ਗ੍ਰਿਹਸਤ-ਆਸ਼ਰਮ ਦਾ ਨਿਬਾਹੁਣਾ ਜੋ ਉਸ ਦਾ ਧਰਮ ਸੀ, ਉਸ ਨੂੰ ਗੰਵਾ ਲੈਂਦਾ ਹੈ ਅਤੇ ਛਡ ਬਹਿੰਦਾ ਹੈ। ਸੱਚਾ ਸਤਿਗੁਰ ਨ ਭੇਟਣ ਕਰਕੇ ਗੁਰੂ ਘਰ ਦੇ ਗ੍ਰਿਹਸਤ-ਦ੍ਰਿੜ੍ਹੰਮੀ-ਅਸੂਲਾਂ ਤੋਂ ਹੀਣਾ ਹੋ ਜਾਂਦਾ ਹੈ। ਗ੍ਰਿਹਸਤ ਆਸ਼ਰਮ ਦੇ ਧਰਮ ਦੇ ਮਹੱਤ ਨੂੰ ਨਹੀਂ ਚੀਨਦਾ। ਆਨਮਤ-ਗ੍ਰਸੀ-ਦੁਰਮਤਿ ਬੁਧੀ ਦੀਆਂ ਘੁੰਮਣ-ਘੇਰੀਆਂ ਵਿਚਿ ਪਿਆ ਰਹਿੰਦਾ ਹੈ ਅਤੇ ਆਨਮਤ ਭੇਖਾਂ ਵਿਚਿ ਭ੍ਰਮਿ ਭ੍ਰਮਿ ਚੋਟਾਂ ਖਾਂਦਾ ਹੈ। ਦੇਸਾਂ ਪ੍ਰਦੇਸਾਂ ਵਿਚਿ ਭਉਂਦਾ ਫਿਰਦਾ ਹੈ। ਜਿਉਂ ਜਿਉਂ ਭਉਂਦਾ ਹੈ ਤਿਉਂ ਤਿਉਂ ਉਸ ਦੀ ਤ੍ਰਿਸ਼ਨਾ ਹੋਰ ਵਧੇਰੇ ਵਧਦੀ ਜਾਂਦੀ ਹੈ। ਆਨਮਤ ਧਰਮ-ਪੁਸਤਕਾਂ ਦੇ ਬਥੇਰੇ ਪਾਠ ਪੜ੍ਹਿ ਪੜ੍ਹਿ ਥਕ ਰਿਹਾ, ਇਹ ਤ੍ਰਿਸ਼ਨਾ ਮਿਟਦੀ ਨਹੀਂ। ਇਸ ਅਸਥਿਰ ਨਾ ਰਹਿਣ ਵਾਲੇ ਸਰੀਰ ਦੇ ਕੱਚੇ ਭਾਂਡੇ ਵਾਲਾ ਹੋ ਕੇ ਇਹ ਨਹੀਂ ਵਿਚਾਰਦਾ ਕਿ ਇਸ ਸਰੀਰ ਰੂਪੀ ਕੱਚੇ ਭਾਂਡੇ ਨੂੰ ਭਜਦਿਆਂ ਇਕ ਠੁਣਕਾ ਨਹੀਂ ਲਗਦਾ; ਇਸ ਮਾਨੁਖ ਜਨਮ ਜਾਮੇ ਦਾ ਲਾਹਾ ਲੈ ਲਈਏ। ਇਸ ਲਾਹੇ ਦਾ ਉਸ ਨੂੰ ਖ਼ਿਆਲ ਹੀ ਨਹੀਂ ਉਪਜਦਾ। ਉਪਜੇ ਤਾਂ ਜੇ ਗੁਰ-ਸ਼ਬਦ ਦੀ ਦੀਖਿਆ ਪ੍ਰਾਪਤ ਹੋਵੇ। ਗੁਰ-ਸ਼ਬਦ ਤਾਂ ਚੀਨੇ ਜੇ ਗੁਰੂ ਘਰ ਦਾ ਦੁਆਰਾ ਉਸ ਨੂੰ ਮਿਲਿਆ ਹੋਵੇ, ਮਿਲ ਕੇ ਸੱਚਾ ਸਤਿਗੁਰ ਉਸ ਨੇ ਭੇਟਿਆ ਹੋਵੇ। ਗੁਰ-ਸ਼ਬਦ ਚੀਨੇ ਬਿਨਾਂ ਭੰਬਲ-ਭੂਸੇ ਖਾਂਦਾ ਹੈ। ਪਰਾਏ ਘਰੀਂ, ਆਨਮਤਾਂ ਦੇ ਦਰੀਂ ਟੱਕਰਾਂ ਮਾਰਦਾ ਰਹਿੰਦਾ ਹੈ, ਆਪਣੇ ਕਲਿਆਣ ਨਿਸਤਾਰੇ ਦੀ ਉਸ ਨੂੰ ਸੂਝ ਬੂਝ ਹੀ ਨਹੀਂ ਆਉਂਦੀ। ਢੋਰਾਂ

ਪਸ਼ੂਆਂ ਵਾਗੂੰ ਉਦਰ-ਪੂਰਨਾ ਕਰਦਾ ਹੈ, ਢਿਡ ਭਰਨ ਵਿਚਿ ਅਉਧ ਵਿਹਾਜਦੀ ਹੈ। ਪਸ਼ੂ ਦਾ ਤੇ ਉਸ ਮਨਮੁਖੀ ਮਨੁਖ ਦਾ ਕੀ ਫ਼ਰਕ ਹੋਇਆ, ਇਹ ਕੋਈ ਸੰਨਿਆਸ ਹੈ? ਖਾਕ ਧੂੜ ਪਵੇ ਐਸੇ ਸੰਨਿਆਸ ਉਤੇ। ਸੰਨਿਆਸੀ ਬਣੇ ਤਾਂ ਸੱਚੇ ਸੰਨਿਆਸ ਦੀ ਸੱਚੀ ਰਵਸ਼ ਧਾਰਨ ਕਰੇ, ਸੱਚੀ ਗੁਰਮਤਿ-ਸੰਨਿਆਸ-ਮਤਿ ਉਤੇ ਚਲੇ। ਐਸੀ ਰਵਤ ਰਵੇ ਜੈਸੀ ਅਗੇ ਦਸਦੇ ਹਨ—

**"ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥"**

ਬਸ, ਐਸਾ ਸੰਨਿਆਸੀ ਬਣੇ, ਐਸੀ ਸਚੜੀ ਸੰਨਿਆਸ ਧਾਰਨ ਧਾਰੇ, ਰਵਤ ਰਵਾਏ। ਗੁਰ ਕੇ ਸ਼ਬਦਿ ਗੁਰ-ਮੰਤਰ ਦੀਆਂ ਅਭਿਆਸ ਕਮਾਈਆਂ ਕਰਿ ਕਰਿ ਇਕ ਵਾਹਿਗੁਰੂ ਨਾਲ ਹੀ ਲਿਵ ਲਾਈ ਰਖੇ ਅਤੇ ਹਰ ਦਮ ਹਰ ਨਫ਼ਸ ਵਾਹਿਗੁਰੂ-ਨਾਮ ਦੇ ਨਾਲਿ ਹੀ ਰਵਿਆ ਰਹੇ। ਨਾਮ-ਰਸ ਵਿਚਿ ਰਤਿਆਂ ਹੀ ਸੱਚਾ ਰੱਜ ਆਉਂਦਾ ਹੈ, ਸੱਚੀ ਤ੍ਰਿਪਤੀ ਹੁੰਦੀ ਹੈ। ਇਸ ਤ੍ਰਿਪਤਾਸੀ ਬਿਰਤ ਉਦਾਸੀ ਬਿਨਾਂ ਸੰਨਿਆਸ ਕੈਸਾ? ਸੰਨਿਆਸੀ ਸਦਵਾ ਹੀ ਨਹੀਂ ਸਕਦਾ। ਭੇਖ ਉਦਾਸੀ ਕਰਿ ਮਹਿਜ਼ ਉਪਰੋਂ ਭੇਖ ਦਾ ਡਿੰਭ ਧਾਰਿਆਂ ਸੱਚਾ ਸੰਨਿਆਸੀ ਨਹੀਂ ਬਣ ਸਕਦਾ। ਜਦ ਤਾਈਂ ਮਨ ਤ੍ਰਿਸ਼ਨਾਲੂ ਹੈ, ਘਰਿ ਘਰਿ ਡੋਲਦਾ ਹੈ, ਸੱਚਾ ਵੈਰਾਗ ਤਿਆਗ ਨਹੀਂ ਉਪਜਦਾ, ਤਦ ਤਾਈਂ ਸੰਨਿਆਸ ਦਾ ਸੱਚਾ ਮਾਰਗ ਪ੍ਰਾਪਤਿ ਹੀ ਨਹੀਂ ਹੁੰਦਾ। ਗੁਰ-ਸ਼ਬਦ ਵਿਖੇ ਸੱਚੜੀ ਲਿਵ ਲਗੀ ਬਿਨਾਂ ਤਿਆਗ ਵੈਰਾਗ ਕਿਥੇ? ਸੱਚੜੇ ਸੰਨਿਆਸ ਨਾਮ ਵਿਚਿ ਰਤੇ ਬਿਨਾਂ ਤ੍ਰਿਪਤਾਮ ਕਿਥੇ?

ਗੇਰੂ ਘੋਲ ਕੇ ਕਪੜਿਆਂ ਤੇ ਰੰਗ ਚੜ੍ਹਾ ਲਿਆ ਅਤੇ ਗੇਰੂ-ਰੰਗੇ ਵਸਤਰ ਪਹਿਨ ਕੇ ਭੇਖਾਰੀਆਂ ਵਾਲਾ ਭੇਖ ਧਾਰਨ ਕਰਿ ਲਿਆ। ਸੰਨਿਆਸੀ ਭੇਖ ਦਿਖਾਉਣ ਲਈ ਸਾਰੇ ਕਪੜੇ ਫਾੜ ਉਤਾਰ ਕੇ ਇਕੋ ਕਫ਼ਨੀ ਪਹਿਨ ਲਈ ਅਤੇ ਮਾਇਆ-ਧਾਰੀਆਂ ਵਾਂਗੂ ਝੋਲੀ ਅਡ ਕੇ ਦਰ-ਬਦਰ ਮੰਗਣ ਚੜ੍ਹ ਪਿਆ। ਘਰਿ ਘਰਿ ਦਾ ਮੰਗਤਾ ਹੋ ਕੇ ਜਗ ਨੂੰ ਪ੍ਰਬੋਧਦਾ (ਉਪਦੇਸ਼ਦਾ) ਫਿਰਦਾ ਹੈ। ਇਹ ਭੇਖ ਸੰਨਿਆਸ ਦੂਜਿਆਂ ਦੀ ਕੀ ਕਲਿਆਣ ਕਰ ਸਕਦਾ ਹੈ? ਭੇਖਧਾਰੀ ਦੀ ਤਾਂ ਉਲਟੀ ਗਤਿ ਬਣਾਉਂਦਾ ਹੈ। ਮਨ ਵਿਚਿ ਤਾਂ ਅਗਿਆਨ ਦਾ ਅੰਧੇਰਾ ਹੀ ਰਹਿੰਦਾ ਹੈ। ਉਸ ਦੀ ਗਤਿ ਪਤਿ ਕਿਥੇ? ਉਸ ਦੀ, ਉਸ ਮਨ ਦੇ ਅੰਧੇ ਦੀ ਏਥੇ ਭੀ ਮਤਿ ਮਾਰੀ ਗਈ ਅਤੇ ਅਗੇ ਜਾ ਕੇ ਪਤਿ ਹਾਰੀ ਗਈ। ਅਗਿਆਨ-ਭਰਮ ਵਿਚਿ ਹੀ ਸਾਰੀ ਉਮਰ ਭੁਲਿਆ ਫਿਰਦਾ ਰਿਹਾ। ਬਹੁਤੀ ਸਿਆਣਪ ਚਤੁਰਾਈ ਨੇ ਉਸ ਨੂੰ ਸੱਚੀ ਕਲਿਆਣ ਦੇ ਦਾਤੇ ਗੁਰ-ਸ਼ਬਦ ਵਲ ਆਉਣ ਹੀ ਨਹੀਂ ਦਿੱਤਾ, ਨਾ ਹੀ ਉਸ ਨੂੰ ਸ਼ਬਦ ਚੀਨਣ ਦੀ ਸੋਝੀ ਪਈ। ਬਸ ਜੂਏ ਦੀ ਭਰਮ-ਭੁਲਾਉਣੀ ਖੇਡ ਵਿਚਿ ਜਨਮ ਗੰਵਾ ਦਿੱਤਾ। ਮਨੁਖਾ ਜਨਮ ਦੀ ਵਾਰੀ ਵਾਲੀ ਬਾਜੀ ਹਾਰੀ ਗਈ। ਬਾਜੀ ਹਾਰ ਕੇ ਦੋਹੀਂ ਹਥੀਂ ਖ਼ਾਲੀ ਹੀ ਅਗਾਹਾਂ ਨੂੰ ਤੁਰ ਗਿਆ। ਸਾਰੀ ਆਯੂ ਪ੍ਰਯੰਤ ਤ੍ਰਿਸ਼ਨਾ ਦੀ ਅਗਨੀ ਵਿਚਿ ਹੀ ਦਗਧ ਹੁੰਦਾ ਰਿਹਾ। ਮਾਇਆ ਦੀ ਤ੍ਰਿਸ਼ਨਾ ਖਾਤਰ ਧੂਣੀਆਂ ਰਮਾਉਂਦਾ ਰਿਹਾ। ਧੂਣੀਆਂ ਬਥੇਰੀਆਂ ਤਾਪੀਆਂ, ਪ੍ਰੰਤੂ ਇਹ ਤ੍ਰਿਸ਼ਨਾ ਨਾ ਹੀ ਬੁਝੀ। ਸੱਚੇ ਸਤਿਗੁਰੂ ਦੀ ਸ਼ਰਨਿ ਆਇਆਂ ਬਿਨਾਂ ਕਿਵੇਂ ਬੁਝ ਸਕਦੀ ਹੈ ਇਹ ਤ੍ਰਿਸ਼ਨਾ।

ਤਾਂ ਤੇ ਸਾਰੇ ਹੀ ਇਸ ਸੰਨਿਆਸੀ ਭੇਖ ਵਾਲੇ ਹਜ਼ਾਰਾਂ ਲਖਾਂ ਭੇਖਾਧਾਰੀ ਨਿਗੁਰੇ ਹੀ ਮਰ ਜਾਣਗੇ ਅਤੇ ਨਿਗੱਤੇ ਹੀ ਜਾਣਗੇ। ਪੂਰਾਂ ਦੇ ਪੂਰ ਨਿਗੁਰੇ ਨਿਗੱਤੇ ਹੀ ਮਰ ਗਏ, ਮਰ ਰਹੇ ਹਨ ਅਤੇ ਅਗਾਹਾਂ ਨੂੰ ਮਰਨਗੇ। ਜਦ ਤਾਈਂ ਸਤਿਗੁਰੂ ਦੀ ਸ਼ਰਨ ਨਹੀਂ ਆਉਂਦੇ ਤਦ ਤਾਈਂ ਚੁਰਾਸੀ ਦੇ ਗੇੜ ਵਿਚਿ ਪਏ ਹੀ ਚੋਟਾਂ ਖਾਂਦੇ ਮਰਨਗੇ। ਗੁਰੂ ਕਾ ਸਿਖ ਸੇਵਕ ਬਣੇ ਬਿਨਾਂ ਅਤੇ ਗੁਰ ਘਰ ਦੇ


www.sikhbookclub.com

ਗੁਰੂ ਸਰੂਪ ਪੰਜਾਂ ਪਿਆਰਿਆਂ ਸ੍ਰੇਸ਼ਟ ਸੰਤ ਜਨਾਂ ਤੋਂ ਗੁਰ-ਦੀਖਿਆ ਲਏ ਬਿਨਾਂ ਨਾਮ-ਦੀਖਿਆ ਨਹੀਂ ਮਿਲਦੀ, ਗੁਰ-ਮੰਤਰ ਨਾਮ-ਦੀਖਿਆ ਵਾਲੀ ਭਗਤੀ ਨਹੀਂ ਹੁੰਦੀ। ਨਾ ਭਗਤੀ ਦਰਗਾਹੇ ਪ੍ਰਵਾਨ ਪੈਂਦੀ ਹੈ ਅਤੇ ਨਾ ਹੀ ਪਰਮਾਤਮ ਜੋਤਿ ਸਰੂਪ ਆਪਾ ਚੀਨਿਆ ਜਾਂਦਾ ਹੈ। ਆਤਮ ਸਰੂਪ ਦੀ ਸੋਝੀ ਹੀ ਨਹੀਂ ਪੈਂਦੀ। ਸਗੋਂ ਗੁਰੂ ਘਰ ਦੇ ਸਵਾਰੇ ਸੁਹਾਗਵੰਤੇ ਗੁਰਮੁਖਿ ਜਗਿਆਸੂਆਂ, ਸੱਚੇ ਸੰਨਿਆਸੀਆਂ ਨੂੰ ਦੇਖ ਦੇਖ ਕੇ ਭੇਖਧਾਰੀ ਸੰਨਿਆਸੀ ਦੇ ਅੰਦਰਿ ਖਾਤੇ ਈਰਖਾ ਕ੍ਰੋਧ ਦੀ ਅਗਨੀ ਭੜਕ ਉਠਦੀ ਹੈ। ਈਰਖਾ ਦੀ ਅਗਨੀ (ਆਤਸ਼) ਨਾਲਿ ਸੜਿ ਸੜਿ ਮਰਦੇ ਹਨ। ਇਹ ਈਰਖਾ-ਮਈ ਅਗਨੀ ਉਹਨਾਂ ਨੂੰ ਆਪਣੇ ਅੰਤਰਗਤਿ ਲਗੀ ਹੋਈ (ਭੜਕਦੀ ਹੋਈ) ਸਾਫ਼ ਜਾਪਦੀ (ਦਿਖਾਈ ਦਿੰਦੀ) ਹੈ, ਫੇਰ ਭੀ ਗੁਰਮੁਖਾਂ ਦੀ ਨਿੰਦਾ ਕਰਨੋਂ ਨਹੀਂ ਟਲਦੇ। ਏਸ ਈਰਖਾ ਦ੍ਵੈਸ਼ ਕਰਕੇ ਹੀ ਨਿੰਦਿਆ ਕਰਦੇ ਹਨ। ਜਿਵੇਂ ਸਿਧਾਂ ਜੋਗੀਆਂ ਦੀ ਈਰਖਾ-ਅਗਨੀ ਗੁਰੂ ਨਾਨਕ ਸਾਹਿਬ ਨੂੰ ਦੇਖ ਕੇ ਭੜਕੀ ਸੀ ਅਤੇ ਬੁਝਾਈ ਨਹੀਂ ਸੀ ਬੁਝਦੀ। ਆਪਣੇ ਅੰਦਰਿ ਲਗੀ ਅਗਨੀ ਤਾਂ ਬੁਝਾਉਂਦੇ ਨਹੀਂ, ਨਿੰਦਾ ਕਰਿ ਕਰਿ ਈਰਖਾ ਦੀਆਂ ਹਵਾੜਾਂ ਕਢਦੇ ਹਨ ਅਤੇ ਨਰਕਾਂ ਦੇ ਭਾਗੀ ਬਣਦੇ ਹਨ, ਨਿੰਦਾ ਕਰਿ ਕਰਿ ਨਰਕ-ਨਿਵਾਸੀ ਹੋਣ ਦੀ ਸਜ਼ਾ ਅਗੇ ਪਾਉਂਦੇ ਹਨ। ਗੁਰਮੁਖਾਂ ਗੁਰੂ-ਸਵਾਰਿਆਂ ਦੀ ਨਿੰਦਿਆ ਕੀਤੀ ਹੋਈ ਕਦੇ ਉਤਰਦੀ ਹੀ ਨਹੀਂ। ਪਰ ਭੇਖ ਪਾਖੰਡ ਦੀ ਸੋਧਨਾ ਕਰਨੀ ਹਰਗਿਜ਼ ਨਿੰਦਾ ਨਹੀਂ।

ਭੇਖਧਾਰੀਆਂ ਪਾਖੰਡੀਆਂ ਦੇ ਭਾਗ ਬੜੇ ਹੀ ਮਾੜੇ ਹਨ ਜੋ ਗੁਰੂ ਨਾਨਕ ਦੀ ਸੋਧਨਾ ਨਾਲਿ ਭੀ ਨਹੀਂ ਸੁਧਰਦੇ, ਸਗੋਂ ਉਲਟੇ ਗੁਰ-ਨਿੰਦਕ ਬਣਦੇ ਹਨ। ਏਸ ਨਿੰਦਾ ਰੂਪੀ ਪਾਪ ਦੀ ਮੈਲ ਕਦੇ ਉਤਰਦੀ ਨਹੀਂ, ਭਾਵੇਂ ਅਠਸਠ ਤੀਰਥਾਂ ਤੇ ਜਾ ਕੇ ਨ੍ਹਾਉਂਦੇ ਫਿਰਨ। ਇਨ੍ਹਾਂ ਆਨਮਤੀ ਅਠਾਹਠ ਤੀਰਥਾਂ ਦਾ ਨ੍ਹਾਉਣਾ ਭੀ ਨਿਰਾ ਭਰਮ ਕਰਮ ਹੈ, ਭਰਮ ਭਰਿਆ ਨਿਹਫਲ ਕਰਮ ਹੈ। ਇਸ ਭਰਮ ਕਰਮ ਦੁਆਰਾ ਢੋਈ ਨਹੀਂ ਮਿਲਦੀ ਕਿਸੇ ਨੂੰ ਭੀ। ਨਾ ਹੀ ਸੰਨਿਆਸੀਆਂ ਜੋਗੀਆਂ ਦੀ ਅਠਸਠ ਤੀਰਥ ਨ੍ਹਾਉਣ, ਭਰਮ ਕਰਮ ਦੁਆਰਾ ਕਦੇ ਗਤਿ ਕਲਿਆਣ ਹੋਣੀ ਹੈ। ਹੋ ਹੀ ਨਹੀਂ ਸਕਦੀ। ਪਾਪਾਂ ਦੀ ਮੈਲ ਧੋਈ ਹੀ ਨਹੀਂ ਜਾ ਸਕਦੀ।

ਫੇਰ ਜਿਹੜੇ ਜਿਹੜੇ ਭੇਖਧਾਰੀ ਆਨਮਤੀ ਖ਼ਾਕ ਛਾਣਦੇ ਫਿਰਦੇ ਹਨ ਅਤੇ ਸੁਆਹ ਪਿੰਡੇ ਨੂੰ ਮਲਦੇ ਹਨ, ਉਹਨਾਂ ਦੇ ਪੱਲੇ ਭੀ ਸੁਆਹ ਹੀ ਪੈਂਦੀ ਹੈ, ਅਰਥਾਤ, ਕੁਛ ਪੱਲੇ ਨਹੀਂ ਪੈਂਦਾ। ਉਹਨਾਂ ਦਾ ਬਿਭੂਤੀ ਲਾ ਕੇ ਪਾਖੰਡ-ਕਿਰਿਆ ਕਰਨਾ ਨਿਰਾ ਮਾਇਆ ਦਾ ਮਗ ਜੋਹਣਾ ਹੀ ਹੈ।ਮਾਇਆ ਕਾਰਨ ਹੀ ਪਾਖੰਡ ਕਰਦੇ ਹਨ। ਤਾਂ ਤੇ ਇਹ ਕਰਮ ਕਰਤੂਤ ਉਹਨਾਂ ਦਾ ਨਿਰਾ ਮਾਇਆ ਦਾ ਮਾਰਗ ਜੋਹਣਾ ਹੀ ਹੈ। ਇਕ ਵਾਹਿਗੁਰੂ ਦਾ ਗਿਆਨ ਉਹਨਾਂ ਨੂੰ ਹੁੰਦਾ ਹੀ ਨਹੀਂ, ਜੋ ਸਾਰਿਆਂ ਦੇ ਅੰਦਰਿ ਬਾਹਰ ਭੀ ਪਰਤੱਖ ਵਰਤ ਰਿਹਾ ਹੁੰਦਾ ਹੈ। ਜੇ ਉਹਨਾਂ ਨੂੰ ਕਿਹਾ ਜਾਏ ਕਿ ਅੰਦਰਿ ਬਾਹਰ ਇਕ ਪਛਾਨਣ ਵਾਲੇ ਸੱਚੇ ਗੁਰਮਤਿ ਮਾਰਗ ਨੂੰ ਗ੍ਰਹਿਣ ਕਰੋ ਤੇ ਪਾਖੰਡ-ਕਿਰਿਆ ਛਡੋ, ਤਾਂ ਇਹ ਸੱਚੀ ਗੱਲ ਕਹੇ ਤੇ ਉਹਨਾਂ ਨੂੰ ਸਗੋਂ ਰੋਹ ਤੇ ਗੁੱਸਾ ਆਉਂਦਾ ਹੈ। ਕੈਸੇ ਨਿਕਰਮਣ ਹਨ, ਕੈਸੇ ਅਭਾਗੇ ਹਨ ਕਿ ਗੁਰੂ ਨਾਨਕ ਸਾਹਿਬ ਦਾ ਸੱਚਾ ਉਪਦੇਸ਼ ਭੀ ਉਹਨਾਂ ਨੂੰ ਨਹੀਂ ਪੋਂਹਦਾ। ਜਿਸ ਉਪਦੇਸ਼ ਨੂੰ ਸੁਣ ਕੇ ਉਹ ਪਾਖੰਡ ਕਰਮ ਨੂੰ ਛਡਦੇ ਨਹੀਂ, ਸਗੋਂ ਉਲਟੇ ਗੁੱਸੇ ਨਾਲਿ ਤਾਮ-ਤੜੂਕ ਹੋ ਜਾਂਦੇ ਹਨ। ਜਿਹੜਾ ਕੋਈ ਭੀ ਨਿਗੁਰਾ ਪੁਰਸ਼ ਆਨਮਤੀਆ ਹੈ ਉਹ ਆਪਣੇ ਹੀ ਮਤ ਦੀਆਂ ਧਰਮ-ਪੁਸਤਕਾਂ ਨੂੰ ਪੜ੍ਹਦਾ ਹੈ ਅਤੇ ਪੜ੍ਹਿ ਪੜ੍ਹਿ ਵਿਗੁਚਦਾ ਹੈ। ਝੂਠੇ

ਪਾਠ ਕਰਿ ਕਰਿ ਕੇ ਝੂਠੇ ਕਰਮ ਧਰਮ ਕਰਦਾ ਹੈ ਅਤੇ ਕਰਿ ਕਰਿ ਖੁਆਰ ਹੁੰਦਾ ਹੈ। ਇਹ ਨਿਗੁਰੇ ਆਦਮੀ ਦੀ ਨਿਗੁਰੀ ਮਤਿ ਦੀ ਨਿਸ਼ਾਨੀ ਹੈ। ਉਹ ਝੂਠ ਬੋਲਣ ਵਾਲਾ, ਝੂਠ ਤੁਫ਼ਾਨ ਤੋਲਣਹਾਰਾ ਕਪਟ ਕਮਾਵਣਹਾਰਾ ਅੰਧਲਾ ਅਗਿਆਨੀ ਹੈ ਅਤੇ ਪਾਖੰਡੀ ਕਪਟੀ ਕਪਟ-ਕਰਮੀ ਬਣ ਕੇ ਸਦਾ ਦੁਖੀ ਰਹਿੰਦਾ ਹੈ। ਅਜਿਹੇ ਸਾਰੇ ਕਪਟ-ਕਰਮੀ ਆਨਮਤੀ ਪਾਖੰਡੀ ਪੁਰਸ਼ ਦੁਖੀਏ ਹੀ ਮਰ ਜਾਂਦੇ ਹਨ। ਸਾਰੀ ਉਮਰ ਦੁਖੀਏ ਰਹਿੰਦੇ ਹਨ ਅਤੇ ਪੂਰਾਂ ਦੇ ਪੂਰ ਦੁੱਖਾਂ ਦੇ ਲੱਦੇ ਹੋਏ, ਕਪਟ ਕੂੜ-ਕਿਰਿਆ ਦਾ ਲੱਦ (ਕੂੜਾ) ਲੱਦ ਕੇ ਲੱਦੇ ਹੀ ਚਲੇ ਜਾਂਦੇ ਹਨ। ਨਾਮ ਦੇ ਜਪੇ ਬਿਨਾਂ ਸੱਚੜਾ ਸੁਖ ਕਿਸੇ ਨੂੰ ਨਹੀਂ ਮਿਲਦਾ, ਨਾ ਹੀ ਨਾਮ-ਹੀਣ ਗੁਰੂ-ਹੀਣ ਹੋਣ ਕਰਕੇ ਅਗੇ ਜਾ ਕੇ ਸੋਹੰਦੇ ਹਨ। ਕਈ ਭੇਖੀ ਮੂੰਡ ਮੂੰਡਾਉਣਾ, ਸਿਰ ਮੁਨਾਉਣ ਨੂੰ ਅਤੇ ਸਿਰ ਮੁਨਾ ਕੇ ਸਿਖਰ ਸਿਰ ਤੇ ਬੋਦੀ ਰਖਣ ਨੂੰ ਹੀ ਕਲਿਆਣਕਾਰੀ ਕਰਮ ਧਰਮ ਸਮਝਦੇ ਹਨ।

ਕਈ ਭੇਖੀ ਭਸਮ ਲਾ ਕੇ ਜਟਾਂ ਵਧਾਉਣ ਤੇ ਸਿਰ ਤੇ ਜਟਾਂ ਲਿਟਾਂ ਰਖਣ ਨੂੰ ਹੀ ਮੁਕਤੀ ਦਾ ਕਾਰਨ ਸਮਝਦੇ ਹਨ। ਜਟਾਂ ਬੰਨ੍ਹ ਕੇ ਆਸਣ ਜਮਾਉਂਦੇ ਹਨ, ਇਹ ਲੋਕਾਂ ਦੇ ਰੀਝਾਉਣ ਵਾਲਾ ਹੀ ਭੇਖ ਹੈ। ਕਈ ਪਾਖੰਡੀ ਭੇਖੀ ਫੋਕਾ ਮੋਨ-ਬਰਤ ਸਾਧ ਕੇ ਹੀ ਮੋਨਧਾਰੀ ਬਣ ਜਾਂਦੇ ਹਨ। ਬਾਹਰਲੀ ਮੂੰਹ-ਮੀਟੀ ਮੋਨ (ਚੁੱਪ) ਕਦੇ ਭੀ ਕਲਿਆਣਕਾਰੀ ਨਹੀਂ ਹੁੰਦੀ। ਅੰਦਰ ਤਾਂ ਉਹਨਾਂ ਦੇ ਬਹੁ ਬਹੁ ਭਾਂਤੀਆਂ ਤ੍ਰਿਸ਼ਨਾਵਾਂ ਕਾਮਨਾਵਾਂ ਦਾ ਗਿੱਧਾ ਪੈ ਰਿਹਾ ਹੁੰਦਾ ਹੈ। ਬਾਹਰ ਦਾ ਮੋਨ ਕਿਸ ਲੇਖੇ ਹੈ? ਅਜਿਹੇ ਮੋਨ-ਬਰਤ ਸਾਧਾਂ ਮੋਨਧਾਰੀਆਂ ਦਾ ਅਭਿਮਾਨ ਹੀ ਵਧਦਾ ਹੈ, ਕਿਉਂਕਿ ਇਸ ਪਖੰਡ-ਕਿਰਿਆ ਦੇ ਕਰਨ ਕਰਿ ਲੋਕਾਂ ਅੰਦਰਿ ਉਹਨਾ ਪਖੰਡੀਆਂ ਦਾ ਮਾਨ ਹੀ ਵਧਦਾ ਹੈ। ਮਾਨ ਦੇ ਗਾਹਕ ਮੋਨਧਾਰੀਆਂ ਦੇ ਪਲੇ ਮਾਨ ਅਭਿਮਾਨ ਹੀ ਪੈਂਦੇ ਹਨ। ਮੋਨਧਾਰੀ ਤੋਂ ਉਹ ਮਾਨਧਾਰੀ ਬਣ ਜਾਂਦੇ ਹਨ। ਕਮਲੀ ਲੁਕਾਈ ਇਹਨਾਂ ਮਾਨਧਾਰੀਆਂ ਨੂੰ ਸਗੋਂ ਹੋਰ ਪੂਜਣ ਲਗ ਪੈਂਦੀ ਹੈ, ਜਿਸ ਤੋਂ ਮਾਨਧਾਰੀਆਂ ਦਾ ਮਾਨ ਹੋਰ ਭੀ ਵਧਣ ਲਗ ਪੈਂਦਾ ਹੈ। ਦੁਨੀਆ ਅੰਦਰਿ, ਸੰਸਾਰੀਆਂ ਅੰਦਰਿ ਮਾਨਧਾਰੀਆਂ ਦੀ ਹੀ ਪੂਜਾ ਬਹੁਤੀ ਹੈ। ਅਤੇ ਪਾਖੰਡ-ਧਾਰੀਆਂ ਦੀ ਪਾਖੰਡ-ਪੂਜਾ ਨਾ ਪੂਜਾ ਕਰਨਹਾਰਿਆਂ ਲਈ ਤੇ ਨਾ ਪੂਜਾ ਕਰਾਉਣਹਾਰਿਆਂ ਲਈ ਕਲਿਆਣਕਾਰੀ ਹੈ, ਸਗੋਂ ਉਹਨਾਂ ਨੂੰ ਉਲਟਾ ਨਰਕਾਂ ਦਾ ਅਧਿਕਾਰੀ ਬਣਾਉਂਦੀ ਹੈ। ਇਹਨਾਂ ਮੋਨਧਾਰੀਆਂ ਦਾ ਪਾਖੰਡ-ਮੋਨ ਹੀ ਹੁੰਦਾ ਹੈ। ਅੰਦਰੋਂ ਤਾਂ ਇਨ੍ਹਾਂ ਦਾ ਮਨ ਡੋਲਦਾ ਹੀ ਰਹਿੰਦਾ ਹੈ ਅਤੇ ਸਦਾ ਡੋਲਦਾ ਹੀ ਰਹਿੰਦਾ ਹੈ, ਕਦੇ ਅਸਥਿਰ ਨਹੀਂ ਹੁੰਦਾ। ਦਸੇ ਪਾਸੇ ਸਾਰੇ ਪਾਸੀਂ ਉਹਨਾਂ ਦਾ ਮਨ ਦਉੜਦਾ ਹੀ ਰਹਿੰਦਾ ਹੈ। ਮਨ ਦੀ ਇਹ ਦਉੜ, ਇਹ ਧਾਵਨੀ ਮੋਨ ਦਾ ਭੇਖ ਧਾਰਿਆਂ ਕਦੇ ਮਿਟਦੀ ਨਹੀਂ। ਮਿਟਦੀ ਹੈ ਤਾਂ ਨਾਮ ਦੁਆਰਾ ਮਿਟਦੀ ਹੈ।

**ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹਦਿਸਿ ਧਾਵਤ ਆਵੈ ਠਾਇ ॥**

**(ਗਉੜੀ ਸੁਖਮਨੀ ਮः ੫, ਪੰਨਾ ੨੮੮)**

ਅਤੇ ਨਾਮ ਉਹਨਾਂ ਨੂੰ ਪ੍ਰਾਪਤਿ ਨਹੀਂ ਹੁੰਦਾ। ਨਿਗੁਰਿਆਂ ਨੂੰ ਨਾਮ ਕਿਥੇ? ਨਾਮ ਬਿਨਾਂ ਆਤਮ-ਗਿਆਨ ਦੀ ਪ੍ਰੇਮ ਪਿਆਰ ਦੀ ਜੋਤਿ ਉੱਕੀ ਹੀ ਨਹੀਂ ਚਮਕਦੀ। ਅੰਦਰਿ ਆਤਮ-ਜੋਤਿ ਰਸ ਦਾ ਆਨੰਦ ਆਵੇ ਤਾਂ ਹੀ ਸੁਰਤੀ ਬਿਰਤੀ ਦੀ ਅੰਤਰਗਤੀ ਲੀਨਤਾ ਹੁੰਦੀ ਹੈ ਅਤੇ ਬਾਹਰ ਦੀਆਂ ਬਿਰਤੀਆਂ ਰੁਕਦੀਆਂ ਹਨ, ਐਵੇਂ ਨਹੀਂ, ਕਦਾਚਿਤ ਨਹੀਂ। ਇਹ ਤੱਤ ਜੋਤਿ ਰਹੱਸੀ ਆਤਮ-ਗਿਆਨ ਗੁਰੂ ਘਰ ਦੀ ਹੀ ਨਿਧਿ ਪੂੰਜੀ ਹੈ, ਏਥੋਂ ਹੀ ਪ੍ਰਾਪਤਿ ਹੁੰਦੀ ਹੈ। ਹੋਰ ਕਿਤੋਂ ਨਹੀਂ। ਇਸ


www.sikhbookclub.com

ਅੰਮ੍ਰਿਤ ਨੂੰ ਛਡ ਕੇ ਮਹਾਂ ਬਿਖਿਆ-ਰਸ ਪੀਣ ਵਿਚਿ ਮਾਇਆ ਦੇ ਦੀਵਾਨੇ ਮਦਹੋਸ਼ ਰਹਿੰਦੇ ਹਨ। ਤਿਨ੍ਹਾਂ ਮਾਇਆ ਦੇ ਮਤਵਾਲਿਆਂ ਨੂੰ ਅੰਮ੍ਰਿਤ-ਰਸ ਗਟਾਕ ਛਕਣ ਦਾ ਸੁਭਾਗ ਕਿਥੇ? ਆਪਣੇ ਕੀਤੇ ਕਰਮਾਂ ਤੇ ਪੱਕੇ ਹੋਏ ਸੰਸਕਾਰਾਂ ਦੁਆਰਾ ਜੋ ਇਨਸਾਨੀ ਫ਼ਿਤਰਤ ਬਣ ਜਾਂਦੀ ਹੈ, ਉਸੇ ਅਨੁਸਾਰ ਕਿਰਤ ਕਰੀ ਜਾਂਦੇ ਹਨ। ਇਹ ਕਿਰਤ-ਕਰੰਮੀ-ਫ਼ਿਤਰਤ ਕਦੇ ਮਿਟਦੀ ਨਹੀਂ। ਨਾ ਹੀ ਫ਼ਿਤਰਤੀ ਸੁਭਾਉ ਜਾਂਦਾ ਹੈ। ਇਸ ਕਰਮ-ਕਰੰਮੀ ਦਾ ਮਿਟਣ ਵਾਲੀ ਫ਼ਿਤਰਤ ਕਰਕੇ ਹੈਵਾਨੀ ਖ਼ਸਲਤ ਵਾਲਾ ਬਣਮਾਣੂ ਹੀ ਬਣਿਆ ਹੋਇਆ ਹੁੰਦਾ ਹੈ। ਉਸ ਨੂੰ ਅਕਾਲੀ ਭਾਣੇ ਦੇ ਕਰਮ ਭਲੇ ਨਹੀਂ ਭਾਸਦੇ। ਉਸ ਦੀ ਪਸ਼ੂ ਬਿਰਤੀ ਹੋ ਜਾਣ ਕਰਿ ਉਹ ਪਸ਼ੂਆ ਵਿਚਿ ਸ਼ਾਮਲ ਹੋ ਜਾਂਦਾ ਹੈ ਅਤੇ ਪਸ਼ੂ ਹੀ ਗਰਦਾਨਿਆ ਜਾਂਦਾ ਹੈ।

ਇਕ ਹੋਰ ਭੇਖਧਾਰੀਆਂ ਦਾ ਫ਼ਿਰਕਾ ਹੈ ਜੋ ਲੀਰਾਂ ਦਾ ਚੋਲਾ ਪਾ ਕੇ ਭਾਂਤ ਭਾਂਤ ਦੀਆਂ ਟਾਕੀਆਂ ਦਾ ਚੋਲੜਾ ਬਣਾ ਕੇ ਪਹਿਨਦੇ ਹਨ ਤੇ ਚਿਪੀ ਹੱਥ ਵਿਚਿ ਰਖਦੇ ਹਨ। ਇਹਨਾਂ ਕਰਮੰਡਲ ਵਾਲੇ ਲੀਰ-ਚੀਰੀਆਂ ਦਾ ਫ਼ਿਰਕਾ ਕਾਪੜੀਏ ਸਾਧੂ ਅਖਵਾਉਂਦੇ ਹਨ। ਅੰਦਰੋਂ ਪੁਜ ਕੇ ਤ੍ਰਿਸ਼ਨਾਲੂ ਹੁੰਦੇ ਹਨ। ਇਹਨਾਂ ਦੇ ਅੰਦਰਿ ਭਾਰੀ ਤ੍ਰਿਸ਼ਨਾ ਅਤੇ ਕਾਮ-ਚੇਸ਼ਟਾ ਉਪਜੀ ਹੋਈ ਹੁੰਦੀ ਹੈ। ਘਰ ਦੀ ਇਸਤ੍ਰੀ ਤਜ ਕੇ ਇਹ ਆਪਣੇ ਜਾਣੇ ਤੇ ਲੋਕਾਂ ਭਾਣੇ ਤਾਂ ਗ੍ਰਿਹਸਤ-ਤਿਆਗੀ ਬਣਦੇ ਹਨ, ਪਰ ਏਹਨਾਂ ਦੇ ਕੂੜ ਦੇ ਤਿਆਗੀਆਂ ਅੰਦਰਿ ਸਾਰੇ ਜ਼ੋਰੇ ਜ਼ੋਰ ਹੋਰੋ ਹੋਰ ਕਾਮ ਵਿਆਪਿ ਜਾਂਦਾ ਹੈ। ਕਾਮ-ਚੇਸ਼ਟਾ ਇਹਨਾਂ ਗੁਪਤ ਤਿਆਗੀਆਂ ਦੀ ਬਿਰਤੀ ਉਤੇ ਐਸੀ ਪ੍ਰਬਲ ਹੋ ਜਾਂਦੀ ਹੈ ਕਿ ਉਹ ਕਾਮ ਦੇ ਅਧੀਨ ਹੋਇ ਕੇ ਪਰਾਈ ਇਸਤ੍ਰੀ ਨੂੰ ਦੇਖ ਕੇ ਡੋਲ ਜਾਂਦੇ ਹਨ ਅਤੇ ਪਰਾਈਆਂ ਇਸਤ੍ਰੀਆਂ ਨਾਲਿ ਮੰਦ ਕਰਮ ਕਰਨ ਲਗ ਪੈਂਦੇ ਹਨ ਤੇ ਲੰਪਟ ਬਾਜ਼ਾਰੀ ਹੋ ਕੇ ਬਾਜ਼ਾਰੀ ਔਰਤਾਂ ਨਾਲਿ ਖੇਹ ਖਾਣ ਲਗ ਪੈਂਦੇ ਹਨ। ਦੂਜਿਆਂ ਨੂੰ ਸਿਖਿਆ ਦਿੰਦੇ ਹਨ ਅਤੇ ਚੇਲੇ ਬਣਾ ਉਹਨਾਂ ਦੇ ਕੰਨਾਂ ਵਿਚਿ ਛੂ ਮੰਤਰ ਫੂਕਦੇ ਹਨ, ਪਰ ਆਪ ਉਹਨਾਂ ਨੂੰ ਸੱਚੇ ਮੰਤਰ ਗੁਰ-ਸ਼ਬਦ ਦੀ ਸ਼ਨਾਖ਼ਤ ਹੀ ਨਹੀਂ ਹੁੰਦੀ। ਹੋਵੇ ਭੀ ਕਿਕੂੰ ਨਿਗੁਰਿਆਂ ਲੰਪਟ ਬਾਜ਼ਾਰੀਆਂ ਨੂੰ, ਐਸੇ ਵਿਖਵਤੀ ਕਰਮੀ ਪੁਰਸ਼ਾਂ ਨੂੰ ਜੋ ਚੋਪੜੀ ਚਾਪੜੀ ਚੁਪ ਚਾਂਦ ਦੀ ਪੋਚ ਸੋਚ ਦਾ ਡਿੰਭ ਧਾਰਦੇ ਹਨ। ਇਸ ਡਿੰਭ-ਭੇਖ ਦੇ ਕਾਰਨ ਹੀ ਅਗੇ ਜਾ ਕੇ ਜਮ ਖੁਆਰ ਕਰਦਾ ਹੈ। ਜਮਾਂ ਦੀ ਖੁਆਰੀ ਏਹਨਾਂ ਪੋਚ-ਪਖੰਡੀਆਂ ਨੂੰ ਜ਼ਰੂਰ ਸਹਿਣੀ ਪਵੇਗੀ। ਇਸ ਵਾਕ ਵਿਚ ਉਪਰ ਦਸੇ ਸਾਰੇ ਭੇਖਧਾਰੀਆਂ ਦੇ ਝੂਠੇ ਜੋਗ ਸੰਨਿਆਸ ਦਾ ਖੰਡਨ ਕਰਦੇ ਹਨ।

ਅਗੇ ਜਾ ਕੇ ਵਾਕ ਦੇ ਅਗਲੇ ਹਿੱਸੇ ਵਿਚਿ ਸੱਚੇ ਗੁਰਮਤਿ-ਸੰਨਿਆਸ ਦਾ ਪ੍ਰਤਿਪਾਦਨ ਕਰਦੇ ਹਨ। ਸੱਚਾ ਸੰਨਿਆਸੀ ਸੋਈ ਹੈ ਜੋ ਸਤਿਗੁਰੂ ਨੂੰ ਸੇਵਦਾ ਹੈ। ਸੱਚੇ ਸਤਿਗੁਰੂ ਦਾ ਸੇਵਕ ਸਿਖ ਬਣ ਜਾਂਦਾ ਹੈ। ਅਤੇ ਸਤਿਗੁਰੂ ਦੁਆਰਿਓਂ ਦੀਖਿਆ ਗੁਰ-ਮੰਤਰ ਲੈ ਕੇ ਨਾਮ ਅਭਿਆਸ ਵਿਚ ਜੁਟ ਜਾਂਦਾ ਹੈ। ਅਤੇ ਨਾਮ ਦੀਆਂ ਸੱਚੀਆਂ ਕਮਾਈਆਂ ਕਰ ਕੇ ਆਪਣੇ ਆਪ ਵਿਚੋਂ ਹਉਮੈ ਦੇ ਭਾਵ ਦਾ ਅਭਾਵ ਕਰ ਦਿੰਦਾ ਹੈ। ਹਉਮੈ ਨੂੰ ਮੂਲੋਂ ਹੀ ਮਾਰ ਦਿੰਦਾ ਹੈ। ਪਹਿਨਣ ਖਾਣ ਦੀ (ਛਾਦਨ ਭੋਜਨ) ਦੀ ਇਛਿਆ ਨਹੀਂ ਰਖਦਾ, ਸਦਾ ਆਸ ਨਿਰਾਸ ਸੰਨਿਆਸੀ ਬਣਿਆ ਰਹਿੰਦਾ ਹੈ। ਸੁਤੇ ਸੁਭਾਵ ਜੋ ਮਿਲ ਜਾਵੇ ਸੋ ਗ੍ਰਹਿਣ ਕਰਿ ਲੈਂਦਾ ਹੈ। ਤ੍ਰਿਸ਼ਨਾਵੰਤ ਹੋ ਕੇ ਧਾਂਵਦਾ ਨਹੀਂ, ਤੇ ਮੂੰਹੋਂ ਬੋਲ ਕੇ ਮੰਗ ਕੇ ਭਿਛਿਆ ਨਹੀਂ ਲੈਂਦਾ। ਸੰਤੋਖ ਸਹਿਨ-ਸੀਲਤਾ ਨਾਲਿ ਹੀ ਤ੍ਰਿਪਤਾਸਿਆ ਰਹਿੰਦਾ ਹੈ। ਨਾਮ ਦੇ ਅਹਾਰ ਤੇ ਨਾਮ ਦੇ ਅਧਾਰ ਨਾਲ ਹੀ ਰੱਜਿਆ ਰਹਿੰਦਾ ਹੈ। ਖਾਣ ਪੀਣ ਪਹਿਨਣ

ਦਾ ਠਾਠਾ ਬਾਗਾ ਲੋਕਾਂ ਭਾਣੇ ਹੀ ਕਰਦਾ ਹੈ। ਐਸੀ ਅਹਾਰ-ਆਧਾਰੀ ਰੱਜਣੀ ਵਿਚਿ ਰੱਜਿਆਂ ਹੋਇਆਂ ਸਦਾ ਸਹਜ-ਜੀਵੜੀ-ਗੰਭੀਰਤਾ ਦਾ ਸੱਚੜਾ ਨਾਮ ਧਨ ਉਸ ਦਾ ਜਮ੍ਹਾ ਕੀਤਾ ਹੋਇਆ ਹੁੰਦਾ ਹੈ ਕਿ ਕਦੇ ਭੁੱਖ ਦੁਖ ਉਸ ਨੂੰ ਵਿਆਪਦੀ ਨਹੀਂ ਅਤੇ ਭੁੱਖ ਦੁਖ ਕਰਿ ਉਸ ਦਾ ਕਦੇ ਭੀ ਤਾਮਸ ਪਿੱਤਾ ਨਹੀਂ ਹੁੰਦਾ। ਤਮਾਮ ਤਾਮਸਾ ਉਸ ਦੀ ਨਾਮ ਨੇ ਗੰਵਾ ਦਿੱਤੀ ਹੋਈ ਹੁੰਦੀ ਹੈ। ਐਸਾ ਗ੍ਰਿਹਸਤ-ਮਾਰਗੀ ਸੰਨਿਆਸੀ ਜੋਗੀ ਧੰਨਤਾ ਯੋਗ ਹੈ। ਗ੍ਰਿਹਸਤ ਵਿਚਿ ਰਹਿ ਕੇ ਹੀ ਸੰਨਿਆਸ-ਯੋਗ ਕਮਾਉਂਦਾ ਅਤੇ ਹਰਿ-ਚਰਨੀ ਚਿਤ ਲਾਉਂਦਾ ਹੈ ਅਤੇ ਇਕੋ ਅਕਾਲ ਪੁਰਖ ਨਾਲਿ ਲਿਵ ਲਾ ਕੇ ਮਾਇਆ ਵਿਚਿ ਅਲੇਪ ਵਰਤਦਾ ਹੈ। ਆਸਾ ਵਿਚਿ ਨਿਰਾਸ ਰਹਿੰਦਾ ਹੈ ਅਤੇ ਆਸਾ ਨਿਰਾਸਾ ਹੋ ਕੇ ਸੱਚਾ ਸੰਨਿਆਸ ਕਮਾਉਂਦਾ ਹੈ। ਹਰੀ-ਰਸ, ਵਾਹਿਗੁਰੂ ਨਾਮ-ਰਸ ਦਾ ਗਟਾਕ ਪੀ ਕੇ ਸਦਾ ਉਚੀਆਂ ਆਤਮ-ਅਟਾਰੀਆਂ ਤੇ ਹੀ ਚੜ੍ਹਿਆ ਰਹਿੰਦਾ ਹੈ ਅਤੇ ਸੱਚੀਆਂ ਸੰਨਿਆਸ-ਸਮਾਧੀਆਂ ਜਮਾ ਕੇ ਅਤੇ ਸੱਚੇ ਗੁਰਮਤਿ ਯੋਗ ਸੰਨਿਆਸ ਦੀਆਂ ਤਾੜੀਆਂ ਲਾ ਕੇ ਵਾਹਿਗੁਰੂ ਦੇ ਜੋਤਿ ਸਰੂਪੀ ਚਰਨਾਂ ਦੇ ਸ਼ਰਨੀ ਹੀ ਸਮਾਇਆ ਰਹਿੰਦਾ ਹੈ।

ਪਰਮਾਤਮ-ਜੋਤਿ-ਵਿਗਾਸ ਵਿਚਿ ਜੁੜਨ ਵਾਲਾ ਨਿਵਾਸ ਸੱਚੜਾ ਨਿਜ ਘਰੀ ਵਾਸਾ ਹੈ। ਜਦੋਂ ਇਉਂ ਨਿਜ ਘਰਿ (ਵਾਹਿਗੁਰੂ ਦੇ ਚਰਨਾਂ ਵਿਚਿ) ਤਾੜੀ ਲਗਦੀ ਹੈ ਤਦੇ ਹੀ ਮਨੂਆ ਅਡੋਲ ਹੁੰਦਾ ਹੈ, ਐਵੇਂ ਨਹੀਂ। ਮੁਖੀ ਗੁਰੂ ਵਾਹਿਗੁਰੂ ਦੇ ਪ੍ਰਚੰਡ ਗਿਆਨ ਵਿਚਿ ਲੀਨ ਹੋਇਆਂ ਹੀ ਇਹ ਅਡੋਲਤਾ ਪ੍ਰਾਪਤਿ ਹੁੰਦੀ ਹੈ ਅਤੇ ਗੁਰੂ ਘਰ ਦੇ ਗੁਰਮੁਖਾਂ ਨੂੰ ਹੀ ਪ੍ਰਾਪਤਿ ਹੁੰਦੀ ਹੈ। ਇਸ ਆਤਮ ਅਵਸਥਾ ਮਈ ਪਉੜੀ ਤੇ ਚੜ੍ਹ ਕੇ ਗੁਰਮੁਖਾਂ ਦਾ ਮਨ ਦਹਿਦਿਸ ਧਾਵਣੋਂ ਬਿਵਰਜਤ ਹੁੰਦਾ ਹੈ। ਸੁਤੇ ਸਹਿਜ ਹੀ ਬਰਜਿਆ ਰਹਿੰਦਾ ਹੈ। ਕਿਸੇ ਪਾਸੇ ਨਹੀਂ ਧਾਵੰਦਾ, ਮੂਲੋਂ ਨਹੀਂ ਧਾਵੰਦਾ। ਗੁਰੂ ਦੁਆਰਾ ਨਾਮ ਪਦਾਰਥ ਪਾ ਕੇ ਗੁਰਮਤਿ ਨਾਮ ਦੀਆਂ ਕਮਾਈਆਂ, ਹਿਰਦੇ ਦੀਆਂ ਅਭਿਆਸੀਆਂ, ਸਾਸ-ਗ੍ਰਾਸੀਆਂ ਦਾ ਅੰਦਰ ਮਧਾਣਾ ਫੇਰ ਕੇ ਅੰਦਰੋਂ ਵਾਹਿਗੁਰੂ ਦੀ ਜੋਤਿ ਨੂੰ ਗੁਰਮੁਖਿ ਜਨ ਪ੍ਰਕਾਸ਼ਤ ਕਰ ਲੈਂਦਾ ਹੈ ਅਤੇ ਗ੍ਰਿਹ ਸਰੀਰ ਦੇ ਵਿਚਹੁੰ ਵਾਹਿਗੁਰੂ ਦਾ ਦਰਸ਼ਨ-ਮਿਲਾਪ ਕਰ ਲੈਂਦਾ ਹੈ। ਬਾਹਰ ਦੀ ਖੋਜ ਆਨਮਤੀਆਂ ਦੀ ਬਿਰਥੀ ਹੈ, ਅੰਦਰਲੀ ਖੋਜ ਗੁਰਮਤੀਆਂ ਗੁਰਮੁਖਾਂ ਦੀ ਹੈ ਜੋ ਲੇਖੇ ਪੈਂਦੀ ਹੈ, ਅੰਤਰਗਤੀ ਦੇਹੀ ਅੰਦਰਿ ਵਾਹਿਗੁਰੂ ਦੇ ਦਰਸ਼ਨ-ਮਿਲਾਪ ਕਰਾ ਦਿੰਦੀ ਹੈ।

ਬ੍ਰਹਮਾ ਬਿਸ਼ਨ ਮਹੇਸ਼ ਭੀ ਤਾਂ ਹੀ ਸ੍ਰੇਸ਼ਟ ਹੋ ਸਕਦੇ ਹਨ ਜੇ ਉਪਰ ਦੱਸੀ ਗੁਰਮਤਿ-ਖੋਜ ਦੁਆਰਾ ਨਾਮ ਵਿਚਿ ਰਤੇ ਜਾ ਕੇ ਨਾਮੀ ਵਾਹਿਗੁਰੂ ਦਾ ਦੇਹੀ ਅੰਦਰ ਹੀ ਜੋਤਿ-ਵਿਗਾਸੀ ਦਰਸ਼ਨ ਕਰ ਲੈਣ, ਕਿਸੇ ਜਨਮਾ ਅਵਤਾਰ ਵਿਖੇ ਕਰ ਲੈਣ ਜਾਂ ਕਰਾ ਲੈਣ। ਗੁਰੂ ਨਾਨਕ ਦੀ ਸ਼ਰਨੀ ਆ ਕੇ, ਗੁਰੂ ਘਰਿ ਵਿਖੇ ਜਨਮ ਲੈ ਕੇ, ਐਵੇਂ ਨਹੀਂ।

ਵਾਹਿਗੁਰੂ ਜੋਤਿ-ਪ੍ਰਕਾਸ਼ੀ ਦੀ ਜੋਤਿ ਹੀ ਸਾਰੇ ਖੰਡਾਂ ਬ੍ਰਹਿਮੰਡਾਂ ਵਿਚਿ ਆਪਣੀ ਸੱਤਾ ਸੱਤਤਾ ਕਰਿ ਰਹੀ ਹੈ। ਸਾਰੀਆਂ ਖਾਣੀਆਂ ਅਤੇ ਖਾਣੀਆਂ ਦੇ ਸਾਰਿਆਂ ਜੰਤਾਂ ਵਿਚਿ, ਬੋਲੀਆਂ ਜਾਣ ਵਾਲੀਆਂ ਸਾਰੀਆਂ ਬਾਣੀਆਂ ਵਿਚਿ ਅਤੇ ਗਗਨ ਪਾਤਾਲੀ ਮੰਡਲਾਂ ਦੇ ਜੀਆਂ ਜੰਤਾਂ ਵਿਚਿ ਵਾਹਿਗੁਰੂ ਇਹ ਤੇਰੀ ਜੋਤਿ ਹੀ ਜੋਤਤ ਹੈ (ਜੋਤਿ ਸਤਿਆ ਪਸਾਰ ਰਹੀ ਹੈ), ਪ੍ਰੰਤੂ ਨਾਮ ਦੁਆਰਾ ਹੀ ਇਹ ਜੋਤਿ ਪਰਗਟ ਹੁੰਦੀ ਹੈ। ਪਹਿਲਾਂ ਅੰਤਰਿ ਇਸ ਦਾ ਪ੍ਰਕਾਸ਼ ਹੁੰਦਾ ਹੈ, ਫੇਰ ਇਸ ਜੋਤਿ-ਚਾਨਣੇ ਦਾ ਪ੍ਰਕਾਸ਼ ਸਾਰੇ ਅੰਦਰਿ ਬਾਹਰਿ ਗਗਨ ਪਤਾਲਾਂ ਵਿਚਿ ਹੋ ਜਾਂਦਾ ਹੈ। ਵਾਹਿਗੁਰੂ

ਦੁਆਰਾ ਹੀ ਗੁਰਮਤਿ ਨਾਮਿ ਪ੍ਰਾਪਤ ਕਰ ਕੇ, ਅਭਿਆਸ ਕਮਾਈਆਂ ਕਰ ਕੇ ਇਸ ਜੋਤਿ ਪ੍ਰਕਾਸ਼ ਦਾ ਸਾਖਸ਼ਾਤਕਾਰ ਹੁੰਦਾ ਹੈ। ਇਹੀ ਜੋਤਿ-ਪ੍ਰਕਾਸ਼ ਦਰਸ਼ਨ ਹੀ ਸੱਚਾ ਮੁਕਤਿ ਪਦਾਰਥ ਹੈ। ਏਸੇ ਵਿਚਿ ਹੀ ਸੱਚਾ ਸੁਖ, ਪਰਮ ਅਨੰਦ ਹੈ। ਸੱਚੇ ਨਾਮ ਨੂੰ ਉਰਧਾਰਿਆਂ ਹੀ ਪ੍ਰਕਾਸ਼ ਸਰੂਪ ਨਾਮ ਦੀਆਂ ਜੋਤਾਂ ਜਗਦੀਆਂ ਹਨ ਅਤੇ ਅਨਹਦ ਬਾਣੀ ਦੀਆਂ ਧੁਨੀਆਂ ਦਸਮ ਦੁਆਰ ਵਿਖੇ ਗੂੰਜਦੀਆਂ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਨਾਮ ਬਿਨਾਂ ਨਿਸਤਾਰਾ ਨਹੀਂ, ਕਿਸੇ ਦਾ ਭੀ। ਨਾ ਸੰਨਿਆਸੀਆਂ ਦਾ, ਨਾ ਉਦਾਸੀਆਂ ਦਾ, ਨਾ ਜੋਗੀਆਂ ਦਾ, ਨਾ ਬ੍ਰਹਮਾ ਬਿਸ਼ਨ ਮਹੇਸ਼ ਦੇਵਤਿਆਂ ਦਾ। ਤਾਂ ਤੇ ਜਿਸ ਨੇ ਭੀ ਸੱਚੇ ਨਿਸਤਾਰੇ ਵਾਲੀ ਸੱਚੀ ਤਾਰੀ ਤਰਨੀ ਹੋਵੇ ਸੋ ਗੁਰਮਤਿ ਗ੍ਰਿਹਸਤ ਧਰਮੀ ਹੋ ਕੇ, ਸੱਚੇ ਨਾਮ ਦਾ ਮਰਮੀ ਬਣ ਕੇ ਨਾਮ ਨਿਹਕਾਮ ਦਾ ਸਖ਼ਿਤ ਕਰਮੀ ਹੋ ਜਾਵੇ। ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਸੁਚੱਜੇ ਕਰਮ ਧਰਮ ਬਿਨਾਂ ਛੁਟਕਾਰਾ ਕਦੇ ਨਹੀਂ, ਕਿਸੇ ਦਾ ਭੀ ਨਹੀਂ। ਆਨਮਤ ਕਰਮ ਤਾਂ ਸਭੋ ਰਸਾਤਲ ਵਿਚਿ ਲੈ ਜਾ ਕੇ ਸਿਟਣ ਵਾਲੇ ਹੀ ਹਨ। ਜੋ ਪੁਰਸ਼ ਭੀ ਇਸ ਜਗਤ ਵਿਖੇ ਚਤਰ ਸਿਆਣਾ ਬਣਿਆ ਬੈਠਾ ਹੈ ਉਹ ਚਾਹੇ ਨਿਰਾ ਭਰਮਿ ਭੁਲਾ ਅਗਿਆਨੀ ਹੀ ਹੋਵੇ, ਉਸ ਗੰਵਾਰ ਦਾ ਨਾਉਂ ਪੰਡਿਤ ਕਰਕੇ ਪ੍ਰਸਿਧ ਹੋ ਜਾਂਦਾ ਹੈ। ਉਸ ਦੀ ਪੰਡਿਤ ਅੱਲ ਪੈ ਜਾਂਦੀ ਹੈ। ਭਰਮ-ਭੁਲੀ ਲੋਕਾਈ ਉਸ ਨੂੰ ਪੰਡਿਤ ਕਹਿ ਕਹਿ ਕੇ ਪੁਕਾਰਨ ਲਗ ਪੈਂਦੀ ਹੈ। ਭਾਵੇਂ ਉਹ ਗੰਵਾਰਾਂ ਦੀ ਪੜ੍ਹਾਈ ਹੀ ਪੜ੍ਹਨਹਾਰੇ ਹੋਣ। ਬੇਦਾਂ ਦੇ ਲਿਖਾਰੀ, ਬੇਦ-ਪ੍ਰਚਾਰੀ, ਬੇਦ-ਬਣਤਾਰੀ, ਬੇਦ-ਵੰਤਾਰੀ ਪੰਡਿਤ ਬਿਖ ਮਾਇਆ ਦੇ ਮਤੇ ਹੋਏ, ਮਾਇਆ ਦੇ ਭ੍ਰਮੱਤੇ ਹੋਏ, ਭੁਲੜ ਪੰਡਿਤ ਨਾਮ-ਪਦਾਰਥ ਤੋਂ ਤਾਂ ਸੁੰਵੇ ਹੁੰਦੇ ਹਨ, ਬੇਦਾਂ ਨੂੰ ਹੀ ਫੜਿ ਬਹਿੰਦੇ ਹਨ; ਬੇਦਾਂ ਨੂੰ ਡਹਿ ਪੈਂਦੇ ਹਨ। ਉਹਨਾਂ ਵਿਚਿ ਕੀ ਧਰਿਆ ਪਿਆ ਹੈ। ਜੈਸਾ ਕਿ ਗੁਰਵਾਕ ਦਾ ਭਾਵ ਹੈ। ਯਥਾ ਗੁਰਵਾਕ—

> ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥
> ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥ ੫ ॥
>
> (ਮਾਰੂ ਮਹਲਾ ੧, ਪੰਨਾ ੧੦੧੫-੧੬)

ਆਨਮਤ ਪਾਖੰਡ ਕਰਮਾਂ ਦੀ ਨਿਪੁੰਸਕਤਾ ਅਗਲਾ ਗੁਰਵਾਕ ਭੀ ਨਿਧੜਕਤਾ ਸਹਿਤ ਨਿਰੂਪਣ ਕਰਾਉਂਦਾ ਹੈ। ਯਥਾ ਗੁਰਵਾਕ—

> ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕਿ ਬਹਿ ਸੁਨਹਿ ਸੁਨਾਵਹਿ ਕਾਨਾਂ ॥ ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥ ੧੧ ॥ ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥ ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥ ੧੨ ॥ ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥ ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥ ੧੩ ॥ ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥ ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥ ੧੪ ॥ ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥ ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ


www.sikhbookclub.com

**ਅਲਖੁ ਲਖਾਇਆ ॥ ੧੫ ॥ ੫ ॥ ੨੨ ॥**

(ਮਾਰੂ ਮਃ ੧, ਪੰਨਾ ੧੦੪੩)

ਵਿਆਖਿਆ— ਆਨਮਤ ਪੁਸਤਕਾਂ ਬੇਦਾਂ ਪੁਰਾਣਾਂ ਨੂੰ ਵਾਚਣ ਵਾਲੇ ਬਥੇਰੇ ਹਨ। ਪੁਸਤਕਾਂ ਨੂੰ ਪੜ੍ਹ ਕੇ ਲੋਕਾਂ ਨੂੰ ਸੁਣਾਉਂਦੇ ਹਨ। ਅਤੇ ਬੇਅੰਤ ਲੋਕੀ ਬਹਿ ਕੇ ਕੰਨੀਂ ਸੁਣਦੇ ਹਨ। ਕੰਨ ਲਾ ਕੇ ਪੂਰੀ ਸ੍ਰਵਣ ਸੁਰਤੀ ਨਾਲਿ ਸੁਣਦੇ ਹਨ। ਪਰ ਤਿਨ੍ਹਾਂ ਪੜ੍ਹਨ ਸੁਣਨਹਾਰਿਆਂ ਵਿਚੋਂ ਕਿਸੇ ਦੇ ਭੀ ਅਜਗਰ ਕਪਾਟ ਨਹੀਂ ਖੁਲ੍ਹਦੇ। ਭਰਮ-ਕਿਵਾੜੇ-ਤਾਕ ਤਿਨ੍ਹਾਂ ਦੇ ਅੜੇ ਹੋਏ ਹੁੰਦੇ ਹਨ, ਓਹ ਐਸੀ ਕਰੜਾਈ ਬਿਖਮਤਾ ਨਾਲਿ ਬੰਦ ਹੋਏਵੇ ਹੁੰਦੇ ਹਨ ਕਿ ਬੇਦ ਪੁਰਾਣੀ ਮਤਾਂ ਦੀ ਬੁਧਿ ਮਤਿ ਦੁਆਰਾ ਜ਼ੋਰ ਲਾਇਆਂ ਭੀ ਨਹੀਂ ਖੁਲ੍ਹਦੇ। ਭਰਮ-ਕਿਵਾੜਾ ਤਿਨ੍ਹਾਂ ਦਾ ਅੜਿਆ ਹੀ ਰਹਿੰਦਾ ਹੈ। ਬਸ ਸਮੂਹ ਆਨਮਤ ਵਾਦੀ ਭਰਮ ਭੁਲੇ ਹੀ ਫਿਰਦੇ ਹਨ। ਤੱਤ ਵਸਤੂ ਦੀ ਲਭਤਾ ਓਹਨਾਂ ਨੂੰ ਹੁੰਦੀ ਹੀ ਨਹੀਂ। ਇਹ ਤੱਤ ਪਦਾਰਥ ਲਭਦਾ ਹੈ ਤਾਂ ਸਤਿਗੁਰੂ ਸੱਚੇ ਦੀ ਬਰਕਤ ਹਮਾਹਿਤ ਸ਼ਫ਼ਾਅਤ ਨਾਲਿ ਲਭਦਾ ਹੈ। ਬਿਨਾਂ ਸਤਿਗੁਰੂ ਦੇ ਤੱਤ ਨਹੀਂ ਪਾਇਆ ਜਾਂਦਾ।

ਅਣਗਿਣਤ ਆਨਮਤ ਭੇਖੀ, ਪਾਖੰਡੀ ਐਸੇ ਹਨ ਕਿ ਪਿੰਡੇ ਨੂੰ ਸੁਆਹ ਮਲ ਕੇ ਬਿਭੂਤੀ ਲਾ ਕੇ ਹੀ ਤੱਤ ਪਾਇਆ ਲੋੜਦੇ ਹਨ। ਪਰ ਅਜਿਹੇ ਪਾਖੰਡ-ਕਰਮ ਕੀਤਿਆਂ ਉਹਨਾਂ ਦੀ ਹਉਮੈ ਹੀ ਵਧਦੀ ਹੈ ਅਤੇ ਏਸ ਹਉਮੈ ਦੇ ਨਾਲਿ ਹੀ ਉਹਨਾਂ ਦੇ ਅੰਦਰਿ ਕ੍ਰੋਧ ਚੰਡਾਲ ਆ ਵੜਦਾ ਹੈ। ਅਜਿਹੇ ਪਾਖੰਡ-ਕਰਮ ਕੀਤਿਆਂ ਸੱਚਾ ਜੋਗ ਮਾਰਗ ਨਹੀਂ ਲਭਦਾ। ਸੱਚੇ ਗੁਰਮਤਿ ਜੋਗ ਮਾਰਗ ਲਭੇ ਬਿਨਾਂ ਅਲਖ ਪਰਮਾਤਮਾ ਦੀ ਲਖਤਾ ਲਭਤਾ ਨਹੀਂ ਹੁੰਦੀ। ਅਨੇਕ ਪਾਖੰਡੀ ਉਦਿਆਨ (ਉਜਾੜ) ਬਣਾ ਵਿਚਿ ਜਾ ਕੇ ਤੀਰਥ ਬਰਤ ਨੇਮ ਆਨਮਤ ਕਰਮ ਕਰਦੇ ਹਨ।

ਆਪਣੀਆਂ ਇੰਦ੍ਰੀਆਂ ਇੰਦਰਿਆਂ ਨੂੰ ਰੋਕਣ ਦਮਨ ਕਰਨ ਲਈ ਜਤ ਸਤ ਸੰਜਮੀ ਸਾਧਨ ਸਾਧਦੇ ਹਨ। ਅਤੇ ਇਹਨਾਂ ਸਾਧਨਾਂ ਦਾ ਸੰਜਮੀ ਚੁੰਚ ਗਿਆਨ ਕਥਦੇ ਫਿਰਦੇ ਹਨ। ਅਜਿਹੇ ਸੰਜਮੀ ਸਾਧਨ ਸਾਧ ਕੇ ਆਪਣੇ ਆਪ ਨੂੰ ਪਹੁੰਚੇ ਹੋਏ ਗਿਆਨੀ ਸਦਾਉਂਦੇ ਹਨ। ਪ੍ਰੰਤੂ ਸੱਚੇ ਸਤਿਗੁਰੂ ਦੇ ਬਿਨਾਂ ਉਹਨਾ ਦਾ ਅਗਿਆਨ ਭਰਮ ਨਹੀਂ ਜਾਂਦਾ। ਇਹ ਅਗਿਆਨ ਭਰਮ ਉਹਨਾਂ ਦਾ ਦੁਖ ਰੂਪ ਹੁੰਦਾ ਹੈ। ਉਹਨਾਂ ਨੂੰ ਹੀ ਦੁਖ ਦਿੰਦਾ ਹੈ। ਸੱਚੇ ਸਤਿਗੁਰੂ ਦੀ ਚੰਡ ਉਹਨਾਂ ਨੂੰ ਚੜ੍ਹ ਜਾਏ ਤਾਂ ਦੁਖ ਦੂਰ ਹੁੰਦਾ ਹੈ।

ਅਨੇਕਾਂ ਆਨਮਤ ਡਿੰਭ-ਕਰਮੀ ਲੋਗ ਨਿਉਲੀ ਕਰਮ ਕਰਦੇ ਹਨ। ਆਪਣੀਆਂ ਆਂਦਰਾਂ ਦੀ ਕਪੜੇ ਦੁਆਰਾ ਮਨ ਹਠ ਕਰਮੀ ਸਫ਼ਾਈ ਕਰਿ ਕਰਿ ਹਫਦੇ ਹਨ। ਕਈ ਕੁੰਡਲਨੀ ਨਾੜੀ ਥਾਣੀ ਸੁਆਸ ਚੜ੍ਹਾ ਕੇ ਦਸਮ ਦੁਆਰ ਪਉਣ ਰੋਕਣ ਦੇ ਭੁਯੰਗਮੀ ਯੋਗ ਹਠ ਭਾਠੀ ਕਰਮ ਕਰਦੇ ਹਨ। ਹੋਰ ਅਨੇਕਾਂ ਪਾਖੰਡ ਕਰਮੀ ਹਠ ਯੋਗ ਪ੍ਰਾਣਾਯਾਮ ਸਾਧਦੇ ਹੋਏ ਸ੍ਵਾਸਾਂ ਨੂੰ ਖਿਚ ਕੇ ਪਉਣ ਅੰਦਰਿ ਭਰਨ ਵਾਲਾ ਕੁੰਭਕ ਕਰਮ ਯੋਗ ਕਰਦੇ ਹਨ। ਆਪਣੇ ਅੰਦਰਿ ਰੁਕੇ ਹੋਏ ਸੁਆਸਨੀ ਪਉਣ ਨੂੰ ਬਾਹਰ ਕਢਣ ਵਾਲੀ ਰੇਚਕ ਯੋਗ ਪ੍ਰਾਣਾਯਾਮੀ ਕਿਰਿਆ ਸਾਧਦੇ ਹਨ। ਫੇਰ ਸੁਆਸਾਂ ਨੂੰ ਅੰਦਰਿ ਠਹਿਰਾਈ ਰਖਣ ਵਾਲੀ ਪੂਰਕ ਪ੍ਰਾਣਾਯਾਮ ਹਠ ਕਰਮ ਕ੍ਰਿਆ ਕਮਾਉਂਦੇ ਹਨ। ਇਹ ਸਭ ਹਠ ਯੋਗ ਦੇ ਸਾਧਨ ਪਾਖੰਡ ਰੂਪ ਹੀ ਹਨ। ਨਿਰਾ ਹਠ ਭਰਿਆ ਪਾਖੰਡ ਧਰਮ ਕਰਮ ਹੀ ਭਰਮ ਮਾਤਰ ਰਹਿ ਜਾਂਦਾ ਹੈ। ਇਸ ਭਰਮ ਕਰਨ ਹਠ ਧਰਮ ਕੀਤਿਆਂ ਪਰਮਾਤਮਾ ਨਾਲਿ ਪ੍ਰੀਤਿ ਨਹੀਂ ਪੈਂਦੀ (ਉਪਜਦੀ)। ਨਾ ਹੀ ਪ੍ਰੀਤ ਪਾਉਣ ਉਪਜਾਉਣ ਵਾਲਾ ਮਹਾਂ ਰਸ ਆਉਂਦਾ

ਹੈ। ਇਹ ਮਹਾਂ ਰਸ ਤਾਂ ਗੁਰ-ਸ਼ਬਦ ਤੋਂ ਹੀ ਆਉਂਦਾ ਹੈ, ਗੁਰ-ਸ਼ਬਦ ਤੋਂ ਹੀ ਪਾਇਆ ਜਾਂਦਾ ਹੈ। ਉਪਰ ਦਸੇ ਆਨਮਤ ਹਠ ਕਰਮਾਂ ਦੇ ਕੀਤਿਆਂ ਨਹੀਂ ਪਾਇਆ ਜਾਂਦਾ।

ਗੁਰ-ਸ਼ਬਦ ਦੀ ਕਮਾਈ ਕੀਤਿਆਂ ਰਸ-ਜੋਤਿ-ਪ੍ਰਕਾਸ਼ ਅੰਤਰਗਤਿ ਹੋ ਕੇ ਸਰਬੱਤਰ ਸਰਬਦਾ ਰਵਿ ਰਹੇ ਪਰਮਾਤਮਾ ਦੀ ਸਾਂਗੋ ਪਾਂਗ ਗਿਆਨ ਵਾਲੀ ਸੱਚੜੀ ਜਾਣ ਪਛਾਣ ਹੋ ਜਾਂਦੀ ਹੈ। ਸਾਰੀ ਕੁਦਰਤਿ ਵਿਖੇ ਕਰਤਾ ਪੁਰਖ ਨੂੰ ਜਗਮਗ ਜੋਤਿ ਜਲਵਿਆਂ ਵਿਚਿ ਭਰਪੁਰ ਲੀਣਾ ਵੇਖ ਕੇ ਮਗਨ ਅਨੰਦੀ ਲਿਵ ਜੁੜੀ ਰਹਿੰਦੀ ਹੈ, ਗੁਰ-ਸ਼ਬਦ ਅਭਿਆਸੀਆਂ ਦੀ। ਇਉਂ ਕਾਦਰ ਨੂੰ ਕੁਦਰਤਿ ਵਿਚ ਜੋਤਿ ਜਲਵੀਣਾ ਦੇਖ ਕੇ ਹੀ ਮਨ ਨੂੰ ਸੱਚੜੀ ਪਤੀਜ ਆਉਂਦੀ ਹੈ, ਕਰਤੇ ਪੁਰਖ ਦੀ ਹੋਂਦ ਹਸਤੀ ਦੀ। ਅਤੇ ਇਉਂ ਸੱਚੀ ਆਸਤਕਤਾ ਦਾ ਪ੍ਰਭਾਵ ਜ਼ਹੂਰਤ ਪੁਰਨੂਰਤ ਹੁੰਦਾ ਹੈ। ਨਹੀਂ ਤਾਂ ਹਠ-ਕਰਮੀਆਂ ਦੀ ਕਪੋਲਤਾ ਨਾਸਤਕਤਾ ਵਲ ਹੀ ਲੈ ਜਾਂਦੀ ਹੈ ਅਤੇ ਨਾਸਤਕਤਾ ਭਰੀ ਅਸ਼ਰਧਕਤਾ ਹੀ ਉਪਜਾਉਂਦੀ ਹੈ। ਸਰਬੇ ਆਤਮ ਰਾਮ ਹੀ ਰਮਿਆ ਦੇਖਣ ਅਤੇ ਅਲੱਖ ਪਰਮਾਤਮਾ ਪਾਰਬ੍ਰਹਮ ਨੂੰ ਲਖਣ ਦਾ ਇਹੋ ਇਕੋ ਸੱਚੜਾ ਕਰਮ-ਫ਼ਲਸਫ਼ਾ, ਗੁਰ-ਗਿਆਨ ਗੰਮਤੀ ਸੱਚੜਾ ਨਾਮ ਪ੍ਰਕਾਸ਼ ਕਰਾਉਣਹਾਰਾ ਗੁਰਮਤਿ ਨਾਮ ਅਭਿਆਸ ਕਰਮ ਹੀ ਹੈ। ਇਸ ਤੋਂ ਬਿਨਾਂ ਸਭ ਆਨਮਤ ਕਰਮ ਫੋਕਟ ਪਾਖੰਡ ਕਰਮ ਹੀ ਹਨ। ਜ਼ਰਾ ਅਗਲੇਰਾ ਗੁਰਵਾਕ ਭੀ ਵੀਚਾਰੋ-

> ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ ॥ ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥ ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ ॥ ੧੧ ॥ ... ... ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥ ਮਾਇਆ ਕਾਰਣਿ ਪੜਿ ਪੜਿ ਲੂਝਹਿ ॥ ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ॥ ੧੪ ॥ ਬੇਦ ਬਾਦ ਸਭਿ ਆਖਿ ਵਖਾਣਹਿ ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ॥ ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖਿ ਅੰਮ੍ਰਿਤੁ ਪੀਜੈ ਹੇ ॥ ੧੫ ॥ ੬ ॥
>
> (ਮਾਰੂ ਮਃ ੩, ਪੰਨਾ ੧੦੪੯-੫੦)

ਵਿਆਖਿਆ— ਆਪਣੇ ਇੰਦ੍ਰਾਸਣੀ ਤਖ਼ਤ ਤੇ ਬੈਠੇ ਇੰਦਰ ਸਾਰਖੇ ਮੁਖੀ ਦੇਵਤੇ ਭੀ ਜਮ ਦਾ ਭਉ ਖਾ ਕੇ ਮੌਤੋਂ ਡਰਦੇ ਰਹਿੰਦੇ ਹਨ। ਆਨਮਤਾਂ ਦੇ ਮੰਨੇ ਹੋਏ ਅਜਿਹੇ ਮੁਖੀ ਦੇਵਤੇ ਇੰਦਰ ਵਰਗੇ ਚਾਹੇ ਅਨੇਕਾਂ ਹੀ ਆਨਮਤ ਕਰਮ ਕਮਾਉਣ, ਪਰ ਏਹਨਾਂ ਆਨਮਤ ਕਰਮ ਕਮਾਉਂਦਿਆਂ ਹੋਇਆਂ ਉਹਨਾਂ ਨੂੰ ਜਮ ਦਾ ਭਉ ਵਿਆਪਿਆ ਹੀ ਰਹਿੰਦਾ ਹੈ। ਓੜਕ ਜਮ ਉਹਨਾਂ ਨੂੰ ਛਡਦਾ ਹੀ ਨਹੀਂ, ਝਫ ਲੈਂਦਾ ਹੈ। ਬਸ, ਵਿਚਾਰੇ ਚੁਰਾਸੀ ਦੇ ਗੇੜ ਵਿਚਿ ਜਾ ਪੈਂਦੇ ਹਨ। ਉਹਨਾਂ ਦੀ ਮੁਕਤੀ ਹੁੰਦੀ ਹੀ ਨਹੀਂ। ਆਵਣ ਜਾਣ ਦਾ ਗੇੜ ਮੁਕੇ ਤਾਂ ਮੁਕਤਿ ਹੋਵੇ। ਪਰ ਇਹ ਮੁਕਤੀ ਮਿਲਦੀ ਹੈ ਤਾਂ ਗੁਰੂ ਘਰ ਵਿਚਿ ਆਇਆਂ ਸੱਚੇ ਸਤਿਗੁਰੂ ਦੇ ਭੇਟਾਇਆਂ ਮਿਲਦੀ ਹੈ ਅਤੇ ਫੇਰ ਚੁਰਾਸੀ ਦਾ ਗੇੜ ਭੀ ਮਿਟ ਜਾਂਦਾ ਹੈ। ਸਤਿਗੁਰੂ ਭੇਟੇ ਤੋਂ ਹੀ ਮੁਕਤੀ ਮਿਲਦੀ ਹੈ। ਮੁਕਤੀ ਭੀ ਸੱਚੀ ਹਰਿ-ਦਰਸ਼ਨ ਸੰਜੁਕਤੀ (ਸੰਜੋਗ ਸਿਉਤੀ) ਪ੍ਰਾਪਤਿ ਹੁੰਦੀ ਹੈ। ਜੀਉਂਦੇ-ਜੀ ਜੋਤਿ-ਰਸ ਦਾ ਵਿਗਾਸ ਅੰਤਰ-ਆਤਮੇ ਹੋਇ ਆਉਂਦਾ ਹੈ। ਜਿਉਂ ਜਿਉਂ ਰਸਨਾ ਕਰਕੇ ਗੁਰਮਤਿ ਨਾਮ ਦਾ ਜਾਪ-ਅਭਿਆਸ ਕੀਤਾ ਜਾਂਦਾ ਹੈ, ਤਿਉਂ ਤਿਉਂ ਅੰਮ੍ਰਿਤ ਰਸ ਦੇ ਗਟਾਕ ਅੰਤਰ-ਆਤਮੇ ਭੁੰਚੀਦੇ

ਹਨ। ਇਸ ਸਰੀਰ ਦੇਹੀ ਦੇ ਛੁਟਿਆਂ ਭੀ ਵਿਗਾਸ-ਰਸ ਜੋਤਿ-ਸਰੋਵਰੀ ਮਨੋਹਰ ਦਰਸ਼ਨ ਪੁਲਾੜ ਖੁਲ੍ਹ ਜਾਂਦੇ ਹਨ, ਜਿਸ ਦੀ ਗਹਿਣਗਤਿ ਕਹੀ ਨਹੀਂ ਜਾ ਸਕਦੀ। ਬੇਦ ਪੜ੍ਹਿਆਂ ਹਰਿ ਰਸ ਨਹੀਂ ਆਉਂਦਾ। ਹਰਿ ਰਸ ਆਉਂਦਾ ਹੈ ਤਾਂ ਨਾਮ ਜਪਿਆਂ ਹੀ ਆਉਂਦਾ ਹੈ। ਬੇਦਾਂ ਵਿਚਿ ਨਾਮ ਦਾ ਨਮੂਦ ਮਾਤਰ ਮੁਸ਼ਕ ਭੀ ਨਹੀਂ। ਤਾਂ ਬੇਦ-ਪੜ੍ਹਾਕੂ ਦੇ ਬੇਦਾਂ ਨੂੰ ਪੜ੍ਹਿ ਪੜ੍ਹਿ ਕੇ ਮਾਇਆ ਕਾਰਨ ਹੀ ਲੁਝਦੇ ਹਨ। ਪਏ ਲੁਝਣਿ। ਮਾਇਆ ਕਾਰਨ ਲੁਝਣ ਕਰਕੇ ਬੇਦ-ਪੜ੍ਹਾਕੂ ਦੇ ਅੰਦਰਿ ਮੈਲ ਹੀ ਲਗੀ ਰਹਿੰਦੀ ਹੈ, ਜਿਸ ਕਰਕੇ ਉਸ ਦੇ ਆਤਮਾ ਅੰਦਰਿ ਮਾਇਆ ਦਾ ਪਸਾਰਾ ਅਤੇ ਨਿਰੇ ਅਗਿਆਨ ਦਾ ਹੀ ਅੰਧਾਰਾ ਪਸਰਿਆ ਰਹਿੰਦਾ ਹੈ। ਇਸ ਕਾਰਨ ਉਨ੍ਹਾਂ ਲਈ ਦੁਤਰ ਭਉਜਲ-ਸੰਸਾਰ ਭੈ-ਸਾਗਰ ਨੂੰ ਤਰਨਾ ਅਤੀ ਕਠਨ ਹੋ ਜਾਂਦਾ ਹੈ। ਬੇਦ ਤਾਂ ਸਾਰਾ ਬਾਦ ਹੀ ਬਾਦ ਆਖਦੇ ਵਖਾਣਦੇ ਹਨ। ਬਾਦਾਂ ਦੀਆਂ ਕਹਾਣੀਆਂ ਵਿਚਿ ਹੀ ਬੇਦਾਚਾਰੀ ਰਚੇ ਪਚੇ ਰਹਿੰਦੇ ਹਨ। ਨਾਮ-ਪਦਾਰਥ ਬੇਦਾਂ ਵਿਚ ਮਿਲਦਾ ਹੀ ਨਹੀਂ। ਤਾਂ ਤੇ ਨਾਮ ਬਿਨਾਂ ਨਾ ਉਹਨਾਂ ਦਾ ਮਨ ਅੰਤਰਲਾ ਆਤਮਾ ਦੇਵ ਭਿਜਦਾ ਹੈ, ਨਾ ਉਹਨਾਂ ਨੂੰ ਸ਼ਬਦ ਦੀ ਪਛਾਣ ਆਉਂਦੀ ਹੈ। ਸ਼ਬਦ ਮਾਰਗ ਦਾ ਤਾਂ ਇਹ ਬੇਦ ਥਹੁ ਪਤਾ ਹੀ ਨਹੀਂ ਦਿੰਦੇ। ਨਾ ਹੀ ਬੇਦ ਦੀ ਪੜ੍ਹਾਈ ਵਿਚਿ ਸ਼ਬਦ ਮਾਰਗ ਦਾ ਥਹੁ-ਪਤਾ ਹੀ ਦੀਖਸ਼ਤ ਹੁੰਦਾ ਹੈ। ਬੇਦਾਂ ਨੇ ਤਾਂ ਨਿਰਾ ਪੁੰਨ ਪਾਪੁ ਹੀ ਦ੍ਰਿੜ੍ਹਾਇਆ ਹੈ। ਪੁੰਨ ਪਾਪ ਦੇ ਕਰਮਾਂ ਦਾ ਹੀ ਝਾਖ ਝਖਾਇਆ ਹੈ। ਗੁਰਮੁਖਾਂ ਨੇ ਨਾਮੁ ਅੰਮ੍ਰਿਤ ਰਸ ਪੀਣਾ ਹੋਇਆ। ਨਾਮ ਬੇਦਾਂ ਵਿਚਿ ਲਭਦਾ ਹੀ ਨਹੀਂ, ਅੰਮ੍ਰਿਤ-ਰਸ ਕਿਵੇਂ ਪੀਣ, ਮਨਮੁਖ ਬੇਦਾਚਾਰੀ?

> ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥ ਤਿਨਿ ਤਿਨਿ ਕ੍ਰਿਆ ਬ੍ਰਹਮ ਕੀ ਤਿਆਗੀ ॥ ੧੮ ॥

(ਬਚਿਤ੍ਰ ਨਾਟਕ, ਧਿਆਇ ੬)

ਬ੍ਰਹਮ ਗਿਆਨ ਦੀ ਕਿਰਿਆ ਬੇਦ-ਪੜ੍ਹਾਕੂਆਂ ਤੋਂ ਛੁਟ ਜਾਂਦੀ ਹੈ। ਬੇਦ-ਅਨੁਰਾਗੀਆਂ ਨੂੰ ਨਾਮ ਦਾ ਰਸ ਆ ਹੀ ਨਹੀਂ ਸਕਦਾ। ਨਾਮ ਦੇ ਰਸ ਅਭਿਆਸ ਬਿਨਾਂ ਤੱਤ-ਬ੍ਰਹਮ-ਗਿਆਨ ਕਿਵੇਂ ਪ੍ਰਾਪਤਿ ਹੋਵੇ? ਤਾਂ ਤੇ ਬੇਦਾਚਾਰੀ ਕਰਮ ਸਾਰੇ ਹੀ ਫੋਕਟ ਕਰਮ ਹਨ।

> ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ॥ ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ ॥ ੧੫॥ ੯॥

(ਮਾਰੂ ਸੋਲਹੇ ਮਃ ੩, ਪੰਨ ੧੦੫੩)

ਭਾਵ— ਬੇਦਾਂ ਦਾ ਅਨੁਵਾਦ ਹਿੰਦੂ ਮਤ ਦੀਆਂ ਪੁਸਤਕਾਂ ਸਿਮਰਤੀਆਂ ਅਤੇ ਸ਼ਾਸਤ੍ਰਾਂ ਵਿਚਿ ਬਹੁਤਾ ਮਾਇਆ ਦੇ ਪਾਸਾਰਾਂ ਦਾ ਵਿਸਥਾਰ ਹੀ ਕੀਤਾ ਹੋਇਆ ਹੈ, ਮਾਇਕ ਵਿਸਥਾਰ ਵਾਲਾ ਫੈਲਾਉ ਹੀ ਫੈਲਾਇਆ ਹੋਇਆ ਹੈ। ਮੂਰਖ ਲੋਗ ਇਹਨਾਂ ਨੂੰ ਪੜ੍ਹਦੇ ਹਨ, ਪੜ੍ਹ ਕੇ ਮੂਰਖ ਹੀ ਰਹਿੰਦੇ ਹਨ। ਸਿਮਰਤ ਸ਼ਾਸਤ੍ਰਾਂ ਨੂੰ ਪੜ੍ਹਿ ਪੜ੍ਹਿ ਮੂਰਖ ਅਭਿਮਾਨੀਆਂ ਵਾਲੇ ਝਗੜਿਆਂ ਰਗੜਿਆਂ ਵਿਚਿ ਹੀ ਪੈ ਪੈ ਕੇ ਖਪਤ ਹੋ ਗਏ ਹਨ। ਕਈ ਤਾਂ ਇਹਨਾਂ ਝਗੜਿਆਂ ਕਰਕੇ ਸਭਾ-ਜੀਤ ਕਹਾਉਂਦੇ ਹੋਏ ਆਪਣੇ ਆਪ ਹੀ ਲਾਸਾਨੀ ਫ਼ਿਲਾਸਫ਼ਰ ਬਣਿ ਬੈਠਦੇ ਹਨ। ਸਾਨੂੰ ਅਫ਼ਸੋਸ ਤਾਂ ਇਹ ਹੈ ਕਿ ਕਈ ਗੁਰਸਿੱਖਾਂ ਵਿਚਿ ਜੰਮੇ ਪਲੇ ਹੋਏ ਭੀ ਇਹਨਾਂ ਝਗੜਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਬਸ, ਥਾਉਂ ਦੀ ਥਾਉਂ ਰਹਿ ਜਾਂਦੇ ਹਨ। ਗੁਰ-ਸ਼ਬਦ ਨੂੰ ਗੁਰਬਾਣੀ ਵਿਚੋਂ ਬੁਝਦੇ ਚੀਨਦੇ

ਨਹੀਂ। ਛਡਿ ਬਹਿੰਦੇ ਹਨ। ਵਿਰਲਿਆਂ ਗੁਰਮੁਖਾਂ ਨੇ ਹੀ ਗੁਰ-ਸ਼ਬਦ ਨੂੰ ਪਛਾਤਾ ਹੈ। ਸ਼ਬਦ-ਹੀਣ ਸਭ ਸੱਖਣੇ ਹੀ ਰਹਿ ਜਾਂਦੇ ਹਨ। ਬ੍ਰਹਮ ਗਿਆਨ ਉਹਨਾਂ ਦੇ ਨੇੜੇ ਹੀ ਨਹੀਂ ਆਉਂਦਾ। ਆਨਮਤ ਪੁਸਤਕਾਂ ਦੇ ਕਰਮ ਦ੍ਰਿੜ੍ਹਾਉਂਦੇ ਹਨ, ਸੋ ਸਭ ਪਾਖੰਡ ਹਨ, ਫੋਕਟ ਕਰਮ ਹੀ ਹਨ। ਯਥਾ ਗੁਰਵਾਕ—

> ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ ॥ ਮਨ ਹਠਿ ਕਰਮ ਫਿਰਿ ਜੋਨੀ ਪਾਏ ॥ ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ ਦੋਰਾਹਾ ਹੇ ॥ ੯ ॥ ਪੂਰਾ ਸਤਿਗੁਰੁ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਹਰਿ ਨਾਮਿ ਚਿਤੁ ਲਾਏ ॥ ਮਨਿ ਤਨਿ ਹਰਿ ਰਵਿਆ ਘਟ ਅੰਤਰਿ ਮਨਿ ਭੀਨੈ ਭਗਤਿ ਸਾਲਾਹਾ ਹੇ ॥ ੧੦ ॥ ੧੨ ॥

(ਮਾਰੂ ਮਃ ੩, ਪੰਨਾ ੧੦੫੫-੫੬)

ਭਾਵ— ਆਨਮਤ ਪੁਸਤਕਾਂ ਦਾ ਪੜ੍ਹਾਕੂ ਆਨਮਤ ਪੁਸਤਕਾਂ ਪੜ੍ਹਿ ਪੜ੍ਹਿ ਲੋਕਾਂ ਨੂੰ ਆਨਮਤ ਕਰਮ ਹੀ ਕਰਨੇ ਦ੍ਰਿੜ੍ਹਾਉਂਦਾ ਹੈ। ਇਹ ਆਨਮਤ ਕਰਮ ਨਿਰੇ ਅਗਿਆਨਤਾ ਭਰੇ ਅੰਧ ਕਰਮ ਹੀ ਹੁੰਦੇ ਹਨ। ਅਗਿਆਨੀ ਅੰਧੇ ਆਨਮਤ ਕਰਮਾਂ ਦੇ ਦਸੇ ਦ੍ਰਿੜ੍ਹਾਏ ਹੋਏ ਅੰਧ ਅਗਿਆਨ ਖਾਤੇ ਟੋਏ ਵਿਚਿ ਹੀ ਡਿਗਦੇ ਹਨ। ਇਹ ਸਭ ਮਨਮਤੀ ਕਰਮ ਹਨ। ਇਉਂ ਮਨ ਹਠ ਕਰਮਾਂ ਦੇ ਕੀਤਿਆਂ ਬਹੁਤੀਆਂ ਜੋਨੀਆਂ ਵਿਚਿ ਭ੍ਰਮਣਾ ਪੈਂਦਾ ਹੈ, ਮਨ ਹਠ ਕਰਮੀਆਂ ਨੂੰ। ਐਸੇ ਆਨਮਤ ਕਰਮ ਕਰਨਹਾਰੇ ਬਿਖ ਮਾਇਆ ਦੇ ਕਾਰਨ ਲਬ ਲੋਭ ਭਰੇ ਕਰਮ ਹੀ ਪਏ ਕਮਾਉਂਦੇ ਫਿਰਦੇ ਹਨ, ਲੋਭ-ਗ੍ਰਸੇ ਹੀ ਭਟਕਦੇ ਫਿਰਦੇ ਹਨ। ਇਉਂ ਦੁਰਮਤਿ ਕਰਮੀ ਹੋ ਕੇ ਉਹ ਦੁਚਿੱਤਾਪਣ ਦੁਬਿਧਾ ਦੇ ਕੁਰਾਹੇ ਪੈ ਕੇ ਗੁਮਰਾਹ ਹੋ ਜਾਂਦੇ ਹਨ ਅਤੇ ਗੁਮਰਾਹ ਹੋਏ ਹੀ ਰਹਿੰਦੇ ਹਨ, ਗੁਮਰਾਹ ਰਹਿੰਦੇ ਹੋਏ ਹੀ ਮਰਿ ਜਾਂਦੇ ਹਨ। ਇਹ ਪੂਰੇ ਸਤਿਗੁਰੂ ਨੂੰ ਤੌਫ਼ੀਕਾਂ ਹਨ। ਧੰਨ ਗੁਰੂ ਨਾਨਕ ਸਾਹਿਬ! ਜਿਨ੍ਹਾਂ ਦੁਰਮਤਿ ਦੁਰਾਹੇ ਦੀ ਗੁਮਰਾਹੀ ਵਿਚੋਂ ਕਢ ਕੇ ਸਿੱਧੇ ਮਾਰਗ ਗੁਰਮਤਿ ਮਾਰਗ ਤੇ ਪਾ ਕੇ ਸਤਿਨਾਮ ਦ੍ਰਿੜ੍ਹਾ ਕੇ ਇਸ ਜਨਮ ਵਿਚ ਹੀ ਜੀਵ ਪ੍ਰਾਣੀਆਂ ਦਾ ਨਿਸਤਾਰਾ ਕਰਾ ਦਿੱਤਾ ਹੈ। ਸੱਚੇ ਸਤਿਗੁਰੂ ਦੁਆਰਾ ਦ੍ਰਿੜ੍ਹ ਹੋਈ ਗੁਰ-ਦੀਖਿਆ ਪਾ ਕੇ ਨਾਮੁ ਮਨ ਵਿਚਿ ਵਸਦਾ ਹੈ ਅਤੇ ਮਨ ਤਨ ਘਟ ਅੰਦਰਿ ਰਵਦਾ ਹੈ (ਰਮ ਜਾਂਦਾ ਹੈ)। ਇਉਂ ਸ਼ਬਦ ਨਾਮ ਅਭਿਆਸੀਆਂ ਦਾ ਮਨ ਭਿਜਦਾ ਹੈ ਅਤੇ ਜਿਨ੍ਹਾਂ ਦੇ ਅੰਮ੍ਰਿਤ-ਨਾਮ ਦ੍ਰਿੜ੍ਹ ਹੋ ਜਾਂਦਾ ਹੈ ਤਿਨ੍ਹਾਂ ਨੂੰ ਹੀ ਸਿਫਤਿ-ਸਾਲਾਹ ਭਗਤੀ ਦਾ ਸੱਚਾ ਸੁਆਦ ਆਉਂਦਾ ਹੈ।

> ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥ ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ ॥ ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ ॥ ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ॥ ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥ ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥ ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ ॥ ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰ ਅਖੀ ਦੇਖੰ ॥ ੧੩ ॥

(ਵਾਰ ਮਾਰੂ ਮਃ ੫, ਪੰਨਾ ੧੦੯੮-੯੯)

ਭਾਵ— ਅਕਲ ਕਲਾ ਵਾਲਾ ਅਕਾਲ ਪੁਰਖ ਆਨਮਤ ਕਰਮਾਂ ਕਰਿ, ਆਨਮਤ ਪਾਖੰਡ ਸੰਜਮਾਂ ਕਰਿ ਨਹੀਂ ਪਾਇਆ ਜਾ ਸਕਦਾ। ਉਹ ਲਖਿਆ ਨਹੀਂ ਜਾ ਸਕਦਾ। ਲਖਤਾ ਤੋਂ ਰਹਿਤ ਹੈ ਅਤੇ ਗਿਣਤੀਆਂ ਮਿਣਤੀਆਂ ਹਦਬੰਦੀਆ ਤੋਂ ਪਰੇ ਬੇਅੰਤ ਹੈ। ਖਟ ਦਰਸ਼ਨ ਜੋਗੀਆਂ ਦੇ ਖਟ ਦਰਸ਼ਨ ਭੇਖ ਸਭ ਭਰਮਦੇ ਫਿਰਦੇ ਹਨ, ਪਰ ਉਹ ਨਿਰੰਕਾਰ ਵਾਹਿਗੁਰੂ ਭੇਖਾਂ ਦੁਆਰਾ ਨਹੀਂ ਪਾਇਆ ਜਾਂਦਾ। ਜਿਹੜੇ ਲੋਕ ਸੰਜਮ ਕਰਦੇ ਤੇ ਬਰਤ ਰਖਦੇ ਹਨ, ਸੋ ਬਰਤ ਕਿਸੇ ਭੀ ਲੇਖੇ ਨਹੀਂ ਪੈਂਦੇ। ਭਾਵੇਂ ਸੰਪੂਰਨ ਬੇਦ ਪੜ੍ਹ ਲਏ ਜਾਣ, ਪੜ੍ਹ ਕੇ ਘੋਖ ਲਏ ਜਾਣ, ਪਰ ਤੱਤ-ਸਾਰ ਸਾਰਿਆਂ ਹੀ ਬੇਦਾਂ ਵਿਚਿ ਕਿਤੇ ਦਿਖਾਈ ਨਹੀਂ ਦਿੰਦਾ। ਬੇਦਾਂ ਅੰਦਰ ਦਰਸਾਏ ਸਾਰੇ ਕਰਮ ਕਿਸੇ ਭੀ ਲੇਖੇ ਨਹੀਂ, ਕਿਉਂਕਿ ਤੱਤ-ਸਾਰ ਕਰਮ ਦਾ ਉਹਨਾਂ ਵਿਚਿ ਨਮੂਦ ਹੀ ਨਹੀਂ। ਇਸ਼ਨਾਨ ਕਰ ਕੇ, ਤਿਲਕ ਆਦਿ ਕਢ ਕੇ ਮੱਥੇ ਤੇ ਲਾਉਣੇ ਭੀ ਗੁਣਕਾਰੀ ਨਹੀਂ, ਕਿਉਂਕਿ ਇਹ ਕਿਰਿਆ ਕਰਮ ਕੀਤਿਆਂ ਅੰਦਰਲੀ ਕਾਲਖ ਮਿਟਦੀ ਨਹੀਂ। ਅੰਦਰਲੀ ਕਾਲਖ ਬਣੀ ਰਹੀ ਤਾਂ ਤਿਲਕ ਕਢਣ ਦਾ ਕੀ ਫ਼ਾਇਦਾ? ਅਤੇ ਤੀਰਥਾਂ ਪਰ ਇਸ਼ਨਾਨ ਕੀਤੇ ਦਾ ਹੀ ਕੀ ਲਾਭ? ਅਜਿਹੇ ਆਨਮਤ ਭੇਖਾਂ ਦੇ ਕੀਤਿਆਂ ਪ੍ਰਭੂ ਨਹੀਂ ਲਭਦਾ। ਲਭਦਾ ਹੈ ਤਾਂ ਸੱਚੀ ਸਿਖਿਆ ਦੁਆਰਾ ਲਭਦਾ ਹੈ। ਅਤੇ ਇਹ ਸੱਚੀ ਸਿਖਿਆ ਦੀਖਿਆ ਗੁਰੂ ਘਰੋਂ ਤੇ ਗੁਰੂ ਦੁਆਰਿਓਂ ਪ੍ਰਾਪਤਿ ਹੁੰਦੀ ਹੈ। ਅਤੇ ਹੋਰ ਕਿਤੋਂ ਨਹੀਂ। ਤਿਨ੍ਹਾਂ ਜਨਾਂ ਨੇ ਆਪਣਾ ਜਨਮ ਸੰਵਾਰ ਲਿਆ ਜਿਨ੍ਹਾਂ ਨੇ ਸੱਚੇ ਸਤਿਗੁਰੂ ਦੇ ਪਰਤੱਖ ਦਰਸ਼ਨ ਕਰ ਲਏ। ਪ੍ਰਮਾਰਥੋਂ ਭੁਲਿਆ ਹੋਇਆ ਪਾਂਧੀ ਸੋਈ ਸੁਮਾਰਗ ਪੈਂਦਾ ਹੈ ਜਿਸ ਦੇ ਮਸਤਕ ਉਤੇ ਸ਼ੁਭ ਲੇਖ ਲਿਖਿਆ ਹੁੰਦਾ ਹੈ।

> ਪੰਡੀਆ ਕਵਨ ਕੁਮਤਿ ਤੁਮ ਲਾਗੇ ॥ ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥ ੧ ॥ ਰਹਾਉ ॥ ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥ ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥ ੧ ॥ ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥ ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥ ੨ ॥ ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥ ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥ ੩ ॥ ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ ॥ ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ ॥ ੪ ॥ ੧ ॥

(ਮਾਰੂ ਕਬੀਰ ਜੀ, ਪੰਨਾ ੧੧੦੨-੩)

ਵਿਆਖਿਆ— ਬੇਦਾਚਾਰੀ ਅਤੇ ਬੇਦ-ਕਰਮਾਰੀ ਪੰਡਿਤਾਂ ਪ੍ਰਤੀ ਸੰਬੋਧਨ ਕਰ ਕੇ ਸਰਬੱਤ ਬੇਦ-ਪੜ੍ਹਨਹਾਰੇ ਅਤੇ ਬੇਦਾਂ ਅਨੁਸਾਰ ਕਰਮ ਕਰਨਹਾਰੇ ਪੰਡਿਤਾਂ ਨੂੰ ਪ੍ਰਬੋਧਿਆ ਗਿਆ ਹੈ ਇਸ ਵਾਕ ਦੁਆਰਾ, ਅਤੇ ਦਸਿਆ ਗਿਆ ਹੈ ਕਿ ਇਹ ਬੇਦ ਮਤ ਦੇ ਮੁੱਠੇ ਪੰਡੀਏ (ਪੰਡਤ ਲੋਕ) ਜੋ ਭੀ ਕਰਮ ਕਰਦੇ ਹਨ ਸੋ ਕੁਮੱਤੜੀ ਭਰੇ ਕਰਮ ਕਰਦੇ ਹਨ। ਬੇਦਾਂ ਦੀ ਪੜ੍ਹਾਈ ਲਾਉਂਦੀ ਹੀ ਕੁਮੱਤੜੇ ਕਰਮ ਵਲ ਹੈ। ਇਹ ਬੇਦ ਮਤੇ ਵਾਲੇ ਸਮੁੱਚੇ ਕਰਮ ਕੁਮਤਿ ਭਰੇ ਕਰਮ ਜਿਤਨੇ ਭੀ ਹਨ, ਸਭੇ ਹੀ ਇਹਨਾਂ ਕੁਮਤਿ ਕਰਮ ਕਰਨਹਾਰਿਆਂ ਨੂੰ ਭਵ ਸਾਗਰ ਵਿਚਿ ਡੋਬਣ ਵਾਲੇ ਕਰਮ ਹਨ। ਕਿਉਂਕਿ ਇਹਨਾਂ ਆਨਮਤ ਕੁਮੱਤੜੇ ਕਰਮਾਂ ਦੇ ਕਰਨ ਕਰਿ ਨਾਮ ਜਪਣ ਦੀ ਸੁਮਤਿ

ਆਉਂਦੀ ਹੀ ਨਹੀਂ, ਅਤੇ ਨਾਮ ਨੂੰ ਇਹ ਬੇਦ (ਆਨਮਤ ਧਰਮ ਪੁਸਤਕ) ਦ੍ਰਿੜ੍ਹਾਉਂਦੇ ਹੀ ਨਹੀਂ। ਪ੍ਰਤਿਪਾਦਨ ਹੀ ਨਹੀਂ ਕਰਾਉਂਦੇ। ਅਤੇ ਨਾਮ ਬਿਨਾਂ ਭਵ-ਸਾਗਰ ਤੋਂ ਪਾਰ-ਉਤਾਰਾ ਨਹੀਂ ਹੁੰਦਾ, ਪ੍ਰਾਣੀ ਦਾ ਨਿਸਤਾਰਾ ਹੁੰਦਾ ਹੀ ਨਹੀਂ। ਬਿਨਾਂ ਗੁਰਮਤਿ ਧਰਮ ਦੇ ਆਨਮਤ ਕੋਈ ਭੀ ਨਾਮ ਨਹੀਂ ਦ੍ਰਿੜ੍ਹਾਉਂਦਾ। ਸਭ ਆਨਮਤ ਧਰਮ-ਪੁਸਤਕ, ਖਾਸ ਕਰਿ ਬੇਦ ਤਾਂ ਬੰਦੇ ਨੂੰ ਕਰਮਾਂ-ਕਾਂਡਾਂ ਵਿਚਿ ਹੀ ਉਲਝਾਉਂਦੇ ਹਨ। ਕਰਮ ਕਾਂਡ ਕੀਤਿਆਂ ਪ੍ਰਾਣੀ ਦਾ ਨਿਸਤਾਰਾ, ਭਵ-ਸਾਗਰ ਤੋਂ ਪਾਰ-ਉਤਾਰਾ ਤਾਂ ਕੀ ਹੋਣਾ ਸੀ, ਉਸ ਦਾ ਡੁਬਣ ਦਾ ਹੀਲਾ ਬਣ ਜਾਂਦਾ ਹੈ। ਅਤੇ ਇਹ ਕਰਮ-ਕਾਂਡੀ ਕੁਮੱਤੜੀਆਂ ਕਰਮੱਤੜੀਆਂ ਵਾਲੇ ਬੜੇ ਹੀ ਅਭਾਗੇ ਪੁਰਸ਼ ਹਨ, ਨਾਮੁ ਜੋ ਨਹੀਂ ਜਪਦੇ। ਬੇਦ ਪੁਰਾਣ ਪੜ੍ਹੇ ਹੋਣ ਦਾ, ਬੇਦ ਪੁਰਾਣਾਂ ਆਦਿਕ ਆਨਮਤ ਪੁਸਤਕਾਂ ਦੇ ਪੜ੍ਹਨ ਦਾ ਕੀ ਲਾਭ ਹੈ, ਕੀ ਮੁੱਲ ਹੈ ਜੇ ਏਹਨਾਂ ਦੇ ਪੜ੍ਹਨ ਕਰਿ ਵਾਹਿਗੁਰੂ ਦੀ, ਰਮਤ ਰਾਮ (ਸਾਰੇ ਰਮੇ ਹੋਏ ਰਾਮ) ਦੇ ਨਾਮ ਦੀ ਗਤੀ ਹੀ ਨਹੀਂ ਜਾਣੀ ਜਾ ਸਕਦੀ? ਨਾਮ ਦੀ ਕਦਰ ਹੀ ਨਹੀਂ ਪਛਾਣੀ ਜਾ ਸਕੀਦੀ? ਤਾਂ ਇਹਨਾਂ ਬੇਦਾਂ ਤੇ ਪੁਰਾਨਾਂ ਆਦਿਕ ਆਨਮਤ ਪੁਸਤਕਾਂ ਦੇ ਪੜ੍ਹਨ ਨਾਲਿ ਯਾ ਏਹਨਾਂ ਅਨੁਸਾਰ ਕਰਮ ਕਰਨ ਨਾਲਿ ਕੈਸੇ ਪਾਰ-ਉਤਾਰਾ ਨਿਸਤਾਰਾ ਹੋ ਸਕਦਾ ਹੈ? ਭਵ-ਸਾਗਰ ਤੋਂ ਪਾਰ ਉਤਰਨ ਦਾ ਧੁਰਵਾ ਕੈਸੇ ਬਝ ਸਕਦਾ ਹੈ? ਬਝ ਹੀ ਨਹੀਂ ਸਕਦਾ, ਪਾਰ-ਉਤਾਰਾ ਹੋ ਹੀ ਨਹੀਂ ਸਕਦਾ। ਜੈਸੇ ਗਧੇ ਉਪਰ ਚੰਦਨ ਦੇ ਭਾਰ ਲਦ ਲਏ, ਤੈਸੇ ਬੇਦਾਂ ਪੁਰਾਨਾਂ ਦੇ ਲਦ ਲਏ। ਬੇਦਾਂ ਪੁਰਾਨਾਂ, ਆਨਮਤ ਧਰਮ ਕਰਮ ਦੀਆਂ ਪੁਸਤਕਾਂ ਪੜ੍ਹਨਹਾਰੇ ਪੜ੍ਹਾਕੂ ਸਭ ਖਰ-ਦਿਮਾਗ ਹੋ ਜਾਂਦੇ ਹਨ। ਉਹਨਾਂ ਨੂੰ ਨਾਮ ਦੀ ਚੰਦਨ-ਵਾਸ ਪੋਹ ਹੀ ਨਹੀਂ ਸਕਦੀ। ਚਾਹੇ ਚੰਦਨ ਦੇ ਅੰਬਾਰਾਂ ਦੇ ਅੰਬਾਰ ਉਹਨਾਂ ਉਤੇ ਲੱਦ ਦੇਈਏ। ਭਾਵੇਂ ਚੰਦਨ ਦੇ ਅੰਬਾਰਾਂ ਵਿਚਿ ਉਹਨਾਂ ਨੂੰ ਗੱਡ ਦੇਈਏ। ਉਹਨਾਂ ਨੇ ਤਾਂ ਗਧੇ ਹੀ ਰਹਿਣਾ ਹੈ। ਸੋ ਇਹਨਾਂ ਬੇਦਮਤੀ ਵਿਦਿਆਵਾਂ ਨੇ ਬਹੁਤੇ ਗਰਧਬਾ-ਨੰਦੀ ਸੁਆਮੀ ਹੀ ਪੈਦਾ ਕੀਤੇ ਹਨ। ਗਰਧਬ (ਗਧੇ) ਨੂੰ ਚਾਹੇ ਚੰਦਨ ਦੇ ਲੇਪ ਨਾਲਿ ਲਿਪ ਦਿੱਤਾ ਜਾਵੇ, ਗਰਧਬ ਦੇ ਅੰਦਰਿ ਚੰਦਨ ਦੀ ਵਾਸ਼ਨਾ ਖ਼ੁਸ਼ਬੋਈ ਕਦੇ ਨਹੀਂ ਚੜ੍ਹੇਗੀ, ਨਾ ਪੋਹੇਗੀ। ਖਰ ਚੰਦਨੀ ਦਿਮਾਗ ਕਦੇ ਚੰਦਨ ਕੁੰਦਨੀ ਪਾਰਸ ਚੰਦਨੀ ਸਿਫਤ ਸਾਲਾਹ ਦੇ ਪਾਤਰ ਨਹੀਂ ਬਣ ਸਕਦੇ।

ਮਿਸਾਲ ਦੇ ਤੌਰ ਤੇ ਇਕ ਗੱਲ ਨਾਲਿ ਹੀ ਉਹਨਾਂ ਦੀ ਪਰਖ ਪੜਤਾਲ ਕਰਿ ਲਵੋ। ਕਿਹੜੀ ਗੱਲ, ਉਹ ਇਹ ਕਿ ਬੇਦਾਂ ਪੁਰਾਨਾਂ ਆਦਿਕ ਆਨ-ਧਰਮ-ਮਤ ਪੁਸਤਕਾਂ ਅੰਦਰਿ ਜੀਵਾਂ ਨੂੰ ਬਧ ਕਰਨਾ (ਵਢਣਾ, ਕੋਹਣਾ, ਕਤਲ ਕਰਨਾ) ਪੁੰਨ ਧਰਮ ਕਰਕੇ ਲਿਖਿਆ ਹੈ। ਐ ਏਹਨਾਂ ਪੁਸਤਕਾਂ ਦੇ ਵੇਤਿਓ, ਪੰਡੀਓ, ਤੁਸਾਂ ਭੀ ਜੀਵਾਂ ਦੇ ਬਧ ਕਰਨ ਨੂੰ ਪੁੰਨ ਧਰਮ ਥਾਪਿਆ ਹੋਇਆ ਹੈ, ਜਿਸ ਜੈਸਾ ਪਾਪ-ਕਰਮ ਹੀ ਕੋਈ ਨਹੀਂ। ਜੇ ਇਸ ਪਾਪ-ਕਰਮ ਨੂੰ ਹੀ ਤੁਸੀਂ ਧਰਮ ਕਰਕੇ ਮੰਨਦੇ ਹੋ ਤਾਂ ਦੱਸੋ ਅਧਰਮ ਕਿਹੜਾ ਹੋਇਆ? ਅਰਥਾਤ, ਜੀਵਾਂ ਨੂੰ ਮਾਰਨ, ਵਢਣ, ਬਧ ਕਰਨ ਤੋਂ ਵਧ ਕੇ ਕੋਈ ਅਧਰਮ ਨਹੀਂ, ਕੋਈ ਏਦੂੰ ਵੱਧ ਪਾਪ-ਕਰਮ ਨਹੀਂ। ਤਾਂ ਕੈਸੇ ਤੁਹਾਡਾ ਪਾਰ-ਉਤਾਰਾ ਹੋਵੇਗਾ? ਨਿਸਚੇ ਕਰਕੇ ਤੁਸੀਂ ਭਵ-ਸਾਗਰ ਦੀ ਮੰਝਧਾਰ ਵਿਚਿ ਡੁਬੋਗੇ। ਜੀਵਾਂ ਦੇ ਬਧ ਕਰਨ ਵਾਲੇ ਕਰਮ ਕਰ ਕੇ ਤਾਂ ਤੁਸੀਂ ਆਪਣੇ ਆਪ ਨੂੰ ਸ੍ਰੇਸ਼ਟ ਮੁਨੀ (ਮੁਨਿਵਰ) ਬਣਾਈ (ਥਾਪੀ) ਬੈਠੇ ਹੋ ਤਾਂ ਦਸੋ ਫੇਰ ਕਸਾਈ ਕਿਸ ਨੂੰ ਕਹੋਗੇ? ਸਭ ਤੋਂ ਵਡੇ ਕਸਾਈ ਤਾਂ ਤੁਸੀਂ ਆਪ ਹੋ, ਜੀਵਾਂ ਨੂੰ ਮਾਰਨ ਵਾਲੇ। ਤੁਹਾਥੋਂ ਵੱਧ ਹੋਰ ਕਉਣ ਕਸਾਈ ਹੋ ਸਕਦਾ ਹੈ? ਜੇ ਕਸਾਈ ਦਾ ਨਾਮ ਹੀ ਮੁਨਿਵਰ ਹੈ ਤਾਂ ਇਹ ਤੁਸਾਡੀ ਮੁਨਿਵਰਤਾ ਕੋਈ ਨਹੀਂ, ਐਵੇਂ ਪਾਖੰਡ ਹੀ ਹੈ। ਜੀਆ ਬਧ ਵਾਲੇ

ਕਰਮ ਤੁਸਾਡੇ ਸਭ ਕਸਾਈਆਂ ਵਾਲੇ ਕਰਮ ਹਨ। ਮਤ ਏਸ ਭੁਲੇਖੇ ਰਹਿਓ ਕਿ ਮੁਨਵਰੀ ਪਾਖੰਡੀ ਬਣ ਕੇ ਤੁਸਾਡਾ ਪਾਰ-ਉਤਾਰਾ ਹੋ ਜਾਵੇਗਾ। ਇਹ ਸਭ ਤੁਸਾਂ ਨੂੰ ਭਵ-ਸਾਗਰ ਵਿਚਿ ਡੋਬਣ ਵਾਲੇ ਹੀ ਕਰਮ ਹਨ।

ਤੁਸੀਂ ਆਪ ਤਾਂ ਮਨ ਦੇ ਅੰਧੇ ਹੋ, ਦੂਜਿਆਂ ਨੂੰ ਤੁਸੀਂ ਕੀ ਸੁਮੱਤੀ ਦੇ ਸਕਦੇ ਹੋ? ਹੋਰਾਂ ਨੂੰ ਤੁਸੀਂ ਅੰਧੇ ਗਿਆਨੀ ਕੀ ਗਿਆਨ ਬੁਝਾ ਸਕਦੇ ਹੋ? ਐਵੇਂ ਕਰਮ-ਹੀਣ, ਧਰਮ-ਹੀਣ, ਮਨ-ਹੀਣ, ਗਿਆਨ-ਹੀਣ ਚੁੰਚ ਗਿਆਨੀ ਪੰਡਿਤ ਬਣਾ ਕੇ ਅਤੇ ਇਸ ਚੁੰਚ ਗਿਆਨ ਵਾਲੀ ਬਾਦ-ਬਿਦਿਆਵੀ ਕਥਾ ਕਰਿ ਕਰਿ ਤੁਸੀਂ ਐਵੇਂ ਬਪੁੜੀ ਮਾਇਆ ਦੇ ਕਾਰਨ ਆਪਣੀ ਵਿਦਿਆ ਨੂੰ ਵੇਚਦੇ ਹੋ, ਜਿਸ ਕਰਕੇ ਤੁਸਾਡਾ ਮਾਨੁਖਾ ਜਨਮ ਐਵੇਂ ਬਿਰਥਾ ਹੀ ਜਾਵੇਗਾ।

ਨਾਰਦ ਮੁਨੀ ਤੋਂ ਲੈ ਕੇ ਬਿਆਸ ਸੁਕਦੇਵ ਆਦਿਕ ਇਹੀ ਸਾਖਾ ਭਰਦੇ ਹਨ ਕਿ ਹਿੰਸਾ ਆਦਿ ਕਰਮ ਸਭ ਅਧਰਮ ਅਨਿਆਇ ਰੂਪ ਕਰਮ ਹਨ। ਕਰਨੇ ਉਚਿਤ ਨਹੀਂ। ਤਾਂ ਤੇ ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਸਰਬੱਤਰ ਰਮੇ ਹੋਏ ਰਾਮ ਦੇ ਨਾਮ ਦਾ ਸਿਮਰਨ ਕਰ ਕੇ ਪ੍ਰਾਣੀ ਦਾ ਛੁਟਕਾਰਾ ਨਿਸਤਾਰਾ ਹੈ। ਹਿੰਸਾ ਆਦਿ ਜੀਵਾਂ ਨੂੰ ਬਧ ਕਰਨ ਵਾਲੇ ਕਰਮ ਸਭ ਰਸਾਤਲ ਨੂੰ ਹੀ ਲੈ ਜਾ ਕੇ ਡੋਬਣ ਵਾਲੇ ਹਨ। ਵਾਮ-ਮਾਰਗੀਆਂ ਨੇ ਬੇਦਾਂ ਵਿਚੋਂ ਸਿਖਿਆ ਲੈ ਕੇ ਇਹ ਤੱਤ ਕਢਿਆ ਹੈ ਕਿ ਮੁਦ੍ਰਾ, ਮਦਰਾ, ਮੈਥਨ, ਮਾਸ, ਮੱਛੀ ਇਹਨਾਂ ਪੰਜਾਂ ਮਕਾਰਾਂ ਵਾਲੇ ਕਰਮਾਂ ਦਾ ਕਰਨਹਾਰਾ ਹੋਣ ਕਰਿ ਹੀ ਪ੍ਰਾਣੀ ਦੀ ਕਲਿਆਣ ਹੁੰਦੀ ਹੈ। ਅਜਿਹੇ ਵਾਮ-ਮਾਰਗ ਬੇਦ ਪੜ੍ਹੇ ਪੰਡਿਤਾਂ ਨੂੰ ਕਬੀਰ ਸਾਹਿਬ ਉਪਰ ਵਾਲਾ ਉਪਦੇਸ਼ ਦ੍ਰਿੜ੍ਹਾਇ ਕੇ ਸੁਮੱਤੇ ਲਾਉਂਦੇ ਹਨ ਅਤੇ ਦਸਦੇ ਹਨ ਕਿ ਜੀਵਾਂ ਨੂੰ ਬਧ ਕਰਨ ਆਦਿਕ ਵਾਮ-ਮਾਰਗੀ ਕਰਮ ਨੂੰ ਕੀਤਿਆਂ ਅਵੱਸ਼ ਭਵ-ਸਾਗਰ ਵਿਚਿ ਡੁਬੀਦਾ ਹੈ, ਜਿਥੋਂ ਤਰਨਾ ਅਤਿ ਦੁਹੇਲਾ ਹੋ ਜਾਂਦਾ ਹੈ।

ਅਗਲਾ ਗੁਰਵਾਕ ਭੀ ਆਨਮਤ ਪਾਖੰਡ ਕਰਮ ਦੀ ਪੋਲ ਨੂੰ ਖੂਬ ਖੋਲ੍ਹਦਾ ਹੈ। ਯਥਾ ਗੁਰਵਾਕ—

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥ ੧
॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥ ੧ ॥
ਰਹਾਉ ॥ ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥
ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥ ੨ ॥
ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ
ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥ ੩ ॥ ਜੇਤੇ ਜੀਅ ਲਿਖੀ
ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ
॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥ ੪ ॥ ੩ ॥

(ਬਸੰਤ ਮਃ ੧, ਪੰਨਾ ੧੧੬੮-੬੯)

ਵਿਆਖਿਆ— ਨਾਮ ਸਿਮਰਨ ਤੁਲ ਕੋਈ ਧਰਮ ਨਹੀਂ। ਭਾਵੇਂ ਸੋਇਨੇ ਦਾ ਚਉਕਾ ਹੋਵੈ ਅਤੇ ਸੋਨੇ ਦੇ ਹੀ ਕਰੂਏ (ਗਾਗਰ ਮਟਕੇ ਲੋਟੇ ਆਦਿਕ ਬਰਤਨ) ਹੋਣ। ਚਾਂਦੀ ਦੀਆਂ ਹੀ ਕਾਰਾਂ

ਕਢੀਆਂ ਜਾਣ। ਏਡਾ ਵੱਡਾ ਅਡੰਬਰ ਬਹੁਤ ਸਾਰਾ ਕੀਤਾ ਜਾਵੇ। ਗੰਗਾ ਦਾ ਜਲ ਲਿਆ ਕੇ ਚਉਕੇ ਵਿਚਿ ਵਰਤਿਆ ਜਾਵੇ। ਯਗ ਹਵਨ ਦੀ ਪਵਿੱਤਰ ਸਮਝੀ ਗਈ ਅੱਗ ਉਸ ਚਉਕੇ ਵਿਚਿ ਜਲਾਈ ਜਾਏ ਜੋ ਸੂਰਜ ਦੀਆਂ ਕਿਰਣਾਂ ਚੋਂ ਯਾ ਪੱਥਰ ਘਸਾ ਕੇ ਮਚਾਈ ਜਾਂਦੀ ਹੈ। ਐਸੇ ਚਉਕੇ ਵਿਚਿ ਦੁੱਧ ਨਾਲਿ ਮਿਲਾ ਕੇ ਚਉਲਾਂ ਦੇ ਨਰਮ ਖਾਣੇ ਦੀ ਪਵਿੱਤਰ ਰਸੋਈ ਕੀਤੀ ਜਾਵੇ ਅਤੇ ਐਸੀ ਰਸੋਈ ਦਾ ਬਣਿਆ ਆਹਾਰ ਭੁੰਚਿਆ ਜਾਵੇ। ਏਡੇ ਅਡੰਬਰੀ ਆਹਾਰ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ, ਜਦ ਤੋੜੀ ਸੱਚੇ ਨਾਮ ਦੀ ਅਭਿਆਸ ਕਮਾਈ ਕਰਕੇ ਭਿਜਿਆ ਨਾ ਜਾਵੇ। ਲੇਖੇ ਪੈਂਦੀ ਹੈ ਤਾਂ ਗੁਰਮਤਿ ਨਾਮ ਦੀ ਰਸ-ਭਿੰਨੀ ਕਮਾਈ ਹੀ ਲੇਖੇ ਪੈਂਦੀ ਹੈ। ਹੋਰ ਆਨਮਤ ਕਰਮ ਕਿਸੇ ਭੀ ਲੇਖੇ ਨਹੀਂ ਪੈਂਦੇ। ਅਠਾਰਾਂ ਹੀ ਪੁਰਾਣ ਆਪਣੇ ਹਥੀਂ ਲਿਖ ਕੇ ਪਾਸ ਧਰੇ ਹੋਏ ਹੋਣ। ਚਾਰੇ ਹੀ ਬੇਦਾਂ ਦਾ ਮੂੰਹ-ਜ਼ਬਾਨੀ ਪਾਠ ਚੇਤੇ ਹੋਵੇ ਅਤੇ ਨਿਤਾਪ੍ਰਤਿ ਕੀਤਾ ਜਾਵੇ। ਖਾਸ ਆਨਮਤੀ ਤਿਉਹਾਰਾਂ ਸਮੇਂ ਸਾਰੇ ਆਨਮਤੀ ਤੀਰਥਾਂ ਤੇ ਨ੍ਹਾਇਆ ਜਾਵੇ। ਖਤਰੀ ਬ੍ਰਾਹਮਣ ਆਦਿਕ ਵਰਨਾਂ ਲਈ ਜੋ ਦਾਨ ਪੁੰਨ ਕਰਨੇ ਲਿਖੇ ਹਨ (ਆਨਮਤੀ ਪੁਸਤਕਾਂ ਵਿਚਿ) ਉਹ ਭੀ ਕੀਤੇ ਜਾਣ ਅਤੇ ਐਨ ਪੁਰਬੀ ਲਗੀ ਸਮੇਂ, ਅਭੀਚ ਨਛੱਤ੍ਰ ਸਮੇਂ ਕੀਤੇ ਜਾਣ। ਹਿੰਦੂ ਮੱਤ ਦੇ ਵਰਤ ਨੇਮ ਸੰਜਮ ਸਾਰੇ ਹੀ ਕੀਤੇ ਜਾਣ ਅਤੇ ਦਿਨੇ ਰਾਤ ਲਗਾਤਾਰ ਹਫ਼ਤਿਆਂ ਬਧੀ ਬਰਸਾਂ ਬਧੀ ਕੀਤੇ ਜਾਣ। ਅਜਿਹੇ ਆਨਮਤੀ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ। ਅਜਾਈਂ ਜਾਂਦੇ ਹਨ।

ਭਾਵੇਂ ਮੁਸਲਮਾਨੀ ਮੱਤ ਦੇ ਕਾਜ਼ੀ ਮੁੱਲਾਂ ਅਤੇ ਸ਼ੇਖ ਕਿਤਨੇ ਹੀ ਕੁਰਾਨ ਕਤੇਬੀ ਮਸਲੇ ਅਤੇ ਸ਼ਰਾਅ ਦੇ ਕਰਮ ਕਮਾਉਣ ਵਾਲੇ ਹੋਣ। ਅਤੇ ਹਿੰਦੂ ਮੱਤ ਦੇ ਭਾਵੇਂ ਕਿਤਨੇ ਹੀ ਜੋਗੀ ਜੰਗਮ ਸੰਨਿਆਸੀ ਉਦਾਸੀ ਭਗਵੇਂ ਭੇਸ ਦਾ ਵੇਸ ਧਾਰ ਕੇ ਆਨਮਤ ਧਰਮਾਂ ਦੇ ਅਨੇਕਾਂ ਕਰਮਾਂ ਨੂੰ ਕਰਨਹਾਰੇ ਹੋਣ ਅਤੇ ਭਾਵੇਂ ਕਿਤਨੇ ਹੀ ਗ੍ਰਿਹਸਤੀ ਕਰਮਾਂ ਦੀ ਸੇਧ ਮਿਲਾ ਕੇ ਕਰਮ ਕਮਾਉਣ ਵਾਲੇ ਹੋਣ। ਏਹਨਾਂ ਸਾਰੇ ਹੀ ਆਨਮਤ ਕਰਮਾਂ ਦੇ ਕਰਨਹਾਰੇ ਜਮਪੁਰ ਬੰਨ੍ਹ ਕੇ ਚਲਾਏ ਜਾਣਗੇ। ਕਿਸੇ ਦਾ ਲਿਹਾਜ਼ ਨਹੀਂ ਕੀਤਾ ਜਾਊ। ਗੁਰਮਤਿ ਨਾਮ ਨੂੰ ਬੁਝੇ ਬਿਨਾਂ, ਤੇ ਬੁਝ ਕੇ ਕਮਾਏ ਬਿਨਾਂ ਬੰਦ ਖਲਾਸੀ ਕਦੇ ਭੀ ਨਹੀਂ ਹੁੰਦੀ, ਇਹਨਾਂ ਆਨਮਤ ਕਰਮਾਂ ਦੇ ਕਮਾਉਣ ਕਰਿ ਕਦਾਚਿਤ ਨਹੀਂ ਹੋ ਸਕਦੀ। ਜਿਤਨੇ ਭੀ ਜੀਅ ਜੰਤ ਹਨ, ਸਭਨਾਂ ਦੇ ਸਿਰ ਤੇ ਕਾਰ ਲਿਖੀ ਹੋਈ ਹੈ। ਉਸ ਲਿਖੀ ਕਾਰ ਲਿਖਤ ਦੇ ਅਨੁਸਾਰ ਹੀ ਉਹ ਕਰਮ ਕਮਾਉਂਦੇ ਹਨ। ਪ੍ਰੰਤੂ ਗੁਰਮਤਿ ਕਰਣੀ ਹੀ ਸਭ ਤੋਂ ਪਰਧਾਨ ਕਰਮਣੀ ਸ੍ਰੇਸ਼ਟ ਕਾਰ ਹੈ। ਜਦ ਨਿਸਤਾਰਾ ਹੋਣਾ ਹੈ ਤਾਂ ਗੁਰਮਤਿ ਸਿਫਤਿ ਸਾਲਾਹੀ ਸੱਚੀ ਸਾਰ ਕਰਣੀ ਦੁਆਰਾ ਹੀ ਹੋਣਾ ਹੈ। ਸਾਚੇ ਦੀ ਸਿਫਤ ਸਾਲਾਹ ਦੇ ਭੰਡਾਰ ਗੁਰੂ ਨਾਨਕ ਸਾਹਿਬ ਦੇ ਘਰ ਦਰ ਦਰਬਾਰ ਵਿਚਿ ਖੁਲ੍ਹੇ ਹਨ। ਜੋ ਏਸ ਦਰ ਦਰਬਾਰ ਨੂੰ ਛਡ ਕੇ ਹੋਰ ਥਾਵੀਂ, ਹੋਰਨੀਂ ਆਨਮਤ ਦੇ ਘਰੀਂ ਦਰੀਂ ਟੱਕਰਾਂ ਮਾਰਦੇ ਫਿਰਦੇ ਹਨ ਓਹ ਮਨਮਤੀਏ ਮੂਰਖ ਗਵਾਰ ਹਨ। ਉਹ ਲੋਕਾਂ ਉਤੇ ਆਪਣੀ ਮਨਮਤਿ ਦੀ ਆਨਮਤ ਕਰਮੀ ਈਨ ਜਮਾ ਕੇ ਆਪਣਾ ਹੁਕਮ ਚਲਾਉਣਾ ਚਾਹੁੰਦੇ ਹਨ, ਸੋ ਸਭ ਬਿਰਥਾ ਹੈ। ਕਿਤਨੇ ਹੀ ਆਪ-ਪੰਥੀ ਆਪਣੀ ਆਪਣੀ ਕਰਮ ਧਰਮ ਹੁਕਮੀ ਈਨ ਚਲਾ ਕੇ ਚਲੇ ਗਏ, ਓੜਕ ਇਹ ਮੀਣੇ ਰਸਾਤਲੀਂ ਹੀ ਜਾ ਪਏ। ਏਹਨਾਂ ਦੇ ਮਨਮਤਿ ਕਰਮ ਏਹਨਾਂ ਨੂੰ ਨਾ ਹੀ ਸਹਾਈ ਹੋਏ। ਨਾ ਇਹਨਾਂ ਦੇ ਪਿਛਲੱਗਾਂ ਨੂੰ ਏਹਨਾਂ ਆਨਮਤ ਮਨਮਤੀ ਕਰਮਾਂ ਦੀ ਕੋਈ ਸਹਾਇਤਾ ਹੋਈ। ਏਸੇ ਅਗਲੇ ਗੁਰਵਾਕ ਵਿਚਿ ਦੱਸੇ ਆਨਮਤ ਕਰਮੀ ਮਨਮਤੀਆਂ ਦੀ ਦੁਰਗਤਿ ਅਤੇ ਦੁਰਦਿਸ਼ਾ ਹੋਵੇਗੀ। ਯਥਾ ਗੁਰਵਾਕ—

ਬਸਤ੍ਰ ਉਤਾਰਿ ਦਿਗੰਬਰ ਹੋਗੁ ॥ ਜਟਾ ਧਾਰਿ ਕਿਆ ਕਮਾਵੈ ਜੋਗੁ ॥ ਮਨੁ ਨਿਰਮਲੁ ਨਹੀ ਦਸਵੈ ਦੁਆਰ ॥ ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ ॥ ੧ ॥ ਏਕ ਧਿਆਵਹੁ ਮੂੜ੍ਹ ਮਨਾ ॥ ਪਾਰਿ ਉਤਰਿ ਜਾਹਿ ਇਕ ਖਿਨਾਂ ॥ ੧ ॥ ਰਹਾਉ ॥ ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥ ਨਾਦੀ ਬੇਦੀ ਪੜਹਿ ਪੁਰਾਣ ॥ ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੈ ਰਮਈਆ ਨੇੜਿ ਨਾਹਿ ॥ ੨ ॥ ਜੇ ਕੋ ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ ਪੂਜਾ ਕਰੇਇ ॥ ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨ ਕੈਸੇ ਪਾਹਿ ॥ ੩ ॥ ਕੀਤਾ ਹੋਆ ਕਰੇ ਕਿਆ ਹੋਇ ॥ ਜਿਸ ਨੋ ਆਪਿ ਚਲਾਏ ਸੋਇ ॥ ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾ ਸਾਚਾ ਪਾਏ ॥ ੪ ॥ ਜਿਸੁ ਜੀਉ ਅੰਤਰੁ ਮੈਲਾ ਹੋਇ ॥ ਤੀਰਥ ਭਵੈ ਦਿਸੰਤਰਿ ਲੋਇ ॥ ਨਾਨਕ ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤੂਟਸਿ ਬੰਧ ॥ ੫ ॥ ੪ ॥

(ਬਸੰਤੁ ਮਃ ੧, ਪੰਨਾ ੧੧੬੯)

ਇਸ ਗੁਰਵਾਕ ਦਾ ਤਤ ਵਿਆਖਤ ਭਾਵ ਇਹ ਹੈ ਕਿ ਗੁਰਮਤਿ ਨਾਮ ਤੋਂ ਬਿਨਾਂ ਕਿਸੇ ਭੀ ਆਨਮਤ ਕਰਮ ਕੀਤਿਆਂ ਮਨ ਕਦੇ ਨਿਰਮਲ ਨਹੀਂ ਹੁੰਦਾ। ਆਨਮਤ ਕਰਮਾਂ ਦੇ ਸਾਧਨ ਸਭਿ ਫੋਕਟ ਹਨ। ਇਕੋ ਸਾਧਨ ਵਰਤਣਾ ਹੀ ਉਚਿਤ ਹੈ, ਜੋ ਗੁਰੂ ਕੀ ਸੰਗਤ ਵਿਚੋਂ ਮਿਲਦਾ ਹੈ। ਅਨੇਕਾਂ ਐਸੇ ਆਨਮਤਿ ਕਰਮੀ ਪਰਪੰਚੀ ਪਾਖੰਡੀ ਲੋਗ ਹਨ ਜੋ ਤਨ ਬਦਨ ਦੇ ਸਾਰੇ ਬਸਤਰ ਉਤਾਰ ਕੇ ਨਾਂਗੇ (ਦਿਗੰਬਰ) ਬਣਿ ਬੈਠਦੇ ਹਨ, ਪਰ ਨੰਗੇ ਰਹਿਆਂ ਤੇ ਨੰਗ-ਧੜੰਗੇ ਫਿਰਿਆਂ ਜੇ ਮੁਕਤੀ ਪ੍ਰਾਪਤਿ ਹੋ ਜਾਵੇ ਤਾਂ ਬਨਾਂ ਦੇ ਮਿਰਗ ਸਾਰੇ ਹੀ ਮੁਕਤ ਹੋ ਜਾਣੇ ਚਾਹੀਦੇ ਹਨ। ਨੰਗਿਆਂ ਧੜੰਗਿਆਂ ਫਿਰਿਆਂ ਪਾਖੰਡੀ ਸਾਧ ਹੀ ਸਦਾਈਦਾ ਹੈ। ਇਸ ਪਾਖੰਡ ਭੇਖ ਕੀਤਿਆਂ ਕਦੇ ਮੁਕਤੀ ਨਹੀਂ ਹੁੰਦੀ। ਹੋਰ ਅਜਿਹੇ ਹੀ ਆਨਮਤ ਪਾਖੰਡ ਸਾਧਨਾਂ ਨੂੰ ਸਾਧਣਹਾਰ ਜੋਗੀ ਬਣੇ ਫਿਰਦੇ ਹਨ। ਪਰ ਨਿਰੇ ਜਟਾਧਾਰੀ ਜੋਗੀ ਪਰਪੰਚ ਕਰਮਾਰੀ ਹੋਇਆਂ ਕਿਆ ਖ਼ਾਕ ਜੋਗ ਕਮਾਇਆ ਜਾਂਦਾ ਹੈ? ਜੋਗ ਦਾ ਦਰ ਦੂਰ ਹੈ। ਸੱਚੜਾ ਜੋਗ ਮਨਮਤੀਆਂ ਦੀ ਕਿਰਿਆ ਤੋਂ ਕਾਫ਼ੂਰ ਹੈ। ਮਨ ਤਾਂ ਉਹਨਾਂ ਦਾ ਨਿਰਮਲ ਨਹੀਂ ਹੁੰਦਾ। ਦਸਮੇ ਦੁਆਰੇ ਪਉਣ ਚੜ੍ਹਾਉਣ ਦੇ ਯਤਨ ਉਨ੍ਹਾਂ ਦੇ ਨਿਸਫਲ ਹੀ ਜਾਂਦੇ ਹਨ। ਦਸਮੇ ਦੁਆਰ ਪਉਣ ਚੜ੍ਹਾਉਣ ਦਾ ਪਰਪੰਚ-ਕਰਮੀ ਜੋਗ ਕਰਿ ਕਰਿ ਥਕਿ ਰਹਿੰਦਾ ਹੈ। ਪਉਣ ਉਪਰ ਨੂੰ ਚੜ੍ਹਾਉਂਦਾ ਹੈ, ਹਠ ਯੋਗ ਕਰਿ ਕਰਿ, ਪਰ ਭਰਮ ਭਰਮ ਕੇ ਮੁੜਿ ਆਉਂਦਾ ਹੈ। ਮੂੜ੍ਹਾ ਮੁਗਧ ਗਵਾਰ, ਦਸਮੇ ਦਵਾਰ ਪਹੁੰਚਣਾ ਹੀ ਨਹੀਂ ਪਾਉਂਦਾ। ਠਹਿਰਾਉ ਕਿਵੇਂ ਹੋਵੇ। ਭਰਮ ਭਰਮ ਕੇ ਪਚਦਾ ਰਹਿੰਦਾ ਹੈ। ਇਸ ਹਠ ਯੋਗ ਕਿਰਿਆ ਦੁਆਰਾ ਨਾਹੀਂ ਦਸਮ ਦਵਾਰਾ ਮਿਲਦਾ ਹੈ ਨਾਹੀਂ ਮਨ ਨਿਰਮਲ ਹੁੰਦਾ ਹੈ। ਤਾਂ ਕਾਹਦਾ ਯੋਗ ਕਮਾਵਣਾ ਹੈ ਅਤੇ ਕਾਹਦਾ ਦਸਮ ਦੁਆਰੇ ਪਉਣ ਚੜ੍ਹਾਵਣਾ ਹੈ? ਸਭ ਬਿਰਥੀ ਫੋਕਟ ਕਿਰਿਆ ਹੈ।

ਗੁਰੂ ਸਾਹਿਬ ਐਸੇ ਮੂੜ੍ਹ ਮਨ ਵਾਲੇ ਹਠ-ਯੋਗੀ ਆਨਮਤ ਪਰਪੰਚ ਕਰਮੀ ਨੂੰ ਉਪਦੇਸ਼ ਦਿੰਦੇ ਹਨ ਕਿ ਹੇ ਮੂੜ੍ਹ ਮਨ ਮੁਘਧੀ ਪਾਖੰਡੀ ਜਨ! ਇਕ ਅਕਾਲ ਪੁਰਖ ਦੇ ਗੁਰਮਤਿ ਨਾਮ ਅਭਿਆਸ ਦੁਆਰਾ ਧਿਆਨ ਧਰੋ, ਤਾਂ ਸੁਤੇ ਹੀ ਇਹ ਸਹਜ ਯੋਗ ਦੀ ਕਮਾਈ ਕੀਤਿਆਂ ਦਸਮ ਦੁਆਰ ਭੀ ਖੁਲ੍ਹ ਜਾਂਦਾ ਹੈ ਅਤੇ ਮਨ ਭੀ ਸੱਚੇ ਟਿਕਾਉ ਵਿਚਿ ਆ ਜਾਂਦਾ ਹੈ। ਜਦੋਂ ਇਹ ਪਦ ਪ੍ਰਾਪਤਿ

ਹੋਇਆ, ਦਸਮੇ ਦੁਆਰਿ ਮਨ ਠਹਿਰਾਉਂਦਾ ਹੈ ਤਾਂ ਇਕ ਫੇਰੇ ਵਿਚਿ ਇਸ ਭਵ-ਸਾਗਰ ਤੋਂ ਪਾਰ ਉਤਰ ਜਾਣ ਦਾ ਸਰੰਜਾਮ ਬਣਿ ਜਾਂਦਾ ਹੈ।

ਸਿਮਰਤੀਆਂ ਸ਼ਾਸਤ੍ਰਾਂ ਦਾ ਬਹੁ ਭਾਰੀ ਵਖਿਆਣ ਕਹਿਆਂ ਸੁਣਿਆਂ ਭੀ ਕੁਛ ਨਹੀਂ ਬਣਦਾ। ਉਹਨਾਂ ਦੀਆਂ ਨਾਦ-ਧੁਨੀਆਂ ਅਤੇ ਧੁਨਾਉਣਹਾਰੇ ਅਤੇ ਬੇਦ-ਮੰਤਰ ਉਚਾਰਣ-ਹਾਰਿਆਂ ਤੇ ਪੁਰਾਨਾਂ ਦੇ ਪੜ੍ਹਨ-ਹਾਰਿਆਂ ਨੂੰ ਭੀ ਕੁਛ ਲਭਤਾ ਨਹੀਂ ਹੁੰਦੀ। ਐਸੇ ਪਾਖੰਡ-ਦ੍ਰਿਸ਼ਟੀ ਵਾਲਿਆਂ ਅਤੇ ਮਨਿ ਕਪਟ ਕਮਾਉਣ ਵਾਲਿਆਂ ਦੇ ਰਮਈਆ ਨੇੜੇ ਨਹੀਂ ਢੁਕਦਾ।

ਅਨੇਕ ਸੰਜਮਾਂ ਕਰ ਕੇ ਇੰਦ੍ਰਿਆਂ ਨੂੰ ਵਸਿ ਕਰਨ ਦੇ ਸਾਧਨ ਕਮਾਉਣਹਾਰਾ, ਵਿਸ਼ੇਸ਼ ਕਰਮੀ ਸੰਜਮ ਕਰਨਹਾਰਾ ਸੰਜਮੀ ਭੀ ਭਾਵੇਂ ਕੋਈ ਹੋਵੇ, ਉਸ ਦਾ ਭੀ ਵਿਸ਼ੇਸ਼ ਕਰਮੀ ਸੰਜਮ ਬਿਰਥਾ ਹੀ ਜਾਂਦਾ ਹੈ। ਕਿਉਂਕਿ ਐਨੇ (ਏਤਨੇ) ਆਨਮਤ ਪਾਖੰਡ ਕਰਦਿਆਂ ਭੀ ਉਸ ਦਾ ਮਨ ਬਿਖ ਮਾਇਆ ਵਿਚਿ ਹੀ ਖਪਤ ਰਹਿੰਦਾ ਹੈ ਅਤੇ ਹਿਰਦਾ (ਅੰਤਰੁ) ਲੋਭ ਨਾਲਿ ਹੀ ਲਿਬੜਿਆ ਰਹਿੰਦਾ ਹੈ। ਐਸੇ ਪਾਖੰਡ ਕਰਮੀ ਪੁਰਸ਼ਾਂ ਨੂੰ ਨਿਰੰਜਨ ਵਾਹਿਗੁਰੂ ਪਰਮਾਤਮਾ ਦੀ ਪ੍ਰਾਪਤੀ ਭਲਾ ਕਿਵੇਂ ਹੋ ਸਕਦੀ ਹੈ? ਹੋ ਹੀ ਨਹੀਂ ਸਕਦੀ।

ਕਰਤੇ ਪੁਰਖ ਦੇ ਕੀਤੇ ਹੋਏ ਅਲਪਗ ਜੰਤ ਦਾ ਚਾਰਾ ਕੁਛ ਨਹੀਂ ਚਲਦਾ। ਉਸ ਦੇ ਕੀਤੇ ਕੁਛ ਨਹੀਂ ਬਣਦਾ। ਉਸ ਮਨਮਤੀਏ ਦਾ ਕੀਤਾ ਕਰਮ ਕਿਸੇ ਲੇਖੇ ਨਹੀਂ ਪੈਂਦਾ। ਜਿਸ ਨੂੰ ਕਰਤਾ ਪੁਰਖ ਆਪਿ ਸੁਮੱਤੇ ਲਾਏ, ਉਹ ਸੱਚੇ ਸੁਮਾਰਗ ਤੇ ਚਲਦਾ ਹੈ। ਜਿਸ ਦੇ ਉਪਰ ਸੱਚੇ ਸਾਹਿਬ ਦੀ ਨਦਰਿ ਮੇਹਰ ਹੋਵੇ, ਉਸ ਦਾ ਹੀ ਆਨਮਤ ਕਰਮੀ ਭਰਮ-ਭੁਲਾਵਾ ਚੁਕਿਆ ਜਾਂਦਾ ਹੈ। ਨਦਰਾਂ ਕਰਮਾਂ ਵਾਲਿਆਂ ਨੂੰ ਹੀ ਸੱਚੇ ਵਾਹਿਗੁਰੂ ਦੇ ਸੱਚੜੇ ਹੁਕਮ ਦੀ ਸੂਝ ਬੂਝ ਆਉਂਦੀ ਹੈ। ਇਸ ਸੱਚ-ਹੁਕਮੀ-ਸੋਝੀ ਪੈਣ ਕਰਿ ਹੀ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਐਵੇਂ ਨਹੀਂ। ਆਨਮਤਿ ਕਰਮ ਕਰਿਆਂ ਤੋਂ ਸਗੋਂ ਅੰਦਰਲਾ ਜੀਵ-ਆਤਮਾ ਮੈਲਾ ਹੀ ਹੁੰਦਾ ਹੈ। ਭਾਵੇਂ ਸਾਰੇ ਦੇਸ-ਦੇਸਾਂਤਰੀ ਤੀਰਥਾਂ ਤੇ ਨ੍ਹਾਉਂਦਾ ਫਿਰੇ ਅਤੇ ਸਾਰੀਆਂ ਲੋਆਂ ਖੰਡਾਂ ਪੁਰੀਆਂ ਵਿਖੇ ਭਉਂਦਾ ਫਿਰੇ। ਕੁਛ ਉਚੇ ਭਾਗ ਹੋਣ ਤਾਂ ਸੱਚੇ ਸਤਿਗੁਰੂ ਗੁਰੂ ਨਾਨਕ ਦੇ ਘਰ ਦੀ ਸੰਗਤਿ ਵਿਚਿ ਨਿਵਾਸ ਹੋਵੇ ਤਾਂ ਭਉਜਲ ਦੇ ਸਾਰੇ ਬੰਧ ਟੁਟ ਜਾਣ। ਨਹੀਂ ਤਾਂ ਆਨਮਤੀ ਕਰਮ ਕਰੰਦਿਆਂ ਸਗੋਂ ਹੋਰ ਫੰਧੇ ਗਲ ਵਿਚਿ ਪੈਂਦੇ ਹਨ।

ਅਗਲੇ ਗੁਰ ਪ੍ਰਮਾਣ ਵਿਚਿ ਹੋਰ ਭੀ ਖੋਲ੍ਹ ਕੇ ਪੋਲ ਖੋਲ੍ਹਿਆ ਹੈ ਆਨਮਤ ਪਾਖੰਡ ਕਰਮ ਦਾ। ਯਥਾ ਗੁਰਵਾਕ—

**ਹਰਿ ਜੀਉ ਅੰਤਰਜਾਮੀ ਜਾਨ ॥ ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ ॥ ੧ ॥ ਰਹਾਉ ॥ ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥ ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥ ੧ ॥ ਕਰਹਿ ਸੋਮਪਾਕੁ ਹਿਰਹਿ ਪਰਦਰਬਾ ਅੰਤਰਿ ਝੂਠ ਗੁਮਾਨ ॥ ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥ ੨ ॥ ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥ ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ ॥ ੩ ॥ ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ**

ਭਗਵਾਨ ॥ ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ ॥ ੪ ॥ ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੋੁਲਾਨ ॥ ਸਾਧ ਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ ॥ ੫ ॥ ੨ ॥

(ਸਾਰੰਗ ਮਃ ੫, ਪੰਨਾ ੧੨੦੨-੩)

ਵਿਆਖਿਆ— ਘਟ ਘਟ ਕੇ ਪਟ ਪਟ ਕੀ ਜਾਨਣਹਾਰਾ ਵਾਹਿਗੁਰੂ ਅੰਤਰਜਾਮੀ ਪ੍ਰਾਣੀਆਂ ਦੇ ਪਾਖੰਡ ਕੁਕਰਮਾਂ ਦੀ ਗਤੀ ਦਾ ਜਾਣੂ ਹੈ, ਭਾਵੇਂ ਕੋਈ ਕਿਤਨਾ ਹੀ ਲੁਕ ਛਿਪ ਕੇ ਕੁਕਰਮ ਕਰੇ। ਮਾਨੁਖ ਮਾਨੁਖ ਨਾਲਿ ਜੋ ਬੁਰਾਈ ਕਰਦਾ ਹੈ, ਉਹ ਕੀਤੀ ਬੁਰਾਈ ਮਨੁਸ਼ਾਂ ਪਾਸੋਂ ਤਾਂ ਛਿਪ ਸਕਦੀ ਹੈ, ਪ੍ਰੰਤੂ ਵਾਹਿਗੁਰੂ ਅੰਤਰਜਾਮੀ ਪਾਸੋਂ ਨਹੀਂ ਛਿਪ ਸਕਦੀ, ਜੋ ਪਉਣ ਸਮਾਨ ਹਰ ਥਾਂ ਹਰ ਅਸਥਾਨ ਤੇ ਮਉਜੂਦ ਹਾਜ਼ਰ ਨਾਜ਼ਰ ਹੈ। ਇਸ ਕਰਕੇ, ਅਰਥਾਤ, ਹਰ ਜਗ੍ਹਾ ਹਾਜ਼ਰ ਨਾਜ਼ਰ ਹੋਣ ਕਰਿ ਸਾਰਿਆਂ ਦੀਆਂ ਬੁਰਿਆਈਆਂ, ਸਭਸ ਦੇ ਬੁਰੇ ਕਰਮਾਂ ਦਾ ਸ਼ਾਹਦੇ ਹਾਲ ਹੈ, ਸਭ ਆਪਣੀ ਅਖੀਂ ਦੇਖਦਾ ਹੈ। ਉਸ ਤੋਂ ਕੋਈ ਭੀ ਬੁਰਾ ਪਾਖੰਡ-ਕਰਮ ਗੁੱਝਾ ਛਿਪਿਆ ਨਹੀਂ ਰਹਿ ਸਕਦਾ। ਬੈਸ਼ਨੋ ਨਾਉਂ ਸਦਾਉਣ ਵਾਲਾ ਪਾਖੰਡ-ਕਰਮੀ ਉਪਰੋਂ ਤਾਂ ਸ਼ਾਸਤ੍ਰਾਂ ਦੇ ਦਸੇ ਹੋਏ ਛੇ ਕਰਮ (ਬੇਦ ਪੜ੍ਹਨਾ ਪੜ੍ਹਾਉਣਾ, ਯਗ ਕਰਨਾ ਕਰਾਉਣਾ, ਦਾਨ ਦੇਣਾ ਦਿਵਾਉਣਾ) ਕਰਦਾ ਹੈ, ਪਰ ਅੰਦਰਖਾਨੇ ਉਸ ਦੇ ਲੋਭ-ਮਈ ਜੂਠ ਹੀ ਜੂਠ ਭਰੀ ਹੋਈ ਹੁੰਦੀ ਹੈ। ਤਾਂ ਤੇ ਉਸ ਦੇ ਖਟ ਕਰਮ ਸ਼ਾਸਤ੍ਰ ਵਾਲੇ ਕੀਤੇ ਕਰਮ ਸਭ ਨਿਸਫਲ ਹੀ ਜਾਂਦੇ ਹਨ, ਕਿਉਂਕਿ ਉਹ ਪਾਖੰਡ ਰੂਪ ਹਨ। ਜਿਹੜੇ ਲੋਗ ਸੰਤ ਸਭਾ ਦੀ ਨਿੰਦਿਆ ਕਰਦੇ ਹਨ ਅਤੇ ਆਪਣੇ ਆਪ ਨੂੰ ਗਿਆਨੀ ਕਹਾਉਂਦੇ ਹਨ, ਇਹ ਸਭ ਅਗਿਆਨ ਵਿਚ ਡੁਬੇ ਹੋਏ ਹਨ ਤੇ ਇਨ੍ਹਾਂ ਦਾ ਨਿੰਦਾ ਕਰਨ ਵਾਲਾ ਕਰਮ ਮਹਾਂ ਨਿੰਦਤ ਹੈ ਅਤੇ ਨਿਰੀ ਅਭਿਮਾਨਤਾ ਭਰਿਆ ਹੈ। ਸੋ ਇਹ ਅਗਿਆਨਤਾ ਉਹਨਾਂ ਨੂੰ ਓੜਕ ਡੋਬ ਲੈ ਜਾਂਦੀ ਹੈ।

ਜੋ ਲੋਗ ਚੰਦਰਮਾ ਦੀ ਰੌਸ਼ਨੀ ਨਾਲਿ ਪਕੇ ਹੋਏ ਫਲਾਂ ਦਾ ਅਹਾਰ ਕਰਦੇ ਹਨ ਅਤੇ ਚੰਦਰਮਾ ਨੂੰ ਦੇਖ ਕੇ ਉਸ ਦੀ ਕਲਾ ਅਨੁਸਾਰ ਅਹਾਰ ਘਟਾਈ ਵਧਾਈ ਜਾਂਦੇ ਹਨ, ਯਾ ਬਿਨ ਪਕਵਾਨ (ਘਿਉ ਵਿਚ ਪਕੇ ਹੋਏ ਭੋਜਨ) ਦੇ ਹੋਰ ਕੁਛ ਖਾਂਦੇ ਨਹੀਂ ਤੇ ਉਹ ਆਪਣਾ ਪਕਾਇਆ ਹੋਇਆ ਭੋਜਨ ਹੀ ਖਾਂਦੇ ਹਨ। ਐਸੇ ਸੋਮਪਾਕੀਆਂ ਦੇ ਸੋਮਪਾਕ-ਕਰਮ ਸਭ ਪਾਖੰਡ ਰੂਪ ਹਨ, ਕਿਉਂਕਿ ਉਹਨਾਂ ਦੇ ਅੰਦਰ ਨਿਰਾ ਝੂਠ ਗੁਮਾਨ ਹੀ ਹੁੰਦਾ ਹੈ। ਪਰਾਏ ਦਰਬ (ਮਾਲ) ਨੂੰ ਚੁਰਾਉਣ (ਹਿਰਨ) ਤੋਂ ਹੀ ਉਹ ਦਰੇਗ਼ ਨਹੀਂ ਕਰਦੇ। ਜਿਹੜੇ ਲੋਗ ਸ਼ਾਸਤ੍ਰ ਬੇਦ ਦੀ ਬਿਧੀ ਤੋਂ ਆਪਣੇ ਆਪ ਨੂੰ ਜਾਣੂ ਕਹਾਉਂਦੇ ਹਨ, ਪਰ ਅਮਲ ਦੇ ਥੋਥੇ ਹਨ, ਉਹਨਾਂ ਨੂੰ ਜਾਣੋ ਕਿ ਸ਼ਾਸਤ੍ਰ-ਬਿਧੀ ਦੇ ਜਾਣੂ ਹੀ ਨਹੀਂ। ਸ਼ਾਸਤ੍ਰ-ਬਿਧੀ ਪਾਖੰਡ ਕਰਮ ਕਰਨੇ ਹੀ ਜਣਾਉਂਦੀ ਹੈ। ਤਾਂ ਤੇ ਇਸ ਪਾਖੰਡ-ਕਰਮ ਦੇ ਕਰਨ ਕਰਕੇ ਉਹ ਆਪਣੇ ਮਨ ਦੇ ਮਾਨ ਵਿਚਿ ਮੱਤੇ ਰਹਿੰਦੇ ਹਨ। ਉਹਨਾਂ ਦਾ ਸ਼ਾਸਤ੍ਰ-ਬੇਦ-ਕਰਮੀ ਹੋਣਾ ਕਿਸ ਅਰਥ? ਕਿਸੇ ਲੇਖੇ ਭੀ ਨਹੀਂ।

ਜਿਹੜੇ ਪਾਖੰਡੀ ਲੋਗ ਆਨਮਤੀ ਦਿਖਾਵੇ-ਮਾਤਰ ਸੰਧਿਆ ਤਰਪਣ ਗਾਇਤ੍ਰੀ ਕਰਦੇ ਹਨ ਅਤੇ ਸਾਰੇ ਬਰਤ ਰਖਦੇ ਹਨ, ਇਹ ਉਹਨਾਂ ਪਾਖੰਡੀਆਂ ਆਨਮਤੀਆਂ ਦੇ ਬਰਤ ਨੇਮ ਬੰਧਿਆ ਕਰਮ ਆਦਿਕ ਸਭ ਉਦਰ-ਪੂਰਨਾ ਵਾਲੇ ਹੀ ਪਾਖੰਡ-ਕਰਮ ਹਨ। ਜੈਸੇ ਕਿ ਕੋਈ ਨਿਤ

 www.sikhbookclub.com

ਮੁਸਾਫ਼ਰੀਆਂ ਵਿਚਿ ਰਹਿਣ ਸਫ਼ਰੀ ਮਦਾਰੀ ਆਦਿਕ ਆਪਣੀ ਰੋਜ਼ੀ ਕਮਾਉਣ ਹਿਤ ਮਦਾਰੀ ਵਾਲੇ ਦੰਭ ਦਿਖਾਉਂਦਾ ਹੈ ਅਤੇ ਪਾਖੰਡ-ਕਰਮ ਕਮਾਉਂਦਾ ਹੈ, ਇਹਨਾਂ ਨਿਹਫਲ ਕਰਮੀਆ ਦੇ ਸਭ ਕਰਮ ਕੀਤੇ ਨਿਹਫਲ ਹੀ ਹਨ। ਏਹਨਾਂ ਨੂੰ ਏਹਨਾਂ ਦੇ ਪੂਰਬਲੇ ਕਰਮਾਂ ਦੀ ਕੋਈ ਸਜ਼ਾ ਹੀ ਮਿਲੀ ਹੋਈ ਹੁੰਦੀ ਹੈ ਪਰਮਾਤਮਾ ਵਲੋਂ, ਜੋ ਇਹਨਾਂ ਪਾਖੰਡ-ਕਰਮਾਂ ਵਿਚਿ ਫੇਰ ਉਲਝਾ ਛਡੇ ਹਨ। ਪ੍ਰਭੂ ਦੇ ਭੁਲਾਏ ਹੋਏ ਤੇ ਔਝੜ ਪਾਏ ਹੋਏ ਹਨ।

ਜਿਨ੍ਹਾਂ ਉਤੇ ਭਗਵਾਨ ਦੀ ਕਿਰਪਾ ਹੋ ਜਾਂਦੀ ਹੈ ਸੋ ਸੱਚੇ ਬੈਸ਼ਨੋ ਅਤੇ ਸੱਚੇ ਗਿਆਨੀ ਬਣ ਜਾਂਦੇ ਹਨ। ਅਰ ਗੁਰੂ ਘਰ ਵਿਖੇ ਜਨਮ ਲੈ ਕੇ ਸਤਿਗੁਰੂ ਦੇ ਸਿਖ ਸੇਵਕ ਬਣ ਕੇ ਸੱਚੇ ਬੈਸ਼ਨਵਾਂ ਵਾਲੇ, ਸੱਚੇ ਗਿਆਨੀਆਂ ਵਾਲੇ ਕਰਮ ਕਮਾਉਂਦੇ ਹਨ। ਇਸ ਬਿਧਿ ਸਤਿਗੁਰੂ ਨੂੰ ਸੇਵ ਕੇ, ਗੁਰਮਤਿ ਸੇਵਾ ਕਰਮ ਭਗਤੀ ਕਰਨ ਕਰਿ ਉਹਨਾਂ ਨੂੰ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰ ਨੇ (ਧੰਨ ਗੁਰੂ ਨਾਨਕ ਨੇ) ਇਉਂ ਸਾਰੀ ਸ੍ਰਿਸ਼ਟੀ ਨੂੰ, ਸਾਰੀ ਭਰਮ-ਭੁਲੀ ਲੁਕਾਈ ਨੂੰ ਉਧਾਰਨ ਦਾ ਸੱਚਾ ਧੁਰਵਾ 'ਗੁਰਮਤਿ-ਗਿਆਨ' ਬਖ਼ਸ਼ ਕੇ ਬੰਨ੍ਹਿਆ ਹੈ। ਨਿਰੀ ਕਥਨੀ ਬਦਨੀ ਵਾਲੇ ਫੋਕਟ ਆਨਮਤ ਕਰਮ-ਗਿਆਨ ਦੁਆਰਾ ਕੁਛ ਨਹੀਂ ਬਣਦਾ। ਬੱਸ, ਇਕੋ ਅਕਾਲ ਗੁਰੂ ਕਰਤਾਰ ਦੇ ਹੀ ਬਣਿ ਰਹੀਏ, ਜਿਵੇਂ ਉਹ ਚਲਾਵੇ ਤਿਵੇਂ ਚਲੀਏ। ਜਿਵੇਂ ਉਹ ਬੁਲਾਵੇ ਤਿਵੇਂ ਬੋਲੀਏ, ਤਾਂ ਹੀ ਸਾਡੀ ਕਲਜੁਗੀ ਜੀਵਾਂ ਦੀ ਸਦ-ਗਤੀ ਹੁੰਦੀ ਹੈ। ਸਾਧ ਸੰਗਤ ਦੀ, ਗੁਰੂ ਘਰ ਦੇ ਗੁਰਮੁਖਿ ਜਨਾਂ ਦੀ ਧੂੜੀ ਬਣਿ ਰਹੀਏ ਅਤੇ ਸਾਧ ਸੰਗਤਿ ਦੀ ਸਰਨੀ ਪੜਿ ਰਹੀਏ, ਤਾਂ ਹੀ ਆਨਮਤ ਪਖੰਡ ਕਰਮਾਂ ਤੋਂ ਛੁਟਕਾਰਾ ਹੁੰਦਾ ਹੈ, ਐਵੇਂ ਨਹੀਂ।

ਸਾਰਾ ਸੰਸਾਰ ਇਹਨਾਂ ਆਨਮਤ ਪਾਖੰਡ ਕਰਮਾਂ ਕਰਕੇ ਕਾਲ ਦਾ ਹੀ ਗ੍ਰਸਿਆ ਹੋਇਆ ਹੈ। ਬਿਨਾਂ ਨਾਮ, ਗੁਰਮਤਿ ਨਾਮ ਤੋਂ ਕਿਸੇ ਦਾ ਛੁਟਕਾਰਾ ਨਹੀਂ। ਆਨ ਕਰਮ ਸਭ ਬਿਕਾਰ ਰੂਪ ਹਨ। ਵਾਹਿਗੁਰੂ ਦਾ ਭਜਨ ਹੀ ਇਕ ਸਾਰ ਕਰਮ ਹੈ, ਜੋ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਪ੍ਰਾਪਤਿ ਹੁੰਦਾ ਹੈ। ਆਨਮਤ ਪਾਖੰਡ ਕਰਮਾਂ ਦੇ ਕੀਤਿਆਂ ਕਰਨਹਾਰੇ ਸੰਸਾਰੀਆਂ ਦਾ ਮਾਨ ਮੋਹ ਹੀ ਵਧਦਾ ਹੈ। ਤ੍ਰਿਸ਼ਨਾ ਕਦੇ ਬੁਝਦੀ ਹੀ ਨਹੀਂ, ਇਸ ਕਰਕੇ ਸਾਰਾ ਸੰਸਾਰ ਕਾਲ ਦਾ ਹੀ ਗ੍ਰਾਸ ਹੁੰਦਾ ਹੈ। ਯਥਾ ਗੁਰਵਾਕ—

**ਹਰਿ ਭਜਿ ਆਨ ਕਰਮ ਬਿਕਾਰ ॥ ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ**
**ਸੰਸਾਰ ॥ ੧ ॥ ਰਹਾਉ ॥**

(ਸਾਰੰਗ ਮਃ ੫, ਪੰਨਾ ੧੨੨੯)

ਇਹਨਾਂ ਬਿਕਾਰ ਰੂਪ ਆਨਮਤ ਕਰਮਾਂ ਦੇ ਕਰਨ ਕਰਿ ਮਾਨ ਮੋਹ ਅਤੇ ਤ੍ਰਿਸ਼ਨਾ ਦਾ ਅਭਾਵ ਨਹੀਂ ਹੁੰਦਾ, ਸਗੋਂ ਵਾਧਾ ਹੀ ਵਾਧਾ ਹੁੰਦਾ ਜਾਂਦਾ ਹੈ। ਮਾਨ ਭੀ ਵਧਦਾ ਜਾਂਦਾ ਹੈ; ਮੋਹ ਭੀ ਵਧੇਰਾ ਹੁੰਦਾ ਜਾਂਦਾ ਹੈ, ਤ੍ਰਿਸ਼ਨਾ ਭੀ ਦੂਣ ਸਵਾਈ ਹੁੰਦੀ ਜਾਂਦੀ ਹੈ। ਐਸੇ ਹਨ ਇਹ ਆਨਮਤ ਕਰਮ ਬਿਕਾਰ ਰੂਪ। ਆਨਮਤ ਕਰਮਾਂ ਦੇ ਪਾਖੰਡ ਰੂਪ ਹੋਣ ਦੀ ਪ੍ਰੋੜ੍ਹਤਾ ਇਹ ਅਗਲਾ ਗੁਰਵਾਕ ਖੋਲ੍ਹ ਕੇ ਨਿਰਣੇ ਕਰਾਉਂਦਾ ਹੈ—

**ਨ ਭੀਜੈ ਰਾਗੀ ਨਾਦੀ ਬੇਦਿ ॥ ਨ ਭੀਜੈ ਸੁਰਤੀ ਗਿਆਨੀ ਜੋਗਿ ॥ ਨ ਭੀਜੈ**
**ਸੋਗੀ ਕੀਤੈ ਰੋਜਿ ॥ ਨ ਭੀਜੈ ਰੂਪੀਂ ਮਾਲੀਂ ਰੰਗਿ ॥ ਨ ਭੀਜੈ ਤੀਰਥਿ**

ਭਵਿਐ ਨੰਗਿ ॥ ਨ ਭੀਜੈ ਦਾਤੀ ਕੀਤੈ ਪੁੰਨਿ ॥ ਨ ਭੀਜੈ ਬਾਹਰਿ ਬੈਠਿਆ
ਸੁੰਨਿ ॥ ਨ ਭੀਜੈ ਭੇੜਿ ਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ ॥
ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥੨ ॥

(ਮ: ੧, ਸਾਰੰਗ ਕੀ ਵਾਰ ਮ: ੪, ਪੰਨਾ ੧੨੩੭)

ਵਿਆਖਿਆ— ਗੁਰਮਤਿ ਭਗਤੀ ਭਾਵ ਅਤੇ ਭਜਨ ਤੋਂ ਸਖਣੇ ਫੋਕੇ ਆਨਮਤੀ ਰਾਗਾਂ ਅਨੁਰਾਗਾਂ ਦੁਆਰਾ ਵਾਹਿਗੁਰੂ ਨਹੀਂ ਰੀਝਦਾ, ਨਾ ਭਿਜਦਾ ਹੈ। ਨਾ ਹੀ ਆਨਮਤ ਨਾਦ ਬੇਦ ਧੁਨੀਆਂ ਦੇ ਉਚਾਰਿਆਂ ਵਾਹਿਗੁਰੂ ਸੁਪ੍ਰਸੰਨ ਹੁੰਦਾ ਹੈ, ਨਾ ਹੀ ਸੁਰਤੀਆਂ ਸਿਮਰਤੀਆਂ ਦੇ ਘੋਖਿਆਂ ਵਾਹਿਗੁਰੂ ਭਿਜਦਾ ਪ੍ਰਸਿਜਦਾ ਹੈ। ਨਾ ਹੀ ਆਨਮਤ ਅਨਿਕ ਪ੍ਰਕਾਰੀ ਗਿਆਨ ਦੇ ਘੋਖਿਆਂ ਅਤੇ ਹਠ ਜੋਗ ਕੀਤਿਆਂ ਭਿਜਦਾ ਹੈ। ਨਾ ਹੀ ਸੋਗ ਬ੍ਰਿਤ ਧਾਰਿਆਂ, ਮਰਨ ਬਰਤ ਕੀਤਿਆਂ ਅਤੇ ਰੋਜ਼ਿਆਂ ਦੇ ਰਖਿਆਂ ਪਰਮਾਤਮਾ ਪ੍ਰਸੰਨ ਹੁੰਦਾ ਹੈ। ਰੂਪ ਅਨਰੂਪ ਕਿਸੇ ਦਾ ਨਹੀਂ ਵੀਚਾਰਦਾ। ਬਹੁਤੇ ਰੂਪਵੰਤਿਆਂ ਤੇ ਭੀ ਨਹੀਂ ਖ਼ੁਸ਼ ਹੁੰਦਾ। ਮਾਲਦਾਰ ਗਰੀਬ ਕੰਗਾਲ ਉਸ ਨੂੰ ਇਕ-ਸਮਾਨ ਹਨ। ਮਤ ਕੋਈ ਗੁਮਾਨ ਕਰੇ ਕਿ ਬਹੁਤੇ ਮਾਲ ਧਨ ਵਾਲਿਆਂ ਤੇ ਉਸ ਦੀ ਖ਼ੁਸ਼ੀ ਹੁੰਦੀ ਹੈ, ਭਾਵੇਂ ਪੰਡਾਂ ਦੀਆਂ ਪੰਡਾਂ ਮਾਲ ਧਨ ਦੀਆਂ ਦਾਨ ਪੁੰਨ ਕਰ ਕੇ ਉਸ ਨੂੰ ਰੀਝਾਵੇ, ਪਰ ਪ੍ਰੀਤਮ ਪਿਆਰਾ ਪਰਮਾਤਮਾ ਮਾਲ ਧਨ ਨਾਲਿ ਨਹੀਂ ਭਿਜਦਾ। ਜਿਹੜੇ ਲੋਗ ਮਾਇਕ ਸੁਖਾਂ ਦੀਆਂ ਬਹੁਤੀਆਂ ਰੰਗ-ਰਲੀਆਂ ਅਤੇ ਮੌਜਾਂ ਮਾਣਦੇ ਨਜ਼ਰ ਆਉਂਦੇ ਹਨ ਉਹ ਭੀ ਉਸ ਦੀ ਸੁਪ੍ਰਸੰਨਤਾ ਦੇ ਪਾਤਰ ਲੋਕ ਨਹੀਂ। ਦੁਨੀਆ ਨੂੰ ਐਵੇਂ ਭਰਮ-ਭੁਲਾਵਾ ਹੀ ਹੁੰਦਾ ਹੈ, ਜਿਨ੍ਹਾਂ ਉਤੇ ਉਹ ਬਹੁਤਾ ਵਰ੍ਹਦਾ ਹੈ ਉਹੀ ਮੌਜਾਂ ਰੰਗ ਮਾਣਦੇ ਹਨ। ਪਰ ਇਹ ਗੱਲ ਉੱਕੀ ਹੀ ਗ਼ਲਤ ਹੈ। ਸੱਚਾ ਸਹਿਬ ਰੂਪੀਂ ਰੰਗੀਂ ਕਦੇ ਨਹੀਂ ਭਿਜਦਾ। ਨਾ ਹੀ ਤੀਰਥਾਂ ਤੇ ਤਪ ਕਰਨ ਵਾਲਿਆਂ ਤੇ ਭਿਜਦਾ ਹੈ। ਨੰਗੇ ਹੋ ਕੇ ਤਟ ਤੀਰਥਾਂ ਤੇ ਭਉਣ ਵਾਲਿਆਂ ਤੇ ਉਹ ਨਹੀਂ ਭਿਜਦਾ। ਨਾ ਹੀ ਦਾਨ ਪੁੰਨ ਕੀਤਿਆਂ ਭਿਜਦਾ ਹੈ। ਅਤੇ ਨਾ ਹੀ ਸਿਆਲ ਰੁੱਤ ਵਿਖੇ ਬਾਹਰ ਬੈਠ ਕੇ ਪਾਲੇ ਵਿਚਿ ਸੁੰਨ ਸਹਿਆਂ, ਪਾਲੇ ਮਰਿਆਂ ਹੀ ਉਹ ਭਿਜਦਾ ਹੈ। ਸੁੰਨ ਸੀਤ ਸਹਿਣ ਦੀ ਫੋਕਟ ਤਪੱਸਿਆ ਪਾਖੰਡ ਰੂਪ ਹੀ ਹੈ। ਨਾ ਹੀ ਜੰਗ ਵਿਖੇ ਭਿੜ ਕੇ ਮਰਨ ਨਾਲਿ ਅਤੇ ਇਉਂ ਸੂਰਮਾ ਸਦਾਉਣ ਨਾਲਿ ਹੀ ਓਹ ਭਿਜਦਾ ਹੈ। ਹਉਮੈ ਵਡਿਆਈ ਦੇ ਅਧੀਨ ਹੋ ਕੇ ਜੰਗ ਵਿਚਿ ਭਿੜ ਮਰਨ ਨਾਲਿ ਕੋਈ ਸੂਰਮਾ ਨਹੀਂ ਬਣ ਸਕਦਾ। ਨਾ ਹੀ ਅਜਿਹੀ ਸੂਰਮਤਾਈ ਰੱਬ ਨੂੰ ਰੀਝਾ ਸਕਦੀ ਹੈ। ਨਾ ਹੀ ਧੂੜੀਆਂ ਮਿੱਟੀਆਂ ਵਿਚਿ ਰੁਲਣ ਨਾਲਿ ਅਤੇ ਸਰੀਰ ਨੂੰ ਸੁਆਹ ਮਲਣ ਨਾਲਿ ਪਰਮਾਤਮਾ ਭਿਜਦਾ ਹੈ, ਚਾਹੇ ਕਿੰਨੀ ਵਾਰ ਤੇ ਕਿਤਨੇ ਜੁਗਾਂ ਪ੍ਰਯੰਤ ਧੂੜ ਧੁਮਾਉਂਦਾ ਫਿਰੇ ਕੋਈ। ਕੇਤੇ ਹੀ ਅਜਿਹੀਆਂ ਧੂੜੀਆਂ ਧੁਮਾਉਂਦੇ ਅਤੇ ਧੂੜੀਆਂ ਰਮਾਉਂਦੇ ਮਰ ਗਏ ਹਨ, ਪਰ ਰੱਬ ਨਾ ਉਹਨਾਂ ਤੇ ਰੀਝਿਆ।

ਇਹ ਉਪਰ ਦਸੀਆਂ ਸਭ ਉਪਰਲੀਆਂ ਉਪਰਲੀਆਂ ਤੇ ਓਪਰੀਆਂ ਪਾਖੰਡ ਕਿਰਿਆਵਾਂ ਹਨ, ਨਿਰੀਆਂ ਕਪਟ-ਕਮਾਈਆਂ ਹਨ। ਕਰਤਾਰ ਤਾਂ ਅੰਦਰਲੀ ਭਾਉ-ਭਾਵਨੀ ਉਤੇ ਹੀ ਰੀਝਦਾ ਹੈ। ਮਨ ਦੇ ਭਾਇ ਕੀਤੇ ਕਰਮ ਹੀ ਉਸ ਨੂੰ ਪਸੰਦ ਆਉਂਦੇ ਹਨ ਅਤੇ ਲੇਖੇ ਪੈਂਦੇ ਹਨ। ਮਨ ਨੂੰ ਸੰਵਾਰਨਹਾਰਾ ਕਰਮ ਇਕੋ ਨਾਮ ਸੱਚੇ ਨਾਮ ਦਾ ਅਭਿਆਸ ਕਰਮ ਹੈ। ਬਸ, ਸੱਚਾ ਸਾਹਿਬ ਵਾਹਿਗੁਰੂ ਨਿਰੰਕਾਰ ਜੇ ਭਿਜਦਾ ਹੈ ਤਾਂ ਸੱਚੇ ਨਾਮ ਦੀ ਕਮਾਈ ਕੀਤਿਆਂ ਹੀ ਭਿਜਦਾ ਹੈ। ਹੋਰ ਆਨਮਤ ਪਾਖੰਡ ਕਰਮ ਕਿਸੇ ਭੀ ਲੇਖੇ ਨਹੀਂ ਪੈਂਦੇ। ਅਗਲਾ ਗੁਰਵਾਕ ਭੀ ਕਿਆ

ਨਿਸ਼ਾ ਕਰਦਾ ਹੈ—

> ਨਾਮਹੀਣੁ ਬਿਨਸੈ ਦੁਖੁ ਪਾਇ ॥ ਤ੍ਰਿਸਨਾ ਜਲਿਆ ਭੂਖ ਨ ਜਾਇ ॥ ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥ ਬਹੁ ਬਿਧਿ ਥਾਕਾ ਕਰਮ ਕਮਾਇ ॥ ੩ ॥ ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥ ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥ ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥ ੪ ॥
>
> (ਮਲਾਰ ਮਃ ੩, ਪੰਨਾ ੧੨੬੨)

ਵਿਆਖਿਆ— ਨਾਮ ਤੋਂ ਹੀਣ ਦੁਖ ਹੀ ਦੁਖ ਵਿਚਿ ਪਚ ਪਚ ਮਰਦੇ ਹਨ। ਉਹਨਾਂ ਨੂੰ ਸੁਖ ਕਦੇ ਨਹੀਂ। ਤ੍ਰਿਸ਼ਨਾ ਮਾਇਆ ਦੀ ਭੁੱਖ ਕਦੇ ਉਤਰਦੀ ਨਹੀਂ। ਨਾ ਹੀ ਭੇਖੀਂ ਭੁੱਖ ਜਾਂਦੀ ਹੈ। ਜਿਉਂ ਜਿਉਂ ਤ੍ਰਿਸ਼ਨਾ ਪ੍ਰਬਲ ਹੁੰਦੀ ਜਾਂਦੀ ਹੈ ਤਿਉਂ ਤਿਉ ਤ੍ਰਿਸ਼ਨਾ-ਜਲਨ ਹੋਰ ਵਧਦੀ ਜਾਂਦੀ ਹੈ, ਪਰ ਭੁੱਖ ਨਹੀਂ ਜਾਂਦੀ। ਨਾਮ ਬਿਨਾਂ ਇਹ ਭੁੱਖ ਕਦੇ ਨਹੀਂ ਮਿਟਦੀ, ਭਾਵੇਂ ਕਿਤਨੇ ਹੀ ਪਾਖੰਡ ਭੇਖ ਕੀਤੇ ਜਾਣ। ਪਰ ਭਾਗਾਂ ਬਿਨਾਂ ਨਾਮੁ ਨਹੀਂ ਪਾਇਆ ਜਾਂਦਾ। ਬਥੇਰੇ ਪਾਖੰਡ-ਕਰਮ ਕਰਿ ਕਰਿ ਆਨਮਤ ਲੋਗ ਥਕ ਰਹੇ ਹਨ। ਉਨ੍ਹਾਂ ਨੂੰ ਪ੍ਰਮਾਰਥ ਦੀ ਸੂਝ ਬੂਝ ਹੋਣੀ ਹੀ ਨਹੀਂ ਪਾਉਂਦੀ। ਇਹ ਸੂਝ ਬੂਝ ਹੁੰਦੀ ਹੈ ਤਾਂ ਨਾਮ ਦੀ ਬਰਕਤ ਨਾਲਿ ਹੁੰਦੀ ਹੈ। ਪਾਖੰਡ-ਕਰਮ ਕੀਤਿਆਂ ਨਾਮ ਦੁਰੇਡੇ ਹੀ ਰਹਿ ਜਾਂਦਾ ਹੈ। ਪਾਖੰਡ-ਕਰਮ ਨਾਮ ਵਲ ਆਉਣ ਹੀ ਨਹੀਂ ਦਿੰਦੇ। ਬੇਦ-ਬਾਣੀ ਦਾ ਕਿਤਨਾ ਹੀ ਵੀਚਾਰ ਕਰੋ, ਇਹ ਤ੍ਰੈਗੁਣ ਵਿਚਿ ਹੀ ਉਲਝਾਉਣ ਫਸਾਉਣ-ਹਾਰੀ ਹੈ। ਜਿਉਂ ਜਿਉਂ ਇਸ ਦਾ ਵੀਚਾਰ ਕਰੋਗੇ ਤਿਉਂ ਤਿਉਂ ਫਸਣ ਧਸਣ ਵਧਦੀ ਹੀ ਜਾਵੇਗੀ। ਤਿੰਨਾ ਗੁਣਾਂ ਦੀ ਮਾਇਆ ਦੀ ਮੈਲ ਵਾਲਾ ਵੀਚਾਰ ਹੀ ਬੇਦਾਂ ਵਿਚ ਥਪਿਆ ਪਿਆ ਹੈ। ਤਾਂ ਤੇ ਤਿੰਨਾਂ ਗੁਣਾਂ ਵਾਲੀ ਬੇਦ-ਬਾਣੀ ਮੰਨਣ ਵਾਲੇ ਅਤੇ ਤਿਸ ਉਪਰ ਚਲਣ ਵਾਲੇ ਆਵਾਗਉਣ ਵਿਚਿ ਪੈ ਪੈ ਖੁਆਰ ਹੁੰਦੇ ਰਹਿੰਦੇ ਹਨ। ਗੁਰਬਾਣੀ ਨੂੰ ਮੰਨਣ ਕਮਾਉਣ ਵਾਲੇ ਗੁਰਮੁਖਿ ਚੌਥੀ ਅਵਸਥਾ (ਤੁਰੀਆ ਪਦ) ਵਿਚਿ ਜਾ ਖੇਡਦੇ ਹਨ ਅਤੇ ਤੁਰੀਆ ਪਦ ਵਾਲੇ ਗੁਣਾਂ ਨੂੰ ਹੀ ਸਦਾ ਹਿਰਦੇ ਵਿਚਿ ਧਾਰੀ ਰਖਦੇ ਹਨ। ਤੁਰੀਆ ਗੁਣ ਉਰਿਧਾਰਨ ਵਾਲਾ ਟਿਕਾਉ ਕਦੇ ਉਤਾਰੇ ਵਿਚ ਨਹੀਂ ਆਉਂਦਾ, ਚੜ੍ਹਦੀ ਕਲਾ ਵਿਚਿ ਰਹਿੰਦਾ ਹੈ। ਅਗਲੇ ਗੁਰਵਾਕ ਅੰਦਰਿ ਜੈਨੀਆਂ ਦੇ ਪਾਖੰਡ ਕਰਮ ਦੀ ਝੰਡ ਲਾਹੀ ਜਾਂਦੀ ਹੈ। ਯਥਾ ਗੁਰਵਾਕ—

> ਪਉੜੀ ॥ ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥ ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਾਇਆ ॥ ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥ ਕੁਚਿਲ ਰਹਹਿ ਦਿਨੁ ਰਾਤਿ ਸਬਦੁ ਨ ਭਾਇਆ ॥ ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗੰਵਾਇਆ ॥ ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥ ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥ ੧੬ ॥
>
> (ਵਾਰ ਮਲਾਰ ਕੀ ਮਃ ੧, ਪੰਨਾ ੧੨੮੫)

ਸਭ ਤੋਂ ਮੰਦ ਪੂਰਬਲੇ ਕਰਮ ਜੈਨੀਆਂ ਦੇ ਕੀਤੇ ਹੋਏ ਹਨ। ਉਹ ਧੁਰ ਦਰਗਾਹੋਂ ਪਹਿਲਾਂ ਤੋਂ ਹੀ ਧਕੇ ਹੋਏ ਹਨ। ਉਹਨਾਂ ਦੇ ਕੀਤੇ ਹੋਏ ਕਰੂਰ ਕਰਮਾਂ ਦੇ ਕਾਰਨ ਉਹ ਕੁਰਾਹੇ ਹੀ ਪਏ ਹੋਏ ਹਨ। ਉਹਨਾਂ ਦੇ ਕਰਮਾਂ ਦੇ ਕਾਰਨ ਉਹ ਕੁਰਾਹੇ ਹੀ ਪਏ ਰਹਿੰਦੇ ਹਨ ਅਤੇ ਕੁਰਾਹੇ ਹੀ ਪਏ


www.sikhbookclub.com

ਰਹਿਣਗੇ। ਉਹਨਾਂ ਦੇ ਪਾਖੰਡ-ਕਰਮ ਕਦੇ ਭੀ ਉਹਨਾਂ ਦੀ ਕਲਿਆਣ ਨਹੀਂ ਹੋਣ ਦੇਣਗੇ। ਉਹਨਾਂ ਦੀ ਮੰਦਕਰਮੀ ਐਸੀ ਹੈ ਕਿ ਉਹਨਾਂ ਦੇ ਮੂੰਹੋਂ ਕਿਰਤਮ ਨਾਮ ਭੀ ਕਦੇ ਸੁਪਨੇ ਵਿਚ ਭੀ ਨਹੀਂ ਨਿਕਲਦਾ। ਉਹਨਾਂ ਦੀ ਕਿਸਮਤ ਵਿਚਿ ਆਨਮਤ ਤੀਰਥਾਂ ਦਾ ਨ੍ਹਾਉਣਾ ਭੀ ਨਹੀਂ ਲਿਖਿਆ। ਉਹ ਨ੍ਹਾਉਂਦੇ ਧੋਂਦੇ ਤਾਂ ਉੱਕੇ ਹੀ ਨਹੀਂ। ਸਦਾ ਮੈਲੇ ਕੁਚੈਲੇ ਬਿਖ ਕੁਚੀਲਤਾ ਵਿਚਿ ਲਿੱਪੇ ਹੀ ਰਹਿੰਦੇ ਹਨ। ਆਪਣੇ ਹੱਥਾਂ ਨਾਲਿ ਹੀ ਚੂੰਢੀਆਂ ਭਰ ਭਰ ਕੇ ਸਾਰੇ ਸਿਰ ਦੇ ਵਾਲ ਇਕ ਇਕ ਕਰ ਕੇ ਪੁਟ ਸੁਟਦੇ ਹਨ। ਜੜ੍ਹੋਂ ਹੀ ਵਾਲਾਂ ਨੂੰ ਖੋਹ ਕੇ ਘੋਨ ਮੋਨ ਰੜੇ ਪਟੱਕ ਗੰਜ ਕਢਿ ਲੈਂਦੇ ਹਨ। ਆਮ ਹਿੰਦੂਆਂ ਮੋਨਿਆਂ ਵਾਂਗੂੰ ਭਦਨ ਨਹੀਂ ਕਰਾਉਂਦੇ, ਸਿਰ ਨਹੀਂ ਮੁਨਵਾਉਂਦੇ। ਦਿਨ ਰਾਤ ਮੈਲੇ ਗੰਦੇ ਹੀ ਰਹਿੰਦੇ ਹਨ। ਉਹਨਾਂ ਦਾ ਤਨ (ਸਰੀਰ, ਬਦਨ) ਭੀ ਮੈਲਾ ਤੇ ਮਨ ਭੀ ਸਦਾ ਮੈਲਾ ਰਹਿੰਦਾ ਹੈ। ਮਨ ਦੀ ਮੈਲ ਕਟਣਹਾਰਾ ਗੁਰੂ ਦਾ ਸ਼ਬਦ ਹੈ, ਸੋ ਉਹਨਾਂ ਨੂੰ ਭਾਉਂਦਾ ਨਹੀਂ। ਗੁਰੂ ਦਾ ਸ਼ਬਦ ਤਾਂ ਕੀ ਭਾਉਣਾ ਸੀ, ਉਹਨਾਂ ਨੂੰ ਕਿਰਤਮ ਨਾਮ ਦੀ ਸਿਖਿਆ ਭੀ ਨਹੀਂ ਭਾਉਂਦੀ। ਨਾ ਉਹਨਾਂ ਦੀ ਕੋਈ ਜਾਤਿ ਹੈ ਨਾ ਪਾਤਿ ਹੈ। ਨਾ ਕੋਈ ਕਰਮ ਹੀ ਉਹਨਾਂ ਦਾ ਐਸਾ ਹੈ ਜੋ ਉਹਨਾਂ ਦੀ ਸਦਗਤੀ ਕਰਿ ਸਕੇ। ਬਸ, ਮਨੁਖਾ ਜਨਮ ਗਵਾ ਕੇ ਹੀ ਚਲੇ ਜਾਂਦੇ ਹਨ। ਨਰਕ ਘੋਰ ਭਰਮ ਕੇ ਫੇਰ ਚੁਰਾਸੀ ਦੇ ਗੇੜ ਵਿਚਿ ਜਾ ਪੈਂਦੇ ਹਨ। ਤਿਨ੍ਹਾਂ ਦਾ ਮਨ ਭੀ ਜੂਠਾ ਹੁੰਦਾ ਹੈ ਅਤੇ ਮੁਖ ਭੀ ਜੂਠਾ। ਸਦਾ ਜੂਠਾ ਹੀ ਖਾਂਦੇ ਹਨ। ਇਹ ਜੈਨੀ ਧਰਮ ਭੀ ਧਰਮਾਂ ਵਿਚੋਂ ਕੋਈ ਧਰਮ ਹੈ! ਨਾ ਏਹਨਾਂ ਦਾ ਕਰਮ ਨਾ ਧਰਮ। ਏਹਨਾਂ ਜੈਨ-ਕਰਮੀਆਂ ਜੈਨ-ਧਰਮੀਆਂ ਦੀ ਜੁਗਾਂ ਪ੍ਰਯੰਤ ਭੀ ਕਦੇ ਸਦਗਤੀ ਨਹੀਂ ਹੋਣੀ। ਇਹਨਾਂ ਦੇ ਆਚਾਰ ਭੀ ਸਦਾ ਮੈਲੇ ਹੀ ਰਹਿੰਦੇ ਹਨ। ਰਹਿਣੀ ਬਹਿਣੀ ਭੀ ਮੈਲੀ। ਸੱਚਾ ਸੁੱਚਾ ਆਚਾਰ ਅਤੇ ਸੱਚੀ ਸੁੱਚੀ ਰਹਿਣੀ ਬਹਿਣੀ, ਬਿਨਾਂ ਗੁਰਮਤਿ ਗੁਰ-ਸ਼ਬਦ-ਦੀਖਿਆ ਲਏ ਦੇ ਕਦੇ ਭੀ ਪ੍ਰਾਪਤਿ ਨਹੀਂ ਹੁੰਦੀ। ਕਿਸੇ ਨੂੰ ਭੀ ਨਹੀਂ ਮਿਲਦੀ, ਖਾਸ ਕਰਿ ਏਹਨਾਂ ਕੁਚਿਲ ਕੁਚੀਲ ਜੈਨੀਆਂ ਨੂੰ ਤਾਂ ਉੱਕੀ ਹੋਣੀ ਹੀ ਨਹੀਂ।

ਗੁਰ-ਸ਼ਬਦ ਦੇ ਪਰਤਾਪ ਕਰਿ ਇਹ ਗੁਰਮੁਖਿ ਜਨ ਹੀ ਹਨ, ਜੋ ਵਾਹਿਗੁਰੂ ਨਿਰੰਕਾਰ ਦੇ ਓਅੰਕਾਰ ਰੂਪੀ ਸੱਚੇ ਸਰੂਪ ਵਿਚਿ ਸਮਾ ਜਾਂਦੇ ਹਨ। ਅਤੇ ਇਉਂ ਸੱਚੇ ਵਾਹਿਗੁਰੂ ਵਿਚਿ ਸਮਾਇ ਕੇ ਨਿਰੰਕਾਰ ਵਿਚਿ ਅਭੇਦ ਹੋ ਜਾਂਦੇ ਹਨ। ਗੁਰੂ ਦੇ ਸ਼ਬਦ ਦੇ ਪਰਤਾਪ ਨਾਲਿ ਗੁਰਮਤਿ ਅਨੁਸਾਰ ਆਪਣਾ ਆਚਾਰ ਕਰਮ ਰਵੱਈਆ ਢਾਲਣ ਵਾਲੇ ਅਤੇ ਗੁਰ ਬਚਨ ਪਾਲਣ ਵਾਲੇ ਗੁਰਮਤਿ ਕਰਮੀ, ਲੋਕ ਪਰਲੋਕ ਵਿਖੇ ਸੁਖੀ ਅਤੇ ਸੁਹੇਲੇ ਹੁੰਦੇ ਹਨ ਅਤੇ ਦੂਜੇ ਭਾਵ ਦੇ ਕਰਮ ਕਰਨ ਵਾਲੇ ਸਦਾ ਖੁਆਰ ਹੁੰਦੇ ਹਨ। ਪ੍ਰੇਮ ਤੋਂ ਬਿਨਾਂ ਨਿਰੇ ਫੋਕੇ ਹਠ ਨਾਲਿ ਕੀਤੇ ਕਰਮ-ਰਾਗ ਨਾਦ ਬਰਤ ਆਦਿ ਤ੍ਰਿਸ਼ਨਾ ਹੀ ਵਧਾਉਂਦੇ ਹਨ। ਸੱਚੀ ਸ਼ਾਂਤੀ ਵਾਲਾ ਸੰਤੋਖ ਕੇਵਲ ਗੁਰਮਤਿ ਨਾਮ ਤੋਂ ਹੀ ਮਿਲ ਸਕਦਾ ਹੈ।

ਐਸਾ ਨਿਖਾਰ ਅਗਲੇ ਗੁਰ ਪ੍ਰਮਾਣ ਅੰਦਰਿ ਨਿਖਾਰਿਆ ਗਿਆ ਹੈ। ਇਸ ਵਿਚਿ ਹਠ-ਧਰਮੀਆਂ ਅਤੇ ਹਠ-ਕਰਮੀਆਂ ਦੀ ਖੂਬ ਬਣਾ ਕੇ ਗਤਿ ਕੀਤੀ ਗਈ ਹੈ। ਯਥਾ ਗੁਰਵਾਕ—

**ਪਉੜੀ ॥ ਸਚਾ ਅਲਖ ਅਭੇਉ ਹਠਿ ਨ ਪਤੀਜਈ ॥ ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥ ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥ ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥ ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥ ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥**

**ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥ ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥ ੧੭ ॥**

(ਵਾਰ ਮਲਾਰ ਕੀ ਮ: ੧, ਪੰਨਾ ੧੨੮੫)

ਵਿਆਖਿਆ— ਜੋ ਵਾਹਿਗੁਰੂ ਅਲੱਖ ਹੈ, ਕਿਸੇ ਤੋਂ ਲਖਿਆ ਨਹੀਂ ਜਾਂਦਾ, ਜਿਸ ਦਾ ਭੇਦ ਕਿਸੇ ਤੋਂ ਪਾਇਆ ਨਹੀਂ ਜਾਂਦਾ, ਐਸਾ ਅਲੱਖ ਅਭੇਉ ਸੱਚਾ ਸਾਹਿਬ ਵਾਹਿਗੁਰੂ ਨਿਰੰਕਾਰ ਭਲਾ ਨਿਰੇ ਹਠ-ਕਰਮਾਂ ਨਾਲਿ ਕਿਵੇਂ ਪਤੀਜ, ਕਿਵੇਂ ਰਾਜ਼ੀ ਹੋ ਸਕਦਾ ਹੈ। ਪਤੀਜਦਾ ਹੈ ਤਾਂ ਪ੍ਰੇਮ ਨਾਲਿ ਕੀਤੇ ਸਿਫਤਿ ਸਾਲਾਹੀ ਸੱਚੇ ਕਰਮ ਨਾਮ ਅਭਿਆਸ ਕਮਾਈ ਦੁਆਰਾ ਹੀ ਪਤੀਜਦਾ ਹੈ। ਪ੍ਰੇਮ ਨਾਲਿ ਗਾਈ ਕੀਰਤਨਾਈ ਬਾਣੀ ਦੁਆਰਾ, ਜੋ ਗੁਰਮੁਖਿ ਗਾਵੰਦੇ ਹਨ, ਉਹ ਸੱਚਾ ਸਾਹਿਬ ਸਭ ਤੋਂ ਵਧ ਅਤੇ ਛੇਤੀ ਤੋਂ ਛੇਤੀ ਪਤੀਜਦਾ ਰੀਝਦਾ ਹੈ, ਹੋਰ ਕੱਚੀ ਬਾਣੀ ਦੀਆਂ ਰਾਗਣੀਆਂ ਭਾਵੇਂ ਅਨਿਕ ਤਰੰਗੀ ਰਾਗਾਂ ਨਾਲਿ ਇੰਦਰ-ਅਖਾੜੇ ਦੀਆਂ ਪਰੀਆਂ ਭੀ ਜ਼ੋਰ ਲਾ ਲਾ ਕੇ ਗਾਵਨਿ, ਇਹਨਾਂ ਰਾਗਾਂ ਨਾਲਿ ਵਾਹਿਗੁਰੂ ਕਦੇ ਨਹੀਂ ਪਤੀਜਦਾ, ਕਿਉਂਕਿ ਇਹ ਰਾਗ ਮਨ-ਉਕਤ ਕਚ-ਪਿਚੇ ਗੀਤਾਂ ਵਾਲੇ ਹੁੰਦੇ ਹਨ। ਏਹਨਾਂ ਵਿਚਿ ਪ੍ਰੇਮ ਦੀ ਅੰਸ ਨਹੀਂ ਹੁੰਦੀ, ਨਾ ਹੀ ਰੱਬ ਨਾਲਿ ਜੋੜਨ ਵਾਲੀ ਰੱਬੀ ਖਿੱਚ ਮਨ-ਹਠੀ ਰਾਗਾਂ ਵਿਚਿ ਹੁੰਦੀ ਹੈ। ਇਹ ਰਾਗ ਤਾਂ ਮਨ ਦੀ ਚੰਚਲਤਾ ਨੂੰ ਹੀ ਵਧਾਉਂਦੇ ਹਨ। ਚੰਚਲਤਾ ਕਰਿ ਓਚਾਰੇ ਹੋਏ ਹਠ-ਗੀਤਾਰੇ ਰਾਗ ਹੀ ਹੁੰਦੇ ਹਨ। ਇਹਨਾਂ ਰਾਗਾਂ ਦੇ ਗਾਉਣ ਸੁਣਨ ਕਰਿ ਸਗੋਂ ਬਿਰਤੀਆਂ ਗਾਉਣ ਸੁਣਨਹਾਰਿਆਂ ਦੀਆਂ ਹੋਰ ਉਚਾਟ ਅਤੇ ਚੰਚਲ ਹੁੰਦੀਆਂ ਹਨ। ਵਾਹਿਗੁਰੂ ਅਤੇ ਵਾਹਿਗੁਰੂ ਦੇ ਪ੍ਰੇਮ ਤੋਂ ਬੇਮੁਖ ਕਰਾਉਂਦੀਆਂ ਹਨ।

ਅੱਜ ਕਲ੍ਹ ਦੇ ਰਾਗ-ਰੀਤੀ ਅਖਾੜਿਆਂ ਵਿਚਿ ਇਹੀ ਕਚ-ਰਾਗ ਦਾ ਧੰਦ ਪਿਟਿਆ ਜਾਂਦਾ ਹੈ। ਸਾਰੀ ਦੁਨੀਆ ਏਹਨਾਂ ਰਾਗਾਂ ਨੇ ਪਟ ਕੇ ਵਗਾਹ ਦਿੱਤੀ ਹੈ, ਕੁਸੰਗ ਦੇ ਨਰਕਘੋਰ ਵਿਚਿ ਪਾ ਛਡੀ ਹੈ। ਪਰਵਾਰਾਂ ਦੇ ਪਰਵਾਰ ਇਸ ਰਾਗ ਦੇ ਚਸਕੇ ਵਿਚਿ ਰੁੜ੍ਹੇ ਹੋਏ ਰਸਾਤਲ ਨੂੰ ਚਲੇ ਜਾ ਰਹੇ ਹਨ, ਪਰ ਬਾਜ਼ ਨਹੀਂ ਆਉਂਦੇ। ਏਹਨਾਂ ਨੂੰ ਦੇਖਿ ਦੇਖਿ ਬੀਮਾਰੀ ਹੋਰ ਭੀ ਦਿਨੋ ਦਿਨ ਵਧੀ ਤੁਰੀ ਜਾਂਦੀ ਹੈ। ਕੋਈ ਠੱਲ੍ਹ ਨਹੀਂ, ਕੋਈ ਬਚਾਉ ਨਹੀਂ। ਰੁੜ੍ਹਾਉ ਹੀ ਰੁੜ੍ਹਾਉ ਹੈ। ਚਟਪਟੇ ਰਾਗਾਂ ਦੇ ਕੁਚਸਕੇ ਨੇ ਜੋ ਅੱਜ ਕਲ੍ਹ ਦੇ ਸਿਨਮਿਆਂ ਅਤੇ ਥੀਏਟਰਾਂ ਵਿਚਿ ਗਾਏ ਸੁਣੇ ਜਾਂਦੇ ਹਨ, ਦੁਨੀਆ ਦੀ ਹਰ ਇਕ ਕੌਮ ਦੀ ਯੁਵਕ ਪਨੀਰੀ ਨੂੰ ਖ਼ੁਆਰ ਅਤੇ ਪਾਗਲ ਕਰ ਛਡਿਆ ਹੈ। ਨੌਜਵਾਨਾਂ ਦੇ ਆਚਾਰ ਗੰਦੇ ਕੀਤੇ ਹਨ। ਇਹਨਾਂ ਸਿਨਮਿਆਂ ਥੀਏਟ੍ਰੀਕਲ ਰਾਗਾਂ ਨੇ। ਗਰੀਬ ਤੋਂ ਗਰੀਬ, ਮਾਇਆ ਕਰ ਕੇ ਕੰਗਾਲ ਤੋਂ ਕੰਗਾਲ ਤਬਕੇ ਦੇ ਬੁਢੇ ਬਾਲ ਅਤੇ ਜਵਾਨ ਇਸਤ੍ਰੀ ਮਰਦ ਪਰਵਾਰਾਂ ਦੇ ਪਰਵਾਰ ਉਜਾੜ ਕੇ ਫ਼ਨਾਹ ਕਰ ਦਿੱਤੇ ਹਨ। ਫ਼ੀ ਜ਼ਮਾਨੇ ਵਿਚ ਜੋ ਆਚਾਰ-ਹੀਨਤਾ ਤੇ ਨਿਰਧਨਤਾ ਅਤੇ ਹੋਰ ਹਰ ਪ੍ਰਕਾਰ ਦੀ ਕੁਚਿਲ ਕੁਚੀਲਤਾ ਸਾਰੀ ਦੁਨੀਆ ਵਿਚਿ ਵਰਤ ਰਹੀ ਹੈ ਸੋ ਇਸ ਨਵੇਂ ਫ਼ੈਸ਼ਨੀ ਰਾਗ ਦੀ ਪਟਮੇਲੀ ਕਰ ਕੇ ਹੀ ਵਰਤ ਰਹੀ ਹੈ, ਜਿਥੋਂ ਉਭਰਨਾ ਰੁੜ੍ਹੀ ਜਾਂਦੀ ਜਨਤਾ ਲਈ ਅਤੀਅੰਤ ਹੀ ਕਠਨ ਹੋ ਗਿਆ ਹੈ। ਇਸ ਰਾਗ ਦੀ ਪਟਮੇਲੀ ਨੇ ਇਨਸਾਨ ਮਾਤਰ ਨੂੰ ਹੈਵਾਨ ਬਣਾ ਛਡਿਆ ਹੈ ਅਤੇ ਸਦ ਸਦੀਵੀ ਪਸ਼ੇਮਾਨਤਾ ਦੀ ਗਹਿਰ ਵਿਚ ਪਾ ਛਡਿਆ ਹੈ। ਸਭਸ ਦਾ, ਬੰਦੇ ਬਸ਼ਰ ਮਾਤਰ ਦਾ ਸੁਆਰਥ ਪ੍ਰਮਾਰਥ ਖਾਨ ਪਾਨ ਧਨ ਧਾਮ ਸਭ ਕੁਛ ਵਿਗਾੜ ਛਡਿਆ ਹੈ। ਗੰਦੇ ਮੰਦੇ ਇਸ਼ਕੀਆ ਰਾਗਾਂ ਦੀਆਂ ਟੇਢੀਆਂ ਰੀਤਾਂ ਨੇ ਇਨਸਾਨੀ ਦਿਲੋ ਦਿਮਾਗ

ਨੂੰ ਗੰਦਾ ਪਰਾਗੰਦਾ ਕਰਿ ਦਿੱਤਾ ਹੋਇਆ ਹੈ। ਇਹਨਾਂ ਰਾਗਾਂ ਨਾਲਿ ਛਿੰਨ ਭੰਗਰੀ ਕੁਚਸਕਤਾ ਭਰੀ ਖੀਨ ਖਰਾਬੜੀ ਖੁਮਾਰੀ ਕੁਪੁਠੜੇ ਦਿਮਾਗਾਂ ਤੇ ਦਿਲਾਂ ਨੂੰ ਚੜ੍ਹ ਜਾਂਦੀ ਹੈ, ਪਰ ਛਿਨ ਮਾਤਰ ਵਿਚ ਉਤਰ ਜਾਂਦੀ ਹੈ। ਅਸਲ ਅਹਿਲਾਦ, ਸਦੀਵੀ ਖੁਸ਼ੀ ਵਾਲਾ ਅਹਿਲਾਦ ਇਹਨਾਂ ਕਚਪਿਚੇ ਰਾਗਾਂ ਦੁਆਰਾ ਕਦਾਚਿਤ ਹਾਸਿਲ ਨਹੀਂ ਹੋ ਸਕਦਾ। ਪ੍ਰਮਾਰਥ ਵਲ ਰੁਚੀ ਹੀ ਨਹੀਂ ਦਉੜ ਸਕਦੀ। ਇਹ ਰਾਗ ਪਰਮਾਤਮ-ਪ੍ਰਾਪਤੀ ਦੇ ਪ੍ਰਮਾਰਥੀ ਪਾਸੇ ਵਲੋਂ ਸਗੋਂ ਬੇਮੁਖਤਾਈ ਕਰਾਉਣ ਦਾ ਕਾਰਨ ਬਣਦੇ ਹਨ। ਪਰਮਾਤਮਾ ਕਦੇ ਭਿਜਦਾ ਪਰਸਜਿਦਾ ਹੈ ਇਹਨਾਂ ਰਾਗ ਰਾਗਨੀਆਂ ਦੁਆਰਾ? ਕਦੇ ਨਹੀਂ ਪਤੀਜਦਾ।

ਗੁਰਬਾਣੀ ਗਾਉਣ ਦੇ ਪ੍ਰਮਾਰਥੀ ਵੇਗ ਵਿਚਿ ਹੀ ਅਸਾਡੇ ਚੁਟਕੀਲੇ ਫੁਟਕੀਲੇ ਰਾਗੀਆਂ ਨੇ ਸਿਨਮਿਆਂ ਥੀਏਟਰਾਂ ਦੀਆਂ ਤਰਜ਼ਾਂ ਲਿਆਇ ਘਸੋੜੀਆਂ ਹਨ। ਜੋ ਗਾਵਨ ਸੁਣਨਹਾਰਿਆਂ ਦੀਆਂ ਮਾਨਸਿਕ ਤ੍ਰਿਸ਼ਨਾਵਾਂ ਹੀ ਵਧਾਉਂਦੀਆਂ ਹਨ। ਸਾਰੇ ਚਟਪਟੀਲੇ ਰਾਗੀ ਚਟਪਟੀਲੇ ਰਾਗਾਂ ਦੀਆਂ ਤਰਜ਼ਾਂ ਦੇ ਕੁੱਠੇ ਹੋਏ ਤੇ ਉਨ੍ਹਾਂ ਦੇ ਸ੍ਰੋਤੇ ਨਿਰੀਆਂ ਰਾਗਾਂ ਦੀਆਂ ਚਟਪਟੀਲੀਆਂ ਦੇ ਹੀ ਮੁੱਠੇ ਹੋਏ ਹਨ। ਗੁਰ-ਸ਼ਬਦ ਦੇ ਭਾਵ ਵਲ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ, ਕਿਸੇ ਦੀ ਸੁਰਤੀ ਹੀ ਨਹੀਂ ਜੁੜਦੀ। ਪਰਮਾਤਮਾ ਨਾਲਿ ਲਿਵ ਜੁੜਨ ਜੋੜਨ ਦਾ ਸਭ ਤੋਂ ਵਧੀਕ ਵਸੀਲਾ ਗੁਰਮਤਿ ਅਨੁਸਾਰ ਗੁਰੂ ਘਰ ਅੰਦਰ ਇਕ ਕੀਰਤਨ-ਰਸ-ਤਰੰਗ ਹੀ ਸੀ, ਸੋ ਉਸ ਦਾ ਅਭਾਵ ਹੋ ਰਿਹਾ ਹੈ। ਸੋ ਇਹਨਾਂ ਕੁਰਾਗਾਂ ਕੁਰੰਗਾਂ ਦੇ ਕੁਚਸਕੇ ਦੁਆਰਾ ਹੋ ਰਿਹਾ ਹੈ। ਨਾਨਾ ਪ੍ਰਕਾਰ ਦੇ ਸੁਆਂਗ ਬਣਾ ਕੇ ਜੋ ਅੱਜ ਕਲ੍ਹ ਦੇ ਸਿਨਮਿਆਂ ਥੀਏਟਰਾਂ ਵਿਚਿ ਨਾਚ ਰੰਗ ਹੁੰਦੇ ਹਨ ਅਤੇ ਤਾਲ ਪੂਰੇ ਜਾਂਦੇ ਹਨ, ਏਹ ਸਭ, ਨੌਜਵਾਨਾਂ ਨੂੰ ਕੀ, ਹਰ ਪ੍ਰਾਣੀ ਮਾਤਰ ਨੂੰ ਰਸਾਤਲ ਵਿਚਿ ਡੁਬੋਣ ਦਾ ਸਉਦਾ ਹੈ। ਪ੍ਰਮਾਰਥ ਵਲ ਤਾਂ ਕਿਸੇ ਨੇ ਕੀ ਮੁੜਨਾ ਸੀ। ਬਸ ਰੁੜ੍ਹਨ ਹੀ ਰੁੜ੍ਹਨ ਹੈ।

ਗੁਰਮਤਿ ਇਸ਼ਕ-ਹਕੀਕੜੇ ਉਚ ਪ੍ਰਮਾਰਥੀ ਗੁਰਬਾਣੀ ਕੀਰਤਨ ਦੇ ਰਸੀਅੜੇ ਗੁਰਮੁਖਿ ਜਨਾਂ ਨੂੰ ਇਹ ਕਚ-ਪਿਚੇ ਰਾਗ ਹਰਗਿਜ਼ ਨਹੀਂ ਭਾਵੰਦੇ, ਤਾਂ ਗੁਰੂ ਕਰਤਾਰ ਨੂੰ ਕਦੋਂ ਭਾ ਸਕਦੇ ਹਨ। ਉਹ ਪੁਰਖ ਅਗੰਮੜਾ ਕਦੋਂ ਪਤੀਜ ਸਕਦਾ ਹੈ ਇਹਨਾਂ ਰਾਗ ਰੰਗ ਅਖਾੜੇ ਵਾਲੀਆਂ ਰੀਝਾਂ ਤੇ? ਬੜੇ ਹਨੇਰ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਕਚ-ਪਿਚੇ ਰਾਗਾਂ ਦੇ ਕਚ ਦੇ ਢੇਰ ਵਿਚ ਕੰਚਨ ਨੂੰ ਰੁਲਾਇਆ ਜਾ ਰਿਹਾ ਹੈ। ਕੱਚੋਂ ਕੰਚਨ ਕਰਨਹਾਰੀ ਪਾਰਸ ਰੂਪੀ ਗੁਰਬਾਣੀ ਦੇ ਕੀਰਤਨ ਨੂੰ ਆਨਮਤੀਆਂ ਦੀ ਰੀਸੇ ਕੁਰੀਸੇ ਗੰਦੇ ਰਾਗਾਂ ਦੇ ਨਾਲਿ ਹੀ ਰੇਡੀਓ ਉਤੇ ਬ੍ਰਾਡਕਾਸਟ ਕਰ ਕੇ ਗਾਇਆ ਜਾ ਰਿਹਾ ਹੈ। ਜਿਸ ਰੇਡੀਓ ਉਤੇ ਗੰਦੇ ਰਾਗ ਬ੍ਰਾਡਕਾਸਟ ਕੀਤੇ ਜਾਂਦੇ ਹਨ ਉਸੇ ਰੇਡੀਓ ਸੈੱਟ ਉਤੇ ਲੋਭ ਲਾਲਚੀ ਸਿਖ ਰਾਗੀ ਗੁਰ-ਸ਼ਬਦ ਦੇ ਕੀਰਤਨ ਨੂੰ ਬ੍ਰਾਡਕਾਸਟ ਕਰ ਕੇ ਬੇਚ ਰਹੇ ਹਨ। ਬੜੀ ਹੀ ਸ਼ਰਮ ਵਾਲੀ ਗੱਲ ਹੈ। ਕੀ ਇਹ ਗੁਰਬਾਣੀ ਦਾ ਪਰਚਾਰ ਹੈ ਕਿ ਪਰਹਾਰ? ਏਸ ਨੂੰ ਇਕ-ਦਮ ਰੋਕਿਆ ਜਾਣਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਜੋਤਿ ਅਵਤਾਰਾਂ ਸਮੇਂ ਉਪਰੋਕਤ ਰਵਸ਼ ਕੇਵਲ ਆਨਮਤੀਆਂ ਅੰਦਰ ਹੀ ਸੀ। ਗੁਰਸਿੱਖਾਂ ਨੂੰ ਏਸ ਕੁਚਸਕੇ ਤੋਂ ਬਿਵਰਜਤ ਕਰਨ ਲਈ ਹੀ ਸੱਚੇ ਪਾਤਸ਼ਾਹ ਨੇ ਪਾਖੰਡ ਰਾਗ ਦੇ ਗਾਵਨ ਦੀ ਨਿਖੇਧੀ ਕੀਤੀ ਹੈ ਅਤੇ ਦਸਿਆ ਹੈ, "**ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥ ਇਕਿ ਨਚਿ ਨਚਿ ਪੂਰਹਿ ਤਾਲ ਭਗਤ ਨ ਕੀਜਈ ॥**" ਇਸ ਗੁਰਵਾਕ ਦੁਪੰਗਤੀ ਦੁਆਰਾ ਨ-ਸਿਰਫ਼ ਕਚੇ ਪਿਚੇ ਰਾਗਾਂ ਦੀ ਹੀ ਨਿਖੇਧੀ ਕੀਤੀ ਗਈ ਹੈ, ਬਲਕਿ ਤਾਲ ਪੂਰਨੇ ਨਾਦਾਂ ਨੂੰ ਭੀ ਨਿਖੇਧਿਆ ਗਿਆ

ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ, ਇਸ ਤਰ੍ਹਾਂ ਨਚਣ ਟੱਪਣ ਨਾਲ ਭਗਤੀ ਨਹੀਂ ਹੁੰਦੀ, ਜੈਸਾ ਕਿ ਭਗਤੀਏ ਫ਼ਿਰਕੇ ਦੇ ਭਗਤੀਆਂ ਨੂੰ ਭਗਤਿ ਪਾਉਣ (ਰਾਸ ਪਾਉਣ) ਦਾ ਮਾਣ ਸੀ। ਇਕ ਐਸੇ ਡਿੰਭਧਾਰੀ ਮੂਰਖ ਪਾਖੰਡੀ ਭੀ ਹਨ ਜੋ ਅੰਨ ਨਹੀਂ ਖਾਂਦੇ, ਤਿਨ੍ਹਾਂ ਦਾ ਕੁਛ ਭੀ ਨਹੀਂ ਬਣਦਾ। ਤਿਨ੍ਹਾਂ ਦੀ ਅਕਲ ਨੂੰ ਕੀ ਕਹੀਏ। ਉਹਨਾਂ ਦੇ ਉਭਰਨ ਦਾ ਚਾਰਾ ਕੁਛ ਹੋ ਹੀ ਨਹੀਂ ਸਕਦਾ, "**ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥**" ਐਸੇ ਲੋਗ ਅੰਨ ਛਡ ਕੇ ਕੇਵਲ ਪਾਖੰਡ ਕਰਦੇ ਹਨ ਅਤੇ ਲੋਕਾਂ ਤੋਂ ਟਕੇ ਬਟੋਰਦੇ ਹਨ।

ਦਰ-ਅਸਲ ਇਹ ਪਾਖੰਡ ਕਰਦੇ ਹਨ, ਰੱਬ ਰੀਝਾਉਣ ਲਈ ਨਹੀਂ। ਰੱਬ ਐਸੇ ਪਾਖੰਡ-ਕਰਮੀਆਂ ਤੇ ਰੀਝਦਾ ਹੀ ਨਹੀਂ। ਨਾ ਹੀ ਅਜਿਹੇ ਪਾਖੰਡ-ਕਰਮਾਂ ਤੇ ਪਤੀਜਦਾ ਹੈ। ਅਣਭੋਲ ਲੋਕ ਪਤੀਜ ਜਾਂਦੇ ਹਨ। ਤਿਨ੍ਹਾਂ ਨੂੰ ਹੀ ਪਤੀਆਉਣ ਖਾਤਰ ਅਜਿਹੇ ਡਿੰਭ ਰਚੇ ਜਾਂਦੇ ਹਨ। ਜਿਸ ਮਾਇਆ ਦੀ ਤ੍ਰਿਸ਼ਨਾ ਲਈ ਅਜਿਹੇ ਡਿੰਭ ਰਚੇ ਜਾਂਦੇ ਹਨ ਤਿਨ੍ਹਾਂ ਕਰਕੇ ਤ੍ਰਿਸ਼ਨਾ ਉਹਨਾਂ ਦੀ ਫੇਰ ਭੀ ਨਹੀਂ ਮਿਟਦੀ, ਸਗੋਂ ਹੋਰ ਵਧੇਰੀ ਵਧ ਜਾਂਦੀ ਹੈ। ਧੀਰਜ ਸਬਰ ਸ਼ਾਂਤੀ ਕਦੇ ਅਤੇ ਕਿਵੇਂ ਭੀ ਨਹੀਂ ਆਉਂਦੀ। ਅਜਿਹੇ ਆਨਮਤ ਪਾਖੰਡ-ਕਰਮ ਪਾਖੰਡੀਆਂ ਦੇ ਵਧਦੇ ਹੀ ਜਾਂਦੇ ਹਨ। ਅਤੇ ਅਜਿਹੇ ਕਰਮ ਕਰਿ ਕਰਿ ਲੋਆਂ ਦੇ ਲੋਅ ਖਪਿ ਖਪਿ ਮਰੀ ਜਾਂਦੇ ਹਨ।

ਏਹਨਾਂ ਉਪਰ ਵਿਦਤਾਏ ਆਨਮਤ ਪਾਖੰਡ ਕਰਮਾਂ ਦੇ ਕਰਨ ਦਾ ਕੁਛ ਭੀ ਲਾਭ ਨਹੀਂ। ਲਾਭ ਲਾਹਾ ਹੈ ਤਾਂ ਇਕੋ ਗੁਰਮਤਿ ਸਿਫਤਿ ਸਾਲਾਹ ਰੂਪੀ ਕਰਮ ਕਰਨ ਵਿਚਿ ਹੈ। ਇਸ ਸਿਫਤਿ ਸਾਲਾਹੀ ਨਾਮ ਅਭਿਆਸ ਦੇ ਸੱਚੇ ਲਾਹੇ ਨਾਲ ਹੀ ਸਾਰੇ ਸੰਸਾਰ ਦਾ ਉਧਾਰ ਹੋ ਸਕਦਾ ਹੈ। ਹੋਰ ਆਨਮਤ ਕਰਮ ਸਭਿ ਵਿਖ ਰੂਪ ਹਨ। ਇਹੀ ਇਕੋ ਸੱਚੜਾ ਕਰਮ ਨਾਮ ਸਿਫਤਿ ਸਾਲਾਹ ਦਾ ਲਾਹਾ ਹੀ ਅੰਮ੍ਰਿਤ ਰੂਪ ਹੈ। ਜਿਸ ਕਿਸੇ ਨੇ ਭੀ ਸੰਸਾਰ ਵਿਖੇ ਨਾਮ ਦਾ ਲਾਹਾ ਲੈਣਾ ਹੋਵੇ ਸੋ ਗੁਰੂ ਘਰ ਵਿਖੇ ਆ ਕੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕੇ ਅਤੇ ਸੱਚੀ ਗੁਰ-ਦੀਖਿਆ ਨਾਮ ਦੀ ਲਵੇ। ਇਉਂ ਪ੍ਰੇਮ-ਕਮਾਈਆਂ ਕਰਿ ਕਰਿ ਵਾਹਿਗੁਰੂ ਦੀ ਭਗਤੀ ਦੇ ਸ਼ਰਧਾ ਪੂਰਤ ਸੱਚੇ ਅਸਨੇਹ ਵਿਖੇ ਘੁਲਿ ਮਿਲ ਘਿਚ ਹੋ ਜਾਵੇ। ਇਹੀ ਗੁਰਮੁਖਿ ਜਨਾਂ ਦੀ ਸੱਚੀ ਕਾਰ ਹੈ।

ਅਗਲੇ ਗੁਰਵਾਕ ਵਿਚਿ ਪੂਜਾ ਤੀਰਥ ਇਸ਼ਨਾਨ ਨੇਮ, ਮੋਨ ਆਦਿ ਆਨਮਤ ਕਰਮ ਸਭਿ ਪਾਖੰਡ ਰੂਪ ਦਰਸਾਏ ਹਨ--

**ਪ੍ਰਭਾਤੀ ਮਹਲਾ ੫ ॥ ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥ ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥ ੧ ॥ ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥ ੧ ॥ ਰਹਾਉ ॥ ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥ ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮਪੁਰਿ ਬਾਂਧਿ ਖਰੇ ਕਾਲੰਕ ॥ ੨ ॥ ਘੂਘਰ ਬਾਧਿ ਬਜਾਵਹਿ ਤਾਲਾ ॥ ਅੰਤਰਿ ਕਪਟੁ ਫਿਰਹਿ ਬੇਤਾਲਾ ॥ ਵਰਮੀ ਮਾਰੀ ਸਾਪ ਨ ਮੂਆ ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥ ੩ ॥ ਪੂੰਅਰ ਤਾਪ ਗੇਰੀ ਕਾ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥ ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥ ੪ ॥ ਕਾਨ ਫਰਾਇ ਹਿਰਾਏ ਟੂਕਾ ॥**


www.sikhbookclub.com

ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥ ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥ ੫ ॥ ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ ਕਲਪ ਭਵਾਈਐ ਜੋਨੀ ॥ ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥ ਹੁਕਮੁ ਨ ਬੂਝੈ ਵਿਆਪਿਆ ਮਮਤਾ ॥ ੬ ॥ ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥ ਪੂਛਹੁ ਸਗਲ ਬੇਦ ਸਿੰਮ੍ਰਿਤੇ ॥ ਮਨਮੁਖ ਕਰਮ ਕਰੈ ਅਜਾਈ ॥ ਜਿਉ ਬਾਲੂ ਘਰ ਠਉਰ ਨ ਠਾਈ ॥ ੭ ॥ ਜਿਸ ਨੋ ਭਏ ਗੋੁਬਿੰਦ ਦਇਆਲਾ ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥ ਕੋਟਿ ਮਧੇ ਕੋਈ ਸੰਤੁ ਦਿਖਾਇਆ ॥ ਨਾਨਕੁ ਤਿਨ ਕੈ ਸੰਗਿ ਤਰਾਇਆ ॥ ੮ ॥ ਜੇ ਹੋਵੈ ਭਾਗੁ ਤਾ ਦਰਸਨੁ ਪਾਈਐ ॥ ਆਪਿ ਤਰੈ ਸਭ ਕੁਟੰਬੁ ਤਰਾਈਐ ॥ ੧ ॥ ਰਹਾਉ ਦੂਜਾ ॥ ੨ ॥

(ਪੰਨਾ ੧੩੪੭-੪੮)

ਵਿਆਖਿਆ— ਬਹੁ ਪ੍ਰਕਾਰ ਦੀਆਂ ਤੇ ਬਾਹਲੇ ਵਿਸਥਾਰ ਦੀਆਂ ਬਹੁਤ ਲੰਮ-ਚੜਾਉ ਦੀਆਂ ਭਾਵੇਂ ਕਿੰਨੀਆਂ ਹੀ ਪੂਜਾ ਪ੍ਰਸਤਸ਼ਾਂ ਕੋਈ ਆਨਮਤੀ ਕਰ ਲਵੇ, ਪਰ ਉਸ ਦੇ ਮਨ ਦਾ ਕ੍ਰੋਧ ਅਤੇ ਮਹਾਂ ਅਹੰਕਾਰ ਨਹੀਂ ਮਿਟਦਾ; ਪੂਜਾਵਾਂ ਕੀਤੀਆਂ ਐਵੇਂ ਬਿਰਥੀਆਂ ਹੀ ਜਾਂਦੀਆਂ ਹਨ। ਬੈਸ਼ਨਵ ਕਰਮ ਧਰਮੀ ਲੋਗ ਜੋ ਨ੍ਹਾ ਧੋ ਕੇ ਤਨ ਉਪਰ ਚਕ੍ਰ ਦੇ ਨਿਸ਼ਾਨ ਲਾਉਂਦੇ ਹਨ, ਇਹ ਸਭਿ ਪਾਖੰਡ ਕਿਰਿਆ ਹੀ ਹੈ। ਕਿਉਂਕਿ ਇਸ ਪਾਖੰਡ ਕਰਮ ਦੁਆਰਾ ਉਹਨਾਂ ਦੇ ਅੰਦਰ ਦੀ ਮੈਲ ਕਦੇ ਨਹੀਂ ਜਾਂਦੀ। ਇਹਨਾਂ ਪਾਖੰਡ ਕਰਮ ਸੰਜਮਾਂ ਦੁਆਰਾ ਵਾਹਿਗੁਰੂ ਨੂੰ ਕਿਨ੍ਹੇ ਨਹੀਂ ਪਾਇਆ। ਵਿਸ਼ਨੂੰ ਦੇ ਭਗਤਾਂ ਵਾਲੇ ਭੇਖ ਚਿੰਨ੍ਹ (ਮੁਦ੍ਰਾ) ਲਾਇਆਂ ਭੀ ਕੁਛ ਨਹੀਂ ਸੌਰਦਾ ਉਹਨਾਂ ਭੇਖੀਆਂ ਦਾ। ਮਨ ਤਾਂ ਫੇਰ ਭੀ ਮਾਇਆ ਨਾਲਿ ਹੀ ਮੋਹਿਆ ਰਹਿੰਦਾ ਹੈ। ਆਨਮਤ ਤੀਰਥ ਨ੍ਹਾਉਂਦਾ ਹੈ, ਪਰ ਤੀਰਥ ਨ੍ਹਾਤਿਆਂ ਪਾਪ ਕਮਾਉਣ ਦੀ ਬਹਿਬਤ ਨਹੀਂ ਜਾਂਦੀ। ਸਦਾ ਪੰਜਾਂ ਦੂਤਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਵੱਸ ਵਿਚਿ ਪਿਆ ਪਾਪ ਕਮਾਉਂਦਾ ਰਹਿੰਦਾ ਹੈ, ਹਟਦਾ ਨਹੀਂ। ਐਵੇਂ ਲੋਕਾਂ ਭਾਣੇ ਕਹਿੰਦਾ ਫਿਰਦਾ ਹੈ, ਤੀਰਥ ਨ੍ਹਾਇਆਂ ਪਾਪ ਸਭ ਉਤਰ ਗਏ। ਉਤਰਨ ਦੀ ਨਿਸ਼ਾਨੀ ਇਹ ਹੈ ਕਿ ਬਹੁਰ ਪਾਪ ਨਾ ਕਮਾਵਹਿ। ਸਗੋਂ ਓਦੂੰ ਦੁਗਣੇ ਕਮਾਉਂਦਾ ਹੈ। ਪਾਪਾਂ ਦੀ ਮੈਲ ਨਹੀਂ ਜਾਂਦੀ। ਏਸੇ ਰਹਿ ਗਈ ਮੈਲ ਦੇ ਕਾਰਨ ਸਗੋਂ ਨਿਸੰਕ ਹੋ ਕੇ ਹੋਰ ਪਾਪ ਕਮਾਉਂਦਾ ਹੈ। ਇਹ ਕਲੰਕ (ਪਾਪ) ਉਸਨੂੰ ਜਮਪੁਰੀ ਵਿਖੇ ਬੰਨ੍ਹ ਕੇ ਲੈ ਜਾਂਦਾ ਹੈ। ਪੈਰਾਂ ਨੂੰ ਘੁੰਗਰੂ ਬੰਨ੍ਹ ਕੇ, ਹੱਥਾਂ ਨਾਲਿ ਤਾਲ ਬਜਾ ਬਜਾ ਆਨਮਤ ਗੀਤ ਗਾਉਂਦੇ ਹਨ, ਪਰ ਅੰਦਰਲਾ ਕਪਟ ਇਉਂ ਨਹੀਂ ਜਾਂਦਾ। ਬੇਸੁਰੇ ਤੇ ਬੇਮੁਹਾਰੇ ਹੀ ਫਿਰਦੇ ਰਹਿੰਦੇ ਹਨ। ਸੱਪ ਦੀ ਖੁੱਡ ਪੁੱਟਿਆਂ ਸੱਪ ਨਹੀਂ ਮਰਦਾ। ਏਸੇ ਤਰ੍ਹਾਂ ਤਨ ਨੂੰ ਤਸੀਹੇ ਦਿਤਿਆਂ ਮਨ ਵਸਿ ਨਹੀਂ ਆਉਂਦਾ। ਮਨ ਦੀ ਗਤਿ ਕਰਨੇਹਾਰਾ ਪ੍ਰਭੂ ਭਲੀ ਬਿਧਿ ਜਾਣਦਾ ਹੈ। ਕਦੇ ਧੂਣੀ ਤਾਪਦਾ ਹੈ, ਕਦੇ ਗੇਰੂ ਦੇ ਬਸਤਰ ਪਹਿਨ ਕੇ ਭੇਖੀ ਸਾਧ ਬਣਿ ਬਹਿੰਦਾ ਹੈ। ਬਿਪਤਾ ਦਾ ਮਾਰਿਆ, ਕੰਮ ਕਾਜ ਤੋਂ ਡਰਦਾ ਹੋਇਆ ਘਰ ਤੋਂ ਨਸ ਕੇ ਸਾਧ ਬਣ ਜਾਂਦਾ ਹੈ। ਆਪਣਾ ਵਤਨ ਦੇਸ਼ ਛਡ ਕੇ ਪਰਦੇਸੀਂ ਪਿਆ ਫਿਰਦਾ ਹੈ, ਪਰ ਥਾਉਂ ਥਾਈਂ ਧਾਇਆਂ ਮਨ ਵਸਿ ਨਹੀਂ ਆਉਂਦਾ। ਪੰਜ ਚੰਡਾਲ ਤਾਂ, ਜਿਥੇ ਜਾਂਦਾ ਹੈ, ਉਸ ਦੇ ਨਾਲਿ ਹੀ ਚਿਮੜੇ ਰਹਿੰਦੇ ਹਨ। ਟੁੱਕਰ ਮੰਗਣ ਦੀ ਖਾਤਰ ਕੰਨ ਪੜਵਾ ਦਿੱਤੇ। ਜੋਗੀ ਬਣ ਜਾਂਦਾ ਹੈ। ਪਰ

ਹਾਜਤ ਉਸ ਦੀ ਮਿਟਦੀ ਨਹੀਂ। ਕੁੱਤੇ-ਝਾਕਣੀ ਜਾਂਦੀ ਨਹੀਂ। ਤ੍ਰਿਪਤੀ ਨਹੀਂ ਆਉਂਦੀ। ਘਰਿ ਘਰਿ ਟੁੱਕਰ ਮੰਗਿਆਂ ਸਗੋਂ ਹੋਰ ਤ੍ਰਿਸ਼ਨਾ ਵਧਦੀ ਹੈ। ਸੁਪਨੇ ਵਿਚਿ ਭੀ ਉਸ ਨੂੰ ਟੁੱਕਰ ਹੀ ਦੀਹਦੇ ਹਨ। ਟੁੱਕਰਾਂ ਦੇ ਹੀ ਜਮ੍ਹਾ ਕਰਨ ਦੇ ਸੁਪਨੇ ਆਉਂਦੇ ਹਨ। ਆਪਣੀ ਘਰ ਦੀ ਨਾਰ ਤਿਆਗ ਕੇ ਆਪਣੇ ਜਾਣੇ ਤਿਆਗੀ ਬਣਦਾ ਹੈ। ਪਰਾਈ ਇਸਤ੍ਰੀ ਨੂੰ ਦੇਖਣ ਦੀ ਬੁਰੀ ਦ੍ਰਿਸ਼ਟੀ ਵਾਲੀ ਬਾਣ ਵਧੇਰੀ ਪੈ ਜਾਂਦੀ ਹੈ। ਅੰਤ ਗਲ ਦੀ ਫਾਸ ਬਣ ਜਾਂਦੀ ਹੈ। ਵੇਸ ਭੇਖ ਕੀਤਿਆਂ ਪਰਮਾਤਮਾ ਨਹੀਂ ਮਿਲਦਾ, ਸਗੋਂ ਪਾਖੰਡ ਭੇਖਾਂ ਦੇ ਕਾਰਨ ਉਸ ਦੀ ਦਸ਼ਾ ਮਹਾਂ ਦੁਖਿਆਰੀ ਹੋ ਜਾਂਦੀ ਹੈ। ਬੋਲਦਾ ਨਹੀਂ, ਮੋਨੀ ਹੋ ਕੇ ਬਹਿ ਜਾਂਦਾ ਹੈ। ਪਰ ਮਨ ਦੇ ਸੰਕਲਪ ਵਿਕਲਪ ਮਿਟਦੇ ਨਹੀਂ। ਜਿਸ ਕਾਰਨ ਇਹ ਪਾਖੰਡ ਭੇਖ ਉਸਨੂੰ ਜੋਨੀਆਂ ਵਿਚ ਭਵਾਉਂਦੇ ਹਨ। ਅੰਨ ਤੋਂ ਰਹਿਤ ਹੋ ਕੇ ਦੁਖ ਦੇਹੀ ਤੇ ਸਹਿੰਦਾ ਹੈ। ਅਪਣੀ ਸ਼ੁਹਰਤ ਦੀ ਲਗਨ (ਮਮਤਾ) ਵਿਚ ਗਲਤਾਨ ਹੋਇਆ ਵਿਆ ਵਾਹਿਗੁਰੂ ਦੇ ਸੱਚੇ ਹੁਕਮ ਤੋਂ ਘੁਥਿਆ ਹੀ ਰਹਿੰਦਾ ਹੈ। ਸਤਿਗੁਰ ਦੀ ਸਿਖਿਆ ਬਿਨਾਂ ਕਿਸੇ ਭੀ ਅਨਮਤੀ ਕਰਮ-ਕਾਂਡੀ ਨੇ ਕਰਮ-ਗਤਿ ਨਹੀਂ ਪਾਈ। ਸਗਲੇ ਸਿਮਿਰਤ ਬੇਦ ਸ਼ਾਸਤ੍ਰ ਸੋਧ ਕੇ ਦੇਖ ਲਏ ਅਤੇ ਇਹਨਾਂ ਸਿਮਿਰਤ ਬੇਦ ਸ਼ਾਸਤ੍ਰਾਂ ਤੇ ਚਲਣ ਵਾਲਿਆਂ ਆਨਮਤ-ਕਰਮੀਆਂ ਨੂੰ ਭੀ ਸੋਧ ਕੇ ਦੇਖ ਲਿਆ। ਮਨਮੁਖਾਂ ਆਨਮਤੀਆਂ ਦੇ ਕੀਤੇ ਕਰਮ ਅਜਾਈਂ ਹੀ ਜਾਂਦੇ ਹਨ, ਜਿਵੇਂ ਬਾਲੂ ਰੇਤ ਦਾ ਘਰੁ ਉਸਾਰਿਆ ਥਿਰ ਨਹੀਂ ਰਹਿੰਦਾ, ਫੇਰ ਢਹਿ ਪੈਂਦਾ ਹੈ।

ਜਿਸ ਵਡਭਾਗੇ ਗੁਰਮੁਖਿ ਜਨ ਉਤੇ ਗੋਬਿੰਦ ਦਇਆਲੂ ਹੁੰਦਾ ਹੈ, ਉਸ ਨੂੰ ਗੁਰੂ ਦੁਆਰਿਓਂ (ਗੁਰੂ ਨਾਨਕ ਦੇ ਦੁਆਰਿਓਂ) ਗੁਰ-ਦੀਖਿਆ ਮਿਲਦੀ ਹੈ। ਉਹ ਗੁਰੂ ਦੇ ਸਿੱਖ ਸਚਿਆਰ ਬਣ ਕੇ ਗੁਰੂ ਦੇ ਬਚਨ ਗੁਰ-ਮੰਤਰ ਨੂੰ ਗਹਿ ਕੇ ਲੜਿ ਬੰਨ੍ਹ ਲੈਂਦੇ ਹਨ ਤੇ ਰਸਨਾ ਤੇ ਬਿਠਾ ਲੈਂਦੇ ਹਨ, ਅੰਤਰ ਆਤਮੇ ਪਰੋ ਲੈਂਦੇ ਹਨ। ਕੋਟਾਂ ਵਿਚੋਂ ਕੋਈ ਐਸਾ ਗੁਰ-ਦੀਖਤ ਸੰਤ ਪ੍ਰਗਟਾਇਆ ਹੈ। ਐਸੇ ਗੁਰ ਨਾਨਕ ਦੇ ਘਰ ਦੇ ਗੁਰ-ਦੀਖਤ ਸੰਤ ਦੇ ਸੰਗ ਬਹਿ ਕੇ ਨਿਸਤਾਰਾ ਹੁੰਦਾ ਹੈ ਅਤੇ ਕਰਮਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਜੇ ਮਸਤਕ ਤੇ ਭਾਗ ਹੋਵੇ ਤਾਂ ਐਸੇ ਗੁਰੂ ਵਰੋਸਾਏ ਸੰਤ ਭਗਤ ਗੁਰਮੁਖਿ ਜਨ ਦਾ ਦਰਸ਼ਨ ਨਸੀਬ ਹੋਵੇ। ਜਿਸ ਦਰਸ਼ਨ ਦੇ ਪਰਤਾਪ ਨਾਲਿ ਦਰਸ਼ਨ ਕਰਨਹਾਰਾ ਅਤੇ ਉਸ ਦਾ ਸਾਰਾ ਕੁਟੰਬ ਪਰਵਾਰ ਭੀ ਤਰ ਜਾਂਦਾ ਹੈ।

ਆਵਾ ਗਵਨ ਦੇ ਬਿਨਾਸ ਲਈ ਲਖਾਂ ਕਰਮ ਕੀਤੇ ਭੀ ਨਿਸਫਲ ਹਨ। ਯਥਾ ਗੁਰਵਾਕ—

**ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥ ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥ ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ ॥**

(ਸਲੋਕ ਮਃ ੧, ਪੰਨਾ ੧੪੧੧)

ਭਾਵ— ਤ੍ਰਿਸ਼ਨਾ ਰੂਪੀ ਅਗਨੀ ਤਾਂ ਬੁਝਦੀ (ਮਰਦੀ) ਹੈ ਜੇ ਨਾਮ ਰੂਪੀ ਜਲ ਲਭੇ। ਇਹ ਨਾਮ ਰੂਪੀ ਜਲ ਦੀ ਨਿਧਿ (ਪੂੰਜੀ) ਸਤਿਗੁਰੂ ਨਾਨਕ ਦੇ ਦੁਆਰਿਓਂ ਹੀ ਮਿਲਦੀ ਹੈ। ਇਸ ਤੋਂ ਬਿਨਾਂ ਪ੍ਰਾਣੀ ਨੂੰ ਆਵਾਗਉਣ ਦੇ ਚਕਰ ਵਿਚਿ ਹੀ ਘੁੰਮਣਾ ਭ੍ਰਮਣਾ ਪੈਂਦਾ ਹੈ, ਭਾਵੇਂ ਲੱਖਾਂ ਆਨਮਤ ਕਰਮ ਕਰ ਲਵੇ। ਪਰ ਸਤਿਗੁਰੂ ਦੀ ਭਾਇ ਭਗਤੀ ਉਪਰ ਭਰੋਸਾ ਰਖ ਕੇ ਜੇ ਵਰਤੋਂ ਕਰੇ ਤਾਂ ਨਾ ਤਾਂ ਜਮ ਲਗਦਾ ਹੈ, ਨਾ ਅਗੇ ਜਾ ਕੇ ਜਾਗਾਤੀਆਂ ਨੂੰ ਜਗਾਤ ਦੇਣੀ ਪੈਂਦੀ ਹੈ। ਜਗਾਤ ਲਗਦੀ ਹੀ ਨਹੀਂ ਗੁਰਮਤਿ ਭਾਇ ਨਾਮ ਜਪਣ ਵਾਲਿਆਂ ਨੂੰ, ਅਤੇ ਲੱਖ ਚੁਰਾਸੀ


www.sikhbookclub.com

ਜੂਨੀਆਂ ਵਿਚਿ ਭਰਮਣ ਦਾ ਗੇੜ ਭੀ ਮੁਕ ਜਾਂਦਾ ਹੈ—

**ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ ॥ ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ ॥**

(ਸਲੋਕ ਮਃ ੩, ਪੰਨਾ ੧੪੧੬)

ਗੁਰ ਸ਼ਬਦ, ਗੁਰ ਦੀਖਿਆ, ਗੁਰਮੰਤਰ ਦੀ ਕਮਾਈ ਕਰਦਾ ਕਰਦਾ ਜੋ ਜਨ ਮਰਜੀਵਾ ਹੋ ਜਾਵੇ, ਸੋਈ ਅਗੇ ਹਰਿ ਦਰਗਹਿ ਜਾ ਕੇ ਸੁਰਖ਼ਰੂ ਹੁੰਦਾ ਹੈ, ਕਿਉਂਕਿ ਉਹ ਬਾਜ਼ੀ ਜਿੱਤ ਕੇ ਘਰਿ ਆਉਂਦਾ ਹੈ, ਮਨੁਖਾ ਜਨਮ ਨੂੰ ਜਿੱਤ ਲੈਂਦਾ ਹੈ। ਅੱਗੇ ਭੀ ਜੀਵਨ-ਮੁਕਤ ਪਦਵੀ ਦਾ ਸਿਹਰਾ ਉਸ ਨੂੰ ਮਿਲਦਾ ਹੈ। ਬਿਨਾਂ ਗੁਰ-ਸ਼ਬਦ ਤੋਂ ਕਿਸੇ ਭੀ ਪ੍ਰਾਣੀ ਦੀ ਮੁਕਤੀ ਨਹੀਂ ਹੁੰਦੀ। ਸ਼ਬਦ ਬਿਹੂਣੀ ਸਾਰੀ ਸ੍ਰਿਸ਼ਟੀ ਪਰਜਾ ਵਿਗੋਚੇ ਵਿਚ ਹੀ ਹੈ। ਚਾਹੇ ਅਨੇਕਾਂ ਕਰਮਾਂ ਨੂੰ ਕਰਿ ਕਰਿ ਹੰਭ ਜਾਵੇ ਅਤੇ ਭੇਖਾਂ ਵਿਚਿ ਭ੍ਰਮ ਥਕੇ, ਦੂਜੇ ਭਾਇ ਵਿਚਿ ਗੁਮਰਾਹ ਹੋਈ ਰਹਿੰਦੀ ਹੈ। ਜਿਤਨੇ ਭੀ ਆਨਮਤ ਭੇਖ ਕਰਮ ਹਨ, ਸਭ ਦੂਜੇ ਭਾਇ ਵਿਚਿ ਭ੍ਰਮਿ ਭੁਲਾਉਣ ਦੇ ਚਕਮੇ ਹਨ।

**ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥**

(ਸਲੋਕ ਮਃ ੩, ਪੰਨਾ ੧੪੧੭)

ਜਿਤਨੇ ਭੀ ਆਨਮਤਾਂ ਦੇ ਪਾਖੰਡ ਕਰਮ ਹਨ, ਸਭ ਬਾਹਜ-ਮੁਖੀ ਫੋਕਟ ਕਰਮ ਹੀ ਹਨ। ਮਨ ਹਿਰਦੇ ਅੰਦਰਿ ਕਪਟ ਹੀ ਰਹਿੰਦਾ ਹੈ। ਤਾਂ ਤੇ ਕਪਟ ਕੀਤਿਆਂ ਕਪਟ ਕਮਾਈਆਂ ਕੁਛ ਭੀ ਲਾਭਦਾਇਕ ਨਹੀਂ, ਸਗੋਂ ਹਾਨੀਕਾਰਕ ਹਨ।


www.sikhbookclub.com

# ੧੬ - ਮਨਮੁਖਿ ਕਰਮ

**ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥ ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥**

**(ਸ੍ਰੀਰਾਗੁ ਮਃ ੩, ਪੰਨਾ ੨੯)**

ਮਨਮੁਖਿ ਕਰਮ ਉਹ ਹਨ ਜੋ ਮਨ ਦੇ ਮਗਰ ਲਗ ਕੇ ਕੀਤੇ ਜਾਂਦੇ ਹਨ। ਜੋ ਸ਼ਖਸ ਮਨ ਦੇ ਮਗਰ ਲਗ ਕੇ ਕਰਮ ਕਰਦਾ ਹੈ, ਉਹ ਮਨਮੁਖ ਕਹਾਉਂਦਾ ਹੈ। ਮਾਇਆ ਦੇ ਦ੍ਰਿਸ਼ਟਮਾਨ ਪਸਾਰੇ ਵਿਚਿ ਮੋਹਤ ਹੋ ਕੇ ਮਨਮੁਖ ਮੋਹ ਮਾਇਆ ਵਾਲੇ ਕਰਮ ਹੀ ਕਰਦਾ ਹੈ ਅਤੇ ਸੰਸਾਰਕ ਮੋਹ ਵਿਚਿ ਹੀ ਮੱਤਾ (ਵਿਆਪਿਆ) ਰਹਿੰਦਾ ਹੈ। ਤਿਸ ਨੂੰ ਪ੍ਰਮਾਰਥ ਸੰਦਾ ਬੈਰਾਗ ਕਦੇ ਉਪਜਦਾ ਹੀ ਨਹੀਂ, ਨਾ ਹੀ ਕਦੇ ਮਾਇਆ ਤੋਂ ਉਦਾਸੀ ਹੁੰਦੀ ਹੈ। ਉਸ ਨੂੰ ਸ਼ਬਦ ਦੀ ਸੋਝੀ ਹੀ ਨਹੀਂ ਆਉਂਦੀ। ਇਸ ਕਰਕੇ ਸਦਾ ਦੁਖ ਹੀ ਦੁਖ ਉਸ ਉਤੇ ਛਾਇਆ ਰਹਿੰਦਾ ਹੈ। ਇਸ ਲੋਕ ਵਿਖੇ ਤਾਂ ਉਹ ਦੁਖੀਆ ਰਹਿੰਦਾ ਹੈ, ਅਗੇ ਹਰਿ ਦਰਗਾਹ ਵਿਚਿ ਗਇਆਂ ਉਸ ਦੀ ਪਤਿ ਪ੍ਰਤੀਤ ਹੀ ਨਹੀਂ ਰਹਿੰਦੀ। ਉਹ ਕਉਡੀ ਦਾ ਮੁੱਲ ਨਹੀਂ ਪਾਉਂਦਾ। ਪਿਆ ਧਕੇ ਖਾਂਦਾ ਹੈ, ਸਾਰੀ ਪਤਿ ਲੱਥੀ ਜਾਂਦੀ ਹੈ। ਦੁਨਿਆਵੀ ਕੂੜਾਵੀ ਪਤਿ ਦੀ ਉਥੇ ਕੋਈ ਬਾਤ ਨਹੀਂ ਪੁਛਦਾ। ਪ੍ਰਤੀਤ ਹੀ ਨਹੀਂ ਰਹਿੰਦੀ।

**ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥ ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥ ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥ ੧ ॥**

**(ਸ੍ਰੀਰਾਗੁ ਮਃ ੩, ਪੰਨਾ ੩੧)**

ਭਾਵ— ਮਨਮੁਖ ਪ੍ਰਾਣੀ ਦੇ ਮਨ-ਉਕਤ ਕਰਮ ਕਮਾਵਣੇ ਇਸ ਤਰ੍ਹਾਂ ਬਿਰਥੇ ਅਤੇ ਝੂਠੇ ਹਨ ਜਿਵੇਂ ਸੋਹਾਗ-ਹੀਣ ਛੁੱਟੜ ਰੰਨ ਦੋਹਾਗਣ ਦੇ ਤਨ ਦਾ ਸੀਂਗਾਰ ਲਾਉਣਾ ਕਿਸੇ ਲੇਖੇ ਨਹੀਂ, ਕਿਉਂਕਿ ਉਹ ਨਿਖਸਮੀ ਹੈ। ਏਸੇ ਤਰ੍ਹਾਂ ਮਨਮੁਖ ਪ੍ਰਾਣੀ ਭੀ ਨਿਗੁਰਾ ਹੋਣ ਕਰਿ ਨਿਖਸਮਾ ਹੈ। ਉਸ ਦੇ ਮਨ-ਰੁਚਤ ਕਰਮ (ਆਪਦੀ ਰੁਚੀ ਦੇ ਕਰਮ) ਸਭ ਫ਼ਜ਼ੂਲ ਹਨ, ਕਿਤੇ ਭੀ ਕਬੂਲ ਨਹੀਂ ਪੈਂਦੇ। ਜਿਸ ਪ੍ਰਕਾਰ ਛੁੱਟੜ ਰੰਨ ਦੋਹਾਗਣ ਦੀ ਸੇਜ ਤੇ ਕੰਤੁ ਨਹੀਂ ਆਉਂਦਾ, ਉਹ ਨਿਤ ਨਿਤ ਖੁਆਰ ਹੀ ਹੁੰਦੀ ਰਹਿੰਦੀ ਹੈ, ਏਸੇ ਤਰ੍ਹਾਂ ਮਨਮੁਖ ਭਾਵੇਂ ਲੱਖ ਕਰਮ ਕਮਾਵੇ, ਉਸ ਨੂੰ ਸਦਾ ਖੁਆਰੀ ਹੀ ਹੈ। ਕਿਉਂਕਿ ਪ੍ਰਮਾਰਥ ਵਾਲੀ ਖੇਡ ਉਸ ਦੀ ਖੁੱਸੀ ਹੋਈ ਹੈ (ਬੰਦ ਹੈ), ਪਤੀ ਪਰਮਾਤਮਾ ਉਸ ਦੇ ਨੇੜੇ ਨਹੀਂ ਢੁਕਦਾ। ਜਿਸ ਕਰਕੇ ਉਸ ਨੂੰ ਸਦਾ ਖੀਨਤਾ ਭਰੀ ਖਰਾਬੀ ਹੀ ਖਰਾਬੀ ਦਰਪੇਸ਼ ਹੈ। ਅਤੇ ਖੁਆਰੀ ਹੀ ਖੁਆਰੀ ਉਸ ਨੂੰ ਸਦੀਵ ਕਾਲ ਹੁੰਦੀ ਰਹਿੰਦੀ ਹੈ। ਜਿਵੇਂ ਛੁੱਟੜ ਦੋਹਾਗਣੀ ਪਤੀ ਦੇ ਮਹਲ ਵਿਚਿ ਵੜਨੀ ਹੀ ਨਹੀਂ ਪਾਉਂਦੀ, ਸਗੋਂ ਪਤੀ ਦੇ ਘਰ ਦਾ ਬੂਹਾ

ਭੀ ਉਹ ਨਹੀਂ ਦੇਖਣਾ ਪਾਉਂਦੀ, ਏਵੇਂ ਮਨਮੁਖ ਜਗਿਆਸੂ ਨੂੰ ਵਾਹਿਗੁਰੂ ਦਾ ਮੇਲ ਹੀ ਨਹੀਂ ਹੁੰਦਾ। ਨਾ ਹੀ ਉਸ ਨੂੰ ਮੇਲ ਦਾ ਮਾਰਗ ਲਭਦਾ ਹੈ, ਚਾਹੇ ਲੱਖ ਮਨਮੁਖੀ ਕਰਮ ਕਮਾ ਥਕੇ। ਉਸ ਦੇ ਕੀਤੇ ਕਰਮ ਕਿਸੇ ਲੇਖੇ ਨਹੀਂ ਪੈਂਦੇ। ਨਿਗੁਰੇ ਮਨਮੁਖ ਦੇ ਮਨਮੁਖੀ ਕਰਮ ਉਸ ਨੂੰ ਔਝੜ ਹੀ ਪਾਈ ਰਖਦੇ ਹਨ, ਸੁਮਾਰਗ ਤੇ ਲਗਣ ਹੀ ਨਹੀਂ ਦਿੰਦੇ।

**ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ ॥ ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ ॥ ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥ ੧ ॥ ਮਨ ਰੇ ਦੂਜਾ ਭਾਉ ਚੁਕਾਇ ॥ ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥ ... ... .. ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥**

(ਸਿਰੀਰਾਗੁ ਮਃ ੩, ਪੰਨਾ ੩੩)

ਭਾਵ— ਵਾਹਿਗੁਰੂ ਆਪਣੀ ਕਿਰਪਾ ਕਰੇ ਤਾ ਸੱਚੇ ਸਤਿਗੁਰੂ ਦਾ ਮਿਲਾਵਾ ਹੋਵੇ। ਸਤਿਗੁਰੂ ਦੀ ਕਿਰਪਾ ਦੀਖਿਆ ਪ੍ਰਸਾਦ ਦੁਆਰਾ ਨਾਮ ਦ੍ਰਿੜ੍ਹ ਹੁੰਦਾ ਹੈ। ਜਿਸ ਉਪਰ ਕਿਰਪਾ ਹੋਵੇ ਤਿਸ ਨੂੰ ਸਤਿਗੁਰ ਨਾਮੁ ਦ੍ਰਿੜ੍ਹਾ ਦੇਵੇ, ਨਹੀਂ ਤਾਂ ਹਰ ਇਕ ਪ੍ਰਾਣੀ ਮਨਮੁਖ ਹੀ ਰਹਿ ਜਾਂਦਾ ਹੈ। ਨਿਗੁਰਾ ਮਨਮੁਖ ਆਪਣਾ ਜਨਮ ਬਿਰਥਾ ਹੀ ਗੰਵਾ ਜਾਂਦਾ ਹੈ, ਕਿਉਂਕਿ ਗੁਰਮੁਖਿ ਬਣੇ ਬਿਨਾਂ, ਸਗੁਰਾ ਹੋਇ ਬਿਨਾਂ ਕਿਸੇ ਨੂੰ ਭੀ ਪ੍ਰਮਾਰਥ ਦੀ ਅਤੇ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਬਿਹੂਣੇ ਨਿਗੁਰੇ ਮਨਮੁਖ ਦੇ ਜਿਤਨੇ ਭੀ ਕਰਮ ਕਮਾਏ ਹੋਏ ਹੁੰਦੇ ਹਨ, ਉਹ ਉਸ ਨੂੰ ਰੰਚਕ ਭੀ ਸਹਾਈ ਨਹੀਂ ਹੁੰਦੇ। ਮਨਮੁਖ ਨੂੰ ਸੱਚੀ ਦਰਗਹ ਅੰਦਰਿ ਸਜ਼ਾ ਮਿਲਦੀ ਹੈ। ਮਨਮੁਖ ਤਾਂ ਸਦਾ ਦੂਜੇ ਭਾਇ ਵਿਚਿ ਕਰਮ ਕਮਾਵਣ ਦੀਆਂ ਟੱਕਰਾਂ ਮਾਰਦਾ ਰਹਿੰਦਾ ਹੈ। ਗੁਰ-ਦੀਖਿਆ ਲੈ ਕੇ ਮਨਮੁਖੋਂ ਗੁਰਮੁਖਿ ਬਣੇ, ਅੰਮ੍ਰਿਤ ਛਕ ਕੇ ਗੁਰੂ ਦਾ ਸਚਿਆਰ ਸਿਖ ਸਜ ਜਾਵੇ ਤਾਂ ਉਸ ਦਾ ਦੂਜਾ ਭਾਉ ਦੂਰ ਹੁੰਦਾ ਹੈ (ਚੁਕਾਇਆ ਜਾਂਦਾ ਹੈ)। ਗੁਰੂ ਦੇ ਸੇਵਕ, ਸੱਚਾ ਸਿਖ ਬਣਨ ਵਿਚਿ ਹੀ ਸੁਖੁ ਹੈ। ਕਿਉਂਕਿ ਗੁਰਸਿਖ ਬਣ ਕੇ, ਗੁਰ-ਮੰਤਰ ਨਾਮ ਦੀਆਂ ਕਮਾਈਆਂ ਕਰ ਕੇ, ਉਸ ਦੇ ਅੰਤਰਿ ਆਤਮੇ ਹੀ ਅੰਤਰਯਾਮੀ ਵਾਹਿਗੁਰੂ ਆਣਿ ਵਸਦਾ ਹੈ। ਮਨਮੁਖ ਪ੍ਰਾਣੀ ਸਦਾ ਹਉਮੈ ਵਿਚਿ ਕਰਮ-ਕਾਰ ਕਮਾਵੰਦਾ ਪਚਿ ਮਰਦਾ ਹੈ। ਹਉਮੈ ਵਿਚਿ ਪਿਆ ਹੋਇਆ ਜਗਤ ਬਿਨਸਦਾ ਹੈ ਅਤੇ ਮੁੜਿ ਮੁੜਿ ਕੇ ਜੰਮਣ ਮਰਨ (ਆਵਾਗਉਣ) ਵਿਚਿ ਭਰਮਦਾ ਰਹਿੰਦਾ ਹੈ। ਅਤੇ ਮਨਮੁਖ ਹੀ ਰਹਿੰਦਾ ਹੈ। ਜਗਤ ਵਿਚਿ ਜਿਤਨੇ ਭੀ ਮਨਮੁਖ ਹਨ ਸੋ ਆਪਣੀ ਪਤਿ ਆਬਰੋ ਗਵਾ ਕੇ ਚਲੇ ਜਾਣਗੇ ਅਤੇ ਨਿਪੱਤੇ ਨਿਗੱਤੇ ਹੀ ਰਹਿਣਗੇ। ਦਰਗਹ ਅੰਦਰਿ ਖਜਲ ਖੁਆਰ ਹੋਣਗੇ, ਕਿਉਂਕਿ ਉਹ ਗੁਰ-ਸ਼ਬਦ ਗੁਰ-ਦੀਖਿਆ ਵਾਲੇ ਗੁਰਮਤਿ ਮਾਰਗ ਤੇ ਦ੍ਰਿੜ੍ਹ (ਗਾਮਜ਼ਨ) ਨਹੀਂ ਹੋਏ, ਗੁਰ-ਦੀਖਿਆ ਗੁਰ-ਸ਼ਬਦ ਦੇ ਜਾਣੂ ਹੀ ਨਹੀਂ ਹੋਏ।

**ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥ ੨ ॥**

(ਸਿਰੀਰਾਗੁ ਮਃ ੩, ਪੰਨਾ ੩੪)

ਕੂੜ-ਮੁਠੇ ਹੋਏ ਮਨਮੁਖ ਕੂੜਿਆਰਾਂ ਵਾਲੇ ਕਰਮ ਹੀ ਕਰਦੇ ਹੋਏ ਜਨਮ ਬਿਰਥਾ ਗੰਵਾ ਜਾਂਦੇ ਹਨ। ਸਾਰਾ ਜਗੁ ਮਨਮੁਖਾਂ ਦਾ ਹਉਮੈ ਵਿਚਿ ਪਚਿਆ ਹੋਇਆ ਹਉਂ ਹਉਂ ਕਰਦਾ ਅਤੇ ਹਉਮੈ ਅਧੀਨ ਮਨਮੁਖਾਂ ਵਾਲੇ ਕਰਮ ਕਰਦਾ ਕਰਦਾ ਹੀ ਮਰਿ ਜਾਂਦਾ ਹੈ। ਸੱਚੇ ਸਤਿਗੁਰ ਬਾਝਹੁੰ ਘੋਰ

Page 212 www.sikhbookclub.com

ਅੰਧਾਰਾ ਹੈ।

ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥

(ਸਿਰੀਰਾਗੁ ਮਃ ੩, ਪੰਨਾ ੩੪)

ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥ ੧ ॥ ਰਹਾਉ ॥ ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥

(ਸਿਰੀਰਾਗੁ ਮਃ ੩, ਪੰਨਾ ੩੯)

ਭਾਵ ਅਰਥ— ਮਨਮੁਖਾਂ ਦਾ ਮਨੁ ਮੈਲਾ ਹੀ ਰਹਿੰਦਾ ਹੈ, ਭਾਵੇਂ ਆਪਹੁਦਰੇ ਲਖ ਕਰਮ ਕਮਾਉਂਦੇ ਫਿਰਨਿ। ਮਨਮੁਖਤਾ ਨੂੰ ਛਡ ਕੇ ਗੁਰੂ ਦੀ ਸ਼ਰਣ ਰਾਹੀਂ ਗੁਰਮੁਖਤਾ ਧਾਰਨ ਕੀਤੀ ਜਾਵੇ ਤਾਂ ਮਨ ਨਿਰਮਲ ਹੁੰਦਾ ਹੈ। ਆਪਹੁਦਰੇ ਮਨਮੁਖ ਪੁਰਸ਼ ਭਾਵੇਂ ਕਿਤਨੇ ਹੀ ਹੰਭ ਥਕਣ ਅਤੇ ਹਰਿ ਹਰਿ ਕਰਿ ਥਕਣ, ਪਰ ਇਸ ਬਿਧਿ ਉਹਨਾਂ ਦੀ ਮੈਲੁ ਧੋਤੀ ਨਹੀਂ ਜਾ ਸਕਦੀ। ਗੁਰ ਸ਼ਰਣ ਆਂਵਣ ਤਾਂ ਨਿਰਮਲ ਹੋਵਣਿ। ਗੁਰੂ ਦੁਆਰਿਓਂ ਗੁਰ-ਦੀਖਿਆ ਪ੍ਰਾਪਤਿ ਕਰ ਕੇ ਨਾਮ ਜਪਣਾ ਥਾਇਂ ਪੈਂਦਾ ਹੈ। ਨਿਗੁਰੇ ਮਨਮੁਖ ਦਾ ਆਪ-ਹੁਦਰਾ ਨਾਮ ਜਪਣਾ ਕਖ ਭੀ ਫਲਦਾਇਕ ਨਹੀਂ। ਮਨਮੁਖਤਾ ਦੀ ਮੈਲ ਵਾਲਿਆਂ ਮਨਮੁਖਾਂ ਦੇ ਮਨ ਸਦਾ ਹੀ ਮਲੀਨ ਰਹਿੰਦੇ ਹਨ। ਉਹਨਾਂ ਤੋਂ ਭਗਤੀ ਹੋ ਹੀ ਨਹੀਂ ਸਕਦੀ। ਨਾ ਹੀ ਮਨਮੁਖਾਂ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ। ਪ੍ਰਾਪਤੀ ਕਿਥੋਂ ਹੋਵੇ ਅਤੇ ਕਿਵੇਂ ਹੋਵੇ; ਉਹ ਤਾਂ ਗੁਰੂ ਦੀ ਸ਼ਰਣਿ ਹੀ ਨਹੀਂ ਆਉਂਦੇ। ਨਿਗੁਰਿਓਂ ਸਗੁਰੇ ਨਹੀਂ ਬਣਦੇ। ਨਿਗੁਰੇ ਮਨਮੁਖ ਨੂੰ ਨਾਮ ਉੱਕਾ ਹੀ ਪ੍ਰਾਪਤਿ ਨਹੀਂ ਹੋ ਸਕਦਾ। ਮਨ-ਉਕਤ ਆਪ-ਹੁਦਰਾ ਨਾਮ ਜਪਿਆ ਫਲੀਭੂਤ ਹੀ ਨਹੀਂ ਹੁੰਦਾ। ਤਾਂ ਤੇ ਮਨਮੁਖ ਮੈਲੇ ਹੀ ਰਹਿੰਦੇ ਹਨ ਸਾਰੀ ਉਮਰ, ਅਤੇ ਮਨਮੁਖਤਾ ਦੀ ਮੈਲ ਨਾਲਿ ਲੈ ਕੇ ਹੀ ਮਰ ਜਾਂਦੇ ਹਨ। ਅਤੇ ਆਪਣੀ ਪਤਿ-ਪ੍ਰਤੀਤ ਗਵਾ ਕੇ ਹੀ ਚਲੇ ਜਾਂਦੇ ਹਨ।

ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥ ਬਿਨ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥ ੪ ॥ ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥ ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥ ੫ ॥ ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥ ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥ ੬ ॥

(ਸਿਰੀਰਾਗੁ ਮਃ ੩, ਪੰਨਾ ੬੬-੬੭)

ਭਾਵ ਅਰਥ— ਮਾਇਆ ਮੋਹ ਚੁਕਾਇਆ ਜਾ ਸਕਦਾ ਹੈ ਤਾਂ ਗੁਰਮਤਿ ਦੁਆਰਾ ਹੀ ਚੁਕਾਇਆ ਜਾ ਸਕਦਾ ਹੈ। ਗੁਰਮਤੀਂ ਤਾਂ ਸੁਖੈਨ ਅਤੇ ਸਹਿਜੇ ਹੀ ਮਾਇਆ ਦਾ ਮੋਹ ਦੂਰ ਹੋ ਜਾਂਦਾ ਹੈ। ਇਸ ਮੋਹ ਮਾਇਆ ਦੇ ਦੂਰ ਕਰਨ ਦਾ ਦਾਰੂ ਗੁਰ-ਸ਼ਬਦ ਹੈ, ਜੋ ਕੇਵਲ ਗੁਰਮਤੀਂ ਗੁਰ ਸ਼ਰਨਾਈ ਆਇਆਂ ਹੀ ਪ੍ਰਾਪਤਿ ਹੁੰਦਾ ਹੈ। ਗੁਰ-ਸ਼ਬਦ ਤੋਂ ਬਿਨਾਂ ਸਾਰਾ ਸੰਸਾਰ (ਜਗਤ)

ਦੁਖੀਆ ਹੋਇਆ ਪਿਆ ਫਿਰਦਾ ਹੈ। ਮਾਇਆ ਡਾਇਣ ਦਾ ਦੁਖੀਆ ਕੀਤਾ ਹੋਇਆ ਹੈ ਸਾਰਾ ਜਗੁ, ਕਿਉਂਕਿ ਸਾਰਾ ਜਗੁ ਮਨਮੁਖਾਂ ਦਾ ਹੀ ਸਮੂਹ ਹੈ। ਮਨਮੁਖਾਂ ਨੂੰ ਇਹ ਮਾਇਆ ਖਾ ਜਾਂਦੀ ਹੈ ਡਾਇਣ ਬਣ ਕੇ। ਮਨਮੁਖਾਂ ਨੂੰ ਇਹ ਮਾਇਆ ਨਾਮ ਦੇ ਨੇੜੇ ਨਹੀਂ ਢੁਕਣ ਦਿੰਦੀ। ਅਤੇ ਨਾਮ ਨਾਲਿ ਜਗੁ ਸੁਖੀਆ ਹੁੰਦਾ ਹੈ। ਨਾਮ ਨੂੰ ਲਗੇ ਤਾਂ ਸੁਖੀਆ ਹੋਵੇ। ਗੁਰ-ਦੀਖਿਆ ਸ਼ਬਦ ਗੁਰ-ਮੰਤਰ ਦੁਆਰਾ ਹੀ ਨਾਮੁ ਧਿਆਇਆ ਜਾ ਸਕਦਾ ਹੈ। ਅਤੇ ਸ਼ਬਦ ਦੁਆਰਾ ਹੀ ਸੱਚੇ ਵਾਹਿਗੁਰੂ ਵਿਚਿ ਸਮਾਈ ਹੁੰਦੀ ਹੈ। ਏਸ ਸਮਾਈ ਵਿਚਿ ਹੀ, ਵਾਹਿਗੁਰੂ ਦੇ ਸਰੂਪ ਵਿਚਿ ਸਮਾਉਣ ਕਰਕੇ ਹੀ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ। ਨਾਮ ਤੋਂ ਸਖਣੇ ਬੜੇ ਬੜੇ ਰਿੱਧੀਆਂ ਸਿੱਧੀਆਂ ਵਾਲੇ ਸਿੱਧ ਮਾਇਆ ਦੇ ਭੁਲਾਏ ਹੋਏ ਭੁਲੇ ਫਿਰਦੇ ਹਨ। ਤਿਨ੍ਹਾਂ ਦੀ ਸਮਾਧ ਹੀ ਨਹੀਂ ਲਗਣੀ ਪਾਉਂਦੀ ਅਸਥਿਰਤਾ ਸਹਿਤ। ਇਹ ਮਾਇਆ ਸਿੱਧਾਂ ਦੀ ਸਮਾਧ ਨਹੀਂ ਲਗਣ ਦਿੰਦੀ। ਇਹ ਮਾਇਆ ਤਿੰਨਾਂ ਲੋਕਾਂ ਵਿਚਿ ਵਿਆਪ ਰਹੀ ਹੈ। ਅਤੇ ਸਾਰਿਆਂ ਨੂੰ, ਸਣੇ ਸਿੱਧਾਂ ਜੋਗੀਆਂ ਦੇ, ਚੰਮਚਿੱਚੜ ਬਣ ਕੇ ਚਿਮੜੀ ਹੋਈ ਹੈ, ਛਡਦੀ ਨਹੀਂ। ਇਸ ਮਾਇਆ ਦੀ ਚਮੇੜ ਦੁਬਿਧਾ-ਮਈ ਦੁਫੇੜ, ਸਤਿਗੁਰੂ, ਗੁਰ-ਸ਼ਬਦ ਦੀ ਸਹਾਇਤਾ ਬਿਨਾਂ ਉਧੇੜੀ ਨਹੀਂ ਜਾਂਦੀ। ਦੁਬਿਧਾ ਅਤੇ ਮਾਇਆ ਦੀ ਦੁਫੇੜ ਦੂਰ ਹੋਈ ਬਿਨਾਂ ਮੁਕਤੀ ਨਹੀਂ ਪਾਈ ਜਾਂਦੀ। ਸਤਿਗੁਰੂ ਹੀ ਇਸ ਜੁਗ ਵਿਚ ਮੁਕਤਿ ਦਾ ਦਾਤਾ ਹੈ, ਸਤਿਗੁਰ ਹੀ ਮਾਇਆ ਮੋਹ ਮਈ ਦੁਬਿਧਾ ਦੂਰ ਕਰਨ ਨੂੰ ਸਮਰੱਥ ਹੈ। ਮਾਇਆ ਕਿਸ ਨੂੰ ਆਖੀਦਾ ਹੈ ਅਤੇ ਮਾਇਆ ਕੀ ਕੀ ਕਰਮ ਕਮਾਉਂਦੀ ਹੈ ਅਤੇ ਮਾਇਆ-ਫਾਥੇ ਜੀਵ ਕੀ ਕਰਮ ਕਮਾਉਂਦੇ ਹਨ? ਇਹ ਜੀਵ ਮਾਇਆ ਦੇ ਦੁਖਾਂ ਅਤੇ ਮਾਇਆ ਦੇ ਸੁਖਾਂ ਦਾ ਹੀ ਬੰਧੂਆ (ਸ਼ਿਕਾਰ) ਹੋ ਰਿਹਾ ਹੈ ਅਤੇ ਨਾਮ ਤੋਂ ਘੁਥਾ ਹੋਇਆ ਮਾਇਆ ਦੀ ਅਧੀਨਤਾ ਵਿਚਿ ਹਉਮੈ ਬੰਧਨਾਂ ਦੇ ਕਰਮ ਹੀ ਕਮਾਇ ਰਿਹਾ ਹੈ। ਗੁਰ-ਸ਼ਬਦ ਤੋਂ ਬਿਨਾਂ ਨਾ ਮਾਇਆ ਦਾ ਭਰਮ ਚੁਕਾਇਆ ਜਾ ਸਕਦਾ ਹੈ, ਨਾਹੀ ਹਉਮੈ ਵਿਚਹੁੰ ਜਾਂਦੀ ਹੈ। ਬਸ, ਸਾਰਾ ਜਗੁ ਹਉਮੈ ਦਾ ਬਧਾ ਹੋਇਆ ਮਨਮੁਖਾਂ ਵਾਲੇ ਕਰਮ ਹੀ ਕਰੀ ਤੁਰਿਆ ਜਾਂਦਾ ਹੈ। ਜੁਗਾਂ ਤੋਂ ਅਤੇ ਜੁਗਾਂ ਪ੍ਰਯੰਤ ਮਨਮੁਖਾਂ ਦੇ ਕਰਮ ਹੀ ਕਰਦਾ ਤੁਰਿਆ ਜਾਏਗਾ, ਜਦ ਤੀਕ ਇਸ ਨੂੰ ਗੁਰ-ਸ਼ਬਦ ਦੀ ਪ੍ਰਾਪਤੀ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਨਹੀਂ ਹੁੰਦੀ। ਕੈਸੀ ਭਿਆਨਕ ਅਤੇ ਤਰਸ ਯੋਗ ਦਸ਼ਾ ਹੈ ਇਸ ਮਨਮੁਖੀ ਸੰਸਾਰ ਦੀ, ਜੋ ਮਨਮੁਖੀ ਕਰਮਾਂ ਦਾ ਸ਼ਿਕਾਰ ਹੋ ਰਿਹਾ ਹੈ।

ਮਨਮੁਖ ਪ੍ਰਾਣੀ ਆਪਣੇ ਮਨ ਦੇ ਮਗਰ ਲਗ ਕੇ ਮਨਮੁਖ ਕਰਮ ਕਰਦਾ ਹੈ ਅਤੇ ਸੱਟਾਂ ਸਹਿੰਦਾ ਹੈ। ਮਨਮੁਖਤਾ ਦੇ ਆਪੋ-ਧਾਪੀ ਕਰਮ ਸਭ ਰਸਾਤਲ ਨੂੰ ਲੈ ਜਾਂਦੇ ਹਨ। ਯਥਾ ਗੁਰਵਾਕ—

> ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹ ਦਿਸਿ ਧਾਵੈ ॥ ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥ ੪ ॥ ਹਉ ਹਉ ਕਰੇ ਤੈ ਆਪੁ ਜਣਾਏ ॥ ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥ ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ ॥ ੫ ॥ ਉਪਜੈ ਪਚੈ ਹਰਿ ਬੂਝੈ ਨਾਹੀ ॥ ਅਨਦਿਨੁ ਦੂਜੈ ਭਾਇ ਫਿਰਾਹੀ ॥ ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ ॥ ੬ ॥ ਪਿਰੁ ਪਰਦੇਸਿ ਸਿਗਾਰੁ ਬਣਾਏ ॥ ਮਨਮੁਖ ਅੰਧੁ ਐਸੇ ਕਰਮ ਕਮਾਏ ॥ ਹਲਤਿ ਨ ਸੋਭਾ

**ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ ॥ ੭ ॥**

**(ਮਾਝ ਮਃ ੩, ਪੰਨਾ ੧੨੭)**

ਵਿਆਖਿਆ— ਮਨਮੁਖਾਂ ਦਾ ਚੰਚਲ ਮਨ ਮਨਮੁਖਾਂ ਦੇ ਵਸਿ ਨਹੀਂ ਆਉਂਦਾ। ਇਹ ਮਨੁ ਆਪਣੀ ਖਾਸੀਅਤ ਕਰਿ ਚੰਚਲ ਹੈ। ਪਰ ਮਨਮੁਖਾਂ ਦੇ ਮਨ ਦੀ ਚੰਚਲਤਾ ਹੋਰ ਭੀ ਬੇਵਸੀ ਹੋ ਜਾਂਦੀ ਹੈ, ਕਿਉਂਕਿ ਉਹ (ਮਨਮੁਖ ਪੁਰਸ਼) ਬੇਮੁਹਾਰੇ ਹੋ ਕੇ ਆਪਣੇ ਮਨ ਦੇ ਮਗਰ ਲਗ ਕੇ ਮਨਿ ਆਏ ਆਪ-ਹੁਦਰੇ ਕਰਮ ਕਮਾਉਂਦੇ ਹਨ। ਜਿਉਂ ਜਿਉਂ ਅਤੇ ਜਿਧਰ ਜਿਧਰ ਉਹਨਾਂ ਨੂੰ ਮਨ ਨਚਾਉਂਦਾ ਹੈ, ਤਿਉਂ ਤਿਉਂ ਅਤੇ ਤਿਧਰ ਤਿਧਰ ਮਨਮੁਖ ਬਪੁੜੇ ਨਚਦੇ ਫਿਰਦੇ ਹਨ। ਮਨ ਦੀ ਦੁਬਿਧਾ ਮਨ ਨੂੰ ਦਸੋ ਦਿਸਾ (ਦਹਦਿਸ) ਨਸਾਈ ਫਿਰਦੀ ਹੈ। ਮਨਮੁਖ ਜੰਤ ਵਿਚਾਰਾ ਮਨ ਦੀ ਦੁਬਿਧਾ ਦਾ ਹੀ ਗ੍ਰਸਿਆ ਹੋਇਆ ਦਹਦਿਸ ਧਾਵੰਦਾ ਫਿਰਦਾ ਹੈ। ਬਹੁਤ (ਬਹੁਤਾ ਕੀ, ਨਿਰਾ ਹੀ) ਬਿਖਿਆ ਪਿਛੇ ਧਾਵੰਦਾ ਹੈ। ਇਉਂ ਬਿਖਿਆ ਪਿਛੇ ਧਾਇ ਧਾਇ ਕੇ ਬਿਖ ਕਾ ਕੀੜਾ ਹੀ ਬਣ ਰਹਿੰਦਾ ਹੈ। ਸਾਰੀ ਉਮਰ ਬਿਖ ਰੂਪ ਮਾਇਆ ਵਿਚ ਖਪਿਆ ਰਹਿੰਦਾ ਹੈ। ਅਤੇ ਇਉਂ ਬਿਖਿਆ ਵਿਖੇ ਰਚ ਪਚ ਕੇ ਮਰ ਜਾਂਦਾ ਹੈ। ਮਨਮੁਖ ਮਾਇਆ ਦਾ ਕੀੜਾ ਹਉਮੈ ਵਿਚਿ ਬਫਾਇ ਕੇ ਹਉਮੈ ਦੇ ਹੀ ਕਰਮ ਕਰਦਾ ਹੈ। ਅਤੇ ਹਉਂ ਹਉਂ ਕਰਦਾ ਹੀ ਬਫਾ ਬਫਾ ਕੇ ਮਰਦਾ ਰਹਿੰਦਾ ਹੈ। ਜੋ ਕਰਮ ਕਰਦਾ ਹੈ ਉਸ ਵਿਚ ਆਪਨਾ ਆਪੁ ਹੀ ਜਣਾਉਂਦਾ ਹੈ। ਅਤੇ ਜਿਤਨੇ ਭੀ ਹਉਮੈ ਬਸ ਹੋ ਕੇ ਬਹੁਤ ਕਰਮ ਕਰਦਾ ਹੈ ਉਤਨੇ ਹੀ ਉਸ ਦੇ ਕੀਤੇ ਕਰਮ ਥਾਇੰ ਨਹੀਂ ਪੈਂਦੇ। ਇਉਂ ਭਾਵੇਂ ਕਿੰਨੇ ਕਰਮ ਕਰੇ, ਕਬੂਲ ਨਹੀਂ ਪੈਂਦੇ। ਆਪਣਾ ਕੀਤਾ ਕਛੂ ਨਹੀਂ ਹੁੰਦਾ, ਨਾ ਹੀ ਕੁਛ ਫਲੁ ਲਿਆਉਂਦਾ ਹੈ। ਹੇ ਵਾਹਿਗੁਰੂ! ਤੈਥੋਂ ਬਾਹਰੇ ਹੋਏ ਫਿਰਦੇ ਮਨਮੁਖ ਪਾਸੋਂ ਕੁਛ ਨਹੀਂ ਹੁੰਦਾ। ਤੂੰ ਇਸ ਨੂੰ ਬਖਸ਼ੇਂ ਤਾਂ ਇਹ ਗੁਰ-ਸ਼ਬਦ-ਦੀਖਿਆ ਦਾ ਪਾਤਰ ਬਣੇ ਤੇ ਸੁਹਾਵਣਾ ਹੋ ਜਾਵੇ। ਮਨਮੁਖ ਪ੍ਰਾਣੀ ਹਉਮੈ ਦੇ ਕਰਮ ਕਰਿ ਕਰਿ ਕਦੇ ਬਫਾਉਂਦਾ ਹੈ, ਕਦੇ ਰਿਝਦਾ ਹੈ (ਹਉਮੈ ਦੀ ਅਗਨੀ ਵਿਚਿ) ਲੁਝਦਾ ਹੈ। ਕਰਨਹਾਰ ਪਰਮਾਤਮਾ ਨੂੰ ਨਹੀਂ ਬੁਝਦਾ (ਮਨਮੁਖ ਜੋ ਹੋਇਆ)। ਦਿਨ ਰਾਤਿ ਦੂਜੈ ਭਾਇ ਵਿਚਿ ਹਉਮੈ ਦਾ ਫਾਥਾ ਹੋਇਆ ਦੂਜੇ ਭਾਇ ਦੇ ਕਰਮ ਕਰਦਾ ਫਿਰਦਾ ਹੈ। ਇਉਂ ਸਾਰਾ ਜਨਮ ਹੀ ਮਨਮੁਖ ਦਾ ਬਿਰਥਾ ਅਤੇ ਅਜਾਈਂ ਚਲਿਆ ਜਾਂਦਾ ਹੈ। ਮੁਕ ਚੁਕ ਜਾਂਦਾ ਹੈ। ਅੰਤੀ ਅਉਸਰਿ ਅਗੇ ਗਇਆਂ ਉਸ ਨੂੰ ਪਛੁਤਾਉਣਾ ਪਵੇਗਾ, ਜਦੋਂ ਨਰਕ ਵਿਚਿ ਗੋਤੇ ਖਾਣ ਲਗੇਗਾ। ਜਿਵੇਂ ਪਿਰ ਤੋਂ ਘੁਥੀ, ਪਿਰ ਤੋਂ ਵਿਛੜੀ ਦੂਰ ਬੈਠੀ ਧਨ ਇਸਤ੍ਰੀ ਬਿਰਥੇ ਸੀਂਗਾਰ ਬਣਾਉਂਦੀ ਹੈ, ਤਿਵੇਂ ਮਨਮੁਖ ਪੁਰਸ਼ ਬੇਥੌਹਾ ਹੋ ਕੇ ਅੰਨ੍ਹੇਵਾਹ ਅੰਧ ਅਗਿਆਨਤਾ ਦੇ ਕਰਮ ਕਮਾਈ ਜਾਂਦਾ ਹੈ। ਜਿਵੇਂ ਅੰਧ ਅਗਿਆਨਤਾ ਦੇ ਕਰਮ ਕੀਤਿਆਂ ਮਨਮੁਖ ਨੂੰ ਨਾ ਇਸ ਲੋਕ ਵਿਖੇ ਸੋਭਾ ਮਿਲਦੀ ਹੈ ਨਾ ਪਰਲੋਕ ਵਿਖੇ ਢੋਈ ਮਿਲਦੀ ਹੈ, ਬਸ ਬਿਰਥਾ ਹੀ ਜਨਮ (ਮਾਨੁਖਾ) ਗੰਵਾ ਕੇ ਮਨਮੁਖ ਨੇ ਚਲਿਆ ਜਾਣਾ ਹੈ। ਇਹ ਮਨਮੁਖੀ ਕਰਮਾਂ ਦੇ ਕਰਨ ਦਾ ਹਸ਼ਰ ਹੋਣਾ ਹੈ।

**ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥**
**ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥**

**(ਮਾਝ ਮਃ ੩, ਪੰਨਾ ੧੨੮)**

ਉਪਰ ਦਸਿਆ ਹਸ਼ਰ ਹੀ ਦੂਜੇ ਭਾਇ ਦੀਆਂ ਪੜ੍ਹਾਈਆਂ ਪੜ੍ਹਨ ਵਾਲਿਆਂ ਦਾ ਹੁੰਦਾ ਹੈ, ਜੋ ਮਹਿਜ਼ ਮਨਮੁਖਤਾ ਦੇ ਅਧੀਨ ਹੋ ਕੇ ਮਾਇਆ ਕਾਰਨ ਪੜ੍ਹਦੇ ਹਨ, ਸੋ ਨਿਰੇ ਮਨਮੁਖ ਹਨ। ਚਾਹੇ


www.sikhbookclub.com

ਆਪਣੇ ਆਪ ਨੂੰ ਸਭਾ-ਜੀਤ ਪੰਡਿਤ ਕਹਾ ਲੈਣ, ਤਿਨ੍ਹਾਂ ਨੇ ਇਹ ਦੂਜੇ ਭਾਇ ਦੀਆਂ ਪੜ੍ਹਾਈਆਂ ਪੜ੍ਹਿ ਪੜ੍ਹਿ ਮਹਿਜ਼ ਹਉਮੈ ਦਾ ਲੱਦ ਹੀ ਲੱਦਿਆ ਹੈ ਅਤੇ ਮਨਮੁਖਾਂ ਨੇ ਹੋਰ ਮਨਮੁਖਤਾ ਵਿਹਾਜੀ ਹੈ। ਤਤ ਪੰਡਿਤਾਈ ਉਹਨਾਂ ਦੇ ਨਿਕਟਿ ਨਹੀਂ ਆਈ। ਐਵੇਂ ਫੋਕੇ ਦਿਖਾਵੇ ਦੇ ਹਉਮੈ ਬਫਾਏ ਦੇ ਹੀ ਪੰਡਿਤ ਆਪਣੇ ਆਪ ਨੂੰ ਕਹਾਉਂਦੇ ਹਨ। ਵਾਸਤਵ ਵਿਚਿ ਇਹ ਮਹਾਂ ਅਗਿਆਨੀ ਹਨ ਅਤੇ ਮਹਾਂ ਮੂਰਖ ਹਨ। ਦੂਜੇ ਭਾਇ ਰਚ ਪਚ ਕੇ ਮਹਾਂ ਬਿਕਟ ਦੁਖ ਪਾਉਂਦੇ ਹਨ। ਉਹਨਾਂ ਬਿਖਿਆ-ਮਾਤਿਆਂ ਨੂੰ ਕੁਛ ਸੁਝਦਾ ਨਹੀਂ ਕਿ ਉਹਨਾਂ ਦੇ ਮਨਮੁਖੀ ਕਰਮਾਂ ਦਾ ਹਸ਼ਰ ਕੀ ਹੋਵੇਗਾ। ਬਸ, ਬਿਖਿਆ ਦੇ ਮਤੇ ਹੋਏ ਅੰਨ੍ਹੇਵਾਹ ਬਿਖਿਆ-ਰੱਤੇ ਕਰਮ ਹੀ ਕਰੀ ਜਾਂਦੇ ਹੈ। ਜਿਨ੍ਹਾਂ ਬਿਖਿਆ-ਮਤੇ ਦੂਜੇ ਭਾਇ ਦੇ ਕਰਮਾਂ ਦੇ ਕਰਨ ਕਰਿ ਉਹਨਾਂ ਨੂੰ ਮੁੜਿ ਮੁੜਿ ਨਾਨਾ ਪ੍ਰਕਾਰ ਦੀਆਂ ਜੂਨੀਆਂ ਵਿਚਿ ਪੈਣਾ ਪਊਗਾ।

> **ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥ ਹਲਤੁ ਪਲਤੁ ਦੋਵੈ ਗਾਵਾਏ ਸੁਪਨੈ ਸੁਖੁ ਨ ਪਾਵਣਿਆ ॥ ੪ ॥ ... ... ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥ ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥ ੭ ॥**

(ਮਾਝ ਮਃ ੩, ਪੰਨਾ ੧੨੯)

ਇਸ ਲੋਕ ਵਿਖੇ ਰਹਿ ਕੇ ਜਨਮ ਧਾਰ ਕੇ ਜਗਿਆਸੂ ਇਸਤ੍ਰੀ ਭਰਮ ਦੀ ਭੁਲਾਈ ਹੋਈ ਹੀ ਫਿਰਦੀ ਰਹੀ ਅਤੇ ਦੂਜੇ ਭਾਇ ਵਿਚਿ ਲਗੀ ਮਨਮੁਖਾਂ ਦੇ ਕਰਮ ਕਮਾਉਂਦੀ ਰਹੀ, ਜਿਸ ਦੇ ਕਾਰਨ ਉਸਨੂੰ ਅੰਤਿ ਪਛਤਾਉਣਾ ਪਿਆ। ਦੂਜੇ ਭਾਇ ਦੇ ਮਨਮੁਖਤਾ ਵਾਲੇ ਕਰਮਾਂ ਵਿਚਿ ਖਚਿਤ ਹੋ ਕੇ ਉਸ ਨੇ ਆਪਣੇ ਲੋਕ ਪਰਲੋਕ ਦੋਵੇਂ ਹੀ ਗੰਵਾ ਲਏ। ਸੁਪਨ ਸਾਰਖਾ ਸੁਖ ਭੀ ਉਹਨਾਂ ਨੂੰ ਕਿਤੇ ਨਾ ਮਿਲਿਆ। ਜੋ ਮੂੜ੍ਹਾ ਮਨਮੁਖ ਪ੍ਰਾਣੀ ਸਾਰੀ ਉਮਰ ਮਨਮੁਖਤਾ ਵਿਚਿ ਹੀ ਰਿਹਾ, ਕਦੇ ਗੁਰਮੁਖਿ ਨਾ ਬਣਿਆ, ਜਿਸ ਨੇ ਸਤਿਗੁਰੂ ਦਾ ਸਿਖ ਬਣ ਕੇ ਸੇਵਾ ਭਗਤਿ ਕਮਾਈ ਨਹੀਂ ਕੀਤੀ ਸੋ ਏਸ ਦੁਨੀਆ ਤੇ ਕਾਸ ਨੂੰ (ਕਾਹੇ) ਆਇਆ ਅਤੇ ਮਾਨੁਖਾ ਜਨਮ ਧਾਰ ਕੇ ਉਸ ਨੇ ਕੀ ਲਾਹਾ ਖਟਿਆ? ਕੁਛ ਭੀ ਨਹੀਂ। ਉਸ ਮਨਮੁਖ ਦਾ ਜਗ ਤੇ ਜੀਵਣਾ ਧ੍ਰਿਗ ਹੈ, ਜਿਸ ਨੇ ਮਨਮੁਖ ਕਰਮ ਕਰਦਿਆਂ ਬਿਰਥਾ ਜਨਮ ਹੀ ਗੰਵਾ ਲਿਆ, ਸਾਰਾ ਹੀਰਾ ਜਨਮ ਐਵੇਂ ਹੀ ਖੋ ਲਿਆ। ਕਦੇ ਭੀ ਛਿਨ ਮਾਤਰ ਭੀ ਮਨਮੁਖ ਬੰਦੇ ਨੂੰ ਨਾਮੁ ਚਿਤਿ ਨਹੀਂ ਆਇਆ, ਉਸ ਨਾਮ ਤੋਂ ਗੁਮਰੁਠ ਮਨਮੁਖ ਬੰਦੇ ਨੂੰ ਅਗੇ ਜਾ ਕੇ ਬਾਹਲੇ ਦੁਖਾਂ ਦਾ ਸਾਹਮਣਾ ਕਰਨਾ ਪਵੇਗਾ। ਦੁਖਾਂ ਦੇ ਪਹਾੜ ਸਹਿਣੇ ਪੈਣਗੇ।

> **ਮਨਮੁਖੁ ਕਰਮ ਕਰੇ ਅਹੰਕਾਰੀ ॥ ਜੂਐ ਜਨਮੁ ਸਭ ਬਾਜੀ ਹਾਰੀ ॥ ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ ॥ ੭ ॥**

(ਮਾਝ ਮਃ ੪, ਪੰਨਾ ੧੩੦)

ਹੰਕਾਰੀ ਪੁਰਸ਼ ਜਦ ਕਰਦਾ ਹੈ, ਮਨਮੁਖਤਾ ਵਾਲੇ ਕਰਮ ਹੀ ਕਰਦਾ ਹੈ। ਅਤੇ ਸਾਰੀ ਉਮਰ ਅਜਿਹੇ ਮਨਮੁਖਤਾ ਵਾਲੇ ਕਰਮ ਕਰਦਾ ਹੀ ਗੁਜ਼ਾਰ ਦਿੰਦਾ ਹੈ। ਉਸ ਨੇ ਸਾਰਾ ਜਨਮ ਜੂਏ ਵਿਚਿ ਹੀ ਬਰਬਾਦ ਕਰ ਦਿੱਤਾ ਅਤੇ ਉਮਰ ਦੀ ਸਾਰੀ ਬਾਜੀ ਐਵੇਂ ਅਜਾਈਂ ਹੀ ਹਾਰ ਦਿੱਤੀ। ਉਸ ਦਾ ਅੰਦਰਲਾ ਲੋਭ ਦੇ ਮਹਾਂ ਗੁਬਾਰ ਵਿਚਿ ਹੀ ਅੱਟਿਆ ਗਰਬੱਟਿਆ ਰਿਹਾ। ਬਸ, ਮੁੜਿ ਮੁੜਿ ਲਖ

ਚੁਰਾਸੀ ਜੂਨੀਆਂ ਵਿਚਿ ਪੈਣ ਦੇ ਦੁਖ ਸਹਿਣੇ ਬਣਨਗੇ।

> ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥ ਮੂਲੁ ਛੋਡਿ ਡਾਲੀ ਲਗੇ
> ਕਿਆ ਪਾਵਹਿ ਛਾਈ ॥ ੧ ॥ ਬਿਨੁ ਨਾਵੈ ਕਿਉ ਛੂਟੀਐ ਜੇ ਜਾਣੈ ਕੋਈ ॥
> ਗੁਰਮੁਖਿ ਹੋਇ ਤ ਛੂਟੀਐ ਮਨਮੁਖਿ ਪਤਿ ਖੋਈ ॥ ੧ ॥ ਰਹਾਉ ॥

(ਆਸਾ ਮਃ ੧, ਪੰਨਾ ੪੨੦)

ਜਿਨ੍ਹਾਂ ਮਨਮੁਖਾਂ ਨੇ ਦੂਜੇ ਭਾਇ ਦੇ ਕਰਮਾਂ ਵਿਚਿ ਭਰਮਿ ਭੁਲਾਇ ਕੇ ਨਾਮੁ ਨੂੰ ਵਿਸਾਰ ਦਿੱਤਾ, ਉਹ ਮੂਲ ਨੂੰ ਛਡ ਕੇ ਡਾਲੀ ਨੂੰ ਜਾ ਲਗੇ, ਤੱਤ ਕਰਮ ਨੂੰ ਛਡ ਕੇ ਭਰਮ ਕਰਮ ਵਿਚਿ ਲਗ ਕੇ ਭੁਲ ਗਏ। ਤਿਨ੍ਹਾਂ ਨੂੰ ਛਾਈ ਭੀ ਪ੍ਰਾਪਤਿ ਨਹੀਂ ਹੋਣੀ। ਨਾਮ ਬਿਨਾਂ ਛੁਟਕਾਰਾ ਨਹੀਂ, ਕਦੇ ਭੀ ਨਾਮ ਤੋਂ ਬਿਨਾਂ ਛੁਟਕਾਰਾ ਨਹੀਂ ਹੋਣਾ। ਇਹ ਤੱਤ ਵੀਚਾਰ ਹੈ। ਗੁਰਮੁਖਿ ਬਣ ਕੇ ਅਤੇ ਗੁਰਮੁਖਾਂ ਵਾਲੇ ਕਰਮ ਕਰ ਕੇ ਹੀ ਛੁਟਕਾਰਾ ਹੋਣਾ ਹੈ। ਮਨਮੁਖਾਂ ਨੇ ਮਨਮੁਖ ਕਰਮ ਕਰ ਕੇ ਆਪਣੀ ਪਤਿ ਐਥੇ ਭੀ ਖੋ ਲਈ, ਅਗੇ ਦਰਗਹ ਉਨ੍ਹਾਂ ਨੂੰ ਢੋਈ ਨਹੀਂ ਮਿਲਣੀ।

> ਮਃ ੩ ॥ ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ
> ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥ ਬਿਖੁ ਮਾਇਆ ਧਨ ਸੰਚਿ ਮਰਹਿ ਅੰਤੇ ਹੋਇ
> ਸਭੁ ਛਾਰੁ ॥ ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥ ਨਾਨਕ
> ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥ ੨ ॥

(ਬਿਹਾਗੜੇ ਕੀ ਵਾਰ, ਪੰਨਾ ੫੫੨)

ਮਨਮੁਖ ਪ੍ਰਾਣੀ ਮਾਇਆ ਦੇ ਮੋਹ ਵਿਚਿ ਹਰ ਦਮ ਮੋਹਿਆ ਰਹਿੰਦਾ ਹੈ। ਉਸ ਦਾ ਨਾਮ ਨਾਲਿ ਪਿਆਰ ਨਹੀਂ ਲਗਦਾ। ਨਾਮ ਵਲ ਉਸ ਦੀ ਰੁਚੀ ਹੀ ਨਹੀਂ ਆਉਂਦੀ। ਨਾਮ ਬਿਨਾਂ ਜੋ ਬਿਉਹਾਰ ਹੈ, ਜੋ ਕੰਮ ਕਾਰ ਹੈ, ਸੋ ਨਿਰਾ ਕੂੜ ਹੀ ਕੂੜ ਹੈ। ਸੋ ਮਨਮੁਖ ਪੁਰਸ਼ ਆਪਣੇ ਮਨਮੁਖੀ ਕਰਮਾਂ ਦੇ ਨਾਲਿ, ਆਪਣੇ ਖ਼ਿਅਲਾਂ ਨਾਲਿ ਕੂੜੁ ਹੀ ਕਮਾਵੰਦਾ ਹੈ, ਕੂੜ ਦਾ ਧਨ ਹੀ ਇਕੱਠਾ ਕਰਦਾ ਹੈ, ਕੂੜ ਦੀ ਕਮਾਈ ਕਰ ਕੇ ਕੂੜ ਦਾ ਹੀ ਆਹਾਰੁ ਕਰਦਾ ਹੈ। ਨਾਮ ਦੀ ਕਮਾਈ ਬਿਨਾਂ ਮਨਮੁਖ ਦੇ ਜਿਹੜੇ ਭੀ ਕਾਰ ਬਿਹਾਰ ਹਨ, ਸਭ ਕੂੜ ਦੇ ਹੀ ਅਡੰਬਰ ਹਨ। ਜਿਨ੍ਹਾਂ ਕੰਮਾਂ ਨੂੰ ਮਨਮੁਖ ਸਾਰੀ ਉਮਰ ਖਪ ਖਪ ਕੇ ਕਰਦਾ ਹੈ, ਉਹ ਸਭ ਕੂੜਾਵੇ ਕੰਮ ਹੀ ਹਨ। ਬਿਖ ਰੂਪ ਮਾਇਆ ਦੇ ਕੰਮਾਂ ਵਿਚਿ ਹੀ ਮਨਮੁਖ ਖਚਿਤ ਰਹਿੰਦਾ ਹੈ। ਬਿਖ-ਮਾਇਆ ਰੂਪੀ ਧਨ ਸੰਚਣਾ, ਇਕੱਠਾ ਕਰਨਾ ਸਾਰੀ ਉਮਰ ਕੂੜ ਦੀਆਂ ਕਮਾਈਆਂ ਕਰਿ ਕਰਿ ਜੋੜਨਾ ਨਿਰਾ ਨਿਰਾਰਥ ਯਤਨ ਹੀ ਹੈ, ਨਿਰੋਲ ਨਿਕੰਮਾ ਕਰਮ ਹੀ ਹੈ, ਕਿਉਂਕਿ ਜਿਸ ਧਨ ਕਾਰਨ ਉਹ ਸਾਰੀ ਉਮਰ ਖਪਿ ਖਪਿ ਮਰਦਾ ਰਿਹਾ, ਅੰਤ ਨੂੰ ਉਸ ਧਨ ਨੇ ਛਾਰ ਹੀ ਹੋ ਜਾਣਾ ਹੈ। ਸਾਥ ਨਹੀਂ ਜਾਣਾ। ਸਾਥ ਜਾਣ ਵਾਲਾ ਇਕੋ ਧਨੁ ਨਾਮ ਦਾ ਹੈ। ਸੋ ਤਾਂ ਉਸ ਨੇ ਸੰਚਿਆ ਨਹੀਂ, ਕਮਾਇਆ ਨਹੀਂ। ਇਸ ਬਿਹੂਣ ਉਸ ਦੀਆਂ ਸਭ ਕਮਾਈਆਂ ਬੇਅਰਥ ਅਤੇ ਫੋਕਟ ਹਨ। ਮਨਮੁਖ ਕਰਮ ਕਰਨਹਾਰੇ ਜਿਤਨੇ ਭੀ ਕਰਮ ਧਰਮ ਸੁਚਿ ਸੰਜਮ ਆਦਿਕ ਕਰਮ ਕਮਾਉਂਦੇ ਹਨ, ਉਹ ਅੰਤਰਲੇ ਲੋਭ ਵਿਕਾਰ ਭਰੇ ਕਮਾਉਂਦੇ ਹਨ। ਇਸ ਕਰਕੇ ਉਹਨਾਂ ਦਾ ਅੰਦਰਲਾ ਲੋਭ ਵਿਕਾਰ ਸਗੋਂ ਹੋਰ ਵਧਦਾ ਹੈ। ਤ੍ਰਿਸ਼ਨਾ ਦੀ ਅਗਨੀ ਹੋਰ ਭੜਕਦੀ ਹੈ, ਜਿਉਂ ਜਿਉਂ ਉਸ ਉਤੇ ਵਿਕਾਰ ਕਰਮਾਂ ਦਾ ਬਾਲਣ ਪਾਓ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜੋ ਕੁਛ ਭੀ ਮਨਮੁਖ ਪੁਰਸ਼ ਕਮਾਉਂਦਾ ਹੈ, ਜੋ ਮਨਮੁਖਤਾ


www.sikhbookclub.com

ਵਾਲੇ ਕਰਮ ਉਹ ਕਰਦਾ ਹੈ ਸੋ ਕਦੇ ਥਾਇੰ ਨਹੀਂ ਪੈਂਦੇ, ਲੇਖੇ ਨਹੀਂ ਲਗਦੇ, ਕੁਲੇਖੇ ਹੀ ਐਵੇਂ ਅਜਾਈਂ ਜਾਂਦੇ ਹਨ। ਇਹਨਾਂ ਮਨਮੁਖੀ ਕਰਮਾਂ ਦੇ ਕਰਨ ਕਰਿ ਉਸ ਨੂੰ ਧੁਰਿ ਦਰਗਾਹੇ ਜਾ ਕੇ ਖੁਆਰ ਹੋਣਾ ਪੈਂਦਾ ਹੈ। ਮਨਮੁਖੀ ਕਰਮ ਹਨ ਹੀ ਖੁਆਰ ਕਰਨਹਾਰੇ। ਐਥੇ ਭੀ ਉਹ ਖੁਆਰ ਹੀ ਕਰਦੇ ਹਨ, ਅਗੇ ਜਾ ਕੇ ਤਾਂ ਇਸ ਖੁਆਰੀ ਦਾ ਭਾਂਡਾ ਹੀ ਭਜ ਜਾਂਦਾ ਹੈ। ਅਤੇ ਬੁਰੀ ਤਰ੍ਹਾਂ ਭਜਦਾ ਹੈ।

ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ ॥ ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ ॥ ੨ ॥

(ਸੋਰਠਿ ਮਃ ੩ ਦੁਤੁਕੇ, ਪੰਨਾ ੬੦੩)

ਨਿਗੁਰੇ ਗੁਰੂ-ਹੀਣਿਆਂ ਮਨਮੁਖੀਆਂ, ਮਨਮੁਖੀ-ਕਰਮ ਕਰਨਹਾਰਿਆਂ ਮਨਮੁਖਾਂ ਨੂੰ ਦੂਜੈ ਭਾਇ ਵਿਚਿ ਖਚਿਤ ਰਹਿਣ ਕਰਕੇ ਸਚੀ ਪ੍ਰੀਤ ਪ੍ਰਮਾਰਥ ਸੰਧੀ ਨਹੀਂ ਉਪਜਦੀ। ਤਾਂ ਤੇ ਮਨਮੁਖੀਏ ਪੁਰਸ਼ ਦੇ ਜਿਤਨੇ ਭੀ ਕਰਮ ਹਨ, ਸਭ ਤੁਖ (ਛਿਲੜ) ਨੂੰ ਹੀ ਕੁਟਣ ਵਾਲੇ ਕਰਮ ਹਨ। ਜੈਸੇ ਧਾਨਾਂ ਚਉਲਾਂ ਦੀ ਛਿਲ ਨੂੰ ਕੁਟਿਆਂ ਕੁਛ ਹਾਸਲ ਨਹੀਂ ਹੁੰਦਾ ਤਿਵੇਂ ਮਨਮੁਖੀਏ ਪੁਰਸ਼ ਦੇ ਜਿਤਨੇ ਭੀ ਕਰਮ ਹਨ, ਸਭ ਛਿਲੜ-ਕੁਟਣੇ ਫੋਕਟ ਹੀ ਹਨ, ਜਿਨ੍ਹਾਂ ਕਰਮਾਂ ਦੇ ਕੀਤਿਆਂ ਪੱਲੇ ਕੱਖ ਭੀ ਨਹੀਂ ਪੈਂਦਾ।

ਸਲੋਕੁ ਮਃ ੩ ॥ ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥ ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥

(ਵਾਰ ਸੋਰਠਿ, ਪੰਨਾ ੬੪੬)

ਇਸ ਜਗਤ ਵਿਖੇ ਸੰਸਾਰੀਆਂ ਨੂੰ ਨਾਮ ਤੋਂ ਬਿਨਾਂ ਹੋਰ ਕਰਮ ਕਮਾਉਣ ਵਿਚਿ ਨਿਤ ਟੋਟਾ ਹੀ ਟੋਟਾ ਹੈ, ਕੁਲਾਹਾ ਹੀ ਕੁਲਾਹਾ ਹੈ। ਸਾਰੇ ਸੰਸਾਰੀ ਪੁਰਸ਼ ਮਨਮੁਖਾਂ ਵਾਲੇ ਕਰਮ ਹੀ ਕਮਾਉਂਦੇ ਹਨ। ਅਤੇ ਸਾਰੀ ਉਮਰ ਕਮਾਉਂਦੇ ਹੀ ਮਰਿ ਜਾਂਦੇ ਹਨ। ਇਹ ਮਨਮੁਖੀਏ ਕਰਮ ਕਰ ਕੇ ਹਉਮੈ ਦਾ ਅੰਧ ਗੁਬਾਰ ਹੀ ਉਹਨਾਂ ਨੂੰ ਵਿਰਸੇ ਵਿਚਿ ਮਿਲਦਾ ਹੈ।

ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥
ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥ ੬ ॥
ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥ ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ ॥ ੭ ॥ ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ ॥ ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ॥ ੮ ॥ ੨ ॥ ੫ ॥

(ਬਿਲਾਵਲੁ ਮਃ ੪, ਪੰਨਾ ੮੩੪)

ਵਿਆਖਿਆ— ਸ਼ਾਸਤ੍ਰ ਬੇਦ ਪੁਰਾਣ ਆਦਿ ਆਨਮਤ ਹਿੰਦੂ ਧਰਮ ਦੇ ਪੁਸਤਕ ਇਹ ਸਿਖਸ਼ਾ ਦਿੰਦੇ ਹਨ, ਅਤੇ ਪੁਕਾਰਿ ਪੁਕਾਰਿ ਦਿੰਦੇ ਹਨ ਕਿ ਇਹਨਾਂ ਆਨਮਤ ਪੁਸਤਕਾਂ ਦੇ ਲਿਖੇ ਲਿਖਾਏ ਧਰਮ ਅਤੇ ਇਹਨਾਂ ਆਨਮਤ ਪੁਸਤਕਾਂ ਦੇ ਦ੍ਰਿੜ੍ਹਾਏ ਧਰਮ ਦਾ ਤੱਤ-ਸਾਰ ਇਹੀ ਹੈ ਕਿ ਖਟ ਕਰਮ ਕਰਹੁ—(੧) ਬੇਦ ਪੜ੍ਹੋ, (੨) ਬੇਦ ਪੜ੍ਹਾਵਹੁ, (੩) ਯਗ ਕਰਹੁ, (੪) ਯਗ ਕਰਾਵਹੁ,


www.sikhbookclub.com

(੫) ਦਾਨ ਕਰੋ, (੬) ਦਾਨ ਕਰਾਵਹੁ। ਇਹੀ ਛੇ ਕਰਮ ਇਹਨਾਂ ਪੁਸਤਕਾਂ ਵਿਚਿ ਲਿਖਿਆ ਧਰਮ ਦ੍ਰਿੜ੍ਹਾਉਂਦਾ ਹੈ। ਪਰ ਇਹ ਸਭ ਪਾਖੰਡ-ਕਰਮ ਹਨ। ਜੋ ਬੇਦ ਪੁਰਾਣ ਸ਼ਾਸਤ੍ਰ ਪੜ੍ਹਨਹਾਰੇ ਅਤੇ ਇਹਨਾਂ ਪਰ ਅਮਲ ਕਰਨਹਾਰੇ ਕੁਛ ਤਾਂ ਪਹਿਲਾਂ ਹੀ ਮਨਮੁਖ ਹੁੰਦੇ ਹਨ, ਇਹਨਾਂ ਨੂੰ ਪੜ੍ਹ ਕੇ ਪੱਕੇ ਪਾਖੰਡੀ ਅਤੇ ਹੋਰ ਮਨਮੁਖ ਹੋ ਜਾਂਦੇ ਹਨ। ਪਾਖੰਡ ਭਰਮ ਵਿਚਿ ਵਿਗੁਚ ਕੇ ਲੋਭ-ਲਹਿਰ ਵਿਚਿ ਭੁਲਾਏ ਹਲਕਾਏ ਰਹਿੰਦੇ ਹਨ। ਜਿਸ ਲੋਭ-ਲਹਿਰ ਦੇ ਭਾਰ ਨਾਲਿ ਉਹਨਾਂ ਦੇ ਕਰਮ ਧਰਮ ਦੀ ਕਿਸ਼ਤੀ ਮੰਝਧਾਰ ਵਿਚਿ ਗੋਤੇ ਖਾ ਕੇ ਡੁਬ ਜਾਂਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਭਵ-ਸਾਗਰ ਤੋਂ ਪਾਰ ਉਤਰਨ ਲਈ ਗੁਰਮਤਿ ਨਾਮ ਦੇ ਜਾਪ ਅਭਿਆਸ ਦੀ ਟੇਕ ਲੈਣੀ ਹੀ ਉਚਿਤ ਹੈ। ਨਾਮ ਦ੍ਰਿੜ੍ਹ ਹੋ ਜਾਵੇ ਤਾਂ ਏਦੂੰ ਵਧ ਕੇ ਹੋਰ ਬੇਦ ਸਿਮ੍ਰਿਤਿ ਸ਼ਾਸਤ੍ਰ ਕੋਈ ਨਹੀਂ। ਗੁਰਮਤਿ ਅਨੁਸਾਰ ਨਾਮ ਹੀ ਬੇਦੁ ਹੈ, ਨਾਮ ਹੀ ਸਿਮ੍ਰਿਤਿ ਸ਼ਾਸਤ੍ਰ ਹੈ। ਬਸ, ਇਹੀ ਇਕੋ ਨਾਮ ਹੀ ਜਗਿਆਸੂ ਜਨਾਂ ਦੇ ਹਿਰਦੇ ਵਿਚਿ ਹੋਣਾ ਚਾਹੀਦਾ ਹੈ। ਇਸ ਨਾਮ ਦਾ ਪਰਚਾ ਗੁਰ-ਦੀਖਿਆ ਦੁਆਰਾ (ਪੰਜਾਂ ਗੁਰਮੁਖਿ ਪਿਆਰਿਆਂ ਦੇ ਰਾਹੀਂ ਨਾਮ ਦ੍ਰਿੜ੍ਹਾਵਣ ਕਰਕੇ) ਪੈਂਦਾ ਹੈ। ਨਾਮ ਦੇ ਇਸ ਗੁਰਮੁਖਿ ਪਰਚੇ ਪਏ ਤੇ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਇਹ ਜਗੁ ਵਰਨ ਰੂਪ ਸਭ ਵਾਹਿਗੁਰੂ ਦਾ ਹੀ ਕੀਤਾ (ਸਾਜਿਆ) ਹੋਇਆ ਹੈ। ਵਾਹਿਗੁਰੂ ਦੀ ਰਜ਼ਾ ਹੁਕਮ ਅਨੁਸਾਰ ਹੀ ਸਭ ਜੀਅ ਜੰਤ ਆਹਰਾਂ ਵਿਚਿ ਲਗੇ ਹੋਏ ਹਨ। ਜਿਸ ਤੋਂ ਜਿਸ ਕਰਮ ਨੂੰ ਕਰਾਉਣਾ ਰਜ਼ਾਇਤ ਹੁੰਦਾ ਹੈ, ਸੋਈ ਕਰਮ ਤਿਸ ਤੋਂ ਕਰਾਇਆ ਜਾਂਦਾ ਹੈ। ਧੁਰ ਲਿਖੀ ਹੁਕਮੀ ਨੇਤ ਇਹੀ ਹੈ। ਪਾਖੰਡੀਆਂ ਤੋਂ ਪਾਖੰਡ ਕਰਮ ਹੀ ਹੁੰਦੇ ਹਨ। ਮਨਮੁਖਾਂ ਤੋਂ ਮਨਮੁਖੀ ਕਰਮ ਹੁੰਦੇ ਹਨ। ਦੂਜੇ ਏਦੂੰ ਉਲਟ ਕਰਮ ਹੋ ਹੀ ਨਹੀਂ ਸਕਦੇ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਦੇ ਕੀਤੇ ਜੀਅ ਜੰਤ ਉਸ ਦੇ ਨਚਾਏ ਹੀ ਨਚਦੇ ਹਨ। ਤੰਤ ਡੋਰੀ ਉਸ ਦੇ, ਕਰਮ ਬਿਧਾਤੇ ਦੇ ਹਥਿ ਹੈ। ਜਿਸ ਰਾਹ ਮਾਰਗ ਤੇ ਵਾਹਿਗੁਰੂ ਨੇ ਕਿਸੇ ਨੂੰ ਚਲਾਉਣਾ ਮਿਥਿਆ ਹੈ ਤਿਸ ਰਾਹ ਤੇ ਉਹ ਚਲਦਾ ਹੈ। ਹੁਕਮ ਰਜ਼ਾ ਦੀ ਖੇਡ ਹੀ ਐਸੀ ਹੈ। ਪੂਰਬਲੇ ਕਰਮਾਂ ਦਾ ਲੇਖਾ ਵੀਚਾਰ ਕੇ ਜੰਤ ਤੋਂ ਕਰਮ ਕਰਾਏ ਜਾਂਦੇ ਹਨ। ਜੋ ਪੂਰਨ ਇਨਸਾਫ਼ ਹੈ। ਸਜ਼ਾਵੀ ਜਜ਼ਾਵੀ ਕਰਮ ਕਰਾਏ ਬਾਝੋਂ ਛੁਟਕਾਰਾ ਹੁੰਦਾ ਹੀ ਨਹੀਂ। ਮਨਮੁਖਾਂ ਨੂੰ ਆਪਣੀ ਕਰਣੀ ਦਾ ਫਲ ਕਰੂਰ ਕਰਮਾਂ ਵਿਚਿ ਹੀ ਭੁਗਤਾਉਂਦਾ ਹੈ-

**ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ ॥**
**ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥**

(ਬਿਲਾਵਲੁ ਮਃ ੩ ਵਾਰ ਸਤ ਘਰੁ ੧੦, ਪੰਨਾ ੮੪੧)

ਛਨਿਛਰਵਾਰ ਸਗਨ ਸ਼ਾਸਤ੍ਰੀ ਵੀਚਾਰ ਸਭ ਮਨਮੁਖਾਂ ਦਾ ਕਰਮ ਹੈ। ਭਾਵ ਸ਼ਾਸਤ੍ਰ ਵਾਚਣਾ ਵੀਚਾਰਨਾ ਕਿ ਕਿਹੜਾ ਕਰਮ ਕਰਨ ਜੋਗ ਹੈ ਅਤੇ ਕਿਹੜਾ ਚੰਗਾ ਕਰਮ ਹੈ ਅਤੇ ਸਗਨ ਵੇਖਣਾ ਕਿ ਕਿਹੜਾ ਸਮਾਂ ਉਸ ਕਰਮ ਕਰਨ ਲਈ ਉਚਿਤ ਹੈ, ਇਹ ਨਿਰਾ ਭਰਮ ਅਤੇ ਕੂੜਾਵਾ ਹੰਕਾਰ ਹੀ ਹੈ, ਜਿਸ ਵਿਚਿ ਸਾਰਾ ਸੰਸਾਰ ਰੁੜ੍ਹਿਆ ਜਾਂਦਾ ਹੈ। ਬਹੁਤ ਮਨਮੁਖ ਰੁੜ੍ਹਦੇ ਹਨ। ਸੰਸਾਰ ਹੈ ਹੀ ਮਨਮੁਖਾਂ ਦਾ ਭਰਿਆ ਹੋਇਆ। ਅੰਧਾ ਮਨਮੁਖ ਸੰਸਾਰ ਦੂਜੇ ਭਾਇ ਦੇ ਕਰਮ ਹੀ ਕਮਾਉਂਦਾ ਹੈ। ਨਤੀਜਾ ਇਹ ਕਿ ਜਮ-ਦਰਿ ਬਾਧਾ ਚੋਟਾਂ ਖਾਂਦਾ ਹੈ, ਇਹ ਮਨਮੁਖਿ ਕਰਮਾਂ ਦਾ ਸਿੱਟਾ ਹੈ। ਮਨਮੁਖਾਂ ਦੇ ਮਨ ਹਠਿ ਕਰਮ ਕਮਾਏ ਥਾਇਂ ਨਹੀਂ ਪੈਂਦੇ। ਯਥਾ ਗੁਰਵਾਕ—

ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥

(ਸਲੋਕ ਮਃ ੩, ਬਿਲਾਵਲੁ ਕੀ ਵਾਰ, ਪੰਨਾ ੮੪੯)

ਗੁਰਮੁਖਿ ਸਾਧ ਸੰਗਤ ਤੋਂ ਬਿਹੂਨੜਿਆਂ ਮਨਮੁਖਾਂ ਦੇ ਕਰਮ ਕੀਤੇ ਹੋਏ ਨਿਸਫਲ ਹਨ। ਯਥਾ ਗੁਰਵਾਕ—

ਸਲੋਕ ॥ ਸਾਧਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ ॥ ਕੋਮਲ ਬੰਧਨ ਬਾਧੀਆ ਨਾਨਕ ਕਰਮਹਿ ਲੇਖ ॥ ੧ ॥

(ਰਾਮਕਲੀ ਮਃ ੫ ਰੁਤੀ, ਪੰਨ ੯੨੮)

ਭਾਵ— ਗੁਰੂ ਘਰ ਦੀ ਸਾਧ ਸੰਗਤਿ ਤੋਂ ਵਿਛੜਿਆਂ ਹੋਇਆਂ ਬੇਮੁਖੀ ਮਨਮੁਖਾਂ ਦਾ ਇਹ ਹਾਲ ਹੁੰਦਾ ਹੈ। ਗੁਰਮਤਿ ਦੀ ਗੁਰਮੁਖਤਾ ਵਾਲੀ ਅਗਵਾਈ ਨਾ ਹੋਣ ਕਰਕੇ ਮਨਮੁਖੀ ਮਾਨੁਖ ਮਨ-ਉਕਤ ਕਰਮ-ਕਾਂਡਾਂ ਵਿਚਿ ਪਿਆ ਹੋਇਆ ਵਾਹਿਗੁਰੂ ਦੀ ਹਜ਼ੂਰੀ ਤੋਂ ਦੂਰ ਭਟਕਦਾ ਭਰਮਦਾ ਫਿਰਦਾ ਹੈ। ਚਾਹੇ ਅਨੇਕਾਂ ਕਰਮ ਕਰੇ, ਪਰ ਉਸ ਨੂੰ ਸ਼ਾਂਤਿ ਨਹੀਂ ਆਉਂਦੀ। ਮੋਹ ਮਾਇਆ ਦੇ ਕੋਮਲ ਬੰਧਨਾਂ ਵਿਚਿ ਬੰਧਿਆ ਹੋਇਆ ਮਨਮੁਖ ਜਕੜਿਆ ਹੋਇਆ ਹੀ ਰਹਿੰਦਾ ਹੈ। ਅਤੇ ਜਕੜਿਆ ਹੋਇਆ ਹੀ ਮਨਮੁਖੀ ਕਰਮ ਕਮਾਉਂਦਾ ਹੈ। ਮੋਹ ਮਾਇਆ ਦੇ ਬੰਧਨ ਦੇਖਣ ਨੂੰ ਤਾਂ ਮਲੂਕੜੇ ਜਿਹੇ ਬੰਧਨ ਹੀ ਹੁੰਦੇ ਹਨ ਕਿ ਛਡ ਹੀ ਨਹੀਂ ਹੁੰਦੇ। ਇਹਨਾਂ ਬੰਧਨਾਂ ਦੀ ਜਕੜੀ ਹੋਈ ਲੁਕਾਈ ਪਈ ਰਸਾਤਲ ਨੂੰ ਧਾਈ ਕਰੀ ਚਲੀ ਜਾਂਦੀ ਹੈ। ਪੂਰਾਂ ਦੇ ਪੂਰ ਇਸ ਬੰਧਨ ਵਿਚਿ ਬਧੇ ਹੋਏ ਚੁਰਾਸੀ ਦੇ ਗੇੜ ਵਿਚਿ ਪੈਂਦੇ ਚਲੇ ਆਏ ਹਨ, ਪੈ ਰਹੇ ਹਨ ਅਤੇ ਪੈਂਦੇ ਰਹਿਣਗੇ। ਇਹਨਾਂ ਕਰਮਾਂ ਦੇ ਮਾਰਿਆਂ ਦੇ ਵਸਿ ਕੁਝ ਨਹੀਂ। ਇਹਨਾਂ ਦੇ ਕਰਮਾਂ ਵਿਚਿ ਹੀ ਇਹੀ ਸਜ਼ਾ ਇਨ੍ਹਾਂ ਨੂੰ ਧੁਰ ਦਰਗਾਹੋਂ ਲਿਖੀ ਹੋਈ ਹੁੰਦੀ ਹੈ। ਇਹ ਪੂਰਾਂ ਦੇ ਪੂਰ ਸਭ ਮਨਮੁਖਾਂ ਦੇ ਹਨ। ਕੋਈ ਵਿਰਲਾ ਗੁਰੂ-ਵਰੋਸਾਇਆ ਗੁਰਮੁਖਿ ਜਨ ਇਸ ਸ਼੍ਰੇਣੀ ਤੋਂ ਬਚਦਾ ਹੈ। ਨਹੀਂ ਤਾਂ ਸਭਿ ਰਸਾਤਲ ਦੇ ਵਿਚਿ ਹੀ ਡਿਗਦੇ ਹਨ। ਕੈਸੀ ਤਰਸ ਯੋਗ ਦਸ਼ਾ ਹੈ! ਅਗਲਾ ਗੁਰਵਾਕ ਸਾਕਤਾਂ ਮਨਮੁਖਾਂ ਦੀ ਕਰਣੀ ਕਰਤੂਤ ਦਾ ਫਲ ਦਸਦਾ ਹੈ। ਯਥਾ ਗੁਰਵਾਕ—

ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ ॥ ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ ॥ ੨ ॥ ਨਿਤ ਨਿਤ ਕਾਇਆ ਮਜਨੁ ਕੀਆ ਨਿਤ ਮਲਿ ਮਲਿ ਦੇਹ ਸਵਾਰੇ ॥ ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ ਸਭ ਫੋਕਟ ਚਾਰ ਸੀਗਾਰੇ ॥ ੩ ॥

(ਨਟ ਮਃ ੪, ਪੰਨਾ ੯੮੨-੮੩)

ਸੂਚਨਾ— ਸਾਕਤ ਮਨਮੁਖਾਂ ਦੇ ਕਰਮ ਨੀਰ-ਵਿਰੋਲਣੇ ਕਰਮ ਹਨ। ਜਿਵੇਂ ਪਾਣੀ ਨੂੰ ਰਿੜਕਿਆਂ ਪਾਣੀ ਵਿਚੋਂ ਕੁਛ ਨਹੀਂ ਨਿਕਲਦਾ ਤਿਵੇਂ ਮਨਮੁਖੀ ਕਰਮ ਕੀਤਿਆਂ ਇਹਨਾਂ ਕਰਮਾਂ ਦਾ ਫਲ ਕੁਛ ਭੀ ਨਹੀਂ ਮਿਲਦਾ। ਨਾ ਹੀ ਕੁਛ ਲਾਭ ਹੁੰਦਾ ਹੈ। ਬਸ, ਮਨਮੁਖ ਸਾਕਤ ਲੋਗ ਆਪ-ਹੁਦਰੇ ਕਰਮ ਨਿਤਾਪ੍ਰਤਿ ਕਮਾਈ ਚਲੇ ਜਾਂਦੇ ਹਨ। ਉਹਨਾਂ ਦੇ ਪਾਣੀ ਦੀ ਝੱਗ ਹੀ ਪਲੇ ਪੈਂਦੀ ਹੈ। ਏਸੇ ਤਰ੍ਹਾਂ ਰੋਜ਼ ਰੋਜ਼ ਜੋ ਸਾਕਤ ਜਨ ਮਨਮੁਖੀ ਕਰਮ ਕਰਦੇ ਹਨ, ਸਭ ਪਾਣੀ ਦੇ ਫੋਕਟ ਝੋਲ ਝੋਲਾਇਆਂ ਵਾਂਗੂੰ ਹੀ ਹਨ। ਜੇ ਗੁਰੂ ਘਰ ਦੀ ਸਤਸੰਗਤਿ ਉਹਨਾਂ ਨੂੰ ਨਸੀਬ ਹੋ ਜਾਵੇ ਤਾਂ

ਗੁਰਮੁਖਾਂ ਦੀ ਸੰਗਤਿ ਨਾਲਿ ਉਹ ਸਿਫਤਿ ਸਾਲਾਹਿ ਸ੍ਰੇਸ਼ਟ ਕਰਮ ਰੂਪੀ ਦੁੱਧ ਰਿੜਕਣਾ ਸਿਖ ਜਾਣ, ਜਿਸ ਦੇ ਰਿੜਕਿਆਂ ਵਿਚੋਂ ਮੱਖਣ ਨਿਕਲ ਸਕਦਾ ਹੈ। ਜਿਸ ਨਾਮ ਰੂਪੀ ਮੱਖਣ ਦਾ ਗਟਾਕ ਰਸ ਚਖ ਚਖ ਉਹ ਬਿਸਮਾਦ ਹੋ ਜਾਣ ਅਤੇ ਜਨਮ ਨੂੰ ਸੰਵਾਰ ਲੈਣ। ਨਾਮ ਦਾ ਸੁਆਸ ਅਭਿਆਸੀ ਬਿਲੋਵਨਾ ਬਿਲੋਇ ਕੇ ਤੱਤ ਮਹਾਂ ਰਸ ਅੰਮ੍ਰਿਤ ਦੇ ਗਟਾਕ-ਰਸ ਪੀਣ ਵਾਲੇ ਬਣ ਜਾਣ। ਨਹੀਂ ਤਾਂ ਐਵੇਂ ਫੋਕਟ ਨੀਰ-ਵਿਰੋਲੀਏ, ਕਰਮ-ਕਪੋਲੀਏ ਹੀ ਰਹਿ ਜਾਣਗੇ। ਕਾਸ਼ ਕਿ ਇਹਨਾਂ ਮਨਮੁਖੀਆਂ ਨੂੰ ਸੁਮਤਿ ਆਵੇ! ਸਤਿਗੁਰੂ ਨਾਨਕ ਦੇ ਘਰ ਦੀ ਦਾਤਿ ਤੋਂ ਵਰੋਸਾਉਣ, ਸੁੰਵੇ ਨਾ ਰਹਿਣ! ਸਾਰਾ ਮਨਮੁਖੀ ਸੰਸਾਰ ਮਨਮੁਖੀ ਕਰਮਾਂ ਦੇ ਵਹਿਣ ਵਿਹਿ ਰੁੜ੍ਹਿਆ ਚਲਿਆ ਜਾ ਰਿਹਾ ਹੈ, ਫੋਕਟ ਕਰਮਾਂ ਵਿਚ ਲਗ ਕੇ ਆਪਨਾ ਰਤਨ ਜਨਮ ਗਵਾ ਰਿਹਾ ਹੈ, ਐਵੇਂ ਜੂਏ ਬਾਜੀ ਹਾਰਿ ਰਹਿਆ ਹੈ। ਮਨਮੁਖੀ ਲੋਕ ਮਨਮੁਖੀ ਆਨਮਤ ਤੀਰਥਾਂ ਤੇ ਜਾ ਕੇ ਅਤੇ ਉਥੇ ਹੀ ਰਹਿ ਵੱਸ ਕੇ ਨਿਤਾਪ੍ਰਤਿ ਨ੍ਹਾਉਂਦੇ ਹਨ। ਆਪਣੀ ਦੇਹੀ (ਕਾਇਆਂ) ਨੂੰ ਮਜਨਾਵੰਦੇ ਹਨ ਅਤੇ ਮਲ ਮਲ ਕੇ ਧੋਂਦੇ ਹਨ। ਅਤੇ ਧੋ ਸੰਵਾਰ ਕੇ ਸੀਂਗਾਰਦੇ ਹਨ। ਪਰ ਇਹ ਉਹਨਾਂ ਦੇ ਸਭ ਫੋਕਟ ਸੀਂਗਾਰ ਹੀ ਹਨ। ਭਾਵੇਂ ਆਪਣੇ ਜਾਣੇ ਇਹੋ ਜਿਹੇ ਸੁੰਦਰ ਸੀਂਗਾਰ ਕਰ ਕੇ ਉਹ ਆਪਣੇ ਆਪ ਨੂੰ ਸਫਲ ਸਮਝਦੇ ਹਨ ਤੇ ਉਹਨਾਂ ਨੂੰ ਸਤਿਗੁਰੂ ਨਾਨਕ ਸਾਹਿਬ ਦੇ ਬਚਨ ਨਹੀਂ ਭਾਵੰਦੇ। ਜੇ ਭਾ ਜਾਣ ਤਾਂ ਉਹਨਾਂ ਦਾ ਭੀ ਨਿਸਤਾਰਾ ਹੋ ਜਾਵੇ। ਪਰ ਮਾੜੀ ਕਿਸਮਤ ਵਾਲੇ ਮਨਮੁਖ ਸਾਕਤ ਪੁਰਸ਼ ਇਸ ਪਾਸੇ ਆਉਂਦੇ ਹੀ ਨਹੀਂ, ਰੁਚੀ ਹੀ ਨਹੀਂ ਫੇਰਦੇ। ਕੁਸੰਗ ਦੀ ਰੁਚੀ, ਸਾਕਤਾਂ ਦੇ ਸੰਗ ਦੀ ਖੁਸ਼ੀ ਹੀ ਉਨ੍ਹਾਂ ਨੂੰ ਬਹੁਤੀ ਭਾਵੰਦੀ ਹੈ।

ਹਉਮੈ ਦੇ ਅਧੀਨ ਹੋ ਕੇ ਜਿਹੜਾ ਭੀ ਕਰਮ ਕੀਤਾ ਜਾਂਦਾ ਹੈ, ਉਹ ਭਾਵੇਂ ਕਰਨਹਾਰੇ ਨੂੰ ਅਤੇ ਹੋਰ ਦੇਖਣਹਾਰੇ ਮਨਮੁਖੀਆਂ ਨੂੰ ਕਿੰਨਾ ਹੀ ਚੰਗਾ ਪ੍ਰਤੀਤ ਹੁੰਦਾ ਹੋਵੇ, ਕਿਸੇ ਭੀ ਕੀਮਤ ਦਾ ਨਹੀਂ ਹੁੰਦਾ। ਇਸ ਪ੍ਰਥਾਇ ਇਹ ਗੁਰ ਪ੍ਰਮਾਣ ਖੂਬ ਢੁਕਦਾ ਹੈ—

> ਮਾਰੂ ਮਹਲਾ ੫ ॥ ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ ॥ ਜੋ ਜੋ ਕਰਮ ਕੀਏ ਹਉ ਹਉਮੈ ਤੇਤੇ ਭਏ ਅਜਾਏ ॥ ੧ ॥ ਅਵਰ ਦਿਨ ਕਾਹੂ ਕਾਜ ਨ ਲਾਏ ॥ ਸੋ ਦਿਨੁ ਮੋ ਕਉ ਦੀਜੈ ਪ੍ਰਭ ਜੀਉ ਜਾ ਦਿਨ ਹਰਿ ਜਸੁ ਗਾਏ ॥ ੧ ॥ ਰਹਾਉ ॥ ਪੁਤ੍ਰ ਕਲਤ੍ਰ ਗ੍ਰਿਹ ਦੇਖਿ ਪਾਸਾਰਾ ਇਸ ਹੀ ਮਹਿ ਉਰਝਾਏ ॥ ਮਾਇਆ ਮਦ ਚਾਖਿ ਭਏ ਉਦਮਾਤੇ ਹਰਿ ਹਰਿ ਕਬਹੁ ਨ ਗਾਏ ॥ ੨ ॥ ਇਹ ਬਿਧਿ ਖੋਜੀ ਬਹੁ ਪਰਕਾਰਾ ਬਿਨੁ ਸੰਤਨ ਨਹੀ ਪਾਏ ॥ ਤੁਮ ਦਾਤਾਰ ਵਡੇ ਪ੍ਰਭ ਸੰਮ੍ਰਥ ਮਾਗਨ ਕਉ ਦਾਨੁ ਆਏ ॥ ੩ ॥ ਤਿਆਗਿਓ ਸਗਲਾ ਮਾਨੁ ਮਹਤਾ ਦਾਸ ਰੇਣ ਸਰਣਾਏ ॥ ਕਹੁ ਨਾਨਕ ਹਰਿ ਮਿਲਿ ਭਏ ਏਕੈ ਮਹਾ ਅਨੰਦ ਸੁਖ ਪਾਏ ॥ ੪ ॥ ੩ ॥

(ਪੰਨਾ ੯੯੯)

ਵਿਅਖਿਆ— ਮਨਮੁਖ ਲੋਗ ਧਨ ਦੌਲਤ ਦੇ ਕਾਰਨ (ਨਮਿਤ) ਬਹੁ ਭਾਂਤ ਕਰਿ ਦੇਸੀਂ ਪਰਦੇਸੀਂ ਭਰਮਦੇ ਫਿਰੇ ਅਤੇ ਅਨੇਕਾਂ ਜਤਨ ਕਰ ਕਰ ਕੇ ਧਾਵੰਦੇ ਫਿਰੇ ਅਤੇ ਅਨੇਕਾਂ ਕਰਮ ਕਰਦੇ ਫਿਰੇ। ਪਰ ਇਹ ਸਾਰੇ ਕਰਮ ਉਹਨਾਂ ਮਨਮੁਖਾਂ ਨੇ ਡੂੰਘੇ ਹਉਮੈ ਦੇ ਅਧੀਨ ਹੋ ਕੇ ਹਉਂ ਹਉਂ ਕਰਦਿਆਂ ਨੇ ਕੀਤੇ। ਜਿਸ ਕਰਕੇ ਇਹ ਕੀਤੇ ਕਰਮ ਸਭ ਅਜਾਈਂ ਹੀ ਗਏ। ਕਿਸੇ ਲੇਖੇ ਨ

 www.sikhbookclub.com

ਲਗੇ। ਸਦਾ ਮਦ-ਮਾਇਆ ਕਾਰਨ ਮੂਰਖ ਅਜਾਣ ਮਨਮੁਖ ਲੋਗ ਹੀ ਧਾਵੰਦੇ ਹਨ। ਹਉਮੈ ਦੇ ਅਧੀਨ ਹੋ ਕੇ ਮਨ ਦੀ ਮਰਜ਼ੀ ਨਾਲਿ ਕੀਤੇ ਮਨਮੁਖਾਂ ਦੇ ਕਰਮ ਸਭ ਐਵੇਂ ਅਕਾਰਥ ਹੀ ਜਾਂਦੇ ਹਨ। ਇਹਨਾਂ ਕੰਮਾਂ ਵਿਚ ਲਗਾ ਸਮਾਂ ਭੀ ਐਵੇਂ ਫ਼ਜ਼ੂਲ ਹੀ ਜ਼ਾਇਆ ਹੁੰਦਾ ਹੈ। ਜਿਤਨੇ ਦਿਨ ਮਹੀਨੇ ਵਰ੍ਹੇ ਸਾਲ ਅਜਿਹੇ ਫ਼ਜ਼ੂਲ ਕੰਮਾ ਵਿਚਿ ਬਤੀਤ ਹੁੰਦੇ ਹਨ, ਸੋ ਦਿਨ ਭੀ ਕਿਸੇ ਲੇਖੇ ਨਹੀਂ ਲਗਦੇ, ਸਭ ਅਲੇਖੇ ਹੀ ਬਤੀਤ ਹੁੰਦੇ ਹਨ, ਕਿਸੇ ਕੰਮ ਨਹੀਂ ਆਉਂਦੇ। 'ਕਾਹੂ ਕਾਜ ਨ ਲਾਏ' ਕਿਸੇ ਕਰਨ ਜੋਗ ਕਾਰਜ ਦੇ ਨਮਿੱਤ ਲੇਖੇ ਨਹੀਂ ਲਗਦੇ। ਲੇਖੇ ਲਗਣ ਵਾਲਾ ਇਕੋ ਕਾਜ ਹੈ, ਵਾਹਿਗੁਰੂ ਦਾ ਜਸ!

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ ੧॥**

(ਆਸਾ ਮਃ ੫, ਪੰਨਾ ੧੨)

ਹੇ ਵਾਹਿਗੁਰੂ ਸੱਚੇ ਪਾਤਸ਼ਾਹ! ਸਾਨੂੰ ਗੁਰਸਿੱਖਾਂ ਨੂੰ ਅਜਿਹੇ ਦਿਨ ਸਦ-ਸਦੀਵੀ ਦੇਣ ਦੀ ਬਖ਼ਸ਼ਿਸ਼ ਕਰੋ ਕਿ ਦਿਨ ਰਾਤ ਤੇਰੇ ਹੀ ਗੁਣ ਗਾਉਂਦੇ ਰਹੀਏ, ਤੇਰਾ ਜਸ ਹੀ ਉਚਰਦੇ ਰਹੀਏ, ਤੇਰਾ ਨਾਮ ਹੀ ਉਰਿਧਾਰਦੇ ਰਹੀਏ। ਹੋਰ ਕੰਮਾਂ ਕਾਜਾਂ ਵਲ ਸੁਰਤੀ ਹੀ ਨਾ ਦਉੜੇ, ਰੁਚੀ ਹੀ ਨਾ ਜਾਗੇ। ਮਾਇਆ ਦੇ ਮੋਹ ਮਮਤਾ ਦੇ ਜਾਲ ਵਿਚ ਉੱਕੇ ਪਈਏ ਹੀ ਨਾ। ਬਚਾਓ, ਹੇ ਵਾਹਿਗੁਰੂ! ਮੋਹ ਮਮਤਾ ਦੇ ਜਾਲ-ਪਸਾਰੇ ਤੋਂ ਬਚਾਓ। ਅਸੀਂ ਪਰਤੱਖ ਦੇਖਦੇ ਹਾਂ ਕਿ ਮਨਮੁਖੀ ਲੋਗ (ਤੇ ਕਈ ਅਨੇਕਾਂ ਸਿੱਖ ਅਖਾਉਣ ਵਾਲੇ ਲੋਗ ਭੀ) ਗ੍ਰਿਹ ਕੁਟੰਬ ਦੇ ਪਸਾਰੇ ਨੂੰ ਦੇਖ ਕੇ ਇਹਨਾਂ ਦ੍ਰਿਸ਼ਟਮਾਨ ਪਦਾਰਥਾਂ ਵਿਚਿ ਹੀ ਉਲਝੇ ਰਹਿੰਦੇ ਹਨ ਅਤੇ ਉਲਝ ਕੇ ਖਪਦੇ ਰਹਿੰਦੇ ਹਨ। ਮਾਇਆ ਦਾ ਮੱਦ ਦੇਖ ਕੇ ਹੀ ਮਤਵਾਲੇ ਹੋਏ ਰਹਿੰਦੇ ਹਨ। ਇਹ ਚੜ੍ਹਿਆ ਹੋਇਆ ਉਦਮਾਦ ਉਹਨਾਂ ਨੂੰ ਵਾਹਿਗੁਰੂ ਵਲੋਂ ਤੇ ਵਾਹਿਗੁਰੂ-ਜਸ ਵਲੋਂ ਸਦਾ ਹੀ ਗ਼ਾਫ਼ਲ ਰਖਦਾ ਹੈ। ਉਹ ਪ੍ਰਮਾਰਥ ਦੇ ਪਾਸੇ ਆਉਂਦੇ ਹੀ ਨਹੀਂ, ਹਰਿ ਜਸ ਕਦੇ ਗਾਉਂਦੇ ਹੀ ਨਹੀਂ, ਸਤਸੰਗਤਿ ਵਿਚਿ ਆ ਕੇ ਕਦੇ ਬੈਠਦੇ ਤਕ ਨਹੀਂ। ਬਹੁ ਪ੍ਰਕਾਰ ਕਰਿ ਇਹ ਬਿਧਿ ਬਿਧੀ ਸੋਚ ਕੇ ਦੇਖੀ ਕਿ ਬਿਨਾਂ ਸਤਸੰਗਤਿ ਸੰਤ ਜਨਾਂ ਦੇ ਆਸਰੇ ਤੋਂ ਇਹ ਗਤੀ ਪ੍ਰਾਪਤਿ ਨਹੀਂ ਹੁੰਦੀ। ਹੇ ਵਾਹਿਗੁਰੂ! ਸਭ ਤੋਂ ਵਡੇ ਦਾਤਾਰ ਸਮਰੱਥ ਪਾਤਸ਼ਾਹ! ਅਸੀਂ ਤੇਰੇ ਮੰਗਤੇ ਹਾਂ। ਤੇਰੇ ਦਰਬਾਰ ਅਰਦਾਸ ਕਰਿ ਕਰਿ ਇਹ ਦਾਨ ਮੰਗਣ ਲਈ ਅਸੀਂ ਆਏ ਹਾਂ, ਹੱਥ ਬੰਨ੍ਹੀ ਅਤੇ ਅਡੀ ਖੜੋਤੇ ਹਾਂ ਕਿ ਸਾਨੂੰ ਖਿਨ ਖਿਨ ਆਪਣੇ ਨਾਮ ਦੀ ਦਾਤਿ ਦੇਵੋ ਅਤੇ ਹਰ ਦਮ ਹਰ ਅਉਸਰ ਆਪਣੇ ਨਾਮ-ਰਸੀਏ ਸੰਤਾਂ ਭਗਤਾਂ ਦੀ, ਗੁਰਮੁਖਿ ਜਨਾਂ ਦੀ ਸੰਗਤਿ ਵਿਚ ਹੀ ਰਖਣ ਦੀ ਕਿਰਪਾਲਤਾ ਕਰੋ। ਸਗਲਾ ਮਾਨ ਮਹੱਤਾ, ਮਾਨ ਵਡਿਆਈ ਦਾ ਚਸਕਾ ਛਡ ਕੇ ਹੀ ਇਹ ਦਾਤਿ ਮਿਲਦੀ ਹੈ। ਅਤੇ ਤੇਰੇ ਦਾਸਾਂ ਦੀ ਰੇਨ ਬਾਂਛ ਕੇ, ਦਾਸਾਂ ਦੀ ਧੂੜੀ ਵਿਚਿ ਰੁਲ ਕੇ ਸਭਨਾਂ ਦੀ ਰੇਨ ਹੋਇ ਕੇ, ਨੀਚ ਤੋਂ ਨੀਚ ਸਦਾ ਕੇ ਇਹ ਦਾਤਿ ਮਿਲਦੀ ਹੈ। ਅਤੇ ਦਾਸ ਰੇਨ ਸਰਣਾਏ ਹੋ ਕੇ ਹੀ ਵਾਹਿਗੁਰੂ ਨਾਲਿ ਇਕ-ਮਿਕ ਹੋਈਦਾ ਹੈ। ਅਤੇ ਮਹਾਂ ਆਨੰਦ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਹੇ ਵਾਹਿਗੁਰੂ! ਮਨਮੁਖਤਾ ਤੋਂ ਬਖ਼ਸ਼! ਮਨਮੁਖਾਂ ਨੂੰ ਭੀ ਬਖ਼ਸ਼!

ਅਗਲੇਰੇ ਗੁਰਵਾਕ ਵਿਚਿ ਸਰਬ ਸੁਖਦਾਤਾ ਬਿਸਾਰ ਕੇ ਮੋਹ ਮਾਇਆ ਵਿਚ ਫਾਥੇ ਮਨਮੁਖ ਮਾਨੁਖ ਦਾ ਨਕਸ਼ਾ ਖਿਚਿਆ ਹੈ—

**ਮਾਰੂ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥**

**ਪ੍ਰਾਨ ਸੁਖਦਾਤਾ ਜੀਅ ਸੁਖਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ ॥ ਹੋਛਾ**


www.sikhbookclub.com

ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ ॥ ੧ ॥ ਰੇ ਨਰ ਐਸੀ ਕਰਹਿ ਇਆਨਥ ॥ ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਥ ॥ ੧ ॥ ਰਹਾਉ ॥ ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ ॥ ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ ॥ ੨ ॥ ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ ॥ ਪਰ ਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੁਲਾਨਥ ॥ ੩ ॥ ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥ ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥ ੪ ॥ ੧ ॥ ੧੦ ॥

(ਪੰਨਾ ੧੦੦੧)

ਵਿਆਖਿਆ— ਮਨਮੁਖ ਨਰ ਨੂੰ ਸਨਮੁਖ ਉਪਦੇਸ਼ ਹੈ ਕਿ ਹੇ ਮਨਮੁਖ ਅਗਿਆਨੀ ਪੁਰਸ਼! ਤੂੰ ਪ੍ਰਾਨ ਸੁਖਦਾਤਾ, ਜੀਅ ਸੁਖਦਾਤਾ ਵਾਹਿਗੁਰੂ ਮਹਿਜ਼ ਮਨਮੁਖਤਾ ਅਤੇ ਮੂਰਖਤਾ ਅਗਿਆਨਤਾ ਦੇ ਕਾਰਨ ਕਿਉਂ ਬਿਸਾਰ ਦਿੱਤਾ ਹੈ? ਮਾਇਆ ਦਾ ਹੋਛਾ ਮਦ ਚਖ ਕੇ ਤੂੰ ਬਉਰਾ ਹੋ ਗਿਆ ਹੈਂ! ਅਤੇ ਦੁਰਲਭ ਮਾਨੁਖਾ ਜਨਮ ਨੂੰ ਅਕਾਰਥ ਖੋ ਰਹਿਆ ਹੈਂ! ਐਸੀ ਬੇਸਮਝੀ ਵਾਲਾ ਇਆਣਪੁਣਾ ਕਿਉਂ ਕਰ ਰਹਿਆ ਹੈਂ? ਸਾਰੀ ਸ੍ਰਿਸ਼ਟੀ ਨੂੰ ਸਹਾਰਾ ਆਸਰਾ ਦੇਣ ਵਾਲੇ ਵਾਹਿਗੁਰੂ ਨੂੰ ਤਜ ਕੇ ਤੂੰ ਕਿਹੜੇ ਭਰਮ ਵਿਚਿ ਭੁਲਿਆ ਫਿਰਦਾ ਹੈਂ? ਸਨਬੰਧੀ ਸਾਕੇਚਾਰੀ ਤੇ ਕੁਟੰਬ ਕਬੀਲੇ ਦੇ ਅਤੇ ਬਪੁੜੀ ਮਾਇਆ ਦਾਸੀ ਦੇ ਮੋਹ ਵਿਚਿ ਤੂੰ ਲਪਟ ਰਹਿਆ ਹੈਂ, ਲਟੂ ਹੋ ਰਹਿਆ ਹੈਂ। ਸਾਰੀ ਸ੍ਰਿਸ਼ਟੀ ਨੂੰ ਆਸਰਾ ਸਹਾਰਾ ਦੇਣ ਵਾਲੇ ਸਰਬੱਗ ਵਾਹਿਗੁਰੂ ਨੂੰ ਤਿਆਗ ਕੇ ਤੂੰ ਅਲਪੱਗ ਕੁਲ ਕੁਟੰਬੀ ਗ਼ੁਲਾਮੀ ਵਿਚਿ ਲਥ ਪਥ ਹੋਇ ਰਹਿਆ ਹੈਂ। ਅਤੇ ਉਨ੍ਹਾਂ ਦੀ ਖਾਤਰ ਹਉਂ ਹਉਂ ਕਰਦਾ ਫਿਰਦਾ ਮੈਂ-ਮੇਰੀ ਵਿਚਿ ਗਲਤਾਨ ਹੋਇਆ ਫਿਰਦਾ ਹੈਂ। ਤੇਰੀ ਸਾਰੀ ਉਮਰ ਏਵੇਂ ਹੀ ਬਿਰਥੀ ਬਿਹਾਉਂਦੀ ਜਾ ਰਹੀ ਹੈ। ਅਗਿਆਨੀਆਂ ਵਾਲੇ ਫੋਕਟ ਕਰਮ ਕਰ ਕੇ ਆਪਣੇ ਆਪ ਨੂੰ ਮਨਮੁਖ ਅੰਧਾ ਕਹਾਉਂਦਾ ਹੈ। ਜੋ ਇਕੋ ਸਤਿ ਪੁਰਖ ਸੱਚਾ ਵਾਹਿਗੁਰੂ ਹੈ, ਤਿਸ ਨੂੰ ਤਾਂ ਤੈਂ ਅਸੱਤ ਕਰ ਕੇ ਮੰਨਿਆ ਹੋਇਆ ਹੈ, ਜੋ ਬਿਨਸਨਹਾਰ ਅਲਪਗ ਦੇਹਧਾਰੀ ਹੈ ਅਤੇ ਅਸੱਤ ਪਦਾਰਥੁ ਹੈ, ਤਿਸ ਨੂੰ ਤੈਂ ਨਿਹਚਲ ਕਰ ਕੇ ਜਾਣਿਆ ਹੋਇਆ ਹੈ। ਜੋ ਵਸਤੂ ਤੇਰੀ ਨਹੀਂ, ਤੀਨ ਕਾਲ ਤੇਰੀ ਨਹੀਂ, ਸਦਾ ਓਪਰੀ ਹੈ, ਤਿਸ ਨੂੰ ਤੂੰ ਆਪਣੀ ਸਮਝ ਕੇ ਚਿੰਮੜਿਆ ਹੋਇਆ ਹੈਂ, ਮੋਹ ਮਾਇਆ ਦਾ ਕੀੜਾ ਬਣ ਕੇ! ਐਸੀਆਂ ਭੂਲ-ਭੁਲੱਈਆਂ ਵਿਚਿ ਤੂੰ ਭੁਲਿਆ ਫਿਰਦਾ ਹੈਂ। ਗੁਰੂ ਨਾਨਕ ਸਾਹਿਬ ਜੀ ਨੇ ਖਤਰੀ ਬ੍ਰਾਹਮਣ ਸੂਦ ਵੈਸ ਚੰਡਾਲ ਮਲੇਛਾਂ ਨੂੰ ਇਕੋ ਗੁਰਮਤਿ ਨਾਮ ਦੇ ਆਸਰੇ ਤਾਰਨ ਦਾ ਧੁਰਵਾ ਬੰਨ੍ਹਿਆ ਹੋਇਆ ਹੈ। ਤੂੰ ਅਜੇ ਆਪਣੀ ਮਨਮੁਖਤਾ ਦੇ ਕਾਰਨ ਜਾਤਾਂ ਪਾਤਾਂ ਦੇ ਵਿਤਕਰੇ ਵਿਚਿ ਫਸਿਆ ਫਿਰਦਾ ਹੈਂ। ਕਦੇ ਤੂੰ ਆਖਦਾ ਹੈਂ ਇਸਤ੍ਰੀ ਜਾਮੇ ਦਾ ਉਧਾਰ ਨਹੀਂ ਹੋ ਸਕਦਾ। ਇਸਤ੍ਰੀ ਨੂੰ ਮਾਨੁਖ ਦੀ ਬਰਾਬਰੀ ਨਹੀਂ ਹੋ ਸਕਦੀ। ਨੀਚ ਜਾਤੀਆਂ ਨਾਲਿ ਨਫ਼ਰਤ ਕਰ ਕੇ ਤੂੰ ਆਪਣੇ ਆਪ ਨੂੰ ਵਡਾ ਬਣਾ ਕੇ ਅਭਿਮਾਨੀ ਬਣਦਾ ਹੈਂ। ਇਹ ਸਭ ਮਨਮੁਖਾਂ ਵਾਲੀਆਂ ਗੱਲਾਂ ਹੀ ਹਨ। ਗੁਰੂ ਨਾਨਕ ਦਾ ਸੱਚਾ ਉਪਦੇਸ਼ ਜੋ ਸੁਣੇ ਕਮਾਵੇਗਾ, ਤਿਸੇ ਦਾ ਹੀ ਪਾਰ-ਉਤਾਰਾ ਹੋਵੇਗਾ। ਮਨਮੁਖਤਾ ਦੀਆਂ ਘਾਲਣਾਂ ਕੀਤਿਆਂ ਕਿਸੇ ਨੇ ਪਾਰ ਨਹੀਂ ਉਤਰਨਾ, ਨਿਸਚੇ ਰਹੇ।

ਹਉ ਹਉ ਕਰਮ ਕਮਾਣੇ ॥ ਤੇ ਤੇ ਬੰਧ ਗਲਾਣੇ ॥ ਮੇਰੀ ਮੇਰੀ ਧਾਰੀ ॥ ਓਹਾ


www.sikhbookclub.com

ਪੈਰਿ ਲੋਹਾਰੀ ॥

(ਮਾਰੂ ਮਃ ੫, ਪੰਨਾ ੧੦੦੪)

ਇਹ ਗੁਰਵਾਕ ਦਸਦਾ ਹੈ ਕਿ ਜੋ ਜੋ ਕਰਮ ਹਉਮੈ ਦੇ ਅਧੀਨ ਹੋ ਕੇ ਤੇ ਮਨ ਦੇ ਪਿਛੇ ਲਗ ਕੇ ਕੀਤੇ ਜਾਂਦੇ ਹਨ, ਸੋ ਸਭ ਕਰਮ ਮਨਮੁਖੀ ਕਰਮ ਹਨ, ਜਿਨ੍ਹਾਂ ਦੇ ਬੰਧਨਾਂ ਦੀ ਫਾਸ, ਕਰਮ ਕਰਨਹਾਰਿਆਂ ਦੇ ਗਲਾਂ ਵਿਚਿ ਪੈਂਦੀ ਹੈ। ਜਿਨ੍ਹਾਂ ਮਨਮੁਖਾਂ ਨੇ ਭੀ ਮੇਰੀ ਮੇਰੀ ਧਾਰ ਕੇ ਹਉਮੈ ਕਰਮ ਕਮਾਏ, ਤਿਨ੍ਹਾਂ ਦੇ ਪੈਰਾਂ ਵਿਚਿ ਲੋਹੇ ਦੀ ਬੇੜੀ ਪਈ, ਤਿਨ੍ਹਾਂ ਨੂੰ ਕਦੇ ਭੀ ਕਲਿਆਣ ਪ੍ਰਾਪਤ ਨ ਹੋਈ। ਮਨਮੁਖੀ ਕਰਮਾਂ ਦਾ ਇਹੀ ਹਸ਼ਰ ਹੈ।

## ਲੋਕਾਚਾਰੀ ਹਉਮੈ-ਬੰਧਨ-ਬਿਆਪਤ ਮਨਮੁਖੀ ਕਰਮ

ਕਰਮ ਕਰੈ ਤਾ ਬੰਧਾ ਨਹ ਕਰੈ ਤ ਨਿੰਦਾ ॥ ਮੋਹ ਮਗਨ ਮਨੁ ਵਿਆਪਿਆ ਚਿੰਦਾ ॥ ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥ ੪ ॥

(ਮਾਰੂ ਮਃ ੫, ਪੰਨਾ ੧੦੧੯)

ਕਰਮਾ-ਚਾਰੀ ਮਨਮੁਖੀ ਬੰਦਾ ਦੁਬਿਧਾ ਵਿਚਿ ਕਰਮ ਕਮਾਉਂਦਾ ਹੈ। ਜੇ ਕਰਮ ਕਰਦਾ ਹੈ ਤਾਂ ਬੰਧਨ ਪੈਂਦੇ ਹਨ। ਨਹੀਂ ਕਰਦਾ ਤਾਂ ਲੋਕਾਂ ਦੀ ਨਿੰਦਾ ਹੁੰਦੀ ਹੈ। ਜੋ ਜੋ ਕਰਮ ਮਨਮੁਖ ਕਰਦਾ ਭੀ ਹੈ, ਸੋ ਮੋਹ-ਮਮਤਾ ਦਾ ਮਾਰਿਆ ਕਰਦਾ ਹੈ। ਮੋਹ ਵਿਚਿ ਮਗਨ ਨੂੰ ਚਿੰਤਾ ਵਿਆਪੀ ਹੀ ਰਹਿੰਦੀ ਹੈ। ਕਦੇ ਦੁਖ ਦੀ, ਕਦੇ ਸੁਖ ਦੀ ਚਿੰਤਾ ਲਗੀ ਹੀ ਰਹਿੰਦੀ ਹੈ। ਇਹ ਤਾਂ ਜਿਨ੍ਹਾਂ ਗੁਰਮੁਖਾਂ ਉਪਰਿ ਗੁਰੂ ਦੀ ਕਿਰਪਾ ਹੁੰਦੀ ਹੈ, ਸੇਈ ਜਨ ਹੀ ਦੁਖ ਸੁਖ ਨੂੰ ਸਮਾਨ ਕਰਕੇ ਜਾਣਦੇ ਹਨ। ਉਹ ਸਾਰੇ ਘਟਾਂ ਅੰਦਰਿ, ਆਪਣੇ ਹੀਅਰੇ ਅੰਦਰਿ ਰਮਤ ਰਾਮ ਨੂੰ ਰਮਿਆ ਹੋਇਆ ਪਰਤੱਖ ਦੇਖਦੇ ਹਨ। ਮਨਮੁਖਾਂ ਨੂੰ ਅਗੇ ਅੰਧਾਰਾ ਹੀ ਅੰਧਾਰਾ ਹੈ। ਏਥੇ ਭੀ ਉਹ ਅੰਧਿਆਰੇ ਵਿਚਿ ਪਏ ਅਨਿਸਚਿਤ ਕਰਮ ਕਰਿ ਕਰਿ ਖਪਤ ਹੁੰਦੇ ਹਨ।

ਨਾਮਹੀਣੁ ਬਿਨਸੈ ਦੁਖੁ ਪਾਇ ॥ ਤ੍ਰਿਸਨਾ ਜਲਿਆ ਭੂਖ ਨ ਜਾਇ ॥ ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥ ਬਹੁ ਬਿਧਿ ਥਾਕਾ ਕਰਮ ਕਮਾਇ ॥ ੩ ॥ ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥ ਮਰ ਜਨਮਹਿ ਫਿਰਿ ਹੋਹਿ ਖੁਆਰੁ ॥ ਗੁਰਮੁਖਿ ਤੁਰੀਆ ਗੁਣੁ ਉਰਿਧਾਰੁ ॥ ੪ ॥

(ਮਲਾਰ ਮਃ ੩, ਪੰਨਾ ੧੨੬੨)

ਭਾਵ— ਨਾਮ ਤੋਂ ਹੀਣੇ ਮੀਣੇ ਮਨਮੁਖ ਨੂੰ ਮਨਮੁਖੀ ਕਰਮ ਕੀਤਿਆਂ ਦੁਖ ਹੀ ਦੁਖ ਅਗੇ ਆਉਂਦਾ ਹੈ। ਉਹ ਜਿਉਂ ਜਿਉਂ ਕਰਮ ਕਰਦਾ ਹੈ ਤਿਉਂ ਤਿਉਂ ਤ੍ਰਿਸ਼ਨਾ ਵਿਚਿ ਜਲਿ ਜਲਿ ਮਰਦਾ ਹੈ। ਤ੍ਰਿਸ਼ਨਾ ਵਿਚਿ ਜਲੇ ਮਰੇ ਨੂੰ ਜੇ ਕਿਸੇ ਪਦਾਰਥ ਦੀ ਪ੍ਰਾਪਤੀ ਭੀ ਹੋ ਜਾਂਦੀ ਹੈ, ਫੇਰ ਕਿਹੜੀ ਉਸ ਦੀ ਭੁੱਖ ਮਿਟ ਜਾਂਦੀ ਹੈ? ਭੁੱਖ ਫੇਰ ਭੀ ਨਹੀਂ ਮਿਟਦੀ, ਤਾਂ ਧ੍ਰਿਕਾਰ ਹੈ ਅਜਿਹੇ ਕਰਮ ਕੀਤੇ ਦੇ। ਨਾਮ-ਸਨਮੁਖੇ ਗੁਰਮੁਖਾਂ ਦੀ ਹੀ ਭੁੱਖ ਮਿਟਦੀ ਹੈ। ਉਹਨਾਂ ਦੇ ਗੁਰਮੁਖੀ ਕਰਮ ਹੀ ਭੁੱਖ ਮਿਟਾਉਣ ਵਾਲੇ ਹੁੰਦੇ ਹਨ। ਇਹ ਗੁਰਮਤਿ ਨਾਮੁ, ਬਿਨਾਂ ਭਾਗਾਂ ਦੇ ਮਨਮੁਖਾਂ ਤੋਂ ਪਾਇਆ ਨਹੀਂ ਜਾਂਦਾ, ਦਾਹੇ ਬਹੁ ਬਿਧੀ ਕਰਮ ਕਰਿ ਕਰਿ ਹਾਰ ਜਾਣ। ਮਨਮੁਖਾਂ ਦੇ ਬਹੁ ਬਿਧੀ ਕਰਮ ਕੀਤੇ ਕਿਸੇ ਲੇਖੇ ਨਹੀਂ ਪੈਂਦੇ। ਆਪਣੀ ਮਨਮੁਖਤਾ ਦੁਆਰਾ ਹੀ ਉਹ ਬੇਦ [illegible]

Page 224 www.sikhbookclub.com

ਪੈਂਦੇ ਹਨ, ਆਪ-ਹੁਦਰੇ। ਪਰ ਬੇਦ ਬਾਣੀ ਦੇ ਦਰਸਾਏ ਕਰਮ ਸਭਿ ਤ੍ਰੈਗੁਣੀ ਕਰਮ ਹੀ ਹਨ, ਜਿਨ੍ਹਾਂ ਦੇ ਕਰਨ ਕਰਿ ਬਿਖਿਆ ਬਿਖ-ਮਾਇਆ ਦੀ ਮੈਲ ਸਗੋਂ ਹੋਰ ਵਧੇਰੀ ਆ ਲਗਦੀ ਹੈ। ਬੇਦ-ਬੀਚਾਰੀ ਕਰਮ ਬਿਖਿਆ ਦਾ ਵਾਪਾਰ ਜੁ ਹੋਇਆ। ਜਿਸ ਬਿਖਿਆ-ਵਾਪਾਰੀ ਕਰਮ ਨੂੰ ਕਰਿ ਕਰਿ ਕੇ ਮਨਮੁਖ ਪ੍ਰਾਣੀ ਮੁੜਿ ਮੁੜਿ ਮਰਿ ਮਰਿ ਜਨਮਦੇ ਅਤੇ ਜੰਮਿ ਜੰਮਿ ਮਰਦੇ ਹਨ। ਇਉਂ ਪਏ ਜੂਨੀਆਂ ਵਿਚਿ ਖੁਆਰ ਹੁੰਦੇ ਫਿਰਦੇ ਹਨ। ਗੁਰਮੁਖਿ ਜਨ ਤੁਰੀਆ ਗੁਣੀ ਕਰਮ ਸਿਫਤਿ ਸਾਲਾਹ ਨਿਰੰਕਾਰੀ ਨਾਮ ਨੂੰ ਉਰਿਧਾਰਦੇ ਭਵਜਲੋਂ ਪਾਰ ਪੈਂਦੇ ਹਨ। ਮਨਮੁਖ ਤ੍ਰੈਗੁਣਾਂ ਵਿਚਿ ਹੀ ਫਾਥੇ ਰਹਿ ਜਾਂਦੇ ਹਨ।

**ਮਨਮੁਖਿ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥ ੨ ॥ ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰਧਾਰਿ ॥ ੩ ॥ ੩ ॥**

**(ਮਲਾਰ ਮਃ ੩ ਅਸਟਪਦੀ, ਪੰਨਾ ੧੨੭੭)**

ਮਨਮੁਖਾਂ ਦਾ ਫ਼ਾਲਤੂ ਬਾਦ ਬੇਫ਼ਾਇਦਾ ਕਰਤਬ (ਆਚਾਰ) ਹੀ ਹੁੰਦਾ ਹੈ। ਉਹ ਨਾਮ ਬਿਸਾਰ ਕੇ ਹੋਰ ਹੀ ਹੋਰ ਭਰਮਾਂ ਕਰਮਾਂ ਵਿਚਿ ਗ਼ਲਤਾਨ ਰਹਿੰਦੇ ਹਨ। ਉਹਨਾਂ ਤੋਂ ਉਨ੍ਹਾਂ ਗੁਰਮੁਖਾਂ ਦੀ ਰੀਸ ਨਹੀਂ ਹੁੰਦੀ ਜੋ ਪ੍ਰਮਾਰਥੀ ਮਨੋਰਥ ਨੂੰ ਮੁਖ ਰਖ ਕੇ ਪਰਮਾਤਮਾ ਨੂੰ ਮਿਲਣ ਦੀ ਕਾਮਨਾ ਨਾਲਿ ਸ਼ਬਦ-ਗੁਰੂ ਦਾ ਸੀਂਗਾਰ ਕਰਦੇ ਹਨ। ਅਤੇ ਸ਼ਬਦ ਨੂੰ ਉਰਿਧਾਰ ਕੇ, ਏਸੇ ਸਿਫਤਿ ਸਾਲਾਹੀ ਕਰਮ ਧਰਮ ਕਰਨ ਵਿਚਿ ਹਰ ਦਮ ਤੱਤਪਰ ਰਹਿੰਦੇ ਹਨ। ਮਨਮੁਖਾਂ ਤੋਂ ਅਜਿਹੇ ਗੁਰਮੁਖਾਂ ਦੀ ਰੀਸ ਕਦ ਹੋ ਸਕਦੀ ਹੈ, ਜਿਨ੍ਹਾਂ ਨੇ ਆਪਣੇ ਮਨ ਦੇ ਮਗਰ ਹੀ ਚਲਣਾ ਹੋਇਆ?

**ਮਨਮੁਖ ਦਰਿ ਢੋਈ ਨ ਲਹਹਿ ਭਾਇ ਦੂਜੈ ਕਰਮ ਕਮਾਇ ॥ ੪ ॥**

**(ਪ੍ਰਭਾਤੀ ਮਃ ੩, ਪੰਨਾ ੧੩੪੭)**

ਭਾਵ— ਮਨਮੁਖਾਂ ਨੂੰ ਸੱਚੀ ਦਰਗਾਹ ਵਿਚਿ, ਪਰਮਾਤਮਾ ਦੇ ਦਰਬਾਰ ਵਿਚਿ ਢੋਈ ਨਹੀਂ ਮਿਲਦੀ। ਉਹ ਢੋਈ ਲੈ ਹੀ ਨਹੀਂ ਸਕਦੇ। ਦੂਜੇ ਭਾਇ ਕਰਮ ਕਮਾ ਕੇ, ਦੂਜੇ ਭਾਇ ਦੇ ਮਨਮੁਖੀ ਕਰਮ ਕਮਾਵਣਹਾਰਿਆਂ ਨੂੰ ਦਰਿ ਦਰਗਾਹੇ ਢੋਈ ਲੈਣੀ ਨਹੀਂ ਪਾਉਂਦੀ।

**ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ ਜਿਨ੍ਹਾ ਅੰਤਰਿ ਹਰਿ ਸੁਰਤਿ ਨਾਹੀ ॥ ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮਰਾਇ ਕੈ ਜਾਂਹੀ ॥ ਗੁਰਮੁਖਿ ਹਛੇ ਨਿਰਮਲੇ ਗੁਰ ਕੈ ਸਬਦਿ ਸੁਭਾਇ ॥ ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ ॥ ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ ॥ ਨਾਨਕ ਗੁਰਮੁਖ ਮੇਲਿਅਨੁ ਗੁਰ ਕੈ ਅੰਕਿ ਸਮਾਇ ॥ ੪੫ ॥**

**(ਸਲੋਕ ਮਃ ੩, ਪੰਨਾ ੧੪੧੯)**

ਵਿਆਖਿਆ— ਜਿਨ੍ਹਾਂ ਪੁਰਸ਼ਾਂ ਦੇ ਅੰਦਰਿ ਸੁਰਤਿ ਸ਼ਬਦ ਦੀ ਲਗਨ ਵਾਲਾ ਸਿਫਤਿ ਸਾਲਾਹੀ ਕਰਮ ਅਭਿਆਸ ਨਹੀਂ, ਉਹ ਕੀ ਬਾਲਕ ਤੇ ਕੀ ਬਿਰਧ ਸਭ ਇਕੋ ਜਿਹੇ (ਸਮਾਨ) ਹੀ ਮਨਮੁਖ ਦੇ ਫ਼ਤਵੇ ਵਾਲੇ ਹਨ। ਕਿਉਂਕਿ ਉਹ ਜਿਤਨੇ ਭੀ ਕਰਮ ਕਮਾਉਂਦੇ ਹਨ, ਹਉਮੈ ਵਿਚਿ ਹੀ ਮਦ-ਮੱਤੇ ਹੋ ਕੇ ਕਮਾਉਂਦੇ ਹਨ। ਅਜਿਹੇ ਹਉਮੈ ਵਿਚਿ ਕਰਮ ਕਮਾਵਣ ਵਾਲੇ ਮਨਮੁਖ ਸਭਿ

ਅਗੇ ਜਾ ਕੇ ਧਰਮਰਾਇ ਦੇ ਵਸਿ ਪੈਣਗੇ। ਧਰਮਰਾਇ ਦੀ ਕਚਹਿਰੀ ਵਿਚਿ ਹੀ ਉਹਨਾਂ ਦੇ ਕੀਤੇ ਕਰਮਾਂ ਦਾ ਨਿਬੇੜਾ ਹੋਊ, ਜਿਥੇ ਕਿ ਉਹ ਦੇਣਹਾਰ ਦੀਵਾਲੀਏ ਨਿਕਲਣਗੇ। ਇਹਨਾਂ ਦੇ ਮੁਕਾਬਲੇ ਵਿਚਿ ਗੁਰੂ ਕੇ ਗੁਰਮੁਖਿ ਸਿਖ ਨਿਰਮਲ ਗੁਰਮਤਿ ਕਰਮ ਕਮਾਉਣ ਕਰਕੇ ਬਹੁਤ ਅਛੇ ਰਹਿਣਗੇ, ਧਰਮਰਾਇ ਦੇ ਹਿਸਾਬ ਤੋਂ ਪਾਕ (ਨਿਰਮਲ) ਬੇਬਾਕ ਰਹਿਣਗੇ, ਕਿਉਂਕਿ ਉਹਨਾਂ ਨੇ ਗੁਰੂ ਦੇ ਸ਼ਬਦ ਦੀ ਸਹਿਜ ਸੁਭਾਇ ਕਮਾਈ ਕੀਤੀ ਹੁੰਦੀ ਹੈ। ਉਹਨਾਂ ਨੂੰ ਪਤੰਗ ਜਿੰਨੀ ਮੈਲ ਭੀ ਨਹੀਂ ਲਗਦੀ, ਇਸ ਕਰਕੇ ਕਿ ਉਹ ਸਦਾ ਸਤਿਗੁਰੂ ਦੇ ਹੁਕਮ-ਰਜ਼ਾਈ ਕਰਮ ਹੀ ਕਮਾਉਂਦੇ ਹਨ। ਮਨਮੁਖ ਆਪਣੇ ਭਾਣੇ, ਆਪਣੇ ਮਨ ਦੇ ਮਗਰ ਲਗ ਕੇ ਕਰਮ ਕਰਦੇ ਹਨ। ਇਸ ਕਰਕੇ ਉਹਨਾਂ ਮਨਮੁਖਾਂ ਦੇ ਮਨ ਤੇ ਜੂਠ ਦੀ ਮੈਲ ਦੇ ਲਿਉ ਦੇ ਲਿਉ ਚੜ੍ਹੇ ਰਹਿੰਦੇ ਹਨ। ਇਹ ਮੈਲ ਭਰੀ ਜੂਠ ਉਹਨਾਂ ਦੇ ਮਨ ਤੋਂ ਕਦੇ ਉਤਰਦੀ ਹੀ ਨਹੀਂ, ਭਾਵੇਂ ਕਿਤਨੀ ਧੋਣੀ ਉਸ ਮੈਲ ਨੂੰ ਧੋਣ।

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥**
**ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ ੧ ॥**

(ਸਲੋਕੁ ਮਃ ੩, ਵਾਰ ਸੋਰਠਿ, ਪੰਨਾ ੬੫੧)

ਅਜਿਹੇ ਮਨ-ਮੈਲੜਾ ਮਲੀਨ ਮਨਮੁਖ ਅਕਾਲ ਪੁਰਖ ਦੀ ਦਰਗਾਹ ਤੋਂ ਜਨਮਾਂ ਪ੍ਰਯੰਤ ਦੂਰਿ ਰਹਿੰਦਾ ਹੈ, ਕਦੇ ਮਿਲਣੇ ਹੀ ਨਹੀਂ ਪਾਉਂਦਾ। ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰ-ਅਨੁਸਾਰੀ ਗੁਰਮੁਖਿ ਜਨਾਂ ਦੀ ਗੁਰੂ ਦੇ ਅੰਕ ਵਿਚਿ ਸਮਾਈ ਹੋ ਜਾਂਦੀ ਹੈ, ਏਸ ਕਰਕੇ ਉਹ ਵਾਹਿਗੁਰੂ ਨਾਲ ਸੱਚੇ ਮਿਲਾਪ ਦੀਆਂ ਰੰਗ-ਰਲੀਆਂ ਮਾਣਦੇ ਹਨ—

**ਮਨਮੁਖਿ ਹੁਕਮੁ ਨ ਬੁਝੈ ਬਪੁੜੀ ਨਿਤ ਹਉਮੈ ਕਰਮ ਕਮਾਇ ॥ ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨਾ ਜਾਇ ॥ ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ ॥ ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ ॥ ਨਾਨਕ ਪਰਪੰਚੁ ਕੀਆ ਧੁਰਿ ਕਰਤੈ ਪੂਰਬਿ ਲਿਖਿਆ ਕਮਾਏ ॥ ੧੯ ॥**

(ਸਲੋਕ ਮਃ ੪, ਪੰਨਾ ੧੪੨੩)

ਵਿਆਖਿਆ— ਮਨਮੁਖੀ ਦੁਹਾਗਣਿ ਜਗਿਆਸੂ ਰੂਪੀ ਇਸਤ੍ਰੀ ਪਤੀ ਪਰਮੇਸ਼ਰ ਦਾ ਹੁਕਮ ਨਹੀਂ ਬੁਝਦੀ, ਬੁਝ ਸਕਦੀ ਹੀ ਨਹੀਂ। ਬਸ, ਹੁਕਮਾਂ ਤੋਂ ਮੁਨਹਰਫ਼ ਹੋਈਵੀ ਨਿਤ ਆਪ-ਹੁਦਰੇ ਆਪਣੀ ਮਨ ਦੀ ਮਰਜ਼ੀ ਦੇ ਹਉਮੈ-ਗ੍ਰਸੇ ਕਰਮ ਹੀ ਕਮਾਉਂਦੀ ਹੈ। ਭਾਗ ਖੋਟੇ ਬਪੁੜੀ ਮਨਮੁਖ ਦੇ। ਆਪ-ਹੁਦਰੇ ਹਉਮੈ-ਅਧੀਨ ਉਸ ਦੇ ਵਰਤ, ਨੇਮ, ਸੁਚ, ਸੰਜਮ, ਪੂਜਾ ਆਦਿਕ ਕਰਮ ਕੀਤੇ ਸਭ ਪਾਖੰਡ ਰੂਪ ਹੀ ਸਿੱਧ ਹੁੰਦੇ ਹਨ। ਇਹਨਾਂ ਪਾਖੰਡ ਕਰਮਾਂ ਦੇ ਕੀਤਿਆਂ ਅੰਦਰਲਾ ਭਰਮ ਨਹੀਂ ਜਾਂਦਾ, ਨਾ ਦੁਬਿਧਾ ਮਿਟਦੀ ਹੈ। ਉਹ ਅੰਦਰੋਂ ਕੁਸੁਧ ਨਾਪਾਕ ਹੀ ਰਹਿੰਦੇ ਹਨ। ਮਾਇਆ-ਮੋਹ ਦੇ ਅੱਟੇ ਹੋਏ ਹਉਮੈ ਮੈਲ ਨਾਲ ਲਿਬੜੇ ਹੀ ਰਹਿੰਦੇ ਹਨ। ਜਿਵੇਂ ਮਦਮੱਤਾ ਮੈਗਲ ਖੇਹ ਉੜਾਉਂਦਾ ਹੈ ਤਿਵੇਂ ਉਹ ਮਨਮੁਖ ਭੀ ਛਾਰ (ਖੇਹ) ਹੀ ਉਡਾਉਂਦਾ ਰਹਿੰਦਾ ਹੈ। ਵਾਹਿਗੁਰੂ ਦੀ ਦਿੱਤੀ ਦਾਤਿ ਛਾਇਆ ਰੂਪੀ ਮਾਇਆ ਦੇ ਹੀ ਮਤਵਾਲੇ ਰਹਿੰਦੇ ਹਨ। ਜਿਸ ਵਾਹਿਗੁਰੂ ਦਾਤਾਰ ਨੇ ਉਹਨਾਂ ਨੂੰ ਉਪਾਇਆ ਹੈ ਅਤੇ ਦਾਤਿ ਦਿੱਤੀ ਹੈ ਉਸ ਨੂੰ ਕਦੇ ਚੇਤਦੇ ਹੀ ਨਹੀਂ। ਬਿਨਾਂ ਵਾਹਿਗੁਰੂ ਨੂੰ ਚੇਤਿਆਂ ਸਿਮਰਿਆਂ ਕਿਵੇਂ ਸੱਚੇ ਸੁਖ ਨੂੰ ਪ੍ਰਾਪਤਿ ਹੋਣ। ਆਪਣਾ ਪੂਰਬ ਲਿਖਿਆ ਪਾਉਂਦੇ ਹਨ। ਪੁਰਬਲੀ

Page 226 www.sikhbookclub.com

ਲਿਖਤ ਅਨੁਸਾਰ ਹੀ ਮਨਮੁਖੀ ਕਰਮ ਕਮਾਉਂਦੇ ਹਨ। ਸੱਚੇ ਦੀ ਦਰਗਾਹੋਂ, ਧੁਰਿ ਦਰਗਾਹੋਂ ਹੱਕੋ ਹੱਕ ਨਿਬੇੜਾ ਹੁੰਦਾ ਹੈ। ਇਸ ਵਿਚਿ ਰੰਚਕ ਸੰਦੇਹ ਨਹੀਂ, ਭੋਰਾ ਭਰ ਭੀ ਗੁਮੇਹ ਨਹੀਂ—

**ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ ॥ ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ ॥ ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ॥ ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ ॥ ੨੩ ॥**

**(ਸਲੋਕ ਮਃ ੪, ਪੰਨਾ ੧੪੨੩)**

ਭਾਵ— ਗੁਰੂ ਤੋਂ ਬੇਮੁਖ ਮਨਮੁਖੀ ਪੁਰਸ਼ ਉਤੇ ਮਾਇਆ ਦਾ ਮੋਹ ਹੀ ਪ੍ਰਬਲ ਰਹਿੰਦਾ ਹੈ, ਇਸ ਕਰਕੇ ਨਾਮ ਵਲ ਉਸ ਦੀ ਰੁਚੀ ਹੀ ਨਹੀਂ ਆਉਂਦੀ। ਉਸ ਨੂੰ, ਮਾਇਆ-ਮੋਹ ਗ੍ਰਸੇ ਨੂੰ ਨਾਮ ਨਾਲਿ ਪਿਆਰ-ਪ੍ਰੇਮ ਹੀ ਨਹੀਂ ਲਗਦਾ। ਉਸ ਦੀਆਂ ਕਮਾਈਆਂ ਮਾਇਆ ਤ੍ਰਿਸ਼ਨਾਈਆਂ ਭੀ ਸਭ ਕੂੜਾਵੀਆਂ ਹਨ। ਕੂੜ ਹੀ ਉਹ ਕਮਾਉਂਦੇ ਹਨ, ਕੂੜ ਹੀ ਇੱਕਠਾ ਕਰਦੇ ਹਨ। ਕੂੜ ਦਾ ਹੀ ਉਹ ਅਹਾਰ ਕਰਦੇ ਹਨ। ਸਾਰੀ ਉਮਰ ਬਿਖ ਮਾਇਆ ਰੂਪੀ ਧਨ ਇੱਕਠਾ ਕਰਿ ਕਰਿ ਮਰਿ ਰਹਿੰਦੇ ਹਨ। ਜਿਸ ਧਨ ਨੇ ਅੰਤ ਅਉਸਰ ਛਾਰ ਹੀ ਹੋ ਜਾਣਾ ਹੈ। ਜਿਤਨੇ ਭੀ ਕਰਮ ਧਰਮ ਸੁਚਿ ਸੰਜਮ ਉਹ ਕਰਦੇ ਹਨ ਉਹਨਾਂ ਮਨਮੁਖੀ ਕਰਮਾਂ ਦਾ ਕੋਈ ਭੀ ਲਾਭ ਅਸਰ ਨਹੀਂ ਹੁੰਦਾ, ਸਗੋਂ ਅੰਦਰਲਾ ਲੋਭ ਵਿਕਾਰ ਹੋਰ ਵਧ ਜਾਂਦਾ ਹੈ। ਗੁਰੂ ਸਾਹਿਬ ਸੱਚ ਫ਼ੁਰਮਾਉਂਦੇ ਹਨ ਕਿ ਮਨਮੁਖੀ ਪੁਰਸ਼ ਜੋ ਭੀ ਕਰਮ ਕਮਾਉਂਦੇ ਹਨ, ਉਹ ਥਾਇੰ ਨਹੀਂ ਪੈਂਦੇ, ਕੁਛ ਫਲ ਨਹੀਂ ਲਿਆਉਂਦੇ। ਉਹਨਾਂ ਨੂੰ ਦਰਗਾਹੇ ਜਾ ਕੇ ਖੁਆਰ ਹੀ ਹੋਣਾ ਪੈਂਦਾ ਹੈ। ਮਰਜ਼ੀ ਕਰਤੇ ਦੀ!

**ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥**

**(ਸਲੋਕ ਮਃ ੪, ਪੰਨਾ ੧੪੨੪)**

ਹਉਮੈ ਅੰਦਰਿ ਕਰਮ ਕਮਾਵਣ ਵਾਲਿਆਂ ਮਨਮੁਖਾਂ ਦਾ ਜੰਮਣ ਮਰਣ ਨਹੀਂ ਚੁਕਦਾ, ਚੁਰਾਸੀ ਦੇ ਗੇੜ ਵਾਲਾ। ਮਨਮੁਖੀ ਕਰਮਾਂ ਦੀ ਮਾਰ ਮਨਮੁਖਾਂ ਨੂੰ ਸਹਿਣੀ ਹੀ ਬਣਦੀ ਹੈ।

**ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥ ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥ ੯ ॥**

**(ਸਲੋਕ ਮਃ ੫, ਪੰਨਾ ੧੪੨੫)**

ਪਾਪੀ ਮਨਮੁਖੜੇ ਜੋ ਪਾਪ ਕਰਮ ਕਮਾਵੰਦੇ ਹਨ, ਅਗੇ ਜਾ ਕੇ ਨਰਕਾਂ ਵਿਚ ਪੈ ਕੇ ਹਾਇ ਹਾਇ ਦਾ ਬਿਰਲਾਪ ਕਰਨਗੇ। ਧਰਮ ਰਾਇ ਉਹਨਾਂ ਨੂੰ ਐਉਂ ਪੀੜੂ ਜਿਵੇਂ ਮਧਾਣੀਆਂ, ਘੁਲਾੜੀਆਂ ਤੇ ਕੋਹਲੂਆਂ ਵਿਚ ਪਾ ਕੇ ਵਸਤੂਆਂ ਨੂੰ ਪੀੜੀਦਾ ਹੈ।

# ੧੭ - ਮਨਮਤਿ ਕਰਮ

ਰਾਗੁ ਗਉੜੀ ਮਾਲਾ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

ਪਾਇਓ ਬਾਲ ਬੁਧਿ ਸੁਖੁ ਰੇ ॥ ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ ॥ ੧ ॥ ਰਹਾਉ ॥ ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ ॥ ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ ॥ ੧ ॥ ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ ॥ ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ ॥ ੨ ॥ ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ ॥ ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥ ੩ ॥ ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥ ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥ ੪ ॥

(ਪੰਨਾ ੨੧੪)

ਵਿਆਖਿਆ— ਬਾਲਕਾਂ ਵਾਲੀ ਬੁਧੀ (ਸਾਦਾ ਸੁਭਾਵ) ਧਾਰਨ ਕੀਤਿਆਂ ਹੀ ਸੁਖੀ ਹੋਈਦਾ ਹੈ। ਪਰ ਇਹ ਬਾਲਕਾਂ ਦੀ ਬੁਧੀ ਵਾਲਾ ਸਾਦਾਪਨ ਤਦੇ ਹੀ ਧਾਰਨ ਹੁੰਦਾ ਹੈ, ਅਤੇ ਸੁਤੇ ਹੀ ਧਾਰਨ ਹੋ ਜਾਂਦਾ ਹੈ, ਜਦੋਂ ਸੱਚਾ ਗੁਰੂ ਧਾਰਨ ਕਰੀਦਾ ਹੈ, ਨਿਗੁਰਿਓਂ ਸੁਗੁਰੇ ਹੋਈਦਾ ਹੈ। ਸਤਿਗੁਰੂ ਦੀ ਸ਼ਰਨ ਪ੍ਰਾਪਤਿ ਕੀਤਿਆਂ ਬੁਧੀ ਕੁਬੁਧੀ ਕੁਮੱਤਾਂ ਮਨਮਤਾਂ ਵਾਲੀ ਬੁਧੀ, ਸਿਆਣਫਾਂ ਚਤੁਰਾਈਆਂ ਵਾਲੀ ਬੁਧੀ ਪਲਟ ਕੇ ਸੁਬੁਧ ਸਾਦਾ ਲੋਹੀ ਬੁਧੀ, ਰਿੱਧੀ ਸਿੱਧੀ ਦੀਆਂ ਸਦ ਰਹਿਮਤਾਂ ਵਾਲੀ ਕਰਾਮਾਤੀ ਅਲੌਕਿਕ ਬੁਧੀ ਹੋ ਜਾਂਦੀ ਹੈ। ਸਤਿਗੁਰੂ ਸੁਪਲਟੀ (ਸਤਿਗੁਰੂ ਮਿਲਣ ਕਰਿ ਪਲਟਾ ਖਾ ਗਈ) ਗੁਰਮਤਿ ਸੰਜੀਵਨੀ ਬੁਧੀ ਵਿਚਿ ਸਿਆਣਪ ਚਤਰਾਈਆਂ, ਮਕਰ ਫ਼ਰੇਬ, ਦਗ਼ਾ ਕਪਟ, ਪਾਖੰਡ ਆਦਿਕ ਮਨਮਤੀ ਅਵਗੁਣ ਨਹੀਂ ਰਹਿੰਦੇ। ਸਾਧਾਰਨ ਬਾਲਕਾਂ ਵਾਲੀ ਦੁੱਧ-ਧੋਤਮੀ ਬੁਧੀ ਹੋ ਜਾਂਦੀ ਹੈ। ਤਾਹੀਂ ਤੇ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਪਰ ਮਨ ਦੀ ਮਤਿ ਨੂੰ ਤਿਆਗ ਕੇ ਗੁਰਮਤਿ ਮਤਿ ਵਿਚਿ ਲੀਨ ਹੋ ਕੇ ਹੁੰਦੀ ਹੈ। ਉਸ ਗੁਰ-ਸੰਵਾਰੀ, ਗੁਰੂ ਸਾਧਾਰੀ, ਗੁਰ ਪਲਟਾਰੀ ਬੁਧੀ ਵਾਲੇ ਬਾਲਕ ਸਮਾਨ ਸਾਫ਼ ਸਿਧੇ ਪਧਰੇ ਗੁਰਮੁਖਿ ਜਨ ਦੇ ਚਿਤ ਵਿਚਿ ਮਨਮੁਖਾਂ ਮਨਮਤੀਆਂ ਵਾਂਗੂੰ ਊਭ ਪਇਆਲੀ ਉਤਾਰ ਚੜ੍ਹਾਉ ਨਹੀਂ ਰਹਿੰਦੇ, ਬਲਕਿ ਹਰਖ ਸੋਗ (ਖ਼ੁਸ਼ੀ ਤੇ ਗ਼ਮੀ) ਨਫ਼ਾ ਨੁਕਸਾਨ (ਹਾਣ ਲਾਭ), ਮਰਨਾ ਜੀਵਣਾ, ਦੁਖ ਸੁਖ ਆਦਿਕ ਸਭ ਕੁਝ ਇਕ-ਸਾਰ (ਸਮਾਨ, ਬਰੋਬਰ) ਹੀ ਜਾਪਦੇ ਹਨ। ਸੱਚ ਮੁੱਚ ਇਕਸਾਰ ਹੀ ਪ੍ਰਤੀਤ ਹੁੰਦੇ ਹਨ। ਲੰਮੀਆਂ ਸੋਚਾਂ ਚਤੁਰਾਈਆਂ, ਸਿਆਣਪਾਂ, ਕਪਟ ਫ਼ਰੇਬੀ ਚਾਲਾਂ ਕੁਚਾਲਾਂ, ਕਦੇ ਦੁਖੀ ਕਦੇ ਸੁਖੀ ਹੋਣਾ ਅਤੇ ਕਦੇ ਖੁਸ਼ੀ ਕਦੇ ਗ਼ਮਗ਼ੀਨ ਹੋਣਾ, ਇਤਿਆਦਿ ਸਭ ਕੁਛ ਮਨ ਦੀ ਮਤਿ ਵਾਲੇ ਮਨਮਤੀਏ ਮਨਮੁਖ ਨੂੰ ਉਸ ਦੀ ਮਨਮਤਿ ਕਰਮ ਕਰਣੀ ਕਰਿ ਹਰ ਦਮ ਵਾਪਰਿਆ ਰਹਿੰਦਾ ਹੈ। ਜਦ ਤਾਈਂ ਤੇ ਜਿੰਨਾ ਚਿਰ ਮਨਮਤੀਆ ਪੁਰਸ਼ ਸੋਚਾਂ ਫ਼ਿਕਰਾਂ ਨਾਲਿ ਘਿਰਿਆ ਰਹਿੰਦਾ ਹੈ, ਤਦ ਤਾਈਂ ਅਤੇ ਉਤਨਾ ਚਿਰ ਉਹ ਦੁਖਾਂ ਨਾਲਿ ਭਰਿਆ ਰਹਿੰਦਾ ਹੈ। ਮਨਮਤਿ ਕਰਮਾਂ ਦੇ ਕੁਫੇਰ ਵਿਚਿ ਪੈਣ ਕਰਕੇ ਉਹ ਸੋਚਾਂ ਫ਼ਿਕਰਾਂ ਅੰਦੇਸ਼ਿਆਂ ਤੌਖਲਿਆਂ ਦਾ ਸ਼ਿਕਾਰ ਬਣਿਆ ਰਹਿਣ ਕਰਕੇ ਪੁੱਜ ਕੇ ਅਤੀ ਦੁਖੀ ਹੁੰਦਾ ਹੈ। ਇਹਨਾਂ ਦੁਖਾਂ

ਤੋਂ ਨਿਰੋਲ ਖਲਾਸੀ ਅਤੇ ਅਡੋਲ ਨਿਸਚਿੰਤਤਾ ਮਈ ਆਤਮ-ਆਨੰਦੀ ਦਸ਼ਾ ਉਦੋਂ ਹੀ ਪ੍ਰਾਪਤਿ ਹੁੰਦੀ ਹੈ, ਜਦੋਂ ਉਹ ਕ੍ਰਿਪਾਲ ਸਤਿਗੁਰੂ ਨੂੰ ਭੇਟਦਾ ਹੈ। ਸਤਿਗੁਰੂ ਨੂੰ ਭੇਟੇ ਬਿਨਾਂ ਮਨ ਦੀਆਂ ਮੱਤਾਂ ਕੁਮੱਤਾਂ ਜਾਂਦੀਆਂ ਨਹੀਂ, ਮਨ ਅੰਦਰੋਂ ਨਿਕਲਦੀਆਂ ਨਹੀਂ। ਨਾ ਹੀ ਮਨਮਤਿ ਕਰਮਾਂ ਨੂੰ ਕਰਨੋਂ ਮਨਮਤੀਆ ਪੁਰਸ਼ ਹਟਦਾ ਹੈ। ਬਾਜ਼ ਨਹੀਂ ਆਉਂਦਾ। ਗੁਰੂ ਪੂਰਾ ਭੇਟੇ ਤੇ ਸਹਜ-ਆਨੰਦ ਸਹਿਜੇ ਹੀ ਪ੍ਰਾਪਤਿ ਹੋ ਜਾਂਦਾ ਹੈ। **(ਨਿਸਚੇ ਰਹੇ ਕਿ ਸਤਿਗੁਰੂ ਨਾਨਕ ਅਤੇ ਉਸ ਦੇ ਦਸੇ ਜਾਮੇ ਅਤੇ ਦਸੋਂ ਜਾਮਿਆਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਝੋਂ ਪੂਰਾ ਗੁਰੂ ਕੋਈ ਨਹੀਂ, ਨਾ ਹੈ, ਨਾ ਹੋਇਆ, ਨਾ ਹੋਵੇਗਾ)।** ਪੂਰੇ ਗੁਰੂ ਦੀ ਭੇਟਨਾ (ਫ਼ੀ ਜ਼ਮਾਨਾ) ਅੱਜ ਕਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਜਾਂ ਪਿਆਰਿਆਂ ਗੁਰਮੁਖ ਜਨਾਂ ਦੁਆਰਾ ਅੰਮ੍ਰਿਤ ਛਕ ਕੇ, ਸਿੰਘ ਸਜਣ ਅਤੇ ਗੁਰ-ਦੀਖਿਆ ਪ੍ਰਾਪਤਿ ਕਰਨ ਨਾਲਿ ਹੁੰਦੀ ਹੈ; ਐਵੇਂ ਨਹੀਂ। ਕਦਾਚਿਤ ਨਹੀਂ। ਜਿੰਨੀ ਸਿਆਣਪ ਭਰੇ ਕਰਮ ਮਨ ਦੀ ਮਤਿ ਵਾਲੇ ਮਨਮਤੀਏ ਪੁਰਸ਼ ਕਰਦੇ ਹਨ, ਉਨੇ ਹੀ ਬੰਧਨ ਉਨ੍ਹਾਂ ਨੂੰ ਪੈਂਦੇ ਹਨ। ਏਹਨਾਂ ਬੰਧਨਾਂ ਤੋਂ ਬੰਦ-ਖਲਾਸੀ (ਮੁਕਤੀ) ਤਦੋਂ ਹੀ ਹੁੰਦੀ ਹੈ ਜਦੋਂ ਸਦਾ ਹਾਜ਼ਰ ਨਾਜ਼ਰ ਸਤਿਗੁਰੂ, ਪੰਜਾਂ ਪਿਆਰਿਆਂ ਦੇ ਸਾਧ ਸਰੂਪ ਵਿਚਿ, ਅੰਮ੍ਰਿਤ ਛਕਣ ਸਮੇਂ ਉਹਨਾਂ ਦੇ ਮੱਥੇ ਤੇ ਹੱਥ ਧਰਦਾ ਹੈ; ਮਨਮਤੀ ਪੁਰਸ਼ ਦੀ ਮਨਮਤਿ ਤੱਤਕਾਲ ਹੀ ਦੂਰ ਹੋ ਜਾਂਦੀ ਹੈ। ਜਦੋਂ ਤਾਈਂ ਆਪਣੀ ਮਨ ਦੀ ਮਤਿ ਦੇ ਅਧੀਨ ਹੋ ਕੇ ਮਨਮਤੀਆ ਪੁਰਸ਼ ਮੇਰੀ ਮੇਰੀ ਕਰਦਾ ਹੈ ਤਦ ਤਾਈਂ ਉਹ ਬਿਖ-ਮਾਇਆ ਦੇ ਅਲਸੇਟੇ ਵਿਚਿ ਘਿਰਿਆ ਰਹਿੰਦਾ ਹੈ। ਜਦੋਂ ਸਤਿਗੁਰੂ ਦੇ ਬਣ ਕੇ ਸਤਿਗੁਰੂ ਦੇ ਪ੍ਰਤਾਪ ਨਾਲ ਮਨ, ਤਨ, ਮਨ ਦੀ ਮਤਿ ਬੁਧੀ ਵਾਹਿਗੁਰੂ ਨੂੰ ਅਰਪਨ ਕਰਿ ਦਿੱਤੀ ਤਦ ਸਹਜ ਸ਼ਾਂਤੀ ਮਿਲੀ ਅਤੇ ਬੇਫ਼ਿਕਰੀ ਹੋਈ। ਜਦੋਂ ਤਾਈਂ ਪਾਪਾਂ ਪੁੰਨਾਂ ਦੀ ਪੋਟਲੀ, ਪਰਕ੍ਰਿਤੀ ਪੂਰਤ ਕਰਮਾਂ ਦੀ ਮਾਇਕ ਗਠੜੀ ਚੁਕੀ ਫਿਰਦੇ ਰਹੇ, ਤਦੋਂ ਤਾਈਂ ਧਰਮਰਾਇ ਡੰਨ, ਜਮਦੂਤਾਂ ਦਾ ਠੇਂਗਾ ਸਿਰ ਤੇ ਸਹਿਣਾ ਪਿਆ ਅਤੇ ਡੰਨ ਦੇਣਾ ਹੀ ਪਿਆ। ਜਦੋਂ ਇਸ ਪੰਡ ਨੂੰ ਸਿਰੋਂ ਉਤਾਰ ਕੇ ਨਿਰੇ ਗੁਰੂ ਦੇ ਹੀ ਬਣ ਗਏ ਤਦੋਂ ਗੁਰੂ ਨਾਨਕ ਸਾਹਿਬ ਦੀ ਕਿਰਪਾ ਨਾਲਿ ਨਿਰਭੈ ਦਸ਼ਾ ਹੋਈ। ਜਮਦੂਤਾਂ ਦੇ ਡੰਨ ਆਦਿਕ ਦਾ ਕੋਈ ਤੌਖਲਾ ਨਾ ਰਿਹਾ। ਮਨ ਦੀ ਮਤਿ ਤਿਆਗੀ ਤੋਂ ਅਤੇ ਸੱਚੀ ਗੁਰਮਤਿ ਧਾਰਨ ਕੀਤੀ ਤੇ ਪਾਪਾਂ, ਮਾਇਆ ਸੰਤਾਪਾਂ ਦੇ ਭਾਰ ਤੋਂ ਹਉਲੇ ਹੋਏ। ਆਨਮਤਿ ਕਰਮ ਗੁਰਮਤਿ ਧਾਰੀ ਤੋਂ ਬਿਨਾਂ ਛਡੇ ਨਹੀਂ ਜਾਂਦੇ। ਸਾਰਾ ਜਗਤ ਮਨਮਤੀਆਂ ਤੇ ਮਨਮੁਖੀਆਂ ਦਾ ਸਤਿਗੁਰੂ ਬਾਝੋਂ ਦੁਖੀਆ ਹੋਇ ਰਿਹਾ ਹੈ। ਇਹ ਦੁਖ ਸੰਤਾਪ ਕਿਵੇਂ ਉਤਰੇ ਜਦ ਤਾਈਂ ਮਨਮਤਿ ਛਡ ਕੇ ਗੁਰਮਤਿ ਨਾ ਧਾਰਨ ਕੀਤੀ ਜਾਵੇ ਅਤੇ ਮਨਮਤਿ ਕਰਮ ਨਾ ਛਡੇ ਜਾਣ।

> **ਗਉੜੀ ਮਾਲਾ ਮਹਲਾ ੫ ॥ ਮੋ ਕਉ ਇਹ ਬਿਧਿ ਕੋ ਸਮਝਾਵੈ ॥ ਕਰਤਾ ਹੋਇ ਜਨਾਵੈ ॥ ੧ ॥ ਰਹਾਉ ॥ ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ ॥ ਦਹਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ ॥ ੧ ॥ ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥ ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥ ੨ ॥ ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥ ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥ ੩ ॥ ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥ ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥ ੪ ॥ ੫ ॥ ੧੬੩ ॥**

(ਪੰਨਾ ੨੧੫-੧੬)

 www.sikhbookclub.com

ਵਿਆਖਿਆ— ਇਹ ਜੀਵ ਪ੍ਰਾਣੀ ਆਪਣੇ ਮਨ ਦੀ ਮਤਿ ਮਤਿਆ ਹੋਇਆ ਹਰੇਕ ਕਰਮ ਦਾ ਕਰਤਾ ਧਰਤਾ ਆਪ ਹੀ ਆਪਣੇ ਆਪ ਨੂੰ ਜਣਾਉਂਦਾ ਹੈ ਕਿ ਮੈਂ ਖ਼ੁਦ ਹੀ ਹਰੇਕ ਕਰਮ ਦਾ ਕਰਨਹਾਰਾ ਹਾਂ। ਮੈਨੂੰ ਕਰਮ ਕਰਨ ਦੀ ਬਿਧੀ ਸਮਝਾਉਣਹਾਰਾ ਹੋਰ ਕਉਣ ਜੰਮਿਆ ਹੈ। ਏਦੂੰ ਵੱਡੀ ਹੋਰ ਕਿਹੜੀ ਅਹੰ-ਮਤਿ ਹੋ ਸਕਦੀ ਹੈ? ਪਰ ਦਰ-ਅਸਲ ਇਹ ਮਨਮਤੀ ਜੀਵ ਬਜ਼ਾਤੇ ਖ਼ੁਦ ਕਿਸੇ ਭੀ ਕਰਮ ਨੂੰ ਕਰਨ ਦੀ ਸਮਰੱਥਾ ਨਹੀਂ ਰਖਦਾ। ਇਸ ਨੂੰ ਸੂਝ ਬੂਝ ਹੀ ਨਹੀਂ ਕਿ ਕਿਹੜੇ ਕਰਮ ਕਰਨਯੋਗ ਹਨ ਅਤੇ ਕਿਹੜੇ ਨਹੀਂ। ਜੇ ਏਤਨੀ ਛਾਣ ਬੀਣ ਇਹ ਕਰ ਸਕੇ ਤਾਂ ਆਪਣੇ ਆਪ ਇਹ ਮੰਦ ਕਰਮ ਕਿਉਂ ਕਰੇ ਅਤੇ ਚੰਗੇ ਹੀ ਕਰੇ। ਇਸ ਨੂੰ ਮੰਦ ਚੰਗ ਦੀ ਕੁਛ ਪਛਾਣ ਹੀ ਨਹੀਂ। ਅਲਪੱਗ ਮਤੜੀ ਅਨੁਸਾਰ ਕਰਮ ਦੀ ਅਸਲੀਅਤ ਨੂੰ ਜਾਣੇ ਬਿਨਾਂ ਹੀ ਇਹ ਜੋ ਕੁਛ ਕਰਦਾ ਹੈ, ਸੋ ਕਰਦਾ ਹੈ। ਜੋ ਕਰਮ ਕਮਾਉਂਦਾ ਹੈ, ਸੋ ਕਰਮ ਦੀ ਤਹਿ ਵਿਚ ਪੁਜੇ ਬਿਨਾਂ ਕਮਾਉਂਦਾ ਹੈ। ਤਾਹੀਂ ਚੋਟਾਂ ਖਾਂਦਾ ਹੈ। ਅਤੇ ਚੋਟਾਂ ਖਾਂਦੇ ਹੀ ਤੁਰਿਆ ਆਉਂਦਾ ਹੈ। ਜਨਮਾਂ ਜਨਮਾਂ ਤੋਂ ਹੀ ਕਰਮ-ਬਸ ਹੋ ਕੇ ਚੋਟਾਂ ਖਾ ਰਿਹਾ ਹੈ। ਪਿਛਲੇ ਕਰਮ ਦੀ ਸਜ਼ਾ-ਭੁਗਤਣੇ ਕੰਮ ਕਰਦਾ ਹੋਇਆ ਇਹ ਕਈ ਕੰਮ ਐਸੇ ਕਰਦਾ ਹੈ ਕਿ ਇਸ ਨੂੰ ਪਤਾ ਹੀ ਨਹੀਂ ਹੁੰਦਾ ਕਿ ਇਹ ਕਰਮ ਕਰਨੇ ਹਨ ਯਾ ਨਹੀਂ। ਪਰ ਅਵੱਸ਼ ਇਸ ਨੂੰ ਉਹ ਕਰਮ ਕਰਨੇ ਪੈਂਦੇ ਹਨ। ਪਿਛਲੇ ਜਨਮ ਦੇ ਸਜ਼ਾ-ਭੁਗਤਾਊ ਕਰਮ ਤਾਂ ਅਵੱਸ਼ ਉਸ ਤੋਂ ਹੋਣੇ ਹੀ ਹੋਏ। ਚਾਹੇ ਚੰਗੇ ਚਾਹੇ ਮੰਦੇ, ਪਰ ਇਹਨੂੰ ਤਾਂ ਇਹ ਭੀ ਸੁਰਤਿ ਨਹੀਂ ਕਿ ਚੰਗੇ ਮੰਦੇ ਕਰਮ ਕਿਹੜੇ ਹੁੰਦੇ ਹਨ। ਪਰ ਜਿਹੜੇ ਭੀ ਇਹ ਕਰਮ ਕਰਦਾ ਹੈ, ਉਸ ਵਿਚਿ ਆਪਣੀ ਮਤਸਰ ਜ਼ਰੂਰ ਘਸੋੜਦਾ ਹੈ। ਇਸ ਮਤਸਰ ਦੇ ਕਾਰਨ ਚੋਟਾਂ ਖਾਂਦਾ ਹੈ। ਇਸ ਨੂੰ ਤਾਂ ਜਪ ਤਪ ਆਦਿਕ ਕਰਮ ਸਾਧਨ ਦੀ ਸੂਝ ਹੀ ਨਹੀਂ। ਉਂਵ ਆਪਣੇ ਜਾਣੇ ਆਪਣੀ ਅਹੰਮਤਿ ਕਰਿ ਇਹਨਾਂ ਅਹੰਮਤੀ ਆਨਮਤਿ ਕਰਮਾਂ ਦਾ (ਜਪ ਤਪ ਆਦਿਕ) ਕਰਨਹਾਰਾ ਆਪਣੇ ਆਪ ਨੂੰ ਆਪ ਜਣਾਉਂਦਾ ਹੈ। ਜਿਤਨੇ ਭੀ ਕਰਮ ਕਰਦਾ ਹੈ, ਮਨ ਦੀ ਮਤਿ ਅਹੰਮਤਿ ਦੇ ਬਫਾਸਰੇ ਕਰਦਾ ਹੈ। ਮਨ ਤਾਂ ਇਸ ਮਨਮਤੀ ਪੁਰਸ਼ ਦੇ ਕਾਬੂ ਵਿਚਿ ਇਕ ਛਿਨ ਮਾਤਰ ਭੀ ਨਹੀਂ ਰਹਿੰਦਾ। ਦਹਿਦਿਸਿ ਦਉੜਿਆ ਫਿਰਦਾ ਹੈ। ਅਤੇ ਦਹਿਦਿਸਿ ਧਾਵੰਦਾ ਹੋਇਆ ਅਨਿਕ ਪ੍ਰਕਾਰੀ ਅਹੰਮਤਿ ਕਰਮ ਕਮਾਵੰਦਾ ਹੈ। ਏਹਨਾਂ ਅਹੰਮਤਿ ਕਰਮਾਂ ਕਰਕੇ ਇਹ ਬੰਧਨਾਂ ਵਿਚਿ ਪੈ ਜਾਂਦਾ ਹੈ। ਪਰ ਏਸ ਨੂੰ ਇਹ ਭੀ ਪਤਾ ਨਹੀਂ ਰਹਿੰਦਾ ਕਿ ਕਿਹੜੇ ਕਰਮ ਕਰਕੇ ਇਹ ਬੰਧਨ ਇਸ ਨੂੰ ਪਏ ਹਨ। ਇਹ ਸਾਰੇ ਕਰਮ ਹੀ ਬੰਧਨ ਪਾਉਣਹਾਰੇ ਹਨ, ਅਹੰਮਤੀ ਕਰਮ ਜੁ ਹੋਏ, ਮਨ ਦੀ ਮਤਿ ਅਨੁਸਾਰ ਕੀਤੇ ਕਰਮ ਜੁ ਹੋਏ। ਮਨ ਦੀ ਮੂੜ੍ਹਤਾ ਦੇ ਕਾਰਨ ਇਹ ਤਾਂ ਇਉਂ ਸਮਝੀ ਬੈਠਾ ਹੈ ਕਿ ਮੈਂ ਹੀ ਆਪਣੇ ਮਨ ਦਾ ਮਾਲਕ ਹਾਂ, ਮੈਂ ਸਾਰੀ ਧਨ ਧਰਤੀ ਦਾ ਠਾਕੁਰ ਹਾਂ, ਜੋ ਮੇਰੇ ਕਬਜ਼ੇ ਵਿਚਿ ਆਈ ਹੈ। ਮਨ, ਤਨ, ਧਨ ਤੇ ਧਰਤੀ ਦਾ ਮਾਲਕ ਆਪਣੇ ਆਪ ਨੂੰ ਮੰਨ ਕੇ ਇਉਂ ਆਖਦਾ ਹੈ ਕਿ ਮੈਂ ਇਸ ਸਾਰੀ ਮਿਲਖ ਸਾਮਗਰੀ ਦਾ ਮਾਲਕ ਹਾਂ ਅਤੇ ਇਹ ਸਭ ਕੁਛ ਮੇਰਾ ਹੈ। ਭਰਮ ਮੋਹ ਮਮਤਾ ਦੇ ਕਾਰਨ ਉਸ ਨੂੰ ਸੁਝਦਾ ਕੁਝ ਨਹੀਂ। ਮਤਸਰ ਹੀ ਮਤਸਰ ਇਸ ਦੇ ਪਲੇ ਰਹਿ ਜਾਂਦੀ ਹੈ। ਇਸੇ ਮਤਸਰ ਦੇ ਪੈਖੜ ਇਸ ਦੇ ਮਨਮਤੀ ਮਨ ਦੇ ਪੈਰਾਂ ਵਿਚਿ ਪਏ ਹੋਏ ਹਨ। ਅਤੇ ਪਏ ਹੀ ਰਹਿੰਦੇ ਹਨ। ਜਿਨ੍ਹਾਂ ਦਾ ਜਕੜਿਆ ਹੋਇਆ ਇਹ ਹੋਰ ਕਿਸੇ ਪਾਸੇ ਹਿਲ ਨਹੀਂ ਸਕਦਾ। ਜਦੋਂ ਇਸ ਦੀ ਹਸਤੀ ਹੀ ਕੁਛ ਨਹੀਂ ਸੀ, ਤਦੋਂ ਇਹਨਾਂ ਕਰਮਾਂ ਦਾ ਕਮਾਵਣਹਾਰਾ ਕਉਣ ਸੀ, ਜਿਨ੍ਹਾਂ ਦਾ ਕਮਾਊ ਹੁਣ ਇਹ ਆਪਣੇ ਆਪ ਨੂੰ ਆਪਣੀ ਮਤਸਰ ਕਰਿ ਸਦਾਉਂਦਾ ਹੈ। ਇਹ ਤਾਂ ਇਸ ਨੂੰ ਪਤਾ ਨਹੀਂ ਕਿ ਇਹ ਤਾਂ ਗਲਿ ਪਏ ਕਰਮ ਕਮਾਉਂਦਾ ਹੈ, ਜੋ ਇਸ ਨੂੰ ਅਵੱਸ਼ ਕਰਨੇ ਹੀ ਬਣਦੇ ਹਨ, ਜਾਣੇ ਚਾਹੇ ਅਨਜਾਣੇ। ਆਪੇ ਇਹ ਕਰਮਾਂ ਦਾ ਕਰਤਾ ਹਰਤਾ ਧਿਙਾਣੇ ਹੀ ਆਪ ਬਣਿਆ ਫਿਰਦਾ ਹੈ। ਇਕੋ ਨਿਰੰਜਨ ਨਿਰੰਕਾਰ ਕਰਮ-ਬਿਧਾਤਾ ਕਰਤਾ-ਪੁਰਖ ਸਭ ਕਰਮਾਂ ਦਾ ਤੱਤ ਮੂਲ ਕਾਰਨ ਹੈ।

 www.sikhbookclub.com

ਜਿਸ ਕਰਤੇ ਪੁਰਖ ਕਰਤਾਰ ਨੇ ਇਸ ਰਚਨਾ ਨੂੰ ਸਾਜਿਆ ਹੈ, ਉਹ ਆਪਣੇ ਕੰਮਾਂ ਨੂੰ ਆਪ ਹੀ ਜਾਣਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕਰਤਾ ਪੁਰਖ ਵਾਹਿਗੁਰੂ ਆਪ ਹੀ ਸਭ ਕੁਛ ਕਰਨ ਵਾਲਾ ਹੈ। ਇਉਂ ਸਮਝਾ ਕੇ ਸਤਿਗੁਰੂ ਨੇ ਭਰਮ ਦੂਰ ਕਰਿ ਦਿੱਤਾ ਹੈ--

> ਗਉੜੀ ਮਾਲਾ ਮਹਲਾ ੫ ॥ ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸ ॥ ੧ ॥ ਰਹਾਉ ॥ ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥ ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥ ੧ ॥ ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥ ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥ ੨ ॥ ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥ ਬੂਝੈ ਨਾਹੀ ਏਕ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥ ੩ ॥ ਨਾਨਕ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰਗਰਾਮੀ ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥ ੪ ॥ ੬ ॥ ੧੬੪ ॥

(ਪੰਨਾ ੨੧੬)

ਵਿਆਖਿਆ— ਵਾਹਿਗੁਰੂ ਦੇ ਭਜਨ ਬਿਨੁ ਹੋਰ ਸਾਰੇ ਕਰਮ ਨਿਕੰਮੇ ਹਨ। ਇਹ ਜੋ ਜਪ ਤਪ ਸੰਜਮ ਆਦਿਕ ਕਰਮ ਮਨ ਨੂੰ ਵਿਸ਼ਿਆਂ ਤੋਂ ਰੋਕਣ ਦੇ ਸਾਧਨ ਸਮਝ ਕੇ ਕੀਤੇ ਜਾਂਦੇ ਹਨ, ਇਹ ਸਾਰੇ ਕਰਮ ਉਰੇ ਉਰੇ ਹੀ ਖੁਸ ਮੁਸ ਜਾਂਦੇ ਹਨ। ਇਨ੍ਹਾਂ ਕਰਮਾਂ ਦੇ ਕਰਨਹਾਰੇ ਇਹਨਾਂ ਕਰਮਾਂ ਕਰਕੇ ਰੱਬ ਤਾਈਂ ਪਹੁੰਚਣਾ ਹੀ ਨਹੀਂ ਪਾਉਂਦੇ। ਆਪਣੀ ਮਨਮਤਿ ਕਰਕੇ ਮਨਮਤੀਏ ਪੁਰਸ਼ ਬਰਤ ਨੇਮ ਆਦਿਕ ਆਨਮਤ ਕਰਮਾਂ ਦੇ ਬਥੇਰੇ ਯਤਨ (ਸੰਜਮ) ਕਰਦੇ ਹਨ, ਪਰ ਉਥੇ (ਅਗਲੀ ਦਰਗਾਹ ਵਿਚਿ) ਇਹਨਾਂ ਕਰਮਾਂ ਦਾ, ਏਹਨਾਂ ਕਰਮਾਂ ਦੇ ਯਤਨਾਂ ਦਾ ਕਉਡੀ ਮੁਲ ਭੀ ਨਹੀਂ ਪੈਂਦਾ। ਨਾ ਕਿਸੇ ਨੇ ਅਜ ਤਾਈਂ ਪਾਇਆ ਹੈ, ਨਾ ਅਗੇ ਨੂੰ ਪਾ ਸਕੇਗਾ। ਇਹ ਜਪ ਤਪ ਆਦਿਕ ਕਰਮ ਇਸ ਲੋਕ ਵਿਚਿ ਭਾਵੇਂ ਲੋਕਾਂ ਭਾਣੇ ਸਾਲਾਹੇ ਵਡਿਆਏ ਇਜਤਾਏ ਜਾਣ, ਪਰ ਅਗੇ ਪਰਲੋਕ ਵਿਚਿ ਇਹਨਾਂ ਕਰਮਾਂ ਦੀ ਕੱਖ ਭੀ ਕਦਰ ਨਹੀਂ ਪੈਂਦੀ। ਉਥੇ ਦਾ ਵਰਤਾਰਾ, ਚਲਣ ਆਚਾਰਾ ਹੀ ਹੋਰ ਹੈ। ਉਥੇ ਕਰਮ ਕਾਂਡ ਦੀ ਕੁਛ ਪੇਸ਼ ਨਹੀਂ ਜਾਂਦੀ। ਉਥੇ ਕਰਮ ਸੁਕਰਮੀ ਸਿਫਤਿ ਸਾਲਾਹੀ ਸਿੱਕੇ ਦੀ ਹੀ ਪਰਧਾਨਤਾ ਹੈ। ਉਥੇ ਇਹਨਾਂ ਕਰਮਾਂ ਦਾ ਤਸੂ ਮਾਤਰ ਫਲ ਨਹੀਂ ਮਿਲਦਾ। ਤਾਂ ਤੇ ਇਹਨਾਂ ਕਰਮਾਂ ਵਿਚੋਂ ਕੋਈ ਕਰਮ ਭੀ ਉਥੇ ਕੰਮ ਨਾ ਆਇਆ। ਨਾ ਹੀ ਆਵੰਦਾ ਹੈ, ਨਾ ਆਵੇਗਾ। ਆਨਮਤ ਤੀਰਥਾਂ ਦੇ ਨ੍ਹਾਉਣ ਵਾਲੇ ਅਤੇ ਆਪਣੇ ਮਨ ਦੀ ਮਤਿ ਅਨੁਸਾਰ ਭੇਖੀ ਸਾਧ ਬਣ ਕੇ ਥਾਉਂ ਥਾਈਂ ਧਰਤੀ ਉਤੇ ਫਿਰਨ ਭ੍ਰਮਣ ਵਾਲੇ ਮਨਮਤੀਏ ਨੂੰ ਅਗੇ ਚਲ ਕੇ ਦਰਗਾਹ ਵਿਚਿ ਠਉਰ ਟਿਕਾਣੇ ਵਾਲੀ ਥਾਂ ਨਹੀਂ ਮਿਲਦੀ। ਊਹਾਂ, ਅਗਲੀ ਦਰਗਾਹ ਵਿਚਿ ਉਪਰ ਦੱਸੇ ਆਨਮਤ ਕਰਮ ਧਰਮ ਕਿਸੇ ਬਿਧੀ ਮਨ ਦੀ ਮਤੀ ਅਨੁਸਾਰ ਕੀਤੇ ਕੰਮ ਨਹੀਂ ਆਉਂਦੇ। ਅਜਿਹੇ ਮਨਮਤੀ ਕਰਮ ਕਰਨ ਵਾਲਾ ਇਸ ਦੁਨੀਆ ਦੇ ਲੋਕਾਂ ਨੂੰ ਪਤੀਆਉਣ ਖਾਤਰ ਹੀ ਇਹ ਕਰਮ ਕਰਦਾ ਹੈ, ਜੋ ਅਗੇ ਜਾ ਕੇ ਕਬੂਲ ਨਹੀਂ ਪੈਂਦੇ, ਧਰੇ ਦੇ ਧਰੇ ਰਹਿ ਜਾਂਦੇ ਹਨ। ਚਾਹੇ ਚਾਰ ਬੇਦ ਮੂੰਹ-ਜ਼ਬਾਨੀ ਕੋਈ ਮਨਮਤੀਆ ਬੇਦਾਚਾਰੀ ਪੰਡਿਤ ਘੋਖ ਕੇ ਉਚਰਦਾ ਫਿਰੇ, ਚਹੁੰਆਂ ਬੇਦਾਂ ਦਾ ਬੇਤਾ ਵਿਖਿਆਤਾ ਗਿਆਤਾ ਹੋ ਕੇ ਭੀ ਉਸ ਨੂੰ ਸੱਚ-ਦਰਗਾਹੀ ਸੱਚ-ਦਰਬਾਰੀ ਮਹਲ ਨਹੀਂ ਪ੍ਰਾਪਤਿ ਹੁੰਦਾ। ਉਕਤ ਕਰਮ ਦੁਆਰਾ ਉਸ ਨੂੰ ਕੁਛ ਨਹੀਂ ਲਭਦਾ, ਚਾਹੇ ਸਾਰੀ ਉਮਰ ਝਖਾਂ ਮਾਰਦਾ ਰਹੇ ਅਤੇ ਖਪਦਾ ਰਹੇ, ਅਤੇ ਸਾਰੀਆਂ ਟੱਕਰਾਂ ਮਾਰਦਾ ਰਹੇ। ਗੁਰੂ

ਸਾਹਿਬ ਇਹ ਸਿੱਟੇ ਦੀ ਸਿਧਾਂਤਕ ਵੀਚਾਰ ਸੁਭਾਖਦੇ ਹਨ। ਜੋ ਇਸਨੂੰ ਕਮਾਵੇਗਾ, ਜੋ ਇਸ ਸਿਧਾਂਤ ਉਤੇ ਅਮਲ ਕਰੇਗਾ ਸੋਈ ਪਾਰਗ੍ਰਾਮੀ ਹੋਵੇਗਾ, ਇਸ ਭਵਜਲ ਤੋਂ ਪਾਰ ਪਵੇਗਾ। ਉਹ ਕਿਹੜੀ ਤੱਤ ਵੀਚਾਰ ਹੈ? ਇਹ ਹੈ—

**ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥**

ਗੁਰੂ ਨੂੰ ਸੇਵਹੁ, ਅਰਥਾਤ, ਗੁਰੂ ਦੇ ਸੇਵਕ ਸਿਖ ਬਣੋ ਅਤੇ ਸੇਵਕ ਸਿਖ ਬਣ ਕੇ ਨਾਮ ਗੁਰ-ਮੰਤਰ ਦੀ ਅਭਿਆਸ ਕਮਾਈ ਕਰੋ (ਨਾਮੁ ਧਿਆਵਹੁ) ਅਤੇ ਮਨ ਤੋਂ ਸਗਲ ਅਹੰਕਾਰ ਗੁਮਾਨ ਤਿਆਗ ਦੇਵੋ। ਮਨ-ਮਤੀਏ ਨ ਬਣੋ। ਮਨ ਦੀ ਮਤਿ ਹੀ ਹੰਕਾਰ ਦਾ ਮੂਲ ਹੈ।

ਮਨਮਤਿ ਦੇ ਕਰਮ ਕੀਤਿਆਂ ਅਹੰਕਾਰ ਹੀ ਵਧਦਾ ਹੈ, ਹੋਰ ਕੁਛ ਨਹੀਂ ਬਣਦਾ। ਯਥਾ ਗੁਰਵਾਕ—

**ਕਰਮ ਕਰਤ ਬਧੇ ਅਹੰਮੇਵ ॥ ੩ ॥ ੬ ॥**

**(ਗਉੜੀ ਕਬੀਰ ਜੀ, ਪੰਨਾ ੩੨੪)**

**ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥ ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ ॥ ੧ ॥ ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ ॥ ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ ॥ ੧ ॥ ਰਹਾਉ ॥ ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥ ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥ ੨ ॥ ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ ॥ ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ ॥ ੩ ॥ ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੂਖ ਕਰਿ ਹਮ ਹਾਰਿਓ ਰੇ ॥ ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ ॥ ੪ ॥ ੧ ॥ ੫ ॥ ੫੬ ॥**

**(ਗਉੜੀ ਕਬੀਰ ਜੀ, ਪੰਨਾ ੩੩੫)**

ਨਾਮ ਨੂੰ ਵਿਸਾਰ ਕੇ ਅਤੇ ਮਨ ਦੇ ਅਹੰਮਤਿ ਦੇ ਅਧੀਨ ਹੋ ਕੇ ਜਿੰਨੇ ਭੀ ਮਨਮਤਿ ਕਰਮਾਂ ਦੇ ਕਰਨ ਦੇ ਯਤਨ ਕੀਤੇ ਜਾਂਦੇ ਹਨ, ਉਹ ਭਵ-ਸਾਗਰ ਵਿਚਿ ਡੁਬੋ ਲੈ ਜਾਣ ਵਾਲੇ ਹਨ, ਤਾਰਨ ਵਾਲੇ ਨਹੀਂ। ਸੰਸਾਰ-ਸਾਗਰ ਤੋਂ ਪਾਰ ਉਤਾਰਨਹਾਰੇ ਨਹੀਂ। ਜਨਮ ਮਰਨ ਵਾਲੇ ਚੁਰਾਸੀ ਦੇ ਗੇੜ ਵਿਚਿ ਪਾਉਣ ਵਾਲੇ ਹਨ। ਬਹੁਤ ਕਰਮ ਧਰਮ ਸੰਜਮ ਆਨਮਤਾਂ ਦੇ ਆਪਣੀ ਮਨ ਦੀ ਮਤਿ ਨਾਲ ਕੀਤੇ ਸਗੋਂ ਹੋਰ ਅਹੰਬੁਧਿ ਵਧਾਉਂਧੇ ਹਨ, ਹੰਕਾਰ ਨੂੰ ਪੱਠੇ ਪਾਉਂਦੇ ਹਨ। ਅਹੰਕਾਰ ਵਾਲੀ ਬੁਧੀ ਅਤੇ ਅਹੰਬੁਧਿ-ਮਤੀ ਹੰਕਾਰ ਨਾਲ ਜਲੇ ਸੜੇ ਹੋਏ ਮਨ ਨੂੰ ਹੋਰ ਭੀ ਸਾੜ ਦਿੰਦੀ ਹੈ। ਹੰਕਾਰ ਕਰਕੇ ਜਲੇ ਸੜੇ ਮਨ ਵਾਲੇ ਅਹੰਮਤੀ ਉਸ ਪ੍ਰਤਿਪਾਲਨ-ਹਾਰੇ ਠਾਕੁਰ ਨੂੰ ਉੱਕਾ ਹੀ ਮਨੋਂ ਵਿਸਾਰ ਦਿੰਦੇ ਹਨ, ਜੋ ਸਭ ਦੇ ਸਾਸਾਂ ਗ੍ਰਾਸਾਂ ਦਾ ਦਾਤਾ ਹੈ। ਉਸਦੇ ਦਿੱਤੇ ਹੋਏ ਹੀ ਸਾਸ ਹਨ। ਉਸ ਦੇ ਦਿੱਤੇ ਹੋਏ ਹੀ ਅਹਾਰ ਭੋਜਨ ਗ੍ਰਾਸ ਹਨ। ਪ੍ਰੰਤੂ ਆਪਣੀ ਅਹੰਬੁਧਿ ਦੇ ਭੁਚਲਾਏ ਹੋਏ ਮਨ ਮਤਸਰੀ ਹੰਕਾਰੀ ਪੁਰਸ਼ ਇਸ ਦਾਤਿ ਦਾਤਾਰੀ ਬਾਤ ਨੂੰ ਸਮਝਦੇ ਹੀ ਨਹੀਂ। ਦਾਤੇ ਨੂੰ ਜਾਣਦੇ ਹੀ ਨਹੀਂ। ਉਸ ਨੂੰ ਸਿਮਰਨਾ ਤਾਂ ਕੀ ਸੀ, ਉਸ ਵਲ ਉੱਕੀ ਰੁਚੀ ਹੀ ਨਹੀਂ ਕਰਦੇ। ਜਿਸ ਦਾ ਨਤੀਜਾ ਇਹ ਹੈ ਕਿ ਆਪਣੇ ਮਾਨੁਖਾ ਜਨਮ ਨੂੰ, ਜੋ ਹੀਰੇ ਤੇ ਲਾਲਾਂ ਤੋਂ ਭੀ ਅਮੋਲਕ ਹੈ, ਐਵੇਂ ਭੰਗ ਦੇ ਭਾੜੇ ਕਉਡੀ ਬਦਲੇ ਹੀ ਗੰਵਾ ਦਿੰਦੇ ਹਨ। ਜਿਨ੍ਹਾਂ ਕੰਮਾਂ ਅਤੇ ਕਰਮਾਂ ਵਿਚਿ ਲਗ ਕੇ ਗੰਵਾਉਂਦੇ ਹਨ ਉਹ ਕਉਡੀ ਦੀ ਕੀਮਤ ਦੇ ਨਹੀਂ ਹੁੰਦੇ। ਧਨ

ਜੋੜਨ ਦੀ ਤ੍ਰਿਸ਼ਨਾ, ਰਸਾਂ ਕਸਾਂ ਦੇ ਭੁੰਚਣ ਦੀ ਪਿਆਸ (ਤ੍ਰਿਖਾ) ਅਤੇ ਭੋਗਾਂ ਦੇ ਭੋਗਣ ਦੀ ਭੁਖ ਐਵੇਂ ਭੁਮਕੇ ਹੀ ਉਹਨਾਂ ਨੂੰ ਲਗੀ ਹੋਈ ਹੈ ਅਤੇ ਲਗੀ ਰਹਿੰਦੀ ਹੈ। ਇਸ ਗੱਲ ਨੂੰ ਉਹਨਾਂ ਨੇ ਕਦੇ ਹਿਰਦੇ ਵਿਚਿ ਗਹੁ ਕਰ ਕੇ ਵੀਚਾਰਿਆ ਹੀ ਨਹੀਂ। ਐਵੇਂ ਪੜਛਾਵੇਂ ਪਿੱਛੇ ਹੀ ਭਰਮ ਦੇ ਮਾਰੇ ਭਜੇ ਫਿਰਦੇ ਹਨ। ਹਿਰਦੇ ਅੰਦਰ ਜੋ ਤ੍ਰਿਸ਼ਨਾ ਤ੍ਰਿਖਾ ਦੀ ਖੋਹ ਲਗੀ ਹੋਈ ਹੁੰਦੀ ਹੈ ਉਹ ਖੋਹ ਮਾਇਕ ਪਦਾਰਥਾਂ ਨੂੰ ਭੁੰਚਿਆਂ ਛਿਨ ਮਾਤਰ ਲਈ, ਛਿਨ-ਭੰਗਰੇ ਚਿਰ ਲਈ ਤਾਂ ਮਿਟ ਜਾਂਦੀ ਹੈ, ਫੇਰ ਓਵੇਂ ਕਿਵੇਂ ਹੀ ਉਹੀ ਖੋਹ ਪੈਣ ਲਗ ਜਾਂਦੀ ਹੈ। ਸਾਰੀ ਉਮਰ ਭੋਜਨ ਭੁੰਚਿਆਂ ਅਤੇ ਰਸਾਂ ਕਸਾਂ ਨੂੰ ਖਾਂਦਿਆਂ ਪੀਂਦਿਆਂ ਅਤੇ ਭੋਗਾਂ ਨੂੰ ਭੋਗਦਿਆਂ ਵਿਹਾ ਗਈ, ਪਰ ਇਹ ਖੋਹ ਨਾ ਮਿਟੀ। ਪਰ ਕਦੇ ਨਾ ਵੀਚਾਰਿਆ ਕਿ ਇਹ ਖੋਹ ਕਿਉਂ ਨਹੀਂ ਮਿਟਦੀ। ਜੇ ਨਹੀਂ ਮਿਟਦੀ, ਤਾਂ ਜੋ ਜਤਨ ਇਸ ਖੋਹ ਦੇ ਮਿਟਾਉਣ ਲਈ ਕੀਤੇ ਜਾਂਦੇ ਹਨ, ਸਭ ਨਿਸਫਲ ਹਨ ਅਤੇ ਉਹ ਪਦਾਰਥ ਭੀ ਅਨਿਤ ਹਨ। ਹਕੀਕਤ ਵਿਚਿ ਇਹ ਕੁਦਰਤੀ ਖੋਹ ਨਾਮ ਦੀ ਹੈ। ਨਾਮ ਨੂੰ ਤਾਂ ਜੁਟਦੇ ਨਹੀਂ ਅਤੇ ਭੁੰਚਦੇ ਨਹੀਂ। ਹੋਰ ਹੋਰ ਅਫਰੂ ਦਫਰੂ ਪਦਾਰਥਾਂ ਦੇ ਭੋਗਣ ਭੁੰਚਣ ਹਿਤ ਖੀਨ ਖਰਾਬ ਹੁੰਦੇ ਫਿਰਦੇ ਹਨ। ਅਤੇ ਉਨ੍ਹਾਂ ਪਦਾਰਥਾਂ ਨੂੰ ਇਕੱਠਾ ਕਰਨ ਦੇ ਯਤਨ ਵਿਚਿ ਨਿਹਫਲ ਕਰਮ ਕਰਦੇ ਹਨ ਅਤੇ ਕਰਿ ਕਰਿ ਖੱਜਲ ਹੁੰਦੇ ਹਨ। ਉਹਨਾਂ ਦੀ ਮਨ ਦੀ ਮਤਿ ਨੇ ਉਹਨਾਂ ਨੂੰ ਇਹੀ ਮਤਸਰਾ ਛਡਿਆ ਹੈ ਕਿ ਮਾਨੁਖਾ ਜਨਮ ਇਹਨਾਂ ਅਨਸਥਿਰ ਪਦਾਰਥਾਂ ਲਈ ਹੀ ਮਿਲਿਆ ਹੈ। ਉਹਨਾਂ ਦੀ ਅਲਪੱਗ ਮਤਿ ਬੁਧੀ ਦ੍ਰਿਸ਼ਟਮਾਨ ਪਦਾਰਥਾਂ ਨੂੰ ਹੀ ਅਸਥਿਰ ਸਮਝਦੀ ਹੈ ਅਤੇ ਸੱਚ ਕਰ ਕੇ ਜਾਣਦੀ ਹੈ, ਅਦ੍ਰਿਸ਼ਟ ਪਦਾਰਥ ਵਲ ਉਹਨਾਂ ਦੀ ਕਿਵੇਂ ਰੁਚੀ ਆਵੇ। ਮਨਮਤਿ ਨੂੰ ਛੱਡਣ ਤੇ ਗੁਰਮਤਿ ਗ੍ਰਹਿਣ ਕਰਨ, ਤਾਂ ਸੁਮੱਤੀ ਆਵੇ। ਅਦ੍ਰਿਸ਼ਟ ਪਦਾਰਥ ਨਾਮ ਨੂੰ ਗ੍ਰਹਿਣ ਕਰਨ ਲਈ ਉਹਨਾਂ ਦੀ ਅਹੰਬੁਧਿ ਅਤੇ ਮਨ ਦੀ ਮਤਿ ਏਸ ਪਦਾਰਥ ਦੇ ਪਾਸੇ ਵਲ ਪੈਂਦੀ ਹੀ ਨਹੀਂ, ਮਾਨ ਹੰਕਾਰ ਦੇ ਪਾਗਲਪੁਣੇ ਵਿਚਿ ਗੁਮਰਾਹ ਹੋਇਆਂ ਨੇ ਗੁਰਾਂ ਦੇ ਉਪਦੇਸ਼ ਨੂੰ, ਗੁਰ-ਦੀਖਿਆ ਨੂੰ ਕਦੇ ਹਿਰਦੇ ਵਿਚਿ ਨਹੀਂ ਧਾਰਿਆ। ਸੁਆਦਾਂ ਵਿਚਿ ਲੁਭਾਇਮਾਨ ਹੋਏ ਜੀਵਾਂ ਨੂੰ ਇੰਦਰੀ ਨੇ ਵਿਸ਼ੇ-ਰਸਾਂ ਵਲ ਪ੍ਰੇਰ ਕੇ ਖੱਚਿਤ ਕਰਿ ਛਡਿਆ ਹੈ। ਇਸ ਕਰਕੇ ਉਹ ਵਿਕਾਰਾਂ ਦੇ ਮਦ ਵਿਚਿ ਮੱਤੇ ਹੋਏ ਹਰ ਦਮ ਮਦਹੋਸ਼ ਹੀ ਰਹਿੰਦੇ ਹਨ। ਉਹਨਾਂ ਨੂੰ ਪ੍ਰਮਾਰਥ ਦੇ ਪਾਸੇ ਵਲ ਪਰਤਣ ਦੀ ਹੋਸ਼ ਹੀ ਨਹੀਂ ਆਉਂਦੀ।

ਜਿਨ੍ਹਾਂ ਦੇ ਭਾਗਾਂ ਵਿਚਿ ਸ੍ਰੇਸ਼ਟ ਕਰਮ ਲਿਖੇ ਹਨ, ਉਹ ਖੋਟੇ ਕਰਮਾਂ ਤੋਂ ਹਟ ਕੇ ਗੁਰੂ ਘਰ ਦੇ ਸੰਤ ਜਨਾਂ ਦੀ ਸੰਗਤਿ ਵਿਚਿ ਆਉਂਦੇ ਹਨ। ਅਤੇ ਗੁਰਮੁਖਾਂ ਸੰਤ ਜਨਾਂ ਦੀ ਸੰਗਤਿ ਕਰ ਕੇ ਸੁਖੈਨ ਹੀ ਐਉਂ ਤਰ ਜਾਂਦੇ ਹਨ ਜਿਵੇਂ ਕਾਠ ਨਾਲ ਲੋਹਾ ਤਰ ਜਾਂਦਾ ਹੈ। ਜੂਨੀਆਂ ਵਿਚਿ ਧਾਵੰਦਿਆਂ ਅਤੇ ਜਨਮਾਂ ਵਿਚਿ ਭਰਮਦਿਆਂ ਭਰਮਦਿਆਂ ਥਕ ਕੇ ਹਾਰਿਆਂ ਅਤੇ ਦੁਖ ਪਾਉਂਦਿਆਂ ਜੇ ਭਾਗਾਂ ਕਰਕੇ ਸੱਚੇ ਸਤਿਗੁਰੂ ਦੀ ਸ਼ਰਨ ਅਤੇ ਸੰਗਤਿ ਪ੍ਰਾਪਤਿ ਹੋ ਜਾਵੇ ਤਾਂ ਸਤਿਗੁਰੂ ਨੂੰ ਭੇਟਣ ਕਰਕੇ ਅਤੇ ਗੁਰੂ ਘਰ ਦੀ ਸੰਗਤਿ ਨੂੰ ਮਿਲਣ ਕਰਕੇ ਉਸ ਦਾ ਨਿਸਤਾਰਾ ਹੁੰਦਾ ਹੈ, ਨਹੀਂ ਤਾਂ ਮਤਸਰੀ ਕਰਮਾਂ ਦੇ ਕਰਨ ਕਰਿ ਚੁਰਾਸੀ ਦੇ ਗੇੜ ਵਿਚਿ ਕੋਹਲੂ ਦੇ ਬਲਦ ਵਾਂਗੂੰ ਭਉਂਦਾ ਫਿਰਦਾ ਰਹਿੰਦਾ ਹੈ।

# ੧੮ - ਤ੍ਰੈਗੁਣੀ ਤ੍ਰਿਬਿਧਿ ਕਰਮ

ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈਗੁਣ ਦੀਸਹਿ ਮੋਹੇ ਮਾਇਆ ॥ ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥ ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥ ੧ ॥ ਰਹਾਉ ॥ ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥ ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥ ੨ ॥

(ਮਾਝ ਮਃ ੩, ਪੰਨਾ ੧੨੯)

ਵਿਆਖਿਆ— ਸਾਰਾ ਜਗਤ ਮਾਇਆ-ਮੋਹ ਦਾ ਹੀ ਗ੍ਰਸਿਆ ਹੋਇਆ ਹੈ। ਜਗਤ ਸਬਾਏ ਨੂੰ ਮਾਇਆ-ਮੋਹ ਹੀ ਵਿਆਪ ਰਹਿਆ ਹੈ। ਮਾਇਆ ਮੋਹ ਦੇ ਗ੍ਰਸੇ ਹੋਏ ਸਾਰੇ ਸੰਸਾਰੀ ਜੀਵ ਤ੍ਰੈਗੁਣੀ ਕਰਮ ਹੀ ਕਮਾਉਂਦੇ ਹਨ। ਤਿੰਨੇ ਗੁਣ ਅਤੇ ਤਿੰਨਾਂ ਗੁਣਾਂ ਵਿਚਿ ਕਰਮ ਕਰਨਹਾਰੇ ਸਾਰੇ ਮਾਇਆ ਦੇ ਮੋਹੇ ਹੋਏ ਹੀ ਦਿਸਦੇ ਹਨ। ਤਿੰਨਾਂ ਗੁਣਾਂ ਵਿਚਿ ਵਰਤਣ ਵਾਲੇ ਸੰਸਾਰੀ ਜੀਵ ਸਾਰੇ ਹੀ ਮਾਇਆ ਦੇ ਠੱਗੇ ਹੋਏ ਦਿਸਦੇ ਹਨ। ਰਜ, ਸਤ, ਤਮ ਇਹ ਤਿੰਨ ਗੁਣ ਹਨ। ਮਾਨੁਖ ਮਾਤਰ ਆਮ ਤੌਰ ਤੇ ਇਹਨਾਂ ਤਿੰਨਾਂ ਗੁਣਾਂ ਵਿਚਿ ਗ੍ਰਸਤ ਹੈ। ਜਦੋਂ ਮਾਨੁਖ ਅੰਦਰਿ ਸੰਸਾਰੀ ਵਾਸ਼ਨਾਵਾਂ ਪ੍ਰਬਲ ਹੁੰਦੀਆਂ ਹਨ ਅਤੇ ਉਹਨਾਂ ਦੀ ਪ੍ਰਾਪਤੀ ਲਈ ਨਾਨਾ ਪ੍ਰਕਾਰੀ ਕਰਮ ਕਰਦਾ ਹੈ, ਤਦੋਂ ਉਸ ਦੇ ਉਕਤ ਕਰਮ ਰਜੋ ਗੁਣੀ ਕਰਮ ਕਹਾਉਂਦੇ ਹਨ, ਕਿਉਂਕਿ ਉਸ ਵੇਲੇ ਕਰਮ ਕਰਨਹਾਰੇ ਦੇ ਅੰਦਰਿ ਰਜ ਗੁਣ ਜ਼ੋਰਾਂ ਤੇ ਹੁੰਦਾ ਹੈ। ਜਦੋਂ ਮਾਨੁਖ ਈਰਖਾ ਦ੍ਵੈਖ ਮਈ ਕ੍ਰੋਧ ਦਾ ਮਾਰਿਆ ਹੋਇਆ ਕਰਮ ਕਮਾਉਂਦਾ ਹੈ ਤਾਂ ਉਕਤ ਕਰਮ ਤਮੋ ਗੁਣੀ ਕਰਮ ਕਹਾਉਂਦੇ ਹਨ ਅਤੇ ਇਸ ਤਮੋ ਗੁਣ ਦੀ ਦਸ਼ਾ ਵਿਚਿ ਕਰਮ ਕਰਨਹਾਰਾ ਪੁਰਸ਼ ਤਮੋ ਗੁਣ ਦੇ ਅੰਧੇਰੇ ਵਿਚਿ ਕੰਮ ਕਰਦਾ ਹੈ। ਅਤੇ ਉਸ ਦੀ ਇਹ ਦਸ਼ਾ ਭੀ ਤਮੋ ਗੁਣ ਵਾਲੀ ਹੁੰਦੀ ਹੈ। ਦੁਨਿਆਵੀ ਕਹਿਣੀ ਅਨੁਸਾਰ ਸਤਿ, ਸੰਤੋਖ ਅਤੇ ਸ਼ਾਂਤ ਵਾਲੀ ਦਸ਼ਾ ਨੂੰ ਅਤੇ ਕਹਿਣ ਮਾਤਰ ਨਿਆਉਂ ਗਿਆਨ ਗ੍ਰਹਿਣ ਕਰਨ ਵਾਲੀ ਦਸ਼ਾ ਨੂੰ ਸਤੋ ਗੁਣੀ ਦਸ਼ਾ ਬਿਆਨ ਕੀਤਾ ਜਾਂਦਾ ਹੈ। ਇਹ ਤਿੰਨੇ ਗੁਣ ਦ੍ਰਿਸ਼ਟਮਾਨ ਸੰਸਾਰ ਵਿਚਿ ਵਰਤਦੇ ਹਨ ਅਤੇ ਦ੍ਰਿਸ਼ਟਮਾਨ ਨੂੰ ਮੁਖ ਰਖ ਕੇ ਇਹਨਾਂ ਤੇਹਾਂ ਗੁਣਾਂ ਵਿਚਿ ਕੰਮ ਕਰਨਹਾਰੇ ਤ੍ਰੈਗੁਣੀ ਕਰਮਾਂ ਵਾਲੇ ਬੰਦੇ ਹੁੰਦੇ ਹਨ। ਗੁਰਮਤਿ ਅੰਦਰਿ ਇਹਨਾਂ ਦ੍ਰਿਸ਼ਟਮਾਨ ਤਿਹਾਂ ਗੁਣਾਂ ਤੋਂ ਉਪਰ ਅਦ੍ਰਿਸ਼ਟ ਵਿਚਿ ਖੇਲਣ ਵਾਲੀ ਚੌਥੀ ਭੂਮਕਾ ਭੀ ਹੈ, ਜਿਸ ਨੂੰ ਤੁਰੀਆ ਆਖਿਆ ਭਾਖਿਆ ਹੈ। ਜਿਥੇ ਗੁਰਮੁਖਿ ਹੀ ਪਹੁੰਚਦੇ ਹਨ। ਅਤੇ ਜੀਵਨ-ਮੁਕਤ ਹੋ ਕੇ ਪਹੁੰਚਦੇ ਹਨ। ਇਸ ਅਵਸਥਾ ਵਿਚਿ ਉਹ ਗੁਰਮੁਖਿ ਜਨ ਤੁਰੀਆ ਗੁਣ ਵਿਚਿ ਖੇਡਣ ਵਾਲੇ ਤਿਹਾਂ ਗੁਣਾਂ ਦੇ ਦੁਬੈਲ ਨਹੀਂ ਰਹਿੰਦੇ, ਸਗੋਂ ਤਿਹਾਂ ਗੁਣਾਂ ਤੇ ਕਾਬੂ ਪਾ ਲੈਂਦੇ ਹਨ। ਨਹੀਂ ਤਾਂ ਹੋਰ ਸਾਰਾ ਸੰਸਾਰੁ ਤੇਹਾਂ ਗੁਣਾਂ ਵਿਚਿ ਵਰਤ ਰਹਿਆ ਹੈ ਅਤੇ ਤੇਹਾਂ ਗੁਣਾਂ ਅੰਦਰਿ ਹੀ ਤ੍ਰੈਗੁਣੀ ਕਰਮ ਹੀ ਕਮਾ ਰਿਹਾ ਹੈ। ਤਿੰਨੇ ਗੁਣ ਹੀ

ਮਾਇਆ ਦੇ ਮੋਹੇ ਹੋਏ ਹਨ। ਗੁਰੂ ਸਾਹਿਬ ਨੇ ਪਰਤੱਖ ਦੇਖੇ ਹਨ ਅਤੇ ਗੁਰਮੁਖਿ ਜਨ ਗੁਰੂ ਵਰੋਸਾਏ ਹੋਏ ਹੁਣ ਭੀ ਸਾਫ਼ ਦੇਖ ਰਹੇ ਹਨ ਕਿ ਤਿੰਨੇ ਗੁਣ ਮਾਇਆ ਮੋਹ ਦੇ ਵਹਿਣ ਵਿਚਿ ਹੀ ਰੁੜ੍ਹੇ ਜਾ ਰਹੇ ਹਨ। ਚੌਥੇ ਪਦ ਤੁਰੀਆ ਗੁਣ ਵਿਚਿ ਲਿਵ ਲਾ ਕੇ ਇਹ ਗੱਲ ਗੁਰਮੁਖਾਂ ਨੂੰ ਸਾਫ਼ ਦਿਖਾਈ ਦਿੰਦੀ ਹੈ ਕਿ ਸਾਰੀ ਲੁਕਾਈ ਤ੍ਰੈਗੁਣੀ ਕਰਮ ਕਮਾਉਂਦੀ ਹੋਈ ਤੇਹਾਂ ਗੁਣਾਂ ਦੇ ਵਹਿਣ ਵਿਚਿ ਰੁੜ੍ਹੀ ਚਲੀ ਜਾ ਰਹੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ ਤਿਨ੍ਹਾਂ ਗੁਰਮੁਖ ਸਿਖਾਂ ਵਿਟਹੁੰ, ਜਿਨ੍ਹਾਂ ਨੇ ਗੁਰ-ਸ਼ਬਦ ਨਾਲਿ ਲਿਵਤਾਰ ਜੋੜ ਕੇ ਮਾਇਆ-ਮੋਹ ਨੂੰ ਸਾੜ ਦਿੱਤਾ ਹੈ, ਜਲਾ ਛਡਿਆ ਹੈ। ਮਾਇਆ-ਮੋਹ ਨੂੰ ਜਲਾ ਦੇਣ ਵਾਲਿਆਂ ਗੁਰਮੁਖਾਂ ਦੀ ਹੀ ਵਾਹਿਗੁਰੂ ਨਾਲਿ ਸੱਚੀ ਲਿਵ ਲਗਦੀ ਹੈ ਅਤੇ ਅਜਿਹੇ ਲਿਵ-ਸਮਾਧੀਏ ਤੁਰੀਆ ਅਵਸਥਾ ਵਿਚਿ ਖੇਡਣ ਵਾਲੇ ਗੁਰਮੁਖਿ ਜਨ ਹੀ ਵਾਹਿਗੁਰੂ ਦੇ ਦਰ ਘਰ ਦਰਬਾਰੀ ਮਹਲਾਂ ਵਿਚ ਜਾ ਕੇ ਸੋਭਾ ਪਾਉਂਦੇ ਹਨ।

ਦੇਵੀ ਦੇਵਤਿਆਂ ਦਾ ਮੁਢ ਹੀ ਮਾਇਆ ਹੈ। ਤਾਂ ਤੇ ਦੇਵੀ ਦੇਵਤਿਆਂ ਦੇ ਉਪਾਸ਼ਕਾਂ ਦੇ ਕਰਮ ਸਭ ਮਾਇਆ-ਗ੍ਰਸਤ ਤ੍ਰੈਗੁਣੀ ਕਰਮ ਹੀ ਹਨ ਅਤੇ ਇਹਨਾਂ ਦੇਵਤਿਆਂ ਨੇ ਹੀ ਸਿਮ੍ਰਤੀਆਂ ਤੇ ਸ਼ਾਸਤ੍ਰ ਰਚੇ ਹਨ। ਤਾਂ ਤੇ ਸਿਮ੍ਰਤੀਆਂ ਸ਼ਾਸਤ੍ਰਾਂ ਦਾ ਉਪਜਾਉ ਭੀ ਸਭ ਮਾਇਆ ਦਾ, ਮਾਇਆ ਰੂਪੀ ਤ੍ਰੈ ਗੁਣਾਂ ਦਾ ਹੀ ਪਸਾਰ ਹੈ। ਇਸ ਕਰਕੇ ਸਾਰੇ ਸੰਸਾਰ ਵਿਚਿ ਕਾਮ ਕ੍ਰੋਧ ਲੋਭ ਮੋਹ ਹੰਕਾਰ ਹੀ ਆਪਣਾ ਪ੍ਰਬਲ ਪ੍ਰਭਾਵ ਪਾ ਕੇ ਪਸਰ ਰਹੇ ਹਨ, ਜਿਸ ਕਰਕੇ ਉਹ ਸਦਾ ਹੀ ਆਵਾ ਗਵਨ ਵਿਚਿ ਰਹਿੰਦੇ ਹਨ। ਦੁਖ ਹੀ ਦੁਖ ਪਾਉਂਦੇ ਹਨ। ਇਸ ਗੁਰ ਪ੍ਰਮਾਣ ਅੰਦਰਿ ਮਾਇਆ-ਮੋਹ ਯਾ ਭਰਮ ਦਾ ਇਕ ਹੋਰ ਰੂਪ ਦਰਸਾਇਆ ਸਪੱਸ਼ਟਾਇਆ ਗਿਆ ਹੈ, ਉਹ ਹੈ ਦੇਵੀ ਦੇਵਤਿਆਂ ਵਿਚਿ ਆਮ ਸੰਸਾਰੀਆਂ ਆਨਮਤੀਆਂ ਦਾ ਯਕੀਨ, ਦੇਵੀ ਦੇਵਤਿਆਂ ਦੇ ਮੰਨਣ ਵਿਚਿ ਹੀ ਮਾਇਆ-ਮੋਹ ਅਤੇ ਭਰਮ ਕੰਮ ਕਰ ਰਿਹਾ ਹੈ। ਏਸੇ ਭਰਮ ਦਾ ਸਿੱਟਾ ਹੀ ਸਿਮ੍ਰਿਤ ਸ਼ਾਸਤ੍ਰ ਹਨ, ਜਿਨ੍ਹਾਂ ਵਿਚਿ ਦੇਵੀ ਦੇਵਤਿਆਂ ਦਾ ਬਿਰਤਾਂਤ ਹੀ ਸਾਰੇ ਵਿਸਥਾਰ ਨਾਲਿ ਭਰਿਆ ਪਿਆ ਹੈ। ਜਿਨ੍ਹਾਂ ਬਿਰਤਾਂਤਾਂ ਤੋਂ ਗਿਆਨ ਹੁੰਦਾ ਹੈ ਕਿ ਕਿਵੇਂ ਸੰਸਾਰ ਵਿਚਿ ਕਾਮ ਕ੍ਰੋਧ ਆਦਿਕ ਦਾ ਪ੍ਰਭਾਵ ਰਾਜ ਕਰਿ ਰਹਿਆ ਹੈ, ਜਿਸ ਕਰਕੇ ਤ੍ਰੈਗੁਣੀ ਕਰਮ ਕਮਾਵਣਹਾਰੇ ਲੋਗ ਜਨਮ ਮਰਨ ਦੇ ਗੇੜੇ ਕਢਦੇ ਤੇ ਦੁਖ ਪਾ ਰਹੇ ਹਨ।

> ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥ ਤ੍ਰਿਬਿਧਿ
> ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥ ੩ ॥ ਇਹੁ
> ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹਦਿਸਿ ਧਾਵੈ ॥ ਬਿਖੁ ਕਾ
> ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥ ੪ ॥ ਹਉ ਹਉ
> ਕਰੇ ਤੈ ਆਪੁ ਜਣਾਏ ॥ ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥

(ਮਾਝ ਮਃ ੩, ਪੰਨਾ ੧੨੭)

ਆਨਮਤ ਧਰਮ-ਪੁਸਤਕਾਂ ਵਿਚਿ ਦੂਜੇ ਭਾਇ ਦੀਆਂ ਪੜ੍ਹਾਈਆਂ ਹੀ ਹਨ, ਜਿਨ੍ਹਾਂ ਨੂੰ ਪੜ੍ਹਿ ਤ੍ਰੈਬਿਧਿ (ਤ੍ਰਿਗੁਣੀ) ਮਾਇਆ ਕਾਰਨ ਲੁਝਣ (ਝਗੜਨ) ਦੇ ਕਰਮ ਕਰਨ ਦੀ ਸਿਖਸ਼ਾ ਮਿਲਦੀ ਹੈ। ਇਹ ਤ੍ਰਿਬਿਧਿ-ਬੰਧਨੀ-ਕਰਮ ਗਲੇ ਦਾ ਹਾਰ ਬਣ ਕੇ ਚਿੰਮੜ ਜਾਂਦੇ ਹਨ, ਫੇਰ ਕਦੇ ਨਹੀਂ ਛੁਟਦੇ। ਗੁਰ-ਸ਼ਬਦੀ ਹੀ ਇਹਨਾਂ ਤੋਂ ਬੰਦ-ਖਲਾਸੀ ਹੁੰਦੀ ਹੈ। ਬਸ ਤ੍ਰਿਬਿਧੀ ਕਰਮ ਤੋਂ ਬੰਦ-

ਖਲਾਸੀ ਹੋਣ ਪਰ ਹੀ ਮੁਕਤਿ ਪ੍ਰਾਪਤਿ ਕਰਨ ਦਾ ਧੁਰਵਾ ਬਝਦਾ ਹੈ। ਤ੍ਰੈਗੁਣੀ ਕਰਮਾਂ ਦਾ ਫੱਟਿਆ ਹੋਇਆ, ਤ੍ਰਿਬਿਧਿ ਮਨਸ਼ਾ ਦਾ ਮੂਸਿਆ ਹੋਇਆ ਦੂਜੇ ਭਾਇ ਦੀਆਂ ਪੜ੍ਹਾਈਆਂ ਵਿਚ ਪੜ੍ਹ ਕੇ ਕੜ੍ਹਿਆ ਮਨ ਅਤੀ ਚੰਚਲ ਹੋ ਜਾਂਦਾ ਹੈ। ਫੇਰ ਵਸਿ ਹੀ ਨਹੀਂ ਆਉਂਦਾ ਅਤੇ ਦੁਬਿਧਾ ਵਿਚਿ ਲਗਿਆ ਹੋਇਆ ਦਹਿਦਿਸ ਧਾਵੰਦਾ ਫਿਰਦਾ ਹੈ। ਬਿਖ-ਵਿਹਾਜਣੀ-ਕਰਮਾਂ ਵਿਚਿ ਖਚਿਤ ਹੋਇਆ ਬਿਖਿਆ ਦਾ ਕੀੜਾ ਹੀ ਬਣ ਜਾਂਦਾ ਹੈ ਅਤੇ ਬਿਖ-ਮਾਇਆ ਵਿਚ ਹੀ ਰੱਤਿਆ ਰਹਿੰਦਾ ਹੈ। ਬਿਖ ਹੀ ਉਸ ਦੇ ਪੱਲੇ ਪੈਂਦੀ ਹੈ। ਇਉਂ ਬਿਖ ਵਿਚਿ ਹੀ ਪਚਿ ਪਚਿ ਮਰਦਾ ਹੈ। ਹਉਂ ਹਉਂ ਮੈਂ ਮੈਂ ਕਰਦਾ ਹੈ ਤੇ ਆਪਣਾ ਆਪ ਜਣਾਉਂਦਾ ਹੈ। ਇਸ ਹਉਮੈ ਵਿਚਿ ਮੱਤਿਆ ਹੋਇਆ ਜਿੰਨੇ ਭੀ ਕਰਮ ਕਮਾਉਂਦਾ ਹੈ, ਉਤਨੇ ਹੀ ਉਸ ਦੇ ਕੀਤੇ ਕਰਮ ਕੁਲੇਖੇ ਜਾਂਦੇ ਹਨ। ਥਾਇੰ ਨਹੀਂ ਪੈਂਦੇ। ਨਾ ਹੀ ਕਰਨਹਾਰਾ ਕਿਸੇ ਨਿਸ਼ਾਨੇ (ਗੋਲ) ਤੇ ਪਹੁੰਚਦਾ ਹੈ। ਵਾਹਿਗੁਰੂ ਤੋਂ ਬਾਹਰਾ ਕਿਛ ਭੀ ਨਹੀਂ ਕਰ ਸਕਦਾ। ਜੇ ਉਹ ਬਖ਼ਸ਼ੇ ਤਾਂ ਗੁਰ-ਸ਼ਬਦ ਦੇ ਲੜਿ ਲਗ ਜਾਵੇ। ਇਉਂ ਉਹਨਾਂ ਦਾ ਜੀਵਨ ਸੁਕਿਆ ਹੋਇਆ ਫੇਰ ਹਰਿਆ ਭਰਿਆ ਖਿੜਿਆ ਬਾਗ ਬਣ ਸਕਦਾ ਹੈ ਅਤੇ ਸੋਭ-ਸੁਹਾਵਾ ਹੋ ਸਕਦਾ ਹੈ।

> ਜਨਮਿ ਮਰੈ ਤ੍ਰੈਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥ ੧ ॥ ਰਾਮ ਭਗਤਿ ਗੁਰ ਸੇਵਾ ਤਰਣਾ ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥ ੧ ॥ ਰਹਾਉ ॥ ਚਾਰਿ ਪਦਾਰਥ ਕਹੈ ਸਭੁ ਕੋਈ ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥ ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥ ੨ ॥

(ਗਉੜੀ ਮਃ ੧, ਪੰਨਾ ੧੫੪)

ਵਿਆਖਿਆ— ਤ੍ਰੈਗੁਣਾਂ ਨਾਲਿ ਹਿਤਕਾਰ ਪਿਆਰ ਰਖਣ ਵਾਲਾ ਪੜ੍ਹਿ ਪੜ੍ਹਿ ਜੰਮਦਾ ਮਰਦਾ ਹੈ। ਚਾਰੇ ਬੇਦ ਦ੍ਰਿਸ਼ਟਮਾਨ ਦਾ ਬਿਰਤਾਂਤ ਹੀ ਕਥਨ ਕਰਦੇ ਹਨ। ਤੇ ਦ੍ਰਿਸ਼ਟਮਾਨ ਬਿਰਤਾਂਤ ਤੇਹਾਂ ਗੁਣਾਂ ਦਾ ਹੀ ਵਿਸਥਾਰ ਹੈ। ਰਜ, ਤਮ, ਸਤ, ਤੇਹਾਂ ਗੁਣਾਂ ਦਾ ਵਖਿਆਨ ਹੀ ਕਰਦੇ ਹਨ ਚਾਰੇ ਬੇਦ। ਤੁਰੀਆ ਅਵਸਥਾ ਕੇਵਲ ਸਤਿਗੁਰ ਤੋਂ ਹੀ ਜਾਣੀ ਜਾਂਦੀ ਹੈ। ਚਹੁੰਆਂ ਬੇਦਾਂ ਵਿਚਿ ਤੁਰੀਆ ਗੁਣ ਦਾ ਜ਼ਿਕਰ ਹੀ ਨਹੀਂ। ਉਹਨਾਂ ਨੂੰ ਏਸ ਅਵਸਥਾ ਦਾ ਗਿਆਨ ਹੀ ਨਹੀਂ। ਸਤਿਗੁਰੂ ਦੇ ਸਿਖ ਸੇਵਕ ਬਣ ਕੇ ਹੀ ਵਾਹਿਗੁਰੂ ਦੀ ਭਗਤੀ ਹੁੰਦੀ ਹੈ ਅਤੇ ਭਗਤੀ ਦੁਆਰਾ ਹੀ ਨਿਸਤਾਰਾ ਹੈ। ਐਸਾ ਨਿਸਤਾਰਾ ਕਿ ਮੁੜ ਕੇ ਜਨਮ ਮਰਨ ਵਿਚਿ ਆਉਣਾ ਹੀ ਨਹੀਂ ਪੈਂਦਾ। ਚਾਰ ਪਦਾਰਥ (੧) ਅਰਥ (ਦੁਨੀਆਵੀ ਐਸ਼੍ਵਰਜ), (੨) ਧਰਮ (ਧਰਮੀ ਜੀਵਨ), (੩) ਕਾਮ (ਮਨੋਰਥ ਸਫਲਤਾ) ਅਤੇ (੪) ਮੋਖ (ਮੁਕਤੀ) ਸਭ ਕੋਈ ਕਹਿੰਦਾ ਹੈ ਅਤੇ ਮੰਗਦਾ ਹੈ। ਸਿਮ੍ਰਿਤਿ ਸ਼ਾਸਤ੍ਰ ਭੀ ਅਤੇ ਸਿਮ੍ਰਿਤੀਆਂ ਸ਼ਾਸਤ੍ਰ ਦੇ ਪੰਡਤ ਭੀ ਇਹੀ ਮੰਗ ਮੰਗਦੇ ਹਨ, ਚਹੁੰਆਂ ਪਦਾਰਥਾਂ ਦੀ ਅਤੇ ਮੁਖੋਂ ਇਨ੍ਹਾਂ ਚਹੁੰਆਂ ਪਦਾਰਥਾਂ ਦਾ ਹੀ ਵਿਸਥਾਰਕ ਵਖਿਆਨ ਕਰਦੇ ਹਨ। ਪ੍ਰੰਤੂ ਵਾਹਿਗੁਰੂ ਦੀ ਸੱਚੀ ਸਿਖਸ਼ਾ ਬਿਨਾਂ, ਸਿਖੀ ਸੇਵਕੀ ਬਿਨਾਂ ਸੱਚੇ ਅਰਥ ਲਭਣ ਯੋਗ ਤੱਤ ਪ੍ਰਮਾਰਥੀ ਬੀਚਾਰ ਕਿਸੇ ਨੂੰ ਨਹੀਂ ਲੱਭਾ। ਸੱਚਾ ਮੁਕਤ-ਪਦਾਰਥ ਅਤੇ ਵਾਹਿਗੁਰੂ ਦੀ ਪ੍ਰਾਪਤੀ ਸਤਿਗੁਰੂ ਦ੍ਰਿੜ੍ਹਾਈ ਭਗਤੀ ਦੇ ਪ੍ਰਤਾਪ ਨਾਲਿ ਹੁੰਦੀ ਹੈ। ਬੇਦ ਬੀਚਾਰੀ ਤ੍ਰੈਗੁਣੀ ਕਰਮਾਂ ਨਾਲਿ ਟੱਕਰਾਂ ਮਾਰਿਆਂ ਕੁਛ ਨਹੀਂ

ਬਣਦਾ, ਨਾ ਕੁਛ ਲਭਤਾ ਹੁੰਦੀ ਹੈ।

ਤੀਨਿ ਭਵਨ ਮਹਿ ਏਕਾ ਮਾਇਆ ॥ ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥ ਬਹੁ ਕਰਮ ਕਮਾਵੈ ਦੁਖੁ ਸਬਾਇਆ ॥ ਸਤਿਗੁਰੁ ਸੇਵ ਸਦਾ ਸੁਖੁ ਪਾਇਆ ॥ ੬ ॥ ਅੰਮ੍ਰਿਤੁ ਮੀਠਾ ਸਬਦੁ ਵੀਚਾਰਿ ॥ ਅਨਦਿਨੁ ਭੋਗੇ ਹਉਮੈ ਮਾਰਿ ॥ ਸਹਜਿ ਅਨੰਦਿ ਕਿਰਪਾ ਧਾਰਿ ॥ ਨਾਮਿ ਰਤੇ ਸਦਾ ਸਚਿ ਪਿਆਰਿ ॥ ੭ ॥ ੨੫ ॥

(ਆਸਾ ਮਃ ੩, ਪੰਨਾ ੪੨੪)

ਵਿਆਖਿਆ— ਤਿੰਨਾਂ ਲੋਕਾਂ ਵਿਚਿ, ਗੱਲ ਕੀ ਸਾਰੀ ਸ੍ਰਿਸ਼ਟੀ ਵਿਚਿ ਹੀ ਇਕੋ ਮਾਇਆ ਦੀ ਮੁਖ ਉਪਾਸ਼ਨਾ ਦਾ ਜ਼ੋਰ ਹੈ। ਮੂਰਖਾਂ ਪੰਡਿਤਾਂ ਨੇ ਭੀ ਬੇਦ ਸ਼ਾਸਤ੍ਰ ਨੂੰ ਪੜ੍ਹਿ ਪੜ੍ਹਿ ਇਸੇ ਮਾਇਆ ਦੀ ਉਪਾਸ਼ਨਾ ਵਾਲਾ ਦੂਜਾ ਭਾਵ ਹੀ ਲੋਕਾਂ ਨੂੰ ਦ੍ਰਿੜ੍ਹਾਇਆ ਹੈ ਅਤੇ ਖ਼ੁਦ ਦ੍ਰਿੜ੍ਹ ਕੀਤਾ ਹੈ। ਏਹਨਾਂ ਆਨਮਤ ਪੁਸਤਕਾਂ ਬੇਦ ਆਦਿਕਾਂ ਵਿਚ ਹੈ ਹੀ ਦੂਜੇ ਭਾਵ ਦੀ ਤ੍ਰੈਗੁਣੀ ਉਪਾਸ਼ਨਾ ਦਾ ਜ਼ਿਕਰ। ਇਸ ਦੂਜੇ ਭਾਵ ਵਿਚਿ ਅਰੂੜ੍ਹਤ ਹੋ ਕੇ ਹੀ ਬਹੁਤੇ ਤ੍ਰੈਗੁਣੀ ਕਰਮਾਂ ਦੇ ਕਰਨ ਵਿਚਿ ਖਪਤ ਖਚਤ ਹੋ ਕੇ ਇਨ੍ਹਾਂ ਨੇ ਜਨਮ ਗਵਾਉਣ ਤੇ ਲੱਕ ਬੰਨ੍ਹਿਆ ਹੋਇਆ ਹੈ, ਜਿਸ ਦੇ ਕਾਰਨ ਦੁਖ ਹੀ ਦੁਖ ਸਬਾਇਆ ਦਰਪੇਸ਼ ਹੈ। ਜਿਸ ਕਿਸੇ ਨੇ ਸੁਖ ਪਾਇਆ ਹੈ ਸੋ ਸਤਿਗੁਰੂ ਦੇ ਸੇਵਕ ਸਿਖ ਬਣਿਆਂ ਹੀ ਪਾਇਆ ਹੈ। ਐਸਾ ਸੁਖ ਗੁਰ-ਸ਼ਬਦ ਦਾ ਅਭਿਆਸ ਕਮਾਈ ਰੂਪ ਵੀਚਾਰ ਕਰ ਕੇ ਅੰਮ੍ਰਿਤ ਮੀਠਾ ਸੁਖ ਪਾਇਆ ਹੈ ਤਾਂ ਸ਼ਬਦ-ਬੀਚਾਰੀ ਅਭਿਆਸਾਚਾਰੀ ਗੁਰਸਿੱਖਾਂ ਨੇ ਹੀ ਪਾਇਆ। ਜਿਸ ਅੰਮ੍ਰਿਤ-ਰਸ ਪੀਣ ਤੇ ਗਟਾਕ ਚੱਖਣ ਵਿਚਿ ਜੋ ਸੁਆਦੁ ਅਹਿਲਾਦੁ ਆਤਮ ਬਿਸਮਾਦੁ ਹੈ, ਸੋ ਕਿਤੇ ਨਹੀਂ। ਫੇਰ ਇਹ ਸੁਖ-ਅਹਿਲਾਦੀ-ਸੁਆਦੁ ਛਿਨ ਭੰਗਰੀ ਨਹੀਂ। ਇਸ ਸੁਆਦ ਦਾ ਬਿਸਮਾਦ ਆਨੰਦ ਅਨਦਿਨੁ ਮਾਣੀਦਾ ਹੈ। ਮਾਣਦੇ ਹਨ ਮਾਨਣਹਾਰੇ ਗੁਰਮੁਖਿ ਜਨ ਅਤੇ ਭੋਗਦੇ ਹਨ ਭੋਗਣਹਾਰੇ ਭਾਗਵੰਤ! ਉਹਨਾਂ ਦੀ ਹਉਮੈ ਮਰ ਜਾਂਦੀ ਹੈ। ਹਉਮੈ ਰੂਪੀ ਕਾਈ ਰਾਈ ਮਾਤਰ ਭੀ ਉਹਨਾਂ ਦੇ ਅੰਦਰਿ ਨਹੀਂ ਰਹਿੰਦੀ। ਆਤਮ-ਰਸ-ਭੋਗ ਆਨੰਦੀਆਂ ਨੂੰ ਹਉਮੈ ਕਿਥੇ? ਹਉਮੈ ਉਹਨਾਂ ਨੂੰ ਪੋਹ ਹੀ ਨਹੀਂ ਸਕਦੀ। ਉਹ ਸਦਾ ਹੀ ਸਹਜ ਅਨੰਦ ਵਿਚਿ ਮਸਤੂਲ ਮਸਤ ਰਹਿੰਦੇ ਹਨ। ਐਸੀ ਪਰਮ ਕਿਰਪਾ ਉਹਨਾਂ ਉਤੇ ਕਿਰਪਾਲੂ ਗੁਰ ਕਰਤਾਰ ਨੇ ਧਾਰੀ ਹੋਈ ਹੁੰਦੀ ਹੈ। ਨਾਮ-ਰਤਿਆਂ ਦੀ ਸੱਚੇ ਵਾਹਿਗੁਰੂ ਨਾਲਿ ਪਿਰਮ ਸਨੇਹੀ ਗਲ-ਜਫੜੀ ਹੀ ਪਈ ਰਹਿੰਦੀ ਹੈ। ਉਹਨਾਂ ਦੀ ਅੱਖ ਹੋਰ ਪਾਸੇ ਦਉੜਦੀ ਹੀ ਨਹੀਂ।

ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥ ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥ ੨॥ ੧੦॥

(ਸੋਰਠਿ ਮਃ ੩, ਪੰਨਾ ੬੦੩)

ਭਾਵ— ਤ੍ਰੈਗੁਣ ਮਾਇਆ ਦੇ ਕਰਮ ਚਾਹੇ ਕੋਈ ਕਿੰਨੇ ਬਹੁਤੇ ਕਰੇ ਕਮਾਵੇ, ਪਰ ਹਰਿ-ਰਸ ਦਾ ਸੁਆਦ ਇਹਨਾਂ ਕਰਮਾਂ ਦੇ ਕਮਾਇਆਂ ਕਦੇ ਨਹੀਂ ਆਉਂਦਾ। ਇਹ ਅਹਿਲਾਦ ਬਿਸਮਾਦੀ ਸੁਆਦੁ ਤਾਂ ਕਿਰਤਮ ਨਾਮ ਦੇ ਜਪਿਆਂ ਭੀ ਨਹੀਂ ਆਉਂਦਾ, ਚਾਹੇ ਕਿਰਤਮ ਨਾਮ ਜਪਣ ਵਾਲੇ ਕਿਤਨਾ ਜ਼ੋਰ ਲਾ ਥੱਕਣ। ਕਿਉਂਕਿ ਉਹਨਾਂ ਦੇ ਮਨ ਤਾਂ ਤ੍ਰੈਗੁਣੀ ਮਾਇਆ ਨਾਲ ਲਿਬੜੇ ਰਹਿੰਦੇ ਹਨ। ਇਸ ਲਿਬੇੜ ਨੂੰ ਕੇਵਲ ਗੁਰਮਤਿ-ਨਾਮ ਦਾ ਅਭਿਆਸ ਹੀ ਦੂਰ ਕਰ ਸਕਦਾ ਹੈ, ਉਹ ਭੀ


www.sikhbookclub.com

ਜੇ ਪੂਰਨ ਗੁਰਮਤਿ ਮਰਯਾਦਾ ਨਾਲਿ ਪ੍ਰਾਪਤਿ ਹੋਇਆ ਹੋਵੇ। ਆਪ-ਹੁਦਰਾ ਕੋਈ ਗੁਰਮਤਿ ਨਾਮ ਦਾ ਅਭਿਆਸ ਭੀ ਨਹੀਂ ਕਰ ਸਕਦਾ, ਜਦ ਤਾਈਂ ਨਾਮ ਗੁਰ-ਮੰਤਰ ਦੀ ਗੁੜ੍ਹਤੀ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਗੁਰੂ ਦੁਆਰਿਓਂ, ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕ ਕਰ ਕੇ ਨ ਮਿਲੀ ਹੋਵੇ—

> ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥ ਸਾਸਤ੍ਰ ਬੇਦ ਤ੍ਰੈਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥ ੩ ॥ ਖੋਇਓ ਮੂਲ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ ॥ ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥ ੪ ॥ ੪ ॥ ੫ ॥

(ਭੈਰਾਉ ਮਃ ੧, ਪੰਨਾ ੧੧੨੬)

ਭਾਵਾਰਥ— ਅੰਤ ਬੁਢੇਪਾ ਆਉਣ ਕਰਕੇ ਡਗਮਗੀ ਥਿੜਕਵੀਂ ਚਾਲ ਭੀ ਹੋ ਗਈ ਅਤੇ ਨੇਤਰ ਭੀ ਅੰਧਲੇ ਹੋ ਗਏ। ਦਿਸਣੋਂ ਰਹਿ ਗਇਆ, ਤੁਰਨ ਲਗਿਆਂ ਡਿਕ-ਡੋਲੇ ਖਾਂਦਾ ਹੈ, ਤੁਰ ਨਹੀਂ ਹੁੰਦਾ। ਪਰ ਫੇਰ ਭੀ ਉਸ ਨੂੰ ਗੁਰਮਤਿ ਮਤਿ ਨਹੀਂ ਆਉਂਦੀ। ਗੁਰਮਤਿ ਦੇ ਨੇੜੇ ਨਹੀਂ ਜਾਂਦਾ। ਸ਼ਬਦ ਸੁਰਤਿ ਵਾਲੀ ਗੱਲ ਉਸ ਨੂੰ ਭਾਉਂਦੀ ਹੀ ਨਹੀਂ। ਸ਼ਾਸਤ੍ਰਾਂ ਬੇਦਾਂ ਪਿਛੇ ਪਿਆ ਟੱਕਰਾਂ ਮਾਰਦਾ ਫਿਰਦਾ ਹੈ। ਅਤੇ ਅੰਨ੍ਹੇਵਾਹ ਧੰਧ ਕਮਾਉਂਦਾ ਹੈ, ਕਿਉਂਕਿ ਸ਼ਾਸਤ੍ਰਾਂ ਬੇਦਾਂ ਦਾ ਵੀਚਾਰ ਤੈਗੁਣੀ ਮਾਇਆ ਦੇ ਪਾਸਾਰੇ ਬਿਸਥਾਰੇ ਵਾਲਾ ਹੀ ਹੈ। ਇਹਨਾਂ ਦੇ ਪੜ੍ਹਨ ਵਾਲਾ, ਪੜ੍ਹ ਕੇ ਕਮਾਉਣ ਵਾਲਾ ਤ੍ਰੈਗੁਣ ਰੂਪ ਛੂਛੀ ਛਾਇਆ ਮਾਇਆ ਦੇ ਪਿਛੇ ਹੀ ਧੰਧ ਕਮਾਉਂਦਾ ਹੈ। ਤੱਤ ਮੂਲ ਛਡ ਕੇ ਦੁਰਮਤਿ ਗਿਆਨ ਵਿਹੂਣੇ ਪੁਰਸ਼ ਨੂੰ ਲਾਭ ਕਿਥੋਂ ਆਉਣਾ ਹੈ? ਕਿਤੋਂ ਭੀ ਨਹੀਂ। ਦੁਰਮਤਿ ਬੁਧੀ ਵਾਲੇ ਨੂੰ, ਤ੍ਰੈਗੁਣੀ ਮਾਇਆ ਵਿਚਿ ਲਿਪਾਇਮਾਨ ਹੋਈਵੀ ਕੁਮੱਤੜੀ ਵਾਲੇ ਨੂੰ ਗੁਰਮਤਿ ਤੱਤ ਗਿਆਨ ਕਿਥੋਂ ਮਿਲਣਾ ਹੋਇਆ? ਜਿਨ੍ਹਾਂ ਨੇ ਗੁਰਮਤਿ-ਦੀਖਿਆ ਲੈ ਕੇ ਗੁਰ-ਮੰਤਰ ਸ਼ਬਦ ਦਾ ਅਭਿਆਸ ਕਮਾਈ ਰੂਪੀ ਸੱਚੜਾ ਵੀਚਾਰ ਅਮਲ ਕੀਤਾ ਹੈ, ਉਸੇ ਵਡਭਾਗੇ ਗੁਰਮੁਖਿ ਜਨ ਨੇ ਹੀ ਤੱਤ ਵਥੀ ਰਾਮ ਰਸ ਚਖਿਆ ਹੈ। ਅਤੇ ਉਸੇ ਨੂੰ ਹੀ ਸੱਚ ਵਾਹਿਗੁਰੂ ਦੀ ਸੱਚੜੀ ਪਤੀਜ ਸ਼ਰਧਾ ਆਈ ਹੈ। ਇਹ ਸ਼ਰਧਾ ਤ੍ਰੈਗੁਣੀ ਧਾਤ ਵਾਲੇ ਬੇਦਾਂ ਸ਼ਾਸਤ੍ਰਾਂ ਪਿਛੇ ਦਉੜਿਆਂ ਸਗੋਂ ਹੋਰ ਭੀ ਘਟਦੀ ਹੈ। ਅਤੇ ਕਈਆਂ ਦੀ ਤਾਂ ਕਈ ਹਾਲਤਾਂ ਵਿਚ ਉੱਕੀ ਹੀ ਜਾਂਦੀ ਰਹਿੰਦੀ ਹੈ।

> ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥ ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥ ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥ ੨ ॥ ੧ ॥

(ਮਲਾਰ ਮਃ ੩, ਪੰਨਾ ੧੨੫੭)

ਕੀ ਬ੍ਰਹਮਾ, ਕੀ ਬਿਸ਼ਨੁ, ਕੀ ਮਹੇਸ਼ (ਮਹਾਂਦੇਉ) ਬੇਦਾਂ ਨੂੰ ਪੜ੍ਹ ਪੜ੍ਹ ਕੇ ਵਾਦ ਹੀ ਵਖਾਣਦਾ ਹੈ। ਭਾਵੇਂ ਕੋਈ ਪੜ੍ਹੇ ਬੇਦਾਂ ਨੂੰ, ਭਾਵੇਂ ਬ੍ਰਹਮਾ ਪੜ੍ਹੇ, ਭਾਵੇਂ ਬਿਸ਼ਨੂੰ ਪੜ੍ਹੇ, ਭਾਵੇਂ ਮਹਾਂਦੇਉ। ਇਹਨਾਂ ਤੇਹਾਂ ਦੇਵਤਿਆਂ ਵਿਚੋਂ ਚਾਹੇ ਕੋਈ ਬੇਦਾਂ ਨੂੰ ਪੜ੍ਹੇ, ਉਹ ਵਾਦ ਹੀ ਵਖਾਣਦਾ ਹੈ, ਕਿਉਂਕਿ ਬੇਦਾਂ ਵਿਚਿ ਤ੍ਰੈਗੁਣੀ ਮਾਇਆ ਦਾ ਬਖੇੜਾ ਹੀ ਭਰਿਆ, ਲਿਖਿਆ ਪਿਆ ਹੈ। ਬਸ ਤ੍ਰੈਗੁਣੀ ਮਾਇਆ ਨੇ ਸਾਰਾ ਜਗਤ ਹੀ ਭਲਾ ਛਡਿਆ ਹੈ। ਤ੍ਰੈਗੁਣੀ ਕਰਮ ਕਰਨਹਾਰਾ ਸਭ ਕੋਈ ਅਸਲੀ

ਤੱਤ ਮਾਰਗ ਤੋਂ, ਪ੍ਰਮਾਰਥ ਦੇ ਮਾਰਗ ਤੋਂ ਭੁਲਿਆ ਹੀ ਫਿਰਦਾ ਹੈ। ਬ੍ਰਹਮਾ ਬਿਸ਼ਨ ਮਹੇਸ਼ ਵਰਗੇ ਭੁਲੇ ਫਿਰਦੇ ਅਤੇ ਵਾਦ ਵਖਾਣਦੇ ਰਹੇ ਬੇਦਾਂ ਨੂੰ ਪੜ੍ਹਿ ਪੜ੍ਹਿ, ਤਾਂ ਜਗਤ ਕਿਸ ਦਾ ਬਿਚਾਰਾ? ਮਾਨੁਖ ਮਾਤਰ ਸਣੇ ਦੇਵਤਿਆਂ ਦੇ ਤ੍ਰੈਗੁਣੀ ਮਾਇਆ ਦਾ ਹੀ ਭੁਲਾਇਆ ਫਿਰਦਾ ਹੈ। ਏਹਨਾਂ ਤ੍ਰੈਗੁਣ ਕਰਮਾਂ ਦੇ ਕਰਨਹਾਰਿਆਂ ਨੂੰ ਅਤੇ ਤ੍ਰੈਗੁਣ ਕਰਮ ਕਰਿ ਕਰਿ ਭੁਲਣਹਾਰਿਆਂ ਨੂੰ ਹਰ ਦਮ ਜਨਮ ਮਰਨ ਦਾ ਸੰਸਾ ਹੀ ਵਿਆਪਿਆ ਰਹਿੰਦਾ ਹੈ। ਸਤਿਗੁਰੂ ਦੇ ਪ੍ਰਸਾਦ ਕਰਿ ਜਿਸ ਜਿਸ ਵਿਰਲੇ ਵਡਭਾਗੇ ਗੁਰਮੁਖਿ ਜਨ ਨੂੰ ਇਕ ਅਕਾਲ ਪੁਰਖ ਦਾ ਤੱਤ ਗਿਆਨ ਗੁਰ-ਮੰਤਰ ਹੀ ਪ੍ਰਚੰਡ ਗਿਆਨ ਨਸੀਬ ਹੋ ਜਾਵੇ ਤਾਂ ਹੀ ਇਸ ਧੰਧੇ ਤੋਂ ਰਹਿਤ ਹੁੰਦਾ ਹੈ। ਉਸ ਦੇ ਮਨ ਅੰਤਰੋਂ ਆਵਾਗਉਣ ਦਾ ਅੰਦੇਸ਼ਾ ਦੂਰ ਹੋ ਜਾਂਦਾ ਹੈ। ਨਹੀਂ ਤਾਂ ਆਮ ਨਿਗੁਰੀ ਲੁਕਾਈ ਤੇਹਾਂ ਗੁਣਾਂ ਵਿਚਿ ਕਰਮ ਕਰਿ ਕਰਿ ਚੁਰਾਸੀ ਵਿਚਿ ਜਾ ਖਪਦੀ ਹੈ।

**ਤ੍ਰੈਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥ ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥ ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥ ੨ ॥ ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥ ਤਿਸ ਕੀ ਕੀਮਤਿ ਨ ਪਵੈ ਕਹਣਾ ਕਿਛੂ ਨ ਜਾਇ ॥ ਚਉਥੈ ਪਦਿ ਵਾਸਾ ਹੋਇਆ ਸਚੈ ਰਹੇ ਸਮਾਇ ॥ ੩॥ ੨॥**

(ਮਲਾਰ ਮਃ ੩, ਪੰਨਾ ੧੨੫੮)

ਭਾਵ— ਤਿੰਨੇ ਗੁਣ ਸਭ ਮਾਇਆ ਹੀ ਹੈ। ਸੋ ਇਹਨਾਂ ਤੇਹਾਂ ਗੁਣਾਂ ਦੇ ਕਰਮ ਕੀਤਿਆਂ ਨਾ ਵਾਹਿਗੁਰੂ ਦੀ ਭਗਤੀ ਪ੍ਰਾਪਤਿ ਹੁੰਦੀ ਹੈ ਅਤੇ ਨਾ ਹੀ ਪ੍ਰਮਾਰਥ ਵਲ ਪ੍ਰੇਮ ਲਗਦਾ ਹੈ। ਏਨ੍ਹਾਂ ਤ੍ਰੈਗੁਣੀ ਕਰਮ ਕਰਨਹਾਰਿਆਂ ਦੀ ਕਦੇ ਗਤਿ ਕਲਿਆਣ ਨਹੀਂ ਹੁੰਦੀ, ਨਾ ਮੁਕਤੀ ਹੁੰਦੀ ਹੈ। ਕਿਉਂਕਿ ਤ੍ਰੈਗੁਣੀ ਕਰਮ ਸਭ ਹਉਮੈ ਦੇ ਕਰਮ ਹੀ ਹੁੰਦੇ ਹਨ। ਤ੍ਰੈਗੁਣੀ ਕਰਮ ਕਰਨਹਾਰੇ ਹਉਮੈ ਵਿਚਿ ਧੱਕੇ ਖਾਂਦੇ ਫਿਰਦੇ ਹਨ। ਕਿਰਤ ਕਰੰਮੀ ਲੇਖਾਂ ਦੇ ਬਧੇ ਫਿਰਦੇ ਹਨ। ਜੋ ਸੱਚੇ ਸਾਹਿਬ ਨੂੰ ਭਾਉਂਦਾ ਹੈ ਸੋ ਥੀਂਦਾ ਹੈ। ਕਰਮ ਅਨੁਸਾਰ ਤ੍ਰੈਗੁਣੀ ਕਰਮਾਂ ਦੇ ਕਰਨ ਦਾ ਮੁੜਿ ਮੁੜਿ ਗੇੜ ਹੀ ਬੱਝ ਜਾਂਦਾ ਹੈ, ਭਾਣੇ ਅੰਦਰਿ ਸੱਚੇ ਸਤਿਗੁਰੂ ਦੀ ਭੇਟ ਮੁਲਾਕਾਤ ਹੋ ਜਾਵੇ ਤਾਂ ਪਾਰਸ ਰੂਪ ਸਤਿਗੁਰੂ ਦੇ ਭੇਟੇ ਜਾਣ ਕਰਿ ਕੋਈ ਪਾਰਸ ਕਲਾ ਵਰਤੇ ਤਾਂ ਮਨ ਮਰਦਾ ਹੈ ਅਤੇ ਮਨ ਦੀ ਮਲ, ਮਾਇਆ ਰੂਪੀ ਧਾਤ ਭੀ ਮਰ ਜਾਂਦੀ ਹੈ। ਤਾਂ ਗੁਰ ਪ੍ਰਸਾਦਿ ਗੁਰ-ਦੀਖਿਆ ਪ੍ਰਾਪਤਿ ਕਰਿ ਨਾਮ ਮਨ ਵਿਚਿ ਆ ਵਸਦਾ ਹੈ। ਤਿਸ ਨਾਮ ਮਨਿ ਵਸਣ ਵਾਲੀ ਬਿਵਸਥਾ ਦੀ ਕੀਮਤ ਹੀ ਨਹੀਂ ਪੈਂਦੀ ਅਤੇ ਇਸ ਪ੍ਰਥਾਇ ਕੁਛ ਕਹਿਣ ਦੀ ਕੁਦਰਤਿ ਭੀ ਕਿਸੇ ਨੂੰ ਨਹੀਂ, ਇਹ ਅਵਸਥਾ ਹੀ ਕਹਿਣ ਕਥਨ ਤੋਂ ਨਿਆਰੀ ਹੈ। ਤ੍ਰੈਗੁਣਾਂ ਵਿਚੋਂ ਨਿਕਲ ਕੇ ਤੁਰੀਆ ਗੁਣ ਚੌਥੇ ਪਦ ਵਿਚਿ ਵਾਸ ਹੋ ਜਾਂਦਾ ਹੈ। ਬਸ, ਫੇਰ ਤਾਂ ਸੱਚੇ ਵਾਹਿਗੁਰੂ ਵਿਚਿ ਹੀ ਸਮਾਈ ਵਾਸ-ਵਸਾਈ ਹੋ ਜਾਂਦੀ ਹੈ।

ਪਰਵਿਰਤ ਨਰਵਿਰਤ ਦੋਹਾਂ ਪਾਪਾਂ ਦੇ ਕਰਮ ਸਭਿ ਤ੍ਰੈਗੁਣੀ ਕਰਮ ਹੀ ਹਨ। ਯਥਾ ਗੁਰਵਾਕ—

**ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥ ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥ ਮਨਮੁਖ ਕਚੇ ਕੂੜਿਆਰ ਤਿਨੀ ਨਿਹਚਉ ਦਰਗਹ ਹਾਰਿਆ ॥**


www.sikhbookclub.com

ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧ ਜਿਨ੍ੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥ ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ ਸਤਿਗੁਰੁ ਸੇਵਨਿ ਆਪਣਾ ਤਿਨਾ ਵਿਟਹੁ ਹਉ ਵਾਰਿਆ ॥ ੫ ॥

(ਵਾਰ ਮਲਾਰ ਕੀ ਮਃ ੧, ਪੰਨਾ ੧੨੮੦)

ਵਿਆਖਿਆ— ਗ੍ਰਿਹਸਤ ਅਤੇ ਤਿਆਗ, ਪਰਵਿਰਤ ਅਤੇ ਨਰਵਿਰਤ ਇਹ ਦੋਵੇਂ ਪੱਖ (ਤਰਫ਼) ਉਪਜੇ (ਪੈਦਾ) ਹੋਏਵੇ ਹਨ। ਬੇਦਾਚਾਰੀ ਆਖਦੇ ਹਨ ਕਿ ਉਸੇ ਕਰਤੇ ਪੁਰਖ ਦੇ ਉਪਾਏ ਹੋਏ ਹਨ। ਭਾਵੇਂ ਕਿਵੇਂ ਭੀ ਹੋਵੇ, ਦੋਹਾਂ ਤਰਫ਼ਾਂ (ਪੱਖਾਂ) ਵਿਚਿ ਇਕੋ ਅਕਾਲ ਪੁਰਖ ਵਰਤ ਰਹਿਆ ਹੈ। ਪੂਰਨ ਗੁਰਮਤਿ ਅਸੂਲ ਅਨੁਸਾਰ ਭੀ ਇਹ ਠੀਕ ਹੈ ਕਿ ਉਹ ਚਰ ਅਚਰ ਜੀਵ ਸ੍ਰਿਸ਼ਟੀ ਵਿਚਿ ਸਾਰੇ ਹੀ ਆਪਿ ਵਰਤ ਰਿਹਾ ਹੈ। ਦੋਹਾਂ ਤਰਫ਼ਾਂ ਵਿਚਿ ਤਾਂ ਵਰਤਣਾ ਹੀ ਸੀ ਉਸੇ ਏਕ ਨੇ। ਪਰ ਇਹ ਪਰਵਿਰਤ ਨਰਵਿਰਤ ਪੱਖਾਂ (ਦੋਹਾਂ ਤਰਫ਼ਾਂ) ਦਾ ਵਿਤਕਰਾ ਬੇਦਾਂ ਨੇ ਹੀ ਆ ਕੇ ਪਾਇਆ ਹੈ। ਬੇਦਾਂ ਦੇ ਕਰਤਿਆਂ ਧਰਤਿਆਂ ਨੇ ਬੇਦ-ਬਾਣੀ ਦਾ ਵਰਤਾਰਾ ਵਰਤਾ ਕੇ ਅਤੇ ਦੋਹਾਂ ਤਰਫ਼ਾਂ (ਪੱਖਾਂ) ਦਾ ਪਸਾਰਾ ਪਸਰਾਇ ਕੇ ਦੋਹਾਂ ਪੱਖਾਂ ਅੰਦਰਿ ਵਾਦ-ਬਿਵਾਦ ਦਾ ਝਗੜਾ ਘੱਤ ਦਿੱਤਾ ਹੈ। ਪਰਵਿਰਤ ਨਰਵਿਰਤ ਦੋਵੇਂ ਬਾਦ-ਬਿਵਾਦੀਆਂ ਹਠੀਆਂ ਦੇ ਹਠ ਬੰਨੇ ਹਨ। ਬੇਦਾਚਾਰੀ ਧਰਮ ਇਹਨਾਂ ਹਠਾਵਾਂ ਦਾ ਰਹਿਬਰ ਬਸੀਠ ਬਣਿਆ ਹੋਇਆ ਹੈ। ਇਹਨਾਂ ਦੋਹਾਂ ਪੱਖਾਂ ਵਾਲੇ ਹਠੀਏ ਦੋਵੇਂ ਹੀ ਮਨਮੁਖ ਕਚੇ ਕੂੜਿਆਰ ਹਨ। ਪਰਵਿਰਤੀ ਨਰਵਿਰਤੀ ਪੱਖ ਦੇ ਤ੍ਰੈਗੁਣੀ ਕਰਮ ਕਰਨੇ ਹੀ ਇਹਨਾਂ ਦਾ ਆਪੋ ਆਪਣਾ ਧਰਮ ਹੈ। ਪਰ ਕਚ-ਘਰੜ, ਕੂੜਿਆਰਾਂ ਵਾਲਾ ਹੀ ਧਰਮ ਹੈ, ਮਨਮੁਖ ਮਾਇਆਧਾਰੀ ਧਾਤ-ਕਰੰਮੀ ਧਰਮ ਹੀ ਹੈ। ਇਸ ਕਰਕੇ ਇਹ ਮਨਮੁਖ ਧਾਤ-ਕਰੰਮੀ ਪਰਵਿਰਤ ਨਰਵਿਰਤ ਕਚ ਕੂੜ-ਕਰੰਮੀ ਤ੍ਰੈਗੁਣਾ-ਚਾਰੀ ਨੂੰ ਨਿਸਚੇ ਕਰਕੇ ਅਗੇ ਧਰਮਰਾਇ ਕੋਲ ਜਾਣਾ ਹੋਵੇਗਾ ਅਤੇ ਨਿਸਚੇ ਕਰਕੇ ਜ਼ਰੂਰ ਹੀ ਅਗਲੀ ਦਰਗਾਹਿ ਜਾ ਕੇ ਹਾਰਨਾ ਪਵੇਗਾ। ਦੋਹਾਂ ਪੱਖਾਂ ਦੇ ਤ੍ਰੈਗੁਣੀ ਮਾਇਆ-ਧਾਤਵੀ ਕਰਮ ਨਿਹਫਲ ਜਾਣਗੇ। ਅਗੇ ਜਾ ਕੇ ਸਹਾਈ ਨਹੀਂ ਹੋਣਗੇ। ਪਰੰਤੂ ਗੁਰਮਤਿ ਦੁਆਰਾ ਜਿਨ੍ਹਾਂ ਗੁਰਮੁਖਾਂ, ਗੁਰਸ਼ਬਦ-ਸੁਰਤੀਸ਼ਰਾਂ ਸੂਰਮਿਆਂ ਨੇ ਅਟੁਟ ਨਾਮ ਅਭਿਆਸ ਕਮਾਈਆਂ ਦੀ ਬਾਜੀ ਲਾਈ ਹੈ ਅਤੇ ਗੁਰਮਤਿ ਦੇ ਧੜਮੱਲ ਸੂਰਮੇ ਹੋ ਕੇ ਜਿਨ੍ਹਾਂ ਨੇ ਜਿਣ ਬਾਜੀ ਦਾ ਸੱਚਾ ਪਿੜੂ ਮਲਿਆ ਹੈ, ਉਹੀ ਸੂਰਮੇ ਜਿਣ ਬਾਜੀ ਲੈ ਜਾਣਗੇ। ਸੱਚੇ ਸੂਰਮੇ ਉਹੀ ਗੁਰਮੁਖਿ ਜਨ ਗੁਰ-ਸ਼ਬਦ ਅਭਿਆਸ ਕਮਾਈਆਂ ਵਾਲੇ ਹਨ ਜਿਨ੍ਹਾਂ ਨੇ ਸ਼ਬਦ-ਕਮਾਈਆਂ ਦੀਆਂ ਸੂਰਮਤਾਈਆਂ ਕਰਿ ਕਰਿ ਕਾਮ ਕ੍ਰੋਧ ਆਦਿ ਪੰਜਾਂ ਦੂਤਾਂ ਨੂੰ ਮਾਰ ਕੇ ਮਲ ਦਲ ਛਡਿਆ ਹੈ। ਉਹ ਸੂਰਮੇ ਸੱਚੇ ਵਾਹਿਗੁਰੂ ਦੇ ਸੱਚੇ ਮਹਲ ਦਰਬਾਰ ਅੰਦਰਿ ਸ਼ਬਦ-ਸੰਵਾਰੇ ਅਤੇ ਸ਼ਬਦ-ਸੀਂਗਾਰੇ ਹੀ ਸੁਰਖ਼ਰੂ ਹੋ ਕੇ ਅਤੇ ਉਜਲ ਮੁਖ ਲੈ ਕੇ ਜਾਣਗੇ। ਸੱਚੇ ਗੁਰਮਤਿ ਨਾਮ ਦੇ ਪਿਆਰ-ਪਿਰੰਮੀ ਗੁਰਮੁਖਿ ਭਗਤ ਜਨ ਹੀ ਸੱਚੇ ਵਾਹਿਗੁਰੂ ਨੂੰ ਭਾਵੰਦੇ ਹਨ, ਕਿਉਂਕਿ ਉਹ ਸੱਚੇ ਪਿਆਰ ਹਿਤਕਾਰ ਸੇਤੀ, ਸੱਚੀ ਸ਼ਰਧਾ ਭਾਵਨਾ ਭਗਤਿ ਸੇਤੀ ਮਨੋਂ ਤਨੋਂ ਗੁਰਮਤਿ ਨਾਮ ਦੀਆਂ ਸੱਚੀਆਂ ਅਭਿਆਸ ਕਮਾਈਆਂ ਕਰਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਜੋ ਇਕੋ ਗੁਰੂ ਗੁਰੂਆਂ ਸਿਰਿ ਗੁਰੂ ਵਾਹਿਗੁਰੂ ਦੀ ਸਿਮਰਨ ਭਗਤੀ ਸਿਫ਼ਤਿ ਸਾਲਾਹ ਰੂਪੀ ਸੇਵਾ ਕਰਦੇ ਹਨ ਤਿਨ੍ਹਾਂ ਵਿਟਹੁੰ ਮੈਂ ਵਾਰੇ ਵਾਰੇ, ਕੁਰਬਾਨੇ ਕੁਰਬਾਨੇ, ਘੋਲੇ ਘੋਲੇ, ਖੰਨੀਐ ਖੰਨੀਐ ਜਾਂਦਾ ਹਾਂ।

# ੧੯ – ਬੰਧਨ ਬਿਆਪਤ ਕਰਮ

ਮਾਇਆ, ਹਉਮੈ ਬੰਧਨੀ ਹੋ ਕੇ, ਹਉਮੈ ਬੰਧਨ ਰੂਪ ਹੋ ਕੇ ਸਾਰੇ ਹੀ ਆਨਮਤ ਮਨਮਤਿ ਮਨਮੁਖੀ ਕਰਮਾਂ ਅੰਦਰਿ ਅਤੇ ਮਨਮੁਖੀ, ਮਨਮਤੀ ਆਨਮਤੀ ਕਰਮ ਕਰਨਹਾਰਿਆਂ ਅੰਦਰਿ ਬਿਆਪ ਰਹੀ ਹੈ। ਜਿਤਨੇ ਭੀ ਇਹ ਕਰਮ ਕੀਤੇ ਜਾਂਦੇ ਹਨ (ਕੀ ਆਨਮਤੀ ਕਰਮ, ਕੀ ਮਨਮਤੀ ਕਰਮ ਤੇ ਕੀ ਮਨਮੁਖੀ ਕਰਮ) ਸਭ ਹਉਮੈ ਬਿਆਪਤ ਕਰਮ ਹਨ, ਸਭ ਹਉਮੈ ਬੰਧਨ ਕਰਮ ਹਨ। ਮਾਇਆ-ਮਤਿ ਬੰਧਨੀ ਹਉਮੈ ਕਰਮ ਹਨ, ਕਿਉਂਕਿ ਸਾਰੇ ਹੀ ਹਉਮੈ ਮਤੜੀ ਦੇ ਮਾਇਆ ਮਤੜੇ ਕਰਮ ਏਸ ਬੰਧਨਾ ਵਿਚਿ ਬਧੇ ਹੋਏ ਹੀ ਕੀਤੇ ਜਾਂਦੇ ਹਨ।

**ਬਿਆਪਤ ਹਰਖ ਸੋਖ ਬਿਸਥਾਰ ॥ ਬਿਆਪਤ ਸੁਰਗ ਨਰਕ ਅਵਤਾਰ ॥ ਬਿਆਪਤ ਧਨ ਨਿਰਧਨ ਪੇਖਿ ਸੋਭਾ ॥ ਮੂਲ ਬਿਆਧੀ ਬਿਆਪਸਿ ਲੋਭਾ ॥ ੧ ॥ ਮਾਇਆ ਬਿਆਪਤ ਬਹੁਤ ਪਰਕਾਰੀ ॥ ਸੰਤ ਜੀਵਹਿ ਪ੍ਰਭੁ ਓਟ ਤੁਮਾਰੀ ॥ ੧ ॥ ਰਹਾਉ ॥ ਬਿਆਪਤਂ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥ ਬਿਆਪਤ ਹਸਤਿ ਘੋੜੇ ਅਰ ਬਸਤਾ ॥ ਬਿਆਪਤ ਰੂਪ ਜੋਬਨ ਮਦ ਮਸਤਾ ॥ ੨ ॥ ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ ਗੀਤ ਨਾਦ ਸੁਣਿ ਸੰਗਾ ॥ ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥ ੩ ॥ ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤਿ ਗਿਰਸਤ ਬਿਆਪਤ ਉਦਾਸਾ ॥ ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥ ੪ ॥ ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥ ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ ਨ ਆਵੈ ਮਾਈ ॥ ੫ ॥ ੧੯ ॥ ੮੮ ॥**

(ਗਉੜੀ ਗੁਆਰੇਰੀ ਮਃ ੫, ਪੰਨਾ ੧੮੧-੮੨)

ਵਿਆਖਿਆ— ਜੋ ਕਰਮ ਹਰਖ ਸੋਗ ਵਿਚਿ ਲਿਪਾਇਮਾਨ ਹੋ ਕੇ ਕੀਤੇ ਜਾਣ ਅਤੇ ਜਿਨ੍ਹਾਂ ਕਰਮਾਂ ਦਾ ਨਤੀਜਾ ਭੀ ਅੰਤ ਹਰਖ ਸੋਗ ਹਠ ਉਪਜਣਾ ਹੁੰਦਾ ਹੈ ਉਹਨਾਂ ਕਰਮਾਂ ਵਿਚਿ ਭੀ ਸਮਝੋ, ਹਉਮੈ ਬੰਧਨੀ ਮਾਇਆ ਹੀ ਵਿਆਪ ਰਹੀ ਹੈ। ਜੋ ਜੋ ਕਰਮ ਆਨਮਤੀ ਅਹੰਮੇਵੀ ਲੋਗ ਸੁਰਗਾਂ ਬਹਿਸ਼ਤਾਂ ਦੀ ਬਾਂਛਾ ਹਿਤ ਕਰਦੇ ਹਨ ਉਹ ਭੀ ਨਿਰੇ ਹੀ ਹਉਮੈ ਬੰਧਨੀ ਮਾਇਆ ਬਿਆਪਤੀ ਕਰਮ ਹਨ। ਜਿਨ੍ਹਾਂ ਕਰਕੇ ਕਦੇ ਉਹਨਾਂ ਨੂੰ ਸੁਰਗ ਵਿਚ ਜਾਣਾ ਪੈਂਦਾ ਹੈ। ਫੇਰ ਸੁਰਗ ਭੁਗਤਣੀ ਮਿਆਦ ਮੁਕ ਜਾਂਦੀ ਹੈ। ਮੁੜਿ ਉਹਨਾਂ ਨੂੰ ਨਰਕ ਅਵਤਾਰੀ ਬਣਨਾ ਪੈਂਦਾ ਹੈ।

ਜੋ ਕਰਮ ਧਨ ਦੀ ਖਾਤਰ, ਨਿਰੋਲ ਧਨ ਇਕੱਤਰਤਾ ਦੀ ਖਾਤਰ ਕੀਤੇ ਜਾਂਦੇ ਹਨ, ਉਹ ਤਾਂ ਹੈਨ ਹੀ ਨਿਰੇ ਬੰਧਨੀ ਮਾਇਆ ਬਿਆਪਤ ਕਰਮ। ਨਿਰਧਨ ਪੁਰਸ਼ ਭੀ ਜੋ ਕਰਮ ਕਮਾਉਂਦਾ ਹੈ (ਕਮਾਉਂਦਾ ਤਾਂ ਹੈ ਧਨੀ ਬਣਨ ਲਈ, ਪਰ ਕਹਾਉਂਦਾ ਹੈ ਆਪਣੇ ਆਪ ਨੂੰ ਨਿਰਧਨ ਕੰਗਾਲ ਗਰੀਬ ਹੀ) ਉਸ ਦਾ ਇਹ ਕਰਮ ਭੀ ਹਉਮੈ ਬੰਧਨੀ ਮਾਇਆ ਬਿਆਪਤ ਕਰਮ ਹੈ। ਕਿਉਂਕਿ ਦਿਲੋਂ

ਗਰੀਬੀ ਨਹੀਂ ਆਉਂਦੀ, ਉਪਰੋਂ ਗਰੀਬ ਸਦਾਉਂਦੇ ਹਨ। ਅੰਦਰੋਂ ਆਕੜਫੂੰ ਰਹਾਉਂਦੇ ਹਨ। ਅਸਲ ਗਰੀਬੀ, ਤੱਤ ਗਰੀਬੁਤਾ ਨਾਮ ਵਿਚਿ ਰਤਿਆਂ ਹੀ ਆਉਂਦੀ ਹੈ, ਨਿਰਧਨ ਬਣਿਆਂ ਨਿਰਧਨ ਹੋਇਆਂ ਨਹੀਂ ਆਉਂਦੀ। ਜਿਹੜੇ ਮਨਮੁਖ ਅਗਿਆਨੀ ਪੁਰਸ਼ ਸਿਰਫ਼ ਦੁਨੀਆਵੀ ਸੋਭਾ ਦੀ ਖਾਤਰ ਕਰਮ ਕਮਾਉਂਦੇ ਹਨ ਅਤੇ ਆਪਣੀ ਸ਼ੁਸ਼ਕ ਸੋਭਾ ਨੂੰ ਪੇਖਿ ਪੇਖਿ ਬਫ਼ਾਉਂਦੇ ਹਨ, ਉਹਨਾਂ ਉਪਰ ਹਉਮੈ ਬੰਧਨੀ ਮਾਇਆ ਹੀ ਬਿਆਪ ਰਹੀ ਹੈ। ਤਾਂ ਤੇ ਇਹ ਭੀ ਮਾਇਆ ਬਿਆਪਤ ਹਉਮੈ ਬੰਧਨੀ ਕਰਮ ਹੀ ਹੈ। ਜਿਹੜੇ ਕਰਮ ਲੋਭ ਦੇ ਅਧੀਨ ਹੋ ਕੇ ਕੀਤੇ ਜਾਂਦੇ ਹਨ, ਉਹ ਤਾਂ ਹਨ ਹੀ ਨਿਰੇ ਪਾਪਾਂ ਦੀ ਉਪਾਧੀ, ਮੂਲ ਬਿਆਧੀ ਵਾਲੇ ਕਰਮ, ਲੋਭ ਵਿਚਿ ਬਿਆਪ ਕੇ ਜੁ ਕੀਤੇ ਜਾਂਦੇ ਹਨ। ਲੋਭ ਸਾਰੇ ਪਾਪਾਂ ਦਾ, ਸਾਰੀਆਂ ਬਿਆਧੀਆਂ ਦਾ ਮੂਲ ਹੈ। ਇਹ ਮਾਇਆ ਅਨੇਕ ਪ੍ਰਕਾਰ ਕਰਿ ਹਰੇਕ ਕਰਮਾਚਾਰੀ ਨੂੰ ਬਿਆਪਦੀ ਹੈ। ਕੇਵਲ ਗੁਰੂ ਘਰ ਦੇ ਗੁਰਮੁਖਾਂ ਸੰਤਾਂ ਸਚਿਆਰੇ ਸੁਜਾਗੇ ਸਾਵਧਾਨ ਸੇਵਕਾਂ ਸਿੱਖਾਂ ਨੂੰ ਨਹੀਂ ਵਿਆਪਦੀ। ਵਰਨਾ ਹਰੇਕ ਮਨਮਤਿ ਕਰਮ-ਕਾਂਡੀ ਮਨਮੁਖ ਮਨਮਤੀਏ ਨੂੰ ਬਿਆਪਦੀ ਹੈ। ਗੁਰੂ ਘਰ ਦੇ ਗੁਰਮੁਖਿ ਸੰਤ ਜਨ ਭਗਤ ਜਨ ਸੇਵਕ ਸਿਖ ਜਨ ਤਾਂ ਬਚੇ ਰਹਿੰਦੇ ਹਨ, ਕਿਉਂਕਿ ਓਹਨਾਂ ਨੂੰ ਨਾਮ ਦਾ ਹੀ ਆਧਾਰ ਹੁੰਦਾ ਹੈ। ਉਹ ਖਿਨ ਖਿਨ ਨਾਮ ਦੇ ਆਧਾਰ ਵਿਚਿ ਨਾਮ ਅਤੇ ਨਾਮ ਦੀ ਓਟ ਵਿਚਿ ਰਹਿੰਦੇ ਹਨ।

ਜੋ ਕਰਮ ਅਹੰ-ਮਮਤਾਵੀ ਲੋਗ ਨਿਰੀ ਅਹੰਬੁਧੀ ਵਿਚਿ ਮਤੇ ਹੋਏ ਹੀ ਕਰਦੇ ਹਨ, ਉਥੇ ਤਾਂ ਪ੍ਰਬਲ ਹੋ ਕੇ ਇਹ ਹਉਮੈ ਬੰਧਨੀ ਮਾਇਆ ਬਿਆਪਦੀ ਹੈ। ਬਸ ਹਉਮੈ ਵਿਚਿ ਹੀ ਬੁੰਦਲਾ ਲੈਂਦੀ ਹੈ। ਹਉਮੈ ਵਿਚ ਉਹ ਲੋਗ ਕਮਲੇ ਹੋ ਜਾਂਦੇ ਹਨ। ਅਤੇ ਸਾਰੀ ਉਮਰ ਕਮਲੇ ਹੀ ਹੋਏ ਰਹਿੰਦੇ ਹਨ। ਕਈ ਐਸੇ ਕਰਮ ਹਨ ਜਿਨ੍ਹਾਂ ਵਿਚ ਸੂਖਮ ਤੌਰ ਤੇ ਹਉਮੈ ਬੰਧਨੀ ਮਾਇਆ ਬਿਆਪੀ ਹੋਈ ਹੁੰਦੀ ਹੈ। ਤਿਨ੍ਹਾਂ ਕਰਮਾਂ ਦਾ ਸੂਖਮ ਹੰਕਾਰ ਬੇਮਲੂਮਾ ਹੀ ਉਹਨਾਂ ਨੂੰ ਚਿਮੜਿਆ ਰਹਿੰਦਾ ਹੈ। ਇਹ ਸੂਖਮ ਹਉਮੈ (ਅਹੰਗਤਾ) ਵਾਲਾ ਰੋਗ ਬੜਾ ਹੀ ਅਸਾਧ ਹੈ। ਇਹ ਬੜੇ ਬੜੇ ਕਰਮ ਸੁਕਰਮੀ ਨੇਤਾਵਾਂ ਨੂੰ ਚਿਮੜਿਆ ਹੋਇਆ ਹੈ, ਐਸਾ ਚਿਮੜਿਆ ਹੋਇਆ ਹੈ ਕਿ ਕਦੇ ਛਡਦਾ ਹੀ ਨਹੀਂ। ਘੁਣ ਵਾਂਗੂੰ ਅੰਦਰੋ ਅੰਦਰੀ ਉਹਨਾਂ ਨੂੰ ਖਾ ਰਿਹਾ ਹੈ। "ਅਹੰਬੁਧ ਕਾ ਮਾਤਾ" ਸਭ ਤੋਂ ਬਹੁਤਾ ਮਾਇਆ ਮਮਤਾ ਬਿਆਪਹਾਰੀ ਕਰਮ ਕਰਨਹਾਰਾ ਹੈ। ਉਸ ਦੇ ਨਾਲਿ ਲਗਵੇਂ ਹੀ "ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ" ਵਾਲੀ ਅਹੰ-ਮਮਤਾ ਵਾਲੇ ਕਰਮ ਹਨ। ਉਹ ਪੁੱਤ੍ਰ ਕਲੱਤ੍ਰ ਦੀ ਮੋਹ-ਮਮਤਾ ਨਾਲਿ ਰਤੇ ਹੋਏ ਉਹੀ ਕਰਮ ਕਰਦੇ ਹਨ ਜੋ ਉਹਨਾਂ ਨੂੰ ਇਸਤ੍ਰੀ ਪੁੱਤ੍ਰ ਕੁਟੰਬ ਦੇ ਮੋਹ ਵਿਚਿ ਹੋਰ ਭੀ ਜਕੜ ਲੈਂਦੇ ਹਨ। ਅਤੇ ਸਦਾ ਹੀ ਜਕੜ-ਬੰਧਨੀ ਹੋ ਕੇ ਉਹਨਾਂ ਦੀ ਮੱਤ ਬੁਧ ਉਤੇ ਛਾਏ (ਬਿਆਪੇ ਹੋਏ) ਹੀ ਰਹਿੰਦੇ ਹਨ। ਜੋ ਲੋਗ ਹਾਥੀ ਘੋੜੇ ਆਦਿਕ ਐਸ਼੍ਵਰਜੀ ਵਸਤੂਆਂ ਪਦਾਰਥਾਂ ਨਮਿਤ ਕਰਮ ਕਰਦੇ ਹਨ ਉਹ ਪੁਜ ਕੇ ਹਉਮੈ ਜਕੜ-ਬੰਦੀ ਮਾਇਆ ਮਕੜਮੰਦੀ ਬਿਆਪਤੰਦੀ ਕਰਮ ਹਨ। ਕਿਸੇ ਨੂੰ ਰੂਪ ਦਾ ਮਦ ਹੋ ਕੇ ਜੁਆਨੀ ਦੀ ਮਸਤੀ ਚੜ੍ਹੀ ਹੋਈ ਹੈ ਅਤੇ ਏਸੇ ਰੂਪ ਜੁਆਨੀ ਦੀ ਮਦ ਮਸਤੀ ਵਿਚਿ ਅੱਟੇ ਪੱਟੇ ਹੋਏ ਜੋ ਜੋ ਕਰਮ ਉਹ ਕਰਦੇ ਹਨ, ਸਭ ਹੀ ਬੰਧਨ ਬੰਧਨੀ ਬਿਆਪਤ ਕਰਮ ਹਨ।

ਨਾਮ-ਹੀਣੇ ਭੂਮੀਆਂ, ਭੂਮ-ਹੀਣੇ ਰੰਕਾਂ ਕੰਗਾਲਾਂ ਅਤੇ ਐਸ਼-ਇਸ਼ਰਤੀ ਰੰਗਾਂ ਤਮਾਸ਼ਿਆਂ ਵਿਚਿ ਮਸਤ ਗ਼ਰਕ ਹੋਏ ਫ਼ੈਸ਼ਨ-ਰੰਗੀਆਂ ਅੰਦਰਿ ਭੀ ਹਉਮੈ ਬੰਧਨੀ ਹੋ ਕੇ ਇਹ ਮਾਇਆ ਬਹੁਤੀ ਹੀ ਬਹੁ ਬਹੁ ਭਾਂਤਿ ਕਰਿ ਵਿਆਪ ਰਹੀ ਹੈ। ਕਚ-ਪਿਚੇ ਗੰਦੇ ਗੀਤਾਂ ਰਾਗਾਂ ਨੂੰ ਕੁਸੰਗ-ਮੰਡਲੀਆਂ ਦੇ ਕੁਸੰਗ ਵਿਚਿ ਜਾ ਕੇ ਸੁਣਨਹਾਰਿਆਂ ਨੂੰ ਇਹ ਬਹੁ-ਰੰਗੀ ਮਾਇਆ ਬਹੁਤੇ ਹੀ ਅਹੰ-ਮਮਤਾ ਦੇ ਜਕੜ-ਪੈਖੜੇ ਪਾਉਂਦੀ ਹੈ, ਪ੍ਰਮਾਰਥ ਵਲ ਉਭਰਨ ਹੀ ਨਹੀਂ ਦਿੰਦੀ। ਨਾਚ ਰੰਗੀ ਮੰਦੇ ਗੀਤ ਰਾਗ ਗਾਵਣੇ ਨੀਚ

ਕਰਮ ਕਰਨਹਾਰਿਆਂ ਨੂੰ ਇਹ ਬਹੁ-ਰੰਗੀ ਮਾਇਆ ਬੜੇ ਭਿਆਨਕ ਬੰਧਨਾਂ ਵਿਚਿ ਪਾ ਕੇ ਜਕੜ ਰਗੜ ਰਹੀ ਹੈ। ਗੀਤ ਰਾਗ ਕੁਸੰਗਾਂ ਦੇ ਫੱਟੇ ਹੋਏ ਬੜੇ ਬੜੇ ਹੋਣਹਾਰ ਨੌਜਵਾਨ ਅਜ ਤਾਈਂ ਤਾਬ ਨਹੀਂ ਆਏ। ਅਨੇਕਾਂ ਅਜਿਹੇ ਕੁਸੰਗੀ ਸਿਨਮਿਆਂ ਥੀਏਟਰਾਂ ਦੇ ਐਕਟਰ ਬਣ ਗਏ। ਆਪਣੇ ਖਾਨ ਪਾਨ ਅਚਾਰ ਬਿਉਹਾਰ ਨੂੰ ਉੱਕਾ ਹੀ ਬਰਬਾਦ ਕਰ ਗਏ। ਅਜਿਹੇ ਹਉਮੈ ਪਰਵਿਰਤਨੀ ਕਰਮਾਂ ਨੂੰ ਗੁਰਮਤਿ ਅੰਦਰਿ ਬਿਬਰਜਤ ਗਰਦਾਨਿਆ ਗਿਆ ਹੈ। ਰਸੀਏ ਪੁਰਸ਼ਾਂ ਨੂੰ ਬਹੁਤੀਆਂ ਇਸਤ੍ਰੀਆਂ ਦੇ ਮੌਜ-ਮੇਲੇ ਦੇ ਕੁਸੰਗ ਵਿਚ ਪਾ ਕੇ, ਇਹ ਰਸਾਤਲ ਨੂੰ ਲੈ ਜਾਣ-ਹਾਰੀ ਹੋ ਕੇ ਬਿਆਪ ਰਹੀ ਹੈ। ਮਹਲ ਮਾੜੀਆਂ ਉਸਾਰਨਹਾਰਿਆਂ ਨੂੰ ਸਭ ਤੋਂ ਵਧ ਕੇ ਬਿਆਪੀ ਹੋਈ ਹੈ। ਇਕ ਪਾਸੇ ਤਾਂ ਪਰਤੱਖ ਅੱਖਾਂ ਨਾਲ ਦੇਖ ਰਹੇ ਹਨ ਕਿ ਪਿਛਲੇ ਪੱਕੇ ਮਹਲ ਕਿਲੇ ਸੀਮੈਂਟ ਤੇ ਗਹਿਰੀਆਂ ਨੀਂਹਾਂ ਵਾਲੇ ਉਜਾੜੇ ਜਾ ਰਹੇ ਹਨ। ਦੂਜੇ ਪਾਸੇ ਇਹ ਅਗਿਆਨੀ ਅਹੰ-ਮਤਵੀ ਪੁਰਸ਼ ਦਬਾ ਦਬ ਆਪਣੇ ਨਵੇਂ ਮਹਲ ਮੰਦਰ ਬਗੀਚੇ ਬਣਾ ਉਸਾਰ ਰਹੇ ਹਨ ਅਤੇ ਕਈ ਹਾਰ ਸੀਂਗਾਰ ਰਸਕ ਬਾਨਿਆਂ ਪੋਸ਼ਾਕਾਂ ਸੂਟਾਂ ਨੂੰ ਬਣਵਾ ਬਣਵਾ ਕੇ ਪਹਿਨਣ ਵਿਚਿ ਮਤੂਨ-ਮਫ਼ਤੂਨ ਹੋ ਰਹੇ ਹਨ। ਇਹ ਸਭ ਕੁਕਰਮ ਕਰਤਬ ਪ੍ਰਮਾਰਥ ਨੂੰ ਪਿੱਠ ਦੇਣਹਾਰੇ ਅਤੇ ਪਰਮਾਤਮਾ ਤੋਂ ਵਿਛੋੜਨ-ਹਾਰੇ ਹਨ। ਸਾਰਾ ਅੰਧ-ਅਗਿਆਨੀ ਸੰਸਾਰ ਪੰਜ ਦੂਤਾਂ ਦੇ ਵਸਿ ਹੋ ਕੇ ਜੋ ਜੋ ਕਰਮ ਕਰਿ ਰਿਹਾ ਹੈ ਸੋ ਸੋ ਬੰਧਨ ਬਿਆਪਤੀ ਹਉਮੈ ਬੰਧਨੀ ਕਰਮ ਹੈ। ਜੋ ਨਰਕਾਂ ਵਿਚਿ ਹੀ ਬੰਨ੍ਹ ਕੇ ਲਿਜਾ ਸੁਟੇਗਾ, ਇਨ੍ਹਾਂ ਪੰਜ-ਦੂਤ-ਗ੍ਰਸਤੀ ਕੁਕਰਮ ਕਰਨਹਾਰਿਆਂ ਨੂੰ। ਗੱਲ ਕੀ, ਸਾਰਾ ਸੰਸਾਰ ਹਉਮੈ ਦਾ ਫਾਥਾ ਹੋਇਆ (ਫਾਸਿਆ ਹੋਇਆ) ਮਾਇਆ ਬਿਆਪਤ ਕਰਮ ਕਰਿ ਰਿਹਾ ਹੈ, ਜਿਨ੍ਹਾਂ ਕਰਮਾਂ ਦੇ ਕਰਨ ਕਰ ਕੇ ਜਮ ਦੀ ਫਾਸ ਉਨ੍ਹਾਂ ਦੇ ਗਲਿ ਪਵੇਗੀ।

ਜੋ ਗ੍ਰਿਹਸਤੀ ਹਨ ਉਹ ਭੀ ਗ੍ਰਿਹਸਤ ਮੋਹ-ਬੰਧਨੀ ਕਰਮ ਕਰਨ ਕਰਿ ਹਉਮੈ ਮਮਤਾ ਵਿਚਿ ਹੀ ਜਕੜੇ ਹੋਏ ਹਨ। ਇਹਨਾਂ ਨੂੰ ਭੀ ਮਾਇਆ ਬਿਆਪ ਰਹੀ ਹੈ ਤੇ ਬੁਰੀ ਤਰ੍ਹਾਂ ਬਿਆਪ ਰਹੀ ਹੈ। ਜੋ ਹਉਮੈ ਮਤਸਰੀਏ ਗ੍ਰਿਹਸਤ ਤੋਂ ਉਪ੍ਰਾਮ (ਉਦਾਸ) ਹੋ ਕੇ ਇਕ ਪ੍ਰਕਾਰ ਮਾਇਆਵੀ ਗ੍ਰਿਹਸਤ ਦੇ ਤਿਆਗੀ ਹੋ ਜਾਂਦੇ ਹਨ, ਉਹਨਾਂ ਉਤੇ ਹੋਰ ਹੋਰ ਰੂਪਾਂ ਵਿਚਿ ਇਹ ਬੰਧਨ ਬੰਧਨੀ ਮਾਇਆ ਬਹੁ ਪ੍ਰਕਾਰ ਕਰਿ ਬਿਆਪ ਰਹੀ ਹੈ। ਇਸ ਤੋਂ ਸੁੱਕਾ ਕੋਈ ਨਹੀਂ ਰਹਿ ਸਕਦਾ, ਚਾਹੇ ਆਨਮਤ ਕਰਮੀ ਹੋਵੇ, ਚਾਹੇ ਮਨਮਤਿ ਕਰਮ ਕਰਨਹਾਰਾ ਹੋਵੇ। ਬਹੁਤਿਆਂ ਆਚਾਰ ਕਰਣੀ ਕਰਨਹਾਰਿਆਂ, ਉਚ ਵਡਿਆਈ ਦੇ ਕਾਰਜ ਬਿਹਾਰਾਂ ਵਾਲਿਆਂ ਨੂੰ ਅਤੇ ਜਾਤਿ ਜਨਮ ਦੇ ਅਭਿਮਾਨੀਆਂ ਨੂੰ ਤਾਂ ਇਹ ਆਪਣਾ ਖਾਜਾ ਬਣਾ ਕੇ ਗ੍ਰਸਦੀ ਹੈ। ਬਿਨਾਂ ਹਰਿ ਰੰਗ ਰਤਿਆਂ ਇਹ ਡਾਇਣ ਮੋਹ ਮਮਤਾਇਣ ਮਾਇਆ ਸਾਰਿਆਂ ਹੀ ਕਰਮਾਚਾਰੀਆਂ ਤੇ ਬਿਆਪ ਖਿਆਪ ਰਹੀ ਹੈ। ਸਭ ਕਿਛ ਅਤੇ ਸਭ ਕੋਈ ਇਸ ਮਾਇਆ ਬਿਆਪਤੀ ਬਿਪਤਾ ਦਾ ਬੰਧਿਆ ਹੋਇਆ ਹੈ। ਇਕ ਉਹੀ ਇਸ ਤੋਂ, ਇਸ ਦੀ ਬੰਧਨਾ ਤੋਂ ਛੁਟੇ ਹੋਏ ਹਨ ਜੋ ਨਾਮ ਦੇ ਰੰਗਾਂ ਵਿਚਿ ਰੱਤੇ ਹੋਏ ਹਨ।

ਆਪਣੇ ਰੰਗ ਰਤੜੇ ਸੰਤਾਂ ਭਗਤਾਂ ਦੇ ਬੰਧਨ ਗੁਰੂ ਕਰਤਾਰ ਨੇ ਆਪਿ ਹੀ ਆਪਣੀ ਦਇਆ-ਦ੍ਰਿਸ਼ਟੀ ਦੁਆਰਾ ਤੋੜ ਛਡੇ ਹਨ। ਉਹਨਾਂ ਨੂੰ ਇਹ ਕਿਥੇ ਬਿਆਪ ਸਕਦੀ ਹੈ? ਉੱਕੀ ਬਿਆਪਦੀ ਹੀ ਨਹੀਂ ਇਹ ਮਾਇਆ। ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਵਡਭਾਗੀ ਜਨਾਂ ਨੇ ਸੰਤ-ਗੁਰੂ ਦੀ ਧੂਰ ਪਾਈ ਹੈ ਅਤੇ ਪਾ ਕੇ ਬਾਂਛੀ ਹੈ ਉਹਨਾਂ ਨੂੰ ਇਹ ਛਲ ਰੂਪੀ ਮਾਈ ਮਾਇਆ ਕਦੇ ਨਹੀਂ ਬਿਆਪਦੀ। ਸੰਤ-ਧੂਰੀ ਦਾ ਇਸ਼ਾਰਾ ਇਥੇ ਸ੍ਰੀ ਗੁਰੂ ਅਰਜਨ ਸਾਹਿਬ ਦਾ ਸ੍ਰੀ ਰਾਮਦਾਸ ਗੁਰ-ਸੰਤ ਵਲ ਹੈ। ਸੱਚ ਮੁੱਚ ਗੁਰੂ ਨਾਨਕ ਦੇ ਦਸ ਜਾਮਿਆਂ ਵਿਚ, ਅਰਥਾਤ, ਦਸਾਂ ਗੁਰੂ ਜਾਮਿਆਂ ਦੀ ਸੰਤ-ਧੂੜੀ ਕੀਮੀਆਈ ਪਾਰਸ ਸਦਰਸ ਹੈ, ਜਿਸ ਨੂੰ ਪਰਸਦਿਆਂ ਹੀ ਪਾਰਸ ਕਲਾ ਵਰਤ ਜਾਂਦੀ ਹੈ। ਕਚਹੁ

ਕੰਚਨ ਕਰਨਹਾਰੀ ਤੇ ਲੋਹਿਓਂ ਲਾਲ ਕਰਨਹਾਰੀ ਹੈ ਇਹ ਪਾਰਸ ਕੀਮੀਆਈ ਸੰਤ-ਧੂੜੀ। ਹੈ ਪਰ ਗੁਰੂ ਸੰਤ ਦੀ, ਜਲ੍ਹੇ ਕਣੇ ਭੇਖੀ ਸੰਤ ਦੀ ਨਹੀਂ। ਭੁਲੇ ਲੋਕ ਅਜਿਹੇ ਸੰਤ-ਧੂਰੀ ਪ੍ਰਥਾਇ ਉਚਰੇ ਬਚਨਾਂ ਨੂੰ ਭੇਖੀ ਸੰਤਾਂ ਦੀ ਧੂਰੀ ਤੇ ਘਟਾ ਕੇ ਘਰ ਪੂਰਾ ਕਰਨ ਦੇ ਝਸ ਵਿਚਿ ਪੈ ਜਾਂਦੇ ਹਨ ਅਤੇ ਪਏ ਰੁੜ੍ਹੇ ਚਲੇ ਆਉਂਦੇ ਹਨ। ਪਰ ਘਰ ਉਹਨਾਂ ਦਾ ਪੂਰਾ ਨਹੀਂ ਹੁੰਦਾ। ਪੂਰਾ ਕਿਵੇਂ ਹੋਵੇ? ਪੂਰਨ ਸੰਤ-ਗੁਰੂ ਮਿਲੇ ਤਾਂ ਪੂਰਾ ਹੋਵੇ। ਭੇਖੀ ਸੰਤਾਂ ਨੂੰ ਭੀ ਝਸ ਪਿਆ ਹੋਇਆ ਹੈ ਆਪਣੇ ਪੈਰਾਂ ਖੁਰੜਿਆਂ ਦੀ ਧੂੜੀ ਲੋਕਾਂ ਨੂੰ ਵਰਤਾਉਣ ਦਾ। ਪਰ ਉਹਨਾਂ ਨੂੰ ਪਤਾ ਨਹੀਂ ਕਿ ਅਗੇ ਜਾ ਕੇ ਜਮਾਂ ਦੀ ਮਾਰ ਉਹਨਾਂ ਤੇ ਪਏਗੀ ਅਤੇ ਐਥੇ ਜੋ ਦੁਰਗਤਿ ਉਨ੍ਹਾਂ ਦੀ ਹੋਣੀ ਹੈ ਸੋ ਹੋ ਕੇ ਰਹੇਗੀ। ਆਖਣ ਨੂੰ ਤਾਂ ਧੂੜ-ਧੁਸੀਏ ਅਤੇ ਸੰਤ ਧੂੜ-ਭੁਸੀਏ ਆਖਦੇ ਹਨ ਕਿ ਸੰਤਾਂ ਦੀ ਧੂੜ ਨਸੀਬ ਹੋਣੀ ਹੀ ਨਹੀਂ, ਤਾਂ ਸੰਤ ਧੂੜੀ ਪ੍ਰਥਾਇ ਗੁਰਵਾਕ ਕਿਵੇਂ ਸੰਪੂਰਨ ਹੋਣਗੇ। ਇਹਨਾਂ ਭੁਲਿਆਂ ਨੂੰ ਪਤਾ ਹੀ ਨਹੀਂ ਕਿ ਪੂਰਨ ਸੰਤ ਸਰੂਪ ਗੁਰੂ ਨਾਨਕ ਅਤੇ ਉਸ ਦੇ ਦਸੇ ਹੀ ਸਰੂਪ ਗੁਰੂ ਸੰਤ ਹਰ ਸਮੇਂ ਅਤੇ ਹਰ ਥਾਂ ਤੇ ਹਰ ਦਮ ਹਾਜ਼ਰ ਨਾਜ਼ਰ ਹਨ। ਸ਼ਰਧਾ-ਵੰਤਿਆਂ ਨੂੰ ਆਪਣਾ ਸਚਖੰਡ ਨਿਵਾਸ ਵਾਲਾ ਪਰਚੰਡੀ ਤੇਜ ਉਚੰਡੀ ਦਰਸ਼ਨ ਦਿੰਦੇ ਹਨ। ਦਰਸ਼ਨ ਹੀ ਨਹੀਂ ਦਿੰਦੇ, ਸਗੋਂ ਆਪਣੇ ਸ਼ਰਧਾਵੰਤਾਂ ਦੀ ਚਰਨ ਧੂੜੀ ਪਰਸਨ ਦੀ ਸ਼ਰਧਾ ਭੀ ਪੂਰੀ ਕਰਦੇ ਹਨ। ਅਨੇਕਾਂ ਗੁਰੂ ਘਰ ਦੇ ਸ਼ਰਧਾ-ਵੰਤਿਆਂ ਗੁਰਮੁਖਿ ਜਨਾਂ ਦੀ ਸ਼ਾਹਦੀ ਮਉਜੂਦ ਹੈ, ਜਿਨ੍ਹਾਂ ਨੇ ਪਰਤੱਖ ਦਰਸ਼ਨ ਪਰਸਨ ਕੀਤੇ ਅਤੇ ਦਰਸ਼ਨ ਪਰਸਨ ਹਰਸਨੀ ਗੁਰੂ ਸੰਤ ਜੋਤਿ ਜਾਮੇ ਦੇ ਜੋਤਿ-ਜਲਵਨੀ-ਚਰਨਾਂ ਤੇ ਲਿਟਣ ਦੀ ਮਉਜ ਮਾਣੀ ਅਤੇ ਮਾਣ ਰਹੇ ਹਨ। ਉਥੇ ਇਹ ਖ਼ਾਕੀ ਨਾਪਾਕੀ ਜਾਮੇ ਵਾਲੇ ਸੰਤਾਂ ਦੀ ਧੂੜੀ ਕੀ ਹੈਸੀਅਤ ਰਖਦੀ ਹੈ?

> ਹਰਿ ਹਰਿ ਗੁਰ ਮਹਿ ਭਗਤਿ ਰਖਾਈ ॥ ਗੁਰੁ ਤੁਠਾ ਸਿਖ ਦੇਵੈ ਮੇਰੇ ਭਾਈ ॥ ੨ ॥ ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ ॥ ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥ ੩ ॥ ਜੇ ਵਡਭਾਗ ਹੋਵਹਿ ਵਡ ਊਚੇ ॥ ਨਾਨਕ ਨਾਮੁ ਜਪਹਿ ਸਚਿ ਸੂਚੇ ॥ ੪ ॥ ੭ ॥ ਪ੯ ॥

(ਆਸਾ ਮਃ ੪, ਪੰਨਾ ੩੬੭)

ਭਾਵ— ਹਰਿ ਹਰਿ ਗੁਰੁ ਗੁਰੁ ਦੇ ਸਿਮਰਨ-ਜਾਪ, ਅਰਥਾਤ ਵਾਹਿਗੁਰੂ-ਜਾਪ ਵਾਲੇ ਚੁਅਖਰੇ ਅਭਿਆਸ ਵਿਚਿ ਸਾਰਾ ਭਗਤੀ ਭਾਵ ਰਖਿਆ ਪਿਆ ਹੈ। ਪ੍ਰੰਤੂ ਸਤਿਗੁਰੂ ਦੀ ਸਿਖਿਆ ਦੀਖਿਆ ਦੁਆਰਾ ਇਹ ਜਾਪ ਅਭਿਆਸ ਮਿਲਦਾ ਹੈ। ਜਿਸ ਉਪਰਿ ਸਤਿਗੁਰੂ ਤੁੱਠੇ, ਦਇਆਲ ਹੋਵੇ ਆਪਣੇ ਆਪ। ਆਪਣੀ ਹਉਮੈ ਤੋਂ ਉਪਜੇ ਕਰਮ ਕਰਨ ਵਾਲਿਆਂ ਨੂੰ ਕਿਛ ਬਿਧੀ ਨਹੀਂ ਆਉਂਦੀ। ਆਪਣੇ ਆਪ ਨਾਮ-ਜਾਪ-ਅਭਿਆਸ ਦੀ ਸਾਰ ਉਹ ਕੀ ਜਾਨਣ? ਹਉਮੈ ਕਰਮ ਵਾਲਿਆਂ ਦੀਆਂ ਸਭ ਕਰਮ-ਬਿਧੀਆਂ ਐਵੇਂ ਅਜਾਈਂ ਜਾਂਦੀਆਂ ਹਨ, ਜਿਵੇਂ ਹਾਥੀ ਦਾ ਨ੍ਹਾਤਾ ਅਜਾਈਂ ਜਾਂਦਾ ਹੈ। ਉਹ ਨ੍ਹਾ ਕੇ ਫੇਰ ਸਿਰ ਵਿਚ ਖ਼ਾਕ ਪਾ ਲੈਂਦਾ ਹੈ, ਖੇਹ ਉਡਾਉਂਦਾ ਹੈ। ਏਸੇ ਤਰ੍ਹਾਂ ਹਉਮੈ ਕਰਮ ਕਰਨ ਵਾਲੇ ਖੇਹ ਉਡਾਉਂਦੇ ਫਿਰਦੇ ਹਨ। ਉਹਨਾਂ ਦੇ ਪੱਲੇ ਹਉਮੈ ਹੀ ਰਹਿ ਜਾਂਦੀ ਹੈ। ਹਉਮੈ ਦੇ ਅਧੀਨ ਹੋ ਕੇ ਕਰਮ ਕਰਨ ਪਰ ਓਹਨਾਂ ਨੂੰ ਹਉਮੈ ਦੇ ਬੰਧਨ ਸਗੋਂ ਹੋਰ ਪੈ ਜਾਂਦੇ ਹਨ। ਉਹ ਨਾਮ ਜਪਣ, ਗੁਰਮਤਿ ਨਾਮੁ ਆਰਾਧਨ ਵਲ ਧਿਆਨ ਹੀ ਨਹੀਂ ਦਿੰਦੇ, ਨਾ ਹੀ ਗੁਰੂ ਦੀ ਸਿਖਿਆ ਮੰਨਦੇ ਹਨ। ਆਪਣੀ ਮਨ-ਮੰਨੀ ਹੀ ਕਰਦੇ ਹਨ। ਜੇ ਉਹਨਾਂ ਦੇ ਵਡੇ ਭਾਗ ਹੋਣ, ਵਡੇ ਉਚੇ ਭਾਗ ਹੋਣ ਤਾਂ ਉਹ ਹਉਮੈ ਤੋਂ ਉਚੇ ਹੋ ਕੇ ਅਤੇ ਸੁਚੇ ਹੋ ਕੇ ਨਾਮ ਨੂੰ ਜਪਣ। ਪਰ ਐਵੇਂ ਕਿਵੇਂ ਜਪਣ, ਜਦ ਤਾਈਂ ਹਉਮੈ ਦੀ ਜੂਠ ਨਾਲਿ ਲਿਬੜੇ ਪਏ ਹਨ। ਇਹ ਲਿਬੇੜ ਤਾਂਹੀ ਮਿਟਦੀ ਹੈ ਜੇ ਸਤਿਗੁਰੂ ਸ਼ਰਣਾਈ ਆਵਣ ਅਤੇ ਗੁਰ-

ਦੀਖਿਆ ਸਿਖਿਆ ਗ੍ਰਹਿਣ ਕਰਨ। "ਗੁਰੁ ਤੁਠਾ ਸਿਖ ਦੇਵੈ" ਦੀ ਪੰਗਤੀ ਵਿਚਿ ਆਏ 'ਸਿਖ' ਪਦ ਦਾ ਅਰਥ ਕਈ ਸ਼ਬਦਾਰਥੀਏ ਗਿਆਨੀ 'ਸਿਖ' ਵਿਚ 'ਖ' ਮੁਕਤਾ ਹੋਣ ਕਰਿ ਸਿਖ ਦਾ ਬਹੁ-ਵਚਨ ਸਿੱਖਾਂ ਦੇ ਕਰਦੇ ਹਨ। ਪਰ ਉਹਨਾਂ ਨੂੰ ਪਤਾ ਨਹੀਂ ਕਿ ਸਿਖਿਆ ਦੇ ਅਰਥਾਂ ਦੇ ਵਿਚਿ ਭੀ 'ਸਿਖ' ਦਾ 'ਖਖਾ' ਮੁਕਤਾ ਹੀ ਹੋਇਆ ਕਰਦਾ ਹੈ।

> ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥ ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖਿ ਜਾਹਿ ॥ ੨ ॥ ੭ ॥
>
> (ਆਸਾ ਦੀ ਵਾਰ, ਮ: ੨, ਪੰਨਾ ੪੬੬)

ਭਾਵਾਰਥ— ਇਹ ਮਾਨੁਖਤਵ, ਮਾਨੁਖ ਦਾ ਵਜੂਦ ਸ਼ਖ਼ਸੀਅਤ ਹੀ ਮੁਜੱਸਮ ਹਉਮੈ ਹੈ। ਇਸ ਜਿਸਮ ਦੀ ਕ੍ਰਾਂਤੀ ਹੀ ਨਿਰੀ ਹਉਮੈ ਹੈ। ਜਨਮ ਜਨਮ ਤੋਂ ਇਸ ਮਾਨੁਖਤਵੀ ਸਰਿਸ਼ਤ ਸ਼ਖ਼ਸੀਅਤ ਨਾਲਿ ਹਉਮੈ ਚਿੰਮੜੀ ਆਉਂਦੀ ਹੈ। ਤਾਂ ਤੇ ਇਹ ਹਉਮੈ ਜੀਵਨੀ ਵਾਲਾ ਮਾਨੁਖ ਜੀਅੜਾ, ਹਉਮੈ ਦਾ ਕੀੜਾ ਜੋ ਕਰਮ ਕਰਦਾ ਹੈ, ਹਉਮੈ ਦੇ ਕਰਮ ਹੀ ਕਰਦਾ ਹੈ। ਮੈਂ-ਮੇਰੀ ਵਾਲੀ ਹਉਮੈ ਜੀਅੰਤਰੀ ਹੀ ਇਸ ਦੀ ਕਰਮ-ਕਰਤੂਤ ਹੈ। ਇਸ ਦੇ ਹਰੇਕ ਕਰਮ ਵਿਚਿ ਹਉਮੈ ਦਾ ਹੀ ਕਰਤੱਵ ਹੈ। ਤਾਂ ਤੇ ਇਹੀ ਹਉਮੈ ਇਸ ਦੇ ਕਰਮ ਅੰਦਰਿ ਘੁਣ ਵਾਲਾ ਕੀੜਾ ਹੋ ਕੇ ਵਿਆਪੀ ਹੋਈ ਹੈ। ਜੋਈ ਕਰਮ ਇਹ ਕਰਦਾ ਹੈ ਇਕੋ ਹਉਮੈ ਦੀ ਬੰਧਨਾ ਵਿਚਿ ਬੰਨ੍ਹਿਆ, ਜਕੜ ਕੇ ਬੰਨ੍ਹਿਆ ਹੋਇਆ ਕਰਦਾ ਹੈ। ਸਾਰੀ ਲੋਕਾਈ, ਸ੍ਰਿਸ਼ਟੀ, ਸਾਰੇ ਜੀਵ ਹੀ, ਮਾਨੁਖ ਮਾਤਰ ਕਰਿ ਇਸੇ ਹਉਮੈ ਅੰਦਰ ਹਉਮੈ ਦਾ ਕਰਮ ਕਮਾਉਂਦੇ ਹਨ। ਤਾਂ ਤੇ ਇਹ ਹਉਮੈ ਬੰਧਨ ਰੂਪ ਹੋ ਕੇ ਮਾਨੁਖ ਮਾਤਰ ਹਰੇਕ ਪ੍ਰਾਣੀ ਨੂੰ ਚਿੰਮੜੀ ਹੋਈ ਹੈ। ਇਹਨਾਂ ਹਉਮੈ-ਬੰਧਨੀ ਕਰਮਾਂ ਕਰਕੇ ਹੀ ਸਭਿ ਹਉਮੈ ਦੇ ਪੁਤਲੇ ਪੁਰਸ਼ ਮੁੜ ਮੁੜ ਕੇ ਜੋਨੀਆਂ ਵਿਚਿ ਪੈਂਦੇ ਹਨ ਅਤੇ ਲੱਖ ਚੁਰਾਸੀ ਜੂਨਾਂ ਦੇ ਗੇੜੇ ਵਿਚਿ ਭਉਂਦੇ ਹਨ। ਹਉਮੈ ਕਿਥਹੁੰ ਉਪਜਦੀ ਹੈ? ਅਤੇ ਕਿਸ ਯਤਨ (ਸੰਜਮ) ਕਰਿ ਇਹ ਜਾਂਦੀ ਹੈ? ਅਤੇ ਕਿਸ ਤਰੀਕੇ ਨਾਲ ਇਸ ਦਾ ਅਭਾਵ (ਬਿਨਾਸ) ਹੁੰਦਾ ਹੈ? ਹੁਕਮ ਅੰਦਰਿ ਹੀ ਇਹ ਜੀਵ ਹਉਮੈ ਤੋਂ ਉਪਜਦੇ ਕਿਰਤ-ਕਰੰਮੀ ਵਹਿਣਾਂ ਵਿਚਿ ਘੁੰਮਦਾ ਫਿਰਦਾ ਹੈ ਅਤੇ ਪਤਾ ਨਹੀਂ ਕਦੋਂ ਦਾ ਏਵੇਂ ਹੀ ਘੁੰਮਦਾ ਚਲਿਆ ਆਇਆ ਹੈ। ਇਹ ਹਉਮੈ, ਮੈਂ-ਮੇਰੀ ਦੇ ਕੀਤੇ ਕਰਮ ਤੋਂ ਹੋਰ ਵਧਦੀ ਹੈ। ਮੈਂ-ਮੇਰੀ ਤੋਂ ਹੀ ਉਪਜੀ ਹੈ। ਇਸ ਮੈਂ-ਮੇਰੀ ਦੇ ਪੁਤਲੇ ਜੀਵ ਨੇ ਆਪਣੇ ਅਭਿਮਾਨ ਕਰਿ ਹੀ ਹਉਮੈ ਦਾ ਵਜੂਦ ਵਖਰਾ ਬਣਾ ਲਿਆ ਹੈ ਅਤੇ ਹਉਮੈ ਅਪਣਾ ਲਈ ਹੈ। ਇਸ ਹਉਮੈ ਦੇ ਮੂਲ ਕਾਰਨ ਕਰਕੇ ਹੀ ਜੀਵਾਂ ਦਾ ਵਿਛੋੜਾ ਵਾਹਿਗੁਰੂ ਨਾਲੋਂ ਹੋਇਆ ਹੈ। ਮੁਢੋਂ ਫਿਰ ਹਉਮੈ ਕਿਵੇਂ ਇਸ ਜੀਵ ਅੰਦਰਿ ਆਈ? ਆਪਣੇਂ ਆਪ ਨਹੀਂ ਆ ਪਈ, ਹੁਕਮ ਅੰਦਰਿ ਹੀ ਇਹ ਕਿਰਤ ਫਿਰਾਈ ਹਉਮੈ ਭਰਮ-ਕਰਣੀ ਹੈ। ਪਰ ਕਰਨ ਵਾਲੇ ਕਰਮ ਨਹੀਂ ਕਰਦੀ। ਹਉਮੈ ਉਲਟੇ ਕਰਮ ਕਰਦੀ ਹੈ ਕਰਮਾਂ ਦੀ ਸਜ਼ਾ ਭੁਗਤਾਂਦੀ ਹੈ ਅਤੇ ਸਜ਼ਾ ਭੁਗਤਾਣ ਦੇ ਕਰਮ ਕਰਦੀ ਹੈ। ਸੋ ਹੁਕਮੀ ਦੇ ਹੁਕਮਾਂ ਕਰਕੇ ਕਰਦੀ ਹੈ। ਇਸ ਹਉਮੈ ਤੋਂ ਛੁਟਕਾਰੇ ਦਾ ਇਲਾਜ ਭੀ ਇਸੇ ਹਉਮੈ ਅੰਦਰਿ ਰਖਿਆ ਹੋਇਆ ਹੈ। ਇਹੀ ਹਉਮੈ-ਕਰਮ ਕਮਾਵਣਹਾਰੇ ਜੀਵ ਹਉਮੈ-ਬੰਧਨੀ ਕਰਮਾਂ ਦੀਆਂ ਸੱਟਾਂ ਖਾ ਕੇ, ਜਦੋਂ ਉਨ੍ਹਾਂ ਤੇ ਕਿਰਪਾ ਹੁੰਦੀ ਹੈ ਗੁਰੂ ਕਰਤਾਰ ਦੀ, ਤਾਂ ਗੁਰੂ-ਸ਼ਬਦ ਕਮਾਈਆਂ ਵਾਲੇ ਅਭਿਆਸ ਕਰਨ ਲਗ ਪੈਂਦੇ ਹਨ। ਕਰਮ ਕਰਨ ਵਾਲੇ ਨੇ ਕਿਤੇ ਬਾਹਰੋਂ ਤਾਂ ਨਹੀਂ ਆਉਣਾ। ਅੰਦਰੋਂ ਹੀ ਜਦ ਇਸ ਨੂੰ ਸੁਮਤਿ ਪੈਂਦੀ ਹੈ ਤਾਂ ਉਹੀ ਜੀਉੜਾ ਸਾਲਹੁਣ ਯੋਗ ਸਿਫ਼ਤਿ ਸਾਲਾਹੀ ਕਰਮ ਕਰਨ ਲਗ ਜਾਂਦਾ ਹੈ। ਜੇ ਇਹ ਸੁਮਤਿ ਨ ਪਵੇ ਤੇ

ਹਉਮੈ ਦੇ ਕਰਮ ਕਰਦਾ ਹੀ ਚਲਿਆ ਜਾਵੇ ਤਾਂ ਇਹੀ ਹਉਮੈ ਦੀਰਘ ਰੋਗ ਰੂਪ ਹੋ ਜਾਂਦੀ ਹੈ। ਲੰਮਾ, ਬਹੁਤ ਲੰਮਾ, ਕਦੇ ਨਾ ਹਟਣ ਵਾਲਾ ਚੰਦਰਾ ਰੋਗ ਹੋ ਜਾਂਦਾ ਹੈ। ਹਉਮੈ ਦੀਰਘ ਰੋਗ ਕਰੰਮੀ ਚੱਕਰ ਵਿਚਿ ਪਏ ਹੋਏ ਪ੍ਰਾਣੀਆਂ ਲਈ, ਸਾਰੀ ਸ੍ਰਿਸ਼ਟੀ ਮਾਤਰ ਦੇ ਹਉਮੈ-ਬੰਧਨੀ ਕਰਮ ਰੋਗ-ਗ੍ਰਸਤ ਪ੍ਰਾਣੀਆਂ ਲਈ, ਅਤਿ ਦਾ ਤਰਸ ਅਤੇ ਰਹਿਮਤ ਕਰ ਕੇ ਪਰਮ ਕਿਰਪਾਲੂ ਗੁਰੂ ਨਾਨਕ ਸਾਹਿਬ ਨੇ ਧੁਰ ਦਰਗਾਹੀ ਇਲਾਜ ਨਾਮ ਦਾ ਲਿਆਂਦਾ ਅਤੇ ਜੀਵਾਂ ਦੇ ਅੰਦਰ ਹੀ ਇਸ ਨਾਮ ਰੂਪੀ ਗੁਰ-ਮੰਤਰ ਨੂੰ ਪਾ ਕੇ ਅੰਦਰੇ ਹੀ ਹਉਮੈ ਦੀ ਬੀਮਾਰੀ ਦੂਰ ਕਰਨ ਦੀ ਬੁਨਿਆਦ, ਇਸ ਹਉਮੈ ਦੀ ਅੰਸ ਦੇ ਅੰਦਰ ਹੀ ਰਖ ਦਿੱਤੀ। ਅਤੇ ਦਾਰੂ ਦੀ ਪ੍ਰਾਪਤੀ ਨਾਲਿ ਇਸ ਦੇ ਸੰਜਮ ਭੀ ਦਸ ਦਿੱਤੇ। ਤਦ ਜਾ ਕੇ ਇਸ ਜਗਤ-ਜਲੰਦੇ ਦੀ ਰੱਖਿਆ ਦਾ ਧੁਰਵਾ ਬੱਝਿਆ। ਇਹ ਧੁਰਵਾ ਬੰਨ੍ਹਣਹਾਰਾ ਧੰਨ ਗੁਰੂ ਨਾਨਕ ਹੈ। ਬਸ, ਇਸ ਨਾਮ-ਦਾਰੂ ਅਤੇ ਇਸ ਦੇ ਸੰਜਮਾਂ ਕਰਕੇ ਸਾਰੇ ਸੰਸਾਰ ਦੇ ਦੁਖ ਦਲਿਦਰ ਦੂਰ ਹੁੰਦੇ ਹਨ। ਪਰ ਉਹਨਾਂ ਦੇ, ਜੋ ਇਸ ਨਾਮ-ਨੁਸਖ਼ੇ ਨੂੰ ਵਰਤੇ, ਸੰਜਮ ਸੇਤੀ ਪੀਵੇ ਤੇ ਅਮਲ ਕਰੀਵੇ। ਜਿਨ੍ਹਾਂ ਜਿਨ੍ਹਾਂ ਨੇ ਅਮਲ ਕੀਤਾ ਹੈ, ਨਾਮ ਔਖਧੀ ਨੂੰ ਪੀਤਾ ਹੈ ਗੁਰੂ ਦਸੇ ਸੰਜਮ ਅਨੁਸਾਰ, ਤਿਨ੍ਹਾਂ ਦੇ ਸਭ ਦੇ ਬੇੜੇ ਪਾਰ ਹੋ ਗਏ ਹਨ। ਪੂਰਾਂ ਦੇ ਪੂਰ ਰਾਜ਼ੀ ਹੋ ਕੇ ਹਉਮੈ ਦੀਰਘ ਰੋਗ ਤੋਂ ਅਰੋਗ ਹੋ ਗਏ ਹਨ, ਅਰੋਗ ਹੋ ਰਹੇ ਹਨ ਅਤੇ ਹੁੰਦੇ ਰਹਿਣਗੇ। ਇਉਂ ਗੁਰੂ ਬਾਬੇ ਨੇ ਸਾਰੇ ਵਿਸ਼੍ਵ ਸੰਸਾਰ ਨੂੰ ਤਾਰਨ ਦਾ ਧੁਰਵਾ ਬੰਨ੍ਹਿਆ ਹੈ।

> ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ ॥ ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥ ੧ ॥ ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥ ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥ ੧ ॥ ਰਹਾਉ ॥ ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥ ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥ ੨ ॥ ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥ ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥ ੩ ॥ ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀਹੈ ਉਦਕ ਕੁੰਭੁ ਬਿਗਰਾਨਾ ॥ ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾ ॥ ੪ ॥ ੧ ॥
>
> (ਆਸਾ ਕਬੀਰ ਜੀ, ਪੰਨਾ ੪੭੫)

ਜੀਵ ਦੀ ਉਤਪਤੀ ਕਾਹਦੇ ਲਈ ਹੋਈ ਅਤੇ ਕਿਸ ਕਾਰਨ ਜਗੁ ਉਪਜਦਾ ਬਿਨਸਦਾ ਰਹਿੰਦਾ ਹੈ, ਇਹ ਬੇਨਤੀ ਰੂਪੀ ਪ੍ਰਸ਼ਨ ਉਤਰ ਸਮਝਾਵਣ ਲਈ ਸਤਿਗੁਰੂ ਪਾਸ ਪ੍ਰਸ਼ਨ ਕੀਤੇ ਗਏ ਹਨ। ਅਤੇ ਸਦਾ ਜਾਗਦੇ ਗੁਰਦੇਵ ਪਾਸ ਇਹ ਕਹਿ ਕੇ ਅਰਜ਼ ਗੁਜ਼ਾਰੀ ਗਈ ਹੈ ਕਿ ਹੇ ਜਾਗਤ ਜੋਤਿ ਪ੍ਰਚੰਡ ਸਰੂਪ ਗੁਰਦੇਵ ਜੀ! ਐਸੀ ਦਇਆ ਕਰਹੁ ਅਤੇ ਮੋਹਿ ਐਸੇ ਸੁਮਾਰਗ ਲਾਵਹੁ ਜਿਸ ਕਰਕੇ ਬੰਧਨਾਂ ਦਾ (ਬੰਧਨਾਂ ਵਿਚਿ ਪੈਣ ਦਾ) ਭੈ ਟੁਟ ਜਾਵੇ, ਨਾਸ ਹੋ ਜਾਵੇ ਅਤੇ ਜਨਮ ਮਰਨ ਦੇ ਦੁਖਾਂ ਅਤੇ ਕੀਤੇ ਕਰਮਾਂ ਦੇ ਫਲਾਂ, ਫ਼ਰਜ਼ੀ ਸੁਖਾਂ ਅਤੇ ਜੀਵਾਂ ਵਾਲੀਆਂ ਜੂਨੀਆਂ ਤੋਂ ਛੁਟਕਾਰਾ ਹੋ ਜਾਵੇ। ਜੇਕਰ ਮਨ ਮਾਇਆ ਦੀ ਬੰਧਨ-ਰੂਪ ਫਾਹੀ ਨੂੰ ਫਾੜ ਕੇ ਅਫੁਰ ਸਮਾਧੀ ਵਿਚਿ ਲੀਨ ਨਹੀਂ ਹੁੰਦਾ ਅਤੇ ਆਪਾ ਪਦ ਤੋਂ ਨਿਰਬਾਣ ਪਦ ਨਾ ਚੀਨਿਆ ਗਿਆ ਤਾਂ ਇਹਨਾਂ ਬਿਧੀਆਂ ਕਰਕੇ ਸੰਸਾ ਨਹੀਂ ਮੁਕਣਾ ਅਤੇ ਭੈ ਕਰਮ ਨਹੀਂ ਚੁਕਦਾ। ਹੋਂਦ ਅਣਹੋਂਦ ਦੇ ਫ਼ਰਕ ਨੂੰ ਨਾ ਜਾਣਦਾ ਹੋਇਆ ਜੋ ਵਸਤੂ ਕਿਤੇ (ਕਿਸੇ ਥਾਉਂ) ਭੀ ਨਹੀਂ ਉਪਜਦੀ, ਉਸ ਨੂੰ ਉਪਜੀ ਹੋਈ ਜਾਣੇ, ਅਰਥਾਤ ਜੋ ਚੀਜ਼ ਕਿਧਰੇ ਪੈਦਾ ਨਹੀਂ ਹੁੰਦੀ ਉਸ ਨੂੰ ਪੈਦਾ ਹੋਈ (ਉਪਜੀ ਹੋਈ) ਜਾਣੇ ਅਤੇ ਚੜ੍ਹਦੇ ਲਹਿੰਦੇ ਦਾ ਥਹੁ ਪਤਾ ਹੀ ਨਾ ਰਹੇ, ਸਾਰੀ ਚੰਚਲ ਚਤੁਰ

ਬੁਧੀ ਦਾ ਨਾਸ ਹੋ ਜਾਵੇ ਤਾਂ ਸਹਜ ਪਦ ਵਿਚਿ ਸਦਾ ਲਈ ਲਿਵਲੀਨਤਾ ਹੁੰਦੀ ਹੈ। ਜੀਵ-ਉਤਪਤੀ ਕਿਵੇਂ ਹੋਈ ਅਤੇ ਕਿਵੇਂ ਕਿਸ ਕਾਰਨ ਕਰਕੇ ਜਗ ਉਪਜਦਾ ਬਿਨਸਦਾ ਹੈ, ਇਹਨਾਂ ਸਾਰੇ ਝੇੜਿਆਂ ਝਗੜਿਆਂ ਨੂੰ ਛਡ ਕੇ, ਚਤੁਰਾਈਆਂ, ਚੰਚਲਤਾਈ ਵਾਲੀ ਮਤਿ ਕੁਮਤਿ ਨੂੰ ਤਿਆਗ, ਨਾਮ ਵਿਚ ਲਿਵ-ਤਾੜੀ ਸਦਾ ਲਾਈ ਰਖੇ ਤਾਂ ਸਹਜ ਪਦ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਘੜਾ ਫੁੱਟੇ ਤੋਂ ਘੜੇ ਦਾ ਪਾਣੀ ਮੁੜ ਕੇ ਪਾਣੀ ਵਿਚਿ, ਪਾਣੀ ਦੇ ਸਾਗਰ ਸਰੋਵਰ ਵਿਚਿ ਜਾ ਮਿਲਦਾ ਹੈ ਤਿਵੇਂ ਹੀ ਜਦੋਂ ਉਰਲੇ ਪਰਲੇ ਕਰਮ-ਗਤੀ, ਕਰਮ-ਬੰਧਨੀ ਗੁਣ ਦਾ ਭਾਸਿਆ ਹੋਇਆ ਭਰਮ ਭਜ ਜਾਂਦਾ (ਨਸ ਜਾਂਦਾ) ਹੈ, ਨਾਸ ਹੋ ਜਾਂਦਾ ਹੈ ਨਾਮ ਅਭਿਆਸ ਦੀ ਕਮਾਈ ਦੇ ਪ੍ਰਤਾਪ ਨਾਲਿ, ਤਾਂ ਮਨੁ ਸੁੰਨ ਅਵਸਥਾ ਵਿਖੇ ਸਮਾ ਜਾਂਦਾ ਹੈ। ਐਸਾ ਹਉਮੈ-ਕਰਮ-ਬੰਧਨੀ ਭਰਮ-ਸੰਸਾ ਦੂਰ ਹੋ ਕੇ ਜੀਵ ਆਤਮਾ ਪਰਮਾਤਮਾ ਵਿਚਿ ਲੀਨ ਹੋ ਜਾਂਦਾ ਹੈ।

> **ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥ ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥ ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥ ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥ ੧ ॥ ੭॥**

(ਸਲੋਕ ਮਃ ੩, ਵਾਰ ਬਿਹਾਗੜਾ, ਪੰਨਾ ੫੫੧)

ਭਾਵ— ਨਾਮ-ਹੀਣੇ ਆਨਮਤ ਕਰਮ ਧਰਮ ਆਤਮਾ ਲਈ ਸਭਿ ਬੰਧਨਿ ਰੂਪ ਹਨ, ਕਿਉਂਕਿ ਇਹਨਾਂ ਆਨਮਤ ਕਰਮਾਂ ਦਾ ਵਾਸਤਾ (ਸੰਜੋਗ) ਸਭ ਪਾਪ ਪੁੰਨ ਨਾਲਿ ਹੀ ਹੈ। ਤਾਂ ਤੇ ਪਾਪ ਪੁੰਨ ਵਾਲੇ ਪੁੰਨਾਂ ਹੇਤ ਕੀਤੇ ਅਤੇ ਪਾਪਾਂ ਦੇ ਉਪਜਾਉਣ ਵਾਲੇ ਹੋਣ ਕਰਕੇ ਆਨਮਤ ਧਰਮਾਂ ਦੇ ਕਰਮ ਅਤੇ ਕਰਮਾਂ ਦੇ ਪਾਖੰਡ-ਧਰਮ ਸਭੇ ਹੀ ਬੰਧਨ ਰੂਪ ਹਨ।

ਕੁਟੰਬੀਆਂ ਨਾਲਿ ਮਮਤਾ ਮੋਹ ਪਾਉਣ ਵਾਲੀਆਂ ਆਲੂਦਾ-ਖ਼ਿਆਲੀਆਂ ਸਭ ਫਾਹੀਆਂ ਹੀ ਹਨ। ਪੁੱਤ੍ਰ ਕਲੱਤ੍ਰ ਇਸਤ੍ਰੀ, ਪੁਤਾਂ ਦਾ ਮਾਇਆ-ਮਈ ਮੋਹ ਭੀ ਨਿਰਾ ਝਮੇਲਾ (ਧੰਧ) ਹੀ ਹੈ। ਮਮਤਾ ਮਾਇਆਵੀ ਨੇਹੁੰ ਸੰਸਾਰੀਆਂ ਦਾ ਪਰਸਪਰ ਜਿਥੇ ਭੀ ਦੇਖੀਦਾ ਹੈ, ਉਹ ਬੰਧਨ ਰੂਪੀ ਬੇੜੀ (ਜੇਵੜੀ) ਵਾਲਾ ਹੀ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਸੱਚੇ ਨਾਮ ਤੋਂ ਬਿਨਾਂ ਸਾਰਾ ਸੰਸਾਰ, ਮਾਇਆ-ਬੰਧਨੀ ਸੰਸਾਰ ਅੰਨ੍ਹੇ ਵਿਹਾਰ-ਵਰਤੋਂ ਵਿਚਿ ਹੀ ਜਕੜ-ਬੰਦ ਹੋਇਆ ਹੋਇਆ ਹੈ।

> **ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥ ਬਿਨ ਸਤਿਗੁਰ ਭੇਟੇ ਮੁਕਤਿ ਨ ਹੋਈ ॥ ੫ ॥ ੧ ॥**

(ਭੈਰਉ ਮਃ ੩ ਚਉਪਦੇ ਘਰੁ ੧, ਪੰਨਾ ੧੧੨੮)

ਗੁਰੂ ਸਾਹਿਬ ਫ਼ੁਰਮਾਉਂਦੇ ਹਨ, ਏਸ ਜੀਵ ਦੀ ਹੋਂਦ ਹੀ ਕਰਮ-ਬੰਧ ਹੈ। ਹਉਮੈ ਦੀ ਮੈਲ ਵਾਲਾ ਮਨ, ਜੋ ਪੰਜਾਂ ਵਿਸ਼ਿਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦਾ ਪੁੰਜ ਹੈ, ਉਸ ਦਾ ਮੇਲ ਜੀਵ-ਆਤਮਾ ਨਾਲਿ ਹੋਣ ਕਰਕੇ ਜੀਵ ਹਉਮੈ-ਬੰਧਨੀ ਕਰਮਾਂ ਵਿਚਿ ਵਿਆਪਤ ਹੈ। ਜੀਵ ਨੂੰ ਹਉਮੈ-ਬੰਧਨੀ ਕਰਮ ਮੁਢ ਤੋਂ ਹੀ ਬਿਆਪ ਰਹੇ ਹਨ। ਸਤਿਗੁਰੂ ਭੇਟੇ ਤੋਂ ਬਿਨਾਂ ਇਸ ਜੀਵ ਦੀ ਮੁਕਤੀ (ਮੋਖ ਕਲਿਆਣ) ਨਹੀਂ ਹੁੰਦੀ। ਹੋ ਸਕਦੀ ਹੀ ਨਹੀਂ।

> **ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ ਪਾਵੈ ਨਿਜ ਘਰਿ ਬਸੈ ॥ ੨ ॥ ੪੧ ॥**

(ਭੈਰਉ ਮਃ ੫, ਪੰਨਾ ੧੧੪੭)


www.sikhbookclub.com

ਹਉਮੈ ਦੇ ਅਧੀਨ ਹੋਇਆ ਇਹ ਜੀਵ ਜੋ ਭੀ ਕਰਮ ਧਰਮ ਆਨਮਤੀਆਂ ਵਾਲੇ ਕਰਦਾ ਹੈ ਸੋ ਸਭਿ ਬੰਧਨ ਰੂਪ ਹਨ। ਬੰਧਨ ਕਾਟਨਹਾਰ ਗੁਰੂ ਕਰਤਾਰ ਜੇ ਮਨ ਵਿਚਿ ਆਇ ਵਸੇ ਤਾਂ ਹੀ ਏਹਨਾਂ ਬੰਧਨਾਂ ਤੋਂ ਬੰਦ ਖਲਾਸੀ ਹੁੰਦੀ ਹੈ, ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਿਜ ਸਰੂਪ ਪਰਮਾਤਮਾ ਵਿਚਿ ਜਾਇ ਵਾਸਾ ਹੁੰਦਾ ਹੈ।

ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥ ਕੋਟਿ ਕਰਮ ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥ ੨॥ ੪੫॥

(ਭੈਰਉ ਮਃ ੫, ਪੰਨਾ ੧੧੪੯)

ਭਾਵ— ਚੁਰਾਸੀ ਦੇ ਤੀਰਥਾਂ ਵਿਚਿ ਨ੍ਹਾਤਿਆਂ ਕਿਥੇ ਸੁਚਿ ਪ੍ਰਾਪਤ ਹੁੰਦੀ ਹੈ, ਮਨ ਨੂੰ ਸਿੱਲਾ ਗਿਲਾ ਕਰਨਹਾਰੀ? ਮਨ ਤਾਂ ਸੁੱਕਾ ਹੀ ਰਹਿੰਦਾ ਹੈ। ਸੁਚਿ ਕਿਥੋਂ ਪ੍ਰਾਪਤਿ ਹੋਵੇ? ਕਿਉਂਕਿ ਮਨ ਨੂੰ ਹਉਮੈ ਦੀ ਮੈਲ ਹੀ ਬਿਆਪੀ ਰਹਿੰਦੀ ਹੈ, ਚਾਹੇ ਆਨਮਤਾਂ ਦੇ ਕੂੜਹਾਂ-ਕੂੜ ਕਰਮ ਕਰੇ। ਏਹ ਸਾਰੇ ਕੋਟਾਨ ਕੋਟ ਕਰਮ ਬੰਧਨੀ ਦਾ ਹੀ ਮੂਲ ਹਨ। ਪਰਮਾਤਮਾ ਹਰੀ ਦੇ ਭਜਨ ਬਿਨਾਂ ਇਹ ਕਰਮ ਬਿਰਥੇ ਹੀ ਹਨ। ਐਸੇ ਹੀ ਬਿਰਥੇ ਹਨ ਜੈਸਾ ਫੂਸ ਦਾ ਪੂਲਾ ਬੰਨ੍ਹਿਆ ਹੁੰਦਾ ਹੈ।

ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥ ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥ ੩ ॥ ੩॥

(ਸਾਰੰਗ ਮਃ ੧, ਪੰਨਾ ੧੧੯੮)

ਕੁਟੰਬੀਆਂ ਸਨਬੰਧੀਆਂ ਦੀ ਐਸੀ ਪ੍ਰੀਤਿ ਸਾੜ ਸਿਟਣ ਜੋਗੀ ਹੈ, ਜਿਸ ਤੋਂ ਮਾਇਆ-ਮੋਹ-ਬੰਧਨੀ ਪਾਸਾਰਾ ਵਧੇ। ਮਾਇਆ-ਮੋਹ ਪਸਾਰਨੀ ਪ੍ਰੀਤਿ ਬੰਧਕਾਰੀ ਪ੍ਰੀਤਿ ਹੈ। ਇਹ ਪਰਮਾਤਮਾ ਵਲ ਲਗਣ ਨਹੀਂ ਦਿੰਦੀ। ਜਿਸ ਦੇ ਅੰਦਰਿ ਰਾਮ-ਰਸ ਭਿੰਨੜੀ ਪਰਮਾਤਮਾ ਪ੍ਰੀਤਮ ਦੀ ਪ੍ਰੀਤ ਨਹੀਂ ਹੈ ਉਸ ਪ੍ਰੀਤ ਤੋਂ ਦੁਬਿਧਾ ਰੂਪੀ ਵਿਕਾਰ ਕਰਮ ਉਪਜਦੇ ਹਨ। ਤਾਂ ਤੇ ਦੁਬਿਧਾ-ਕਰਮ-ਵਿਕਾਰੀ ਪ੍ਰੀਤ ਸਭ ਜਾਲ ਦੇਣ ਜੋਗੀ ਹੈ।

ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥ ੩ ॥੩॥

(ਪ੍ਰਭਾਤੀ ਨਾਮਦੇਵ ਜੀ, ਪੰਨਾ ੧੩੫੧)

ਇਹ ਹਉਮੈ-ਬਿਆਪਤ ਕਰਮ ਹੀ ਜੀਅ ਦੇ ਬੰਧਨ ਹਨ। ਆਨਮਤ ਤੇ ਮਨ ਦੀ ਮਤਿ ਅਨੁਸਾਰ ਆਪਣੇ ਹਉਮੈ ਦੀ ਮਤਿ ਅਨੁਸਾਰ ਕੀਤਾ ਜੋ ਭੀ ਕਰਮ ਹੈ ਸੋ ਜੀਵ-ਆਤਮਾ ਲਈ ਬੰਧਨ ਰੂਪ ਹੈ। ਉਸ ਦਾ ਜ਼ੁੰਮੇਵਾਰ ਆਪ ਹੀ ਇਹ ਕਰਮ ਕਰਨਹਾਰਾ ਜੀਵ ਹੈ, ਜੋ ਆਪਣੇ ਆਪੇ ਦੇ ਅਧੀਨ ਹੋਇਆ ਮਨ-ਹੁਦਰੇ ਕਰਮ ਕਰਦਾ ਹੈ। ਜੋ ਕੁਛ ਕੀਤਾ ਹੈ, ਕਰ ਕੇ ਬੰਧਨ ਇਸ ਨੇ ਪਾ ਲੀਤਾ ਹੈ। ਸੋ ਆਪਣੀ ਖ਼ੁਦਸਰੀ ਨਾਲਿ ਕੀਤਾ ਹੈ। ਖ਼ੁਦਸਰੀ ਵਾਲੀ ਮਤਸਰ-ਮਤੀ ਦਾ ਮਤਾਇਆ ਕਰਮ, ਸਭ ਬੰਧਨ ਬਿਆਪਿਆ ਕਰਮ ਹੋ ਕ ਕਰਨਹਾਰੇ ਹਉਮੈ-ਗ੍ਰਸਤ ਪ੍ਰਾਣੀ ਨੂੰ ਜਮ ਹੋ ਕੇ ਚਿੰਮੜਦਾ ਹੈ।

# ੨੦ - ਬਿਨੁ ਗੁਰ ਕਰਮ ਨ ਛੁਟਸੀ

ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉਕਰਿ ਸੂਚਾ ਹੋਇ ॥ ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥ ੧ ॥ ... ... ...

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥ ੬ ॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧੁ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥ ੭ ॥ ੫ ॥

(ਸਿਰੀਰਾਗੁ ਮਃ ੧, ਪੰਨਾ ੫੫-੫੬)

ਵਿਆਖਿਆ— ਝੂਠੇ ਕਰਮਾਂ ਦੇ ਕਰਨ ਕਰਿ, ਅਫਰੂ ਦਫਰੂ ਝੂਠੇ ਕਰਮ ਕਰਨ ਵਾਲਿਆਂ ਦੇ ਮਨ ਜੂਠੇ ਹੋ ਜਾਂਦੇ ਹਨ। ਮਨ ਜੂਠੇ ਹੋਣ ਕਰਿ ਉਹਨਾਂ ਦੇ ਤਨ ਵਿਚਿ ਭੀ ਜੂਠ ਪਸਰ ਜਾਂਦੀ ਹੈ ਅਤੇ ਉਹਨਾਂ ਦੀ ਜੀਹਬਾ (ਰਸਨਾ) ਭੀ ਜੂਠੀ ਹੋ ਜਾਂਦੀ ਹੈ। ਝੂਠੋ ਝੂਠ ਬੋਲਣ ਕਰਿ ਮੁਖ ਭੀ ਉਹਨਾਂ ਦਾ ਜੂਠਾ ਹੋ ਜਾਂਦਾ ਹੈ। ਮਨ ਜੂਠੇ ਹੋ ਜਾਣ ਕਰਿ ਉਹ ਹੋਰ ਭੀ ਝੂਠ ਬੋਲਦੇ ਹਨ ਅਤੇ ਝੂਠੇ ਹੀ ਕਰਮ ਹੋਰ ਕਮਾਉਣ ਲਗ ਜਾਂਦੇ ਹਨ। ਬਸ ਜੂਠ ਨਾਲਿ ਲਿਬੜ ਜਾਂਦੇ ਹਨ। ਅਜਿਹੇ ਜੂਠ ਨਾਲਿ ਲਿਬੜਿਆਂ ਦਾ ਮੁਖ ਕਿਵੇਂ ਸੁਚਾ ਹੋ ਸਕਦਾ ਹੈ? ਜੂਠਾ ਹੀ ਰਹਿੰਦਾ ਹੈ। ਤੇ ਮਨ ਭੀ ਜੂਠਾ। ਇਹ ਜੂਠ ਮਨ ਦੀ ਅਤੇ ਤਨ ਤੇ ਮੁਖ ਦੀ ਨਿਰੋਲ ਸੂਚੇ ਤੇ ਨਿਰਮਲ ਪਾਰਸ ਰੂਪੀ ਗੁਰ-ਸ਼ਬਦ ਨਾਲਿ ਮਾਂਜੇ ਬਿਨੌਂ ਨਹੀਂ ਲਹਿੰਦੀ। ਸੱਚੇ ਸ਼ਬਦ ਰੂਪੀ ਪਾਰਸ ਦੇ ਪਰਸਿਆਂ ਹੀ ਸਚਾਂ ਸਿਰ ਸਚੁ, ਵਾਹਿਗੁਰੂ ਰੂਪੀ ਸਚੁ ਦੀ ਪ੍ਰਾਪਤੀ ਹੁੰਦੀ ਹੈ। ਐਸੇ ਸਿਰੇ ਦੇ ਸਿਖਰਲੇ ਸਚੁ ਪ੍ਰਾਪਤਿ ਹੋਇਆਂ ਅਤੇ ਸਚੇ ਨਾਮ ਰੂਪੀ ਪਾਰਸ ਦੇ ਪਰਸਿਆਂ ਤੇ, ਮਨੁ ਤੇ ਤਨੁ ਤੇ ਮੁਖ ਸਭ ਕੁਛ ਸੁੱਚਾ ਹੋ ਜਾਂਦਾ ਹੈ। ਮੈਲ ਰੂਪੀ ਜੂਠ ਦੀ ਕਾਈ ਰਾਈ ਮਾਤਰ ਭੀ ਨਹੀਂ ਰਹਿੰਦੀ। ਪੰਡਿਤ ਲੋਗ ਬਥੇਰੇ ਪੋਥੀਆਂ ਆਨਮਤ ਧਰਮੀਆਂ ਦੀਆਂ ਪੜ੍ਹਦੇ ਤੇ ਵਾਚਦੇ ਫਿਰਦੇ ਹਨ, ਪਰ ਏਹਨਾਂ ਪੋਥੀਆਂ ਦੇ ਪੜ੍ਹੇ ਤੇ ਵਾਚੇ ਤੇ ਤੱਤ ਵੱਥ ਦਾ ਵੀਚਾਰ ਉਹਨਾ ਦੇ ਹਥਿ ਨਹੀਂ ਆਵੰਦਾ। ਇਹਨਾਂ ਆਨਮਤ ਧਰਮ-ਪੋਥੀਆਂ ਅੰਦਰਿ ਤੱਤ ਵੱਥ ਦਾ ਜ਼ਿਕਰ ਹੈ ਹੀ ਨਹੀਂ। ਨਮੂਦ ਮਾਤਰ ਭੀ ਨਹੀਂ। ਉਹ ਵੀਚਾਰਨ ਕਿਥੋਂ? ਬਸ, ਏਹਨਾਂ ਆਨਮਤ-ਪੁਸਤਕਾਂ ਪੋਥੀਆਂ ਵਿਚਿ ਮਾਇਆ ਦੇ ਧੰਧ ਬੰਧ ਦਾ ਵੀਚਾਰ ਹੀ ਭਰਿਆ ਪਿਆ ਹੈ। ਬਸ, ਇਹੋ ਕੂੜ ਹੀ ਉਹ ਇਹਨਾਂ ਪੋਥੀਆਂ ਦੇ ਵਾਚਣ ਪੜ੍ਹਨ ਤੋਂ ਖਟਦੇ ਹਨ। ਮਾਇਆ ਵਿਚਿ ਖਪਤ ਲੁਪਤ ਹੋਣ ਦਾ ਵੀਚਾਰ ਹੀ ਖ਼ੁਦ ਖਟਦੇ ਹਨ ਅਤੇ ਦੂਜਿਆਂ ਨੂੰ ਇਸੇ ਖ਼ੁਦ ਸਿਖੀ ਸਿਖਿਆ ਦੀਆਂ ਮੱਤੜੀਆਂ ਕੁਮੱਤੜੀਆਂ ਦਿੰਦੇ ਹਨ। ਅਤੇ ਦੇਈ ਜਾਂਦੇ ਹਨ। ਪੂਰਾਂ ਦੇ ਪੂਰ ਇਹ ਕੁਮੱਤੜੀਆਂ ਲੈ ਲੈ ਝੂਠੇ ਤੋਂ ਝੂਠੇ ਵਾਪਾਰ ਨਾਲਿ ਹੀ ਲੱਦੇ ਚਲੇ ਜਾਂਦੇ ਹਨ। ਖ਼ੁਦ

 www.sikhbookclub.com

ਕੁਮੱਤੜੀਆਂ ਦੇਣਹਾਰੇ ਭੀ ਏਸੇ ਮਾਇਆ ਦੀ ਵੀਚਾਰ ਦੀ ਝੂਠੀ ਖੇਪ ਨਾਲਿ ਲੱਦੇ ਚਲੇ ਜਾਂਦੇ ਹਨ। ਇਸ ਪ੍ਰਕਾਰ ਝੂਠੀ ਕਥਨੀ ਬਦਨੀ ਦਾ ਗ੍ਰਸਿਆ ਸਾਰਾ ਜਗਤ ਹੀ ਭਰਮਿਆ ਤੇ ਬਾਵਰਿਆ ਫਿਰਦਾ ਹੈ। ਸੱਚੀ ਸਾਰ-ਰਹਿਣੀ ਅਤੇ ਸੱਚੀ ਕਾਰ-ਕਰਣੀ ਸੱਚੇ ਸ਼ਬਦ, ਗੁਰ-ਸ਼ਬਦ (ਗੁਰਮੰਤਰ) ਦੀ ਕਮਾਈ ਹੈ। ਕੇਤੇ ਅਣਗਿਣਤ ਪੰਡਿਤ ਅਤੇ ਅਣਗਿਣਤ ਜੋਤਸ਼ੀ ਬੇਦਾਂ ਦਾ ਫੋਕਟ ਵੀਚਾਰ ਕਰਦੇ ਹਨ (ਕਿਉਂਕਿ ਬੇਦਾਂ ਵਿਚਿ ਹੈ ਹੀ ਫੋਕਟ ਭਰਿਆ ਪਿਆ), ਪਰ ਨਿਰੀਆਂ ਵਾਦ ਦੀਆਂ ਤੇ ਵਿਰੋਧ ਦੀਆਂ ਸਲਾਹੁਣੀਆਂ ਸਾਲਾਹੁੰਦੇ ਹਨ। ਫੋਕੀਆਂ ਅਲਾਹੁਣੀਆਂ ਅਲਾਉਂਦੇ ਹਨ। ਇਹਨਾਂ ਵਾਦ-ਵਿਰੋਧਾਂ ਦੇ ਕਾਰਨ ਹੀ ਬੇਦ ਪੜ੍ਹਨ ਵੀਚਾਰਨ-ਹਾਰਿਆਂ ਦਾ ਆਵਣ ਜਾਣ ਬਣਿਆ ਹੀ ਰਹਿੰਦਾ ਹੈ। ਚੁਰਾਸੀ ਦੇ ਗੇੜ ਕਦੇ ਮੁਕਦੇ ਨਹੀਂ। ਇਹ ਵਾਦ-ਵਿਰੋਧੀ ਕਰਮ ਬਿਨਾਂ-ਗੁਰੂ ਤੋਂ ਛੁਟਦੇ ਨਹੀਂ। ਬਿਨਾਂ ਗੁਰੂ ਦੀ ਸ਼ਰਨ ਆਇਆਂ ਏਹਨਾਂ ਵਾਦ-ਵਿਰੋਧੀ ਬੇਦ-ਬਿਖੋਧੀ ਕਰਮਾਂ ਤੋਂ ਛੁਟਕਾਰਾ ਨਹੀਂ ਹੁੰਦਾ। ਬੇਦਾਂ ਦੇ ਕਹੇ ਸੁਣੇ ਵਖਾਣੇ ਕਰਮਾਂ ਕਰਕੇ ਛੁਟਕਾਰਾ ਕਦੇ ਨਹੀਂ ਹੁੰਦਾ, ਯਥਾ—

> ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥ ੧ ॥ ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥ ੧ ॥ ਰਹਾਉ ॥ ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨ ਗੁਰ ਪੂਛੇ ਜਾਇ ਪਇਆਰੀ ॥ ੨ ॥ ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨ ਗੁਰ ਅੰਤੁ ਨ ਪਾਇ ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥ ੩ ॥ ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥ ੪ ॥ ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥ ੫ ॥ ਸਹਸਬਾਹੁ ਮਧੁਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥ ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ ॥ ਦੈਤ ਸੰਘਾਰਿ ਸੰਤ ਨਿਸਤਾਰੇ ॥ ੭ ॥ ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥ ੮ ॥ ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥ ੯ ॥ ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥ ੧੦ ॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥ ੧੧ ॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥ ੧੨ ॥ ੯ ॥

(ਗਉੜੀ ਮਃ ੧, ਪੰਨਾ ੨੨੪)

ਇਸ ਗੁਰਵਾਕ ਦਾ ਤਾਤਪਰਜ ਇਹ ਹੈ ਕਿ ਗੁਰੂ ਤੋਂ ਗੁਮਰਾਹ ਨਿਗੁਰੇ ਪੁਰਸ਼ ਚਾਹੇ ਵਡੇ ਤੋਂ

 www.sikhbookclub.com

ਵਡੇ ਗਿਰੰਬਾਰੀ ਸੰਸਾਰੀ ਹੋਣ, ਗਰਬ-ਗੁਸੇ ਕਰਮਾਂ ਵਿਚਿ ਹੀ ਖਪਿ ਖਪਿ ਮਰਦੇ ਹਨ। ਉਹਨਾਂ ਦੀ ਗਤਿ ਨਹੀਂ ਹੁੰਦੀ ਗੁਰੂ ਬਾਝੋਂ, ਨਾ ਹੀ ਉਹਨਾਂ ਦੇ ਗਰਬ-ਗੁਸੀਨੇ-ਕਰਮ ਛੁਟਦੇ ਹਨ। ਉਹਨਾਂ ਦੇ ਇਸ ਅਭਿਪਰੇ ਨੂੰ ਬਹੁ ਪ੍ਰਕਾਰੀ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਆਨਮਤ ਦੇ ਹਵਾਲੇ ਦੇ ਕੇ ਦਸਦੇ ਹਨ ਕਿ ਪਹਿਲਾਂ ਤਾਂ ਬ੍ਰਹਮੇ ਨੇ ਗਰਬ ਕੀਤਾ ਅਤੇ ਗਰਬ ਵਿਚਿ ਹੀ ਮਰ ਗਿਆ। ਰਚਨਹਾਰ ਪਰਵਦ-ਗਾਰ ਪਾਰਬ੍ਰਹਮ ਨੂੰ ਉਸ ਨੇ ਨਾ ਜਾਨਿਆ। ਉਸ ਗਰਬ-ਮੁਠੇ ਨੂੰ ਸਗੋਂ ਬੇਦ ਦੀ ਬਿਪਤਾ ਹੋਰ ਗਲ ਪੈ ਗਈ। ਉਹ ਬੇਦਾਂ ਤੋਂ ਗੁਆਚ ਗਿਆ, ਬੇਦ ਉਸ ਤੋਂ ਗੁਆਚ ਗਏ। ਫਿਰ ਪਛਤਾਵਾ ਲਗਾ, ਪਰ ਫਿਰ ਪਛਤਾਵੇ ਤੋਂ ਕੀ ਬਣਦਾ ਹੈ? ਹੁਣ ਕਿਤੇ ਫੇਰ ਗੁਰੂ ਘਰ ਦੇ ਵਿਚਿ ਜਨਮ ਧਾਰੇ ਤੇ ਗੁਰੂ ਧਾਰਨ ਕਰੇ ਤਾਂ ਉਸ ਦਾ ਨਿਸਤਾਰਾ ਹੋਵੇ। ਜੇ ਪਹਿਲਾਂ ਹੀ ਸਗੁਰਾ ਹੁੰਦਾ, ਨਾ ਨਿਗੁਰੇ ਕਰਮ ਕਰਦਾ, ਨਾ ਗਰਬ ਵਿਚਿ ਗਲਦਾ। ਓੜ ਗੁਰੂ ਘਰ ਵਿਖੇ ਜਨਮ ਲੈਣ ਕਰਕੇ ਅਤੇ ਭਿਖੇ ਭੱਟ ਦਾ ਜਾਮਾ ਧਾਰਨ ਕਰਕੇ ਉਸ ਨੂੰ ਗੁਰੂ ਘਰੋਂ ਸਿਮਰਨ ਪ੍ਰਾਪਤਿ ਹੋਇਆ ਤਾਂ ਉਸ ਦਾ ਘਰ ਪੂਰਾ ਹੋਇਆ। ਤਾਂ ਤੇ ਬਿਨਾਂ ਗੁਰੂ ਤੋਂ ਗਤਿ ਨਹੀਂ, ਅਤੇ ਗੁਰ ਪੂਰਾ ਸਤਿਗੁਰੂ ਗੁਰੂ ਨਾਨਕ ਹੈ, ਹੋਰ ਕੋਈ ਨਹੀਂ। ਸਾਰਾ ਸੰਸਾਰ ਹੀ ਆਦਿ ਜੁਗਾਦਿ ਤੋਂ ਗਰਬਦਾ ਤੇ ਗਰਬ-ਗੁਸੇ ਕਰਮਾਂ ਬਧਾ ਚੋਟਾਂ ਖਾਂਦਾ ਹੈ ਅਤੇ ਖਾਂਦਾ ਰਹੇਗਾ, ਜਦ ਤਾਈਂ ਗੁਰ ਕੀ ਸਰਣ ਪ੍ਰਾਪਤਿ ਨਹੀਂ ਹੁੰਦੀ। ਗਰਬ (ਹੰਕਾਰ) ਉਸੇ ਦਾ ਨਿਵਾਰਨ ਹੁੰਦਾ ਹੈ ਜੋ ਗੁਰੂ ਨੂੰ ਮਿਲਦਾ ਹੈ। ਉਸ ਦਾ ਹੀ ਗਰਬ ਨਿਵਾਰਨ ਹੁੰਦਾ ਹੈ, ਹੋਰ ਕਿਸੇ ਦਾ ਨਹੀਂ।

ਬਲਰਾਜ ਅਹੰਕਾਰੀ ਮਹਾਂ ਹੰਕਾਰੀ ਕਰਮ—ਜਗ ਆਦਿ ਦੇ ਕਰਮ ਕਰਦਾ ਕਰਦਾ ਗਰਬ ਗਲਿਆ ਹੀ ਮਰਿ ਗਇਆ। ਅਹੰਕਾਰ ਦੇ ਭਾਰ ਨਾਲਿ ਲਦਿਆ ਹੋਇਆ ਏਸੇ ਅਫਰੇਮੇ (ਹੰਕਾਰ-ਅਫਰੇਮੇ) ਵਿਚਿ ਮਰ ਗਿਆ। ਗੁਰੂ ਦੀ ਸਿਖਿਆ ਦੀਖਿਆ ਬਿਨਾਂ ਉਸ ਦੀ ਗਤਿ ਕਲਿਆਣ ਨਾ ਹੋਈ। ਅਤੇ ਪਤਾਲ ਵਿਚਿ ਹੀ ਸਿਟਿਆ ਜਾ ਕੇ ਰਸਾਤਲਿਆ ਗਿਆ। ਹੰਕਾਰ ਵਿਚਿ ਹੀ ਰਾਜੇ ਹਰੀ ਚੰਦ ਨੇ ਦਾਨ ਪੁੰਨ ਕਰਮ ਕੀਤੇ। ਪਰ ਉਸ ਨੂੰ ਗੁਰ ਪੂਰਾ ਨਾ ਮਿਲਿਆ, ਇਸ ਕਰਕੇ ਉਸ ਨੇ ਅਭੇਵ ਅਤੇ ਬੇਅੰਤ ਪਾਰਬ੍ਰਹਮ ਦਾ ਅੰਤ ਨਾ ਪਾਇਆ। ਅਹੰਕਾਰ ਨਾਲਿ ਭਰਮ ਭੁਲਾਏ ਹੋਏ ਨੂੰ ਕਉਣ ਮਤਿ ਦੇਵੇ? ਗੁਰੂ ਤੁਠੇ ਤੇ ਹੰਕਾਰ ਕਰਮ ਉਸ ਦੇ ਛੁਟਣ ਤਾਂ ਉਸ ਦੀ ਸਦਗਤੀ ਹੋਵੇ।

ਖੋਟੀ ਬੁਧੀ ਵਾਲਾ ਅਤੇ ਖੋਟੇ ਕਰਮਾਂ ਵਾਲਾ (ਦੁਰਾਚਾਰੀ) ਹਰਨਾਖਸ ਅਹੰਕਾਰ ਵਿਚਿ ਆਫਰ ਬੈਠਾ, ਗੁਰੂ ਦੀ ਸੁਮਤਿ ਪ੍ਰਾਪਤਿ ਨਾ ਹੋਣ ਕਰਕੇ ਕੁਮਤਿ ਵਿਚਿ ਕੁਮੱਤਿਆ ਗਿਆ। ਗਰਬ-ਪਰਹਾਰੀ ਪ੍ਰਭ ਨਾਰਾਇਣ ਦੀ ਉਸ ਨੇ ਸਾਰ ਨਾ ਜਾਣੀ। ਉਸ ਨੇ ਉਸ ਦੇ ਪੁੱਤਰ ਪ੍ਰਹਿਲਾਦ ਨੂੰ ਆਪਣਾ ਭਗਤ ਬਣਾ ਕੇ ਅਤੇ ਆਪਣੇ ਆਪ ਹੀ ਗੁਰੂ ਬਣ ਕੇ ਉਸ ਨੂੰ ਸੁਮਤਿ ਦਿੱਤੀ। ਪ੍ਰਹਿਲਾਦ ਉਸੇ ਦਾ ਪੁੱਤਰ ਉਤਪੰਨ ਕਰ ਕੇ, ਉਸੇ ਦੇ ਹੱਥੋਂ ਚੰਡ ਚੰਡਵਾਇ ਕੇ ਉਸ ਨੂੰ ਚੰਡ ਦਿੱਤਾ। ਪ੍ਰਹਿਲਾਦ ਉਤੇ ਉਸ ਦੀ ਦਇਆ ਹੋਈ ਅਤੇ ਪ੍ਰਹਿਲਾਦ ਤਰ ਗਿਆ। ਹਰਨਾਖਸ਼ ਮਾਰਿਆ ਗਿਆ, ਉਸ ਨੂੰ ਗੁਰੂ ਦਾ ਗਿਆਨ ਨਾ ਹੋਇਆ। ਸ੍ਰੀ ਪ੍ਰਹਿਲਾਦ ਦੇ ਹਿਰਦੇ ਵਿਚਿ ਆਪ ਉਤਰ ਕੇ ਵਾਹਿਗੁਰੂ ਨੇ ਉਸ ਦੀ ਹਰ ਪ੍ਰਕਾਰੀ ਸਹਾਇਤਾ ਕੀਤੀ। ਰਾਵਣ, ਮੂਰਖ ਰਾਵਣ, ਅਚੇਤ ਰਾਵਣ ਆਪਣੇ ਗਰਬ ਵਿਚਿ ਗਲਿਆ ਹੰਕਾਰ ਵਿਚਿ ਭੁਲਿਆ ਹੋਇਆ, ਭੁਲਿਆ ਹੀ ਫਿਰਦਾ ਰਿਹਾ। ਓੜਕ ਓਸ ਹੰਕਾਰ-ਗੁਸੇ ਲੰਕਾ ਦੇ ਰਾਜੇ ਰਾਵਣ ਦੀ ਲੰਕਾ ਲੁਟੀ ਗਈ ਤੇ ਦਹਿਸਿਰੀ

ਸੀਸ ਭੀ ਕੱਟੇ ਗਏ। ਸੱਚੇ ਗੁਰੂ ਦੇ ਨਾਲ ਹੇਤ ਪਿਆਰ ਨਾ ਹੋਣ ਕਰਕੇ, ਗਰਬ ਕਰ ਕੇ ਗਇਆ ਗੁਜ਼ਰਿਆ ਹੋ ਗਿਆ।

ਏਸੇ ਪਰਕਾਰ ਸਹਸਰਬਾਹੂ, ਮਧਕੀਟ, ਮਹਿਖਾਸਰ ਆਦਿ ਦੈਂਤ ਮਾਰੇ ਗਏ ਤੇ ਹਰਨਾਖਸ਼ ਨਰਸਿੰਘ ਨੇ ਨਹੁੰਆਂ ਨਾਲ ਪਾੜ ਕੇ ਮਾਰ ਦਿੱਤਾ। ਇਹ ਸਭ ਦੈਂਤ ਨਿਗੁਰੇ, ਭਗਤੀ ਭਾਵ ਤੋਂ ਸਖਣੇ ਹੰਕਾਰ ਦੇ ਕਾਰਨ ਮਾਰੇ ਗਏ। ਜਰਾਸੰਧ, ਕਾਲ ਜਮਨ, ਰਕਤ ਬੀਜ, ਕਾਲ ਨੇਮੀ, ਸਭ ਦੈਂਤ ਮਾਰੇ ਗਏ। ਜਿਥੇ ਜਿਥੇ ਕੋਈ ਟਾਵਾਂ ਟਾਵਾਂ ਸੰਤ ਭਗਤ ਹੋਇਆ ਸੋ ਨਿਸਤਾਰਿਆ ਗਿਆ। ਪਰ ਜਦੋਂ ਕਦੇ ਭੀ ਕਿਸੇ ਦਾ ਨਿਸਤਾਰਾ ਹੋਇਆ ਤਾਂ ਸਤਿਗੁਰ ਦੇ ਸ਼ਬਦ ਦੀ ਅਭਿਆਸ ਰੂਪੀ ਵਿਚਾਰ ਦੁਆਰਾ ਹੋਇਆ। ਸਾਰੇ ਦੈਂਤ ਦੂਜੇ ਭਾਇ ਵਿਚ ਖਪ ਰਹੇ ਸਨ, ਜਿਸ ਕਰਕੇ ਸੰਘਾਰੇ ਗਏ। ਸੱਚਾ ਨਿਸਤਾਰਾ ਹੋਇਆ ਤਾਂ ਗੁਰਮੁਖਾਂ, ਗੁਰੂ ਘਰ ਦੇ ਸੁਚਿਆਰ ਸ਼ਬਦ ਕਮਾਈ ਵਾਲੇ ਗੁਰਸਿਖਾਂ ਦਾ ਹੋਇਆ।

ਦੁਰਜੋਧਨ ਇਸ ਕਰਕੇ ਡੁਬਿਆ ਅਤੇ ਬੇਇਜਤ ਹੋ ਕੇ ਹਾਰਿਆ ਕਿ ਉਸ ਨੇ ਆਪਣੇ ਅਹੰਕਾਰ ਵਿਚਿ ਸਿਰ ਦਾ ਸਾਈਂ ਸਿਰ ਤੇ ਨ ਜਾਣਿਆ, ਸਾਈਂ ਨੂੰ ਗੁਰੂ ਬਾਝੋਂ ਕਿਵੇਂ ਜਾਣੇ। ਜੋ ਹਰੀ ਦੇ ਭਗਤਾਂ ਨੂੰ ਦੁਖ ਦਿੰਦਾ ਹੈ ਉਹ ਖ਼ੁਦ ਭੀ ਦੁਖਾਂ ਵਿਚ ਪਚ ਪਚ ਕੇ ਦੁਖੀ ਹੋ ਕੇ ਮਰਦਾ ਹੈ। ਜੇ ਗੁਰ ਸ਼ਬਦ ਦੀ ਸੋਝੀ ਜਨਮੇਜੇ ਨੂੰ ਹੁੰਦੀ ਤਾਂ ਉਹ ਭਰਮ ਵਿਚਿ ਭੁਲ ਕੇ ਕਿਉਂ ਦੁਖੀ ਹੁੰਦਾ ਅਤੇ ਸੁਖੋਂ ਵਾਂਝਿਆ ਜਾਂਦਾ? ਇਕ ਤਿਲ ਮਾਤਰ ਦੀ ਭੁਲ ਨੇ ਉਸ ਨੂੰ ਖੁਆਰ ਕੀਤਾ। ਕੇਸੀ, ਕੰਸ ਤੇ ਚਾਂਡੂਰ ਆਦਿ ਦੈਂਤ ਭੀ ਆਪਣੀ ਪੱਤ ਗਵਾ ਕੇ ਨਿਗੁਰੇ ਹੀ ਮਰ ਗਏ। ਰਾਮ ਉਹਨਾਂ ਤੋਂ ਨਹੀਂ ਚੀਨਿਆ ਗਿਆ। ਜਗਦੀਸ਼ ਬਿਨਾਂ ਕਉਣ ਰਖਿਆ ਕਰਦਾ ਹੈ? ਨਿਗੁਰੇ ਸਾਰੇ ਹੀ ਜਗਦੀਸ਼ ਤੋਂ ਬੇਮੁਖ ਰਹਿੰਦੇ ਹਨ ਅਤੇ ਬੇਮੁਖ ਹੋਏ ਹੀ ਮਰ ਜਾਂਦੇ ਹਨ।

ਸਤਿਗੁਰੂ ਬਿਨਾਂ ਗਰਬ ਕਿਸੇ ਦਾ ਭੀ ਨਹੀਂ ਮੇਟਿਆ ਜਾਂਦਾ। ਗੁਰਮਤਿ ਦੁਆਰਾ ਗੁਰੂ ਨਾਨਕ ਦਾ ਸਿਖ ਬਣ ਕੇ ਅਤੇ ਨਾਮ ਜਪ ਕੇ ਹੀ ਸੱਚੀ ਧੀਰਜ ਆਉਂਦੀ ਹੈ ਅਤੇ ਸੱਚਾ ਧਰਮੀ ਬਣੀਦਾ ਹੈ। ਨਹੀਂ ਤਾਂ ਹਉਮੈ ਝਖਣਾ ਝਾਖ ਹੀ ਰਹਿੰਦਾ ਹੈ।

> ਤੀਨਿ ਭਵਨ ਮਹਿ ਏਕਾ ਮਾਇਆ ॥ ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥ ਬਹੁ ਕਰਮ ਕਮਾਵੈ ਦੁਖੁ ਸਬਾਇਆ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥ ੬ ॥ ਅੰਮ੍ਰਿਤੁ ਮੀਠਾ ਸਬਦਿ ਵੀਚਾਰਿ ॥ ਅਨਦਿਨੁ ਭੋਗੇ ਹਉਮੈ ਮਾਰਿ ॥ ਸਹਜਿ ਅਨੰਦਿ ਕਿਰਪਾ ਧਾਰਿ ॥ ਨਾਮਿ ਰਤੇ ਸਦਾ ਸਚਿ ਪਿਆਰਿ ॥ ੭ ॥ ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥ ਹਰਿ ਜਪਿ ਪੜੀਐ ਹਉਮੈ ਮਾਰਿ ॥ ਹਰਿ ਜਪੀਐ ਭਇ ਸਚਿ ਪਿਆਰਿ ॥ ਨਾਨਕ ਨਾਮੁ ਗੁਰਮਤਿ ਉਰਧਾਰਿ ॥ ੮ ॥ ੩ ॥ ੨੫ ॥
>
> (ਆਸਾ ਮਃ ੩, ਪੰਨਾ ੪੨੪)

ਤਿੰਨਾਂ ਭਵਨਾਂ ਵਿਚਿ ਅਰਥਾਤ ਸਾਰੀ ਸ੍ਰਿਸ਼ਟੀ ਵਿਚ ਇਕੋ ਮਾਇਆ ਦਾ ਹੀ ਜ਼ੋਰ ਹੈ। ਮੂਰਖਾਂ ਪੰਡਿਤਾਂ ਨੇ ਭੀ ਬੇਦਾਂ ਨੂੰ ਪੜ੍ਹਿ ਪੜ੍ਹਿ ਮਾਇਆ ਦੇ ਜ਼ੋਰ ਸ਼ੋਰ ਵਾਲਾ ਹੀ ਦੂਜਾ ਭਾਵ ਲੋਕਾਂ ਨੂੰ ਦਿੜ੍ਹਾਇਆ ਹੈ। ਦੂਜੇ ਭਾਇ ਵਿਚਿ ਦ੍ਰਿੜ੍ਹ ਅਰੂੜ੍ਹ ਹੋ ਕੇ ਜਗਤ ਬਹੁ ਬਹੁ ਭਾਂਤੀ ਅਨੇਕਾਂ ਕਰਮ

ਕਮਾਵੰਦਾ ਹੈ, ਜਿਨ੍ਹਾਂ ਦੇ ਕਰਨ ਕਰਿ ਬਹੁਤੇ ਤੋਂ ਬਹੁਤਾ ਦੁਖ ਹੀ ਹਾਸਲ ਹੁੰਦਾ ਹੈ। ਸਤਿਗੁਰੂ ਦਾ ਸੇਵਕ ਸਿਖ ਬਣਿਆਂ ਹੀ ਸੁਖ ਹੈ। ਨਹੀਂ ਤਾਂ ਬਿਨੁ ਗੁਰ-ਦੀਖਿਆ ਦੇ ਦੁਖ ਹੀ ਦੁਖ ਹੈ ਅਤੇ ਬਿਖ ਹੀ ਬਿਖ ਵਿਚਿ ਖਪਦਾ ਹੈ। ਗੁਰੂ ਦੀ ਦੀਖਿਆ ਦ੍ਰਿੜ੍ਹ ਕਰ ਕੇ ਅਤੇ ਗੁਰੂ ਦੇ ਸ਼ਬਦ ਦੀ ਕਮਾਈ ਕਰ ਕੇ ਅੰਮ੍ਰਿਤ ਮੀਠੇ ਦੇ ਸੁਆਦ ਦਾ ਸਦਾ ਚਖਣਾ ਨਸੀਬ ਹੁੰਦਾ ਹੈ। ਇਸ ਅਮਿਉ ਰਸ ਮੀਠੇ ਦੇ ਅਨੰਦ ਨੂੰ ਭੋਗਣਹਾਰਾ ਗੁਰਮੁਖਿ ਅਭਿਆਸੀ ਜਨ ਸਦਾ ਹੀ ਭੋਗਦਾ ਰਹਿੰਦਾ ਹੈ। ਪਰ ਹਉਮੈ ਨੂੰ ਮਾਰ ਕੇ ਭੋਗਦਾ ਹੈ। ਹਉਮੈ ਤਾਂ ਨਾਮ ਜਪਣ ਵਾਲਿਆਂ ਦੇ ਨਿਕਟ ਹੀ ਨਹੀਂ ਆਉਂਦੀ। ਆਉਂਦੀ ਹੈ ਤਾਂ ਨਾਮ ਜਪਣ ਸਾਰ ਚਲੀ ਜਾਂਦੀ ਹੈ। ਮਰਿ ਮੁਕਿ ਜਾਂਦੀ ਹੈ। ਜਦੋਂ ਆਉਂਦੀ ਹੈ, ਓਦੋਂ ਹੀ ਮਰਨਾ ਹੋ ਜਾਂਦਾ ਹੈ। ਨਾਮ ਨੂੰ ਵਿਸਾਰਿਆਂ ਹੀ ਆਉਂਦੀ ਹੈ। ਏਸੇ ਕਰਕੇ ਨਾਮ ਵਿਸਾਰਿਆਂ ਮਰਨ ਹੁੰਦਾ ਹੈ। ਇਸ ਖਿਨ ਖਿਨ ਦੇ ਮਰਿ ਮਰਾਨ ਨੂੰ ਦੂਰ ਕਰਨ ਲਈ ਖਿਨ ਖਿਨ ਨਾਮ ਦਾ ਅਭਿਆਸ ਜਾਰੀ ਰਖੀਦਾ ਹੈ। ਜਿਸ ਤੋਂ ਸਹਜ ਅਨੰਦ ਵਿਚਿ ਇਸਥਿਤੀ ਹੋ ਜਾਂਦੀ ਹੈ। ਐਸੀ ਕਿਰਪਾ ਹੁੰਦੀ ਹੈ ਦਿਆਲੂ ਦੀ। ਇਹ ਬੜੀ ਸੱਚੀ ਸੁੱਚੀ ਕਿਰਪਾ ਹੈ। ਜਿਨ੍ਹਾਂ ਉਪਰਿ ਇਹ ਕਿਰਪਾ ਹੁੰਦੀ ਹੈ ਉਹ ਸਦਾ ਨਾਮ ਵਿਚਿ ਹੀ ਜੁਟੇ ਰਹਿੰਦੇ ਹਨ। ਨਾਮ ਦੇ ਅਨੰਦ ਵਿਚਿ ਮਗਨ ਰਹਿੰਦੇ ਹਨ। ਸਦਾ ਸੱਚੇ ਵਾਹਿਗੁਰੂ ਨੂੰ ਹਿਰਦੇ ਵਿਚਿ ਹੀ ਵਸਾਈ ਰਖਦੇ ਹਨ ਅਤੇ ਪ੍ਰੀਤਮ ਦੇ ਪਿਆਰ ਵਿਚਿ ਸਰਸ਼ਾਰ ਮਸਤ ਹੁਸ਼ਿਆਰ ਹੋ ਕੇ ਫਿਰਦੇ ਹਨ। ਪ੍ਰੰਤੂ ਗੁਰੂ ਨਾਨਕ ਸਾਹਿਬ ਦੇ ਘਰ ਇਹ ਨਾਮੁ ਗੁਰਮਤਿ ਕੇਵਲ ਗੁਰਮਤਿ ਦੁਆਰਾ ਹੀ ਉਰਿਧਾਰਿ ਹੁੰਦਾ ਹੈ। ਉਰਿਧਾਰ ਕੇ ਰਖੀਦਾ ਹੈ। ਗੁਰਮਤਿ ਦੀ ਦਰਸਾਈ ਦ੍ਰਿੜ੍ਹਾਈ ਸੱਚੀ ਬਿਧੀ ਰੀਤੀ ਬਿਨਾਂ ਨਹੀਂ ਉਰਿਧਾਰੀਦਾ। ਉਰਿਧਾਰ ਕੇ ਰਖ ਸਕੀਦਾ ਹੈ, ਇਹ ਗੁਰਮਤਿ ਨਾਮ।

ਗੂਜਰੀ ਮਹਲਾ ੫ ਚਉਪਦੇ ਘਰੁ ੨ ੴ ਸਤਿਗੁਰ ਪ੍ਰਸਾਦਿ ॥
ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥ ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥ ੧ ॥ ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥ ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥ ੧ ॥ ਰਹਾਉ ॥ ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥ ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥ ੨ ॥ ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥ ਅਨਿਕ ਸੋਚ ਕਰਹਿ ਦਿਨੁ ਰਾਤੀ ਬਿਨੁ ਸਤਿਗੁਰ ਅੰਧਿਆਰੀ ॥ ੩ ॥ ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥ ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥ ੪ ॥ ੧ ॥ ੨ ॥

(ਪੰਨਾ ੪੯੫)

ਗੁਰੂ ਤੋਂ ਬਿਨਾਂ ਭਰਮ-ਕਰਮ ਛੁਟਦੇ ਨਹੀਂ, ਮਨਮੁਖ ਭਰਮਾਂ-ਕਰਮਾਂ ਵਿਚਿ ਪਿਆ ਹੀ ਜਨਮ ਬਰਬਾਦ ਕਰਿ ਦਿੰਦਾ ਹੈ। ਉਸ ਨੂੰ ਆਪੇ ਛੁਟਣ ਦੀ ਸੋਝੀ ਆਉਂਦੀ ਹੀ ਨਹੀਂ। ਛੁਟਣ ਦੀ ਸੋਝੀ ਆਉਂਦੀ ਹੈ ਤਾਂ ਗੁਰੂ ਦੁਆਰਿਓਂ। ਇਕੋ ਗੁਰੂ ਦਾ ਬਣ ਕੇ ਹੀ ਆਉਂਦੀ ਹੈ। ਬਸ, ਪੂਜਾ ਤਿਲਕ ਜੰਞੂ ਆਦਿ ਕਰਮ ਕਾਂਡ ਕਿਰਿਆਚਾਰ ਵਿਚਿ ਅਤੇ ਖਟ ਕਰਮਾਂ ਵਿਚਿ ਹੀ ਸੰਸਾਰੀ ਪੁਰਖ ਲਗ ਕੇ ਲੱਥ ਪੱਥ ਹੋਏ ਰਹਿੰਦੇ ਹਨ। ਇਹਨਾਂ ਕਿਰਿਆਚਾਰੀ ਖਟ ਕਰਮਾਂ ਦੇ ਕਰਨ ਕਰਿ

ਅੰਦਰਲੀ ਹਉਮੈ ਦੀ ਮੈਲ ਨਹੀਂ ਉਤਰਦੀ। ਸਤਿਗੁਰੂ ਬਿਨਾਂ ਮਨੁਖਾ ਜਨਮ ਦੀ ਬਾਰੀ ਵਾਲੀ ਬਾਜ਼ੀ ਹਾਰ ਕੇ ਬਿਰਥੀ ਹੀ ਆਰਜਾ ਗਵਾ ਲੈਂਦੇ ਹਨ। ਗੁਰੂ ਕਰਤਾਰ ਹੀ ਕਿਰਪਾ ਧਾਰ ਕੇ ਰੱਖ ਲਵੇ ਤਾਂ ਰੱਖ ਲਏ, ਨਹੀਂ ਤਾਂ ਬਿਨਾਂ ਕਰਤਾਰ ਥਾਂ ਹੀ ਹੋਰ ਕੋਈ ਨਹੀਂ। ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਗੁਰੂ ਕਰਤਾਰ ਦਾ ਭਗਤ ਸੇਵਕ-ਸਿਖ ਬਣਦਾ ਹੈ, ਨਹੀਂ ਤਾਂ ਹੋਰ ਸਗਲੇ ਬਿਉਹਾਰੀ ਸੰਸਾਰੀ ਪੁਰਸ਼ ਸੁਆਰਥੀ ਬਿਉਹਾਰੀ ਨਿਰੇ ਕੰਮ-ਕੱਢੂ ਸਉਦੇਬਾਜ਼ ਹੀ ਹੁੰਦੇ ਹਨ। ਸਾਰੇ ਇਕੋ ਮਾਇਆ ਦੇ ਵਹਿਣ ਵਿਚ ਹੀ ਰੁੜ੍ਹੇ ਜਾਂਦੇ ਹਨ। ਸਾਰੇ ਮਾਇਆ ਦੇ ਸਉਦੇ ਦੇ ਬਿਉਪਾਰ ਵਾਲੀ ਹੀ ਲਿੱਲ ਵਿਚ ਲਗੇ ਹੋਏ ਹਨ। ਸ਼ਾਸਤ੍ਰ ਬੇਦ ਅਤੇ ਸਿਮ੍ਰਿਤਿ ਆਦਿ ਪੁਸਤਕ ਸਾਰੇ ਸੋਧ ਸਾਧ ਕੇ ਦੇਖ ਲਏ ਹਨ। ਇਹ ਸਾਰੇ ਆਨਮਤ ਪੁਸਤਕ ਸ਼ਾਸਤ੍ਰ ਬੇਦ ਆਦਿਕ ਅਤੇ ਏਹਨਾਂ ਦੇ ਘੋਖਣ ਵੀਚਾਰਨਹਾਰੇ ਇਕੋ ਮਾਇਆ ਵਾਲੀ ਲਿੱਲ ਵਿਚਿ ਹੀ ਲਗੇ ਹੋਏ ਹਨ, ਅਤੇ ਮਾਇਆ ਦੀ ਲਿੱਲ ਵਾਲੀ ਇਕੋ ਗੱਲ ਹੀ (ਭੁੱਖੇ ਦੇ ਟੁੱਕ ਮੰਗਣ ਵਾਂਗ) ਮੁਖੋਂ ਪੁਕਾਰਦੇ ਹਨ। ਸਾਰੇ ਸਿਮ੍ਰਿਤਿ ਸ਼ਾਸਤ੍ਰ ਬੇਦ ਇਕਸਾਰ ਹੀ ਇਸੇ ਮਾਇਆ ਵਿਉਪਾਰ ਦੀ ਪੁਕਾਰ ਵਾਲੀ ਬਾਤ ਹੀ ਪੁਕਾਰਦੇ ਹਨ, ਕਿਸੇ ਨੂੰ ਭੀ ਪ੍ਰਮਾਰਥ ਦੇ ਪਾਸੇ ਦੀ ਸੋਝੀ ਨਹੀਂ। ਹੈ ਤਾਂ ਕੇਵਲ ਗੁਰੂ ਪੂਰੇ ਸਤਿਗੁਰੂ ਨਾਨਕ ਨੂੰ ਹੀ ਹੈ ਅਤੇ ਗੁਰੂ ਨਾਨਕ ਦੇ ਘਰ ਨੂੰ ਹੀ ਹੈ। ਬਿਨਾਂ ਗੁਰੂ ਅਤੇ ਗੁਰੂ ਘਰ ਤੋਂ ਮੁਕਤੀ ਕਿਸੇ ਨੂੰ ਪ੍ਰਾਪਤਿ ਨਹੀਂ ਹੁੰਦੀ। ਨਿਗੁਰਿਆਂ ਨੂੰ ਤਾਂ ਉੱਕੀ ਹੀ ਮੁਕਤੀ ਨਹੀਂ ਮਿਲਦੀ। ਨਾ ਮਿਲਣੀ ਹੈ, ਨਾ ਮਿਲੇਗੀ। ਕੋਈ ਭੀ ਆਨਮਤੀ ਬੇਦਾਚਾਰੀ ਸ਼ਾਸਤ੍ਰ-ਧਾਰੀ, ਸਿਮ੍ਰਿਤਿ-ਘੋਖਾਰੀ ਪੁਰਸ਼ ਮੁਕਤੀ ਨੂੰ ਪ੍ਰਾਪਤਿ ਨਹੀਂ ਹੋਵੇਗਾ। ਹੋਵੇਗਾ ਤਾਂ ਗੁਰੂ ਕਾ ਵਰੋਸਾਇਆ ਵਡਭਾਗਾ ਗੁਰਮੁਖਿ ਜਨ ਹੀ ਹੋਵੇਗਾ। ਨਿਗੁਰੇ ਮੁਕਤੀ ਤੋਂ ਵਾਂਜੇ ਬੇਦ-ਪਾਠੀਆਂ ਆਦਿ ਨੂੰ ਮੁਕਤੀ ਦੀ ਕੀ ਸਾਰ, ਓਹ ਤਾਂ ਮੁਕਤੀ ਦੀ ਗਤੀ ਹੀ ਨਹੀਂ ਜਾਣਦੇ।

ਉਹਨਾਂ ਨੂੰ ਤਾਂ ਨਾ ਗੁਰੂ ਦੀ ਸੂਝ ਹੈ, ਨਾ ਮੁਕਤੀ ਦੀ ਸਾਰ। ਤਾਂ ਤੇ ਇਹ ਅਰਥ ਉੱਕੇ ਹੀ ਮੂਲੋਂ ਹੀ ਗ਼ਲਤ ਹਨ (ਜੋ ਕਈ ਅਗਿਆਨੀ ਲੋਗ ਕਰਿਆ ਕਰਦੇ ਹਨ) ਕਿ ਸਿਮ੍ਰਿਤਿ ਸ਼ਾਸਤ੍ਰ ਬੇਦ ਆਦਿਕ ਪੁਕਾਰ ਪੁਕਾਰ ਇਹ ਗੱਲ ਕਹਿੰਦੇ ਹਨ ਕਿ ਗੁਰੂ ਬਿਨਾਂ ਮੁਕਤੀ ਨਹੀਂ ਮਿਲਦੀ। ਇਹਨਾਂ ਨੂੰ ਤਾਂ ਮੁਕਤੀ ਮਿਲੀ ਹੀ ਨਹੀਂ। ਮੁਕਤੀ ਇਹਨਾਂ ਨੂੰ ਪ੍ਰਾਪਤਿ ਹੀ ਨਹੀਂ ਹੋਈ। ਉਹਨਾਂ ਨੂੰ ਕੀ ਥਹੁ ਪਤਾ ਮੁਕਤੀ ਦਾ ਅਤੇ ਇਸ ਗੱਲ ਦਾ ਕਿ ਗੁਰੂ ਬਾਝੋਂ ਮੁਕਤੀ ਨਹੀਂ ਮਿਲਣੀ। ਉਹ ਤਾਂ ਖ਼ੁਦ ਨਿਗੁਰੇ ਹਨ। ਤਿਨ੍ਹਾਂ ਮੁਕਤੀ-ਸੂਨ ਆਨਮਤ ਮੁਠੜੇ ਬੇਦਾਚਾਰੀ ਕਰਮੀਆਂ ਨੂੰ ਤਾਂ ਗੁਰੂ ਸਾਹਿਬ ਨੇ ਵੰਗਾਰ ਕੇ ਆਖਿਆ ਪੁਛਿਆ ਹੈ ਕਿ ਆਪਣੀ ਬੁਕਲ ਵਿਚਿ ਮੂੰਹ ਪਾ ਕੇ ਵੇਖਹੁ, ਆਪਣੇ ਹਿਰਦੇ ਵਿਚਿ ਕੰਘੀ ਮਾਰ ਕੇ ਦੇਖੋ ਕਿ ਉਹਨਾਂ ਨੂੰ ਕੈਸੀ ਮੁਕਤੀ ਪ੍ਰਾਪਤਿ ਹੋਈ ਹੈ। ਹੋਈ ਹੀ ਨਹੀਂ। ਹੋਣੀ ਕਿਥੋਂ ਸੀ? ਐ ਬੇਦਾਚਾਰੀਓ! ਬੇਦ ਕਰਮਾ-ਚਾਰੀਓ! ਸਿਮ੍ਰਿਤਿ ਸ਼ਾਸਤ੍ਰ ਬੇਦ-ਘੋਖਾਰੀਓ! ਤੁਹਾਨੂੰ ਗੁਰੂ ਬਿਨਾਂ ਮੁਕਤੀ ਕਦੇ ਭੀ ਨਹੀਂ ਪ੍ਰਾਪਤਿ ਹੋਣੀ। ਆਪਣੇ ਆਪ ਹੀ ਸ਼ਾਹਦੇ-ਹਾਲ ਹੋ ਕੇ ਦੇਖੋ। ਹਿੰਦੂਆਂ ਆਨਮਤੀਆਂ ਦੇ ਅਠਸਠ (ਅਠਾਹਠ) ਤੀਰਥਾਂ ਵਿਚਿ ਮਜਨ ਇਸ਼ਨਾਨ ਆਦਿ ਕਰਮ ਕੀਤਿਆਂ ਭੀ ਕੁਛ ਨਹੀਂ ਬਣਦਾ ਅਤੇ ਸਾਰੀ ਸ੍ਰਿਸ਼ਟੀ ਤੇ ਭ੍ਰਮ ਭ੍ਰਮ ਕੇ ਪ੍ਰਮਾਰਥ ਦੀ ਦਉੜ ਕਰਨ-ਹਾਰਿਆਂ ਨੂੰ ਭੀ ਕੱਖ ਮਾਤਰ ਭੀ ਪ੍ਰਮਾਰਥ ਦੀ ਪ੍ਰਾਪਤੀ ਨਹੀਂ ਹੁੰਦੀ। ਦਿਨੇ ਰਾਤ ਉਦਕ-ਉਦਕਾਨੇ ਅਤੇ ਸੋਚਿ ਇਸ਼ਨਾਨੀ ਹੋਇਆ ਭੀ ਕੁਛ ਨਹੀਂ ਸੌਰਦਾ। ਨਿਗੁਰਿਆਂ ਦੀ ਸੁੱਚ-ਕਿਰਿਆ ਭੀ ਐਸੀ ਹੈ ਜੈਸਾ ਮਜਨ ਝੂਠਾ ਚੰਡਾਲ ਦਾ ਹੈ। ਅਜਿਹੇ ਸੁੱਚਤਾ ਦੇ ਅਨੇਕ ਕਰਮ ਕੀਤੇ

ਬਿਰਥਾ ਹੀ ਜਾਣਗੇ। ਸਤਿਗੁਰੂ ਬਿਨਾਂ ਇਸ ਅੰਧਿਆਰੀ ਕਿਰਿਆ ਕਾਰਨ ਅੰਧਿਆਰ ਅੰਨ੍ਹੇ ਖਾਤੇ ਵਿਚਿ ਡਿਗਣ ਦੀ ਦੁਰਦਸ਼ਾ ਵਿਚ ਪੈਣਗੇ। ਸਾਰਾ ਜਗ ਧਾਇ ਧਾਇ ਕੇ ਅਤੇ ਸਾਰੇ ਟੱਕਰਾਂ ਮਾਰ ਕੇ ਹਾਰ ਕੇ ਸਤਿਗੁਰੂ ਦੀ ਸ਼ਰਨ ਜੋ ਪੁਰਸ਼ ਆਏ ਹਨ ਅਤੇ ਹਰਿ-ਦੁਆਰ ਦੇ ਵਾਸੀ ਭਏ ਹਨ, ਉਹਨਾਂ ਦੀ ਦੁਰਮਤਿ ਬੁਧੀ ਮਿਟ ਜਾਂਦੀ ਹੈ। ਅਤੇ ਦੁਰਮਤਿ ਬੁਧੀ ਮਿਟਾ ਕੇ ਉਹਨਾਂ ਦੇ ਅੰਦਰਿ ਸੱਚੀ ਗੁਰਮਤਿ ਬੁਧੀ ਪ੍ਰਕਾਸ਼ਮਾਨ ਆਇ ਹੁੰਦੀ ਹੈ। ਇਹੀ ਗੁਰਮਤਿ ਬੁਧੀ ਪ੍ਰਕਾਸ਼ਨੀ ਵਾਹਿਗੁਰੂ ਦਰਸਾਵਨੀ ਬੁਧੀ ਗੁਰਮਤਿ ਗੁਰੂ ਘਰ ਦੇ ਗੁਰਮੁਖਿ ਜਨਾਂ ਨੂੰ ਤਾਰਨਹਾਰੀ ਹੈ।

**ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਣੀ ॥**
**ਛਾਡਿ ਸਿਆਨਪ ਸੰਜਮ ਨਾਨਕ ਲਾਗੋ ਗੁਰ ਕੀ ਚਰਣੀ ॥ ੨॥ ੯॥**

(ਦੇਵ ਗੰਧਾਰੀ ਮਃ ੫, ਪੰਨਾ ੫੩੦)

ਭਾਵ ਅਰਥ— ਸਾਰੀਆਂ ਸਿਆਣਪਾਂ ਤੇ ਸਾਰੇ ਸਿਆਣਪੀ ਸੰਜਮ ਆਪ-ਹੁਦਰੇ ਯਤਨ ਛਡ ਕੇ ਗੁਰੂ ਦੀ ਚਰਨੀ ਲਗੇ ਬਿਨਾਂ, ਗੁਰੂ ਕਾ ਬਣੇ ਬਿਨਾਂ, ਗੁਰੂ ਘਰ ਦੀ ਦੀਖਿਆ ਸਿਖਸ਼ਾ ਧਾਰਨ ਕਰੇ ਬਿਨਾਂ ਆਪ-ਹੁਦਰਿਆਂ ਸਹਿਸ ਸਿਆਣਪੀ ਸੰਜਮ ਵਾਲਿਆਂ ਕੋਲੋਂ ਨਾ ਤਾਂ ਕੋਈ ਸੁਚੱਜਾ ਕਰਮ ਧਰਮ ਉਪਜਿ ਆਉਂਦਾ ਹੈ, ਕਰਨਾ ਬਣਿ ਆਉਂਦਾ ਹੈ ਅਤੇ ਨਾ ਹੀ ਕੋਈ ਨਿਰਮਲ ਕਰਣੀ ਹੀ ਕਰਨੀ ਆਉਂਦੀ ਹੈ। ਸਤਿਗੁਰੂ ਦੀ ਓਟ ਬਿਨਾਂ, ਸਤਿਗੁਰੂ ਦੀ ਸਿਖਿਆ ਤੇ ਚਲੇ ਬਿਨਾਂ ਸਾਰੀਆਂ ਕਰਮ ਧਰਮ ਕਰਣੀਆਂ ਐਵੇਂ ਨਿਸਫਲ ਹੀ ਜਾਂਦੀਆਂ ਹਨ। ਭਾਵੇਂ ਆਪ-ਹੁਦਰੇ ਕਰਮ ਧਰਮ ਸਾਰੇ ਹੀ ਸੰਜਮੀ ਸਿਆਣਪਾਂ ਵਾਲੇ ਜੋਰ ਤਾਣ ਲਾ ਕੇ ਕੀਤੇ ਜਾਣ। ਇਹਨਾਂ ਗੁਰ-ਗੰਮਤਾ-ਹੀਣ ਕਰਮਾਂ ਧਰਮਾਂ ਕਰਣੀਆਂ ਤੋਂ ਛੁਟਕਾਰਾ ਨਹੀਂ ਹੁੰਦਾ। ਕਦਾਚਿਤ ਹੋ ਹੀ ਨਹੀਂ ਸਕਦਾ।

**ਸਲੋਕ ਮਃ ੪ ॥ ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ ॥ ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥ ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ ॥ ਨਾਨਕ ਬਿਨੁ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਹਿ ਮੁਹਿ ਕਾਲੈ ਉਠਿ ਜਾਹਿ ॥੧ ॥**

(ਬਿਹਾਗੜੇ ਕੀ ਵਾਰ, ਪੰਨਾ ੫੫੨)

ਭਾਵ— ਸਤਿਗੁਰੂ ਨੂੰ ਸੇਵੇ ਬਿਨਾਂ, ਅਰਥਾਤ, ਸਤਿਗੁਰ ਦਾ ਸੇਵਕ-ਸਿਖ ਹੁਕਮੀ ਬੰਦਾ ਬਣੇ ਬਿਨਾਂ ਜਿਹੜੇ ਅਨਮਤੀਏ ਲੋਗ ਕਰਮ ਕਮਾਉਂਦੇ ਹਨ, ਭਾਵੇਂ ਕਿੰਨੇ ਹੀ ਕਰਮ ਕਰਿ ਥਕਣ, ਕਰਦੇ ਕਰਦੇ ਭਾਵੇਂ ਮਰਿ ਮਿਟਣ, ਉਹ ਕਰਮ ਉਹਨਾਂ ਦੇ ਜੀਵ-ਆਤਮਾ ਨੂੰ ਬੰਧਨ ਰੂਪ ਹੋ ਕੇ ਚਿਮੜ ਜਾਂਦੇ ਹਨ, ਕਰਮ ਕਰਨਹਾਰਿਆਂ ਨੂੰ ਚੁਰਾਸੀ ਦੇ ਗੇੜ ਵਿਚ ਪਾ ਦਿੰਦੇ ਹਨ। ਬਿਨਾਂ ਸਤਿਗੁਰੂ ਦੇ ਸੇਵਿਆਂ ਸਿਖਸ਼ੇਵਿਆਂ ਅਜਿਹੇ ਹਉਮੈ-ਬੰਧਨੀ ਕਰਮ ਕਰਨ ਵਾਲੇ ਠਉਰ ਨਹੀਂ ਪਾਉਂਦੇ, ਚੁਰਾਸੀ ਵਿਚਿ ਹੀ ਘੁੰਮਦੇ ਰਹਿੰਦੇ ਹਨ। ਇਸਥਿਤੀ ਨਹੀਂ ਪਾਉਂਦੇ। ਮਰਿ ਮਰਿ ਜੰਮਦੇ ਤੇ ਜੰਮਿ ਜੰਮਿ ਮਰਦੇ ਹੀ ਰਹਿੰਦੇ ਹਨ। ਲੱਖ ਚਉਰਾਸੀ ਜੂਨਾਂ ਵਿਚ ਆਉਂਦੇ ਜਾਂਦੇ ਹੀ ਰਹਿੰਦੇ ਹਨ, ਟਿਕਣੇ ਨਹੀਂ ਪਾਉਂਦੇ, ਬਿਨਾਂ ਸਤਿਗੁਰੂ ਦੇ ਸੇਵਕ ਸਿਖ ਬਣਿਆਂ ਤੇ ਸਤਿਗੁਰੂ ਦੇ ਹੁਕਮਾਂ ਉਪਰ ਚਲੇ ਬਿਨਾਂ। ਉਹਨਾਂ ਦੇ ਕਰਮ ਧਰਮ ਕਰਣੀ ਆਦਿਕ ਤਾਂ ਫੋਕੇ ਹੋਣੇ ਹੀ ਸੀ, ਉਹਨਾਂ ਦੇ ਖ਼ਿਆਲ, ਬੋਲ, ਬਚਨ ਭੀ ਫਿਕੇ ਹੀ ਹੁੰਦੇ ਹਨ। ਐਵੇਂ ਅਰਲ ਬਰਲ ਹੀ ਮੂੰਹੋਂ ਬੋਲਦੇ ਰਹਿੰਦੇ ਹਨ, ਕਿਉਂਕਿ ਉਹਨਾਂ ਦੇ ਮਨਾਂ ਦੇ ਅੰਦਰ ਨਾਮ ਨਹੀਂ ਵਸਿਆ ਹੁੰਦਾ।

ਨਿਗੁਰਿਓਂ ਸਗੁਰੇ ਬਣੇ ਬਿਨਾਂ ਨਾਮ ਕਿਸੇ ਭੀ ਆਨਮਤ ਕਰਮੀ ਮਤਸਰੀ ਆਦਮੀ ਦੇ ਮਨ ਵਿਚਿ ਨਹੀਂ ਆ ਸਕਦਾ।

ਨਾਮ ਬਿਹੂਣਿਆਂ, ਨਾਮ ਹੀਣਿਆਂ ਦੇ ਸਭਿ ਕਰਮ ਥੋਥੇ ਹੀ ਹੁੰਦੇ ਹਨ। ਗੁਰੂ ਨਾਨਕ ਸਾਹਿਬ ਪਾਤਸ਼ਾਹ ਦੇ ਘਰ ਦਾ ਸਿਖ ਸੇਵਕ ਬਣੇ ਬਿਨਾਂ ਨਿਗੁਰੇ ਮਨਮਤੀਆਂ, ਆਨਮਤ ਮਤੀਆਂ ਦਾ ਕੋਈ ਕਰਮ ਭੀ ਥਾਇਂ ਨਹੀਂ ਪੈਂਦਾ। ਉਹ ਅਗਾਹਾਂ ਜਾ ਕੇ ਜਮਾਂ ਦੇ ਵੱਸ ਪੈ ਕੇ ਜਮਾਂ ਦੀ ਮਾਰ ਖਾਂਦੇ ਹਨ ਅਤੇ ਐਥੋਂ ਉਹਨਾਂ ਕਰਮ-ਕਰਤੂਤਾਂ ਦੇ ਕਾਰਨ ਮੂੰਹ ਕਾਲੇ ਲੈ ਕੇ ਹੀ ਚਲੇ ਜਾਂਦੇ ਹਨ। ਤਾਂ ਤੇ ਮੂੰਹ ਕਾਲੇ ਕਰਨ ਵਾਲੇ ਕਰਮਾਂ ਨੂੰ ਮਤ ਕਰੋ। ਓਇ ਭਲਿਓ ਲੋਕੋ! ਇਹ ਕਰਮ ਤੁਹਾਨੂੰ ਜਮਪੁਰੀ ਨੂੰ ਬੰਨ੍ਹ ਕੇ ਲੈ ਜਾਣਗੇ। ਫੇਰ ਪਛਤਾਉਣਾ ਪਵੇਗਾ। ਹੁਣੇ ਤੋਂ ਹੀ ਏਹ ਕਰਮ ਕਰਨੇ ਤਿਆਗ ਦੇਵੋ। ਨਹੀਂ ਤਾਂ—

**ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ ॥**

**(ਸਲੋਕੁ ਮਃ ੩, ਬਿਹਾਗੜੇ ਕੀ ਵਾਰ, ਪੰਨਾ ੫੫੪)**

ਭਾਵ— ਸਤਿਗੁਰੂ ਨੂੰ ਭੇਟੇ ਬਿਨਾਂ, ਅਰਥਾਤ, ਸਤਿਗੁਰੂ ਨੂੰ ਧਾਰਨ ਕੀਤੇ ਬਿਨਾਂ ਨਿਗੁਰਿਓਂ ਸਗੁਰੇ ਬਣੇ ਬਿਨਾਂ ਸਾਰਾ ਜਗੁ ਅੰਨ੍ਹਾ ਹੀ ਹੈ ਅਤੇ ਅੰਨ੍ਹੇ ਹੀ ਕਰਮ ਕਮਾਉਂਦਾ ਹੈ। ਅੰਨ੍ਹੇਵਾਹ ਕਰਮ ਕੀਤੇ ਹੋਏ ਕਿਸੇ ਦਾ ਪਾਰ-ਉਤਾਰਾ ਨਹੀਂ ਕਰ ਸਕਦੇ। ਸਭ ਡੋਬ ਦੇਣਗੇ ਕਰਮਾਂ ਦੇ ਕਰਨਹਾਰਿਆਂ ਨੂੰ।

**ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ ॥ ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ ॥ ੩ ॥**

**(ਵਡਹੰਸ ਮਃ ੩, ਪੰਨਾ ੫੭੧)**

ਭਾਵ— ਜਤੁ ਸਤੁ ਸੰਜਮੁ ਆਦਿਕ ਆਨਮਤੀ ਤੇ ਮਨਮਤੀ ਕਰਮ ਜਿਤਨੇ ਭੀ ਕੋਈ ਮਨਮਤੀਆ ਆਨਮਤੀਆ ਕਰਦਾ ਕਮਾਉਂਦਾ ਹੈ, ਬਿਨਾਂ ਗੁਰੂ ਤੋਂ ਨਾ ਹੀ ਉਕਤ ਕਰਮ ਕੀਤੇ ਕਿਸੇ ਲੇਖੇ ਪੈਂਦੇ ਹਨ, ਨਾ ਇਹਨਾਂ ਕਰਮ ਕਰਨਹਾਰੇ ਪੁਰਸ਼ਾਂ ਮਨਮਤੀਆਂ ਦੀ ਗਤੀ ਹੁੰਦੀ ਹੈ; ਨਾ ਉਸ ਨੂੰ ਕਲਿਆਣ ਹਾਸਲ ਹੁੰਦੀ ਹੈ। ਗੁਰੂ ਕਰਤਾਰ ਦੇ ਬਣ ਰਹਿਣ ਕਰਕੇ ਸ਼ਬਦ ਸੁਰਤਿ ਦੀ ਸੋਝੀ ਪੈਂਦੀ ਹੈ ਅਤੇ ਗੁਰ-ਸ਼ਬਦ ਦੀ ਸੋਝੀ ਪਇਆਂ ਹੀ ਆਪਣੇ ਕਰਮਾਂ ਦੇ ਕੁਫੇਰ ਵਿਚੋਂ ਆਨਮਤੀਆ ਮਨਮਤੀਆ ਪੁਰਸ਼ ਨਿਕਲਦਾ ਹੈ। ਨਹੀਂ ਤਾਂ ਨਿਕਲ ਸਕਦਾ ਹੀ ਨਹੀਂ, ਏਹਨਾਂ ਕਰਮਾਂ ਵਿਚਿ ਹੀ ਖੱਜਲ ਖੁਆਰੁ ਹੁੰਦਾ ਰਹਿੰਦਾ ਹੈ।

**ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ ॥ ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ ॥ ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥ ੨ ॥**

**(ਸੋਰਠਿ ਮਃ ੩, ਪੰਨਾ ੬੦੨)**

ਭਾਵ ਅਰਥ— ਪੁੱਤ੍ਰ ਕਲੱਤ੍ਰੀ ਟੱਬਰ ਕੁਟੰਬ ਦੀ ਮੋਹ-ਮਮਤਾ, ਇਹ ਸਭਿ ਜੀਵ-ਆਤਮਾ ਦੇ ਬੰਧਨ ਹੀ ਹਨ, ਸਾਰਾ ਸੰਸਾਰ ਐਵੇਂ ਕਰਮਾਂ ਵਿਚਿ ਹੀ ਭੁਲਿਆ ਫਿਰਦਾ ਹੈ। ਅਤੇ ਭੁਲਿਆ ਫਿਰਦਾ ਹੀ ਕਰਮ ਕਰਦਾ ਫਿਰਦਾ ਹੈ। ਸਤਿਗੁਰੂ ਦਾ ਬਣੇ ਬਿਨਾਂ ਇਹ ਬੰਧਨ ਕਦਾਚਿਤ ਨਹੀਂ

ਟੁਟਦੇ ਮਨਮੁਖਾਂ ਦੇ। ਇਹਨਾਂ ਦੀ ਮਨਮੁਖਤਾ ਦੇ ਕਾਰਨ ਮਨਮੁਖੀ ਕਰਮ ਕਰਨ ਦੇ ਸੁਆਦਲੇ ਬੰਧਨ ਟੁਟਦੇ ਨਹੀਂ ਅਤੇ ਪਏ ਹੀ ਰਹਿੰਦੇ ਹਨ। ਬੰਧਨ ਤੁਟਿਆਂ ਬਿਨਾਂ ਜੋ ਕਰਮ ਭੀ ਮਨਮੁਖ ਪੁਰਸ਼ ਕਰਦੇ ਹਨ ਸੋ ਉਹਨਾਂ ਨੂੰ ਰਸਾਤਲ ਨੂੰ ਹੀ ਡੋਬ ਲੈ ਜਾਂਦੇ ਹਨ। ਉਹਨਾਂ ਨੂੰ ਮੋਖ ਦੁਆਰ ਦੀ ਪ੍ਰਾਪਤੀ ਕਦੇ ਹੁੰਦੀ ਹੀ ਨਹੀਂ। ਗੁਰੂ ਦੇ ਅਨੁਸਾਰੀ ਗੁਰ-ਹੁਕਮੀ ਬੰਦੇ ਗੁਰੂ ਦੇ ਗੁਰਮੁਖਿ ਸਿੱਖਾਂ ਨੂੰ ਸੌਖੇ ਹੀ ਮੋਖ ਦੁਆਰਾ ਪ੍ਰਾਪਤਿ ਹੁੰਦਾ ਹੈ। ਜਿਹੜੇ ਮਨਮੁਖਿ ਪੁਰਸ਼ ਗੁਰ-ਸ਼ਬਦ ਪਛਾਣੇ ਬਿਨਾਂ ਹੀ ਕਰਮ ਕਮਾਉਂਦੇ ਹਨ ਉਹ ਬਾਰੋ ਬਾਰ ਜੰਮਦੇ ਮਰਦੇ ਹੀ ਰਹਿੰਦੇ ਹਨ। ਗੁਰੂ-ਗਿਆਨ ਬਿਹੂਣ ਹਉਮੈ-ਬੰਧਨੀ ਕਰਮ ਸਭ ਜਮਪੁਰੀ ਨੂੰ ਸਿੱਧਾ ਹੀ ਲੈ ਜਾਂਦੇ ਹਨ।

**ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ ॥ ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ ॥**

(ਸੋਰਠਿ ਮਃ ੫ ਘਰੁ ੧ ਚੌਤੁਕੇ, ਪੰਨਾ ੬੦੮)

ਭਾਵ— ਸਿਮ੍ਰਤੀਆਂ ਤੇ ਸ਼ਾਸਤ੍ਰ ਆਨਮਤੀਆਂ ਬਥੇਰੇ ਸੋਧੇ (ਘੋਖੇ), ਤਿਨ੍ਹਾਂ ਸਿਮ੍ਰਿਤਿ ਸ਼ਾਸਤ੍ਰਾਂ ਵਾਲੇ ਕਰਮ ਕੀਤਿਆਂ ਉਹਨਾਂ ਦਾ ਭਰਮ ਨਹੀਂ ਜਾਂਦਾ। ਸਤਿਗੁਰੂ ਬਿਨਾਂ ਇਹ ਭਰਮ ਜਾ ਹੀ ਨਹੀਂ ਸਕਦਾ। ਜਦੋਂ ਭੀ ਇਹਨਾਂ ਆਨਮਤੀ ਕਰਮੀਆਂ ਧਰਮੀਆਂ ਦਾ ਅਗਿਆਨ-ਮਈ ਭਰਮ ਜਾਵੇਗਾ ਤਾਂ ਸਤਿਗੁਰੂ ਦੀ ਸੁਮਤਿ ਲਏ ਤੋਂ ਹੀ ਜਾਏਗਾ। ਗੁਰੂ-ਹੀਣਾ ਨਿਗੁਰਾ ਮੀਣਾ ਭਾਵੇਂ ਅਨੇਕਾਂ ਕਰਮ ਕਰਿ ਕਰਿ ਹੰਭ ਥਕੇ, ਉਹ ਮੁੜਿ ਮੁੜਿ ਬੰਧਨ ਵਿਚਿ ਹੀ ਪੈਂਦਾ ਰਹਿੰਦਾ ਹੈ।

**ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ ॥ ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ ॥**

(ਸੋਰਠਿ ਮਃ ੩ ਘਰੁ ੧ ਤਿਤੁਕੀ, ਪੰਨਾ ੬੩੮)

ਭਾਵ— ਸਤਿਗੁਰੂ ਦਾ ਸੇਵਕ ਸਿਖ ਬਣੇ ਬਿਨਾਂ ਅਤੇ ਸਿਖ ਬਣ ਕੇ ਸਤਿਗੁਰੂ ਤੋਂ ਦੀਖਿਆ ਗੁਰ-ਮੰਤਰ ਲਏ ਬਿਨਾਂ ਤੇ ਗੁਰ-ਦੀਖਿਆ ਲੈ ਕੇ ਸਿਮਰਨ ਰੂਪੀ ਸੇਵਾ ਵਿਚਿ ਅਰੂੜ ਹੋਏ ਬਿਨਾਂ ਜਨਮ-ਜੂਨੀਆਂ ਦਾ ਸਿਲਸਿਲਾ ਛੁਟਦਾ ਹੀ ਨਹੀਂ, ਆਵਾ-ਗਵਣ ਦਾ ਖਹਿੜਾ ਛੁਟਦਾ ਹੀ ਨਹੀਂ। ਭਾਵੇਂ ਅਨੇਕਾਂ ਵਧ ਤੋਂ ਵਧ (ਅਧਿਕਾਈ ਤੋਂ ਅਧਿਕਾਈ) ਕਰਮ ਕਰਦਾ ਫਿਰੇ। ਬੇਦ ਪੜ੍ਹਨਹਾਰੇ ਆਨਮਤੀ ਲੋਗ ਬੇਦਾਂ ਨੂੰ ਪੜ੍ਹਦੇ ਹਨ ਅਤੇ ਬੇਦਾਂ ਨੂੰ ਪੜ੍ਹਿ ਪੜ੍ਹਿ ਵਾਦ ਹੀ ਵਖਾਣਦੇ ਫਿਰਦੇ ਰਹਿੰਦੇ ਹਨ। ਵਾਹਿਗੁਰੂ ਗੁਰੂ ਕਰਤਾਰ ਬਿਨਾਂ, ਏਤਨੇ ਕਰਮ ਕਰਿ ਆਪੇ ਹੀ ਉਹ ਆਪਣੀ ਪੱਤ ਨੂੰ ਗੰਵਾ ਹੀ ਜਾਂਦੇ ਹਨ।

**ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ॥ ਅਵਰ ਕਰਮ ਨਹੀ ਛੂਟੀਐ ਰਾਖਹੁ ਹਰਿ ਨਾਥ ॥ ੧ ॥**

(ਬਿਲਾਵਲੁ ਮਃ ੫, ਪੰਨਾ ੮੧੫)

ਭਾਵ— ਇਹਨਾਂ ਕਰਮ-ਬੰਧਨੀ ਕਲਜੁਗੀ ਜੀਵਾਂ ਦੇ ਬੰਧਨ ਸਰਬ ਕਲਾ ਸਮਰੱਥ ਵਾਹਿਗੁਰੂ ਹੀ ਕਟ ਸਕਦਾ ਹੈ। ਹੋਰ ਕਰਮਾਂ ਅਰਥਾਤ ਆਨਮਤ ਕਰਮਾਂ ਦੁਆਰਾ ਛੁਟਕਾਰਾ ਕਦੇ ਹੋ ਹੀ ਨਹੀਂ ਸਕਦਾ। ਰਾਖਨਹਾਰਾ ਗੁਰੂ ਕਰਤਾਰ ਹੀ ਇਹਨਾਂ ਪਰਮ-ਬੰਧਨੀ ਕਰਮਾਂ ਤੋਂ ਹਥ ਦੇ ਕੇ ਰਖੇ ਤਾਂ ਰਖੇ, ਹੋਰ ਕਿਸੇ ਦੀ ਪਹੁੰਚ ਨਹੀਂ। ਸਰਬ ਕਲਾ ਸਮਰੱਥ ਦੇ ਰਜਾਈ ਕਰਮ ਅਨੁਸਾਰ ਗੁਰੂ

 www.sikhbookclub.com

ਸਤਿਗੁਰੂ ਦਾ ਕਿਰਪਾ ਰੂਪੀ ਪ੍ਰਸਾਦ ਉਹਨਾਂ ਉਪਰਿ ਹੀ ਵਰਤਦਾ ਹੈ ਜੋ ਨਿੱਸਲ ਹੋ ਕੇ, ਸਭ ਪਾਸਿਓਂ ਹਾਰ ਕੇ ਵਾਹਿਗੁਰੂ ਦੀ ਸ਼ਰਣਾਇ ਆਇ ਪੈਂਦੇ ਹਨ। ਤਦ ਸਤਿਗੁਰ ਦਾ ਭੇਟ ਮਿਲਾਪ ਪ੍ਰਾਪਤ ਹੁੰਦਾ ਹੈ। ਅਤੇ ਸਤਿਗੁਰੂ ਦਾ ਭੇਟ ਮਿਲਾਪ ਉਹਨਾਂ ਨੂੰ ਗੁਰ-ਦੀਖਿਆ ਗੁਰਮਤਿ ਪ੍ਰਦਾਨ ਕਰਦਾ ਹੈ। ਇਸ ਗੁਰ-ਦੀਖਿਅਤੀ ਗੁਰਮਤਿ ਪ੍ਰਦਾਨਤਾ ਦੁਆਰਾ ਉਹਨਾਂ ਨੂੰ ਗੁਰਮਤਿ-ਨਾਮ ਦੀ ਪ੍ਰਾਪਤੀ ਗੁਰੂ ਦੁਆਰਿਓਂ ਹੁੰਦੀ ਹੈ, ਜਿਸ ਦੀ ਕਮਾਈ ਕਰਨ ਕਰਕੇ ਉਨ੍ਹਾਂ ਦੀ ਕਲਿਆਣ ਹੋ ਜਾਂਦੀ ਹੈ ਅਤੇ ਉਨ੍ਹਾਂ ਦੇ ਕੀਤੇ ਸਭ ਕਰਮਾਂ ਦੇ ਬੰਧਨ ਟੁਟ ਜਾਂਦੇ ਹਨ।

**ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ ॥ ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥**

**(ਰਾਮਕਲੀ ਮਃ ੧ ਦਖਣੀ ਓਅੰਕਾਰ, ਪੰਨਾ ੯੩੪)**

ਭਾਵ— ਸੱਚੇ ਵਾਹਿਗੁਰੂ ਦੇ ਸੱਚੇ 'ਵਾਹਿਗੁਰੂ' ਨਾਮ ਬਿਨਾਂ ਕਿਉਂ ਛੁਟੀਐ, ਕਿਵੇਂ ਛੁਟਕਾਰਾ ਹੋਵੇ? ਛੁਟਕਾਰਾ ਹੁੰਦਾ ਹੈ ਤਾਂ ਸੱਚੇ ਨਾਮ ਦੀਆਂ ਕਮਾਈਆਂ ਕਰ ਕੇ ਹੀ ਹੁੰਦਾ ਹੈ। ਵਾਹਿਗੁਰੂ ਦੇ ਗੁਣਾਂ ਰੂਪੀ ਸਿਫਤਿ-ਸਾਲਾਹੀ ਸੱਚੇ ਨਾਮ ਦੀ ਮਣੀ ਪਾਰਸ-ਕਣੀ ਦੇ ਪਰਸਿਆਂ ਤਤਕਾਲ ਹੀ ਨਿਸਤਾਰਾ ਹੋ ਜਾਂਦਾ ਹੈ। ਅਤੇ ਸਭ ਕਰਮ ਕਟੇ ਜਾਂਦੇ ਹਨ। ਇਸ ਪਾਰਸ-ਮਣੀ ਨਾਮ ਦੀ ਕਣੀ ਪ੍ਰਾਪਤਿ ਹੁੰਦਿਆਂ ਸਾਰ ਹੀ ਇਸ ਸਿਫ਼ਤਿ-ਸਾਲਾਹੀ ਨਾਮ ਅਭਿਆਸ ਦੀ ਕਮਾਈ ਕਰਨ ਰਾਹੀਂ ਪਾਰਸ-ਮਣੀ ਦੀ ਬਖ਼ਸ਼ਿਸ਼ ਤਿਸੈ ਵਡਭਾਗੇ ਗੁਰਮੁਖਿ ਜਨ ਨੂੰ ਹੀ ਪ੍ਰਾਪਤਿ ਹੁੰਦੀ ਹੈ ਜਿਸ ਨੂੰ ਉਸ ਨੇ ਆਪ ਕਰਮਾਂ ਦੇ ਗੇੜ ਤੋਂ ਛੁਡਾਉਣਾ ਮਥਿਆ ਹੋਇਆ ਹੁੰਦਾ ਹੈ। ਬਸ ਉਸ ਦੀ ਬਖ਼ਸ਼ਿਸ਼ ਦੁਆਰਾ ਹੀ ਉਸ ਦੇ ਛੁਡਾਏ ਹੀ ਛੁਟੀਦਾ ਹੈ। ਉਹ ਆਪਣੀ ਬਖ਼ਸ਼ਿਸ਼ ਆਪਿ ਕਰਨਹਾਰਾ ਬੜਾ ਹੀ ਬਖ਼ਸ਼ਿੰਦ ਧਣੀ ਹੈ।

**ਮਃ ੩ ॥ ਬਿਨੁ ਸਤਿਗੁਰੁ ਸੇਵੇ ਸਾਂਤਿ ਨ ਆਵਈ ਦੂਜੀ ਨਾਹੀ ਜਾਇ ॥ ਜੇ ਬਹੁਤੇਰਾ ਲੋਚੀਐ ਵਿਣੁ ਕਰਮਾ ਪਾਇਆ ਨ ਜਾਇ ॥ ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਤਿਨ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥ ਜਿਨੀ ਸਤਿਗੁਰ ਸਿਉ ਚਿਤੁ ਲਾਇਆ ਸੋ ਖਾਲੀ ਕੋਈ ਨਾਹਿ ॥ ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥ ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥ ੩ ॥**

**(ਰਾਮਕਲੀ ਦੀ ਵਾਰ, ਪੰਨਾ ੯੫੦)**

ਸਤਿਗੁਰੂ ਦਾ ਸੱਚਾ ਸੇਵਕ ਸਿਖ ਬਣੇ ਬਿਨਾਂ ਅਤੇ ਸਤਿਗੁਰੂ ਦੁਆਰਿਓਂ ਗੁਰਮਤਿ ਨਾਮ ਦੀ ਪ੍ਰਾਪਤੀ ਕੀਤੇ ਬਿਨਾਂ ਅਤੇ ਪ੍ਰਾਪਤਿ ਕੀਤੇ ਨਾਮ ਦੀ ਕਮਾਈ ਬਿਨਾਂ ਸੱਚੀ ਸ਼ਾਂਤੀ ਕਿਸੇ ਨੂੰ ਭੀ ਪ੍ਰਾਪਤਿ ਨਹੀਂ ਹੁੰਦੀ। ਇਸ ਸੱਚੀ ਸ਼ਾਂਤੀ ਦੇ ਪ੍ਰਾਪਤਿ ਕਰਨ ਲਈ ਹੋਰ ਕੋਈ ਜਗ੍ਹਾ ਠਉਰ ਥਾਂ ਹੀ ਨਹੀਂ। ਇਹ ਸਤਿਗੁਰੂ ਦੀ ਸ਼ਰਣ ਪ੍ਰਾਪਤੀ ਵਾਲੀ ਠਉਰ ਐਵੇਂ ਕਿਸੇ ਨੂੰ ਨਹੀਂ ਮਿਲਦੀ ਭਾਵੇਂ ਸੌ ਵਾਰਾਂ ਲੋਚੀਐ। ਆਪਣੀ ਲੋਚਣੀ ਕਰਿ, ਆਪਣੀ ਲੋਚੀ ਦੇ ਮਨ-ਉਕਤ ਕਰਮ ਕੀਤਿਆਂ ਪ੍ਰਾਪਤਿ ਨਹੀਂ ਹੁੰਦੀ। ਪ੍ਰਾਪਤਿ ਹੁੰਦੀ ਹੈ ਤਾਂ ਉਚੇ ਭਾਗਾਂ ਕਰਕੇ, ਉਸ ਦੀ ਬਖ਼ਸ਼ਿਸ਼ ਕਰਕੇ, ਸਭ ਬਖ਼ਸ਼ਸ਼ੀ ਕਰਮ ਕੀਤਿਆਂ ਪ੍ਰਾਪਤਿ ਹੁੰਦੀ ਹੈ। ਵਿਣ ਕਰਮਾਂ ਦੇ ਇਹ ਗਤੀ ਪ੍ਰਾਪਤਿ ਨਹੀਂ ਹੁੰਦੀ। ਜਦੋਂ

ਸ਼ਾਂਤੀ-ਪੁੰਜ ਸ਼ਾਂਤੀ-ਦਾਤਾ ਸਿਫਤਿ-ਸਾਲਾਹੀ ਗੁਰਮਤਿ ਕਰਮ ਦੁਆਰਾ ਆਇ ਪ੍ਰਾਪਤਿ ਹੁੰਦਾ ਹੈ ਓਦੋਂ ਨਾਲ ਹੀ ਇਹ ਗੁਰਮਤਿ ਸਾਲਾਹਣੀ ਸ਼ਾਂਤੀ ਭੀ ਆਪੋਂ ਹੀ ਆਇ ਪ੍ਰਾਪਤਿ ਹੁੰਦੀ ਹੈ। ਬਸ ਗੁਰਮਤਿ ਨਾਮ-ਅਭਿਆਸੀਆਂ ਨੂੰ ਹੀ ਸ਼ਾਂਤ-ਪੁੰਜੀਆ ਸ਼ਾਂਤ-ਰਸੀਆ ਰੀਸਾਲੂ ਪ੍ਰਾਪਤਿ ਹੁੰਦਾ ਹੈ ਅਤੇ ਸ਼ਾਂਤੋਂ ਸ਼ਾਂਤ ਰਸੀਅੜਾ ਨਾਮ ਪ੍ਰਾਪਤਿ ਹੁੰਦਾ ਹੈ। ਇਸ ਨਾਮ ਸ਼ਾਂਤੀ ਤੋਂ ਸੱਖਣੇ ਫੋਕਟ ਕਰਮ-ਕਾਂਡੀਆਂ ਦੇ ਅੰਦਰਿ ਲੋਭ ਵਿਕਾਰ ਹੀ ਪ੍ਰਬਲ ਹੋ ਕੇ ਸਮਾਇਆ ਰਹਿੰਦਾ ਹੈ। ਉਹ ਸਾਕਤ ਮਨਮੁਖੀ ਲੋਭ ਵਿਕਾਰ ਅੰਦਰ ਰੱਤੀਏ ਪੁਰਸ਼ ਦੂਜੇ ਭਾਇ ਵਿਚਿ ਖੁਆਏ ਰਹਿੰਦੇ ਹਨ ਅਤੇ ਉਨ੍ਹਾਂ ਬੇਮੁਖ ਹੋਇਆਂ ਦੀ ਇਹੋ ਗਤੀ ਹੁੰਦੀ ਹੈ। ਦੂਜੇ ਭਾਇ ਵਿਚਿ ਖੁਆਏ, ਖਪਤ ਹੋਇਆਂ ਅਭਾਗੇ ਮਨਮੁਖਾਂ ਦਾ ਜੰਮਣਾ ਤੇ ਮਰਨਾ ਚੁਕਦਾ ਹੀ ਨਹੀਂ। ਜੰਮਣ ਮਰਣ ਦੀ ਘੁੰਮਨ-ਘੇਰੀ ਵਿਚਿ ਸਦਾ ਗ੍ਰਸੇ ਰਹਿੰਦੇ ਹਨ। ਹਉਮੈ-ਬੰਧਨਾਂ ਦੇ ਬੰਧਈ ਹੋ ਕੇ ਉਹ ਦੁਖ ਪਾਉਂਦੇ ਹਨ ਅਤੇ ਦੁਖੀਏ ਹੀ ਹੋਏ ਰਹਿੰਦੇ ਹਨ। ਜਿਨ੍ਹਾਂ ਨੇ ਸਤਿਗੁਰ ਸੇਤੀ ਚਿਤਿ ਲਾਇਆ ਹੈ, ਜੋ ਇਕੋ ਸਤਿਗੁਰੂ ਦੇ ਹੀ ਹੋ ਰਹੇ ਹਨ ਸੋ ਸੱਚੇ ਸਿਫਤਿ ਸਾਲਾਹੀ ਬਖ਼ਸ਼ ਵਾਲੇ ਧਨ ਤੋਂ ਕਦੇ ਖ਼ਾਲੀ ਨਹੀਂ ਰਹਿੰਦੇ। ਕੋਈ ਭੀ ਸਤਿਗੁਰੂ ਸਨਮੁਖੀਆ ਗੁਰਮੁਖਿ ਜਨ ਇਸ ਵਥੁ ਪਦਾਰਥ ਖੁਣੋਂ ਖ਼ਾਲੀ ਨਹੀਂ ਰਹਿੰਦਾ। ਐਸੇ ਗੁਰਮੁਖਾਂ ਨੂੰ ਜਮ ਦੀ ਤਲਬ ਹਰਗਿਜ਼ ਨਹੀਂ ਪੈਂਦੀ। ਉਹ ਜਨਮ ਮਰਨ ਨਰਕ ਤੇ ਚੁਰਾਸੀ ਦੇ ਗੇੜ ਵਿਚ ਪੈ ਕੇ ਦੁਖ ਨਹੀਂ ਸਹਿੰਦੇ। ਗੁਰੂ ਨਾਨਕ ਦੇ ਬਖ਼ਸ਼ੇ ਹੋਏ ਇਹੋ ਜਿਹੇ ਗੁਰਮੁਖਿ ਸੱਚੇ ਸ਼ਬਦ ਦੁਆਰਾ ਸੁਰਖ਼ਰੂ ਹੋ ਕੇ ਉਬਰਦੇ ਨਿਸਤਰਦੇ ਹਨ। ਅਤੇ ਉਬਰ ਕੇ ਸੱਚੇ ਵਾਹਿਗੁਰੂ ਵਿਚਿ ਸਮਾ ਜਾਂਦੇ ਹਨ।

> ਬਿਨੁ ਗੁਰ ਦਾਤੇ ਕੋਇ ਨ ਪਾਏ ॥ ਲਖ ਕੋਟੀ ਜੇ ਕਰਮ ਕਮਾਏ ॥ ਗੁਰ
> ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥ ੧੫ ॥

(ਮਾਰੂ ਮਃ ੩, ਪੰਨਾ ੧੦੫੭)

ਭਾਵ— ਗੁਰੂ ਦਾਤੇ ਦੀ ਬਸੀਠੀ ਬਿਨਾਂ ਕੋਈ ਭੀ ਪਾਰਬ੍ਰਹਮ ਪਰਮੇਸਰ ਦੀ ਪ੍ਰਾਪਤੀ ਨਹੀਂ ਕਰ ਸਕਦਾ, ਭਾਵੇਂ ਲਖਾਂ ਕੋਟਾਂ ਆਨਮਤ ਕਰਮਾਂ ਨੂੰ ਕੋਈ ਕਰਿ ਕਰਿ ਹਾਰਿ ਥਕੇ। ਲੱਖ ਕੋਟੀ ਕਰਮ ਕਮਾਏ ਉਸ ਦੇ ਬਿਰਥੇ ਜਾਂਦੇ ਹਨ। ਕਿਸੇ ਕੰਮ ਨਹੀਂ ਆਉਂਦੇ। ਸਤਿਗੁਰੂ ਦੀ ਬਸੀਠਤਾ ਮਈ ਸਹਾਇਤਾ ਬਿਨਾਂ ਲੱਖਾਂ ਤੇ ਕਰੋੜਾਂ ਕਰਮ ਕੀਤਿਆਂ ਦਾ ਕੱਖ ਲਾਭ ਨਹੀਂ। ਸਤਿਗੁਰੂ ਦੀ ਕਿਰਪਾ ਦੁਆਰਾ ਗੁਰ-ਸ਼ਬਦ ਗੁਰ-ਮੰਤਰ ਦੇ ਸਾਲਾਹਿਆਂ ਕੋਟ ਕਰਮ ਕਟੇ ਜਾਂਦੇ ਹਨ ਅਤੇ ਕਮਾਏ ਸਾਰੇ ਹੀ ਕਰਮ ਥਾਇਂ ਪੈਂਦੇ ਹਨ, ਨਹੀਂ ਤਾਂ ਅਜਾਈਂ ਹੀ ਜਾਂਦੇ ਹਨ। ਸਤਿਗੁਰੂ ਦੇ ਪ੍ਰਸਾਦ ਕਰਿ ਸ਼ਬਦ ਗੁਰ-ਦੀਖਿਆ ਦੇ ਪਰਤਾਪ ਨਾਲਿ ਅਗਮ ਅਗੋਚਰ ਵਾਹਿਗੁਰੂ ਘਟ ਅੰਤਰਿ ਹੀ ਆਇ ਨਿਵਾਸ ਕਰਦਾ ਹੈ—

> ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥ ਮਾਇਆ ਮੂਠਾ ਸਦਾ ਬਿਲਲਾਇ ॥
> ੨ ॥ ... ... ਇਹੁ ਮਨੁ ਛੂਟਾ ਗੁਰਿ ਲੀਆ ਛੁਡਾਇ ॥ ਨਾਨਕ ਮਾਇਆ
> ਮੋਹੁ ਸਬਦਿ ਜਲਾਇ ॥ ੪ ॥ ੪ ॥ ੧੬ ॥

(ਬਸੰਤੁ ਮਃ ੩, ਪੰਨਾ ੧੧੭੬)

ਵਿਆਖਿਆ— ਆਮ ਲੋਕ ਆਪਣੇ ਮਨ ਦੇ ਅਧੀਨ ਹੋ ਕੇ ਹੀ ਸਾਰੇ ਕਰਮ ਕਮਾਉਂਦੇ


www.sikhbookclub.com

ਹਨ। ਅਤੇ ਪੰਚਭੂਤਕ ਮਨੂਆ ਸਾਰਿਆਂ ਦਾ ਮਾਇਆ ਮੋਹ ਵਿਚਿ ਹੀ ਮਨੂਰ ਹੋਇਆ ਪਿਆ ਹੈ। ਅਤੇ ਸੰਸਾਰਕ ਧੰਧ ਬੰਧ ਵਿਚਿ ਹੀ ਲੱਥ ਪੱਥ ਹੋਇਆ ਰਹਿੰਦਾ ਹੈ ਅਤੇ ਧੰਧਿਆਂ ਵਿਚਿ ਬੰਨ੍ਹਿਆ ਹੋਇਆ ਹੀ ਕਰਮ ਕਮਾਉਂਦਾ ਹੈ ਅਤੇ ਮਾਇਆ ਦਾ ਮੁਠਿਆ ਹੋਇਆ ਚੀਖ ਪੁਕਾਰ ਕਰਦਾ ਰਹਿੰਦਾ ਹੈ। ਇਹ ਮਨੂਆ ਇਹਨਾਂ ਮਾਇਕ ਬੰਧਨਾਂ ਵਿਚੋਂ ਤਾਂ ਹੀ ਛੁਟਦਾ ਹੈ ਜਦੋਂ ਸਤਿਗੁਰ ਦਇਆਲ ਇਸ ਨੂੰ ਛੁਡਾ ਲੈਂਦਾ ਹੈ। ਸਤਿਗੁਰੂ ਦਾ ਛੁਡਾਇਆ ਹੀ ਛੁਟਦਾ ਹੈ। ਮਾਇਆ ਦਾ ਮੋਹ ਗੁਰ-ਸ਼ਬਦ ਦੁਆਰਾ ਹੀ ਜਲਾਇਆ ਜਾਂਦਾ ਹੈ।

> ਬਹੁ ਕਰਮ ਕਰੇ ਸਤਿਗੁਰੂ ਨਹੀ ਪਾਇਆ ॥ ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥ ਹਉਮੈ ਮਮਤਾ ਬਹੁ ਮੋਹੁ ਵਧਾਇਆ ॥ ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥ ੩ ॥ ਆਪੇ ਕਰਤਾ ਅਗਮ ਅਥਾਹਾ ॥ ਗੁਰ ਸਬਦੀ ਜਪੀਐ ਸਚੁ ਲਾਹਾ ॥ ਹਾਜਰੁ ਹਜੂਰਿ ਹਰਿ ਵੇਪਰਵਾਹਾ ॥ ਨਾਨਕ ਗੁਰਮੁਖਿ ਨਾਮਿ ਸਮਾਹਾ ॥ ੪ ॥ ੨ ॥ ੧੧ ॥

(ਮਲਾਰ ਮਃ ੩, ਪੰਨਾ ੧੨੬੧-੬੨)

ਵਿਆਖਿਆ— ਜਦ ਤਾਈਂ ਸਤਿਗੁਰੂ ਨਹੀਂ ਭੇਟਿਆ ਜਾਂਦਾ, ਗੁਰੂ ਧਾਰਨ ਨਹੀਂ ਕੀਤਾ ਜਾਂਦਾ, ਓਦੋਂ ਤਾਈਂ ਨਿਗੁਰਿਆਂ ਦੇ ਕਰਮ ਕੀਤੇ ਚਾਹੇ ਕਿੰਨੇ ਹੀ ਬਾਹਲੇ ਹੋਣ, ਸਭਿ ਬਿਰਥੇ ਹੀ ਜਾਂਦੇ ਹਨ। ਮਾਇਆ ਦੇ ਭਰਮ ਵਿਚਿ ਭੁਲੇ ਹੋਏ ਹੀ ਗੁਰੂ-ਹੀਣ ਨਿਗੁਰੇ ਪੁਰਸ਼ ਕਰਮ ਕਰਦੇ ਫਿਰਦੇ ਹਨ। ਇਹਨਾਂ ਆਨਮਤ ਕਰਮਾਂ ਦੇ ਕਰਨ ਕਰਿ ਹਉਮੈ ਮਮਤਾ ਦੀ ਹੀ ਬਹੁਤੀ ਮੈਲ ਵਧਦੀ ਹੈ। ਮਨਮੁਖ ਨਿਗੁਰੇ ਸਭਿ ਹਉਮੈ ਮਮਤਾ ਦੇ ਮਲੀਨ ਕਰਮ ਕਮਾਉਂਦੇ ਹੋਏ ਦੂਜੇ ਭਾਇ ਦੇ ਬਹੁਤ ਦੁਖ ਪਾਉਂਦੇ ਹਨ। ਆਪ ਤਾਂ ਕਰਤਾ ਪੁਰਖ ਵਡ ਅਗੰਮ ਹੈ (ਜਿਸ ਦੀ ਗੰਮਤਾ ਕੋਈ ਭੀ ਨਹੀਂ ਪਾ ਸਕਦਾ), ਗੁਰ-ਸ਼ਬਦੀ ਹੀ ਵਾਹਿਗੁਰੂ ਜਪਿਆ ਜਾ ਸਕਦਾ ਹੈ। ਅਤੇ ਉਸ ਨੂੰ ਜਪ ਕੇ ਸੱਚਾ ਲਾਹਾ ਮਿਲਦਾ ਹੈ। ਸੱਚਾ ਲਾਹਾ ਗੁਰ-ਦੀਖਿਆ ਦੁਆਰਾ ਪ੍ਰਾਪਤਿ ਹੋਏ ਅਤੇ ਗੁਰਮਤੀ ਹੀ ਜਪੇ ਜਪਾਏ ਸ਼ਬਦ ਦੁਆਰਾ ਹੀ ਮਿਲਦਾ ਹੈ। ਗੁਰਮਤਿ ਨਾਮ ਨੂੰ ਹੀ ਜਪਣ ਕਰਕੇ ਸੱਚਾ ਲਾਹਾ ਪ੍ਰਾਪਤਿ ਹੁੰਦਾ ਹੈ। ਗੁਰ-ਸ਼ਬਦੀ ਹੀ ਨਾਮ ਜਪਿਆ ਜਾ ਸਕਦਾ ਹੈ। ਅਰਥਾਤ, ਗੁਰੂ ਦੁਆਰਾ ਗੁਰ-ਦੀਖਿਆ ਮਿਲੇ ਬਾਝੋਂ ਨਾਮ ਨਹੀਂ ਜਪਿਆ ਜਾ ਸਕਦਾ। ਜੇ ਕੋਈ ਜਪੇ ਭੀ ਤਾਂ ਉਸ ਨੂੰ ਸੱਚਾ ਲਾਹਾ ਨਹੀਂ ਪ੍ਰਾਪਤਿ ਹੁੰਦਾ। ਸੱਚਾ ਲਾਹਾ ਗੁਰ-ਦੀਖਿਆ ਨਾਮ ਗੁਰਮਤਿ ਨਾਮ ਨੂੰ ਜਪਿਆਂ ਹੀ ਪ੍ਰਾਪਤਿ ਹੁੰਦਾ ਹੈ। ਵੇਪਰਵਾਹ ਵਾਹਿਗੁਰੂ ਹਾਜ਼ਰ ਹਜ਼ੂਰ ਦਿਸਦਾ ਹੈ ਤਾਂ ਗੁਰਮਤਿ ਨਾਮ ਦੇ ਪਰਤਾਪ ਕਰਿ ਹੀ ਦਿਸਦਾ ਹੈ। ਏਦੂੰ ਵੱਡਾ ਸੱਚਾ ਲਾਹਾ ਹੋਰ ਕੇਹੜਾ ਹੋ ਸਕਦਾ ਹੈ ਕਿ ਅਗਮ ਅਗੋਚਰ ਵਾਹਿਗੁਰੂ ਹਾਜ਼ਰਾ ਹਜ਼ੂਰ ਅਤੇ ਜ਼ਾਹਰਾ ਜ਼ਹੂਰ ਦਿਸਣ ਲਗ ਪਏ। ਬੇਮੁਥਾਜ ਤੇ ਬੇਪ੍ਰਵਾਹ ਵਾਹਿਗੁਰੂ ਨੂੰ ਕੋਈ ਪ੍ਰਵਾਹ ਅਤੇ ਮੁਥਾਜੀ ਨਹੀਂ ਕਿ ਜਣੇ ਖਣੇ ਨੂੰ ਪਰਤੱਖ ਦਿੱਸਣ ਲੱਗ ਪਵੇ। ਪਰ ਓਹ ਭਗਤਿ-ਵਛਲ ਗੁਰਮਤਿ ਭਗਤੀ ਵਾਲਿਆਂ ਗੁਰਮੁਖਾਂ ਦੇ ਵੱਸ ਵਿਚਿ ਆਉਂਦਾ ਹੈ ਅਤੇ ਉਨ੍ਹਾਂ ਨੂੰ ਪਰਤੱਖ ਦਰਸ਼ਨ ਦਿਖਾਉਂਦਾ ਹੈ। ਜਿਸ ਨੂੰ ਪੇਖਿ ਪੇਖਿ ਭਗਤ ਜਨ ਖ਼ੁਸ਼ ਵਿਗਸਦੇ ਵਿਗਸਾਉਂਦੇ ਹਨ। ਗੁਰਮੁਖਿ ਅਜਿਹੇ ਦਰਸ-ਬਿਗਸਾਰੀ ਗੁਰਮਤਿ ਨਾਮ ਨੂੰ ਸਿਮਰਦੇ ਸਿਮਰਦੇ ਨਾਮ ਵਿਚਿ ਹੀ ਲੀਨ ਹੋ ਜਾਂਦੇ ਹਨ।

> ਕਾਨੜਾ ਮਹਲਾ ੫ ॥ ਰੰਗਾ ਰੰਗ ਰੰਗਨ ਦੇ ਰੰਗਾ ॥ ਕੀਟ ਹਸਤ ਪੂਰਨ ਸਭ


www.sikhbookclub.com

ਸੰਗਾ ॥ ੧ ॥ ਰਹਾਉ ॥ ਬਰਤ ਨੇਮ ਤੀਰਥ ਸਹਿਤ ਗੰਗਾ ॥ ਜਲੁ ਹੇਵਤ ਭੂਖ ਅਰੁ ਨੰਗਾ ॥ ਪੂਜਾਚਾਰ ਕਰਤ ਮੇਲੰਗਾ ॥ ਚਕ੍ਰ ਕਰਮ ਤਿਲਕ ਖਾਟੰਗਾ ॥ ਦਰਸਨੁ ਭੇਟੇ ਬਿਨੁ ਸਤਿਸੰਗਾ ॥ ੧ ॥ ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥ ਹਉ ਰੋਗ ਬਿਆਪੈ ਚੁਕੈ ਨ ਭੰਗਾ ॥ ਕਾਮ ਕ੍ਰੋਧ ਅਤਿ ਤ੍ਰਿਸਨੁ ਜਰੰਗਾ ॥ ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥ ੨ ॥ ੩ ॥ ੩੬ ॥

(ਪੰਨਾ ੧੩੦੫)

ਕਰਮ ਕਾਂਡ ਕਰਨ ਨਾਲਿ ਹਉਮੈ ਦਾ ਹੋਰ ਪਾਹ ਚੜ੍ਹਦਾ ਹੈ, ਹਉਮੈ ਨੂੰ ਹੋਰ ਪੱਠੇ ਪੈਂਦੇ ਹਨ। ਇਹ ਵਾਹਿਗੁਰੂ ਦਾ ਨਾਮ ਹੀ ਹੈ ਜਿਸ ਨਾਲਿ ਆਤਮ-ਰੰਗ ਚੜ੍ਹਦੇ ਹਨ ਅਤੇ ਕਰਮ-ਕਾਂਡੀ ਮੈਲ ਉਤਰਦੀ ਹੈ। ਵਾਹਿਗੁਰੂ ਅਤੇ ਵਾਹਿਗੁਰੂ ਦਾ ਨਾਮ ਰੰਗਾ-ਰੰਗੀ ਰੰਗਾਂ ਦੇ ਰੰਗਣਹਾਰਾ ਹੈ। ਚੜ੍ਹਦੇ ਤੋਂ ਚੜ੍ਹਦੇ ਰੰਗਾਂ ਵਿਚਿ ਸੁਰਤੀ ਬਿਰਤੀ ਨੂੰ ਰੰਗ ਚਲੂਲੇ ਚਾੜ੍ਹਨਹਾਰਾ ਹੈ। ਜਿਸ ਨੂੰ ਚਾਹੇ, ਗੁਰੂ ਦੁਆਰਾ ਰੰਗ ਚੜ੍ਹਾ ਕੇ ਚਲੂਲੇ ਰੰਗਾਂ ਵਿਚਿ ਰੰਗ ਦੇਵੇ। ਉਹ ਸਭਨਾਂ ਵਿਚਿ ਵਰਤ ਰਹਿਆ ਹੈ। ਕੀੜੀ ਤੇ ਹਾਥੀ ਵਿਚਿ ਇਕ-ਸਮਾਨ ਵਰਤ ਰਹਿਆ ਹੈ। ਸਾਰੇ ਹੀ ਪਰੀਪੂਰਨ ਹੈ ਅਤੇ ਸਾਰਿਆਂ ਦੇ ਸੰਗ ਵਰਤ ਰਹਿਆ ਹੈ। ਬਰਤ ਨੇਮ ਆਦਿਕ ਆਨਮਤ ਕਰਮ, ਗੰਗਾ ਸਮੇਤ ਆਨਮਤ ਤੀਰਥਾਂ ਦੇ ਇਸ਼ਨਾਨ ਆਦਿਕ ਜਿਤਨੇ ਭੀ ਆਨਮਤ ਕਰਮ ਹਨ, ਏਹ ਸਭ ਆਤਮ ਕੁਸੰਗੀ ਕਰਮ ਹਨ, ਜਿਨ੍ਹਾਂ ਦੇ ਕੀਤਿਆਂ ਮਾਇਆ ਦੇ ਕਸੁੰਭੀ ਰੰਗ ਦਾ ਕੁਰੰਗ ਹੀ ਚੜ੍ਹਦਾ ਹੈ। ਜਲਧਾਰਾ ਕਰਨ, ਬਰਫ਼ ਵਿਚਿ ਆਪਣਾ ਤਨ ਗਾਲਣ, ਨਿਰਾਹਾਰ ਹੋ ਕੇ ਆਪਣੇ ਆਪ ਨੂੰ ਜਣਾਉਣ ਲਈ ਭੁੱਖ ਦਾ ਪਾਖੰਡ ਕਰਮ ਕਰਨਾ ਅਤੇ ਨੰਗਾ ਰਹਿਣਾ ਆਦਿਕ ਜਿਤਨੇ ਭੀ ਇਸ ਪ੍ਰਕਾਰ ਦੇ ਪਾਖੰਡ ਕਰਮ ਹਨ, ਇਨ੍ਹਾਂ ਨਾਲਿ ਰੱਬ ਨਹੀਂ ਰੀਝਦਾ। ਅੰਗਾਂ ਨੂੰ ਮੇਲ ਕੇ ਚੌਕੜੇ ਜਮਾ ਕੇ ਪੂਜਾ ਆਚਾਰੀ ਕਰਮ ਕਰਨੇ, ਤਨ ਤੇ ਚਕਰ ਆਦਿ ਚਿੰਨ੍ਹ ਲਾਉਣ ਵਾਲੇ ਕਰਮ, ਕਈ ਪ੍ਰਕਾਰ ਦੇ ਤਿਲਕ, ਛੇ ਚਕਰ ਤਨ ਤੇ ਅੰਗਾਂ ਤੇ ਲਾਉਣ ਵਾਲਾ, ਖਟ ਦਰਸ਼ਨਾਂ (ਛੇ ਦਰਸ਼ਨ) ਨੂੰ ਭੀ ਮੰਨਣਾ ਅਤੇ ਖਟ ਦਰਸ਼ਨੀ ਕਰਮ ਕਰਨੇ, ਇਹ ਕਰਮ ਸਭ ਫੋਕਟ ਹਨ। ਪ੍ਰੰਤੂ ਬਿਨਾਂ ਗੁਰੂ ਘਰ ਦੀ ਸਤਸੰਗਤਿ ਵਿਚ ਪਰਚਿਆਂ ਇਹ ਕਰਮ ਫੋਕਟ ਅਤੇ ਪਾਖੰਡ ਕਰਮ ਪ੍ਰਤੀਤ ਹੀ ਨਹੀਂ ਹੁੰਦੇ। ਹਠ ਦੁਆਰਾ ਇੰਦ੍ਰੀਆਂ ਨੂੰ ਰੋਕ ਕੇ ਇੰਦ੍ਰੀਆਂ ਦਾ ਨਿਰੋਧ ਕਰਨਾ, ਹਠ ਯੋਗ ਦੇ ਕਰਮ ਕਰਨੇ, ਸਿਰ ਦੇ ਭਾਰ ਹੋ ਕੇ ਟੰਗਾਂ ਨੂੰ ਉਪਰ ਕਰ ਕੇ ਦਰੱਖ਼ਤਾਂ ਤੇ ਟੰਗੇ ਰਹਿਣਾ ਅਤੇ ਕਪਾਲੀ ਆਸਣ ਯੋਗ ਜਮਾਉਣ ਵਾਲੇ ਕਰਮ ਕਰਨ ਤੋਂ ਹਉਮੈ ਰੋਗ ਬਿਆਪਦਾ ਹੈ। ਬਿਆਪਦਾ ਹੀ ਨਹੀਂ, ਸਗੋਂ ਵਧਦਾ ਹੈ। ਘਾਟਾ ਮੁਕਦਾ ਹੀ ਨਹੀਂ, ਸਗੋਂ ਵਧਦਾ ਹੀ ਜਾਂਦਾ ਹੈ। ਹਉਮੈ ਮੈਲ ਚੁਕਦੀ ਨਹੀਂ, ਨਾ ਭੰਗ ਹੁੰਦੀ ਹੈ, ਸਗੋਂ ਵਧਦੀ ਹੀ ਜਾਂਦੀ ਹੈ। ਜਿਤਨੇ ਇਹ ਕਰਮ ਹਨ, ਸਭ ਕਾਮ ਕ੍ਰੋਧ ਅਤੇ ਤ੍ਰਿਸ਼ਨਾ ਵਿਚਿ ਜਾਲਣ (ਜਾਰਨ) ਵਾਲੇ ਤ੍ਰਿਸ਼ਨਾ-ਅਗਨੀ ਵਿਚਿ ਦਗਧ ਕਰਨਹਾਰੇ ਹਨ। ਜਿਨ੍ਹਾਂ ਨੂੰ ਸਭ ਤੋਂ ਚੰਗੇ, ਸਭ ਤੋਂ ਉਚੇ ਸੁਚੇ ਸਤਿਗੁਰੂ ਨਾਨਕ ਦੀ ਭੇਟਨਾ ਹੋਈ ਹੈ, ਓਹੋ ਬਚ ਸਕਦੇ ਹਨ। ਸਤਿਗੁਰੂ ਦੇ ਭੇਟੇ ਬਾਝੋਂ ਸਭ ਲੋਕਾਈ ਕਰਮ ਕਾਂਡ ਵਿਚਿ ਹੀ ਭਟਕਦੀ ਫਿਰਦੀ ਹੈ।

# ੨੧ – ਗੁਰ ਕਾ ਸਬਦੁ ਕਾਟੈ ਕੋਟਿ ਕਰਮ

**ਹਮ ਬਹੁ ਪਾਪ ਕੀਏ ਅਪਰਾਧੀ ਗੁਰ ਕਾਟੇ ਕਟਿਤ ਕਟੀਤਿ ॥ ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤ ॥੪॥੫॥**

(ਕਾਨੜਾ ਮਃ ੪, ਪੰਨਾ ੧੨੯੬)

ਭਾਵਰਥ—ਅਪ੍ਰਾਧੀਆਂ ਦੇ ਘੋਰ ਪਾਪ ਚਾਹੇ ਕਿਤਨੇ ਹੀ ਬਹੁਤੇ ਕੀਤੇ ਹੋਏ ਹੋਣ, ਸਤਿਗੁਰੂ ਨੇ ਕੱਟਦੇ ਕੱਟਦੇ ਸਾਰੇ ਹੀ ਕੱਟ ਸਿਟੇ। ਸਤਿਗੁਰੂ ਅਤਿ ਬਜਰ ਪਾਪਾਂ ਨੂੰ ਕੱਟਦਾ ਕੱਟਦਾ ਸਾਰੇ ਹੀ ਕੱਟ ਦਿੰਦਾ ਹੈ। ਕਿਵੇਂ ਕੱਟਦਾ ਹੈ? ਜਿਸ ਜਨ ਦੇ ਪਾਪ ਕੱਟਣੇ ਸਤਿਗੁਰੂ ਨੇ ਠਾਣੇ ਹੋਏ ਹੋਣ, ਉਸ ਜਨ ਦੇ ਮੁਖ ਵਿਖੇ ਅੰਮ੍ਰਿਤ ਰੂਪੀ ਪਾਰਸ ਨਾਮ ਦੀ ਅਉਖਧੀ ਦੇ ਦਿੰਦਾ ਹੈ। ਜਿਸ ਅੰਮ੍ਰਿਤ ਨਾਮ ਰੂਪੀ ਅਉਖਧੀ ਦੀ ਕਲਾ ਦੁਆਰਾ ਗੁਰੂ ਨਾਨਕ ਸਾਹਿਬ ਦੀ ਕਿਰਪਾ ਨਾਲਿ ਉਹ ਪਤਿਤ ਤੋਂ ਪੁਨੀਤ ਹੋ ਜਾਂਦਾ ਹੈ। ਇਹ ਅਉਖਧੀ ਗੁਰੂ ਨਾਨਕ ਸਾਹਿਬ ਦੇ ਘਰ ਵਿਚਿ ਹੀ ਹੈ, ਹੋਰ ਕਿਤੇ ਨਹੀਂ। ਗੁਰਮਤਿ ਨਾਮ ਦੀ ਇਹ ਪਾਰਸ-ਰਸਾਇਣੀ ਅਉਖਧੀ ਅਣਗਿਣਤ ਪਾਪ ਕਰਮਾਂ ਨੂੰ ਕੱਟ ਕੇ, ਪਾਪ-ਕਰਮੀ ਪਤਿਤ-ਦਿਲ ਵਾਲਿਆਂ ਨੂੰ ਪਾਵਨ ਪਵਿੱਤਰ ਕਰ ਦਿੰਦੀ ਹੈ। ਐਸਾ ਪਾਰਸ-ਪ੍ਰਭਾਵੀ ਪਤਿਤ-ਪਾਵਨੀ ਨਾਮ ਹੈ ਗੁਰਮਤਿ ਰਸਾਇਣੀ ਟਕਸਾਲ ਦਾ, ਜੋ ਗੁਰੂ ਨਾਨਕ ਦੇ ਘਰ ਵਿਚਿ ਹੀ ਟਕਸਾਲਿਆ ਜਾਂਦਾ ਹੈ।

**ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ ॥ ੧ ॥ ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ ॥ ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ ॥ ੨ ॥ ੫ ॥ ੧੧ ॥**

(ਕਾਨੜਾ ਮਃ ੪, ਪੰਨਾ ੧੨੯੭)

ਭਾਵ ਅਰਥ— ਜਿਉਂ ਪਾਰਸ ਨੂੰ ਛੋਹ ਕੇ ਘਟੀਆ ਤੋਂ ਘਟੀਆ ਨਿਕੰਮਾ ਲੋਹਾ ਭੀ ਸੋਨਾ ਹੋ ਜਾਂਦਾ ਹੈ, ਤਿਉਂ ਪਤਿਤ ਕਰਮੀ ਪਾਤਿਕ ਜਨ ਗੁਰੂ ਦੀਆਂ ਸੰਗਤਾਂ ਨੂੰ ਮਿਲ ਕੇ ਗੁਰਮਤਿ ਦੀ ਸਿਖਿਆ ਗ੍ਰਹਿਣ ਕਰ ਕੇ ਅਤੇ ਗੁਰਮਤਿ ਕਰਮ ਉਤੇ ਅਮਲ-ਪੈਰਾ ਹੋ ਕੇ ਨਿਰੋਲ ਸ਼ੁੱਧ, ਬਾਰ੍ਹਾਂ-ਵੰਨੀ ਦੇ ਸੋਨੇ ਵਾਂਗੂੰ ਸ਼ੁਧ ਅਤੇ ਖਾਲਸ ਹੋ ਜਾਂਦਾ ਹੈ। ਉਸ ਦੇ ਪਾਪ-ਕਰਮਾਂ ਦੀ ਸਾਰੀ ਮੈਲ ਕੱਟੀ ਜਾਂਦੀ ਹੈ। ਜਿਵੇਂ ਕਾਠ ਨਾਲਿ ਰਲ ਕੇ ਲੋਹਾ ਨਿਰਸੰਦੇਹ ਤਰ ਜਾਂਦਾ ਹੈ ਤਿਵੇਂ ਪਾਪ-ਕਰਮਾਂ ਕਰਕੇ ਪਾਪੀ ਭਏ ਪਾਪਿਸ਼ਟ ਨਰ, ਗੁਰੂ ਘਰ ਦੇ ਗੁਰਮੁਖਿ ਸਾਧ ਜਨਾਂ, ਗੁਰੂ ਸਤਿਗੁਰੂ ਦੇ ਘਰ ਦੇ ਗੁਰਮੁਖਿ ਸਾਧਾਂ ਦੀਆਂ ਸੰਗਤਾਂ ਨਾਲਿ ਰਲ ਕੇ ਤਰ ਜਾਂਦੇ ਹਨ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਏਹਨਾਂ ਚਹੁੰਆਂ ਵਰਨਾਂ ਵਿਚੋਂ ਭਾਵੇਂ ਕੋਈ ਕਿਸੇ ਵਰਨ ਦਾ ਭੀ ਪੁਰਸ਼ ਯਾ ਇਸਤ੍ਰੀ ਹੋਵੇ

ਅਤੇ ਗ੍ਰਿਹਸਤ, ਬ੍ਰਹਮਚਰਯ, ਬਾਨਪ੍ਰਸਤ, ਸੰਨਿਆਸ ਏਹਨਾਂ ਚਹੁੰਆਂ ਆਸ਼ਰਮਾਂ ਵਾਲਿਆਂ ਵਿਚੋਂ ਭਾਵੇਂ ਕੋਈ ਮਿਲੇ, ਗੁਰੂ, ਸੱਚੇ ਗੁਰੂ, ਗੁਰੂ ਨਾਨਕ ਸਾਹਿਬ ਨੂੰ ਅਤੇ ਗੁਰੂ ਨਾਨਕ ਸਾਹਿਬ ਦੇ ਘਰ ਦੀਆਂ ਗੁਰ-ਸੰਗਤਾਂ ਨੂੰ, ਸੋ ਆਪ ਭੀ ਤਰ ਜਾਂਦਾ ਹੈ ਅਤੇ ਉਸ ਦੀਆਂ ਸਾਰੀਆਂ ਕੁਲਾਂ ਭੀ ਤਰ ਜਾਂਦੀਆਂ ਹਨ। ਚਾਹੇ ਕਿੰਨੀਆਂ ਹੀ ਪਾਪ ਕਰਮ ਕਰੰਨੀਆਂ ਹੋਣ। ਇਹ ਸਾਰਾ ਪਰਤਾਪ ਗੁਰ-ਮੰਤ੍ਰ ਗੁਰ-ਸ਼ਬਦ ਦਾ ਹੈ। ਜਿਸਦੀਆਂ ਕਮਾਈਆਂ ਕਰਕੇ ਪਾਪ ਕਮਾਤੇ ਅਗਲੇ ਪਿਛਲੇ ਸਾਰੇ ਕਰਮ ਹੀ ਕੱਟੇ ਜਾਂਦੇ ਹਨ। ਰਿਜਮ ਭੀ ਬਾਕੀ ਨਹੀਂ ਰਹਿੰਦੀ। ਐਸਾ ਹੈ ਪਾਰਸ ਰੂਪ ਗੁਰ-ਸ਼ਬਦ ਤੇ ਐਸੀ ਹੈ ਪਾਰਸ ਰੂਪ ਕਮਾਈ ਗੁਰ-ਸ਼ਬਦ ਦੀ।

**ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥ ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩ ॥੧ ॥**

(ਰਾਮਾਨੰਦ ਜੀ ਘਰੁ ੧, ਪੰਨਾ ੧੧੯੫)

ਸਤਿਗੁਰ ਸੱਚੇ ਪਾਤਸ਼ਾਹ ਦੇ ਜਿਤਨੇ ਭੀ ਬਲਿਹਾਰਨੇ ਜਾ ਸਕੀਏ, ਤਿਤਨਾ ਹੀ ਥੋੜਾ ਹੈ, ਕਿਉਂਕਿ ਸਤਿਗੁਰ ਦੇ ਪਰਤਾਪ ਨਾਲ ਸਤਿਗੁਰ ਦੇ ਦੀਖਿਅਤ ਸ਼ਬਦ (ਗੁਰਮੰਤਰ) ਨੇ ਸਾਰੇ ਵਿਆਕੁਲਤਾ ਵਾਲੇ ਭਰਮ ਕੱਟ ਦਿੱਤੇ। ਗੁਰ ਕਾ ਸ਼ਬਦ ਸਾਰੇ ਹੀ ਕਿਲਵਿਖ ਭਰਮਾਂ ਨੂੰ ਕੱਟਣ ਲਈ ਸਮਰੱਥ ਹੈ। ਹਰੀ ਪਰਮਾਤਮ ਰੂਪ ਸੁਆਮੀ ਬ੍ਰਹਮ ਸਾਰੇ ਹੀ ਵਿਆਪਕ ਹੈ। ਗੁਰੂ-ਵਰੋਸਾਇਆ ਭਗਤ ਰਾਮਾਨੰਦ ਪਾਰਬ੍ਰਹਮ ਦਾ ਸਾਖੀ ਰੂਪ ਹੋ ਕੇ ਸਾਖਾ ਭਰਦਾ ਹੈ ਕਿ ਗੁਰੂ ਕਾ ਸ਼ਬਦ (ਗੁਰਮੰਤਰ) ਕੋਟ ਕਰਮਾਂ ਨੂੰ ਕੱਟਣ ਲਈ ਸਮਰੱਥ ਹੈ। ਪਰਤੱਖ ਕੱਟ ਦਿੰਦਾ ਹੈ। ਕੋਟ ਕਰਮਾਂ ਨੂੰ ਕੱਟਦਾ ਹੋਇਆ ਗੁਰ-ਸ਼ਬਦ ਅਜ਼ਮਾਇਆ ਹੋਇਆ ਹੈ। ਇਸ ਵਿਚ ਰੰਚਕ ਸੰਦੇਹ ਨਹੀਂ—

**ਕੋਟਿ ਕਰਮ ਕਰਿ ਦੇਹ ਨ ਸੋਧਾ ॥ ਸਾਧ ਸੰਗਤਿ ਮਹਿ ਮਨੁ ਪਰਬੋਧਾ ॥੨॥**

(ਕਾਨੜਾ ਮ: ੫, ਪੰਨਾ ੧੨੯੮)

ਭਾਵ— ਕ੍ਰੋੜਾਂ ਕਰਮਾਂ ਦੇ ਕਰਨ ਕਰਿ ਮਾਨੁਖਾ ਦੇਹੀ ਦਾ ਸੁਧ ਹੋਣਾ ਅਤੇ ਸੋਧਿਆ ਜਾਣਾ ਅਸੰਭਵ ਹੈ। ਗੁਰੂ ਘਰ ਦੀ ਸਾਧ ਸੰਗਤਿ ਦੇ ਤੁਫ਼ੈਲ ਹੀ ਮਨ ਪਰਬੋਧਿਆ ਜਾ ਕੇ ਸੁਧ ਹੋ ਜਾਂਦਾ ਹੈ। ਗੁਰਮਤਿ ਨਾਮ ਦੀ ਇਕ ਕਣੀ ਕੋਟਾਨ ਕੋਟ ਕਰਮਾਂ ਤੋਂ ਭੀ ਅਧਿਕ ਸੁਭਰ ਗੁਣਾਂ ਵਾਲੀ ਹੈ, ਕੋਟਾਂ ਪਾਪਾਂ ਦੇ ਕੱਟਣ ਨੂੰ, ਕੋਟਾਨ ਕੋਟ ਕਰਮਾਂ ਦੀ ਰੇਖਾ ਦੇ ਕੱਟਣ ਨੂੰ। ਐਸਾ ਗੁਰ ਕਾ ਸਬਦ ਹੈ।

**ਕਾਨੜਾ ਮਹਲਾ ੫ ॥ ਹਰਿ ਕੇ ਚਰਨ ਹਿਰਦੈ ਗਾਇ ॥ ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥ ੧ ॥ ਰਹਾਉ ॥ ਸਗਲ ਆਸ ਹੋਤ ਪੂਰਨ ਕੋਟਿ ਜਨਮ ਦੁਖੁ ਜਾਇ ॥ ੧ ॥ ਪੁੰਨ ਦਾਨ ਅਨੇਕ ਕਿਰਿਆ ਸਾਧੂ ਸੰਗਿ ਸਮਾਇ ॥ ਤਾਪ ਸੰਤਾਪ ਮਿਟੇ ਨਾਨਕ ਬਹੁੜਿ ਕਾਲੁ ਨ ਖਾਇ ॥ ੨ ॥ ੧੧ ॥**

(ਪੰਨਾ ੧੩੦੦)

**ਜੋਤਿ ਦੀ ਝਲਕ**

ਵਿਆਖਿਆ— ਗੁਰ-ਸ਼ਬਦ ਅਭਿਆਸ ਵਿਖੇ ਲਿਵਲੀਨ ਹੋ ਕੇ ਜਦੋਂ ਹਿਰਦੇ ਅੰਦਰਿ ਜੋਤਿ-ਕਿਰਣ ਪ੍ਰਕਾਸ਼ਤ ਹੁੰਦੀ ਹੈ, ਉਹ ਵਾਹਿਗੁਰੂ ਜੋਤੀਸ਼ਰ ਦੇ ਚਰਨਾਂ ਦੀ ਝਲਕ ਹੁੰਦੀ ਹੈ। ਇਸ ਝਲਕ ਦੇ ਝਿਲਮਿਲੀ ਦੀਦਾਰ ਨਾਲਿ [illegible] (ਝਲੇ) ਹੋ ਕੇ ਜਦੋਂ ਹਰਿ ਗੁਣ ਗਾਈਦੇ ਹਨ ਓਦੋਂ ਵਾਹਿਗੁਰੂ ਦੇ ਝਿਲਮਿਲੀ ਚਰਨਾਂ


www.sikhbookclub.com

ਦੀ ਮਹਿਮਾ ਹੀ ਗਾਈਦੀ ਹੈ। ਇਹ ਹਿਰਦੰਤਰੀ ਜੋਤਿ-ਝਲਕ ਅਤੀਅੰਤ ਹੀ ਮਿੱਠੀ ਸੀਤਲਤਾ ਵਾਲੀ ਹੁੰਦੀ ਹੈ, ਜਿਸ ਦੀ ਮਿਠਾਸ ਵਿਚ ਮਹਿਵ ਹੋ ਕੇ ਮੇਰੇ ਆਨੰਦੀ ਵਾਹਿਗੁਰੂ ਦੀ ਮਹਾਂ ਅਨੰਦਮਈ ਸ਼ਾਂਤ ਤੇਜਸ੍ਵੀ ਮੂਰਤੀ ਨਾਮ ਸਿਮਰਨਹਾਰੇ ਦੇ ਹਰ ਛਿਨ ਸਨਮੁਖ ਰਹਿੰਦੀ ਹੈ। ਇਸ ਸੁਖ ਸ਼ਾਂਤਿ ਮੂਰਤਿ ਨੂੰ ਸਨਮੁਖ ਰਖਦਿਆਂ ਹੋਇਆਂ ਧਿਆਨੀ ਦਾ ਧਿਆਨ ਹੋਰ ਭੀ ਅਰੂੜ ਹੋ ਕੇ ਜੁੜਦਾ ਹੈ। ਇਸ ਧਿਆਨ-ਸਿਮਰਨ ਮੱਧੇ ਸੁਤੇ ਸਿੱਧ ਹੀ ਸਫੁਰਨ ਹੋਈਆਂ ਅਭਿਆਸੀ ਜਨ ਦੀਆਂ ਆਸਾਂ ਸਾਰੀਆਂ ਪੂਰਨ ਹੋ ਜਾਂਦੀਆਂ ਹਨ ਅਤੇ ਐਸੇ ਸ਼ਬਦ ਅਭਿਆਸ ਦੇ ਪਰਤਾਪ ਨਾਲਿ ਕੋਟਿ ਜਨਮਾਂ ਦੇ ਕਰਮਾਂ ਦੇ ਗੇੜ ਵਾਲਾ ਆਵਾ-ਗਵਨੀ ਦੁਖ ਦੂਰ ਕਾਫ਼ੂਰ ਹੋ ਜਾਂਦਾ ਹੈ। ਪੁੰਨ ਦਾਨ ਆਦਿਕ ਅਨੇਕ ਆਨਮਤ ਕਿਰਿਆ ਵਾਲੇ ਕਰਮ, ਗੁਰੂ ਘਰ ਦੀ ਹਰਿ-ਗੁਣ-ਗਾਵਨੀ ਗੁਰ-ਸ਼ਬਦ ਧਿਆਵਨੀ ਸਾਧ ਸੰਗਤਿ ਦੇ ਪ੍ਰਭਾਵ ਕਰਿ ਵਿਚੇ ਹੀ ਸਮੇਟੇ ਜਾਂਦੇ ਹਨ, ਕੱਟੇ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦੀ ਸਿਖਿਆ ਗੁਰ-ਸ਼ਬਦ-ਦੀਖਿਆ ਦਾ ਸਦਕਾ ਤਾਪ ਸੰਤਾਪ ਸਗਲੇ ਹੀ ਮਿਟਿ ਜਾਂਦੇ ਹਨ। ਫੇਰ ਮੁੜ ਕੇ ਗੁਰ-ਸ਼ਬਦ-ਅਭਿਆਸ-ਕਰਮੀ ਨੂੰ ਕਾਲ ਨਹੀਂ ਖਾਂਦਾ। ਉਸ ਦੇ ਪਿਛੇ ਕਮਾਤੇ ਕੋਟਿ ਕਰਮ ਭੀ ਕੱਟੇ ਜਾਂਦੇ ਹਨ, ਗੁਰ-ਸ਼ਬਦ ਦੇ ਪ੍ਰਤਾਪ ਕਰਕੇ।

> ਕਾਨੜਾ ਮਹਲਾ ੫ ॥ ਪੇਖਿ ਪੇਖਿ ਬਿਗਸਾਉ ਸਾਜਨ ॥ ਪ੍ਰਭੁ ਆਪਨਾ ਇਕਾਂਤ ॥ ੧ ॥ ਰਹਾਉ ॥ ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ ॥ ੧ ॥ ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ ॥ ੨ ॥ ਗੁਣ ਰਮੰਤ ਦੂਖ ਨਾਸਹਿ ਰਿਦ ਭਇਅੰਤ ਸਾਂਤਿ ॥ ੩ ॥ ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ ॥ ੪ ॥ ੪ ॥ ੧੫ ॥
>
> (ਪੰਨਾ ੧੩੦੦)

ਵਿਆਖਿਆ— ਦਰਸ ਵਿਗਾਸੀ ਜੋਤਿ ਪੁਲਾੜ ਦਾ ਉਘਾੜ ਹੋਣ ਪਰ, ਇਸ ਦਰਸ ਵਿਗਾਸ ਦੇ ਨਜ਼ਾਰੇ ਦੇ ਵਿਚਿ ਸਾਜਨ ਸੁਖ ਪ੍ਰੀਤਮ ਦਾ ਪਰਤੱਖ ਸਨਮੁਖ ਦੀਦਾਰਾ ਹੁੰਦਾ ਹੈ। ਸਾਜਨ ਦੇ ਇਸ ਦੀਦਾਰੇ ਨੂੰ ਪੇਖਿ ਪੇਖਿ ਦੇਖ ਦੇਖ ਕੇ ਮੁਸ਼ਤਾਕ-ਦੀਦਾਰੂਆ ਵਿਗਸ ਵਿਗਸ ਕੇ, ਅੰਦਰੇ ਅੰਦਰਿ ਬਿਸਮਾਦ ਦਰਸ਼ਨ ਨੂੰ ਜਰ ਜਰ ਕੇ ਮਹਾਂ ਅਨੰਦਤ ਹੁੰਦਾ ਹੋਇਆ ਮੁਸਕ੍ਰਾਉਂਦਾ ਹੈ। ਮੁਸਕੜੀਏਂ ਹੱਸਦਾ ਹੈ। ਕਿਸੇ ਨੂੰ ਲਖਾਉਂਦਾ ਨਹੀਂ। ਇਹ ਪ੍ਰਭ ਪ੍ਰੀਤਮ ਸੰਗਿ ਕੇਲ ਕਰਨ ਵਾਲੀ ਨਿਰੋਲ ਏਕਾਂਤ ਬਿਵਸਥਾ ਹੁੰਦੀ ਹੈ, ਜੋ ਵਿਰਲੇ ਵਾਂਝਿਆਂ ਗੁਰਮੁਖਾਂ ਤੇ ਹੀ ਵਾਪਰਦੀ ਹੈ। ਅਤੇ ਇਸ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨੇ ਇਹ ਰੰਗ ਮਾਣਿਆ ਹੈ। ਇਹ "ਕਰੈ ਅਨੰਦੁ ਅਨੰਦੀ ਮੇਰਾ"[੧] ਵਾਲੀ ਅਤਿ ਸੁਖ-ਸਹਜਨੀ ਆਤਮ-ਬਿਵਸਥਾ ਹੁੰਦੀ ਹੈ, ਜਿਸ ਵਿਚ ਪਰਮ ਅਨੰਦੀ (ਪਰਮਾਨੰਦੀ) ਸੁਖ ਸਹਜਨੀ ਮੂਰਤੀ ਵਾਲੇ ਅਕਾਲ ਮੂਰਤਿ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੁੰਦੇ ਹਨ। ਸਾਂਗੋ ਪਾਂਗ ਸਨਮੁਖੀ ਦੀਦਾਰੇ ਹਰ ਦਮ ਹੁੰਦੇ ਰਹਿੰਦੇ ਹਨ। ਚੇਤੇ ਰਹੇ ਕਿ ਵਾਹਿਗੁਰੂ ਨਿਰੰਕਾਰ ਦੀ ਆਕਾਰ ਰਹਿਤ ਮੂਰਤੀ ਹੈ। ਮੂਰਤਿ ਤਾਂ ਉਸ ਦੀ ਹੈ, ਪਰ ਕਾਲ ਚੱਕਰ ਚਿਹਨੀ ਮੂਰਤੀ ਨਹੀਂ। ਕਾਲ ਰਹਿਤ, ਅਕਾਰ ਰਹਿਤ, ਜੋਤਿ ਤੇਜ ਮੁਜੱਸਮੀ ਅਕਾਲ ਮੂਰਤੀ ਹੈ, ਜਿਸ ਨੂੰ ਪੇਖ ਕੇ ਪੇਖਨਹਾਰੇ ਪ੍ਰੇਮੀ ਮੁਸ਼ਤਾਕੜੇ

**ਅਕਾਲ ਪੁਰਖ ਦੀ ਮੂਰਤੀ**

---

੧. ਮਾਰੂ ਸੋਹਲੇ ਮਃ ੫, ਪੰਨਾ ੧੦੭੩


www.sikhbookclub.com

ਉਪਰ ਨਿਰੀ ਬਿਸਮਾਦਤਾ ਹੀ ਬਿਸਮਾਦਤਾ ਛਾਈ ਰਹਿੰਦੀ ਹੈ। ਇਸ ਬਿਸਮਾਦ ਸਰੂਪ ਅਲੌਕਿਕ ਵਜੂਦ ਮੁਜੱਸਮ ਸੁਹੱਪਣ ਸਮਾਨ (ਸਦਰਸ) ਹੋਰ ਕੋਈ ਵਜੂਦ ਨਹੀਂ। ਇਸ ਭਾਂਤ ਆਨ ਕੋਈ ਦਰਸ਼ਨ ਨਹੀਂ। ਇਸ ਦੇ ਤੁਲ ਹੋਰ ਕੋਈ ਦਰਸ਼ਨੀ ਮੂਰਤਿ ਨਹੀਂ। ਇਸ ਅਲੌਕਿਕ ਅਤੁਲਤਾ ਕਰਾਂਤੀ ਦਰਸ਼ਨ ਨੂੰ ਪੇਖਿ ਪੇਖਿ ਸਿਮਰਨ ਦੀ ਇਕ ਅਦਭੁਤ ਲਹਿਰ ਛਿੜ ਪੈਂਦੀ ਹੈ। ਸਨਮੁਖੀ ਦਰਸ਼ਨਾਂ ਦਾ ਕੌਤਕ ਬਿਸਮਾਦ ਜਨਕ ਅਹਿਲਾਦ ਦਾ ਲਖਾਇਕ ਹੈ। ਇਹ ਬਿਸਮ ਬਿਨੋਦੀ ਸਨਮੁਖਤਾ ਵਾਲੇ ਦਰਸ਼ਨ ਮਿਕਨਾਤੀਸੀ ਰੌ ਸਿਮਰਨ ਦੀ ਛੇੜ ਦਿੰਦੇ ਹਨ। ਇਸ ਦਰਸ਼ਨਿ ਸਮਾਏ, ਦਰਸ਼ਨਿ ਬਿਸਮਾਏ **"ਸਿਮਰਤ"** ਦੀ ਅਵਸਥਾ ਪ੍ਰਾਪਤ ਹੋਣ ਪਰ ਸਾਧਾਰਨ ਸ਼ਰਧਾ ਸੰਪੂਰਤੀ ਸਿਮਰਨ ਇਕ ਵਾਰ ਕਰਨ ਕਰਿ **"ਮਿਟਿ ਕੋਟਿ ਕਸਮਲ ਜਾਂਤਿ"** ਵਾਲਾ ਪਰਤੱਖ ਵਰਤਾਰਾ ਵਰਤ ਜਾਂਦਾ ਹੈ। ਕੋਟਿ ਕਰੂਰ ਕਰਮੀ ਬੱਜਰ ਪਾਪ ਮਿਟ ਜਾਂਦੇ ਹਨ। **"ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ ॥"** ਇਸ ਗੁਰਵਾਕ ਪੰਗਤੀ ਤੋਂ ਸਾਫ਼ ਸਿੱਧ ਹੈ ਕਿ ਗੁਰ-ਸ਼ਬਦ ਦਾ ਇਕ ਵਾਰੀ ਸਿਮਰਨ ਕੀਤਾ ਕ੍ਰੋੜਾਂ ਪਾਪਾਂ ਅਤੇ ਕ੍ਰੋੜਾਂ ਪਾਪ-ਕਰਮਾਂ ਨੂੰ ਦਗਧ ਕਰਨ ਲਈ ਸਮਰੱਥ ਹੈ। ਜੈਸੇ ਕਿ ਲਖਾਂ ਕ੍ਰੋੜਾਂ ਮਣਾਂ ਲਕੜੀਆਂ ਦੇ ਢੇਰ ਨੂੰ ਬੈਸੰਤਰ ਦੀ ਇਕੋ ਚਿੰਗਾੜੀ ਸਾੜ ਸਿਟਦੀ ਹੈ, ਇਸੇ ਤਰ੍ਹਾਂ ਇਕ ਵਾਰ ਗੁਰਮਤਿ ਨਾਮ ਦਾ ਜਾਪ ਕੀਤਾ ਕ੍ਰੋੜਾਂ ਹੀ ਕਸਮਲ ਪਾਪਾਂ ਕੁਕਰਮਾਂ ਸੰਤਾਪਾਂ ਨੂੰ ਦਗਧ ਕਰਨ ਲਈ ਸਮਰੱਥ ਹੈ। ਵਾਹਿਗੁਰੂ ਦੇ ਗੁਣਾਂ ਨੂੰ ਰਮਣ ਕੀਤਿਆਂ, ਵਾਹਿਗੁਰੂ ਗੁਣਾਂ ਨੂੰ ਗਾਂਵਿਆਂ ਰਾਵਿਆਂ ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ। ਅਤੇ ਦੁਖਾਂ ਕਲੇਸ਼ਾਂ ਤੋਂ ਤਪੇ ਹੋਏ ਹਿਰਦੇ ਸ਼ਾਂਤ (ਸੀਤਲ, ਠੰਢੇ) ਹੋ ਜਾਂਦੇ ਹਨ। ਅੰਮ੍ਰਿਤ ਬਾਣੀ ਰੂਪੀ ਅੰਮ੍ਰਿਤ-ਗੁਣ ਗਾਉਣ ਕਰਕੇ ਰਸਨਾ ਅੰਮ੍ਰਿਤ ਦੇ ਗਟਾਕ ਰਸ ਪੀਂਦੀ ਹੈ ਅਤੇ ਵਾਹਿਗੁਰੂ ਦੇ ਰੰਗਾਂ ਵਿਚਿ ਹੀ ਰੰਗੀ ਜਾਂਦੀ ਹੈ। ਗੁਣ ਗਾਉਣ ਵਾਲਾ ਭੀ ਅੰਮ੍ਰਿਤ ਦੇ ਗਟਾਕ ਹੀ ਪੀਂਦਾ ਹੈ ਅਤੇ ਰਸ-ਜੋਤਿ-ਰੰਗਾਂ ਦੇ ਰੰਗਾਂ ਵਿਚਿ ਰੰਗੀਜਿਆ ਜਾਂਦਾ ਹੈ।

> **ਪਉੜੀ ॥ ਇਛਾ ਮਨ ਕੀ ਪੂਰੀਐ ਜਪੀਐ ਸੁਖ ਸਾਗਰੁ ॥ ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ ॥ ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ ॥ ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ ॥ ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ ਦਾਗਰੁ ॥ ੧੪ ॥**

**(ਕਾਨੜੇ ਕੀ ਵਾਰ ਮਃ ੪, ਪੰਨਾ ੧੩੧੮)**

ਵਿਆਖਿਆ— ਸੁਖਾਂ ਦੇ ਸਾਗਰ ਵਾਹਿਗੁਰੂ ਦਾ ਜਾਪ ਜਪੀਐ ਅਤੇ ਮਨ ਦੀਆਂ ਸਰਬ ਇਛਿਆਵਾਂ ਪੂਰਨ ਕਰੀਏ। ਵਾਹਿਗੁਰੂ ਆਪ ਸੁਖਾਂ ਦਾ ਸਾਗਰ ਹੈ। ਵਾਹਿਗੁਰੂ ਨਾਮ ਦਾ ਜਾਪ ਹੀ ਸਰਬ ਸੁਖਦਾਇਕ ਹੈ। ਇਸ ਨੂੰ ਜਪਿਆਂ ਸੁਤੇ ਸੁਭਾਵ ਹੀ ਮਨ ਦੀਆਂ ਮੱਧਮ ਤੋਂ ਮੱਧਮ ਇਛਿਆਵਾਂ ਪੂਰੀਆਂ ਹੋ ਜਾਂਦੀਆਂ ਹਨ। ਗੁਰੂ ਕੇ ਸ਼ਬਦ ਗੁਰ-ਮੰਤਰ ਦੇ ਅਭਿਆਸ ਦੁਆਰਾ, ਅਭਿਆਸ ਕਰਦਿਆਂ ਕਰਦਿਆਂ ਜਦੋਂ ਜੋਤਿ ਪ੍ਰਕਾਸ਼ੀ ਕਿਰਨ ਰਿਦੰਤਰਿ ਆਇ ਵਿਗਸਦੀ ਹੈ ਤਦੋਂ ਉਹੀ ਨਾਮ ਹੀਰਾ ਰਤਨ ਹੋ ਕੇ ਅੰਤਰਿ-ਆਤਮੇ ਪਸਰਜਤ ਹੋ ਜਾਂਦਾ ਹੈ। ਇਹ ਵਾਹਿਗੁਰੂ ਦੇ ਚਰਨਾਂ ਦਾ ਪਹਿਲਾ ਲਿਸ਼ਕਾਰਾ, ਜੋਤਿ ਰਤਨਾਗਰੀ ਚਮਤਕਾਰਾ ਹੁੰਦਾ ਹੈ। ਉਸ ਸਮੇਂ ਅਭਿਆਸ ਅਤਿ ਅਪਾਰ ਰਸ-ਰੰਗਾਂ ਵਿਚਿ ਹੁੰਦਾ ਦਿਸੰਦਾ ਹੈ। ਨਿਰਯਤਨ ਆਮੁਹਾਰਾ ਹੀ ਹੋਈ ਜਾਂਦਾ ਹੈ। ਇਹ ਰਤਨਾਂ ਦੀ ਖਾਣ ਵਾਹਿਗੁਰੂ ਚਰਨਾਰਬਿੰਦ ਦਾ ਅਰਾਧਨ ਹੈ। ਗੁਰ ਸਾਧ ਸੰਗਤਿ ਵਿਚਿ

 www.sikhbookclub.com

ਵਾਸਾ ਹੋਣ ਦਾ ਇਹ ਉੱਚ ਮਨੋਰਥੀ ਸਵਾਬ ਹੈ, ਜੋ ਤੱਤ ਉਧਾਰ ਦਾ ਸੁਗਮ-ਸਾਰ ਵਸੀਲਾ ਹੈ। ਇਸ ਸੁਗਮ-ਸਾਰ ਉਧਾਰ ਹੋਣ ਪਰ ਸੁਤੇ ਹੀ ਸਾਰੇ ਕਮਾਤੇ ਕਰਮਾਂ ਦੇ ਲੇਖੇ ਮੁੱਕ ਜਾਂਦੇ ਹਨ ਅਤੇ ਜਮਰਾਜੇ ਦੇ ਦਫ਼ਤਰ ਦੇ ਲੇਖੇ ਵਾਲੇ ਕਾਗਦ ਸਭਿ ਫਟ ਜਾਂਦੇ ਫਾੜੇ ਜਾਂਦੇ ਹਨ। ਕਾਈ ਰਿਜਮ ਭੀ ਬਾਕੀ ਨਹੀਂ ਰਹਿੰਦੀ। ਕੋਟਿ ਪਾਪ ਭਸਮ ਹੋ ਜਾਂਦੇ ਹਨ। ਇੱਛਾ ਰਹਿਤ ਵਾਹਿਗੁਰੂ (ਬੈਰਾਗਰ) ਨੂੰ ਜਪਿਆਂ ਇੱਛਾ ਰਹਿਤ ਹੋ ਜਾਈਦਾ ਹੈ। ਪਰ ਸੁਤੇ-ਸਫੁਰਤ ਇਛਾਵਾਂ ਸੁਤੇ ਸਿਧਿ ਹੀ ਪੂਰੀਆਂ ਹੋ ਜਾਂਦੀਆਂ ਹਨ। ਉਂਵ ਸੰਕਲਪ ਕਰਕੇ ਨਿਰਾ ਹੀ ਨਿਰ-ਇੱਛਤ ਹੋ ਜਾਈਦਾ ਹੈ। ਇਹ ਜਨਮ-ਪਦਾਰਥ ਜਿੱਤਿਆ ਜਾਂਦਾ ਹੈ। ਮਨੁੱਖਾ ਜਨਮ (ਜੋ ਰਤਨ ਪਦਾਰਥ ਹੈ) ਸਫਲਾ ਹੋ ਜਾਂਦਾ ਹੈ। ਇਹ ਸਭ ਸਤਿਗੁਰੂ ਦੀ ਸ਼ਰਨਾਗਤਿ ਆਉਣ ਦਾ ਸਦਕਾ ਹੈ। ਤਾਂ ਤੇ ਸਾਰਿਆਂ ਨੂੰ, ਪ੍ਰਾਣੀ ਮਾਤਰ ਨੂੰ ਸਤਿਗੁਰੂ ਦੀ ਸ਼ਰਨੀ ਪੈ ਕੇ ਸਤਿਗੁਰੂ ਦਾ ਸਚਿਆਰ ਸਿਖ ਬਣਨਾ ਚਾਹੀਦਾ ਹੈ। ਜਨਮ ਜਨਮਾਂਤ੍ਰਾਂ ਦੇ ਦੁਖ ਦਲਿੱਦਰਾਂ ਦੇ ਦਾਗ (ਕਲੰਕ) ਮਿਟ (ਬਿਨਸ) ਜਾਂਦੇ ਹਨ।

**ਆਠ ਪਹਰ ਸਿਮਰਹੁ ਪ੍ਰਭ ਨਾਮੁ ॥ ਅਨਿਕ ਤੀਰਥ ਮਜਨੁ ਇਸਨਾਨੁ ॥**
**ਪਾਰਬ੍ਰਹਮ ਕੀ ਸਰਣੀ ਪਾਹਿ ॥ ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥ ੩ ॥**

**(ਗਉੜੀ ਗੁਆਰੇਰੀ ਮਃ ੫, ਪੰਨਾ ੧੮੪)**

ਭਾਵ— ਵਾਹਿਗੁਰੂ ਨਾਮ ਅੱਠੇ ਹੀ ਪਹਿਰ ਸਿਮਰਿਆਂ ਅਨੇਕਾਂ ਹੀ ਤੀਰਥਾਂ ਦਾ ਅੱਠ-ਪਹਿਰੀ ਮੱਜਨ ਇਸ਼ਨਾਨ ਹੁੰਦਾ ਰਹਿੰਦਾ ਹੈ। ਪਾਰਬ੍ਰਹਮ ਪਰਮੇਸ਼ਰ ਦੀ ਚਰਨ ਸ਼ਰਨ ਪ੍ਰਾਪਤਿ ਹੁੰਦੀ ਹੈ, ਵਾਹਿਗੁਰੂ ਨਾਮ ਜਪਿਆਂ, ਜਿਸ ਜਾਪ ਸਿਮਰਨ ਦੇ ਪਰਤਾਪ ਕਰਿ ਪਾਪ ਕਰਮਾਂ ਦੇ ਕੀਤੇ ਹੋਏ ਕ੍ਰੋੜਾਂ ਕਲੰਕ ਇਕ ਛਿਨ ਮਾਤਰ ਵਿਚ ਮਿਟਿ ਜਾਦੇ ਹਨ, ਕੋਟ ਪਾਪ ਕਰਮ ਕੀਤੇ ਭਸਮ ਹੋ ਜਾਂਦੇ ਹਨ।

**ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥ ੧**
**॥ ਸੰਤ ਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥ ੨ ॥**

**(ਗਉੜੀ ਮਃ ੫, ਪੰਨਾ ੧੯੮)**

ਭਾਵ— ਵਾਹਿਗੁਰੂ ਦਾ ਨਾਮੁ ਐਸਾ ਨਿਰਮਲ ਜਲ ਹੈ, ਜਿਸ ਦੇ ਸਿਮਰਨ ਰੂਪੀ ਮੱਜਨ ਇਸ਼ਨਾਨ ਕੀਤਿਆਂ ਸਭੇ ਮਨੋਰਥ ਪੂਰੇ ਹੁੰਦੇ ਹਨ। ਗੁਰੂ ਘਰ ਦੀ ਸਾਧ ਸੰਗਤਿ ਵਿਚਿ ਮਿਲ ਕੇ ਹਰਿ-ਜਸ ਕੀਤਿਆਂ ਅਤੇ ਵਾਹਿਗੁਰੂ ਨਾਮ ਲੀਤਿਆਂ ਕੋਟਾਨ ਕੋਟਿ ਜਨਮਾਂ ਦੇ ਕੀਤੇ ਪਾਪ-ਕਰਮ, ਕੋਟਾਨ ਕੋਟਿ ਬੱਜਰ ਪਾਪ ਕੱਟੇ ਜਾਂਦੇ ਹਨ। ਐਸਾ ਹੈ ਗੁਰਮਤਿ ਨਾਮ, ਗੁਰੂ ਕਾ ਸ਼ਬਦ, ਜਿਸ ਦੇ ਜਾਪ ਕਰਨ ਕਰਿ ਕੋਟਿ ਪਾਪ ਕੱਟੇ ਜਾਂਦੇ ਹਨ।

**ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥ ਕੋਟਿ ਜਨਮ ਕੀ ਮਲੁ ਲਹਿ ਜਾਈ**
**॥ ੧ ॥ ਰਹਾਉ ॥**

**(ਗਉੜੀ ਮਃ ੫, ਪੰਨਾ ੧੯੫)**

ਵਾਹਿਗੁਰੂ ਸਿਮਰਨ ਦਾ ਐਸਾ ਪਰਤਾਪ ਹੈ ਕਿ ਕੋਟਾਨ ਕੋਟ ਜਨਮਾਂ ਦੇ ਪਾਪ ਕਰਮਾਂ ਦੀ ਮੈਲ ਇਕ ਛਿਨ ਦੇ ਸਿਮਰਨ ਮਾਤਰ ਨਾਲਿ ਲਹਿ ਜਾਂਦੀ ਹੈ।

**ਜੀਅਨ ਕਾ ਦਾਤਾ ਪੂਰਨ ਸਭ ਠਾਇ ॥ ਕੋਟਿ ਕਲੇਸ ਮਿਟਹਿ ਹਰਿ ਨਾਇ ॥**


www.sikhbookclub.com

**ਜਨਮ ਮਰਨ ਸਗਲਾ ਦੁਖੁ ਨਾਸੈ ॥ ਗੁਰਮੁਖਿ ਜਾ ਕੈ ਮਨਿ ਤਨਿ ਬਾਸੈ ॥ ੨ ॥**

(ਧਨਾਸਰੀ ਮਃ ੫, ਪੰਨਾ ੬੭੭)

ਸਗਲ ਜੀਆਂ ਜੰਤਾਂ ਦਾ ਪ੍ਰਤਿਪਾਲਕ, ਰਾਜ਼ਕ, ਦਾਤਾ ਸਾਰੀਆਂ ਥਾਵਾਂ ਤੇ ਪਰੀਪੂਰਨ ਹੈ, ਜਿਸ ਦਾ ਨਾਮ ਜਪਣ ਨਾਲਿ ਕੋਟਿ ਕਲੇਸ਼ ਮਿਟਦੇ ਹਨ, ਦੂਰ ਹੁੰਦੇ ਹਨ। ਆਵਾ-ਗਵਣ ਜਨਮ ਮਰਨ ਦਾ ਸਾਰਾ ਹੀ ਦੁਖ ਦੂਰ ਹੋ ਜਾਂਦਾ ਹੈ, ਜਿਸ ਦੇ ਮਨ ਤਨ ਅੰਦਰਿ ਵਾਹਿਗੁਰੂ ਵੱਸ ਜਾਂਦਾ ਹੈ।

**ਜਪਿ ਮਨ ਰਾਮ ਨਾਮੁ ਨਿਸਤਾਰਾ ॥ ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ ॥ ੧ ॥ ਰਹਾਉ ॥**

(ਬੈਰਾੜੀ ਮਃ ੪, ਪੰਨਾ ੭੨੦)

ਸਰਬਤ੍ਰ ਰਮ ਰਹੇ ਵਾਹਿਗੁਰੂ ਦਾ ਨਾਮ ਜਪਿਆਂ ਹੀ ਨਿਸਤਾਰਾ ਹੁੰਦਾ ਹੈ। ਐਸਾ ਨਿਸਤਾਰਾ ਕਿ ਕੋਟਾਨ ਕੋਟ ਪਾਪ-ਕਰਮ ਕੀਤੇ ਸਭਿ ਦਗਧ ਹੋ ਜਾਂਦੇ ਹਨ, ਖੋਏ ਜਾਂਦੇ ਹਨ। ਐਸੇ ਖੋਏ ਜਾਂਦੇ ਹਨ ਕਿ ਓਹਨਾਂ ਦਾ ਮੁਸ਼ਕ ਨਹੀਂ ਰਹਿੰਦਾ ਅਤੇ ਇਸ ਭੈ-ਸਾਗਰ ਸੰਸਾਰ ਤੋਂ ਸੁਖੈਨ ਹੀ ਪਾਰ ਹੋ ਜਾਈਦਾ ਹੈ। ਐਸਾ ਹੈ ਪਰਤਾਪ ਗੁਰਮਤਿ ਨਾਮ ਦਾ।

**ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥ ਜਨਮ ਜਨਮ ਕੇ ਕਿਲਵਿਖ ਭਉ ਭੰਜਨ ਗੁਰਮੁਖਿ ਏਕੋ ਡੀਠਾ ॥ ੧ ॥ ਰਹਾਉ ॥ ਕੋਟਿ ਕੋਟੰਤਰ ਕੇ ਪਾਪ ਬਿਨਾਸਨ ਹਰਿ ਸਾਚਾ ਮਨਿ ਭਾਇਆ ॥ ਹਰਿ ਬਿਨੁ ਅਵਰੁ ਨ ਸੂਝੈ ਦੂਜਾ ਸਤਿਗੁਰਿ ਏਕੁ ਬੁਝਾਇਆ ॥ ੧ ॥**

(ਸਾਰਗ ਮਃ ੩, ਪੰਨਾ ੧੨੩੩)

ਵਾਹਿਗੁਰੂ ਦਾ ਨਾਮ ਅਤੀਅੰਤ ਹੀ ਮੀਠਾ ਹੈ। ਜਨਮ-ਜਨਮਾਂਤ੍ਰਾਂ ਦੇ ਪਾਪ-ਕਰਮ ਨਾਸ ਕਰਨਹਾਰਾ ਅਤੇ ਕਿਲਵਿਖ ਪਾਪ ਦੂਰ ਕਰਨਹਾਰਾ ਵਾਹਿਗੁਰੂ ਦਾ ਏਕੋ ਨਾਮ ਜਪਣ ਕਰਿ ਘਟ ਅੰਦਰਿ ਹੀ ਪਰਤੱਖ ਦੇਖ ਲਈਦਾ ਹੈ। ਕੋਟਿ ਕੋਟੰਤਰ ਪਾਪਾਂ ਨੂੰ ਬਿਨਾਸਨਹਾਰਾ ਵਾਹਿਗੁਰੂ ਸਾਚਾ ਗੁਰਮਤਿ ਨਾਮ ਜਪਣ ਕਰਿ ਜਪਣਹਾਰਿਆਂ ਦੇ ਮਨ ਨੂੰ ਐਸਾ ਭਾਇਆ ਹੈ ਕਿ ਛੋੜਿ ਨਹੀਂ ਹੁੰਦਾ। ਨਾਮ ਅਤੇ ਨਾਮੀ ਵਾਹਿਗੁਰੂ ਬਿਨਾਂ ਹੋਰ ਕੁਝ ਸੁਝਦਾ ਹੀ ਨਹੀਂ। ਸਤਿਗੁਰੂ ਨੇ ਐਸੀ ਟੇਵ ਏਕੋ ਨਾਮ ਨਾਲਿ ਲਾਇ ਦਿੱਤੀ ਹੈ ਅਤੇ ਟੇਵ ਲਾਇ ਕੇ ਵਾਹਿਗੁਰੂ ਜੋਤਿ ਘਟ ਅੰਦਰਿ ਹੀ ਜਗਾਇ ਦਿੱਤੀ ਹੈ; ਜਿਥੇ ਕਿਥੇ ਭੀ ਦਿਸਦਾ ਬੁਝਦਾ ਹੈ, ਇਕੋ ਵਾਹਿਗੁਰੂ ਹੀ ਵਾਹਿਗੁਰੂ ਹੈ।

**ਜਗਜੀਵਨੁ ਧਿਆਇ ਮਨਿ ਹਰਿ ਸਿਮਰੀ ॥ ਕੋਟ ਕੋਟੰਤਰ ਤੇਰੇ ਪਾਪ ਪਰਹਰੀ ॥ ੨ ॥**

(ਭੈਰਉ ਮਃ ੪, ਪੰਨਾ ੧੧੩੪)

ਜਗ-ਜੀਵਨ ਵਾਹਿਗੁਰੂ ਦਾ ਧਿਆਨ ਧਰ ਕੇ ਮਨ ਅੰਦਰਿ ਸਿਮਰਨ ਕੀਤਿਆਂ ਕ੍ਰੋੜਹਾਂ ਕ੍ਰੋੜ ਪਾਪ ਨਵਿਰਤ ਹੋ ਜਾਂਦੇ ਹਨ। ਕੋਈ ਪਾਪ-ਕਰਮ ਨਹੀਂ ਰਹਿੰਦਾ।

**ਗੁਰ ਸਬਦੀ ਹਰਿ ਚੇਤਿ ਸੁਭਾਇ ॥ ਰਾਮ ਨਾਮ ਰਸਿ ਰਹੈ ਅਘਾਇ ॥ ਕੋਟ**

**ਕੋਟੰਤਰ ਕੇ ਪਾਪ ਜਲਿ ਜਾਹਿ ॥ ਜੀਵਤ ਮਰਹਿ ਹਰਿ ਨਾਮਿ ਸਮਾਹਿ ॥ ੧ ॥**

(ਬਸੰਤੁ ਮਃ ੩, ਪੰਨਾ ੧੧੭੫)

ਭਾਵ — ਗੁਰੂ ਦੇ ਸ਼ਬਦ, ਗੁਰ-ਦੀਖਿਅਤ ਗੁਰ-ਮੰਤਰ ਦੁਆਰਾ ਗੁਰਮਤਿ ਨਾਮ ਨੂੰ ਸਹਿਜ ਸੁਭਾਇ ਰਟਨ ਤੇ ਚੇਤਣ ਦੀ ਟੇਵ ਪੈ ਜਾਂਦੀ ਹੈ। ਐਸੀ ਟੇਵ ਕਿ ਅੰਦਰਿ ਬਾਹਰਿ ਸਰਬੱਤ੍ਰ ਨਾਮ ਹੀ ਨਾਮ ਨਾਲ ਰੰਗਿਆ ਜਾਂਦਾ ਹੈ। ਅਤੇ ਨਾਮ ਦੇ ਰਸ ਵਿਚਿ ਰੱਜਿਆ ਹੀ ਰਹਿੰਦਾ ਹੈ। ਇਸ ਰਾਮ-ਰਸ ਦਸ਼ਾ ਵਿਚ ਨਾਮ ਜਪਿਆਂ ਕੋਟ ਕੋਟੰਤਰੀ ਜਨਮਾਂ ਦੇ ਪਾਪ-ਕਰਮ ਕੀਤੇ ਜਲ ਕੇ ਭਸਮਾ-ਭੂਤ ਹੋ ਜਾਂਦੇ ਹਨ। ਅਤੇ ਨਾਮ-ਰਸੀਅੜੇ ਗੁਰਮੁਖ ਜਨ ਐਸਾ ਰਸਿਕ ਜੋਤਿ ਜਲਵਨੀ ਨਾਮ ਜਪਿ ਜਪਿ ਕੇ ਜੀਵਨ-ਮੁਕਤ ਹੋ ਜਾਂਦੇ ਹਨ ਅਤੇ ਜੋਤਿ ਸਰੂਪ ਜੋਤੀਸ਼ਰੀ ਨਾਮ ਵਿਚਿ ਹੀ ਸਮਾ ਜਾਂਦੇ ਹਨ।

**ਦੂਖ ਬਿਸਾਰਣਹਾਰੁ ਸੁਆਮੀ ਕੀਤਾ ਜਾ ਕਾ ਹੋਵੈ ॥ ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ ॥**

(ਆਸਾ ਮਃ ੧, ਪੰਨਾ ੪੩੮)

ਵਾਹਿਗੁਰੂ ਸੁਆਮੀ ਦੂਖ-ਵਿਸਾਰਨਹਾਰ ਹੈ ਅਤੇ ਸਭ ਕੁਛ ਦੁਖ ਸੁਖ ਉਸੇ ਦਾ ਕੀਤਾ ਹੀ ਹੁੰਦਾ ਹੈ। ਕ੍ਰੋੜਾਨ ਕ੍ਰੋੜਹਾਂ ਪਾਪਾਂ ਨੂੰ ਤੇ ਪਾਪ-ਕਰਮਾਂ ਨੂੰ ਇਕ ਘੜੀ ਅੰਦਰਿ ਹੀ ਖੋ ਦਿੰਦਾ ਹੈ।

**ਮੇਰੇ ਮਨ ਜਪਿ ਅਹਿਨਿਸਿ ਨਾਮੁ ਹਰੇ ॥ ਕੋਟਿ ਕੋਟਿ ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ ॥ ੧ ॥ ਰਹਾਉ ॥ ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵਕ ਭਾਇ ਖਰੇ ॥ ਕਿਲਬਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ ॥ ੧ ॥ ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ ॥ ਪੰਚ ਦੋਖ ਅਸਾਧ ਨਗਰ ਮਹਿ ਇਕੁ ਖਿਨੁ ਪਲੁ ਦੂਰਿ ਕਰੇ ॥ ੨ ॥**

(ਨਟ ਨਾਰਾਇਨ ਮਃ ੪, ਪੰਨਾ ੯੭੫)

ਭਾਵ ਅਰਥ— ਵਾਹਿਗੁਰੂ ਦਾ ਨਾਮ ਦਿਨ ਰਾਤ ਜਪਿਆਂ ਕ੍ਰੋੜਹਾਂ ਕ੍ਰੋੜ ਦੋਖ ਪਾਪ ਕੀਤੇ ਸਭਿ ਪਰਹਰੇ ਜਾਂਦੇ ਹਨ ਅਤੇ ਲਾਹ ਕੇ ਲਾਂਭੇ ਧਰੇ ਜਾਂਦੇ ਹਨ। ਅਰਥਾਤ, ਕੋਟਿ ਦੋਖ ਪਾਪ ਕੀਤੇ ਇਕ ਖਿਨ ਵਿਚਿ ਹੀ ਉਤਰ ਜਾਂਦੇ ਹਨ। ਪਰ ਦਿਨ ਰਾਤ ਇਕ ਕੀਤਿਆਂ, ਨਾਮ ਅਭਿਆਸ ਵਿਚਿ ਇਕ ਨਿਮਖ ਦਾ ਖਲਾ ਨਾ ਪੈਣ ਦਿੱਤਾ ਜਾਵੇ। ਰਾਤ ਦਿਨੇ ਅਤੁਟ ਅਭਿਆਸ ਕਮਾਈ ਕੀਤੀ ਜਾਵੇ। ਜਿਹੜੇ ਗੁਰਮੁਖਿ ਅਭਿਆਸੀ ਜਨ ਸਿਖ ਸੇਵਕ ਨਾਮ ਦੀ ਖਰੀ ਅਭਿਆਸ ਸੇਵਾ ਭਾਵਨਾ ਕਰ ਕੇ ਵਾਹਿਗੁਰੂ ਨਾਮ ਨੂੰ ਜਪਦੇ ਆਰਾਧਦੇ ਹਨ, ਓਹਨਾਂ ਦੇ ਜਨਮ ਜਨਮਾਂਤਰਾਂ ਦੇ ਕਿਲਵਿਖ ਰੋਗ ਪਾਪ ਸਭ ਐਉਂ ਨਿਕਲ ਜਾਂਦੇ ਹਨ ਜਿਉਂ ਪਾਣੀ ਮੈਲ ਨੂੰ ਧੋ ਸਿਟਦਾ ਹੈ। ਜੋ ਜਨ ਸ਼ਰਧਾ ਭਾਵਨੀ ਸਹਿਤ ਖਿਨ ਖਿਨ ਵਾਹਿਗੁਰੂ ਨਾਮ ਹੀ ਮੁਖੋਂ ਉਚਾਰਨ ਕਰਦੇ ਰਹਿੰਦੇ ਹਨ ਅਤੇ ਹਰ ਦਮ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦਾ ਜਸ ਹੀ ਗਾਵੰਦੇ ਰਹਿੰਦੇ ਹਨ, ਓਹਨਾਂ ਦੀ ਦੇਹੀ ਸਰੀਰ ਅੰਦਰੋਂ ਪੰਚ ਅਸਾਧ ਰੋਗ ਕਾਮ ਕ੍ਰੋਧ ਲੋਭ ਮੋਹ ਅਤੇ ਅਹੰਕਾਰ ਇਕ ਖਿਨ ਪਲ ਵਿਚਿ ਦੂਰ ਹੋ ਜਾਂਦੇ ਹਨ।

ਵਾਹਿਗੁਰੂ-ਦਰਸ-ਮਿਲਾਪ ਦੀ ਤਾਂਘ ਹੀ ਅੰਦਰੋਂ ਕ੍ਰੋਧ ਨੂੰ ਮਾਰਿ ਨਿਵਾਰ ਦਿੰਦੀ ਹੈ, ਹਉਮੈ

ਮਮਤਾ ਨੂੰ ਸਾੜ ਦਿੰਦੀ ਹੈ ਅਤੇ ਸਦ-ਨਵਰੰਗੀਆ ਪ੍ਰੇਮ ਰਗੋ ਰੇਸ਼ੇ ਵਿਚਿ ਭਰ ਦਿੰਦੀ ਹੈ। ਉਸ ਦਾ ਸਿਮਰਨ ਤਾਂ ਅਤਿਅੰਤ ਕਉਤਕ ਕਟਾਕਸ਼ੀ ਹੈ ਅਤੇ ਕੋਟਿ ਕਲਪ ਕੇ ਦੂਖ ਨਿਵਾਰਨਹਾਰਾ ਹੈ। ਯਥਾ ਗੁਰਵਾਕ—

**ਹਰਿ ਬਿਨੁ ਕਿਉ ਧੀਰੈ ਮਨੁ ਮੇਰਾ ॥ ਕੋਟਿ ਕਲਪ ਕੇ ਦੂਖ ਬਿਨਾਸਨ ਸਾਚੁ ਦ੍ਰਿੜਾਇ ਨਿਬੇਰਾ ॥ ੧ ॥ ਰਹਾਉ ॥ ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮ ਸਦਾ ਨਉ ਰੰਗੀ ॥ ਅਨਭਉ ਬਿਸਰਿ ਗਏ ਪ੍ਰਭੁ ਜਾਚਿਆ ਹਰ ਨਿਰਮਾਇਲੁ ਸੰਗੀ ॥ ੧ ॥ ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ ਏਕ ਸਬਦਿ ਲਿਵ ਲਾਗੀ ॥ ਹਰਿ ਰਸੁ ਚਾਖਿ ਤ੍ਰਿਖਾ ਨਿਵਾਰੀ ਹਰਿ ਮੇਲਿ ਲਏ ਬਡਭਾਗੀ ॥ ੨ ॥**

(ਸਾਰਗ ਮਃ ੧, ਪੰਨਾ ੧੨੩੨)

ਵਿਆਖਿਆ— ਵਾਹਿਗੁਰੂ ਨਾਮ ਦੇ ਸਿਮਰਨ ਨਾਲਿ ਜੇ ਐਸਾ ਹੇਜ ਪੈ ਜਾਵੇ ਕਿ ਉਸ ਦੇ ਸਿਰਮਨ ਬਾਝੋਂ ਇਕ ਛਿਨ ਭੀ ਚੈਨ ਨਾ ਆਵੇ, ਨਾ ਮਨੁ ਧੀਰਜ ਧਰੇ, ਐਸੀ ਵੇਦਨ ਬਿਰਹਾ ਦੀ ਦਸ਼ਾ ਵਿਚਿ ਸਿਮਰਿਆ ਜਪਿਆ ਅਰਾਧਿਆ ਹੋਇਆ ਨਾਮੁ ਕ੍ਰੋੜਾਂ ਜੁਗਾਂ ਦੇ ਦੁਖਾਂ ਪਾਪਾਂ ਨੂੰ ਦੂਰ ਕਰਨਹਾਰਾ ਹੈ। ਪਰ ਇਹ ਨਿਬੇੜਾ ਕ੍ਰੋੜਾਂ ਜੁਗਾਂ ਦੇ ਦੁਖਾਂ ਪਾਪਾਂ ਨੂੰ ਦੂਰ ਕਰਨਹਾਰਾ ਤਾਂ ਹੀ ਹੁੰਦਾ ਹੈ ਜੇ ਸਤਿਗੁਰੂ ਸਾਚੁ ਨੂੰ, ਸੱਚੇ ਨਾਮ ਨੂੰ ਦ੍ਰਿੜਾਇ ਦਿੰਦੇ ਹਨ। ਗੁਰਮਤਿ ਨਾਮ ਦ੍ਰਿੜ੍ਹ ਹੋਣ ਪਰ ਹੀ ਨਾਮ ਦਾ ਦੁਖ-ਨਿਵਾਰਨੀ ਖੰਡਾ ਖੜਕਦਾ ਹੈ। ਐਸਾ ਦੂਖ-ਨਿਵਾਰਨੀ ਕਿ ਕ੍ਰੋੜਾਂ ਜਨਮਾਂ ਦੇ ਪਾਪ-ਕ੍ਰਮਾਂ ਨੂੰ ਇਕ ਛਿਨ ਵਿਚ ਛੈ ਕਰ ਦਿੰਦਾ ਹੈ। ਸਾਚ ਨਾਮ ਦ੍ਰਿੜ੍ਹੰਮਤੀ ਸਿਮਰਨ-ਖੜਗ ਖੰਡਾ ਚਲਣ ਪਰ ਕਾਮ ਕ੍ਰੋਧ ਆਦਿਕ ਤਾਂ ਸੁਖੈਨ ਹੀ ਪਹਿਲੀ ਸੱਟੇ ਸੜ ਕੇ ਸੁਆਹ ਹੋ ਜਾਂਦੇ ਹਨ ਅਤੇ ਹਉਮੈ ਮਮਤਾ ਭੀ ਦਗਧ ਹੋ ਜਾਂਦੀ ਹੈ। ਅਤੇ ਸਦ ਨਵ-ਰੰਗੀਆ ਪ੍ਰਮਾਰਥੀ-ਪ੍ਰੇਮ ਅੰਦਰੋਂ ਉਗਵ ਖੜੋਂਦਾ ਹੈ। ਅਤੇ ਵਾਹਿਗੁਰੂ ਦੀ ਯਾਚਨਾ ਰੂਪੀ ਅਰਾਧਨਾ ਕਰਿਆਂ ਹੋਰ ਸਾਰੇ ਭਉ ਵਿਸਰ ਜਾਂਦੇ ਹਨ। ਇਕ ਵਾਹਿਗੁਰੂ ਦਾ ਭੈ-ਭਾਉ ਹੀ ਅੰਦਰਿ ਰਮ ਜਾਂਦਾ ਹੈ। ਸਾਰੇ ਭਉ ਸੰਸੇ ਵਿਸਰ ਜਾਣ ਤੋਂ ਪਿਛੋਂ ਅਤੇ ਸਾਰੇ ਸੰਕਲਪ ਵਿਕਲਪ ਮਿਟ ਜਾਣ ਤੋਂ ਪਸਚਾਤ ਹਿਰਦਾ-ਕੰਵਲ ਸ਼ੀਸ਼ੇ ਵਾਗੂੰ ਸਾਫ਼ ਹੋ ਜਾਂਦਾ ਹੈ। ਐਸੇ ਸਾਫ਼ ਹਿਰਦੇ 'ਚੋਂ ਉਪਜੀ ਹੋਈ ਵਾਹਿਗੁਰੂ ਦਰਸ-ਮਿਲਾਪ ਦੀ ਯਾਚਨਾ ਅਰਦਾਸ ਕੀਤੀ ਹੋਈ ਕਦੇ ਬਿਰਥੀ ਨਹੀਂ ਜਾਂਦੀ। ਕਦੇ ਸਹਿਜੇ ਹੀ ਮਾਇਲ ਨਾ ਹੋਣ ਵਾਲੇ ਵਾਹਿਗੁਰੂ (ਹਰੀ ਪਰਮਾਤਮਾ) ਨੂੰ ਮਾਇਲ ਕਰ ਲੈਂਦੀ ਹੈ, ਰੀਝਾਇ ਲੈਂਦੀ ਹੈ। ਵਾਹਿਗੁਰੂ ਪ੍ਰੀਤਮ ਐਸਾ ਰੀਝਦਾ ਹੈ ਕਿ ਪ੍ਰੇਮੀ ਜਨ, ਦਰਸ਼ਨ ਆਸ਼ਕ ਮੁਸਕਾਰੜੇ ਪ੍ਰੇਮੀ ਜਨ ਦੇ ਅੰਗ ਸੰਗ ਵਰਤ ਕੇ ਓਤਿ ਪੋਤਿ ਇਕ ਮਿਕ ਹੋਇ ਕੈ ਰੇਲ ਮੇਲ ਕੇਲ ਕਰਨ ਲਗ ਪੈਂਦਾ ਹੈ। ਪ੍ਰੀਤਮ ਪ੍ਰੇਮੀ ਇਕ-ਮਿਕ ਹੋ ਜਾਂਦੇ ਹਨ। ਚੰਚਲ ਮਤਿ ਤਿਆਗ ਕੇ ਹੀ ਭਾਉ-ਭੰਜਨ ਪ੍ਰੀਤਮ ਵਾਹਿਗੁਰੂ ਨੂੰ ਪਾਇਆ ਜਾਂਦਾ ਹੈ। ਨਿਰਾ ਪੁਰਾ ਚੰਚਲਮਤੀ ਨਿਆਣਿਆਂ ਦਾ ਕੁਛ ਨਹੀਂ ਬਣਦਾ। **"ਏਕ ਸਬਦਿ ਲਿਵ ਲਾਗੀ"**, ਏਕ ਸ਼ਬਦ ਗੁਰਮਤਿ ਨਾਮ ਗੁਰ-ਮੰਤਰ ਦੀ ਅਭਿਆਸ ਕਮਾਈ ਕੀਤਿਆਂ ਹੀ ਪ੍ਰੀਤਮ ਪਰਮਾਤਮਾ ਨਾਲਿ ਸੱਚੀ ਗਹਿ-ਗਡਵੀਂ ਲਿਵ ਲਗਦੀ ਹੈ। ਲਿਵ ਲਗਿਆਂ ਹੀ ਸੱਚੜਾ ਹਰਿ-ਰਸ ਚੱਖਦੀ ਹੈ। ਹਰਿ ਰਸੁ ਚੱਖੇ ਤੋਂ ਹੀ ਆਨ ਰਸਾਂ ਦੀ ਤ੍ਰਿਖਾ (ਤ੍ਰਿਸ਼ਨਾ) ਨਿਵਾਰੀ ਜਾਂਦੀ ਹੈ। ਐਸੇ ਵਡ-ਭਾਗੀਆਂ ਨੂੰ ਆਪੇ ਹੀ ਮੇਲ ਲੈਂਦਾ ਹੈ ਮੇਲਣਹਾਰ ਗੁਰੂ ਕਰਤਾਰ।

**ਭਉ ਭਾਗਾ ਨਿਰਭਉ ਮਨਿ ਬਸੈ ॥ ਅੰਮ੍ਰਿਤ ਨਾਮੁ ਰਸਨਾ ਨਿਤ ਜਪੈ ॥ ੩ ॥**


www.sikhbookclub.com

**ਕੋਟਿ ਜਨਮ ਕੇ ਕਾਟੇ ਫਾਹੇ ॥ ਪਾਇਆ ਲਾਭੁ ਸਚਾ ਧਨੁ ਲਾਹੇ ॥ ਤੋਟਿ ਨ ਆਵੈ ਅਖੁਟ ਭੰਡਾਰ ॥ ਨਾਨਕ ਭਗਤ ਸੋਹਹਿ ਹਰਿ ਦੁਆਰ ॥ ੪ ॥ ੨੩ ॥ ੩੪ ॥**

**(ਰਾਮਕਲੀ ਮਃ ੫, ਪੰਨਾ ੮੯੩)**

ਭਾਵ— ਨਿਰਭਉ ਨਿਰੰਕਾਰ ਵਾਹਿਗੁਰੂ ਜਦੋਂ ਮਨ ਵਿਚ ਆ ਵਸਦਾ ਹੈ ਤਾਂ ਜਨਮ ਮਰਨ ਦਾ ਭਉ ਭੱਜ ਜਾਂਦਾ ਹੈ, ਦੂਰ ਹੋ ਜਾਂਦਾ ਹੈ। **"ਜੈਸਾ ਸੇਵਹਿ ਤੈਸਾ ਹੋਵਹਿ"**[1] ਗੁਰਵਾਕ ਅਨੁਸਾਰ ਨਿਰਭਉ ਨਾਮ ਦਾ ਜਾਪ-ਅਭਿਆਸ ਨਿਰਭਉ ਵਾਹਿਗੁਰੂ ਵਿਚ ਲੀਨ ਕਰ ਦਿੰਦਾ ਹੈ। ਜੀਭ ਅੰਮ੍ਰਿਤ ਨਾਮ ਦਾ ਨਿਤਾਪ੍ਰਤਿ ਜਾਪ ਕਰਨ ਵਿਚਿ ਗਿੱਝ ਜਾਂਦੀ ਹੈ। ਇਉਂ ਨਾਮ ਜਪਣ ਵਾਲੇ ਦੇ ਕੋਟਿ ਜਨਮਾਂ ਦੇ ਪਾਪ-ਕਰੰਮੀ ਫਾਹੇ ਕੱਟੇ ਜਾਂਦੇ ਹਨ। ਨਿਰਸੰਦੇਹ ਕੱਟੇ ਜਾਂਦੇ ਹਨ। ਸੱਚਾ ਧਨ, ਲਾਹੇ ਵਾਲਾ ਸੱਚਾ ਲਾਭ ਇਉਂ ਮਿਲ ਜਾਂਦਾ ਹੈ। ਸੱਚੇ ਨਾਮ-ਧਨ ਦੇ ਐਸੇ ਅਖੁੱਟ ਲਾਹੇ ਮਿਲਦੇ ਹਨ ਜਿਨ੍ਹਾਂ ਦੀ ਕਦੇ ਤੋਟ ਹੀ ਨਹੀਂ ਆਉਂਦੀ। ਅਖੁੱਟ ਭੰਡਾਰੇ ਭਰੇ ਰਹਿੰਦੇ ਹਨ।

**ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥ ੨ ॥**

**(ਸੋਰਠਿ ਮਃ ੫, ਪੰਨਾ ੬੨੨)**

ਵਾਹਿਗੁਰੂ ਨਾਮ ਜਪਦਿਆਂ ਜਪਦਿਆਂ ਵਾਹਿਗੁਰੂ ਦੇ ਚਰਨਾਂ ਨਾਲਿ ਹੀ ਚਿਤ ਜੁੜ ਜਾਏ। ਜਦੋਂ ਐਸਾ ਚਿਤ-ਚਰਨ ਜੁੜੰਨਾ ਅਭਿਆਸ ਕਮਾਇਆ ਜਾਂਦਾ ਹੈ ਤਦੋਂ ਕੋਟਾਨ ਕੋਟ ਕ੍ਰੋੜਾਂ ਹੀ ਜਨਮਾਂ ਦੇ ਕਮਾਤੇ ਘੋਰ ਪਾਪ ਸਭ ਬਿਨਾਸ ਹੋ ਜਾਂਦੇ ਹਨ। ਸਭਨਾਂ ਕਿਲਵਿਖਾਂ ਅਤੇ ਘੋਰ ਪਾਪਾ ਕਰਮਾਂ ਦਾ ਨਾਸ ਹੋ ਜਾਂਦਾ ਹੈ।

**ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ॥**

**(ਟੋਡੀ ਮਃ ੫, ਪੰਨਾ ੭੧੭)**

ਵਾਹਿਗੁਰੂ ਨਾਮ ਦੇ ਸਿਰਮਨ ਦੁਆਰਾ ਕ੍ਰੋੜਾਂ ਜਨਮਾਂ ਦੇ ਘੋਰ ਅਤਿਆਚਾਰੀ ਪਾਪ ਕਰਮ ਨਾਸ ਹੋ ਜਾਂਦੇ ਹਨ ਅਤੇ ਨਾਮ ਸਿਮਰਨਹਾਰਿਆਂ ਦੇ ਤਨ ਤੇ ਮਨ ਪਵਿੱਤਰ (ਪਾਵਨ) ਹੋ ਜਾਂਦੇ ਹਨ ਤੇ ਸੁਖ ਦਾ ਸਰੂਪ ਹੀ ਬਣ ਜਾਂਦੇ ਹਨ।

**ਕੋਟਿ ਪਰਾਧ ਖਿਨ ਮਹਿ ਖਉ ਭਈ ਹੈ ਗੁਰ ਮਿਲਿ ਹਰਿ ਹਰਿ ਕਹਿਆ ॥ ੧ ॥**

**(ਸਾਰਗ ਮਃ ੫, ਪੰਨਾ ੧੨੧੩)**

ਗੁਰੂ ਦੁਆਰਾ ਸੱਚਾ ਗੁਰਮਤਿ ਨਾਮ ਪ੍ਰਾਪਤਿ ਹੋਣ ਪਰ ਜਾਂ ਗੁਰਮਤਿ ਨਾਮ ਅਭਿਆਸ ਕੀਤਾ ਤਾਂ ਕੋਟਿ ਕ੍ਰੋੜਾਂ ਹੀ ਅਪਰਾਧ-ਕਰਮ ਕੀਤੇ ਇਕ ਖਿਨ ਵਿਚ ਖੈ ਹੋ ਗਏ। **"ਗੁਰ ਮਿਲਿ ਹਰਿ ਹਰਿ ਕਹਿਆ"** ਦਾ ਭਾਵ ਹੈ, ਗੁਰੂ ਨੂੰ ਮਿਲ ਕੇ ਅਤੇ ਗੁਰੂ ਤੋਂ ਦੀਖਿਆ ਲੈ ਕੇ ਨਾਮ ਅਭਿਆਸ ਨਾਮ ਜਪਣਾ ਸਿਖਿਆ, ਉਸ ਗੁਰ-ਸਿਖਿਆ ਵਾਲਾ ਸ਼ਬਦ ਗੁਰਮਤਿ ਨਾਮ ਭਾਖਿਆ ਹੀ ਫਲੀਭੂਤ ਹੁੰਦਾ ਹੈ। ਗੁਰੂ ਧਾਰਨ ਕਰਨ ਦੀ ਗੁਰਮਤਿ ਰੀਤੀ ਦਾ ਧੁਰਵਾ ਗੁਰੂ ਦਸਮੇਸ਼ ਪਾਤਸ਼ਾਹ ਨੇ ਜੁਗਾਂ ਜੁਗਾਂਤਰਾਂ ਲਈ ਬੰਨ੍ਹ ਦਿੱਤਾ। ਤਿਆਰ-ਬਰ-ਤਿਆਰ ਪੰਜ ਗੁਰੂ ਕੇ ਸਿਖ ਗੁਰਮੁਖਿ ਪਿਆਰਿਆਂ ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

[1] ਸੂਹੀ ਮਃ ੩ ॥ ਪੰਨਾ ੭੫੫

ਤਾਬਿਆ ਜਿਸ ਕਿਸੇ ਅਧਿਕਾਰੀ ਜਗਿਆਸੂ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੈ ਅਤੇ ਸੱਚੇ ਗੁਰਮਤਿ ਨਾਮ ਮਈ ਗੁਰ-ਮੰਤ੍ਰੀ ਗੁਰ-ਦੀਖਿਆ ਲਈ ਹੈ, ਉਸੇ ਰਹਿਣੀ ਬਹਿਣੀ ਵਾਲੇ ਤਿਆਰ-ਬਰ ਤਿਆਰ ਗੁਰਮੁਖਿ ਗੁਰਸਿਖ ਦਾ ਨਾਮ ਜਪਿਆ, ਗੁਰਮਤਿ ਨਾਮ ਜਪਿਆ ਹੀ ਫਲੀਭੂਤ ਹੁੰਦਾ ਹੈ। ਨਿਗੁਰੇ ਗੁਰੂ ਹੀਣੇ ਮੀਣੇ ਮਨਮੁਖ ਦਾ ਨਾਮ ਜਪਿਆ ਕਿਸੇ ਲੇਖੇ ਨਹੀਂ। ਉਸ ਨੂੰ ਕੋਈ ਫਲ ਨਹੀਂ ਲਗਦਾ। ਉਹ ਗੁਰਮਤਿ ਨਾਮ ਹੀ ਨਹੀਂ। ਉਹ ਗੁਰ-ਸ਼ਬਦ ਹੀ ਨਹੀਂ। ਗੁਰ ਕਾ ਸ਼ਬਦ ਸੋ ਹੈ, ਜੋ ਗੁਰੂ ਦੁਆਰਾ, ਗੁਰੂ ਦਸਮੇਸ਼ ਦੱਸੀ ਰੀਤੀ ਦੁਆਰਾ ਜਗਿਆਸੂ ਨੂੰ ਪ੍ਰਾਪਤਿ ਹੁੰਦਾ ਹੈ। ਇਹੋ ਗੁਰ-ਮੰਤਰ ਗੁਰ-ਸ਼ਬਦ ਗੁਰਮਤਿ ਨਾਮ ਕਾ ਸ਼ਬਦ ਕੋਟਿ ਕਰਮ ਕੱਟਣ ਨੂੰ ਸਮਰੱਥ ਹੈ। "**ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥**"[1] ਕੇਵਲ ਗੁਰ ਕਾ ਸ਼ਬਦ ਅਰਥਾਤ ਗੁਰੂ ਦੁਆਰਾ ਦੀਖਸ਼ਾਇਆ ਸ਼ਬਦ ਗੁਰ-ਮੰਤਰ ਗੁਰਮਤਿ ਨਾਮ ਹੀ ਹੈ ਜੋ ਕੋਟਿ ਕਰਮਾਂ ਦੇ ਕੱਟਣ ਨੂੰ ਸਮਰੱਥ ਹੈ। ਕੋਟਿ ਜਨਮਾਂ ਦੇ ਪਾਪ ਕਰਮਾਂ ਨੂੰ ਕੱਟਣਹਾਰਾ ਕੇਵਲ ਗੁਰ ਕਾ ਸ਼ਬਦ ਗੁਰ-ਮੰਤਰ ਹੀ ਹੈ। ਹੋਰ ਕੋਈ ਐਰਾ ਗੈਰਾ ਨਿਗੁਰਿਆਂ ਮੁਖੋਂ ਪਪ ਪਪ ਕਹੈਰਾ, ਬੁੱਧੂ ਖੈਰਾ ਨਾਮ ਨਹੀਂ।

**ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ**
**ਥਕੇ ਮੈਲੁ ਨ ਸਕੀ ਧੋਇ ॥ ੧ ॥ ਰਹਾਉ ॥**

**(ਸਿਰੀਰਾਗੁ ਮਃ ੩, ਪੰਨਾ ੩੯)**

ਆਪਣੇ-ਹੁਦਰੋਂ ਮੂੰਹ ਮਾਰਿਆ ਨਾਮ ਬਥੇਰੇ ਨਿਗੁਰੇ ਆਖਦੇ ਫਿਰਦੇ ਹਨ। ਪਰ ਉਹਨਾਂ ਦੇ ਆਪੋਂ ਮੂੰਹੋਂ ਆਖਿਆ ਨਾਮ ਕੀ ਅਰਥ ਰਖਦਾ ਹੈ?

**ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ**
**ਵਸੈ ਤਾ ਫਲੁ ਪਾਵੈ ਕੋਇ ॥ ੧ ॥**

**(ਗੂਜਰੀ ਮਃ ੩, ਪੰਨਾ ੪੯੧)**

ਸਭ ਕੋਈ ਰਾਮ ਰਾਮ ਆਪ-ਹੁਦਰਾ ਹੀ ਕਹਿੰਦਾ ਫਿਰਦਾ ਹੈ। ਜਿਤਨੀ ਮੂੰਹ ਭਾਖਿਆ ਉਤਨਾ ਹੀ ਰਾਮ ਆਖਿਆ। ਇਉਂ ਆਪ ਕਹਿਆ ਕਦੇ ਜਪਣ ਜੋਗ ਗੁਰਮਤਿ ਟਕਸਾਲੀ ਨਾਮ ਬਣ ਸਕਦਾ ਹੈ? ਕਦੇ ਰਾਮ ਹੋ ਸਕਦਾ ਹੈ? ਕਦੇ ਨਹੀਂ। "**ਗੁਰ ਪਰਸਾਦੀ ਰਾਮੁ ਮਨਿ ਵਸੈ**" ਗੁਰੂ ਕੇ ਪ੍ਰਸਾਦ ਕਰਿ, ਗੁਰ-ਦੀਖਿਆ ਦੇ ਪ੍ਰਸਾਦ ਕਰਕੇ ਗੁਰਮਤਿ ਦੀ ਸੱਚੀ ਟਕਸਾਲੋਂ ਨਿਕਲਿਆ ਨਾਮ ਹੀ ਜਪਣ ਜੋਗ ਨਾਮ ਹੈ। ਗੁਰ ਪ੍ਰਸਾਦੀ ਹੀ ਇਹ ਗੁਰਮਤਿ ਨਾਮ ਅੰਦਰਿ ਵਸਦਾ ਹੈ। ਗੁਰ ਪ੍ਰਸਾਦੀ ਨਾਮ ਜਪਣ ਵਾਲਿਆਂ ਦੇ ਮਨ ਅੰਦਰਿ ਵੱਸਣ ਕਰਕੇ ਹੀ ਨਾਮ ਫਲੀਭੂਤ ਹੁੰਦਾ ਹੈ। ਗੁਰ ਪ੍ਰਸਾਦੀ ਪ੍ਰਾਪਤਿ ਹੋਏ ਨਾਮ ਦੀ ਕਮਾਈ ਕੀਤਿਆਂ ਹੀ ਤੱਤ ਫਲ ਦੀ ਪ੍ਰਾਪਤੀ ਹੁੰਦੀ ਹੈ। ਗੁਰ ਪ੍ਰਸਾਦੀ ਪ੍ਰਾਪਤਿ ਹੋਇਆ ਨਾਮ ਹੀ ਗੁਰ ਕਾ ਸ਼ਬਦ ਹੈ। ਇਹ ਗੁਰ-ਸ਼ਬਦ ਹੀ ਕੋਟਿ ਕਰਮ ਕੱਟਣ ਨੂੰ ਸਮਰੱਥ ਹੈ। ਹੋਰ ਕੋਈ ਆਨਮਤ ਨਾਮ, ਕਿਰਤਮ ਨਾਮ ਕਰਮਾਂ ਨੂੰ ਪਾਪਾਂ ਨੂੰ ਨਹੀਂ ਕੱਟ ਸਕਦਾ। **ਇਹ ਫ਼ੈਸਲਾ ਹੈ, ਧੁਰ ਦਾ ਫ਼ੈਸਲਾ ਕਰਕੇ ਜਾਣੋ ਸੱਚ।**

**ਗੁਰਮਤਿ ਟਕਸਾਲੀ ਨਾਮ**

---

[1] ਬਸੰਤੁ ਰਾਮਾਨੰਦ ਜੀ, ਪੰਨਾ ੧੧੯੫

**ਸਿਮਰਤ ਨਾਮੁ ਮਨਹਿ ਸਾਧਾਰੈ ॥ ਕੋਟਿ ਪਰਾਧੀ ਖਿਨ ਮਹਿ ਤਾਰੈ ॥ ੧ ॥**

(ਕਾਨੜਾ ਮ: ੫, ਪੰਨਾ ੧੨੯੮)

ਭਾਵ— ਮਨ ਬਚਨ ਕਰਮ ਕਰਕੇ ਸਹਿਤ ਆਧਾਰ ਤੇ ਕੀਤਾ ਹੋਇਆ ਇਕ ਖਿਨ ਮਾਤਰੀ ਨਾਮ ਸਿਮਰਨ ਕੋਟਿ ਅਪ੍ਰਾਧੀਆਂ ਪਾਪੀਆਂ ਨੂੰ ਤਾਰ ਦਿੰਦਾ ਹੈ। ਇਕ ਖਿਨ ਵਿਚ ਤਾਰ ਦਿੰਦਾ ਹੈ। ਕੋਟਿ ਅਪਰਾਧ ਅਤੇ ਪਾਪ-ਕਰਮ ਭੀ ਜਿਸ ਪ੍ਰਾਣੀ ਨੇ ਕੀਤੇ ਹੋਏ ਹੋਣ, ਉਸ ਨੂੰ ਮਨਹਿ ਸਾਧਾਰੀ ਨਾਮ ਸਿਮਰਨ ਇਕ ਖਿਨ ਮਾਤਰ ਦਾ ਕੀਤਾ ਹੋਇਆ ਨਿਰਸੰਦੇਹ ਹੀ ਤਾਰ ਦਿੰਦਾ ਹੈ।

**ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ ॥**

(ਦੇਵਗੰਧਾਰੀ ਮ: ੫, ਪੰਨਾ ੫੩੧)

ਵਾਹਿਗੁਰੂ ਐਸਾ ਸਹਿਨਸੀਲਤਾ ਵਾਲਾ ਹੈ, ਐਸੀ ਬਰਦਾਸ਼ਤ ਵਾਲਾ ਹੈ, ਬੜੇ ਬੜੇ ਅਕ੍ਰਿਤਘਣ ਨਾਸ਼ੁਕਰਿਆਂ ਦੇ ਬਾਰ ਬਾਰ ਕੀਤੇ ਹੋਏ ਕ੍ਰੋੜਾਂ ਪਾਪ ਅਪਰਾਧ ਸਹਿ ਲੈਂਦਾ ਹੈ, ਸਗੋਂ ਅਕ੍ਰਿਤਘਣਾਂ ਅਪ੍ਰਾਧੀਆਂ ਨੂੰ ਭੀ ਪਾਲਦਾ ਹੈ, ਸਹਾਰਾ ਦਿੰਦਾ ਹੈ। ਸ਼ਰਨ ਆਇਆਂ ਨੂੰ ਬਖ਼ਸ਼ ਦਿੰਦਾ ਹੈ। ਓਹਨਾਂ ਦੇ ਕੀਤੇ ਕ੍ਰੋੜਾਂ ਪਾਪ-ਕਰਮਾਂ ਦੀ ਪਰਵਾਹ ਨਹੀਂ ਕਰਦਾ, ਪਰ ਜੋ ਸ਼ਰਨਿ ਆਵੈ ਤਿਸੈ ਨੂੰ ਕੰਠਿ ਲਾਉਂਦਾ ਹੈ। ਸ਼ਰਨਿ ਆਏ ਦੇ ਇਹ ਲੱਛਣ ਹਨ ਕਿ ਜੋ ਪ੍ਰਾਣੀ ਗੁਰੂ ਦੁਆਰੇ ਹੋਇ ਕੈ ਸਾਹਿਬ ਸੰਮਾਲਦਾ ਹੈ, ਓਹਨਾਂ ਨੂੰ ਸ਼ਰਨਿ ਆਇਆ ਸਮਝੋ।

**ਵਡੈ ਭਾਗਿ ਭੇਟੇ ਗੁਰਦੇਵਾ ॥ ਕੋਟਿ ਪਰਾਧ ਮਿਟੇ ਹਰਿ ਸੇਵਾ ॥ ੧ ॥**

(ਧਨਾਸਰੀ ਮ: ੫, ਪੰਨਾ ੬੮੩)

ਪ੍ਰਕਾਸ਼ ਰੂਪ ਗੁਰੂ ਨੂੰ ਵਡੇ ਭਾਗਾਂ ਕਰਕੇ ਭੇਟੀਦਾ ਹੈ। ਗੁਰੂ ਧਾਰਨ ਕਰ ਕੇ ਜੋ ਸੇਵਾ ਮਿਲਦੀ ਹੈ, ਉਸ ਸਿਮਰਨ-ਸੇਵਾ ਨੂੰ ਕਰ ਕੇ ਸਿਮਰਨਹਾਰੇ ਦੇ ਕੋਟਿ ਅਪ੍ਰਾਧ ਮਿਟ ਜਾਂਦੇ ਹਨ। ਕੋਟਿ ਪਾਪ-ਕਰਮ ਕੱਟੇ ਜਾਂਦੇ ਹਨ, ਇਸ ਵਿਚਿ ਕਿੰਤੂ ਕਰਨ ਦੀ ਜਾਇ ਨਹੀਂ।

**ਕੋਟਿ ਪਰਾਧ ਮਿਟੇ ਖਿਨ ਭੀਤਰਿ ਜਾਂ ਗੁਰਮੁਖਿ ਨਾਮੁ ਸਮਾਰੇ ॥ ੧ ॥**

(ਧਨਾਸਰੀ ਮ: ੫, ਪੰਨਾ ੬੭੦)

ਮੁਖੀ ਗੁਰੂ ਵਾਹਿਗੁਰੂ ਨਾਮ ਦੇ ਸਿਮਰਨ ਸੰਮਾਲਣ ਕਰਿ ਕੋਟਿ ਅਪਰਾਧ ਪਾਪ-ਕਰਮ ਕੀਤੇ ਇਕ ਖਿਨ ਮਾਤਰ ਵਿਚ ਉਤਰ ਜਾਂਦੇ ਹਨ। ਉੱਕੇ ਹੀ ਮਿਟ ਜਾਂਦੇ ਹਨ।

**ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ ॥ ਨਾਮੁ ਜਪਤ ਮਹਾ**
**ਸੁਖੁ ਪਾਇਓ ਚਿੰਤਾ ਰੋਗੁ ਬਿਦਾਰਿਓ ॥ ੧ ॥**

(ਦੇਵਗੰਧਾਰੀ ਮ: ੫, ਪੰਨਾ ੫੨੯)

ਵਾਹਿਗੁਰੂ ਦੀ ਸਿਮਰਨ ਰੂਪੀ ਸੇਵਾ ਕਰਨ ਕਰਿ ਕੋਟਿ ਅਪਰਾਧ ਪਾਪ ਕਰਮ ਕੀਤੇ ਮਿਟ ਗਏ। ਅਤੇ ਵਾਹਿਗੁਰੂ ਦੇ ਦਰਸ਼ਨ ਨੇ (ਜੋ ਅਤੁਟ ਸਿਮਰਨ ਅਭਿਆਸ ਕਮਾਈ ਕਰਿ ਘਟ ਅੰਤਰਿ ਹੀ ਪ੍ਰਾਪਤਿ ਹੋਇਆ) ਬਿਰਹਾ ਫ਼ਿਰਾਕ ਵਿਛੋੜੇ ਦਾ ਸਗਲਾ ਦੂਖ ਦਰਦ ਉਤਾਰ ਦਿੱਤਾ। ਗੁਰਮਤਿ ਨਾਮ ਦੇ ਜਪਣ ਪ੍ਰਤਾਪ ਕਰਿ ਮਹਾਂ ਸੁਖ ਪ੍ਰਾਪਤਿ ਹੋਇਆ ਅਤੇ ਚਿੰਤਾ ਰੂਪੀ ਰੋਗ ਸਮੁੱਚਾ ਹੀ ਬਿਦਾਰ ਦਿੱਤਾ (ਲਾਹ ਸਿਟਿਆ)।

 www.sikhbookclub.com

# ੨੨ - ਬਿਨੁ ਸਿਮਰਨ ਕਰਮਾਂ ਦੀ ਨਿਸਫਲਤਾ

**ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥ ੧ ॥ ਏਕ ਨਿਮਖ ਜੋ ਸਿਮਰਨ ਮਹਿ ਜੀਆ ॥ ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥ ੧ ॥ ਰਹਾਉ ॥ ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥ ੨ ॥**

**(ਗਉੜੀ ਮਃ ੫, ਪੰਨਾ ੨੩੯)**

ਭਾਵਾਰਥ— ਸਿਮਰਨ ਬਿਹੂਣ ਮਾਨੁਖ ਦਾ ਜੀਵਨ ਐਸਾ ਹੈ, ਜੈਸੇ ਸੱਪ ਦੀ ਆਰਜਾ ਹੁੰਦੀ ਹੈ। ਸੱਪ ਦੀ ਉਮਰ ਬਹੁਤ ਲੰਮੀ, ਪਰ ਨਿਕੰਮੀ ਹੁੰਦੀ ਹੈ। ਇਸ ਤਰ੍ਹਾਂ ਨਾਮ-ਸਿਮਰਨ ਤੋਂ ਹੀਣ ਮਨੁੱਖ ਦਾ ਜੀਵਨ ਬਿਰਥਾ ਹੀ ਜਾਂਦਾ ਹੈ। ਸ਼ਕਤੀ ਮਾਇਆ ਦੇ ਉਪਾਸ਼ਕ ਸਾਕਤ ਪੁਰਸ਼ ਨਾਮ ਨੂੰ ਵਿਸਾਰ ਕੇ ਸਾਰੀ ਉਮਰ ਸਾਕਤਪੁਣੇ ਅਤੇ ਮਨਮੁਖਤਾ ਵਿਚਿ ਹੀ ਗੁਜ਼ਾਰ ਦਿੰਦੇ ਹਨ। ਓਹਨਾਂ ਦਾ ਭੀ ਕੋਈ ਜੀਵਨ ਹੈ ਜੋ ਨਾਮ ਵਿਸਾਰ ਕੇ ਜੀਵੰਦੇ ਹਨ? ਗੁਰੂ-ਦੀਖਸ਼ਾਏ ਗੁਰੂ-ਦ੍ਰਿੜ੍ਹਾਏ ਗੁਰਮਤਿ ਨਾਮ ਦੇ ਸਿਮਰਨ ਵਿਚਿ ਜੋ ਪ੍ਰਾਣੀ ਇਕ ਨਿਮਖ ਮਾਤਰ ਭੀ ਜੀਵਿਆ ਹੈ, ਉਹ ਲੱਖਾਂ ਕ੍ਰੋੜਾਂ ਦਿਨਾਂ ਤਾਈਂ ਸਦਾ ਸਦ ਅਸਥਿਰ ਜੀਵਨਾ ਥੀਵਿਆ ਹੈ। ਪ੍ਰੰਤੂ ਸਿਮਰਨ ਤੋਂ ਸੁੰਞਾ ਪ੍ਰਾਣੀ ਜਿਤਨੇ ਭੀ ਕਰਮ ਕਰਦਾ ਹੈ, ਉਹ ਮਨੁੱਖ ਉਸ ਕਾਗ (ਕਾਉਂ) ਦੀ ਨਿਆਈਂ ਹੈ ਜਿਸ ਦਾ ਮੂੰਹ ਬਿਸ਼ਟਾ (ਗੰਦਗੀ) ਨਾਲਿ ਭਰਿਆ ਰਹਿੰਦਾ ਹੈ। ਨਾਮ-ਸਿਮਰਨ ਤੋਂ ਸੁੰਞਾਂ ਮੁਖ ਮਨੁੱਖ ਦਾ, ਕਾਗ ਚੁੰਜ-ਮੁਖਾ ਮੂੰਹ ਹੈ, ਜਿਸ ਵਿਚਿ ਹਰ ਦਮ ਵਿਸ਼ਟਾ ਹੀ ਭਰੀ ਰਹਿੰਦੀ ਹੈ। ਚਾਹੇ ਉਹ ਕਿਤਨੇ ਹੀ ਕਰਮ ਕਰ ਲਵੇ, ਉਹ ਬਿਸ਼ਟਾ-ਕਰਮੀ ਹੀ ਰਹਿੰਦਾ ਹੈ। ਸਿਮਰਨ ਬਿਹੂਣ ਉਸ ਦੇ ਕਰਮ ਬਿਖਵਾਤੀ ਕਰਮ ਹੀ ਰਹਿੰਦੇ ਹਨ।

**ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥ ੫ ॥**

**(ਗਉੜੀ ਮਃ ੫, ਪੰਨਾ ੨੪੦)**

ਜਿਸ ਦੀ ਹਿਰਦਿਓਂ ਗੁਰਮਤਿ ਨਾਮ ਦੇ ਨਾਲਿ ਸ਼ਰਧਾ-ਭਾਵਨੀ ਵਾਲੀ ਪ੍ਰੀਤਿ ਨਹੀਂ ਲਗੀ ਅਤੇ ਜੋ ਗੁਰਮਤਿ ਨਾਮ ਅਭਿਆਸ ਕਮਾਈ ਵਿਚ ਤੱਤਪਰ ਨਹੀਂ ਹੋਇਆ, ਉਸ ਦੇ ਕ੍ਰੋੜਹਾ ਕ੍ਰੋੜ ਕਰਮ ਕੀਤੇ ਉਸ ਨੂੰ ਨਰਕਾਂ ਵਿਚਿ ਲੈ ਜਾਂਦੇ ਹਨ। ਆਨਮਤ ਕਰਮ ਭਾਵੇਂ ਕ੍ਰੋੜਹਾ ਕੋਈ ਕਰੇ, ਕਰਨੇਹਾਰੇ ਨੂੰ ਨਰਕਾਂ ਦਾ ਹੀ ਭਾਗੀ ਬਣਾਉਂਦੇ ਹਨ। ਬਿਨ ਸਿਮਰਨ ਕੱਖ ਭੀ ਕਰਮ ਸਹਾਈ ਨਹੀਂ ਹੁੰਦਾ। ਕੋਟਿ ਕਰਮ ਕਰਦਾ ਹੋਇਆ ਭੀ ਸਿੱਧਾ ਨਰਕਾਂ ਵਿਚ ਜਾਂਦਾ ਹੈ, ਆਨਮਤ ਕਰਮ ਕਰਨਹਾਰਾ।

**ਪਉੜੀ ॥ ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥ ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥ ਹਉ ਹਉ ਕਰਤੇ ਕਰਮ**

 www.sikhbookclub.com

**ਰਤ ਤਾ ਕੋ ਭਾਰੁ ਅਫਾਰ ॥ ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥ ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥ ਭ੍ਰਮ ਕੇ ਮੋਹੇ ਨ ਬੂਝਹਿ ਸੋ ਪ੍ਰਭੁ ਸਦਹੂ ਸੰਗ ॥ ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥ ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥ ੯ ॥**

**(ਗਉੜੀ ਬਾਵਨ ਅਖਰੀ ਮਃ ੫, ਪੰਨਾ ੨੫੨)**

ਵਿਆਖਿਆ— ਨਾਮ-ਸਿਮਰਨ ਬਿਨਾਂ ਜਿਹੜੇ ਜਿਹੜੇ ਕਰਮ ਕਰਨ ਵਿਚ ਮਨ ਰਹਿੰਦਾ ਹੈ, ਤੇਤੇ ਕਰਮ ਬੰਧਨ ਰੂਪ ਹੋ ਜਾਂਦੇ ਹਨ। ਨਾਮ ਸਿਮਰਨ ਬਿਨਾਂ ਜਿੰਨੇ ਭੀ ਕਰਮ ਹਨ ਤਿਨ੍ਹਾਂ ਦੇ ਕਰਨ ਵਿਚ ਅਤੇ ਕਰਨਹਾਰੇ ਦੇ ਮਨ ਨੂੰ ਬੰਧਨ ਰੂਪੀ ਪੈਖੜ ਹੀ ਪੈਂਦੇ ਹਨ। ਮਾਦਾ-ਪ੍ਰਸਤ ਮਨਮੁਖ ਸਾਕਤ ਪੁਰਸ਼ ਜਦ ਕਰਦਾ ਹੈ ਤਦ ਐਸੇ ਹੀ ਕਰਮ ਕਰਦਾ ਹੈ। ਜਦੋਂ ਭੀ ਕਮਾਈ ਕਰਦਾ ਹੈ ਤਾਂ ਤਿਨ੍ਹਾਂ ਹੀ ਕਰਮਾਂ ਦੀ ਕਮਾਈ ਕਰਦਾ ਹੈ ਜਿਨ੍ਹਾਂ ਦੇ ਕਰਨ ਕਰਕੇ ਬੰਧਨ ਐਸੇ ਪੈਂਦੇ ਹਨ ਕਿ ਬੰਧਨਾਂ ਵਿਚ ਹੀ ਜਕੜਿਆ ਜਾਂਦਾ ਹੈ। ਤਿਨ੍ਹਾਂ ਤੋਂ ਛੁਟਕਾਰਾ ਕਦੇ ਨਹੀਂ ਹੁੰਦਾ। ਨਾਮ-ਸਿਮਰਨ ਤੋਂ ਬਿਨਾਂ ਜਿਤਨੇ ਭੀ ਕਰਮ ਹਨ ਤਿਨ੍ਹਾਂ ਦੇ ਕਰਨਹਾਰੇ ਓਹਨਾਂ ਕਰਮਾਂ ਵਿਚਿ ਰਚੇ ਮਿਚੇ ਹੋਏ, ਖੱਚਤ ਹੋਏ ਹਉਂ ਹਉਂ ਮੈਂ ਮੈਂ ਹੀ ਕਰਦੇ ਫਿਰਦੇ ਹਨ। ਤਿਨ੍ਹਾਂ ਦੀ ਹਉਮੈ ਹੀ ਵਧਦੀ ਹੈ। ਆਨ ਕਰਮਾਂ ਦੇ ਕਰਨ ਕਰਿ ਹਉਮੈ ਦਾ ਹੀ ਵਧੇਰਾ ਅਫਾਰਾ ਵਧਦਾ ਹੈ। ਨਾਮ ਨਾਲਿ ਪ੍ਰੀਤ ਰੁਚੀ ਨਾ ਹੋਣ ਕਰਕੇ ਜਿਹੜੇ ਭੀ ਕਰਮ ਸਾਕਤ ਪੁਰਸ਼ ਕਰਦਾ ਹੈ, ਸੋ ਸਭੇ ਵਿਕਾਰ ਰੂਪ ਹਨ। ਮੀਠੀ ਮਾਇਆ ਦੇ ਰੰਗ ਕਰੰਗੀ ਕੁਸੰਗ ਵਿਚਿ ਫਸੇ ਗ੍ਰਸੇ ਹੋਏ ਜਮ ਕੀ ਜੀਉੜੀ ਨਾਲਿ ਬੰਨ੍ਹੇ ਰਹਿੰਦੇ ਹਨ। ਜਮ-ਜੀਉੜੀ ਨਾਲ ਬੰਨ੍ਹੇ ਹੀ ਚਲੇ ਜਾਣਗੇ। ਭ੍ਰਮ ਦੇ ਮੁੱਠਿਆਂ ਨੂੰ ਮਾਇਆ ਹੀ ਮਿੱਠੀ ਲਗਦੀ ਹੈ, ਦ੍ਰਿਸ਼ਟਮਾਨ ਪਦਾਰਥ ਹੀ ਮਿੱਠੇ ਲਗਦੇ ਹਨ। ਜਿਨ੍ਹਾਂ ਨੇ ਸੰਗਿ ਨਹੀਂ ਜਾਣਾ। ਏਥੇ ਹੀ ਰਹਿ ਜਾਣਾ ਹੈ। ਸਦਾ ਸੰਗਿ ਰਹਿਣ ਵਾਲੇ, ਸਦਾ ਸੰਗਿ ਨਿਭਣ ਵਾਲੇ ਵਾਹਿਗੁਰੂ ਨੂੰ ਓਹ ਬੁਝਦੇ ਹੀ ਨਹੀਂ, ਬੁੱਝ ਹੀ ਨਹੀਂ ਸਕਦੇ, ਕਿਉਂਕਿ ਮੋਹ-ਮਾਇਆ ਦੀ ਫਾਸ ਉਹਨਾਂ ਉਤੇ ਪਈ ਹੋਈ ਹੈ। ਇਸ ਕਰਕੇ ਓਹਨਾਂ ਦੀ ਮਤਿ ਮਾਰੀ ਹੀ ਰਹਿੰਦੀ ਹੈ। ਇਹ ਅਹਿਸਾਸ ਹੀ ਓਹਨਾਂ ਨੂੰ ਸਫੁਰਨ ਨਹੀਂ ਹੁੰਦਾ ਕਿ ਸਦਾ ਸੰਗੀ ਵਾਹਿਗੁਰੂ ਅੰਤਰਜਾਮੀ ਓਹਨਾਂ ਦੇ ਹਰ ਦਮ ਸਾਥ ਹੈ, ਓਹਨਾਂ ਦੇ ਕਰਮਾਂ ਕੁਕਰਮਾਂ ਨੂੰ ਪੇਖਦਾ ਪਰਖਦਾ ਹੈ। ਕਰਮਾਂ ਦਾ ਹਿਸਾਬ ਲੇਖਾ ਕੀਤਿਆਂ, ਲੇਖੇ ਦੀ ਗਿਣਤੀ ਮਿਣਤੀ ਕੀਤਿਆਂ, ਗਿਣੀਆਂ ਗਿਣਦਿਆਂ ਛੁਟਕਾਰਾ ਕਦੇ ਨਹੀਂ ਹੁੰਦਾ। ਹੋ ਹੀ ਨਹੀਂ ਸਕਦਾ। ਕਿਉਂਕਿ ਜਿਤਨੇ ਭੀ ਕਰਮ-ਕਾਂਡ ਕੀਤੇ ਜਾਂਦੇ ਹਨ, ਕਾਇਆਂ ਨੂੰ ਸੋਧਣ ਸਾਧਣ ਹਿਤ ਹੀ ਕੀਤੇ ਜਾਂਦੇ ਹਨ। ਪਰ ਇਹ ਕਾਇਆਂ ਨਿਰੀ ਕੱਚੀ ਕੰਧ ਹੈ। ਕਰਮ-ਕਾਂਡ ਨਾਲ ਸ਼ੁੱਧ ਨਹੀਂ ਹੁੰਦੀ। ਜਿਸ ਤੇ ਨਦਰ ਕਰੰਮੀ ਮੇਹਰ ਹੋ ਜਾਂਦੀ ਹੈ, ਤਿਸ ਦੀ ਬੁੱਧੀ ਗੁਰੂ ਨਾਨਕ ਨੂੰ ਮਿਲ ਕੇ ਨਿਰਮਲ ਹੋ ਜਾਂਦੀ ਹੈ ਅਤੇ ਨਿਰਮਲ ਕਰਮ ਕਰਨਹਾਰੀ ਹੋ ਜਾਂਦੀ ਹੈ। ਬਿਨਾਂ ਗੁਰੂ ਦੀ ਕਲਾ ਵਰਤੇ ਨਾ ਹੀ ਬੁੱਧੀ ਨਿਰਮਲ ਹੁੰਦੀ ਹੈ (ਕੁਬੁੱਧੀ ਹੀ ਰਹਿੰਦੀ ਹੈ) ਅਤੇ ਨਾ ਹੀ ਨਿਰਮਲ ਕਰਮਾਂ ਵਲ ਰੁਚੀ ਹੋਇ ਆਵੰਦੀ ਹੈ।

**ਨਾਮ ਬਿਨਾ ਕੁਸਟੀ ਮੋਹੁ ਅੰਧਾ ॥ ਸਭ ਨਿਹਫਲ ਕਰਮ ਕੀਏ ਦੁਖੁ ਧੰਧਾ ॥ ੩ ॥ ਹਰਿ ਹਰਿ ਹਰਿ ਜਸੁ ਜਪੈ ਵਡਭਾਗੀ ॥ ਨਾਨਕ ਗੁਰਮਤਿ ਨਾਮਿ ਲਿਵ ਲਾਗੀ ॥ ੪ ॥ ੮ ॥ ੬੦ ॥**

**(ਆਸਾ ਮਃ ੪, ਪੰਨਾ ੩੬੭)**

ਨਾਮ-ਹੀਣੇ ਹਰੇਕ ਮਾਨੁੱਖ ਨੂੰ ਹਉਮੈ ਦਾ ਕੁਸ਼ਟ (ਕੋਹੜ) ਹੋਇਆ ਵਿਆ ਹੈ। ਹਰੇਕ ਮਨੁੱਖ ਨਾਮ ਬਿਨਾਂ ਮੇਰੀ ਮੇਰੀ ਦੀ ਮਮਤਾ ਦਾ ਅੰਨ੍ਹਾ ਕੀਤਾ ਹੋਇਆ ਹੈ। ਉਸ ਦੇ, ਅਰਥਾਤ, ਨਾਮ-ਹੀਣ ਮੀਣੇ ਮਾਨੁੱਖ ਦੇ ਸਭ ਕਰਮ ਕੀਤੇ ਨਿਹਫਲ ਹੀ ਜਾਂਦੇ ਹਨ। ਜਿਤਨੇ ਕਰਮ ਭੀ ਉਹ ਕਰਦਾ ਹੈ, ਓਹ ਸਭੇ ਕਰਮ ਦੁਖ ਧੰਧੇ ਵਾਲੇ ਹੀ ਹੁੰਦੇ ਹਨ। ਸੰਸਾਰੀ ਧੰਧਿਆਂ ਵਿਚ ਨਿਰਾ ਦੁਖ ਹੀ ਦੁਖ ਹੈ। ਕੋਈ ਵਡਭਾਗੀ ਹੀ ਐਸਾ ਜਨ ਹੁੰਦਾ ਹੈ ਜਿਸ ਦਾ ਮੁਖ-ਪਰਯੋਜਨੀ ਕੰਮ (ਕਰਮ) ਨਾਮ ਜਪਣਾ ਅਤੇ ਨਾਮ ਜਸ ਗਾਉਣਾ, ਸਿਫਤਿ ਸਾਲਾਹ ਕਰਨਾ ਹੁੰਦਾ ਹੈ। ਗੁਰੂ ਨਾਨਕ ਦੇ ਘਰ ਤੋਂ ਪ੍ਰਾਪਤਿ ਹੋਏ ਗੁਰਮਤਿ ਨਾਮ ਦੇ ਅਭਿਆਸ ਕੀਤਿਆਂ, ਗੁਰਮਤਿ ਨਾਮ ਰੂਪੀ ਕਰਮ ਕਾਰ ਕੀਤਿਆਂ ਹੀ ਸਦਗਤੀ ਹੁੰਦੀ ਹੈ, ਕਿਉਂਕਿ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੇ ਪਰਤਾਪ ਨਾਲਿ ਮਾਇਆ-ਬੰਧਨ ਤੁਟ ਕੇ ਇਕ ਨਾਮ ਨਾਲ ਹੀ ਲਿਵ ਲੱਗ ਜਾਂਦੀ ਹੈ। ਜਿਉਂ ਲਗਦੀ ਹੈ, ਫੇਰ ਲਗੀ ਹੀ ਰਹਿੰਦੀ ਹੈ। ਮਾਇਆ-ਮੋਹ ਅਤੇ ਮੈਂ-ਮੇਰੀ ਦੀ ਮਮਤਾ ਉਸ ਦੀ ਬਿਰਤੀ ਉਤੇ ਪ੍ਰਬਲ ਨਹੀਂ ਪੈਂਦੀ।

**ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ ॥ ਕਹੁ ਕਬੀਰ ਇਉ**
**ਰਾਮਹਿ ਜੰਪਉ ਮੇਟਿ ਜਨਮ ਮਰਨਾ ॥ ੪ ॥ ੫ ॥**

(ਆਸਾ ਸ੍ਰੀ ਕਬੀਰ ਜੀਉ, ਪੰਨਾ ੪੭੭)

ਬੇਦ ਪੁਰਾਨ ਅਤੇ ਸਿਮ੍ਰਿਤੀਆਂ ਦੇ ਆਨਮਤ ਪੁਸਤਕ ਘੋਖ ਘੋਖ ਕੇ ਦੇਖੇ। ਏਹਨਾਂ ਆਨਮਤ ਪੁਸਤਕਾਂ ਦੇ ਅਨੁਸਾਰੀ ਕਰਮ ਕੀਤਿਆਂ ਕਿਸੇ ਭੀ ਕਰਮ ਦੁਆਰਾ ਪ੍ਰਾਣੀ ਦਾ ਪਾਰ-ਉਤਾਰਾ ਨਹੀਂ ਹੁੰਦਾ। ਕੇਵਲ ਗੁਰਮਤਿ ਨਾਮ ਜਪਿਆਂ ਹੀ ਬੰਦ-ਖਲਾਸੀ ਹੁੰਦੀ ਹੈ ਅਤੇ ਜਨਮ ਮਰਨ ਦੀ ਫਾਸੀ ਕੱਟੀਦੀ ਹੈ ਅਤੇ ਆਵਾ-ਗਵਨੀ ਗੇੜ ਵਾਲੀ ਚੁਰਾਸੀ ਮਿਟਦੀ ਹੈ।

**ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥ ਬਿਨੁ ਨਾਮ**
**ਹਰਿ ਕੇ ਮੁਕਤਿ ਨਾਹੀ ਕਹੈ ਨਾਨਕ ਦਾਸੁ ॥ ੪॥ ੧॥ ੬॥ ੮॥**

(ਧਨਾਸਰੀ ਮਃ ੧, ਪੰਨਾ ੬੬੩)

ਅਰਥ ਬੋਧ ਲਿਖਣ ਵਾਲੇ ਅਠੇ ਅੰਗ ਵਿਆਕਰਣ ਆਦਿ ਸਾਰੇ ਸਾਮਾਨ ਇਕੱਤਰ ਕਰ ਕੇ ਪੁਰਾਣਾਂ ਨੂੰ ਬਥੇਰਾ ਵੀਚਾਰਿਆ ਗਿਆ ਅਤੇ ਬਥੇਰਿਆਂ ਨੇ ਪੁਰਾਣਾਂ ਨੂੰ ਸੋਧਿਆ ਵੀਚਾਰਿਆ ਅਤੇ ਬਥੇਰਿਆਂ ਨੇ ਬੇਦਾਂ ਦਾ ਅਭਿਆਸ ਕੀਤਾ ਅਤੇ ਬੇਦਾਚਾਰੀ ਪੁਰਾਣਾਚਾਰੀ ਬਥੇਰੇ ਕਰਮ ਕੀਤੇ, ਪਰ ਇਹਨਾਂ ਪੁਰਾਣਾਚਾਰੀ ਬੇਦਾਚਾਰੀ ਕਰਮਾਂ ਦੇ ਕਰਨ ਕਰਿ ਅਜ ਤਾਈਂ ਕਿਸੇ ਦੀ ਗਤਿ ਮੁਕਤਿ ਨਹੀਂ ਹੋਈ ਅਤੇ ਨਾ ਹੋਵੇਗੀ। ਗੁਰੂ ਨਾਨਕ ਸਾਹਿਬ ਆਪ ਆਪਣੇ ਮੁਖਾਰਬਿੰਦ ਤੋਂ ਫ਼ੁਰਮਾਉਂਦੇ ਹਨ ਕਿ ਬੇਦਾਂ ਆਦਿ ਦੇ ਆਨਮਤ ਧਰਮ-ਪੁਸਤਕਾਂ ਦਾ ਪੜ੍ਹਨਾ ਵੀਚਾਰਨਾ ਅਤੇ ਇਹਨਾਂ ਅਨੁਸਾਰੀ ਕਰਮਾਂ ਦਾ ਅਭਿਆਸ ਕਰਨਾ ਬਿਲਕੁਲ ਬੇਫ਼ਾਇਦਾ ਹੈ। ਗੁਰਮਤਿ ਨਾਮ ਬਿਨਾਂ ਕਿਸੇ ਦੀ ਮੁਕਤੀ ਨਾ ਹੋਈ ਤੇ ਨਾ ਹੋਵੇਗੀ।

**ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ ॥ ਕ੍ਰਿਪਾ ਸਿੰਧੁ ਸੇਵਿ**
**ਸਚੁ ਪਾਈਐ ਦੋਵੈ ਸੁਹੇਲੇ ਲੋਕ ॥ ੧ ॥ ਆਨ ਅਚਾਰ ਬਿਉਹਾਰ ਹੈ ਜੇਤੇ**
**ਬਿਨੁ ਹਰਿ ਸਿਮਰਨ ਫੋਕ ॥ ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ**

ਬਿਨਸੇ ਸੋਕ ॥ ੨ ॥ ੧੯ ॥ ੫੦ ॥

(ਧਨਾਸਰੀ ਮਃ ੫, ਪੰਨਾ ੬੮੨)

ਭਾਵ ਅਰਥ— ਰਿਸ਼ੀਆਂ ਮੁਨੀਆਂ ਜਨਾਂ ਦੀਆਂ ਬਣਾਈਆਂ ਸਿਮ੍ਰਿਤੀਆਂ ਘੋਖ ਘੋਖ ਕੇ (ਬੜੇ ਗਹੁ ਨਾਲਿ) ਲੋਕਾਂ ਨੇ ਪੜ੍ਹੀਆਂ ਅਤੇ ਪੁਰਾਣ ਭੀ ਘੋਟਾ ਲਾ ਕੇ ਕੰਠਾਗਰ ਕਰ ਕੇ ਪੜ੍ਹੇ। ਬਥੇਰਿਆਂ ਪੰਡਿਤਾਂ ਬੇਦ-ਵੇਤਿਆਂ ਨੇ ਬ੍ਰਹਮਾ ਦੇ ਬਣਾਏ ਹੋਏ ਬੇਦ ਭੀ ਘੋਟ ਘੋਟ ਕੇ ਪੜ੍ਹੇ ਪੁਕਾਰੇ ਅਤੇ ਹੁਣ ਭੀ ਬੇਦ-ਵਿਦਿਆ ਨੂੰ ਲੋਗ ਪੁਕਾਰ ਪੁਕਾਰ ਕੇ ਪੜ੍ਹਦੇ ਹਨ, ਪਰ ਏਹਨਾਂ ਸਿਮ੍ਰਿਤੀਆਂ ਪੁਰਾਣਾਂ ਅਤੇ ਬੇਦਾਂ ਦੇ ਘੋਖਣ ਨਾਲਿ ਕੁਛ ਨਾ ਬਣਿਆ, ਨਾ ਕੁਛ ਬਣਦਾ ਹੈ, ਨਾ ਬਣੇਗਾ। ਬਣੇਗਾ ਤਾਂ ਕਿਰਪਾ-ਸਾਗਰ ਵਾਹਿਗੁਰੂ ਦੀ ਸਿਮਰਨ ਰੂਪੀ ਸੇਵਾ ਕੀਤਿਆਂ ਬਣੇਗਾ। ਜਿਸ ਦੇ ਸਿਮਰਨ ਸੇਵਨ ਕਰਕੇ ਹਲਤ ਪਲਤ ਦੋਵੇਂ ਲੋਕ ਸੁਹੇਲੇ ਹੁੰਦੇ ਹਨ। ਵਾਹਿਗੁਰੂ-ਸਿਮਰਨ ਤੋਂ ਬਿਨਾਂ ਹੋਰ ਕਰਮ ਆਚਾਰ ਬਿਉਹਾਰੀ ਜੋ ਕਰਣੀਆਂ ਕਰਮ-ਕਾਂਡੀ ਕਰਤੂਤਾਂ ਹਨ, ਸੋ ਸਭੇ ਹੀ ਫੋਕੀਆਂ ਹਨ। ਸਤਿਗੁਰੂ ਨਾਨਕ ਰੂਪ ਸੱਚੇ ਗੁਰ ਸਾਧ ਨੂੰ ਮਿਲਿਆਂ ਸਾਰੇ ਹੀ ਸੋਗ ਵਿਜੋਗ ਤੇ ਰੋਗ ਬਿਨਸ ਜਾਂਦੇ ਹਨ ਅਤੇ ਜਨਮ ਜਨਮ ਦੇ ਭੈ ਕੱਟੇ ਜਾਂਦੇ ਹਨ। ਸਿਮਰਨ-ਹੀਣ ਕਿਸੇ ਭੀ ਕਰਮ ਕਰਤੂਤ ਕਰਣੀ ਕੀਤਿਆਂ ਕੁਛ ਨਹੀਂ ਬਣਦਾ ਤੇ ਕੁਛ ਨਹੀਂ ਸਰਦਾ।

ਬਿਲਾਵਲੁ ਮਹਲਾ ੯ ॥ ਜਾ ਮੈ ਭਜਨੁ ਰਾਮ ਕੋ ਨਾਹੀ ॥ ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥ ੧ ॥ ਰਹਾਉ ॥ ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥ ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ ॥ ੧ ॥ ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥ ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥ ੨ ॥ ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥ ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥ ੩ ॥ ੩ ॥

(ਪੰਨਾ ੮੩੧)

ਭਾਵ ਅਰਥ— ਜਿਸ ਪ੍ਰਾਣੀ ਦੇ ਹਿਰਦੇ ਅੰਦਰਿ ਰਮਤ ਰਾਮ, ਸਰਬਤ੍ਰ ਰਮ ਰਹੇ ਪਰਮਾਤਮਾ ਵਾਹਿਗੁਰੂ ਦਾ ਭਜਨ ਨਹੀਂ ਹੈ, ਤਿਸ ਨਰ ਪ੍ਰਾਣੀ ਨੇ ਆਪਣਾ ਮਨੁੱਖਾ ਜਨਮ ਬੇਅਰਥ ਹੀ ਗਵਾ ਲਿਆ ਹੈ। ਇਸ ਗੱਲ ਦੀ ਨਿਸਚੇ ਕਰਕੇ ਮਨ ਅੰਦਰਿ ਗੰਢ ਬੰਨ੍ਹ ਲਵੋ। (ਇਸ ਵਿਚ ਰੰਚਕ ਭੀ ਸੰਦੇਹ ਨਹੀਂ) ਜਿਸ ਪ੍ਰਾਣੀ ਦਾ ਮਨ ਖਿੰਡਿਆ ਫਿਰਦਾ ਹੈ, ਵੱਸ ਵਿਚ ਨਹੀਂ ਰਹਿੰਦਾ, ਉਸ ਦੇ ਤੀਰਥ ਕਰਮ ਤੇ ਬ੍ਰਤ ਆਦਿਕ ਰਖਣ ਵਾਲੇ ਕਰਮ ਸਭ ਬਿਰਥੇ ਹਨ। ਏਹਨਾਂ ਕਰਮਾਂ ਦੇ ਕੀਤਿਆਂ ਮਨ ਦਾ ਖਿੰਡਾਉ ਨਹੀਂ ਹਟਦਾ, ਨਾ ਹੀ ਮਨ ਵੱਸ ਵਿਚ ਆਉਂਦਾ ਹੈ। ਉਸ ਦੇ ਉਕਤ ਤੀਰਥਾਇ ਕਰਮ ਕੀਤੇ ਸਭੇ ਹੀ ਨਿਸਫਲ ਹਨ। ਏਹਨਾਂ ਕਰਮਾਂ ਦਾ ਫਲ ਕੋਈ ਭੀ ਨਹੀਂ। ਇਹ ਬਾਤ ਸੋਲ੍ਹਾਂ ਆਨੇ ਸੱਚੀ, ਨਿਰੋਲ ਸੱਚੀ ਆਖੀ ਹੈ ਸਤਿਗੁਰੂ ਨੇ, ਸਤਿਗੁਰੂ ਗੁਰੂ ਨੌਵੀਂ ਪਾਤਸ਼ਾਹੀ ਨੇ। ਜਿਵੇਂ ਪੱਥਰ ਨੂੰ ਪਾਣੀ ਵਿਚਿ ਰਖਿਆਂ ਪਾਣੀ ਉਸ ਦੇ ਅੰਦਰਿ ਪਰਵੇਸ਼ ਨਹੀਂ ਹੁੰਦਾ, ਤੈਸੇ ਹੀ ਭਗਤੀ ਹੀਣ ਪ੍ਰਾਣੀ ਦੀ ਇਹ ਪਛਾਣ ਹੈ ਕਿ ਉਸ ਦੇ ਕਰਮ ਧਰਮ ਕੀਤੇ ਸਭ ਨਿਹਫਲ ਹਨ, ਕਿਉਂਕਿ ਓਹ ਉਸ ਨੂੰ ਪੋਂਹਦੇ ਹੀ ਨਹੀਂ। ਸਤਿਗੁਰੂ ਨਾਨਕ ਨੌਵੇਂ ਗੁਰੂ ਪਾਤਸ਼ਾਹ ਇਹ ਤੱਤ-ਭੇਦ

ਵਾਲੀ ਬਾਤ ਭਾਖ ਕੇ ਫ਼ੁਰਮਾਉਂਦੇ ਹਨ ਕਿ ਕਲਜੁਗ ਅੰਦਰਿ ਕਲਿਆਨ ਮੁਕਤੀ ਕੇਵਲ ਨਾਮ ਦੇ ਸਿਮਰਨ ਤੋਂ ਹੀ ਮਿਲਦੀ ਹੈ (ਅਤੇ ਨਾਮ ਗੁਰੂ ਤੋਂ, ਗੁਰੂ ਨਾਨਕ ਦੇਵ ਤੋਂ ਮਿਲਦਾ ਹੈ)। ਸੋਈ ਨਰ ਪ੍ਰਾਣੀ ਤੱਤ ਗੌਰਵਤਾ ਵਾਲਾ ਗੰਭੀਰ (ਗਰੂਆ) ਹੈ ਜਿਸ ਦਾ ਕਿੱਤਾ ਹੀ ਪ੍ਰਭੂ ਪਰਮਾਤਮਾ ਦੇ ਗੁਣ ਗਾਉਣ ਦਾ ਹੈ।

ਨਾਮ ਬਿਨਾ ਸਭੁ ਝੂਠੁ ਪਰਾਨੀ ॥ ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ ਤੇ ਸਭਿ ਮਾਇਆ ਮੂਠੁ ਪਰਾਨੀ ॥ ੧ ॥ ਰਹਾਉ ॥ ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥ ਲੋਕ ਪਚਾਰੈ ਗਤਿ ਨਹੀ ਹੋਇ ॥ ਨਾਮ ਬਿਹੂਣੇ ਚਲਸਹਿ ਰੋਇ ॥ ੨ ॥ ਬਿਨੁ ਹਰਿ ਨਾਮ ਨ ਟੂਟਸਿ ਪਟਲ ॥ ਸੋਧੇ ਸਾਸਤ੍ਰ ਸਿਮ੍ਰਿਤਿ ਸਗਲ ॥ ਸੋ ਨਾਮੁ ਜਪੈ ਜਿਸੁ ਆਪਿ ਜਪਾਏ ॥ ਸਗਲ ਫਲਾ ਸੇ ਸੂਖਿ ਸਮਾਏ ॥ ੩ ॥

(ਰਾਮਕਲੀ ਮਃ ੫, ਪੰਨਾ ੮੯੦)

ਭਾਵ ਅਰਥ— ਹੇ ਪ੍ਰਾਣੀ! ਨਾਮ ਬਿਨਾਂ ਜੋ ਕਰਮ-ਪਸਾਰਾ ਜਗਤ ਵਿਖੇ ਵਰਤ ਰਿਹਾ ਹੈ, ਸਭ ਝੂਠਾ ਹੈ। ਨਿਰਾ ਹੀ ਝੂਠ ਹੈ। ਜਿਹੜੇ ਲੋਗ ਗੋਬਿੰਦ ਦਾ ਭਜਨ ਛਡ ਕੇ ਹੋਰਨਾਂ ਕਰਮਾਂ-ਕਾਂਡਾਂ ਵਿਖੇ ਰੱਤੇ ਮੱਤੇ ਹੋਏ ਹਨ, ਓਹ ਪ੍ਰਾਣੀ ਸਭਿ ਮਾਇਆ ਦੇ ਮੁੱਠੇ ਹੋਏ ਹਨ। ਤੀਰਥ ਨ੍ਹਾਉਣ ਦਾ ਜੋ ਲੋਕਾਚਾਰੀ ਕਰਮ ਹੈ, ਇਹ ਬਿਰਥਾ ਹੈ, ਕਿਉਂਕਿ ਤੀਰਥ ਨ੍ਹਾਤਿਆਂ ਮੈਲ ਨਹੀਂ ਉਤਰਦੀ। ਏਸੇ ਤਰ੍ਹਾਂ ਹੋਰ ਜਿਤਨੇ ਭੀ ਆਨਮਤ ਦੇ ਕਰਮ ਧਰਮ ਹਨ, ਸਭਿ ਹਉਮੈ ਦਾ ਹੀ ਫੈਲਾਉ-ਪਸਾਰਾ ਤੇ ਬਫਣ-ਬਫਾਰਾ ਹਨ। ਏਹਨਾਂ ਆਨਮਤ ਕਰਮਾਂ ਧਰਮਾਂ ਦੇ ਕੀਤਿਆਂ ਹਉਮੈ ਦਾ ਅਫਰੇਮਾਂ (ਅਫਾਰਾ) ਸਗੋਂ ਹੋਰ ਵਧਦਾ ਹੈ। ਲੋਕਾਂ ਨੂੰ ਪਰਚਾਉਣ ਵਾਲੇ ਲੋਕਾਚਾਰੀ ਕਰਮ ਕੀਤਿਆਂ ਕਿਸੇ ਦੀ ਗਤੀ ਨਹੀਂ ਹੁੰਦੀ। ਨਾਮ ਬਿਹੂਣ ਕਰਮ ਕਰਨ ਵਾਲੇ ਜਿਹੜੇ ਭੀ ਲੋਗ ਜਗ ਵਿਖੇ ਹੋਏ ਹਨ ਜਾਂ ਹੋਣਗੇ, ਓਹ ਸਭੇ ਹੀ ਰੋ ਕੇ ਹੱਥ ਧੋ ਕੇ ਖ਼ਾਲੀ ਹਥੀਂ ਜੱਗ ਤੋਂ ਚਲੇ ਜਾਣਗੇ, ਪਛੋਤਾਂਦੇ ਤੇ ਰੋਂਦੇ ਰਵਾਂਦੇ ਹੀ ਚਲੇ ਜਾਣਗੇ। ਨਾਮ ਤੋਂ ਬਿਨਾਂ ਭਰਮ ਦੇ ਛਉੜ ਕਿਸੇ ਦੇ ਨਹੀਂ ਕੱਟੇ ਜਾਂਦੇ। ਕੱਟੇ ਜਾ ਸਕਦੇ ਹੀ ਨਹੀਂ। ਭਰਮ ਦੇ ਪੜਦੇ ਖੋਲ੍ਹਣਹਾਰਾ ਹੈ ਤਾਂ ਸਤਿਗੁਰੂ ਗੁਰੂ ਨਾਨਕ ਦੇਵ ਦਾ ਗੁਰੂ ਘਰਾਣਾ ਹੀ ਹੈ। ਨਹੀਂ ਤਾਂ ਹੋਰ ਕਿਸੇ ਮੱਤ-ਮਤਾਂਤਰੀ ਕਰਮ ਧਰਮ ਦੁਆਰਾ ਇਹ ਛਉੜ ਨਹੀਂ ਕੱਟੇ ਜਾਂਦੇ ਤੇ ਇਹ ਪੜਦੇ ਭਰਮ ਦੇ ਨਹੀਂ ਖੁਲ੍ਹਦੇ। ਸਿਮ੍ਰਿਤੀਆਂ ਤੇ ਸ਼ਾਸਤ੍ਰ ਸਭਿ ਸੋਧ ਸੋਧ ਕੇ ਪੜਤਾਲੇ ਗਏ ਹਨ। ਕਿਸੇ ਭੀ ਸਿਮ੍ਰਿਤਿ ਸ਼ਾਸਤ੍ਰ ਦੇ ਪੜ੍ਹਿਆਂ ਘੋਖਿਆਂ ਕਰਮੋਖਿਆਂ ਭਰਮ ਅਗਿਆਨ ਦੇ ਪੜਦੇ ਨਹੀਂ ਲਥਦੇ (ਲਹਿੰਦੇ)। ਨਾਮ ਜਪਣ ਦੀ ਪ੍ਰਮਾਰਥੀ ਕਾਰ ਵਿਚਿ ਸੋਈ ਜਨ ਲਗਦਾ ਹੈ, ਜਿਸਨੂੰ ਆਪ ਕਰਮ-ਬਿਧਾਤਾ ਵਾਹਿਗੁਰੂ ਆਪਣੀ ਕਿਰਪਾ ਕਰਿ ਨਾਮ ਜਪਾਉਣ ਲਾਵੇ। ਤਿਸ ਨਾਮ ਜਪਣ ਵਾਲੇ ਜਨ ਨੂੰ ਸਰਬ ਫਲਾ ਪਰਦਾਤਨੀ ਲੱਭਤਾ ਹੁੰਦੀ ਹੈ। ਸੋਈ ਜਨ ਸੱਚੇ ਆਤਮਕ ਪਰਮਾਤਮਕ ਸੁਖ ਵਿਚ ਜਾਇ ਸਮਾਉਂਦਾ ਹੈ।

ਸਗਲੇ ਕਰਮ ਧਰਮ ਜੁਗ ਸਾਧਾ ॥ ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ ॥
ਭਈ ਕ੍ਰਿਪਾ ਨਾਨਕ ਸਤਸੰਗੇ ਤਉ ਧਨ ਪਿਰ ਅਨੰਦ ਉਲਾਸਾ ਹੇ ॥ ੫ ॥

(ਮਾਰੂ ਸੋਲਹੇ ਮਃ ੫, ਪੰਨਾ ੧੦੭੨)

ਭਾਵ— ਹਰੇਕ ਜੁਗ ਦੇ ਸਗਲੇ ਕਰਮ ਧਰਮ ਸੋਧ ਕੇ ਪਰਖ ਪਰਖਾ ਲਏ। ਅਰ ਇਹ ਨਿਸਚੇ ਕਰ ਸਿੱਟਾ ਕੱਢਿ ਲਿਆ ਕਿ ਕਿਸੇ ਭੀ ਕਰਮ ਧਰਮ ਤੋਂ ਇਕ ਤਿਲ ਮਾਤਰ ਭੀ ਸੱਚਾ ਪ੍ਰਮਾਰਥੀ ਆਤਮ ਸੁਖ ਨਹੀਂ ਲਭਦਾ। ਬਿਨਾਂ ਹਰਿ ਰਸ ਰਤਿਆਂ ਆਤਮ ਸੁਖ, ਸੱਚਾ ਸੁਖ ਕਿਥੇ? ਹਰਿ ਸਿਮਰਨ ਕਰਿ ਹੀ ਸੱਚਾ ਸੁਖ ਪ੍ਰਾਪਤਿ ਹੁੰਦਾ ਹੈ। ਗੁਰੂ ਨਾਨਕ ਨੇ ਕਿਰਪਾ ਕੀਤੀ, ਤਾਂ ਗੁਰੂ ਘਰ ਦਾ ਸਤਸੰਗੁ ਲੱਭਾ, ਤਾਂ ਹਰਿ ਸਿਮਰਨ ਤੇ ਸਿਮਰਨ-ਰਸ ਪ੍ਰਾਪਤਿ ਹੋਇਆ। ਘਟ ਅੰਦਰੇ ਹੀ ਪ੍ਰਿਅ ਪ੍ਰੀਤਮ ਦਾ ਮਿਲਾਪ ਹੋ ਗਿਆ। ਪਰਮਾਤਮਾ ਪਤੀ ਪ੍ਰੀਤਮ ਨਾਲਿ ਇਕ ਹਿਰਦੇ-ਸੇਜ ਤੇ ਲਿਟ ਲਿਟਾਇ ਕੇ ਤੇ ਇਕ-ਮਿਕ ਹੋ ਕੇ ਹੇਲ ਮੇਲ ਕੇਲ ਕੀਤਿਆਂ ਹੀ ਆਨੰਦ ਉਲਾਸ ਨਸੀਬ ਹੋਇਆ। ਉਸ ਸੁਖ ਦੀ ਗਹਿਣ-ਗਤਿ ਕਥੀ ਹੀ ਨਹੀਂ ਜਾਂਦੀ।

**ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥ ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥ ੧ ॥**

(ਕੇਦਾਰਾ ਰਵਿਦਾਸ ਜੀਉ, ਪੰਨਾ ੧੧੨੪)

ਸ਼ਾਸਤ੍ਰਾਂ ਦੇ ਦਸੇ ਖਟ ਕਰਮ ਕਰਨ ਵਾਲਾ ਹੋਵੇ, ਚੰਗੀ ਖ਼ਾਨਦਾਨੀ ਕੁਲ ਵਾਲਾ ਹੋਵੇ, ਪ੍ਰੰਤੂ ਪਰਮਾਤਮਾ ਦੇ ਚਰਨ ਕੰਵਲਾਂ ਦੀ ਕਥਾ ਦਾ ਰਸੀਆ ਨਾ ਹੋਵੇ, ਵਾਹਿਗੁਰੂ-ਸਿਮਰਨ ਦੇ ਰਸ ਤੋਂ ਬਿਹੂਣਾ ਹੋਵੇ, ਉਹ ਚੰਡਾਲ ਦੇ ਸਮਾਨ ਹੈ। ਬਿਨ ਸਿਮਰਨ, ਬਿਨ ਹਰਿ-ਰਸ ਆਇਆਂ ਉੱਚੇ ਤੋਂ ਉੱਚੇ ਕਰਮ ਕੀਤੇ ਨਿਸਫਲ ਹਨ।

**ਭੈਰਉ ਮਹਲਾ ੧ ॥ ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥ ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥ ੧ ॥ ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥ ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥ ੧ ॥ ਰਹਾਉ ॥ ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥ ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥ ੨ ॥ ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥ ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥ ੩ ॥ ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥ ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤਿ ਕੈ ਬਾਂਧੈ ਭੇਖੁ ਭਇਆ ॥ ੪ ॥ ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ ॥ ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ ॥ ੫ ॥ ੭ ॥ ੮ ॥**

(ਪੰਨਾ ੧੧੨੭)

ਵਿਆਖਿਆ— ਤੱਤ ਭਾਵ ਇਸ ਗੁਰਵਾਕ ਸਮੁੱਚੇ ਦਾ ਇਹ ਹੈ ਕਿ ਸਰਬ ਸ੍ਰੇਸ਼ਟ ਸਰਬੋਤਮ ਵਸਤੂ ਤੱਤ ਪਦਾਰਥ ਗੁਰਮਤਿ ਨਾਮ ਹੀ ਹੈ, ਜੋ ਕੇਵਲ ਗੁਰ ਪ੍ਰਸਾਦ ਕਰਿ ਹੀ ਮਿਲਦਾ ਹੈ, ਜਿਸ ਤੋਂ ਬਿਨਾਂ ਸਾਰੇ ਕਰਮ ਧਰਮ ਆਨਮਤੀਆਂ ਮਨਤੀਆਂ ਦੇ ਸਭਿ ਫ਼ਜ਼ੂਲ ਹਨ, ਨਿਰੀ ਖਲਜਗਣ ਵਾਲੇ ਹੀ ਹਨ। ਭਰਮਾਂ ਵਿਚ ਹੀ ਪਾਉਂਦੇ ਹਨ ਕਰਮ ਧਰਮ ਕਰਨ ਵਾਲੇ ਪ੍ਰਾਣੀ ਨੂੰ। ਨਾ ਹੀ

ਏਹਨਾਂ ਕਰਮਾਂ ਦੁਆਰਾ ਪ੍ਰਾਣੀ ਦਾ ਭਰਮ ਦੂਰਿ ਹੁੰਦਾ ਹੈ, ਨਾ ਹੀ ਮੁਕਤੀ ਕਿਸੇ ਨੂੰ ਪ੍ਰਾਪਤਿ ਹੁੰਦੀ ਹੈ। ਗੁਰਮਤਿ-ਨਾਮ-ਸਿਮਰਨ ਦੁਆਰਾ ਹੀ ਤੱਤ ਮੁਕਤਿ ਸ਼ਾਂਤੀ ਪ੍ਰਾਪਤਿ ਹੁੰਦੀ ਹੈ। ਪਾਰਬ੍ਰਹਮ ਪਰਮਾਤਮਾ ਹਰੇਕ ਥਾਨ ਪਰੀਪੂਰਨ ਅਤੇ ਹਾਜ਼ਰ ਨਾਜ਼ਰ ਦਿਸਦਾ ਹੈ। ਨਾਮ ਦੇ ਮੁਕਾਬਲੇ ਤੇ ਹੋਮ ਜੱਗ ਪੂਜਾ ਪਾਠ ਆਨਮਤ ਮਤਾਂਤ ਦੇ ਸਿਖਾ ਸੂਤ ਆਦਿ ਭੇਖ ਕਿਸੇ ਕੰਮ ਦੇ ਨਹੀਂ। ਵਿਸਥਾਰ ਵਿਆਖਿਆ ਇਸ ਗੁਰਵਾਕ ਦੀ ਇਹ ਹੈ—

ਬਹੁਤ ਜੱਗ ਕੀਤੇ, ਜਗ ਦੇ ਹਮਨ (ਹੋਮ) ਕੀਤੇ, ਜਪ ਤਪ ਪੂਜਾ ਆਦਿ ਆਨਮਤ ਕਰਮ ਕੀਤੇ, ਸਭਿ ਨਿਹਫਲ ਹਨ। ਏਹਨਾਂ ਕਰਮਾਂ ਦੇ ਕੀਤਿਆਂ ਦੇਹੀ ਦੁਖੀ ਹੁੰਦੀ ਹੈ। ਤੇ ਨਿਤ ਨਵੇਂ ਦੁਖ ਸਹਿੰਦੀ ਹੈ, ਹੋਰ ਹਾਸਲ ਕੁਝ ਨਹੀਂ ਹੁੰਦਾ। ਅਰਥ ਨਾ ਪ੍ਰਮਾਰਥ ਕੁਝ ਭੀ ਸਿੱਧ ਨਹੀਂ ਹੁੰਦਾ। ਮੁਕਤੀ ਤਾਂ ਕੀ ਕਿਸੇ ਨੂੰ ਮਿਲਣੀ ਸੀ ਏਹਨਾਂ ਕਰਮਾਂ ਦੇ ਕੀਤਿਆਂ। ਕਿਉਂਕਿ ਮੁਕਤੀ ਦਾ ਘਰ ਦੂਰ ਹੈ, ਸਗੋਂ ਦੇਹੀ ਨੂੰ ਰੋਗ ਲਗ ਜਾਂਦੇ ਹਨ। ਵਰਮੀ ਮਾਰੀ ਤੇ ਸੱਪ ਕਦੇ ਨਹੀਂ ਮਰਦਾ। ਮਨ ਭੀ ਸ਼ੁੱਧ ਤੇ ਸ਼ਾਂਤ ਨਹੀਂ ਹੁੰਦਾ, ਕਿਸੇ ਕਰਮ ਕਾਂਡੀ ਦਾ। ਗੁਰਮਤਿ ਨਾਮ ਦੁਆਰਾ ਰਮਤ ਰਾਮ ਜਪੇ ਬਿਨਾਂ ਮੁਕਤੀ ਕਦੇ ਨਹੀਂ ਮਿਲਦੀ। ਮੁਕਤੀ ਮਿਲਦੀ ਹੈ ਤਾਂ ਗੁਰਮਤਿ ਨਾਮ ਜਪਿਆਂ ਗੁਰਮੁਖਿ ਜਨਾਂ ਨੂੰ ਹੀ ਮਿਲਦੀ ਹੈ। ਜਿਸ ਨੂੰ ਗੁਰਮਤਿ ਰਮਤ ਰਾਮ ਪ੍ਰਾਪਤਿ ਨਹੀਂ ਹੋਇਆ, ਓਸ ਦਾ ਜਗ ਵਿਚ ਜਨਮਿਆ, ਜੰਮ ਕੇ ਮਾਨੁਖਾ ਜਨਮ ਧਾਰਿਆ ਐਵੇਂ ਬਿਰਥਾ ਹੀ ਗਇਆ। ਉਸ ਦਾ ਜਗ ਵਿਚ ਜੀਊਣਾ ਪਸ਼ੂ ਤੋਂ ਭੀ ਭੈੜਾ ਹੈ। ਨਾਮ-ਅੰਮ੍ਰਿਤ ਨੂੰ ਛਡ ਕੇ ਉਹ ਬਿਖ-ਜੀਵਣੀ ਹੀ ਜੀਵੰਦਾ ਹੈ, ਬਿਖ ਹੀ ਖਾਂਦਾ ਹੈ, ਬਿਖਿਆ ਦੇ ਹੀ ਗ੍ਰਾਸ ਲੈਂਦਾ ਹੈ, ਬਿਖ ਦੇ ਹੀ ਘੁਟ ਪੀਂਦਾ ਹੈ, ਬਿਖ ਭਰੇ ਬੋਲ ਹੀ ਬੋਲਦਾ ਹੈ। ਇਉਂ ਅਹਿਨਿਸਿ ਬਿਖ ਬੋਲੀ ਬੋਲਦਿਆਂ ਹੀ ਉਸ ਦੀ ਆਵਰਦਾ ਬਿਹਾਵੰਦੀ ਹੈ ਅਤੇ ਨਾਮ ਤੋਂ ਬਿਨਾਂ ਨਿਹਫਲ ਹੀ ਜਾਂਦੀ ਹੈ। ਬਿਖਿਆ-ਮਾਤੇ ਦਾ ਬਿਖਿਆ ਦੇ ਸੰਕਲਪਾਂ ਫੁਰਨਿਆਂ ਵਿਚ ਹੀ ਉਸ ਦਾ ਅੰਤ (ਮਰਨਾ) ਹੋ ਜਾਂਦਾ ਹੈ, ਅੰਤ ਕਾਲ ਬਿਖਿਆ ਦੇ ਸੰਕਲਪਾਂ ਫੁਰਨਿਆਂ ਨਲਿ ਜਾਨ ਜੁ ਨਿਕਲਦੀ ਹੈ। ਇਸ ਕਰਕੇ ਉਹ ਮਰ ਕੇ ਬਿਸ਼ਟਾ-ਖਾਣੇ ਕਾਵਾਂ ਕੁੱਤਿਆਂ ਦੀਆਂ ਜੂਨਾਂ ਵਿਚਿ ਭਰਮਦਾ ਹੈ। ਇਹ ਲੱਖ ਚੁਰਾਸੀ ਜੂਨੀਆਂ ਦਾ ਗੇੜ ਮੁਕਦਾ ਹੀ ਨਹੀਂ।

ਭਾਵੇਂ ਸਾਰਾ ਦਿਨ ਵਿਆਕਰਣ ਆਦਿਕ ਆਨਮਤ ਪੁਸਤਕਾਂ ਦਾ ਪਾਠ ਕਰਦਾ ਰਹੇ ਤੇ ਤ੍ਰਿਕਾਲਾਂ ਪਈਆਂ ਤੇ ਸੰਧਿਆਂ ਕਰਮ ਭੀ ਕਰੇ। ਉਸ ਪ੍ਰਾਣੀ ਨੂੰ ਮੁਕਤੀ ਕਿਥੇ? ਏਹਨਾਂ ਕਰਮਾਂ ਦੇ ਕੀਤਿਆਂ ਮੁਕਤੀ ਕਦੇ ਨਹੀਂ ਮਿਲਦੀ। ਮੁਕਤਿ ਪਦਾਰਥ ਪ੍ਰਾਪਤਿ ਹੁੰਦਾ ਹੈ ਤਾਂ ਗੁਰਮਤਿ ਨਾਮ ਦੇ ਅਭਿਆਸ ਤੋਂ ਹੁੰਦਾ ਹੈ। ਗੁਰਮਤਿ ਨਾਮ ਦਾ ਅਭਿਆਸ ਦ੍ਰਿੜ੍ਹ ਹੁੰਦਾ ਹੈ ਗੁਰ-ਸ਼ਬਦ ਗੁਰ-ਦੀਖਿਆ ਤੋਂ, ਜੋ ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰੇ ਪ੍ਰਾਪਤਿ ਹੁੰਦੀ ਹੈ, ਹਰ ਇਕ ਪ੍ਰਮਾਰਥ ਦੇ ਜਗਿਆਸੂ ਨੂੰ। ਨਹੀਂ ਤਾਂ ਨਾਮ-ਸਿਮਰਨ ਬਾਝੋਂ ਹੋਰ ਕਰਮਾਂ ਕਾਂਡਾਂ ਦੇ ਕਰਨਹਾਰੇ ਏਹਨਾਂ ਕਰਮਾਂ ਕਾਂਡਾਂ ਦੇ ਜੰਜਾਲ-ਝਮੇਲੇ ਵਿਚਿ ਹੀ ਉਲਝ ਉਲਝ ਕੇ ਮਰ ਜਾਂਦੇ ਹਨ।

ਜੋ ਆਨਮਤੀ, ਆਨਮਤ ਕਰਮ-ਕਾਂਡੀ ਪੁਰਸ਼ ਸੰਨਿਆਸ ਭੇਖ ਧਾਰਨ ਕਰ ਕੇ, ਹੱਥ ਵਿਚਿ ਡੰਡਾ ਤੇ ਕਮੰਡਲ ਫੜ ਕੇ ਤੇ ਸਿਰ ਤੇ ਸਿਰਫ਼ ਬੋਦੀ ਰਖ ਕੇ (ਹੋਰ ਸਭ ਮੂੰਡ ਮੁੰਡਾਇਕੈ) ਅਤੇ ਗਲ ਵਿਚਿ ਜਨੇਊ ਪਾ ਕੇ ਅਤੇ ਤੇੜ ਧੋਤੀ ਪਾ ਕੇ, ਇਉਂ ਕਰਮ-ਕਾਂਡੀ ਬਣ ਕੇ ਅਨੇਕਾਂ ਤੀਰਥਾਂ ਤੇ ਭਉਂਦਾ ਭਰਮਦਾ ਫਿਰਦਾ ਹੈ, ਉਹ ਐਵੇਂ ਖੱਜਲ ਹੀ ਹੁੰਦਾ ਹੈ। ਉਸ ਦੇ ਮਨ ਨੂੰ ਭੋਰਾ ਭਰ ਭੀ

ਸ਼ਾਂਤੀ ਨਹੀਂ ਆਉਂਦੀ। ਸ਼ਾਂਤੀ ਕਿਥੋਂ ਅਤੇ ਕਿਵੇਂ ਆਵੇ ਨਾਮ ਤੋਂ ਬਿਨਾਂ? ਨਾਮ ਉਹ ਜਪਦਾ ਨਹੀਂ। ਜਪੇ ਕਿਕੁਰ, ਗੁਰੂ ਘਰ ਬਿਨਾਂ? ਗੁਰੂ ਦਾ ਸਿਖ ਬਣੇ ਬਿਨਾਂ? ਨਿਰਾ ਨਿਗੁਰਾ ਰਹੇ ਤੇ ਨਾਮ ਉਸਨੂੰ ਮਿਲਦਾ ਨਹੀਂ। ਨਾਮ ਜਪੇ ਤਾਂ ਉਸ ਦਾ ਪਾਰ-ਉਤਾਰਾ ਹੋਵੇ।

ਫੇਰ ਜੋ ਹੋਰ ਸੁਆਹ ਲਾ ਕੇ ਲੰਮੀਆਂ ਜਟਾਂ ਬਣਾਉਣ ਤੇ ਵਧਾਉਣ ਦਾ ਉਹ ਸਾਧਨ ਕਰਦਾ ਹੈ, ਲੰਮੀਆਂ ਜਟਾਵਾਂ ਦਾ ਲੰਮ-ਚੁੜਾ ਵਾਲਾ ਜੂੜਾ ਸਿਰ ਤੇ ਬੰਨ੍ਹਦਾ ਹੈ ਅਤੇ ਤਨ (ਸਰੀਰ) ਉਤੇ ਮਲ ਕੇ ਭਸਮ ਚੜ੍ਹਾ ਲੈਂਦਾ ਹੈ, ਸਰੀਰ ਦੇ ਸਾਰੇ ਬਸਤ੍ਰ ਉਤਾਰ ਕੇ ਸੁਆਹ ਬਿਭੂਤ ਸਰੀਰ ਤੇ ਰੁਮਾਇ ਕੇ ਤਨੋਂ ਨੰਗ-ਮ-ਨੰਗਾ ਸਾਧ ਬਣ ਕੇ ਪਰਪੰਚ ਰਚ ਲੈਂਦਾ ਹੈ ਤੇ ਨਾਂਗਿਆਂ ਵਾਲਾ ਭੇਖ ਬਣਾ ਕੇ ਨਗਨ ਸਾਧ ਬਣਿ ਬਹਿੰਦਾ ਹੈ, ਉਹ ਐਵੇਂ ਭਟਕਦਾ ਹੀ ਫਿਰਦਾ ਹੈ। ਉਸ ਦੀ ਭਟਕਣਾ ਮਿਟਦੀ ਨਹੀਂ। ਉਸ ਦੀ ਤ੍ਰਿਸ਼ਨਾ ਮਰਦੀ ਨਹੀਂ। ਉਸ ਨੂੰ ਤ੍ਰਿਪਤੀ ਕਿਤੋਂ ਭੀ ਨਹੀਂ ਆਉਂਦੀ। ਏਹਨਾਂ ਭੇਖਾਂ ਵਿਚਿ ਤ੍ਰਿਪਤੀ ਸ਼ਾਂਤੀ ਨਹੀਂ ਹੈ; ਗੁਰਮਤਿ ਨਾਮ ਅਭਿਆਸ ਕਮਾਈ ਵਿਚਿ ਹੀ ਹੈ। ਨਾਮ ਅਭਿਆਸ ਕਮਾਈ ਬਿਨਾਂ, ਗੁਰਮਤਿ ਨਾਮ ਦੇ ਸਿਮਰਨ ਬਿਨਾਂ, ਕਿਸੇ ਭੀ ਕਰਮ ਕਾਂਡ ਜਾਂ ਭੇਖ ਦੇ ਧਾਰਨ ਕੀਤਿਆਂ ਤ੍ਰਿਪਤੀ ਨਹੀਂ ਆਉਂਦੀ। ਸਗੋਂ ਅਜਿਹੇ ਹੀ ਪਾਖੰਡ ਕਰਮਾਂ ਦੀ ਕਿਰਤ ਕਮਾਈ ਦਾ ਫੇੜਿਆ ਵੇੜਿਆ ਹੋਇਆ ਭੇਖਾਂ ਦੇ ਗੇੜ ਵਿਚ ਹੀ ਪਇਆ ਰਹਿੰਦਾ ਹੈ।

ਜਲਾਂ ਵਿਚਿ, ਥਲਾਂ ਵਿਚਿ, ਅਰਥਾਤ, ਪਾਣੀ ਦੇ ਸਾਗਰਾਂ ਵਿਚ ਪਾਣੀ ਦੇ ਜੰਤ ਜਿਤਨੇ ਭੀ ਹਨ ਅਤੇ ਸੁੱਕੀ ਧਰਤੀ (ਥਲ) ਉਤੇ ਰਹਿਣ ਵਾਲੇ ਜਿਤਨੇ ਭੀ ਚਰਾਚਰ ਜੀਵ ਹਨ ਅਤੇ ਧਰਤੀ ਤੇ ਅਸਮਾਨ ਵਿਚਕਾਰਲੇ ਪੁਲਾੜ ਮੱਧੇ ਉਡਾਰੀਆਂ ਲਾਉਣ ਵਾਲੇ ਪੰਛੀ ਹਨ ਅਤੇ ਜਿਥੇ ਕਿਥੇ ਭੀ ਹਨ, ਹੇ ਵਾਹਿਗੁਰੂ! ਤੂੰ ਏਹਨਾਂ ਸਰਬੱਤ੍ਰ ਜੀਵਾਂ ਅੰਦਰਿ ਵਰਤ ਰਿਹਾ ਹੈਂ। ਪਰ ਸਾਰੇ ਜੀਵ ਅਗਿਆਨ ਭਰਮ ਦੇ ਮਾਰੇ ਹੋਏ, ਹੇ ਵਾਹਿਗੁਰੂ! ਤੈਨੂੰ ਛਡ ਕੇ ਅਤੇ ਤੇਰੇ ਨਾਮ ਸਿਮਰਨ ਨੂੰ ਛਡ ਕੇ ਹੋਰ ਬਿਖ ਮਾਇਆ ਦੇ ਕਰਮਾਂ ਵਿਚ ਪਰਵਿਰਤ ਹੋ ਰਹੇ ਹਨ। ਹੋਰ ਤਾਂ ਹੋਰ, ਸਰਬ ਜੀਆਂ ਜੰਤਾਂ ਦਾ ਸਿਰਤਾਜ ਅਸ਼ਰਫ਼ੁਲ-ਮਖ਼ਲੂਕਾਤ ਦੀ ਪਦਵੀ ਵਾਲਾ ਇਨਸਾਨ ਮਨੁੱਖ ਭੀ ਇਸ ਬਿਖ-ਮਾਇਆ ਦਾ ਭੁਚਲਾਇਆ ਹੋਇਆ, ਬਿਖਿਆ ਰੂਪੀ ਮਾਇਆ ਦਾ ਸੰਚਨ ਹੀ ਸੰਚ ਰਿਹਾ ਹੈ ਅਤੇ ਬਿਖਿਆਵੀ ਮਾਇਆਵੀ ਖਟੀ ਖਟਣ ਦੇ ਬਿਖੂ ਕਰਮਾਂ ਦੇ ਕਰਨ ਵਿਚਿ ਹਮਾਤਨ ਮਸਰੂਫ਼ ਹੋਇਆ ਹੋਇਆ ਹੈ। ਉਸ ਨੂੰ ਬਿਖ-ਮਾਇਆ-ਬਿਹਾਜਣੇ ਕਰਮਾਂ ਤੋਂ ਬਿਨਾਂ ਹੋਰ ਕੁਛ ਸੁਝਦਾ ਹੀ ਨਹੀਂ। ਜਿਉਂ ਜਿਉਂ ਇਹ ਕਰਮ ਕਰਦਾ ਹੈ ਤਿਉਂ ਤਿਉਂ ਤੈਥੋਂ ਵਿਛੁੜ ਕੇ ਲੱਖ ਕੋਹਾਂ ਦੀ ਵਿਥ ਤੇ ਪਰੇਡੇ ਹੋ ਰਿਹਾ ਹੈ। ਏਹਨਾਂ ਇਨਸਾਨਾਂ ਵਿਚੋਂ ਜਿਸ ਕਿਸੇ ਨੂੰ ਇਸ ਮਾਇਆ ਬਿਖਿਆ ਦੀ ਉਲਝਣ ਵਿਚੋਂ, ਮਾਇਆ ਦੀ ਚਿੱਕੜ ਵਾਲੀ ਗਡਣ ਵਿਚੋਂ ਗੁਰ ਪ੍ਰਸਾਦ ਕਰਿ ਨਿਕਲਣ ਦਾ ਵਡਭਾਗਾ ਅਵਸਰ ਮਿਲਿਆ ਹੈ, ਤਿਸ ਨੂੰ ਗੁਰੂ ਨਾਨਕ ਨੇ ਆਪਣੇ ਘਰ (ਗੁਰੂ ਸਰ ਵਿਚ) ਲਿਆਇ ਕੈ ਦੀਖਸ਼ਾਇ ਕੈ ਅੰਮ੍ਰਿਤ ਨਾਮ ਦਾ ਗੱਫਾ ਬਖ਼ਸ਼ਿਆ ਹੈ। ਜਿਸ ਅੰਮ੍ਰਿਤ-ਨਾਮ ਦੇ ਛਾਂਦੇ ਨੂੰ ਛਕ ਕੇ ਗੁਰੂ ਨਾਨਕ ਦੇ ਘਰ ਦੇ ਸਿਖ ਸੱਜਣਾਂ ਗੁਰਮੁਖਾਂ ਨੇ ਇਸ ਬਿਖ ਮਾਇਆ ਵਿਚੇ ਹੀ (ਬਿਖ ਮਾਇਆ ਵਿਚਿ ਰਹਿੰਦਿਆਂ ਹੋਇਆਂ) ਝੋਲ ਕੇ ਅੰਮ੍ਰਿਤ ਦੇ ਗਟਾਕ ਹੀ ਭੁੰਚੇ ਪੀਤੇ ਹਨ। ਬਸ, ਅਜਿਹਾ ਅੰਮ੍ਰਿਤ ਗਟਾਕੀ ਨਾਮ ਰਸ ਪੀਤਾ ਹੈ। ਬਾਂਹ ਪਕਰ ਕੇ ਤਿਨ੍ਹਾਂ ਨੂੰ ਆਪਿ ਹੀ ਗੁਰੂ ਕਰਤਾਰ ਨੇ ਰਖ ਲੀਤਾ ਹੈ। ਜਿਨ੍ਹਾਂ ਦੀ ਇਸ ਪ੍ਰਕਾਰ ਗੁਰ ਪ੍ਰਸਾਦ ਕਰਿ ਰਖਿਆ ਹੋਈ ਹੈ, ਤੇ ਸਭ ਭਵਜਲੋਂ ਪਾਰ ਪਏ ਹਨ। ਮੁਕਤੀ ਓਹਨਾਂ ਦੇ ਚਰਨ ਚੁੰਮਦੀ ਫਿਰਦੀ ਹੈ।

**ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ ॥ ਪੂਰਨ ਪਰਮਾਨੰਦ ਮਨਿ ਮੀਠੋ ਤਿਸੁ ਬਿਨੁ ਦੂਸਰ ਨਾਹਿ ॥ ੧ ॥ ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ ॥ ਚਰਨ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ ॥ ੨ ॥ ੭੨ ॥ ੯੫ ॥**

(ਸਾਰੰਗ ਮਃ ੫, ਪੰਨਾ ੧੨੨੨)

ਵਿਆਖਿਆ— ਵਾਹਿਗੁਰੂ ਦੇ ਭਜਨ ਬਿਨਾਂ ਹੋਰਿ ਜਿਤਨੇ ਭੀ ਕੰਮ ਅਤੇ ਕਰਮ ਕਰੀਦੇ ਹਨ, ਤਿਤਨੇ ਹੀ ਸਭਿ ਬਿਰਥੇ ਜਾਂਦੇ ਹਨ। ਜਿਨ੍ਹਾਂ ਦੇ ਹਿਰਦੇ ਅੰਦਰਿ ਪੂਰਨ ਪਰਮਾਨੰਦ ਮਨਮੋਹਨ ਵਾਹਿਗੁਰੂ ਦਾ ਨਾਮ ਹੀ ਵਸਿਆ ਹੋਇਆ ਹੈ ਅਤੇ ਨਾਮ ਬਿਨਾਂ ਦੂਜੇ ਭਾਵ ਵਾਲਾ ਕੋਈ ਭੀ ਸੰਸਕਾਰ ਨਹੀਂ ਸਮਾਇਆ ਹੋਇਆ, ਉਸ ਦੇ ਮੁਕਾਬਲੇ ਵਿਚ ਸਾਰੇ ਜਪ ਤਪ ਸੰਜਮ (ਇੰਦ੍ਰੀਆਂ ਨੂੰ ਦਮਨ ਕਰਨ ਦੇ ਯਤਨ) ਅਤੇ ਸਾਰੇ ਸੰਸਾਰੀ ਸੁਖ ਵਾਸ਼ਨਾ ਵਾਲੇ ਕਰਮ ਤਿਲ ਭਰ ਭੀ ਤੁੱਲਤਾ ਨਹੀਂ ਰਖਦੇ। ਗੁਰੂ ਨਾਨਕ ਦੇ ਘਰ ਦੇ ਗੁਰਮੁਖਿ ਅਭਿਆਸੀ ਜਨਾਂ ਨੂੰ ਜੋ ਆਤਮ-ਸੁਖ ਨਾਮ ਜਪ ਕੇ ਚਰਨ-ਕੰਵਲਾਂ ਦੀ ਮਉਜ ਮਾਨਣ ਦਾ ਨਸੀਬ ਹੋਇਆ ਹੈ, ਉਸ ਦੇ ਸਮਾਨ ਹੋਰ ਕੋਈ ਸੁਖ ਨਹੀਂ। ਲੱਖਾਂ ਆਨਮਤ ਕਰਮਾਂ ਦੇ ਕੀਤਿਆਂ ਤਸੂ ਮਾਤਰ ਭੀ ਸੁਖ ਪ੍ਰਾਪਤਿ ਨਹੀਂ ਹੁੰਦਾ, ਚਰਨ ਕੰਵਲਾਂ ਦੀ ਮਉਜ ਦੇ ਪਰਮ ਅਨੰਦੀ ਸੁਖ ਦੇ ਬਰਾਬਰਿ। ਜਿਨ੍ਹਾਂ ਗੁਰੂ ਘਰ ਦੇ ਗੁਰਮੁਖਿ ਜਨਾਂ ਨੇ ਅਕਾਲ ਪੁਰਖ ਦੇ ਚਰਨ ਕੰਵਲਾਂ ਦੀ ਮਉਜ ਵਿਚ ਹੀ ਮਨ ਹਿਰਦੇ ਨੂੰ ਬੇਧਿਆ ਹੋਇਆ ਹੈ, ਉਹ ਬਸ ਚਰਨਾਂ ਕੇਵਲਾਂ ਦੀ ਮਉਜ ਵਿਚਿ ਹੀ ਸਦਾ ਸਮਾਇ ਰਹਿੰਦੇ ਹਨ।

ਗੁਰੂ ਨੂੰ ਧਾਰਨ ਕਰ ਕੇ, ਗੁਰੂ ਦੁਆਰਿਓਂ ਗੁਰ-ਦੀਖਿਆ ਮਿਲਣ ਕਰਕੇ ਵਾਹਿਗੁਰੂ ਦਾ ਸਿਮਰਨ ਕਰਨ ਨਾਲਿ ਹੀ ਪਾਪਾਂ ਦਾ, ਪਾਪ-ਕਰਮਾਂ ਦਾ ਦਹਿਨ ਹੁੰਦਾ ਹੈ, ਪਾਪ ਅਤੇ ਪਾਪ ਕਰਮ ਦੂਰ ਹੁੰਦੇ ਹਨ। ਖਟ ਕਰਮ ਆਦਿ ਆਨਮਤ ਕਰਮਾਂ ਦੇ ਜਤਨ ਸਭ ਨਿਸਫਲ ਹਨ। ਯਥਾ ਗੁਰਵਾਕ—

**ਕਾਨੜਾ ਮਹਲਾ ੫ ॥ ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ ॥ ੧ ॥ ਰਹਾਉ ॥ ਤਟਨ ਖਟਨ ਜਟਨ ਹੋਮਨ ਨਾਹੀ ਡੰਡ ਧਾਰ ਸੁਆਉ ॥ ੧ ॥ ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥ ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥ ੨ ॥ ੨ ॥ ੩੯ ॥**

(ਪੰਨਾ ੧੩੦੬)

ਤਾਤਪਰਯ ਵਿਆਖਿਆ— ਵਾਹਿਗੁਰੂ ਨਾਮ ਦਾ ਉਚਾਰਨ ਮਾਤਰ ਹੀ ਪਾਪ ਕਰੰਮਾਂ ਦੀਆਂ ਕੋਟਿ ਮੈਲਾਂ ਨੂੰ ਦਹਿਨ ਦਾਹ ਸਿਟਣ, ਸਾੜ ਦੇਣ ਲਈ ਸਮਰੱਥ ਹੈ। ਪ੍ਰੰਤੂ ਇਸ ਗੁਰਮਤਿ-ਨਾਮ ਦੇ ਸਿਮਰਨ ਨੂੰ ਲਹੀਦਾ (ਹਾਸਲ ਕਰੀਦਾ) ਹੈ ਗੁਰੂ ਨੂੰ ਮਿਲ ਕੇ ਹੀ। ਜੋ ਇਸ ਗੁਰਮਤਿ ਨਾਮ ਦੇ ਸਿਮਰਨ ਨੂੰ ਹਾਸਲ ਕਰਦੇ ਹਨ, ਸੋ ਗੁਰੂ ਨੂੰ ਮਿਲ ਕੇ ਹੀ, ਗੁਰੂ ਧਾਰਨ ਕਰ ਕੇ ਹੀ ਕਰਦੇ ਹਨ। ਨਿਗੁਰਿਆਂ, ਗੁਰੂ-ਹੀਣਿਆਂ ਨੂੰ ਇਹ ਨਾਮ ਤੇ ਨਾਮ ਦਾ ਸਿਮਰਨ ਨਹੀਂ ਮਿਲਦਾ। ਹੋਰ ਕੋਈ ਉਪਾਉ ਹੈ ਹੀ ਨਹੀਂ, ਨਾਮ ਸਿਮਰਨ ਦੇ ਮਿਲਣ ਦਾ। ਤਟ ਤੀਰਥਾਂ ਤੇ ਵੱਸਣਾ, ਤੀਰਥਾਂ ਦੇ ਕੰਢਿਆਂ

(ਕਿਨਾਰਿਆਂ) ਤੇ ਜਾ ਵਾਸਾ ਕਰਨਾ, ਖਟ ਕਰਮਾਂ ਦਾ ਕਰਨਾ, ਜਟਾਂ ਧਾਰਨੀਆਂ, ਹੋਮ ਯਗ ਆਦਿਕ ਕਰਮ ਕਰਨੇ, ਜੋਗੀਆਂ ਵਾਂਗੂੰ ਖਿੰਥਾ ਡੰਡਾ ਧਾਰੀ ਬਣਨਾ, ਇਹ ਸਭ ਪਖੰਡ ਕਰਮ ਕਿਸੇ ਭੀ ਅਰਥ ਨਹੀਂ, ਸਭ ਬੇਅਰਥ ਨਿਕੰਮੇ ਹਨ। ਏਹਨਾਂ ਕਰਮਾਂ ਦੁਆਰਾ ਅਸਲ ਮਨੋਰਥ-ਸਿੱਧੀ ਨਹੀਂ ਹੁੰਦੀ। ਭਾਂਤ ਭਾਂਤ ਦੇ ਅਨਿਕ ਪ੍ਰਕਾਰ ਆਨਮਤ ਯਤਨ ਕਰਨੇ, ਅਰ ਬਹੁ ਬਹੁ ਭਾਂਤੀ ਤਪ ਸਾਧਣੇ, ਐਵੇਂ ਥਾਉਂ ਥਾਈਂ ਭਉਂਦੇ ਭ੍ਰਮਦੇ ਫਿਰਨਾ, ਮਨ-ਉਕਤ ਕਥਨੀਆਂ ਕਥਦੇ ਫਿਰਨਾ, ਏਹਨਾਂ ਕਰਮਾਂ ਦੇ ਕਰਨ ਕਰਿ ਦਰਗਾਹ ਅੰਦਰਿ ਜਾ ਕੇ ਕੋਈ ਠਉਰ ਠਿਕਾਣਾ ਨਹੀਂ ਮਿਲਦਾ। ਨਾ ਹੀ ਬੇਅੰਤ ਵਾਹਿਗੁਰੂ ਦੀ ਥਾਹ ਪਾਈ ਜਾ ਸਕਦੀ ਹੈ। ਹੋਰ ਸਭ ਸਾਧਨ ਆਨਮਤ ਕਰਮਾਂ ਦੇ ਠੋਕ ਵਜਾ ਕੇ ਅਜ਼ਮਾਏ ਗਏ ਹਨ। ਸਗਰੀ ਸੋਧਨਾ ਬਣਾ ਕੇ ਸੋਧੀ ਗਈ ਹੈ। ਸੱਚਾ ਸੁਖ ਏਸੇ ਵਿਚ ਹੈ ਕਿ ਗੁਰੂ ਨਾਨਕ ਸੁਮੱਤਿਆ ਹੋਇਆ, ਦੀਖਸ਼ਾਤਿਆ ਹੋਇਆ ਨਾਮ ਹੀ ਜਪਿਆ ਜਾਵੇ, ਖਿਨ ਨਾ ਵਿਸਾਰਿਆ ਜਾਵੇ। ਹੋਰ ਕਰਮ ਧਰਮ ਸਭਿ ਵਿਸਰਿ ਜਾਣ ਤਾਂ ਨਿਸ਼ੰਗ ਵਿਸਰਿ ਜਾਣ, ਕੋਈ ਪਰਵਾਹ ਨਹੀਂ। ਪਰਵਾਹ ਹੈ ਤਾਂ ਇਕੋ ਗੱਲ ਦੀ ਹੈ ਕਿ ਨਾਮ ਨਾ ਵਿਸਰੇ। ਇਕ ਪਲ ਚਸਾ ਨਾ ਵਿਸਰੇ।

ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ ॥੧॥ ਰਹਾਉ॥

(ਆਸਾ ਮਃ ੫, ਪੰਨਾ ੩੯੬)

ਨਾਮੁ ਨ ਬਿਸਰੈ ਤਬ ਜੀਵਨੁ ਪਾਈਐ ਬਿਨਤੀ ਨਾਨਕ ਇਹ ਸਾਰੈ ॥ ੨ ॥
੨੯ ॥ ੫੨ ॥

(ਸਾਰਗ ਮਃ ੫, ਪੰਨਾ ੧੨੧੪)

ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ ॥ ਜਲਿ ਹਸਤੀ
ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ ॥ ਹਰਿ ਮੇਲਹੁ ਸਤਿਗੁਰੁ
ਦਇਆ ਕਰਿ ਮਨਿ ਵਸੈ ਏਕੰਕਾਰੁ ॥ ਜਿਨ ਗੁਰਮੁਖਿ ਸੁਣਿ ਹਰਿ ਮੰਨਿਆ
ਜਨ ਨਾਨਕ ਤਿਨ ਜੈਕਾਰੁ ॥ ੨ ॥

(ਮਃ ੪, ਕਾਨੜੇ ਕੀ ਵਾਰ, ਪੰਨਾ ੧੩੧੪)

ਵਿਆਖਿਆ— ਨਾਮ ਸਿਮਰਨ ਤੋਂ ਬਿਨਾਂ ਜਿਹੜੇ ਕਰਮ ਕਮਾਏ ਜਾਂਦੇ ਹਨ, ਓਹਨਾਂ ਕਰਮਾਂ ਦੇ ਕਰਨ ਕਰ ਕੇ ਹਉਮੈ ਵਿਚਿ ਹੀ ਨਿਤ ਖੁਆਰ ਖੱਜਲ ਹੋਈਦਾ ਹੈ। ਉਕਤ ਕਰਮ ਕੀਤੇ ਐਸੇ ਹੀ ਖ਼ਾਕ ਵਿਚ ਮਿਲ ਜਾਂਦੇ ਹਨ, ਨੇਸਤੋ ਨਾਬੂਦ ਹੋ ਜਾਂਦੇ ਹਨ ਜਿਵੇਂ ਹਾਥੀ ਨੂੰ ਜਲ ਨਾਲਿ ਮਲ ਕੇ ਨਵ੍ਹਾਇਆ ਜਾਵੇ, ਉਹ ਮੁੜ ਕੇ ਸਿਰ ਵਿਚ ਖੇਹ ਹੀ ਪਾ ਲੈਂਦਾ ਹੈ। ਉਹਦਾ ਨ੍ਹਾਤਾ ਧੋਤਾ ਬਰਬਾਦ ਹੀ ਹੋ ਜਾਂਦਾ ਹੈ। ਜਿਸ ਉਪਰ ਵਾਹਿਗੁਰੂ ਨਿਰੰਕਾਰ ਦੀ ਦਇਆ-ਦ੍ਰਿਸ਼ਟੀ ਹੁੰਦੀ ਹੈ, ਉਸ ਨੂੰ ਸੱਚੇ ਸਤਿਗੁਰੂ ਦੇ ਦਰਸ਼ਨ ਭੇਟ ਮਿਲਾਪ ਹੋ ਜਾਂਦੇ ਹਨ। ਗੁਰੂ ਦੇ ਭੇਟ ਮਿਲਾਪ ਕਰਿ ਏਕੰਕਾਰ ਵਾਹਿਗੁਰੂ ਉਸ ਦੇ ਮਨ ਵਿਚਿ ਆ ਵਸਦਾ ਹੈ। ਇਹ ਸਭ ਸਤਿਗੁਰੂ ਦੀ ਦੀਖਿਆ ਦਾ ਪਰਤਾਪ ਹੈ। ਜਿਸ ਗੁਰਮੁਖਿ ਨੇ ਸਤਿਗੁਰੂ ਦੀ ਦੀਖਿਆ ਸੁਣ ਕੇ ਨਾਮ ਵਾਹਿਗੁਰੂ ਨੂੰ ਮਨ ਵਿਚਿ ਵਸਾਇਆ ਹੈ, ਉਹ ਜਨ ਗੁਰੂ ਨਾਨਕ ਸਾਹਿਬ ਦੀਆਂ ਅਸੀਸਾਂ ਭਰੀ ਜੈਕਾਰ-ਧੁਨਕਾਰ ਦਾ ਅਧਿਕਾਰੀ ਹੋ ਜਾਂਦਾ ਹੈ।

# ੨੩ - ਕਿਰਤ-ਕਰਮ

ਪੂਰਬਲੇ ਕਰਮਾਂ ਦੇ ਬਦਲੇ ਅਗਲੇਰੇ ਜਨਮ ਵਿਚਿ ਜਜ਼ਾ ਸਜ਼ਾ ਵਜੋਂ ਉਸੇ ਭੁਗਤ ਦੇ ਕਰਮ ਭੁਗਤਾਏ ਜਾਂਦੇ ਹਨ। ਬਾਰੰਬਾਰ ਉਹੀ ਇਕੋ ਕਰਮ ਕਰਨ ਦੀ ਜੋ ਵਹਿਬਤ ਪੈ ਜਾਂਦੀ ਹੈ, ਆਦਤ ਪੈ ਜਾਂਦੀ ਹੈ, ਉਸ ਵਹਿਬਤ ਆਦਤ ਅਧੀਨ ਜੋ ਭੀ ਕਰਮ ਪ੍ਰਾਣੀ ਕਰਦਾ ਹੈ, ਉਸ ਦਾ ਨਾਮ ਕਿਰਤ-ਕਰਮ ਹੈ। ਕਿਰਤ ਵਾਲੇ ਕਰਮ ਭੁਗਤਣੇ ਹੀ ਪੈਂਦੇ ਹਨ। ਮਿਟਦੇ ਨਹੀਂ। ਆਵਾ ਗਵਣ ਭੀ ਇਸ ਕਿਰਤ-ਕਰੰਮੀ ਗੇੜ ਕਰਕੇ ਹੁੰਦਾ ਹੈ। ਕਰਮਾਂ ਦੀ ਕਿਰਤ ਮੱਥੇ ਲਿਖੀ ਜਾਂਦੀ ਹੈ, ਕਰਮ ਭੁਗਤਾਉਣ ਲਈ। ਯਥਾ ਗੁਰਵਾਕ—

> **ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥ ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥ ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥ ੭ ॥**

(ਸਿਰੀਰਾਗੁ ਮਃ ੧, ਪੰਨਾ ੫੯)

ਭਾਵ ਅਰਥ— ਬਾਰੰਬਾਰ ਦੂਜੇ ਭਾਵ ਦੇ ਕਰਮ ਕਮਾਵਣ ਕਰਿ ਜੋ ਬੰਦੇ ਦੀ ਕਿਰਤ ਬਿਰਤ ਹੋ ਜਾਂਦੀ ਹੈ, ਵਹਿਬਤ ਰੂਪ, ਉਹ ਮੱਥੇ ਤੇ ਲਿਖੀ ਜਾਂਦੀ ਹੈ। ਉਸ ਅਨੁਸਾਰ ਉਹ ਜੂਨਾਂ ਵਿਚ ਆਉਂਦਾ ਜਾਂਦਾ ਹੈ ਅਤੇ ਆਵਾਗਉਣ ਦੇ ਚਕਰ ਵਿਚ ਭਉਂਦਾ ਹੈ। ਕਿਰਤ ਪਈ ਅਨੁਸਾਰ ਭਵਾਈਦਾ ਹੈ, ਅਗਲੇ ਜਨਮ ਵਿਚਿ ਹੀ ਕੁਕ੍ਰਿਤ ਕਰਮ ਜ਼ਰੂਰ ਹੀ ਉਸ ਤੋਂ ਹੁੰਦੇ ਹਨ। ਇਹ ਪਹਿਲੇ ਜਨਮ ਦੀ ਸਜ਼ਾ ਉਸ ਨੂੰ ਮਿਲਦੀ ਹੈ। ਉਹ ਉਸ ਨਾਲਿ ਕੋਈ ਬੇਇਨਸਾਫ਼ੀ ਨਹੀਂ ਹੁੰਦੀ, ਸਗੋਂ ਐਨ ਇਨਸਾਫ਼ ਹੁੰਦਾ ਹੈ। ਪੂਰਬਲਾ ਲੇਖ ਲਿਖਿਆ ਕਿਸੇ ਦਾ ਮਿਟਾਇਆ ਮਿਟਦਾ ਨਹੀਂ, ਕਿਉਂਕਿ ਓਹ ਕਰਮ ਰਜ਼ਾਇ ਅਨੁਸਾਰ ਲਿਖਿਆ ਗਇਆ ਹੁੰਦਾ ਹੈ। ਉਸ ਕਿਰਤ-ਕਰੰਮੀ ਲਿਖੇ ਲੇਖ ਤੋਂ ਛੁਟਕਾਰਾ ਹੁੰਦਾ ਹੈ ਤਾਂ ਸਤਿਗੁਰੂ ਦੁਆਰਾ ਨਾਮ ਮਿਲੇ ਤੋਂ ਹੁੰਦਾ ਹੈ, ਨਹੀਂ ਤਾਂ ਲੇਖ ਨਹੀਂ ਮਿਟਦਾ। "ਬਿਨੁ ਹਰਿ ਨਾਮ ਨ ਛੁਟੀਐ"। ਪ੍ਰੰਤੂ ਨਾਮੁ ਮਿਲਦਾ ਹੈ ਗੁਰਮਤਿ ਕਰਕੇ ਗੁਰੂ ਦਾ ਮਿਲਾਇਆ ਹੀ ਮਿਲਦਾ ਹੈ। ਇਸ ਬਿਧਿ ਕਰਮ-ਕਿਰਤ ਰੇਖਾ ਭੀ ਗੁਰੂ ਦੀ ਮਿਟਾਈ ਹੀ ਮਿਟਦੀ ਹੈ।

ਇਸ ਪ੍ਰਥਾਇ ਇਕ ਸਾਖੀ ਆਉਂਦੀ ਹੈ ਕਿ ਗੁਰੂ ਅਰਜਨ ਸਾਹਿਬ ਪੰਚਮ ਗੁਰੂ ਪਾਤਸ਼ਾਹ ਦੇ ਦਰਬਾਰ ਵਿਚਿ ਇਕ ਪਰਜਾਪਤੀ ਰਾਜਾ ਆਇਆ, ਸਣੇ ਰਣਵਾਸ ਦੇ (ਰਾਣੀਆਂ ਆਦਿਕ ਪਰਵਾਰ ਸਹਿਤ)। ਆਪਣੀ ਕਲਿਆਣ ਨਮਿਤ ਆਇਆ। ਆਪਣੇ ਕਰਮਾਂ ਦੇ ਲੇਖ ਮਿਟਾਉਣ ਹਿਤ ਆਇਆ। ਪ੍ਰੰਤੂ ਉਸ ਨੇ ਮਨ ਹੀ ਮਨ ਵਿਚ ਆਪਣੇ ਇਸ ਆਸ਼ੇ ਅਭਿਪਰੇ ਨੂੰ ਗੁਪਤ ਹੀ ਰਖਿਆ। ਕਿਸੇ ਨੂੰ ਦਸਿਆ ਨਹੀਂ। ਨਾ ਹੀ ਆਪਣੀ ਜ਼ਬਾਨੀ ਗੁਰੂ ਪਾਸ ਦਰਸਾਇਆ। ਚੁਪ ਚੁਪੀਤਾ ਗੁਰੂ ਕੀਆਂ ਸੰਗਤਾਂ ਵਿਚਿ ਕੁਛ ਦਿਨ ਵਿਚਰਦਾ ਰਿਹਾ। ਗੁਰੂ ਦਰਬਾਰ ਵਿਚਿ ਆਵੇ ਤੇ


www.sikhbookclub.com

ਚਲਿਆ ਜਾਵੇ। ਜਿਥੇ ਉਸ ਦਾ ਉਤਾਰਾ ਸੀ, ਉਥੇ ਜਾ ਬਿਸਰਾਮ ਕਰੇ। ਅੰਮ੍ਰਿਤ ਵੇਲੇ ਗੁਰੂ ਕੀਆਂ ਸੰਗਤਾਂ ਦੇ ਨਾਲਿ ਹੀ ਉਠਣ ਦੀ ਉਸ ਨੂੰ ਆਦਤ ਪੈ ਗਈ।

ਇਕ ਦਿਨ ਅੰਮ੍ਰਿਤ ਵੇਲੇ ਇਕ ਗੁਰੂ ਕਾ ਸਿਖ 'ਓਅੰਕਾਰੁ' ਬਾਣੀ ਦਾ ਪਾਠ ਕਰਦਾ ਸੀ। ਉਸ ਪਾਠ ਵਿਚਿ ਜਦੋਂ ਇਹ ਤੁਕ ਰਾਜੇ ਨੇ ਸੁਣੀ ਕਿ "ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ"[1] ਤਾਂ ਉਸ ਦੇ ਮਨ ਵਿਚ ਸੰਸਾ ਪੈਦਾ ਹੋ ਗਿਆ ਕਿ ਜੇ ਲਿਖਿਆ ਲੇਖ ਮਿਟਣਾ ਹੀ ਨਹੀਂ ਅਤੇ ਮੈਨੂੰ ਆਪਣੇ ਕੀਤੇ ਕਰਮਾਂ ਦੇ ਲੇਖ ਭੁਗਤਣੇ ਹੀ ਪੈਣੇ ਹਨ ਤਾਂ ਮੈਂ ਐਥੇ ਗੁਰੂ ਜੀ ਪਾਸ ਕਾਹਨੂੰ ਆਇਆ ਹਾਂ? ਚਲੋ ਚਲੀਏ, ਐਥੋਂ ਕਲ੍ਹ ਨੂੰ ਡੇਰੇ ਕੂਚ ਕਰੀਏ। ਇਸ ਸੰਦੇਹ-ਸੰਸੇ ਦੀ ਬਾਤ ਉਸ ਨੇ ਆਪਣੇ ਮਨ ਹੀ ਮਨ ਮਾਹਿੰ ਰਖੀ। ਕਿਸੇ ਨੂੰ ਜਣਾਈ ਲਖਾਈ ਦਸੀ ਨਹੀਂ। ਪ੍ਰੰਤੂ ਗੁਰੂ ਅੰਤਰਯਾਮੀ ਘਟ ਘਟ ਦੀ ਜਾਨਣਹਾਰੇ ਬੁਝ ਗਏ ਕਿ ਰਾਜਾ ਅਸ਼ਰਧਕ ਹੋ ਕੇ ਵਾਪਸ ਚਲੇ ਜਾਣ ਦੀ ਨੀਯਤ ਠਾਣ ਬੈਠਾ ਹੈ। ਉਸੇ ਵੇਲੇ ਹੀ ਗੁਰੂ ਸਾਹਿਬ ਨੇ ਰਾਜੇ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਕਲ੍ਹ ਨੂੰ ਜਾਣਾ ਨਹੀਂ। ਕਲ੍ਹ ਆਪਾਂ ਇਕੱਠੇ ਬਾਹਰ ਜੰਗਲਾਂ ਵਿਚਿ ਅਸ (ਘੋੜ) ਅਸਵਾਰ ਹੋ ਕੇ ਸੈਰ ਲਈ ਚਲਾਂਗੇ। ਰਾਜੇ ਨੇ ਸਤਿ ਕਰ ਕੇ ਗੁਰੂ ਜੀ ਦੇ ਏਸ ਹੁਕਮ ਨੂੰ ਮੰਨ ਲਿਆ। ਏਸ ਹੁਕਮ ਨੂੰ ਮੰਨਣ ਦਾ ਸਦਕਾ ਰਾਜਾ ਅਗਲੀ ਰਾਤ ਠਹਿਰ ਗਿਆ ਤਾਂ ਰਾਤ ਨੂੰ ਕੀ ਸੁਪਨਾ ਦੇਖਦਾ ਹੈ ਕਿ ਉਸ ਨੇ ਚੰਡਾਲਾਂ ਦੇ ਘਰਿ ਜਨਮ ਲਿਆ ਹੈ। ਜਨਮ ਲੈ ਕੇ ਉਹ ਚੰਡਾਲਾਂ ਦੇ ਘਰਿ ਹੀ ਪਾਲਿਆ ਪੋਸਿਆ ਗਿਆ ਤੇ ਗੱਭਰੂ ਹੋ ਗਿਆ। ਗੱਭਰੂ ਹੋਏ ਤੇ ਚੜ੍ਹਦੀ ਜਵਾਨੀ ਵਿਚਿ ਹੀ ਉਸ ਦੀ ਸ਼ਾਦੀ ਹੋ ਗਈ ਤੇ ਉਸ ਦੇ ਘਰਿ ਸੰਤਾਨ ਭੀ ਘਣੀ ਉਤਪੰਨ ਹੋਈ । ਪੁੱਤਾਂ, ਪੋਤਰਿਆਂ, ਧੀਆਂ, ਦੋਹਤ੍ਰੇ ਦੋਹਤ੍ਰੀਆਂ ਵਾਲਾ ਹੋ ਗਿਆ ਤੇ ਬਿਰਧ ਭਇਆ। ਅਤੇ ਬਿਰਧ ਬੁੱਢੇ ਭਏ ਤੋਂ ਉਹ ਮਰ ਮੁੱਕ ਭੀ ਗਇਆ। ਮਰੇ ਤੋਂ ਜਦੋਂ ਚੰਡਾਲਾਂ ਦੀ ਰੀਤੀ ਅਨੁਸਾਰ ਉਸਨੂੰ ਮਰਘਟ ਕਬਰਿਸਤਾਨ ਵਿਚਿ ਲਿਜਾ ਕੇ ਦਬਾਉਣ ਲਗੇ ਤਾਂ ਉਸ ਦੀ (ਰਾਜੇ ਦੀ) ਜਾਗ ਖੁਲ੍ਹ ਗਈ। ਬੜਾ ਹੈਰਾਨ ਪਰੇਸ਼ਾਨ ਹੋਇਆ। ਸੁਪਨਾ ਕੀ ਸੀ, ਪਰਤੱਖ ਜੀਵਨ ਜਨਮ ਦਾ ਹੱਡ-ਬੀਤਿਆ ਚਮਤਕਾਰਾ ਸੀ, ਜਾਗੇ ਤੋਂ ਭੀ ਉਕਤ ਸੁਪਨਾ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋਵੇ। ਮੁੜਿ ਮੁੜਿ ਸੁਪਨੇ ਵਿਚ ਸਹੇੜੀਆਂ ਸਪੁਤ੍ਰ ਸਪੁਤ੍ਰੀਆਂ ਦੀ ਮੋਹ-ਮਮਤਾ ਉਸ ਨੂੰ ਟੁੰਬੇ। ਨਿੰਮੋਝੂਣਾ ਹੋਇਆ ਨੀਵੀਂ ਪਾਇ ਕੈ ਇਹੀ ਸੋਚਾਂ ਸੋਚਦੇ ਨੂੰ ਖਾਸਾ ਦਿਨ ਚੜ੍ਹ ਆਇਆ।

ਏਤਨੇ ਨੂੰ ਸਤਿਗੁਰੂ ਦੇ ਮੇਵੜੇ ਵਲੋਂ ਉਸ ਨੂੰ ਅਵਾਜ਼ ਪੈ ਗਈ। ਚਲੋ, ਤਿਆਰ ਹੋ ਜਾਓ। ਅਸਵ-ਸਵਾਰ ਹੋ ਕੇ ਸਤਿਗੁਰੂ ਦੇ ਸੰਗਿ ਸਾਥ ਬਾਹਰ ਜੰਗਲਾਂ ਵਿਚਿ ਸੈਰ ਸਿਆਹਤ ਲਈ ਕਮਰਕਸੇ ਕਸ ਲਓ। ਗੱਲ ਕੀ, ਸਤਿਗੁਰੂ ਸਾਹਿਬ ਆਪਣੀਆਂ ਲਾਡਲੀਆਂ ਫ਼ੌਜਾਂ ਸਮੇਤ ਉਸ ਨੂੰ (ਰਾਜੇ ਨੂੰ) ਬਾਹਰਿ ਅਣੋਖੀ ਅਖੇਰ ਬਿਰਤ ਲਈ ਲੈ ਗਏ। ਪਰ ਰਾਜਾ ਉਹੀ ਰਾਤ ਦੇ ਸੁਪਨੇ ਦੀਆਂ ਹੈਰਾਨ-ਕੁਨ ਸੋਚਾਂ ਸੋਚਦਾ ਘੋੜ-ਸਵਾਰ ਹੋਇਆ ਸਤਿਗੁਰੂ ਦੇ ਨਾਲਿ ਚਲਿਆ ਜਾ ਰਿਹਾ ਹੈ। ਕਉਤਕੀ ਸਤਿਗੁਰੂ ਨੇ ਐਸਾ ਕਉਤਕੀ ਹੁਕਮ ਚੜ੍ਹਾਇਆ ਕਿ ਹੇ ਰਾਜਨ! ਔਹ ਦੇਖੋ ਇਕ ਹੀਰਾ ਹਰਨ ਚੌਕੜੀਆਂ ਭਰਦਾ ਚਲਿਆ ਆਉਂਦਾ ਹੈ। ਜੀਹਦੇ ਅਗੇ ਦੀ ਇਹ ਨਿਕਲੇਗਾ ਉਹੀ ਉਸ ਦਾ ਪਿਛਾ ਕਰੇਗਾ ਅਤੇ ਮੋਹਰੀ ਬਣ ਕੇ ਉਸ ਨੂੰ ਜੈ ਕਰੇਗਾ। ਦੂਜਾ ਕੋਈ ਉਸ ਦੇ ਨਾਲਿ

[1] ਰਾਮਕਲੀ ਮਃ ੧ ਦਖਣੀ ਓਅੰਕਾਰੁ, ਪੰਨਾ ੯੩੭

ਪਿਛੇ ਜਾਵੇ ਯਾ ਨਾ ਜਾਵੇ। ਭਾਵੀ ਐਸੀ ਹੋਈ ਕਿ ਉਹ ਮਿਰਗ (ਹਿਰਨ) ਰਾਜੇ ਦੇ ਅਗੋਂ ਦੀ ਹੀ ਨਿਕਲਿਆ। ਰਾਜਾ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਘੋੜਾ ਦੌੜਾਇ ਕੈ ਉਸ ਹਿਰਨ ਦੇ ਪਿਛੇ ਹੋਇਆ। ਸਤਿਗੁਰੂ ਕਉਤਕਹਾਰੇ ਆਪਣੀਆਂ ਫ਼ੌਜਾਂ ਨੂੰ ਇਸ਼ਾਰੇ ਦੇ ਕੇ ਕੁਛ ਵਿਥ ਤੇ ਪਿਛੇ ਰਹਿ ਗਏ। ਰਾਜੇ ਇਕੱਲੇ ਨੂੰ ਹੀ ਹਿਰਨ ਦੇ ਪਿਛੇ ਜਾਣ ਦਿੱਤਾ। ਹਿਰਨ ਬੜੀ ਤੇਜ਼ੀ ਨਾਲ ਚਉਕੜੀਆਂ ਭਰਦਾ ਰਾਜੇ ਦੇ ਮੂਹਰੇ ਮੂਹਰੇ ਦੌੜਦਾ ਕੁਦਦਾ ਹੋਇਆ ਕਈਆਂ ਜੰਗਲਾਂ ਬੇਲਿਆਂ ਨੂੰ ਚੀਰਦਾ ਇਕ ਸੁੰਨਸਾਨ ਵਾਦੀ ਵਿਚ ਜਾ ਕੇ ਅਲੋਪ ਹੋ ਗਿਆ। ਰਾਜਾ ਹੱਥ ਮਲਦਾ ਹੀ ਰਹਿ ਗਿਆ। ਉਸ ਨੂੰ ਪਿਆਸ ਡਾਢੀ ਲੱਗੀ ਹੋਈ ਸੀ। ਪਾਣੀ ਦੀ ਤਲਾਸ਼ ਵਿਚ ਕਿਸੇ ਪਿੰਡ ਗ੍ਰਾਉਂ ਦੀ ਸੂੰਹ ਸੁੰਧਕ ਲੈਣ ਲਗਾ। ਇਕੱਲਾ ਹੀ ਸੀ, ਆਪਣੇ ਘੋੜੇ ਸਮੇਤ। ਹੋਰ ਕੋਈ ਉਸ ਦੇ ਨਾਲ ਨਹੀਂ ਸੀ। ਦੇਵਨੇਤ ਨਾਲ ਥੋੜੀ ਦੂਰ ਦੇ ਫ਼ਾਸਲੇ ਤੇ ਹੀ ਉਸ ਨੇ ਇਕ ਗ੍ਰਾਮ ਦੇਖਿਆ। ਦੇਖਦਾ ਕੀ ਹੈ ਕਿ ਗ੍ਰਾਮ ਦੇ ਬਹੁਤ ਸਾਰੇ ਲੋਗ ਪਿੰਡੋਂ ਬਾਹਰਵਾਰ ਜਮ੍ਹਾ ਹੋਏ ਵੇ ਹਨ। ਉਹ ਜਮਘਟੇ ਵਲ ਹੋ ਲਿਆ। ਉਥੇ ਜਾ ਕੇ ਕੀ ਦੇਖਦਾ ਹੈ ਕਿ ਉਹੀ ਮਰਘਟ-ਅਸਥਾਨ ਕਬਰਿਸਤਾਨ ਹੈ। ਉਸੇ ਪਿੰਡ ਦਾ ਹੈ, ਜਿਥੇ ਜਨਮ ਲੈ ਕੇ ਉਸ ਨੇ ਚੰਡਾਲ ਦੇ ਘਰਿ ਸਾਰਾ ਜੀਵਨ ਬਤੀਤ ਕੀਤਾ ਸੀ। ਓਹੀ ਪਿੰਡ ਦੇ ਲੋਗ ਹਨ। ਓਹੀ ਉਸ ਦਾ ਪਰਵਾਰ ਹੈ। ਪੁਤ ਪੋਤੇ ਇਸਤ੍ਰੀ ਆਦਿਕ ਭੀ ਉਹੀ ਹਨ। ਓਹਨਾਂ ਨੂੰ ਦੇਖ ਕੇ ਸ਼ਰਮਸਾਰ ਹੋਇਆ। ਉਹ ਪਿਛਾਂਹ ਮੁੜਨ ਹੀ ਲੱਗਾ ਸੀ ਕਿ ਝੱਟ ਅਗੇ ਵਧ ਕੇ ਉਸ ਦੇ ਕੁਟੰਬੀਆਂ ਨੇ ਉਸ ਦੇ ਪੱਲੇ ਜਾ ਫੜੇ ਅਤੇ ਘੋੜੇ ਦੀਆਂ ਲਗਾਮਾਂ ਨੂੰ ਰੋਕ ਲਿਆ। ਸਾਰੇ ਉਸ ਨੂੰ ਚਿੰਮੜ ਗਏ। ਮੋਹ ਦੀਆਂ ਲਿਲਕਾਂ ਮਾਰ ਕੇ ਚਿੰਮੜੇ। ਹੁਣ ਅਸੀਂ ਨਹੀਂ ਜਾਣ ਦਿੰਦੇ। ਰਾਜਾ ਹੈਰਾਨੀ ਪਰੇਸ਼ਾਨੀ ਦੇ ਸਮੁੰਦਰ ਵਿਚ ਅਤੇ ਲੱਜਾ ਵਿਚ ਤ੍ਰਿਬੁਡ ਹੋਇਆ ਸੋਚਣ ਲਗਾ। ਸਚਮੁੱਚ ਓਹੀ ਟੱਬਰ-ਟੀਹਰ ਹੈ, ਜਿਸ ਵਿਚ ਰਹਿ ਸਹਿ ਕੇ ਮੈਂ ਸਾਰਾ ਜਨਮ ਏਹਨਾਂ ਚੰਡਾਲਾਂ ਦੇ ਘਰ ਬਤੀਤ ਕੀਤਾ ਹੈ, ਇਸ ਵਿਚ ਕੋਈ ਭੀ ਸੰਦੇਹ ਨਹੀ। ਸਾਰਿਆਂ ਨੂੰ ਮੈਂ ਜਾਣਦਾ ਹਾਂ, ਸਾਰੇ ਮੈਨੂੰ ਜਾਣਦੇ ਹਨ। ਪੱਲਾ ਛੁਡਾਵਾਂ ਤੇ ਕਿਵੇਂ ਛੁਡਾਵਾਂ। ਛੁਡਾ ਭੀ ਨਹੀਂ ਹੁੰਦਾ। ਪਰ ਓਹਨਾਂ ਨੂੰ ਅਪਣਾਉਂਦਾ ਭੀ ਸ਼ਰਮਾਉਂਦਾ ਹੈ। ਜਿਉਂ ਜਿਉਂ ਲਾਡ ਪਿਆਰ ਨਾਲਿ ਉਸ ਦਾ ਬਾਲ ਬੱਚਾ ਉਸਨੂੰ ਚਿੰਮੜਦਾ ਹੈ ਤਿਉਂ ਤਿਉਂ ਉਹ ਬੇਬਸ ਹੋ ਹੋ ਜਾਂਦਾ ਹੈ। ਪਰ ਓਹਨਾਂ ਦੇ ਪਾਸ ਰਹਿਣ ਨੂੰ ਜੀਅ ਨਹੀਂ ਕਰਦਾ। ਫੇਰ ਆਪਣੇ ਆਪ ਨੂੰ ਇਉਂ ਹਲਾਸ਼ੇਰੀ ਦਿੰਦਾ ਹੈ, ਉਹ ਤਾਂ ਸੁਪਨਾ ਹੀ ਸੀ। ਮੈਂ ਕਾਹਨੂੰ ਪਰਤੱਖ ਜਨਮ ਏਹਨਾਂ ਦੇ ਘਰਿ ਲਿਆ ਹੈ। ਜ਼ਰਾ ਦਿਲ ਕਰਾਰਾ ਕਰ ਕੇ ਆਖਦਾ ਹੈ ਕਿ ਤੁਸੀਂ ਮੇਰੇ ਕੁਛ ਨਹੀਂ ਲਗਦੇ। ਤੁਸੀਂ ਮੈਨੂੰ ਕਿਉਂ ਚਿੰਮੜਦੇ ਹੋ? ਉਹਨਾਂ ਆਖਿਆ, ਤੂੰ ਮਰ ਗਿਆ ਸੀ। ਅਸੀਂ ਰੋਂਦਿਆਂ ਕੁਰਲਾਂਦਿਆਂ ਨੇ ਤੈਨੂੰ ਦੱਬ ਦਿੱਤਾ। ਤੂੰ ਕਬਰ ਵਿਚੋਂ ਨਿਕਲ ਕੇ ਕਿਤੋਂ ਚੰਗੇ ਚੰਗੇ ਬਸਤਰ ਤੇ ਘੋੜਾ ਪਾਖਰ ਜ਼ੀਨ ਕਿਤੋਂ ਲੈ ਆਇਆ ਹੈਂ ਤੇ ਸਾਨੂੰ ਪਿਦਾਉਂਦਾ ਤੇ ਭੁਚਲਾਉਂਦਾ ਹੈ। ਹੁਣ ਤੈਨੂੰ ਅਸੀਂ ਜਾਣ ਦਿੰਦੇ ਹਾਂ? ਗੱਲ ਕੀ, ਪਰਸਪਰ ਤਕੜਾ ਤਕਰਾਰ ਹੋ ਪਿਆ। ਸਾਰਾ ਪਿੰਡ ਹੋਰ ਭੀ ਇਕੱਠਾ ਹੋ ਗਿਆ। ਸਾਰੇ ਹੀ ਇਹੋ ਸ਼ਾਹਦੀ ਭਰਨ ਕੁਟੰਬੀਆਂ ਦੇ ਹੱਕ ਵਿਚ। ਰਾਜਾ ਭੀ ਸਾਰੇ ਪਿੰਡ ਦਿਆਂ ਆਦਮੀਆਂ ਤੀਮੀਆਂ ਨੂੰ ਜਾਣੇ ਪਛਾਣੇ ਅਤੇ ਪਿੰਡ ਦੇ ਮਰਦ ਇਸਤ੍ਰੀ ਭੀ ਉਸ ਨੂੰ ਜਾਨਣ ਪਛਾਨਣ। ਬੜਾ ਘਬਰਾਇਆ, ਬੜੀ ਅੜਿੱਚਣ ਵਿਚ ਉਸ ਦੀ ਜਾਨ ਪੈ ਗਈ। ਪੱਲਾ ਛੁਡਾਉਣਾ ਦੁੱਭਰ ਹੋ ਗਿਆ।

ਏਸੇ ਘਬਰਾਹਟ ਵਿਚ ਇਕ-ਮਨ ਇਕ-ਚਿਤ ਹੋ ਕੇ ਗੁਰੂ ਸਾਹਿਬ ਦਾ ਧਿਆਨ ਧਰਿਆ

ਅਤੇ ਮਨ ਹੀ ਮਨ ਵਿਚ ਬੇਨਤੀ ਕੀਤੀ, ਹੇ ਸਤਿਗੁਰੂ! ਇਸ ਭੀੜੀ ਬਣੀ ਅਉਝੜ ਤੋਂ ਆ ਕੇ ਹੁਣ ਤੁਸੀਂ ਹੀ ਛੁਡਾ ਸਕਦੇ ਹੋ। ਬਹੁੜੋ ਤੇ ਫੰਦ ਪਰਾਣ ਮੋਕਲੇ ਕਰਾਓ। ਛੁਡਾਓ ਜੀ, ਆ ਕੇ ਛੁਡਾਓ।

ਕਉਤਕਹਾਰ ਸਤਿਗੁਰੂ ਇਕ ਛਿਨ ਵਿਚਿ ਆਇ ਆਸ਼ਕਾਰ (ਪਰਗਟ) ਹੋਏ । ਰਾਜੇ ਦੀ ਘਬਰਾਹਟ ਨੂੰ ਅਤੇ ਜਿਸ ਹਾਲਤ ਵਿਚ ਉਹ ਖੜਾ ਸੀ, ਦੇਖ ਕੇ ਮੁਸਕ੍ਰਾਏ। ਲੋਕਾਂ ਨੂੰ ਤੇ ਇਕੱਠੇ ਹੋਏ ਚੰਡਾਲ-ਪਰਵਾਰ ਨੂੰ ਸਨਮੁਖ ਹੋ ਕੇ ਆਖਣ ਲਗੇ ਕਿ ਕਿਸ ਗੱਲ ਦਾ ਝਗੜਾ ਹੈ। ਹਾਜ਼ਰੀਨ ਨੇ ਇਸ ਘਟਨਾ ਵਾਲਾ ਬਿਰਤਾਂਤ ਸਤਿਗੁਰੂ ਦੀ ਹਜ਼ੂਰੀ ਵਿਚ ਵਿਸਥਾਰ ਸਹਿਤ ਦਸਿਆ। ਓੜਕ ਆਖਿਆ ਕਿ ਇਹ ਕਬਰ ਵਿਚੋਂ ਨਿਕਲ ਕੇ ਸਾਨੂੰ ਸਾਰਿਆਂ ਨੂੰ ਤਲਾਕ ਦੇਈ ਨੱਸਿਆ ਜਾਂਦਾ ਹੈ। ਅਸੀਂ ਇਸ ਨੂੰ ਨਹੀਂ ਜਾਣ ਦੇਣਾ, ਪਰ ਨਹੀਂ ਜਾਣ ਦੇਣਾ। ਤੁਸੀਂ ਅਵਤਾਰੀ ਮਹਾਂ ਪੁਰਸ਼ ਹੋ, ਸਾਡਾ ਨਿਆਉਂ ਨਿਬੇੜੋ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਇਕੋ ਗੱਲ ਨਿਆਉਂ ਨਿਬੇੜਨ ਦੀ ਹੈ। ਜੇ ਤੁਸਾਨੂੰ ਮੰਨਣੀ ਮਨਜ਼ੂਰ ਹੈ ਤਾਂ ਆਖਾਂ। ਭਲਾ ਜੀ ਭਲਾ! ਸਤਿਗੁਰੂ ਫ਼ੁਰਮਾਉਣ ਲਗੇ ਕਿ ਤੁਸੀਂ ਆਪਣੀ ਕਬਰ ਪੁਟ ਕੇ ਦੇਖੋ, ਜੇ ਤਾਂ ਉਸ ਕਬਰ ਵਿਚ ਇਹ ਹੈ ਨਹੀਂ, ਕਬਰ ਖ਼ਾਲੀ ਪਈ ਹੈ ਤਾਂ ਤੁਸੀਂ ਇਸ ਨੂੰ ਨਿਸ਼ੰਗ ਫੜ ਲਵੋ। ਪਰ ਜੇ ਮੋਈ ਹੋਈ ਲੋਥ ਉਹੀ ਇਸ ਕਬਰ ਵਿਚ ਪਈ ਹੈ ਤਾਂ ਇਸ ਨੂੰ ਛਡ ਦਿਓ। ਇਸ ਫ਼ੈਸਲੇ ਨੂੰ ਸੁਣ ਕੇ ਸਾਰੇ ਬਹੁਤ ਖ਼ੁਸ਼ ਹੋਏ। ਖ਼ੁਸ਼ੀ ਨਾਲ ਜਾਮਿਆਂ ਤੋਂ ਬਾਹਰ ਹੋ ਗਏ। ਕਬਰ ਪੁਟੀ ਤਾਂ ਕਬਰ ਵਿਚ ਸਾਮੀ ਹੀ ਉਸ ਦੀ ਲੋਥ ਪਈ ਸੀ। ਐਨ ਇਹੋ ਜਿਹੀ ਦੇਹੀ ਤੇ ਇਹੋ ਜਿਹੀ ਸੂਰਤ। ਪਰ ਫ਼ੈਸਲੇ ਅਨੁਸਾਰ ਕਿਸੇ ਦੀ ਕੁਛ ਪੇਸ਼ ਨਾ ਗਈ। ਰਾਜੇ ਦਾ ਖਹਿੜਾ ਛੁਟਿਆ। ਗੁਰੂ ਸਾਹਿਬ ਰਾਜੇ ਨੂੰ ਛੁਡਾਇ ਕੇ ਅਤੇ ਘੋੜੇ ਤੇ ਸਵਾਰ ਕਰਾਇ ਕੇ ਆਪਣੇ ਨਾਲ ਵਾਪਸ ਲੈ ਚਲੇ। ਰਾਹ ਵਿਚਿ ਜਾਂਦਿਆਂ ਰਾਜਾ ਸ਼ਰਮਾਇ ਕੇ ਪੁਛਦਾ ਹੈ, ਸਾਹਿਬ ਜੀਉ, ਇਹ ਕੀ ਕਉਤਕ ਸੀ? ਸਤਿਗੁਰੂ ਫ਼ੁਰਮਾਉਣ ਲਗੇ ਕਿ ਇਹ ਤੇਰੀ ਉਸ ਸ਼ੰਕਾ ਦਾ ਉਤਰ ਸੀ, ਜਿਸ ਕਰਕੇ ਤੂੰ ਅਸ਼ਰਧਕ ਹੋ ਚਲਿਆ ਸੀ। ਨਿਰਸੰਦੇਹ ਇਹ ਗੁਰਵਾਕ ਸੱਚ ਹੈ—

"ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥"

ਤੇਰੇ ਪੂਰਬਲੇ ਕਰਮਾਂ ਅਨੁਸਾਰ ਤੈਂ ਚੰਡਾਲਾਂ ਦੇ ਘਰ ਜੰਮ ਕੇ ਸਾਰਾ ਜਨਮ ਅਵੱਸ਼ ਬਿਤਾਉਣਾ ਸੀ। ਪ੍ਰੰਤੂ ਗੁਰੂ ਨਾਨਕ ਦੇ ਘਰ ਨੂੰ ਏਤਨੀ ਸਮਰੱਥਾ ਹੈ ਕਿ ਇਕ ਰਾਤ ਵਿਚਿ ਹੀ ਉਹ ਸਾਰਾ ਜਨਮ ਤੈਥੋਂ ਭੁਗਤਾਇ ਦਿੱਤਾ, ਜੋ ਤੈਂ ਸਾਰੀ ਉਮਰ ਹੀ ਚੰਡਾਲਾਂ ਦੇ ਘਰ ਭੁਗਤਣਾ ਸੀ। ਸੂਲੀ ਦੀ ਸਜ਼ਾ ਵਾਲੀ ਅਉਲੀ ਸੂਲ ਵਿਚ ਟਾਲ ਦਿੱਤੀ।

ਮਾੜੇ ਕਰਮਾਂ ਦੀ ਕਮਾਈ ਦੇ ਕਰਤੱਤ ਦੇ ਅਰਥਾਂ ਵਿਚ ਵੀ 'ਕਿਰਤ' ਪਦ ਨੂੰ ਗੁਰਬਾਣੀ ਵਿਚਿ ਵਰਤਿਆ ਗਿਆ ਹੈ। ਯਥਾ ਗੁਰਵਾਕ—

ਅਪਨੇ ਜਨ ਪ੍ਰਭਿ ਆਪਿ ਰਖੇ ॥ ਦੁਸਟ ਦੂਤ ਸਭਿ ਭ੍ਰਮਿ ਥਕੇ ॥ ਬਿਨੁ ਗੁਰ ਸਾਚੇ ਨਹੀ ਜਾਇ ॥ ਦੁਖੁ ਦੇਸ ਦਿਸੰਤਰਿ ਰਹੇ ਧਾਇ ॥ ੨ ॥ ਕਿਰਤੁ ਓਨ੍ਾ ਕਾ ਮਿਟਸਿ ਨਾਹਿ ॥ ਓਇ ਅਪਣਾ ਬੀਜਿਆ ਆਪਿ ਖਾਹਿ ॥ ਜਨ ਕਾ ਰਖਵਾਲਾ ਆਪਿ ਸੋਇ ॥ ਜਨ ਕਉ ਪਹੁਚਿ ਨ ਸਕਸਿ ਕੋਇ ॥ ੩ ॥

(ਬਸੰਤੁ ਮਃ ੫, ਪੰਨਾ ੧੧੯੩)

ਭਾਵ ਅਰਥ— ਇਹ ਗੱਲ ਪਰਤਿਆ ਕੇ ਅਜ਼ਮਾ ਕੇ ਦੇਖੀ ਗਈ ਹੈ ਕਿ ਵਾਹਿਗੁਰੂ ਆਪਣੇ ਜਨਾਂ ਭਗਤਾਂ ਦੀ ਦੁਸ਼ਟਾਂ ਦੋਖੀਆਂ ਤੋਂ ਹਰ ਅਵਸਰ ਵਿਖੇ ਆਪ ਹੱਥ ਦੇ ਕੇ ਰੱਖਿਆ ਕਰਦਾ ਹੈ। ਦੁਸ਼ਟ ਦੂਤ ਆਪਣੀ ਕਰਤੂਤ ਕਰਿ ਭ੍ਰਮਿ ਭੌਂਕ ਥਕੇ ਹਨ। ਭ੍ਰਮ-ਭੁਲੇ ਦੁਸ਼ਟਾਂ ਦੋਖੀਆਂ ਨੂੰ ਫੇਰ ਭੀ ਪੂਰੇ ਗੁਰੂ ਤੋਂ ਬਿਨਾਂ ਹੋਰ ਠਿਕਾਣਾ ਕਿਤੇ ਨਹੀਂ। ਓਹਨਾਂ ਨੂੰ ਸੱਚੇ ਸਤਿਗੁਰੂ ਬਾਝੋਂ ਢੋਈ ਕਿਤੇ ਨਾ ਮਿਲੀ। ਦੇਸਾਂ ਪਰਦੇਸਾਂ ਵਿਚਿ ਬਥੇਰੀ ਨੱਸ ਭੱਜ ਕੀਤੀ, ਜਿਥੇ ਗਏ ਉਥੇ ਦੁਖ ਹੀ ਮਿਲਿਆ। ਸਤਿਗੁਰੂ ਬਾਝੋਂ ਦੁਸ਼ਟਾਂ ਦੇ ਦੁਖ ਕਉਣ ਹਰੇ? ਦੁਸ਼ਟਾਂ ਦੋਖੀਆਂ ਦੇ ਮਾੜੇ ਕਰਮਾਂ ਦਾ ਕਰਤੱਤ ਕਦੇ ਮਿਟਦਾ ਨਹੀਂ। ਓਹਨਾਂ ਨੂੰ ਆਪਣਾ ਬੀਜਿਆ ਆਪ ਖਾਣਾ ਪੈਂਦਾ ਹੈ। ਆਪਣੇ ਜਨ ਦਾ ਵਾਹਿਗੁਰੂ ਆਪਿ ਰਖਵਾਲਾ ਹੈ। ਓਹਨਾਂ ਦੀ ਕਰਣੀ ਨੂੰ ਕੋਈ ਨਹੀਂ ਅੱਪੜ ਸਕਦਾ। ਨਾ ਹੀ ਕੋਈ ਓਹਨਾਂ ਦੀ ਵਾ ਵਲ ਦੇਖ ਸਕਦਾ ਹੈ, ਕੈਰੀ ਅੱਖ ਨਾਲਿ। ਦੁਸ਼ਟਾਂ ਦੋਖੀਆਂ ਦੀ ਕੋਈ ਵਾਹ ਨਹੀਂ ਚਲਦੀ। ਸਗੋਂ ਹਰਿ ਜਨ ਨਾਲਿ ਈਰਖਾ ਦ੍ਵੈਖ ਕਰ ਕੇ ਹੋਰ ਪਾਪ ਕਰਮ ਆਪਣੇ ਸਿਰ ਚਾੜ੍ਹਦੇ ਹਨ।

**ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ ॥ ਕਿਰਤ ਕੇ ਬਾਧੇ ਪਾਪ ਕਮਾਵਹਿ ॥ ਅੰਧੁਲੇ ਸੋਝੀ ਬੂਝ ਨ ਕਾਈ ਲੋਭੁ ਬੁਰਾ ਅਹੰਕਾਰਾ ਹੇ ॥ ੪ ॥**

(ਮਾਰੂ ਮਃ ੧, ਪੰਨਾ ੧੦੨੯, ੩)

ਮਾੜੇ ਕਰਮਾਂ ਦੀ ਕਿਰਤ ਲਿਖਤ ਐਸੀ ਪ੍ਰਬਲ ਹੈ ਕਿ ਖੋਟੇ ਕੰਮਾਂ ਦੀ ਖੋਟ ਵਾਲੀ ਕਿਰਤ ਦੇ ਬੰਨ੍ਹੇ ਹੋਏ ਪਾਪੀ ਪੁਰਸ਼ ਪਾਪ ਹੀ ਕਮਾਈ ਚਲੇ ਜਾਂਦੇ ਹਨ। ਓਹਨਾਂ ਦੀ ਸੁਰਤਿ ਦੂਜੇ ਪਾਸੇ ਉਘੜਦੀ ਨਹੀਂ। ਇਹ ਓਹਨਾਂ ਦੇ ਪੂਰਬਲੇ ਪਾਪ ਕਰਮਾਂ ਦੀ ਬਿਕਟੀ ਸਜ਼ਾ ਓਹਨਾਂ ਨੂੰ ਮਿਲੀ ਹੋਈ ਹੁੰਦੀ ਹੈ ਕਿ ਓਹਨਾਂ ਤੋਂ ਜਦ ਹੁੰਦੇ ਹਨ, ਪਾਪ ਕਰਮ ਹੀ ਹੁੰਦੇ ਹਨ। ਬਸ, ਓਹ ਪਾਪ ਹੀ ਕਮਾਈ ਜਾਂਦੇ ਹਨ। ਪਾਪਾਂ ਦੀ ਕਰਤੱਤ ਕਰਕੇ ਅਣਗਿਣਤ ਜੂਨੀਆਂ ਵਿਚਿ ਆਉਂਦੇ ਜਾਂਦੇ ਜੰਮਦੇ ਮਰਦੇ ਹੀ ਰਹਿੰਦੇ ਹਨ। ਓਹਨਾਂ ਨੂੰ ਆਪਣੇ ਅਸਲੀ ਘਰ ਵਿਚਿ, ਪਰਮਾਤਮਾ ਦੇ ਦੇਸ ਵਿਚ ਵਾਸਾ ਨਸੀਬ ਨਹੀਂ ਹੁੰਦਾ। ਓਹਨਾਂ ਅੰਧਲਿਆਂ ਨੂੰ ਕਿਰਤ ਕਰੰਮੀ ਪਾਪਾਂ ਦੀ ਤਿਮਰਤਾ ਨਾਲਿ ਅੰਨ੍ਹੇ ਹੋਇਆਂ ਵਿਆਂ ਨੂੰ ਏਸ ਪਾਸੇ ਦੀ, ਇਸ ਅਸਲੀ ਘਰ ਦੀ ਕੋਈ ਸੁਝ ਬੂਝ ਹੀ ਨਹੀਂ ਹੁੰਦੀ। ਓਹਨਾਂ ਦੀ ਅਕਲ ਉਤੇ ਲੋਭ ਅਤੇ ਹੰਕਾਰ ਹੀ ਸਵਾਰ ਰਹਿੰਦੇ ਹਨ, ਜੋ ਕਿ ਬਹੁਤ ਹੀ ਬੁਰੇ ਹੈਨ। ਬੁਰਾ ਬਾਹਲਾ ਏਸ ਕਰਕੇ ਕਿ ਇਸ ਪਾਸੇ ਪਾਪ ਕਿਰਤ-ਕਰਮ ਆਵੁਣ ਹੀ ਨਹੀਂ ਦਿੰਦੇ, ਸੋਝੀ ਸੁਝਾਉਣ ਹੀ ਨਹੀਂ ਦਿੰਦੇ। ਕਰਨ ਤਾਂ ਕੀ ਕਰਨ? ਬਸ ਕਿਰਤ ਕਰਮ ਨੂੰ ਪਏ ਰੋਣ। ਰੋਣੇ ਹੀ ਰੋਣੇ ਓਹਨਾਂ ਦੇ ਪੱਲੇ ਰਹਿ ਗਏ ਹਨ।

**ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥ ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥ ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ ॥ ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ ॥ ਇਕਸੁ ਹਰਿ ਕੇ ਨਾਮ ਬਾਝਹੁ ਆਨ ਕਾਜ ਸਿਆਣੀ ॥ ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ ਲੁਭਾਣੀ ॥ ੨ ॥ ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ ॥ ਆਏ ਖਰੇ ਕਠਿਨ ਜਮਕੰਕਰਿ ਪਕੜਿ ਲਇਆ ॥ ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ ॥ ਗੁਨ**

 www.sikhbookclub.com

ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ ਗਲਿ ਲਾਤਿਆ ॥ ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ ॥ ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ ॥ ੩ ॥

(ਬਿਹਾਗੜਾ ਮਃ ੫, ਪੰਨਾ ੫੪੬)

ਵਿਆਖਿਆ— ਕਿਰਤ-ਕਰੰਮੀ ਮਾੜੇ ਕਰਮਾਂ ਦੀ ਪੱਕੀ ਹੋਈ ਆਦਤ ਵਾਲੇ ਪਾਪੀਆਂ ਪ੍ਰਥਾਇ ਇਹ ਗੁਰਵਾਕ ਉਚਾਰਨ ਹੋਇਆ ਹੈ। ਹੇ ਪਾਪ ਕਰੰਮੀ ਮੰਦ ਕਿਰਤੰਮੀ ਪੁਰਸ਼! ਤੂੰ ਵਲ ਛਲ ਠੱਗੀ ਧੋਖੇ ਵਾਲੇ ਪਾਪ ਕਰਮ ਆਪਨੇ ਜਾਣੇ ਲੁਕ ਕੇ ਕਰਦਾ ਹੈਂ ਕਿ ਕੋਈ ਨਹੀਂ ਦੇਖਦਾ, ਪਰ ਅੰਤਰਯਾਮੀ ਪ੍ਰਭੂ ਪਰਮਾਤਮਾ ਤੋਂ ਤੂੰ ਕੁਝ ਭੀ ਲੁਕਾ ਕੇ ਨਹੀਂ ਰਖ ਸਕਦਾ। ਉਹ ਘਟ ਘਟ ਕੇ ਪਟ ਪਟ ਕੀ ਜਾਨਣਹਾਰਾ ਵਾਹਿਗੁਰੂ ਸਭ ਕੁਝ ਜਾਣਦਾ ਹੈ, ਗੁਝੀ ਤੋਂ ਗੁਝੀ ਪਾਪ ਕਰੰਮੀ ਕਿਰਤ ਭੀ ਪਾਪੀਆਂ ਦੀ ਜਾਣਦਾ ਹੈ, ਚਾਹੇ ਕੋਈ ਧਰਤੀ ਅੰਦਰਿ ਲੁਕ ਛਿਪ ਕੇ ਭੀ ਪਾਪ ਕਰਮ ਕਮਾਵੇ। ਧਰਮਰਾਇ ਦੇ ਦਫ਼ਤਰ ਜਦੋਂ ਲੇਖਾ ਲਿਆ ਗਿਆ ਤਾਂ ਪਾਪੀ ਮੰਦ-ਕਰਮੀ ਪੁਰਸ਼ ਐਉਂ ਪੀੜਿਆ ਗਿਆ ਜਿਵੇਂ ਕੋਹਲੂ ਵਿਖੇ ਤਿਲਾਂ ਦੀ ਘਾਣੀ ਪੀੜੀ ਜਾਂਦੀ ਹੈ, ਜਿਉਂ ਕੋਹਲੂ ਦੀ ਘਾਣੀ ਵਿਚ ਤਿਲ ਪੀੜੇ ਜਾਂਦੇ ਹਨ। ਹੇ ਪ੍ਰਾਣੀ! ਤੂੰ ਆਪਨੇ ਕਮਾਤੇ ਕਰਮਾਂ ਦੀ ਕਿਰਤ ਵਾਲੇ ਦੁਖ ਸਹੁ। ਤੈਨੂੰ ਸਹਿਣੇ ਜ਼ਰੂਰ ਪੈਣੇ ਹਨ। ਅਨੇਕਾਂ ਜੂਨੀਆਂ ਵਿਚ ਭਰਮਣਾ ਪੈਣਾ ਹੈ। ਖ਼ਬਰੇ ਕਿਤਨੀਆਂ ਜਠਰਾਗਨਾਂ ਵਿਚਿ ਗਲਣਾ ਸੜਨਾ ਪੈਣਾ ਹੈ। ਪਰ ਅਵੱਸ਼ ਗਲਣਾ ਸੜਨਾ ਪਵੇਗਾ। ਮਹਾਂ ਮੋਹਨੀ ਮਾਇਆ ਸੰਗਿ ਰਤੇ ਮਤੇ ਨੇ ਤੈਂ ਮਨੁਖਾ ਜਨਮ ਰੂਪੀ ਰਤਨ ਅੰਵਾਈਂ ਹੀ ਗੰਵਾ ਲਿਆ। ਇਹ ਮਾਇਆ ਬਹੁਤੀ ਹੀ ਮਨ ਨੂੰ ਮੋਹਨ ਵਾਲੀ ਹੈ। ਇਹ ਅਨਿਕ ਵੇਸ ਕਰੇ ਕਰਿ ਆਉਂਦੀ ਹੈ ਅਤੇ ਮਨੁਖਾਂ ਨੂੰ ਲਪਟਾਉਂਦੀ ਹੈ, ਕਦੇ ਧਨ ਐਸ਼੍ਵਰਜ ਦਾ ਵੇਸ ਕਰ ਕੇ; ਕਦੇ ਪੁਤ ਕਲਤ੍ਰ ਦਾ ਵੇਸ ਕਰ ਕੇ; ਕਦੇ ਮਹਾਂ ਰੂਪਵੰਤੀ ਹੁਸਨ ਜਵਾਨੀ ਵਾਲੀ ਕਾਮਣੀ ਦਾ ਵੇਸ ਕਰ ਕੇ; ਕਦੇ ਮਾਣ ਵਡਿਆਈ ਸੋਭਾ ਦਾ ਵੇਸ ਕਰ ਕੇ। ਹੋਰ ਨਹੀਂ ਤਾ ਸੂਖਮ ਹਉਮੈ ਦਾ ਵੇਸ ਕਰ ਕੇ ਤਾਂ ਜ਼ਰੂਰ ਹੀ ਲੋਭਾਇ ਲੈਂਦੀ ਹੈ। ਪਰ ਮਨਮੁਖਾਂ ਨੂੰ ਲੁਭਾਉਂਦੀ ਹੈ। ਸਾਰਾ ਜਨਮ ਹੀ ਆਯੂ ਪ੍ਰਯੰਤ ਮਨਮੁਖ ਮੂੜ ਅਗਿਆਨੀ ਲੋਕ ਇਸ ਮਹਾਂ ਮੋਹਨੀ ਮਾਇਆ ਨਾਲ ਹੀ ਰਚੇ ਪਚੇ ਰਹਿੰਦੇ ਹਨ। ਜਗਤ-ਸਿਆਣੀ ਪਰ ਨਿਰੀ ਕਮਲੀ ਲੁਕਾਈ ਇਕਸ ਸੱਚੇ ਨਾਮ ਦੇ ਸੱਚੇ ਕਾਜ ਬਾਝਹੁੰ ਹੋਰ ਝੂਠੇ ਕੰਮਾਂ ਕਾਜਾਂ ਵਿਚਿ ਹੀ (ਜਗਤ ਦੇ ਧੰਦਿਆਂ ਵਿਚਿ ਹੀ) ਰੁੱਝੀ ਰਹਿੰਦੀ ਹੈ। ਮਮਤਾ ਲੋਭ ਵਿਚਿ ਲੁਭਾਣੀ, ਭਰਮਿ ਭੁਲਾਣੀ ਮਨਮੁਖ ਲੁਕਾਈ ਦੇ ਲੇਖਾਂ ਵਿਚਿ ਇਹੀ ਪਾਪ ਕਿਰਤ-ਕਰੰਮੀਆ ਲੇਖ ਲਿਖਿਆ ਹੋਇਆ ਹੈ। ਉਹ ਕਰੇ ਤਾਂ ਕੀ ਕਰੇ? ਪਾਪਾਂ ਭਰੇ ਕਿਰਤ-ਕਰੰਮਾਂ ਬਾਝਹੁੰ ਉਸ ਨੂੰ ਕੁਝ ਸੁਝਦਾ ਹੀ ਨਹੀਂ।

ਕਿਸੇ ਦੇ ਕੀਤੇ ਉਪਕਾਰਾਂ, ਮਹਾਂ ਕਰਨਹਾਰ ਕਰਤਾਰ ਸਿਰਜਨਹਾਰ ਦੇ ਉੱਚ ਉਪਕਾਰਾਂ ਦੀ ਕਦਰ ਨੂੰ ਨਾ ਜਾਨਣ ਵਾਲਾ, ਨਾ-ਕਦਰ ਸ਼ਨਾਸ, ਨਕਦਰਾ, ਨਾ-ਸ਼ੁਕਰਾ, ਕਰੀ-ਖੋ, ਪਾਪਿਸ਼ਟ-ਕਿਰਤੰਮੀਆ, ਮੰਦ ਕਿਰਤ-ਲੇਖ ਲਿਖੰਮੀਆ ਪੁਰਸ਼ ਵਾਹਿਗੁਰੂ ਤੋਂ ਕਈ ਜਨਮਾਂ ਦਾ ਵਿਛੁੜਿਆ ਹੋਇਆ ਹੈ। ਇਸ ਦੀ ਬਾਹੁੜੀ ਕੋਈ ਨਹੀਂ ਕਰਦਾ। ਕੋਈ ਕਰਿ ਹੀ ਨਹੀਂ ਸਕਦਾ, ਜੋ ਵਿਚਿ ਪੈ ਕੇ ਉਸ ਨੂੰ ਤਿਸ ਵਿਛੁੜੇ ਪਾਪੀ ਪੁਰਸ਼ ਨੂੰ ਜਨਮਾਂ ਜੋਨੀਆਂ ਵਿਚ ਧੱਕੇ ਖਾਂਦੇ ਪਾਪ ਕਿਰਤ ਕਰੰਮੀਏ ਮਹਾਂ ਮੰਦ ਕਰਮੀ ਪੁਰਸ਼ ਨੂੰ ਬਾਹੁੜਿ ਵਾਹਿਗੁਰੂ ਨਾਲਿ ਮਿਲਾ ਸਕੇ। ਬਸ, ਅਕ੍ਰਿਤਘਣ ਵਿਛੁੜਿ


www.sikhbookclub.com

ਪਇਆ ਸੋ ਵਿਛੁੜ ਪਇਆ। ਇਸ ਵਿਛੋੜੇ ਦੀ ਵਿਥ ਨੂੰ ਕਉਣ ਮਿਲਾਵੇ? ਉਸ ਨੂੰ ਉਸ ਦੇ ਕੀਤੇ ਕਰਮਾਂ ਦੀ ਸਜ਼ਾ ਦਿਵਾਉਣੋਂ ਹੋੜਨ ਵਾਲਾ ਭੀ ਕੋਈ ਨਹੀਂ। ਜਦੋਂ ਖਰੇ ਕਠੋਰ ਜਮਦੂਤ ਇਸ ਨੂੰ ਅੰਤੀ ਸਮੇਂ ਲੈਣ ਆਏ, ਇਸ ਦੀ ਜਾਨ ਕੱਢਣ ਆਏ ਤਾਂ ਓਹਨਾਂ ਤੋਂ ਬਚਾਉਣ ਵਾਲਾ ਕੋਈ ਨਹੀਂ। ਬੱਸ, ਜਮ ਕੰਕਰਾਂ ਨੇ ਉਸ ਨੂੰ ਗਲ ਤੋਂ ਫੜ ਲਿਆ। ਫੜ ਕੇ ਲੈ ਗਏ, ਜਿਥੇ ਉਸ ਨੂੰ ਲੈ ਜਾਣਾ ਸੀ। ਪੂਰਬਲੀ ਕਰਮ ਕਰਤੱਤੀ ਕਿਰਤ ਦੇ ਕਮਾਤੇ ਗੁਨਾਹਾਂ ਪਾਪਾਂ ਦੇ ਕਾਰਨ ਉਹ ਮਹਾਂ ਮੋਹਨੀ ਰਾਤੇ ਪਾਪੀ ਪੁਰਸ਼ ਨੂੰ ਫੜ ਕੇ ਲੈ ਗਏ, ਧਰਮਰਾਏ ਦੀ ਹਜ਼ੂਰੀ ਵਿਚਿ। ਜਦੋਂ ਉਥੇ ਜਾ ਕੇ ਉਸ ਦੇ ਕਰਮਾਂ ਦੇ ਲੇਖਾਂ ਦਾ ਲੇਖਾ ਲਿਆ ਗਿਆ ਤਾਂ ਦਫ਼ਤਰ ਫੋਲ ਕੇ ਪਤਾ ਲਗਾ ਕਿ ਉਸ ਨੇ ਕਦੇ ਉਮਰ ਭਰ ਕਿਸੇ ਜਨਮ ਵਿਚ ਭੀ ਗੁਰਮੁਖਿ ਬਣ ਕੇ ਵਾਹਿਗੁਰੂ ਗੋਬਿੰਦ ਦਾ ਸਿਫਤਿ ਸਾਲਾਹੀ ਨਾਮ ਨਿਮਖ ਮਾਤਰ ਭੀ ਨਹੀਂ ਜਪਿਆ। ਬੱਸ ਤੱਤੇ ਬਲਦੇ ਸੜਦੇ ਥੰਮਾਂ ਨਾਲਿ ਉਸ ਦੀਆਂ ਜੱਫੀਆਂ ਪੁਆਈਆਂ ਗਈਆਂ। ਅੰਗਿਆਰੇ ਵਾਂਗੂੰ ਭੜ ਭੜ ਕਰਦੀਆਂ ਲੋਹੇ ਦੀਆਂ ਤੱਤੀਆਂ ਥੰਮੀਆਂ ਉਸ ਦੇ ਗਲ ਨਾਲਿ ਲਾਈਆਂ ਗਈਆਂ, ਤਾਂ ਵਿਰਲਾਪ ਕਰਿ ਕਰਿ ਦੁਹਾਈਆਂ ਪਾ ਪਾ ਕੇ ਪਛਤਾਉਣ ਲੱਗਾ। ਪਰ ਫੇਰ ਪਛੁਤਾਏ ਕੀ ਬਣਦਾ ਹੈ? ਜਦੋਂ ਉਸ ਨੂੰ ਮਨੁਖ ਜਨਮ ਦਾ ਅਉਸਰ ਮਿਲਿਆ ਸੀ ਓਦੋਂ ਤਾਂ ਸਾਰਾ ਜਨਮ ਉਸ ਨੇ ਕਾਮ ਕ੍ਰੋਧ ਵਿਚ ਅੱਟੇ ਹੋਏ ਨੇ ਅਤੇ ਅਹੰਕਾਰ ਵਿਚਿ ਮੱਤੇ ਮੁੱਠੇ ਹੋਏ ਨੇ ਬਿਤਾ ਦਿੱਤਾ। ਮੰਦ ਕਰਮ ਸੰਜੋਗੀ ਗੇੜ ਕਰਕੇ ਸਾਰੀ ਉਮਰ ਭੁੱਲਾ ਹੀ ਰਿਹਾ। ਰਸਨਾ ਕਰਕੇ ਇਕ ਖਿਨ ਮਾਤਰ ਭੀ ਵਾਹਿਗੁਰੂ ਨਾਮ ਦਾ ਜਾਪ ਨਹੀਂ ਜਪਿਆ।

ਨਾਮ ਨਾ ਜਪਣ ਵਾਲੇ ਮੰਦ-ਕਿਰਤ ਕਰੰਮੀਆਂ ਪਾਪੀਆਂ ਦੇ ਜ਼ਰੂਰ ਇਹੀ ਹਾਲ ਹੋਣਗੇ। ਜ਼ਰੂਰ ਓਹਨਾਂ ਨੂੰ ਤੱਤੇ ਥੰਮਾਂ ਨਾਲ ਬੰਨ੍ਹ ਕੇ ਤਪਾਇਆ ਜਾਇਗਾ। ਮਤ ਖ਼ਿਆਲ ਕਰੋ ਕਿ ਇਹ ਰੌਚਕ ਭਿਆਨਕ ਬਚਨ ਮਹਿਜ਼ ਡਰਾਵਾ ਦੇਣ ਲਈ ਹੀ ਕਹੇ ਗਏ ਹਨ। ਸਤਿ ਪੁਰਖ ਸਤਿਗੁਰਾਂ ਦੀ ਬਾਣੀ ਸਰਾਸਰ ਸਤਿ ਸਰੂਪ ਹੈ ਅਤੇ ਸਦਾ ਯਥਾਰਥ ਹੀ ਯਥਾਰਥ ਹੈ। ਗੁਰਬਾਣੀ ਅੰਦਰਿ ਜਿਤਨੇ ਭੀ ਵਾਕ ਹਨ, ਸਭ ਯਥਾਰਥ ਹਨ। ਕੋਈ ਬਚਨ ਵਾਕ ਭੀ ਬਨਾਉਟੀ ਡਰਾਵੇ ਵਾਲਾ ਨਹੀਂ। ਯਥਾਰਥ ਹੋਇ ਵਰਤਣ ਵਾਲੇ ਵਾਕ ਹਨ। ਵਾਲ ਦੀ ਖਾਲ ਲਾਹੁਣ ਵਾਲੇ ਕਈ ਫੋਕੀਆਂ ਕੁਤਰਕਾਂ ਕਰਨ ਵਾਲੇ ਨੁਕਤਾਚੀਨ ਲੋਗ ਇਉਂ ਆਖਿਆ ਕਰਦੇ ਹਨ ਕਿ ਸਰੀਰ ਤਾਂ ਪ੍ਰਾਣੀ ਦਾ ਐਥੇ ਇਸ ਲੋਕ ਵਿਖੇ ਹੀ ਰਹਿ ਜਾਂਦਾ ਹੈ, ਅਗੇ ਥੰਮ ਤਪਿਆਂ ਨਾਲ ਕੀਹਨੂੰ ਲਾਉਣਾ ਹੈ। ਐਵੇਂ ਫੋਕਾ ਹੀ ਡੂਮ-ਡਰਾਵਾ ਹੈ। ਏਹਨਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਇਸ ਅਸਥੂਲ ਸਰੀਰ ਤੋਂ ਬਿਨਾਂ ਪ੍ਰਾਣੀ ਦਾ ਇਕ ਹੋਰ ਸੂਖਮ ਸਰੀਰ ਭੀ ਹੈ, ਜੋ ਅਸਥੂਲ ਵਿਚੋਂ ਨਿਕਲੀ ਆਤਮਾ ਦੇ ਨਾਲਿ ਹੀ ਜਾਂਦਾ ਹੈ। ਉਸ ਸੂਖਮ ਸਰੀਰ ਕਰਕੇ ਹੀ ਪਰਲੋਕ-ਗਮਨੀ ਰੂਹਾਂ ਦੀ ਵਖੋ ਵਖ ਵਜੂਦਨੀ ਹਸਤੀ ਬਣੀ ਰਹਿੰਦੀ ਹੈ। ਸੋ ਅਗੇ ਜਾ ਕੇ ਜਿਤਨੇ ਤਸੀਹੇ ਭੀ ਮਿਲਦੇ ਹਨ, ਇਸ ਸੂਖਮ ਸਰੀਰ ਨੂੰ ਹੀ ਮਿਲਦੇ ਹਨ। ਇਸ ਸੂਖਮ ਸਰੀਰ ਨਾਲਿ ਜਕੜਿਆ ਹੋਇਆ ਆਤਮਾ ਇਹਨਾਂ ਤਸੀਹਿਆਂ ਤੇ ਤ੍ਰਾਸ ਨੂੰ ਸਹਿੰਦਾ ਹੈ। ਇਹ ਅਗੇ ਗਇਆਂ ਪਤਾ ਲਗੂ। ਏਥੇ ਫੋਕੇ ਯਕੜ ਮਾਰਨ ਵਾਲਿਆਂ ਦੀ ਸਾਰੀ ਸ਼ੇਖ਼ੀ ਓਥੇ ਜਾ ਕੇ ਕਿਰਕਿਰੀ ਹੋ ਜਾਂਦੀ ਹੈ। ਇਹ ਸਾਰੀਆਂ ਨੁਕਤਾਚੀਨੀਆਂ, ਉਧੇੜ-ਬੁਣ ਦੀਆਂ ਸਿਆਣਫਾਂ ਏਥੇ ਹੀ ਰਹਿ ਜਾਣੀਆਂ ਹਨ। ਕੀ ਸਰਬੱਗ ਗੁਰੂ ਸਾਹਿਬਾਨ ਦੀ ਸਰਬੋਤਮ ਮਤਿ ਨਾਲੋਂ ਅਲਪਗ ਬੁਧੀ ਵਾਲਿਆਂ ਦੀ ਨੁਕਤਾਚੀਨੀ ਵਾਲੀ

ਮਤਿ ਉਚੀ ਹੈ? ਪ੍ਰਮਾਰਥ ਸ਼ਰਧਾ ਤੋਂ ਵਿਸ਼ਵਾਸ-ਹੀਣਿਆਂ ਦੀ ਮਤਿ ਸਦਾ ਹੀ ਕੁਮਤ ਹੈ, ਅਤੇ ਕੁਮਾਰਗ ਪਾਉਣ ਵਾਲੀ ਅਉਝੜੇ ਲੈ ਜਾਣ ਵਾਲੀ ਹੋਛੀ ਮਤਿ ਹੈ। ਅਜਿਹੀ ਕੱਚੀ ਮਤਿ ਪਿਛੇ ਜੋ ਲਗੇ ਹਨ ਸੋ ਪਿਛੋਂ ਪਛਤਾਉਣਗੇ ਤੇ ਅਗਲੀ ਦਰਗਾਹੇ ਜਾ ਕੇ ਜਮਾਂ ਦੇ ਧੱਕੇ ਖਾਣਗੇ। ਸੱਚੇ ਪਾਤਸ਼ਾਹ ਅਜਿਹੇ ਸ਼ਰਧਾ-ਹੀਣਾਂ ਨੂੰ ਸੁਮਤਿ ਬਖ਼ਸ਼ੇ, ਜੋ ਗੁਰਸਿੱਖੀ ਦਾ ਸਰੂਪ ਧਾਰ ਕੇ ਭੀ ਤੇਰੀ ਬਾਣੀ ਦੇ ਤੱਤ ਭਾਵ ਤੋਂ ਮੁਨਹਰਫ਼ ਹੋਏ ਹਨ।

**ਪਾਧਾਣੂ ਸੰਸਾਰੁ ਗਾਰਬਿ ਅਟਿਆ ॥ ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥ ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥ ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥ ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ ॥ ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ ॥ ੧ ॥**

**(ਜੈਤਸਰੀ ਛੰਤ ਮਃ ੫, ਪੰਨਾ ੭੦੫)**

ਵਿਆਖਿਆ— ਸੰਸਾਰੀ ਲੋਕਾਂ ਦਾ ਭਰਿਆ ਹੋਇਆ ਸਾਰਾ ਸੰਸਾਰ ਮੁਸਾਫ਼ਰ ਹੈ, ਪਰ ਮਨ ਬਚਨ ਕਰਮ ਕਰਕੇ ਆਪਣੇ ਆਪਿ ਨੂੰ ਮੁਸਾਫ਼ਰ, ਰੈਣ-ਪਰਾਹੁਣਾ ਨਹੀਂ ਮੰਨਦਾ, ਸਗੋਂ ਸੱਚ ਮੁੱਚ ਗਰਬ ਅਹੰਮੇਵ ਦਾ ਹੀ ਅਟਿਆ ਹੋਇਆ ਹੈ। ਸੱਚ ਮੁੱਚ ਇਹ ਸੰਸਾਰ ਇਕ ਮੁਸਾਫ਼ਰਖ਼ਾਨਾ ਹੈ। ਇਸ ਸੰਸਾਰ ਰੂਪ ਮੁਸਾਫ਼ਰਖ਼ਾਨੇ ਵਿਚ ਰਹਿਣ ਵਾਲੇ ਸਾਰੇ ਸੰਸਾਰੀ ਲੋਗ ਮੁਸਾਫ਼ਰ ਹਨ। ਪਰ ਸਾਰੇ ਹੀ ਸੰਸਾਰੀ ਲੋਗ ਹੰਕਾਰ ਦੇ ਹੀ ਲੱਦੇ ਹੋਏ ਹਨ। ਜੇ ਆਪਣੇ ਆਪ ਨੂੰ ਮੁਸਾਫ਼ਰ ਕਰਕੇ ਜਾਨਣ ਤਾਂ ਥੋੜੇ ਦਿਨਾਂ ਦੀ ਖਾਤਰ ਹੰਕਾਰ ਗਰਬ ਕਿਉਂ ਕਰਨ? ਜੇ ਦੁਨੀਆ ਨੂੰ ਫ਼ਨਾਹ ਦਾ ਮੁਕਾਮ ਜਾਨਣ ਤਾਂ ਕਾਹਦੇ ਲਈ ਐਡੇ ਗਰਬ-ਅੱਟੇ ਅਡੰਬਰ ਕਰਨ? ਪ੍ਰੰਤੂ ਪਰਤੱਖ ਦੇਖਣ ਵਿਚ ਇਹ ਆਉਂਦਾ ਹੈ ਕਿ ਸਾਰੇ ਹੀ ਸੰਸਾਰ ਦੇ ਲੋਗ ਗਰਬ ਦੇ ਅੱਟੇ ਹੋਏ ਹੀ ਫਿਰਦੇ ਹਨ। ਪਏ ਫਿਰਨ, ਪਰ ਪ੍ਰਮਾਰਥ ਵਿਚਿ ਲੱਤ ਕਿਉਂ ਅੜਾਉਣ? ਇਹ ਸੰਸਾਰੀ ਲੋਗ ਗਰਬ ਦੇ ਅੱਟੇ ਹੋਏ ਅਤੇ ਮਾਇਆ ਦੇ ਕਸੁੰਭੀ ਰੰਗ ਵਿਚ ਕਚਾਹੁੱਟੇ ਹੋਏ ਅਣਗਿਣਤ ਪਾਪ ਕਰਮ ਨਿਤਾਪ੍ਰਤਿ ਕਰਦੇ ਹਨ। ਲੋਭ ਮੋਹ ਅਭਿਮਾਨ ਵਿਚਿ ਨਕਾ ਨਕ ਡੁੱਬੇ ਹੋਏ ਇਹਨਾਂ ਸੰਸਾਰੀ ਲੋਗਾਂ ਨੂੰ ਮੌਤ ਚੇਤੇ ਹੀ ਨਹੀਂ ਆਉਂਦੀ। ਓਹਨਾਂ ਦੀ ਸਾਰੀ ਉਮਰ ਮੈਂ-ਮੇਰੀ ਕਰਦਿਆਂ ਦੀ ਬਿਹਾਉਂਦੀ ਹੈ। ਇਹ ਮੇਰੇ ਪੁੱਤਰ ਹਨ; ਇਹ ਮੇਰੇ ਮਿੱਤਰ ਹਨ; ਮੇਰੇ ਏਤਨੇ ਬੜੇ ਬੜੇ ਕਾਰ ਵਿਹਾਰ ਹਨ; ਐਸੀ ਸੁੰਦਰ ਸੁਘੜ ਮੇਰੀ ਇਸਤ੍ਰੀ। ਬਸ ਇਹੋ ਜਿਹੀ ਮੈਂ-ਮੇਰੀ ਦੀਆਂ ਅਹੰਕਾਰ-ਬਾਦ ਬਫੂਲੀਆਂ ਗੱਲਾਂ ਕਰਦਿਆਂ ਹੀ ਵਿਹਾਉਂਦੀ ਹੈ। ਓੜਕ ਅਉਧ ਪੁੰਨੀ ਤੋਂ ਧੁਰਿ ਲਿਖੇ ਦਿਨ ਅੰਤ-ਕਾਲ ਦੇ ਸਿਰ ਤੇ ਆਣ ਪੁਜਦੇ ਹਨ। ਉਦੋਂ ਦੁਖੁ ਲਗਦਾ ਹੈ ਜਦੋਂ ਜਾਨ ਕਢਣ ਲਈ ਆਏ ਧਰਮਰਾਇ ਦੇ ਦੂਤਾਂ ਨੂੰ ਸਿਰ ਤੇ ਖੜੇ ਦੇਖਦਾ ਹੈ। ਪਰ ਫੇਰ ਕੀ ਬਣਦਾ ਹੈ? ਕਿਰਤ ਕਰਮ ਕਦੇ ਮਿਟਦਾ ਨਹੀਂ। ਭੁਗਤਣਾ ਹੀ ਪੈਂਦਾ ਹੈ। ਮਿਟੇ ਤਾਂ, ਜੇ ਨਾਮ-ਧਨ ਖਟਿਆ ਹੋਵੇ। ਪਰ ਇਹ ਨਾਮ-ਧਨ ਖਟਿਆ ਨਹੀਂ ਗਿਆ। ਤਾਂ ਤੇ ਮੰਦ ਕਰਮਾਂ ਦੀ ਕਿਰਤ ਦਾ ਲੇਖਾ ਮਿਟਦਾ ਨਹੀਂ, ਨਾ ਮਿਟ ਸਕਦਾ ਹੈ। ਖਬਰੇ, ਕਿੰਨੀਆਂ ਜਨਮ-ਜੋਨੀਆਂ ਵਿਚਿ ਖੱਜਲ ਖੁਆਰ ਹੋਣਾ ਬਣੇਗਾ। ਨਾਮ ਜਪਿਆਂ, ਨਾਮ ਧਨ ਸੰਚਿਆਂ ਕਿਰਤ ਕਰੰਮੀ ਲੇਖਾ ਸਭ ਮਿਟ ਜਾਂਦਾ ਹੈ। ਐਵੇਂ ਨਹੀਂ ਮਿਟਦਾ।

**ਪਾਪ ਪੁੰਨ ਵਰਤੈ ਸੰਸਾਰਾ ॥ ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥ ਗੁਰਮੁਖਿ ਹੋਵੈ ਸੋ**

ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥ ੬ ॥ ਕਿਰਤੁ ਨ ਕੋਈ ਮੇਟਣਹਾਰਾ ॥ ਗੁਰ ਕੈ ਸਬਦੇ ਮੋਖ ਦੁਆਰਾ ॥ ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰਿ ਪਛਾਤਾ ਹੇ ॥ ੭ ॥ ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ ਦੂਜੈ ਭਾਇ ਘਣਾ ਦੁਖੁ ਆਗੈ ॥ ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛਤਾਤਾ ਹੇ ॥ ੮ ॥

(ਮਾਰੂ ਮਃ ੩, ਪੰਨਾ ੧੦੫੨)

ਵਿਆਖਿਆ— ਸਾਰਾ ਸੰਸਾਰ ਪਾਪ ਤੇ ਪੁੰਨ ਦੇ ਕਰਮਾਂ ਦੇ ਵਰਤਾਰੇ ਵਿਚ ਹੀ ਵਰਤ ਰਹਿਆ ਹੈ। ਪਾਪਾਂ ਤੇ ਪੁੰਨਾਂ ਦੇ ਕਰਮ ਕਰਨ ਵਿਚਿ ਹੀ ਸਾਰੇ ਸੰਸਾਰੀ ਲੋਗ ਪਰਵਿਰਤ ਹੋ ਰਹੇ ਹਨ। ਪਾਪ ਕਰਮ ਕਰਨ ਵਾਲੇ ਲੋਗ ਸੋਗ ਰੋਗ ਵਿਚਿ ਗ੍ਰਸਤ ਰਹਿੰਦੇ ਹਨ। ਪੁੰਨ ਕਰਮ ਕਰਨ ਵਾਲੇ ਲੋਗ ਪੁੰਨੀ ਮਸ਼ਹੂਰ ਹੋ ਕੇ ਖ਼ੁਸ਼ ਹੁੰਦੇ ਹਨ। ਪਰ ਇਹ ਖ਼ੁਸ਼ੀ ਤੇ ਸੋਗ ਦੋਵੇਂ ਹੀ ਦੁਖੁ ਰੂਪ ਹਨ। ਏਹਨਾਂ ਵਿਚਿ ਸੱਚੇ ਸੁਖ ਦਾ, ਸੱਚੇ ਪ੍ਰਮਾਰਥੀ ਸੁਖ ਦਾ, ਤੋੜ ਨਿਭਣ ਵਾਲੇ ਹਕੀਕੀ ਸੁਖ ਦਾ ਮੁਸ਼ਕ ਮਾਤ੍ਰ ਭੀ ਨਹੀਂ। ਸਗੋਂ ਭਾਰਾ ਦੁਖ ਹੈ। ਦੋਵੇਂ ਪਾਪੀ ਪੁੰਨੀ ਲੋਗ ਦੁਖੀ ਹੀ ਹਨ। ਭਾਰੇ ਦੁਖ ਵਿਚਿ ਦੁਖੀ ਹੋ ਕੇ ਹੀ ਮਰਦੇ ਹਨ। ਪਾਪ ਕਰਨੇ ਤਾਂ ਹੈ ਹੀ ਸੋਗ ਰੂਪ ਰੋਗ ਰੂਪ, ਜੋ ਨਿਰਾ ਹੀ ਦੁਖਾਂ ਦਾ ਘਰ ਹੈ, ਪ੍ਰੰਤੂ ਪੁੰਨ ਕਰਮ ਕਰਨ ਵਾਲਾ ਭੀ ਕੋਈ ਸੁਖੀ ਨਹੀਂ। ਤਿਨ੍ਹਾਂ ਨੂੰ ਮਾਇਆਵੀ ਸੁਖ ਭੀ ਨਹੀਂ ਮਿਲਦਾ। ਪੁੰਨ ਕਰਮ, ਕੀਤੇ ਹੀ ਆਮ ਤੌਰ ਤੇ ਤਾਂ ਜਾਂਦੇ ਹਨ ਕਿ ਪੁੰਨ ਕਰਮ ਕਰਨਹਾਰੇ ਨੂੰ ਉਸ ਦੇ ਕੀਤੇ ਪੁੰਨ-ਕਰਮਾਂ ਦਾ ਫਲ ਮਿਲੇ। ਨਿਸ਼ਕਾਮਤਾ ਨਿਰਮਾਣਤਾ ਦਾ ਤਾਂ ਪੁੰਨ-ਕਰਮ ਕਰਨਹਾਰੇ ਵਿਚਿ ਨਮੂਦ ਭੀ ਨਹੀਂ ਹੁੰਦਾ, ਜਿਸ ਕਰਕੇ ਸੱਚੇ ਸੁਖ ਦੀ ਪ੍ਰਾਪਤੀ ਪੁੰਨ-ਕਰਮੀਆਂ ਨੂੰ ਕਦੇ ਨਹੀਂ ਮਿਲਦੀ। ਸੁਆਰਥ ਹਿਤ, ਮਾਇਆਵੀ ਮਨੋਰਥ ਹਿਤ, ਦੁਨੀਆ ਦੀ ਮਾਣ-ਵਡਿਆਈ ਹਿਤ ਹੀ ਪੁੰਨ ਕਰਮ ਕੀਤੇ ਜਾਂਦੇ ਹਨ। ਜੇ ਪੁੰਨ ਕਰਮ ਕੀਤਿਆਂ ਪੁੰਨ ਦਾ ਫਲ ਨਾ ਮਿਲੇ ਤੇ ਸੁਆਰਥ ਸੁਆਉ ਹੋਇ ਨਾ ਆਵੇ ਤਾਂ ਹਰਖ ਦੇ ਥਾਉਂ ਸਗੋਂ ਸੋਗ-ਸੰਤਾਪ ਹੀ ਹੁੰਦਾ ਹੈ। ਜੈਸਾ ਪਾਪ-ਸੰਤਾਪੀਆਂ ਨੂੰ ਦੁਖ ਤੈਸਾ ਪੁੰਨ-ਪਰਤਾਪੀਆਂ ਨੂੰ ਦੁਖ। ਪੁੰਨ ਕਰਮ ਏਸ ਨਮਿਤ ਕਰਨੇ ਕਿ ਅਗਲੀ ਦੁਨੀਆ ਵਿਚ ਮਾਇਆਵੀ ਮਨੋਰਥ ਦਹਿ-ਦੂਣੇ ਹੋ ਕੇ ਫਲਣਗੇ, ਮਹਾਂ ਅਗਿਆਨਤਾ ਵਾਲਾ ਸੌਦਾ ਹੈ। ਲੋਕ ਸੁਖੀ ਤੇ ਪਰਲੋਕ ਸੁਹੇਲੇ ਰਖਣ ਵਾਲੇ ਇਹ ਪੁੰਨ-ਕਰਮ ਕਦੇ ਹੋ ਹੀ ਨਹੀਂ ਸਕਦੇ। ਬਹੁਤਾ ਵਿਸਥਾਰ ਕੀਤਿਆਂ ਪਾਪ ਕਰਮਾਂ ਤੇ ਪੁੰਨ ਕਰਮਾਂ ਦਾ ਪੁਸਤਕ ਬਣ ਜਾਣਾ ਹੈ। ਇਸ ਕਰਕੇ ਇਸ ਪ੍ਰਥਾਇ ਏਤਨਾ ਲਿਖਣਾ ਹੀ ਕਾਫ਼ੀ ਹੈ।

"ਹਰਖੁ ਸੋਗੁ ਸਭੁ ਦੁਖੁ ਹੈ ਭਾਰਾ" ਵਾਲੀ ਗੁਰਵਾਕ ਪੰਗਤੀ ਵਿਚਿ ਹਰਖ ਸੋਗ ਦੋਹਾਂ ਦੇ ਦੁਖੁ ਰੂਪ ਹੋਣ ਦੀ ਸਚਿਆਈ ਭਲੀ ਬਿਧਿ ਸਿਧ ਹੋ ਗਈ । ਵਾਸਤਵ ਵਿਚ ਸੁਖੀਆ ਕਉਣ ਹੈ ਤੇ ਕਿਸ ਨੂੰ ਸੱਚਾ ਸੁਖ ਪ੍ਰਾਪਤਿ ਹੁੰਦਾ ਹੈ, ਇਸ ਗੱਲ ਦੀ ਸਚਿਆਈ ਇਸ ਅਗਲੇਰੀ ਨਾਲਿ ਦੀ ਤੁਕ ਵਿਚਿ ਹੈ—

"ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥"

ਬਸ, ਸਾਫ਼ ਸਪੱਸ਼ਟ ਫ਼ੈਸਲਾ ਹੋਇਆ ਕਿ ਗੁਰਮੁਖਿ ਸਿਖ ਨੂੰ ਹੀ ਸਦਾ ਸੁਖ ਪ੍ਰਾਪਤਿ ਹੋ ਸਕਦਾ ਹੈ। ਸੋਈ ਗੁਰਮੁਖਿ ਜਨ ਵਾਸਤਵ ਵਿਚਿ ਸੁਖੀ ਹੈ, ਜਿਸ ਨੇ ਵਾਹਿਗੁਰੂ ਨਾਮ ਨੂੰ ਚੀਨ ਲਿਆ ਹੈ।

ਗੁਰੂ ਸਤਿਗੁਰੂ-ਦੀਖਿਆ ਦੁਆਰਾ ਹੀ ਨਾਮ ਵਾਹਿਗੁਰੂ ਚੀਨਿਆ ਪਛਾਨਿਆ ਜਾ ਸਕਦਾ ਹੈ। ਜਿਨ੍ਹਾਂ ਗੁਰਮੁਖਾਂ ਨੇ ਨਾਮ ਪਛਾਤਾ ਹੈ ਤਿਨ੍ਹਾਂ ਨੇ ਹੀ ਨਾਮ ਅਭਿਆਸ ਕਮਾਈ ਦਾ ਸੱਚਾ ਭੇਦ ਜਾਤਾ ਹੈ। ਇਹ ਗੁਰਮਤਿ ਭੇਦ ਵਾਲੀ ਨਾਮ ਕਮਾਈ ਕੀਤਿਆਂ ਸੱਚੇ ਪ੍ਰਮਾਰਥੀ ਸੁਖਾਂ ਦੀ, ਅਬਦੀ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਨਾਮ ਅਭਿਆਸ ਰੂਪੀ ਸੱਚੜੇ ਕਰਮ ਦੀ ਸੱਚੜੀ ਕਿਰਤ ਕਮਾਈ ਨੂੰ ਕੋਈ ਮੇਟਣਹਾਰਾ ਨਹੀਂ। ਇਹ ਕਮਾਈ ਕੀਤਿਆਂ ਅਵੱਸ਼ ਸੱਚੇ ਸੁਖ ਦੀ ਪ੍ਰਾਪਤੀ ਦੋਹੀਂ ਲੋਕੀਂ ਹੁੰਦੀ ਹੈ। ਗੁਰ ਕੈ ਸ਼ਬਦ ਅਭਿਆਸ ਦੁਆਰਾ ਹੀ ਮੋਖ ਦੁਆਰ ਦੀ ਪ੍ਰਾਪਤੀ ਹੁੰਦੀ ਹੈ। ਮੋਖ ਦੁਆਰੜੇ ਦਾ ਸੁਖੁ ਕਦੇ ਸੰਸਾਰਕ ਸੁਖਾਂ ਤੋਂ ਹੋ ਸਕਦਾ ਹੈ? ਕਦੇ ਨਹੀਂ। ਜਿਨ੍ਹਾਂ ਨੇ ਆਪਾ ਮਾਰ ਕੇ ਸ਼ਬਦ-ਮਾਰਗ ਨੂੰ ਪਛਾਨਿਆਂ ਹੈ, ਤਿਨ੍ਹਾਂ ਉਪਰ ਭੀ ਪੂਰਬਲੇ ਕਰਮਾਂ ਕਰਕੇ ਕਿਰਪਾਲੂ ਦੀ ਕਿਰਪਾ ਹੋਈ ਜਾਣੋ। ਪੂਰਬ ਲਿਖੇ ਸ਼ੁਭ ਕਰਮਾਂ ਦਾ ਫਲ ਤਿਨ੍ਹਾਂ ਨੇ ਹੀ ਪਾਇਆ ਹੈ। ਮਾਇਆ-ਮੋਹ ਦੇ ਪ੍ਰਭਾਵ ਕਰਕੇ ਮਾਇਆ-ਮਮਤਾਵੀ ਜੀਵ ਦਾ ਵਾਹਿਗੁਰੂ ਨਾਲ ਤੇ ਵਾਹਿਗੁਰੂ-ਨਾਮ ਨਾਲਿ ਚਿਤ ਲਗਦਾ ਹੀ ਨਹੀਂ। ਓਹ ਦੂਜੇ ਭਾਇ ਦੇ ਦੁਕ੍ਰਿਤ ਕਰਮ ਹੀ ਕਰਦੇ ਹਨ। ਜਿਨ੍ਹਾਂ ਦੇ ਕਰਨ ਕਰਕੇ, ਅਗੇ ਜਾ ਕੇ (ਅਗਲੇ ਲੋਕ ਵਿਚ) ਓਹਨਾਂ ਨੂੰ ਅਤਿ ਘਣਾ ਤੇ ਬਹੁਤ ਵਧੇਰਾ ਦੁਖੁ ਹੁੰਦਾ ਹੈ। ਇਹ ਦੁਕ੍ਰਿਤ ਕਰਮ ਆਨਮਤੀ ਭੇਖਧਾਰੀ ਲੋਗ ਹੀ ਕਰਦੇ ਹਨ। ਅਜਿਹੇ ਮਨਮੁਖ ਗਵਾਰ ਲੋਗ ਅੰਤ ਨੂੰ ਪਛੋਤਾਉਂਦੇ ਹਨ।

ਮਾਇਆ ਮੋਹਿ ਬਹੁ ਭਰਮਿਆ ॥ ਕਿਰਤ ਰੇਖ ਕਰਿ ਕਰਮਿਆ ॥

(ਬਸੰਤੁ ਮਃ ੫, ਪੰਨਾ ੧੧੯੩)

ਮਨਮੁਖੀ ਗਾਵਾਰ ਮਨੁਖ ਆਪਣੀ ਪੂਰਬਲੀ ਕਿਰਤ-ਕਰੰਮੀ ਰੇਖਾ ਦੀ ਲਿਖਤਕਾਰ ਦੇ ਅਧੀਨ ਹੀ ਵੱਸ ਹੋ ਕੇ ਕਰਮ ਕਰਦਾ ਹੈ। ਅਤੇ ਬਹੁਤਾ ਮਾਇਆ ਮੋਹ ਦੇ ਵਿਚ ਭਰਮਿਆ ਹੋਇਆ ਇਹ ਕਰਮ ਕਮਾਉਂਦਾ ਹੈ, ਜੋ ਥਾਇੰ ਨਹੀਂ ਪੈਂਦੇ।

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥

(ਬਾਰਹਮਾਹਾ ਮਾਂਝ ਮਃ ੫, ਪੰਨਾ ੧੩੩)

ਭਾਵ— ਕਿਰਤ ਕਰਮ ਦੇ ਵਿਛੜਿਆਂ ਦਾ ਮੇਲਾ ਵਾਹਿਗੁਰੂ ਦੀ ਖਾਸ ਕਿਰਪਾ ਨਾਲਿ ਹੀ ਹੁੰਦਾ ਹੈ। ਨਹੀਂ ਤਾਂ ਜਨਮਾਂ ਜਨਮਾਂ ਵਿਚਿ ਭਉਂਦਿਆਂ ਦਾ ਮੁੜਿ ਮੇਲਾ ਹੋਣਾ ਬੜਾ ਹੀ ਅਸੰਭਵ ਹੈ।

ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥ ਜੋ ਤਿਸੁ ਭਾਣਾ ਸੋਈ ਹੂਆ ॥ ਅਵਰੁ ਨ ਕਰਣੈ ਵਾਲਾ ਦੂਆ ॥ ੧ ॥ ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥ ੧ ॥ ਰਹਾਉ ॥

(ਗਉੜੀ ਮਃ ੧, ਪੰਨਾ ੧੫੪)

ਜੋ ਪਿਛਲੇ ਕਰਮਾਂ ਦਾ ਕਿਰਤ-ਕਰਤਤੀ ਲੇਖ ਪਿਆ ਹੈ, ਤਿਸ ਨੂੰ ਕੋਈ ਮੇਟ ਨਹੀਂ ਸਕਦਾ। ਏਸ ਗੱਲ ਦੇ ਜਾਨਣ ਦੀ ਪਰਵਾਹ ਨਹੀਂ ਕਿ ਅਗੇ ਨੂੰ ਕੀ ਹੋਵੇਗਾ। ਬਸ, ਉਹੀ ਹੋਵੇਗਾ ਜੋ ਕਰਮ ਦੀ ਕਿਰਤ-ਰੇਖਾ ਵਿਚਿ ਲਿਖਿਆ ਹੋਇਆ ਹੈ। ਸਾਰਿਆਂ ਦੇ ਕਰਮਾਂ ਦੀ ਕਿਰਤ-ਡੋਰੀ ਉਸ ਕਰਤੇ ਪੁਰਖ ਦੇ ਹਥਿ ਹੀ ਹੈ। ਜੋ ਤਿਸ ਕਰਤਾਰ ਦਾ ਭਾਣਾ ਹੈ, ਸੋਈ ਹੋਣਾ ਹੈ। ਪਹਿਲਾਂ ਹੋਇਆ ਤੇ ਅੱਗੇ ਨੂੰ ਹੋਵੇਗਾ। ਕਰਣੇ ਵਾਲਾ ਹੋਰ ਦੂਜਾ ਕੋਈ ਹੈ ਹੀ ਨਹੀਂ। ਕਰਮਾਚਾਰੀ ਜੀਵ ਨੂੰ ਖ਼ੁਦ ਕੀ ਪਤਾ ਹੈ ਕਿ

ਕਰਮਾਂ ਦੀ ਹੈਅਤ ਮਾਹੀਅਤ ਕਿਤਨੀ ਕੁ ਹੈ? ਏਵਡ ਵਡੀਰ ਅਤੇ ਕਰਮ ਕਰਾਵਨਹਾਰ ਦਾਤਾਰ ਦੀ ਕਰਮ-ਦਾਤਿ ਕਿਤਨੀ ਕੁ ਹੈ। ਕਰਮ ਧਰਮ ਸਭ ਤੇਰੇ ਨਾਮ ਦੀ ਜਾਤਿ ਵਿਚਿ ਹੀ ਹਨ। ਜਿਸ ਨੇ ਤੇਰਾ ਨਾਮ ਜਪ ਲਿਆ, ਉਸ ਨੇ ਸਾਰੇ ਕਰਮ ਧਰਮ ਕਰ ਲਏ। ਸਾਰੇ ਕਰਮ ਧਰਮ ਨਾਮ ਵਿਚਿ ਹੀ ਆ ਗਏ। ਇਹ ਕਰਮ ਧਰਮ ਕਰਨ ਦੀ ਨਾਮ ਜਪਣ ਵਾਲੇ ਨੂੰ ਲੋੜ ਹੀ ਨਹੀਂ ਰਹੀ।

> **ਕੁੰਟਿ ਚਾਰਿ ਦਹਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ ॥ ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥ ੧ ॥**

**(ਸਲੋਕ, ਗਉੜੀ ਬਾਵਨ ਅਖਰੀ ਮਃ ੫, ਪੰਨਾ ੨੫੩)**

ਭਾਵ— ਕਰਮਾਂ ਦੀ ਕਿਰਤ-ਰੇਖਾ ਅਨੁਸਾਰ ਕਰਮਾਚਾਰੀ ਜੀਵ ਚੌਹਾਂ ਕੁੰਟਾਂ ਅਤੇ ਦਸੋਂ ਹੀ ਦਿਸਾਵਾਂ ਵਿਖੇ ਭਰਮਦੇ ਫਿਰਦੇ ਹਨ। ਓਹਨਾਂ ਨੇ ਜੋ ਸੂਖ ਦੂਖ ਭੁਗਤਣੇ ਹਨ ਓਹ ਪਹਿਲਾਂ ਹੀ ਓਹਨਾਂ ਦੇ ਲੇਖਾਂ ਵਿਚਿ ਲਿਖਣਹਾਰ ਨੇ ਲਿਖ ਦਿੱਤੇ। ਜਿਸ ਦੇ ਕਰਮਾਂ ਵਿਚਿ ਕਿਰਤ-ਰੇਖਾ ਅਨੁਸਾਰ ਮੁਕਤੀ ਲਿਖੀ ਹੈ, ਉਸਨੂੰ ਮੁਕਤੀ ਮਿਲਦੀ ਹੈ। ਜੀਹਨਾਂ ਨੇ ਜੂਨੀਆਂ ਭੁਗਤਣੀਆਂ ਹਨ ਓਹਨਾਂ ਦੀ ਕਿਰਤ-ਕਰੰਮੀ ਰੇਖਾ ਵਿਚਿ ਜੂਨੀਆਂ ਭੋਗਣਾ ਪਹਿਲਾਂ ਹੀ ਲਿਖ ਦਿੱਤਾ ਹੋਇਆ ਹੈ। ਪੰਚੇਸ਼ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਇਹ ਸਭ ਕੁਛ ਕਿਰਤ-ਕਰੰਮੀ ਰੇਖ ਲੇਖ ਅਨੁਸਾਰ ਹੀ ਲਿਖ ਦਿੱਤਾ ਹੋਇਆ ਹੈ ਲਿਖਣਹਾਰ ਅਗਾਧ ਅਨੰਤ ਕਰਤਾਰ ਨੇ।

ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥ ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥ ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥ ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥ ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥ ੨ ॥

(ਸਿਰੀਰਾਗੁ ਮਃ ੪ ਵਣਜਾਰਾ, ਪੰਨਾ ੮੨)

ਗੁਰੂ ਘਰ ਦੇ ਗੁਰਮੁਖਿ ਸੰਤ ਜਨਾਂ ਸਿੱਖਾਂ ਭਾਈਆਂ (ਸੁਨਹਿਰੀਏ ਸਿੰਘਾਂ) ਬਿਨਾਂ ਹੋਰ ਕਿਸੇ ਨਿਗੁਰੇ ਨਿਗੋਸਾਏਂ ਨਰ ਨੂੰ ਨਾਮ ਦੀ (ਗੁਰਮਤਿ ਨਾਮ ਦੀ) ਪ੍ਰਾਪਤੀ ਨਹੀਂ ਹੁੰਦੀ। ਗੁਰੂ ਘਰ ਦੀ ਗੁਰਮਤਿ ਮਰਯਾਦਾ ਅਨੁਸਾਰ ਜਿਨ੍ਹਾਂ ਨੇ ਇਕੈ ਅੰਮ੍ਰਿਤ ਦੇ ਬਾਟੇ (ਸੁਨਹਿਰੇ ਧਰੇ ਬਾਟੇ) ਵਿਚੋਂ ਖੰਡੇ ਦਾ ਅੰਮ੍ਰਿਤ ਛਕਿਆ ਹੈ, ਸੋ ਸੁਨਹਿਰੀਏ ਸਿੰਘ ਭਰਾ (ਸਕੇ ਤੋਂ ਸਕੇ ਭਾਈ) ਕਹਾਉਂਦੇ ਹਨ। ਗੁਰੂ ਘਰ ਦੇ ਗੁਰਮਤਿ ਬੋਲਿਆਂ ਵਿਚਿ ਤਿਨ੍ਹਾਂ ਅੰਮ੍ਰਿਤਧਾਰੀ ਸਿੰਘਾਂ ਭਰਾਵਾਂ ਸ੍ਰੇਸ਼ਟ ਸੰਤਾਂ ਵੀਰਾਂ ਗੁਰਮੁਖਾਂ ਨੂੰ ਹੀ ਗੁਰਮਤਿ ਨਾਮ ਦੀ ਦਾਤਿ-ਦੀਖਿਆ ਮਿਲਦੀ ਹੈ, ਹੋਰ ਕਿਸੇ ਨੂੰ ਨਹੀਂ ਮਿਲਦੀ। ਤਿਸ ਦਾਤਿ-ਪ੍ਰਾਪਤੀ ਬਿਨਾਂ ਸਭ ਨਿਗੁਰੇ ਨਿਗੋਸਾਏਂ ਹਨ। ਓਹਨਾਂ ਨੂੰ ਨਾਮ ਅਭਿਆਸ ਕਮਾਈ ਵਾਲੀ ਸਚੜੀ ਦਾਤਿ ਇਲਾਹੀ ਨਹੀਂ ਮਿਲਦੀ। ਓਹਨਾਂ ਦਾ ਗੁਰੂ ਪੀਰ ਗੁਸਾਈਂ ਖਸਮ ਕੋਈ ਨਹੀਂ ਹੁੰਦਾ। ਓਹ ਨਿਖਸਮੇ ਆਪਣੀ ਹਉਮੈ ਵਿਚ ਮਤੇ ਹੋਏ ਹੀ ਹੋਰ ਹੋਰ ਕਰਮ ਕਮਾਉਂਦੇ ਹਨ। ਜਿਹੜੇ ਮਨਮੁਖ ਨਿਗੁਰੇ ਮਾਨੁਖ ਆਪਣੀ ਹਉਮੈ ਦੇ ਗ੍ਰਸੇ ਹੋਏ ਹੀ ਆਪ-ਹੁਦਰੇ ਕਰਮ ਕਮਾਉਂਦੇ ਹਨ ਓਹ ਬੇਸਵਾ ਦੇ ਪੁਤ ਵਾਂਗੂੰ ਵਲਦੀਅਤ ਤੋਂ ਬੇਨਾਮੇ (ਵਾਲਦ ਤੇ ਕੁਲ ਦੇ ਨਾਮ ਤੋਂ ਬਿਨਾਂ) ਹੀ ਹੁੰਦੇ ਹਨ। ਪਿਤਾ ਦੀ ਕੁਲ ਦੇ ਤਦ ਹੋਈਦਾ ਹੈ ਜੇ ਗੁਰੂ ਤੁਠਾ ਆਪਣੀ ਨਦਰਿ ਮੇਹਰ ਕਰੇ। ਉਸ ਦੀ ਨਦਰ ਮੇਹਰ ਹੋਈ ਤੇ, ਗੁਰੂ ਦਾ ਅੰਮ੍ਰਿਤ ਛਕੇ ਤੇ ਗੁਰੂ ਦਾ ਬਣੀਦਾ ਹੈ। ਸਾਰੇ ਅੰਮ੍ਰਿਤ-ਧਾਰੀਆਂ ਭਰਾਵਾਂ ਦਾ ਇਕੋ ਗੁਰੂ ਅੰਮ੍ਰਿਤੇਸ਼ ਕਲਗੀਧਰ ਹੀ ਗੁਰ ਪਿਤਾ ਹੋ ਜਾਂਦਾ ਹੈ।

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥

(ਸੋਰਠਿ ਮਃ ੫ ਘਰੁ ੨ ਚਉਪਦੇ, ਪੰਨਾ ੬੧੧)

ਇਉਂ ਅੰਮ੍ਰਿਤਧਾਰੀ ਅੰਮ੍ਰਿਤ ਬਾਟੇ ਦੇ ਸਾਂਝੀਵਾਲ ਹੋ ਕੇ ਇਨ੍ਹਾਂ ਵਡਭਾਗੀਆਂ ਨੇ ਗੁਰੂ ਧਾਰਨ ਕੀਤਾ ਹੈ ਅਤੇ ਸੱਚੇ ਸਤਿਗੁਰੂ ਨੂੰ ਪਰਤੱਖ ਸਾਖਸ਼ਾਤਕਾਰਤਾ ਅੰਦਰਿ ਪ੍ਰਾਪਤਿ ਕੀਤਾ ਹੈ। ਤਿਨ੍ਹਾਂ ਗੁਰ-ਦੀਖਸ਼ਤ ਗੁਰਮੁਖਾਂ ਦਾ ਹੀ ਵਾਹਿਗੁਰੂ ਨਾਮ ਨਾਲਿ ਸੱਚੀ ਸ਼ਰਧਾ ਸਿਦਕ ਭਰੋਸੇ ਵਾਲਾ ਭਾਉ ਲਗਾ ਹੈ ਅਤੇ ਤਿਨ੍ਹਾਂ ਗੁਰ-ਭਾਈਆਂ ਦਾ ਹੀ ਪਰਸਪਰੀ ਸੱਚਾ ਪ੍ਰੇਮ-ਨਾਤਾ ਗੰਢਿਆ ਗਿਆ ਹੈ, ਜੋ ਤੋੜ ਤਾਈਂ ਨਿਭੇਗਾ, ਐਥੇ ਓਥੇ ਲੋਕ ਪਰਲੋਕ ਵਿਖੇ ਨਿਭੇਗਾ। ਤਿਨ੍ਹਾਂ ਅਹਿਨਿਸ ਨਾਮ-ਜਪੀਸ਼ਰਾਂ, ਸੁਰਤਿ ਸੁਰਤੀਸ਼ਰਾਂ, ਜੋਤਿ ਜੋਤੀਸ਼ਰਾਂ, ਗੁਰਮੁਖਿ ਜੋਗੀਸ਼ਰਾਂ, ਗੁਰੂ ਨਾਨਕ ਦਸਮੇਸ਼ ਦੇ

ਘਰ ਦੇ ਸਿੰਘ ਅੰਮ੍ਰਿਤੀਸ਼ਰਾਂ ਨੇ ਹੀ ਸੱਚੇ ਬ੍ਰਹਮ ਪਾਰਬ੍ਰਹਮ ਨੂੰ ਤੱਤ-ਲਖਤਾ ਦੇ ਜੋਤਿ-ਚਾਨਣੇ ਵਾਲੀ ਸੱਚੀ ਰੌਸ਼ਨੀ (ਲਾਈਟ Úight) ਵਿਚਿ ਸਤਿ ਕਰ ਕੇ ਜਾਣਿਆਂ ਪਛਾਣਿਆਂ ਹੈ। ਉਹ ਫੇਰ ਸੱਚ ਦੀ ਇਸੇ ਆਤਮ-ਰੰਗਾਂ ਵਾਲੀ ਬਿਵਸਥਾ ਨੂੰ ਪ੍ਰਾਪਤਿ ਹੋ ਕੇ ਪ੍ਰੇਮ ਵਿਚਿ ਹਰਿ-ਕੀਰਤਿ-ਕਰਮ ਕਮਾਉਂਦੇ ਹਨ। ਤਿਨ੍ਹਾਂ ਦਾ ਹਰਿ-ਕੀਰਤਨ-ਕਰਮੁ ਕਮਾਇਆ ਹੀ ਹਰਿ ਦਰਗਹਿ ਪਰਵਾਨ ਪੈਂਦਾ ਹੈ ਅਤੇ ਇਹੀ ਹਰਿ-ਕੀਰਤਨ-ਕਰਮ ਹੀ ਕਲਜੁਗ ਦਾ ਸੱਚਾ ਧਰਮ ਹੈ। ਸੁਣਨਹਾਰੇ ਕਲਜੁਗੀ ਜੀਵਾਂ ਦੇ ਉਧਾਰਨ ਨਿਸਤਾਰਨ ਲਈ ਸਹਾਈ ਹੈ। ਨਿਰੋਲ ਗੁਰਬਾਣੀ ਦਾ ਨਿਰਬਾਣ ਅਤੇ ਅਖੰਡ ਕੀਰਤਨ ਹੀ ਸੱਚਾ ਗੁਰਮਤਿ-ਕੀਰਤ-ਕਰਮ ਹੈ। ਇਹੀ ਸਿਫਤਿ ਸਾਲਾਹੀ ਹਰਿ ਜਸ ਹਰਿ ਗੁਣ ਗਾਹੀ ਇਲਾਹੀ ਕੀਰਤਨ ਕਰਮ ਹੈ, ਜੋ ਗੁਰੂ ਦੇ ਵਰੋਸਾਏ ਅਨਿੰਨ ਗੁਰਸਿਖ ਗਾਵੰਦੇ ਕਮਾਵੰਦੇ ਹਨ।

ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ ॥ ੭ ॥
ਸਤਿਗੁਰੁ ਦਾਤਾ ਮਿਲੈ ਮਿਲਾਇਆ ॥ ਪੂਰੈ ਭਾਗਿ ਮਨਿ ਸਬਦੁ ਵਸਾਇਆ
॥ ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ ॥ ੮ ॥
੯ ॥ ੧੦ ॥

(ਮਾਝ ਮਃ ੩, ਪੰਨਾ ੧੧੫)

ਵਿਆਖਿਆ— ਹਰਿ ਗੁਣ ਗਾਵਣੀ ਸਿਫਤਿ ਸਾਲਾਹ, ਸਿਫਤਿ ਸਾਲਾਹੀ ਗੁਰਬਾਣੀ ਰੂਪੀ ਨਿਰਬਾਣ ਹਰੀ ਕੀਰਤਿ ਹੀ ਗੁਰਮੁਖਾਂ ਦੀ ਸ੍ਰੇਸ਼ਟ ਸਾਰ ਸਰਬੋਤਮ ਕਰਣੀ ਹੈ। ਇਸ ਸਾਰ ਹਰਿ ਕੀਰਤਿ ਕਰਣੀ ਦੁਆਰਾ ਗੁਰਮੁਖਾਂ ਨੂੰ ਮੋਖ ਦੁਆਰ ਦੀ ਪ੍ਰਾਪਤੀ ਹੁੰਦੀ ਹੈ। ਜੋ ਗੁਰਮੁਖਿ ਜਨ ਦਿਨ ਰਾਤ ਵਾਹਿਗੁਰੂ ਦੇ ਰੰਗਾਂ ਵਿਚਿ ਰੱਤਾ ਹੋਇਆ ਗੁਣ ਗਾਂਵਦਾ ਹੈ, ਗੁਰਬਾਣੀ ਰੂਪੀ ਹਰੀ-ਜਸ ਦਾ ਕੀਰਤਨ ਕਰਦਾ ਹੈ, ਉਹ ਨਿਤਾਪ੍ਰਤੀ ਵਾਹਿਗੁਰੂ ਦੀ ਖਾਸ ਹਜ਼ੂਰੀ ਵਿਚਿ, ਵਾਹਿਗੁਰੂ ਦੇ ਸਚਖੰਡੀ ਦਰਬਾਰ ਵਿਚਿ ਬੁਲਾਇਆ ਜਾਂਦਾ ਹੈ। ਐਥੇ ਇਸ ਲੋਕ ਵਿਚਿ ਰਹਿੰਦਾ ਹੋਇਆ ਹੀ ਅਤੇ ਪਰਲੋਕ ਪਧਾਰ ਕੇ ਭੀ ਉਸ ਦਾ ਵਾਸ ਖਾਸ ਦਰਬਾਰੀ ਮਹਲਾਂ ਅੰਦਰਿ ਹੋ ਜਾਂਦਾ ਹੈ। ਗੁਰਸਿੱਖਾਂ ਨੂੰ ਹਰਿ-ਕੀਰਤ ਕਰਮ ਕਮਾਈਆਂ ਦੀ, ਸਿਫਤਿ ਸਾਲਾਹੀਆਂ ਦੀ ਦਾਤਿ ਬਖ਼ਸ਼ਣਹਾਰਾ ਸਤਿਗੁਰੂ ਨਦਰਿ ਮਿਹਰੰਮਤੀ ਵਾਹਿਗੁਰੂ ਮਿਲਾਇਆ ਹੋਇਆ ਹੀ ਮਿਲਦਾ ਹੈ। ਜਿਨ੍ਹਾਂ ਗੁਰਸਿੱਖਾਂ ਦੇ ਪੂਰਨ ਭਾਗ ਉਦੇ ਹੁੰਦੇ ਹਨ, ਓਹਨਾਂ ਦੇ ਅੰਤਰਿ-ਆਤਮੇ ਸਤਿਗੁਰੂ ਗੁਰ-ਸ਼ਬਦ ਵਸਾ ਦਿੰਦਾ ਹੈ, ਪੰਜਾਂ ਪਿਆਰਿਆਂ ਦੇ ਜੋਤਿ-ਜਾਮੀਏ ਸਰੂਪ ਵਿਚਿ ਨਾਮ ਗੁਰ-ਮੰਤਰ ਗੁਰਸਿੱਖਾਂ ਅੰਮ੍ਰਿਤਧਾਰੀਆਂ ਨੂੰ ਦ੍ਰਿੜ੍ਹਾਇ ਦਿੰਦਾ ਹੈ। ਜਿਨ੍ਹਾਂ ਗੁਰਸਿੱਖਾਂ ਗੁਰਮੁਖਾਂ ਨੂੰ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਸੱਚੇ ਨਾਮ ਦੀ ਸੱਚੀ ਮਹਿਮਾ ਮਈ ਵਡਿਆਈ ਮਿਲਦੀ ਹੈ, ਓਹਨਾਂ ਨੂੰ ਅੰਦਰੋਂ ਉਛਾਲੇ ਉਠਦੇ ਹਨ, ਆਪ ਹੀ ਉਮਾਹੇ ਉਠਦੇ ਹਨ, ਕੀਰਤਨ ਕਰਨ ਦੇ। ਤਿਨ੍ਹਾਂ ਨਾਮ-ਜੋਤਿ-ਵਿਗਾਸੀਆਂ ਗੁਰਮੁਖਾਂ ਦਾ ਵਾਹਿਗੁਰੂ ਸੱਚੇ ਦੇ ਗੁਣ ਗਾਵਣਾ ਹੀ ਕੀਰਤਨ ਸੱਚੇ ਦੀ ਦਰਗਾਹੇ ਪਰਵਾਣ ਪੈਂਦਾ ਹੈ। ਅਤੇ ਐਥੇ ਇਸ ਲੋਕ ਦੀਆਂ ਸੰਗਤਾਂ ਦੀ ਜੈ-ਜੈਕਾਰੀ ਆਸੀਸ ਲਹਿੰਦਾ (ਲੈਂਦਾ) ਹੈ।

ਜਿਸ ਕੈ ਅੰਤਰਿ ਸਾਚ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥ ੭ ॥ ਰਹਿ


www.sikhbookclub.com

**ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥ ੩॥**

**(ਗਉੜੀ ਮਃ ੧, ਪੰਨਾ ੨੨੩)**

ਭਾਵ ਭਾਵਨੀ ਵਿਆਖਿਆ— ਸਤਿਗੁਰੂ ਦਇਆਲ ਸੱਚਾ ਪਾਤਸ਼ਾਹ ਜਿਸ ਵਡਭਾਗੇ ਗੁਰਮੁਖਿ ਜਨ ਦੇ ਅੰਤਰਿ-ਆਤਮੇ ਸੱਚੇ ਵਾਹਿਗੁਰੂ ਨੂੰ, ਵਾਹਿਗੁਰੂ ਰੂਪੀ ਸੱਚੇ ਨਾਮ ਨੂੰ ਵਸਾ ਦਿੰਦਾ ਹੈ, ਉਸ ਨੂੰ ਸੱਚੇ ਜੋਗ ਦੀ ਸੱਚੀ ਜੁਗਤੀ ਦੀ ਕਦਰ ਕੀਮਤਿ ਦਾ ਪਤਾ ਲਗਦਾ ਹੈ। ਉਹ ਘਰ ਬੈਠੇ ਹੀ ਗ੍ਰਿਹਸਤ ਉਦਾਸ ਜੋਗੀ ਜਾਗ ਸੁਜਾਗੇ ਬਣ ਜਾਂਦੇ ਹਨ। ਓਹਨਾਂ ਦੇ ਭਾ ਦੀ ਸੂਰਜ ਚੰਦ (ਸੂਰਜ ਦੀ ਤਪਸ਼ ਅਤੇ ਚੰਦ੍ਰਮਾ ਦੀ ਸੀਤਲਤਾ) ਸਮਸਰ ਹੀ ਹੋ ਜਾਂਦੀ ਹੈ। ਅਤੇ ਗ੍ਰਿਹ ਤੇ ਬਨ ਜੰਗਲ (ਉਦਿਆਨ) ਭੀ ਇਕ-ਸਮਾਨ ਹੀ ਹੋ ਜਾਂਦਾ ਹੈ ਅਤੇ ਕੀਰਤਿ ਰੂਪੀ ਕਰਣੀ ਉਸ ਦਾ ਨਿਤ ਦਾ ਕਰਮ, ਪਰਧਾਨ ਕਰਮ ਅਭਿਆਸ ਹੋ ਜਾਂਦਾ ਹੈ।

**ਕਰਣੀ ਕਾਰ ਧੁਰਹੁ ਫੁਰਮਾਈ ॥ ਬਿਨੁ ਸਬਦੈ ਕੋ ਥਾਇ ਨ ਪਾਈ ॥ ਕਰਣੀ ਕੀਰਤਿ ਨਾਮੁ ਵਸਾਈ ॥ ਆਪੇ ਦੇਵੈ ਢਿਲ ਨ ਪਾਈ ॥ ੨ ॥**

**(ਆਸਾ ਮਃ ੩, ਪੰਨਾ ੩੬੩)**

ਗੁਰੂ ਦ੍ਰਿੜ੍ਹਾਈ ਸਿਫਤਿ ਸਾਲਾਹ ਹੀ ਸੱਚੀ ਕਾਰ ਹੈ। ਗੁਰ-ਦੀਖਿਅਤ ਨਾਮ ਅਭਿਆਸ ਕਮਾਈ ਹੀ ਕਰਨ ਯੋਗ ਸੱਚੀ ਕਾਰ ਹੈ। ਇਹ ਕਾਰ-ਕਰਣੀ ਧੁਰੋਂ ਫ਼ੁਰਮਾਈ ਕਾਰ-ਕਰਣੀ ਹੈ। ਧੁਰੋਂ ਦਰਗਾਹੋਂ, ਏਜ਼ਦੀ ਦਰਬਾਰੋਂ ਗੁਰੂ ਸਾਹਿਬਾਨ ਨੂੰ ਇਸੇ ਸਿਫਤਿ ਸਾਲਾਹ ਰੂਪੀ ਨਾਮ ਅਭਿਆਸ ਕਾਰ-ਕਰਣੀ ਨੂੰ ਮਾਤ ਲੋਕ ਵਿਚ ਨਵਾਂ ਖੰਡਾਂ ਬ੍ਰਹਿਮੰਡਾਂ ਵਿਚਿ ਵਿਥਾਰਨ ਦਾ ਫ਼ੁਰਮਾਨ ਹੋਇਆ । ਇਹੀ ਧੁਰ ਦੀ ਫ਼ੁਰਮਾਈ ਕਾਰ-ਕਰਣੀ ਹੀ ਕਲਜੁਗ ਅੰਦਰਿ ਫਲੀਭੂਤ ਹੁੰਦੀ ਹੈ। ਦੂਜਾ ਹੋਰ ਕੋਈ ਕਰਮ ਕੀਤਾ ਲੇਖੇ ਨਹੀਂ ਪੈਂਦਾ। ਨਾ ਹੀ ਗੁਰਮਤਿ ਨਾਮ ਦੀ ਸੱਚੀ ਕਮਾਈ ਕੀਤੇ ਬਿਨਾਂ ਹੋਰ ਕਰਮਾਂ ਦੀ ਕਮਾਈ ਕਰਨਹਾਰਾ ਕੋਈ ਪੁਰਸ਼ ਥਾਇੰ ਪੈਂਦਾ ਹੈ, ਦਰਗਹਿ ਅੰਦਰ ਮਕਬੂਲ ਹੁੰਦਾ ਹੈ। ਗੁਰ-ਸ਼ਬਦ ਬਿਨਾਂ, ਗੁਰੂ ਦੁਆਰਾ ਦ੍ਰਿੜ੍ਹ ਹੋਏ ਦੀਖਿਅਤ ਸ਼ਬਦ ਗੁਰ-ਮੰਤਰ ਬਿਨਾਂ ਕਿਸ ਨੂੰ ਹਰਿ ਦਰਗਹ ਅੰਦਰਿ ਥਾਉਂ ਮਿਲਦੀ ਹੈ? ਅਤੇ ਹਰਿ ਕੀਰਤਨ ਰੂਪੀ ਜਿਹੜੀ ਕਰਣੀ ਹੈ, ਇਹ ਇਕ ਬਿਸਮ ਕਰਾਮਾਤੀ ਕਰਣੀ ਹੈ। ਕਿਉਂਕਿ ਇਹ ਕੀਰਤਿ-ਕਰਣੀ ਨਾਮ ਨੂੰ ਹੋਰ ਦ੍ਰਿੜ੍ਹਾਉਂਦੀ ਹੈ ਅਤੇ ਵਧੇਰੇ ਮਨ ਅੰਦਰਿ ਵਸਾਉਂਦੀ ਸਧਰਾਉਂਦੀ ਹੈ। ਜਿਸ ਕਿਸੇ ਨੂੰ ਇਹ ਕੀਰਤਿ-ਕਰਣੀ ਰੂਪੀ ਸਿਫਤਿ ਸਾਲਾਹ ਬਖ਼ਸ਼ਣਹਾਰ ਦਾਤਾਰ ਗੁਰੂ ਕਰਤਾਰ ਬਖ਼ਸ਼ਦਾ ਹੈ, ਉਸ ਦੇ ਉਪਰ ਇਸ ਬਖ਼ਸ਼ਸ਼ ਵਰ੍ਹਨ ਦੀ ਫੇਰ ਢਿਲ ਨਹੀਂ। ਬਖ਼ਸ਼ਣ ਤੇ ਆਇਆ ਬਖ਼ਸ਼ਣਹਾਰ ਤੁੱਠਾ ਵਾਹਿਗੁਰੂ ਇਕ ਰੱਤੀ ਭਰ ਢਿਲ ਨਹੀਂ ਲਾਉਂਦਾ। ਤੁੱਠਣ ਲਗਿਆ ਤਿਲ ਮਾਤਰ ਵਿਚਿ ਤੁੱਠ ਪੈਂਦਾ ਹੈ। ਵਰਸਣ (ਵਰ੍ਹਨ) ਲਗਿਆ ਛਮਾ ਛਮ ਵਰਸਣ ਲਗ ਪੈਂਦਾ ਹੈ। ਜਿਸ ਉਪਰ ਉਹ ਤੁਠ ਕੇ ਦਇਆਲ ਹੋਵੇ, ਉਸ ਨੂੰ ਇਸ ਕੀਰਤਨ-ਕਰਣੀ ਦਾ ਕਮਾਲ ਰੱਜ ਰੱਜ ਕੇ ਦੇਵੰਦਾ ਹੈ। ਉਹ ਅਜ਼ਗੈਬੀਆ ਕਸਬ ਕਮਾਲੀ ਕਰਣੀ ਕੀਰਤਿ ਫ਼ੈਜ਼ ਜਲਵਾਲੀ ਕੀਰਤਨ ਕਾਰ ਜਮਾਲੀ ਜਨ ਕੀਰਤਨ ਕਰਦਾ ਫੇਰ ਕਦੇ ਥਕਦਾ ਨਹੀਂ, ਕਦੇ ਅਕਦਾ ਨਹੀਂ। ਕੀਰਤਨ-ਕਾਰ ਕਮਾਉਣਾ ਉਸ ਦਾ ਕੁਦਰਤੀ ਅਹਾਰ ਹੋ ਜਾਂਦਾ ਹੈ। ਇਸ ਧੁਰੋਂ ਆਈ, ਧੁਰੋਂ ਫ਼ੁਰਮਾਈ ਕੀਰਤਨ-ਕਰਣੀ ਦੀ ਕਾਰ ਨੂੰ ਕਮਾ ਕੇ ਉਸ ਦਾ ਆਪਾ ਅਭਾਵ ਹੋ ਜਾਂਦਾ ਹੈ, ਮਨ ਮਰ ਜਾਂਦਾ ਹੈ। ਮਨ ਵੱਸ ਵਿਚਿ ਆ ਜਾਂਦਾ ਹੈ। ਕਿਸੇ ਪਾਸੇ ਨਹੀਂ ਧਾਉਂਦਾ।

 www.sikhbookclub.com

**ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ ॥ ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ ॥ ੫ ॥ ੨ ॥**

**(ਧਨਾਸਰੀ ਮਃ ੧, ਪੰਨਾ ੬੮੯)**

ਬਸ, ਨਾਮ ਦੀ ਕਾਰ ਹੀ ਹੈ। ਨਾਮ ਮਹਾਂ ਰਸ ਮੀਠੇ ਦੀ ਕਾਰ ਹੀ ਹੈ, ਜੋ ਧੁਰੋਂ ਫ਼ੁਰਮਾਈ ਹੋਈ ਹੈ, ਗੁਰਸਿੱਖਾਂ ਦੇ ਕਰਨ ਲਈ। ਗੁਰਸਿੱਖਾਂ ਦੇ ਕਰਨ ਗੋਚਰੀ ਇਹੀ ਸੱਚੀ ਸੁੱਚੀ ਕਾਰ ਨਾਮ ਮਹਾਂ ਰਸ ਮੀਠ ਦੇ ਜਪਣ ਵਾਲੀ ਹੈ। ਜਿਸ ਦੇ ਜਪਿਆਂ, ਜਿਸ ਨਾਮ ਕਰਣੀ-ਕਾਰ ਦੇ ਕਰੰਮਿਆਂ ਏਹਨਾਂ ਹੋਰ ਕਾਰਾਂ ਬਿਹਾਰਾਂ ਦੀ, ਹੋਰ ਪਦਾਰਥ ਇਕੱਠੇ ਕਰਨ ਲਈ ਕਾਰ ਕਰਨ ਦੀ ਇੱਛਾ ਸਭ ਮਿਟ ਜਾਂਦੀ ਹੈ, ਨਾਮ ਪਦਾਰਥ ਮੀਠੇ ਦੀ ਬਦੌਲਤ ਮਿਟਦੀ ਹੈ। ਕਰਣੀ ਕੀਰਤਿ ਦੁਆਰਾ ਇਹ ਨਾਮ ਮਹਾਂ ਅੰਮ੍ਰਿਤ ਰਸ ਮੀਠਾ ਹੋ ਜਾਂਦਾ ਹੈ। ਸਾਰੀਆਂ ਤ੍ਰਿਸ਼ਨਾਵਾਂ ਤ੍ਰਿਖਾਵਾਂ ਨਿਵਾਰ ਦਿੰਦਾ ਹੈ।

**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥**

**(ਆਸਾ ਦੀ ਵਾਰ, ਪੰਨਾ ੪੬੪)**

ਅਗੈ ਜਾ ਕੇ ਸੱਚਾ ਲੇਖਾ ਹੁੰਦਾ ਹੈ। ਅਤੇ ਇਹ ਕਰਣੀ ਕੀਰਤਿ ਹੀ ਥਾਇੰ ਪੈਂਦੀ ਹੈ। ਕਰਣੀ ਕੀਰਤਿ ਦੇ ਲੇਖੇ ਹੀ ਛੁਟਕਾਰਾ ਹੁੰਦਾ ਹੈ, ਹੋਰ ਕਰਮ ਕਿਸੇ ਲੇਖੇ ਨਹੀਂ ਪੈਂਦੇ। ਕਰਣੀ ਕੀਰਤਿ ਹੀ ਪਰਵਾਣ ਪੈਂਦੀ ਹੈ। ਹਰਿ ਕੀਰਤਨ ਰੂਪੀ ਕਮਾਇਆ ਕਰਮ ਹੀ ਅਗੇ ਜਾ ਕੇ ਕੰਮ ਆਉਂਦਾ ਹੈ । ਹੋਰ ਸਭ ਕਰਮ ਕੀਤੇ ਬਿਰਥੇ ਜਾਂਦੇ ਹਨ। ਏਹਨਾਂ ਦੇ ਕੀਤਿਆਂ ਜਮਾਂ ਤੋਂ ਅਤੇ ਜਮਰਾਜ ਤੋਂ ਛੁਟਕਾਰਾ ਨਹੀਂ ਹੁੰਦਾ।

**ਦਹਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ ॥ ੨ ॥**

**(ਸਾਰਗ ਮਃ ੫, ਪੰਨਾ ੧੨੦੨)**

ਗੁਰਮਤਿ ਅੰਦਰਿ ਹਰਿ ਕੀਰਤਨ ਰੂਪੀ ਕਰਮ ਸਭ ਕਰਮਾਂ ਤੋਂ ਅਫਜਲ ਹੈ, ਸਾਰੇ ਆਨਮਤ ਕਰਮਾਂ ਤੋਂ ਫ਼ਜ਼ੀਲਤ ਰਖਦਾ ਹੈ। ਜਿਹੜੇ ਤਿਸ ਹਰਿ-ਕੀਰਤਿ ਰੂਪੀ ਕਰਮ ਦੇ ਕਰਮਸੀਏ ਅਤੇ ਪੂਰੇ ਰਸੀਏ ਹੋ ਗਏ ਹਨ, ਓਹਨਾਂ ਤੋਂ ਇਹ ਕਰਮ ਛਡ ਹੀ ਨਹੀਂ ਹੁੰਦਾ। ਚਾਹੇ ਕਿਤੇ ਜਾਈਏ, ਤਿਥੇ ਹੀ ਵਾਹਿਗੁਰੂ ਪਰੀਪੂਰਨ ਸਭਨੀਂ ਥਾਈਂ ਮਉਜੂਦ ਹੈ। ਤਿਥੇ ਹੀ ਉਸ ਦੀ ਸਿਫ਼ਤਿ ਸਾਲਾਹ ਦੀ ਕਰਣੀ ਕਮਾਈ ਜਾ ਸਕਦੀ ਹੈ। ਕੀਰਤਿ-ਕਰਣੀ ਸਭ ਥਾਈਂ ਹੀ ਕੀਤੀ ਜਾ ਸਕਦੀ ਹੈ। ਉਸ ਦਾ ਨਾਮ ਭੀ ਸਭ ਥਾਈਂ ਲਿਆ ਜਾ ਸਕਦਾ ਹੈ। ਸਿਵਾਏ ਸਿਫਤਿ ਸਾਲਾਹ ਦੇ ਹੋਰ ਕੋਈ ਕਰਮ ਨਹੀਂ, ਜੋ ਸਭਨੀਂ ਥਾਈਂ ਕੀਤਾ ਕਮਾਇਆ ਜਾ ਸਕੇ। ਕੀਰਤਿ-ਕਰਣੀ ਜੇਲ੍ਹਾਂ ਵਿਚਿ ਭੀ ਖੂਬ ਨਿਭਦੀ ਹੈ। ਅਸਾਂ ਖ਼ੁਦ ਨਿਭਾਈ ਹੈ, ਪਰ ਗੁਰੂ ਦੀ ਕਿਰਪਾ ਦੁਆਰਾ ਨਿਭਾਈ ਹੈ। ਵਾਹਿਗੁਰੂ ਨੇ ਓਥੇ ਬੰਦੀਆਂ ਅੰਦਰ ਭੀ ਅਸਾਡਾ ਸਾਥ ਨਹੀਂ ਛਡਿਆ। ਅਤੇ ਅਸੀਂ ਉਸ ਦੀ ਸਿਫ਼ਤਿ ਸਾਲਾਹ ਕਰਣੀ-ਕੀਰਤਿ ਦੇ ਆਸਰੇ ਹੀ ਸੁਰਜੀਤ ਰਹੇ ਹਾਂ। ਸੁਪ੍ਰਸੰਨਤਾ ਸਹਿਤ ਸਾਰੀ ਉਮਰ ਕੈਦ ਨਿਬਾਹੀ ਹੈ, ਕੇਵਲ ਕਰਣੀ-ਕੀਰਤਿ ਦੇ ਆਸਰੇ। ਕਿਉਂਕਿ ਜਿਸ ਦੀ ਕੀਰਤਿ-ਕਰਣੀ ਅਸਾਡਾ ਕਰਮ ਹੋ ਚੁਕਿਆ ਸੀ, ਉਹ ਉਥੇ ਜੇਲ੍ਹ ਦੀ ਚਾਰ-ਦੀਵਾਰੀ ਵਿਚਿ ਸਨਮੁਖ ਮਉਜੂਦ ਕੇਲ ਕਰੰਦਾ ਦਿਸਦਾ ਸੀ। ਸਗੋਂ ਜਿਹੜੇ ਜਜ਼ਬੇ ਨਾਲਿ ਜੇਲ੍ਹਾਂ ਵਿਚਿ ਸਿਫਤਿ ਸਾਲਾਹੀ ਕਰਣੀ ਕਮਾਲ ਦੀ ਨਿਭੀ, ਉਹ ਬਾਹਰ ਰਹਿੰਦਿਆਂ ਨਹੀਂ ਨਿਭੀ। ਸਗੋਂ ਆਸਰੇ ਛੁੱਟ ਗਏ। ਸਗੋਂ

 www.sikhbookclub.com

ਢੋਈਆਂ ਮੁਕ ਗਈਆਂ। ਪਰ ਇਕ ਸੱਚੇ ਨਾਮ ਦਾ ਸਿਫਤਿ ਸਾਲਾਹੀ ਸੱਚਾ ਢੋਆ ਨਾਲਿ ਨਿਭਿਆ। ਨਿਭਾਉਣਹਾਰੇ ਨੇ ਨਿਭਾਇਆ। ਜੋ ਉਜਲ ਮੁਖ ਕਰ ਕੇ ਬਾਹਰਿ ਲੈ ਆਏ।

"ਦਹਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ" ਦੇ ਗੁਰਵਾਕ ਦੀ ਖ਼ੂਬ ਪੈਰਵੀ ਹੋਈ। ਆਪਿ ਪੈਰਵੀ ਕਰਾਈ। ਆਪੇ ਤਾਮੀਲ ਹੋਈ। ਹੋਇ ਆਈ। ਇਹ ਉਹ ਇਕ ਸੁਨਹਿਰੀ ਸਮਾਂ ਹੀ ਸੀ, ਜੋ ਕਰਣੀ-ਕੀਰਤਿ ਦੇ ਆਸਰੇ ਸੁਰਗ ਸਮਾਨ ਬਿਹਾਇਆ। ਅਤੇ ਸੁਰਗੋਂ ਵਧ ਨਦਰੀਂ ਆਇਆ।

**ਜੋਗ ਬਿਨੋਦ ਸ੍ਵਾਦ ਆਨੰਦਾ ॥ ਮਤਿ ਸਤ ਭਾਇ ਭਗਤਿ ਗੋਬਿੰਦਾ ॥ ਕੀਰਤਿ ਕਰਮ ਕਾਰ ਨਿਜ ਸੰਦਾ ॥ ਅੰਤਰਿ ਰਵਤੌ ਰਾਜ ਰਵਿੰਦਾ ॥੨॥**

(ਪ੍ਰਭਾਤੀ ਮਃ ੧, ੧੩੩੧)

ਤੱਤ ਭਾਵ— ਗੁਰਮਤਿ ਸਤਿ ਕਰਿ ਗੋਬਿੰਦ ਭਾਇ ਭਗਤਿ ਦੁਆਰਾ, ਵਾਹਿਗੁਰੂ ਦੀ ਭਾਉ-ਭਗਤੀ ਕਰਨ ਨਾਲਿ, ਗੁਰਮਤਿ-ਆਦਰਸ਼ਨੀ ਸੱਚੀ ਭਾਇ-ਭਗਤੀ ਵਾਹਿਗੁਰੂ ਦੀ ਕਰਨ ਕਰਿ ਸੱਚਾ ਯੋਗ ਸੁਤੇ ਸਹਜ ਹੀ ਪ੍ਰਾਪਤਿ ਹੋ ਗਿਆ ਹੈ ਅਤੇ ਸੱਚੜੇ ਅਨਦ ਬਿਨੋਦ ਕਉਤਕੀ ਅਕਹਿ ਆਤਮ ਸੁਖ ਸੁਤੇ ਹੀ ਆਇ ਬਣੇ ਹਨ। ਜਦੋਂ ਦਾ ਇਹ ਅਨਦ ਬਿਨੋਦੀ ਹੁਲਾਸ ਆਤਮ-ਵਿਗਾਸ ਖਿੜਿਆ ਹੈ ਤਦੋਂ ਤੋਂ ਹਰਿ-ਕੀਰਤਨ ਕਰਨ ਦੀ ਸੱਚੀ ਕਾਰ ਇਕ ਨਿਜ ਦਾ ਸੁਭਾਵਕ ਕਰਮ ਹੀ ਬਣ ਗਿਆ। ਕੀਰਤਨ ਕਰਮ ਕਾਰ ਦਾ ਐਸਾ ਸਹਜ ਸੁਭਾਉ ਨਿਜ ਮਨ-ਮੰਨਿਆ ਉਪਾਉ ਹੀ ਹੋ ਗਿਆ ਹੈ ਜਿਸ ਤੋਂ ਕਦੇ ਹਟ ਨਹੀਂ ਹੁੰਦਾ। ਹਰਿ ਕੀਰਤਿ ਕਰਮ ਸਭਨਾਂ ਕਰਮਾਂ ਤੋਂ ਇਕ ਉਤਕ੍ਰਿਸ਼ਟ ਪ੍ਰਬਲ ਕਰਮ ਆਇ ਪਤੀਜਿਆ ਪ੍ਰਤੀਤ ਹੋਇਆ ਹੈ। ਨਿਜ ਫ਼ਿਤਰਤੀ ਸੁਭਾਉ ਹੀ ਕੀਰਤਨ ਦਾ ਅਮਰੋਂ ਪਿਆ ਹੋਇਆ ਹੁੰਦਾ ਹੈ। ਨਿਜ ਦੀ ਕਾਰ ਹੀ ਹਰਿ-ਕੀਰਤਨ ਕਰੰਮੀ ਹੋਇ ਆਈ ਹੈ, ਜਿਸ ਬਿਨਾਂ ਕਦੇ ਭੀ ਨਹੀਂ ਰਹਿ ਸਕੀਦਾ। ਹਰਿ-ਕੀਰਤਨ ਗੁਰਮਤਿ ਦ੍ਰਿੜ੍ਹਾਇਆ ਹਰੇਕ ਗੁਰਮੁਖਿ ਦਾ ਆਪਣੇ ਨਿਜ ਦਾ ਕੰਮ ਹੈ, ਜਿਸ ਬਿਨਾਂ ਕਦੇ ਭੀ ਨਹੀਂ ਰਹਿ ਸਕੀਦਾ। ਅਤੇ ਹੋਰ ਕਰਮ ਇਸ ਚੋਜ ਬਿਨੋਦੀ ਕਰਮ ਦੇ ਸਾਹਮਣੇ ਸਭੇ ਹੇਚ ਹਨ, ਸਹਜ ਸਮੇਚ ਹਨ। ਸਾਰੇ ਯੋਗ, ਤਪ ਗਿਆਨ ਆਦਿਕ ਏਸੇ ਵਿਚ ਹੀ ਆ ਜਾਂਦੇ ਹਨ।

**ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥ ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥**

(ਕਾਨੜੇ ਕੀ ਵਾਰ, ਮਃ ੪, ਪੰਨਾ ੧੩੧੪)

ਭਾਵ ਅਰਥ— ਨਾਮ ਗੁਰਬਾਣੀ-ਮਈ ਹਰਿ-ਕੀਰਤਨ ਸਭ ਕਰਮਾਂ ਤੋਂ ਉਤਮ ਸਤਬੋਤਮ ਕਰਮ ਹੈ। ਕਲਜੁਗ ਅੰਦਰਿ ਸਾਰ ਕਰਣੀ ਹੈ ਤਾਂ ਇਹੀ ਹਰਿ-ਕੀਰਤਨ ਹੈ। ਪ੍ਰੰਤੂ ਇਹ ਹਰਿ-ਕੀਰਤਨ ਪ੍ਰਾਪਤਿ ਹੁੰਦਾ ਹੈ ਤਾਂ ਗੁਰਮਤਿ ਮਤਿ ਧਾਰਨ ਕੀਤਿਆਂ ਹੁੰਦਾ ਹੈ। ਗੁਰਮਤਿ ਹਰਿ-ਕੀਰਤਨ ਨੂੰ ਕਰਨਹਾਰੇ ਗੁਰਮੁਖਿ ਜਨ ਕੀਰਤਨ ਦੇ ਨਾਲੋ ਨਾਲ ਨਾਮ ਅਭਿਆਸ ਭੀ ਜਾਰੀ ਰਖਦੇ ਹਨ, ਕਿਉਂਕਿ ਗੁਰਮਤਿ ਧਾਰਨ ਕਰਨ ਸਮੇਂ ਅੰਮ੍ਰਿਤ ਛਕਣ ਸਾਰ ਜੋ ਤੱਤ ਗੁੜ੍ਹਤੀ ਮਿਲਦੀ ਹੈ, ਤਾਂ ਗੁਰਮਤਿ ਨਾਮ ਗੁਰ-ਮੰਤਰ ਦੀ ਮਿਲਦੀ ਹੈ। ਗੁਰਮਤਿ ਨਾਮ ਦੇ ਰਸੀਏ ਗੁਰਮੁਖਿ ਜਨ ਹਰਿ-ਕੀਰਤਨ ਕਰਿ ਕਰਿ ਇਸ ਹਰਿ ਨਾਮ ਰਹੱਸ ਨੂੰ ਹੋਰ ਅਰੂੜ ਕਰਦੇ ਹਨ। ਹੱਤਾ ਕਿ ਨਾਮ ਹੀਰਾ


www.sikhbookclub.com

ਰਤਨ ਜੋਤਿ ਜਲਵਨਾ ਰਤਨ ਹੋ ਕੇ ਅਭਿਆਸੀ ਜਨਾਂ ਦੇ ਗਲ ਦਾ ਹਾਰ ਹੋ ਜਾਂਦਾ ਹੈ, ਜੋ ਸਦਾ ਹੀ ਕੰਠ ਅੰਦਰ ਜਗਮਗਾਉਂਦਾ ਰਹਿੰਦਾ ਹੈ। ਜਿਉਂ ਜਿਉਂ ਕੀਰਤਨ ਕਰੇ ਸੁਣੇ, ਤਿਉਂ ਤਿਉਂ ਹੋਰ ਜਗਮਗਾਉਂਦਾ ਹੈ। ਇਸ ਜਗਮਗੀ ਕੰਠਿ ਵਿਗਸਨੀ ਨਾਮ ਵਿਚਿ ਜੋਤਿ ਸਹੰਮੀ ਸੀਤਲਤਾ ਭਰੀ ਅਚਰਜ ਮਿਠਾਸ ਹੁੰਦੀ ਹੈ, ਜੋ ਮੁਖੋਂ ਵਰਣਨ ਨਹੀਂ ਕੀਤੀ ਜਾਂਦੀ। ਇਸ ਜੋਤਿ-ਠਰ੍ਹੰਮੀ ਮਿਠਾਸ ਹੁਲਾਸ ਦਾ ਬਿਸਮਾਦ ਰਸ ਸੋਈ ਜਾਣਦੇ ਹਨ ਜਿਨ੍ਹਾਂ ਮਾਣਿਆ ਹੈ।

> ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥ ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ ਧੁਰਿ ਮਸਤਕਿ ਭਾਗ ਪੁਰਾਨ ਜੀਉ ॥ ਧੁਰਿ ਮਸਤਕਿ ਭਾਗੁ ਹਰਿ ਨਾਮਿ ਸੁਹਾਗੁ ਹਰਿ ਨਾਮੈ ਹਰਿ ਗੁਣ ਗਾਇਆ ॥ ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ ॥ ਜੋਤੀ ਜੋਤਿ ਮਿਲੀ ਪ੍ਰਭੁ ਪਾਇਆ ਮਿਲਿ ਸਤਿਗੁਰ ਮਨੂਆ ਮਾਨ ਜੀਉ ॥ ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥ ੧ ॥ ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥ ਤਿਨ੍ ਹਮ ਚਰਣ ਸਰੇਵਹ ਖਿਨੁ ਖਿਨੁ ਪਗ ਧੋਵਹਿ ਜਿਨ ਹਰਿ ਮੀਠ ਲਗਾਨ ਜੀਉ ॥ ਹਰਿ ਮੀਠਾ ਲਾਇਆ ਪਰਮ ਸੁਖ ਪਾਇਆ ਮੁਖਿ ਭਾਗਾ ਰਤੀ ਚਾਰੇ ॥ ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ ਹਰਿ ਨਾਮਾ ਕੰਠਿ ਧਾਰੇ ॥ ਸਭ ਏਕ ਦ੍ਰਿਸਟਿ ਸਮਤੁ ਕਰਿ ਦੇਖੈ ਸਭੁ ਆਤਮ ਰਾਮੁ ਪਛਾਨ ਜੀਉ ॥ ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥ ੨ ॥
>
> (ਆਸਾ ਮਃ ੪, ਪੰਨਾ ੪੪੬)

ਵਿਆਖਿਆ— ਜਿਨ੍ਹਾਂ ਗੁਰੂ ਵਰੋਸਾਏ ਗੁਰੂ ਨਦਰਾਏ ਗੁਰਮੁਖਿ ਜਨਾਂ ਦੇ ਮਨਾਂ ਅੰਦਰਿ ਵਾਹਿਗੁਰੂ ਦੀ ਹਰਿ ਕੀਰਤਿ ਰੂਪੀ ਕਰਣੀ ਹੀ ਭਾਈ ਹੈ, ਓਹਨਾਂ ਦੀ ਅਨਦਿਨ ਕੀਰਤਨ ਕਰਦਿਆਂ ਦੀ ਵਿਹਾਈ ਹੈ। ਅਜਿਹੇ ਕੀਰਤਨ-ਰਸੀਅੜੇ ਗੁਰਮੁਖਿ ਜਨਾਂ ਨੇ ਹੀ ਪਰਮ ਪਦਵੀ ਪਾਈ ਹੈ। ਤਿਨ੍ਹਾਂ ਦੀ ਪਰਮ ਗਤੀ ਹੋਈ ਹੈ। ਤਿਨ੍ਹਾਂ ਨੂੰ ਹੀ ਸੱਚ ਮੁੱਚ ਵਾਹਿਗੁਰੂ ਦਾ ਨਾਮ ਮਨ ਬਚਨ ਕਰਮ ਕਰਕੇ ਮੀਠਾ ਲਗਿਆ ਹੈ। ਓਹਨਾਂ ਦੇ ਮਨ ਵਿਚਿ ਭੀ ਅਤੇ ਤਨ ਵਿਚਿ ਭੀ ਇਕ ਅਗੰਮੀ ਅਕਹਿ ਅੰਮ੍ਰਿਤ ਰਸ ਦੀ ਮਿਠਾਸ ਭਰ ਗਈ ਹੈ। ਜਿਨ੍ਹਾਂ ਨੇ ਅਜਿਹੀ ਬਿਸਮ-ਹੁਲਾਸੀ ਮਿਠਾਸ ਵਾਲਾ ਰਸ ਪਾਇਆ ਹੈ, ਤਿਨ੍ਹਾਂ ਨੇ ਇਹ ਹਰਿ-ਰਸ ਪਾ ਕੇ ਹੋਰ ਤੋਂ ਹੋਰ ਬਿਸਮ ਰੰਗਾਂ ਵਿਚਿ ਗੁਰਮਤਿ ਨਾਮ ਨੂੰ ਧਿਆਇਆ ਹੈ। ਤਿਨ੍ਹਾਂ ਦੇ ਅਤਿ ਪੁਰਾਣੇ ਭਾਗ ਲੇਖ ਮਸਤਕ ਤੇ ਲਿਖਿਆਂ ਦਾ ਇਹ ਅੰਕੂਰ ਸੁਫੁਟ ਹੋ ਕੇ ਜ਼ਹੂਰ ਵਿਚਿ ਆਇਆ ਹੈ, ਜਿਨ੍ਹਾਂ ਉਤੇ ਉਪਰ ਦਸੀ ਨਾਮ ਧਿਆਵਣ ਦੇ ਪ੍ਰੇਮ-ਰੰਗਾਂ ਵਾਲੀ ਬਰਕਤ ਨਾਜ਼ਲ ਹੋਈ ਹੈ। ਪ੍ਰੇਮ-ਰੰਗਾਂ ਵਿਚਿ ਨਾਮ ਧਿਆਵਣ ਦੀ ਅਮਰੀ ਨੇਅਮਤ ਜਿਨ੍ਹਾਂ ਨੂੰ ਨਸੀਬ ਹੋਈ ਹੈ, ਧੁਰਿ ਮਸਤਕ ਲਿਖੇ ਭਾਗ ਉਦੇ ਹੋਣ ਕਰਕੇ ਪ੍ਰੇਮ-ਰੰਗੀ ਨਾਮ ਦਾ ਗਹਿਣਾ ਪਹਿਨਣਾ ਅਤੇ ਨਾਮ ਗਹਿਣਗਤੀ ਪ੍ਰਮਾਰਥੀ ਸੋਹਾਗ ਪ੍ਰਾਪਤਿ ਹੋਇਆ। ਇਸ ਨਵਲ-ਨਵੇਲੇ ਨਾਮ ਰੰਗੀਲੇ ਸੋਹਾਗ ਭਾਗ ਦੇ ਪ੍ਰੇਮ ਰੰਗਾਂ ਵਿਚਿ ਰੱਤ ਕੇ ਅਤੇ ਅਮਿਉ ਮਖ਼ਮੂਰੀ ਨਾਮ ਵਿਚ ਨੂਰੱਤ ਕੇ ਜੋ ਹਰਿ ਗੁਣਾਂ ਨੂੰ ਗਾਇਨ ਕੀਤਾ, ਹਰਿ ਕੀਰਤਨ ਨੂੰ ਰਸ ਰਸਾਇਣ ਕੀਤਾ ਤਾਂ ਹਰਿ ਗੁਣ ਗਾਵਣਹਾਰੇ

Page 299 www.sikhbookclub.com

ਕੀਰਤਨੀਆਂ ਗੁਰਮੁਖਾਂ ਪ੍ਰੇਮੀਆਂ, ਪ੍ਰੇਮ-ਸੋਹਾਗਣੀਆਂ ਦੇ ਮਸਤਕ ਉਤੇ ਜੋ ਨੂਰ ਮਣੀ ਪ੍ਰਗਟੀ, ਉਸ ਨੇ ਪ੍ਰਿਅ ਪ੍ਰੀਤਮ ਦੀ ਸੋਹਾਗ-ਪ੍ਰੀਤ ਨੂੰ ਸੋਹਾਗਵੰਤੀਆਂ ਦੇ ਨੂਰਮਣੀਏ ਮੱਥੇ ਤੇ ਹੀ ਉਜਲਾਇ ਦਿੱਤਾ। ਸੋਹਾਗ ਭਾਗ ਰੰਗ ਰਤੜੀਆਂ ਗੁਰਮੁਖਿ ਜਨੀਆਂ ਗੁੱਝੀਆਂ ਨਾ ਰਹੀਆਂ। ਇਹ ਪ੍ਰੀਤਿ ਨੂਰ ਕਣੀ ਐਸੀ ਉਮ੍ਹਲ ਉਮ੍ਹਲ ਕੇ ਬਹੁਤੀ ਜੋਤਿ ਤੇਜਸੀ ਝਲਕਾਰ ਵਿਚਿ ਆਸ਼ਕਾਰ ਹੋਈ ਕਿ ਉਸ ਦੀ ਝਾਲ ਝੱਲੀ ਨਾ ਗਈ ਦੇਖਣਹਾਰਿਆਂ ਤੋਂ। ਪ੍ਰੰਤੂ ਝਾਲ ਝੱਲਣਹਾਰੇ ਜਰਨ ਜਰੀਆਰੇ ਕੀਰਤਨੀ ਜਨਾਂ ਨੇ ਹਾਲ-ਮਸਤ ਹੋ ਕੇ ਹੋਰ ਭੀ ਪ੍ਰੇਮ-ਤ੍ਰੂੰਗੀ ਜ਼ੋਰਾਂ ਵਿਚਿ, ਪਰ ਹੁਸ਼ਿਆਰ ਮਸਤੀ ਵਿਚਿ ਬਾਹਲਾ ਬਾਹਲਾ ਕੀਰਤਨ ਕੀਤਾ, ਹਰੀ ਗੁਣਾ ਪ੍ਰੀਤਮ ਪਿਆਰੇ ਪਰਮਾਤਮਾ ਦੇ ਜਸ ਨੂੰ ਗਾਵਿਆ, ਜਿਸ ਹਰਿ ਗੁਣ ਗਾਵਣੀਆਰੇ ਗੁਰਮੁਖਿ ਜਨਾਂ ਦੇ ਅਮਿਉ ਰਸਾਇਣੀ ਮੁਖੜਿਆਂ ਦੀ ਸੋਭਾ ਦੇਖੀ ਹੀ ਪਰਵਾਣ ਹੈ, ਕਥੀ ਨਹੀਂ ਜਾ ਸਕਦੀ। ਨਾਮ ਦੇ ਜੋਤਿ-ਰੰਗੀ-ਰਸਾਂ ਦੇ ਰਸਿਕ ਵੈਰਾਗੀ ਕੀਰਤਨੀਏ ਪ੍ਰੇਮ ਅਨੁਰਾਗ ਦੇ ਸੁਹਾਗ ਵਿਚਿ ਰੰਗ ਰੱਤੇ ਹੀ ਸੋਹੰਦੇ ਹਨ। ਕੀਰਤਨ-ਰੱਤੀਏਸ਼ਰਾਂ ਦੀ ਆਤਮ-ਜੋਤਿ ਵਾਹਿਗੁਰੂ ਦੇ ਪਰਮਾਤਮ ਜੋਤਿ ਵਿਚਿ ਰਲ ਮਿਲ ਕੇ ਘੁਲਿ ਮਿਲ ਘਿਚ ਹੋ ਗਈ। ਪ੍ਰੰਤੂ ਪਰਮਾਤਮ ਨੂੰ ਪਾਉਣ ਦੀ ਪ੍ਰਭੂ-ਪ੍ਰਾਪਤੀ ਦੀ ਇਹ ਇਕ ਅਨੂਠੀ ਬਿਵਸਥਾ ਹੈ। ਪ੍ਰੰਤੂ ਜੋਤਿ ਰਸਿ ਮਿਲਿ ਘੁਲਿ-ਘਿੱਚੀਏ ਪ੍ਰੇਮੀ ਜਨ ਅਜੇ ਭੀ ਪ੍ਰੇਮਾ-ਭਗਤੀ ਵਿਚਿ ਘਾਇਲ ਰਹਿੰਦੇ ਹਨ, ਉਹਨਾਂ ਨੂੰ ਪ੍ਰਮਾਰਥ-ਪ੍ਰਾਪਤੀ ਵਾਲੀ ਸੂਖਸ਼ਮ ਅਹੰਮਤੀ ਗੱਲ ਖ਼ਿਆਲ ਮਾਤਰ ਭੀ ਸਫੁਰਨ ਨਹੀਂ ਹੁੰਦੀ। ਓਹਨਾਂ ਦਾ ਮਨ ਤਾਂ ਸਤਿਗੁਰੂ ਦੇ ਹੁਕਮੀ ਬੰਦੇ ਪ੍ਰੇਮ-ਪਲੰਦੇ ਬਣੇ ਰਹਿਣ ਵਿਚਿ ਹੀ ਪਤੀਜਿਆ ਰਹਿੰਦਾ ਹੈ। ਓਹ ਤਾਂ ਹਰੀ ਕੀਰਤਨ ਦੇ ਪਰਮ-ਪਦੀ ਰਸ ਵਿਚਿ ਹੀ ਮਹਿਵ ਤੇ ਮਖ਼ਮੂਰ ਰਹਿੰਦੇ ਹਨ। ਤਿਨ੍ਹਾਂ ਨੂੰ ਜੋ ਹਰਿ-ਕੀਰਤਨ ਦੀ ਪਰਮ ਗਤੀ ਦਾ ਸਦਕਾ ਵਾਹਿਗੁਰੂ ਦੇ ਨਾਮ ਦੀ ਮਿਠਾਸ ਮਨ ਵਿਚਿ ਭੀ ਅਤੇ ਤਨ ਵਿਚਿ ਭੀ ਰੋਮ ਰੋਮ ਅੰਦਰਿ ਭਰਪੂਰ ਲੀਣੀ ਹੈ, ਓਹ ਓਹਨਾਂ ਦੀ ਸੁਰਤੀ ਨੂੰ ਦੂਜੇ ਪਾਸੇ ਹਿਲਣ ਹੀ ਨਹੀਂ ਦਿੰਦੀ।

**ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥ ਇਸੁ ਜਗ ਮਹਿ ਕਰਣੀ ਸਾਰੀ ॥**
**ਕਰਣੀ ਕੀਰਤਿ ਹੋਈ ॥ ਜਾ ਆਪੇ ਮਿਲਿਆ ਸੋਈ ॥ ੪॥ ੧॥ ੧੨॥**

(ਸੋਰਠਿ ਮਃ ੧, ਪੰਨਾ ੫੯੯)

ਵਿਆਖਿਆ— ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜੋ ਤੱਤ ਸਾਰ ਕਰਣੀ ਹੈ, ਇਸ ਜਗਤ ਵਿਖੇ ਸਾਰੇ ਕਰਮਾਂ ਵਿਚੋਂ ਜੋ ਸਭ ਤੋਂ ਸ੍ਰੇਸ਼ਟ ਕਰਣੀ ਹੈ, ਕੋਈ ਵਿਰਲਾ ਗੁਰਮੁਖਿ ਜਨ ਹੀ ਬੂਝਦਾ ਹੈ। ਕਿਸੇ ਵਿਰਲੇ ਗੁਰਮੁਖਿ ਜਨ ਨੂੰ ਹੀ ਇਸ ਸਾਰ-ਕਰਣੀ ਦੀ ਸੂਝ ਬੂਝ ਆਉਂਦੀ ਹੈ। ਨਹੀਂ ਤਾਂ ਆਮ ਸੰਸਾਰੀ ਲੋਗਾਂ ਨੂੰ ਸਮੁੱਚੇ ਤੌਰ ਤੇ ਉੱਕਾ ਹੀ ਪਤਾ ਨਹੀਂ ਲਗਦਾ ਕਿ ਇਹ ਸਾਰ-ਕਰਣੀ ਕਿਹੜੀ ਹੈ। ਅਗਲੀ ਤੁਕ ਵਿਖੇ ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ ਇਹ ਸਾਰ ਕਰਣੀ ਕੀਰਤਨ ਸਿਫਤਿ ਸਾਲਾਹ ਰੂਪ ਹਰੀ ਜਸੁ ਹੀ ਹੈ, ਜੋ ਸਾਲਾਹੀ ਵਾਹਿਗੁਰੂ ਦੀ ਆਪਣੀ ਪਰਮ ਕਿਰਪਾ ਦੁਆਰਾ ਹੀ ਪ੍ਰਾਪਤਿ ਹੁੰਦਾ ਹੈ, ਖਾਸ ਵਰੋਸਾਏ ਗੁਰਮੁਖਿ ਜਨ ਨੂੰ ਹੀ ਮਿਲਦਾ ਹੈ।

**ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥ ਮਨੁ ਮਾਰੇ**
**ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥ ੮ ॥ ੩ ॥**

(ਪ੍ਰਭਾਤੀ ਮਃ ੧, ਪੰਨਾ ੧੩੪੩)

ਭਾਵ ਅਰਥ— ਗੁਰਮਤਿ ਅਨੁਸਾਰ ਸਾਰੇ ਕਰਮਾਂ ਵਿਚੋਂ, ਸਾਰੀਆਂ ਕਰਣੀਆਂ ਵਿਚੋਂ ਸਾਰ (ਸਭ ਤੋਂ ਸ੍ਰੇਸ਼ਟ) ਕਰਣੀ ਕੇਵਲ ਕੀਰਤਨ ਹਰੀ-ਜਸ ਹੀ ਹੈ। ਗੁਰੂ ਘਰ ਦੀ ਸੱਚੀ ਸਤਸੰਗਤਿ ਰੂਪੀ ਸਭਾ ਅੰਦਰਿ ਕਮਾਉਣ ਵੀਚਾਰਾਂ ਸਿਰ ਵੀਚਾਰੁ, ਗਿਆਨਾਂ ਸਿਰ ਗਿਆਨੁ ਇਹੋ ਕੀਰਤਿ-ਕਰਣੀ ਹੀ ਹੈ। ਇਸ ਕੀਰਤਿ-ਕਰਣੀ ਦੇ ਕਮਾਉਣ ਕਰਿ ਹੀ ਕਮਾਉਣਹਾਰੇ ਦਾ ਮਨ ਮਰਦਾ ਹੈ, ਹੋਰ ਕਿਸੇ ਕਰਣੀ ਦੁਆਰਾ ਨਹੀਂ ਮਰਦਾ। ਜਿਸ ਨੇ ਕੀਰਤਿ-ਕਰਣੀ ਦੀ ਕਮਾਈ ਕਰਿ ਕਰਿ ਮਨ ਨੂੰ ਮਾਰਿ ਲਇਆ, ਉਹ ਜੀਵਨ-ਮੁਕਤ ਹੋ ਗਿਆ ਹੈ। ਨਦਰੀ ਨਦਰਿ ਨਿਹਾਲੀਏ ਵਾਹਿਗੁਰੂ ਦੀ ਖਾਸ ਨਦਰਿ ਜਿਸ ਜਨ ਉਤੇ ਹੋਵੇ, ਉਹੀ ਇਸ ਕਰਣੀ-ਕੀਰਤਿ ਨੂੰ ਪਛਾਣਦਾ ਹੈ। ਹੋਰ ਕੋਈ ਨਹੀਂ ਜਾਣਦਾ।

**ਕਰਣੀ ਕਾਰ ਧੁਰਹੁ ਫੁਰਮਾਈ ॥ ਬਿਨੁ ਸਬਦੈ ਕੋ ਥਾਇ ਨ ਪਾਈ ॥ ਕਰਣੀ ਕੀਰਤਿ ਨਾਮੁ ਵਸਾਈ ॥ ਆਪੇ ਦੇਵੈ ਢਿਲ ਨ ਪਾਈ ॥ ੨ ॥**

**(ਆਸਾ ਮਃ ੩, ਪੰਨਾ ੩੬੩)**

ਭਾਵ— ਕਰਨ ਯੋਗ ਸੱਚੀ ਕਰਣੀ ਵਾਲੀ ਜੋ ਕਾਰ ਹੈ, ਸੋ ਧੁਰੋਂ ਦਰਗਾਹੋਂ ਅਕਾਲ ਪੁਰਖ ਦੀ ਸੱਚੀ ਦਰਗਾਹ ਤੋਂ ਹੀ ਮਨਜ਼ੂਰ-ਸ਼ੁਦਾ ਹੈ। ਇਹ ਧੁਰਿ ਅਕਾਲੀ ਹੁਕਮ ਦੁਆਰਾ ਫ਼ੈਸਲਾ ਹੈ ਕਿ ਗੁਰ-ਸ਼ਬਦ ਦੀ ਸੱਚੀ ਅਭਿਆਸ ਕਮਾਈ ਕਰਣੀ ਬਿਨਾਂ ਹੋਰ ਕੋਈ ਥਾਂਇੰ ਨਹੀਂ ਪੈਂਦੀ, ਹਰਿ ਦਰਗਹਿ ਅੰਦਰਿ ਕਬੂਲ ਨਹੀਂ ਪੈਂਦੀ। ਨਾ ਹੀ ਗੁਰ-ਸ਼ਬਦ ਦੀ ਅਭਿਆਸ ਕਮਾਈ ਰੂਪੀ ਕਰਣੀ ਕਰਨਹਾਰੇ ਬਿਨਾਂ ਕੋਈ ਹੋਰ ਕਰਮ ਕਾਂਡ ਦੇ ਕਰਨਹਾਰਾ ਥਾਇੰ ਪੈਂਦਾ ਹੈ, ਹਰਿ ਦਰਗਹਿ ਕਬੂਲ ਪੈਂਦਾ ਹੈ। ਬਸ, ਸਭ ਤੋਂ ਸਾਰ (ਸ੍ਰੇਸ਼ਟ) ਕਰਣੀ ਹਰਿ ਕੀਰਤਨ ਹੀ ਹੈ। ਇਹ ਹਰੀ ਕੀਰਤਨ ਰੂਪੀ ਸੱਚੀ ਕਰਣੀ ਨਾਮ ਨੂੰ ਦ੍ਰਿੜ੍ਹਾਉਂਦੀ ਹੈ, ਮਨ ਵਿਖੇ ਵਸਾਉਂਦੀ ਧਸਾਉਂਦੀ ਹੈ। ਜਿਸ ਵਡਭਾਗੇ ਜਨ ਨੂੰ ਇਸ ਕਰਣੀ-ਕੀਰਤਿ ਦੀ ਦਾਤਿ ਆਪਿ ਦਾਤਾਰ ਵਾਹਿਗੁਰੂ ਕਰਤਾਰ ਬਖ਼ਸ਼ੇ, ਤਿਸ ਨੂੰ ਬਖ਼ਸ਼ਸ਼ ਕਰਦਿਆਂ, ਕਰਣੀ-ਕੀਰਤਿ ਦੀ ਦਾਤਿ ਦਿੰਦਿਆਂ ਢਿਲ ਨਹੀਂ ਲਾਉਂਦਾ। ਤਾਂ ਤੇ ਗੁਰਮਤਿ ਅਨੁਸਾਰ ਕਰਮਨ ਸਿਰ ਕਰਮ ਅਤੇ ਕਰਣੀਆਂ ਸਿਰ ਕਰਣੀ ਇਹੀ ਮੁਖ ਸ੍ਰੇਸ਼ਟ ਹਰਿ ਕੀਰਤਨ ਹੀ ਹੈ। ਹੋਰ ਆਨਮਤ ਕਰਣੀ ਤਿਸ ਦੇ ਲਵੇ ਨਹੀਂ ਲਗ ਸਕਦੀ। ਇਸ ਲਈ ਸਾਰ ਕਰਣੀ ਨੂੰ ਛਡ ਕੇ ਹੋਰ ਕਰਣੀ ਵਿਚਿ ਪਰਵਿਰਤ ਹੋਣਾ ਉਚਿਤ ਨਹੀਂ।

# ੨੫ – ਗੁਰਮੁਖਿ ਕਰਮ ਪ੍ਰਧਾਨ

**ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥ ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥ ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥ ੪ ॥ ੭ ॥ ੪੦ ॥**

**(ਸਿਰੀਰਾਗੁ ਮਃ ੩, ਪੰਨਾ ੨੯)**

ਭਾਵ ਅਰਥ— ਗੁਰਮੁਖਾਂ ਦਾ ਜੋ ਵਾਹਿਗੁਰੂ ਦੇ ਨਾਮ ਨਾਲਿ ਪਿਆਰ ਹੈ ਅਤੇ ਕਰਤਾਰ ਦੇ ਇਕੋ ਗੁਰਮਤਿ ਨਾਮ ਨੂੰ ਜੋ ਪਿਆਰ ਨਾਲਿ ਦਿਨ ਰਾਤਿ ਗੁਰਮੁਖਾਂ ਦਾ ਧਿਆਵਣਾ ਹੈ, ਇਹੀ ਗੁਰਮੁਖਿ ਜਨਾਂ ਦਾ ਜਪ ਤਪ ਸੰਜਮੀ ਕਰਮ ਹੈ। ਗੁਰਮਤਿ ਨਾਮ ਮਈ ਅਭਿਆਸ ਕਮਾਈਆਂ ਹੀ ਗੁਰਮੁਖਿ ਜਨਾਂ ਦੇ ਤਪ ਹਨ। ਇਹੀ ਅਭਿਆਸ ਕਮਾਈਆਂ ਹੀ ਸੱਚੇ ਸੰਜਮ ਹਨ ਗੁਰਮੁਖਿ ਜਨਾਂ ਦੇ। ਗੁਰੂ ਨਾਨਕ ਦੇ ਘਰ ਦਾ ਬਖ਼ਸ਼ਿਆ ਹੋਇਆ ਗੁਰਮੁਖਿ ਨਾਮ 'ਵਾਹਿਗੁਰੂ', ਜੇਹੜੇ ਜੇਹੜੇ ਗੁਰੂ ਨਾਨਕ ਦੇ ਬਖ਼ਸ਼ੇ ਹੋਏ ਗੁਰਮੁਖਿ ਜਨ ਧਿਆਉਂਦੇ ਹਨ, ਓਹਨਾਂ ਦੇ ਜੀਵ-ਆਤਮਾਵਾਂ ਦਾ ਆਧਾਰ ਆਸਰਾ ਰੂਪ ਹੋ ਜਾਂਦਾ ਹੈ। ਗੁਰਮੁਖਿ ਨਾਮ ਰੂਪੀ ਅਭਿਆਸ ਕਰਮ ਹੀ ਸਭਨਾਂ ਨਾਮ ਜਪਣ ਵਾਲੀਆਂ ਰੂਹੜੀਆਂ ਦਾ ਜੀਵਨ-ਆਧਾਰ ਬਣ ਜਾਂਦਾ ਹੈ, ਜਿਸ ਦੇ ਤੁੱਲ ਨਾ ਕੋਈ ਹੋਰ ਕਰਮ ਹੈ ਨਾ ਧਰਮ।

**ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥ ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚਿੰਦੁ ॥ ਵਡੈ ਭਾਗਿ ਸਤਿਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥ ੨ ॥**

**(ਸਿਰੀਰਾਗੁ ਮਃ ੩, ਪੰਨਾ ੨੯)**

ਭਾਵ— ਗੁਰੂ ਘਰ ਦੇ ਨਾਮ ਅਭਿਆਸੀ ਗੁਰਮੁਖਿ ਜਨ ਦਾ ਅਹਿਨਿਸਿ, ਦਿਨੇ ਰਾਤਿ, ਨਾਮ ਅਭਿਆਸ ਭਗਤੀ ਰੂਪੀ ਕਰਮ ਕਮਾਈ ਜਾਣਾ, ਉਸ ਨੂੰ ਸਦਾ ਸਦਾ ਆਤਮ-ਖੇੜੇ (ਵਿਗਸਾਉ) ਵਿਚਿ ਰਖਦਾ ਹੈ। ਗੁਰਮੁਖਿ ਜਨ ਦਾ ਨਾਮ-ਅਭਿਆਸ ਕਰਮ ਵਾਹਿਗੁਰੂ ਦੇ ਸੱਚੇ ਵੈਰਾਗ ਆਨੰਦ ਦਾ ਉਪਜਾਵਨਹਾਰਾ ਹੈ। ਇਹ ਸੱਚੇ ਵੈਰਾਗ ਆਨੰਦੀ ਖੇੜੇ ਵਿਚਿ ਗੁਰਮੁਖਿ ਨਾਮ ਅਭਿਆਸੀ ਜਨ ਹਉਮੈ ਨੂੰ ਮਾਰ ਕੇ ਨਿਰਾ ਹੀ ਚਿੰਤਾ ਰਹਿਤ ਹੋ ਜਾਂਦਾ ਹੈ। ਆਨਮਤ ਕਰਮ ਕਰਨਹਾਰੇ ਸਦਾ ਹੀ ਸੜੇ ਬੁਝੇ ਕ੍ਰਿਝੇ ਰਹਿੰਦੇ ਹਨ। ਤਿਨ੍ਹਾਂ ਦਾ ਵੈਰਾਗ ਐਵੇਂ ਗਧਾ-ਵੈਰਾਗ ਹੀ ਹੁੰਦਾ ਹੈ। ਤਿਨ੍ਹਾਂ ਦਾ ਅਨੰਦ ਭੀ ਇਕ ਕਹਿਣ ਮਾਤਰ ਆਨੰਦ ਹੁੰਦਾ ਹੈ। ਸਗੋਂ ਆਨਮਤ ਜਪਾਂ ਤਪਾਂ ਸੰਜਮ ਕਿਰਿਆਵਾਂ ਵਾਲੇ ਹਠ-ਕਰਮੀ ਪੁਰਸ਼ ਕ੍ਰੋਧੀ ਅਤੇ ਹੰਕਾਰੀ ਹੋ ਜਾਂਦੇ ਹਨ, ਜਿਸ ਕਰਕੇ ਓਹਨਾਂ ਨੂੰ ਸੱਚੇ ਸੁੱਖ ਅਨੰਦ ਦੀ ਕਦੇ ਪ੍ਰਾਪਤੀ ਹੀ ਨਹੀਂ ਹੁੰਦੀ। ਹਉਮੈ ਅੰਦਰਿ ਹੀ ਉਹ ਕਰਮ ਕਮਾਉਂਦੇ ਹਨ ਅਤੇ ਹਉਮੈ ਹੀ ਓਹਨਾਂ ਦੇ ਪੱਲੇ ਪੈਂਦੀ ਹੈ। ਹਠ-ਕਰੰਮੀ ਕਪਟ-ਕ੍ਰਿਤਤਾ ਹੀ ਉਹਨਾਂ ਉਤੇ ਸਦਾ ਪ੍ਰਬਲ

 www.sikhbookclub.com

ਰਹਿੰਦੀ ਹੈ। ਗੁਰਮੁਖਿ-ਨਾਮ ਕਰਮ ਪਰਧਾਨੀਆਂ ਦਾ ਐਸਾ ਕਰਮ ਖੁਲ੍ਹਦਾ ਹੈ ਕਿ ਓਹਨਾਂ ਨੂੰ ਗੁਰੂ ਨਾਨਕ ਦੇ ਘਰ ਦੀ ਸਤਸੰਗਤਿ ਸਦਾ ਪ੍ਰਾਪਤਿ ਰਹਿੰਦੀ ਹੈ। ਆਦਿ ਅੰਤ ਮਧ ਬਿਵਸਥਾ ਓਹਨਾਂ ਦੀ ਸਦਾ ਸਤਸੰਗਤਿ ਰੰਗਿ ਰਤੀ ਹੀ ਰਹਿੰਦੀ ਹੈ। ਓੜਕ ਗੁਰਮੁਖਿ ਪਰਧਾਨੀਆਂ ਨੂੰ ਵਾਹਿਗੁਰੂ ਦੇ ਸਰੂਪ ਦੀ ਲੀਨਤਾ ਹੋ ਜਾਣ ਕਰਕੇ ਸਹਜ ਆਨੰਦ ਦਾ ਸਦ ਸਦਾ ਵਸੇਬਾ ਮਿਲ ਜਾਂਦਾ ਹੈ।

> ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ ॥ ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ ॥ ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ ॥ ੧ ॥
>
> (ਸਿਰੀਰਾਗੁ ਮਃ ੩, ਪੰਨਾ ੩੧)

ਭਾਵ— ਪਿਰੀ ਪ੍ਰੀਤਮ ਪਰਮਾਤਮਾ ਦੀ ਜਿਨ੍ਹਾਂ ਨੂੰ ਸੱਚੀ ਜਾਣਕਾਰੀ ਪ੍ਰੇਮ ਲਗਨ ਲਗ ਜਾਂਦੀ ਹੈ, ਜਿਨ੍ਹਾਂ ਨੂੰ ਗੁਰੂ ਦੁਆਰੇ ਗੁਰ-ਦੀਖਿਆ ਪ੍ਰਾਪਤਿ ਹੋਣ ਕਰਕੇ ਪ੍ਰੇਮ ਪਿਆਰੇ ਪਰਮਾਤਮਾ ਦੀ ਗਿਆਨ-ਪਰਚੰਡਣੀ ਝਲਕ ਝਲਕਰਣ ਹੋ ਜਾਂਦੀ ਹੈ, ਓਹ ਤਾਂ ਫੇਰ ਮਨੋਂ ਤਨੋਂ ਹੋ ਕੇ, ਚਿਤੋਂ ਨਾਮ ਅਭਿਆਸ ਕਮਾਈਆਂ ਵਿਚਿ ਜੁਟ ਜਾਂਦੇ ਹਨ, ਕਿਉਂਕਿ ਓਹਨਾਂ ਨੂੰ ਸੱਚੀ ਸ਼ਰਧਾ-ਭਾਵਨੀ ਪਰਮਾਤਮਾ ਦੇ ਜਲਵੇ ਦੀ ਪ੍ਰਾਪਤਿ ਹੋ ਚੁਕੀ ਹੁੰਦੀ ਹੈ। ਓਹ ਸੱਚੇ ਸੋਹਾਗਵੰਤਿਆਂ ਵਾਲੇ ਕਰਮ ਕਮਾਵਣ ਵਿਚਿ ਤੱਤਪਰ ਹੋ ਜਾਂਦੇ ਹਨ। ਗੁਰਮੁਖਿ ਨਾਮ ਸੋਹਾਗ ਰੂਪੀਆਂ ਵਾਲੇ ਤਿਨ੍ਹਾਂ ਦੇ ਕਰਮ ਸੁਤੇ ਸੁਭਾਵਤ ਹੀ ਅਰੂੜ ਹੋ ਜਾਂਦੇ ਹਨ। ਜਿਨ੍ਹਾਂ ਨੂੰ ਸੱਚਾ ਸੁਹਾਗ ਭਾਗ, ਗੁਰਮਤਿ ਨਾਮ ਦੀ ਗੁਰ-ਦੀਖਿਆ ਦੀ ਜਾਗ ਲਗਣ ਪਰ ਪ੍ਰਾਪਤਿ ਹੋ ਜਾਂਦਾ ਹੈ, ਓਹ ਨਾਮ ਅਭਿਆਸ ਅਨੁਰਾਗ ਦੇ ਪਰਮ ਪ੍ਰੇਮੀ ਹੋ ਜਾਂਦੇ ਹਨ। ਪ੍ਰਮਾਰਥ ਦਾ ਸੱਜਰਾ ਸੁਹਾਗ ਭਾਗ ਪ੍ਰਾਪਤਿ ਹੋਣ ਦੀ ਇਹ ਨੀਸ਼ਾਨੀ ਹੁੰਦੀ ਹੈ ਕਿ ਓਹਨਾਂ ਦਾ ਨਾਮ ਅਭਿਆਸ ਖੰਡਾ ਜ਼ੋਰੋ ਜ਼ੋਰ ਆਪ-ਹੁਦਰਾ ਹੀ ਖੜਕਣ ਲਗ ਪੈਂਦਾ ਹੈ। ਤਿਨ੍ਹਾਂ ਨੂੰ ਨਾਮ ਅਭਿਆਸ ਰੂਪੀ ਗੁਰਮੁਖਿ ਕਰਮ ਕਰਨ ਦੀ ਟੇਵ ਹੀ ਪੈ ਜਾਂਦੀ ਹੈ। ਓਹ ਸਦਾ ਖੰਡਾ-ਨਾਮ ਖੜਕਾਈ ਜਾਣ ਦੇ ਮਹਿਵ-ਲਹਿਵੀਏ ਹੋ ਜਾਂਦੇ ਹਨ। ਊਠਤ ਬੈਠਤ ਸੋਵਤ ਜਾਗਤ ਨਾਮ ਅਭਿਆਸ ਕਮਾਈ ਕਰੀ ਹੀ ਜਾਂਦੇ ਹਨ। ਤਿਨ੍ਹਾਂ ਸੋਹਾਗਵੰਤੇ ਗੁਰਮੁਖਿ ਨਾਮ ਕਰਮਾਸੀਆਂ ਸਹਜ ਅਭਿਆਸੀਆਂ ਨੂੰ ਪਹਿਲੇ ਹੀ ਸੱਚੇ ਵਾਹਿਗੁਰੂ ਦਾ ਮਿਲਾਪ (ਸਹਜਿ ਮਿਲਾਵੜਾ) ਹੋ ਜਾਂਦਾ ਹੈ। ਸੱਚੜਾ ਗੁਰਮੁਖਿ ਨਾਮ ਅਭਿਆਸ ਕਰਮ ਇਸ ਸੱਚੜੇ ਮਿਲਾਪ ਦੀ ਸੱਚ ਵਡਿਆਈ ਮਿਲਣ ਦਾ ਕਾਰਨ ਹੋ ਜਾਂਦਾ ਹੈ। ਐਸੇ ਪਰਧਾਨ ਗੁਰਮੁਖਿ ਕਰਮ ਦੇ ਸਾਹਮਣੇ ਹੋਰ ਸਾਰੇ ਕਰਮ ਹੇਚ ਹਨ।

> ਸੋਹਾਗਣੀ ਕਿਆ ਕਰਮੁ ਕਮਾਇਆ ॥ ਪੂਰਬਿ ਲਿਖਿਆ ਫਲੁ ਪਾਇਆ ॥ ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥ ੮ ॥ ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥ ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥ ੯ ॥ ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥ ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥ ੧੦ ॥ ... ਸਤਿਗੁਰੁ ਮਿਲਿਆ ਜਾਣੀਐ ॥ ਜਿਤੁ ਮਿਲਿਐ ਨਾਮੁ ਵਖਾਣੀਐ ॥ ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥ ੧੩ ॥ ੧ ॥
>
> (ਸਿਰੀਰਾਗੁ ਮਃ ੧ ਘਰੁ ੩, ਪੰਨਾ ੭੨)

ਭਾਵਾਰਥ— ਜਿਨ੍ਹਾਂ ਸੋਹਾਗਵੰਤੀਆਂ ਸੋਹਾਗਣੀਆਂ ਨੂੰ ਸੁਤੇ ਸਹਜ ਹੀ ਨਾਮ ਸੱਚਾ ਸੋਹਾਗ ਭਾਗ ਪ੍ਰਾਪਤਿ ਹੋ ਜਾਂਦਾ ਹੈ, ਓਹ ਨਾਮ ਰੂਪੀ ਸੱਚੇ ਗੁਰਮੁਖਿ ਕਰਮ ਕਰਨ ਵਿਚਿ ਨਿਰਯਤਨ ਹੀ ਲਗ ਪੈਂਦੇ ਹਨ। ਐਸਾ ਸੁਹੇਲਾ ਕਰਮ ਕਰਨ ਓਹ ਇਉਂ ਲਗ ਪੈਂਦੇ ਹਨ, ਇਸ ਕਰਕੇ ਕਿ ਓਹਨਾਂ ਦੇ ਪੂਰਬਲੇ ਕਰਮ ਦੀ ਲਿਖਤ-ਕਮਾਈ ਹੀ ਐਹੋ ਜਿਹੀ ਹੁੰਦੀ ਹੈ ਕਿ ਓਹਨਾਂ ਨੂੰ ਪੂਰਬਲੇ ਕਰਮਾਂ ਦਾ ਫਲ, ਸ਼ੁਭ ਫਲ ਗੁਰਮੁਖਿ ਨਾਮ ਕਰਮ ਕਮਾਈ ਦੀ ਪਰਧਾਨਤਾ ਹੀ ਮਿਲ ਜਾਂਦੀ ਹੈ। ਇਹ ਗੁਰਮੁਖਿ ਪਰਧਾਨ ਕਰਮੁ ਤਿਨ੍ਹਾਂ ਨੂੰ ਪ੍ਰਾਪਤਿ ਹੁੰਦਾ ਹੈ ਜਿਨ੍ਹਾਂ ਉਪਰ ਪੂਰਬਲੇ ਕਰਮਾਂ ਦੀ ਮੇਹਰੰਮਤ ਕਰਕੇ ਵਾਹਿਗੁਰੂ ਦੀ ਆਪਣੀ ਨਿਜ ਨਦਰਿ ਮੇਹਰ ਪ੍ਰਾਪਤਿ ਹੋਇ ਆਵੰਦੀ ਹੈ। ਨਦਰਿ ਨਿਹਾਲੂ ਪਿਤਾ ਪ੍ਰੀਤਮ ਆਪੇ ਹੀ ਤਿਨ੍ਹਾਂ ਨੂੰ ਗੁਰਮੁਖਿ ਨਾਮ ਪਰਧਾਨ ਕਰਮ ਵਿਚਿ ਤੱਤਪਰ ਹੋਇ ਕੈ ਲਾਇ ਲੈਂਦਾ ਹੈ, ਨਾਮ ਜਪਾਇ ਕੇ, ਨਾਮ ਅਭਿਆਸ ਅਤੁਟ ਕਮਾਈ ਕਰਾ ਕੇ ਆਪਣੇ ਸਰੂਪ ਵਿਚਿ ਆਪਿ ਮਿਲਾਇ ਲੈਂਦਾ ਹੈ। ਹੁਕਮੀ ਵਾਹਿਗੁਰੂ ਦਾ ਹੁਕਮ, ਸੱਚੜਾ ਸੱਚਾ ਹੁਕਮ ਮੰਨਣਾ ਆਪੋਂ ਮੰਨਣਾ ਅਤੀ ਕਠਨ ਹੈ। ਆਪੇ ਹੀ ਆਪਣੀ ਕਿਰਪਾ ਕਰਿ ਹੁਕਮ ਮਨਾਉਂਦਾ ਹੈ। ਹੁਕਮਾਂ ਸਿਰਿ ਹੁਕਮ ਨਾਮ ਜਪਣਾ ਨਾਮ ਅਭਿਆਸ ਕਮਾਈ ਕਰਨਾ ਹੈ। ਜਿਨ੍ਹਾਂ ਨੇ ਉਸ ਹੁਕਮ ਦੀ ਨਾਮ ਅਭਿਆਸ ਕਮਾਈਆਂ ਕਰਨ ਵਾਲੇ ਕਰਮ ਦੀ ਤਾਮੀਲ ਕੀਤੀ ਹੈ, ਤਿਨ੍ਹਾਂ ਦੇ ਅੰਤਰਿ-ਆਤਮੇ ਰਸ-ਜੋਤਿ ਰਸਿਓਕੀ ਨਾਮ ਵੱਸਣ ਕਰਿ, ਤਿਨ੍ਹਾਂ ਨੂੰ ਹੁਕਮ ਰੂਪੀ ਭਾਣੇ ਦਾ ਸੱਚਾ ਰਸ ਮਨ ਬਚਨ ਕਰਮ ਕਰਕੇ ਆਇਆ ਹੈ। ਤਿਨ੍ਹਾਂ ਭਾਣੇ ਦੇ ਰਸੀਅੜੇ ਗੁਰਮੁਖਿ ਸ਼ਬਦ ਵਿਗਾਸੀਆਂ ਦੇ ਅੰਦਰੋਂ ਅਸ਼ਰਧਾ ਮਈ ਭਰਮ-ਭ੍ਰਾਂਤ ਸਭ ਮਿਟ ਜਾਂਦਾ ਹੈ। ਭਾਣੇ ਦੇ ਰਸਿਕ ਵੈਰਾਗੀ ਸ਼ਰਧਾਲੂ ਜਨ ਭਾਵੇਂ ਕਿਸੇ ਜਾਤਿ ਪਾਤੀ ਵਿਚੋਂ ਹੋਣ, ਸਤਿਗੁਰੂ ਸੱਚਾ ਪਾਤਸ਼ਾਹ ਸਭ ਕਿਸੇ ਨੂੰ ਆਪਣੇ ਨਾਲਿ, ਆਪਣੀ ਸਤਸੰਗਤਿ ਨਾਲਿ ਮਿਲਾਇ ਲੈਂਦਾ ਹੈ। ਇਹੋ ਸੱਚੇ ਸਤਿਗੁਰੂ ਦੀ ਸੱਚੀ ਨਿਸ਼ਾਨੀ ਹੈ। ਸਤਿਗੁਰੂ ਦੇ ਸੱਚ-ਮਿਲਾਪ ਦੀ ਸੱਚੜੀ ਨਿਸ਼ਾਨੀ ਇਹ ਹੈ, ਜਿਸ ਦੇ ਮਿਲਾਪ ਕਰਿ ਨਾਮ ਅਭਿਆਸ ਦਾ ਫ਼ਿਲ-ਫ਼ੌਰਾ ਤੋਰਾ ਤੁਰ ਪਵੇ ਅਤੇ ਨਾਮਿ ਲਿਵਤਾਰ ਲਗ ਜਾਵੇ। ਜਿਨ੍ਹਾਂ ਦਾ ਨਾਮ ਅਭਿਆਸ ਰੂਪੀ ਤੋਰਾ ਨਹੀਂ ਤੁਰਿਆ ਅਤੇ ਨਾਮ ਦੀ ਕਮਾਈ ਰੂਪੀ ਬਰਕਤ ਜਿਨ੍ਹਾਂ ਉਤੇ ਨਹੀਂ ਨਾਜ਼ਲ ਹੋਈ, ਓਹਨਾਂ ਨੂੰ ਸਮਝੋ ਕਿ ਸਤਿਗੁਰੂ ਦੀ ਪ੍ਰਾਪਤੀ ਹੀ ਨਹੀਂ ਹੋਈ। ਅੰਮ੍ਰਿਤ ਛਕ ਕੇ ਭੀ ਜਿਹੜੇ ਨਾਮੋਂ ਸਖਣੇ ਫਿਰਦੇ ਹਨ, ਓਹਨਾਂ ਨੇ ਗੁਰਮਤਿ ਮਰਯਾਦਾ ਪੂਰਬਕ ਸਤਿਗੁਰੂ ਨੂੰ ਧਾਰਨ ਹੀ ਨਹੀਂ ਕੀਤਾ। ਤਿਨ੍ਹਾਂ ਨੂੰ ਗੁਰੂ ਵਰੋਸਾਏ ਨਾਮ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਅਤੇ ਨਾਮ ਜਪਣ ਦੀ ਦਾਤਿ ਹੀ ਪ੍ਰਾਪਤਿ ਨਹੀਂ ਹੋਈ। ਪੰਜਾਂ ਪਿਆਰਿਆਂ, ਪਰਵਾਨ ਹੋਏ ਪੰਜਾਂ ਪਿਆਰਿਆਂ ਅੰਦਰਿ ਸਤਿਗੁਰੂ ਵਰਤਦਾ ਹੈ। ਸਤਿਗੁਰੂ ਦੀ ਨੂਰ-ਜੋਤਿ ਕਿਰਪਾ ਹੁੰਦੀ ਹੈ। ਗੁਰੂ ਨਾਨਕ ਦਾ ਜ਼ਹੂਰ ਗੁਰੂ ਘਰ ਦੇ ਮਨਜ਼ੂਰ-ਸ਼ੁਦਾ ਪੰਜਾਂ ਪਿਆਰਿਆਂ ਅੰਦਰਿ ਪਰਗਟ ਪਾਹਾਰੇ ਜਾਪਦਾ ਹੈ। ਜਿਥੇ ਇਹ ਨੂਰ-ਜ਼ਹੂਰੀ ਗੁਰਮੁਖਿ ਨਾਮ ਦੀ ਪਰਧਾਨਤਾ ਦਾ ਪਰਤਾਪ ਨਹੀਂ, ਓਥੇ ਸਮਝੋ ਕਿ ਸੱਚੜੀ ਗੁਰੱਤ-ਕਲਾ ਨਹੀਂ ਵਰਤੀ। ਓਹਨਾਂ ਨੂੰ ਅਸਲ ਅਰਥਾਂ ਵਿਚਿ ਨਾਮ ਮਿਲਿਆ ਹੀ ਨਹੀਂ। ਨਾਮ ਕਿਵੇਂ ਮਿਲ ਜਾਏਗਾ? ਸਤਿਗੁਰੂ ਬਾਝੋਂ ਨਿਗੁਰਿਆਂ ਨੂੰ ਨਾਮ ਕਿਵੇਂ ਮਿਲੇਗਾ? ਮਿਲਦਾ ਹੀ ਨਹੀਂ। ਨਾ ਮਿਲਿਆ ਹੈ, ਨਾ ਮਿਲੇਗਾ। ਨਿਗੁਰੇ ਆਨਮਤੀ ਪੁਰਸ਼ ਭਾਵੇਂ ਕਿਤਨੇ ਕਰਮ ਕਮਾ ਥੱਕਣ, ਓਹਨਾਂ ਨੂੰ ਕੱਖ ਦੀ ਪ੍ਰਾਪਤੀ ਨਹੀਂ ਹੁੰਦੀ। ਤਿਨ੍ਹਾਂ ਦੀ ਘਾਲ ਕਮਾਈ ਬਿਰਥੀ ਹੀ ਜਾਂਦੀ ਹੈ।

ਊਤਮ ਜਨਮੁ ਸੁਥਾਨਿ ਹੈ ਵਾਸਾ ॥ ਸਤਿਗੁਰੁ ਸੇਵਹਿ ਘਰ ਮਾਹਿ ਉਦਾਸਾ ॥ ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨ ਤ੍ਰਿਪਤਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥ ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥ ੧ ॥ ਰਹਾਉ ॥ ਅਲਖ ਅਭੇਉ ਹਰਿ ਰਹਿਆ ਸਮਾਏ ॥ ਉਪਾਇ ਨ ਕਿਤੀ ਪਾਇਆ ਜਾਏ ॥ ਕਿਰਪਾ ਕਰੇ ਤਾ ਸਤਿਗੁਰੁ ਭੇਟੈ ਨਦਰੀ ਮੇਲਿ ਮਿਲਾਵਣਿਆ ॥ ੨ ॥ ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥ ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩ ॥

(ਮਾਝ ਮਃ ੩, ਪੰਨਾ ੧੨੭)

ਵਿਆਖਿਆ— ਜਿਨ੍ਹਾਂ ਜਨਾਂ ਦਾ ਸੱਚੇ ਸ੍ਰੇਸ਼ਟ ਥਾਨ (ਸੁਥਾਨ) ਵਿਖੇ ਵਾਸਾ ਹੈ, ਤਿਨ੍ਹਾਂ ਜਨਾਂ ਦਾ ਜਨਮ ਉਤਮ ਹੈ। ਐਸੇ ਜਨ ਗੁਰੂ ਘਰ ਦੇ ਗੁਰਮੁਖਿ ਪਿਆਰੇ ਹੀ ਹਨ ਜਿਨ੍ਹਾਂ ਦਾ ਸਦਾ ਸਦ ਨਿਵਾਸ ਗੁਰ-ਸੰਗਤਾਂ ਵਿਖੇ ਹੀ ਰਹਿੰਦਾ ਹੈ। ਓਹ ਘਰ ਵਿਚਿ ਰਹਿੰਦੇ ਹੋਏ ਹੀ, ਗ੍ਰਿਹਸਤ ਵਿਚਿ ਨਿਵਾਸ ਰਖਦੇ ਹੋਏ ਭੀ ਸਤਿਗੁਰੂ ਨੂੰ ਸੇਵੰਦੇ ਹੋਏ ਸਤਿਗੁਰੂ ਦੀ ਬਖ਼ਸ਼ੀ ਸੇਵਾ-ਭਗਤੀ ਦੀ ਬਰਕਤ ਦੇ ਨਾਲਿ ਮੋਹ ਮਮਤਾਵੀ ਮਾਇਆ ਤੋਂ ਉਪਰਾਮ ਰਹਿੰਦੇ ਹਨ। ਤਿਨ੍ਹਾਂ ਨੂੰ ਮੋਹ ਮਾਇਆ ਦਾ ਲੇਪ ਨਹੀਂ ਲਗਦਾ। ਐਸੇ ਗੁਰਮੁਖਿ ਜਨ ਗੁਰਮਤਿ ਨਾਮ ਦੀਆਂ ਅਭਿਆਸ ਕਮਾਈਆਂ ਕਰਦੇ ਹੋਏ ਆਤਮ-ਰੰਗਾਂ ਵਿਚਿ ਨਾਮ ਜਪਦੇ ਹਨ। ਸਦਾ ਸਦਾ ਆਤਮ-ਰੰਗਾਂ ਵਿਚਿ ਰਤੇ ਹੋਏ ਵਾਹਿਗੁਰੂ ਦੇ ਰੰਗਾਂ ਵਿਚਿ ਹੀ ਮਸਤ ਅਲਮਸਤ ਰਹਿੰਦੇ ਹਨ। ਓਹਨਾਂ ਦਾ ਮਨ ਵਾਹਿਗੁਰੂ ਦੇ ਨਾਮ-ਤ੍ਰੰਗੀ-ਰਸ ਵਿਚਿ ਹੀ ਰਜਿਆ ਰਹਿੰਦਾ ਹੈ। ਸਦਾ ਤ੍ਰਿਪਤ ਹੋਇਆ ਰਹਿੰਦਾ ਹੈ। ਜਿਨ੍ਹਾਂ ਗੁਰਮੁਖਾਂ ਨੇ ਵਾਹਿਗੁਰੂ ਨਾਮ ਦੀ ਹੀ ਪੜ੍ਹਾਈ ਪੜ੍ਹੀ ਹੈ, ਕੇਵਲ ਨਾਮ ਨੂੰ ਹੀ ਜਪਿਆ, ਨਾਮ ਸਰੂਪ ਗੁਰਬਾਣੀ ਦੀਆਂ ਸੱਚੀਆਂ ਪੜ੍ਹਾਈਆਂ ਪੜ੍ਹ ਕੇ ਵਿਚੋਂ ਨਾਮ ਦਾ ਤੱਤ ਕਢਿਆ ਹੈ, ਵਾਹਿਗੁਰੂ ਨਾਮ ਦੀ ਹੀ ਸੱਚੀ ਬੂਝ ਬੁੱਝੀ ਹੈ ਅਤੇ ਇਹ ਸੱਚੀ ਬੂਝ ਬੁੱਝ ਕੇ ਨਾਮ ਅਭਿਆਸ ਦੀਆਂ ਅਤੁੱਟ ਕਮਾਈਆਂ ਕਰਿ ਕਰਿ ਵਾਹਿਗੁਰੂ ਨੂੰ ਮਨ ਵਿਚਿ ਵਸਾਇਆ ਹੈ, ਉਨ੍ਹਾਂ ਲਈ ਏਦੂੰ ਉਪਰਿ ਹੋਰ ਕਿਹੜਾ ਕਰਮ ਕਮਾਉਣਾ ਬਾਕੀ ਰਹਿ ਗਿਆ।

ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਾਹੀ ॥

(ਰਾਮਕਲੀ ਮਃ ੧, ਪੰਨਾ ੯੦੩)

ਤਾਂ ਤੇ ਗੁਰਮੁਖਾਂ ਦਾ ਨਾਮ ਅਭਿਆਸ ਕਮਾਈਆਂ ਵਾਲਾ ਕਰਮੁ ਸਭ ਕਰਮਾਂ ਤੋਂ ਪਰਧਾਨ ਕਰਮੁ ਹੈ। ਹੋਰ ਸਭ ਆਨਮਤ ਕਰਮ ਐਵੇਂ ਆਵਾਗਉਣ ਕਰਮ ਹੀ ਹਨ, ਜੋ ਕਿਸੇ ਲੇਖੇ ਨਹੀਂ। ਅਗਲੀ ਤੁਕ ਦੀ ਅੱਧ ਪੰਗਤੀ ਅੰਦਰ ਗੁਰਮੁਖਾਂ ਦੀ ਪੜ੍ਹਾਈ ਦਾ ਨਿਖਾਰ ਕੇ ਨਿਰਣਾ ਕੀਤਾ ਹੈ— "**ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ**"। ਗੁਰਮੁਖਿ ਭੀ ਪੜ੍ਹਾਈ ਕਰਦੇ ਹਨ, ਬਸ ਇਹੀ ਕਿ ਵਾਹਿਗੁਰੂ ਨਾਮ ਨੂੰ ਹੀ ਸਲਾਹੁੰਦੇ ਹਨ, ਭਾਵ ਸਿਫਤਿ ਸਾਲਾਹ ਕਰੀ ਜਾਣਾ ਹੀ ਗੁਰਮੁਖਾਂ ਦੀ ਸੱਚੀ ਗੁਰਮਤਿ ਪੜ੍ਹਾਈ ਹੈ ਅਤੇ ਪਰਧਾਨ ਕਰਮ ਕਮਾਈ ਹੈ। ਅਤੇ ਪੜ੍ਹਾਈ ਪੜ੍ਹਨ ਵਾਲਿਆਂ ਵਿਟਹੁੰ ਗੁਰੂ ਨਾਨਕ ਸੋਇਮੇਸ਼ ਜੀ ਵਾਰਨੇ ਬਲਿਹਾਰਨੇ ਜਾਂਦੇ ਹਨ। ਗੁਰੂ ਸਾਹਿਬ ਸੱਚ ਫ਼ੁਰਮਾਉਂਦੇ ਹਨ ਕਿ ਅਜਿਹੀ ਸੱਚੀ ਸਿਫਤਿ ਸਾਲਾਹੀ ਪੜ੍ਹਾਈ ਪੜ੍ਹਨ ਵਾਲੇ, ਸੱਚੀ ਪਰਧਾਨ ਕਰਮ ਕਮਾਈ ਕਰਨ

ਵਾਲੇ ਗੁਰਮੁਖਿ ਜਨ ਹੀ ਸੱਚੇ ਵਾਹਿਗੁਰੂ ਦੀ ਦਰਗਾਹ ਵਿਚਿ ਸੋਭਾ ਪਾਉਣ ਵਾਲੇ ਬਣਦੇ ਹਨ। ਸੱਚ-ਮੁੱਚ ਹਰਿ ਦਰਗਾਹੇ ਸੋਭਾ ਪਾਉਂਦੇ ਹਨ।

ਪਾਰਬ੍ਰਹਮ ਪਰਮੇਸਰ ਅਲੱਖ ਵਾਹਿਗੁਰੂ, ਜੋ ਹੋਰ ਕਿਤ ਬਿਧਿ ਭੀ ਕਿਸੇ ਤੋਂ ਲਖਿਆ ਨਹੀਂ ਜਾਂਦਾ, ਭਾਵੇਂ ਕੋਟਿ ਆਨਮਤ ਕਰਮ ਕੋਈ ਕਰਿ ਥਕੇ। ਜਿਸ ਅਭੇਉ ਨਿਰੰਕਾਰ ਕਰਤਾਰ ਦਾ ਭੇਉ (ਭੇਦ) ਕਿਸੇ ਤੋਂ ਭੀ ਨਹੀਂ ਪਾਇਆ ਜਾ ਸਕਦਾ, ਚਾਹੇ ਲਖ ਆਨਮਤ ਕਰਮ ਕਰਨਹਾਰਾ ਹੋਵੇ। ਉਹ ਅਲੱਖ ਅਭੇਉ ਵਾਹਿਗੁਰੂ ਸਾਰੇ ਹੀ ਖੰਡਾਂ ਬ੍ਰਹਮੰਡਾਂ ਵਿਖੇ ਸਭ ਘਟਾਂ ਵਿਖੇ ਸਮਾਇ ਰਹਿਆ ਹੈ, ਪਰ ਉਹ ਹੋਰ ਕਿਸੇ ਭੀ ਕਰਮ ਉਪਾਉ ਦੇ ਕਰਨ ਕਰਕੇ ਪਰਤੱਖ ਨਹੀਂ ਹੁੰਦਾ, ਨਹੀਂ ਪਾਇਆ ਜਾ ਸਕਦਾ। ਜਿਸ ਗੁਰਮੁਖਿ ਪਿਆਰੇ ਉਤੇ ਕਿਰਪਾਲੂ ਦੀ ਅਪਾਰ ਕਿਰਪਾ ਹੋਈ ਹੈ, ਤਿਸ ਨੇ ਸੱਚੇ ਸਤਿਗੁਰੂ ਨੂੰ ਭੇਟਿਆ ਹੈ। ਸਤਿਗੁਰੂ ਨੂੰ ਭੇਟ ਕੇ ਉਹ ਨਿਗੁਰਿਓਂ ਸਗੁਰਾ ਬਣਿਆ ਹੈ। ਗੁਰਮਤਿ ਅਟੱਲ ਮਰਯਾਦਾ ਅਨੁਸਾਰ ਪੰਜਾਂ ਪਿਆਰਿਆਂ ਦੁਆਰਾ ਸਤਿਗੁਰੂ ਦੀ ਪਾਰਸ-ਭੇਟ ਦੀ ਬਦੌਲਤ ਤਿਸ ਨੂੰ ਪਾਰਸ ਰਸਾਇਣੀ ਗੁਰ-ਦੀਖਿਆ ਮਿਲੀ ਹੈ। ਤਿਸ ਗੁਰ-ਦੀਖਿਆ ਗੁਰ-ਮੰਤਰ ਦੇ ਮਿਲਣ ਪਰ ਨਾਮ ਅਭਿਆਸ ਤਿਸ ਨੂੰ ਦ੍ਰਿੜ੍ਹ ਹੋਇਆ ਹੈ। ਦ੍ਰਿੜ੍ਹ ਹੋਵਣ ਦੇ ਕਾਰਨ ਅਤੁੱਟ ਅਭਿਆਸ ਕਮਾਈਆਂ ਤਿਸ ਗੁਰਮੁਖਿ ਨੇ ਕੀਤੀਆਂ। ਤਿਨ੍ਹਾਂ ਅਤੁੱਟ ਕਮਾਈਆਂ ਰੂਪੀ ਕਰਮ ਕਰਿ ਉਹ ਗੁਰਮਖਿ ਜਨ ਵਾਹਿਗੁਰੂ ਸੱਚੇ ਦੀਆਂ ਨਜ਼ਰਾਂ ਵਿਚਿ ਪਰਵਾਨ ਪੈਣ ਦਾ ਪਾਤਰ ਬਣਿਆ। ਤਿਸ ਉਤੇ ਨਦਰਿ ਮੇਹਰ ਹੋਈ ਨਦਰਾਲੂ ਪੁਰਖ ਕਰਤਾਰ ਦੀ। ਹਰਿ ਦਰਗਹਿ ਅੰਦਰਿ ਪੁੱਗ ਖਲੋਣ ਦਾ ਤਿਸ ਨੂੰ ਸਿਰੋਪਾਉ ਖਾਸ ਮਿਲਿਆ। **"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ"** ਦਾ ਨਦਰਾਪਾ ਹੀ ਉਸ ਉਤੇ ਨਹੀਂ ਹੋਇਆ, ਬਲਕਿ ਨਦਰਾਲੂ ਵਾਹਿਗੁਰੂ ਨੇ 'ਨਦਰੀ ਨਦਰਿ ਨਿਹਾਲ' ਹੋ ਕੇ ਉਸ ਨੂੰ ਆਪਣੇ ਸਰੂਪ ਵਿਚਿ ਮਿਲਾਇ ਲਇਆ, ਗਲਿ ਲਾਇ ਲਇਆ। ਇਉਂ **"ਨਦਰੀ ਮੇਲਿ ਮਿਲਾਵਣਿਆ"** ਵਾਲੀ ਸਭ ਤੋਂ ਉੱਚੀ ਨਦਰਿ ਤਿਸ ਉਤੇ ਹੋਈ। ਗੁਰਮਤਿ ਨਾਮ ਦੀ ਅਤੁੱਟ ਕਮਾਈ ਕਰਨ ਵਾਲੇ ਗੁਰਮੁਖਿ ਜਨ ਨੂੰ ਹੀ ਇਹ ਉੱਚ ਮਰਾਤਬਾ, ਊਚੀ ਹੂੰ ਊਚ ਮਰਾਤਬਾ ਮਿਲਦਾ ਹੈ। ਇਹ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਕਰਮ ਦੀ ਉਚ ਪਰਧਾਨਤਾ ਹੈ, ਜੋ ਕਿਸੇ ਵਿਰਲੇ ਗੁਰਮੁਖਿ ਜਨ ਨੂੰ ਹੀ ਪ੍ਰਾਪਤਿ ਹੁੰਦੀ ਹੈ। ਐਰੇ ਗੈਰੇ ਆਨਮਤ ਕਰਮ ਕਰਨ ਵਾਲਿਆਂ ਨੂੰ ਤਾਂ ਉੱਕਾ ਹੀ ਇਹ ਮਰਾਤਬਾ ਨਹੀਂ ਮਿਲ ਸਕਦਾ।

ਆਨਮਤ ਕਰਮਾਂ ਦੇ ਅਭਿਮਾਨੀ ਦੂਜੇ ਭਾਇ ਦੀਆਂ ਹੀ ਪੜ੍ਹਾਈਆਂ ਪੜ੍ਹਦੇ ਹਨ। ਪੜ੍ਹ ਪੜ੍ਹ ਕੇ ਕੜ੍ਹਦੇ ਹਨ, ਰੜ੍ਹਦੇ ਹਨ। ਦੂਜੇ ਭਾਇ ਦੇ ਹੜ੍ਹ ਵਿਚਿ ਹੀ ਰੁੜ੍ਹ ਜਾਂਦੇ ਹਨ। ਤਿਨ੍ਹਾਂ ਨੂੰ ਪ੍ਰਮਾਰਥ ਦੀ ਸੂਝ ਬੂਝ ਹੀ ਨਹੀਂ ਆਉਂਦੀ। ਓਹ ਤਾਂ ਤ੍ਰੈਗੁਣੀ ਮਾਇਆ ਦੇ ਖਲਜਗਣ ਵਿਚਿ ਪੈ ਪੈ ਕੇ ਹੀ ਲੁਝਦੇ ਰਹਿੰਦੇ ਹਨ। ਏਹ ਤ੍ਰੈਗੁਣੀ ਬੰਧਨ ਓਹਨਾਂ ਦੇ ਤੁਟਦੇ ਨਹੀਂ, ਭਾਵੇਂ ਲੱਖ ਆਨਮਤ ਕਰਮ ਕਮਾ ਲੈਣ। ਏਹ ਤ੍ਰੈਗੁਣੀ ਬੰਧਨ ਤੁਟਦੇ ਹਨ ਤਾਂ ਗੁਰ-ਸ਼ਬਦ ਦੀ ਬਰਕਤ ਨਾਲਿ ਹੀ ਤੁਟਦੇ ਹਨ। ਗੁਰ-ਸ਼ਬਦ ਦੀ ਅਭਿਆਸ ਕਮਾਈ ਰੂਪੀ ਪਰਧਾਨ ਕਰਮ ਕਰਕੇ ਹੀ ਮੁਕਤਿ ਪ੍ਰਾਪਤਿ ਹੁੰਦੀ ਹੈ। ਭਾਵ, ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਪਰਧਾਨ ਕਰਮ ਗੁਰਮੁਖਿ ਜਨ ਦਾ ਕੀਤਾ ਹੋਇਆ ਹੀ ਮੁਕਤਿ ਕਰਾਵਣ ਨੂੰ ਸਮਰੱਥ ਹੈ।

**ਗੁਰਮੁਖਿ ਕਰਮ ਧਰਮ ਸਚਿ ਹੋਈ ॥ ਗੁਰਮੁਖਿ ਅਹੰਕਾਰੁ ਜਲਾਏ ਦੋਈ ॥**
**ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥ ੩ ॥ ... ... ... ਮਨਮੁਖਿ ਡੰਫੁ ਬਹੁਤੁ**

ਚਤੁਰਾਈ ॥ ਜੋ ਕਿਛੁ ਕਮਾਵੈ ਸੋ ਥਾਇ ਨ ਪਾਈ ॥ ਆਵੈ ਜਾਵੈ ਠਉਰ ਨ ਕਾਈ ॥ ੫ ॥ ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥ ਬਗ ਜਿਉ ਲਾਇ ਬਹੈ ਨਿਤ ਧਿਆਨਾ ॥ ਜਮਿ ਪਕੜਿਆ ਤਬ ਹੀ ਪਛੁਤਾਨਾ ॥ ੬ ॥ ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗੁਰ ਪਰਸਾਦੀ ਮਿਲੈ ਹਰਿ ਸੋਈ ॥ ਗੁਰੁ ਦਾਤਾ ਜੁਗ ਚਾਰੇ ਹੋਈ ॥ ੭ ॥ ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥ ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ ॥ ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥ ੮ ॥ ੨ ॥

(ਗਉੜੀ ਮਃ ੩, ਪੰਨਾ ੨੩੦)

ਵਿਆਖਿਆ— ਗੁਰਮੁਖਾਂ ਦੇ ਕਰਮ ਧਰਮ ਸਾਰੇ ਨਾਮ ਰੂਪੀ ਸੱਤਿਤਾ ਤੱਤਤਾ ਦੇ ਪ੍ਰਾਇਣ ਹੀ ਹੁੰਦੇ ਹਨ। ਏਸ ਨਾਮ ਰੂਪੀ ਤੱਤਤਾ ਸੱਤਿਤਾ ਦੇ ਅਧੀਨ ਕਰਮ ਧਰਮ ਕਰਦੇ ਹੋਏ ਗੁਰਮੁਖਾਂ ਨੂੰ ਹਉਮੈ ਦੀ ਮੈਲ ਨਹੀਂ ਵਿਆਪਦੀ। ਗੁਰਮੁਖਾਂ ਦੀ ਕਰਮ-ਧਰਮੀ ਨਾਮ ਕਮਾਈ ਵਾਲੀ ਪਾਰਸ-ਕਲਾ ਅਹੰਕਾਰ ਨੂੰ ਜਲਾ ਦਿੰਦੀ ਹੈ ਅਤੇ ਨਾਮ ਤੋਂ ਬਿਨਾਂ ਹੋਰ ਦੂਜੇ ਭਾਵ ਦੇ ਸੰਸਕਾਰਾਂ ਨੂੰ ਸਾੜ ਸਿਟਦੀ ਹੈ। ਨਾਮ ਅਭਿਆਸ ਕਮਾਈ ਕਰਦਿਆਂ ਹੋਇਆਂ ਨਾਮ ਅਭਿਆਸ ਰੂਪੀ ਕਰਮ ਕਮਾਵਣਹਾਰੇ ਗੁਰਮੁਖਿ ਜਨ ਨਾਮ ਦੇ ਰੰਗਾਂ ਵਿਚਿ ਰੱਤੇ ਜਾਂਦੇ ਹਨ। ਇਹ ਰੰਗ-ਰਹੱਸ ਵਾਲੀ ਆਤਮ-ਅਵਸਥਾ ਪਰਮ ਸੁਖਦਾਈ ਹੁੰਦੀ ਹੈ। ਇਸ ਕਰਕੇ ਜੇ ਸੱਚਾ ਸੁਖ ਪ੍ਰਾਪਤਿ ਹੈ ਤਾਂ ਨਾਮ ਅਭਿਆਸ ਰੂਪੀ ਪਰਧਾਨ ਕਰਮ ਕਰਨਹਾਰਿਆਂ ਗੁਰਮੁਖਾਂ ਨੂੰ ਹੀ ਪ੍ਰਾਪਤਿ ਹੈ। ਹੋਰ ਕਿਸੇ ਆਨਮਤ ਕਰਮ ਕਰਨਹਾਰੇ ਨੂੰ ਪ੍ਰਾਪਤਿ ਨਹੀਂ, ਭਾਵੇਂ ਉਹ ਸਾਰੀ ਉਮਰ ਕਰ ਕਰ ਕੇ ਹੰਭ ਥੱਕੇ। ਕਿਉਂਕਿ ਆਨਮਤ ਕਰਮਾਂ ਦੇ ਕਰਨਹਾਰੇ ਦਾ ਮਨ ਕਦੇ ਭੀ ਨਹੀਂ ਪਰਬੋਧਿਆ ਜਾ ਸਕਦਾ। ਮਨ ਪਰਬੋਧਿਆ ਜਾ ਸਕਦਾ ਹੈ ਤਾਂ ਗੁਰਮੁਖਿ ਪਰਧਾਨ ਕਰਮ ਦੁਆਰਾ ਪਰਬੋਧਿਆ ਜਾ ਸਕਦਾ ਹੈ।

ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹਦਿਸਿ ਧਾਵਤ ਆਵੈ ਠਾਇ ॥

(ਗਉੜੀ ਸੁਖਮਨੀ ਮਃ ੫, ਪੰਨਾ ੨੮੮)

ਮਨਮੁਖ ਜਿਤਨੇ ਕਰਮ ਕਰਦੇ ਹਨ ਸੋ ਚਤੁਰਾਈ ਮਨਮੁਖਤਾਈ ਦੇ ਅਧੀਨ ਹੋ ਕੇ ਕਮਾਉਂਦੇ ਹਨ ਅਤੇ ਡਿੰਭ ਧਾਰ ਕੇ ਕਰਦੇ ਹਨ। ਤਾਂ ਤੇ ਜੇਹੜੇ ਕਰਮ ਭੀ ਉਹ ਕਰਦੇ ਹਨ ਓਹ ਕਿਸੇ ਲੇਖੇ ਭੀ ਨਹੀਂ ਪੈਂਦੇ, ਕਿਸੇ ਠਿਕਾਣੇ ਨਹੀਂ ਲਗਦੇ। ਆਨਮਤ ਕਰਮ ਕਰਨਹਾਰੇ ਮਨਮੁਖਾਂ ਨੂੰ ਕਿਤੇ ਭੀ ਠਉਰ ਠਿਕਾਣਾ ਨਹੀਂ ਮਿਲਦਾ। ਆਵਾਗਉਣ ਵਿਚਿ ਹੀ ਪਏ ਘੁੰਮਦੇ ਹਨ। ਮਨਮੁਖੀ ਕਰਮ ਕਰਨ ਨਾਲਿ ਅਭਿਮਾਨ ਹੀ ਵਧਦਾ ਹੈ। ਜਿਉਂ ਜਿਉਂ ਮਨਮੁਖੀ ਕਰਮ ਕੀਤੇ ਜਾਂਦੇ ਹੈਨ ਤਿਉਂ ਤਿਉਂ ਹੋਰ ਵਧੇਰਾ ਅਭਿਮਾਨ ਵਧਦਾ ਜਾਂਦਾ ਹੈ। ਡਿੰਭੀ ਕਰਮ ਕੀਤਿਆਂ ਭੀ ਨਿਰਾ ਅਹੰਕਾਰ ਹੀ ਵਧਦਾ ਹੈ, ਸਰਦਾ ਕੁਛ ਨਹੀਂ। ਡਿੰਭੀ ਪੁਰਖ ਬਗਲੇ ਵਾਂਗੂੰ ਧਿਆਨ ਜਮਾ ਕੇ ਬਥੇਰੀਆਂ ਬਗਲ-ਸਮਾਧੀਆਂ ਲਾਉਂਦੇ ਹਨ, ਪਰ ਲਗਦੀਆਂ ਨਹੀਂ, ਕਿਉਂਕਿ ਮਨ ਓਹਨਾਂ ਦਾ ਠਿਕਾਣੇ ਨਹੀਂ ਹੁੰਦਾ। ਅਜਿਹੇ ਬਗਲ-ਸਮਾਧ-ਕਰੰਮੀਆਂ ਨੂੰ ਅਗੇ ਜਾ ਕੇ ਜਮਾਂ ਦੀ ਹੀ ਮਾਰ ਪੈਂਦੀ ਹੈ। ਜਦੋਂ ਉਹ ਜਮ ਦੇ ਫੇੜੇ ਫਸਦਾ ਹੈ ਤਾਂ ਆਪਣੇ ਕੀਤੇ ਪਾਖੰਡ-ਕਰਮਾਂ ਉਤੇ ਪਛੋਤਾਉ ਕਰਦਾ ਹੈ। ਪਰ ਫੇਰ ਪਛੁਤਾਇਆਂ ਕੀ ਬਣਦਾ ਹੈ? ਸਤਿਗੁਰੂ ਦ੍ਰਿੜ੍ਹਾਏ ਕਰਮ ਕੀਤਿਆਂ ਬਿਨਾਂ ਮੁਕਤਿ ਕਿਸੇ ਦੀ ਨਹੀਂ ਹੁੰਦੀ। ਜਿਨ੍ਹਾਂ ਉਤੇ ਗੁਰੂ ਦੀ ਪ੍ਰਸਾਦ ਰੂਪੀ ਕਿਰਪਾ ਖਾਸ ਹੁੰਦੀ ਹੈ ਓਹਨਾਂ ਨੂੰ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ। ਚਹੁੰਆਂ ਜੁਗਾਂ ਅੰਦਰਿ ਗੁਰੂ ਹੀ ਮੁਕਤਿ ਦਾ ਦਾਤਾ ਹੈ। ਗੁਰਮੁਖਾਂ ਦੀ ਜਾਤਿ ਭੀ ਤੇ ਪਾਤਿ ਭੀ ਕੇਵਲ ਨਾਮ

ਹੀ ਹੈ। ਨਾਮ ਦੁਆਰਾ ਹੀ ਸੱਚੀ ਵਡਿਆਈ ਗੁਰਮੁਖਾਂ ਨੂੰ ਮਿਲਦੀ ਹੈ। ਤਿਨ੍ਹਾਂ ਨਾਮ-ਵਡਾਈ ਵਾਲੇ ਗੁਰਮੁਖਾਂ ਨੇ ਮਾਇਆ (ਸਮੁੰਦਰ ਦੀ ਧੀ) ਨੂੰ ਮਾਰ ਕੇ ਚਕਨਾਚੂਰ ਕਰ ਛਡਿਆ ਹੈ। ਨਾਮ ਬਿਨਾਂ ਹੋਰ ਕਰਮ-ਕਾਂਡੀਆਂ ਦੀ ਸਭ ਚਤੁਰਾਈ ਝੂਠੀ ਹੀ ਝੂਠੀ ਸਾਬਤ ਹੋਈ ਹੈ।

**ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ ॥ ਤਿਹ ਬਡਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ ॥ ੩ ॥**

(ਗਉੜੀ ਕਬੀਰ ਜੀ, ਪੰਨਾ ੩੩੯)

ਵਿਆਖਿਆ— ਜਿਹੜੇ ਗੁਰਮੁਖਿ ਜਨ ਠਾਕੁਰ ਦਾ ਜਸੁ ਗਾਉਂਦੇ ਹਨ ਅਤੇ ਠਾਕੁਰ ਨੂੰ ਧਿਆਉਂਦੇ ਹਨ ਤਿਨ੍ਹਾਂ ਦਾ ਗਾਇਨ ਧਿਆਇਨ ਵਾਲਾ ਕਰਮ ਤਿਨ੍ਹਾਂ ਨੂੰ ਸਿੱਧੇ ਪ੍ਰਭੂ ਦੇ ਠਉਰ ਮੁਕਾਮ ਤੇ ਪਹੁੰਚਾ ਦਿੰਦਾ ਹੈ। ਜਿਨ੍ਹਾਂ ਦੇ ਮਸਤਕ ਵਿਖੇ ਇਹ ਗੁਰਮੁਖਿ ਕਰਮ ਪ੍ਰਧਾਨ ਲਿਖਿਆ ਹੋਇਆ ਹੁੰਦਾ ਹੈ ਤੇ ਜਨ ਬੜੇ ਹੀ ਵਡਭਾਗੀ ਹੁੰਦੇ ਹਨ। ਤਿਨ੍ਹਾਂ ਦੇ ਮਨ ਅੰਦਰਿ ਮੁਢ ਤੋਂ ਹੀ "ਖੁਲ੍ਹਿਓ ਕਰਮੁ ਭਇਓ ਪਰਗਾਸਾ"[1] ਵਾਲੀ ਗੁਰਮਤਿ ਬਿਧਿ ਪ੍ਰਾਪਤਿ ਹੋਣ ਦੇ ਸਮੇਂ ਤੋਂ ਹੀ ਵਾਹਿਗੁਰੂ ਵਸਿਆ ਹੋਇਆ ਹੁੰਦਾ ਹੈ। ਗੁਰਮੁਖਿ ਪਰਧਾਨ ਕਰਮ ਕਰਦਿਆਂ ਜਦੋਂ ਬਾਹਰ ਭੀਤਰਿ ਵਾਹਿਗੁਰੂ ਜੋਤੀ ਸਰੂਪ ਜੋਤਿ-ਪ੍ਰਕਾਸ਼ੀਆ ਉਜਿਆਰਾ ਹੀ ਉਜਿਆਰਾ ਹੋ ਜਾਂਦਾ ਹੈ, ਤਿਸ ਅਵਸਥਾ ਵਿਖੇ ਇਹ ਅੰਤਮ ਸਿੱਟਾ ਅੰਕੂਰਤ ਹੁੰਦਾ ਹੈ ਕਿ ਗੁਰਮੁਖਿ ਪਰਧਾਨ ਕਰੰਮੀਆਂ ਦੇ ਕੀਤੇ ਪੂਰਬਲੇ ਸਾਰੇ ਹੀ ਕਰਮਾਂ ਦਾ ਨਾਸ ਹੋ ਜਾਂਦਾ ਹੈ। ਯਥਾ ਗੁਰਵਾਕ—

**ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਦਾ ਨਾਸੁ ॥੭॥**

(ਰਾਗੁ ਗਉੜੀ ਵਾਰ ਕਬੀਰ ਜੀਉ ਕੇ, ਪੰਨਾ ੩੪੪)

ਗੁਰਮੁਖਿ ਪਰਧਾਨ ਕਰਮ ਦੀ ਵੰਨਗੀ ਇਸ ਅਗਲੇਰੇ ਗੁਰਵਾਕ ਅੰਦਰਿ ਦਿੱਤੀ ਜਾਂਦੀ ਹੈ—

**ਆਸਾ ਮਹਲਾ ੧ ॥ ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥ ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥ ੧ ॥ ਕਰੇ ਵਖਿਆਣੁ ਜਾਣੈ ਜੇ ਕੋਈ ॥ ਅੰਮ੍ਰਿਤੁ ਪੀਵੈ ਸੋਈ ॥ ੧ ॥ ਰਹਾਉ ॥ ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥ ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥ ੨ ॥ ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥ ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥ ੩ ॥ ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥ ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥ ੪ ॥ ੮ ॥**

(ਪੰਨਾ ੩੫੧)

ਵਿਆਖਿਆ— ਨਿਰੰਜਨ ਨਿਰੰਕਾਰ ਵਾਹਿਗੁਰੂ ਨੇ ਆਪਣੀ ਕਰਣਾ ਮਈ ਨਿਰੰਜਨਤਾ ਵਰਤਾ ਕੇ ਗੁਰੂ ਨਾਨਕ ਨਿਰੰਕਾਰੀ ਦੁਆਰਾ ਨਿਰੰਕਾਰੀ ਨਾਮ ਰੂਪੀ ਸ਼ਬਦ ਗੁਰਸਿੱਖਾਂ, ਪ੍ਰਮਾਰਥ ਦੇ ਪਾਤਰ ਗੁਰਮੁਖਾਂ ਦੇ ਕਰਮ ਕਮਾਵਣ ਲਈ ਉਤਪਤ ਕੀਤਾ। ਗੁਰੂ ਨਾਨਕ ਨਿਰੰਕਾਰੀ ਨੇ ਜਿਨ੍ਹਾਂ

---

[1] ਸਾਰੰਗ ਮ: ੫, ਪੰਨਾ ੧੨੧੨

 www.sikhbookclub.com

ਜਿਨ੍ਹਾਂ ਪਾਤਰ ਗੁਰਮੁਖਾਂ ਦੀਆਂ ਰਿਦੇ ਰੂਪ ਭੂਮੀਆਂ ਅੰਦਰਿ ਇਸ ਨਿਰੰਕਾਰੀ ਸ਼ਬਦ ਦਾ ਬੀਜ ਬੋਇਆ, ਓਹਨਾਂ ਰਿਦੇ ਰੂਪ ਭੂਮੀਆਂ ਅੰਦਰ ਨਿਰੰਕਾਰੀ ਕਰਮਾਂ ਮਈ ਸ੍ਰੇਸ਼ਟ ਕਰਤੂਤਾਂ ਦੀ ਬੇਲ ਪਰਫੁਲਤ ਹੋ ਕੇ ਪੁੰਗਰੀ, ਜਿਸ ਬੇਲ ਨੂੰ "ਫੂਲ ਲਗੇ ਫਲ ਰਤਨ ਭਾਂਤਿ"[1] ਰਸ ਜੋਤਿ ਪ੍ਰਕਾਸ਼ੀ ਫੁਲ ਫਲ ਲਗੇ। ਪਰ ਇਹ ਬੇਲ ਕਰਮ ਕਰਤੂਤ ਦੁਆਰਾ ਬਿਸਥਾਰੀ ਗਈ। ਗੁਰਸਿੱਖਾਂ ਦੇ ਰਿਦੇ ਰੂਪੀ ਭੂਮੀ ਅੰਦਰਿ ਅੰਮ੍ਰਿਤ ਬੀਜ ਜੋ ਸੰਚਰਿਆ ਗਿਆ, ਉਸ ਨੂੰ ਸ਼ੁਭ ਪਾਤਰੀ ਗੁਰਮੁਖਿ ਜਨਾਂ ਨੇ ਅਭਿਆਸ ਰੂਪੀ ਕਮਾਈਆਂ ਕਰ ਕੇ ਐਸੀਆਂ ਸ਼ੁਭ ਅਤੇ ਸ੍ਰੇਸ਼ਟ ਕਰਣੀਆਂ ਦੁਆਰਾ, ਦਿਨ ਰਾਤ ਦੀਆਂ ਅਤੁਟ ਅਭਿਆਸ ਕਰਮਨੀਆਂ ਕਰ ਕਰ ਕੇ ਸਬਜ਼ਾਇਆ ਕਿ ਹਿਰਦੇ ਅੰਦਰਿ ਹੀ ਉਸ ਅੰਮ੍ਰਿਤ ਬੀਜ ਤੋਂ ਪਾਰਜਾਤੀ ਬਿਰਖ ਉਗਵ ਖਲੋਇਆ । ਜਿਸ ਨੂੰ ਜੋਤਿ ਰਤਨ ਭਾਂਤੀ ਅਤੇ ਰਸ ਪ੍ਰਕਾਸ਼ ਕ੍ਰਾਂਤੀ ਫਲ ਫੁਲ ਲਗੇ। ਰਿਦ ਅੰਤਰੇ ਸੰਚਰੇ ਅੰਮ੍ਰਿਤ ਨਾਮ ਰੂਪੀ ਬੀਜ ਨੂੰ ਸੁਆਸ ਅਭਿਆਸੀ ਸੁਰਤਿ ਸ਼ਬਦਾਸੀ ਕਮਾਈਆਂ ਕਰਨ ਕਰਕੇ ਪੁੰਗਰਾਇਆ। ਇਹ ਗੁਰਮਤਿ ਸ਼ਬਦ ਅਭਿਆਸੀ ਐਸਾ ਅਮਰ ਕਰਤੂਤੀ ਕਰਮ ਹੈ, ਐਸਾ ਪਾਰਸ-ਪਰਭੂਤੀ ਪ੍ਰੀਸ਼ਰਮ ਹੈ ਕਿ ਜਿਉਂ ਜਿਉਂ ਇਸ ਦੀ ਅਭਿਆਸ ਕਮਾਈ ਵਧਾਓ ਤਿਉਂ ਤਿਉਂ ਇਸ ਦੀ ਜੋਤਿ-ਪਾਰਸਣੀ-ਆਭਾ ਹਿਰਦੇ ਅੰਦਰਿ, ਫੇਰ ਅੰਦਰਿ ਬਾਹਰਿ ਅਤਿ ਜਲਾਲ ਜਲਵਨੀ ਚਾਂਦਨੇ ਦੇ ਰੂਪ ਵਿਚ ਦਿਨੋ ਦਿਨ ਵੱਧ ਤੋਂ ਵੱਧ ਵਧੇਰੇ ਤੋਂ ਵਧੇਰੇ ਪ੍ਰਕਾਸ਼ ਵਿਚ ਪਸਰਦੀ ਚਲੀ ਜਾਂਦੀ ਹੈ। ਰਾਮ ਅਤੇ ਨਾਮ ਐਨ ਇਕਮਿੱਕਤਾ ਪਰਤੱਖ ਸਨਮੁਖਤਾ ਵਿਚ ਡਲ੍ਹ ਡਲ੍ਹ ਕਰਦੇ ਜੋਤਿ ਪ੍ਰਕਾਸ਼ੀ ਡਲ੍ਹਕਾਂ ਮਾਰਨ ਲਗ ਪੈਂਦੇ ਹਨ। ਤਿਸ ਜੋਤਿ ਡਲ੍ਹਕਰਨੀ ਓਤਿ ਪੋਤੀ ਜੋਤਿ ਉਦੋਤੀ ਰਾਮ ਨਾਮ ਦਾ ਸਰਗੁਣ ਰੂਪ ਰੇਖ ਨਹੀਂ ਹੁੰਦਾ। ਨਿਰਗੁਣ ਨਿਰੰਜਨੀ ਜੋਤਿ-ਨਜ਼ਾਰਾ ਨਿਰੰਕਾਰੀ ਆਭਾ ਵਿਚ ਡਲ੍ਹਕਾਂ ਮਾਰਨ ਲਗ ਪੈਂਦਾ ਹੈ। ਅਜਿਹੇ ਜੋਤਿ-ਨਿਰੰਕਾਰੀ ਰੰਗਾਂ ਵਿਚਿ ਨਾਮ ਅਭਿਆਸ ਕਰਮੀ ਗੁਰਮੁਖਿ ਜਨਾਂ ਦੇ ਦਸਮੇ ਦੁਆਰ ਅੰਦਰਿ ਅਨਹਦ ਸ਼ਬਦ ਵਜਣ ਲਗ ਪੈਂਦੇ ਹਨ। ਜਿਸ ਅਮਿਉ ਪਾਰਸ ਪ੍ਰਭਾਵਨੀ ਅੰਮ੍ਰਿਤ ਕਰੰਮਨੀ ਸੁਧਾ ਸਫਲਨੀ ਬੇਲ ਬਿਸਥਾਰਤਾ ਦਾ ਇੰਨ ਬਿੰਨ ਬ੍ਰਿਆਨ ਵਖਿਆਨ ਹੋਣਾ ਅਤੀ ਅਸੰਭਵ ਹੈ। ਜੋ ਕੋਈ ਇਸ ਅਵਸਥਾ ਦਾ ਜਾਣੂ ਹੋਵੇ, ਸੋਈ ਨਿਰਣਾਵੇ ਤਾਂ ਨਿਰਣਾਵੇ, ਵਖਿਆਨਾਵੇ ਤਾਂ ਵਖਿਆਨਾਵੇ। ਉਸ ਦੇ ਭੀ ਕਹਿਣ ਕਥਨ ਗੋਚਰੀ ਨਹੀਂ ਰਹਿੰਦੀ, ਅੰਮ੍ਰਿਤ ਦੇ ਗਟਾਕ ਪੀ ਪੀ ਕੇ ਓਹ ਅਲਮਸਤ ਹੀ ਹੋ ਰਹਿੰਦੇ ਹਨ। ਤਿਨ੍ਹਾਂ ਅੰਮ੍ਰਿਤ-ਨਾਮ ਅਲਮਸਤੀਆਂ ਦੇ ਬੰਧਨ ਰੂਪੀ ਫਾਹੇ ਸਭ ਟੁਟ ਜਾਂਦੇ ਹਨ। ਜੋਤੀਸ਼ ਪਰਮਾਤਮਾ ਤਿਨ੍ਹਾਂ ਦੇ ਘਟ ਅੰਦਰਿ ਹੀ ਪ੍ਰਕਾਸ਼ਤ ਹੋ ਕੇ ਤਿਨ੍ਹਾਂ ਦੀ ਆਤਮਾ ਨਾਲਿ ਅਭੇਦ ਹੋ ਜਾਂਦਾ ਹੈ। ਘਟ ਭੀਤਰਿ ਜੋਤੀਸ਼ ਨਾਲਿ ਜੋਤਿ ਸਮਾ ਜਾਂਦੀ ਹੈ। ਇਹ ਇਕ ਅਕਹਿ ਜਲਵਾ ਸਦ-ਸਦੀਵੀ ਹੁੰਦਾ ਹੈ। ਇਸ ਸੱਚੇ ਜੋਤਿ ਅਨੰਦੀ ਲਾਹੇ ਨੂੰ ਲੈ ਕੇ ਓਹ ਜੋਤਿ ਵਿਗਾਸੀ, ਰਸ ਕਰਮ ਪ੍ਰਕਾਸੀ ਗੁਰਮੁਖਿ ਜਨ ਹੋਰਨਾਂ ਮਾਇਆਵੀ ਲਾਹਿਆਂ ਦੀ ਕੀ ਪਰਵਾਹ ਰਖਦੇ ਹਨ। ਮਾਇਆ ਦੇ ਲਾਹੇ ਤਿਨ੍ਹਾਂ ਨੇ ਉੱਕੇ ਹੀ ਤਿਆਗ ਦਿੱਤੇ ਹੁੰਦੇ ਹਨ। ਤਿਨ੍ਹਾਂ ਦੀ ਦ੍ਰਿਸ਼ਟੀ ਅੰਦਰਿ, ਸਾਰੇ ਅੰਦਰਿ ਬਾਹਰਿ ਘਟਾਂ ਅਵਘਟਾਂ ਖੰਡਾਂ ਬ੍ਰਹਿਮੰਡਾਂ ਅੰਦਰਿ ਇਕ ਜੋਤੀਸ਼ ਪਰਮਾਤਮਾ ਦੀ ਜੋਤਿ ਦਾ ਨਜ਼ਾਰਾ ਹੀ ਪਸਰਿਆ ਹੋਇਆ ਦਿਖਾਈ ਦਿੰਦਾ ਹੈ। ਉਸ ਦੀ ਪਸਰੀ ਮਾਇਆ ਦੇ ਸਗਲ ਭਵਨਾਂ ਅੰਦਰਿ ਭੀ ਇਕੋ ਪਰਮਾਤਮ ਜੋਤਿ ਦਾ ਜਲਵਾ ਹੀ ਤਿਨ੍ਹਾਂ ਨੂੰ ਨਜ਼ਰ ਆਉਂਦਾ ਹੈ। ਜੋਤਿ ਕਿਰਣੀ ਹੋ ਕੇ ਸਰਬੱਤਰ ਘੱਟਾਂ ਪਟਾਂ ਅੰਦਰ ਉਹ ਸਾਰੇ ਹੀ ਛਾਇਆ

---

[1]ਬਸੰਤ ਮ: ੫ ਘਰ ੧, ਪੰਨਾ ੧੧੯੦


www.sikhbookclub.com

ਹੋਇਆ ਹੈ। ਸਰਬੱਤਰ ਰਮਿਆ ਹੋਇਆ ਹੁੰਦਾ ਭੀ ਉਹ ਨਿਰਾਲਮ ਰੂਪ ਵਿਚਿ ਇਕੇਲਾ ਬੈਠਾ ਹੋਇਆ ਸਭ ਚਰਾਚਰ ਜੀਵ ਮਾਤਰ ਅਤੇ ਸਾਰੀ ਰਚਨਾ ਨੂੰ ਆਪਣੀਆਂ ਨਜ਼ਰਾਂ ਹੇਠ ਰਖਦਾ ਹੈ। ਕੋਈ ਭੀ ਉਸ ਦੀਆਂ ਨਜ਼ਰਾਂ ਤੋਂ ਬਾਹਰ ਨਹੀਂ। ਕੋਈ ਇੱਕਲਾ ਕਰਮ ਜੋਤੀਸ਼ਰ ਜੋਗੀ, ਜਿਸ ਨੇ ਰਸ-ਜੋਤਿ ਨਾਮ ਅਭਿਆਸ ਦੇ ਕਰਮ ਕਮਾ ਕੇ ਜੋਤੀਸ਼ਰ ਵਾਹਿਗੁਰੂ ਨੂੰ ਘਟ ਅੰਦਰਿ ਪਰਗਟ ਕੀਤਾ ਹੋਵੇ, ਇਸ ਪਦ ਨੂੰ ਪੁਗ ਕੇ ਗੁਰ-ਸ਼ਬਦ ਬਜੰਤਰੀ ਕੀਰਤ-ਧਨੰਤਰੀ ਅਨਹਦ ਸ਼ਬਦ ਦੀ ਬੀਣਾ ਵਜਾਉਂਦਾ ਹੈ। ਅਤੇ ਵਾਹਿਗੁਰੂ "ਦਰਸਨਿ ਰੂਪਿ ਅਪਾਰਾ" ਪੇਖਿ ਪੇਖਿ ਖੀਵਾ ਹੋਇਆ ਰਹਿੰਦਾ ਹੈ। ਗੁਰੂ ਨਾਨਕ ਦੇ ਘਰ ਦਾ ਵਰੋਸਾਇਆ ਹੋਇਆ ਕਰਮ-ਜੋਗੀ ਉਪਰ ਕਥੇ ਅਨੁਸਾਰ ਅਨਹਦ ਸ਼ਬਦ ਵਿਚਿ ਲੀਨ ਹੋਇਆ ਵਿਆ ਵਾਹਿਗੁਰੂ ਸੱਚੇ ਖਸਮ ਨਾਲਿ ਤਦ ਰੂਪ ਹੋ ਕੇ ਅਭੇਦ ਹੋਇਆ ਰਹਿੰਦਾ ਹੈ। ਇਹ ਗੁਰਮੁਖਿ ਜਨ ਕਰਮ ਦੀ ਪਰਧਾਨਤਾ ਦਾ ਇਕ ਅਦੁੱਤੀ ਚਮਤਕਾਰਕ ਨਜ਼ਾਰਾ ਹੈ। ਗੁਰਮਤਿ ਨਾਮ ਅਭਿਆਸ, ਸ੍ਰੇਸ਼ਟ ਅਤੇ ਸਰਬੋਤਮ ਪਰਧਾਨ ਕਰਮ ਅਭਿਆਸੀ ਜਨਾਂ ਨੂੰ ਇਸ ਪਦ ਪੁਜਾ ਦਿੰਦਾ ਹੈ। ਤਿਥੇ ਹੋਰ ਕਰਮਾਂ ਧਰਮਾਂ ਦੀ ਰਾਈ ਮਾਤਰ ਭੀ ਸਮਾਈ ਨਹੀਂ।

> ਆਸਾ ਮਹਲਾ ੧ ॥ ਜੋ ਤਿਨਿ ਕੀਆ ਸੋ ਸਚੁ ਥੀਆ ॥ ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥ ਹਿਰਦੈ ਨਾਮੁ ਨਾਹੀ ਮਨਿ ਭੰਗੁ ॥ ਅਨਦਿਨੁ ਨਾਲਿ ਪਿਆਰੇ ਸੰਗੁ ॥ ੧ ॥ ਹਰਿ ਜੀਉ ਰਾਖਹੁ ਅਪਨੀ ਸਰਣਾਈ ॥ ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ ॥ ੧ ॥ ਰਹਾਉ ॥ ਕਰਮ ਧਰਮ ਸਚੁ ਸਾਚਾ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ ਜੋ ਹਰਿ ਰਾਤੇ ਸੇ ਜਨ ਪਰਵਾਣੁ ॥ ਤਿਨ ਕੀ ਸੰਗਤਿ ਪਰਮ ਨਿਧਾਨੁ ॥ ੨ ॥ ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥ ਹਰਿ ਸਿਉ ਰਾਤੀ ਸਬਦੁ ਵੀਚਾਰੀ ॥ ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥ ੩ ॥ ਹਮਰੀ ਜਾਤਿ ਪਤਿ ਸਚੁ ਨਾਉ ॥ ਕਰਮ ਧਰਮ ਸੰਜਮੁ ਸਤ ਭਾਉ ॥ ਨਾਨਕ ਬਖਸੇ ਪੂਛ ਨ ਹੋਇ ॥ ਦੂਜਾ ਮੇਟੇ ਏਕੋ ਸੋਇ ॥ ੪ ॥ ੧੪ ॥
>
> (ਪੰਨਾ ੩੫੨-੫੩)

ਵਿਆਖਿਆ— ਜਿਨ੍ਹਾਂ ਨੂੰ ਗੁਰ-ਪ੍ਰਸਾਦੀ ਹਰਿ ਰਸੁ ਆਇਆ ਹੈ ਅਤੇ ਜਿਨ੍ਹਾਂ ਗੁਰੂ ਦੁਆਰਿਓਂ ਗੁਰ-ਪ੍ਰਸਾਦ ਕਰਿ ਨਾਮੁ ਪਦਾਰਥੁ ਰੂਪੀ ਨਉ ਨਿਧਿ ਪਾਈ ਹੈ, ਓਹਨਾਂ ਦੀ ਹਰ ਦਮ ਹੀ ਲਾਲਸਾ ਹੈ ਕਿ ਵਾਹਿਗੁਰੂ ਸੱਚਾ ਪਾਤਸ਼ਾਹ ਆਪਣੀ ਸਰਣਾਗਤਿ ਹੀ ਰਖੇ। ਓਹ ਇਹੀ ਬੇਨਤੀ ਕਰਦੇ ਰਹਿੰਦੇ ਹਨ ਕਿ ਹੇ ਵਾਹਿਗੁਰੂ! ਸਾਨੂੰ ਸਦਾ ਆਪਣੀ ਸ਼ਰਣਾਈ ਹੀ ਰਖੋਂ, ਜਾਂ ਤੇ ਸਦਾ ਸਨਮੁਖ ਦੀਦਾਰੇ ਤੇਰੇ ਹੁੰਦੇ ਰਹਿਣ। ਅਸਲ ਸਰਣਾਗਤਿ ਸੇਈ ਜਨ ਰਹਿੰਦੇ ਹਨ ਜੋ ਪਰਤੱਖ ਦੀਦਾਰਿਆਂ ਦਾ ਆਨੰਦ ਮਾਣਦੇ ਹਨ। ਇਹ ਅਨੰਦ ਮਾਨਣਾ ਤਿਨ੍ਹਾਂ ਨੂੰ ਹੀ ਪ੍ਰਾਪਤਿ ਹੈ ਜਿਨ੍ਹਾਂ ਨੇ ਨਾਮ ਪਦਾਰਥ ਪਾਇਆ, ਅਤੁਟ ਕਮਾਈਆਂ ਨਾਮ ਅਭਿਆਸ ਦੀਆਂ ਕੀਤੀਆਂ। ਇਸ ਪਰਧਾਨ ਗੁਰਮੁਖਿ ਕਰਮ ਦੀ ਬਦੌਲਤ ਹੀ ਸਦਾ ਗੁਰੂ ਕਰਤਾਰ ਦੀ ਸਨਮੁਖਤਾ ਸਰਣਾਗਤਿ ਰਹਿਣ ਦੀ ਪਰਮ ਪਦਵੀ ਮਿਲਦੀ ਹੈ। ਇਹ ਉਪਰਲੇ ਗੁਰਵਾਕ ਦੀ ਅਸਥਾਈ ਦਾ ਤੱਤ ਭਾਵ ਹੈ। ਜਿਸ ਨੂੰ, ਜਿਸੁ ਵਡਭਾਗੇ ਗੁਰਮੁਖਿ ਜਨ ਨੂੰ ਸਤਿਗੁਰੂ ਨੇ ਅੰਮ੍ਰਿਤ ਨਾਮ ਦੀ ਬਖ਼ਸ਼ਸ਼ ਕੀਤੀ ਹੈ ਤਿਸ ਥੋਂ ਨਾਮ


www.sikhbookclub.com

ਰੂਪੀ ਸਚੁ ਦੀ ਹੀ ਕਰਮ ਕਮਾਈ ਹੋਈ ਹੈ। ਨਾਮ-ਰਤੜੇ ਗੁਰਮੁਖਿ ਜਨ ਨੇ ਜੋ ਭੀ ਕਰਮ ਕੀਤਾ ਹੈ, ਤਿਸ ਤੋਂ ਸਚੋ ਹੀ ਸਚੁ, ਕੇਵਲ ਨਾਮੁ ਹੀ ਨਾਮੁ ਦਾ ਪ੍ਰਭਾਵ ਪਰਗਟ ਥੀਆ ਹੈ। ਭਾਵ, ਗੁਰਮੁਖਿ ਜਨਾਂ ਤੋਂ ਨਾਮ ਕਮਾਈ ਬਿਨਾਂ ਹੋਰ ਕਰਮ ਹੁੰਦਾ ਹੀ ਨਹੀਂ। ਓਹਨਾਂ ਤੋਂ ਨਾਮ ਰੂਪੀ ਸਚੁ ਹੀ ਕਮਾਇਆ ਜਾਂਦਾ ਹੈ। ਓਹਨਾਂ ਦੇ ਹਿਰਦੇ ਅੰਦਰਿ ਸਦਾ ਨਾਮੁ ਹੀ ਨਾਮ ਵਸਿਆ ਰਹਿੰਦਾ ਹੈ। ਮਨ ਬਚਨ ਕਰਮ ਕਰਕੇ ਤਿਨ੍ਹਾਂ ਤੋਂ ਨਾਮ-ਜਾਪ ਦੀ ਕਮਾਈ ਵਲੋਂ ਕਦੇ ਭੰਗਣਾ ਨਹੀਂ ਪੈਂਦੀ। ਇਸ ਅਥਾਹ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਕਰਕੇ ਤਿਨ੍ਹਾਂ ਦਾ ਦਿਨੇ ਰਾਤਿ ਪਿਆਰੇ ਪ੍ਰੀਤਮ ਪ੍ਰਭੂ ਪਰਮਾਤਮਾ ਨਾਲਿ ਇਕਮਿੱਕਤਾ ਵਾਲਾ ਸੰਗੁ ਬਣਿਆ ਰਹਿੰਦਾ ਹੈ। ਸਦਾ ਸਨਮੁਖ ਦਰਸ਼ਨ-ਦਿਦਾਰਿਆਂ ਦਾ ਰੰਗ ਬਣਿਆ ਰਹਿੰਦਾ ਹੈ।

ਓਹਨਾਂ ਦੇ ਕਰਮ ਧਰਮ ਬਸ ਇਹੀ ਹਨ ਕਿ ਅਨਦਿਨੁ ਸੱਚੇ ਨਾਮੁ ਰੂਪੀ ਸਚੁ ਦੀਆਂ ਕਮਾਈਆਂ ਹੀ ਕਰੀ ਜਾਂਦੇ ਹਨ। ਜਿਨ੍ਹਾਂ ਦਾ ਅਨਦਿਨੁ ਨਾਮ ਜਪੀ ਜਾਣ ਦਾ ਹੀ ਸੱਚਾ ਕਮਾਈ ਰੂਪ ਕਰਮ ਹੈ, ਓਹਨਾਂ ਦੇ ਇਸ ਸੱਚੇ ਕਰਮ ਵਿਚਿ ਸਾਰੇ ਕਰਮ ਧਰਮ ਆ ਗਏ। ਤਿਨ ਸੱਚੇ ਪਰਧਾਨ ਕਰੰਮੀ ਗੁਰਮੁਖਿ ਜਨਾਂ ਵਿਟਹੁੰ ਗੁਰੂ ਨਾਨਕ ਸਾਹਿਬ ਸਦਾ ਬਲਿਹਾਰੇ ਜਾਂਦੇ ਹਨ। ਐਸੇ ਵਾਹਿਗੁਰੂ ਨਾਲਿ ਰੱਤੜੇ ਗੁਰਮੁਖਿ ਜਨ ਹੀ ਵਾਹਿਗੁਰੂ ਦੀ ਦਰਗਾਹੇ ਪਰਵਾਣ ਪੈਂਦੇ ਹਨ। ਤਿਨ੍ਹਾਂ ਦੀ ਸੰਗਤਿ ਕੀਤਿਆਂ ਪਰਮ ਨਿਧਾਨ ਦੀ ਪ੍ਰਾਪਤੀ ਹੁੰਦੀ ਹੈ। ਜਿਸ ਜਗਿਆਸੂ ਰੂਪ ਗੁਰਮੁਖਿ ਸੋਹਾਗ ਵਾਲੀ ਸੋਹਾਗਣੀ ਇਸਤ੍ਰੀ (ਧਨ ਨਾਰੀ) ਨੇ ਵਾਹਿਗੁਰੂ ਰੂਪੀ ਵਰੁ ਨੂੰ ਪਾ ਲਿਆ, ਉਹ ਸੱਚੇ ਸੁਹਾਗ ਭਾਗ ਨੂੰ ਪ੍ਰਾਪਤਿ ਹੋਈ ਵੀ ਸੋਹਾਗਵੰਤੀ ਇਸਤ੍ਰੀ ਹਰਿ ਵਰੁ ਪਾ ਕੇ ਭੀ ਸ਼ਬਦ ਅਭਿਆਸ ਰੂਪੀ ਸੱਚੜੇ ਵੀਚਾਰ ਨੂੰ ਨਹੀਂ ਛਡਦੀ। ਹਰਿ ਸਿਉਂ ਰੱਤੀ ਹੋਈ ਵੀ, ਹਰਿ-ਰੰਗ ਵਿਚਿ ਰਹਿੰਦੀ ਹੋਈ ਵੀ ਨਾਮ (ਸ਼ਬਦ) ਦੀ ਕਮਾਈ ਕਰਦੀ ਹੀ ਰਹਿੰਦੀ ਹੈ। ਰੰਗ-ਰਤੜੀ ਆਤਮ ਅਵਸਥਾ ਵਿਚਿ ਸਗੋਂ ਨਾਮ ਅਭਿਆਸ ਕਮਾਈਆਂ ਕਰਨ ਦਾ ਹੋਰ ਵਧੇਰਾ ਰਸੁ ਸੁਆਦੁ ਅਹਿਲਾਦੁ ਆਉਂਦਾ ਹੈ। ਜਿਉਂ ਜਿਉਂ ਨਾਮ ਕਮਾਈਆਂ ਵਾਲੇ ਪਰਧਾਨ ਕਰਮੀ ਗੁਰਮੁਖਿ ਜਨ ਨਾਮ ਕਮਾਈਆਂ ਕਰਦੇ ਹਨ ਤਿਉਂ ਤਿਉਂ ਉਹ ਹੋਰੋ ਹੋਰ ਗਹਿਗੱਚੀ ਆਤਮ-ਰੰਗਾਂ ਵਿਚਿ ਰੰਗੀ ਜਾਂਦੇ ਹਨ ਅਤੇ ਜਿਉਂ ਜਿਉਂ ਹੋਰ ਵਧੇਰੇ ਰੰਗਾਂ ਵਿਚਿ ਨਾਮ ਅਭਿਆਸ ਕਮਾਈਆਂ ਕਰਦੇ ਹਨ, ਓਹ ਆਪ ਭਵ-ਸਾਗਰ ਤੋਂ ਤਰ ਜਾਂਦੇ ਹਨ। ਤਿਨ੍ਹਾਂ ਦੀ ਸੰਗਤਿ ਕਰ ਕੇ ਤਿਨ੍ਹਾਂ ਦੀਆਂ ਕੁਲਾਂ ਦਾ ਭੀ ਨਿਸਤਾਰਾ ਹੋ ਜਾਂਦਾ ਹੈ। ਨਾਮ-ਤੱਤ ਦੀਆਂ ਤੱਤ-ਅਭਿਆਸ ਕਮਾਈਆਂ ਕਰਨਾ ਹੀ ਸਤਿਗੁਰੂ ਦੀ ਸੱਚੀ ਸੇਵਾ ਹੈ। ਸੱਚੇ ਨਾਮ ਦੀਆਂ ਕਮਾਈਆਂ ਕਰਨਹਾਰਿਆਂ ਦੀ ਜਾਤਿ ਭੀ ਤੇ ਪਾਤਿ ਭੀ ਸੱਚਾ ਨਾਉਂ ਹੀ ਹੈ। ਅਤੇ ਨਾਮ ਨਾਲਿ ਸੱਚਾ ਭਾਉ ਪ੍ਰੇਮ ਪਿਆਰ ਹੀ ਤਿਨ੍ਹਾਂ ਦਾ ਕਰਮ ਧਰਮ ਰੂਪੀ ਸੰਜਮ ਕਰਨਾ ਹੈ। ਅਰਥਾਤ, ਹੋਰ ਕਰਮਾਂ ਧਰਮਾਂ ਦੇ ਸੰਜਮ ਕਰਨ ਦੀ ਤਿਨ੍ਹਾਂ ਨੂੰ ਲੋੜ ਨਹੀਂ ਰਹੀ। ਗੁਰੂ ਨਾਨਕ ਸਾਹਿਬ ਨੇ ਜੋ ਜਨ ਬਖ਼ਸ਼ ਦਿੱਤੇ ਹਨ, ਤਿਨ੍ਹਾਂ ਗੁਰੂ ਨਾਨਕ ਦੇ ਬਖ਼ਸ਼ਿਆਂ ਹੋਇਆਂ ਦੀ ਅਗੇ ਜਾ ਕੇ (ਧਰਮ ਰਾਇ ਦੇ ਦਰਬਾਰ ਵਿਚਿ) ਪੁਛ ਗਿੱਛ ਨਹੀਂ ਹੁੰਦੀ, ਕਿਉਂਕਿ ਤਿਨ੍ਹਾਂ ਨੇ ਦੂਜੇ ਭਾਵ ਦੇ ਕਰਮਾਂ ਨੂੰ ਰੱਦ ਕਰ ਕੇ ਕੇਵਲ ਏਕੋ ਸੱਚੜਾ ਕਰਮ ਨਾਮ ਜਪਣ ਦਾ, ਨਾਮ ਅਭਿਆਸ ਦਾ ਹੀ ਕਮਾਇਆ ਹੈ।

**ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥ ਐਥੈ**
**ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥ ੨ ॥... ... ...**

**ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥
ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ
॥ ੫ ॥ ੨੦ ॥**

**(ਆਸਾ ਮः ੧, ਪੰਨਾ ੩੫੫)**

ਵਿਆਖਿਆ— ਬਾਹਰਿ ਦਾ ਜਨੇਊ ਓਨਾ ਚਿਰ ਹੀ ਰਹਿੰਦਾ ਹੈ ਜਿਤਨਾ ਚਿਰ ਸਰੀਰ ਵਿਚ ਜੋਤਿ-ਆਤਮਾ ਕਾਇਮ ਹੈ। ਸਰੀਰ ਅੰਦਰੋਂ ਜੋਤਿ-ਆਤਮਾ ਦੇ ਨਿਕਲੇ ਪਿਛੋਂ ਸਰੀਰ ਭੀ ਏਥੇ ਹੀ ਰਹਿ ਜਾਂਦਾ ਹੈ ਅਤੇ ਜਨੇਊ ਭੀ ਏਥੇ ਹੀ ਝੜਿ ਪੈਂਦਾ ਹੈ। ਤਾਂ ਤੇ ਨਾਮ ਸਮ੍ਹਾਲਣ ਰੂਪੀ ਪਰਧਾਨ ਗੁਰਮੁਖੀ ਕਰਮ ਹੀ ਕਰਨ ਯੋਗ ਸ੍ਰੇਸ਼ਟ ਕਰਮ ਹੈ। ਧੋਤੀ, ਟਿੱਕਾ, ਜਨੇਊ ਆਦਿਕ ਆਨਮਤ ਕਰਮਾਂ ਦੇ ਕਰਨ ਦੀ ਕੋਈ ਲੋੜ ਨਹੀਂ। ਜਿਸ ਗੁਰਮੁਖਿ ਜਨ ਨੇ ਨਾਮ ਸਮ੍ਹਾਲਿ ਲਿਆ ਉਸ ਨੇ ਸਭੇ ਕਰਮ ਕਰ ਲਏ। ਹੋਰ ਕਰਮਾਂ ਦੇ ਕਰਨ ਦੀ ਉਸ ਨੂੰ ਲੋੜ ਨਹੀਂ ਰਹੀ। ਇਹ ਜਨੇਊ ਆਦਿਕ ਏਥੇ ਹੀ ਰਹਿ ਜਾਂਦੇ ਹਨ। ਕੇਵਲ ਨਾਮ ਨੇ ਹੀ ਐਥੇ ਓਥੇ ਲੋਕ ਪਰਲੋਕ ਵਿਖੇ ਨਾਲਿ ਨਿਭਣਾ ਹੈ। ਤਾਂ ਤੇ ਨਾਮ ਬਿਨਾਂ ਹੋਰ ਕਰਮਾਂ ਦੀ ਧਾਈ, ਢੂੰਡਿ-ਢੂੰਡਾਈ, ਭਾਲ-ਭਾਲਾਈ ਸਭ ਬਿਰਥੀ ਹੈ। ਆਨਮਤ ਕਰਮ-ਕਾਂਡੀ ਕਿਰਿਆ-ਆਚਾਰ ਕਰਨ ਨਾਲਿ ਕਰਤਾ ਪੁਰਖ ਵਸਿ ਨਹੀਂ ਆਉਂਦਾ। ਆਨਮਤ ਧਰਮ-ਪੁਸਤਕਾਂ ਬੇਦਾਂ ਸ਼ਾਸਤ੍ਰਾਂ ਆਦਿਕ ਦੇ ਭਾਵੇਂ ਕਿਤਨੇ ਹੀ ਪਾਠ ਕਰ ਲਵੋ, ਉਸ ਪਾਰਬ੍ਰਹਮ ਪਰਮੇਸ਼ਰ ਦਾ ਪਾਰਾਵਾਰ ਨਹੀਂ ਆਉਂਦਾ, ਉਸ ਦੀ ਕੀਮਤਿ ਨਹੀਂ ਪੈਂਦੀ। ਅਠਾਰ੍ਹਾਂ ਪੁਰਣਾਂ ਨੇ, ਚੌਹਾਂ ਬੇਦਾਂ ਨੇ ਉਸ ਦਾ ਭੇਦ ਨਹੀਂ ਪਾਇਆ ਸਤਿਗੁਰੂ ਨਾਨਕ ਦੇ ਘਰਿ ਆ ਜਨਮਿਆਂ, ਗੁਰਮੰਤ੍ਰ ਦੀਖਿਆ ਲਇਆਂ ਅਤੇ ਗੁਰ-ਸ਼ਬਦ ਦੀ ਕਮਾਈ ਕਰਨ ਦਾ ਇਹ ਫਲ ਹੋਇਆ ਕਿ ਪਾਰਬ੍ਰਹਮ ਸਤਿਗੁਰੂ ਨੇ ਵਾਹਿਗੁਰੂ ਦੇ ਸਰੂਪ ਨੂੰ ਪਰਤੱਖ ਹੀ ਲਖਾ ਦਿੱਤਾ, ਦਿਖਾ ਦਿੱਤਾ। ਐਸੀ ਹੈ ਗੁਰਮੁਖਿ ਕਰਮ ਦੀ ਪ੍ਰਬੀਨਤਾ ਅਤੇ ਪਰਧਾਨਤਾ!

**ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥
ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥ ੫ ॥ ੨੨ ॥**

**(ਆਸਾ ਮः ੧, ਪੰਨਾ ੩੫੬)**

ਭਾਵ— ਆਨਮਤਾਂ ਦੇ ਜਿਤਨੇ ਭੀ ਗਿਆਨ ਧਿਆਨ ਹਨ, ਸਗਲੇ (ਸਾਰੇ ਹੀ) ਜਪ ਤਪ ਆਦਿਕ ਉਸ ਜਨ ਨੇ ਕਰ ਲਏ ਜਾਣੋ, ਜਿਸ ਦੇ ਹਿਰਦੇ ਅੰਦਰਿ ਅਲਖ ਅਭੇਵ ਵਾਹਿਗੁਰੂ ਆਇ ਵਸਿਆ ਹੈ, ਨਾਮ ਅਭਿਆਸ ਕਮਾਈਆਂ ਦੀਆਂ ਬਰਕਤਾਂ ਕਰ ਕੇ। ਜਿਸ ਜਨ ਦਾ ਵਾਹਿਗੁਰੂ ਦੇ ਨਾਮ ਨਾਲਿ ਮਨ ਰੰਗਿਆ ਗਿਆ ਹੈ ਉਸ ਨੇ ਗੁਰਮਤਿ-ਲਖਾਈ ਸਹਜ ਸੇਵਾ ਨੂੰ ਪਾ ਲਿਆ। ਐਸੀ ਹੈ ਪਰਧਾਨਤਾ ਗੁਰਮੁਖਿ ਕਰਮ ਦੀ।

**ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ॥ ਜੋ
ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰ ਉਤਾਰੀ ॥ ੩ ॥ ੨੮ ॥**

**(ਆਸਾ ਮः ੫, ਪੰਨਾ ੩੭੭-੭੮)**

ਭਾਵ— ਗੁਰੂ ਕਰਤਾਰ ਦੀ ਜੋ ਆਗਿਆ ਹੈ ਗੁਰਬਾਣੀ ਅੰਦਰਿ ਦ੍ਰਸਾਏ ਤੱਤ ਹੁਕਮ ਦੇ ਸਰੂਪ ਵਿਚਿ, ਉਸ ਨੂੰ ਮੰਨ ਕੇ ਵਾਹਿਗੁਰੂ ਦੀ ਸੱਚੀ ਭਗਤੀ ਹੁੰਦੀ ਹੈ। ਗੁਰਮਤਿ ਮਤਿ ਦਾ ਤੱਤ

ਹੁਕਮ, ਹੁਕਮਾਂ ਸਿਰ ਹੁਕਮ ਹੈ ਗੁਰ-ਮੰਤਰ ਦਾ ਜਾਪ, ਜੋ ਜਗਿਆਸੂ ਜਨ ਨੂੰ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਤੋਂ ਪ੍ਰਾਪਤਿ ਹੁੰਦਾ ਹੈ, ਸਾਰੀ ਗੁਰਬਾਣੀ ਅੰਦਰਿ ਜਿਸ ਦੀ ਕਮਾਈ ਕਰਨ ਦੀ ਤਾਕੀਦ ਫ਼ੁਰਮਾਈ ਗਈ ਹੈ। ਉਸ ਗੁਰ-ਮੰਤਰ ਨੂੰ, ਜੋ ਗੁਰ-ਦੀਖਿਆ ਦੁਆਰਾ ਪ੍ਰਾਪਤਿ ਹੋਇਆ ਪੂਰਨ ਆਗਿਆ ਅਨੁਕੂਲ ਜੋ ਉਸ ਨੂੰ ਗੁਰ-ਦੀਖਿਆ ਸਮੇਂ ਮਿਲੀ ਹੈ, ਪੂਰਨ ਤੌਰ ਤੇ ਕਮਾਉਂਦਾ ਹੈ, ਗੁਰਬਾਣੀ ਅੰਦਰ ਦ੍ਰਿੜ੍ਹਾਏ ਸਾਰੇ ਹੁਕਮਾਂ ਨੂੰ ਇਕ ਇਕ ਕਰ ਕੇ ਮੰਨਦਾ ਹੈ। ਉਸ ਨੂੰ ਤੱਤ-ਭਗਤੀ ਪ੍ਰਾਪਤਿ ਹੁੰਦੀ ਹੈ। ਉਸ ਦੀ ਕੀਤੀ ਭਗਤੀ, ਨਾਮ ਅਭਿਆਸ ਕਮਾਈ ਲੇਖੇ ਪੈਂਦੀ ਹੈ। ਇਹ ਤੱਤ-ਅਚਾਰ ਇਹੀ ਤੱਤ-ਬਿਉਹਾਰ ਕਰਮਾਂ ਸਿਰਿ ਸੱਚਾ ਕਰਮ ਹੈ। ਬਸ, ਨਾਮ ਅਭਿਆਸ ਕਮਾਈ ਰੂਪੀ ਸੱਚੀ ਕਰਣੀ ਹੀ ਭਗਤ ਜਨਾਂ ਗੁਰਮੁਖਾਂ ਦੀ ਪਰਧਾਨ ਕਰਮ-ਕਮਾਈ ਹੈ।

**ਕਹੁ ਨਾਨਕ ਕਉਨ ਉਹ ਕਰਮਾ ॥**
**ਜਾ ਕੈ ਮਨਿ ਵਸਿਆ ਹਰਿ ਨਾਮਾ ॥ ੪ ॥ ੨੧ ॥ ੭੨ ॥**

(ਆਸਾ ਮਃ ੫, ਪੰਨਾ ੩੮੮)

ਭਾਵ— ਉਸ ਗੁਰਮੁਖਿ ਜਨ ਦੇ ਲਈ ਹੋਰ ਕਿਹੜਾ ਕਰਮ ਕਰਨਾ ਬਾਕੀ ਰਹਿ ਗਿਆ ਹੈ ਜਿਸ ਦੇ ਹਿਰਦੇ ਅੰਦਰਿ ਗੁਰਮਤਿ ਨਾਮ ਆ ਵਸਿਆ, ਜੋ ਅਨਦਿਨ ਗੁਰਮਤਿ ਨਾਮ ਅਭਿਆਸ ਦੀ ਕਮਾਈ ਰੂਪੀ ਕਰਮ ਨੂੰ, ਕਰਮਨ ਸਿਰ ਕਰਮ ਨੂੰ ਕਰਦਾ ਕਮਾਉਂਦਾ ਹੈ। ਜਿਸ ਦੇ ਕਰਨ ਮਗਰੋਂ ਹੋਰ ਕੋਈ ਭੀ ਕਰਮ ਧਰਮ ਕਰਨ ਦੀ ਲੋੜ ਨਹੀਂ ਰਹਿ ਜਾਂਦੀ।

**ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥ ੨ ॥**

(ਆਸਾ ਮਃ ੫, ਪੰਨਾ ੪੦੫)

ਨਾਮ ਦੀ ਕਮਾਈ ਰੂਪੀ ਆਚਾਰ ਕਰਮ, ਆਨਮਤ ਅਨੇਕ ਕਿਰਿਆ ਕਰਣੀ ਵਾਲੇ ਕਰਮਾਂ ਧਰਮਾਂ ਤੋਂ ਉਪਰ ਦੀ ਪਰਧਾਨ ਕਰਮੁ ਹੈ।

**ਪਉੜੀ ॥ ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ ॥ ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ ॥ ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ ॥ ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ॥ ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥ ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥ ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥ ਪਾਈਅਨ੍ਹਿ ਸਭਿ ਨਿਧਾਨ ਸਾਹਿਬਿ ਤੁਠਿਆ ॥ ੧੨ ॥**

(ਗੂਜਰੀ ਕੀ ਵਾਰ ਮਃ ੫, ਪੰਨਾ ੫੨੧)

ਵਿਆਖਿਆ— ਪਰਧਾਨ ਕਰਮ ਸੋ ਹੈ ਜਿਸ ਦੇ ਕਰਨ ਵਿਚਿ ਸਭ ਕਰਮ ਧਰਮ ਆ ਜਾਣ; ਹੋਰ ਕਰਮ ਧਰਮ ਕਰਨ ਦੀ ਲੋੜ ਨ ਰਹੇ। ਇਹ ਕੇਵਲ ਨਾਮ ਅਰਾਧਨ ਰੂਪੀ ਕਰਮ ਹੀ ਹੈ ਜਿਸ ਦੇ ਉਪਰ ਹੋਰ ਕੋਈ ਕਰਮ ਧਰਮ ਨਹੀਂ। ਤਾਂ ਤੇ ਇਸ ਗੁਰਵਾਕ ਦੁਆਰਾ ਭੀ ਇਹੀ ਉਪਦੇਸ਼ ਦ੍ਰਿੜ੍ਹ ਹੁੰਦਾ ਹੈ ਕਿ ਸੱਚੇ ਵਾਹਿਗੁਰੂ ਨੂੰ ਹੀ ਆਰਾਧਣਾ ਸਭ ਤੋਂ ਉਤਮ ਕਰਮੁ ਹੈ। ਵਾਹਿਗੁਰੂ ਦੇ ਹੀ ਹਥਿ ਵਸਿ ਸਭੁ ਕੁਛ ਹੈ। ਤਾਂ ਤੇ ਐਸੇ ਵਾਹਿਗੁਰੂ ਦਾ ਆਰਾਧਣਾ ਹੀ ਮੁਖ ਪਰਧਾਨ ਕਰਮ ਹੈ,

ਜਿਸ ਦੇ ਅਰਾਧਿਆਂ ਸਭ ਕੁਛ ਪ੍ਰਾਪਤਿ ਹੋ ਜਾਂਦਾ ਹੈ। ਕਿਉਂਕਿ ਸਭੁ ਕਿਛ ਵਾਹਿਗੁਰੂ ਦੇ ਹੀ ਹਥਿ ਹੈ। ਅਰਥ ਪ੍ਰਮਾਰਥ ਲੋਕ ਪਰਲੋਕ ਦੋਹਾਂ ਸਿਰਿਆਂ ਦਾ ਖਸਮ ਆਪਿ ਵਾਹਿਗੁਰੂ ਹੀ ਹੈ। ਤਾਂ ਤੇ ਵਾਹਿਗੁਰੂ ਨੂੰ ਅਰਾਧਣਹਾਰੇ ਜੋ ਜੋ ਚਿਤਵਨੀ ਸੁਤੇ ਸੁਭਾਵ ਹੀ, ਸੁਤੇ ਸੰਕਲਪਤ ਹੀ ਚਿਤਵਦੇ ਹਨ, ਉਸ ਚਿਤਵਨੀ ਨੂੰ ਸੱਚਾ ਸਮਰੱਥ ਵਾਹਿਗੁਰੂ ਖਿਨ ਵਿਚਿ ਦੀ ਰਾਸ ਕਰ ਦਿੰਦਾ ਹੈ। ਚਿਤਵਨਹਾਰ ਦੀ ਸਹਜ ਸੁਭਾਵਿਕ ਚਿਤਵਨੀਆਂ ਨੂੰ ਭੀ ਪੂਰੀਆਂ ਕਰ ਦਿੰਦਾ ਹੈ। ਦੋਹਾਂ ਸਿਰਿਆਂ ਦਾ ਖਸਮ ਜੁ ਹੋਇਆ। ਐਸੇ ਸਮਰੱਥ ਵਾਹਿਗੁਰੂ ਦੇ ਅਰਾਧਣਹਾਰੇ ਭੀ ਆਰਾਧ ਆਰਾਧ ਕੇ ਵਾਹਿਗੁਰੂ ਨਾਲਿ ਹੀ ਤੱਦ ਰੂਪ ਹੋਏ ਹੁੰਦੇ ਹਨ। ਤਾਂ ਤੇ ਤਿਨ੍ਹਾਂ ਵਾਹਿਗੁਰੂ ਨਾਮ ਅਰਾਧਣਹਾਰਿਆਂ ਦੇ ਸਭ ਕਾਰਜ ਹੀ ਸਿੱਧ ਹੋ ਜਾਂਦੇ ਹਨ। ਓਹਨਾਂ ਨੇ ਹੋਰ ਸਗਲ ਉਪਾਵ ਤਿਆਗ ਕੇ ਇਕੋ ਵਾਹਿਗੁਰੂ ਦੀ ਹੀ ਓਟ ਲਈ ਹੋਈ ਹੁੰਦੀ ਹੈ। ਐਸੇ ਵਾਹਿਗੁਰੂ ਦੀ ਸ਼ਰਨ ਨੂੰ ਜੋ ਜਨ ਧਾਇ ਕੈ ਆਇ ਗਹਿੰਦੇ ਹਨ, ਚਾਹੇ ਉਹ ਕਿਤਨੇ ਭੀ ਦੁਖੀਏ ਹੋਣ, ਓਹ ਪਰਮ ਸੁਖੀਏ ਹੋ ਜਾਂਦੇ ਹਨ। ਓਹਨਾਂ ਨੂੰ ਸਭ ਤੋਂ ਵੱਡਾ ਸੁਖ ਸੁਤੇ ਸਿਧ ਹੀ ਮਿਲ ਜਾਂਦਾ ਹੈ। ਸਮੂਹ ਕਰਮਾਂ ਧਰਮਾਂ ਉਪਰਿ ਸੱਚੜੇ ਗੁਰਮਤਿ ਕਰਮ ਦਾ ਤੱਤ ਗਿਆਨ ਗੁਰੂ ਘਰ ਦੇ ਗੁਰਮੁਖਿ ਸੰਤਾਂ ਦੀ ਸੰਗਤਿ ਤੋਂ ਹੀ ਹੋ ਸਕਦਾ ਹੈ। ਇਸ ਅਪਰੰਪਰ ਕਰਮ ਦੇ ਕੀਤਿਆਂ, ਆਰਾਧਣ ਰੂਪੀ ਕਰਮ ਦੇ ਕੀਤਿਆਂ, ਭਾਵ ਅੰਮ੍ਰਿਤ ਨਾਮ ਨੂੰ ਜਪਿਆਂ ਕੋਈ ਭੀ ਬਿਘਨ ਨਹੀਂ ਲਗਦਾ। ਜਿਸ ਜਨ ਉਪਰ ਨਦਰੀ ਨਦਰਿ ਨਿਹਾਲ ਵਾਹਿਗੁਰੂ ਦੀ ਖਾਸ ਨਦਰਿ ਮਿਹਰ ਦਇਆ ਮਇਆ ਹੋਵੇ, ਤਿਸ ਦੇ ਮਨ ਅੰਦਰਿ ਉਹ ਆਪਿ ਆਇ ਵੁਠਦਾ ਹੈ। ਪਰ ਵੁਠਦਾ ਹੈ ਨਾਮ ਅਰਾਧਣ, ਜਪਣ, ਸਿਮਰਨ ਰੂਪੀ ਗੁਰਮਤਿ ਪਰਧਾਨ ਕਰਮ ਦੇ ਕੀਤਿਆਂ। ਇਸ ਪਰਧਾਨ ਕਰਮ ਦੇ ਕਾਰਨ ਕਰਕੇ ਹੀ ਉਸ ਵਾਹਿਗੁਰੂ ਦੀ ਨਦਰਿ ਮੇਹਰ ਹੁੰਦੀ ਹੈ। ਕਰਮਾਂ ਦਾ ਸਦਕਾ ਹੀ ਨਦਰਿ ਮੇਹਰ ਦਾ ਹੋਵਣਾ ਹੋਇ ਆਵੰਦਾ ਹੈ। ਸੱਚੇ ਸਾਹਿਬ ਦੇ ਇਸ ਬਿਧਿ ਤੁੱਠਣ ਕਰਕੇ, ਸੱਚੇ ਮਾਲਕ ਦੇ ਇਉਂ ਮਿਹਰਵਾਨ ਹੋਣ ਕਰਕੇ ਸਰਬ ਨਿਧਾਨ ਸੁਤੇ ਸਿੱਧ ਹੀ ਪਾਇ ਲਈਦੇ ਹਨ। ਐਸੀ ਹੈ ਬਰਕਤ ਗੁਰਮੁਖਿ ਪਰਧਾਨ ਕਰਮ ਦੇ ਕਮਾਉਣ ਦੀ। ਉਸ ਦੀਆਂ ਜਪ ਤਪ ਅਨੇਕ ਕਰਣੀਆਂ ਸਫਲ ਹੋ ਜਾਂਦੀਆਂ ਹਨ।

**ਜਾਪ ਤਾਪ ਅਨੇਕ ਕਰਣੀ ਸਫਲ ਸਿਮਰਤ ਨਾਮ ॥ ਕਰਿ ਅਨੁਗ੍ਰਹੁ ਆਪਿ ਰਾਖੇ ਭਏ ਪੂਰਨ ਕਾਮ ॥ ੨ ॥**

**(ਗੂਜਰੀ ਮਃ ੫, ਪੰਨਾ ੫੦੨)**

ਭਾਵ— ਵਾਹਿਗੁਰੂ ਨਾਮ ਦਾ ਸਿਮਰਨ ਰੂਪੀ ਸਫਲ ਕਰਮ ਕੀਤਿਆਂ ਅਨੇਕਾਂ ਜਾਪ ਤਾਪ ਆਦਿਕ ਕਰਣੀਆਂ ਆ ਗਈਆਂ, ਨਹੀਂ ਤਾਂ ਆਨ ਕਰਣੀਆਂ ਕਰਿ ਕਰਿ ਮਰਿ ਰਹਿੰਦੇ। ਆਪਿ ਵਾਹਿਗੁਰੂ ਨੇ ਕਿਰਪਾ ਧਾਰ ਕੇ ਓਹਨਾਂ ਕਰਣੀਆਂ ਦੀ ਖਲਜਗਣ ਤੋਂ ਬਚਾ ਲਿਆ। ਸਾਰ ਸੁਕ੍ਰਿਤ ਕਰਣੀ ਗੁਰਮਤਿ ਨਾਮ ਰੂਪੀ ਪਰਧਾਨ ਕਰਮ ਦੀ ਕਰਨ ਕਰਕੇ ਸਾਰੇ ਕੰਮ ਪੂਰਨ ਹੋ ਗਏ।

**ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥ ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥ ੨ ॥**

**(ਗੂਜਰੀ ਅਸਟਪਟੀਆ ਮਃ ੧ ਘਰੁ ੧, ਪੰਨਾ ੫੦੩)**

ਭਾਵ ਅਰਥ— ਚਾਰੇ ਬੇਦ ਵਾਲੇ ਆਨ ਫ਼ਲਸਫ਼ੇ ਬ੍ਰਹਮ ਨੂੰ ਮਾਇਆ ਜਾਲ ਵਾਲੇ ਤ੍ਰੈਗੁਣੀ

ਬ੍ਰਹਮ ਵਖਾਣਦੇ ਹਨ। ਉਹ ਐਸਾ ਪਰਚਾਰ ਕਰਦੇ ਹਨ ਕਿ ਬ੍ਰਹਮ ਇਕ ਐਸਾ ਬ੍ਰਿਛ ਹੈ ਜਿਸ ਦੀ ਜੜ ਉਪਰ ਨੂੰ ਹੈ, ਉਤੇ ਵਲ ਨੂੰ ਹੈ ਅਤੇ ਸ਼ਾਖਾਂ ਟਾਹਣੀਆਂ ਹੇਠਾਂ ਨੂੰ ਹਨ। ਬ੍ਰਹਮ ਨੂੰ ਇਹ ਆਨਮਤ ਫ਼ਿਲਾਸਫ਼ੀਏ, ਜਿਨ੍ਹਾਂ ਦੀ ਫ਼ਿਲਾਸਫ਼ੀ ਚੌਹਾਂ ਬੇਦਾਂ ਤੋਂ ਉਤਪੰਨ ਹੋਈ ਹੈ, ਬ੍ਰਹਮ ਨੂੰ ਇਕ ਸਿਰ-ਤਲਵਾਇਆ ਬ੍ਰਿਛ ਗਰਦਾਨਦੇ ਹਨ, ਤ੍ਰੈਗੁਣੀ ਬ੍ਰਹਮ ਦਾ ਹੀ ਵਿਸਥਾਰ ਕਰਦੇ ਹਨ। ਚੌਹਾਂ ਬੇਦਾਂ ਨੂੰ, ਤ੍ਰੈ ਗੁਣਾਂ ਤੋਂ ਉਪ੍ਰੰਤ ਸੂਝ ਬੂਝ ਹੀ ਕੋਈ ਨਹੀਂ। ਤ੍ਰੈ ਗੁਣਾਂ ਵਾਲੇ ਬ੍ਰਹਮ ਨੂੰ ਬਿਸਥਾਰਨ ਪਰਚਾਰਨ ਵਿਚ ਹੀ ਚਾਰੇ ਬੇਦ ਖੱਚਤ ਹਨ। ਪਰ ਏਹਨਾਂ ਤਿਹਾਂ ਗੁਣਾਂ ਨੂੰ ਛਡ ਕੇ, ਡਾਲੀਆਂ ਨੂੰ ਛਡ ਕੇ, ਗੁਰਮੁਖਿ ਜਨ ਤੁਰੀਆ ਗੁਣ ਸਹਜ ਅਵਸਥਾ ਵਿਚਿ ਹੀ ਜਾ ਖੇਡਦੇ ਹਨ। ਓਹ ਸਦਾ ਪਾਰਬ੍ਰਹਮ ਪਰਮੇਸ਼ਰ ਦੀ ਜਾਗਤ ਜੋਤਿ ਲਿਵ ਵਿਚਿ ਸਮਾਧਿ-ਸਥਿਤ ਹੋ ਕੇ ਹੀ ਸਦਾ ਜਾਗਦੇ ਰਹਿੰਦੇ ਹਨ। ਸਿਰਜਣਹਾਰ ਕਰਤਾਰ ਨਿਰਗੁਣ ਪਾਰਬ੍ਰਹਮ (ਜੋ ਸਭਨਾਂ ਦਾ ਮੂਲ ਹੈ) ਦਾ ਤੱਤ ਗਿਆਨ ਕੇਵਲ ਗੁਰਮਤਿ ਗ੍ਰਹਿਣ ਕਰਨ ਵਾਲੇ ਗੁਰਮੁਖਿ ਜਨਾਂ ਦੇ ਰਿਦੰਤਰਿ ਹੀ ਪ੍ਰਕਾਸ਼ਤ ਹੁੰਦਾ ਹੈ। ਓਹ ਨਿਰਗੁਣ ਨਾਮ ਨੂੰ ਜਪ ਜਪ ਕੇ, ਨਿਰਗੁਣ ਨਾਮ ਦੀਆਂ ਕਮਾਈਆਂ ਕਰਿ ਕਰਿ ਅੰਤਰ-ਆਤਮੇ ਨਿਰੰਕਾਰ ਨਿਰੰਜਨੀ ਜੋਤਿ ਨੂੰ ਜਗਾ ਲੈਂਦੇ ਹਨ। ਇਹ ਨਿਰੰਜਨੀ ਜੋਤਿ ਜਗਾਉਣ ਵਾਲਾ ਗੁਰਮਤਿ ਦ੍ਰਿੜ੍ਹਾਇਆ ਕਰਮ, ਮੁਖ ਗੁਰਮੁਖਿ ਕਰਮ ਹੈ, ਜੋ ਸਭਨਾਂ ਆਨਮਤ ਕਰਮਾਂ ਤੋਂ ਪਰਧਾਨ ਕਰਮ ਹੈ। ਪ੍ਰੰਤੂ ਕਰਮਾਂ ਸਿਰ ਸੱਚੜਾ ਕਰਮ ਧਰਮ, ਤੱਤ ਗਿਆਨ ਗੁਰੂ ਘਰ ਦੇ ਗੁਰਮੁਖਿ ਸੰਤਾਂ ਭਗਤਾਂ ਦੀ ਸੰਗਤਿ ਕਰ ਕੇ ਹੀ ਪ੍ਰਾਪਤਿ ਹੁੰਦਾ ਹੈ। ਸਤਸੰਗਤਿ ਵਿਖੇ ਗੁਰਮੁਖਾਂ ਸੰਤਾਂ ਭਗਤਾਂ ਦੀ ਸੰਗਤਿ ਵਿਖੇ ਵਾਸਾ ਰਹਿਣ ਕਰਕੇ ਅੰਮ੍ਰਿਤ ਨਾਮ ਦਾ ਜਾਪ ਅਭਿਆਸ ਸਦਾ ਕਾਇਮ ਦਾਇਮ ਰਹਿੰਦਾ ਹੈ, ਜ਼ੋਰਾਂ ਤੇ ਚੜ੍ਹਦੀ ਕਲਾ ਤੇ ਰਹਿੰਦਾ ਹੈ। ਕਦੇ ਖੜਦੀ ਕਲਾ ਯਾ ਢਹਿੰਦੀ ਕਲਾ ਵਿਚਿ ਨਹੀਂ ਆਉਂਦਾ। ਨਾ ਹੀ ਕੋਈ ਉਸ ਨੂੰ ਬਿਘਨ ਲਗਦਾ ਹੈ। ਜੋ ਚੜ੍ਹਦੀਆਂ ਕਲਾਂ ਵਿਚ ਗੁਰਮੁਖਿ ਸੰਤ ਜਨਾਂ ਦੀ ਸੰਗਤਿ ਵਿਚਿ ਜੁੜ ਕੇ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਦਾ ਹੈ, ਸੋਈ ਗੁਰਮੁਖਿ ਜਨ ਪਰਧਾਨ ਕਰਮੀਆ ਬਣਦਾ ਹੈ, ਜਿਸ ਦਾ ਮੁਖ ਪਰਧਾਨ ਕਰਮ ਸਤਸੰਗ-ਰਸ-ਰੰਗਾਂ ਵਿਚਿ ਨਾਮ ਜਪਣਾ ਹੈ।

**ਸਲੋਕ ਮਃ ੩ ॥ ਜਗਤੁ ਅਗਿਆਨੀ ਅੰਧੁ ਹੈ ਦੂਜੇ ਭਾਇ ਕਰਮ ਕਮਾਇ ॥ ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥ ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ ॥ ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥ ਨਾਨਕ ਜਿਤੁ ਆਪੇ ਲਾਏ ਤਿਤੁ ਲਗੇ ਕਹਣਾ ਕਿਛੂ ਨ ਜਾਇ ॥ ੧ ॥**

**(ਵਡਹੰਸ ਕੀ ਵਾਰ, ਪੰਨਾ ੫੯੩)**

ਵਿਆਖਿਆ— ਸਾਰਾ ਜਗਤੁ ਅੰਧਲਾ ਹੈ, ਅਗਿਆਨੀ ਹੈ, ਕਿਉਂਕਿ ਦੂਜੇ ਭਾਇ ਦੇ ਕਰਮ ਕਮਾਉਣ ਵਿਚਿ ਹੀ ਉਲਝਿਆ ਰਹਿੰਦਾ ਹੈ। ਦੂਜੇ ਭਾਇ ਵਾਲੇ ਜਿਤਨੇ ਭੀ ਕਰਮ ਹਨ, ਸਭ ਦੁਖਦਾਈ ਹਨ। ਏਹਨਾਂ ਦੂਜੇ ਭਾਇ ਦੇ ਕਰਮ ਕਰਨਹਾਰਿਆਂ ਦੇ ਉਹ ਸਭ ਹਠ ਕਰਮ ਹਨ, ਜਿਸ ਕਰਕੇ ਤਿਨ੍ਹਾਂ ਹਠ-ਕਰਮ ਕਰਨਹਾਰਿਆਂ ਨੂੰ ਸਾਰੇ ਸਰੀਰਕ ਰੋਗ ਧਾਈ ਕਰ ਕੇ ਆ ਚਿਮੜਦੇ ਹਨ। ਗੁਰ ਪ੍ਰਸਾਦੀ ਗੁਰ-ਸ਼ਬਦ ਕਮਾਵਣਹਾਰਿਆਂ ਨਾਮ ਅਭਿਆਸੀਆਂ, ਕੇਵਲ ਗੁਰਮਤਿ ਨਾਮ ਗੁਰਮੁਖਿ ਪਰਧਾਨ ਕਰਮ ਕਰਨਾਸੀਆਂ ਦੇ ਹਿਰਦੇ ਅੰਦਰਿ ਸਦਾ ਸੁਖੁ ਆਇ ਨਿਵਾਸ ਕਰਦਾ ਹੈ,


www.sikhbookclub.com

ਜਿਸ ਦੇ ਕਾਰਨ ਓਹਨਾਂ ਦਾ ਮਨ ਭੀ ਸੁਖੀ ਅਤੇ ਤਨ ਭੀ ਸੁਖੀ ਰਹਿੰਦਾ ਹੈ। ਓਹ ਸਦਾ ਸੱਚੀ ਬਾਣੀ ਗੁਰਬਾਣੀ ਨੂੰ ਗਾਵਣ ਪੜ੍ਹਨ ਸੁਣਨ ਰੂਪੀ ਸੱਚੇ ਕਰਮ ਹੀ ਕਰਦੇ ਰਹਿੰਦੇ ਹਨ। ਅਤੇ ਦਿਨੇ ਰਾਤਿ ਸੁਆਸਿ ਸੁਆਸਿ ਨਾਮ ਨੂੰ ਹੀ ਧਿਆਉਂਦੇ ਰਹਿੰਦੇ ਹਨ। ਨਾਮ ਧਿਆਉਣ ਗੁਰਬਾਣੀ ਕਰਮ ਕਮਾਉਣ ਦੀ ਬਰਕਤ ਨਾਲ ਤਿਨ੍ਹਾਂ ਨੂੰ ਕੋਈ ਦੁਖ ਨਹੀਂ ਪੋਂਹਦਾ, ਸਦਾ ਸੁਖ ਆਨੰਦ ਵਿਚਿ ਹੀ ਵਿਗਾਸੇ ਸਰਸੇ ਰਹਿੰਦੇ ਹਨ। ਹੋਰਤ ਕਰਮ ਕਮਾਉਣਹਾਰੇ ਸਦਾ ਦੁਖੀ ਸੜੇ ਬੁਝੇ ਅਤੇ ਕ੍ਰਿਝੇ ਹੀ ਰਹਿੰਦੇ ਹਨ। ਐਸੀ ਹੈ ਵਡਿਆਈ ਗੁਰਮਤਿ ਨਾਮ ਦੇ ਪਰਧਾਨ ਕਰਮ ਅਭਿਆਸ ਦੀ। ਵਾਹਿਗੁਰੂ ਦੀ ਮਿਹਰੰਮਤ ਨਾਲਿ ਹੀ ਗੁਰੂ ਦੇ ਗੁਰਸਿਖ ਇਸ ਪਰਧਾਨ ਗੁਰਮੁਖਿ ਕਰਮ ਨੂੰ ਕਰਨ ਲਈ ਤੱਤਪਰ ਹੁੰਦੇ ਹਨ।

> ਸੋਰਠਿ ਮਃ ੪ ਦੁਤੁਕੇ ॥ ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥ ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥ ੧ ॥ ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ ॥ ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ ॥ ਰਹਾਉ ॥ ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ ॥ ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ ਗੁਣ ਗਾਵੈ ਗੁਣ ਵੀਚਾਰੀ ॥ ੨ ॥ ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ ॥ ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ ॥ ੩ ॥ ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ ॥ ਨਾਨਕ ਅਤੁਲੁ ਸਹਜ ਸੁਖੁ ਪਾਇਆ ਅਨਦਿਨੁ ਜਾਗਤੁ ਰਹੈ ਬਨਵਾਰੀ ॥ ੪ ॥ ੭ ॥
>
> (ਪੰਨਾ ੬੦੭)

ਵਿਆਖਿਆ— ਗੁਰਮਤਿ ਤੋਂ ਘੁਥੇ ਹੋਏ ਮਨਮੁਖ ਲੋਗ ਜੋ ਕਰਮ ਕਰਦੇ ਹਨ, ਅਹੰਕਾਰ ਮਾਨ-ਮਤੇ ਹੋਏ ਹੀ ਕਰਦੇ ਹਨ। ਤਾਂ ਤੇ ਇਹ ਅਹੰਕਾਰ-ਮਤਸਰੀ ਕਰਮ ਕਦੇ ਥਾਇੰ ਨਹੀਂ ਪੈਂਦੇ, ਸਗੋਂ ਅਨੇਕ ਜਨਮ-ਜੋਨੀਆਂ ਵਿਚ ਭਰਮਾਉਂਦੇ ਹਨ, ਕਰਮ ਕਰਨ-ਹਾਰਿਆਂ ਨੂੰ। ਅਨਿਕ ਜਨਮਾਂ ਦੇ ਵਿਛੁੜਿਆਂ ਨੂੰ ਸਦਾ ਦੁਖ ਹੀ ਦੁਖ ਹੈ। ਸਭ ਤੋਂ ਵਧੀਕ ਵਾਹਿਗੁਰੂ-ਵਿਛੋੜੇ ਦਾ ਹੈ। ਇਹ ਵਿਥ ਵਿਛੋੜੇ ਦੀ ਕਦੇ ਮਿਲਣੀ ਨਹੀਂ ਪਾਉਂਦੀ। ਗੁਰੂ ਵਾਹਿਗੁਰੂ ਦੀ ਨੇਤ-ਨਦਰੀ ਜਿਸ ਵਡਭਾਗੇ ਜਨ ਨੂੰ ਗੁਰੂ ਨਾਨਕ-ਜੋਤਿ-ਜਾਮੀਆ ਸਾਧੂ ਮਿਲ ਗਿਆ ਹੈ, ਤਿਸ ਨੂੰ ਐਸੇ ਗੁਰੂ ਸਾਧ ਨੂੰ ਪਰਸਦਿਆਂ ਦੀ ਵਾਹਿਗੁਰੂ-ਪ੍ਰਾਪਤੀ ਦੀ ਧੀਰਕ ਬੱਝ ਗਈ ਹੈ। ਨਾਨਕ ਸਰੂਪ ਗੁਰੂ ਦੀ ਪਾਰਸ-ਛੋਹ ਨਾਲਿ ਵਾਹਿਗੁਰੂ-ਪ੍ਰਾਪਤੀ ਦਾ ਐਸਾ ਧੁਰਵਾ ਬੱਝਾ ਕਿ ਸੱਚੀ ਸ਼ਰਨਾਈ, ਗੋਬਿੰਦ ਸ਼ਰਨਾਈ ਵਾਲੀ ਜ਼ਾਹਰ ਜ਼ਹੂਰ ਹਜ਼ੂਰੀ ਦਾ ਇਨਕਸ਼ਾਫ਼ ਹੋ ਗਿਆ। ਗੁਰੂ ਨਾਨਕ ਦੇ ਹਰਿ ਦਰਿ ਵਾਰਦ ਹੋਣ ਕਰਕੇ ਗੁਰੂ ਘਰ ਦੇ ਵਰੋਸਾਇਆਂ ਹੋਇਆਂ ਦੀ ਸੰਗਤਿ ਪ੍ਰਾਪਤਿ ਹੋਈ ਤੇ ਗੁਰੂ ਦੁਆਰਿਓਂ ਗੁਰ-ਦੀਖਿਆ ਮਿਲੀ। ਗੁਰ-ਦੀਖਿਆ ਗੁਰ-ਮੰਤਰ ਦ੍ਰਿੜ੍ਹ ਹੋਣ ਕਰਿ ਗੁਰਮਤਿ ਨਾਮ ਦੀ ਅਤੁੱਟ ਕਮਾਈ ਕੀਤੀ। ਇਸ ਅਤੁੱਟ ਅਭਿਆਸ ਕਮਾਈ ਦੇ ਪਰਤਾਪ ਕਰਿ ਵਾਹਿਗੁਰੂ-ਪ੍ਰਾਪਤੀ ਸੰਦਾ ਮੁਬਾਰਕ ਕ੍ਰਿਸ਼ਮਾਈ ਦਿਵਸ ਦੇਖਣਾ ਨਸੀਬ ਹੋਇਆ। ਨਾਮ ਜੋਤਿ ਰਹੱਸ ਹਿਰਦੇ ਅੰਦਰ ਪਰਫੁੱਲਤ ਹੋਣ ਕਰਿ (ਜੋ ਅਭਿਆਸ ਕਮਾਈ ਦੇ ਜੋਰਿ ਹੋਇਆ) ਗੋਬਿੰਦ-ਪ੍ਰੀਤ-ਪਿਆਰ ਦਾ ਅਤਿ ਪਰਚਵੀ ਸੁਆਦ

ਆਇਆ। ਗੋਬਿੰਦ-ਪ੍ਰੀਤ ਅਤਿ ਮਿਠ-ਰਸੀ ਅਤੇ ਪਿਆਰੀ ਹੋਇ ਪ੍ਰਕਰੀ। ਗੁਰੂ ਦੁਆਰਿਓਂ ਪੂਰਨ ਪਾਤਰ ਅਧਿਕਾਰੀ ਨੂੰ ਅੰਮ੍ਰਿਤ ਨਾਮ ਪ੍ਰਾਪਤਿ ਹੋਣ ਸਾਰ ਗੁਰੂ ਨਾਨਕ ਜਾਮੇਸ਼ ਦਾ ਜੋਤਿ-ਜਲਵਨੀ ਦਰਸਾਰਾ ਜੋ ਪ੍ਰਾਪਤਿ ਹੋਇਆ, ਉਹ ਵਾਸਤਵੀ ਗੁਰੂ ਦੀਦਾਰਾ ਹੈ। ਐਸੇ ਗੁਰ ਜੋਤਿ ਜਲਵੰਨੀ ਦਿਬ ਗੁਰੂ ਜਾਮੇ ਨੂੰ ਪਰਸਨ ਸਾਰ ਹੀ ਗੁਰੂ ਦੇ ਜੋਤਿ ਜਲਵਨੀ ਪ੍ਰਤਿਬਿੰਬ ਵਿਚਿ ਪਰਤੱਖ ਵਾਹਿਗੁਰੂ ਦੇ ਦਰਸ਼ਨ ਹੋ ਗਏ। "ਸਾਧੂ ਪਰਸਤ ਹੀ ਪ੍ਰਭੁ ਪਾਇਆ" ਵਾਲਾ ਬਿਸਮ ਕਉਤਕ ਇਉਂ ਵਰਤਿਆ। ਇਉਂ ਗੁਰੂ ਸਾਧ ਅਤੇ ਗੁਰੂ ਘਰ ਦੇ ਸ਼ਾਂਤੀ ਪੁੰਜ ਗੁਰੂ ਸਰੂਪ ਗੁਰਮੁਖਿ ਜਨਾਂ ਪੰਚ ਜਨਾਂ ਦੇ ਸਤਸੰਗ ਵਿਚਿ ਵਾਸਾ ਹੋ ਜਾਣ ਕਰਿ ਹਿਰਦੇ ਅੰਦਰ ਹੀ ਅਨੰਦ ਸਰੂਪੀ ਸੁਖ ਸਹਜ ਸ਼ਾਂਤ ਦਾ ਡਲ੍ਹ ਡਲ੍ਹ ਕਰਦਾ ਸਮੁੰਦਰ 'ਸਾਂਤਿ ਮੁਰਾਰੀ' ਆਇ ਮਿਲਿਆ।

ਉਹ ਜੋਤਿ ਸ਼ਾਂਤਿ ਰਸ ਭਰਪੂਰ ਲੀਣਾ ਸਰੁ ਸਾਗਰੁ ਸਰਬ ਘਟਾਂ ਹਿਰਦਿਆਂ ਅੰਦਰਿ ਵਿਆਪਕ ਹੈ ਅਤੇ ਦਿਨ ਰਾਤ ਗੁਪਤਿ ਹੀ ਵਰਤਦਾ ਹੈ। ਪ੍ਰੰਤੂ ਮਨਮੁਖ ਮੁਘਧ ਗਵਾਰ ਲੋਕਾਂ ਆਨਮਤ ਕਰਮਾਚਾਰੀਆਂ ਨੂੰ ਕਰਤੇ ਪੁਰਖ ਦੇ ਇਸ ਬਿਧਿ ਘਟ ਅੰਤਰਿ ਗੁਪਤ ਵਰਤਣ ਵਾਲੀ ਭਾਉ-ਭਾਵਨੀ ਹੀ ਨਹੀਂ ਉਪਜਦੀ, ਪ੍ਰਤੀਤ ਹੀ ਨਹੀਂ ਬਝਦੀ। ਇਸ ਭੇਦ ਨੂੰ ਬੁਝ ਹੀ ਨਹੀਂ ਸਕਦੇ।

ਸੱਚੇ ਸਤਿਗੁਰੂ ਪੁਰਖ ਦੇ ਜੋ ਜਨ ਮਨੋਂ ਤਨੋਂ ਸੱਚੇ ਸੇਵਕ ਸਚਿਆਰ ਸਿਖ ਬਣ ਗਏ ਓਹਨਾਂ ਦਾ ਨਿਗੁਰਾਪਣ ਦੂਰ ਹੋ ਗਿਆ। ਓਹਨਾਂ ਦਾ ਮੂਰਖ-ਮਤੀ ਅਗਿਆਨ-ਅੰਧੇਰਾ ਮਿਟ ਗਿਆ। ਓਹਨਾਂ ਦੀ ਸੱਚੀ ਅਕੀਦਤ ਪ੍ਰਚੰਡ ਦਰਸ਼ਨਾਂ ਦੀ ਪ੍ਰਤੱਖਤਾ ਸੇਤੀ ਪਰਪੱਕ ਗੱਠ-ਬੱਝਵੀਂ ਹੋ ਗਈ। ਪ੍ਰਭੂ-ਪ੍ਰਕਾਸ਼ ਦਾ ਹਿਰਦੇ ਵਿਗਾਸ ਹੋ ਗਿਆ, ਜੋਤਿ ਚਾਨਣਾ ਹੀ ਚਾਨਣਾ ਹੋ ਗਿਆ। ਵਿਛੋੜੇ ਦਾ ਪੰਧ ਮਿਟ ਗਿਆ। ਉਹ ਫੇਰ ਇਸੇ ਪਰਤੱਖ ਦਰਸ਼ਨਾਂ ਦੇ ਸਰੂਰ ਵਿਚ ਹਰਿ-ਜਸ ਕੀਰਤਨ ਗੁਣ ਗਾਉਣ ਲਗ ਪੈਂਦੇ ਹਨ। ਇਹ ਪਰਤੱਖ ਪੇਖ ਦਰਸ਼ਨ ਵਿਚਿ ਰਸ-ਗੀਧੇ ਹੋਏ ਜੋ ਜਨ ਕੀਰਤਨ ਕਰਦੇ ਹਨ ਓਹਨਾਂ ਦੀ ਗਹਿਣਗਤਿ ਕਹੀ ਕਥੀ ਨਹੀਂ ਜਾ ਸਕਦੀ। ਅਜਿਹੇ ਹਿਰਦੇ-ਵਿਗਾਸੀ, ਰਿਦ ਜੋਤਿ ਪ੍ਰਗਾਸੀ ਗੁਰਮੁਖਿ ਜਨਾਂ ਦੀ ਰਸ-ਜੋਤਿ ਪ੍ਰਕਾਸ਼ਨੀ ਸ਼ਾਂਤ ਇਕ ਅਲੌਕਿਕ ਸ਼ਾਂਤ ਹੈ, ਜਿਸ ਦੀ ਤੁਲਤਾ ਕਿਸੇ ਭੀ ਗਿਣੀ ਮਿਣੀ ਤ੍ਰੈਗੁਣੀ ਸ਼ਾਂਤੀ ਨੂੰ ਨਹੀਂ ਦਿੱਤੀ ਜਾ ਸਕਦੀ। ਤਿਨ੍ਹਾਂ ਸ਼ਾਂਤ-ਰਿਦ-ਪ੍ਰਕਾਸ਼ਨੀ ਗੁਰਮੁਖਿ ਜਨਾਂ ਦੀ ਬੁੱਧੀ ਕਬੁੱਧੀ ਪਲਟ ਕੇ ਸਿਧੀ ਗਤੀ ਵਾਲੀ ਸੁਬੁੱਧੀ ਹੋ ਗਈ। ਤਿਨ੍ਹਾਂ ਦੀ ਦੁਰਮਤਿ ਬੁਧਿ ਸਾਰੀ ਹੀ ਨਿਵਾਰੀ ਗਈ। ਗੁਰਮਤਿ ਜੋਤਿ-ਚਾਨਣੇ ਵਾਲੀ ਸਬੁੱਧੀ ਦਾ ਹੀ ਵਿਗਸਾਉ ਜ਼ਹੂਰ ਪਜ਼ੀਰ ਹੋ ਗਿਆ। ਇਸ ਬਿਧਿ ਪਰਮਾਤਮ ਜੋਤੀਸ਼ ਵਾਹਿਗੁਰੂ ਪਾਰਬ੍ਰਹਮ ਦਾ ਅੰਤਰ-ਆਤਮੇ ਹੀ ਪਰਤੱਖ ਪ੍ਰਗਟਾਰਾ ਹੋਣ ਕਰਿ ਇਕ ਅਦੁੱਤੀ ਅਨੰਦ ਦਾ ਹੁਲਾਰਾ ਸਦ-ਸਦਵਨੀ ਹੁਲਾਰਤਾ ਵਿਚਿ ਅੰਦਰਿ ਵਸਿ ਗਿਆ। ਐਸਾ ਗੁਰੂ ਕਰਤਾਰ ਗੁਰੂ ਨਾਨਕ ਦੇ ਦਰਬਾਰ ਦੀ ਸਤਸੰਗਤਿ ਦਾ ਜੋਤਿ-ਪ੍ਰਭਾਵੀ ਪਰਤਾਪ ਹੈ।

ਅਜਿਹੇ ਸਤਿਪੁਰਖ ਗੁਰਮੁਖਿ ਪਿਆਰੇ ਨੂੰ ਪੁਰਖਾਂ ਸਿਰਿ ਅਕਾਲ ਪੁਰਖ ਮਿਲਿਆ ਤਾਂ ਗੁਰੂ ਦੀ ਪ੍ਰਾਪਤੀ ਹੋਣ ਪਰ ਮਿਲਿਆ, ਐਵੇਂ ਨਹੀਂ। ਨਿਗੁਰਿਆਂ ਨੂੰ ਇਹ ਪ੍ਰਾਪਤੀ ਕਦੇ ਨਹੀਂ ਹੁੰਦੀ। ਗੁਰਮੁਖਾਂ, ਸੁਧ-ਕਰੰਮੀਆਂ, ਪਰਧਾਨ-ਕਰਮ-ਕਰੰਮੀਆਂ ਉਤੇ ਹੀ ਇਹ ਮਿਹਰ ਨਦਰ ਨਾਜ਼ਲ ਹੁੰਦੀ ਹੈ। ਐਸੇ ਪਰਧਾਨ-ਕਰੰਮੀਏ ਗੁਰਮੁਖਿ ਜਨ ਅਨਦਿਨ ਸੁਜਾਗ ਅਤੇ ਸਾਵਧਾਨ ਹੋ ਕੇ ਹੋਰ ਵਧੇਰੇ ਅਭਿਆਸ ਕਮਾਈਆਂ ਕਰਨ ਵਿਚਿ ਜ਼ੋਰੋ ਜ਼ੋਰ ਜੁਟ ਜਾਂਦੇ ਹਨ। ਗੁਰੂ ਨਾਨਕ ਨਦਰਾਈ


www.sikhbookclub.com

ਅਤੁਲ ਸੁਖ ਦੀ ਸਹਜ ਅਵਸਥਾ ਵਿਖੇ ਭੀ ਸਿਮਰਨ-ਕਮਾਈਆਂ ਗੁਰਮੁਖਿ ਪਰਧਾਨ ਕਰੰਮੀਆਂ ਦੀਆਂ ਹੋਈਆਂ ਹੀ ਤੁਰੀਆਂ ਜਾਂਦੀਆਂ ਹਨ। ਹੁੰਦੀਆਂ ਹਨ ਅਤਯੰਤ ਅਹਿਲਾਦ ਭਰੀ ਅਭਿਆਸ ਹਰਿਆਵਲ ਅੰਦਰ। ਨਾ ਹੀ ਇਸ ਸੁਖਦਾਈ ਸਿਮਰਨ ਦੀ ਕੋਈ ਥਾਹ ਹੈ, ਨਾ ਸਿਮਰਨ-ਕਲਾ ਦਾ ਕੋਈ ਹਦ-ਬੰਨਾ ਹੀ ਹੈ। ਪਰੇ ਤੋਂ ਪਰੇ ਅਪਰੰਪਰ ਬਿਸਮਾਦ ਅਹਿਲਾਦ ਹੁੰਦਾ ਚਲਿਆ ਜਾਂਦਾ ਹੈ ਅਤੇ ਪੂਰਨ ਸੁਜਾਗਤਾ ਵਿਚਿ ਹੰਦਾ ਹੈ। ਜਿਨ੍ਹਾਂ ਇਸ ਅਨੰਦ ਨੂੰ ਮਾਣਿਆ ਹੈ, ਓਹੀ ਇਸ ਬਿਵਸਥਾ ਦੀ ਗਹਿਣਗਤਿ ਨੂੰ ਜਾਣਦੇ ਹਨ। ਏਸ ਗੁਰਮੁਖਿ ਪਰਧਾਨ ਕਰਮ, ਨਾਮ ਅਭਿਆਸਾਵੀ ਧਰਮ ਤੋਂ ਕਦੇ ਭੀ ਹਟਿਆ ਨਹੀਂ ਜਾ ਸਕਦਾ। ਅਕਦਾ ਨਹੀਂ, ਥਕਦਾ ਨਹੀਂ, ਉਕਦਾ ਨਹੀਂ, ਰੁਕਦਾ ਨਹੀਂ। ਐਸੀ ਸਹਜ ਮੁਖਮੇਵੀ ਟੇਵ ਪਈ ਹੋਈ ਹੁੰਦੀ ਹੈ, ਜੋ ਸੁਤੇ ਸੁਭਾਵ ਹੀ ਹੁੰਦੀ ਰਹਿੰਦੀ ਹੈ। ਅਹੰਮੇਵੀ ਹਠ-ਕਰੰਮੀਆਂ ਨੂੰ ਕੀ ਭੇਦ ਏਹਨਾਂ ਰੱਬੀ ਅਜ਼ਮੀ ਬਿਵਸਥਾਵਾਂ ਦੀ ਜੋ ਸ਼ੁਧ-ਕਰੰਮੀਆਂ ਅਭਿਆਸ-ਮਰੰਮੀਆਂ ਨੂੰ ਪ੍ਰਾਪਤ ਪਰਤੱਖ ਹੁੰਦੀਆਂ ਹਨ।

> **ਸੋਰਠਿ ਮਹਲਾ ੯ ॥ ਪ੍ਰਾਨੀ ਕਉਨੁ ਉਪਾਉ ਕਰੈ ॥ ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥ ੧ ॥ ਰਹਾਉ ॥ ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥ ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥ ੧ ॥ ਕਲ ਮੈ ਏਕੁ ਨਾਮੁ ਕਿਰਪਾਨਿਧਿ ਜਾਹਿ ਜਪੈ ਗਤਿ ਪਾਵੈ ॥ ਅਉਰ ਧਰਮ ਤਾ ਕੈ ਸਮਿ ਨਾਹਿਨ ਇਹ ਬਿਧਿ ਬੇਦੁ ਬਤਾਵੈ ॥ ੨ ॥ ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥ ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥ ੩ ॥ ੫ ॥**
>
> (ਪੰਨਾ ੬੩੨)

ਵਿਆਖਿਆ— ਜਮ ਦਾ ਤ੍ਰਾਸ ਹਰਨ ਵਾਲੀ ਭਗਤੀ ਦੀ ਪ੍ਰਾਪਤੀ ਲਈ ਪ੍ਰਾਣੀ ਨੂੰ ਕਿਹੜਾ ਉਪਰਾਲਾ ਕਰਨਾ ਉਚਿਤ ਹੈ? ਐਸਾ ਕਿਹੜਾ ਕਰਮ ਅਤੇ ਕਿਸ ਪ੍ਰਕਾਰ ਦੀ ਵਿਦਿਆ ਅਤੇ ਕਿਹੜਾ ਧਰਮ ਪ੍ਰਾਣੀ ਨੂੰ ਕਰਨਾ ਲੋੜੀਂਦਾ ਹੈ ਅਤੇ ਕਿਹੜਾ ਮੁਖ ਨਾਮ ਹੈ ਜਿਸ ਦੇ ਸਿਮਰਨ ਕੀਤਿਆਂ ਭਉ-ਸਾਗਰ ਤੋਂ ਤਰ ਜਾਈਦਾ ਹੈ?

ਏਹਨਾਂ ਪਿਛਲੇ ਪ੍ਰਸ਼ਨਾਂ ਦਾ ਉਤਰ ਹੈ ਕਿ ਕਲਜੁਗ ਵਿਖੇ ਕਿਰਪਾ ਦਾ ਨਿਧਾਨ ਇਕੋ ਹੀ ਗੁਰਮਤਿ ਨਾਮ ਸੱਚ ਨਿਧਾਨ ਹੈ, ਜੋ ਕੇਵਲ ਗੁਰ ਪ੍ਰਸਾਦਿ, ਗੁਰੂ ਦੀ ਕਿਰਪਾ ਦੁਆਰਾ ਹੀ ਮਿਲਦਾ ਹੈ, ਜਿਸ ਦੇ ਜਪਿਆਂ ਤੱਤ ਕਲਿਆਨ ਗਤਿ ਹੁੰਦੀ ਹੈ। ਹੋਰ ਕੋਈ ਕਰਮ ਧਰਮ ਉਸ ਗੁਰਮਤਿ ਨਾਮ ਸਿਮਰਨ ਦੇ ਤੁਲ ਨਹੀਂ। ਇਸ ਬਿਧਿ ਗੁਰਮਤਿ ਗਿਆਨ ਪ੍ਰਚੰਡ ਰੂਪੀ ਸੱਚੇ ਬੇਦ ਤੋਂ ਸੱਚੀ ਗਿਆਤ ਹੋਈ ਹੈ ਕਿ ਗੁਰਮਤਿ ਨਾਮ ਦੇ ਤੁਲ ਹੋਰ ਕੋਈ ਕਰਮ ਨਹੀਂ, ਨਾ ਕੋਈ ਧਰਮ ਹੈ ਜੋ ਵਾਸਤਵ ਵਿਚਿ ਕਲਿਆਨਕਾਰੀ ਹੈ। ਆਨਮਤ ਚਾਰੇ ਬੇਦਾਂ ਨੂੰ ਇਸ ਗੁਰਮਤਿ ਨਾਮ ਦੀ ਗਿਆਤ ਨਹੀਂ। ਗਿਆਤ ਹੈ ਤਾਂ ਗੁਰਬਾਣੀ ਰੂਪ ਵਿਚਿ ਦਰਸਾਏ ਗੁਰ ਗਿਆਨ ਗੰਮਤੀ ਸੱਚੜੇ ਬੇਦ ਨੂੰ ਹੀ ਗਿਆਤ ਹੈ। ਹੋਰ ਬੇਦ ਤਾਂ ਤ੍ਰੈਗੁਣਾਂ ਦੀ ਵਿਸਥਾਰਕ ਮਾਇਆ-ਮਈ ਗਿਆਤ ਹੀ ਕਮਾਉਂਦੇ ਹਨ। ਇਸ ਇਕੋ ਇਕ ਨਾਮ ਦੀ ਗਿਆਤ, ਸੱਚੁ ਗਿਆਨ ਪ੍ਰਚੰਡ ਗਿਆਤ ਕੇਵਲ ਬੇਦਾਂ ਸਿਰ ਤੱਤ ਬੇਦ ਗੁਰਮਤਿ ਦ੍ਰਿਸ਼ਟਾਏ ਬੇਦ ਨੂੰ ਹੀ ਹੈ। ਕਲਿਆਨ-ਕਾਰਕ ਨਾਮ ਕੇਵਲ ਇਕੋ ਨਾਮ ਹੈ, ਜੋ ਕੇਵਲ ਗੁਰ ਪ੍ਰਸਾਦਿ ਕਰਿ ਗੁਰ-ਦੀਖਿਆ ਸਮੇਂ ਅਧਿਕਾਰੀ ਜਨ ਨੂੰ ਮਿਲਦਾ ਹੈ। ਗੁਰੂ ਸਰੂਪ

ਪੰਜਾਂ ਪਿਆਰਿਆਂ ਦੁਆਰਾ ਇਸ ਦਾ ਭੇਦ ਕੇਵਲ ਗੁਰ ਗਿਆਨ ਪ੍ਰਸਾਦਿ ਗੰਮਤਾ ਵਿਚਿ ਹੈ। ਗੁਪਤੋ ਗੁਪਤੀ ਸੀਨਾ-ਬਸੀਨਾ ਦੀਖਿਅਤ ਚਲਿਆ ਆਉਂਦਾ ਹੈ।

ਜਿਹੜੇ ਚੁੰਚ ਗਿਆਨੀ ਇਉਂ ਆਖਦੇ ਹਨ ਕਿ ਭਾਵੇਂ ਕੋਈ ਨਾਮ ਜਪ ਲਵੋ ਸੋਈ ਪਰਵਾਨ ਹੈ, ਓਹ ਗ਼ਲਤ ਆਖਦੇ ਹਨ। ਇਸ ਗੁਰਵਾਕ ਦੁਆਰਾ ਇਹ ਗੱਲ ਸਪੱਸ਼ਟ ਹੋ ਗਈ ਕਿ **"ਕਲ ਮੈ ਏਕੁ ਨਾਮੁ"** ਕੇਵਲ ਇਕੋ ਹੀ ਗੁਰਮਤਿ ਨਾਮ ਹੈ, ਜੋ ਆਤਮ-ਪਰਮਾਤਮ ਗਿਆਨ-ਗੰਮਤਾ ਦੀ ਕੁੰਜੀ ਹੈ, ਗੁਰ ਹੈ। ਇਹੀ ਮੁਖ ਕੁੰਜੀ ਰੂਪੀ ਮੁਖੀ ਗੁਰ ਹੀ ਨਾਮ ਹੈ। ਹੋਰ ਸਭ ਕਿਰਤਮ ਨਾਮ ਹਨ। ਸਤਿ ਹੈ ਤਾਂ ਕੇਵਲ ਏਕੋ ਨਾਮ, ਗੁਰਮਤਿ ਨਾਮ, ਗੁਰ ਗਿਆਨ ਗੰਮਤੀ ਨਾਮੁ ਹੀ ਹੈ, ਜਿਸ ਨੂੰ ਸਪੱਸ਼ਟ ਸੰਭਾਖਣ ਦੀ ਆਗਿਆ ਗੁਰ-ਦੀਖਿਆ ਦੇਣ ਸਮੇਂ ਗੁਰ-ਦੀਖਿਆ ਦੇਣਹਾਰੇ ਪੰਚ ਪਰਵਾਨ ਪੰਚ ਪਰਧਾਨ ਗੁਰ ਪਿਆਰਿਆਂ ਨੂੰ ਹੀ ਹੈ, ਹੋਰ ਕਿਸੇ ਨੂੰ ਨਹੀਂ। ਨਿਸ਼ਾਨੀ ਦੇ ਤੌਰ ਤੇ ਗੁਰਮਤਿ ਨਾਮ ਨੂੰ ਸਪੱਸ਼ਟਾਉਣਾ, ਪ੍ਰਗਟ ਕਰਨਾ ਗੁਣਕਾਰੀ ਨਹੀਂ। ਗੁਰੂ ਨਾਨਕ ਨੌਮੇਸ਼ ਜੀ ਭੀ ਇਸ ਗੁਰਵਾਕ ਅੰਦਰ ਗੁਰਮਤਿ ਨਾਮ ਦੀ ਬੁਝਾਰਤ ਵਲ ਇਸ਼ਾਰਾ ਹੀ ਕਰ ਗਏ ਹਨ, ਜਿਸ ਨੂੰ ਗੁਰ-ਦੀਖਿਅਤ ਗੁਰਮੁਖਿ ਅੰਮ੍ਰਿਤਧਾਰੀ ਗੁਰਸਿਖ ਹੀ ਸਮਝਦੇ ਹਨ। ਬਸ, ਇਹੀ ਏਕੋ ਗੁਰਮਤਿ ਨਾਮ ਕਰਮਨ ਸਿਰ ਕਰਮ ਹੈ ਅਤੇ ਧਰਮਨ ਸਿਰ ਧਰਮ ਹੈ। ਸਾਰੀ ਗੁਰਮਤਿ ਕਰਮ ਫ਼ਿਲਾਸਫ਼ੀ ਇਸ ਏਕੋ ਨਾਮ ਦੀ ਕਰਮ ਕਮਾਈ ਵਿਚਿ ਹੀ ਬੁਝਾਰਤੀ ਪਈ ਹੈ।

ਨਿਰਗੁਣੀ ਨਿਰੰਕਾਰ ਨਿਰੰਜਨ ਗੁਸਾਈਂ ਜੋ ਸਭਨਾਂ ਘਟਾਂ ਅੰਦਰਿ ਵਿਆਪਕ ਹੋ ਕੇ ਵਰਤਦਾ ਹੈ ਅਤੇ ਜੋ ਦੁਖ ਸੁਖ ਰਹਿਤ ਨਿਰਲੇਪਤਾ ਵਾਲੀ ਸਰਬਗਤਾ ਪੂਰਤ ਹੈ, ਓਹ ਕੇਵਲ ਇਕੋ ਇਕ ਗੁਰਮਤਿ ਨਾਮ ਅਭਿਆਸ ਕਰਮ ਕਮਾਈ ਕਰਿ ਘਟ ਅੰਤਰਿ ਹੀ ਗੁਪਤੋਂ ਪਰਗਟ ਹੁੰਦਾ ਹੈ। ਇਹ ਗੁਰਮਤਿ ਨਾਮ ਦਰਸ਼ਨ ਦਰਪੰਨੀ ਨਾਮ ਹੈ। ਨਿਰੰਕਾਰ ਦਾ ਦਰਸ਼ਨ ਦਰਸਾਉਣ ਹਿਤ ਇਹ ਨਾਮ ਦਰਪਨ ਦੀ ਨਿਆਈਂ ਹੈ। ਨਾਮੀ ਅਕਾਲ ਪੁਰਖ ਭੀ ਦਰਪਨ ਦੀ ਨਿਆਈਂ ਦਰਸ਼ਨ-ਦਰਪੰਨ ਹੋ ਕੇ ਨਾਮ ਅਭਿਆਸੀ ਗੁਰਮੁਖਿ ਪਰਧਾਨ-ਕਰੰਮੀਆਂ ਨੂੰ ਆਸ਼ਕਾਰ ਹੁੰਦਾ ਹੈ, ਹੋਰ ਕਿਸੇ ਨੂੰ ਨਹੀਂ। ਇਹੀ ਨਾਮ ਨਿਰੰਜਨਾ ਭਵ ਸਾਗਰੋਂ ਪਾਰ ਉਤਾਰਨਹਾਰਾ ਹੈ। ਯਥਾ—

**ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ**
**ਹਰਿ ਸਾਤੇ ॥ ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥ ੧੯ ॥**

(ਵਾਰ ਸੋਰਠਿ ਮਃ ੪, ਪੰਨਾ ੬੪੮)

ਭਾਵਾਰਥ— ਤਿਨ੍ਹਾਂ ਜਨਾਂ ਦੇ ਕੀਤੇ ਕਰਮ ਧਰਮ ਕਾਰਜ ਸਾਰੇ ਹੀ ਪਵਿੱਤਰ ਪਾਵਨ ਹੋ ਜਾਂਦੇ ਹਨ, ਜੋ ਹਰ ਛਿਨ ਸੁਆਸਿ ਸੁਆਸਿ ਗੁਰਮਤਿ ਨਾਮ ਦਾ ਅਭਿਆਸ ਕਰੀ ਹੀ ਜਾਂਦੇ ਹਨ। ਇਹ ਸੁਆਸ-ਗਿਰਾਸੀ ਨਾਮ ਜਪਣ ਦੀ ਜੁਗਤੀ ਤਿਨ੍ਹਾਂ ਨੂੰ ਹੀ ਪ੍ਰਾਪਤਿ ਹੁੰਦੀ ਹੈ ਜਿਨ੍ਹਾਂ ਦੇ ਵਡੇ ਭਾਗਾਂ ਵਿਚਿ ਗੁਰੂ ਦੇ ਸਿਖ ਬਣਨਾ ਲਿਖਿਆ ਹੋਇਆ ਹੈ ਅਤੇ ਗੁਰੂ ਦੇ ਸਿਖ ਬਣ ਕੇ ਗੁਰੂ ਸਤਿਗੁਰੂ ਸੱਚੇ ਗੁਰੂ ਨਾਨਕ ਪਾਸੋਂ ਗੁਰ-ਦੀਖਿਆ ਲਈ ਹੈ। ਗੁਰੂ ਸਰੂਪ ਪੰਜ ਪਿਆਰਿਆਂ ਦੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸ਼ਰਨਾਗਤਿ ਜਾ ਕੇ ਜੋ ਗੁਰ-ਦੀਖਿਆ ਲੈਂਦੇ ਹਨ ਤਿਨ੍ਹਾਂ ਨੂੰ ਹੀ ਗੁਰਮਤਿ ਨਾਮ ਦੀ ਪ੍ਰਾਪਤੀ ਹੁੰਦੀ ਹੈ। ਤਿਨ੍ਹਾਂ ਦਾ ਇਕੋ ਗੁਰਮਤਿ ਨਾਮ ਦਾ ਅਭਿਆਸ ਰੂਪੀ ਕਰਮ ਉਸ ਅਭਿਆਸੀ ਜਨ ਦੇ ਸਰਬੱਤਰ ਕਰਮਾਂ ਨੂੰ ਪਵਿੱਤਰ ਪਾਵਨ ਕਰ ਦਿੰਦਾ ਹੈ। ਸੱਚੇ ਕਰਮ-ਗਿਆਨੀ, ਗੁਰ-ਗਿਆਨ-ਗੰਮਤੀ ਕਰਮਾਚਾਰੀ ਨਾਮ ਅਭਿਆਸਕਾਰੀ ਦੇ ਕਮਾਤੇ ਜਿਹੜੇ ਭੀ ਕਰਮ ਧਰਮ ਹੈਨ,

 www.sikhbookclub.com

ਸਭ ਗੁਰਮਤਿ-ਨਾਮ ਪ੍ਰਾਇਣੀ ਹੀ ਹਨ, ਕੋਈ ਬਿਪਰਜੇ ਕਰਮ ਧਰਮ ਤਿਨ੍ਹਾਂ ਤੋਂ ਹੁੰਦਾ ਹੀ ਨਹੀਂ। ਨਾਮ-ਮੁਨਾਰੇ ਦੇ ਗੁਰ-ਗਿਆਨ ਪ੍ਰਚੰਡਨੇ ਚਾਨਣੇ ਵਿਚਿ ਹੀ ਉਸ ਤੋਂ ਸ੍ਰੇਸ਼ਟ ਕਰਮ ਧਰਮ ਕਾਰਜ ਹੁੰਦੇ ਹਨ, ਇਸ ਕਰਕੇ ਪਰਮ ਪਵਿੱਤ੍ਰਤਾ ਵਾਲੀ ਲਾਈਟ (ਰੌਸ਼ਨੀ) ਹੀ ਤਿਨ੍ਹਾਂ ਅੰਦਰਿ ਲਸ ਲਸ ਕਰਦੀ ਹੈ। ਨੁਕਤੇ ਨੁਕਤੇ ਵਿਚੋਂ ਉਭਰਦੀ ਹੈ।

**ਸਰਬ ਮਨੋਰਥ ਰਾਜ ਸੂਖ ਰਸ ਸਦ ਖੁਸੀਆ ਕੀਰਤਨੁ ਜਪਿ ਨਾਮ ॥ ਜਿਸ ਕੈ ਕਰਮਿ ਲਿਖਿਆ ਧੁਰਿ ਕਰਤੈ ਨਾਨਕ ਜਨ ਕੈ ਪੂਰਨ ਕਾਮ ॥ ੨ ॥ ੨੦ ॥ ੫੧ ॥**

(ਧਨਾਸਰੀ ਮਃ ੫, ਪੰਨਾ ੬੮੩)

ਵਿਆਖਿਆ— ਗੁਰਮਤਿ ਨਾਮ ਅਭਿਆਸ ਰੂਪੀ ਮੁਖ ਪਰਧਾਨ ਕਰਮ ਤਿਨ੍ਹਾਂ ਖਾਸ ਖਾਲਸੇ ਗੁਰਮੁਖਿ ਜਨਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦੇ ਮਸਤਕ ਵਿਖੇ ਧੁਰੋਂ ਹੀ ਇਹ ਲਿਖਤ ਲਿਲਾਟੀ ਕਰਮ ਉਕਰਿਆ ਹੋਇਆ ਹੁੰਦਾ ਹੈ। ਤਿਨ੍ਹਾਂ ਗੁਰਮੁਖਿ ਪ੍ਰਸਾਦ-ਕਰੰਮੀ ਪਰਵਾਨ ਪਏ ਹੋਏ ਪੁਗ ਚੁਕੇ ਨਾਮ ਅਭਿਆਸੀ ਜਨਾਂ ਦੇ ਸਰਬ ਮਨੋਰਥ ਰਾਜ ਸੁਖ ਰਸ ਨਾਮ ਅਭਿਆਸ ਦੀ ਖ਼ੁਸ਼ੀ ਖ਼ੁਮਾਰੀ ਵਿਗਾਸ ਉਤਰਾਉ ਵਿਚ ਹੀ ਸਫੁਟ ਹੋ ਕੇ ਪੈਂਦੇ ਹਨ। ਨਾਮ-ਵਿਗਾਸੀਆਂ ਨੂੰ ਕੀਰਤਨ ਵਿਚਿ ਓਹਨਾਂ ਦੀਆਂ ਸਾਰੀਆਂ ਆਤਮ-ਖ਼ੁਮਾਰੀ ਵਾਲੀਆਂ ਖ਼ੁਸ਼ੀਆਂ ਡੁਲ੍ਹ ਡੁਲ੍ਹ ਪੈਂਦੀਆਂ ਹਨ। ਨਾਮ-ਰੰਗਾਂ ਵਿਚਿ ਤਿਨ੍ਹਾਂ ਦਾ ਕੀਰਤਨ ਕੀਤਾ, ਕੀਰਤਨ-ਰੰਗਾਂ ਵਿਚਿ ਤਿਨ੍ਹਾਂ ਦਾ ਨਾਮ ਜਪਿਆ ਇਕ ਤਿਲੱਸਮੀ ਕਰਾਮਾਤ ਹੀ ਰਖਦਾ ਹੈ, ਇਕ ਪਾਰਸ ਕ੍ਰਿਸ਼ਮੀ ਮੁਅਜਜ਼ਾ ਹੀ ਦਰਸਾਉਂਦਾ ਹੈ। ਇਸ ਮੁਅਜਜ਼ਾਣੀ ਪਾਰਸ ਤਿਲੱਸਮਣੀ ਅਭਿਆਸ ਕਰਮ ਦੀ ਪਰਧਾਨਤਾ ਵਿਚਿ ਉਸ ਦੇ ਸਰਬ ਸਮੁੱਚੇ ਕਰਮ ਧਰਮ ਸਫਲ ਸੁਲੱਖਣੇ ਹੋ ਜਾਂਦੇ ਹਨ ਅਤੇ ਅਗਾਧ ਸੁਪ੍ਰਸੰਨਤਾ ਅਫ਼ਰੀਨੇ (ਦੇਣ ਵਾਲੇ) ਹੁੰਦੇ ਹਨ, ਅਪਾਰ ਖ਼ੁਸ਼ੀਆਂ ਡਾਢੀਆਂ ਡੀਲਾਈਟਾਂ (delights) ਵਾਲੇ ਹੁੰਦੇ ਹਨ।

**ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥ ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥**

(ਜੈਤਸਰੀ ਮਃ ੪ ਘਰੁ ੧ ਚਉਪਦੇ, ਪੰਨਾ ੬੯੬)

ਇਹ ਪਰਤੱਖ ਹਡ-ਬੀਤਿਆ ਚਮਤਕਾਰਾ ਹੈ ਕਿ ਅੰਮ੍ਰਿਤ ਛਕਣ ਸਮੇਂ, ਜਿਨ੍ਹਾਂ ਗੁਰ-ਦੀਖਿਆ-ਅਧਿਕਾਰੀ-ਜਨਾਂ ਦੇ ਮਸਤਕਾਂ ਤੇ ਗੁਰ-ਦੀਖਿਆ ਦੇਣ ਸਮੇਂ, ਅੰਮ੍ਰਿਤ-ਸੰਚਾਰੇ ਛੱਟੇ ਸਿੰਚਣ ਸਮੇਂ ਗੁਰੂ ਸਰੂਪ ਪੰਜਾਂ ਪਿਆਰਿਆਂ ਦੇ ਕਰ-ਕਮਲ ਸਪੱਰਸ਼ਤ ਹੁੰਦੇ ਹਨ, ਤਿਨ੍ਹਾਂ ਦੇ ਨਾਮ-ਅਭਿਆਸ ਤੋਰੇ ਤੁਰਤੋ-ਫੁਰਤੀ ਹੀ ਤੁਰ ਪੈਂਦੇ ਹਨ। ਓਹਨਾਂ ਦੇ ਤੋੜ ਹਿਰਦੇ ਦੀਆਂ ਡੂੰਘਾਈਆਂ ਅੰਦਰਿ ਗੁਰ-ਮੰਤ੍ਰ ਗੁਰਮਤਿ ਨਾਮ ਇਕ ਜੋਤਿ-ਬਿਜਲਾਣੀ ਕਲਾ ਦੁਆਰਾ ਜਾਇ ਧਸਦਾ ਰਸਦਾ ਅਤੇ ਜੋਤਿ ਵਿਗੱਸਦਾ ਹੈ। ਤਿਨ੍ਹਾਂ ਅਭਿਆਸੀ ਜਨਾਂ ਦਾ ਜੀਵਨ ਹੀ ਨਵ-ਜਨਮਾ ਅੰਮ੍ਰਿਤਾ-ਜੀਵਨ ਹੋ ਜਾਂਦਾ ਹੈ। ਤਿਨ੍ਹਾਂ ਦੇ ਜਨਮਾਂ ਜਨਮਾਂ ਦੇ ਕਮਾਤੇ ਬਿਕਟ ਪਾਪ ਦੋਖ ਰੋਗ ਕਿਲਵਿਖ ਸਭੇ ਇਕ ਖਿਨ ਵਿਚ ਲਹਿ ਜਾਂਦੇ ਹਨ, ਉਤਰ ਜਾਂਦੇ ਹਨ। ਤਿਨ੍ਹਾਂ ਦੇ ਪਾਪ-ਕਰਮਾਂ ਤੋਂ ਉਪੰਨੇ ਅਗੇ ਨੂੰ ਭੁਗਤਣ ਵਾਲੇ ਕਰਮ ਅੰਕੂਰੀ ਕਰਜ਼ੇ ਭੀ ਸਾਰੇ ਉਤਰ ਜਾਂਦੇ ਹਨ। ਤਿਨ੍ਹਾਂ ਦੇ ਪੂਰਬਲੇ ਕਰਮਾਂ ਦਾ ਕੋਈ ਕਰਜ਼ਾ ਬਾਕੀ ਨਹੀਂ ਰਹਿੰਦਾ। ਐਸਾ ਹੈ ਫ਼ੈਜ਼ ਪਰਧਾਨ ਕਰਮ ਨਾਮ ਰੂਪੀ ਅਭਿਆਸ ਕਮਾਈ ਵਾਲਾ।

# ੨੬ - ਨਾਮ ਅਭਿਆਸ ਦੀ ਗੁਰਮਤਿ ਜੁਗਤੀ

ਸੂਹੀ ਮਹਲਾ ੧ ਚਉਪਦੇ ਘਰੁ ੧ ॥ ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥ ੧ ॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥ ੧ ॥ ਰਹਾਉ ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥ ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥ ੨ ॥ ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥ ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥ ੩ ॥ ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥ ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥ ੪॥ ੧॥

(ਪੰਨਾ ੭੨੮)

ਵਿਆਖਿਆ— ਇਸ ਗੁਰ ਵਾਕ ਦੀ ਅਸਥਾਈ ਦੀ ਤੁਕ ਦਸਦੀ ਹੈ ਕਿ ਇਕ ਨਾਮ-ਜਾਪ ਅਭਿਆਸ ਰੂਪੀ ਕਮਾਈ ਤੋਂ ਬਿਨਾਂ ਹੋਰ ਸਭੇ ਹੀ ਕੰਮ (ਕਰਮ) ਨਿਸਫਲ ਹਨ। ਤਾਂ ਤੇ ਨਾਮ ਅਭਿਆਸ ਕਮਾਈ ਰੂਪੀ ਕਰਮੁ, ਸਿਰ ਕਰਮਨ ਕੇ ਕਰਮੁ ਹੈ। ਨਾਮ ਅਭਿਆਸ ਕਮਾਈ ਰੂਪੀ ਕਰਮ ਕਰਨ ਤੋਂ ਪਹਿਲਾਂ ਅਤਿ ਜ਼ਰੂਰੀ ਹੈ ਕਿ ਸੌਚ ਇਸ਼ਨਾਨ ਕਰ ਕੇ ਕਮਾਈ ਵਿਚਿ ਜੁਟੇ, ਸਰੀਰਕ ਸਫ਼ਾਈ ਪਹਿਲਾਂ ਕਰਨੀ ਪਰਮ ਲਾਜ਼ਮੀ ਹੈ। ਮੈਦਾਨ (ਜੰਗਲ ਪਾਣੀ) ਜਾ ਕੇ ਦਾਤਣ ਕਰੇ। ਫੇਰ ਪੂਰਨ ਸ਼ੁੱਧਤਾ ਸਹਿਤ ਇਸ਼ਨਾਨ ਕਰ ਕੇ ਸੁੱਚੇ ਪਵਿੱਤਰ ਸਾਫ਼ ਬਸਤਰ ਸਜਾ ਕੇ ਅੰਮ੍ਰਿਤ ਵੇਲੇ ਰਾਤਰੀ ਦੇ ਪਿਛਲੇ ਪਹਿਰ ਨਾਮ ਜਪਣ ਹਿਤ ਜੁਟ ਕੇ ਬੈਠਣ ਲਈ ਤਿਆਰ ਹੋਵੇ। ਜਿਸ ਪ੍ਰਕਾਰ ਦੁੱਧ ਦੋਹਣ (ਧਾਰ ਕਢਣ) ਤੋਂ ਪਹਿਲਾਂ ਦੁੱਧ ਕੱਢਣ ਵਾਲੇ ਭਾਂਡੇ ਦੀ ਸਫ਼ਾਈ ਅਤੇ ਪਵਿੱਤ੍ਰਤਾ ਦਰਕਾਰ ਹੈ, ਏਸੇ ਪ੍ਰਕਾਰ ਨਾਮ ਅਭਿਆਸ ਕਰਮ ਕਮਾਈ ਰੂਪੀ ਦੁੱਧ ਦੋਹਣ ਲਈ ਪਹਿਲਾਂ ਸਰੀਰ ਦੀ ਸਫ਼ਾਈ ਅਤੇ ਪਵਿੱਤ੍ਰਤਾ ਅਤਿ ਲੋੜੀਂਦੀ ਸ਼ੈ ਹੈ। ਇਸ਼ਨਾਨ ਆਦਿਕ ਸਫ਼ਾਈ ਕੀਤਿਆਂ ਨਾ ਸਿਰਫ਼ ਸਰੀਰ ਪਵਿੱਤਰ ਹੀ ਹੁੰਦਾ ਹੈ, ਬਲਕਿ ਤਨ ਕਰਕੇ ਸਾਵਧਾਨਤਾ ਅਤੇ ਸੁਚੇਤਤਾ ਹੋਇ ਆਉਂਦੀ ਹੈ। ਫੇਰ ਨਾਮ ਅਭਿਆਸ (ਕਰਮ) ਰੂਪੀ ਸੁਆਸਾਂ ਦਾ ਬਿਲੋਵਨਾ ਬਿਲੋਵਨ ਲਈ ਸੁਰਤਿ ਰੂਪੀ ਜਾਗ (ਸਮਾਇਣ, ਜਾਮਣ) ਸੁਤੇ ਸੁਭਾਵ ਹੀ ਲਗ ਜਾਂਦਾ ਹੈ। ਯਤਨ ਕੇਵਲ ਏਤਨਾ ਹੀ ਕਰਨਾ ਪੈਂਦਾ ਹੈ ਕਿ ਨਾਮ ਗੁਰ-ਮੰਤਰ ਰੂਪੀ ਸ਼ਬਦ ਦੀ ਆਹਤ ਅਵਾਜ਼ ਨਾਲਿ ਸੁਰਤੀ ਨੂੰ ਲਾਵੇ (ਜੋੜੇ)। ਇਹ ਅਭਿਆਸੀ ਜਨ ਦਾ ਸੁਰਤਿ-ਸ਼ਬਦ-ਮਈ ਕਰਮ ਹੈ। ਸ਼ਬਦ-ਸੁਰਤੀ ਨਾਮ ਅਭਿਆਸ ਕਰਨ ਲਗਿਆਂ ਹੋਰ ਆਸ਼ਾਵਾਂ ਵਲੋਂ ਨਿਰਾਸਾ ਹੋ ਕੇ, ਹੋਰ ਸੰਕੱਲਪ-ਵਿਕੱਲਪੀ ਖ਼ਿਆਲਾਂ ਤੋਂ ਨਿਰਖ਼ਿਆਲਾ ਹੋ ਕੇ ਜੁਟੇ। ਇਕ ਵਾਰ ਪਹਿਲਾਂ ਪ੍ਰਿਥਮੇ ਇਤਨੀ ਹੀ ਦਮ-ਕਰਾਰੀ ਕਰਨ ਦੀ ਲੋੜ ਹੈ। ਫੇਰ ਨਾਮ ਅਭਿਆਸ ਸ਼ਬਦ ਸੁਰਤਿ ਦੀ ਪਾਰਸ ਕਲਾ ਆਪੇ

ਹੀ ਸੁਰਤੀ ਨੂੰ ਲਿਵ-ਮਗਨ ਕਰ ਲਵੇਗੀ। ਇਤ ਬਿਧਿ ਸੁਆਸ ਅਭਿਆਸੀ ਸ਼ਬਦ ਸੁਰਤਾਸੀ ਪਾਰਸ ਕਲਾ ਨਾਲ ਨਾਮ ਦੁੱਧ ਬਿਲੋਇਆ ਹੋਇਆ (ਰਿੜਕਿਆ ਹੋਇਆ) ਤੱਤ ਜੋਤਿ ਰਹੱਸੀ, ਆਤਮ ਵਿਗੱਸੀ ਮੱਖਣ ਉਪਜਾਉਂਦਾ ਹੈ, ਘਟ ਰੂਪੀ ਮਟਕੀ ਚਾਟੀ ਅੰਦਰਿ ਹੀ ਵਿਗਸਾਉਂਦਾ ਹੈ। ਇਸ ਘਟ ਰੂਪੀ ਮਟਕੀ ਅੰਦਰਿ ਨਾਮ ਅਭਿਆਸ ਰੂਪੀ ਸੁਰਤੀ ਸੁਆਸੀ ਜਾਗ ਵਾਲਾ ਦੁੱਧ-ਦਹੀਂ ਅਧਰਿੜਕਾ(ਮਲਾਈ ਵਾਲਾ ਦਹੀਂ) ਬਿਲੋਇਆ ਰਿੜਕਿਆ ਜਾਂਦਾ ਹੈ। ਸਰੀਰ ਰੂਪੀ ਮਟਕੇ ਅੰਦਰਿ ਹੀ ਰਸ-ਜੋਤਿ ਜਲਵੰਨੀ ਮੱਖਣ ਪਰਜੁਲਤ ਹੋ ਜਾਂਦਾ ਹੈ।

ਜਿਵੇਂ ਦੁੱਧ-ਰਿੜਕਨੇ ਮਧਾਣੇ ਦੇ ਨੇਤ੍ਰੇ ਦੀਆਂ ਗੁੱਲੀਆਂ (ਈਟੀਆਂ) ਦੋਹਾਂ ਹੱਥਾਂ ਵਿਚ ਫੜ ਕੇ ਮਧਾਣੇ ਨੂੰ ਦੁੱਧ ਰਿੜਕਣ ਲਈ ਹਿਲਾਈਦਾ ਹੈ, ਏਸੇ ਪ੍ਰਕਾਰ ਨਾਮ ਅਭਿਆਸ ਦਾ ਬਿਲੋਵਨਾ ਬਿਲੋਵਨ ਲਈ ਮਨ ਦੀਆਂ ਸੁਰਤੀਆਂ ਨੂੰ ਜੋੜ ਕੇ ਅਰਧ ਉਰਧੀ ਸੁਆਸਾਂ ਦਾ ਸੁਰਤਿ-ਸ਼ਬਦ ਨਾਲਿ ਜੋੜਨਾ ਲਾਜ਼ਮੀ ਹੈ। ਏਵੇਂ ਜਿਵੇਂ ਨੇਤ੍ਰੇ ਦੀ ਗੁੱਲੀ ਇਕ ਹੱਥ ਨਾਲਿ ਫੜ ਕੇ ਤਾਂ ਆਪਣੇ ਵਲ ਖਿੱਚੀਦੀ ਹੈ ਅਤੇ ਦੂਜੇ ਹੱਥ ਵਾਲੀ ਗੁੱਲੀ ਢਿੱਲੀ ਛਡ ਕੇ ਪਰੇ ਨੂੰ ਜਾਣ ਦੇਈਦੀ ਹੈ, ਜਿਵੇਂ ਸ਼ਬਦ ਅਭਿਆਸ ਦਾ ਬਿਲੋਵਨਾ ਬਿਲੋਈਦਾ ਹੈ। ਸੁਆਸ ਸੁਰਤੀ ਨੂੰ ਖਿੱਚ ਕੇ 'ਵਾਹਿ' ਅਰਥ ਸ਼ਬਦ (ਨਾਮ) ਨੂੰ ਤਾਂ ਉਪਰ ਨੂੰ (ਅੰਦਰਗਤੀ) ਲਿਜਾਈਦਾ ਹੈ ਅਤੇ ਜੋਤਿ-ਚਮਕ-ਪਾਰਸੀ 'ਗੁਰੂ' ਨੂੰ ਰਸਨਾ ਤੇ ਰਸਾ ਕੇ, ਰੜਕਾ ਕੇ ਬਾਹਰਵਾਰ ਨੂੰ ਕਢੀਦਾ ਹੈ। ਇਸ ਬਿਧਿ ਸ਼ਬਦ ਬਿਲੋਵਨੀ ਨੇਤ੍ਰੇ ਰੂਪੀ ਖੰਡਾ ਪੂਰਨ ਸੁਰਤਿ ਅਭਿਆਸ ਨਾਲਿ ਇਕ-ਰਸ ਅਰਧ ਉਰਧੀ ਸੁਆਸਾਂ ਸੇਤੀ ਖੜਕਾਉਂਦੇ ਹੋਏ ਪੱਕੀ ਸਾਵਧਾਨਤਾ ਅਤੇ ਸੁਜਾਗਤਾ ਰਹਿੰਦੀ ਹੈ, ਕਦੇ ਆਲਸ ਨਹੀਂ ਆਉਂਦੀ। ਜਿਉਂ ਜਿਉਂ ਬਿਲੋਵਨਾ ਬਿਲੋਂਦਿਆਂ ਰਸ ਤੱਤ-ਜੋਤਿ ਰਹੱਸ ਉਗਵਣਾ ਅਰੰਭ ਹੁੰਦਾ ਹੈ, ਤਿਉਂ ਤਿਉਂ ਸੁਆਸ-ਅਭਿਆਸੀ ਖੰਡਾ ਪੂਰੀ ਜ਼ੋਰ-ਭਰੀ ਸਾਵਧਾਨਤਾ ਨਾਲਿ ਵਧੇਰੇ ਤੋਂ ਵਧੇਰੇ ਖੜਕਦਿਆਂ ਖੜਕਦਿਆਂ ਫੇਰ ਆਤਮ-ਰਸ ਦੇ ਬਿਸਮਾਦ ਸੁਆਦ ਦੇ ਅਧੀਨ ਆਪੋਂ ਹੀ ਸਾਵਧਾਨਤਾ ਸੁਚੇਤਨੀ ਚੇਤੰਨਤਾ ਆਇ ਸੰਪੂਰਤ ਹੁੰਦੀ ਹੈ, ਜੋ ਕਦੇ ਆਲਸ ਨਿੰਦ੍ਰਾ ਆਉਣ ਹੀ ਨਹੀਂ ਦਿੰਦੀ। ਪਹਿਲਾਂ ਪਹਿਲਾਂ ਯਤਨ ਜ਼ਰੂਰ ਕਰਨਾ ਪੈਂਦਾ ਹੈ ਅਤੇ ਯਤਨ ਨਾਲਿ ਜਾਗ੍ਰਤ ਰਖਣ ਦਾ ਸੁਰਤਿ ਉਪਰਾਲਾ ਕਰਨਾ ਪੈਂਦਾ ਹੈ। ਇਕੁਰ ਬਿਲੋਵਨਾ ਬਿਲੋਵਨ ਦੇ ਸਿਲਸਿਲੇ ਵਿਚਿ ਸਪੱਸ਼ਟ ਤੌਰ ਤੇ ਰਸਨਾ ਕਰਕੇ ਸੁਆਸਾਂ ਦੀ ਸੇੜ੍ਹ ਅੰਦਰਿ ਨਾਮ-ਜਾਪ ਦਾ ਹੁੰਦੇ ਰਹਿਣਾ ਪਰਮ ਜ਼ਰੂਰੀ ਹੈ।

ਐਸਾ ਨਾ ਹੋਵੇ ਕਿ ਨਿਰੀ ਸੁਆਸਾਂ ਦੀ ਹੀ ਆਹਤ ਆਵਾਜ਼ ਰਹਿ ਜਾਵੇ। ਇਹ ਆਹਤੀ ਸੁਆਸ ਅਭਿਆਸ ਨਾਮ ਉਚਾਰ ਦੇ ਰਸ-ਰੰਗਾਂ ਨਾਲਿ ਮਿਸਰਤ ਹੋਇਆ, ਰਸਨਾ ਤੋਂ ਨਿਕਸਦਾ ਰਹਿਣਾ ਅਤੀਅੰਤ ਲੋੜੀਂਦਾ ਹੈ। ਨਹੀਂ ਤਾਂ ਫੋਕੀ ਸ੍ਵਾਸ-ਧੌਂਕਣੀ ਦੀ ਹੌਂਕਣੀ ਨਾਲਿ ਅੰਮ੍ਰਿਤ ਤੱਤ-ਰਸ ਅਮਿਉ-ਮੱਖਣ ਨਹੀਂ ਨਿਕਲਣਾ, ਨਾ ਹੀ ਅਭਿਆਸ ਅਭਿਆਸਣੀਆ-ਦੁੱਧ ਬਣਿਆ ਦੁੱਧ ਮਥਿਆ ਜਾਣਾ ਹੈ। ਇਸ ਬਿਧਿ ਦੁੱਧ ਦਾ ਮਥਣਾ ਰਿੜਕਣਾ ਅਕਾਰਥ ਹੀ ਜਾਵੇਗਾ। "**ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ**" ਖਾਸ ਕਰਿ ਰਸਨਾ ਦੇ ਨਾਲਿ ਰਸ ਰੜਕ ਨਾਲਿ ਸਪਰਸ ਕੇ ਪਾਰਸ ਸ਼ਬਦ 'ਗੁਰੂ' ਦੀ ਧੁਨੀ ਦਾ ਧੁੰਨਤ ਹੋਣਾ ਅਤਿਅੰਤ ਹੀ ਲਾਜ਼ਮੀ ਸ਼ੈ ਹੈ। ਏਸੇ ਪ੍ਰਕਾਰ ਉਪਰ ਨੂੰ ਸੁਆਸ ਖਿਚਦਿਆਂ 'ਵਾਹਿ' ਸ਼ਬਦ ਦੀ ਸਪੱਰਸ਼ਤਾ ਦੀ ਨਿਰਾਲਮੀ ਛੋਹ ਹਲਕ ਤਾਲੂ ਅਤੇ ਉਪਰਲੇ ਦਸਮ ਦੁਆਰੀ ਪੁਲਾੜ ਅੰਦਰਿ ਨਿਗਲੀ ਜਾਣੀ ਚਾਹੀਦੀ ਹੈ, ਨਹੀਂ ਤਾਂ ਬਿਸਮਾਦਤਾ ਜ਼ਾਇਆ ਹੋ ਜਾਵੇਗੀ। ਇਹ ਬਿਸਮਾਦਤਾ ਪਾਰਸ-ਸ਼ਬਦ, ਧੁਰੋਂ ਆਏ ਪਰ ਬਿਸਮਾਦੀ

ਪਾਰਸ-ਸ਼ਬਦ ਦੀ ਛੋਹ ਨਾਲਿ, ਪਾਰਸ ਪ੍ਰਭਾਵੀ ਛੋਹ ਨਾਲਿ ਹੀ ਹੈ। ਸੁੱਕੇ ਹੇਠਾਂ ਉਤਾਹਾਂ ਲਏ ਸਾਹਾਂ ਦੇ ਚੜ੍ਹਾਉ ਉਤਰਾਉ ਵਿਚਿ ਇਹ ਪਾਰਸ ਕਲਾ ਨਹੀਂ ਧਰੀ ਪਈ। ਇਹ ਪਾਰਸ ਕਲਾ ਵਾਲਾ ਅੰਮ੍ਰਿਤ-ਨਾਮ ਧੁਰ ਅਮਰ ਅਟਾਰਿਆਂ ਤੋਂ ਹੀ ਉਤਰਿਆ ਹੈ, ਕਿਸੇ ਦਾ ਬਣਾਇਆ ਨਹੀਂ ਬਣਿਆ। ਗੁਰੂ ਸਾਹਿਬ, ਅਸਾਡੇ ਧੁਰਿ ਅਮਰ ਦਰਗਾਹੀ ਬਸੀਠ ਨੇ ਅਸਾਡੇ ਤੇ ਇਹ ਪਰਮ ਅਮਰ ਪ੍ਰਸਾਦੀ ਕਿਰਪਾ ਕੀਤੀ ਕਿ ਇਹ ਅੰਮ੍ਰਿਤ ਨਾਮ ਸਤਿਗੁਰੂ ਨੇ ਆਪਣੀ ਅੰਮ੍ਰਿਤ ਕਲਾ ਦੁਆਰੇ ਅਧਿਕਾਰੀ ਜਨਾਂ ਦੇ ਅੰਤਰਿ-ਆਤਮੇ ਪਰਵੇਸ਼ ਕਰਨ ਦਾ ਧੁਰਵਾ ਬੰਨ੍ਹਿਆ। ਨਹੀਂ ਤਾਂ ਅਲਪੱਗ ਜੀਵਾਂ ਨੂੰ ਆਪਣੀ ਚਤੁਰਾਈ ਭਰੀ ਕਲਾਕਾਰੀ ਦੁਆਰਾ ਇਸ ਪਾਰਸ-ਭੂਤੀ ਅੰਮ੍ਰਿਤ ਨਾਮ ਨੂੰ ਵਰਤਣ ਦਾ ਕੀ ਚੱਜ ਹੋ ਸਕਦਾ ਹੈ। ਆਪੋਂ ਬਣੇ ਆਪ-ਹੁਦਰੇ ਬਨਾਵਟੀ ਸੰਤਾਂ ਦੀ ਜੁਗਤੀ ਸਭ ਬਨਾਵਟੀ ਕੁਚੱਜਤਾ ਵਾਲੀ ਹੀ ਹੁੰਦੀ ਹੈ।

ਸੱਚਾ ਸੁਚੱਜ ਸਤਿਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੀ ਅਮਰ ਕਲਾ ਵਾਲੀ ਗੁਰ ਦਰਗਾਹੋਂ ਪੰਜ ਜਨਾਂ ਦੇ ਪੰਚਾਇਣੀ ਸੀਨਿਆਂ ਅੰਦਰਿ ਅਮਰ ਜੁਗਤੀ ਨਾਲਿ ਜੁਗਤਾ ਕੇ ਪਰਚੁਰ ਕੀਤਾ, ਤਾਕਿ ਪਾਰਸ ਰੂਪੀ ਅੰਮ੍ਰਿਤ-ਨਾਮ ਦੀ ਪਾਰਸ ਕਲਾ ਦੀ ਛੋਹ ਅਛੋਹ ਨਾ ਹੋ ਜਾਵੇ। ਮੁਖ ਰਸਨਾ ਸੇਤੀ ਅੰਮ੍ਰਿਤ-ਕਲਾਵੀ ਪਾਰਸ ਦਾ ਪਰਸਿਆ ਜਾਣਾ ਗੁਰਮਤਿ ਦੀ ਸਾਜ਼-ਸੁਰਾਜ਼ੀ ਗੋਝ ਜੁਗਤੀ ਹੈ, ਜੋ ਗੁਰਮੁਖਾਂ ਪੰਜਾਂ ਜਨਾਂ ਦੇ ਰਾਜ਼-ਮਰੰਮੀ ਸੀਨਿਆਂ ਅੰਦਰਿ ਪੁਸ਼ਤ ਬਪੁਸ਼ਤੀ ਪ੍ਰਚਲਤ ਹੋਈ ਚਲੀ ਆਉਂਦੀ ਹੈ, ਜੋ ਸ੍ਰੀ ਗੁਰੂ ਨਾਨਕ ਦਸਮੇਸ਼ ਦੇ ਸਮੇਂ ਤੋਂ ਲਾ ਕੇ ਲਗਾਤਾਰ ਚਲੀ ਆਉਂਦੀ ਹੈ। ਮਨਮੁਖਾਂ ਨੂੰ ਇਸ ਗੱਲ ਦਾ ਭੇਦ ਨਹੀਂ ਖੁਲ੍ਹਦਾ। ਨਾ ਹੀ ਖੁਲ੍ਹਣਾ ਚਾਹੀਦਾ ਹੈ। ਗੁਰਮਤਿ ਦਰਸਾਇਆ ਇਹ ਸਰਬੋਤਮ ਕਰਮ ਨਾਮ ਅਭਿਆਸ ਦੀ ਜੁਗਤੀ ਦਾ ਪੰਜ ਪਰਵਾਣ ਪੰਚ ਪਰਧਾਨ ਗੁਰਮੁਖਿ ਪਿਆਰਿਆਂ ਨੂੰ ਹੀ ਸਸ਼ੋਭਤ ਹੈ। ਹੋਰਥੈਂ ਸੋਭਾ ਨਹੀਂ ਪਾਉਂਦਾ, ਨਾ ਹੀ ਹੋਰਥੈਂ ਇਸ ਅੰਮ੍ਰਿਤ-ਕਰਮ ਦਾ ਮਰਮ ਕਿਤੇ ਪਾਇਆ ਜਾਂਦਾ ਹੈ। ਬਸ, ਕੇਵਲ ਗੁਰੂ ਘਰ ਵਿਖੇ ਹੀ ਮਹਿਫ਼ੂਜ਼ ਹੈ। ਇਹ ਤਾਂ ਉਪਰਲੇ ਗੁਰਵਾਕ ਦੇ ਪਹਿਲੇ ਦੋ ਅੰਕਾਂ ਦਾ ਅਨੁਵਾਦ ਹੈ।

ਦੂਜੇ ਦੋ ਅੰਕਾਂ ਵਿਚਿ ਆਨਮਤੀਆਂ ਦੀ ਪਾਖੰਡ ਰੂਪ ਠਾਕੁਰ-ਪੂਜਾ ਦਾ ਖੰਡਨ ਕਰ ਕੇ, ਸੱਚੇ ਗੁਰਮਤਿ ਕਰਮ ਨੂੰ ਇਸ ਦੇ ਮੁਕਾਬਲੇ ਤੇ ਪਰਸਿੱਧ ਕਰਕੇ ਪਰਧਾਨ ਜਣਾਇਆ ਹੈ। ਆਨਮਤੀ ਕਰਮਾਚਾਰੀ ਪਾਹਨ (ਪੱਥਰਾਂ) ਦੇ ਠਾਕੁਰ ਬਣਾ ਕੇ (ਸੰਪਟੀ ਬੰਦ) ਡੱਬੇ ਵਿਚਿ ਰਖਦੇ ਹਨ, ਨਦੀ ਵਿਚ ਨਾਵਾਲ੍ਹਦੇ ਹਨ, ਪੱਤਿਆਂ (ਪੱਤਰਾਂ) ਤੇ ਫੁੱਲਾਂ ਦੇ ਚੜ੍ਹਾਵੇ ਚੜ੍ਹਾ ਕੇ ਆਪਣੇ ਮਨ-ਮੰਨੇ ਅਤੇ ਖ਼ੁਦ-ਘੜੇ ਹੋਏ ਠਾਕਰਾਂ ਨੂੰ ਪ੍ਰਸੰਨ ਕਰਦੇ ਹਨ। ਇਸ ਪ੍ਰਕਾਰ ਦੀ ਪੂਜਾ ਵਾਲੇ ਆਨਮਤੀ ਕਿਰਿਆ-ਕਰਮ ਦੇ ਮੁਕਾਬਲੇ ਵਿਚਿ ਰੱਬ ਦੇ ਰੀਝਾਉਣ ਵਾਲੀ ਅਸਲੀ ਗੁਰਮਤਿ ਅਗਲੇ ਦੋਹਾਂ ਅੰਕਾਂ ਵਿਚਿ ਇਸ ਪ੍ਰਕਾਰ ਦਰਸਾਉਂਦੇ ਹਨ ਅਸਾਡੇ ਗੁਰੂ, ਗੁਰੂ ਨਾਨਕ ਸਾਹਿਬ ਜੀ ਕਿ ਹਿਰਦੇ ਅੰਦਰਿ ਹਰੀ ਨੂੰ ਨਾਮ ਅਭਿਆਸ ਦੁਆਰਾ ਵਸਾ ਕੇ ਗੁਰੂ ਘਰ ਦੇ ਸਤਸੰਗ ਦਰਬਾਰ ਵਿਚਿ ਨਿਤਾਪ੍ਰਤਿ ਹਾਜ਼ਰੀ ਭਰ, ਜਿਸ ਕਰਕੇ ਸਾਰੀਆਂ ਕਦੂਰਤਾਂ ਦੂਰ ਹੋ ਜਾਂਦੀਆਂ ਹਨ ਅਤੇ ਇਹ ਮਨੂਆ ਭੀ ਸੁਅੱਛ ਹੋ ਕੇ ਨਿਰਮਲਤਾ ਵਾਲਾ ਹੋ ਜਾਂਦਾ ਹੈ। ਅਤੇ ਪ੍ਰੇਮ ਦਾ ਚੜ੍ਹਾਵਾ ਚੜ੍ਹਾ ਕੇ ਅਤੇ ਜੀਵਨ ਕੁਰਬਾਨੀ ਦੀ ਅਹੂਤੀ ਦੇ ਕੇ ਪੂਜਾ ਕਰਨ ਨਾਲਿ ਪਰਮਾਤਮਾ ਪ੍ਰਸੰਨ ਹੁੰਦਾ ਹੈ ਤੇ ਤੁਠ ਕੇ ਆਪਣਾ ਸਦੀਵੀ ਦਰਸ-ਮਿਲਾਪ ਬਖ਼ਸ਼ਦਾ ਹੈ । ਮਨ-ਹਿਰਦੇ ਨੂੰ ਹਰੀ ਦੇ ਨਿਵਾਸ ਦਾ ਘਟ-ਸੰਪਟੀ ਡੱਬਾ ਬਣਾਵੇ ਅਤੇ ਗੁਰੂ ਘਰ ਦੀ ਸਤਸੰਗਤਿ ਦੇ ਸਰੋਵਰ ਵਿਚਿ ਇਸ ਦਾ ਅਮਿਉ-ਮੱਜਨੀ

ਇਸ਼ਨਾਨ ਕਰੇ। ਅਤੇ ਸ਼ਰਧਾ ਭਾਵਨੀ ਦੇ ਫੁੱਲ ਪੱਤਰ ਚੜ੍ਹਾ ਕੇ ਪਤੀ ਪਰਮੇਸ਼ਰ ਰੂਪੀ ਦੇਵਤੇ ਦੀ ਸੱਚੀ ਪ੍ਰਸੰਨਤਾ ਲਵੇ। ਆਪਣੇ ਪ੍ਰਾਣ ਤਕ ਭੀ ਅਰਪਨ ਕਰ ਕੇ ਸੇਵਕ ਜਨ ਸੇਵਾ ਰੂਪੀ ਪੂਜਾ ਕਰੇ। ਤਦ ਜਾ ਕੇ ਉਹ ਸੱਚੇ ਪ੍ਰੀਤਮ ਖਸਮ ਦਾ ਸੰਜੋਗ-ਰਸ ਮਾਣ ਸਕਦਾ ਹੈ। ਸ਼ਰਧਾ ਭਾਵਨੀ ਰੂਪ ਪੁਜਾਰੀ ਪਰਮਾਤਮ-ਦੇਵਤਾ ਨੂੰ ਤ੍ਰਿਪਤ ਕਰ ਸਕਦਾ ਹੈ। ਸਾਹਿਬ ਸੱਚੜੇ ਪਤੀ ਨੂੰ ਰਾਵਣ ਦਾ ਇਕੋ ਇਕ ਜ਼ਰੀਆ ਇਹੋ ਹੈ ਕਿ ਪ੍ਰਾਣ ਮਨ ਤਨ ਸਭ ਕੁਛ ਉਸ ਦੀ ਸੇਵਾ ਦੇ ਮਾਰਗ ਵਿਚਿ ਅਰਪ ਦੇਵੇ। ਕਹਿਣ ਵਾਲੇ ਹੋਰ ਹੋਰ ਪੂਜਾਵਾਂ ਵਿਚ ਖਚਤ ਹੋ ਕੇ ਆਨ ਦੇਵ ਸੇਵਾ ਦੀ ਮਹਿਵਤਾ ਵਿਚ ਦੁਨੀਆ ਤੋਂ ਵਿਦਾ ਹੁੰਦੇ ਚਲੇ ਜਾਂਦੇ ਹਨ। ਪ੍ਰੰਤੂ ਹੇ ਵਾਹਿਗੁਰੂ! ਤੇਰੇ ਸਮਸਰ ਦਾ ਨਾ ਕੋਈ ਹੋਰ ਹੋਇਆ ਹੈ ਨਾ ਹੋਵੇਗਾ। ਭਗਤੀ ਤੋਂ ਹੀਣਿਆਂ ਦੀ ਇਹੀ ਜਾਚਨਾ ਹੋਣੀ ਚਾਹੀਦੀ ਹੈ ਕਿ ਇਕੋ ਵਾਹਿਗੁਰੂ ਦੀ ਸਿਫ਼ਤ ਸਾਲਾਹੀ ਸਾਲਾਹੁਣ ਕਰਮ ਕਮਾਉਣ ਨੂੰ ਮਿਲੇ। ਆਨ ਦੇਵ ਸੇਵ ਟੇਵ ਉੱਕੀ ਹੀ ਮਿਟ ਜਾਵੇ। ਸ੍ਰੀ ਗੁਰੂ ਨਾਨਕ ਸਾਹਿਬ ਭਗਤਿ-ਹੀਣਾਂ ਨੂੰ ਸੱਚਾ ਭਗਤੀ ਭਾਵ ਵਾਲਾ ਪਰਧਾਨ ਕਰਮ ਜਣਾਉਂਦੇ ਦ੍ਰਿੜ੍ਹਾਉਂਦੇ ਹਨ, ਜਿਸ ਪਰਧਾਨ ਗੁਰਮੁਖਿ ਕਰਮ ਦੇ ਬਰੋਬਰ ਹੋਰ ਕੋਈ ਕਰਮ ਨਹੀਂ, ਨਾ ਕੋਈ ਧਰਮ ਹੀ ਹੈ।

# ੨੭ - ਚਹੁੰਆਂ ਜੁਗਾਂ ਦਾ ਨਿਬੇੜਾ

ਬਿਲਾਵਲੁ ਮਹਲਾ ੩ ॥ ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥ ੧ ॥ ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥ ੧ ॥ ਰਹਾਉ ॥ ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥ ੨ ॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ ੩ ॥ ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥ ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥ ੪ ॥ ੪ ॥

(ਪੰਨਾ ੭੯੭-੯੮)

ਵਿਆਖਿਆ— ਸਿਰਜਨਹਾਰ ਕਰਤਾਰ ਸ੍ਰਿਸ਼ਟੀ ਰਚਨਹਾਰ ਕਰਤੇ ਪੁਰਖ ਨੇ, ਪੂਰੇ ਸਰਬੱਗ ਪੁਰਖ ਨਿਰੰਕਾਰ ਨੇ ਸ੍ਰਿਸ਼ਟੀ-ਰਚਨਾ ਦਾ ਪੂਰਾ ਹੀ ਠਾਟ ਬਣਾਉ ਬਣਾਇਆ ਹੈ। ਦੇਖਣ ਵਾਲੀ ਅਚਰਜ ਗੱਲ ਇਹ ਹੈ ਕਿ ਸਭ ਇਕ-ਸਮਾਨ ਹੀ ਥਾਟ ਥਟਿਆ ਹੋਇਆ ਹੈ।

ਪੂਰੇ ਕਾ ਕੀਆ ਸਭੁ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥

(ਸਲੋਕ ਮਃ ੧, ਪੰਨਾ ੧੪੧੨)

ਗੁਰੂ ਪੂਰੇ ਨੇ ਰਚਨਾ ਰਚਨ ਵਿਚਿ ਕਿਤੇ ਘਾਟ ਵਾਧ ਨਹੀਂ ਕੀਤੀ, ਇਕ-ਸਮਾਨ ਹੀ ਰਚਨਾ ਰਚੀ ਹੈ। ਇਹ ਰਚਿਆ ਹੋਇਆ ਸਾਰਾ ਸੰਸਾਰ ਪੰਜਾਂ ਤੱਤਾਂ ਦੀ ਹੀ ਰਚੀ ਪਰਪੰਚ ਰਚਨਾ ਹੈ। ਸਾਰੇ ਸੰਸਾਰੀ ਪੁਰਸ਼ ਪੰਚ-ਤੱਤਕੀ ਪੰਜ-ਭੂਤਕੀ ਕਰਮ ਕਰਦੇ ਹਨ। ਪਰ ਇਸ ਪਰਪੰਚ ਸੰਸਾਰ ਵਿਚਿ ਵਡਿਆਈ ਹੈ ਤਾਂ ਸਾਚੇ ਨਾਮ ਨਿਰਬਾਣੀ ਕਰਮ ਕਮਾਈਆਂ ਕਰਨਹਾਰਿਆਂ ਦੀ ਹੈ। ਹੋਰ ਕਿਸੇ ਕਰਮ ਦੀ, ਕਿਸੇ ਆਨ ਕਰਮ ਕਰਨਹਾਰੇ ਦੀ ਵਡਿਆਈ ਨਹੀਂ। ਮਤੇ ਕੋਈ ਆਨ ਪਰਪੰਚ ਕਰਮੀ ਆਪਣੇ ਪਰਪੰਚ ਕਰਮ ਦੀ ਵਡਿਆਈ ਲਈ ਫਿਰੇ ਤੇ ਕਰਮ ਵਡਿਆਈ ਦਾ ਅਭਿਮਾਨ ਕਰੀ ਫਿਰੇ, ਅਭਿਮਾਨ ਕਰ ਕੇ ਆਪਣੇ ਹਿਰਦੇ ਅੰਦਰਿ ਧਰੀ ਫਿਰੇ। ਜੇ ਕੋਈ ਕਿਸੇ ਹੋਰ ਆਪਣੇ ਕੀਤੇ ਕਰਮਾਂ ਦਾ ਅਭਿਮਾਨ ਆਪਣੇ ਮਨ ਵਿਚ ਕਰਦਾ ਹੈ, ਉਸ ਦਾ ਐਸਾ ਕਰਨਾ ਬਿਰਥਾ ਹੈ। ਬਿਰਥਾ ਹੀ ਨਹੀਂ, ਮਹਾਂ ਮੂਰਖਤਾ ਭਰਿਆ ਗੁਮਾਨ ਹੈ। ਤ੍ਰਿਤੀਏਸ ਗੁਰੂ ਨਾਨਕ ਅਮਰੇਸ਼ ਨੇ ਮੋਹਰ ਲਾ ਦਿੱਤੀ ਹੈ ਕਿ ਪਰਪੰਚ-ਰਚਨਾ ਦੇ ਪਰਪੰਚੀ ਲੋਕਾਂ ਦੇ ਪਰਪੰਚ ਕਰਮਾਂ ਦੀ ਕੋਈ ਵਡਿਆਈ ਨਹੀਂ। ਇਸ ਪਰਪੰਚ ਵਿਖੇ ਵਡਿਆਈ ਹੈ ਤਾਂ ਸਾਚੇ ਨਾਮ, ਨਿਰਬਾਣੀ ਨਾਮ ਕਰਮ ਅਭਿਆਸ ਦੀ ਹੈ। ਆਨ ਪਰਪੰਚ-ਕਰਮੀ ਆਪੋ ਆਪਣੇ ਕਰਮਾਂ ਧਰਮਾਂ ਦਾ ਫ਼ਜ਼ੂਲ ਮਾਨ ਗੁਮਾਨ ਕਰੀ ਫਿਰਦੇ ਹਨ।

ਸਤਿਗੁਰੂ ਦੀ ਜਿਸ ਨੂੰ ਸੱਚੀ ਸੁਮਤਿ ਗੁਰਮਤਿ ਮਤਿ ਆਉਂਦੀ ਹੈ, ਉਹ ਸੱਚੇ ਸਤਿਗੁਰੂ ਤੋਂ ਗੁਰ-ਦੀਖਿਆ ਲੈ ਕੇ, ਉਸ ਗੁਰ-ਦੀਖਿਆ ਅਨੁਸਾਰੀ ਕਰਮ ਕਮਾਈਆਂ ਕਰਦਾ ਹੈ ਅਤੇ ਇਹ ਕਰਮ ਕਮਾਈਆਂ ਕਰਦਾ ਕਰਦਾ ਸਤਿਗੁਰੂ ਦੇ ਸਰੂਪ ਵਿਖੇ ਸਮਾ ਜਾਂਦਾ ਹੈ। ਇਹ ਕਰਮ ਕਮਾਈ ਸੱਚੇ ਨਾਮ ਦੀ ਹੀ ਹੈ, ਜੋ ਗੁਰ-ਦੀਖਿਆ ਗੁਰ-ਮੰਤਰ ਦੁਆਰਾ ਸਤਿਗੁਰੂ ਦੇ ਦੁਆਰਿਓਂ ਗੁਰਸਿਖਾਂ ਗੁਰਮੁਖਿ ਜਨਾਂ ਨੂੰ ਪ੍ਰਾਪਤਿ ਹੁੰਦੀ ਹੈ, ਜਿਸ ਨਾਮ ਅਭਿਆਸ-ਮਈ ਕਰਮ-ਕਮਾਈ ਨੂੰ ਕਰਿ ਕਰਿ ਉਕਤ ਗੁਰਮੁਖਿ ਜਨ ਪੰਚ ਪਰਵਾਨ ਪੰਚ ਪਰਧਾਨ ਗੁਰੂ ਵਰ ਦਰ ਨੀਸ਼ਾਨੇ ਹੋ ਜਾਂਦੇ ਹਨ। ਜੋ ਸਤਿਗੁਰੂ ਦੀ ਉਪਦੇਸ਼ ਦੀਖਿਆ ਰੂਪੀ ਬਾਣੀ ਨੂੰ ਮਨੋਂ ਤਨੋਂ ਹਿਤੋਂ ਚਿਤੋਂ ਜਿਗਰੋਂ ਸਤਿ ਜਾਣ ਕੇ ਮੰਨਦਾ ਹੈ ਤਿਸ ਗੁਰਮੁਖਿ ਜਨ ਦੇ ਹੀ ਹਿਰਦੇ ਅੰਦਰਿ, ਅੰਤਰਿ ਆਤਮੇ, ਰਗੋ ਰੇਸ਼ੇ ਅੰਦਰਿ, ਰੋਮ ਰੋਮ ਵਿਚ ਸੱਚੜਾ ਨਾਮ ਦ੍ਰਿੜ੍ਹਤਾ ਸਹਿਤ ਪਰਵੇਸ਼ ਹੋ ਜਾਂਦਾ ਹੈ। ਓਹੀ ਜਨ ਜੁਟ ਕੇ ਤੇ ਟੁਟ ਕੇ ਨਾਮ ਅਭਿਆਸ ਕਮਾਈਆਂ ਕਰਦਾ ਹੈ। ਏਸੇ ਪਰਧਾਨ ਕਰਮ ਦੁਆਰਾ ਹੀ ਨਿਸਤਾਰਾ ਪਾਰ-ਉਤਾਰਾ ਹੈ। ਇਹੀ ਨਾਮ ਅਭਿਆਸ ਰੂਪੀ ਸੱਚੜਾ ਪਰਧਾਨ ਕਰਮ ਹੀ ਸਫਲ ਫਲਾਰਾ ਹੈ।

ਗੁਰਮਤਿ ਨਾਮ ਦੀ ਇਸ ਪਰਧਾਨਤਾ (ਫ਼ਜ਼ੀਲਤ) ਦਾ ਤੱਤ ਨਿਬੇੜਾ ਹੁਣ ਨਿਬੇੜਾ ਹੈ। ਸਾਰੇ ਜੁਗਾਂ ਦੇ ਪਰਖ-ਦੇਖੇ ਕਰਮਾਂ ਦੇ ਗੁੱਰਤ ਜ਼ਮੀਰ ਨੂੰ ਪਰਤੱਖ ਹੋਏ ਤਜਰਬਿਆਂ ਦਾ ਤੱਤ ਨਿਚੋੜ ਇਹੀ ਹੈ ਕਿ ਮਾਨੁਖ ਜਾਤੀ ਦੇ ਰਰ ਫ਼ਰਦੇ ਬਸ਼ਰ ਲਈ ਬਰਕਤਾਂ ਦਾ ਖ਼ਜ਼ਾਨਾ ਇਕੋ ਗੁਰਮਤਿ ਨਾਮ ਅਤੇ ਗੁਰਮਤਿ ਨਾਮ ਅਭਿਆਸ ਮਈ ਤੱਤ ਗੁਰਮਤਿ ਕਰਮ ਹੀ ਹੈ। ਨਾਮ-ਨਿਧਾਨੀ ਬਰਕਤਾਂ ਵਾਲਾ ਪਰਧਾਨ ਗੁਰਮਤਿ ਕਰਮ ਇਕ ਸਰਬੋਤਮ ਕਰਮ ਹੈ, ਜਿਸ ਦੀ ਪਰਧਾਨਤਾ ਸਾਰੇ ਹੀ ਚਾਰੇ ਜੁਗਾਂ ਵਿਚਿ ਮੰਨੀ-ਪਰਮੰਨੀ ਗਈ ਹੈ। ਨਰ ਪ੍ਰਾਣੀਆਂ ਦੇ ਜੁਗਾਂ-ਜੁਗਾਂਤਰੀ ਕੀਤੇ ਕਰਮਾਂ ਦਾ ਨਿਬੇੜਾ ਹੁਣ ਇਸ ਕਲਜੁਗ ਅੰਦਰਿ ਹੋਣਾ ਹੈ। ਹੋਣ ਵਾਲਾ ਹੀ ਹੈ। ਨਾਮ-ਨਿਧਾਨੀ ਗੁਰਮੁਖਿ ਪਰਧਾਨ ਕਰਮ ਵਾਲਿਆਂ ਦੀ ਹੀ ਹਰੇਕ ਕਰਮ-ਛੇਤਰ ਅੰਦਰਿ ਜੈ-ਬਿਜੈ ਹੋਣੀ ਹੈ, ਹਰ ਮੈਦਾਨ ਫ਼ਤਹ ਹੋਣੀ ਹੈ। ਜਿਸ ਜਿਸ ਨੂੰ ਭੀ ਇਹ ਨਾਮ-ਨਿਧਾਨੁ ਮਿਲ ਗਿਆ, ਉਸੇ ਦੀ ਹੀ ਹਰੇਕ ਕਰਮ-ਛੇਤਰ ਵਿਚਿ ਕਾਮਯਾਬੀ ਹੋਵੇਗੀ। ਆਚਾਰ ਬਿਉਹਾਰੀ ਅਰਥ ਪ੍ਰਮਾਰਥੀ ਸਮਾਜਸੀ ਰਾਜਸੀ ਮੈਦਾਨ ਵਿਚਿ ਓੜਕ ਜੈ-ਬਿਜਈ ਸੇਹਰਾ ਨਾਮ-ਨਿਸ਼ਾਨੀਆਂ ਨੂੰ ਹੀ ਮਿਲਣਾ ਹੈ। ਖਾਲਸਾ ਕੌਮ ਨਾਮ-ਨਿਧਾਨੀ ਕਰਮ-ਪਰਧਾਨੀ ਗੁਰਮੁਖਾਂ ਦੀ ਹੀ ਹੈ। ਤੇਜ ਪਰਤਾਪ ਸਾਰਾ ਨਾਮ ਨਿਧਾਨ ਦੀ ਬਰਕਤ ਕਮਾਈਆਂ ਵਿਚਿ ਹੀ ਹੈ। ਨਾਮ ਦੀ ਬਰਕਤ ਕਮਾਈ ਵਾਲੇ ਖਾਲਸਾ ਜਨ ਓਹ ਹਨ ਜਿਨ੍ਹਾਂ ਨੇ ਜਾਗਤ ਜੋਤਿ ਨੂੰ ਨਿਸ ਬਾਸਰ ਜਪ ਕੇ ਪੂਰਨ ਜੋਤਿ ਨੂੰ ਆਪਣੇ ਘਟਾਂ ਵਿਚਿ ਜਗਾ ਲਿਆ ਹੈ। ਤਾਂ ਤੇ ਚੌਹਾਂ ਜੁਗਾਂ ਦਾ ਨਿਬੇੜਾ ਹੋਣਾ ਹੁਣ ਅਤਿ ਨੇੜੇ ਹੈ, ਕਸਰ ਹੈ ਤਾਂ ਘਟ-ਜੋਤਿ-ਜਗੰਤਰੇ ਗੁਰਮੁਖਿ ਜਨਾਂ ਨੂੰ ਪੰਥ ਅੰਦਰਿ ਪਰਗਟ ਰੂਪ ਵਿਚਿ ਪਰਧਾਨਤਾ ਮਿਲਣ ਦੀ ਹੈ। ਮਲੇਛ ਰਾਜ ਦੇ ਸਦੀਆਂ ਬੱਧੇ ਉਲਟ ਪ੍ਰਭਾਵ ਪੈਣ ਕਰਕੇ ਅਤੇ ਮਲੇਛੀ ਹਕੂਮਤ ਦੀ ਗ਼ੁਲਾਮੀ ਕਰਨ ਕਰਕੇ, ਇਸ ਮਲੇਛੀ ਹਕੂਮਤ ਦੀ ਗ਼ੁਲਾਮੀ ਕਰਨਹਾਰੇ ਸਿਖ ਸ਼ਕਲ ਦੇ ਗ਼ੁਲਾਮਾਂ ਅੰਦਰਿ ਮਲੇਛਤਾ ਛਾ ਗਈ ਹੈ, ਮਲੇਛਤਾ ਘਰ ਕਰ ਗਈ ਹੋਈ ਹੈ, ਜਿਸ ਕਰਕੇ ਖਾਲਸਈ ਤੱਤ ਓਹਨਾਂ ਵਿਚਿ ਨਹੀਂ ਰਹਿਆ। ਮਲੇਛਤਾ ਦਾ ਮਿਲਗੋਭਾਪਨ ਵਰਤ ਗਿਆ। ਇਹ ਮਲੇਛੀ ਮਿਲਗੋਭਾਪਨ-ਅੰਸੀਏ ਦੇਖਣ ਪਾਖਣ ਨੂੰ ਸਿਖ ਦਿਸਣ ਵਾਲੇ ਮਾਨੂ ਮਲੇਛ ਸਿਖ ਬਣ ਗਏ ਹਨ, ਜਿਨ੍ਹਾਂ ਦੇ ਕਰਮ ਧਰਮ ਚੱਜ ਆਚਾਰ ਸਭ ਮਲੇਛਾਂ ਵਾਲੇ ਹੀ ਹਨ। ਸਿਰਫ਼ ਬੁਰਕਾ ਹੀ ਬੁਰਕਾ ਸਿੱਖੀ ਦਾ ਹੈ। ਨਾਮ ਨਿਧਾਨ ਤਿਨ੍ਹਾਂ ਦੇ ਨੇੜੇ ਨਹੀਂ। ਨਾਮ-ਨਿਧਾਨੀ ਪਰਧਾਨ-ਕਮਾਈਆਂ ਤਾਂ ਓਹਨਾਂ ਤੋਂ ਕੀ ਹੋਣੀਆਂ ਸਨ, ਅਹੰਮਤਿ ਮਤਸਰੀ ਬਣੇ ਹੋਏ ਆਪਣੀ ਕੌਮ ਦੇ ਅੰਗਾਂ ਨੂੰ ਹੀ ਵੱਢ ਵੱਢ ਖਾ ਰਹੇ ਹਨ। ਇਕ ਦੂਜੇ ਦੇ ਵੈਰੀ ਹੋ ਗਏ ਹਨ। ਖਾਲਸਈ ਗ਼ੈਰਤ ਅਣਖ ਤਿਨ੍ਹਾਂ ਦੇ ਅੰਦਰਿ ਰਾਈ ਮਾਤਰ ਭੀ ਨਹੀਂ

ਰਹੀ। ਨਿਪੁੰਸਕ ਆਨਮਤੀ ਹਕੂਮਤ ਦੀ ਚਾਕਰੀ ਗ਼ੁਲਾਮੀ ਕਰਨਾ ਬੜਾ ਭਾਰਾ ਫ਼ਖ਼ਰ ਸਮਝਦੇ ਹਨ। ਪੰਥ ਵਿਚਿ ਫੋਕੀ ਚੌਧਰਤਾ ਹੀ ਭਾਲਦੇ ਹਨ। ਪੰਥ ਅੰਦਰਿ ਇਹ ਜੋ ਫੋਕਟ ਚੌਧਰਤਾ ਦੇ ਧੜੇ ਬਣ ਰਹੇ ਹਨ, ਇਹ ਸਭ ਏਸ ਕਰਕੇ ਹਨ ਕਿ ਏਹਨਾਂ ਅੰਦਰਿ ਮਹਾਂ ਮਲੇਛਤਾ ਛਾਈ ਹੋਈ ਹੈ, ਜੋ ਮਿਟਾਈ ਮਿਟਦੀ ਨਹੀਂ। ਖ਼ੁਦ ਮਿਟ ਜਾਣਗੇ ਤਾਂ ਮਿਟੇਗੀ, ਪੰਥ ਵਿਚੋਂ ਇਹ ਮਲੇਛ ਅੰਸ ਖੈ ਹੋ ਜਾਵੇਗੀ। ਅਤੇ ਨਿਰੋਲ ਖਾਲਸਈ ਰੂਹਾਂ, ਤੱਤ ਨਾਮ ਨਿਧਾਨੀ ਰੂਹਾਂ ਨਿਖਰ ਅਤੇ ਨਿੱਤਰ ਆਉਣਗੀਆਂ। ਅਜਿਹੀਆਂ ਰੂਹਾਂ ਦੇ ਪੁੰਜਾਂ ਦੇ ਪੁੰਜ ਪੈਦਾ ਹੋ ਜਾਣਗੇ, ਜੋ ਦਬਾ ਦਬ ਗੁਰੂ ਨੇਤ ਅਨੁਸਾਰ ਪੈਦਾ ਹੋ ਰਹੇ ਹਨ, ਅਤੇ ਪੈਦਾ ਹੁੰਦੇ ਚਲੇ ਜਾ ਰਹੇ ਹਨ। ਫੇਰ ਖਾਲਸੇ ਦਾ ਹਲੇਮੀ ਰਾਜ ਸੰਸਾਰ ਅੰਦਰਿ ਵਰਤੇਗਾ। ਓੜਕ ਨਾਮ-ਨਿਧਾਨੀਆਂ ਦੀ ਹੀ ਹਰ ਮੈਦਾਨ ਫ਼ਤਹ ਹੋਣੀ ਹੈ। ਨਾਮ ਨਿਧਾਨ ਕਮਾਈ ਵਾਲੇ ਪੰਜਾਂ ਦੇ ਹਥਿ ਜਦੋਂ ਪੰਥ ਦੀ ਡੋਰ ਆਵੇਗੀ ਤਦੋਂ ਇਹ ਮਲੇਛੀ ਅੰਸ ਖਾਲਸਾ ਕੌਮ ਵਿਚੋਂ ਆਪੇ ਖੈ ਹੋ ਜਾਵੇਗੀ[੧]। "ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ"[੨] ਗੁਰਵਾਕ ਦੇ ਭਾਵ ਅਨੁਸਾਰ ਖਾਲਸਾ ਕੌਮ ਸੱਚੇ ਸੂਰਮਿਆਂ ਸੂਰਬੀਰਾਂ ਦੀ ਕੌਮ ਹੈ। ਸੱਚੀ ਸੂਰਮਤਾ ਸੂਰਬੀਰਤਾ ਆਤਮ ਰੰਗ ਵਾਲੇ ਨਾਮ-ਨਿਧਾਨੀ ਗੁਰਮੁਖਾਂ ਅੰਦਰਿ ਹੀ ਆ ਸਕਦੀ ਹੈ। ਇਸ ਜੁਗ ਕਲਜੁਗ ਅੰਦਰ ਨਾਮ ਨਿਧਾਨ ਹੀ ਪਰਧਾਨ ਕਰਮ ਹੈ। ਅਤੇ ਪਰਧਾਨ-ਕਰਮੀ ਗੁਰਮੁਖਿ ਜਨ ਖਾਲਸਾ ਕੌਮ ਅੰਦਰਿ ਹੀ ਵਿਦਮਾਨ ਹਨ। ਅਤੇ ਦੂਜੀ ਕੋਈ ਸੂਰਤ ਹੀ ਨਹੀਂ, ਜਿਸ ਕਰਕੇ ਕਿ ਸਾਰੇ ਸੰਸਾਰ ਦੇ ਮਜ਼ਲੂਮਾਂ ਉਤੇ ਜ਼ੁਲਮ ਹੋਣੇ ਹਟ ਜਾਣ। ਚਹੁੰਆਂ ਜੁਗਾਂ ਦਾ ਨਿਬੇੜਾ ਇਸ ਬਿਧਿ ਹੀ ਹੋਵੇਗਾ। ਜਦ ਨਾਮ-ਰਸੀਏ ਸਿੰਘ ਖੁੰਬਾਂ ਵਾਂਗੂੰ ਖਾਲਸਾ ਕੌਮ ਅੰਦਰਿ ਉਗਵ ਖਲੋਣਗੇ, ਅਤੇ ਉਗਵਣਗੇ ਨਾਮ-ਨਿਧਾਨੀ ਸੂਰਮੱਤ ਪਰਧਾਨ ਸਪਿਰਟ ਦੇ ਤਾਣ। ਖਾਲਸਈ ਸਪਿਰਟ ਵਿਥਾਰੂ ਸਤਿਗੁਰੂ ਸੂਰਮਾ ਸਦਾ ਖਾਲਸਾ ਜੀ ਦੇ ਸੀਸ ਉਤੇ ਸੁਭਾਇਮਾਨ ਹੈ, ਸਪਿਰਟੋਂ ਘੁੱਥਿਆਂ ਨੂੰ ਦਿਸਦਾ ਨਹੀਂ।

**ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥ ੭ ॥**

**(ਗਉੜੀ ਸੁਖਮਨੀ ਮਃ ੫, ਪੰਨਾ ੨੯੩)**

ਸਪਿਰਟ-ਜੋਤੀਸ਼ਰਾਂ ਦੇ ਸਾਰੇ ਹੀ ਕਾਰਜ ਪੂਰੇ ਹੋ ਜਾਣੇ ਹਨ। ਸਭ ਤੋਂ ਵਡ-ਮਨੋਰਥੀ ਕਾਰਜ ਖਾਲਸਾ ਜੀ ਦਾ ਇਹ ਹੈ, ਸਾਰੇ ਸੰਸਾਰ ਅੰਦਰਿ ਸੱਚੜਾ ਧਰਮ ਨਿਆਇੰ ਵਾਲਾ ਹਲੇਮੀ ਰਾਜ ਵਰਤ ਜਾਵੇ, ਜਾਂ ਤੇ ਪਰਜਾ ਭੀ ਸੁਖੀ ਵਸੇ ਅਤੇ ਪਰਜਾ-ਪਤੀ ਭੀ ਸੁਖੀਏ ਸੁਹੇਲੇ ਦੋਹੀਂ ਲੋਕੀਂ ਹੋਣ। ਮਜ਼ਲੂਮਾਂ ਅਨਾਥਾਂ ਉਤੇ ਜ਼ੁਲਮ ਹੋਣਾ ਹਟ ਜਾਵੇ। ਇਹ ਹਲੇਮੀ ਰਾਜ ਦਾ ਖਾਲਸਈ ਆਦਰਸ਼ ਹੈ। ਅਜੇ ਮਲੇਛੀ ਬੁਰਕਾ-ਪੋਸ਼ ਸਿਖ ਅੱਜ ਦੀ ਧਰਮ ਨਿਆਇੰ ਤੋਂ ਹੀਣ ਹੀਜੜੀ ਸਰਕਾਰ ਦੀ ਗ਼ੁਲਾਮੀ ਚਾਕਰੀ ਵਿਚਿ ਆਏ ਹੋਏ ਹਨ। ਸੱਚੀ ਖਾਲਸਈ ਸਪਿਰਟ ਤੋਂ ਖ਼ਾਲੀ ਅਤੇ ਖ਼ਾਰਜ ਹੋ ਰਹੇ ਹਨ। ਇਹ ਪੰਥ ਅੰਦਰੋਂ ਭੀ ਛੇਤੀ ਖ਼ਾਰਜ ਹੋ ਜਾਣਗੇ। ਏਹਨਾਂ ਅੰਦਰਿ ਏਤਨਾ ਭੀ ਸਾਹਸ ਨਹੀਂ ਰਿਹਾ ਕਿ ਮਜ਼ਲੂਮਾਂ ਉਤੇ ਹੋਏ ਜ਼ੁਲਮ ਦਾ 'ਆਹ' ਦਾ ਨਾਅਰਾ ਹੀ ਮਾਰ ਛਡਣ। ਏਹਨਾਂ ਮਲੇਛੀ ਮਤਿ ਵਾਲੇ ਯਰਕਈ ਸਿੱਖਾਂ ਦੀ ਹਕੂਮਤ ਪੁਰਜ਼ਈ ਰੁਕਨਾਵਾਂ ਵਲੋਂ ਏਹਨਾਂ ਦੇ ਸਾਹਮਣੇ ਨਾਮ-ਨਿਧਾਨੀ ਸ਼ਬਦ-ਸੁਰਤਿ-ਨੈਸਾਣੀ ਨਿਹੰਗ ਸਿੰਘਾਂ ਉਤੇ ਦਿਨ ਦਿਹਾੜੇ ਮਾਰ-ਧਾੜੀ ਜ਼ੁਲਮ ਹੋਏ, ਜੋ ਹਿੰਦੁਸਤਾਨ ਅੰਦਰ

---

੧ ਪੁਰਾਣੀਆਂ ਸਾਖੀਆਂ ਵਿਚ ਇਹ ਬਚਨ ਆਉਂਦੇ ਹਨ-

ਮਲੇਛ ਖਾਲਸਾ ਹੋਸੀ ਨਾਸ॥
ਪੰਥ ਖਾਲਸਾ ਹੋਸੀ ਪ੍ਰਕਾਸ਼॥

੨ [illegible] ਮਃ ੫, ਪੰਨਾ ੬੮੦


www.sikhbookclub.com

ਹੋਈ ਕਿਸੇ ਹਕੂਮਤ ਦੇ ਜ਼ਮਾਨੇ ਵਿਚਿ ਨਹੀਂ ਹੋਏ, ਪਰ ਏਹਨਾਂ ਹਕੂਮਤ ਦੇ ਪੁਰਜ਼ੇ ਹਕੂਮਤ ਦੇ ਰੁਕਨ ਅਖਾਉਣ ਵਾਲੇ ਬੇਗ਼ੈਰਤ ਨਾਮ ਨਿਹਾਦ ਸਿੱਖਾਂ, ਗ਼ੈਰ ਹਕੂਮਤ ਦੀ ਚਾਕਰੀ ਵਾਲੇ ਗ਼ੁਲਾਮਾਂ ਦੇ ਬੇਦਰਦ ਹਿਰਦਿਆਂ ਅੰਦਰਿ ਭੋਰਾ ਦਰਦ ਨਾ ਆਇਆ। ਤਰਸ ਤੇ ਦਰਦ ਤਾਂ ਕੀ ਆਉਣਾ ਸੀ, ਸਗੋਂ ਓਹਨਾਂ ਨੇ ਨਿਸੰਗ ਹੋ ਕੇ ਬਿਚਾਰੇ ਸ਼ਹੀਦ ਹੋਏ ਪੰਥ ਦੇ ਸੇਵਕਾਂ ਨੂੰ ਅਣਿਆਈ ਕੋਸਣੀ ਕੋਸਿਆ। ਏਹਨਾਂ ਨੂੰ ਕਮਿਊਨਿਸਟ ਦੱਸਣ ਦੀ ਕੁਹਜੀ ਕਰਤੂਤ ਕੀਤੀ ਤੇ ਉਲਟੀ ਖ਼ੁਸ਼ੀ ਮਨਾਈ। ਪਰ ਇਹ ਸ਼ਹੀਦੀ ਏਹਨਾਂ ਨਾਪਾਕੀਆਂ ਦੇ ਰਾਜ ਉਲਟਾਉਣ ਲਈ ਹੋਈ ਹੈ। ਜਿਸ ਰਾਜ ਅੰਦਰ ਅਜਿਹੇ ਜ਼ੁਲਮ ਹੋਣ, ਉਹ ਰਾਜ ਚੰਦ ਦਿਨਾਂ ਦਾ ਪ੍ਰਾਹੁਣਾ ਹੀ ਹੋਇਆ ਕਰਦਾ ਹੈ। ਇਹ ਸ਼ਹੀਦ ਨਿਹੰਗਾਂ ਸਿੰਘਾਂ ਦੀਆਂ ਆਤਮਾਵਾਂ ਤਾਂ ਪਰਲੋਕੀ ਗੁਰ ਦਰਬਾਰ ਵਿਚਿ ਜਾ ਸੁਰਖ਼ਰੂ ਹੋਈਆਂ। ਸਾਨੂੰ ਮੁਸੱਰਤ ਏਸ ਗੱਲ ਦੀ ਹੈ ਕਿ ਜ਼ੁਲਮ ਦੇ ਰਾਜ ਨੂੰ ਏਹਨਾਂ ਦੀਆਂ ਸ਼ਹੀਦੀਆਂ ਜੜ੍ਹੋਂ ਉਖੇੜ ਗਈਆਂ। ਅਜਿਹੀਆਂ ਸਤੋਗੁਣੀਆਂ ਰੂਹਾਂ ਨਿਸ਼ਕਾਮ ਪੰਥ ਸੇਵਕਾਂ ਦੀਆਂ ਵਧ ਤੋਂ ਵਧ ਪੰਥ ਅੰਦਰਿ ਪਰਗਟ ਹੋਣਗੀਆਂ ਅਤੇ ਪੰਥ ਦਾ ਵਾਲੀ ਖ਼ੁਦ ਆਪਣੇ ਪੰਥ ਨੂੰ ਅਜਿਹੀਆਂ ਆਤਮਾਵਾਂ ਸੇਤੀ ਸਰਸ਼ਾਰ ਕਰੇਗਾ। ਅਸਾਡੇ ਸਿਰ ਤੇ ਖੜ ਕੇ ਸੱਚੀ ਸੂਰਮਤਾ ਦੀ ਸਪਿਰਟ ਸੜੀਆਂ ਬੁਝੀਆਂ ਰੂਹਾਂ ਅੰਦਰਿ ਭੀ ਭਰੇਗਾ। ਅਜਿਹੀ ਆਤਮ-ਤੱਤੀ ਆਤਮਾਵਾਂ ਦਾ ਤਾਂਤੇ ਦਾ ਤਾਂਤਾ ਸ਼ੀਘਰ ਹੀ ਉਠ ਖਲੋਇਗਾ ਅਤੇ ਹੱਕੋ ਹੱਕ ਨਿਆਉਂ ਨਿਬੇੜਾ ਕਰੇਗਾ। ਚਹੁੰਆਂ ਜੁਗਾਂ ਦਾ ਨਿਬੇੜਾ ਹੋਣ ਦੇ ਇਹ ਤੱਤ-ਫੜੱਤੀ ਆਸਾਰ ਹਨ। ਚਹੁੰਆਂ ਜੁੱਗਾਂ ਦਾ ਨਿਬੇੜਾ ਕਰਨਹਾਰ ਇਕੋ ਇਕ ਨਿਧਾਨ ਜੋ ਵਿਰਲੀਆਂ ਰੂਹਾਂ ਦੇ ਵਿਰਸੇ ਵਿਚਿ ਆਇਆ ਹੋਇਆ ਹੈ, ਗੁਰੂ ਕਲਗੀਆਂ ਵਾਲੇ ਦੀ ਕਿਰਪਾ ਨਾਲਿ ਵਾਛੜ ਵਾਲਾ ਮੀਂਹ ਸਾਰੀ ਖਾਲਸਾ ਕੌਮ ਅੰਦਰਿ ਵਰਸੇਗਾ। ਇਸ ਵਿਚਿ ਹੀ ਕਲਜੁਗੀ ਜੀਵਾਂ ਦਾ ਉਧਾਰ ਹੈ। ਤਿਹਾਂ ਪਿਛਲੇ ਜੁਗਾਂ ਦੇ ਕਰਮ-ਕਾਂਡੀਆਂ ਨੂੰ ਭੀ ਇਸ ਜੁਗ ਅੰਦਰ ਗੁਰੂ ਖਾਲਸਾ ਜੀ ਦੀ ਛਤਰ-ਛਾਇਆ ਹੇਠ ਉਧਰਨ ਦੀ ਮੁਹਲਤ ਮਿਲੇਗੀ। ਇਹ ਮੁਹਲਤ ਜਿਨ੍ਹਾਂ ਜਿਨ੍ਹਾਂ ਨੂੰ ਨਹੀਂ ਨਸੀਬ ਹੋਵੇਗੀ, ਓਹ ਆਪਣੀ ਮਰਨੀ ਫੇਰ ਮਰਨਗੇ ਅਤੇ ਚੌਰਾਸੀ ਦੇ ਗੇੜ ਵਿਚਿ ਪੈ ਕੇ ਫੇਰ ਜੁਗਾਂ ਜੁਗੰਤਰੀ ਘੁੰਮਣ-ਘੇਰੀ ਦੀ ਲਪੇਟ ਵਿਚਿ ਆਵਣਗੇ। ਪ੍ਰੰਤੂ ਸਤਿਗੁਰੂ ਦੀ ਨਦਰਿ ਮਿਹਰ ਨਾਲਿ ਹੁਣ ਦੇ ਨਿਆਉਂ-ਨਿਬੇੜੇ ਕਲਜੁਗ ਜ਼ਮਾਨੇ ਅੰਦਰਿ ਸਰਬੱਤਰ ਨਰ ਮਨੁਖਾਂ ਨੂੰ ਇਹ ਨਿਧਾਨ ਖੁਲ੍ਹਮ ਖੁਲ੍ਹਾ ਪ੍ਰਾਪਤਿ ਹੈ। **"ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ"** ਦਾ ਧੁਰਿ ਧੁਰੰਦਰੀ ਉਚਰਿਆ ਹੋਇਆ ਭਵਿਖਤੀ ਗੁਰਵਾਕ ਪ੍ਰਾਣੀ ਮਾਤਰ ਦੇ ਉਧਾਰ ਲਈ ਹੈ। ਹਰੇਕ ਪਿਛਲੇ ਜੁਗਾਂ ਵਿਚਿ ਠੇਡੇ ਖਾਂਦੇ ਇਸਤ੍ਰੀ ਮਰਦ ਲਈ ਹੈ। **"ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ"** ਪਿਛਲੇ ਜੁਗਾਂ ਸਤਿਜੁਗ, ਤ੍ਰੇਤਾ, ਦੁਆਪਰੀ ਜੁਗਾਂ ਦਾ ਧਰਮ ਕਰਮ ਸਤ ਸੰਜਮ ਤੀਰਥ ਆਦਿ ਹੀ ਹੈ। ਜਿਸ ਧਰਮ ਕਰਮ ਦੁਆਰਾ ਜਿਹੜਾ ਜੁਗਾਂ ਵਾਲੇ ਜੀਵਾਂ ਦਾ ਨਿਸਤਾਰਾ ਨਹੀਂ ਹੋਇਆ, ਨਾ ਹੋਣਾ ਹੈ, ਜਦ ਹੋਣਾ ਹੈ ਤਾਂ ਨਾਮ-ਨਿਧਾਨੀ ਪਰਧਾਨ ਕਰਮ ਦੇ ਕੀਤਿਆਂ ਹੀ ਹੋਣਾ ਹੈ, ਚਾਹੇ ਕਿਤਨੀਆਂ ਭੁਆਟਣੀਆਂ ਖਾ ਖਾ ਕੇ ਜੁਗਾਂ ਜੁਗੰਤਰੀ ਜੀਵ ਆਨਮਤਿ ਕਰਮ ਕਰਿ ਕਰਿ ਥਕ ਲੈਣ। **"ਕਲਿ ਮਹਿ ਕੀਰਤਿ ਹਰਿ ਨਾਮਾ ॥"** ਸੋ ਤੱਤ-ਨਿਧਾਨੀ ਕਰਮ ਧਰਮ ਪਰਧਾਨ ਕਰਮ ਨੇ ਹੀ ਸਾਰੇ ਜੁਗਾਂ ਦੇ ਜਨਮ-ਭਵੰਤਰੀ ਜੀਵਾਂ ਦਾ ਉਧਾਰ ਨਿਸਤਾਰਾ ਕਰਨਾ ਹੈ।

**ਇਹੁ ਨਿਧਾਨੁ ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ ॥ ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥ ਸਗਲ ਮਤਾਂਤ ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥**

(ਗਉੜੀ ਸੁਖਮਨੀ ਮਃ ੫, ਪੰਨਾ ੨੯੬)

ਇਹ ਨਾਮ ਰੂਪੀ ਨਿਧਾਨ ਖ਼ਜ਼ਾਨਾ ਪਾ ਕੇ ਜਿਸ ਕਿਸੇ ਨੇ ਭੀ ਇਸ ਦੀ ਵਰਤੋਂ, ਕਿਰਤ ਕਮਾਈ, ਜਾਪ ਅਭਿਆਸ ਮਈ ਕਿਰਤ ਕਮਾਈ ਕੀਤੀ ਹੈ ਸਭ ਜੁਗਾਂ ਮਾਹੀਂ, ਚਹੁੰਆਂ ਜੁਗਾਂ ਦੇ ਪ੍ਰਾਣੀਆਂ ਵਿਚੋਂ ਕੇਵਲ ਉਸੇ ਨਾਮ ਨਿਧਾਨੁ ਜਪਣਹਾਰੇ ਦੀ ਗਤਿ-ਕਲਿਆਣ ਹੋਈ ਹੈ, ਹੁੰਦੀ ਹੈ ਅਤੇ ਹੋਵੇਗੀ। ਹੋਰ ਕਿਸੇ ਜੁਗ ਜੁਗੰਤਰੀ ਪਰਸਿਧ ਕਰਮ ਧਰਮ ਦੁਆਰ ਕਿਸੇ ਭੀ ਪ੍ਰਾਣੀ ਦੀ ਗਤਿ-ਕਲਿਆਣ ਨਹੀਂ ਹੁੰਦੀ, ਨਾ ਹੋ ਸਕਦੀ ਹੈ। ਨਾਮ ਨਿਧਾਨੀ ਪਰਧਾਨ ਕਰਮੀ ਗੁਰਮੁਖਿ ਜਨਾਂ ਦਾ ਗੁਣ ਗੋਬਿੰਦ ਗਾਉਣਾ ਅਤੇ ਨਾਮ ਧੁਨੀ ਨੂੰ ਧੁਨਾਉਣਾ, ਗੁਰਬਾਣੀ ਨੂੰ ਉਚਾਰਨਾ ਇਹੀ ਸ਼ਾਸਤ੍ਰ ਸਿਮ੍ਰਿਤਿ ਬੇਦ ਉਚਾਰਨਾ ਹੈ। ਨਾਮ ਨਿਧਾਨੀ ਗੁਰਸਿੱਖਾਂ ਗੁਰਮੁਖਾਂ ਗੁਰਮੁਖਿ ਪਰਧਾਨੀਆਂ ਦੇ ਨਿਕਟ ਨਾਮ ਨਿਧਾਨ ਨੂੰ ਜਪਣਾ ਅਤੇ ਨਾਮ-ਧੁਨੀਆਂ ਵਿਚਿ ਮਸਤੂਲ ਮਸਤ ਹੋ ਕੇ ਗੁਣ ਗੋਬਿੰਦ ਗਾਵਣਾ ਹੀ ਸਿਮ੍ਰਿਤਿ ਸ਼ਾਸਤ੍ਰ ਬੇਦ ਉਚਾਰਨਾ ਹੈ। ਹੋਰ ਕੋਈ ਆਨਮਤਿ ਸ਼ਾਸਤ੍ਰ-ਬੇਦ ਸਿਮਰਤੀ ਗੁਰਸਿੱਖਾਂ ਦਾ ਅਭਿਆਸ ਵਿਸ਼ਾ ਨਹੀਂ। ਉਸ ਨੇ ਸਾਰੇ ਸ਼ਾਸਤ੍ਰ ਸਿਮ੍ਰਿਤਿ ਬੇਦ ਵਖਾਣ ਲਏ, ਜਿਸ ਨੇ ਨਾਮ ਨਿਧਾਨ ਨੂੰ ਜਪ ਲਇਆ। ਐਸੀ ਉਚ ਪਾਰਸ-ਕਲਾ ਹੈ ਨਾਮ ਨਿਧਾਨ ਜਪੀਸ਼ਰਾਂ ਦੀ। ਇਸੇ ਕਲਾ ਦੁਆਰਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਸੱਚੇ ਗੁਰੂ ਪਾਤਸ਼ਾਹ ਨੇ ਆਪਣੀ ਚੋਜਲਾਣੀ ਚੋਜ ਵਿਡਾਣੀ ਛਿਟੀ ਦੀ ਪਾਰਸ-ਛੋਹ ਨਾਲਿ ਨਾਮ ਨਿਧਾਨ ਦੀ ਰੌ, ਮੂੜ੍ਹ ਅਗਿਆਨੀ ਗੁੰਗਲੇ ਪਿੰਗਲੇ ਝੀਵਰ ਦੇ ਰੋਮ ਰੋਮ ਅੰਦਰਿ ਚਲਾ ਦਿੱਤੀ। ਪਾਰਸ-ਛੋਹੀ ਨਾਮ-ਨਿਧਾਨ ਦੇ ਪਰਤਾਪ ਨਾਲਿ ਉਸ ਦੇ ਐਸੇ ਕਪਾਟ ਖੁਲ੍ਹੇ ਕਿ ਸਪਤ ਸਲੋਕੀ ਸੰਸਕ੍ਰਿਤੀ ਗੀਤਾ ਦਾ ਸਣੇ ਅਸਲ ਅਰਥਾਂ ਦੇ ਉਸ ਨੇ ਵਖਿਆਨ ਦਿੱਤਾ। "**ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ**" ਦੇ ਇਹ ਤੱਤ ਵਾਸਤਵੀ ਅਰਥ ਹਨ ਉਪਰਲੀ ਸੁਖਮਨੀ ਸਾਹਿਬ ਦੀ ਤੁਕ ਦੇ। ਕੇਵਲ ਗੁਰਮਤਿ ਨਾਮ ਵਿਚਿ, ਗੁਰਮਤਿ ਨਾਮ ਦੀ ਪ੍ਰਭਾ ਵਿਚਿ ਸਗਲ ਮਤ-ਮਤਾਂਤਰ ਅਤੇ ਮਤ-ਮਤਾਂਤਰੀ ਬੇਦ ਮੰਤ੍ਰ ਆਦਿਕ ਆ ਗਏ। ਓਹਨਾਂ ਆਨਮਤਿ ਮਤਾਂਤਰੀ ਮੰਤ੍ਰਾਂ ਦੀ ਨਾਮ-ਨਿਧਾਨੀ ਗੁਰਮੁਖਿ ਜਨਾਂ ਨੂੰ ਲੋੜ ਨਹੀਂ ਰਹੀ। ਨਾਮ ਨਿਧਾਨੀ ਗੋਬਿੰਦ ਭਗਤ ਦੇ ਮਨ ਅੰਦਰਿ ਉਕਤ ਮਤਾਂਤ ਮਤ-ਮਤਾਂਤਰੀ ਐਉਂ ਨਿਵਾਸ ਬਿਸਰਾਮ ਕਰਦੇ ਹਨ ਜਿਵੇਂ ਗੁੰਗੇ ਬਹਿਰੇ ਨਾਮ ਨਿਧਾਨੀ ਪਿੰਗਲੇ ਦੇ ਅੰਦਰਿ ਪਰਵੇਸ਼ ਕਰ ਗਏ ਸਨ। ਤਾਂ ਤੇ ਕਲਜੁਗ ਅੰਦਰਿ ਜੋ "**ਕੀਰਤਿ ਹਰਿ ਨਾਮਾ**" ਸਿਫਤ ਸਾਲਾਹ ਨਾਮ ਅਭਿਆਸ ਦੀ ਕਰਣੀ ਕਮਲ ਜਮਾਲ ਹੈ, ਜਿਸ ਕਮਲ ਜਮਾਲੀ ਕਰਮ ਦੇ ਤੁੱਲ ਹੋਰ ਕੋਈ ਜੁਗ-ਜਗਾਂਤਰੀ ਕਰਮ ਨਹੀਂ ਤੁਲਦਾ ਢੁਕਦਾ, ਤ੍ਰਿਕਾਲ-ਦਰਸੀ ਸਤਿਗੁਰ ਅੰਤਰਯਾਮੀ ਨੇ ਸਾਰੇ ਜੁਗ ਜੁਗੰਤਰੀ ਧਰਮ ਕਰਮ ਵਾਲੇ ਬੇਦਾਂ ਤੇ ਪੁਰਾਣਾਂ ਨੂੰ ਸੋਧ ਕੇ ਵੇਖ ਲਿਆ ਅਤੇ ਸੋਧ ਕੇ ਇਹ ਸਿੱਟਾ ਕਢਿਆ ਕਿ ਓਹਨਾਂ ਆਨਮਤਾਂ ਦਾ ਜੁਗਿ ਜੁਗਿ ਆਪੋ ਆਪਣਾ ਧਰਮ ਹੀ ਚਹੁੰਆਂ ਜੁਗਾਂ ਦੇ ਆਨਮਤਿ ਕਰਮ-ਕਾਂਡੀਆਂ ਨੇ ਧਾਰਨ ਕੀਤਾ ਹੋਇਆ ਹੈ।

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥ ਤੀਨੌ ਜੁਗ ਤੀਨੌ ਦਿੜੇ ਕਲਿ**
**ਕੇਵਲ ਨਾਮ ਅਧਾਰ ॥ ੧ ॥**

**(ਗਉੜੀ ਬੈਰਾਗਣਿ ਰਵਿਦਾਸ ਜੀਉ, ਪੰਨਾ ੩੪੬)**

ਅਰਥਾਤ, ਸਤਿਜੁਗ ਅੰਦਰਿ ਸਤਵਾਦੀ ਹੋਣਾ ਸਚ ਬੋਲਣਾ ਕਰਮ ਹੀ ਪਰਧਾਨ ਸੀ। ਤ੍ਰੇਤੇ ਜੁਗ ਅੰਦਰਿ ਯੱਗ ਕਰਨੇ ਤੇ ਦੁਆਪਰ ਜੁਗ ਅੰਦਰਿ ਪੂਜਾ ਆਚਾਰ ਕਰਮ ਕਰਨੇ ਮੁਖ ਧਰਮ ਸਨ। ਤਿਹਾਂ ਜੁਗਾਂ ਅੰਦਰਿ ਇਹ ਉਪਰ ਦੱਸੇ ਤਿੰਨੇ ਪ੍ਰਕਾਰ ਦੇ ਕਰਮ ਧਰਮ ਹੀ ਪਰਵਿਰਤ ਸਨ। ਪ੍ਰੰਤੂ ਕਲਜੁਗ ਅੰਦਰ ਤਾਂ ਕੇਵਲ ਨਾਮ ਨਿਰਬਾਣੀ ਪਰਧਾਨ ਕਰਮ ਹੀ ਸਭ ਦਾ ਆਧਾਰ ਰੂਪ ਹੈ। ਏਸੇ ਦੇ ਆਧਾਰ ਆਸਰੇ ਹੀ ਸਭ ਦਾ ਉਧਾਰ ਹੋਣਾ ਹੈ, ਸਾਰੇ ਜੁਗਾਂ ਦਾ ਉਧਾਰ ਨਿਸਤਾਰਾ ਹੋਣਾ ਹੈ। ਤਾਂ ਤੇ ਹੋਰਸ

ਤਿਹਾਂ ਜੁਗਾਂ ਅੰਦਰਿ ਆਨਮਤਿ ਕਰਮ ਧਰਮ ਕੀਤੇ ਸਭ ਐਵੇਂ ਨਿਸਫਲ ਹੀ ਗਏ। "**ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥**" ਜਿਨ੍ਹਾਂ ਗੁਰਮੁਖਾਂ ਨੇ ਗੁਰਮਤਿ ਨਾਮ ਨੂੰ ਧਿਆਇਆ, ਸੇਈ ਅਭਿਆਸ ਕਰਮ ਕਮਾਈਆਂ ਵਾਲੇ ਗੁਰਮੁਖਿ ਜਨ ਪੂਰੇ ਪਰਵਾਨ ਪਏ ਹਨ। ਤਿਨ੍ਹਾਂ ਦੀ ਅਭਿਆਸ ਕਰਮ ਕਮਾਈ ਹੀ ਲੋਕ ਪਰਲੋਕ ਪਰਵਾਨ ਪਈ ਹੈ। ਸੋਈ ਗੁਰਮੁਖਿ ਨਾਮ ਧਰਮੀ ਪਰਧਾਨ ਕਰਮੀ ਹਨ। ਇਸ ਬਿਧਿ ਸੱਚੀਆਂ ਨਾਮ ਅਭਿਆਸ ਕਮਾਈਆਂ ਕਰਿ ਕਰਿ ਜਿਹੜੇ ਗੁਰਮੁਖਿ ਜਨ ਸੱਚੇ ਵਾਹਿਗੁਰੂ ਪ੍ਰੀਤਮ ਨਾਲਿ ਪ੍ਰੇਮ ਪ੍ਰੀਤ ਪਿਆਰ ਵਾਲਾ ਨੇਹੁੰ ਲਾਉਂਦੇ ਹਨ, ਤਿਨ੍ਹਾਂ ਦੇ ਮਨ ਅੰਦਰਿ ਮਾਨ ਅਭਿਮਾਨ ਦੀ ਰਾਈ ਭੀ ਨਹੀਂ ਰਹਿੰਦੀ। ਹੋਰਤ ਆਨਮਤਿ ਕਰਮ ਕਰਨਹਾਰੇ ਕਰਮ-ਅਭਿਮਾਨੀ ਹੋ ਜਾਂਦੇ ਹਨ। ਇਸ ਕਰਮ ਅਭਿਮਾਨ ਤੋਂ ਬਿਨਾਂ ਤਿਨ੍ਹਾਂ ਦੇ ਪੱਲੇ ਹੋਰ ਕੁਛ ਨਹੀਂ ਪੈਂਦਾ। ਗੁਰਬਾਣੀ ਨੂੰ, ਗੁਰਮਤਿ ਨਾਮ ਨੂੰ ਕਹਿਣ ਸੁਨਣਹਾਰੇ ਸਾਰੇ ਸੱਚੇ ਸਦੀਵੀ ਸੁਖ ਨੂੰ ਪ੍ਰਾਪਤਿ ਹੁੰਦੇ ਹਨ ਅਤੇ ਅਜਿਹੀਆਂ ਨਾਮ-ਅਨੰਦੀ ਕਰਮ-ਕਮਾਈਆਂ ਕਰਨਹਾਰੇ ਨਾਮ ਨਿਧਿਆਸਨੀ ਜਨ ਵਾਹਿਗੁਰੂ ਦੇ ਸੱਚੇ ਦਰਸ਼ਨ-ਮਿਲਾਪ ਰੂਪ ਤੱਤ-ਜੋਤਿਤ ਜੋਤਿ-ਅਨੰਦੀ ਖ਼ਜ਼ਾਨੇ ਦੇ ਮਾਲਕ ਬਣ ਜਾਂਦੇ ਹਨ।

> **ਬਿਲਾਵਲੁ ਮਹਲਾ ੫ ॥ ਗੁਰੁ ਪੂਰਾ ਵਡਭਾਗੀ ਪਾਈਐ ॥ ਮਿਲਿ ਸਾਧੂ ਹਰਿ ਨਾਮੁ ਧਿਆਈਐ ॥ ੧ ॥ ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥ ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥ ੧ ॥ ਰਹਾਉ ॥ ਅਵਰਿ ਕਰਮ ਸਭਿ ਲੋਕਾਚਾਰ ॥ ਮਿਲਿ ਸਾਧੂ ਸੰਗਿ ਹੋਇ ਉਧਾਰ ॥ ੨ ॥ ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥ ੩ ॥ ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥ ਸਾਧੂ ਧੂਰਿ ਮਿਲੈ ਨਿਸਤਰੀਐ ॥ ੪ ॥ ੬ ॥ ੧੧ ॥**

(ਪੰਨਾ ੮੦੪)

ਵਿਆਖਿਆ— ਸਤਿਗੁਰੂ ਦੇ ਮੇਲ ਨਾਲਿ ਸਭ ਤੋਂ ਉਤਮ ਕਰਮੁ-ਭਾਵ, ਨਾਮ ਜਪਣ ਦੀ ਜਾਚ ਆਉਂਦੀ ਹੈ। ਪਰ ਐਸਾ ਸਤਿਗੁਰੂ ਸੱਚਾ ਗੁਰੂ ਵਡੇ ਭਾਗਾਂ ਨਾਲਿ ਹੀ ਪਾਈਦਾ ਹੈ। ਐਸੇ ਪੂਰਨ ਸਾਧ ਸਤਿਗੁਰੂ ਨੂੰ ਪ੍ਰਾਪਤਿ ਕਰ ਕੇ ਹੀ (ਨਿਗੁਰਿਓਂ ਸਗੁਰੇ ਹੋ ਕੇ) ਨਾਮ ਧਿਆਵਣ ਰੂਪੀ ਸੱਚੀ ਕਰਮ-ਕਮਾਈ ਹੁੰਦੀ ਹੈ। ਸਤਿਗੁਰੂ ਦੁਆਰਾ (ਗੁਰੂ ਦੁਆਰਿਓਂ) ਦੀਖਿਆ ਗੁਰ-ਮੰਤਰ ਲੈ ਕੇ ਹੀ ਗੁਰ-ਸ਼ਬਦ, ਗੁਰਮਤਿ ਨਾਮ ਦੀ ਕਮਾਈ ਹੁੰਦੀ ਹੈ। ਅੰਤ ਕਮਾਈ ਕਰਦਿਆਂ ਕਰਦਿਆਂ ਪਾਰਬ੍ਰਹਮ ਦੀ ਸ਼ਰਨਾਗਤਿ ਪ੍ਰਾਪਤਿ ਹੁੰਦੀ ਹੈ। ਗੁਰੂ ਵਾਹਿਗੁਰੂ ਦੇ ਜੋਤਿ-ਮੰਬਈ ਚਰਨ ਹਿਰਦੇ ਅੰਦਰਿ ਹੀ ਆਇ ਪ੍ਰਕਾਸ਼ਤ ਹੁੰਦੇ ਹਨ। ਜੋਤਿ ਜਗਨੰਤਰੀ ਨਾਮ ਦਾ ਭਜਨ-ਜਾਪ ਕਰਦਿਆਂ ਸਾਰੇ ਹੀ ਬਜਰ ਪਾਪਾਂ ਦੋਖਾਂ (ਕਿਲਵਿਖਾਂ) ਦਾ ਨਾਸ ਹੋ ਜਾਂਦਾ ਹੈ। ਹੋਰ ਕਰਮ ਸਭ ਲੋਕਾਚਾਰੀ ਕਰਮ ਹੀ ਹਨ। ਏਹਨਾਂ ਕਰਮਾਂ ਦੇ ਕੀਤਿਆਂ ਕੁਛ ਨਹੀਂ ਸਰਦਾ। ਨਾ ਹੀ ਪ੍ਰਮਾਰਥ ਸੌਰਦਾ ਹੈ, ਨਾ ਹੀ ਲੌਕਿਕ ਬਿਵਹਾਰ ਸੰਵਰਦਾ ਹੈ। ਆਮ ਲੋਕ ਆਨਮਤੀ ਸਿਮ੍ਰਤੀਆਂ ਸ਼ਾਸਤ੍ਰ ਅਤੇ ਬੇਦਾਂ ਦੇ ਬੀਚਾਰ ਵਿਚਿ ਰੁੜ੍ਹੇ ਰਹਿੰਦੇ ਹਨ। ਏਹਨਾਂ ਬੇਦਾਂ ਸ਼ਾਸਤ੍ਰਾਂ ਸਿਮ੍ਰਿਤੀਆਂ ਦੇ ਦੱਸੇ ਦ੍ਰਿੜ੍ਹਾਏ ਕਰਮ ਭੀ ਤ੍ਰੈਗੁਣੀ ਮਾਇਕ ਕਰਮ ਹੀ ਹਨ। ਸਿਮ੍ਰਿਤਿ ਸ਼ਾਸਤ੍ਰਚਾਰੀ ਬੇਦਾਚਾਰੀ ਕਰਮਾਂ ਦੇ ਕਰਨ ਨਾਲਿ ਭੀ ਪ੍ਰਮਾਰਥ ਦੀ ਸੋਝੀ ਨਹੀਂ ਆਉਂਦੀ। ਕੇਵਲ ਗੁਰਮਤਿ ਨਾਮ ਜਪਣ, ਨਾਮ ਅਭਿਆਸ ਰੂਪੀ ਕਰਮੁ ਹੀ ਹੈ ਜਿਸ ਦੇ ਕੀਤਿਆਂ ਪਾਰ-ਉਤਾਰਾ ਹੁੰਦਾ ਹੈ। ਸਤਿਗੁਰੂ ਨਾਨਕ ਦੀ ਜਿਨ੍ਹਾਂ ਉਪਰਿ ਕਿਰਪਾ ਹੁੰਦੀ ਹੈ ਤਿਨ੍ਹਾਂ ਨੂੰ ਗੁਰੂ ਘਰ ਦੇ ਸੰਤ ਗੁਰਮੁਖਿ ਜਨਾਂ ਦੀ ਧੂਰਿ ਮਿਲਦੀ ਹੈ। ਓਹ ਸੰਗਤਾਂ ਦੀ ਚਰਨ ਧੂੜ ਬਾਂਛ ਕੇ ਗੁਰ-ਮੰਤਰ ਗੁਰ-ਦੀਖਿਆ ਦੇ ਪਾਤਰ

ਪੂਰਨ ਅਧਿਕਾਰੀ ਬਣਦੇ ਹਨ। ਇਉਂ ਗੁਰ-ਮੰਤਰ ਨਾਮ ਦਾ ਜਾਪ ਰੂਪੀ ਕਰਮ ਕਰਦਿਆਂ ਓਹਨਾਂ ਦਾ ਨਿਸਤਾਰਾ ਹੁੰਦਾ ਹੈ।

**ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧ ਸੰਗਿ ਜਪੀਐ ਹਰਿ ਨਾਮੁ ॥**

(ਗੋਂਡ ਮਃ ੫, ਪੰਨਾ ੮੬੬)

ਵਿਅਖਿਆ— ਸਤਿਗੁਰੂ ਦੀ ਗੁਰੂ ਘਰ ਦੀ ਸਾਧ ਸੰਗਤਿ ਰਾਹੀਂ ਦ੍ਰਿੜ੍ਹਾਏ ਗਏ ਗੁਰਮਤਿ ਨਾਮ ਗੁਰ-ਮੰਤਰ ਦੀ ਅਭਿਆਸ ਕਮਾਈ ਰੂਪੀ ਕਰਮੁ ਹੀ ਤਤੁ ਗਿਆਨੁ ਹੈ। ਸਭ ਕਰਮ ਧਰਮ ਇਸੇ ਤੱਤ ਗਿਆਨ ਦੇ ਕਮਾਉਣ ਵਿਚਿ ਆ ਗਏ। ਗੁਰਮਤਿ ਅਨੁਸਾਰ ਨਾਮੁ ਹੀ ਤਤ ਗਿਆਨੁ ਹੈ। **"ਗੁਰ ਗਿਅਨੁ ਪਦਾਰਥੁ ਨਾਮੁ ਹੈ"**[੧] ਏਸੇ ਤੱਤ ਗੁਰਮਤਿ ਗਿਆਨ, ਅਰਥਾਤ, ਗੁਰ-ਮੰਤਰ ਨੂੰ ਕਮਾਇਆਂ ਸਾਰੇ ਕਰਮ ਧਰਮ ਕੀਤੇ ਵਿਚੇ ਆ ਗਏ। ਏਦੂੰ ਉਪਰ ਹੋਰ ਕਰਮ ਨਹੀਂ। ਇਹ ਤੱਤ ਗਿਆਨ ਰੂਪੀ ਗੁਰਮੁਖਿ ਨਾਮ ਸਭ ਤੋਂ ਉਪਰ ਪਰਧਾਨ ਕਰਮ ਹੈ, ਜੋ ਕਲਜੁਗ ਅੰਦਰਿ ਕਲਿਆਣਕਾਰੀ ਹੈ।

**ਰਾਮਕਲੀ ਮਹਲਾ ੫ ॥ ਕਿਛਹੂ ਕਾਜੁ ਨ ਕੀਓ ਜਾਨਿ ॥ ਸੁਰਤਿ ਮਤਿ ਨਾਹੀ ਕਿਛੁ ਗਿਆਨਿ ॥ ਜਾਪ ਤਾਪ ਸੀਲ ਨਹੀ ਧਰਮ ॥ ਕਿਛੂ ਨ ਜਾਨਉ ਕੈਸਾ ਕਰਮ ॥ ੧ ॥ ਠਾਕੁਰ ਪ੍ਰੀਤਮ ਪ੍ਰਭ ਮੇਰੇ ॥ ਤੁਝ ਬਿਨੁ ਦੂਜਾ ਅਵਰੁ ਨ ਕੋਈ ਭੂਲਹ ਚੂਕਹ ਪ੍ਰਭ ਤੇਰੇ ॥ ੧ ॥ ਰਹਾਉ ॥ ਰਿਧਿ ਨ ਬੁਧਿ ਨ ਸਿਧਿ ਪ੍ਰਗਾਸੁ ॥ ਬਿਖੈ ਬਿਆਧਿ ਕੇ ਗਾਵ ਮਹਿ ਬਾਸੁ ॥ ਕਰਣਹਾਰ ਮੇਰੇ ਪ੍ਰਭ ਏਕ ॥ ਨਾਮ ਤੇਰੇ ਕੀ ਮਨ ਮਹਿ ਟੇਕ ॥ ੨ ॥ ਸੁਣਿ ਸੁਣਿ ਜੀਵਉ ਮਨਿ ਇਹੁ ਬਿਸ੍ਰਾਮੁ ॥ ਪਾਪ ਖੰਡਨ ਪ੍ਰਭ ਤੇਰੋ ਨਾਮੁ ॥ ਤੂ ਅਗਨਤੁ ਜੀਅ ਕਾ ਦਾਤਾ ॥ ਜਿਸਹਿ ਜਣਾਵਹਿ ਤਿਨਿ ਤੂ ਜਾਤਾ ॥ ੩ ॥ ਜੋ ਉਪਾਇਓ ਤਿਸੁ ਤੇਰੀ ਆਸ ॥ ਸਗਲ ਅਰਾਧਹਿ ਪ੍ਰਭ ਗੁਣਤਾਸ ॥ ਨਾਨਕ ਦਾਸ ਤੇਰੈ ਕੁਰਬਾਣੁ ॥ ਬੇਅੰਤ ਸਾਹਿਬੁ ਮੇਰਾ ਮਿਹਰਵਾਣੁ ॥ ੪ ॥ ੨੬ ॥ ੩੭ ॥**

(ਪੰਨਾ ੮੯੪)

ਵਿਆਖਿਆ— ਗੁਰਮਤਿ ਗਿਆਨੀਆਂ ਗੁਰਮੁਖਿ ਨਾਮੁ-ਕਰਮ ਪਰਧਾਨੀਆਂ ਨੂੰ ਗੁਰਮਤਿ ਨਾਮ ਬਿਨਾਂ ਹੋਰ ਕਿਸੇ ਕਰਮ ਕਰਨ ਦਾ ਪਤਾ ਹੀ ਨਹੀਂ। ਆਨਮਤਿ ਕਰੰਮਨੀ ਹੋਰ ਕਾਜ (ਕਾਰਜ) ਕਿਛੂ ਭੀ ਓਹ ਨਹੀਂ ਕਰਦੇ। ਜਾਣ ਕੇ ਨਹੀਂ ਕਰਦੇ। ਓਹਨਾਂ ਕੰਮਾਂ (ਕਰਮਾਂ) ਵਿਚ ਧਰਿਆ ਕੀ ਪਿਆ ਹੈ! ਨਾਮ ਅਭਿਆਸ ਰੂਪੀ ਕਰਮੁ ਕਰਨਹਾਰਿਆਂ ਨੂੰ ਹੋਰ ਕਰਮ ਕਰਨ ਦੀ ਰੁਚੀ ਹੀ ਨਹੀਂ ਉਪਜਦੀ। ਓਹਨਾਂ ਨੂੰ ਨਿਮਖ ਮਾਤ੍ਰ ਵੇਹਲ ਹੀ ਨਹੀਂ ਕਿ ਓਹ ਆਨ ਕਰਮਾਂ ਦੀ ਖਲਜਗਣ ਵਿਚਿ ਪੈਣ। ਹੋਰ ਕਰਮਾਂ ਦੇ ਕਰਨ ਵਿਚ ਓਹ ਆਪਣਾ ਕੀਮਤੀ ਸਮਾਂ ਫ਼ਜ਼ੂਲ ਗਵਾਉਣਾ ਹੀ ਸਮਝਦੇ ਹਨ। ਏਹਨਾਂ ਆਨਮਤਿ ਕਰਮਾਂ ਦੇ ਕਰਨ ਪ੍ਰਤੀ ਗੁਰਮੁਖਿ ਨਾਮ-ਕਰਮ ਪਰਧਾਨੀਆਂ ਦੀ ਸੁਰਤੀ, ਗੁਰਮਤਿ ਬਿਰਤੀ, ਗੁਰਮਤਿ ਗਿਆਨ-ਦ੍ਰਿਸ਼ਟੀ ਅੰਦਰ ਹੋਰ ਕਿਸੇ ਕਰਮ ਕਰਨ ਦਾ ਫੁਰਨਾ ਹੀ ਨਹੀਂ ਫੁਰਦਾ, ਬਿਨਾਂ ਪਰਧਾਨ ਗੁਰਮੁਖਿ ਨਾਮ ਕਰਮ ਦੇ। ਆਨਮਤਿ ਜਾਪ ਤਾਪ ਸੀਲ ਧਰਮ ਵਾਲੇ ਕਰਮਾਂ ਨੂੰ ਓਹ ਕਿਛੁ ਕਰਕੇ ਨਹੀਂ ਸਮਝਦੇ, ਸਗੋਂ ਨਿਮਰਤਾ ਨਾਲਿ ਇਹੀ ਆਖਦੇ ਹਨ ਕਿ ਸਾਡੇ ਵਿਚ ਇਹ ਸਹਸ ਸਿਆਣਪੀ ਸੁਰਤਾਂ ਮਤਾਂ ਗਿਆਨ-ਗੰਮਤਾ ਹੈ ਹੀ ਨਹੀਂ, ਨਾ ਹੀ ਸੰਸਾਰ ਆਚਾਰੀ ਸਿਆਣਿਆਂ

---

[੧] ਸੂਹੀ ਮਃ ੩, ਪੰਨਾ ੭੫੯

ਵਾਲੀ ਸ਼ਰਾਫ਼ਤ ਦਿਖਾਵੇ ਦਾ ਕੁਝ ਮਨ ਚਾਉ ਹੀ ਹੈ। ਸਾਡੇ ਵਿਚਿ ਤਾਂ ਅਜਿਹੇ ਗੁਣ ਕਰਮ ਹੈ ਹੀ ਨਹੀਂ। ਅਸੀਂ ਤਾਂ ਮੂੜ੍ਹਮਤੀ ਇਆਣੇ ਹਾਂ। ਇਹ ਨਾਮ ਜਪਣਾ ਹੀ ਜਾਣਦੇ ਹਾਂ, ਜੋ ਸਤਿਗੁਰੂ ਨੇ ਸਾਨੂੰ ਜਣਾਇਆ ਹੈ। ਸਾਨੂੰ ਕੀ ਪਤਾ ਕੈਸਾ ਕਰਮ ਹੁੰਦਾ ਹੈ, ਕੇਸਾ ਸੀਲ ਧਰਮ ਹੁੰਦਾ ਹੈ। ਸਾਨੂੰ ਤਾਂ ਇਕੋ ਨਾਮ ਜਪਣ ਦਾ ਹੀ ਚਾਉ ਉਮਾਹੁ ਹੈ। ਹੋਰ ਕੁਛ ਸਿਮਰਦੇ ਹੀ ਨਹੀਂ।

ਸਚਮੁਚ ਗੁਰਮੁਖਿ-ਨਾਮ ਪਰਧਾਨ-ਕਰੰਮੀਆਂ ਨੂੰ ਨਾਮ ਤੋਂ ਬਿਨਾਂ ਹੋਰ ਕੋਈ ਕਰਮ ਧਰਮ ਭਾਉਂਦਾ ਹੀ ਨਹੀਂ। ਇਸੇ ਕਰਕੇ ਓਹ ਨਿਮਖ ਨਿਮਖ ਨਾਮ ਜਪਦੇ ਹੋਏ, ਨਾਲੋ ਨਾਲਿ ਨਿਮਰੀਭੂਤ ਹੋ ਕੇ ਏਹ ਭੀ ਬੇਨਤੀਆਂ ਅਲਾਉਂਦੇ ਹਨ, ਹੇ ਠਾਕੁਰ ਪ੍ਰੀਤਮ ਪ੍ਰਭ ਮੇਰੇ, ਤੁਧ ਬਿਨੁ, ਤੇਰੇ ਨਾਮ ਬਿਨਾਂ ਸਾਨੂੰ ਦੂਜਾ ਹੋਰ ਧਿਆਨ ਕੰਮਾਂ ਕਾਜਾਂ ਕਰਨ ਦਾ ਗਿਆਨ ਸਫੁਰਨ ਹੀ ਨਹੀਂ ਹੁੰਦਾ। ਇਕੋ ਤੂੰਹੀ ਤੂੰਹੀ ਤੇਰਾ ਨਾਮ ਹੀ ਅਸਾਡੇ ਹੀਅਰੈ ਬਸੇ। ਹੋਰ ਕਰਮਾਂ ਦੇ ਕਰਨ ਵਲੋਂ ਜੇ ਅਸੀਂ ਖੁੰਝੇ ਹੋਏ ਹਾਂ, ਭੁਲੇ ਚੁਕੇ ਹੋਏ ਹਾਂ ਤਾਂ ਹੇ ਪ੍ਰਭੂ, ਫੇਰ ਭੀ ਅਸੀਂ ਤੇਰੇ ਹੀ ਹਾਂ। ਸੰਸਾਰਕ ਤ੍ਰੈਗੁਣੀ ਲਾਹਿਆਂ ਵਾਲੀ ਬੁਧੀ ਮਾਇਆ-ਮੋਹ ਮਈ ਰਿਧੀ ਸਿੱਧੀ ਦੀ ਸਾਨੂੰ ਪਰਵਾਹ ਨਹੀਂ। ਰੰਚਕ ਭੀ ਰੁਚੀ ਨਹੀਂ ਕਿ ਰਿਧੀਆਂ ਸਿਧੀਆਂ ਨਿਧੀਆਂ ਵਾਲੀ ਬੁਧਿ ਪ੍ਰਗਾਸ ਹੋਵੇ। ਇਹੋ ਜਾਚਨਾ ਹੈ ਕਿ ਵਿਸ਼ਿਆਂ ਵਿਕਾਰਾਂ ਅਤੇ ਆਧੀਆਂ ਬਿਆਧੀਆਂ ਉਪਾਧੀਆਂ ਦੀ ਨਗਰੀ ਵਿਚਿ ਗ੍ਰਸੇ ਹੋਏ ਜੀਵਾਂ ਨੂੰ ਹੱਥ ਦੇ ਕੇ ਕੱਢ ਲਵੇ। ਏਥੇ ਸਾਡਾ ਵਾਸ ਨ ਰਹੇ। ਇਕ ਤੇਰੇ ਨਾਮ ਵਿਚਿ ਹੀ ਨਿਵਾਸ ਰਹੇ। ਇਕ ਕਰਨਹਾਰ ਕਰਨ ਕਾਰਨ ਸਮਰੱਥ ਵਾਹਿਗੁਰੂ ਦੇ ਚਰਨਾਂ ਵਿਚਿ ਹੀ ਧਿਆਨ ਲਗਿਆ ਰਹੇ। ਵਾਹਿਗੁਰੂ ਦੇ ਇਕੋ ਨਾਮ ਦੀ ਹੀ ਇਕੋ ਟੇਕ ਬਣੀ ਰਹੇ। ਮਨ ਅੰਦਰਿ ਕੇਵਲ ਨਾਮ ਦਾ ਹੀ ਨਿਵਾਸ ਰਹੇ। ਇਹ ਮਨ ਸਹਜ ਬਿਸਰਾਮੀਏ ਨਾਮ ਨੂੰ ਹੀ, ਨਾਮ ਦੀ ਮਹਿਮਾ ਨੂੰ ਸੁਣਿ ਸੁਣਿ ਕੇ ਜੀਵੇ ਅਤੇ ਜੀਂਵਦਾ ਹੀ ਰਹੇ। ਕਿਉਂਕਿ ਇਕੋ ਨਾਮ ਹੀ, ਹੇ ਵਾਹਿਗੁਰੂ, ਇਕੋ ਤੇਰਾ ਨਾਮ ਹੀ ਸਰਬ ਪਾਪਾਂ ਨੂੰ ਖੰਡਨਹਾਰਾ ਬਿਮੁੰਚਨਹਾਰਾ ਹੈ। ਇਹੋ ਸਰਬੋਤਮ ਕਰਮ ਹੀ ਸਭ ਕਰਮਾਂ ਤੋਂ ਭਲਾ ਹੈ। ਨਾਮ ਜਪਣ ਰੂਪੀ ਕਰਮ ਤੋਂ ਉਪਰਿ ਹੋਰ ਕੋਈ ਕਰਮ ਨਹੀਂ। ਇਹੀ ਪਰਧਾਨ ਕਰਮ ਹੈ। ਹੇ ਵਾਹਿਗੁਰੂ! ਤੂੰ ਅਗਣਤ ਜੀਆਂ ਦਾ ਦਾਤਾ ਹੈਂ। ਪਰ ਇਸ ਭੇਦ ਵਾਲੀ ਗੱਲ ਨੂੰ ਕਿਸੇ ਵਡਭਾਗੇ ਜਨ ਨੇ ਹੀ ਜਾਣਿਆ ਹੈ, ਜਿਸ ਨੂੰ ਤੂੰ ਜਣਾਇਆ ਹੈ। ਜਿਸ ਨੂੰ ਤੂੰ ਜਣਾਵਹਿ, ਸੋਈ ਜਾਣੈ। ਤੂੰ ਬੇਅੰਤ ਸਾਹਿਬ ਹੈਂ। ਬੜਾ ਹੀ ਮਿਹਰਬਾਨ ਹੈਂ। ਸਭਸ ਜੀਵਾਂ ਉਤੇ ਹੀ ਮਿਹਰਬਾਨ ਹੈਂ। ਕਿਉਂਕਿ ਓਹਨਾਂ ਨੂੰ ਤੂੰ ਹੀ ਪਾਲਦਾ ਹੈਂ। ਜੋ ਜੋ ਜੀਅ ਜੰਤ ਤੈਂ ਉਪਾਏ ਹਨ, ਸਭਨਾਂ ਨੂੰ ਤੇਰੀ ਹੀ ਆਸ ਹੈ। ਸਭ ਦੀ ਤੂੰ ਹੀ ਪ੍ਰਤਿਪਾਲ ਕਰਦਾ ਹੈਂ। ਗੁਣਾਂ ਦੇ ਖ਼ਜ਼ਾਨੇ (ਤਾਸ) ਪ੍ਰਭੂ! ਸਭ ਤੈਨੂੰ ਹੀ ਯਾਚਨਾ ਕਰਦੇ ਹਨ। ਗੁਰੂ ਸਾਹਿਬ ਆਖਦੇ ਹਨ, ਹੇ ਵਾਹਿਗੁਰੂ! ਮੈਂ ਤੁਧ ਵਿਟਹੁੰ ਕੁਰਬਾਨ ਕੁਰਬਾਨ ਜਾਂਦਾ ਰਹਾਂ, ਬਿੰਦ ਬਿੰਦ ਚੁਖ ਚੁਖ ਹੋ ਕੇ ਤੇਰਾ ਨਾਮ ਜਪਦਾ ਰਹਾਂ। ਇਹੀ ਸੇਵਾ ਸਾਧਦਾ ਰਹਾਂ। ਇਹੀ ਕਰਮ ਕਮਾਉਂਦਾ ਰਹਾਂ।

**ਅਨਿਕ ਕਰਮ ਕੀਏ ਬਹੁਤੇਰੇ ॥ ਜੋ ਕੀਜੈ ਸੋ ਬੰਧਨੁ ਪੈਰੇ ॥ ਕੁਰੁਤਾ ਬੀਜੁ ਬੀਜੈ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥ ੫ ॥ ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥ ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥ ੬ ॥**

**(ਮਾਰੂ ਸੋਲਹੇ ਮਃ ੫, ੧੦੭੫-੭੬)**

ਵਿਆਖਿਆ— ਆਨਮਤੀਆਂ ਬਥੇਰੇ ਆਨਮਤਿ ਕਰਮ ਕੀਤੇ। ਜਿਹੜੇ ਜਿਹੜੇ ਕਰਮ ਭੀ ਕੀਤੇ ਸੋ ਬੰਧਨ ਰੂਪ ਹੋ ਕੇ ਪ੍ਰਕਰੇ । ਜਿਵੇਂ ਪੈਰਾਂ ਵਿਚਿ ਬੇੜੀਆਂ ਪੈ ਜਾਂਦੀਆਂ ਹਨ ਤਿਵੇਂ ਨਾਮ ਤੋਂ ਬਿਨਾਂ

ਹੋਰ ਸਭ ਆਨਮਤਿ ਕਰਮ ਬੰਧਨ ਹੋ ਕੇ ਚਿੰਬੜ ਜਾਂਦੇ ਹਨ ਕਰਮ ਕਰਨਹਾਰਿਆਂ ਨੂੰ। ਏਹਨਾਂ ਕਰਮਾਂ ਬੰਧਨਾਂ ਦੇ ਬੰਧੇ ਹੋਏ, ਪਏ ਨਾਨਾ ਪ੍ਰਕਾਰ ਦੀਆਂ ਜੂਨੀਆਂ ਵਿਚਿ ਭਰਮਦੇ ਫਿਰਦੇ ਹਨ। ਕਲਜੁਗ ਅੰਦਰਿ ਤਾਂ ਕੇਵਲ ਨਾਮ ਦਾ ਬੀਜ ਹੀ ਬੀਜਿਆ ਹੋਇਆ ਫਲੀਭੂਤ ਹੁੰਦਾ ਹੈ। ਹੋਰ ਕਰਮਾਂ ਰੂਪੀ ਬੀਜ ਬੋਇਆ ਸਭ ਕੁਰੁੱਤਾ ਹੈ। ਸੋ ਕੁਰੁੱਤਾ ਬੀਜ ਬੀਜਿਆ ਜੰਮਦਾ ਨਹੀਂ। ਕੁਰੁੱਤਾ ਬੀਜ ਬੀਜਣ ਵਾਲੇ ਨੂੰ ਲਾਹਾ ਤਾਂ ਕੀ ਹੋਣਾ ਸੀ, ਸਗੋਂ ਆਪਣਾ ਮੂਲ ਭੀ ਗੰਵਾ ਬਹਿੰਦਾ ਹੈ।

ਕਲਜੁਗ ਅੰਦਰਿ ਕੀਰਤਨ, ਹਰੀ ਜਸ, ਸਿਫਤਿ ਸਾਲਾਹ ਹੀ ਪਰਧਾਨ ਕਰਮੁ ਹੈ। ਤਾਂ ਤੇ ਵਾਹਿਗੁਰੂ ਨੂੰ ਹੀ ਧਿਆਨ ਲਾ ਕੇ ਜਪਣਾ ਹੀ ਉਚਿਤ ਹੈ। ਵਾਹਿਗੁਰੂ ਦਾ ਨਾਮ-ਜਪੁ, ਨਾਮ ਅਭਿਆਸ ਹੀ ਕਲਜੁਗ ਅੰਦਰਿ ਪਰਧਾਨ ਕਰਮ ਹੈ, ਸਫਲ ਫਲਣ ਵਾਲਾ ਸਰਬੋਤਮ ਕਰਮ ਹੈ ਤੇ ਇਹ ਫਲ ਸਦਾ ਹੀ ਸਫਲਦਾ ਹੈ। ਪਰਧਾਨ ਕੀਰਤਨ ਵਾਲਾ, ਸਿਫਤਿ ਸਾਲਾਹ ਵਾਹਿਗੁਰੂ ਨਾਮ ਜਪਣਹਾਰਾ ਆਪਿ ਖ਼ੁਦ ਭੀ ਇਸ ਭਵ-ਸਾਗਰ ਤੋਂ ਤਰ ਜਾਂਦਾ ਹੈ ਅਤੇ ਸਾਰੀਆਂ ਆਪਣੀਆਂ ਕੁਲਾਂ ਨੂੰ ਭੀ ਤਾਰ ਲੈਂਦਾ ਹੈ। ਇਉਂ ਤਰ ਤਾਰ ਕੇ ਵਾਹਿਗੁਰੂ ਦੀ ਸੱਚੀ ਦਰਗਾਹ ਵਿਖੇ ਪਤਿ ਸੋਭਾ ਸਹਿਤ ਪੈਧਾ ਜਾਂਦਾ ਹੈ। 'ਗੁਰਮੁਖਿ' ਦਾ ਅਰਥ ਏਥੇ ਵਾਹਿਗੁਰੂ ਹੈ। ਮੁਖੀ ਗੁਰੂ, ਗੁਰਾਂ ਸਿਰਿ ਗੁਰੂ ਵਾਹਿਗੁਰੂ ਹੀ ਹੈ।

ਗੁਰਮੁਖਿ ਦੇ ਅਰਥ ਏਥੇ ਗੁਰ ਉਪਦੇਸ਼ ਜਾਂ 'ਗੁਰੂ ਦੁਆਰਾ' ਨਹੀਂ ਫਬਦੇ, ਕਿਉਂਕਿ **"ਜਪੀਐ ਲਾਇ ਧਿਆਨਾ"** ਫ਼ਿਅਲ (ਕ੍ਰਿਆ) ਦਾ ਮਫ਼ਊਲ (ਕਰਮ) ਫੇਰ ਕੋਈ ਨਹੀਂ ਰਹਿੰਦਾ। ਜਪੀਐ ਤਾਂ ਕੀ ਜਪੀਐ ਅਤੇ 'ਗੁਰਮੁਖਿ' ਏਥੇ ਮਫ਼ਊਲ (ਕਰਮ) ਹੈ ਅਤੇ ਵਾਹਿਗੁਰੂ ਦੇ ਅਰਥਾਂ ਵਿਚਿ ਹੈ। ਵਾਹਿਗੁਰੂ ਨੂੰ ਜਪੀਐ ਧਿਆਨ ਲਾਇ ਕੈ। ਕੁਰੁੱਤੇ ਬੀਜ ਤੋਂ ਇਹ ਸ਼ੰਕਾ ਉਪਜ ਸਕਦਾ ਹੈ ਕਿ ਜੇ ਇਹੋ ਬੀਜ ਕਰਮ ਧਰਮਾਂ ਦਾ ਆਪੋ ਆਪਣੇ ਅਨਕੂਲ ਜੁਗ ਅੰਦਰਿ ਬੀਜਿਆ ਜਾਵੇ, ਫੇਰ ਤਾਂ ਉਗਵ ਪੈਂਦਾ ਹੋਣਾ ਹੈ। ਇਸ ਦਾ ਉਤਰ ਇਹ ਹੈ ਕਿ ਓਹਨਾਂ ਜੁਗਾਂ ਅੰਦਰਿ ਭੀ ਇਹ ਬੀਜ ਬੀਜੇ ਹੋਏ ਓਹ ਫਲ ਨਹੀਂ ਦਿੰਦੇ ਜੋ ਨਾਮ ਦਿੰਦਾ ਹੈ। ਤ੍ਰੈਗੁਣ ਸਾਧੀ ਕਰਮ ਰੂਪੀ ਭੂਮੀ ਵਿਚਿ ਬੀਜ ਬੀਜੇ ਹੋਏ ਤ੍ਰੈਗੁਣ ਮਾਇਆ ਧਾਤ ਵਾਲੇ ਫਲ ਹੀ ਦਿੰਦੇ ਹਨ, ਨਾਮ ਵਾਂਗੂੰ ਕਲਿਆਣਕਾਰੀ ਫਲ-ਦਾਤੇ ਨਹੀਂ। ਇਹ ਨਾਮ ਹੀ ਹੈ ਜੋ ਸਾਰੇ ਜੁਗਾਂ ਵਿਚਿ ਬੀਜਿਆ ਸਫਲ ਫਲਦਾ ਹੈ। ਓਹੀ ਕਲਿਆਣਕਾਰੀ ਫਲ ਦਿੰਦਾ ਹੈ, ਜੋ ਕਲਜੁਗ ਅੰਦਰਿ ਦਿੰਦਾ ਹੈ। ਕਲਜੁਗ ਤਾਂ ਸਾਰੇ ਜੁਗਾਂ ਦੇ ਕਰਮਾਂ ਨੂੰ ਸਫਲਾਉਣ ਜੋਗ ਹੈ, ਕਿਉਂਕਿ ਚਹੁੰਆਂ ਜੁਗਾਂ ਦਾ ਨਿਬੇੜਾ ਏਸੇ ਜੁਗ ਵਿਚਿ ਹੁੰਦਾ ਹੈ। ਸਾਰੇ ਜੁਗਾਂ ਦੇ ਕਰਮਾਂ ਸਿਰਿ ਪਰਧਾਨ ਕਰਮ ਹੈ ਗੁਰਮਤਿ ਨਾਮ ਅਭਿਆਸ, ਜੋ ਹੋਰਨਾਂ ਜੁਗਾਂ ਵਿਚਿ ਕੀਤੇ ਕਰਮਾਂ ਦਾ ਅੰਤਿ ਸਚ ਨਿਬੇੜਾ ਕਰਦਾ ਹੈ। ਅਸਾਡੇ ਸਾਰੇ ਕਰਮਾਂ ਨੂੰ ਜੋਤਿ ਸੁਧਰਨੀ ਕਲਾ ਦੁਆਰਾ ਸੋਧਦਾ ਹੈ।


www.sikhbookclub.com

# ੨੮ - ਤੱਤ ਗੁਰਮਤਿ ਕਰਮੁ ਸਰਬੋਤਮ

ਅਉਖਧ ਮੰਤ੍ਰ ਮੂਲੁ ਮਨ ਏਕੈ ਜੇਕਰਿ ਦ੍ਰਿੜੁ ਚਿਤੁ ਕੀਜੈ ਰੇ ॥ ਜਨਮ ਜਨਮ ਕੇ
ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥ ੧ ॥ ਮਨ ਏਕੋ ਸਾਹਿਬੁ ਭਾਈ ਰੇ ॥
ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥ ੧॥ ਰਹਾਉ॥

(ਗਉੜੀ ਚੇਤੀ ਮਃ ੧, ਪੰਨਾ ੧੫੬)

ਵਿਆਖਿਆ— ਸਭ ਦਵਾਈਆਂ ਸਿਰ ਦਵਾਈ ਹੈ ਇਕੋ ਮੂਲ ਮੰਤਰ ਦੀ, ਭਾਵ, ਗੁਰ-ਮੰਤਰ ਗੁਰਮਤਿ ਨਾਮ ਦੀ। ਜੇਕਰ ਇਸ ਏਕੋ ਗੁਰਮਤਿ ਨਾਮ ਰੂਪ ਅਉਖਧੀ ਨੂੰ ਇਸਤਿਮਾਲ ਕਰਨ (ਵਰਤਣ) ਲਈ ਚਿਤ ਮੁਸਤਕਹਿਮ (ਦ੍ਰਿੜ੍ਹ) ਕੀਤਾ ਜਾਵੇ ਤਾਂ ਇਸ ਅਉਖਧ ਰੂਪ ਗੁਰ-ਮੰਤਰ (ਮੂਲ ਮੰਤਰ) ਨੂੰ ਜਨਮ ਜਨਮ ਦੇ ਪਾਪਾਂ ਅਤੇ ਕਰਮ-ਰੋਗਾਂ ਨੂੰ ਕਟਣਹਾਰਾ ਸਮਝੋ (ਸਤਿ ਕਰ ਕੇ ਮੰਨੋ)। ਏਕੈ ਗੁਰਮਤਿ ਨਾਮ ਵਾਲਾ ਨਾਮੀ ਸਾਹਿਬ ਭੀ ਇਕੋ ਹੀ ਹੈ। ਉਸ ਇਕੈ ਸਾਹਿਬ ਦੇ ਵਿਹਾਜਣ ਵਾਲਾ ਵਾਪਾਰ ਹੀ ਗੁਰਮੁਖਾਂ ਨੂੰ ਭਾਉਂਦਾ ਹੈ। ਪਰ ਹੇ ਮਨ! ਤ੍ਰੈਗੁਣੀ ਮਾਇਆ ਦੇ ਮੁਠੇ ਮਨ! ਜਿਨ੍ਹਾਂ ਤ੍ਰਿਹਾਂ ਗੁਣਾਂ ਨੂੰ ਤੂੰ ਪਰਧਾਨ ਮੰਨੀ ਬੈਠਾ ਹੈਂ, ਓਹ ਤੇਰੇ ਮੰਨੇ ਹੋਏ ਤ੍ਰੈਗੁਣ ਮਾਦੀ ਸੰਸਾਰ ਦੇ ਮੋਹ ਮਾਇਆ ਅੰਦਰਿ ਹੀ ਤੈਨੂੰ ਮਹਿਦੂਦ ਰਖਣਗੇ। ਏਹਨਾਂ ਤ੍ਰੈਗੁਣੀ ਗਿਆਨ ਵਾਲੇ ਅਗਿਆਨ-ਇੰਦਰਿਆਂ ਨਾਲਿ ਨਾ ਲਖਿਆ ਜਾਣ ਵਾਲਾ ਅਲੱਖ ਵਾਹਿਗੁਰੂ, ਤ੍ਰੈਗੁਣੀ ਕਰਮਾਂ ਦੇ ਕੀਤਿਆਂ ਨਹੀਂ ਲਖਿਆ ਜਾ ਸਕਦਾ। ਇਹ ਨਿਰੰਕਾਰ ਨਾਮ ਦੀ ਅਭਿਆਸ ਕਮਾਈ ਕੀਤਿਆਂ, ਤੁਰੀਆ ਗੁਣ (ਚੌਥੇ ਪਦ) ਵਿਚਿ ਪਹੁੰਚਿਆਂ ਹੀ ਲਖਿਆ ਪਰਖਿਆ ਜਾ ਸਕਦਾ ਹੈ। ਤੁਰੀਆ ਗੁਣ ਤਾਈਂ ਸਮਾਈ ਕੇਵਲ ਨਾਮ ਦੀ ਤੱਤ ਗੁਰਮਤਿ ਕਮਾਈ ਕਰਨ ਵਾਲੇ ਗੁਰਮੁਖਿ ਜਨਾਂ ਦੀ ਹੀ ਹੈ।

ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ
ਵੀਚਾਰਾ ॥ ਆਪਿ ਤਰੈ ਸਗਲੇ ਕੁਲ ਉਧਾਰਾ ॥ ੩ ॥ ਇਸ ਕਲਿਜੁਗ ਮਹਿ
ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ
ਨਾਮ ਬਿਨਾ ਕੋ ਮੁਕਤਿ ਨਾ ਹੋਈ ॥ ੪ ॥ ੧੦ ॥ ੩੦ ॥

(ਗਉੜੀ ਗੁਆਰੇਰੀ ਮਃ ੩, ਪੰਨਾ ੧੬੦-੬੧)

ਵਿਆਖਿਆ— ਇਸ ਕਲਜੁਗੀ ਜੁਗ ਅੰਦਰਿ ਜੀਵਾਂ ਦਾ ਨਿਸਤਾਰਾ ਹੈ ਤਾਂ ਕੇਵਲ ਨਾਮ ਦੁਆਰਾ ਹੈ, ਜੋ ਸਾਰੇ ਰਮ ਰਿਹਾ ਹੈ। ਪ੍ਰੰਤੂ ਇਸ ਨਾਮ ਨੂੰ ਵਿਰਲਾ ਹੀ ਕੋਈ ਵਡਭਾਗਾ ਜਨ ਪਾਉਂਦਾ ਹੈ। ਪਾਉਂਦਾ ਹੈ ਤਾਂ ਗੁਰਮਤਿ ਦੀ ਰੌਸ਼ਨੀ ਵਿਚਿ ਪਾਉਂਦਾ ਹੈ। ਗੁਰੂ ਦੁਆਰਿਓਂ ਗੁਰ-ਸ਼ਬਦ ਗੁਰ-ਮੰਤਰ ਮਈ ਦੀਖਿਆ ਮਿਲਦੀ ਹੈ ਤਾਂ ਗੁਰਮਤਿ ਨਾਮ ਦੀ ਪ੍ਰਾਪਤੀ ਹੁੰਦੀ ਹੈ। ਫੇਰ ਗੁਰ-ਸ਼ਬਦੀ ਗੁਰਮਤੀ ਹੀ ਇਸ ਗੁਰਮਤਿ ਨਾਮ ਦੀ ਸਚ-ਵੀਚਾਰ ਰੂਪ ਅਭਿਆਸ ਕਮਾਈ ਕੀਤੀ ਜਾਂਦੀ ਹੈ, ਤਦ ਉਸ ਵਡਭਾਗੇ ਗੁਰਮਤਿ ਨਾਮ ਕਮਾਈ ਕਰਨਹਾਰੇ ਕਰਮਵੰਤੇ ਗੁਰਮੁਖਿ ਜਨ ਦਾ ਨਿਸਤਾਰਾ ਹੁੰਦਾ ਹੈ. ਐਵੇਂ ਨਹੀਂ। ਗੁਰਮਤਿ ਨਾਮ ਨੂੰ ਕਮਾਵਣਾ ਹੀ ਗੁਰਮਤਿ ਅੰਦਰਿ


www.sikhbookclub.com

ਸੱਚਾ ਵੀਚਾਰ ਹੈ। ਵੀਚਾਰ ਦਾ ਸੱਚਾ ਤੱਤ-ਅਰਥ ਗੁਰਮਤਿ ਅਨੁਸਾਰ ਹੈ ਗੁਰ-ਬਚਨ ਗੁਰ-ਮੰਤਰ ਨਾਮ ਦੀ ਕਮਾਈ ਕਰਨਾ, ਗੁਰਮਤਿ ਨਾਮ ਦੀ ਤੱਤ ਕਰਮ ਰੂਪੀ ਅਭਿਆਸ ਕਮਾਈ ਕਰਨਹਾਰਾ ਤੱਤ-ਵੀਚਾਰੀ ਗੁਰਮੁਖਿ ਜਨ ਆਪਿ ਤਰ ਜਾਂਦਾ ਹੈ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰਨਹਾਰਾ ਹੈ। ਇਸ ਕਲਜੁਗ ਅੰਦਰਿ ਨਾਮ ਤੋਂ ਬਿਨਾਂ ਹੋਰ ਕੋਈ ਕਰਮ ਧਰਮ ਕਿਸੇ ਕੰਮ ਦਾ ਨਹੀਂ। ਹੋਰ ਕੋਈ ਕਰਮ ਧਰਮ ਕਲਜੁਗ ਅੰਦਰਿ ਫਲਦਾ ਫੁਲਦਾ ਹੀ ਨਹੀਂ। ਤਾਂ ਤੇ ਗੁਰਮਤਿ ਨਾਮ ਹੀ ਤੱਤ ਸਰਬੋਤਮ ਕਰਮ ਹੈ। ਇਸ ਘੋਰ ਕਲਜੁਗੀ ਸਮੇਂ ਦੇ ਕਰਮ-ਕਾਂਡੀ ਆਨਮਤਿ-ਕਰਮੀ ਲੋਕਾਂ ਅੰਦਰਿ ਚੰਡਾਲਾਂ ਵਾਲਾ ਸੁਭਾਉ ਵਰਤਿਆ ਹੋਇਆ ਹੈ। ਨਾਮ ਬਿਨਾਂ ਕੋਈ ਭੀ ਮੁਕਤੀ ਨੂੰ ਪ੍ਰਾਪਤਿ ਨਹੀਂ ਹੁੰਦਾ। ਤਾਹੀਂ ਤੇ ਤੱਤ ਗੁਰਮਤਿ ਨਾਮ ਹੀ ਸਰਬੋਤਮ ਕਰਮੁ ਹੈ।

> **ਗਉੜੀ ਗੁਆਰੇਰੀ ਮਹਲਾ ੩ ॥ ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥ ੧ ॥ ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥ ੧ ॥ ਰਹਾਉ ॥ ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥ ੨ ॥ ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥ ੩ ॥ ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੇ ਗੁਰ ਪਰਗਾਸ ॥ ੪ ॥ ੧੪ ॥ ੩੪ ॥**

(ਪੰਨਾ ੧੬੨)

ਵਿਆਖਿਆ— ਵਡਭਾਗੀ ਸੰਜੋਗ ਕਰਕੇ, ਸੰਜੋਗ ਦੇ ਪ੍ਰਬਲ ਹੋਣ ਕਰਿ ਸੱਚੇ ਸਤਿਗੁਰੂ ਦਾ ਮਿਲਾਪ ਹੁੰਦਾ ਹੈ। ਓਹਨਾਂ ਦੇ ਹਿਰਦੇ ਅੰਦਰਿ ਨਿਤ ਨਾਮ-ਰਸ ਦੇ ਭੋਗ ਲਗਦੇ ਹਨ। ਐਸਾ ਨਿਤ ਹਰਿ-ਰਸ ਭੋਗ ਵਾਲਾ ਨਾਮੁ ਗੁਰਮੁਖ ਜਨ ਹੀ ਧਿਆਉਂਦੇ ਹਨ। ਓਹ ਨਾਮ-ਸੱਚਾ-ਲਾਹਾ ਹਾਸਲ ਕਰ ਕੇ ਆਪਣੇ ਜਨਮ ਨੂੰ ਸਫਲ ਕਰਿ ਲੈਂਦੇ ਹਨ ਅਤੇ ਜਿਣਿ ਘਰਿ ਜਾਂਦੇ ਹਨ। ਮਾਨੁਖਾ ਜਨਮ ਦੀ ਬਾਜ਼ੀ ਨੂੰ ਜਿਤ ਕੇ ਸੱਚ-ਘਰ ਵਾਸ ਦਾ ਸੁਭਾਗ ਪ੍ਰਾਪਤਿ ਕਰਦੇ ਹਨ। ਗੁਰ-ਸ਼ਬਦ ਅਤੀਅੰਤ ਮੀਠਾ ਹੈ। ਇਸ ਦੀ ਅਮਿਉ ਰਸੀ ਮਿਠਾਸ ਅਲੌਕਿਕ ਹੈ। ਸੋਈ ਜਾਣਦੇ ਹਨ ਜਿਨ੍ਹਾਂ ਨੇ ਚੱਖ ਕੇ ਡੀਠਾ ਹੈ। ਨਾਮ ਅਭਿਆਸ ਕਮਾਈਆਂ ਕਰਿ ਕਰਿ ਇਹ ਅਮਿਉ-ਰਸਾਇਣੀ ਮਿਠਾਸ-ਰਸ ਘਟ ਅੰਤਰਿ ਉਤਰਦਾ ਹੈ। ਇਸ ਰਸ-ਮਿਠਾਸ ਦਾ ਅੰਮ੍ਰਿਤ-ਸੁਆਦ ਜੋਤਿ ਵਿਗਸਾਇਣੀ ਅਮਿਉ ਕਿਰਨ ਨਭ ਨਾਭ ਪ੍ਰਗਟਾਉਂਦਾ ਹੈ। ਇਹ ਜੋਤਿ-ਰਸ-ਕਿਰਣੀ-ਪ੍ਰਗਾਸ ਹੀ ਸੱਚੜਾ ਪ੍ਰਚੰਡ ਗਿਆਨ ਹੈ ਪਾਰਬ੍ਰਹਮ ਦੀ ਪਰਤੱਖਤਾ ਦਾ। ਇਸ ਰਸ-ਵਿਗਸਾਇਣੀ ਆਤਮ-ਗਿਆਨਾਇਣੀ ਅਵਸਥਾ ਤੇ ਅਪੜ ਕੇ ਹੀ ਸੱਚੜਾ ਅਖੰਡਾਕਾਰ ਧਿਆਨ ਵਾਹਿਗੁਰੂ ਦੇ ਚਰਨਾਂ ਨਾਲਿ ਜੁੜਦਾ ਹੈ। ਤਾਂ ਤੇ "**ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ**" ਵਾਲੀ ਗੁਰਮਤਿ ਤੱਤ ਅਵਸਥਾ ਸਤੋ ਸਤਿ ਹੈ। ਪ੍ਰੰਤੂ ਸਤਿਗੁਰੂ ਦੇ ਅਪਾਰ ਪ੍ਰਸਾਦ ਕਰਿ ਕਿਸੇ ਵਿਰਲੇ ਤੱਤ-ਦਰਸੀ ਗੁਰਮੁਖਿ ਜਨ ਨੇ ਹੀ ਇਸ ਮਿਠਾਸ ਨੂੰ ਚੱਖ ਕੇ ਦੇਖਿਆ ਹੈ। ਤਾਹੀਂ ਤੇ ਤੱਤ ਗੁਰਮਤਿ ਨਾਮ-ਕਰਮੁ ਸਰਬੋਤਮ ਕਰਮੁ ਹੈ। ਇਸ ਗੁਰਮਤਿ ਨਾਮ ਗਿਆਨ ਤੋਂ ਸੁੰਵ-ਵੰਞੇ ਲੋਕ ਅਕਸਰ (ਬਹੁਤ ਕਰਕੇ) ਕਰਮ-ਕਾਂਡ ਅਚਾਰੀ ਹੀ ਬਣ ਜਾਂਦੇ ਹਨ, ਆਨਮਤਿ ਕਰਮਕਾਰੀ ਹੋ ਜਾਂਦੇ ਹਨ। ਪਰ ਓਹਨਾਂ ਨੂੰ ਨਾ ਰਸ, ਨਾ ਰੰਗ, ਨਾ ਸੁਆਦ, ਨਾ ਅਹਿਲਾਦ, ਨਾ ਵਿਸਮਾਦ ਪਦੁ ਪ੍ਰਾਪਤਿ ਹੁੰਦਾ ਹੈ। ਓਹਨਾਂ ਉਤੇ ਕੇਵਲ ਕਰਮ-

ਕਾਂਡੀ ਹੋਣ ਦਾ ਅਹੰਕਾਰ ਹੀ ਸਵਾਰ ਹੁੰਦਾ ਹੈ। ਪਰ "ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥" ਧ੍ਰਿਗਾਕਾਰ ਹੈ ਉਸ ਅਹੰਕਾਰ ਨੂੰ, ਜੋ ਨਾਮ ਵਲ ਨਹੀਂ ਲਗਣ ਦਿੰਦਾ। ਧ੍ਰਿਗਾਕਾਰ ਹੈ ਉਸ ਕਰਮ-ਕਾਂਡ ਉਤੇ, ਜੋ ਅਹੰਕਾਰ ਹੀ ਅਹੰਕਾਰ ਉਪਜਾਉਂਦਾ ਹੈ। ਨਾਮ ਬਿਨਾਂ ਕਰਮ, ਕੀਤੇ ਕਰਮਾਂ ਦਾ ਹੰਕਾਰ ਭੀ ਧ੍ਰਿਗੁ ਹੈ। ਆਨਮਤਿ ਕਰਮਾਚਾਰੀ ਮਾਇਆ-ਫਾਸ ਦੇ ਬੰਧਨਾਂ ਵਿਚਿ ਬੰਧੇ ਰਹਿੰਦੇ ਹਨ ਅਤੇ ਇਸ ਮਾਇਆ-ਫਾਸ ਦੇ ਬੰਧੇ ਹੋਏ ਗਰਭਾਸ-ਜੋਨੀਆਂ ਵਿਚਿ ਪੈ, ਲੱਖ ਚੁਰਾਸੀ ਦੇ ਗੇੜ ਵਿਚ ਫਿਰਦੇ ਘੁੰਮਦੇ ਰਹਿੰਦੇ ਹਨ। ਇਸ ਫਾਂਸੀ ਤੋਂ ਛੁਟਕਾਰਾ ਤਿਨ੍ਹਾਂ ਦਾ ਹੀ ਹੁੰਦਾ ਹੈ ਜੋ ਗੁਰੂ ਕੇ ਬਣ ਕੇ, ਗੁਰਮਤਿ ਨਾਮ ਨੂੰ ਜਪ ਕੇ, ਗੁਰ ਜੋਤਿ ਪ੍ਰਗਾਸ ਦਾ ਆਂਨੰਦ ਬਿਸਮਾਦ ਮਾਣਦੇ ਹਨ। ਗੁਰ ਜੋਤਿ ਪ੍ਰਗਾਸੀ, ਬਿਸਮਾਦ ਰਸ ਵਿਗਾਸੀ ਹੋਣ ਕਰਕੇ ਹੀ ਗੁਰਮਤਿ ਨਾਮੁ ਸਰਬੋਤਮ ਤੱਤ ਕਰਮੁ ਹੈ।

**ਪਉੜੀ ॥ ਝਾੜਾ ਝਾੜਿ ਮਿਟੈ ਸੰਗਿ ਸਾਧੂ ॥ ਕਰਮ ਧਰਮ ਤਤੁ ਨਾਮੁ ਅਰਾਧੂ ॥ ਰੂੜੋ ਜੇਹ ਬਸਿਓ ਰਿਦ ਮਾਹੀ ॥ ਉਆ ਕੀ ਝਾੜਿ ਮਿਟਤ ਬਿਨਸਾਹੀ ॥ ਝਾੜਿ ਕਰਤ ਸਾਕਤ ਗਾਵਾਰਾ ॥ ਜੇਹ ਹੀਐ ਅਹੰਬੁਧਿ ਬਿਕਾਰਾ ॥ ਝਾੜਾ ਗੁਰਮੁਖਿ ਝਾੜਿ ਮਿਟਾਈ ॥ ਨਿਮਖ ਮਾਹਿ ਨਾਨਕ ਸਮਝਾਈ ॥ ੪੭ ॥**

**(ਗਉੜੀ ਬਾਵਨ ਅਖਰੀ ਮਃ ੫, ਪੰਨਾ ੨੬੦)**

ਵਿਆਖਿਆ— ਸਾਰਾ ਜਗੁ ਦੁਬਿਧਾ ਮਈ ਰਿਹਾੜਾਂ ਝਗੜਿਆਂ ਟੰਟਿਆਂ ਵਿਚਿ ਹੀ ਰੁੱਝਿਆ ਤੇ ਰੁੜ੍ਹਿਆ ਰਹਿੰਦਾ ਹੈ। ਇਹ ਰਿਹਾੜ ਮਿਟਦੀ ਹੈ ਤਾਂ ਕੇਵਲ ਗੁਰੂ ਨਾਨਕ ਸਦ੍ਰਸ ਸਾਧੂ ਦੀ ਸੰਗਤਿ ਕਰਕੇ ਹੀ ਮਿਟਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੀ ਸਾਧ ਸੰਗਤਿ ਦੇ ਆਸਰੇ ਹੀ ਮਿਟਦੀ ਹੈ। ਸਤਿਗੁਰੂ ਨਿਵਾਜੀ ਸੰਗਤਿ ਵਿਚਿ ਮਿਲ ਕੇ ਤੱਤ ਗੁਰਮਤਿ ਨਾਮ ਦੀ ਪ੍ਰਾਪਤੀ ਹੁੰਦੀ ਹੈ। ਇਸ ਤੱਤ ਗੁਰਮਤਿ ਨਾਮ ਦਾ ਅਰਾਧਣਾ ਸਾਰਿਆਂ ਕਰਮਾਂ ਧਰਮਾਂ ਦਾ ਸਾਧਣਾ ਹੈ। ਸਾਰੇ ਕਰਮਾਂ ਧਰਮਾਂ ਉਪਰ ਤੱਤ ਸਰਬੋਤਮ ਕਰਮੁ ਗੁਰਮਤਿ ਨਾਮ ਦਾ ਅਰਾਧਣਾ ਹੈ। ਗੁਰਮਤਿ ਨਾਮ ਅਰਾਧਣ ਦੀ ਅਤੁਟ ਕਮਾਈ ਕਰਨ ਕਰਕੇ ਅਤਿ ਸੁੰਦਰ ਮਨਮੋਹਨ ਘਟ ਅੰਦਰਿ ਸੁੰਦਰ ਸੁਆਮੀ ਪਰਮੇਸ਼ਰ ਵਸਿ ਗਿਆ ਏ, ਉਸ ਦੀ ਜਾਣੋ ਸਗਲੀ ਰਾੜਿ ਰਿਹਾੜਿ ਮਿਟ ਗਈ, ਮਿਟਦੀ ਮਿਟਦੀ ਬਿਨਸ (ਮੁੱਕ) ਹੀ ਗਈ । ਨਾਮੋਂ ਸਖਣੇ ਸਾਕਤ ਗਵਾਰ ਲੋਕਾਂ ਦੀ ਸਾਰੀ ਅਵਰਦਾ ਰਗੜਿਆਂ ਝਗੜਿਆਂ ਵਿਚਿ ਹੀ ਗੁਜ਼ਰਦੀ ਹੈ, ਕਿਉਂਕਿ ਓਨ੍ਹਾਂ ਦੇ ਹੀਅਰੇ ਅੰਦਰਿ ਅਹਿਨਿਸਿ ਅਹੰਬੁਧ ਮਤਸਰੀ ਬਿਕਾਰ ਹੀ ਬਸੇ ਰਹਿੰਦੇ ਹਨ। ਜਿਨ੍ਹਾਂ ਗੁਰਮੁਖਾਂ ਦੀ ਦੁਬਿਧਾ ਮਈ ਝਾੜਿ ਅੰਦਰੋਂ ਮਿਟ ਗਈ, ਤਿਨ੍ਹਾਂ ਨੂੰ ਅੱਖ ਦੇ ਫੋਰੇ ਵਿਚਿ ਪ੍ਰਮਾਰਥ ਅਤੇ ਪਰਮਾਤਮਾ ਦੀ ਸੋਝੀ ਪੈ ਗਈ ਹੈ। ਇਹ ਸਭ ਸਦਕਾ ਤੱਤ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਰਬੋਤਮ ਕਰਮ ਦਾ ਹੀ ਹੈ।

**ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥ ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥ ੬ ॥**

**(ਆਸਾ ਮਃ ੧, ਪੰਨਾ ੪੧੩)**

ਵਿਆਖਿਆ— ਸ੍ਰਿਸ਼ਟੀ ਦੇ ਜੀਅ ਜੰਤ ਤਾਂ ਅਨੇਕਾਂ ਅਸੰਖਾਂ ਅਣਗਿਣਤ ਗਿਣਤੀ ਵਿਚਿ ਹਨ, ਪਰ ਸਿਰਜਨਹਾਰ ਪਰਮਾਤਮਾ ਇਕੋ ਹੀ ਹੈ, ਜੋ ਸਭਨਾਂ ਦੇ ਘਟਾਂ ਭੀਤਰਿ ਬਿਰਾਜਮਾਨ ਹੈ। ਏਹਨਾਂ ਅਨੇਕ ਅਸੰਖ ਜੀਵਾਂ ਦੇ ਕਰਮ ਧਰਮ ਭੀ ਬਹੁਤ ਬਹੁ-ਭਾਂਤੀ ਅਸੰਖਾਂ ਕ੍ਰੋੜਾਂ ਪ੍ਰਕਾਰਾਂ ਦੇ

ਹਨ। ਪਰ ਏਹਨਾਂ ਅਸੰਖ ਕ੍ਰੋੜੀ-ਕਰਮ ਕਰਨਹਾਰਿਆਂ ਦੇ ਜਨਮ ਬਿਨਾਂ ਭੈ-ਭਗਤੀ ਤੋਂ ਬਿਰਥੇ ਹੀ ਜਾਂਦੇ ਹਨ। ਭੈ-ਭਗਤੀ ਵਾਲੇ ਕਰਮ ਕਰਨਹਾਰਾ ਜੀਵਨ-ਜਨਮ ਹੀ ਸਕਾਰਥੀ ਜੀਵਨ-ਜਨਮ ਹੈ। ਪਰਸਪਰ ਮਿਲ ਕੇ ਗੁਰਬਾਣੀ ਮਈ ਵਾਹਿਗੁਰੂ ਦੇ ਗੁਣ ਗਾਵਣਾ ਹੀ ਸੱਚਾ ਪ੍ਰਮਾਰਥੀ ਕਰਮੁ ਹੈ। ਇਹ ਸਰਬੋਤਮ ਪ੍ਰਮਾਰਥੀ ਤੱਤ ਗੁਰਮਤਿ ਕਰਮ ਹੀ ਲੇਖੇ ਪੈਂਦਾ ਹੈ। ਇਉਂ ਇਸ ਤਰ੍ਹਾਂ ਪ੍ਰਮਾਰਥ ਮਈ ਸਿਫ਼ਤਿ ਸਾਲਾਹਤੀ ਕਰਮ ਕਰ ਕੇ ਹੀ ਪਰਮਾਤਮਾ ਨਾਲਿ ਮਿਲੀਦਾ ਹੈ।

**ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥ ੫ ॥**

**(ਆਸਾ ਮਃ ੧, ਪੰਨਾ ੪੧੪-੧੫)**

ਤੱਤ ਪ੍ਰਮਾਰਥ ਜਗਿਆਸਾ ਦੇ ਸਰਬੋਤਮ ਪਾਂਧੀ ਤਿਥੇ ਹੀ ਜਾਂਦੇ ਹਨ ਅਤੇ ਤਿਥੇ ਜਾਇ ਬਹਿੰਦੇ ਹਨ ਜਿਥੇ ਨਾਮ ਮਿਲਣ ਦੀ ਝਲਕ ਪੈਂਦੀ ਹੈ। ਨਾਮ ਮਿਲਣ ਦੀ ਝਲਕ ਪੈਂਦੀ ਹੈ ਕੇਵਲ ਗੁਰ-ਸੰਗਤਾਂ ਵਿਖੇ। ਤਾਂ ਉਹ ਉਤਮ ਮੁਤਲਾਸ਼ੀ "**ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿਨਾਮੁ ਬਿਲੋਈਐ**"[1] ਗੁਰਵਾਕ ਦੀ ਅਨੁਸਾਰਤਾ ਪ੍ਰਾਇਣ ਹੁੰਦੇ ਹੋਏ ਗੁਰੂ ਘਰ, ਗੁਰੂ ਨਾਨਕ ਦੇ ਘਰ ਆ ਕੇ ਹੀ ਸੱਚੇ ਨਾਮ ਦੇ ਢੂੰਡਾਊ ਬਣਦੇ ਹਨ। ਵਡੇ ਭਾਗਾਂ ਕਰਿ ਹੀ ਤਿਨ੍ਹਾਂ ਨੂੰ ਇਸ ਘਰ ਦੀ ਦੱਸ ਪੈਂਦੀ ਹੈ ਅਤੇ ਸਚ ਨਾਮੁ ਘਰਾਣੇ ਦੀ ਖ਼ਬਰ ਲਗਦੀ ਹੈ। ਤਿਥੈ ਓਹਨਾਂ ਦੀ ਪੂਰਨ ਅਧਿਕਾਰਤਾ ਦੀ ਪਰਖ ਅਨੁਸਾਰ ਗੁਰ ਪ੍ਰਸਾਦੀ ਨਾਮ ਦੀ ਉਤਮ ਦਾਤਿ ਮਿਲਦੀ ਹੈ। ਗੁਰ ਪ੍ਰਸਾਦੀ ਹੀ ਓਹ ਨਾਮ ਅਭਿਆਸ ਦੀ ਕਮਾਈ ਰੂਪੀ ਸਰਬੋਤਮ ਕਰਮ ਕਮਾਉਣ ਵਿਚਿ ਆਹਰਤ ਹੁੰਦੇ ਹਨ ਅਤੇ ਇਸ ਆਹਰੇ ਲਗਿਆਂ ਓਹ ਐਸੇ ਮਾਹਰ ਹੋ ਜਾਂਦੇ ਹਨ ਕਿ ਨਾਮ ਦੇ ਰੰਗਾਂ ਵਿਚਿ ਹੀ ਰੰਗੇ ਜਾਂਦੇ ਹਨ। ਕਿਉਂਕਿ ਨਾਮ ਦੀ ਖਾਸ ਖਾਸੀਅਤ ਇਹ ਹੈ ਕਿ ਜੋ ਕੋਈ ਉਤਮ ਪ੍ਰਮਾਰਥ ਜਗਿਆਸੂ ਨਾਮ ਅਭਿਆਸ ਗੁਰ ਪ੍ਰਸਾਦੀ ਨਾਮ ਦੀਆਂ ਕਮਾਈਆਂ ਕਰਨ ਲਗ ਪੈਂਦਾ ਹੈ, ਉਸ ਉਪਰਿ ਨਾਮ ਦੀ ਪਾਰਸ-ਕਲਾ ਵਰਤ ਜਾਂਦੀ ਹੈ ਤੇ ਉਹ ਨਾਮ ਦੇ ਰੰਗਾਂ ਵਿਚ ਰੰਗਿਆ ਜਾਂਦਾ ਹੈ। ਇਸ ਤੋਂ ਭੀ ਅਧਿਕ ਸਰਬੋਤਮਤਾ ਵਾਲੇ ਕਰਮ ਕਰਨ ਦਾ ਪ੍ਰੇਮ ਟੇਵੀ ਸੁਭਾਉ ਉਸ ਦਾ ਇਹ ਹੋ ਜਾਂਦਾ ਹੈ ਕਿ ਉਹ ਨਾਮ ਦੇ ਰੰਗਾਂ ਵਿਚਿ ਰੱਤਾ ਹੋਇਆ ਵਾਹਿਗੁਰੂ ਦੇ ਗੁਰਬਾਣੀ ਮਈ ਗੁਣਾਨੁਵਾਦ ਕਰਨ ਲਗ ਜਾਂਦਾ ਹੈ। ਹਰਿ ਗੁਣ ਗਾਵਣਾ, ਪ੍ਰੇਮ ਰੰਗਾਂ ਦੇ ਕੀਰਤਨ ਵਿਚਿ ਮਹ਼ਵ ਹੋਣਾ ਉਸ ਦਾ ਸਰਬੋਤਮੀ ਸੁਭਾਵ ਹੋ ਜਾਂਦਾ ਹੈ। ਕੀਰਤਨ-ਰੰਗਾਂ ਵਿਚਿ ਨਾਮ ਅਭਿਆਸਤਾ ਦੀ ਤੱਤ ਸਰਬੋਤਮੀ ਕਰਮ ਕਮਾਈ ਹੋਰ ਤੋਂ ਹੋਰ ਅਸਚਰਜ ਰੰਗਾਂ ਵਿਚਿ ਹੋਣ ਲਗ ਪੈਂਦੀ ਹੈ ਅਤੇ ਅਤਿ ਅਸਚਰਜ ਰੰਗਾਂ ਵਿਚਿ ਕੀਰਤਨ ਕਰਨ ਦੀ ਨਦਰਿ-ਮੇਹਰ ਉਸ ਉਤੇ ਨਦਰੀ ਗੁਰੂ ਕਰਤਾਰ ਦੇ ਦਰਬਾਰੋਂ ਨਛਾਵਰ ਹੋ ਜਾਂਦੀ ਹੈ। ਅਜਿਹੇ ਸਰਬੋਤਮ ਕਰਮ ਦੇ ਮੁਕਾਬਲੇ ਹੋਰ ਕਰਮ ਕੀ ਹੈਸੀਅਤ ਰਖਦੇ ਹਨ? ਕੁਛ ਭੀ ਨਹੀਂ।

**ਮਾਈ ਮੇਰੇ ਮਨ ਕੀ ਪ੍ਰੀਤਿ ॥ ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ ॥ ਰਹਾਉ ॥**

**(ਟੋਡੀ ਮਃ ੫, ਪੰਨਾ ੭੧੬)**

---

[1] ਵਡਹੰਸ ਕੀ ਵਾਰ ਮਃ ੪, ਪਉੜੀ ੪, ਪੰਨਾ ੫੮੭

ਤੱਤ ਭਾਵ— ਵਾਹਿਗੁਰੂ ਦੇ ਨਾਮ ਦੀ ਪ੍ਰੇਮ-ਅਭਿਆਸ-ਕਰਮਨੀ ਪ੍ਰੀਤਿ ਆਨ ਸਾਰੇ ਕਰਮਾਂ ਧਰਮਾਂ ਨਾਲੋਂ ਉਤਮ ਕਰਮ ਰੀਤੀ ਹੈ। ਜੋ ਇਸ ਉਤਮ ਕਰਮ ਰੀਤੀ ਵਾਲੇ ਪ੍ਰੇਮ-ਗੀਧੇ ਨਾਮ ਅਭਿਆਸ ਵਿਚਿ ਲਗ ਗਏ ਹਨ, ਓਹਨਾਂ ਨੂੰ ਹੋਰ ਕਰਮ ਕਰਨਾ ਕੋਈ ਸੁਝਦਾ ਹੀ ਨਹੀਂ। ਨਾ ਹੀ ਓਹਨਾਂ ਨੂੰ ਹੋਰ ਆਨਮਤਿ ਕਰਮ ਕਰਨ ਦੀ ਲੋੜ ਹੈ। ਓਹਨਾਂ ਲਈ ਤਾਂ ਗੁਰਮਤਿ ਨਾਮ ਦਾ ਅਭਿਆਸ ਕਰੀ ਜਾਣਾ ਹੀ ਅਤਿ ਨਿਰਮਲ ਅਤਿ ਉੱਤਮ ਕਰਮ ਰੀਤ ਹੈ। ਬਸ, ਏਹੀ ਗੁਰਮਤਿ ਨਾਮ ਅਭਿਆਸ ਹੀ ਓਹਨਾਂ ਦਾ ਸਰਬੋਤਮ ਕਰਮੁ ਹੈ ਤੇ ਏਹੀ ਓਹਨਾਂ ਦਾ ਧਰਮੁ ਹੈ। ਏਹੀ ਓਹਨਾਂ ਦਾ ਜਪੁ ਹੈ ਤੇ ਏਹੀ ਤਪੁ ਹੈ। ਤੱਤ ਸਰਬੋਤਮਤਾ ਤਿਨ੍ਹਾਂ ਨੇ ਗੁਰਮਤਿ ਨਾਮ ਅਭਿਆਸ ਕਰਮ ਅੰਦਰਿ ਹੀ ਲਖੀ ਹੈ, ਅਤੇ ਹੈ ਭੀ ਇਹੀ ਅਸਲੀਅਤ।

**ਊਠਤ ਬੈਠਤ ਜਪਉ ਨਾਮੁ ਇਹੁ ਕਰਮ ਕਮਾਵਉ ॥**

**(ਬਿਲਾਵਲੁ ਮਃ ੫, ਪੰਨਾ ੮੧੩)**

ਕਰਮਾਂ ਸਿਰ ਕਰਮੁ ਸਰਬੋਤਮ ਕਰਮੁ ਇਹੀ ਹੈ ਕਿ ਉਠਦਿਆਂ ਬਹਿੰਦਿਆਂ ਨਾਮ ਹੀ ਜਪੀ ਜਾਈਏ। ਗੁਰਮਤਿ ਅੰਦਰਿ ਏਦੂੰ ਉਪਰਿ ਅਤੇ ਏਦੂੰ ਸ੍ਰੇਸ਼ਟ ਹੋਰ ਕੋਈ ਕਰਮ ਨਹੀਂ।

**ਸਾਚੀ ਕੀਰਤਿ ਸਾਚੀ ਬਾਣੀ ॥ ਹੋਰ ਨ ਦੀਸੈ ਬੇਦ ਪੁਰਾਣੀ ॥ ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ ॥ ੧੫ ॥**

**(ਮਾਰੂ ਮਃ ੧, ਪੰਨਾ ੧੦੨੨)**

ਵਿਆਖਿਆ— ਸੱਚੀ ਕੀਰਤਿ ਰੂਪੀ ਸਿਫਤਿ ਸਾਲਾਹ ਗੁਰਬਾਣੀ ਅੰਦਰਿ ਹੀ ਵਿਦਮਾਨ ਹੈ, ਹੋਰ ਕਿਤੇ ਭੀ ਇਹ ਨਹੀਂ ਦਿਸਦੀ, ਨਾ ਬੇਦਾਂ ਵਿਚਿ, ਨਾ ਪੁਰਾਣਾਂ ਵਿਚਿ, ਨਾ ਹੋਰ ਮਤ-ਮਤਾਣਾਂ ਵਿਚਿ। ਇਹ ਗੁਰਬਾਣੀ ਹੀ ਨਾਮ ਸਿਫਤਿ ਸਾਲਾਹ ਦੀ ਸੱਚੀ ਪੂੰਜੀ ਹੈ। ਨਾਮ ਹੀ ਸਾਚੁ ਸਤਿ ਪਦਾਰਥ ਹੈ। ਤਾਂ ਤੇ ਸਮੱਗਰ ਗੁਰਬਾਣੀ ਸੱਚੇ ਨਾਮ ਦੀ ਹੀ ਸਿਫਤਿ ਸਾਲਾਹ ਰੂਪੀ ਕੀਰਤੀ ਹੈ। ਤਾਂ ਤੇ ਗੁਰਬਾਣੀ ਅੰਦਰਿ ਵਿਦਤਾਏ ਸੱਚੇ ਗੁਣ ਗਾਉਣਾ ਹੀ ਸਰਬੋਤਮ ਸਭ ਤੋਂ ਸ੍ਰੇਸ਼ਟ ਕਰਮ ਹੈ। ਤਾਂ ਤੇ ਗੁਰਮਤਿ ਵਿਦਿਤਾਏ ਕਰਮ ਦੇ ਤੁੱਲ ਹੋਰ ਕੋਈ ਕਰਮ ਨਹੀਂ। ਗੁਰਸਿੱਖਾਂ ਗੁਰਮਤਿ-ਕਰਮ-ਧਰਮੀਆਂ ਦਾ ਤਾਂ ਆਸਰਾ (ਧਰ, ਠਿਕਾਣਾ) ਹੀ ਸਿਫਤਿ ਸਾਲਾਹ ਹਰਿ-ਕੀਰਤਨ ਹੈ, ਜੋ ਕੇਵਲ ਗੁਰਬਾਣੀ ਅੰਦਰਿ ਹੀ ਦਰਸਾਇਆ ਗਿਆ ਹੈ।

**ਰਾਜੇ ਧਰਮੁ ਕਰਹਿ ਪਰਥਾਏ ॥ ਆਸਾ ਬੰਧੇ ਦਾਨੁ ਕਰਾਏ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ ॥ ੯ ॥ ਕਰਮ ਧਰਮ ਕਰਿ ਮੁਕਤਿ ਮੰਗਾਹੀ ॥ ਮੁਕਤਿ ਪਦਾਰਥੁ ਸਬਦਿ ਸਲਾਹੀ ॥ ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ ॥ ੧੦ ॥ ਮਾਇਆ ਮਮਤਾ ਛੋਡੀ ਨ ਜਾਈ ॥ ਸੇ ਛੂਟੇ ਸਚੁ ਕਾਰ ਕਮਾਈ ॥ ਅਹਿਨਿਸਿ ਭਗਤਿ ਰਤੇ ਵੀਚਾਰੀ ਠਾਕੁਰ ਸਿਉ ਬਣਿ ਆਈ ਹੇ ॥ ੧ ॥ ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ॥ ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ ॥ ੧੨ ॥**

**(ਮਾਰੂ ਮਃ ੧, ਪੰਨਾ ੧੦੨੪)**

ਵਿਆਖਿਆ— ਗੁਰਮਤੋਂ ਹੀਣੇ ਆਨਮਤੀ ਕਰਮ ਕਾਂਡ ਅਹੰਮਤੀ ਰਾਜੇ ਧਰਮ ਤਾਂ ਕਰਦੇ ਹਨ, ਪਰ ਸੁਆਰਥ ਹਿਤ ਆਪਣੀ ਕਿਸੇ ਗ਼ਰਜ਼ ਨੂੰ ਮੁਖ ਰਖ ਕੇ ਕਰਦੇ ਹਨ। ਦਾਨ ਕਰਦੇ ਹਨ ਤਾਂ ਆਸਾ-ਬੰਧੂ ਹੋ ਕੇ ਕਰਦੇ ਹਨ। ਕਿਸੇ ਆਸਾ ਮਨੋਰਥ ਮਈ ਤ੍ਰਿਸ਼ਨਾ ਨੂੰ ਮੁਖ ਰਖ ਕੇ ਦਾਨ ਕਰਦੇ ਹਨ ਕਿ ਦਿੱਤੇ ਦਾਨ ਦੇ ਬਦਲੇ ਬਹੁਤਾ ਹੋਰ ਕੁਛ ਮਿਲੇ। ਤਿਨ੍ਹਾਂ ਨੂੰ ਸੱਚੜਾ ਮੁਕਤਿ ਪਦਾਰਥ ਕਦੇ ਨਹੀਂ ਮਿਲਦਾ। ਏਹਨਾਂ ਆਨਮਤਿ ਕਰਮਾਂ ਦੇ ਕੀਤਿਆਂ ਮੁਕਤੀ ਨਹੀਂ ਮਿਲਦੀ। ਮੁਕਤੀ ਮਿਲਦੀ ਹੈ ਤਾਂ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਮਿਲਦੀ ਹੈ। ਨਾਮ ਅਭਿਆਸ ਦੇ ਸਰਬੋਤਮ ਕਰਮ ਬਿਨਾਂ ਮੁਕਤੀ ਨੂੰ ਪ੍ਰਾਪਤਿ ਨਹੀਂ ਹੁੰਦੇ ਆਨਮਤਿ ਕਰਮ ਕਰਨ ਵਾਲੇ। ਅਜਿਹੇ ਆਨਮਤਿ ਕਰਮ ਕਰਨ ਵਾਲੇ ਬਥੇਰੇ ਕਰਮ ਕਰਿ ਕਰਿ ਥਕ ਹਾਰੇ ਹਨ। ਆਨਮਤੀ ਲੋਗ ਆਨਮਤਿ ਪਰਪੰਚ ਕਰਮ ਧਰਮ ਕਰਦੇ ਹਨ ਅਤੇ ਮੁਕਤੀ ਦੀ ਮੰਗ ਕਰਦੇ ਹਨ। ਇਉਂ ਏਹਨਾਂ ਆਨਮਤਿ ਪਰਪੰਚ ਕਰਮਾਂ ਧਰਮਾਂ ਵਾਲੇ ਮੰਗਤਿਆਂ ਨੂੰ ਕਦੇ ਮੁਕਤੀ ਨਹੀਂ ਮਿਲਦੀ। ਮੁਕਤੀ ਮਈ ਪਦਾਰਥ ਹੀ ਸਿਫਤਿ ਸਾਲਾਹ ਰੂਪੀ ਸ਼ਬਦ ਕਮਾਈ ਕੀਤਿਆਂ ਮਿਲਦਾ ਹੈ। ਗੁਰ-ਸ਼ਬਦ (ਗੁਰਮੰਤਰ, ਗੁਰਮਤਿ ਨਾਮ) ਦੀ ਕਮਾਈ ਕੀਤੇ ਬਿਨਾਂ ਮੁਕਤੀ ਕਦੰਤ ਨਹੀਂ ਮਿਲਦੀ। ਐਵੇਂ ਭੁਲੀ ਲੁਕਾਈ ਪਰਪੰਚ ਕਰਮ ਕਰਿ ਕਰਿ ਭ੍ਰਮਿ ਭੁਲਾਈ ਫਿਰਦੀ ਹੈ।

ਏਹਨਾਂ ਆਨਮਤੀ ਪਰਪੰਚ ਕਰਮ ਕਰਨਹਾਰਿਆਂ ਤੋਂ ਮਾਇਆ-ਮਮਤਾ ਛੱਡੀ ਨਹੀਂ ਜਾਂਦੀ। ਓਹ ਛਡਦੇ ਹਨ ਤਾਂ ਮਾਇਆ-ਮਮਤਾ ਓਹਨਾਂ ਨੂੰ ਨਹੀਂ ਛਡਦੀ। ਇਸ ਤੋਂ ਉਹੀ ਛੁਟਦੇ ਹਨ, ਓਹੀ ਛੁਟ ਸਕਦੇ ਹਨ ਜਿਨ੍ਹਾਂ ਨੇ ਸ਼ਬਦ ਸਾਲਾਹ ਰੂਪੀ ਨਾਮ ਅਭਿਆਸ ਰੂਪੀ ਸੱਚੀ ਕਾਰ ਦੀ ਕਮਾਈ ਕੀਤੀ ਹੈ, ਸਿਫਤਿ ਸਾਲਾਹ ਰੂਪੀ ਸਚੁ ਨੂੰ ਕਮਾਇਆ ਕਰਮਾਇਆ ਹੈ, ਨਾਮ ਅਭਿਆਸ ਕਮਾਈ ਨੂੰ ਹੀ ਆਪਣੇ ਜੀਵਨ ਦਾ ਆਦਰਸ਼ ਬਣਾ ਕੇ ਕਮਾਇਆ ਹੈ। ਤਿਨ੍ਹਾਂ ਨੇ ਹੀ ਮਾਇਆ-ਮਮਤਾ ਤੋਂ ਛੁਟਕਾਰਾ ਪਾਇਆ ਹੈ। ਅਜਿਹੀਆਂ ਲਗਾਤਾਰ ਦਿਨ ਰੈਣੀ ਅਭਿਆਸ-ਕਮਾਈਆਂ ਕਰਨ ਵਾਲੇ ਹੀ ਸੱਚੇ ਸ਼ਬਦ-ਵੀਚਾਰੀ ਨਾਮ-ਅਹਾਰੀ ਨਾਮ-ਕਰਮਾਰੀ ਹਨ। ਐਸੇ ਨਾਮ ਨਿਰੰਕਾਰੀ ਵੀਚਾਰੀ ਅਭਿਆਸਾਚਾਰੀ ਜਨ ਅਹਿਨਿਸਿ ਨਾਮ-ਰੰਗਾਂ ਵਿਚਿ ਰੱਤੇ ਹੀ ਰਹਿੰਦੇ ਹਨ। ਤਿਨ੍ਹਾਂ ਨਾਮ-ਰੰਗੀਸ਼ਰਾਂ ਸਚ-ਕਰਮ-ਕਰਮੀਸ਼ਰਾਂ ਦੀ ਨਾਮੀ ਅਕਾਲ ਪੁਰਖ ਨਾਲਿ ਸਦ ਸਦੀਵੀ ਲਿਵ ਮਿਲੌਣੀ ਪ੍ਰੀਤਿ ਬਣ ਆਈ ਹੈ।

ਇਕ ਐਸੇ ਭੀ ਅਭਾਗੇ ਪੁਰਸ਼ ਹਨ, ਇਕ ਕੀ ਅਨੇਕਾਂ ਐਸੇ ਭਾਗਹੀਣ ਪੁਰਸ਼ ਹਨ, ਜੋ ਆਨਮਤੀ ਤੀਰਥ ਜਪ ਤਪ ਆਦਿ ਸੰਜਮੀ ਆਨਮਤਿ ਕਰਮਾਂ ਨੂੰ ਕਰਿ ਕਰਿ ਖਪਿ ਖਪਿ ਮਰਿ ਰਹੇ ਹਨ। ਓਹਨਾਂ ਦੇ ਕਰਮਾਂ ਵਿਚਿ ਹੀ ਇਹ ਮੰਦ ਭਾਗ ਲਿਖਿਆ ਹੋਇਆ ਹੈ, ਜਿਸ ਕਰਕੇ ਜਿਵੇਂ ਲੇਖ-ਕਰਮ ਬਿਧਾਤੇ-ਕਰਤਾਰ ਨੂੰ ਭਾਉਂਦਾ ਹੈ ਤਿਵੇਂ ਹੀ ਓਹ ਕਾਰ ਕਮਾਉਂਦੇ ਹਨ। ਪਰਪੰਚੀਆਂ ਹਠ-ਕਰਮੀਆਂ ਦੇ ਬਾਹਰ ਦੇ ਦਿਖਾਵੇ ਦੇ ਕਰਮਾਂ ਤੋਂ, ਜਪਾਂ ਤਪਾਂ ਨਾਲਿ ਕਦੇ ਨਾ ਪਤੀਜਣ ਵਾਲਾ ਅੰਤਰਯਾਮੀ ਪੁਰਖ ਬਿਧਾਤਾ ਨਹੀਂ ਪਤੀਆਇਆ ਜਾ ਸਕਦਾ। ਨਾ ਹੀ ਭਿਜਦਾ ਪਤੀਜਦਾ ਹੈ। ਹਠ ਜੋਗ ਨਾਲਿ ਇੰਦਰਿਆਂ ਦਾ ਨਿਰੋਧ ਕਰਨਾ ਉੱਕਾ ਹੀ ਗੁਰਮਤਿ ਪ੍ਰਤਿਕੂਲ ਕਰਮ ਹੈ। ਗੁਰੂ ਦੁਆਰਾ, ਸੱਚੇ ਸਤਿਗੁਰੂ ਦੁਆਰਾ ਵਾਹਿਗੁਰੂ ਨਾਮ ਦੀ ਪ੍ਰਾਪਤੀ ਹੋਵੇ, ਫੇਰ ਇਸ ਗੁਰਮਤਿ ਨਾਮ ਦੀ ਕਮਾਈ ਕੀਤੀ ਜਾਵੇ ਤਾਂ ਘਾਲ ਥਾਇੰ ਪੈਂਦੀ ਹੈ, ਤਾਂ ਪਤਿ ਸੋਭਾ ਦਾ ਧੁਰ-ਦਰਗਾਹੀ ਸਿਰੋਪਾਉ ਮਿਲਦਾ ਹੈ, ਐਵੇਂ ਨਹੀਂ। ਨਿਗੁਰਿਆਂ ਕਰਮ-ਕਾਂਡੀਆਂ ਨੂੰ ਪਤਿ ਸੋਭਾ

ਕਿਥਾਊਂ ਨਹੀਂ ਮਿਲਦੀ। ਗੁਰਮਤਿ ਨਾਮ ਦੇ ਉਤਮ ਕਰਮਾਚਾਰੀਆਂ ਨੂੰ ਹੀ ਇਹ ਬਿਸੇਖਤਾ ਮਿਲਦੀ ਹੈ। ਇਹ ਤੱਤ ਗੁਰਮਤਿ ਸਾਰ ਕਰਮ ਵਿਲੱਖਣਤਾ ਦਾ ਕਾਰਨਾਮਾ ਹੈ।

**ਹਰਿ ਹਰਿ ਨਾਮੁ ਜਪਹੁ ਰਸੁ ਮੀਠਾ ॥ ਗੁਰਮੁਖਿ ਹਰਿ ਰਸੁ ਅੰਤਰਿ ਡੀਠਾ ॥**
**ਅਹਿਨਿਸਿ ਰਾਮ ਰਹਹੁ ਰੰਗਿ ਰਾਤੇ ਏਹ ਜਪੁ ਤਪੁ ਸੰਜਮੁ ਸਾਰਾ ਹੇ ॥ ੩ ॥**

(ਮਾਰੂ ਮਃ ੧, ਪੰਨਾ ੧੦੩੦)

ਵਿਆਖਿਆ— ਗੁਰਮਤਿ ਨਾਮ ਦਾ ਜਾਪੁ ਆਪਣੀ ਪਾਰਸ-ਕਲਾ ਸੇਤੀ ਇਕ ਅਤਿ ਰਸ ਮੀਠਾ ਅਮਿਉ ਮਿਠਾਸ ਉਦੀਪਤ ਕਰਦਾ ਹੈ। ਗੁਰਮੁਖਾਂ ਨੇ ਇਸ ਅਮਿਉ ਰਸ ਨੂੰ ਅੰਤਰ-ਆਤਮੇ ਰਸੀਪਤ ਮਿਸ਼ਰੀਪਤ ਹੋਇਆ ਅਜ਼ਮਾਇਆ ਹੈ, ਇਸ ਅੰਮ੍ਰਿਤ-ਸੁਆਦ ਦੀ ਰਸ-ਮਿਠਾਸ ਅੰਤਰਿ ਆਤਮੇ ਮਾਣੀ ਹੈ। ਐਸੇ ਅੰਮ੍ਰਿਤ-ਰਸ ਮਿਠਾਸ ਵਾਲੇ ਨਾਮ ਨੂੰ ਦਿਨ ਰਾਤ ਰੰਗਾਂ ਵਿਚਿ ਰਟਣਾ ਹੀ ਸਾਰ ਜਪ, ਸਾਰ ਤਪ ਅਤੇ ਸਾਰ ਸੰਜਮ ਕਰਮ ਕਮਾਈ ਹੈ। ਏਦੂੰ ਸਰਬੋਤਮ ਕਰਮ ਹੋਰ ਕੋਈ ਨਹੀਂ। ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਕਰਮ ਦੀ ਇਹੀ ਵਿਸ਼ੇਸ਼ ਵਿਲੱਖਣਤਾ ਹੈ।

**ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ ॥ ਵਿਣੁ**
**ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥ ੪ ॥**

(ਮਾਰੂ ਮਃ ੧, ਪੰਨਾ ੧੦੩੨)

ਵਿਆਖਿਆ— ਆਨਮਤਿ ਅਵਲੰਬੀ ਲੋਕ ਸਿਮਿਤ੍ਰੀਆਂ ਸ਼ਾਸਤ੍ਰਾਂ ਅਤੇ ਪੁਰਾਣਾਂ ਨੂੰ ਪੜ੍ਹਦੇ ਹਨ, ਪਰ ਪੜ੍ਹਿ ਪੜ੍ਹਿ ਐਵੇਂ ਟੱਕਰਾਂ ਹੀਂ ਮਾਰਦੇ ਹਨ, ਕਿਉਂਕਿ ਏਹਨਾਂ ਵਿਚਿ ਧਰਿਆ ਕੁਛ ਨਹੀਂ ਪਿਆ, ਕਿਉਂਕਿ ਏਹਨਾਂ ਆਨਮਤਿ ਧਰਮ-ਪੁਸਤਕਾਂ ਅੰਦਰਿ ਵਾਦਾਂ ਦਾ ਹੀ ਵਖਿਆਨ ਬਿਆਨ ਭਰਿਆ ਪਿਆ ਹੈ। ਇਹ ਸਿਮ੍ਰਿਤਿ ਸ਼ਾਸਤ੍ਰ ਪੁਰਾਣ ਵਾਦੁ ਹੀ ਵਖਾਣਦੇ ਹਨ। ਏਹਨਾਂ ਨੂੰ ਪੜ੍ਹਨਹਾਰੇ ਭੀ ਬਾਦ ਬਿਵਾਦ ਦੀ ਚਰਚਾ ਕਰਨੀ ਹੀ ਸਿਖਦੇ ਹਨ। ਤੱਤ ਏਹਨਾਂ ਦੇ ਪੱਲੇ ਨਹੀਂ ਪੈਂਦਾ। ਪੱਲੇ ਤਾਂ ਤਦ ਪਵੇ ਜੇ ਏਹਨਾਂ ਪੁਸਤਕਾਂ ਅੰਦਰ ਹੀ ਤੱਤ ਵਖਾਨਿਆ ਹੋਇਆ ਹੋਵੇ। ਇਹ ਆਨਮਤਿ ਧਰਮ-ਪੁਸਤਕ ਤਾਂ ਤੱਤ ਵਸਤੂ ਦੀ ਸਾਰ ਨਹੀਂ ਜਾਣਦੇ। ਇਹ ਤੱਤ ਪਦਾਰਥ ਤਾਂ ਕੇਵਲ ਗੁਰਮਤਿ ਅੰਦਰਿ ਹੀ ਹੈ ਅਤੇ ਗੁਰੂ ਬਾਝਹੁੰ ਨਹੀਂ ਜਾਨਿਆਂ ਜਾਦਾ। ਗੁਰੁ ਪੂਰੇ ਬਾਝਹੁੰ ਤੱਤ ਪਾਇਆ ਹੀ ਨਹੀਂ ਜਾਂਦਾ। ਪਾਇਆ ਜਾਂਦਾ ਹੈ ਤਾਂ ਪੂਰੇ ਗੁਰੂ ਦੇ ਸਿਖ ਬਣ ਕੇ, ਸਚਿਆਰ ਸਿਖ ਬਣ ਕੇ ਪਾਇਆ ਜਾਂਦਾ ਹੈ। ਇਹ ਤੱਤ ਸਾਰ ਵਸਤੂ ਨਾਮ-ਪਦਾਰਥ ਹੈ। ਇਸ ਨਾਮ ਰੂਪੀ ਸੱਚ ਦਾ ਮਾਰਗ ਸੱਚੇ ਸੁੱਚੇ (ਸਚਿਆਰ ਤੇ ਸੁਚਿਆਰ) ਗੁਰਸਿੱਖਾਂ ਦੇ ਚਲਣ ਗੋਚਰਾ ਹੀ ਹੈ। ਜਣਾ ਕਣਾ ਇਸ ਖੰਡੇਧਾਰ ਮਾਰਗ ਉਤੇ ਨਹੀਂ ਚਲ ਸਕਦਾ।

**ਬੇਦ ਪੜਹਿ ਪੜਿ ਬਾਦੁ ਵਖਾਣਹਿ ॥ ਘਟ ਮਹਿ ਬ੍ਰਹਮ ਤਿਸੁ ਸਬਦਿ ਨ ਪਛਾਣਹਿ ॥**
**ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸ ਤਾਹਾ ਹੇ ॥ ੧੧ ॥**

(ਮਾਰੂ ਮਃ ੩, ਪੰਨਾ ੧੦੫੮)

ਵਿਆਖਿਆ— ਜਿਹੜੇ ਪੁਰਸ਼ ਬੇਦ ਪੜ੍ਹਦੇ ਹਨ, ਉਹ ਪੜ੍ਹ ਕੇ ਬਾਦ ਹੀ ਵਖਾਣਦੇ ਹਨ, ਕਿਉਂਕਿ ਬੇਦਾਂ ਵਿਚ ਬਾਦਾਂ ਬਿਵਾਦਾਂ ਮਈ ਤ੍ਰੈਗੁਣੀ ਪੜ੍ਹਾਈ (ਵਿਦਿਆ, ਇਲਮ) ਹੀ ਭਰੀ ਪਈ

ਹੈ। ਜਿਸ ਪੜ੍ਹਾਈ ਵਿਚਿ ਭੱਸ ਭਰੀ ਹੋਈ ਹੈ, ਉਸ ਦੇ ਪੜ੍ਹਾਕੂਆਂ ਦੇ ਪੱਲੇ ਭੱਸ ਹੀ ਪੈਣੀ ਹੈ। ਬੇਦਾਂ ਅੰਦਰਿ ਤੁਰੀ ਗੁਣੀ ਬ੍ਰਹਮ ਵਿਦਿਆ ਦਾ ਮੁਸ਼ਕ ਭੀ ਨਹੀਂ। ਐਵੇਂ ਬੇਦਾਂ ਦੇ ਬਾਦ-ਪਕਸ਼ੀ ਤਿੜੇ ਹੋਏ ਲੋਕ ਤੜ੍ਹਾਂ ਮਾਰਦੇ ਹਨ ਕਿ ਬੇਦਾਂ ਵਿਚਿ ਪ੍ਰਮਾਰਥੀ ਪਦਾਰਥ ਵਾਲੀ ਬ੍ਰਹਮ ਵਿਦਿਆ ਭੀ ਹੈ। ਖੋਜੀ ਲੋਗ ਜੋ ਬੇਦ ਏਸੇ ਨਮਿਤ ਪੜ੍ਹਦੇ ਹਨ, ਬ੍ਰਹਮ ਦੇ ਮੁਤਲਾਸ਼ੀ ਹੋ ਕੇ, ਓਹਨਾਂ ਨੂੰ ਬੇਦਾਂ ਅੰਦਰਿ ਬ੍ਰਹਮ ਵਿਦਿਆ, ਪਰਮਾਤਮਾ ਨੂੰ ਪਾਉਣ ਵਾਲੀ ਅਧਿਆਤਮ ਵਿਦਿਆ ਉੱਕੀ ਹੀ ਨਹੀਂ ਲਭਦੀ। ਵਾਦ-ਵਖਿਆਨੀ ਬਿਆਨ ਹੀ ਬੇਦਾਂ ਵਿਚਿ ਮਿਲਦੇ ਹਨ। ਬ੍ਰਹਮ ਤਾਂ ਘਟ ਅੰਦਰਿ ਹੈ, ਜੋ ਕੇਵਲ ਗੁਰ-ਸ਼ਬਦ ਦੁਆਰਾ ਹੀ ਲਖਿਆ ਪਛਾਨਿਆ ਜਾਂਦਾ ਹੈ। ਮੂਰਖ ਬੇਦ-ਅਭਿਆਸੀ ਲੋਗ ਗੁਰ-ਸ਼ਬਦ ਵਾਲੇ ਗੁਰਮਤਿ-ਮਾਰਗ ਤੇ ਤਾਂ ਚਲਦੇ ਨਹੀਂ ਤੇ ਗੁਰਮਤਿ ਮਾਰਗ ਤੇ ਚੱਲ ਕੇ ਗੁਰ-ਸ਼ਬਦ ਦੀ ਕਮਾਈ ਕਰਦੇ ਨਹੀਂ। ਓਹਨਾਂ ਨੂੰ ਬ੍ਰਹਮ ਕਿਵੇਂ ਮਿਲ ਸਕਦਾ ਹੈ? ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ ਤਾਂ ਗੁਰ-ਸ਼ਬਦ ਦੁਆਰਾ ਘਟ ਅੰਤਰਿ ਹੀ ਹੋ ਜਾਂਦੀ ਹੈ। ਉਸ ਘਟ ਅੰਤਰਿ ਗੁਰ-ਸ਼ਬਦ ਦੁਆਰਾ ਪਛਾਣੇ (ਲਖੇ) ਜਾਣ ਵਾਲੇ ਬ੍ਰਹਮ ਨੂੰ ਭੁਲੀ ਬੇਦ-ਪੜ੍ਹਾਈਆਂ-ਮੁਠੀ ਲੁਕਾਈ ਬੇਦਾਂ ਨੂੰ ਪੜ੍ਹ ਪੜ੍ਹ ਕੇ ਲਭਿਆ ਲੋੜਦੀ ਹੈ। ਬ੍ਰਹਮ-ਲੱਭਤਾ ਦੀ ਪੜ੍ਹਾਈ ਵਾਲਾ ਇਲਮ ਗੁਰ-ਸ਼ਬਦ ਕਮਾਈ ਵਿਚਿ ਹੀ ਮਹਿਫ਼ੂਜ਼ ਅਤੇ ਭਰਪੂਰ ਹੈ। ਗੁਰ-ਸ਼ਬਦ ਦੇ ਤਾਂ ਓਹ ਰਾਹ ਹੀ ਨਹੀਂ ਪੈਂਦੇ। ਓਹਨਾਂ ਨੂੰ ਪ੍ਰਾਪਤੀ ਕਿਵੇਂ ਹੋਵੇ? ਤਿਨ੍ਹਾਂ ਅਭਾਗਿਆਂ ਨੂੰ ਗੁਰ-ਸ਼ਬਦ ਵਾਲਾ ਗੁਰਮਤਿ ਮਾਰਗੁ ਨਸੀਬ ਹੀ ਨਹੀਂ ਹੁੰਦਾ। ਏਹ ਤਾਂ ਸੁਭਾਗੇ ਗੁਰਮੁਖਾਂ ਨੇ ਹੀ ਗੁਰਮਤਿ ਮਾਰਗ ਨੂੰ ਪਾਇਆ, ਜਿਨ੍ਹਾਂ ਨੇ ਗੁਰ-ਸ਼ਬਦ ਰੂਪੀ ਤੱਤ ਬਿਲੋ ਕੇ ਘਟ ਅੰਦਰੋਂ ਹੀ ਬ੍ਰਹਮ ਨੂੰ ਲੱਭ ਲਿਆ (ਲੱਖ ਲਿਆ) ਹੈ। ਗੁਰੂ ਘਰ ਦੇ ਗੁਰਮੁਖਿ ਨਾਮ ਅਭਿਆਸੀ ਅਭਿਆਸ ਕਮਾਈਆਂ ਵਾਲੇ ਨਾਮ ਅਭਿਆਸ ਦਾ ਖੰਡਾ ਖੜਕਾ ਖੜਕਾ, ਨਾਮ-ਜਾਪ ਦਾ ਬਿਲੋਵਨਾ ਬਿਲੋਇ ਬਿਲੋਇ ਕੈ ਸ਼ਬਦ ਦੀ ਗੁੱਰਾਟ ਦੁਆਰਾ ਰਸਨਾ ਉਤੇ ਤੱਤ ਅੰਮ੍ਰਿਤ ਰਸ ਨੂੰ ਜੋਤਾਇ ਲੈਂਦੇ ਹਨ। ਤਿਨ੍ਹਾਂ ਦੀ ਰਸਨਾ ਦੁਆਰਾ ਰਸ-ਜੋਤਿ ਅੰਮ੍ਰਿਤ ਦੇ ਫੁਹਾਰੇ ਹੀ ਸਫੁਟ ਹੋਇ ਹੋਇ ਨਿਕਸਦੇ ਹਨ। ਇਹ ਤੱਤ ਗੁਰਮਤਿ ਕਰਮ ਦੀ ਵਿਸ਼ੇਸ਼ਤਾ ਹੈ ਜੋ ਸਭ ਆਨ ਕਰਮਾਂ ਤੋਂ ਸਰਬੋਤਮ ਅਤੇ ਵਿਲੱਖਣ ਹੈ। ਇਹੀ ਅਲੌਕਿਕਤਾ ਹੈ।

ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥
ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥ ੧੨ ॥
ਕਾਮ ਕਰੋਧੁ ਸਬਲ ਸੰਸਾਰਾ ॥ ਬਹੁ ਕਰਮ ਕਮਾਵਹਿ ਸਭ ਦੁਖ ਕਾ ਪਸਾਰਾ
॥ ਸਤਿਗੁਰੁ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ ॥ ੧੩ ॥

(ਮਾਰੂ ਮਃ ੩, ਪੰਨਾ ੧੦੬੦)

ਵਿਆਖਿਆ— ਗੁਰ-ਸ਼ਬਦ ਕਮਾਈ ਤੋਂ ਬਿਨਾਂ ਹੋਰ ਕੋਈ ਨਾ ਜਪੁ ਹੈ, ਨਾ ਤਪੁ ਹੈ, ਨਾ ਸੰਜਮ ਹੈ। ਗੁਰ-ਸ਼ਬਦ ਹੀ ਜਪੁ ਹੈ, ਗੁਰ-ਸ਼ਬਦ ਹੀ ਤਪੁ ਹੈ, ਗੁਰ-ਸ਼ਬਦ ਹੀ ਸੰਜਮੁ ਹੈ। ਜਦੋਂ ਤਾਈਂ ਗੁਰ ਕਾ ਸ਼ਬਦ (ਨਾਮ, ਗੁਰਮੰਤਰ) ਨਾ ਕਮਾਇਆ ਜਾਵੇ ਤਦੋਂ ਤਾਈਂ ਸੱਚੇ ਜਪੁ, ਸੱਚੇ ਤਪੁ ਅਤੇ ਸੰਜਮ ਦੀ ਸੋਝੀ ਹੀ ਨਹੀਂ ਪੈਂਦੀ। ਨਾ ਹੀ ਤਦੋਂ ਤਾਈਂ ਇਹ ਗੱਲ ਵਿਦਤ ਹੁੰਦੀ ਹੈ ਕਿ "ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥" ਏਹ ਆਨਮਤਿ ਕਰਮਾਂ ਸੇਤੀ ਕਰਮਾਉਣ ਯੋਗ ਜਪ ਤਪ ਸੰਜਮ ਆਦਿ ਕੋਈ ਵਾਸਤਵਤਾ ਮਹੱਤਤਾ ਹੀ ਨਹੀਂ ਰਖਦੇ, ਕਿਉਂਕਿ ਇਹਨਾਂ ਆਨਮਤਿ ਕਰਮੀ ਜਪਾਂ ਤਪਾਂ ਸੰਜਮਾਂ ਦੁਆਰਾ ਤੱਤ ਸਤਿ ਵਾਹਿਗੁਰੂ, ਵਾਹਿਗੁਰੂ ਰੂਪੀ ਤੱਤ ਸਚੁ ਪਾਇਆ ਹੀ ਨਹੀਂ ਜਾ

ਸਕਦਾ। ਗੁਰ ਕੇ ਸ਼ਬਦ ਦੀ ਕਮਾਈ ਕੀਤਿਆਂ ਹੀ ਵਾਹਿਗੁਰੂ ਰੂਪੀ ਸਚੁ ਨੂੰ ਪਾਇਆ ਜਾ ਸਕਦਾ ਹੈ। ਸਚੁ ਪਦਾਰਥ ਹੈ ਹੀ ਵਾਹਿਗੁਰੂ। ਗੁਰਮਤਿ ਅੰਦਰਿ 'ਸਚੁ' (ਤੱਤ ਅਰਥਾਂ ਵਿਚ) ਵਾਹਿਗੁਰੂ ਯਾ ਵਾਹਿਗੁਰੂ ਦਾ ਨਾਮ ਹੀ ਹੈ[੧]। ਏਥੇ 'ਸਚੁ' ਵਾਹਿਗੁਰੂ ਦੇ ਅਰਥਾਂ ਵਿਚਿ ਹੀ ਹੈ। ਤਾਂ ਤੇ ਵਾਹਿਗੁਰੂ ਦੀ ਪ੍ਰਾਪਤੀ ਕੇਵਲ ਗੁਰ-ਸ਼ਬਦ (ਗੁਰਮੰਤਰ) ਕਮਾਇਆਂ ਹੀ ਹੋ ਸਕਦੀ ਹੈ। ਅਤੇ ਇਹ ਸ਼ਬਦੁ ਗੁਰਮੰਤ੍ਰ ਸਤਿਗੁਰੂ ਦੁਆਰਿਓਂ ਮਿਲਦਾ ਹੈ, ਗੁਰੂ ਨਾਨਕ ਦੇ ਘਰੋਂ। ਹੋਰ ਕਿਤੋਂ ਨਹੀਂ ਮਿਲਦਾ। ਨਿਰੰਕਾਰੀ ਨਾਮ ਸੱਚੇ ਦੀ ਪਾਰਸ-ਕਲਾਵੀ-ਕਲਾ ਦੁਆਰਾ ਹੀ ਵਾਹਿਗੁਰੂ ਰੂਪ ਸੱਚ ਵਿਚਿ ਸਮਾਈ ਹੁੰਦੀ ਹੈ। ਸੱਚੇ ਨਾਮ ਦੁਆਰਾ ਸੱਚੇ ਨਾਮੀ ਵਾਹਿਗੁਰੂ ਦੇ ਸਰੂਪ ਵਿਚਿ ਸਮਾਈਦਾ ਹੈ। ਤੱਤ ਪ੍ਰਮਾਰਥੀ ਸਚੁ ਨਿਰੰਕਾਰੀ ਨਾਮ ਹੈ ਯਾ ਨਿਰੰਕਾਰੁ ਵਾਹਿਗੁਰੂ ਹੀ ਹੈ। ਨਿਰੰਕਾਰ ਨੂੰ ਮਿਲਣ ਦਾ ਵਸੀਲਾ ਨਿਰੰਕਾਰੀ ਨਾਮ ਹੀ ਹੈ। ਧੁਰ ਦੇ ਸਚੁ ਨਿਰੰਕਾਰ ਨੂੰ ਧੁਰੋਂ ਆਏ ਨਿਰੰਕਾਰੀ ਨਾਮ ਦੁਆਰਾ ਪਾਇਆ ਜਾਣਾ ਹੀ ਮੁਮਕਿਨ (ਸੰਭਵ) ਹੈ । ਅਤੇ ਇਹ ਨਿਰੰਕਾਰੀ ਨਾਮ ਧੁਰੋਂ ਆਏ ਨਿਰੰਕਾਰੀ ਗੁਰੂ ਸਤਿਗੁਰੂ ਨਾਨਕ ਦੁਆਰਾ ਹੀ ਧੁਰ ਤੋਂ ਆਇਆ ਹੈ। ਧੁਰ ਤੋਂ ਆਏ ਸੱਚ ਦੀ ਪਾਰਸ-ਪ੍ਰਭਤਾ ਹੀ ਧੁਰ ਧੁਰੰਦਰਾਂ ਦੇ ਧਣੀ (ਮਾਲਕ) ਪ੍ਰਭੂ ਨੂੰ ਪਛਾਨਣ ਤੇ ਪਾਵਣ ਨੂੰ ਸਮਰੱਥ ਹੈ। ਇਸ ਪਾਰਸ ਰੂਪ ਸਚੁ ਤੋਂ ਘੁੱਥੇ ਕਰਮਾਂ ਧਰਮਾਂ ਦੀ ਇਸ ਸਚੁ ਪ੍ਰਮਾਰਥ ਪ੍ਰਥਾਏ ਪਹੁੰਚ ਹੀ ਨਹੀਂ। ਅਲਪੱਗ ਸੰਸਾਰੀਆਂ ਦੀ ਚਿਤ-ਬਿਰਤੀ ਉਤੇ ਕਾਮ ਕ੍ਰੋਧ ਆਦਿ ਪੰਜ ਬਿਕਾਰ ਹੀ ਬਲਵਾਨ ਹੋ ਕੇ ਸਵਾਰ ਹੋਏਵੇ ਹਨ। ਏਹਨਾਂ ਪੰਜਾਂ ਦੂਤਾਂ ਦੇ ਅਧੀਨ ਹੋਏਵੇ ਹੀ ਅਲਪਗ ਸੰਸਾਰੀ ਲੋਕ ਲੋਕਾਚਾਰੀ ਬੇਦਾਚਾਰੀ ਆਨਮਤਾਰੀ ਕਰਮ ਬਹੁਤ ਕਮਾਉਂਦੇ ਹਨ। ਤਾਂ ਤੇ ਏਹਨਾਂ ਕਰਮਾਂ ਦਾ ਵਿਸਥਾਰ ਦੁਖ ਕਲੇਸ਼ ਦਾ ਹੀ ਪਸਾਰਾ ਹੈ। ਸੁਖੁ ਹੈ ਹੀ ਨਹੀਂ ਏਹਨਾਂ ਕਰਮਾਂ ਦੇ ਕਰਨ ਵਿਚਿ। ਸੱਚੇ ਸੁਖ ਦੀ ਪ੍ਰਾਪਤੀ ਸੱਚੇ ਸ਼ਬਦ ਗੁਰਮਤਿ ਨਾਮ ਦੀ ਕਮਾਈ ਕੀਤਿਆਂ ਹੀ ਹੁੰਦੀ ਹੈ। ਸੱਚੇ ਸ਼ਬਦ ਦੀ ਕਮਾਈ ਕੀਤਿਆਂ ਹੀ ਸੱਚਾ ਸੁਖੁ ਮਿਲਦਾ ਹੈ। ਇਸ ਸੱਚੀ ਕਮਾਈ ਰੂਪੀ ਸੱਚਾ ਕਰਮੁ ਕੀਤਿਆਂ ਹੀ ਸੱਚਾ ਵਾਹਿਗੁਰੂ ਮਿਲਦਾ ਹੈ।

> ਬਿਨੁ ਨਾਵੈ ਸਭ ਦੁਖੁ ਸੰਸਾਰਾ ॥ ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥
> ਨਾਮੁ ਨ ਸੇਵਹਿ ਕਿਉ ਸੁਖੁ ਪਾਈਐ ਬਿਨੁ ਨਾਵੈ ਦੁਖੁ ਪਾਇਦਾ ॥ ੭ ॥ ...
> ... ... ਜਪੁ ਤਪੁ ਸੰਜਮੁ ਨਾਮੁ ਪਿਆਰਾ ॥ ਕਿਲਵਿਖ ਕਾਟੇ ਕਾਟਣਹਾਰਾ ॥
> ਹਰਿ ਕੈ ਨਾਮਿ ਤਨੁ ਮਨੁ ਸੀਤਲੁ ਹੋਆ ਸਹਜੇ ਸਹਜਿ ਸਮਾਇਦਾ ॥ ੧ ॥
> ਅੰਤਰਿ ਲੋਭੁ ਮਨਿ ਮੈਲੇ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ ॥ ਕੂੜੋ ਕੂੜ
> ਕਰੇ ਵਾਪਾਰਾ ਕੂੜ ਬੋਲਿ ਦੁਖੁ ਪਾਇਦਾ ॥ ੧੨ ॥ ਨਿਰਮਲ ਬਾਣੀ ਕੋ ਮੰਨਿ
> ਵਸਾਏ ॥ ਗੁਰ ਪਰਸਾਦੀ ਸਹਸਾ ਜਾਏ ॥ ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ
> ਚੇਤਿ ਸੁਖੁ ਪਾਇਦਾ ॥ ੧੩ ॥

(ਮਾਰੂ ਮਃ ੩, ਪੰਨਾ ੧੦੬੨)

ਵਿਆਖਿਆ— ਨਾਮ ਬਿਹੂਣ ਸਭ ਸੰਸਾਰ ਦੁਖੁ ਰੂਪ ਹੀ ਹੈ। ਸੰਸਾਰੀ ਲੋਗ ਜਿਤਨੇ ਭੀ ਸੰਸਾਰਕ ਕਰਮ ਕਮਾਉਂਦੇ ਹੈਨ ਤਿਨ੍ਹਾਂ ਕੰਮਾਂ (ਕਰਮਾਂ) ਚੋਂ ਦੁਖ ਹੀ ਦੁਖ ਨਿਕਲਦਾ ਹੈ। ਇਹ ਲੌਕਿਕ

---

[੧] ਦੇਖੋ ਪੁਸਤਕ 'ਗੁਰਮਤਿ ਸੱਚ ਨਿਰਣੇ'


www.sikhbookclub.com

ਕਰਮਾਚਾਰੀ ਲੋਗ ਜਿਤਨੇ ਹੀ ਕਰਮ ਵਧੇਰੇ ਕਮਾਉਂਦੇ ਹਨ ਤਿਨ੍ਹਾਂ ਤੋਂ ਵਧੇਰੇ ਵਿਕਾਰ ਹੀ ਵਿਕਾਰ ਵਧਦੇ ਹਨ। ਏਹਨਾਂ ਵਿਕਾਰੀ ਕਰਮਾਂ ਵਿਚਿ ਖਚਤ ਹੋ ਕੇ ਜੋ ਨਾਮ ਨਹੀਂ ਚੇਤਦੇ ਸੇਂਵਦੇ, ਨਾਮ ਦੀ ਸਿਮਰਨ ਰੂਪ ਸੇਵਾ ਕਮਾਈ ਨਹੀਂ ਕਰਦੇ, ਓਹ ਸੱਚਾ ਸੁਖੁ ਕਿਵੇਂ ਪ੍ਰਾਪਤਿ ਕਰ ਸਕਦੇ ਹਨ। ਨਾਮੁ, ਬਿਨਾਂ ਨਾਮ ਤੋਂ ਹੋਰ ਕਰਮ ਕੀਤਿਆਂ ਦੁਖ ਮਿਲਦਾ ਹੈ ਆਨਮਤਿ ਕਰਮ ਕਰਨਹਾਰਿਆਂ ਨੂੰ।

ਵਿਕਾਰਾਂ ਤੋਂ ਇੰਦਰਿਆਂ ਨੂੰ ਰੋਕਣ ਲਈ ਪਿਆਰਾ ਨਾਮੁ ਹੀ ਸੱਚਾ ਸੰਜਮ ਹੈ। ਗੁਰਮਤਿ ਨਾਮੁ ਹੀ ਸੱਚਾ ਜਪੁ ਤਪੁ ਸਾਧਨ ਹੈ। ਆਨਮਤਿ ਜਪਾਂ ਤਪਾਂ ਸੰਜਮਾਂ ਨੂੰ ਕਰ ਕੇ ਕੁਛ ਨਹੀਂ ਸਉਰਦਾ, ਕੋਈ ਮਨੋਰਥ-ਸਿਧੀ ਨਹੀਂ ਹੁੰਦੀ। ਨਾਮ ਹੀ ਬੱਜਰ ਪਾਪਾਂ ਨੂੰ ਕਟਦਾ ਹੈ। ਅਤੇ ਪਾਪ-ਰੱਤ-ਕਰਮੀ ਅਸਾਧ ਰੋਗਾਂ ਨੂੰ ਕਟਣਹਾਰਾ ਇਹ ਗੁਰਮਤਿ ਨਾਮੁ ਹੀ ਹੈ। ਗੁਰਮਤਿ ਨਾਮ ਦੀ ਪਾਰਸ-ਸੀਤਲਤਾ ਦੇ ਪ੍ਰਭਾਵ ਕਰਕੇ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਨਹਾਰੇ ਗੁਰਮੁਖਿ ਜਨ ਦਾ ਤਨੁ ਮਨੁ ਸੀਤਲ ਹੋ ਜਾਂਦਾ ਹੈ। ਐਸਾ ਤਨੁ ਮਨੁ ਸੀਤਲਾਣਾ ਗੁਰਮੁਖਿ ਜਨ ਸੁਤੇ ਸਿਧ ਹੀ ਪੂਰਨ ਅਡੋਲ ਆਤਮ ਸਹਜ ਅਵਸਥਾ ਵਿਚਿ ਲੀਨ ਹੋ ਜਾਂਦਾ ਹੈ।

ਜਿਸ ਦੇ ਮਨ ਦੇ ਅੰਦਰਿ ਲੋਭ ਹੀ ਲੋਭ ਅਤੇ ਲੋਭ ਮਈ ਤ੍ਰਿਸ਼ਨਾ ਦੇ ਵਿਕਾਰੀ ਸੰਕਲਪ ਵਿਕਲਪ ਹੋਣ, ਉਸ ਦਾ ਮਨੁ ਇਸ ਲੋਭ-ਮਈ ਤ੍ਰਿਸ਼ਨਾ ਆਦਿ ਮੈਲ ਦੇ ਕਾਰਨ ਮੈਲਾ ਕੁਚੀਲ ਹੋ ਜਾਂਦਾ ਹੈ, ਇਹ ਲੋਭ ਕੁਚੀਲਤਾ ਦੀ ਮੈਲ ਮਨ ਨੂੰ ਲਾ ਦਿੰਦਾ ਹੈ। ਉਸ ਤੋਂ ਫਿਰ ਮੈਲੇ ਮਲੀਨ ਕਰਮ ਹੀ ਹੁੰਦੇ ਹਨ। ਮੈਲੇ ਕਰਮ ਕਰ ਕੇ ਉਹ ਦੁਖ ਹੀ ਦੁਖ ਪਾਉਂਦਾ ਹੈ। ਐਸੇ ਮਨ-ਮਲੀਨ ਕੂੜਿਆਰ ਪ੍ਰਾਣੀ ਕੂੜੇ ਕਰਮ ਹੀ ਕਰਦੇ ਹਨ, ਕੂੜ-ਕਰਮਾਂ ਦੇ ਵਾਪਾਰ ਹੀ ਵਿਹਾਜਦੇ ਹਨ। ਅਜਿਹੇ ਕੂੜ-ਵਿਹਾਜੀ ਝੂਠੇ ਵਾਪਾਰ ਕਰਦੇ ਹੋਏ ਓਹ ਨਿਰੇ ਦੁਖੀ ਹੀ ਹੁੰਦੇ ਹਨ, ਸਦਾ ਦੁਖ ਹੀ ਪਾਉਂਦੇ ਹਨ। ਕੂੜ-ਵਾਪਾਰੀ ਕਰਮਾਂ ਦੇ ਕਰਦਿਆਂ ਹੋਇਆਂ ਓਹਨਾਂ ਨੂੰ ਹਮੇਸ਼ਾ ਕੂੜ (ਝੂਠ) ਹੀ ਬੋਲਣਾ ਪੈਂਦਾ ਹੈ। ਝੂਠ ਬੋਲਦੇ ਹਨ। ਅਤੇ ਝੂਠ ਬੋਲਿ ਬੋਲਿ ਦੁਖ ਹੀ ਦੁਖ ਸਹੇੜਦੇ ਹਨ।

ਐਸਾ ਕੋਈ ਵਿਰਲਾ ਹੀ ਗੁਰੂ ਤਾਰਿਆ ਹੋਇਆ ਪ੍ਰੇਮੀ ਗੁਰਮੁਖਿ ਸਤਿਵਾਦੀ ਜਨ ਹੁੰਦਾ ਹੈ ਜੋ ਕਾਰ ਵਿਹਾਰ ਵਾਪਾਰ ਕਰਦਾ ਹੋਇਆ ਸਚੁ, ਨਿਰੋਲ ਸਚੁ ਹੀ ਬੋਲਦਾ ਹੈ। ਨਿਰੋਲ ਸਚੁ ਬਸ ਓਹੀ ਜਨ ਬੋਲਦਾ ਹੈ ਜਿਸ ਦੇ ਅੰਦਰਿ ਨਿਰਮਲ ਬਾਣੀ ਵਸੀ ਹੋਈ ਹੈ। ਨਿਰਬਾਣ ਨਾਮ-ਨੀਸਾਣੀ ਗੁਰਬਾਣੀ ਨੂੰ ਮਨ ਅੰਦਰਿ ਵਸਾਉਂਦਾ ਹੋਇਆ ਉਹ ਸੁਆਸਿ ਸੁਆਸਿ ਸਚੁ ਨਾਮ ਦਾ ਹੀ ਅਭਿਆਸ ਉਠਦਾ ਬਹਿੰਦਾ ਕੰਮ ਕਰਦਾ-ਕਰਾਉਂਦਾ ਰਹਿੰਦਾ ਹੈ। ਗੁਰੂ ਦੀ ਨਦਰਿ-ਪ੍ਰਸਾਦ ਦੇ ਪਰਤਾਪ ਕਰਕੇ ਉਸ ਦੇ ਸਾਰੇ ਸੰਸੇ ਦੁਖ ਦੂਰ ਹੋ ਜਾਂਦੇ ਹਨ। ਨਦਰਿ-ਪ੍ਰਸਾਦ ਗੁਰੂ ਦੀ ਓਹਨਾਂ ਵਡਭਾਗੇ ਗੁਰਮੁਖਿ ਜਨਾਂ ਉਤੇ ਹੀ ਵਰਸਦੀ ਹੈ ਜੋ ਗੁਰੂ ਦੇ ਸਦਾ ਆਗਿਆਕਾਰੀ ਰਹਿੰਦੇ ਹਨ। ਐਸੇ ਆਗਿਆਕਾਰੀ ਗੁਰਮੁਖਿ ਪਿਆਰੇ ਗੁਰਸਿਖ ਦਿਨ ਰਾਤ ਨਾਮ-ਜਾਪ ਅਭਿਆਸ ਕਰਮ ਕਮਾਉਂਦੇ ਹੋਏ ਛਿਨ ਛਿਨ ਗੁਰ ਦੇ ਭਾਣੇ ਅੰਦਰਿ ਹੀ ਚਲਦੇ ਹਨ। ਸਦ ਸਦਾ ਨਾਮ ਜਪ ਕਰਮੁ ਕਮਾਵਣਾ ਗੁਰੂ ਕਾ ਸੱਚਾ ਆਗਿਆਕਾਰੀ ਸਿਖ ਬਣਨਾ ਹੈ। ਇਹ ਸੱਚੜੀ ਕਾਰ ਸੁਆਸਿ ਸੁਆਸਿ ਨਾਮ ਅਭਿਆਸ ਵਿਚਿ ਰੱਤੇ ਮੱਤੇ ਰਹਿਣ ਵਾਲੀ ਹੀ ਸੱਚੀ ਕਾਰ ਭਾਣੇ ਦੀ ਕਾਰ ਹੈ, ਗੁਰੂ ਦੇ ਭਾਣੇ ਵਿਚਿ ਰਹਿਣ ਵਾਲੀ ਕਾਰ ਹੈ। ਨਾਮੁ ਤੇ ਨਾਮੀ ਵਾਹਿਗੁਰੂ ਦਾ ਖਿਨ ਖਿਨ ਚਿਤ ਵਿਚ ਵੱਸਣਾ ਸਹੀ ਮਾਅਨਿਆਂ ਵਿਚਿ ਨਾਮ ਚੇਤਣਾ ਹੈ। ਅਜਿਹੀ ਨਾਮ-ਚੇਤਨੀ ਆਤਮ ਅਵਸਥਾ ਵਿਚਿ ਅਰੂੜ੍ਹ ਹੋਇਆਂ ਹੀ ਸੱਚੇ ਸੁਖ ਦੀ, ਪਰਮਾਤਮ-ਮੇਲ-ਦਰਸ਼ਨੀ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ।


www.sikhbookclub.com

ਭੈਰਉ ਮਹਲਾ ੩ ॥ ਕਲਜੁਗ ਮਹਿ ਬਹੁ ਕਰਮ ਕਮਾਹਿ ॥ ਨਾ ਰੁਤਿ ਨ ਕਰਮ ਥਾਇ ਪਾਹਿ ॥ ੧ ॥ ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥ ਗੁਰਮੁਖਿ ਸਾਚਾ ਲਗੈ ਪਿਆਰ ॥ ੧ ॥ ਰਹਾਉ ॥ ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥ ਗੁਰਮੁਖਿ ਰਾਮ ਨਾਮਿ ਚਿਤੁ ਲਾਇਆ ॥ ੨ ॥ ਗਿਆਨ ਅੰਜਨੁ ਸਤਿਗੁਰ ਤੇ ਹੋਇ ॥ ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥ ੩ ॥ ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ ॥ ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ ॥ ੪ ॥ ੧੦ ॥

(ਪੰਨਾ ੧੧੩੦)

ਕਲਜੁਗੀ ਲੋਗ ਇਸ ਕਲਜੁਗ ਦੇ ਜ਼ਮਾਨੇ ਅੰਦਰ ਜਿਤਨੇ ਭੀ ਬਹੁਤੇ ਕਰਮ ਆਨਮਤੀਆਂ ਵਾਲੇ ਆਨਮਤਿ ਧਰਮਾਂ ਦੇ ਕਰਦੇ ਹਨ, ਨਾ ਏਹ ਉਨ੍ਹਾਂ ਦੇ ਕਰਮ ਕਮਾਉਣ ਵਾਲੀ ਰੁਤ ਹੀ ਸੁਹਾਵੀ ਸਫਲੀ ਹੁੰਦੀ ਥਾਇੰ ਪੈਂਦੀ ਹੈ, ਨਾ ਹੀ ਓਹਨਾਂ ਦੇ ਕੀਤੇ ਕਰਮ ਥਾਇੰ ਪੈਂਦੇ ਹਨ। ਕਿਸੇ ਭੀ ਲੇਖੇ ਨਹੀਂ ਲਗਦੇ। ਕਲਜੁਗ ਅੰਦਰ ਸਾਰ ਕਰਮ ਇਕ ਰਾਮ ਨਾਮੁ ਹੀ ਹੈ, ਜੋ ਸਾਰਿਆਂ ਅੰਦਰਿ ਰਮ ਰਹਿਆ ਹੈ। ਇਸ ਨਾਮ ਨਾਲਿ ਦ੍ਰਿੜ੍ਹਤਾ ਵਾਲਾ ਪ੍ਰੇਮ ਪਿਆਰ ਗੁਰ-ਦੀਖਿਆ ਦੁਆਰਾ ਹੀ ਲਗਦਾ ਹੈ। ਗੁਰਮੁਖਾਂ ਪੰਜ ਪਿਆਰਿਆਂ ਪੰਚ ਜਨਾਂ ਦੇ ਮੁੱਖੋਂ ਦ੍ਰਿੜ੍ਹਾਇਆ ਗੁਰ-ਮੰਤ੍ਰੀ ਨਾਮ ਹੀ ਫਲੀਭੂਤ ਹੁੰਦਾ ਹੈ। ਨਾਮ ਅਭਿਆਸੀ ਏਸ ਗੁਰ-ਦੀਖਿਅਤ ਨਾਮ ਨੂੰ ਲੈ ਕੇ ਹੀ ਨਾਮ ਅਭਿਆਸ ਕਮਾਈ ਵਿਚਿ ਦ੍ਰਿੜ੍ਹਤਾ ਸਹਿਤ ਤੱਤਪਰ ਹੁੰਦੇ ਹਨ। ਗਰਮੁਖਿ ਦਾ ਅਰਥ ਏਥੇ ਗੁਰੂ ਦੁਆਰਾ, ਗੁਰ ਉਪਦੇਸ਼ ਦੁਆਰਾ, ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਦੀਖਿਅਤ ਹੋਣ ਦਾ ਹੈ। ਸਾਚਾ ਪਿਆਰੁ ਨਾਮ ਨਾਲਿ, ਗੁਰਮੁਖੋਂ ਗੁਰੂ ਸਰੂਪ ਪੰਜਾਂ ਪਿਆਰਿਆਂ ਦੇ ਮੁਖੋਂ ਉਚਾਰੀ ਗੁਰ-ਦੀਖਿਆ ਦੁਆਰਾ ਲਗਦਾ ਹੈ। ਭਾਵ ਗੁਰਮਤਿ ਨਾਮ ਗੁਰ-ਦੀਖਿਆ ਦੁਆਰਾ ਹੀ ਦ੍ਰਿੜ੍ਹ ਹੁੰਦਾ ਹੈ। ਐਸੇ ਗੁਰ-ਦੀਖਿਆ ਨੂੰ ਪ੍ਰਾਪਤ ਹੋਏ ਨਾਮ ਦ੍ਰਿੜ੍ਹੰਮਤਿ ਗੁਰੂ ਘਰ ਦੇ ਗੁਰਮਤਿ ਅਭਿਆਸੀ ਜਨਾਂ ਨੇ ਰਿਦੰਤਰਿ ਨਭ ਨਾਭਿ ਸੁਆਸ ਅਭਿਆਸ ਦਾ ਬਿਲੋਵਨਾ ਬਿਲੋਇ ਕੈ, ਰਸਨਾ ਰਸ ਗੁੱਰਾਟੀ ਖੰਡਾ ਖੜਕਾਇ ਕੈ ਘਟ ਅੰਤਰਿ ਹੀ ਵਾਹਿਗੁਰੂ ਦੀ ਜੋਤਿ ਨੂੰ ਜਗਾਇਆ ਹੈ। ਇਉਂ "ਤਨੁ ਮਨੁ ਖੋਜਿ ਘਰੈ ਮਹਿ ਪਾਇਆ" ਤਨ ਸਰੀਰ ਰੂਪੀ ਮਟਕੀ ਮਾਹਿ ਸ਼ਬਦ ਗੁਰ-ਮੰਤਰ ਨੂੰ ਸੰਜੋਇਕੈ ਮਨ ਦੀ ਸੁਰਤਿ ਨਾਲਿ ਬਿਲੋਵਨਾ ਬਿਲੋਇਆ, ਹਰਿ ਨਾਮੁ ਗੁਰਮਤਿ ਨਾਮ ਦਾ। ਇਉਂ ਤਨ ਭੀ ਖੋਜਿਆ ਗਿਆ ਹੈ ਤੇ ਮਨ ਭੀ ਖੋਜਿਆ ਗਿਆ ਹੈ, ਅਤੇ ਇਸੇ ਤਨ ਮਨ ਮੱਧੇ ਵਾਹਿਗੁਰੂ ਜੋਤੀਸ਼ਰ ਦੀ ਜੋਤਿ ਪ੍ਰਗਟੀ ਆਈ। ਤਦ ਹੀ ਘਰੇ ਮਹਿ, ਘਟ ਅੰਦਰਿ ਹੀ ਪਰਮਾਤਮਾ ਨੂੰ ਪਾਉਣ ਦੀ ਬਿਧਿ ਬਣਿ ਆਈ। ਇਸ ਰਸ-ਜੋਤਿ ਵਿਗਾਸਨੀ ਆਤਮ ਅਰੂੜ੍ਹ ਪਰਮਾਤਮ ਸੰਜੁੜ ਅਵਸਥਾ ਅੰਦਰਿ ਭੀ ਗੁਰਮੁਖਾਂ ਉਤਮ ਅਭਿਆਸੀ ਜਨਾਂ ਨੇ ਨਾਮ ਅਭਿਆਸ ਨਹੀਂ ਛਡਿਆ, ਸਗੋਂ ਹੋਰ ਅਨੰਦ ਰਸਿ ਰਸੱਤ ਹੋ ਕੇ ਨਾਮ ਦੇ ਅਭਿਆਸ ਵਿਖੇ ਚਿਤ ਲਾਇਆ ਹੈ। "ਗੁਰਮੁਖਿ ਰਾਮ ਨਾਮਿ ਚਿਤੁ ਲਾਇਆ" ਵਾਲੇ ਪਦ ਨੂੰ ਪੁਗ ਕੇ ਅਭਿਆਸੀ ਜਨਾਂ ਦੇ ਨੇਤਰਾਂ ਅੰਦਰਿ ਸਤਿਗੁਰੂ ਦੀ ਕਿਰਪਾ ਨਾਲਿ ਐਸਾ ਗਿਆਨ-ਪ੍ਰਚੰਡੀ ਅੰਜਨ ਪਰਵੇਸ਼ ਹੋਇਆ ਕਿ ਓਹਨਾਂ ਦੀ ਜੋਤਿ ਨਿਗਹਤੀ ਦਿੱਬ ਦ੍ਰਿਸ਼ਟੀ ਹੋ ਗਈ। ਇਸ ਪਦ ਪੁੱਗ ਕੇ ਸਾਰੇ ਅੰਦਰਿ ਬਾਹਰਿ ਪਰਤੱਖ ਬ੍ਰਹਮ ਹੀ ਬ੍ਰਹਮ ਨਦਰੀ ਆਉਣ ਲਗਾ, ਗੁਰ ਗਿਆਨ ਜੋਤਿ ਅੰਜਨੀ ਦਿੱਬ-ਦ੍ਰਿਸ਼ਟੀ ਦੇ ਪ੍ਰਭਾਵ ਕਰਿ। ਆਹਾ! ਜੋਤਿ ਪਰਚੰਡੀ ਪ੍ਰਕਾਸ਼ ਵਾਲੇ ਵਾਹਿਗੁਰੂ ਦਾ ਜਲਵਾ ਸਾਰੇ

ਖੰਡਾਂ ਬ੍ਰਹਿਮੰਡਾਂ ਪੁਰੀਆਂ ਲੋਆਂ ਤਿੰਨਾਂ ਲੋਕਾਂ ਵਿਖੇ ਪ੍ਰਤਿਬਿੰਬਤ ਹੋਇਆ ਪਰਤੱਖ ਨਜ਼ਰੀਂ ਆਇਆ। ਇਹ ਜੋਤਿ ਵਿਗਸਾਰੀ ਇਕ ਅਕਾਲ ਪੁਰਖ ਦਰਸਨਾਰੀ ਅਨੰਦ-ਬਹਾਰ ਇਸ ਕਲਿਜੁਗਾਰੀ ਰੁਤਿ ਅੰਦਰਿ ਹੀ ਹੈ। ਹੋਰ ਆਨਮਤਿ ਕਰਮਾਰੀ ਰੁਤ ਇਸ ਕਲਿਜੁਗ ਅੰਦਰਿ ਬੀਜਣ ਦੀ ਹੈ ਹੀ ਨਹੀਂ। ਤਾਂ ਤੇ ਗੁਰੂ ਘਰ ਦੇ, ਗੁਰੂ ਨਾਨਕ ਦੇ ਘਰ ਦੇ ਗੁਰਮੁਖਿ ਜਨ ਨਿਜ ਹਿਰਦੇ ਰੂਪੀ ਭੂਮੀ ਅੰਦਰਿ ਗੁਰਮਤਿ ਨਾਮ ਦੇ ਬੀਜ ਨੂੰ ਬੋਵੰਦੇ ਹਨ। ਇਹ ਬੀਜ ਹਿਰਦੇ ਅੰਦਰਿ ਬੋਇਆ ਜਾਂਦਾ ਹੈ ਅਤੇ ਹਿਰਦੇ ਅੰਦਰਿ ਹੀ ਜੰਮਦਾ ਹੈ (ਫੁਲਦਾ ਫਲਦਾ ਤੇ ਵਿਗਸਦਾ ਹੈ)। ਅਥਾਹ ਨਾਮ ਅਭਿਆਸ ਤੱਤ ਗੁਰਮਤਿ ਰਸ ਜੋਤਸੀ ਕਮਾਈਆਂ ਕਰਿ ਕਰਿ ਗੁਰਮਤਿ ਨਾਮ ਤੱਤ ਕਮਾਈ ਦਾ ਇਹ ਵਿਲੱਖਣ ਚਲਤ ਕ੍ਰਿਸ਼ਮਾ ਹੈ।

**ਭੈਰਉ ਮਹਲਾ ੫ ॥ ਆਗੈ ਦਯੁ ਪਾਛੈ ਨਾਰਾਇਣ ॥ ਮਧਿ ਭਾਗਿ ਹਰਿ ਪ੍ਰੇਮ ਰਸਾਇਣ ॥ ੧ ॥ ਪ੍ਰਭੂ ਹਮਾਰੈ ਸਾਸਤ੍ਰ ਸਊਣ ॥ ਸੂਖ ਸਹਿਜ ਆਨੰਦ ਗ੍ਰਿਹ ਭਉਣ ॥ ੧ ॥ ਰਹਾਉ ॥ ਰਸਨਾ ਨਾਮੁ ਕਰਨ ਸੁਣਿ ਜੀਵੇ ॥ ਪ੍ਰਭੁ ਸਿਮਰਿ ਸਿਮਰਿ ਅਮਰ ਥਿਰੁ ਥੀਵੇ ॥ ੨ ॥ ਜਨਮ ਜਨਮ ਕੇ ਦੂਖ ਨਿਵਾਰੇ ॥ ਅਨਹਦ ਸਬਦ ਵਜੇ ਦਰਬਾਰੇ ॥ ੩ ॥ ਕਰ ਕਿਰਪਾ ਪ੍ਰਭਿ ਲੀਏ ਮਿਲਾਏ ॥ ਨਾਨਕ ਪ੍ਰਭ ਸਰਣਾਗਤਿ ਆਏ ॥ ੪ ॥ ੭ ॥**

(ਪੰਨਾ ੧੧੩੭)

ਵਿਆਖਿਆ— ਨਾਮ ਕਰਮਨੀ ਜੋਤਿ ਜਲਵਨੀ ਅਵਸਥਾ ਦੀ ਇਹ ਸਾਂਗੋ ਪਾਂਗ ਝਾਕੀ ਹੈ, ਜੋ ਇਸ ਉਪਰਲੇ ਗੁਰਵਾਕ ਅੰਦਰਿ ਦਰਸਾਈ ਗਈ ਹੈ। ਜੋਤਿ-ਰਸ ਦਰਸਾਰੀ ਵਾਹਿਗੁਰੂ ਦੀ ਅਰਾਧਨਾ ਹੀ ਚਾਰ ਚੁਫੇਰੇ ਐਉਂ ਹੁੰਦੀ ਹੈ ਕਿ ਹਰ ਪਾਸੇ ਵਾਹਿਗੁਰੂ ਹੀ ਵਾਹਿਗੁਰੂ ਆਪਣੇ ਜੋਤਿ ਵਿਗੱਸੀਏ ਜਲਵੇ ਵਿਚਿ ਝਲਕਾਂ ਮਾਰਦਾ ਦਿਸਦਾ ਹੈ। ਅਗੇ ਭੀ ਵਾਹਿਗੁਰੂ, ਪਿਛੇ ਭੀ ਵਾਹਿਗੁਰੂ, ਮਧੰਤਰੀ ਹਿਸੇ ਘਟ ਅੰਤਰਿ ਭੀ ਵਾਹਿਗੁਰੂ ਹੀ ਝਲਕਾਂ ਮਾਰਦਾ ਹੈ। ਘਟ ਕੀ ਹੈ? ਵਾਹਿਗੁਰੂ ਦੀ ਪ੍ਰੇਮ-ਰਸਾਇਣੀ ਪਾਰਸ ਜੋਤਾਂ ਦਾ ਜਗ-ਮਗ ਜਲਵਨੀ ਘਰੁ ਬਣਿ ਰਹਿਆ ਹੈ। ਨਿਰੰਜਨੀ ਨਾਮ ਅਨਹਦ-ਨਾਦੀਆ ਹੋ ਕੇ ਵੱਜ ਗੱਜ ਰਹਿਆ ਹੈ, ਜੋ ਮਨਾਂ ਉਤੇ ਸ਼ਬਦ-ਗੁੱਰਾਟੀ ਜਾਪ ਹੋ ਕੇ ਆ-ਮੁਹਾਰਾ (ਨਿਰਯਤਨ ਹੀ) ਵਜ ਰਿਹਾ ਹੈ, ਜਿਸ ਨੂੰ ਸੁਣ ਸੁਣ ਕੰਨ ਜੀਉ ਰਹੇ ਹਨ, ਅਮਿਉ ਰਸ ਖੀਵੁਣੀ ਜੀਉਣੀ ਜੀ ਰਹੇ ਹਨ ਅਤੇ ਰਸਨਾ ਅਤਿ ਰਸ-ਰਸੀਲੀ ਹੋ ਕੇ ਬਿਸਮੀਲੀ ਬਿਸਮ-ਜਰੀਲੀ ਹੋ ਰਹੀ ਹੈ, ਬਿਸਮ ਰਸ ਨੂੰ ਜਰ ਜਰ ਕੇ ਅਮਰ ਜੀਵਨੀਲੀ ਹੋ ਰਹੀ ਹੈ। ਸ੍ਰਵਣਾਂ (ਕੰਨਾਂ) ਅੰਦਰਿ ਭੀ ਅਤੇ ਜਿਹਬਾ (ਜੀਭ) ਉਪਰ ਭੀ ਅਨਹਦ ਨਾਦੀ ਵਾਹਿਗੁਰੂ ਨਾਮ ਦਾ ਸਿਮਰਨ ਹੋ ਰਿਹਾ ਹੈ। ਜਿਸ ਸਿਮਰਨ ਨੂੰ ਸੁਣ ਸੁਣ ਕੇ, ਜਪ ਜਪ ਕੇ ਕਰਨ (ਕੰਨ) ਅਤੇ ਰਸਨਾ ਦੋਵੇਂ ਥਿਰ ਥੀਵ ਰਹੇ ਹਨ। ਐਸੇ ਨਾਮ ਸਮਾਇਣ ਕਰਮਾਇਣੀ ਰਸਾਇਣੀ (ਅੰਮ੍ਰਿਤ ਰਸ) ਪੀਵ ਸੁਨੀਵ ਰਹੇ ਹਨ ਕਿ ਜਨਮ ਜਨਮ ਦੇ ਦੂਖ ਨਿਵਾਰੇ ਗਏ। ਭਰਮ-ਕਰਮਾਰੀ ਕਰਮ-ਭਰਮਾਰੀ ਕਪਾਟ ਖੁਲ੍ਹ ਗਏ। ਧੁਰਿ ਦਰਬਾਰ ਦਸਮ ਦੁਆਰ ਵਿਚਿ ਵੱਜ ਰਹੇ ਅਨਹਦ ਸ਼ਬਦ ਨਿਰਾਲੇ ਸੁਣਨ ਲਗ ਪਏ। ਵਾਹਿਗੁਰੂ ਦਰਸ ਮਿਲਾਪ ਬਿਜੈ ਨੀਸ਼ਾਨੀ ਦਮਦਮੇ (ਨਗਾਰੇ, ਧੌਂਸੇ) ਬਜਣ ਲਗ ਪਏ। ਵਾਹਿਗੁਰੂ ਦਾ ਨਦਰਿ-ਮਿਲਾਪੀ ਦਰਸ਼ਨ ਅਖੰਡ ਕੀਰਤਨ ਦੇ ਧੁਰਿ ਦਰਬਾਰੀ ਅਖਰ ਸ੍ਰਵਣ ਖੁਲ੍ਹਣ ਸਮੇਤ ਹੋਇਆ, ਐਸਾ ਹੋਇਆ ਕਿ ਵਾਹਿਗੁਰੂ ਦੀ ਨੂਰ ਜ਼ਹੂਰੀ ਹਜ਼ੂਰੀ (ਸ਼ਰਨਾਗਤ) ਵਿਚਿ ਨਿਵਾਸ ਹੋ ਗਿਆ।

**ਭੈਰਉ ਮਹਲਾ ੫ ॥ ਕੋਟਿ ਮਨੋਰਥ ਆਵਹਿ ਹਾਥ ॥ ਜਮ ਮਾਰਗ ਕੈ ਸੰਗੀ ਪਾਂਥ ॥ ੧ ॥ ਗੰਗਾ ਜਲੁ ਗੁਰ ਗੋਬਿੰਦ ਨਾਮ ॥ ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥ ੧ ॥ ਰਹਾਉ ॥ ਪੂਜਾ ਜਾਪ ਤਾਪ ਇਸਨਾਨ ॥ ਸਿਮਰਤ ਨਾਮ ਭਏ ਨਿਹਕਾਮ ॥ ੨ ॥ ਰਾਜ ਮਾਲ ਸਾਦਨ ਦਰਬਾਰ ॥ ਸਿਮਰਤ ਨਾਮ ਪੂਰਨ ਆਚਾਰ ॥ ੩ ॥ ਨਾਨਕ ਦਾਸ ਇਹੁ ਕੀਆ ਬੀਚਾਰੁ ॥ ਬਿਨੁ ਹਰਿ ਨਾਮੁ ਮਿਥਿਆ ਸਭ ਛਾਰੁ ॥ ੪ ॥ ੮ ॥**

(ਪੰਨਾ ੧੧੩੭)

ਗੁਰੂ ਘਰ ਦਾ ਗੁਰ ਗੋਬਿੰਦ ਨਾਮੁ ਹੀ ਅਸਾਡਾ ਗੁਰੂ ਘਰ ਵਾਲਿਆਂ ਦਾ ਗੰਗਾ ਜਲੁ ਹੈ। ਆਨਮਤੀਆਂ ਦੇ ਗੰਗਾ ਜਲ ਤੋਂ ਕਈ ਦਰਜੇ ਸ੍ਰੇਸ਼ਟ ਗੁਰਮਤਿ ਨਾਮ ਗੁਰ ਗੋਬਿੰਦ ਵਾਹਿਗੁਰੂ ਨਾਮ ਹੈ। ਜੋ ਇਸ ਨਾਮ ਨੂੰ ਸਿਮਰਦਾ ਹੈ, ਤਿਸ ਦੀ ਗਤਿ-ਕਲਿਆਣ ਹੋ ਜਾਂਦੀ ਹੈ। ਜੋ ਇਸ ਅੰਮ੍ਰਿਤ ਨਾਮ ਨੂੰ ਪੀਂਦਾ (ਛਕਦਾ) ਹੈ, ਉਹ ਮੁੜ ਕੇ ਜੂਨੀਆਂ ਵਿਚਿ ਨਹੀਂ ਭਰਮਦਾ, ਆਵਾਗਉਣ ਦੇ ਚਕਰ ਵਿਚੋਂ ਨਿਕਲ ਜਾਂਦਾ ਹੈ। ਐਸੀ ਹੈ ਅੰਮ੍ਰਿਤ ਨਾਮ ਵਾਹਿਗੁਰੂ ਦੀ ਅਭਿਆਸ ਕਰਮ ਕਲਾ। ਇਸ ਅੰਮ੍ਰਿਤ ਨਾਮ ਰੂਪੀ ਸੱਚੇ ਗੁਰਮਤਿ ਗੰਗਾ ਜਲ ਨੂੰ ਸੇਵਨ ਕੀਤਿਆਂ (ਸਿਮਰਨ ਪੀਵਨ ਕੀਤਿਆਂ) ਕੋਟਿ ਮਨੋਰਥ ਹਥਿ ਆਉਂਦੇ ਹਨ, ਹੱਥ ਲਗਦੇ ਹਨ, ਹਾਸਲ ਹੁੰਦੇ ਹਨ। ਹਰ ਪ੍ਰਕਾਰ ਦੇ ਸੁਆਰਥੀ ਪ੍ਰਮਾਰਥੀ ਮਨੋਰਥ ਸਿਧ ਹੁੰਦੇ ਹਨ। ਅਗਲੇ ਪਰਲੋਕ-ਗਮਨੀ ਮਾਰਗ ਤੇ ਚਲਦਿਆਂ ਜਿਥੇ ਕੋਈ **"ਸੰਗਿ ਨ ਸਾਥੀ ਗਵਨੁ ਇਕੇਲਾ"**[1] ਸੰਗੀ ਸਾਥੀ ਨਹੀਂ ਹੁੰਦਾ, ਇਕੇਲਿਆਂ ਨੂੰ ਹੀ ਮੁਸਾਫ਼ਤ ਮੁਸਾਫ਼ਰੀ ਤੈਅ ਕਰਨੀ ਪੈਂਦੀ ਹੈ, ਓਥੇ ਏਥੇ ਦੀਆਂ ਕੀਤੀਆਂ ਨਾਮ-ਕਮਾਈਆਂ ਦੇ ਕਰਮ-ਫਲ ਮਨੋਰਥੀ ਤੋਸ਼ੇ ਹੀ ਸੰਗੀ ਪਾਂਧੀ ਹੋ ਕੇ ਪੁਕਰਦੇ ਹਨ। ਐਥੇ ਕਮਾਣਾ ਨਾਮ ਐਸਾ ਗੰਗਾ-ਜਲ ਹੈ, ਜੋ ਅਗੇ ਜਾ ਕੇ ਭੁੱਖ ਪਿਆਸ ਦੀ ਖੁਧਿਆ ਮਿਟਾਉਣ ਲਈ ਅੰਮ੍ਰਿਤ ਪ੍ਰਸਾਦ ਤੋਸ਼ਾ ਸਾਬਤ ਹੁੰਦਾ ਹੈ। ਇਸ ਅੰਮ੍ਰਿਤ ਨਾਮ ਗੁਰ-ਮੰਤਰ ਨੂੰ ਸਿਮਰਿਆਂ ਆਨਮਤਿ ਕਿਰਿਆ ਵਾਲੇ ਪੂਜਾ ਜਾਪ ਤਾਪ ਇਸ਼ਨਾਨ ਤੋਂ ਨਿਹਕਾਮ ਹੋ ਜਾਈਦਾ ਹੈ। ਇਨ੍ਹਾਂ ਦੇ ਕਰਨ ਦੀ ਲੋੜ ਨਹੀਂ ਰਹਿੰਦੀ । ਨਾਮ ਦੇ ਪ੍ਰੇਮੀਆਂ ਆਸ਼ਕਾਂ ਲਈ ਨਾਮ ਹੀ ਰਾਜ ਹੈ, ਨਾਮ ਹੀ ਮਾਲ ਹੈ, ਨਾਮ ਹੀ ਮੁਕੰਮਲ ਕਰਮ। ਸਾਰੇ ਕਰਤਬ ਚੱਜ ਆਚਾਰ ਨਾਮ ਸਿਮਰਨ ਵਿਚਿ ਹੀ ਆ ਜਾਂਦੇ ਹਨ। ਨਾਮ ਸਿਮਰਨ ਤੋਂ ਉਤੇ ਕੋਈ ਕਰਮ ਨਹੀਂ। ਸਾਰੇ ਕੰਮ ਪੂਰੇ ਗਿਣੇ ਜਾਂਦੇ ਹਨ। ਗੁਰੂ ਨਾਨਕ ਸਾਹਿਬ ਨੇ ਇਹ ਸਾਰ ਬੀਚਾਰ ਰੂਪ ਸਿੱਟਾ ਕਢਿਆ ਹੈ ਕਿ ਵਾਹਿਗੁਰੂ ਨਾਮ ਬਿਨਾਂ ਹੋਰ ਕਰਮਾਂ ਦਾ ਕਰਨਾ ਸਭ ਮਿਥਿਆ ਹੈ, ਜਿਨ੍ਹਾਂ ਦਾ ਫਲ ਛਾਰ ਹੀ ਹੈ। ਹੋਰ ਸਭ ਕਰਮਾਂ ਨੇ ਸੁਆਹ ਹੋ ਜਾਣਾ ਹੈ, ਇੱਕਾ ਨਾਮ ਨਿਹਕਾਮੀ ਕਰਮ ਨੇ ਸਦਾ ਸੁਰਜੀਤ ਰਹਿਣਾ ਹੈ।

**ਭੈਰਉ ਮਹਲਾ ੫ ॥ ਨਾਮੁ ਹਮਾਰੈ ਬੇਦ ਅਰੁ ਨਾਦ ॥ ਨਾਮੁ ਹਮਾਰੈ ਪੂਰੇ ਕਾਜ ॥ ਨਾਮੁ ਹਮਾਰੈ ਪੂਜਾ ਦੇਵ ॥ ਨਾਮੁ ਹਮਾਰੈ ਗੁਰ ਕੀ ਸੇਵ ॥ ੧ ॥ ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥ ਸਭ ਤੇ ਊਤਮ ਹਰਿ ਹਰਿ ਕਾਮੁ ॥ ੧ ॥ ਰਹਾਉ ॥ ਨਾਮੁ ਹਮਾਰੈ ਮਜਨ ਇਸਨਾਨੁ ॥ ਨਾਮੁ ਹਮਾਰੈ ਪੂਰਨ ਦਾਨੁ ॥ ਨਾਮੁ ਲੈਤ ਤੇ ਸਗਲ ਪਵੀਤ ॥**

[1] ਸ੍ਰੀ ਰਵਿਦਾਸ ਜੀਉ, ਪੰਨਾ ੭੯੩


www.sikhbookclub.com

**ਨਾਮੁ ਜਪਤ ਮੇਰੇ ਭਾਈ ਮੀਤ ॥ ੨ ॥ ਨਾਮੁ ਹਮਾਰੈ ਸਉਣ ਸੰਜੋਗ। ਨਾਮੁ ਹਮਾਰੈ ਤ੍ਰਿਪਤਿ ਸੁਭੋਗ ॥ ਨਾਮੁ ਹਮਾਰੈ ਸਗਲ ਆਚਾਰ ॥ ਨਾਮੁ ਹਮਾਰੈ ਨਿਰਮਲ ਬਿਉਹਾਰ ॥ ੩ ॥ ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥ ਸਗਲ ਜਨਾ ਕੀ ਹਰਿ ਹਰਿ ਟੇਕ ॥ ਮਨਿ ਤਨਿ ਨਾਨਕ ਹਰਿ ਗੁਣ ਗਾਉ ॥ ਸਾਧਸੰਗਿ ਜਿਸੁ ਦੇਵੈ ਨਾਉ ॥ ੪ ॥ ੨੨ ॥ ੩੫ ॥**

(ਪੰਨਾ ੧੧੪੫-੪੬)

ਵਿਆਖਿਆ— ਸਭ ਕਰਮਾਂ ਤੋਂ ਉਤਮ ਕਰਮੁ ਨਾਮ ਜਪਣਾ ਹੈ, ਜੋ ਗੁਰੂ ਘਰ ਤੋਂ ਹੀ ਮਿਲਦਾ ਹੈ। ਗੁਰੂ ਘਰ ਦੇ ਗੁਰਮਤਿ ਨਾਮ ਅਭਿਆਸੀਆਂ ਦੇ ਨਿਕਟ ਤਾਂ ਨਾਮ ਹੀ ਬੇਦ ਹੈ, ਨਾਮੁ ਹੀ ਨਾਦ ਹੈ। ਤਿਨ੍ਹਾਂ ਦੀ ਪਰਖ ਦ੍ਰਿਸ਼ਟੀ ਅੰਦਰਿ ਨਾਮ ਤੋਂ ਬਿਨਾਂ ਕੋਈ ਬੇਦ ਨਹੀਂ, ਕੋਈ ਨਾਦ ਨਹੀਂ। ਜੋ ਕੁਛ ਹੈ ਸੋ ਨਾਮੁ ਹੀ ਨਾਮੁ ਹੈ। ਪੂਰਨ ਕਾਰਜ ਕਰਮ ਧਰਮ ਓਹਨਾਂ ਲਈ ਨਾਮੁ ਹੀ ਨਾਮ ਹੈ। ਦੇਵਤਿਆਂ ਦੀ ਪੂਜਾ ਅਤੇ ਦੇਵਤਾ ਓਹਨਾਂ ਦੇ ਨਜ਼ਦੀਕ ਨਾਮ ਤੋਂ ਛੁਟ ਕੁਛ ਨਹੀਂ। ਨਾਮ ਹੀ ਪੂਜਣ ਜੋਗ ਦੇਵਤਾ ਹੈ। ਨਾਮ ਦੀ ਪੂਜਾ ਹੀ ਦੇਵਤਿਆਂ ਦੀ ਪੂਜਾ ਹੈ। ਨਾਮ ਦਾ ਸਿਮਰਨ ਹੀ ਗੁਰੂ ਦੀ ਸੇਵਾ ਹੈ। ਸਤਿਗੁਰ ਪੂਰੇ ਨੇ ਜੋ ਨਾਮੁ, ਇਕੋ ਗੁਰਮਤਿ ਨਾਮੁ ਓਹਨਾਂ ਨੂੰ ਦ੍ਰਿੜ੍ਹਾਇਆ ਹੈ ਉਸ ਨਾਮ ਦਾ ਜਪਣਾ ਅਭਿਆਸ ਕਰਨਾ ਹੀ ਸਭ ਤੋਂ ਉਤਮ ਕਰਮ (ਕਾਮੁ) ਹੈ।

ਆਨਮਤਿ ਤੀਰਥਾਂ ਤੇ ਨ੍ਹਾਉਣ ਦੀ ਪੁਰਬੀ ਦੇ ਥਾਉਂ ਗੁਰਸਿਖ ਲਈ ਨਿਤਾਪ੍ਰਤਿ ਨਾਮ ਮਜਨੀ ਪੁਰਬੀ ਲਗੀ ਰਹਿੰਦੀ ਹੈ। ਨਾਮ ਇਸ਼ਨਾਨ ਕਰ ਕੇ ਉਹ ਸਦਾ ਨਿਰਮਲ ਬਣੇ ਰਹਿੰਦੇ ਹਨ। ਸਿਫਤਿ ਸਾਲਾਹ ਕੀਰਤਨ ਹਰਿ ਜਸ ਦੀ ਪੁਰਬੀ ਸਦਾ ਹੀ ਗੁਰੂ ਘਰ ਦੇ ਸਤਿਸੰਗ ਸਮਾਗਮਾਂ ਵਿਚਿ ਲਗੀ ਰਹਿੰਦੀ ਹੈ। ਕਲਜੁਗ ਅੰਦਰਿ ਨਾਮ ਸਤਿਸੰਗ ਦੀ ਪੁਰਬੀ ਤੋਂ ਸਰਬ ਆਨਮਤਿ ਤੀਰਥ ਪੁਰਬੀਆਂ ਹਿਠਾਹਾਂ ਹਨ। ਨਾਮ ਸਿਫਤਿ ਸਾਲਾਹ ਕੀਰਤਨ ਕਰਨਾ ਹੀ ਸਭ ਤੋਂ ਸ੍ਰੇਸ਼ਟ ਅਤੇ ਉਤਮ ਦਾਨ ਪੁੰਨ ਕਰਮ ਹੈ। ਜੋ ਨਾਮ ਲੈਂਦੇ ਹਨ ਓਹ ਸਗਲੇ ਹੀ ਪੁਨੀਤ ਪਵਿਤਰ ਹੋ ਜਾਂਦੇ ਹਨ। ਆਨਮਤਿ ਕਰਮਾਂ ਧਰਮਾਂ ਤੀਰਥਾਂ ਪੁੰਨ ਦਾਨਾਂ ਕਰਮਾਂ ਵਾਲੀ ਕਲਪਤ ਪਵਿਤਰਤਾ ਇਸ ਪਵਿਤਰਤਾ ਦੇ ਸਾਹਮਣੇ ਸਭ ਹੇਚ ਹੈ। ਨਾਮ ਜਪਣ ਵਾਲੇ ਹੀ ਗੁਰਸਿਖ ਨਾਮ ਅਭਿਆਸੀ ਦੇ ਸੱਚੇ ਸਹੋਦਰ ਭਾਈ ਬੰਧਪ ਮੀਤ ਸੱਜਣ ਹਨ।

ਗੁਰੂ ਘਰ ਦੇ ਨਾਮ ਅਭਿਆਸੀਆਂ ਅਨਿੰਨ ਗੁਰਸਿੱਖਾਂ ਲਈ ਨਾਮ ਹੀ ਸਗਲ ਸ਼ਾਸਤਰ ਹੈ, ਨਾਮ ਹੀ ਸ਼ੁਭ ਨਛੱਤਰੀ ਸੰਜੋਗ ਸਾਹਾ ਹੈ। ਨਾਮ ਭੁੰਚਣ ਨਾਲਿ ਹੀ ਗੁਰਮੁਖਿ ਸਿਖਾਂ ਦੀ ਸੱਚੀ ਤ੍ਰਿਪਤੀ ਹੈ। ਨਾਮ ਭਜਨ ਰੂਪੀ ਭੋਜਨ ਪਰਸਾਦ ਹੀ ਗੁਰਸਿੱਖਾਂ ਲਈ ਸਦਾ ਤ੍ਰਿਪਤਾਵਨਹਾਰ ਭੋਗ ਲਗਦਾ ਰਹਿੰਦਾ ਹੈ, ਜਿਸ ਦਾ ਛਾਂਦਾ ਛਕ ਕੇ ਉਹ ਹਰ ਦਮ ਰੱਜੇ ਹੀ ਰਹਿੰਦੇ ਹਨ। ਸ਼ੁਭ ਆਚਾਰੀ ਫ਼ਿਅਲ (ਕਰਮ) ਗੁਰਮਤਿ-ਨਾਮ ਅਭਿਆਸੀ ਲਈ ਕੇਵਲ ਨਾਮ-ਆਭਿਆਸ ਹੀ ਹੈ। ਨਾਮ ਜਪਣਾ ਹੀ ਗੁਰਮੁਖਿ ਸ੍ਰੇਸ਼ਟ-ਕਰਮੀਆਂ ਦਾ ਸੱਚਾ ਨਿਰਮਲ ਬਿਉਹਾਰ ਹੈ।

ਜਿਨ੍ਹਾਂ ਅੰਦਰਿ ਕੇਵਲ ਇਕੋ ਸੱਚਾ ਵਾਹਿਗੁਰੂ ਅਤੇ ਵਾਹਿਗੁਰੂ ਦਾ ਇਕੋ ਗੁਰਮਤਿ ਨਾਮ ਵਸਿਆ ਹੈ, ਤਿਨ੍ਹਾਂ ਨਾਮ ਅਰਾਧਨ-ਹਾਰੇ ਜਨਾਂ ਲਈ ਉਕਤ ਅਰਾਧਿਆ ਗੁਰਮਤਿ ਨਾਮ ਹੀ ਨਾ ਸਿਰਫ਼ ਏਕ ਆਸਰਾ ਰੂਪੀ ਟੇਕ ਹੈ, ਬਲਕਿ ਗੁਰਮੁਖਿ ਜਨਾਂ ਦੇ ਸਗਲੇ ਸੰਗੀਆਂ ਸਾਥੀਆਂ ਲਈ ਨਾਮੁ ਇਕ ਆਧਾਰ ਰੂਪ ਚਾਨਣ-ਮੁਨਾਰਾ ਹੈ। ਗੁਰੂ ਘਰ ਦੀ ਸਾਧ ਸੰਗਤਿ ਵਿਚਿ ਨਿਵਾਸ ਦੇ ਕੇ

 www.sikhbookclub.com

ਜਿਸ ਨੂੰ ਬਖ਼ਸ਼ਣਹਾਰੇ ਵਾਹਿਗੁਰੂ ਨੇ ਨਾਮ ਦੀ ਬਖ਼ਸ਼ਿਸ਼ ਕਰ ਦਿੱਤੀ, ਓਹੀ ਜਨ ਮਨੋਂ ਤਨੋਂ ਹਿਰਦਿਓਂ ਹਰਿ ਗੁਣ ਗਾਉਂਦੇ ਹਨ। ਅਸਲ ਤੱਤ ਸਿਦਕ ਭਾਵਨਾ ਸੇਤੀ ਓਹੀ ਕੀਰਤਨ ਕਰਦੇ ਹਨ। ਇਹ ਤੱਤ ਭਾਵ ਮਈ ਕੀਰਤਨ ਹਰਿ ਜਸ ਸਿਫਤਿ ਸਾਲਾਹ ਸਮੂਹ ਆਨ ਕਰਮਾਂ ਨਾਲੋਂ ਸਰਬੋਤਮ ਹੈ, ਜਿਸ ਦੀ ਤੁੱਲਤਾ ਵਿਚਿ ਹੋਰ ਕੋਈ ਆਨਮਤਿ ਕਰਮ ਲਵੇ ਨਹੀਂ ਲਗਦਾ। ਸਭ ਤੋਂ ਸਰਬੋਤਮ ਤੱਤ ਗੁਰਮਤਿ ਕਰਮ ਨਾਮ ਹੀ ਹੈ।

ਕਲਿਆਨ ਮਹਲਾ ੫ ॥ ਗੁਨ ਨਾਦ ਧੁਨਿ ਅਨੰਦ ਬੇਦ ॥ ਕਥਤ ਸੁਨਤ
ਮੁਨਿ ਜਨਾ ਮਿਲਿ ਸੰਤ ਮੰਡਲੀ ॥ ੧ ॥ ਰਹਾਉ ॥ ਗਿਆਨ ਧਿਆਨ ਮਾਨ
ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ ॥ ੧ ॥ ਜੋਗ
ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ ॥
ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ ॥ ੨ ॥ ੨ ॥ ੫ ॥

(ਪੰਨਾ ੧੩੨੨)

ਵਿਆਖਿਆ— ਗੁਰਮਤਿ ਗੁਣਾਂ ਰੂਪੀ ਨਾਦ ਗੁਰਬਾਣੀ, ਨਾਮ ਰੂਪੀ ਬੇਦ ਦੀਆਂ ਆਨੰਦ-ਧੁਨੀਆਂ ਗੁਰੂ ਘਰ ਦੇ ਗੁਰਮੁਖਾਂ, ਸੱਚੇਂ ਮੁਨਿ ਜਨਾਂ ਦੀ ਸੰਤ-ਮੰਡਲੀ ਪਰਸਪਰ ਮਿਲ ਕੇ ਕਥਦੀ ਗਾਵੰਦੀ ਅਤੇ ਸੁਣਦੀ ਹੈ। ਮਨ ਦੀ ਬਿਸਮਾਦ ਰਸ ਪੂਰਤ ਸੁਰਤੀ ਨਾਲਿ ਅਤੇ ਰਸਨਾ ਦੀ ਬਿਸਮ ਰਸ ਟੇਵ ਸਹਿਤ ਗੁਰਮੁਖਿ ਜਨਾਂ ਨਾਮ-ਸੁਰਤੇ ਸੱਚੇ ਰਿਸ਼ੀਆਂ ਦੀ ਸੰਤ-ਮੰਡਲੀ ਜੋ ਨਾਮੁ ਜਾਪੁ ਰੂਪੀ ਅਭਿਆਸ ਕਰਦੀ ਹੈ, ਇਸ ਵਿਚਿ ਸਾਰੇ ਗਿਆਨ ਧਿਆਨ ਤੇ ਮਾਨ ਦਾਨ ਆ ਗਏ। ਏਦੂੰ ਅਧਿਕ ਅਤੇ ਵਿਸ਼ੇਸ਼ ਗਿਆਨ ਧਿਆਨ ਮਾਨ ਦਾਨ ਕੋਈ ਹੋ ਹੀ ਨਹੀਂ ਸਕਦਾ। ਸਭ ਤੋਂ ਵਿਲੱਖਣ, ਸਭਿ ਗਿਆਨਾਂ ਤੋਂ ਵਿਲੱਖਣ ਗਿਆਨ, ਸਭ ਧਿਆਨਾਂ ਤੋਂ ਸਰਬੋਤਮ ਧਿਆਨੁ, ਸਾਰੇ ਮਾਨਨੀਕ ਮੰਨੇ-ਪਰਮੰਨੇ ਦਾਨਾਂ ਵਿਚੋਂ ਸ੍ਰੇਸ਼ਟ ਦਾਨੁ, ਬਸ, ਗੁਰੂ ਘਰ ਦੇ ਕੀਰਤਨੀ ਭਗਤ ਜਨਾਂ ਦੀ ਸੰਤ-ਮੰਡਲੀ ਵਿਚਿ ਵਿਸਮਾਦ ਰਸ ਧੁਨੀਆਂ ਵਾਲੇ ਆਨੰਦ ਮਈ ਕੀਰਤਨ ਦਾ ਗਾਵਣਾ ਸੁਣਨਾ ਹੀ ਹੈ। ਏਦੂੰ ਉਪਰ ਕੋਈ ਗਿਆਨ ਧਿਆਨ ਮਾਨ ਦਾਨ ਨਹੀਂ। ਅਜਿਹੀ ਸੰਤ-ਮੰਡਲੀ ਵਿਚਿ ਜੁੜ ਕੇ ਹੀ ਅਤੇ ਵਾਹਿਗੁਰੂ ਦਾ ਸਿਫਤਿ ਸਾਲਾਹ ਮਈ ਕੀਰਤਨ-ਜਸ ਗਾ ਸੁਣ ਕੇ ਹੀ ਸਮੁੱਚੇ ਪਾਪ ਖੰਡੇ (ਬਿਮੁਚੇ) ਜਾ ਸਕਦੇ ਹਨ। ਸੱਚ ਮੁੱਚ ਅਜਿਹੇ ਨਾਮ ਰਸੀਅੜੇ ਰਸਿਕ ਵੈਰਾਗੀਆਂ ਦੀ, ਗੁਰਮੁਖਿ ਕੀਰਤਨੀਆਂ ਦੀ ਸੰਤ-ਮੰਡਲੀ ਪਾਪ ਖੰਡਲੀ ਮੰਡਲੀ ਹੈ। ਗੁਰਮੁਖਿ ਜਾਗਦੇ ਜੋਗੀਆਂ ਦੀ ਸੱਚੀ ਜੋਗ-ਜੁਗਤਿ "ਜੋਗੁ ਬਨਿਆ ਤੇਰਾ ਕੀਰਤਨੁ ਗਾਈ"[1] ਸੱਚੜੇ ਗੁਰਮਤਿ ਗਿਆਨ ਭਗਤੀ ਭਾਵ ਰਸ ਗਿਆਨ ਦੀ ਭੁਗਤਿ, ਕੀਰਤਨ-ਮੰਡਲ ਦੇ ਰਸਿਕ ਬੈਰਾਗੀ ਤੱਤ ਬੇਤੇ ਸ਼ਬਦ ਸੁਰਤੀਸ਼ਰ ਗੁਰਮੁਖਿ ਜਨਾਂ ਦੀ ਸ਼ਬਦ ਸੁਰਤਿ ਵਾਲੀ ਕਾਰ ਵਿਚਿ ਹੀ ਹੈ। ਇਹੋ ਸੁਰਤਿ ਸ਼ਬਦ ਅਭਿਆਸ ਹੀ ਸੱਚਾ ਅਖੰਡ ਜਪੁ ਤਪੁ ਹੈ। ਇਹ 'ਜਪੁ ਤਪੁ ਅਖੰਡਲੀ' ਗੁਰਮਤਿ ਸ਼ਬਦ ਸੁਰਤਿ ਅਭਿਆਸ ਕਮਾਈ ਕੀਤਿਆਂ ਵਾਹਿਗੁਰੂ ਜੋਤੀਸ਼ ਦੀ ਜੋਤਿ ਵਿਚਿ ਓਤਿ ਪੋਤਿ ਹੋ ਕੇ ਮਿਲ ਜਾਈਦਾ ਹੈ। ਦੁਖ-ਦੰਡਲੀ ਜਮਾਂ ਦੀ ਵਾਟ ਦੂਰ ਦਰੇਡੇ ਰਹਿ ਜਾਂਦੀ ਹੈ। ਤਿਥੇ ਰਾਈ ਮਾਤਰ ਭੀ ਦੁਖ ਦੰਡ ਨਹੀਂ ਪੋਹ ਸਕਦਾ। ਗੁਰੂ ਨਾਨਕ ਸਾਹਿਬ ਇਸ ਹਕੀਕਤ ਉਤੇ ਸ਼ਹਾਦਤ ਦੀ ਮੋਹਰ ਲਾਉਂਦੇ ਹਨ।

---

[1] ਆਸਾ ਮ: ੫. ॥ ੧ ॥, ਪੰਨਾ ੩੮੫

 www.sikhbookclub.com

ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ ਛੋਡੀ ਮਾਇਆ ॥ ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨ ਪਾਇਆ ॥ ੧ ॥ ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ ॥ ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ ॥ ੧ ॥ ਰਹਾਉ ॥

(ਪ੍ਰਭਾਤੀ ਮਃ ੧, ਪੰਨਾ ੧੩੨੮)

ਭਾਵ— ਜਿਸ ਪਰਮਾਤਮਾ ਦੀ ਪ੍ਰਾਪਤੀ ਦੇ ਕਾਰਨ ਬ੍ਰਹਮੇ ਨੇ ਬੇਦ ਉਚਰੇ ਅਤੇ ਮਹਾਂਦੇਉ ਮਹੇਸ਼ ਮਾਇਆ ਦਾ ਤਿਆਗੀ ਬਣਿਆ; ਜਿਸ ਪਾਰਬ੍ਰਹਮ ਪਰੇਮਸ਼ਰ ਦੀ ਪ੍ਰਾਪਤੀ ਹਿਤ ਸਿੱਧਾਂ ਨੇ ਸੰਸਾਰ ਤੋਂ ਉਪ੍ਰਾਮਤਾ ਧਾਰੀ ਅਤੇ ਦੇਵੀ ਦੇਵਤਿਆਂ ਨੇ ਅਨਿਕ ਪ੍ਰਕਾਰ ਦੀਆਂ ਬਹੁ ਬਹੁ ਭਾਂਤ ਦੀਆਂ ਸਾਧਨਾਂ ਸਾਧੀਆਂ, ਪਰ ਤਿਨ੍ਹਾਂ ਸਾਰੇ ਉਪਰ ਦੱਸੇ ਆਨਮਤਿ ਕਰਮ-ਕਾਂਡੀਆਂ ਮੁਖੀ ਦੇਵਤਿਆਂ ਨੂੰ ਪਰਮਾਤਮ-ਪ੍ਰਾਪਤੀ ਦੇ ਮਾਰਗ ਦਾ ਮਰਮ (ਭੇਦ) ਨਾ ਮਿਲਿਆ, ਪ੍ਰਾਪਤੀ ਤਾਂ ਕੀ ਹੋਣੀ ਸੀ। ਤਿਸ ਪਰਮਾਤਮਾ ਪਰਮੇਸ਼ਰ ਨੂੰ ਕੇਵਲ ਗੁਰਮਤਿ ਨਾਮ ਦੇ ਅਭਿਆਸ-ਜਾਪ-ਕਰਮ ਦੁਆਰਾ ਹੀ ਪਾਇਆ ਜਾ ਸਕਦਾ ਹੈ, ਸਹਿਜ ਸੁਖੈਨ ਹੀ ਪਾਇਆ ਜਾ ਸਕਦਾ ਹੈ। ਮਨ ਅੰਦਰਿ ਸੱਚੇ ਵਾਹਿਗੁਰੂ ਦਾ ਧਿਆਨ ਧਰ ਕੇ, ਮੁਖ ਦੁਆਰਾ ਸੱਚੇ ਵਾਹਿਗੁਰੂ ਦਾ ਨਾਮੁ ਅਲਾਪ ਕੇ, ਇਉਂ ਸੁਰਤੀ ਨੂੰ ਸ਼ਬਦ (ਨਾਮ) ਨਾਲ ਜੋੜ ਕੇ ਭਵ ਸਾਗਰ ਤੋਂ ਤਰ ਜਾਈਦਾ ਹੈ। ਨਾ ਸਿਰਫ਼ ਤਰ ਹੀ ਜਾਈਦਾ ਹੈ, ਬਲਕਿ ਸੱਚੇ ਵਾਹਿਗੁਰੂ ਦੇ ਸਰੂਪ ਵਿਚਿ ਲੀਨ ਹੋ ਕੇ ਸਾਚਾ ਵਾਹਿਗੁਰੂ ਸਰੂਪਾ ਹੀ ਹੋ ਜਾਈਦਾ ਹੈ। ਐਸੀ ਹੈ ਮਹੱਤਤਾ ਗੁਰਮਤਿ ਨਾਮ ਦੇ ਤੱਤ ਸਰਬੋਤਮੀ ਅਭਿਆਸ ਕਰਮ ਦੀ।

ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥ ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥ ੮ ॥ ੫ ॥

(ਪ੍ਰਭਾਤੀ ਮਃ ੧, ਪੰਨਾ ੧੩੪੫)

ਤੱਤ ਭਾਵ— ਹਰੀ ਜਸੁ ਰੂਪੀ ਸਿਫਤਿ ਸਾਲਾਹ, ਅਰਥਾਤ, ਨਾਮ ਅਭਿਆਸ ਕਮਾਈ ਹੀ ਗੁਰਮਤਿ ਦਾ ਸੱਚਾ ਕਰਮ ਹੈ। ਇਹੀ ਸੱਚਾ ਧਰਮ ਹੈ। ਇਹੀ ਸੱਚੀ ਪ੍ਰਤਿਸ਼ਟਤ ਪੂਜਾ ਹੈ। ਜਿਸ ਨੇ ਹਰਿ ਜਸ ਸਿਫਤਿ ਸਾਲਾਹ ਦੀ ਅਭਿਆਸ ਕਮਾਈ ਕਰ ਲਈ, ਇਸ ਗੁਰਮਤਿ ਨਾਮ ਸਿਫਤਿ ਸਾਲਾਹੀ ਕਮਾਈ ਵਿਚਿ ਕਰਮ ਧਰਮ ਪਤਿ ਪੂਜਾ ਆਦਿਕ ਸਭ ਕੁਛ ਆ ਗਿਆ। ਗੁਰਮਤਿ ਨਾਮ ਅਭਿਆਸ ਕਮਾਈ ਦੇ ਪਰਤਾਪ ਕਰਿ ਕਾਮ ਕ੍ਰੋਧ ਆਦਿਕ ਪੰਜੇ ਵਿਕਾਰ ਦਗਧ ਹੋ ਗਏ, ਅਗਨੀ ਵਿਚਿ ਭੁੰਨੇ ਗਏ। ਹਰਿ ਰਸੁ ਚਖਿਆਂ ਹੀ ਮਨ ਭਿਜਦਾ ਹੈ। ਭਿਜ ਨਾਮ ਤੋਂ ਬਿਨਾਂ ਹੋਰ ਕੇ ਵਸਗਤਿ ਆ ਜਾਂਦਾ ਹੈ। ਤਿਨ੍ਹਾਂ ਦੇ ਮਨ ਅੰਦਰਿ ਵਾਹਿਗੁਰੂ ਦੂਜਾ ਭਾਵ ਵਸਦਾ ਹੀ ਨਹੀਂ।

 www.sikhbookclub.com

# ੨੯ – ਆਨਮਤਿ ਕਰਮਾਂ ਨਾਲੋਂ ਗੁਰਮਤਿ ਕਰਮ ਦੀ ਵਿਲੱਖਣਤਾ

**ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥ ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥ ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥ ੧ ॥ ਰਹਾਉ ॥ ਸਾਧਿਕ ਸਿਧ ਜਿਸੈ ਕਉ ਫਿਰਦੇ ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥ ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥ ੨ ॥**

**(ਮਾਝ ਮਃ ੫, ਪੰਨਾ ੧੩੦)**

ਭਾਵ ਅਰਥ— ਜਿਸ ਪਰਮਾਤਮਾ ਨੂੰ ਸਾਧਿਕ ਸਿਧ ਅਨੇਕ ਕਰਮਾਂ-ਕਾਰੀ ਸਾਧਨ ਕਰਿ ਕਰਿ ਲਭਦੇ ਫਿਰਦੇ ਹਨ, ਬਥੇਰੇ ਬ੍ਰਹਮੇ ਇੰਦ੍ਰਾਦਿਕ ਦੇਵਤੇ ਅੰਤਰ-ਧਿਆਨ ਹੋ ਕੇ ਮਿਲਣ ਲਈ ਆਰਾਧਦੇ ਹਨ, ਤੇਤੀ ਕ੍ਰੋੜ ਦੇਵਤੇ ਕੋਟਿ ਕਰਮ ਕਰਿ ਕਰਿ ਜਿਸ ਨੂੰ ਖੋਜਦੇ ਫਿਰਦੇ ਹਨ, ਪਰ ਉਹ ਖੋਜਿਆ ਨਹੀਂ ਜਾਂਦਾ, ਉਹ ਅਲੱਖ ਅਗੋਚਰ ਪਾਰਬ੍ਰਹਮ ਪਰਮਾਤਮਾ ਗੁਰੂ ਸਤਿਗੁਰ ਪੂਰੇ ਨੂੰ ਮਿਲ ਕੇ ਕੇਵਲ ਗੁਰਮਤਿ ਦੁਆਰਾ ਹੀ ਪਾਇਆ ਜਾਂਦਾ ਹੈ। ਪਾਇਆ ਭੀ ਐਸਾ ਜਾਂਦਾ ਹੈ ਕਿ ਗੁਰਮੁਖਿ ਜਨ ਉਸ ਦਾ ਦਰਸ਼ਨ ਪਾ ਕੇ ਘਟ ਅੰਤਰਿ ਹੀ ਉਸ ਨੂੰ ਲਖਿ ਲਖਿ ਵਿਗਸਿ ਵਿਗਸਿ, ਉਸ ਸਨਮੁਖ ਲਖੇ ਵਾਹਿਗੁਰੂ ਦਾ ਜਸੁ ਮਹ੍ਵ ਹੋ ਕੇ ਗਾਂਵਦੇ ਹਨ। ਨਹੀਂ ਤਾਂ ਉਹ ਅਲੱਖ ਨਿਰੰਕਾਰ ਵਾਹਿਗੁਰੂ ਕਿਸੇ ਵੀ ਆਨਮਤਿ ਕਰਮ-ਕਾਂਡੀ ਪੁਰਸ਼ ਤੋਂ ਨਹੀਂ ਪਾਇਆ ਜਾ ਸਕਦਾ। ਉਹ ਅਲੱਖ ਅਦ੍ਰਿਸ਼ਟ ਵਾਹਿਗੁਰੂ ਸਭਨਾਂ ਘਟਾਂ ਅੰਦਰਿ ਵਸਿ ਰਹਿਆ ਹੈ। ਘਟਾਂ ਅੰਦਰਿ ਵਸਦਾ ਹੋਇਆ ਫੇਰ ਕਿਸੇ ਤੋਂ ਨਹੀਂ ਲਖਿਆ ਜਾਂਦਾ। ਉਹ ਅਗਮ ਅਗੋਚਰ ਸਭ ਤੋਂ ਉਚਾ ਪਾਰਬ੍ਰਹਮ ਪਰਮੇਸਰ ਵਾਹਿਗੁਰੂ ਗੁਰੂ ਕੇ ਸ਼ਬਦ ਗੁਰ-ਮੰਤਰ ਦੁਆਰਾ ਘਟ ਅੰਤਰਿ ਹੀ ਲਖਿਆ ਜਾਂਦਾ ਹੈ।

ਗੁਰ-ਸ਼ਬਦ ਗੁਰ-ਮੰਤਰ ਦੀ ਖੇਡ ਗੁਰੂ ਘਰ ਅੰਦਰਿ ਬੜੀ ਹੀ ਗੁੱਝੀ ਹੈ। ਗੁਹਜ ਰਤਨ ਵਾਹਿਗੁਰੂ ਦਾ ਨਾਮੁ ਗੁਰਮੁਖਿ ਜਨ ਗੁੱਝਾ ਹੀ ਆਪਣੇ ਘਟ ਅੰਦਰਿ ਰਖਦੇ ਹਨ। ਅਤੇ ਅੰਦਰੋ ਅੰਦਰਿ ਗੁਪਤੋ ਗੁਪਤ ਉਸ ਦਾ ਰਸ ਰੰਗ ਮਾਣਦੇ ਹਨ। ਗੁਰੂ ਘਰ ਦੀ ਗੁੱਝੀ ਖੇਡ ਦੁਆਰਾ ਪਹਿਲਾਂ ਤਾਂ ਗੁੱਝੇ ਗੁਰਮੁਖਿ ਲਾਲਾਂ ਪੰਚ ਪਰਵਾਣ ਪਿਆਰਿਆਂ ਨੂੰ ਪੰਥ ਵਿਚਿ ਟੋਲ ਵਿਰੋਲ ਕੇ ਲੱਭਿਆ ਜਾਂਦਾ ਹੈ। ਫੇਰ ਉਹ ਪੰਜੇ ਗੁਰੂ ਕੇ ਗੁੱਝੇ ਲਾਲ ਪਿਆਰੇ ਗੁਰੂ ਕੀ ਜਣਾਈ ਗੁੱਝੀ ਗੁਰਮਤਿ ਜੁਗਤੀ ਅਨੁਸਾਰ (ਜੋ ਧੁਰਿ ਸਿਰੀ ਦਸਮੇਸ਼ ਦੇ ਸਮੇਂ ਤੋਂ ਸੀਨਾ-ਬਸੀਨਾ ਚਲੀ ਆਉਂਦੀ ਹੈ, ਪੰਥ ਅੰਦਰਿ ਗੁੱਝੀ ਹੀ ਚਲੀ ਆਉਂਦੀ ਹੈ) ਗੁਰ-ਦੀਖਿਆ ਰੂਪੀ ਅੰਮ੍ਰਿਤ-ਨਾਮ ਅਧਿਕਾਰੀ ਜਨਾਂ ਦੇ ਹਿਰਦਿਆਂ ਘਟਾਂ ਅੰਦਰਿ ਪਰਵੇਸ਼ ਕਰਦੇ ਹਨ। ਇਹ ਗੁਰ-ਪਰਵੇਸ਼ਿਆ ਘਟੰਤਰੀ ਅੰਮ੍ਰਿਤ-ਨਾਮ


www.sikhbookclub.com

ਜੋਤਿ-ਜਗੰਨਾ ਹੀਰਾ ਰਤਨ ਹੋ ਕੇ ਗੁਹਜ ਗੁਪਤੀ ਖੇਡ ਵਿਚਿ ਹਿਰਦੇ ਅੰਦਰਿ ਪ੍ਰਕਾਸ਼ਤ ਹੋ ਜਾਂਦਾ ਹੈ। ਕਈਆਂ ਵਡਭਾਗੀਆਂ ਪੂਰਬ ਲਿਖਤ ਅੰਕੂਰੀ ਉੱਚ ਕਰਮੱਗੀਆਂ ਦੇ ਹਿਰਦੇ ਅੰਦਰਿ ਅੰਮ੍ਰਿਤ ਛਕਣ ਸਮੇਂ ਹੀ ਗੁਰ-ਦੀਖਿਆ ਮਿਲਣ-ਸਾਰ ਜਗਮਗਾ ਪੈਂਦਾ ਹੈ। ਇਹ ਜਗਮਗੀ ਝਾਲ ਓਹਨਾਂ ਤੋਂ ਝੱਲੀ ਨਹੀਂ ਜਾਂਦੀ। ਓਹ ਲੋਟ ਪੋਟ ਹੋ ਜਾਂਦੇ ਹਨ। ਗੁਰੂ ਸਰੂਪ ਪੰਜ ਪਿਆਰੇ ਹੀ ਇਹ ਝਾਲ ਝਲਾਉਂਦੇ ਅਜਰ ਜਰਾਉਂਦੇ ਹਨ। ਕਈਆਂ ਨੂੰ ਤੱਤ-ਫੜੱਤੀ ਜੋਤਿ ਜਗੰਤਰੀ ਪ੍ਰਗਾਸਤਾ ਨਹੀਂ ਹੁੰਦੀ, ਪਰ ਨਾਮ ਅਭਿਆਸ ਦਾ ਤੋਰਾ ਤੁਰ ਪੈਂਦਾ ਹੈ। ਰਸ ਰੁਮਕੀ ਸਾਂਗ ਭੀ ਓਹਨਾਂ ਦੇ ਹਿਰਦੇ ਅੰਦਰਿ ਫਿਰ ਜਾਂਦੀ ਹੈ। ਇਹ ਰਸ ਰੁਮਕੀ ਸਾਂਗ ਨਾਮ ਦ੍ਰਿੜ੍ਹਤਾ ਦੀ ਨੀਸ਼ਾਨੀ ਹੁੰਦੀ ਹੈ। ਇਸ ਦੇ ਆਸਰੇ ਉਭਾਰ ਕਰ ਕੇ ਓਹ ਨਾਮ ਅਭਿਆਸ ਕਮਾਈਆਂ ਵਿਚਿ ਲੱਕ ਬੰਨ੍ਹ ਕੇ ਜੁਟ ਪੈਂਦੇ ਹਨ। ਅਤੇ ਨਦਰਿ-ਕਰੰਮੀ ਸਾਰੇ ਸੰਜੋਗਾਂ ਦੇ ਅੰਕੂਰਤ ਹੋ ਜਾਣ ਪਰ ਰਤਨ ਨਾਮ ਦੀ ਜੋਤਿ ਓਹਨਾਂ ਦੇ ਹਿਰਦੇ ਅੰਦਰਿ ਅਚਿੰਤੇ ਹੀ ਜਗ ਪੈਂਦੀ ਹੈ। ਇਹ ਸੱਚੜੇ ਸੁਹਾਗ ਭਾਗ ਦੇ ਪ੍ਰਾਪਤਿ ਹੋਣ ਦਾ ਪ੍ਰਿਥਮ ਝਲਕਾ ਪਹਿਲ-ਪਲੇਠੀ ਦਾ ਜਲਵਾ ਹੁੰਦਾ ਹੈ। ਇਉਂ **"ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ"** ਵਾਲੀ ਗੁਰਮਤਿ-ਜੁਗਤੀ ਦਾ ਬਣਾਉ ਬਣਦਾ ਹੈ।

ਜੋ ਅਗਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਹੋਰ ਕਿਸੇ ਭੀ ਕਰਮ ਕਾਂਡ ਕਰਕੇ ਵੱਡੇ ਤੋਂ ਵੱਡੇ ਖ਼ੁਦਸਰੀ ਮਤਸਰੀ ਕਰਮ ਕਾਂਡੀ ਤੋਂ ਨਹੀਂ ਲਖਿਆ ਜਾ ਸਕਦਾ, ਉਸ ਨੂੰ ਗੁਰ ਕੈ ਸ਼ਬਦ ਗੁਰ-ਮੰਤਰ ਦੀ ਦੀਖਿਆ ਦੁਆਰਾ ਸਹਿਜੇ ਹੀ ਲਖਿਆ ਜਾ ਸਕਦਾ ਹੈ। ਅਜਿਹੀ ਗੁਰ-ਦੀਖਿਆ ਗੁਰਮੰਤ੍ਰੀ ਅੰਮ੍ਰਿਤ ਨਾਮ ਨੂੰ ਜਿਨ੍ਹਾਂ ਨੇ ਇਸ ਕਲਜੁਗ ਅੰਦਰਿ ਲਖ ਕੇ ਅਤੇ ਪੰਜ ਪਿਆਰਿਆਂ ਦੀ ਜੁੜਨੀ ਵਿਚ ਜੁੜ ਕੇ ਹੋਰਨਾਂ ਨੂੰ ਭੀ ਸੁਣਾਇਆ ਦੀਖਸ਼ਾਇਆ ਹੈ, ਤਿਨ੍ਹਾਂ ਵਿਟਹੁੰ ਸਿਰੀ ਗੁਰੂ ਨਾਨਕ ਪੰਚਮੇਸ਼ ਵਾਰਨੇ ਬਲਿਹਾਰਨੇ ਜਾਂਦੇ ਹਨ। ਐਸੇ ਸੰਤ ਪਿਆਰੇ ਜੋ ਸੱਚੇ ਵਾਹਿਗੁਰੂ ਦੀ ਨਦਰਿ-ਕਰੰਮੀ ਮੇਹਰ ਦੁਆਰਾ ਚੀਨੇ, ਚੁਣੇ, ਪਰਵਾਨੇ ਪਰਧਾਨੇ (ਥਾਰੇ) ਗਏ ਹਨ ਤਿਨ੍ਹਾਂ ਦਾ ਦਰਸ਼ਨ ਵਡਭਾਗੀਂ ਹੀ ਮਿਲਦਾ ਹੈ। ਅਜਿਹੇ ਪੰਜ ਪਿਆਰਿਆਂ ਗੁਰੂ ਸੰਵਾਰਿਆਂ ਦੇ ਦਰਸ਼ਨ ਪਾਉਣਹਾਰੇ ਵਡਭਾਗੀਆਂ ਵਿਟਹੁੰ ਭੀ ਗੁਰੂ ਸਾਹਿਬ ਕੁਰਬਾਨ ਹੁੰਦੇ ਹਨ।

> **ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥**
> **ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥ ੭**
> **॥ ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥ ਨਾਨਕ**
> **ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥ ੮ ॥**
>
> **(ਮਾਝ ਮਃ ੩, ਪੰਨਾ ੧੨੯)**

ਇਸ ਗੁਰਵਾਕ ਦੁਆਰਾ ਭੀ ਗੁਰ-ਗੁਹਜ ਰੀਤੀ ਅੰਮ੍ਰਿਤ ਨਾਮ ਦੇ ਗੁਪਤੋਂ ਪਰਗਟ ਹੋ ਕੇ ਪਰਵੇਸ਼ ਹੋਣ ਦੀ ਦਰਸਾਈ ਗਈ ਹੈ। ਇਹ ਖੇਡ ਕੇਵਲ ਗੁਰੂ ਘਰ ਅੰਦਰਿ ਹੀ ਹੈ, ਹੋਰ ਕਿਤੇ ਨਹੀਂ। ਨਾਮ ਰੂਪੀ ਰਤਨ ਪਦਾਰਥ ਘਰ ਤੋਂ, ਘਟ ਅੰਤਰੋਂ ਹੀ ਪਾ ਲਈਦਾ ਹੈ। ਜਦੋਂ ਪੂਰੇ ਸਤਿਗੁਰੂ ਨੇ ਪੂਰੇ ਭਾਂਡੇ ਪੰਜਾਂ ਪਿਆਰਿਆਂ ਦੇ ਸਰੂਪ ਵਿਚਿ ਗੁਰ-ਦੀਖਿਆ ਦੇ ਕੇ ਸ਼ਬਦ ਗੁਰ-ਮੰਤਰ ਨੂੰ ਉਤਮ ਜਗਿਆਸੂ ਜਨ ਦੇ ਸ੍ਰਵਣਾਂ (ਕੰਨਾਂ) ਅੰਦਰਿ ਸੁਣਾਇਆ, ਫੇਰ ਉਸ ਦਾ ਸਾਰਾ ਹੀ ਅਗਿਆਨ ਅੰਧੇਰਾ ਮਿਟ ਗਇਆ। ਜਦੋਂ ਗੁਰ ਪ੍ਰਸਾਦੀ ਅਤੁਟ ਨਾਮ-ਜੋਤਿ ਪਰਜੁਅਲਤ ਹੋ ਗਈ ਅਤੇ ਘਟ ਅੰਤਰ ਇਸ ਜੋਤਿ-ਉਜਿਆਰੇ ਦਾ ਚਾਨਣ ਹੀ ਚਾਨਣ ਪ੍ਰਕਾਸ਼ਤ ਹੋ ਗਿਆ, ਇਸ ਪਦ

 www.sikhbookclub.com

ਤੋਂ ਤਦੋਂ ਆਪਾ ਚੀਨਿਆ ਜਾਂਦਾ ਹੈ, ਆਪ ਪਛਾਣਿਆ ਜਾਂਦਾ ਹੈ। ਐਸੇ ਜੋਤਿ-ਜਗੰਨੇ ਭਰਪੂਰ ਲੀਣੇ ਪੂਰੇ ਭਾਂਡੇ, ਪੂਰੀਆਂ ਜੋਤਿ-ਜਲਵਨੀ ਜੀਵਨੀਆਂ ਵਾਲੇ ਪੂਰੇ ਗੁਰਮੁਖਿ ਭਾਂਡੇ ਨਦਰੀ ਵਾਹਿਗੁਰੂ ਨੇ ਆਪਣੀ ਨਦਰਿ ਕਰਿ ਆਪ ਹੀ ਉਪਾਏ ਹਨ ਅਤੇ ਆਪ ਹੀ ਵਾਹਿਗੁਰੂ ਤਿਨ੍ਹਾਂ ਨੂੰ ਉਪਾਇ ਉਪਾਇ ਕੇ ਦੇਖਦਾ ਹੈ ਤੇ ਵੇਖ ਵੇਖ ਵਿਗਸਦਾ ਹੈ। ਸਤਿਗੁਰੂ ਦੀ ਦਰਸਾਈ ਗੁਰ-ਮੰਤਰ ਅਭਿਆਸ ਕਮਾਈ ਰੂਪੀ ਸੇਵਾ ਜੋ ਜਨ ਕਰਦੇ ਹਨ, ਓਹੀ ਜਨ ਲੇਖੇ ਪੈਂਦੇ ਹਨ। ਤਿਨ੍ਹਾਂ ਪ੍ਰਗ ਖਲੋਤੇ ਗੁਰਮੁਖਿ ਜਨਾਂ ਦੀ ਇਹ ਨੀਸ਼ਾਨੀ ਹੈ ਕਿ ਨਾਮ ਦੀ ਇਹ ਰਸ-ਜੋਤਿ ਜੀਅੰਤਰੀ ਕਾਰ ਤਿਨ੍ਹਾਂ ਦੇ ਘਟ ਅੰਤਰਿ ਸਦਾ ਹੀ ਵਸੀ ਰਸੀ ਰਹਿੰਦੀ ਹੈ। ਗੁਰ ਪ੍ਰਸਾਦੀ ਹੀ ਤੋੜ ਨਿਭਦੀ ਹੈ। ਆਨਮਤਿ ਕਰਮ-ਕਾਂਡੀਆਂ ਦੇ ਸਮੁੱਚੇ ਹੀ ਕਰਮ ਕਾਂਡ ਇਸ ਗੁਰਮਤਿ ਨਾਮ ਅਭਿਆਸਨੀ ਕਾਰ ਦੇ ਸਾਹਮਣੇ ਮਾਤ ਹਨ।

**ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥ ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥ ੧ ॥ ਮਨ ਰੇ ਗੁਰਮੁਖਿ ਨਾਮੁ ਧਿਆਇ ॥ ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥ ੧ ॥ ਰਹਾਉ ॥ ... ... ... ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥ ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥ ੬ ॥**

**(ਸਿਰੀਰਾਗੁ ਮਃ ੩, ਪੰਨਾ ੬੫)**

ਵਿਆਖਿਆ— ਜੋ ਲੋਗ ਨਿਰੀ ਆਪਣੀ ਹਉਮੈ ਦੇ ਅਧੀਨ ਹੋ ਕੇ ਮਨ-ਹਠ ਕਰਮ ਕਮਾਉਂਦੇ ਹਨ, ਤਿਨ੍ਹਾਂ ਦੀ ਘਾਲ ਅਜਾਈਂ ਜਾਂਦੀ ਹੈ। ਜਮ ਦੰਡ ਤਿਨ੍ਹਾਂ ਦੇ ਸਿਰੋਂ ਉਤਰਦਾ ਹੀ ਨਹੀਂ। ਤਿਨ੍ਹਾਂ ਮਨ-ਹਠ ਕਰਮੀਆਂ ਦੇ ਸਿਰਾਂ ਤੇ ਅੰਤੀ ਅਉਸਰ ਜਮਾਂ ਦੇ ਡੰਡੇ ਪੈਂਦੇ ਹਨ। ਤਿਨ੍ਹਾਂ ਨੂੰ ਜਮਾਂ ਦੀ ਮਾਰ ਮਈ ਸਜ਼ਾ ਜ਼ਰੂਰ ਮਿਲਦੀ ਹੈ, ਟਲਦੀ ਨਹੀਂ। ਕੇਵਲ ਸਤਿਗੁਰੂ ਨੂੰ ਸੇਵਨਹਾਰੇ ਗੁਰੂ ਦੇ ਸਿਖ ਸੇਵਕ ਹੀ ਇਸ ਜਮਾਂ ਦੀ ਮਾਰ ਤੋਂ ਉਬਰੇ ਬਚੇ ਰਹਿੰਦੇ ਹਨ। ਤਿਨ੍ਹਾਂ ਦੀ ਕਾਰ ਤਿਨ੍ਹਾਂ ਨੂੰ ਜਮਾਂ ਦੀ ਮਾਰ ਤੋਂ ਪਰੇ ਹੀ ਰਖਦੀ ਹੈ। ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸੱਚੀ ਕਾਰ ਵਾਲੇ ਕਰਮੱਗ ਪ੍ਰਾਣੀ ਨਾਮ ਦੀ ਕਾਰ ਕਮਾਂਵਦੇ ਕਮਾਂਵਦੇ ਨਾਮੀ ਵਾਹਿਗੁਰੂ ਨਾਲਿ ਹੀ ਲਿਵ ਲਾਇ ਬਹਿੰਦੇ ਹਨ। ਤਿਨ੍ਹਾਂ ਨੂੰ ਜਮਾਂ ਦੀ ਮਾਰ ਕਿਥੇ? ਜਮ ਜਾਗਾਤੀ ਤਾਂ ਤਿਨ੍ਹਾਂ ਦੇ ਨੇੜੇ ਨਹੀਂ ਆਉਂਦੇ, ਦੂਰੋਂ ਹੀ ਦੇਖ ਕੇ ਦਉੜ ਜਾਂਦੇ ਹਨ। ਜੀਉ ਤਾਂ ਓਹਨਾਂ ਦਾ ਕਰਦਾ ਹੈ ਕਿ ਓਹਨਾਂ ਦਾ ਪਾਣੀ ਭਰਨ, ਪਰ ਭਰਨਾ ਨਹੀਂ ਪਾਉਂਦਾ। ਗੁਰੂ ਦੁਆਰਾ ਗੁਰ-ਦੀਖਿਆ ਨਾਮ ਪ੍ਰਾਪਤਿ ਹੋਇਆ ਵਿਆ ਹੀ ਧਿਆਇਆ ਕਮਾਇਆ ਜਾ ਸਕਦਾ ਹੈ। ਗੁਰੂ ਸਰੂਪ ਪੰਜ ਗੁਰਮੁਖਿ ਪਿਆਰਿਆਂ ਦੁਆਰਾ ਦੀਖਸ਼ਾਇਆ ਵਾਹਿਗੁਰੂ ਨਾਮ (ਗੁਰਮੁਖਿ ਨਾਮ) ਧਿਆਇਆ ਕਮਾਇਆ ਜਾਣ ਕਰਕੇ ਹੀ ਛੁਟਕਾਰਾ ਹੁੰਦਾ ਹੈ। ਕਰਤੇ ਪੁਰਖ ਬਿਧਾਤੇ ਦਾ ਜਿਨ੍ਹਾਂ ਦੇ ਮਸਤਕ ਉਤੇ ਧੁਰਿ ਪੂਰਬਲਾ ਨਦਰਿ-ਕਰੰਮੀ ਲੇਖ ਲਿਖਿਆ ਹੋਇਆ ਹੁੰਦਾ ਹੈ, ਓਹੀ ਵਡਭਾਗੇ ਜਨ ਹਨ। ਤਿਨ੍ਹਾਂ ਦੀ ਸਮਾਈ ਗੁਰਮਤਿ ਨਾਮ ਦੀ ਕਮਾਈ ਕਰਦਿਆਂ ਕਰਦਿਆਂ ਗੁਰਮਤਿ ਨਾਮ ਵਿਚ ਹੀ ਹੋ ਜਾਂਦੀ ਹੈ। ਹੋਰ ਮਨ-ਹਠ ਦੁਆਰੇ ਕਮਾਏ ਕਿਸੇ ਭੀ ਕਰਮ ਦੁਆਰਾ ਛੁਟਕਾਰਾ ਨਹੀਂ ਹੁੰਦਾ। ਤਾਂ ਤੇ ਸਿੰਮ੍ਰਿਤੀਆਂ ਸ਼ਾਸਤ੍ਰਾਂ ਅੰਦਰ ਦੱਸੇ ਕਰਮਾਂ ਦੀ ਸੁਧਾਈ ਦੀ ਲੋੜ ਹੈ। ਨਾਲੇ ਸਿਮ੍ਰਿਤਿ-ਸ਼ਾਸਤ੍ਰ-ਕਰੰਮੀਆਂ ਦੇ ਸੋਧਣ ਦੀ ਭੀ ਅਵੱਸ਼ ਲੋੜ ਹੈ, ਜੋ ਹੁਣ ਤਾਈਂ ਇਸ ਕਲਜੁਗ ਅੰਦਰਿ ਭੀ ਓਹੀ ਸਿਮ੍ਰਿਤਿ ਸ਼ਾਸਤ੍ਰ

ਦੇ ਦ੍ਰਿੜ੍ਹਾਏ ਹਠ ਕਰਮ ਕਰੀ ਜਾਂਦੇ ਹਨ। ਇਨ੍ਹਾਂ ਤੋਂ ਕੱਖ ਭੀ ਨਹੀਂ ਸਉਰਦਾ ਸੰਵਰਦਾ। ਏਹਨਾਂ ਹਠ-ਕਰਮਾਂ ਦੁਆਰਾ ਕਿਸੇ ਦਾ ਭੀ ਉਧਾਰ ਨਹੀਂ। ਗੁਰ ਸੰਗਤਿ ਦੀ ਸ਼ਰਨਾਗਤਿ ਆਇਆਂ ਹੀ ਉਬਾਰ ਹੁੰਦਾ ਹੈ, ਖੋਟੇ ਮਨ-ਹਠ ਕਰਮਾਂ ਤੋਂ ਉਬਰੀਦਾ ਹੈ। ਗੁਰੂ ਕੀ ਸੰਗਤਿ ਵਿਖੇ ਪੰਚ ਪਰਵਾਨ ਗੁਰਮੁਖਿ ਸਾਧ ਜਨ ਮਿਲਦੇ ਹਨ, ਤਿਨ੍ਹਾਂ ਸਾਧੂ ਜਨਾਂ ਦੁਆਰਾ ਹੀ ਗੁਰਮਤਿ ਨਾਮ ਦੀ ਪ੍ਰਾਪਤੀ ਹੁੰਦੀ ਹੈ ਤਿਸ ਗੁਰ-ਦੀਖਿਆ ਨਾਮ ਗੁਰ-ਸ਼ਬਦ ਦੀ ਕਮਾਈ ਦੁਆਰਾ ਹੀ ਉਧਰਨਾ ਨਸੀਬ ਹੁੰਦਾ ਹੈ।

> ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥ ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥ ੨ ॥ ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥ ੩ ॥ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥ ੪ ॥ ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ੫ ॥ ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥ ੬ ॥ ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥ ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥ ੭ ॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥ ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥ ੮ ॥ ੧੪ ॥

(ਸਿਰੀਰਾਗੁ ਮਃ ੧, ਪੰਨਾ ੬੨)

ਵਿਆਖਿਆ— ਆਨਮਤੀ ਕਰਮ-ਕਾਂਡੀਏ ਬੜੇ ਹੀ ਭਿਅੰਕਰ ਰੂਪ ਵਿਚਿ ਹਠ ਕਰਮ ਕਰਦੇ ਹਨ ਈਸ਼ਵਰ ਦੀ ਪ੍ਰਾਪਤੀ ਲਈ, ਪਰ ਓਹ ਕਿਸੇ ਭੀ ਲੇਖੇ ਨਹੀਂ ਪੈਂਦੇ। ਹਵਨ ਦੀ ਥਾਉਂ ਚਾਹੇ ਕੋਈ ਮੂੜ ਕਰਮ-ਕਾਂਡੀ ਆਪਣੇ ਸਰੀਰ ਨੂੰ ਅਗਨੀ ਦੀ ਭੇਟ ਕਰ ਦੇਵੇ, ਅੱਗ ਵਿਚਿ ਹੋਮ ਦੇਵੇ, ਅਗਨੀ ਨੂੰ ਦੇਵਤਾ ਸਮਝ ਕੇ (ਜੈਸਾ ਕਿ ਅਕਸਰ ਹਿੰਦੂ ਲੋਗ ਸਮਝਿਆ ਕਰਦੇ ਹਨ), ਆਪਣੇ ਤਨ ਨੂੰ ਉਸ ਦੀ ਭੇਟ ਚੜ੍ਹਾ ਦੇਵੇ, ਜਲਾ ਦੇਵੇ, ਇਕ ਇਕ ਰੱਤੀ ਭਰ ਤੋਲ ਦੇ ਬਰਾਬਰ ਕੱਟ ਕੱਟ ਕੇ ਆਪਣੇ ਸਾਰੇ ਸਰੀਰ ਨੂੰ ਅੱਗ ਵਿਚਿ ਹੋਮ ਦੇਵੇ। ਆਪਣੇ ਤਨ ਤੇ ਮਨ ਦਾ ਬਾਲਣ ਬਣਾ ਕੇ ਸਮਧਾ (ਹਵਨ ਦੀ ਲਕੜੀ) ਬਣਾ ਕੇ ਦਿਨ ਰਾਤ ਅਗਨੀ ਵਿਚਿ ਸਾੜੇ, ਧੂਣੀਆਂ ਤਾਪੇ। ਇਹੋ ਜਿਹੇ ਭਾਵੇਂ ਕੋਈ ਲਖ ਤੇ ਕ੍ਰੋੜ ਪਾਖੰਡ-ਕਰਮ ਕਰੇ, ਪਰ ਵਾਹਿਗੁਰੂ-ਨਾਮ ਦੀ ਇਕ ਤਿਲ ਮਾਤ੍ਰ ਅਭਿਆਸ ਕਮਾਈ ਦੇ ਬਰਾਬਰ ਨਹੀਂ ਪੁਜਦੇ। ਸਿਰ ਤੇ ਕਲਵਤਰ ਆਰਾ ਧਰਾਇ ਕੈ ਸਰੀਰ ਨੂੰ ਅੱਧੋ ਅੱਧ ਚਿਰਾ ਲਈਐ, ਕਟਾ ਲਈਐ, ਤਨ ਨੂੰ ਹਿਮਾਲੀਆ ਪਹਾੜ ਦੀਆਂ ਬਰਫ਼ਾਂ ਵਿਚਿ

ਗਾਲ ਲਈਐ, ਫੇਰ ਭੀ ਮਨ ਵਿਚੋਂ ਹਉਮੈ ਰੋਗ ਨਹੀਂ ਜਾਂਦਾ। ਇਹ ਸਾਰੇ ਹਠ ਕਰਮ ਵਾਹਿਗੁਰੂ ਦੇ ਨਾਮ ਬਰਾਬਰ ਨਹੀਂ ਅਪੜਦੇ। ਸਭ ਹਠ-ਕਰਮੀ ਲੁਕਾਈ ਠੋਕ ਅਜ਼ਮਾ ਕੇ ਦੇਖ ਲਈ ਹੈ। ਨਾਮ ਦੀ ਤੁੱਲਤਾ ਨੂੰ ਏਹਨਾਂ ਦੇ ਉਗਰ ਤੋਂ ਉਗਰ ਤਪ-ਕਰਮ ਨਹੀਂ ਪੁਜਦੇ। ਭਾਵੇਂ ਕੋਈ ਸੋਨੇ ਦੇ ਕੋਟ ਕਿਲ੍ਹਿਆਂ ਦੀ ਦਾਤਿ ਦਾ ਦਾਤਾਰ ਬਣ ਜਾਵੇ, ਬੜੇ ਬੜੇ ਬਹੁਤੇ ਬਹੁਤੇ ਵਡਮੁੱਲੇ ਘੋੜਿਆਂ ਅਤੇ ਹਾਥੀਆਂ ਦੇ ਦਾਨ ਕਰਨ ਵਾਲਾ ਦਾਨੀ ਬਣ ਬੈਠੇ, ਘਣੀਆਂ ਗਊਆਂ ਦਾ ਦਾਨ ਸਾਰੀ ਜਾਇਦਾਦ ਭੂਮੀ ਦਾ ਦਾਨ ਭੀ ਕੋਈ ਕਰਮ-ਅਭਿਆਸੀ ਕਰਿ ਗੁਜ਼ਰੇ, ਫੇਰ ਭੀ ਉਸ ਦੇ ਅੰਦਰੋਂ ਗਰਬ ਗੁਮਾਨ ਨਹੀਂ ਜਾਂਦਾ। ਇਹ ਗੁਰੂ ਦਾ ਬਖ਼ਸ਼ਿਆ ਨਾਮ ਹੀ ਹੈ, ਜੋ ਮਨ ਨੂੰ ਬੇਧ ਕੇ ਨਿੱਸਲ ਕਰ ਦਿੰਦਾ ਹੈ। ਮਨ ਦਾ ਉੱਕਾ ਅਭਾਵ ਕਰਨ ਨੂੰ ਸਮਰੱਥ ਇਕੋ ਗੁਰਮਤਿ ਨਾਮੁ ਹੈ। ਅਜਿਹੀਆਂ ਅਣਗਿਣਤ ਮਨ-ਹਠ ਬੁੱਧੀਆਂ ਦੇ ਅਧੀਨੀ ਅਣਗਿਣਤ ਮਨ-ਹਠ ਕਰਮ ਕਮਾਉਣ ਵਾਲੇ ਹਨ ਅਤੇ ਅਜਿਹੇ ਮਨ-ਹਠ ਕਰਮ ਕਮਾਉਣ ਨੂੰ ਪ੍ਰੇਰਨ ਵਾਲੇ ਕੇਤੜੇ ਹੀ ਅਨੇਕਾਂ ਹੀ ਬੇਦ ਵੀਚਾਰ ਹਨ ਬਿਸਥਾਰ ਪੂਰਬਕ, ਏਤੜੇ ਕਿਤਨੇ ਹੀ ਉਪਰ ਦਸੇ ਮਨ-ਹਠ ਦੁੱਤਰ ਕਰਮਾਂ ਸਮ ਅਣਗਿਣਤ ਆਨਮਤਿ ਕਰਮ ਹਨ, ਪਰ ਇਹ ਸਭ ਜੀਆਂ ਦੇ ਬੰਧਨ ਰੂਪ ਮਨਮੁਖੀ ਕਰਮ ਹੀ ਹਨ। ਗੁਰਮੁਖਾਂ ਦੇ ਕੀਤੇ ਕਮਾਤੇ ਗੁਰਮਤਿ ਕਰਮ ਹੀ ਮੋਖ ਦੁਆਰੀ ਕਰਮ ਹਨ, ਜਿਨ੍ਹਾਂ ਦੇ ਕੀਤਿਆਂ ਕਮਾਇਆਂ ਮੋਖ ਦੁਆਰਾ ਪ੍ਰਾਪਤਿ ਹੁੰਦਾ ਹੈ। ਗੁਰਮਤਿ ਨਾਮੁ ਰੂਪੀ ਸਚੁ ਹੀ ਕਮਾਇਆ ਹੋਇਆ ਸਭ ਤੋਂ ਸੱਚਾ ਸੁੱਚਾ ਉੱਚਾ ਕਰਮ ਹੈ। ਇਸ ਸੱਚ ਸਰੂਪ ਗੁਰਮਤਿ ਨਾਮ ਕਰਮ ਤੋਂ ਸਭ ਆਨਮਤਿ ਕਰਮ ਉਰੇਡੇ, ਹਿਠਾਹਾਂ ਹੀ ਹਨ। ਸਚੁ ਰੂਪੀ, ਅਰਥਾਤ, ਸੱਚਾ ਗੁਰਮਤਿ ਨਾਮ ਰੂਪੀ ਕਰਮੁ (ਆਚਾਰੁ) ਹੀ ਸਭ ਤੋਂ ਉੱਚਾ ਸਭ ਤੋਂ ਉਪਰਲੇ (ਸਿਖਰਲੇ) ਦਰਜੇ ਦਾ ਕਰਮੁ (ਆਚਾਰੁ) ਹੈ[੧]। ਇਹ ਸਾਰੇ ਆਨਮਤਿ ਕਰਮ-ਕਾਂਡੀ ਆਪਣੇ ਆਪ ਨੂੰ ਇਕ ਦੂਜੇ ਤੋਂ ਉੱਚਾ ਅਖਾਉਂਦੇ ਹਨ, ਘੱਟ ਯਾ ਨੀਚਾ ਕੋਈ ਭੀ ਨਹੀਂ ਸਦਾਉਂਦਾ। ਪਰ ਜਿਸ ਨੂੰ ਉਹ ਸਾਜਣ ਨਿਵਾਜਣਹਾਰਾ ਸਾਹਿਬੁ ਵੱਡਾ ਜਾਂ ਉੱਚਾ ਕਰੇ ਉਹੀ ਉੱਚਾ ਤੇ ਵੱਡਾ ਹੁੰਦਾ ਹੈ। ਆਪੋਂ ਕੋਈ ਭੀ ਉੱਚਾ ਨਹੀਂ ਅਖਾ ਸਕਦਾ। ਇਕ ਅਕਾਲ ਪੁਰਖ ਸਿਰਜਣਹਾਰ ਨੇ ਹੀ ਸਾਰੇ ਸਰੀਰ ਰੂਪੀ ਭਾਂਡੇ ਸਾਜੇ ਰਚੇ ਹਨ, ਅਰ ਰਚਣਹਾਰ ਸਾਜਣਹਾਰ ਕਰਤਾਰ ਦੀ ਜੋਤਿ ਦੇ ਚਾਨਣੇ ਸਹਾਰੇ ਹੀ ਸਾਰੇ ਜੀਵੰਦੇ ਹਨ। ਉਸ ਦਾ ਜੋਤਿ-ਚਾਨਣਾ ਤਿਹਾਂ ਲੋਕਾਂ ਵਿਚਿ, ਸਾਰੀ ਸਾਜੀ ਹੋਈ ਰਚਨਾ (ਸ੍ਰਿਸ਼ਟੀ) ਵਿਚਿ ਹੀ ਚਾਨਣ ਦੇ ਰਿਹਾ ਹੈ। ਇਕ ਅਕਾਲ ਪੁਰਖ ਰੂਪੀ ਚਾਨਣ ਹੀ ਤਿਹਾਂ ਲੋਆਂ, ਨਵਾਂ ਖੰਡਾਂ, ਅਣਗਿਣਤ ਬ੍ਰਹਿਮੰਡਾਂ ਵਿਚਿ ਬਿਰਾਜਮਾਨ ਹੈ ਅਤੇ ਚਾਨਣ ਦੇ ਰਿਹਾ ਹੈ। ਇਹ ਜੋਤਿ-ਮਰਕਜ਼ੀ ਚਾਨਣ ਰੂਪ ਸਚੁ (ਸੱਚਾ ਵਹਿਗੁਰੂ) ਨਦਰਿ-ਕਰਮ ਪ੍ਰਾਪਤਿ ਹੋਏ ਤੇ ਪਾਇਆ ਜਾ ਸਕਦਾ ਹੈ। ਜਿਨ੍ਹਾਂ ਉਤੇ ਧੁਰੋਂ ਹੀ ਇਸ ਪ੍ਰਾਪਤੀ ਦੀ ਬਖ਼ਸ਼ਿਸ਼ ਹੋਈ ਹੈ। ਇਸ ਧੁਰੋਂ ਪ੍ਰਾਪਤਿ ਹੋਈ ਬਖ਼ਸ਼ਿਸ਼ ਨੂੰ ਕੋਈ ਮੇਟਿ ਨਹੀਂ ਸਕਦਾ। ਐਸੇ ਬਖ਼ਸ਼ਿਸ਼ ਵਾਲੇ ਗੁਰਮੁਖਿ ਸਾਧੂ ਜਨ ਨੂੰ ਬਖ਼ਸ਼ਿਆ ਹੋਇਆ ਸਾਧੂ ਜਨ ਹੀ ਮਿਲਦਾ ਹੈ। ਏਹਨਾਂ ਗੁਰਮਤਿ ਭਰਪੁਰ ਲੀਣੇ ਭਾਂਡਿਆਂ ਅੰਦਰਿ ਸਤਿਗੁਰੂ ਦੀ ਭਾਇ ਭਾਵਨੀ ਸੱਚ-ਸਰਧਨੀ ਸੰਤੁਸ਼ਟਤਾ ਵਸਦੀ ਹੈ। ਅਜਿਹੇ ਪੂਰੇ ਭਾਂਡਿਆਂ ਦਾ ਸਮੂਹ ਮਿਲ ਕੇ ਹੀ ਗੁਰਬਾਣੀ, ਵਾਹਿਗੁਰੂ ਨਾਮ ਰੂਪੀ ਅਕਥ ਕਥਾ ਦੀ ਅਖੰਡ ਕੀਰਤਨ ਮਈ ਅਖੰਡ ਅਭਿਆਸ ਮਈ ਵੀਚਾਰੁ ਵੀਚਾਰਦਾ ਕਥਾਰਦਾ ਹੈ, ਜੋ ਓੜਕ ਓਹਨਾਂ ਨੂੰ ਸਤਿਗੁਰੂ ਦੇ ਸਰੂਪ ਵਿਚਿ ਹੀ ਸਮਾਇ ਲੈਂਦਾ ਹੈ।

[੧] ਦੇਖੋ ਪੁਸਤਕ 'ਗੁਰਮਤਿ ਸੱਚ ਨਿਰਣੇ'

ਇਸ ਅਕੱਥ ਕਥਾ ਮਈ ਵਾਹਿਗੁਰੂ ਨਾਮ ਦਾ ਨਿਝਰ ਝਰਨੀ ਅੰਮ੍ਰਿਤ ਰਸ ਪੀ ਕੇ ਪੀਵਨਹਾਰਾ ਗੁਰਮੁਖਿ ਜਨ ਸੰਤੁਸ਼ਟ ਹੋ ਜਾਂਦਾ ਹੈ (ਸੰਤੋਖਿਆ ਜਾਂਦਾ ਹੈ) ਅਤੇ ਇਸ ਅੰਮ੍ਰਿਤ ਸੁਧਾ ਰਸੀ ਸੰਤੁਸ਼ਟਤਾ ਨਾਲਿ ਭਰਿਆ ਭਕੁੰਨਿਆ ਹੋਇਆ ਸੁਰਖ਼ਰੂਈਅਤ ਦੇ ਸਿਰੋਪਾਉ ਸਹਿਤ ਗੁਰਮਤਿ ਗੁਣਾਂ ਦਾ ਸੀਂਗਾਰਿਆ ਹੋਇਆ ਹਰਿ ਦਰਗਹਿ ਪਹਿਨਿਆ ਪਧਰਿਆ (ਪੈਧਾ) ਜਾਂਦਾ ਹੈ। ਦਰਗਹਿ ਪੈਧੇ ਜਾਣ ਤੋਂ ਪਹਿਲੀ ਆਤਮ ਅਰੂੜ੍ਹ ਅਵਸਥਾ ਵਿਚਿ ਪੁੱਜੇ ਅਤੇ ਪੁੱਗੇ ਗੁਰਮੁਖਿ ਨਾਮ ਅਭਿਆਸ-ਕਰਮੀਆਂ ਨੂੰ ਵਾਹਿਗੁਰੂ ਦਰਬਾਰ ਸਚਖੰਡ ਵਿਚਿ ਵੱਜ ਰਹੀ ਅਨਹਦ ਸ਼ਬਦ ਦੀ ਕਿੰਗਰੀ ਘਟਿ ਘਟਿ ਵਜਦੀ ਸੁਣਦੀ ਹੈ। ਦਿਨ ਰਾਤਿ ਹੀ ਵਜਦੀ ਸੁਣਦੀ ਹੈ। ਸੁਭਾਵਿਕ ਹੀ ਵੱਜ ਰਹੀ ਹੁੰਦੀ ਹੈ। ਪਰ ਸ਼ਬਦ ਦੇ ਪਰਤਾਪ ਅਤੁਟ ਅਭਿਆਸ ਕਮਾਈ ਕੀਤੇ ਗੁਰ-ਸ਼ਬਦ ਦੇ ਪਰਤਾਪ ਕਰਕੇ ਸੁਣਦੀ ਹੈ। ਪਰ ਇਹ ਸੋਝੀ ਕਿਸੇ ਵਿਰਲੇ ਗੁਰਮੁਖਿ ਜਨ ਨੂੰ ਹੀ ਪੈਂਦੀ ਹੈ, ਜਿਸ ਨੇ ਗੁਰ-ਉਪਦੇਸ਼ ਮਈ ਦੀਖਿਆ ਦੁਆਰਾ ਮਨ ਨੂੰ ਸੱਚੀ ਸਮਝਾਉਣੀ ਸਮਝਾਇਆ ਹੈ। ਅਤੇ ਗੁਰੂ ਨਾਨਕ ਸਾਹਿਬ ਇਸ ਗੁਰਵਾਕ ਦੀ ਸਮਾਪਤੀ ਵਿਖੇ ਫ਼ੁਰਮਾਉਂਦੇ ਹਨ ਕਿ ਐਥੇ ਓਥੇ ਲੋਕ ਪਰਲੋਕ ਵਿਖੇ ਸਚੜਾ ਨਾਮ ਕਦੇ ਨਾ ਵਿਸਰੇ। ਕਿਉਂਕਿ ਇਸੇ ਨਾਮ ਰੂਪੀ ਸ਼ਬਦ ਨੂੰ ਕਮਾ ਕੇ ਹੀ ਸੱਚਾ ਨਿਸਤਾਰਾ ਛੁਟਕਾਰਾ ਹੁੰਦਾ ਹੈ। ਹੋਰ ਚਾਹੇ ਸਾਰੇ ਕਰਮ-ਕਾਂਡ ਵੀਚਾਰ ਵਿਸਰ ਜਾਣ। ਇਸ ਗੁਰਵਾਕ ਦੀ ਸਾਰੀ ਵਿਆਖਿਆ ਦੁਆਰਾ ਸਪੱਸ਼ਟ ਹੋਇਆ ਕਿ ਗੁਰਮਤਿ ਨਾਮ ਮਈ ਅਭਿਆਸ ਕਰਮ ਸਭ ਕਰਮਾਂ ਤੋਂ ਸ੍ਰੇਸ਼ਟ ਅਤੇ ਅਫ਼ਜ਼ੁਲ ਕਰਮੁ ਹੈ, ਜੋ ਨਿਤਾਪ੍ਰਤੀ ਕਮਾਉਣਾ ਸਭ ਦੇ ਲਈ ਯੋਗ ਹੈ।

> ਗਉੜੀ ਮਹਲਾ ੫ ॥ ਕੋਟਿ ਮਜਨ ਕੀਨੋ ਇਸਨਾਨ ॥ ਲਾਖ ਅਰਬ ਖਰਬ ਦੀਨੋ ਦਾਨੁ ॥ ਜਾ ਮਨਿ ਵਸਿਓ ਹਰਿ ਕੋ ਨਾਮੁ ॥ ੧ ॥ ਸਗਲ ਪਵਿਤ ਗੁਨ ਗਾਇ ਗੁਪਾਲ ॥ ਪਾਪ ਮਿਟਹਿ ਸਾਧੂ ਸਰਨਿ ਦਇਆਲ ॥ ਰਹਾਉ ॥ ਬਹੁਤੁ ਉਰਧ ਤਪ ਸਾਧਨ ਸਾਧੇ ॥ ਅਨਿਕ ਲਾਭ ਮਨੋਰਥ ਲਾਧੇ ॥ ਹਰਿ ਹਰਿ ਨਾਮੁ ਰਸਨ ਆਰਾਧੇ ॥ ੨ ॥ ਸਿੰਮ੍ਰਿਤਿ ਸਾਸਤ ਬੇਦ ਬਖਾਨੇ ॥ ਜੋਗ ਗਿਆਨ ਸਿਧ ਸੁਖ ਜਾਨੇ ॥ ਨਾਮੁ ਜਪਤ ਪ੍ਰਭ ਸਿਉ ਮਨ ਮਾਨੇ ॥ ੩ ॥ ਅਗਾਧਿ ਬੋਧਿ ਹਰਿ ਅਗਮ ਅਪਾਰੇ ॥ ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ ਨਾਨਕ ਕਉ ਪ੍ਰਭ ਕਿਰਪਾ ਧਾਰੇ ॥ ੪ ॥ ੧੧੧ ॥

(ਪੰਨਾ ੨੦੨)

ਵਿਆਖਿਆ— ਕ੍ਰੋੜਾਂ ਤੀਰਥ ਪੁਰਬੀਆਂ ਦੇ ਚੁਭੀਆਂ ਮਾਰ ਮਾਰ ਕੇ ਮਜਨ ਇਸ਼ਨਾਨ ਕਰ ਲਏ, ਲਖਾਂ ਅਤੇ ਕ੍ਰੋੜਾਂ ਅਰਬਾਂ ਖਰਬਾਂ ਦਮੜੇ (ਰੁਪਏ) ਦਾਨ ਵਿਚਿ ਦੇ ਲਏ, ਜਦੋਂ ਗੁਰਮਤਿ ਨਾਮ ਵਾਹਿਗੁਰੂ ਮਨ ਵਿਚਿ ਵੱਸ ਗਿਆ। ਗੁਰਮਤਿ ਨਾਮ ਦੇ ਮਨਿ ਵੱਸਣ ਕਰਿ ਕ੍ਰੋੜਾਂ ਮਜਨ ਇਸ਼ਨਾਨ ਅਤੇ ਅਰਬਾਂ ਖਰਬਾਂ ਦੰਮਾਂ ਦੇ ਦਾਨ ਕਰ ਲਏ, ਭਾਵ ਹੋਰ ਕਿਸੇ ਦਾਨ ਇਸ਼ਨਾਨ ਦੀ ਲੋੜ ਹੀ ਨਹੀਂ ਰਹਿ ਗਈ। ਕ੍ਰੋੜਾਂ ਤੀਰਥਾਂ ਦੇ ਮਜਨੀ ਇਸ਼ਨਾਨ ਅਤੇ ਅਰਬ ਖਰਬ ਦਮੜੇ ਦੇ ਦਾਨ ਕੀਤੇ ਮਨਿ ਵੱਸਣੇ ਨਾਮੁ ਦੇ ਜਪਣੇ ਵਿਚਿ ਹੀ ਆ ਗਏ। ਗੋਪਾਲ ਦੇ ਗੁਣ ਗਾਉਣ ਕਰਕੇ ਗਾਵਣ ਸੁਣਨਹਾਰੇ ਸਾਰੇ ਪਵਿਤਰ ਪਾਵਨ ਹੋ ਗਏ। ਦਇਆਲ ਪੁਰਖ ਵਾਹਿਗੁਰੂ ਦੇ ਗੁਣ ਗਾਵਣਹਾਰੇ ਗੁਰਮੁਖਿ ਸਾਧ ਜਨਾਂ ਦੀ ਸਤਸੰਗਤਿ ਰੂਪੀ ਸਰਣ ਵਿਚਿ ਆ ਕੇ ਸਾਰੇ ਪਾਪ ਸੁਤੇ ਸੁਭਾਵ ਹੀ ਮਿਟ ਜਾਂਦੇ ਹਨ।


www.sikhbookclub.com

ਰਸਨਾ ਕਰਕੇ ਵਾਹਿਗੁਰੂ ਦਾ ਨਾਮ ਅਰਾਧਨ ਕੀਤਿਆਂ ਉਲਟੇ ਲਟਕ ਕੇ ਅਨੇਕ ਤਪ-ਤਾਪਨੀਂ ਸਾਧਨਾ ਦੇ ਫਲ ਸਹਿਜੇ ਹੀ ਪ੍ਰਾਪਤਿ ਹੋ ਗਏ। ਉਰਧ ਮੁਖੀ ਤਪ ਤਾਪਣ ਦਾ, ਹੋਰ ਸਾਧਨਾਂ ਦੇ ਸਾਧਨ ਦਾ ਬੱਜਰ ਕਸ਼ਟ ਸਹਾਰਨਾ ਹੀ ਨਹੀਂ ਪਿਆ। ਨਾ ਕਸ਼ਟ ਸਹਿਣਾ ਹੀ ਪੈਂਦਾ ਹੈ। ਜੇਹੜੇ ਅਨਿਕ ਲਾਭ ਮਨੋਰਥਾਂ ਲਈ ਇਹ ਉਗਰ ਹਠ-ਨਿਗ੍ਰਹੀ ਜਪ-ਤਪੀ ਸਾਧਨ ਸਾਧੇ ਜਾਂਦੇ ਹਨ, ਓਹ ਸਾਰੇ ਮਨੋਰਥ ਲਾਭ ਰਸਨਾ ਕਰਕੇ ਨਾਮ ਜਪਣ ਨਾਲ ਸੁਤੇ ਸਿਧ ਹੀ ਪ੍ਰਾਪਤ ਹੋ ਜਾਂਦੇ ਹਨ। ਰਸਨਾ ਕਰਕੇ ਨਾਮ ਵਖਾਣਿਆ ਗਿਆ ਤਾਂ ਸਾਰੇ ਸਿਮ੍ਰਿਤਿ ਸ਼ਾਸਤ੍ਰ ਬੇਦ ਹੀ ਬਖਾਣੇ ਗਏ। ਨਾਮ ਵਖਾਨਣ ਰੂਪੀ ਗੁਰਮਤਿ ਕਰਮ ਵਿਚਿ ਸਿਮ੍ਰਤੀਆਂ ਸ਼ਾਸਤ੍ਰਾਂ ਤੇ ਬੇਦਾਂ ਦੇ ਵਖਾਣੇ ਸਾਰੇ ਕਰਮ ਹੀ ਆ ਗਏ। ਨਾਮ ਜਪਣ ਰੂਪੀ ਗੁਰਮਤਿ ਅਭਿਆਸ ਕਰਮ ਕਰਨ ਵਿਚਿ ਸਾਰੇ ਜੋਗ ਕਰਮ ਆ ਗਏ। ਸਾਰੇ ਹੀ ਆਨਮਤਿ ਬੋਧ-ਗਿਆਨੀਆਂ ਦੇ ਗਿਆਨ ਵੀਚਾਰ ਭੀ ਆ ਗਏ। ਸਿੱਧਾਂ ਦੀਆਂ ਸਿੱਧੀਆਂ ਵਾਲੇ ਸਾਰੇ ਸੁਖ ਗੁਰਮਤਿ ਨਾਮ ਅਭਿਆਸ-ਕਰਮੀਆਂ ਨੇ ਹੇਚ ਕਰਕੇ ਜਾਣੇ ਹਨ। ਨਾਮ ਦੇ ਤੁਲਿ ਏਹ ਸਾਰੇ ਜੋਗ ਗਿਆਨ ਰਿੱਧੀ ਸਿੱਧੀ ਵਾਲੇ ਕਰਮ ਇਕ ਪਾਸੰਗ ਮਾਤਰ ਭੀ ਨਹੀਂ। ਨਾਮ ਜਪਣ ਦੀ ਸੁਕ੍ਰਿਤ ਕਮਾਈ ਅਤੇ ਸਰਬੋਤਮ ਕਮਾਈ ਕਰਕੇ ਜਦੋਂ ਨਾਮ ਅਭਿਆਸੀ ਜਪਿਆਸੀ ਜਨ ਦਾ ਮਨ ਇਕ-ਸੁਰ ਹੋ ਕੇ ਮੰਨੀਜ ਪਤੀਜ ਸੁਖਸੀਜ ਹੋ ਗਿਆ ਤਾਂ ਏਹ ਸਾਰੀਆਂ ਰਿੱਧੀਆਂ ਸਿੱਧੀਆਂ ਗਿਆਨ-ਗੁਮਿਧੀਆਂ ਤੇ ਜੋਗ-ਜੁਗਤੀਆਂ ਨਾਮ ਅਭਿਆਸੀ ਜਨ ਦੇ ਪਿਛੇ ਲਗੀਆਂ ਫਿਰਦੀਆਂ ਹਨ। ਉਹਨਾਂ ਨੂੰ ਉਹ ਸਿਆਣਦਾ ਨਹੀਂ। ਫੇਰ ਕਾਹਦੇ ਲਈ ਇਹ ਰਿੱਧੀਆਂ ਸਿੱਧੀਆਂ ਗਿਆਨ ਜੋਗ ਜਗਮਿਧੀਆਂ ਦੇ ਕਰਮ ਕਮਾਉਂਦਾ ਫਿਰੇ? ਨਾਮ ਜਪਣ ਅਤੇ ਨਾਮ ਰਿਦੇ ਅਰਾਧਣ (ਵੀਚਾਰਨ) ਨਾਲਿ ਅਗਾਧ ਬੋਧ ਅਗਮ ਅਪਾਰ ਵਾਹਿਗੁਰੂ ਦੀ ਜਦ ਪ੍ਰਾਪਤੀ ਹੋ ਗਈ ਤਾਂ ਬਾਕੀ ਕੀ ਰਹਿ ਗਿਆ? ਸਭ ਕਸਰਾਂ ਨਿਕਲ ਗਈਆਂ — ਬਹਿਣੀਵਾਲ ਦੀਆਂ[1]। ਗੁਰੂ ਨਾਨਕ ਸਾਹਿਬ ਉਤੇ ਵਾਹਿਗੁਰੂ ਦੀ ਐਸੀ ਪਰਮ ਕਿਰਪਾ ਹੋ ਗਈ ਕਿ ਕਿਸੇ ਪੈਗੰਬਰ ਅਵਤਾਰ ਉਤੇ ਅਜ ਤਾਈਂ ਨਹੀਂ ਹੋਈ, ਨਾ ਹੋਵੇਗੀ, ਕਿਉਂਕਿ ਗੁਰੂ ਨਾਨਕ ਸਾਹਿਬ ਦੀ ਸਾਰੀ ਉੱਮਤ ਉਪਰ ਪ੍ਰਭੂ-ਮਿਲਾਪ ਦਰਸਾਰੀ ਸਾਰੀ ਰਹਿਮਤ ਨਾਜ਼ਲ ਹੋ ਗਈ।

> ਗਉੜੀ ਮਹਲਾ ੫ ॥ਸਬਹੂ ਕੋ ਰਸੁ ਹਰਿ ਹੋ ॥ ੧ ॥ ਰਹਾਉ ॥ ਕਾਹੂ ਜੋਗ
> ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ ॥ ਕਾਹੂ ਹੋ ਡੰਡ ਧਰਿ ਹੋ ॥ ੧ ॥
> ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ ॥ ਕਾਹੂ ਹੋ ਗਉਨੁ ਕਰਿ ਹੋ ॥
> ੨ ॥ ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ॥ ਨਾਨਕਾ ਭਗਤਿ ਪ੍ਰਿਅ ਹੋ
> ॥ ੩ ॥ ੨ ॥ ੧੫੫ ॥

(ਪੰਨਾ ੨੧੩)

[1] ਬਹਿਣੀਵਾਲ ਨਾਮ ਦੇ ਦੋ ਪਿੰਡ ਹਨ: ਇਕ ਜਗਰਾਉਂ ਵਲ ਤੇ ਦੂਜਾ ਦਮਦਮਾ ਸਾਹਿਬ ਵਲ। ਕਈ ਬਰਸ ਹੋਏ ਭਾਈ ਸਾਹਿਬ ਸ: ਸੁੰਦਰ ਸਿੰਘ ਘੁਮਾਣ ਦੇ ਅਨੰਦ ਕਾਰਜ ਦੇ ਸਮਾਗਮ ਪਰ ਦਮਦਮੇ ਸਾਹਿਬ ਵਾਲੇ ਬਹਿਣੀਵਾਲ ਗਏ। ਉਥੇ ਇਸ਼ਨਾਨ ਆਦਿ ਲਈ ਪਾਣੀ ਦਾ ਬਹੁਤ ਤੋੜਾ ਸੀ। ਜਦੋਂ ਵਾਪਸ ਆਏ ਤੇ ਪਿੰਡ ਘੁਮਾਣ ਇਸ਼ਨਾਨ ਕਰਨ ਲਗੇ ਤਦ ਇਥੇ ਪਾਣੀ ਦੀ ਖੁਲ ਦੇਖ ਕੇ ਕਹਿਣ ਲਗੇ: 'ਏਹ ਜੂਹਾਂ ਪਿੰਡ ਘੁਮਾਣ ਦੀਆਂ, ਕਢ ਕਸਰਾਂ ਬਹਿਣੀਵਾਲ ਦੀਆਂ'। ਭਾਵ ਇਹ ਕਿ ਬਹਿਣੀਵਾਲ ਪਾਣੀ ਦੇ ਤੋੜੇ ਦੀ ਕਸਰ ਨਿਕਲਣ ਵਾਂਗ ਪਰਮਾਤਮਾ ਦੇ ਦਰਸ਼ਨ ਹੋਣ ਪਰ ਸਭ ਖੁਸ਼ਕੀਆਂ ... ਦੂਰ ਹੋ ਜਾਂਦੀਆਂ ਹਨ।

 www.sikhbookclub.com

ਸਿਧਾਂਤ ਸਾਰ— ਸਾਰੇ (ਸਭਹੂੰ) ਰਸਾਂ ਦਾ ਸਿਰ ਰਸੁ ਸਿਰੋਮਣ ਰਸੁ ਵਾਹਿਗੁਰੂ ਨਾਮ ਦਾ ਰਸੁ ਹੈ। ਕਿਸੇ ਨੂੰ (ਇਕਨਾਂ ਜੋਗੀਆਂ ਨੂੰ) ਜੋਗਾ-ਅਭਿਆਸ ਦਾ ਰਸ ਹੈ, ਕਿਸੇ ਨੂੰ (ਇਕਨਾਂ ਭੋਗੀਆਂ ਨੂੰ) ਭੋਗ ਭੁਗਤਾਰ ਦਾ ਰਸ ਹੈ। ਆਨਮਤਿ ਗਿਆਨ ਅਵਲੰਬੀਆਂ ਨੂੰ ਖਰੜ ਗਿਆਨ ਘੋਟਣ ਵਿਚਿ ਹੀ ਰਸ ਆਉਂਦਾ ਹੈ। ਇਕਨਾਂ ਨੂੰ ਆਨਮਤੀ ਇਮੈਜਿਨਰੀ (imaginary) ਧਿਆਨ ਜਮਾਉਣ ਵਿਚਿ ਹੀ ਰਸ ਆਉਂਦਾ ਹੈ। ਇਕਨਾਂ ਡੰਡਾਧਾਰੀ ਜੰਗਮਾਂ ਨੂੰ ਡੰਡੇ ਬਜਾਉਣ ਡੰਡਿਆਂ ਨੂੰ ਹੀ ਹੱਥਾਂ ਵਿਚਿ ਹਥਾਉਣ ਦਾ ਰਸ ਆਉਂਦਾ ਹੈ। ਇਕਨਾਂ ਆਨਮਤਿ ਜਾਪ-ਤਾਪੀਆਂ ਨੂੰ ਜਾਪ ਤਾਪ ਦੇ ਪਖੰਡ ਅਸ਼ਟੰਡ ਰਚਣ ਵਿਚਿ ਰਸ ਆਉਂਦਾ ਹੈ। ਇਕਨਾਂ ਪੂਜਾ ਹੋਮ ਨੇਮ ਦੇ ਮਤ-ਮਤਾਂਤਰੀਆਂ ਨੂੰ ਪੂਜਾ ਹੋਮ ਨੇਮ ਵਿਚਿ ਹੀ ਰਸ ਕੁ-ਰਸ ਆਉਂਦਾ ਹੈ। ਇਕਨਾਂ ਨੂੰ ਧਰਤੀ ਉਤੇ ਗਮਨ ਕਰਨ ਵਿਚਿ ਰਸ-ਕੁਚਸਕੀ ਰਸ ਹੈ। ਇਕਨਾਂ ਨੂੰ ਤੀਰਥਾਂ ਦੇ ਕੰਢਿਆਂ ਤੇ ਰਹਿਣ ਵਿਚ ਹੀ ਰਸ ਆਉਂਦਾ ਹੈ। ਇਕਨਾਂ ਨੂੰ ਤੀਰਥਾਂ ਦੇ ਨੀਰ (ਜਲ) ਵਿਚਿ ਨ੍ਹਾ ਕੇ ਤੀਰਥ ਇਸ਼ਨਾਨੀ ਬਣਨ ਵਿਚਿ ਰਸੁ ਸੁਆਦ ਹੈ। ਬਹੁਤਿਆਂ ਨੂੰ ਬੇਦਾਂ ਦੇ ਬਾਦ-ਬਿਬਾਦੀ ਬੀਚਾਰੀ ਚਰਚਾ ਕਰਨ ਵਿਚਿ ਹੀ ਸੁਆਉ ਚਸਕਾਉ ਹੈ। (ਬੇਦਾਂ ਵਿਚਿ ਹੈ ਹੀ ਬਾਦ-ਬਿਬਾਦ ਦੀ ਚਰਚਾ ਭਰੀ ਹੋਈ)। ਗੁਰੂ ਨਾਨਕ ਨੂੰ ਅਤੇ ਗੁਰੂ ਨਾਨਕ ਦੇ ਸਿੱਖਾਂ ਨੂੰ ਇਕ ਵਾਹਿਗੁਰੂ ਦੀ ਭਗਤੀ ਦਾ ਰਸੁ ਹੀ ਸਭ ਰਸਾਂ ਤੋਂ ਪਿਆਰਾ ਹੈ। ਇਸ ਭਗਤੀ-ਰਸ ਨਾਮ-ਰਸ ਦੇ ਮੁਕਾਬਲੇ ਵਿਚਿ ਸਭ ਉਪਰ ਕਥੇ ਰਸ ਹੋਛੇ ਅਤੇ ਹੇਚ ਹਨ। ਸਰਬੋਤਮ ਰਸ ਨਾਮ ਭਗਤਿ ਕਮਾਈ ਦਾ ਹੈ। ਅਤੇ ਸਰਬੋਤਮ ਕਰਮ ਗੁਰਮਤਿ ਨਾਮ ਅਭਿਆਸ ਕਰਮ ਹੈ, ਜਿਸ ਦੇ ਮੁਕਾਬਲੇ ਵਿਚਿ ਸਭ ਆਨਮਤਿ ਕਰਮ ਧਰਮ ਨਿਚਲੇ ਦਰਜੇ ਦੇ ਫੋਕਟ ਕਰਮ ਹਨ।

ਰਾਗੁ ਗਉੜੀ ਮਾਲਵਾ ਮਹਲਾ ੫ ੴ ਸਤਿਗੁਰ ਪ੍ਰਸਾਦਿ ॥
ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਆਨ ॥ ੧ ॥ ਰਹਾਉ ॥
ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ ॥ ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ ॥ ੧ ॥ ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥ ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥ ੨ ॥ ਸਿਵਪੁਰੀ ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋ ਥਾਉ ਨਾਹਿ ॥ ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥ ੩ ॥ ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥ ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰ ॥ ੪॥ ੧॥ ੧੫੮॥

(ਪੰਨਾ ੨੧੪)

ਗੁਰੂ ਸਾਹਿਬ ਉਪਕਾਰ ਉਦਾਰਤਾ ਮਈ ਸਰਬੱਤਰ ਦੇ ਪਿਆਰ ਦੀ ਉਦਾਰ ਲੋਰੀ ਵਿਚਿ ਇਸ ਗੁਰਵਾਕ ਨੂੰ ਉਚਾਰਦੇ ਹੋਏ ਅਸਾਂ ਅਲਪੱਗ ਕਲਜੁਗੀ ਜੀਵਾਂ ਨੂੰ ਮੀਤਾ ਪਦ ਨਾਲਿ ਸੰਬੋਧਨ ਕਰਦੇ ਹਨ ਅਤੇ ਉਪਦੇਸ਼ਦੇ ਹਨ ਕਿ ਹੇ ਮਿੱਤ੍ਰ! ਕੀ ਸੋਚ ਵਿਚਾਰਦੇ ਹੋ, ਬਸ, ਵਾਹਿਗੁਰੂ ਦਾ ਨਾਮ ਹੀ ਲਵੋ ਅਤੇ ਲਗਾਤਾਰ ਲਈ ਹੀ ਜਾਵੋ, ਇਕ ਤਿਲ ਭੀ ਬਿਲਮ ਨ ਕਰੋ ਨਾਮ ਲੈਣ ਵਿਚਿ। ਇਹ ਅਉਸਰ ਫੇਰ ਨਹੀਂ ਮਿਲਣਾ। ਇਸ ਮਨੁਖਾ ਜਨਮ ਦਾ ਅਉਸਰ ਅੰਤ ਹੋਏ ਪਿਛੋਂ ਬੜਾ ਕਰੜਾ ਅਤੇ ਭਿਆਨਕ ਪੈਂਡਾ ਲੰਘਣਾ ਪਵੇਗਾ। ਹੰਭਲਾ ਮਾਰ ਕੇ ਨਾਮ ਸਿਮਰਨ ਮਈ

 www.sikhbookclub.com

ਵਿਚਿ ਜੁਟ ਜਾ। ਸਿਮਰਨ ਕਰੀ ਜਾ, ਕਰੀ ਜਾ, ਕਿਉਂਕਿ ਤੇਰੇ ਸੰਗ ਬਸਦਾ ਹੈ ਤੇ ਸਦਾ ਤੇਰੇ ਸਿਰ ਉਪਰ ਖੜਾ ਹੈ ਕਾਲ। ਪਤਾ ਨਹੀਂ ਕਦੋਂ ਤੈਨੂੰ ਗ੍ਰਸ ਲਵੇ ਅਤੇ ਸਿਮਰਨ ਦਾ ਅਉਸਰ ਬਿਹ ਜਾਵੇ, ਫੇਰ ਤੂੰ ਤੱਕਦਾ ਪਛਤਾਉਂਦਾ ਹੀ ਰਹਿ ਜਾਵੇਂ। ਨਾਮ ਸਿਮਰਨ ਵਾਲੇ ਗੁਰਮੁਖਿ ਸਾਧਾਂ ਸੰਤਾਂ ਦੀ, ਭਗਤਾਂ ਦੀ ਸੇਵਾ ਵਿਚਿ ਤੱਤਪਰ ਹੋ ਜਾ, ਐਸੇ ਗੁਰਮੁਖਿ ਗੁਰੂ ਘਰ ਦੇ ਸਾਧ ਜਨਾਂ ਦੀ ਸੇਵਾ ਕਰਨ ਕਰਕੇ ਤੇਰੇ ਸਭ ਜਮ-ਜਾਲ ਕਟੇ ਜਾਣਗੇ। ਜਮ-ਜਾਲ ਕਟਣ ਲਈ ਸਭ ਕਰਮਾਂ ਤੋਂ ਅਫਜਲ ਕਰਮੁ ਗੁਰਮਤਿ ਨਾਮ ਦਾ ਸਿਮਰਨ ਹੈ। ਨਾਮ ਸਿਮਰਨਹਾਰੇ ਗੁਰੂ ਘਰ ਦੇ ਸਿਖ-ਸਾਧਾਂ ਦੀ ਸੇਵਾ ਕਰਨੀ ਭੀ ਸਦਾ ਸੁਖਦਾਈ ਹੈ, ਜਮਕਾਲ ਦੇ ਜਾਲ ਕਟਣ ਲਈ ਸਹਾਈ ਹੈ। ਹੋਮ ਜੱਗ ਤੀਰਥ ਆਦਿ ਸਭ ਆਨ-ਮਤੀ ਕਰਮ ਕੀਤੇ ਬਿਰਥੇ ਹੀ ਹਨ। ਏਹਨਾਂ ਕਰਮਾਂ ਦੇ ਕਰਿਆਂ ਹਉਮੈ ਹੀ ਵਧਦੀ ਹੈ। ਏਹਨਾਂ ਹਉਮੈ ਕਰਮਾਂ ਦੇ ਕੀਤਿਆਂ ਵਿਕਾਰ ਹੀ ਵਧਦੇ ਹਨ। ਏਹਨਾਂ ਆਨਮਤਿ ਕਰਮਾਂ ਦੇ ਕੀਤਿਆਂ ਕਦੇ ਨਰਕ ਕਦੇ ਸੁਰਗ ਭੁੰਚਣਾ ਪੈਂਦਾ ਹੈ। ਨਰਕ ਸੁਰਗ ਨੂੰ ਭੁੰਚ ਭੁਗਤ ਕੇ ਫੇਰ ਲਖ ਚਉਰਾਸੀ ਜੋਨੀਆਂ ਦੇ ਗੇੜ ਵਿਚਿ ਆਨਮਤਿ ਕਰਮ-ਧਰਮੀ ਪੈ ਜਾਂਦੇ ਹਨ। ਮੁੜਿ ਮੁੜਿ ਕੇ ਆਵਾ-ਗਵਣ ਵਿਚਿ ਪੈਂਦੇ ਹਨ, ਜੰਮਦੇ ਹਨ, ਜੰਮਿ ਜੰਮਿ ਫੇਰ ਮਰਦੇ ਹਨ। ਮਰ ਕੇ ਫੇਰ ਲੱਖ ਚਉਰਾਸੀ ਜੂਨੀਆਂ ਵਿਚਿ ਘੁੰਮਦੇ ਹਨ। ਐਸੇ ਕਰਮਾਂ ਦੇ ਕਰਨ ਦਾ ਕੀ ਆਸਰਾ, ਕੀ ਫ਼ਾਇਦਾ? ਬੇਫ਼ਾਇਦਾ ਹੀ ਧੰਧ ਪਿਟਦੇ ਹਨ, ਜੋ ਹਠ-ਧਰਮੀ ਕਰਮ ਕਰਦੇ ਹਨ।

ਅਜਿਹੇ ਆਨਮਤੀ ਕਰਮਾਚਾਰੀ ਅਨੇਕ ਪ੍ਰਕਾਰ ਦੀ ਇੱਛਾਚਾਰੀ ਬਾਂਛਾ ਬਾਂਛਦੇ ਕਰਮ ਕਰਦੇ ਹਨ। ਕੋਈ ਤਾਂ ਬ੍ਰਹਮਪੁਰੀ ਵਿਚਿ ਜਾ ਬਸਣ ਕੀ ਕਾਮਨਾ ਕਰਦਾ ਹੈ; ਕੋਈ ਸ਼ਿਵਪੁਰੀ ਵਿਚਿ ਰਹਿਣ ਦੀ ਧਾਰਨਾ ਧਰਦਾ ਹੈ; ਕੋਈ ਇੰਦ੍ਰਪੁਰੀ ਦੇ ਇਸ਼ਕ-ਅਖਾੜਿਆਂ ਪੁਆੜਿਆਂ ਵਿਚਿ ਜਾਣਾਬਾਂਛਦਾ ਹੈ। ਪਰ ਗੁਰੂ ਸਾਹਿਬ ਫ਼ੁਰਮਾਉਂਦੇ ਹਨ, ਇਹ ਬ੍ਰਹਮਪੁਰੀ (ਬ੍ਰਹਮ ਦੀ ਪੁਰੀ), ਸ਼ਿਵਪੁਰੀ ਤੇ ਇੰਦ੍ਰਪੁਰੀ ਸਦਾ ਨਿਹਚਲ ਰਹਿਣ ਵਾਲੀਆਂ ਅਸਥਾਨ-ਪੁਰੀਆਂ ਨਹੀਂ। ਅਜਿਹੀਆਂ ਹੋਛੀਆਂ ਇਛਾਵਾਂ ਰਖਣ ਵਾਲਿਓ, ਸਾਕਤ ਪੁਰਸ਼ੋ, ਮੂੜ ਮੁਗਧੋ, ਵਾਹਿਗੁਰੂ ਸਿਮਰਨ ਰੂਪੀ ਸੇਵਾ ਬਿਨਾਂ ਹੋਰਥੇ ਕਿਤੇ ਭੀ ਸੁਖੁ ਨਹੀਂ। ਸੱਚੇ ਸੁਖ ਦੀ ਪ੍ਰਾਪਤੀ ਹੈ ਤਾਂ ਸਿਮਰਨ ਰੂਪੀ ਗੁਰਮਤਿ ਕਰਮ ਨੂੰ ਤੱਤਪਰ ਹੋ ਕੇ ਕਰਨ ਵਿਚਿ ਹੈ। ਨਹੀਂ ਤਾਂ ਆਨ-ਦੇਵ ਸੇਵ ਕਰਕੇ ਜਨਮ ਮਰਨ ਆਉਣ ਜਾਣ ਦੇ ਗੇੜ ਵਿਚਿ ਹੀ ਪੈਣਾ ਪਵੇਗਾ।

ਸਿਰੀ ਗੁਰੂ ਪੰਚਮੇਸ਼ ਜੀ ਫ਼ੁਰਮਾਉਂਦੇ ਹਨ, ਇਹ ਉਪਦੇਸ਼ ਸਾਨੂੰ ਗੁਰਾਂ ਸਿਰ ਗੁਰੂ ਸੱਚੇ ਗੁਰੂ ਸਿਰੀ ਗੁਰੂ ਨਾਨਕ ਸਾਹਿਬ ਜੀ ਨੇ ਦਿੱਤਾ ਹੈ। ਸੋ ਜਿਉਂ ਕਾ ਤਿਉਂ ਇਹ ਸਾਰ ਉਪਦੇਸ਼ ਅਸੀਂ ਪੁਕਾਰ ਕੇ ਤੁਹਾਨੂੰ ਸੁਣਾਉਂਦੇ ਹਾਂ, ਹੇ ਕਲਜੁਗੀ ਜੀਵੋ! ਜੇ ਆਪਣਾ ਸੱਚਾ ਉਧਾਰ, ਕਲਿਆਣ ਮਈ ਉਧਾਰ ਚਾਹੁੰਦੇ ਹੋ, ਕੇਵਲ ਸਿਫਤਿ ਸਾਲਾਹ ਮਈ ਕੀਰਤਨ ਕਰੋ। ਗੁਰਬਾਣੀ ਦਾ ਕੀਰਤਨ ਕਰਿ ਕਰਿ ਵਾਹਿਗੁਰੂ ਦੇ ਗੁਣਬਾਦ ਗਾਈ ਚਲੋ। ਸਦਾ ਗਾਉਂਦੇ ਰਹੋ। ਸਿਫਤਿ ਸਾਲਾਹ ਕਰਿ ਕਰਿ ਵਾਹਿਗੁਰੂ ਦਾ ਨਾਮ ਅਲਾਉਂਦੇ ਰਹੋ। ਇਹ ਕਰਮ ਸਿਰ- ਕਰਮਨ ਦੇ ਕਰਮ ਹੈ। ਹੋਰ ਸਭ ਝੂਠ ਪਾਖੰਡ ਕਰਮ ਦੇ ਰਾਹ ਨਾ ਪਵੋ।

ਗੁਰਮਤਿ ਸਿਮਰਨ ਕਰਮ ਦੀ ਵਡਾਈ ਇਸ ਗੁਰਵਾਕ ਅੰਦਰਿ ਵਿਲੱਖਣਤਾ ਪੂਰਬਕ ਜਣਾਈ ਗਈ ਹੈ—

ਸਲੋਕੁ ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥ ਪੂਜਸਿ ਨਾਹੀ

 www.sikhbookclub.com

ਹਰਿ ਕਾਰੇ ਨਾਨਕ ਨਾਮ ਅਮੋਲ ॥ ੧ ॥ ਅਸਟਪਦੀ ॥ ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤ ਵਖਿਆਨ ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥ ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥ ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ ੧ ॥ ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥ ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥ ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥ ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥ ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥ ੨ ॥ ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥ ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥ ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥ ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥ ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥ ੩ ॥ ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ ॥ ਭੇਖ ਅਨੇਕ ਅਗਨਿ ਨਹੀ ਬੁਝੈ ॥ ਕੋਟਿ ਉਪਾਵ ਦਰਗਹ ਨਹੀ ਸਿਝੈ ॥ ਛੂਟਸਿ ਨਾਹੀ ਊਭ ਪਾਇਆਲਿ ॥ ਮੋਹਿ ਬਿਆਪਹਿ ਮਾਇਆ ਜਾਲਿ ॥ ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥ ਹਰਿ ਕਾ ਨਾਮੁ ਜਪਤ ਦੁਖੁ ਜਾਇ ॥ ਨਾਨਕ ਬੋਲੈ ਸਹਜਿ ਸੁਭਾਇ ॥ ੪ ॥

(ਗਉੜੀ ਸੁਖਮਨੀ ਮਃ ੫, ਪੰਨਾ ੨੬੫-੬੬)

ਵਿਆਖਿਆ— ਬਥੇਰੇ ਸ਼ਾਸਤ੍ਰ ਅਤੇ ਘਬੋਲੀਆਂ ਸਿਮ੍ਰਿਤੀਆਂ, ਹਿੰਦੂਆਂ ਦੀਆਂ ਮੁਖ ਧਰਮ-ਪੁਸਤਕਾਂ, ਸਾਰੇ ਹੀ ਹਿੰਦੂ ਮਤ ਦੇ ਧਰਮ-ਪੁਸਤਕ ਪੜਤਾਲ ਕੇ, ਪੜਚੋਲ ਕੇ ਸੋਧ ਡਿਠੇ ਹਨ। ਏਹਨਾਂ ਆਨਮਤਿ ਧਰਮ-ਪੁਸਤਕਾਂ ਅੰਦਰਿ ਵਿਦਤਾਏ ਕਰਨ ਯੋਗ ਕਰਮ ਗੁਰੂ ਨਾਨਕ ਦਰਸਾਏ ਗੁਰਮਤਿ ਨਾਮ ਤੁਲਿ ਪਾਸੰਗ ਮਾਤਰ ਭੀ ਨਹੀਂ ਪੁਜਦੇ। ਗੁਰਮਤਿ ਨਾਮ ਕਰਮ ਬਹੁਤ ਹੀ ਅਮੋਲ ਹੈ। ਐਸਾ ਵਡਮੁੱਲਾ ਹੈ ਕਿ ਇਸ ਦਾ ਮੁੱਲ ਪੈ ਹੀ ਨਹੀਂ ਸਕਦਾ। ਅਤਿ ਅਮੋਲ ਹੈ। ਜਿਸ ਦੀ ਕੀਮਤਿ, ਜਿਸ ਦਾ ਮੁੱਲ ਪੈ ਹੀ ਨਹੀਂ ਸਕਦ

(ਅਸਟਪਦੀ) ਹੁਣ ਆਨਮਤਿ ਕਰਮਾਂ ਦਾ ਵਿਸਥਾਰ ਦਸਦੇ ਹਨ। ਆਨਮਤਿ ਧਰਮਾਂ ਦੇ ਧਰਮਾਏ ਜਿਤਨੇ ਭੀ ਜਾਪ ਤਾਪ ਆਦਿਕ ਹਠ-ਕਰਮ ਹਨ ਅਤੇ ਜਿਤਨੇ ਭੀ ਸ਼ੁਸ਼ਕ (ਫੋਕੇ) ਢਕੌਂਸਲਿਆਂ ਵਾਲੇ ਚੁੰਚ ਗਿਆਨ ਗਿਆਨਾਉਣ ਲਈ ਬਿਆਨੇ ਗਏ ਹਨ ਅਤੇ ਜਿਤਨੇ ਭੀ ਸਹਸ ਸਿਆਣਪੀ ਅਤੇ ਅਲਪਗ ਮਤੀ ਧਿਆਨ (meditations) ਧਿਆਨ ਧਿਆਉਣ ਲਈ ਵਖਾਣੇ ਗਏ ਹਨ, ਏਹਨਾਂ ਸ਼ਾਸਤ੍ਰਾਂ ਸਿਮ੍ਰਿਤੀਆਂ ਆਦਿਕ ਪੁਸਤਕਾਂ ਅੰਦਰ, ਸਾਰੇ ਹੀ ਖਟ (ਛੇ) ਸ਼ਾਸਤ੍ਰਾਂ

ਸਿਮ੍ਰਿਤੀਆਂ ਦੇ ਵਖਿਆਨ ਜਿਤਨੇ ਭੀ ਜੋਗ ਅਭਿਆਸ ਕਰਮ ਕਿਰਿਆ ਧਰਮ ਹਨ ਅਤੇ ਜਿਤਨੇ ਭੀ ਗ੍ਰਿਹਸਤ ਕੁਟੰਬ ਨੂੰ ਤਿਆਗ ਕੇ ਬਨਾਂ ਜੰਗਲਾਂ ਵਿਚਿ ਭਉਂਦੇ ਫਿਰਨ ਦੇ ਸਗਲੇ ਸੰਨਿਆਸ ਕਰਮ ਹਨ, ਜਿਤਨੇ ਭੀ ਅਨਿਕ ਪ੍ਰਕਾਰ ਦੇ ਜਤਨ ਸੰਜਮ ਹਨ ਇੰਦਰੇ ਇੰਦਰੀਆਂ ਨੂੰ ਰੋਕਣ ਦਮਨ ਕਰਨ ਦੇ ਅਤੇ ਜਿਤਨੇ ਭੀ ਬਹੁ ਰਤਨਾਂ ਨੂੰ ਅਰਪ ਕੇ ਪੁੰਨ ਦਾਨ ਕਰਨ ਵਾਲੇ ਕਿਰਿਆ ਕਰਮ ਹਨ, ਐਥੋਂ ਤਾਈਂ ਕਿ ਸਰੀਰ ਨੂੰ ਰੱਤੀ ਰੱਤੀ ਕਰ ਕੇ ਕਟਾਉਣ ਅਤੇ ਕਟਾ ਕੇ ਹੋਮਣ (ਹੋਮ ਵਿਚਿ ਪਾਉਣ) ਵਾਲੀਆਂ ਕੁਰਬਾਨੀਆਂ ਦੇ ਕਰਮ ਹਨ, ਅਤੇ ਜਿਤਨੇ ਭੀ ਬਹੁ ਬਹੁ ਭਾਂਤ ਦੇ ਨੇਮ ਰਖਣ ਦੇ ਆਨਮਤਿ ਸਿਧਾਂਤੀ ਸੰਜਮ ਹਨ, ਇਹ ਸਾਰੇ ਉਪਰ ਕਥੇ ਕਰਮ ਧਰਮ ਕਿਰਿਆ ਸੰਜਮ ਜਿਤਨੇ ਭੀ ਹਨ, ਮਿਲ ਕੇ ਉਸ ਗੁਰਮਤਿ ਨਾਮ ਦੀ ਤੁਲਤਾ ਨਹੀਂ ਰਖਦੇ ਜੋ ਗੁਰੂ ਨਾਨਕ ਦੇ ਘਰ ਦੇ ਗੁਰਮੁਖਿ ਜਨ ਕੇਵਲ ਇਕ ਅਭਿਆਸ ਕਮਾਈ ਕਰਦੇ ਹਨ। ਗੁਰਮੁਖਿ ਜਨ ਦੀ ਕੀਤੀ ਇਕ ਬਾਰ ਦੀ ਗੁਰਮਤਿ ਨਾਮ ਅਭਿਆਸ ਕਮਾਈ (ਇਕ ਵਾਰ ਨਾਮ ਜਪ) ਦਾ ਫਲ ਉਪਰ ਦਸੇ ਸਾਰੇ ਆਨਮਤਿ ਕਰਮਾਂ ਨੂੰ ਕ੍ਰੋੜਾਂ ਬਾਰ ਕਰਨ ਦੇ ਫਲਾਂ ਤੋਂ ਅਧਿਕ ਵਧੇਰਾ ਅਤੇ ਵਡੇਰਾ ਹੈ ॥ ੧ ॥ ਫੇਰ ਭਾਵੇਂ ਕੋਈ ਆਨਮਤਿ ਕਰਮੀ ਪੁਰਸ਼ ਨਉਖੰਡ ਪ੍ਰਿਥਵੀ ਵਿਖੇ ਭਉਂ ਭਉਂ ਭ੍ਰਮਿ ਥਕੇ, ਭਾਵੇਂ ਕੋਈ ਚਿਰੰਕਾਲ ਜੀਵਨ ਦੀ ਜੀਵਨੀ ਆਯੂ (ਉਮਰ) ਵਧਾ ਲਵੇ, ਭਾਵੇਂ ਕੋਈ ਮਹਾਂ ਉਦਾਸ ਕਰਮ ਵਾਲਾ ਉਦਾਸੀ ਹੋ ਕੇ ਅਤੇ ਉੱਗਰ ਤਪ ਕਰਨ ਵਾਲਾ ਤਪੀਸ਼ਰ ਹੋਵੇ ਅਤੇ ਮਹਾਂ ਮੋਨ ਸਾਧਣ ਵਾਲਾ ਮੁਨੀਸ਼ਰ ਹੋਵੇ, ਅਤੇ ਬਹੁ ਆਸਣਾਂ ਨੂੰ ਜਮਾ ਕੇ ਭਾਵੇਂ ਕੋਈ ਨਿਉਲੀ ਕਰਮ ਕਮਾਵਣਹਾਰਾ ਪਰਸਿਧ ਕਰਮੀਸ਼ਰ ਹੋਵੇ, ਅਤੇ ਜੈਨ ਮਾਰਗੀ ਸੰਜਮ ਸਾਧਣਹਾਰਾ ਭਾਵੇਂ ਕੋਈ ਕਿਤਨਾ ਵਡਾ ਸੰਜਮੀਸ਼ਰ ਹੋਵੇ ਅਤੇ ਭਾਵੇਂ ਕੋਈ ਨਿਮਖ ਨਿਮਖ ਕਰ ਕੇ (ਪੁਰਜ਼ਾ ਪੁਰਜ਼ਾ ਕਰ ਕੇ) ਸਰੀਰ ਕਟਾਉਣ ਵਾਲਾ ਹਠ ਹਠੀਸ਼ਰ ਹੋਵੇ, ਏਤਨੇ ਸਾਰੇ ਕਰਮ ਕਰਨਹਾਰਿਆਂ ਦੀ ਹਉਮੈ ਮੈਲ ਫੇਰ ਭੀ ਨਹੀਂ ਜਾਂਦੀ। ਤਾਂ ਤੇ ਨਾਮ ਦੀ ਸਮਸਰੀ (ਬਰਾਬਰੀ) ਤਸੂ ਮਾਤਰ ਭੀ ਏਹ ਉਪਰ ਦੱਸੇ ਸਾਰੇ ਕਰਮ ਨਹੀਂ ਰਖਦੇ। ਨਾ ਹੀ ਏਹਨਾਂ ਅਨੇਕਾਂ ਕਰਮਾਂ ਦੇ ਕੀਤਿਆਂ ਕਿਸੇ ਭੀ ਪ੍ਰਾਣੀ ਦੀ ਗਤਿ-ਕਲਿਆਣ ਹੁੰਦੀ ਹੈ। ਪ੍ਰੰਤੂ ਗੁਰੂ ਨਾਨਕ ਦੇ ਘਰ ਦਾ ਦਰਸਾਇਆ ਹੋਇਆ ਗੁਰਮਤਿ ਨਾਮੁ ਅਭਿਆਸ ਕਰਮੁ ਕੋਟਾਨ ਕੋਟ ਪ੍ਰਾਣੀਆਂ ਦੀ, ਹਰ ਇਕ ਪ੍ਰਾਣੀ ਮਾਤਰ ਦੀ ਗਤਿ-ਕਲਿਆਣ ਕਰਨ ਨੂੰ ਸਮਰੱਥ ਹੈ। ਗੁਰੂ ਬਾਬੇ ਨਾਨਕ, ਸੱਚੇ ਸਤਿਗੁਰੂ ਗੁਰੂ ਨਾਨਕ ਸਾਹਿਬ ਦੇ ਘਰ ਦੇ ਅਨੇਕਾਂ ਅਣਗਿਣਤ ਅਧਿਕਾਰੀ ਜਗਿਆਸੂ ਜਨ ਗੁਰਮਤਿ ਨਾਮ ਨੂੰ ਜਪ ਜਪ ਕੇ ਤਰ ਗਏ ਹਨ, ਭਵਜਲੋਂ ਪਾਰ ਪਰ ਗਏ ਹਨ। ਅਣਗਿਣਤ ਹੀ ਤੱਤਗਤੀ ਕਲਿਆਣ ਤਰਨੀ ਤਰ ਗਏ ਹਨ। ਅਣਗਿਣਤ ਹੀ ਅਗੇ ਨੂੰ ਤਰਦੇ ਰਹਿਣਗੇ ॥ ੨ ॥ ਆਨਮਤਿ ਕਰਮ ਕਰਨਹਾਰਿਆਂ ਦੀ ਭਾਵੇਂ ਤੀਰਥਾਂ ਉਤੇ ਦੇਹ ਛੁਟਣ ਦੀ ਮਨੋ ਕਾਮਨਾ ਭੀ ਪੂਰੀ ਹੋ ਜਾਵੇ ਤਾਂ ਭੀ ਓਹਨਾਂ ਦੇ ਮਨ ਦਾ ਗਰਬ ਗੁਮਾਨ ਨਹੀਂ ਹੁੱਟਦਾ ਹੁੱਸਦਾ। ਸਗੋਂ ਏਸੇ ਗਰਬ ਗੁਮਾਨ ਦੇ ਬੱਧੇ ਹੋਏ ਅਗੇ ਨੂੰ ਅਨਿਕ ਜੋਨੀਆਂ ਵਿਚਿ ਭ੍ਰਮਿ ਭ੍ਰਮਿ ਚੋਟਾਂ ਖਾਂਦੇ ਹਨ। ਆਨਮਤੀ ਕਰਮ-ਕਾਂਡੀ ਪੁਰਸ਼ ਝੂਠੀਆਂ ਗਰਬ ਗਰੂਠੀਆਂ ਸੁੱਚਮਤਾਈਆਂ ਭਾਵੇਂ ਕਿਤਨੀਆਂ ਹੀ ਕਰੇ, ਦਿਨੇ ਰਾਤਿ ਕਰਦਾ ਹੀ ਰਹੇ, ਪਰ ਮਨ ਦੀ ਗਰਬ ਗੁਮਾਨ ਮੈਲ ਜੋ ਓਹਨਾਂ ਦੇ ਸੂਖਮ ਸਰੀਰ ਨੂੰ ਲੱਗੀ ਹੋਈ ਹੈ, ਉਹ ਜਾਂਦੀ ਨਹੀਂ। ਤਨ ਨਾਲਿ ਹੀ ਚਿੰਮੜੀ ਰਹਿੰਦੀ ਹੈ। ਇਸ ਦੇਹੀ ਨੂੰ ਸਾਧਣ ਦੀਆਂ ਭਾਵੇਂ ਕਿੰਨੀਆਂ ਬਾਹਰਲੀਆਂ ਹਠ-ਕਰਮਾਵੀ ਸਾਧਨਾਵਾਂ ਕੋਈ ਕਰੇ ਅਤੇ ਦਿਨ ਰਾਤ ਕਰਦਾ ਹੀ ਰਹੇ, ਉਸ ਦੇ ਮਨ ਤੋਂ ਬਿਖਿਆਵੀ ਬਲਾ ਕਦੇ

ਨਹੀਂ ਟਲਦੀ। "ਵਰਮੀ ਮਾਰੀ ਸਾਪੁ ਨ ਮਰਈ"[1], "ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ"[2] ਜਿਵੇਂ ਖੁੱਡ ਵਰਮੀ ਨੂੰ ਕੁੱਟਿਆਂ ਵਿਚਲਾ ਸਰਪ ਨਹੀਂ ਮਰਦਾ ਤਿਵੇਂ ਬਾਹਰਲੇ ਭੇਖ ਦੇ ਹਠ ਕਰਮਾਂ ਦੁਆਰਾ ਦੇਹੀ ਨੂੰ ਕਸ਼ਟ ਦਿਤਿਆਂ ਮਨ ਨਹੀਂ ਮਰਦਾ। ਨਾ ਹੀ ਰੱਬ ਮਿਲਦਾ ਹੈ। ਇਕੁਰ ਦੇ ਮਨ-ਆਏ ਹਠ-ਕਰਮ ਨਿਗੁਰੇ ਪੁਰਸ਼ ਕਮਾਉਂਦੇ ਹਨ। ਮਨ ਵਿਚਿ ਤਾਂ ਅਨੀਤੀ ਬਦਨੀਤੀ ਵਾਲੀ ਕਪਟ ਕੁਟਲਤਾ ਭਰੀ ਹੋਈ ਹੋਵੇ ਅਤੇ ਦਿਖਾਵੇ ਮਾਤਰ ਦੇਹੀ ਨੂੰ ਜਲ ਨਾਲ ਧੋਵੇ ਤੇ ਲੋਕਾਂ ਨੂੰ ਨਹਾ ਨਹਾ ਕੇ ਦਿਖਾਵੇ, ਇਉਂ ਨਿਰੇ ਕਪਟ ਜਲ ਨਾਲ ਧੋਤਿਆਂ ਇਹ ਦੇਹੀ ਰੂਪੀ ਕਚੀ ਕੰਧ ਕਦੋਂ ਸੁਧ ਹੁੰਦੀ ਹੈ? ਅਰਥਾਤ, ਕਦੰਤ ਭੀ ਸੁਧ ਨਹੀਂ ਹੁੰਦੀ। ਏਹਨਾਂ ਕਪੋਲ ਕਲਪਤ ਕਰਮਾਂ ਦੇ ਮੁਕਾਬਲੇ ਵਿਚਿ ਵਾਹਿਗੁਰੂ ਦੇ ਨਾਮ ਦੀ ਮਹਿਮਾ ਬੜੀ ਹੀ ਉੱਚੀ ਹੈ। ਗੁਰੂ ਨਾਨਕ ਦੇ ਘਰ ਦੀ ਬਖ਼ਸ਼ਸ਼ ਵਾਲੇ ਗੁਰਮਤਿ ਨਾਮ ਦੀ ਜਪਣ ਜਪ ਕਰਮ ਕਮਾਈ ਕਰ ਕੇ ਬੜੇ ਬੜੇ ਪਾਪੀ ਪਤਿਤ ਪੁਰਸ਼ ਬੇਅੰਤ ਹੀ ਤਰ ਉਧਰ ਗਏ ਹਨ। ਬੇਅੰਤ ਹੀ ਬੜੇ ਬੜੇ ਪਤਿਤਾਂ ਪਾਪੀਆਂ ਦਾ ਉਧਾਰ ਹੋ ਗਿਆ ਹੈ। ਪ੍ਰੰਤੂ ਅਨੇਕਾਂ ਉਪਰ ਕਥੇ ਸਾਰੇ ਦੇ ਸਾਰੇ ਆਨਮਤਿ ਕਰਮਾਂ ਦੇ ਕੀਤਿਆਂ ਅਜ ਤਾਈਂ ਕਿਸੇ ਭੀ ਪਤਿਤ ਅਤੇ ਪਾਪੀ ਪੁਰਸ਼ ਦਾ ਉਧਾਰ ਨਹੀਂ ਹੋਇਆ, ਨਾ ਹੋਵੇਗਾ ॥ ੩ ॥ ਬਹੁਤੇ ਸਿਆਣਪਾਂ ਵਾਲੇ ਕਰਮਾਂ ਦੇ ਕੀਤਿਆਂ ਸਗੋਂ ਜਮ ਦਾ ਭਉ ਵਿਆਪ ਜਾਂਦਾ ਹੈ, ਕਿਉਂਕਿ ਚਤੁਰਾਈ ਸਿਆਣਪ ਨਾਲਿ ਨੇਕਨੀਯਤੀ ਨਸ਼ਟ ਹੋ ਜਾਂਦੀ ਹੈ, ਸ਼ੁਧਿ ਮਤਿ ਨੇਸਤੋ ਨਾਬੂਦ ਹੋ ਜਾਂਦੀ ਹੈ। ਆਨਮਤਿ ਕਰਮਾਂ ਸੰਦੇ ਭਾਵੇਂ ਕੋਈ ਕ੍ਰੋੜਾਂ ਜਤਨ ਕਰੇ, ਪ੍ਰੰਤੂ ਤ੍ਰਿਸ਼ਨਾਲੂ ਪੁਰਸ਼ ਦੀ ਤ੍ਰਿਸ਼ਨਾ ਨਹੀਂ ਮਿਟਦੀ। ਤ੍ਰਿਸ਼ਨਾਲੂ ਪੁਰਸ਼ ਨੂੰ ਕਦੇ ਰੱਜ ਨਹੀਂ ਆਉਂਦਾ। ਉਸ ਦਾ ਤ੍ਰਿਸ਼ਨਾਂ ਦੀ ਭੁੱਖ ਵਾਲਾ ਮਨੂਆ ਕਦੇ ਧ੍ਰਾਪਦਾ (ਰਜਦਾ) ਹੀ ਨਹੀਂ। ਜਿਉਂ ਜਿਉਂ ਉਹ ਤ੍ਰਿਸ਼ਨਾਵੀ ਭੁੱਖ ਨੂੰ ਧ੍ਰਾਪਣ ਦਾ ਯਤਨ ਕਰਦਾ ਹੈ ਤਿਉਂ ਤਿਉਂ ਉਸ ਦੀ ਤ੍ਰਿਸ਼ਨਾ ਹੋਰ ਵਧੇਰੇ ਵਧਦੀ ਜਾਂਦੀ ਹੈ। ਅਨੇਕਾਂ ਆਨਮਤਿ ਭੇਖਾਂ ਦੇ ਕੀਤਿਆਂ ਅਤੇ ਭੇਖੀ ਕਰਮਾਂ ਦੇ ਕਮਾਇਆਂ ਹਿਰਦੇ ਦੀ ਤ੍ਰਿਸ਼ਨਾ ਅਤੇ ਦੁਬਿਧਾ ਮਈ ਅਗਨੀ ਨਹੀਂ ਬੁਝਦੀ ਅਤੇ ਆਨਮਤਿ ਕਰਮਾਂ ਸੰਦੇ ਅਨੇਕਾਂ ਉਪਾਵਾਂ ਦੇ ਕਰਮ ਕਰਿ ਭੀ ਉਸ ਦੀ ਸੱਚੀ ਦਰਗਾਹ ਅੰਦਰਿ ਪੂਰੀ ਨਹੀਂ ਪੈਂਦੀ। ਉਹ ਪੂਰਾ ਨਹੀਂ ਉਤਰਦਾ। ਏਹਨਾਂ ਆਨਮਤਿ ਕਰਮੀ ਉਪਾਵਾਂ ਦੁਆਰਾ ਉਸ ਦੀ ਅਗੇ ਹਰਿ ਦਰਗਾਹੇ ਜਾ ਕੇ ਸੁਰਖ਼ਰੂਈ ਨਹੀਂ ਹੁੰਦੀ। ਉਪਰ ਨੂੰ ਬਾਹਾਂ ਕਰ ਖੜੋਤੇ ਰਹਿਣ ਅਤੇ ਬ੍ਰਿਛਾਂ ਤੇ ਚੜ੍ਹ ਕੇ ਟੰਗਾਂ ਨੂੰ ਟੰਗ ਕੇ ਹੇਠਾਂ ਨੂੰ ਲਮਕਣ ਵਾਲੇ ਊਭ ਪਇਆਲੀ ਕਰਮਾਂ ਦੇ ਕਰਨ ਕਰਿ ਕੋਈ ਨਹੀਂ ਛੁਟਦਾ (ਚੁਰਾਸੀ ਦੇ ਗੇੜ ਚੋਂ), ਕਿਸੇ ਦਾ ਭੀ ਛੁਟਕਾਰਾ ਨਹੀਂ ਹੁੰਦਾ, ਨਾ ਹੋਵੇਗਾ। ਉਸ ਪਖੰਡੀ ਦੇ ਊਭ ਪਇਆਲੀ (ਪੁਠੇ ਸਿਧੇ ਹੋਣ ਵਾਲੇ) ਕਰਮ ਕੀ ਕਰਨਗੇ ਜਦੋਂ ਉਸ ਦਾ ਹਿਰਦਾ ਤਾਂ ਮਾਇਆਵੀ ਅਤੇ ਮੋਹ-ਮਮਤਾਵੀ ਕੁਟੰਬ ਦੇ ਜਾਲ ਨਾਲਿ ਜਕੜਿਆ ਪਿਆ ਹੈ। ਹੋਰ ਸਾਰੀ ਕਰਮ ਕਰਤੂਤ ਨੂੰ ਅਤੇ ਆਨ ਸਗਲੇ ਕਰਮ-ਕਰਤੂਤੀਆਂ ਨੂੰ ਜਮੁ ਡੰਨ ਲਾਉਂਦਾ ਹੈ, ਸਜ਼ਾ ਦਿੰਦਾ ਹੈ। ਇਕ ਗੋਬਿੰਦ ਭਜਨ ਨੂੰ ਅਤੇ ਗੋਬਿੰਦ ਦੇ ਭਜਨ ਕਰਨ ਵਾਲਿਆਂ ਨੂੰ ਸਜ਼ਾ ਨਹੀਂ ਦਿੰਦਾ, ਦੇ ਹੀ ਨਹੀਂ ਸਕਦਾ। ਭਜਨ ਕਰਮੁ ਹੀ ਸਿਫ਼ਾਰਸ਼ ਰੂਪ ਹੈ। ਹੋਰ ਕਰਮ ਕਰਨਹਾਰਿਆਂ ਦੇ ਕਰਮਾਂ ਦੀ ਸਿਫ਼ਾਰਸ਼ (ਸ਼ਾਹਦੀ) ਉਹ (ਜਮ) ਮੰਨਦਾ ਹੀ ਨਹੀਂ। ਗੋਬਿੰਦ ਭਜਨ ਬਿਨ ਤਿਲ ਮਾਤਰ ਭੀ ਕੋਈ ਸਿਫ਼ਾਰਸ਼ ਉਸ ਨੂੰ

---

[1] ਆਸਾ ਮਃ ੫, ॥ ੧॥ ਰਹਾਉ॥ ਪੰਨਾ ੩੮੧

[2] ਵਡਹੰਸ ਕੀ ਵਾਰ, ਮਃ ੩, ਪੰਨਾ ੫੮੮

ਮਨਜ਼ੂਰ ਨਹੀਂ, ਤਿਲ ਮਾਤਰ ਭੀ ਮਨਜ਼ੂਰ ਨਹੀਂ। ਵਾਹਿਗੁਰੂ ਦਾ ਨਾਮ ਜਪਣ ਕਰਕੇ ਸਗਲਾ ਦੁਖ ਜਮ ਦਾ ਤੇ ਜੰਮਣ ਮਰਨ ਦਾ ਦੂਰ ਕਾਫ਼ੂਰ ਹੋ ਜਾਂਦਾ ਹੈ। ਗੁਰੂ ਨਾਨਕ ਦੇ ਘਰ ਦੀ ਦਿੱਤੀ ਹੋਈ ਸਹਿਜ-ਸੁਖੈਨੀ ਗੁਰਮਤਿ ਜੁਗਤੀ ਦੁਆਰਾ ਨਾਮੁ ਸੁਭਾਖਿਆ ਅਭਿਆਖਿਆ ਹੋਇਆ ਬੋਲਿਆ ਹੋਇਆ ਸਦਾ ਕਾਰਗਰ ਅਤੇ ਸਫਲਾ ਹੁੰਦਾ ਹੈ, ਕਦੇ ਆਹਲਾ ਨਹੀਂ ਜਾਂਦਾ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧਸੰਗਿ ਦੁਰਮਤਿ ਮਲੁ ਹਿਰਿਆ
॥ ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥
ਸਗਲ ਥਾਨ ਤੇ ਓਹ ਊਤਮ ਥਾਨੁ ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥ ੮ ॥ ੩ ॥

(ਗਉੜੀ ਸੁਖਮਨੀ ਮ. ੫, ਪੰਨਾ ੨੬੬)

ਵਿਆਖਿਆ— ਸਾਰੇ ਧਰਮਾਂ ਵਿਚੋਂ ਸ੍ਰੇਸ਼ਟ ਧਰਮੁ ਅਤੇ ਸਾਰੇ ਕਰਮਾਂ ਵਿਚੋਂ ਸਰਬੋਤਮ ਕਰਮੁ ਵਾਹਿਗੁਰੂ ਦਾ ਨਾਮੁ ਜਪਣਾ ਹੀ ਹੈ। ਸਾਰੀਆਂ ਕਿਰਿਆਵਾਂ ਵਿਚੋਂ ਊਤਮ ਕਿਰਿਆ ਇਹ ਹੈ ਕਿ ਗੁਰੂ ਘਰ ਦੀ ਸਾਧ ਸੰਗਤਿ ਵਿਖੇ ਜੁੜ ਕੇ ਅਤੇ ਗੁਰੂ ਨਾਨਕ ਦੇ ਘਰ ਦੇ ਗੁਰਮੁਖਿ ਜਨਾਂ ਦੀ ਸੰਗਤਿ ਤੋਂ ਨਾਮ ਦ੍ਰਿੜ੍ਹਾ ਕੇ ਉਸ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਜੋ ਦੁਰਮਤਿ ਮੈਲ ਦੂਰ ਹੁੰਦੀ ਹੈ, ਇਹੀ ਦੁਰਮਤਿ ਮੈਲ ਦੂਰ ਕਰਨਹਾਰੀ ਗੁਰਮਤਿ ਨਾਮ ਦੀ ਅਭਿਆਸ ਕਮਾਈ ਸਾਰੀਆਂ ਆਮ ਕਿਰਿਆਵਾਂ ਵਿਚੋਂ ਸਰਬੋਤਮੀ ਕਿਰਿਆ ਹੈ ਅਤੇ ਸਾਰਿਆਂ ਉਦਮਾਂ ਵਿਚੋਂ ਇਹ ਉੱਦਮ ਸਭ ਤੋਂ ਭਲਾ ਹੈ, ਜਿਸ ਉਦਮ ਦੁਆਰਾ ਵਾਹਿਗੁਰੂ ਦਾ ਨਾਮ ਸਦਾ ਇਕ-ਰਸ ਉਚਾਰਨ ਕੀਤਾ ਜਾਵੇ। ਹੇ ਜੀਅਰੇ! ਸਾਰੀਆਂ ਬਾਣੀਆਂ ਵਿਚੋਂ ਅੰਮ੍ਰਿਤ ਬਾਣੀ ਕੇਵਲ ਗੁਰਬਾਣੀ ਹੈ। ਹੋਰ ਬੇਦ-ਬਾਣੀਆਂ ਆਦਿ ਕੱਚੀਆਂ ਬਾਣੀਆਂ ਹਰਗਿਜ਼ ਅੰਮ੍ਰਿਤ-ਬਾਣੀਆਂ ਨਹੀਂ। ਕਿਉਂਕਿ ਅੰਮ੍ਰਿਤ ਬਾਣੀ ਉਹ ਹੈ ਜਿਸ ਦੇ ਸ੍ਰਵਣ ਕਰਕੇ ਸੁਣਿਆਂ ਅਤੇ ਰਸਨਾ ਕਰਕੇ ਵਖਾਣਿਆਂ ਸੁਣਨ ਵਖਾਨਣਹਾਰੇ ਪ੍ਰੇਮੀ ਜਨ ਦੇ ਮਨ ਅੰਦਰਿ ਅੰਮ੍ਰਿਤ ਮਈ ਪਾਰਸ-ਕਲਾ ਵਰਤ ਜਾਵੇ। ਅਜਿਹੀ ਅੰਮ੍ਰਿਤ ਪਾਰਸ-ਕਲਾਵੀ ਬਾਣੀ, ਇਕੋ ਬਾਣੀ, ਧੁਰੋਂ ਆਈ ਇਕੋ ਬਾਣੀ ਗੁਰਬਾਣੀ ਹੀ ਹੈ। ਜਿਸ ਗੁਰਬਾਣੀ ਰੂਪੀ ਹਰੀ ਜਸ (ਸਿਫਤਿ ਸਲਾਹ) ਨੂੰ ਸੁਣਿਆਂ ਵਖਾਣਿਆਂ ਸੁਣਨ ਵਖਾਨਣਹਾਰਿਆਂ ਦੇ ਕੰਨਾਂ ਅਤੇ ਰਸਨਾ ਅੰਦਰਿ ਪਾਰਸ-ਰਸਾਇਣੀ ਅੰਮ੍ਰਿਤ-ਕਲਾ ਵਰਤ ਜਾਂਦੀ ਹੈ। ਅਤੇ ਸਗਲਿਆਂ ਅਸਥਾਨਾਂ ਨਾਲੋਂ ਉਤਮ ਸਰਬੋਤਮ ਥਾਉਂ ਉਹ ਹੈ ਜਿਸ ਅੰਦਰਿ ਵਾਹਿਗੁਰੂ ਦਾ ਅੰਮ੍ਰਿਤ-ਰਸਾਇਣੀ ਪਾਰਸ-ਨਾਮੁ ਵਸਦਾ ਰਸਦਾ ਹੈ। ਇਹ ਉਤਮ ਸਰਬੋਤਮ ਅਸਥਾਨ ਹੈ ਅਭਿਆਸੀ ਜਨਾਂ ਦਾ ਘਟ ਹਿਰਦਾ। ਐਸਾ ਸਰਬੋਤਮੀ ਘਟ ਹਿਰਦਾ ਗੁਰੂ ਨਾਨਕ ਦੀ ਅੰਮ੍ਰਿਤ ਰਸਾਇਣੀ ਬਖ਼ਸ਼ਿਸ਼ ਨਾਲ ਵਰੋਸਾਇਆ ਹੋਇਆ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਵਰੋਸਾਏ ਹੋਏ ਗੁਰਮੁਖਾਂ ਪਿਆਰਿਆਂ ਦਾ ਹੀ ਘਟ ਹਿਰਦਾ ਹੈ। ਹੋਰ ਕੋਈ ਕਿਸੇ ਦਾ ਹਿਰਦਾ ਐਸਾ ਨਹੀਂ।

ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥ ਬਿਦਿਆ
ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥ ਚਾਰਿ ਪਦਾਰਥ
ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥ ਸੁੰਦਰੁ ਚਤੁਰੁ ਤਤ ਕਾ ਬੇਤਾ
॥ ਸਮਦਰਸੀ ਏਕ ਦ੍ਰਿਸਟੇਤਾ ॥ ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ

**ਨਾਨਕ ਨਾਮ ਬਚਨ ਮਨਿ ਸੁਨੇ ॥ ੬ ॥**

**(ਗਉੜੀ ਸੁਖਮਨੀ ਮਃ ੫, ਪੰਨਾ ੨੯੫-੯੬)**

ਵਿਆਖਿਆ— ਗੁਰਮਤਿ ਨਾਮ ਸਰਬੋਤਮ ਕਰਮ ਦੇ ਪਿਛੇ ਸਮੂਚੇ ਹੀ ਉਚੇ ਉਚੇ ਕਰਮ ਫਲ ਸੁਤੇ ਸਿਧ ਹੀ ਲਗੇ ਫਿਰਦੇ ਹਨ, ਚਾਹੇ ਗੁਰਮਤਿ ਨਾਮੁ ਅਭਿਆਸੀ ਤਿਨ੍ਹਾਂ ਫਲਾਂ ਦੀ ਬਾਂਛਾ ਕਰੇ ਯਾ ਨ ਕਰੇ।

੧ ਸਦ ਖ਼ੁਸ਼ੀਆਂ ਵਾਲੀ ਸਚੁ ਸੁਖ-ਪਾਇਕ ਕਲਿਆਣ ਮਈ ਸੁਪ੍ਰਸੰਨਤਾ (ਖੇਮ)।

੨ ਜੋਤਿ ਰਸ ਖਿੜਾਉ ਭਿੰਨੀ ਸੱਚੀ ਸ਼ਾਂਤੀ (ਸਾਂਤਿ)।

੩ ਧਨ ਸੰਪਦਾ ਐਸ੍ਵਰਜ ਦੀ ਸੁਤੇ-ਪ੍ਰਾਪਤਨੀ ਪਾਰਜਾਤ ਕਲਾ (ਰਿਧਿ)।

੪ ਨਿਧੀਆਂ ਦੇ ਨਵੇਂ ਖ਼ਜ਼ਾਨੇ (ਪਦਮ, ਮਹਾਂ ਪਦਮ, ਸੰਖ, ਮਕਰ, ਕਛਪ, ਕੁੰਦ, ਨੀਲ, ਮੁਕੰਦ ਅਤੇ ਖਰਬ) ਨਉ ਨਿਧਿ, ਨੌਂ ਹੀ ਨਿੱਧੀਆਂ (ਨਵ ਨਿਧਿ)।

੫ ਬ੍ਰਹਮ ਬੋਧ ਵਾਲੀ ਅਕਲ ਲਤੀਫ਼ੀ ਬੁਧੀ (ਬੁਧਿ)।

੬ ਤ੍ਰੈਕਾਲ-ਦਰਸਤਾ ਵਾਲੀ ਅੰਤਰਯਾਮਤਾ ਵਾਲਾ ਆਤਮੇ ਚਾਨਣੇ ਦਾ ਗਿਆਨ (ਗਿਆਨੁ)।

੭ ਸਾਰੀਆਂ ਹੀ ਕਰਾਮਾਤ-ਸ਼ਕਤੀਆਂ, ਸਰਬੱਤ ਸਿੱਧੀਆਂ, ਸਰਬੱਤ ਹੀ ਸਿਧੀਆਂ (ਸਰਬ ਤਹ ਸਿਧਿ)।

੮ ਆਤਮ ਬੋਧਨੀ ਪ੍ਰਮਾਰਥੀ ਇਲਮ ਇਲਾਹੀ ਵਾਲੀ ਸੱਚੀ ਬਿਦਿਆ (ਬਿਦਿਆ)।

੯ ਪਰਮਾਤਮੀ ਮਹਾਤਮ ਦੀ ਰਿਆਜ਼ਤ ਸੱਚਾ ਆਤਮ ਪ੍ਰਤਾਪੀ ਤਪੁ (ਤਪੁ)।

੧੦ ਪਰਮਾਤਮਾ ਨਾਲਿ ਜੁੜਨ ਵਾਲਾ ਸਹਜ ਜੋਗੁ (ਜੋਗੁ)।

੧੧ ਵਾਹਿਗੁਰੂ ਦੇ ਦਰਸ਼ਨ ਸਰੂਪ ਵਿਚਿ ਸੁਰਤੀ ਬਿਰਤੀ ਦਾ ਸੱਚਾ ਅਤੇ ਸੁਤੇ ਸਹਜ ਟਿਕਾਉ ਧਿਆਨੁ (ਪ੍ਰਭ ਧਿਆਨੁ)।

੧੨ ਪਰਮਾਤਮ ਸਰੂਪ ਦਾ ਪਰਤੱਖ ਅਤੇ ਪ੍ਰਚੰਡ ਤੱਤ ਗਿਆਨ (ਗਿਆਨੁ ਸ੍ਰੇਸਟ)।

੧੩ ਸਰਬੱਤਰ ਅਤੇ ਸਨਮੁਖ ਭਰਪੂਰ ਲੀਣੇ ਪਰਮਾਤਮ ਰਸ ਦਿਬ ਜੋਤਿ ਲਤੀਫ਼ਤਾ ਦੀਆਂ ਲਹਿਰਾਂ ਮਾਰ ਰਹੇ ਸੁਧਾ ਸਰੋਵਰ ਵਿਚਿ ਸਦ ਨਵ ਨਿਰੰਜਨੀ ਉਦਕ ਉਦਕੀਨੀਆਂ ਅਮਿਉ ਮੱਜਨੀ ਇਸ਼ਨਾਨ (ਊਤਮ ਇਸਨਾਨੁ)।

੧੪ ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥਾਂ ਦੀ ਸੁਤੇ ਸਿਧਿ ਪ੍ਰਾਪਤੀ (ਚਾਰਿ ਪਦਾਰਥ)।

੧੫ ਹਿਰਦੇ ਅੰਦਰਲੇ ਨਾਭ ਕੰਵਲ ਦਾ ਜੋਤਿ ਸ਼ਗੁਫ਼ਤਨੀ ਸਹਜ ਪ੍ਰਕਾਸ਼ (ਕਮਲ ਪ੍ਰਗਾਸ)

੧੬ ਗ੍ਰਿਹਸਤ ਵਿਚਿ ਰਹਿ ਕੇ ਫੇਰ ਜਲ-ਕੰਵਲ ਵਤ ਨਿਰਲੇਪ ਰਹਿਣ ਵਾਲੀ ਅਲੌਕਿਕਤਾ (ਸਭ ਕੈ ਮਧਿ ਸਗਲ ਤੇ ਉਦਾਸ)।

੧੭ ਆਤਮ ਜਲਵਨੀ ਮੁਖਿ ਮਸਤਕ ਝਲਕਨੀ ਜਲਾਲ ਆਭਾ ਆਭੰਨੀ ਸੁੰਦਰਜਤਾ ਵਾਲਾ

ਸੁੰਦਰ ਸਰੂਪਾ ਹੋਣਾ (ਸੁੰਦਰੁ)।

੧੮ ਸੁੰਦਰ ਸੋਭਾ ਤੇ ਰਸ ਦਰਸ਼ਨੀ ਸੁਆਦ ਨੂੰ ਅੰਦਰੇ ਅੰਦਰਿ ਜਰਨ ਵਾਲੀ ਅਜਰਤਾ ਦਾ ਚਤੁਰ ਸਿਆਣਾ ਹੋਣਾ (ਚਤੁਰੁ)।

੧੯ ਗੂੜ੍ਹ ਤੋਂ ਗੂੜ੍ਹ ਗੁਰਮਤਿ ਰਮਜ਼ਾਂ ਦਾ ਤੱਤ ਗਿਆਤਾ (ਤਤ ਬੇਤਾ) ਹੋਣਾ,

੨੦ ਸਾਰਿਆਂ ਨੂੰ ਦਿੱਬ ਦ੍ਰਿਸ਼ਟੀ ਨਾਲਿ ਸਮਾਨ ਦੇਖਣ ਵਾਲਾ (ਸਮਦਰਸੀ ਏਕ ਦ੍ਰਿਸਟੇਤਾ) ਹੋਣਾ।

ਇਹ ਸਾਰੇ ਉਪਰ ਵਰਣਨ ਕੀਤੇ ਬੀਸ ਸੁਫਲ ਫਲ ਉਸ ਜਨ ਨੂੰ ਸੁਤੇ ਸਹਜ ਹੀ ਪ੍ਰਾਪਤਿ ਹੋ ਜਾਂਦੇ ਹਨ ਜੋ ਗੁਰੂ ਕੇ ਨਾਮ ਰੂਪੀ ਅੰਮ੍ਰਿਤ ਬਚਨ ਮਨ ਕਰਕੇ ਸੁਣਦਾ ਹੈ ਅਤੇ ਮੂੰਹੋਂ ਉਚਾਰਦਾ ਹੈ। ਐਸੀ ਹੈ ਗੁਰਮਤਿ ਨਾਮ ਦੀ ਸਰਬੋਤਮਤਾ।

**ਇਹੁ ਨਿਧਾਨੁ ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ ॥ ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥ ਸਗਲ ਮਤਾਂਤ ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥**

(ਗਉੜੀ ਸੁਖਮਨੀ ਮ: ੫, ਪੰਨਾ ੨੯੬)

ਵਿਆਖਿਆ— ਇਸ ਨਿਧਾਨੁ ਰੂਪੁ ਨਾਮ ਨੂੰ ਜਾਂ ਨਾਮ ਰੂਪੀ ਨਿਧਾਨੁ ਨੂੰ ਜੋ ਜਨ ਜਪਦਾ ਹੈ, ਸਾਰੇ ਜੁਗਾਂ ਵਿਚਿ ਕੇਵਲ ਉਸੇ ਦੀ ਹੀ ਗਤਿ-ਕਲਿਆਣ ਹੁੰਦੀ ਹੈ। ਸਾਰੇ ਜੁਗਾਂ ਅੰਦਰਿ ਜਿਤਨੇ ਭੀ ਹੋਰ ਕਰਮ ਕਮਾਵਣਹਾਰੇ ਹਨ, ਤਿਨ੍ਹਾਂ ਦੀ ਗਤਿ ਨਹੀਂ ਹੁੰਦੀ। ਕੇਵਲ ਨਾਮ-ਜਾਪ ਕਮਾਈ ਕਰਨ ਵਾਲੇ ਦੀ ਹੀ ਹੁੰਦੀ ਹੈ ਹੋਰਨਾਂ ਜੁਗਾਂ ਅੰਦਰਿ ਨਾਮ ਤੋਂ ਬਿਨਾਂ ਹੋਰ ਆਨਮਤਿ ਕਰਮ ਕਰਨਹਾਰੇ ਅਬਿਗਤ ਹੀ ਜਾਣਗੇ। ਓਹਨਾਂ ਦੀ ਫੇਰ ਤਦੋਂ ਹੀ ਗਤਿ ਹੋਵੇਗੀ ਜਦੋਂ ਓਹ ਸਤਿਗੁਰੂ ਸ਼ਰਨੀ ਆਇ ਕੈ ਗੁਰਮਤਿ ਨਾਮ ਜਪਣਗੇ। ਸਦਗਤਿ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰਨ ਕਰਿ ਹੀ ਹੈ। ਗੁਣ ਗੋਬਿੰਦ ਗਾਵਣੇ ਅਤੇ ਨਾਮ ਧੁਨਿ ਬਾਣੀ ਦਾ ਉਚਾਰਨ ਕਰਨਾ ਇਹੀ ਸਿਮ੍ਰਿਤਿ ਸ਼ਾਸਤ੍ਰ ਬੇਦ ਵਖਾਨਣਾ ਹੈ। ਗੁਰਸਿੱਖਾਂ ਲਈ ਗੁਣ ਗੋਬਿੰਦ ਨਾਮ ਧੁਨਿ ਬਾਣੀ ਦੇ ਉਚਾਰਨ ਬਾਝੋਂ ਹੋਰ ਕੋਈ ਸਿਮ੍ਰਿਤਿ ਸ਼ਾਸਤ੍ਰ ਬੇਦ ਬਖਾਨਣਾ ਨਹੀਂ। "**ਗੁਣ ਗੋਬਿੰਦ ਨਾਮ ਧੁਨਿ ਬਾਣੀ**" ਉਚਾਰਨੇ ਗੁਰਸਿੱਖਾਂ ਨੂੰ ਸਿਮ੍ਰਿਤਿ ਸ਼ਾਸਤ੍ਰ ਬੇਦ ਬਖਾਨਣ ਦੀ ਲੋੜ ਨਹੀਂ। ਗੁਣ ਗੋਬਿੰਦ ਨਾਮ ਧੁਨਿ ਬਾਣੀ ਉਚਾਰਨ ਤੋਂ ਵਧ ਹੋਰ ਕਿਸੇ ਸਿਮ੍ਰਿਤਿ ਸ਼ਾਸਤ੍ਰ ਬੇਦ ਦਾ ਬਖਾਨਣਾ ਨਹੀਂ। ਸਾਰੇ ਮਤ ਮਤਾਂਤ ਘੋਖੇ ਅਤੇ ਕਮਾਏ ਨਾਮ ਅਭਿਆਸ ਕਮਾਈ ਦੇ ਲਵੇ ਨਹੀਂ ਲਗਦੇ, ਨਾਮ ਦੇ ਤੁਲਿ ਨਹੀਂ ਤੁਲਦੇ, ਨਾਮ ਅਭਿਆਸ ਕਮਾਈ ਨੂੰ ਨਹੀਂ ਪੁਜਦੇ। ਗੁਰਸਿੱਖਾਂ ਲਈ ਕੇਵਲ ਗੁਰਮਤਿ ਨਾਮ ਮਤਾਂਤਾਂ ਸਿਰਿ ਮਤਾਂਤ ਹੈ। ਗੋਬਿੰਦ ਭਗਤ ਦੇ ਮਨ ਬਿਸ੍ਰਾਮ ਰਖਣ ਵਾਲੇ ਗੁਰਮਤਿ ਨਾਮ ਦੇ ਸਦਰਿਸ਼ ਸਗਲ ਮਤਾਂਤ ਦੇ ਦੱਸੇ ਵਖਿਆਨੇ ਕਰਮ ਨਹੀਂ। ਸਗਲ ਮਤਾਂਤੀ ਸਮੂਹ ਕਰਮ, ਗੁਰਮਤਿ ਨਾਮ-ਜਾਪ ਕਰਮ ਦੀ ਸਦਰਿਸ਼ਤਾ ਨਹੀਂ ਰਖਦੇ। ਤਾਂ ਤੇ ਤਿਨ੍ਹਾਂ ਦੇ ਕਰਨ ਦੀ ਲੋੜ ਨਹੀਂ। ਗੁਰਸਿੱਖਾਂ ਨੂੰ ਕੇਵਲ ਇਕੋ ਨਾਮ ਅਭਿਆਸ ਕਰਮ ਦੀ ਲੋੜ ਹੈ। "**ਨਾਨਕ ਹਰਿ ਕੀਰਤਨੁ ਕਰਿ ਅਟਲੁ ਏਹੁ ਧਰਮ ॥**"[1] ਭਾਵ ਸਾਰੇ ਧਰਮਾਂ ਸਿਰਿ ਅਟੱਲ ਧਰਮ ਅਤੇ ਸਾਰੇ ਧਰਮਾਂ ਦੇ

---

[1] ਥਿਤੀ ਗਉੜੀ ਮ: ੫, ਪੰਨਾ ੨੯੯

ਕਰਮਾਂ ਸਿਰਿ ਅਟੱਲ ਕਰਮੁ ਸਿਫਤਿ ਸਾਲਾਹ ਹਰਿ ਕੀਰਤਨ ਰੂਪੀ ਸਚੜਾ ਕਰਮੁ ਅਤੇ ਸਚੜਾ ਧਰਮੁ ਹੈ, ਜੋ ਕੇਵਲ ਗੁਰੂ ਨਾਨਕ ਸਾਹਿਬ ਦੇ ਪ੍ਰਚੁਰੇ ਅਟੱਲ ਮਤਿ ਗੁਰਮਤਿ ਨੇ ਪ੍ਰਤਿਪਾਦਨ ਕੀਤਾ ਹੈ। ਹੋਰ ਕਿਸੇ ਨੇ ਨਹੀਂ ਕੀਤਾ।

ਗਉੜੀ ਬੈਰਾਗਣਿ ੴ ਸਤਿਗੁਰ ਪ੍ਰਸਾਦਿ ॥
ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ ੧ ॥ ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥ ਜਾ ਤੇ ਆਵਾ ਗਵਨੁ ਬਿਲਾਇ ॥ ੧ ॥ ਰਹਾਉ ॥ ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥ ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥ ੨ ॥ ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥ ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥ ੩ ॥ ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥ ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥ ੪ ॥ ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥ ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥ ੫ ॥ ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥ ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥ ੬ ॥ ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥ ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥ ੭ ॥ ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥ ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥ ੮ ॥ ੧ ॥

(ਪੰਨਾ ੩੪੬)

ਵਿਆਖਿਆ— ਸਤਿਜੁਗ ਅੰਦਰਿ ਸਤੁ, ਅਰਥਾਤ, ਸਚੁ ਬੋਲਣ, ਸਤਿਵਾਦੀ ਕਰਮ ਕਰਨੇ ਹੀ ਪਰਧਾਨ ਸਨ। ਇਹ ਸਤਿਜੁਗ ਦੇ ਪਰਧਾਨ (ਮੰਨੇ ਪਰਮੰਨੇ) ਕਰਮ ਸਨ। ਤ੍ਰੇਤੇ ਜੁਗ ਅੰਦਰਿ ਯਗ ਕਰਨੇ ਅਤੇ ਦੁਆਪਰ ਜੁਗ ਵਿਖੇ ਪੂਜਾ ਆਚਾਰ ਆਦਿਕ ਕਰਨੇ ਪਰਧਾਨ ਗਿਣੇ ਗਏ ਸਨ। ਏਹ ਤਿੰਨੇ ਜੁਗ ਏਹਨਾਂ ਉਪਰ ਦੱਸੇ ਤਿਹਾਂ ਕਰਮਾਂ ਨੂੰ ਹੀ ਦ੍ਰਿੜ੍ਹਾਉਂਦੇ ਸਨ। ਪ੍ਰੰਤੂ ਕਲਜੁਗ ਵਿਚ ਤਾਂ ਕੇਵਲ ਨਾਮ ਦਾ ਹੀ ਆਧਾਰ ਹੈ, ਭਾਵ, ਨਾਮ ਅਭਿਆਸ ਰੂਪੀ ਕਰਮ ਹੀ ਪਰਧਾਨ ਹੈ। ਏਸ ਜੁਗ ਵਿਖੇ ਆਨਮਤਿ ਕਿਰਤ ਕਰਮ ਦੀ ਪੇਸ਼ ਨਹੀਂ ਜਾਂਦੀ। ਯਥਾ ਵਾਕ ਭਾਈ ਗੁਰਦਾਸ ਜੀ—

ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ ॥ ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨੁ ਠੌਰ ਨ ਥਾਈ ॥

(ਭਾਈ ਗੁਰਦਾਸ, ਵਾਰ ੧, ਪਉੜੀ ੧੬)

ਕਲਜੁਗ ਅੰਦਰਿ ਏਹਨਾਂ ਆਨ ਜੁਗੀ ਕਰਮਾਂ ਦੇ ਕੀਤਿਆਂ ਪਾਰ-ਉਤਾਰਾ ਨਹੀਂ ਹੁੰਦਾ। ਕੋਈ ਆਨਮਤਿ ਕਰਮੀ ਪੁਰਸ਼ ਜ਼ਰਾ ਕਹਿ ਕੇ ਸਮਝਾਵੇ ਤਾਂ ਸਹੀ ਕਿ ਏਹ ਆਨਮਤਿ ਕਰਮਾਂ ਕਰਕੇ ਪਾਰ-ਉਤਾਰਾ ਕੈਸੇ ਹੋਵੇਗਾ। ਐਸੇ ਕਰਮ ਕੇਹੜੇ ਹਨ ਜਿਹਨਾਂ ਦੇ ਕੀਤਿਆਂ ਆਵਾਗਉਣ (ਲਖ ਚਉਰਾਸੀਹ ਜੂਨਾਂ) ਦੇ ਗੇੜ ਤੋਂ ਛੁਟਕਾਰਾ ਹੋਵੇ। ਏਹਨਾਂ ਆਨ ਜੁਗ ਆਨਮਤਿ ਕਰਮਾਂ ਦੇ ਕਰਨ ਕਰਿ ਤਾਂ ਓਹਨਾਂ ਤਿਹਾਂ ਆਨ ਜੁਗਾਂ (ਸਤਿਜੁਗ, ਤ੍ਰੇਤਾ, ਦੁਆਪਰ) ਅੰਦਰਿ ਭੀ ਕਿਸੇ ਦਾ


www.sikhbookclub.com

ਨਿਸਤਾਰਾ ਨਹੀਂ ਹੋਇਆ, ਆਵਾਗਉਣ ਤੋਂ ਛੁਟਕਾਰਾ ਨਹੀਂ ਹੋਇਆ। ਇਸ ਜੁਗ (ਕਲਜੁਗ) ਅੰਦਰਿ ਤਾਂ ਉੱਕਾ ਹੀ ਨਹੀਂ ਹੋਣਾ। ਕਿਸੇ ਦਾ ਭੀ ਨਿਸਤਾਰਾ ਛੁਟਕਾਰਾ ਨਹੀਂ ਹੋਣਾ। ਹੋਣਾ ਹੈ ਤਾਂ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਹੀ ਹੋਣਾ ਹੈ। ਆਨਮਤਿ ਅਨੇਕ ਧਰਮਾਂ ਦੇ ਅਸੂਲਾਂ ਅੰਦਰਿ ਬਹੁ ਬਹੁ ਪ੍ਰਕਾਰੀ ਕਰਮ ਕਰਨੇ ਨਿਰੂਪਨ ਕੀਤੇ ਜਾਂਦੇ ਹਨ। ਪਰ ਆਨਮਤਿ ਧਰਮਾਂ ਕਰਮਾਂ ਅੰਦਰਿ ਗੁਰਮਤਿ ਨਾਮ ਅਭਿਆਸ ਕਰਮ ਦਾ ਕਿਤੇ ਮੁਸ਼ਕ ਮਾਤਰ ਭੀ ਜ਼ਿਕਰ ਨਹੀਂ। ਸਾਰੀ ਲੁਕਾਈ ਉਦੋਂ ਭੀ, ਓਹਨਾਂ ਤਿਹਾਂ ਜੁਗਾਂ ਅੰਦਰਿ ਭੀ ਅਤੇ ਹੁਣ ਭੀ ਏਸ ਕਲਜੁਗ ਅੰਦਰਿ ਭੀ ਓਹੀ ਆਨਮਤਿ ਦ੍ਰਿੜ੍ਹਾਏ ਕਰਮ ਕਾਂਡ ਹੀ ਕਰਦੀ ਦਿਖਾਈ ਦਿੰਦੀ ਹੈ। ਸਾਰਾ ਜਗ ਹੀ ਤ੍ਰੈਜੁਗੀ ਕਰਮ ਕਰਦਾ ਨਜ਼ਰੀ ਆਉਂਦਾ ਹੈ। ਪਰ ਓਹਨਾਂ ਨੂੰ ਇਹ ਸੁਧ ਬੁਧ ਨਹੀਂ ਕਿ ਕਿਹੜੇ ਕਰਮ ਕੀਤੇ ਛੁਟਕਾਰਾ ਨਿਸਤਾਰਾ ਹੁੰਦਾ ਹੈ। ਓਹਨਾਂ ਨੂੰ ਇਹ ਪਤਾ ਹੀ ਨਹੀਂ ਕਿ ਕਿਹੜੇ ਕਰਮ ਦੇ ਸਾਧਿਆਂ ਕਲਿਆਣ ਮਈ ਸਚੀ ਸਿੱਧੀ ਪ੍ਰਾਪਤਿ ਹੁੰਦੀ ਹੈ। ਵਾਹੋਦਾਹੀ ਅੰਨ੍ਹੇਵਾਹ ਆਨਮਤਿ ਕਰਮੀ ਆਨਜੁਗ ਧਰਮੀਆਂ ਦੀ ਲਕੀਰ ਦੇ ਫ਼ਕੀਰ ਬਣੇ ਹੋਏ ਓਹੀ ਆਨਮਤਿ ਕਰਮ ਕਰਨ ਵਿਚਿ ਹੀ ਪਰਵਿਰਤ ਹੋਏ ਤੁਰੇ ਜਾਂਦੇ ਹਨ, ਕਿਉਂਕਿ ਓਹਨਾਂ ਨੂੰ ਸੱਚੇ ਨਿਸਤਾਰਕ ਛੁਟਕਾਰਕ ਕਰਮ ਦੀ ਸੂਝ ਬੂਝ ਹੀ ਨਹੀਂ।

ਕਰਮ ਅਕਰਮ, ਕਰਨ ਯੋਗ ਕਰਮ ਅਤੇ ਨਾ ਕਰਨ ਯੋਗ ਕਰਮ ਦੀ ਵੀਚਾਰ ਵਿਚਿ ਬੇਦਾਂ ਪੁਰਾਣਾਂ ਨੂੰ ਵੀਚਾਰਿਆਂ ਸਦਾ ਸੰਦੇਹ ਸ਼ੰਕਾ ਹੀ ਰਹਿੰਦਾ ਹੈ। ਦਰ-ਅਸਲ ਬੇਦਾਂ ਪੁਰਾਣਾਂ ਨੂੰ ਸੁਣਿਆਂ ਅਤੇ ਬੇਦਾਂ ਪੁਰਾਣਾਂ ਦੇ ਬਣਾਉਣਹਾਰਿਆਂ ਨੂੰ ਏਸ ਭੇਦ ਦਾ ਪਤਾ ਹੀ ਨਹੀਂ ਕਿ ਕਿਹੜੇ ਕਰਮ ਦੇ ਕੀਤਿਆਂ ਗਤਿ ਮੁਕਤਿ ਕਲਿਆਣ ਨਿਸਤਾਰਾ ਛੁਟਕਾਰਾ ਹੁੰਦਾ ਹੈ। ਉਹ ਓਹੀ ਤ੍ਰੈਗੁਣੀ ਕਰਮ ਕਰਨੇ ਹੀ ਦ੍ਰਿੜ੍ਹਾਉਂਦੇ ਹਨ ਜਿਨ੍ਹਾਂ ਦੇ ਕੀਤਿਆਂ ਅਹੰਕਾਰ ਅਭਿਮਾਨ ਵਧਦਾ ਹੈ। ਕਰਮ-ਕਾਂਡੀਆਂ ਦੇ ਕਰਮ-ਕਾਂਡ ਦਾ ਉਤਪੰਨ ਕੀਤਾ ਹੋਇਆ ਸੰਸਾ ਕਰਮ-ਕਾਂਡੀਆਂ ਦੇ ਹਿਰਦੇ ਅੰਦਰਿ ਸਦਾ ਵਸਦਾ ਹੀ ਰਹਿੰਦਾ ਹੈ, ਕਿਉਂਕਿ ਕਰਮ-ਕਾਂਡਾਂ ਦੇ ਕਰਨ ਕਰਿ ਓਹਨਾਂ ਦੇ ਹਿਰਦੇ ਸਦਾ ਅਭਿਮਾਨ ਦੇ ਹੀ ਗ੍ਰਸੇ ਰਹਿੰਦੇ ਹਨ। ਏਸ ਅਭਿਮਾਨ ਨੂੰ ਕਉਣ ਹਿਰੇ ਤੇ ਕਿਵੇਂ ਇਹ ਅਭਿਆਨ ਹਿਰਿਆ ਜਾਵੇ। ਅਭਿਮਾਨ ਹਿਰਨਹਾਰਾ ਅਤੇ ਸਾਰੇ ਸੰਸੇ ਦੂਰ ਕਰਨਹਾਰਾ ਕੇਵਲ ਗੁਰਮਤਿ ਕਰਮ ਗਿਆਨ ਹੀ ਹੈ। ਤਿਸ ਦੇ ਓਹ ਨੇੜੇ ਨਹੀਂ ਜਾਂਦੇ। ਹੋਰਨਾਂ ਅੰਧ ਕਰਮਾਂ ਦੇ ਧੰਧ ਬੰਧ ਵਿਚਿ ਬੰਧੇ ਹੋਏ ਹੀ ਰੁੜ੍ਹੇ ਜਾਂਦੇ ਹਨ। ਆਨਮਤਿ ਕਰਮਾਂ ਦਾ ਖਹਿੜਾ ਨਹੀਂ ਛਡਦੇ। ਉਦਾਹਰਣ ਵਜੋਂ ਆਨਮਤਿ ਇਸ਼ਨਾਨ ਕਰਮ ਨੂੰ ਹੀ ਲੈ ਲਵੋ। ਆਨਮਤਿ ਦੇ ਅਸੂਲਾਂ ਮੂਜਬ ਕੇਵਲ ਸਰੀਰਕ ਇਸ਼ਨਾਨ, ਨਾਮ-ਹੀਣ ਤੀਰਥ ਆਦਿ ਦਾ ਪੁਰਬ ਮਜਨੀ (ਮਜਨ ਪੁਰਬੀ) ਇਸ਼ਨਾਨ ਓਹਨਾਂ ਆਨਮਤਾਂ ਅੰਦਰਿ ਇਕ ਧਾਰਮਕ ਕਰਮ ਹੀ ਗਿਣਿਆ ਜਾਂਦਾ ਹੈ। ਸਰੀਰ ਦੇ ਬਾਹਰਲੇ ਪਾਸੇ ਨੂੰ ਪਾਣੀ ਨਾਲ ਧੋਣ ਪਖਾਲਣ ਕਰਕੇ ਅੰਦਰਲਾ ਸੁੱਧ ਨਹੀਂ ਹੁੰਦਾ, ਕਿਉਂਕਿ ਅੰਦਰਿ ਤਾਂ ਨਾਨਾ ਪ੍ਰਕਾਰ ਦੇ ਵਿਕਾਰਾਂ ਦੀ ਮੈਲ ਨਾਲਿ ਮਲੀਨ ਹੋਇਆ ਵਿਆ ਹੁੰਦਾ ਹੈ, ਬਾਹਰ ਦਾ ਉਦਕ-ਇਸ਼ਨਾਨ ਕੀਤਿਆਂ ਭੀ ਮੈਲਾ ਹੀ ਰਹਿੰਦਾ ਹੈ।

ਸੁੱਧ ਹੋਵੇ ਤਾਂ ਕਿਹੜੀ ਬਿਧੀ ਕਰਕੇ ਹੋਵੇ? ਇਕੋ ਬਿਧਿ ਹੈ ਗੁਰਮਤਿ ਨਾਮ ਅਭਿਆਸ ਕਰਮ ਦੀ, ਸੋ ਤਿਸ ਦਾ ਓਹਨਾਂ ਨੂੰ ਪਤਾ ਹੀ ਨਹੀਂ, ਮਹਿਜ਼ ਉਦਕ-ਇਸ਼ਨਾਨੀ ਕਰਮਾਂ ਦੇ ਕੁਫੇਰ ਵਿਚਿ ਮਤਸਰੀ ਹੋਇ ਹੀ ਰਹਿੰਦੇ ਹਨ। ਇਹ ਓਹਨਾਂ ਦਾ ਸੌਚ ਇਸ਼ਨਾਨੀ ਕਰਮ ਤਾਂ ਹਾਥੀ ਦੇ

ਇਸ਼ਨਾਨ ਵਾਂਗੂੰ ਹੈ, ਜੋ ਨਹਾ ਕੇ ਪਿਛੋਂ ਫੇਰ ਖੇਹ ਅਪਣੇ ਉਤੇ ਪਾ ਲੈਂਦਾ ਹੈ। ਤਾਂ ਤੇ ਇਹ ਸੁਧਤਾਈ ਸੌਚਤਾਈ ਇਸ਼ਨਾਨਤਾਈ ਕਿਸੇ ਲੇਖੇ ਨਹੀਂ। ਏਸੇ ਤਰ੍ਹਾਂ ਹੋਰ ਆਨਮਤੀ ਕਰਮਾਂ ਦੀ ਗੱਲ ਹੈ, ਜੋ ਕਿਸੇ ਭੀ ਲੇਖੇ ਨਹੀਂ ਪੈਂਦੇ।

ਸੁੱਧ ਹੋਈਦਾ ਹੈ ਤਾਂ ਪਾਰਸ ਰੂਪੀ ਨਾਮ ਨੂੰ ਪਰਸੇ ਤੇ ਹੀ ਹੋਈਦਾ ਹੈ, ਜੋ ਪਾਰਸ-ਨਾਮ ਕੇਵਲ ਸੱਚੇ ਸਤਿਗੁਰੂ ਦੇ ਦੁਆਰਿਓਂ ਹੀ ਮਿਲਦਾ ਹੈ। ਤਿਸ ਪਾਰਸ ਸੁਪਰਸੀਏ ਗੁਰਮਤਿ ਨਾਮ ਸਰਸੀਏ ਅਭਿਆਸੀ ਜਨ ਦੇ ਇਸ਼ਨਾਨ ਭੀ ਅੰਮ੍ਰਿਤ ਮਜਨੀਏ ਇਸ਼ਨਾਨ ਹੋ ਜਾਂਦੇ ਹਨ। ਸੋ ਤਿਸ ਦੇ ਇਸ਼ਨਾਨ ਕੀਤੇ ਭੀ ਲੇਖੇ ਪੈਂਦੇ ਹਨ। ਸੱਚੀ ਸੁਧ ਪਾਰਸ-ਗਤੀ ਕਲਾ ਅੰਮ੍ਰਿਤ ਨਾਮ ਦੀ ਕਮਾਈ ਵਿਚਿ ਹੀ ਹੈ ਅਤੇ ਇਹ ਅੰਮ੍ਰਿਤ ਨਾਮ, ਅੰਮ੍ਰਿਤ ਨਾਮ ਦੇ ਸਾਗਰ ਪੂਰੇ ਸਤਿਗੁਰੂ, ਪਾਰਸ ਕਲਾ ਪੁੰਜ ਸਤਿਗੁਰੂ ਨੂੰ ਭੇਟਿਆਂ ਹੀ ਵਰਤਦੀ ਹੈ। ਯਥਾ (ਜਿਵੇਂ) ਸੂਰਜ ਦੇ ਉਦੇ ਪ੍ਰਕਾਸ਼ਤ ਹੋਇਆਂ, ਜਿਵੇਂ ਸੂਰਜ ਦੇ ਚੜ੍ਹਿਆਂ ਰਾਤ੍ਰੀ ਦੀ ਗਤਿ ਹੁੰਦੀ ਹੈ, ਅਰਥਾਤ, ਜਿਵੇਂ ਸੂਰਜ ਚੜ੍ਹਨ ਨਾਲ ਰਾਤ ਬਿਲਾਇ ਜਾਂਦੀ ਹੈ (ਚਲੀ ਜਾਂਦੀ ਹੈ) ਅਤੇ ਇਹ ਰਾਤ ਵਾਲੀ ਗੱਲ ਸਾਰੇ ਸੰਸਾਰ ਅੰਦਰਿ ਪਰਸਿਧ ਹੈ ਅਤੇ ਜਿਵੇਂ ਤਾਂਬੇ ਦੇ ਨਾਲਿ ਪਾਰਸ ਛੋਹਣ ਨਾਲਿ ਤਾਂਬਾ ਤੁਰਤੋ ਫੁਰਤ ਹੀ ਸੋਨਾ ਬਣਿ ਜਾਂਦਾ ਹੈ, ਰੰਚਕ ਦੇਰੀ ਨਹੀਂ ਲਗਦੀ, ਤਿਵੇਂ ਹੀ ਪਰਮ ਪਾਰਸ ਸਤਿਗੁਰੂ ਨੂੰ ਭੇਟੇ ਤੇ ਕਲਜੁਗੀ ਜੀਵਾਂ ਦਾ ਅਗਿਆਨ ਰੂਪੀ ਅੰਧਕਾਰ ਮਿਟਦਾ ਹੈ। ਅਤੇ ਓਹਨਾਂ ਸੰਸਾਰੀ ਜੀਵਾਂ ਦੇ ਜੀਵਨ ਮਨੂਰੋਂ ਕੰਚਨ ਹੋ ਜਾਂਦੇ ਹਨ। ਜਿਨ੍ਹਾਂ ਉਤੇ ਪੂਰਬਲੇ ਲਿਖਤ ਕਰਮਾਂ ਅਨੁਸਾਰ ਨਦਰਿ ਮੇਹਰ ਹੁੰਦੀ ਹੈ, ਤਿਨ੍ਹਾਂ ਉਤੇ ਪਾਰਸ ਭੂਤੀ ਸਤਿਗੁਰੂ ਨੂੰ ਭੇਟਣ ਦਾ ਕਰਮ ਖੁਲ੍ਹਦਾ ਹੈ। ਪਾਰਸ ਸਰੂਪ (ਮੁਜੱਸਮ ਪਾਰਸ) ਸਤਿਗੁਰੂ ਦੇ ਭੇਟਿਆਂ ਪਾਰਸ ਰੂਪੀ ਅੰਮ੍ਰਿਤ ਨਾਮ ਦੀ ਦਾਤਿ ਮਿਲਦੀ ਹੈ। ਪਾਰਸ-ਸਿਫਤੀ-ਕਮਾਈ ਕਰਨ ਕਰਿ ਕਰੂਰ ਕਰਮਾਂ ਦੀ ਮੈਲ ਨਾਲਿ ਜਨਮਾਂ ਜਨਮਾਂ ਦੇ ਮਨੂਰ (ਮਲੀਨ) ਹੋਏਵੇ ਮਨਾਂ ਦੀ ਮੈਲ ਉਤਰ ਜਾਂਦੀ ਹੈ ਅਤੇ ਅੰਦਰਿ ਉਹ ਜੋਤਿ-ਪ੍ਰਕਾਸ਼ੀ ਚਾਨਣਾ ਹੋਇ ਆਵੰਦਾ ਹੈ ਜਿਸ ਦੇ ਸਾਹਮਣੇ ਕ੍ਰੋੜਾਂ ਸੂਰਜਾਂ ਦੇ ਚਾਨਣੇ ਮਾਤ ਹਨ। ਇਸ ਬਿਧਿ ਜੋਤਿ ਪ੍ਰਕਾਸ਼ ਦੀ ਰਸ-ਝਲਕ ਨਾਲਿ ਉਪਰਿ (ਦਸਮ ਦੁਆਰ ਵਿਖੇ) ਚੜ੍ਹਿਆ ਮਨ ਉਨਮਨੀ ਅਵਸਥਾ ਤੁਰੀਆ ਪਦ ਨੂੰ ਮਿਲ ਕੇ ਅਭਾਵ ਹੋ ਜਾਂਦਾ ਹੈ। ਤਿਥੇ ਬਜਰ ਕਪਾਟ ਖੁਲ੍ਹ ਜਾਂਦੇ ਹਨ।

ਗੁਰਮਤਿ ਨਾਮ ਅਭਿਆਸ ਕਰਮ ਦੁਆਰਾ ਮਲੀਨ ਮਨ ਨੂੰ ਸਾਫ਼ ਸੁੱਧ ਕੀਤਿਆਂ ਅਸਤਿ ਮਨ ਨੂੰ ਸਤਿ ਕੀਤਿਆਂ ਸੱਚੀ ਗੁਰਮਤਿ ਭਗਤੀ ਦੀ ਜੁਗਤੀ ਪ੍ਰਗਟੀ ਆਈ। ਸਾਰੇ ਭ੍ਰਮ-ਬੰਧਨੀ ਬਿਕਾਰ ਕੱਟੇ ਗਏ ਅਤੇ ਆਨਮਤਿ ਕਰਮਾਂ ਦੀ ਮੈਲ ਭੀ ਝੜ ਗਈ। ਪਿਛਲੇ ਜਨਮਾਂ ਤੇ ਆਨ ਜੁਗਾਂ ਵਿਚਿ ਕਮਾਤੇ ਕਰਮਾਂ ਦੀ ਮੈਲ ਭੀ ਇਸ ਬਿਧਿ, ਕੇਵਲ ਇਸੇ ਗੁਰਮਤਿ ਭਗਤੀ ਦੀ ਜੁਗਤੀ ਨਾਲਿ ਹੀ ਕਟੀ ਜਾ ਸਕਦੀ ਹੈ। ਕੇਵਲ ਤਿਨ੍ਹਾਂ ਹੀ ਜੋਤਿ-ਰਸੀਆਂ ਅਭਿਆਸੀ ਜਨਾਂ ਦਾ ਮਨ ਹੀ ਪ੍ਰੇਮਾ ਭਗਤੀ ਵਿਚਿ ਵੱਸ ਰਸ ਕੇ ਪਰਮਾਤਮਾ ਨਾਲਿ ਮਿਲ ਜਾਂਦਾ ਹੈ ਅਤੇ ਮਿਲ ਕੇ ਤੱਦ ਰੂਪ ਹੋ ਜਾਂਦਾ ਹੈ। ਇਕ ਨਿਰਗੁਣ ਵਾਹਿਗੁਰੂ ਦੇ ਨਿਰਗੁਣੀ ਨਾਮ ਅਤੇ ਵਾਹਿਗੁਰੂ ਪਠਾਈ ਨਿਰਗੁਣ ਸਰੂਪ ਗੁਰਬਾਣੀ ਰੂਪ ਗੁਣਾਂ ਦੀ ਅਭਿਆਸ ਕਮਾਈ ਰੂਪੀ ਵੀਚਾਰ ਦਾ ਹੀ ਸਾਰਾ ਪਰਤਾਪ ਹੈ। ਨਹੀਂ ਤਾਂ ਮਨ ਇੰਦਰਿਆਂ ਨੂੰ ਰੋਕਣ ਦੀ ਕਿਰਿਆ ਵਾਲੇ ਬਥੇਰੇ ਜਤਨ ਉਪਾਵ ਸੰਜਮ ਕਰਮ ਕੀਤੇ, ਪਰ ਭਰਮ ਦੀ ਫਾਹੀ ਇਹਨਾਂ ਅਨਿਕ-ਜਤਨੀ ਆਨਮਤਿ ਕਰਮਾਂ ਦੇ ਕੀਤਿਆਂ ਟਾਲੀ ਨਹੀਂ ਟਲਦੀ। ਨਾ ਹੀ ਆਨ ਕਰਮਾਂ ਦੇ ਕੀਤਿਆਂ ਪ੍ਰੇਮਾ ਭਗਤੀ ਉਪਜਦੀ ਹੈ। ਤਾਂ ਤੇ ਇਨ੍ਹਾਂ

 www.sikhbookclub.com

ਆਨਮਤਿ ਕਰਮੀਆਂ ਉਤੇ ਸਦਾ ਉਦਾਸਤਾ ਭਰੀ ਨਿਰਾਸਤਾ, ਅਜਬ ਨਿਰਾਸਤਾ ਭਰੀ ਉਦਾਸੀਨਤਾ ਹੀ ਛਾਈ ਰਹਿੰਦੀ ਹੈ। ਇਹ ਹੈ ਇਕ ਵੰਨਗੀ ਮਾਤਰ ਨਿਰਣਾ ਆਨਮਤਿ ਕਰਮਾਂ ਅਤੇ ਗੁਰਮਤਿ ਕਰਮਾਂ ਦੀ ਵਿਲੱਖਣਤਾ ਤੇ ਸਰਬੋਤਮਤਾ ਦਾ।

**ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ ॥ ੩ ॥ ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥ ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ॥ ੪ ॥ ੧ ॥ ੩੧ ॥**

**(ਆਸਾ ਮਃ ੧, ਪੰਨਾ ੩੫੮)**

ਵਿਆਖਿਆ— ਖਟ ਸ਼ਾਸਤ੍ਰ ਕੀਹਦੇ ਵਿਚਾਰੇ ਹਨ ਅਤੇ ਅਠਾਰ੍ਹਾਂ ਪੁਰਾਣਾਂ ਦੀ ਕੀ ਹੈਸੀਅਤ ਹੈ। ਲਖਾਂ ਸ਼ਾਸਤ੍ਰਾਂ ਅਤੇ ਲਖਾਂ ਪੁਰਾਣਾਂ ਨੂੰ ਲਖ ਵਿਦਿਆ-ਬੇਤੇ ਭਾਵੇਂ ਲਖਾਂ ਵੇਰੀ ਪੜ੍ਹਨ ਵਖਿਆਨਣ ਅਤੇ ਪੜ੍ਹਿ ਪੜ੍ਹਿ ਲੋਕਾਂ ਨੂੰ ਸਮਝਾਵਣ, ਪਰ ਤਿਨ੍ਹਾਂ ਸ਼ਾਸਤ੍ਰਾਂ ਪੁਰਾਣਾਂ ਦੇ ਪੜ੍ਹਿਆਂ ਸੁਣਿਆਂ ਵੀਚਾਰਿਆਂ ਕਦੇ ਗਤਿ ਨਹੀਂ ਹੁੰਦੀ ਅਤੇ ਸ਼ਾਸਤ੍ਰ ਪੁਰਾਣ ਪੜ੍ਹਨ ਸੁਣਨ ਤੇ ਕਮਾਵਣਹਾਰਿਆਂ ਦੀ ਪਤਿ ਕਦੇ ਲੇਖੇ ਨਹੀਂ ਪੈਂਦੀ। ਜੇ ਪਤਿ ਲੇਖੇ ਹੀ ਨਾ ਪਈ ਤਾਂ ਏਹਨਾਂ ਸ਼ਾਸਤ੍ਰ ਪੁਰਾਣਾਂ ਦਾ ਪੜ੍ਹਿਆ ਸੁਣਿਆ ਕਮਾਇਆ ਸਭੋ ਹੀ ਅਪ੍ਰਵਾਣ ਹੈ ਅਤੇ ਤਿਨ੍ਹਾਂ ਅਨੁਸਾਰੀ ਕਰਮ ਕੀਤੇ ਭੀ ਅਪ੍ਰਵਾਣ ਹਨ। ਸ਼ਾਸਤ੍ਰਾਂ ਪੁਰਾਣਾਂ ਦੇ ਵਿਦਤਾਏ ਕਰਮਾਂ ਦੇ ਕੀਤਿਆਂ ਕਰਮ ਕਰਨਹਾਰਿਆਂ ਦੀ ਕਦੇ ਗਤਿ ਨਹੀਂ ਹੰਦੀ। ਨਾ ਹੀ ਪਤਿ ਲੇਖੇ ਪੈਂਦੀ ਹੈ। ਪਤਿ ਲੇਖੇ ਪੈਂਦੀ ਹੈ ਤਾਂ ਸੱਚੇ ਨਾਮ, ਗੁਰਮਤਿ ਨਾਮ ਦੀ ਕਮਾਈ ਕੀਤਿਆਂ ਪੈਂਦੀ ਹੈ। ਗਤਿ ਹੁੰਦੀ ਹੈ ਤਾਂ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੁੰਦੀ ਹੈ, ਕਰਤਾਰ ਨਿਰੰਕਾਰ ਦੇ ਸੱਚੇ ਨਾਮ ਅਭਿਆਸ ਕਮਾਈ ਰੂਪੀ ਕਰਮ ਕੀਤਿਆਂ ਹੁੰਦੀ ਹੈ। ਐਸੀ ਅਤੁਟ ਕਮਾਈ ਕੀਤੀ ਜਾਵੇ ਕਿ ਗੁਰਮਤਿ ਨਾਮ ਦਿਨ ਰਾਤ (ਅਹਿਨਿਸਿ) ਹਿਰਦੇ ਵਿਚਿ ਹੀ ਵਸਿਆ ਰਸਿਆ ਰਹੇ। ਐਹੋ ਜਿਹੀ ਵੱਸਣੀ ਵੱਸੇ ਅਤੇ ਐਹੋ ਜਿਹੀ ਰਸਨੀ ਰਸੇ ਕਿ ਜਿਸ ਅਹਿਨਿਸੀ ਅਭਿਆਸ ਕਮਾਈ ਦੇ ਪਰਤਾਪ ਕਰਿ ਜੋਤੀ ਸਰੂਪ ਵਾਹਿਗੁਰੂ ਹੀ ਹਿਰਦੇ ਵਿਚਿ ਆਨਿ ਵੱਸੇ। ਇਉਂ ਨਦਰੀ ਵਾਹਿਗੁਰੂ ਦੀ ਨਦਰਿ ਨਿਹਾਲਤਾ ਨਾਲਿ ਪਾਰ-ਉਤਾਰਾ ਹੈ। ਹੋਰ ਕਿਵੇਂ ਭੀ ਨਹੀਂ। ਕਿਸੇ ਕਰਮ ਕੀਤਿਆਂ ਨਹੀਂ ਹੁੰਦਾ ਨਿਸਤਾਰਾ ਛੁਟਕਾਰਾ।

**ਆਸਾ ਘਰੁ ੪ ਮਹਲਾ ੧ ੧ੳੰ ਸਤਿਗੁਰ ਪ੍ਰਸਾਦਿ ॥**
**ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਿਤੇ ਕਰਿ ਕਰਿ ਭਗਵੇ ਭੇਖ ਭਏ ॥ ੧ ॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਈ ਤੇਰੇ ਗੁਣ ਕੇਤੇ ॥ ੧ ॥ ਰਹਾਉ ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥ ੨ ॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥ ੩ ॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥ ੪ ॥ ੧ ॥ ੩੩ ॥**

(ਪੰਨਾ ੩੫੮)

ਵਿਆਖਿਆ— ਬੜੇ ਬੜੇ ਦੇਵਤਿਆਂ ਨੇ ਪਰਮਾਤਮਾ ਦੇ ਦਰਸ਼ਨ ਪਰਸਨ ਖਾਤਰ ਆਪ-ਹੁਦਰੇ ਕਰਮ ਬਥੇਰੇ ਕੀਤੇ, ਤਨ ਨੂੰ ਤਤਿਖਸ਼ਾ ਕਸ਼ਟ ਦੇਣ ਦੇ, ਅਹਾਰ ਬਰਤ ਰਖ ਕੇ ਭੀ ਸਹਿਣ ਦੇ, ਤੀਰਥ ਨ੍ਹਾ ਕੇ ਤੀਰਥਾਂ ਤੇ ਰਹਿਣ ਦੇ ਤੇ ਅਨੇਕਾਂ ਤੀਰਥਾਂ ਦੀ ਯਾਤਰਾ ਕਰਨ ਦੇ ਅਨੇਕਾਂ ਹਠ-ਕਰਮ ਕੀਤੇ, ਪਰ ਇਨ੍ਹਾਂ ਹਠ-ਕਰਮਾਂ ਨੂੰ ਕਰ ਕੇ ਤਿਨ੍ਹਾਂ ਨੂੰ ਦਰਸ਼ਨ ਪ੍ਰਾਪਤਿ ਨਾ ਹੋਇਆ। ਜੋਗੀ ਲੋਗ ਜੋਗ-ਸਾਧਨਾ ਅਤੇ ਗ੍ਰਿਹਸਤ ਤਿਆਗੀ ਜਤੀ ਲੋਗ ਜਤ ਰਖਣ ਦੀਆਂ ਵਖੋ ਵਖ ਜੁਗਤੀਆਂ ਕਰਿ ਰਹੇ ਅਤੇ ਭਗਵੇਂ ਭੇਖ ਧਾਰਿ ਧਾਰਿ ਮਰ ਰਹੇ, ਪਰ ਤਿਨ੍ਹਾਂ ਨੂੰ ਭੀ ਦਰਸ਼ਨ ਨਸੀਬ ਨਾ ਹੋਇਆ। ਜੋਗ ਜੁਗਤੀਆਂ ਅਤੇ ਜਤਿ ਜਤੁਗਤੀਆਂ ਅਤੇ ਭੇਖ ਭਗਵੁਤੀਆਂ ਕੀਤੀਆਂ ਤਿਨ੍ਹਾਂ ਦੀਆਂ ਬੇਅਰਥ ਹੀ ਗਈਆਂ। ਹੇ ਸੱਚੇ ਸਾਹਿਬਾ! ਤੈਨੂੰ ਲਭਣ, ਤੇਰੇ ਦਰਸ਼ਨ ਨੂੰ ਪਰਸਣ ਕਾਰਣਿ ਤੇਰੇ ਨਾਮ ਰੰਗਿ ਰਤਿਆਂ ਦੀ ਹੀ ਪੂਰੀ ਪਈ। ਤੇਰੇ ਇਕੋ ਗੁਰਮਤਿ ਨਾਮ ਦੇ ਰੰਗਾਂ ਵਿਚਿ ਕਰੜੇ ਅਭਿਆਸ ਕਮਾਵਤਿਆਂ ਦੀ ਹੀ ਪੂਰੀ ਪਈ। ਹੋਰ ਤੇਰੇ ਅਨੇਕਾਂ ਕਿਰਤਮ ਨਾਮਾਂ ਦੀ ਕਮਾਈ ਦੇ ਤਰਲਿਆਂ ਦੁਆਰਾ ਤੇਰੇ ਅਨੰਦਤ ਰੂਪਾਂ ਰੰਗਾਂ ਦੀ ਵਡਿਆਈ ਕਿਸੇ ਤੋਂ ਕਹੀ ਨਹੀਂ ਗਈ, ਸਮੁਚੇ ਹੀ ਕਹਿਣ ਕਥਨਹਾਰਿਆਂ ਤੇ ਕਹੀ ਕਥੀ ਨਹੀਂ ਗਈ। ਸਭ ਹਾਰ ਥਕੇ, ਪਰ ਤੇਰੇ ਸੱਚੇ ਦਰਸ਼ਨ ਦੀ ਸੁਧ ਸੂੰਹ ਕਿਸੇ ਤੋਂ ਭੀ ਲਹੀ (ਲਈ) ਨਹੀਂ ਗਈ। ਤੇਰੇ ਬੇਅੰਤ ਗੁਣਾਂ ਦਾ ਪਾਰਾਵਾਰ ਕਿਸੇ ਤੋਂ ਪਾਇਆ ਨਹੀਂ ਗਿਆ।

ਇਹ ਪਾਰਾਵਾਰ ਲੈਣ ਨੂੰ ਬਥੇਰੇ ਹੰਭ ਥਕੇ। ਆਪਣੀ ਰਿਹਾਇਸ਼ ਨਿਵਾਸ ਦੇ ਦਰ ਘਰ ਮਹਲਾਂ ਨੂੰ ਛੱਡ ਕੇ, ਹਾਥੀ ਘੋੜਿਆਂ ਨੂੰ ਛੱਡ ਕੇ, ਆਪਣੇ ਜੰਮਣ-ਭੂਮ ਦੇ ਨਿਜ-ਦੇਸ਼ ਵਲਾਇਤਾਂ ਨੂੰ ਛੱਡ ਕੇ ਪਰਦੇਸਾਂ ਅਤੇ ਜੰਗਲਾਂ ਬਨਾਂ ਬੀਆਬਾਨਾਂ ਨੂੰ ਤੁਰ ਗਏ। ਤਿਨ੍ਹਾਂ ਦੀ ਉਪ੍ਰਾਮਤਾ ਤਾਂ ਬੜੀ ਹੀ ਤਰਸ ਯੋਗ ਸੀ, ਪਰ ਸਭ ਤੋਂ ਬੜੀ ਤਰਸ ਯੋਗ ਗੱਲ ਇਹ ਹੋਈ ਕਿ ਉਹ ਕੁਰਾਹੇ ਪੈ ਗਏ, ਉਨ੍ਹਾਂ ਨੂੰ ਸੱਚਾ ਮਾਰਗ ਨਾ ਮਿਲਿਆ। ਨਾ ਸੱਚਾ ਹਾਦੀ ਮਿਲਿਆ। ਜੇਹੜੇ ਜੇਹੜੇ ਭੀ ਹਾਦੀ ਹੋ ਗੁਜ਼ਰੇ, ਪੀਰ ਤੇ ਪੈਗ਼ੰਬਰ ਆਦਿਕ ਆਪਣੇ ਆਪ ਨੂੰ ਸਾਦਿਕ ਸਦਾਉਣ ਵਾਲੇ ਸਾਲਿਕ ਕਹਾਉਣ ਵਾਲੇ (ਰਸਤਾ ਦਿਖਾਉਣ ਵਾਲੇ) ਤਿਨ੍ਹਾਂ ਨੇ ਭੀ ਦੁਨੀਆ ਦਾ ਕੂੜਾਵਾ ਤਿਆਗ ਕੀਤਾ। ਦੁਨੀਆ ਛੋਡੀ ਪਰ ਬਰਾਏ ਨਾਮ, ਫੇਰ ਮੁੜਿ ਆਪਣੇ ਘਰ ਠਿਕਾਣਿਆਂ ਤੇ ਆਇ ਵੱਸੇ। ਪਰਨਾਲਾ ਥਾਉਂ ਦਾ ਥਾਉਂ ਹੀ ਰਹਿਆ। ਤਿਆਗ ਕੀਤਾ ਐਵੇਂ ਹੀ ਗਿਆ। ਸਤਿ ਨਾਮ ਕਿਸੇ ਨੇ ਨਾ ਦੱਸਿਆ, ਨਾ ਦ੍ਰਿੜ੍ਹਾਇਆ।

ਬਥੇਰਿਆਂ ਨੇ ਦੁਨਿਆਵੀ ਪਦਾਰਥਾਂ ਦੇ ਸੁਆਦ ਛਡੇ। ਦੁਨੀਆ ਦੇ ਸੁਖ-ਰਹਿਣੇ ਆਰਾਮ ਭੀ ਬਥੇਰਿਆਂ ਨੇ ਛਡ ਕੇ ਦੇਖੇ। ਬਥੇਰਿਆਂ ਨੇ ਸੰਸਾਰੀ ਰਸਾਂ ਕਸਾਂ ਨੂੰ ਤਜਿਆ। ਬਹੁਤਿਆਂ ਨੇ ਬਸਤਰ ਕਪੜਿਆਂ ਦੇ ਥਾਇੰ ਤਨ ਤੇ ਚਮੜੇ ਪਹਿਨੇ। ਅਜਿਹੇ ਚਮੜ-ਪੋਸ਼ੀਏ, ਖੱਪਰ-ਖੇਵੀਏ, ਖੱਪਰਾਂ ਠੂਠਿਆਂ ਵਿਚਿ ਭਿਖਿਆ ਮੰਗੇਵੀਏ ਬਥੇਰੇ ਨਾਨਾ ਪ੍ਰਕਾਰੀ ਭੇਖਧਾਰੀ ਹੋ ਗੁਜ਼ਰੇ, ਡੰਡਾਧਾਰੀ ਸੰਨਿਆਸੀ ਮ੍ਰਿਗ-ਛਾਲਾ ਲਿਬਾਸੀ, ਜਨੇਊ, ਬੋਦੀ ਰਖੋਜੀ, ਧੋਤੀ-ਪੋਸ਼ ਆਦਿ ਬਥੇਰੇ ਸ੍ਵਾਂਗ-ਧਾਰੀ ਰੱਬ ਦੇ ਲਭਣ ਲਈ ਸ੍ਵਾਂਗ ਧਾਰ ਥਕੇ। ਪਰ ਏਹਨਾਂ ਭੇਖਾਂ ਦੁਆਰਾ ਉਪਰ ਕਥੇ ਕਰਮਾਂ ਵਾਲਿਆਂ ਤੋਂ ਰੱਬ ਤੇ ਰੱਬ ਦਾ ਦਰਸ਼ਨ ਪਾਇਆ ਨਾ ਗਿਆ। ਅਜਿਹੇ ਤਰਸ ਯੋਗ ਦੁਖੀਏ ਦਰਦਵੰਤ ਤਾਂ ਬਥੇਰੇ ਹੋਏ, ਪਰ ਤੇਰੇ ਨਾਮ ਰਤੇ ਜਨ ਹੀ ਸੱਚੇ ਦਰਵੇਸ਼, ਨਾਮ ਦੀ ਭਿਖਿਆ ਦੇ ਦਰਵੇਸ਼, ਤੇਰੇ ਦਰਸ਼ਨਾਂ ਦੀ ਸੱਚੀ ਦਰਸ਼ਨਿਕ ਭਿਖਿਆ ਦੇ ਦਰਵੇਸ਼, ਅਸਲੀ ਦਰ ਦਰਵੇਸ਼, ਤੇਰੇ

ਦਰ ਤੇ ਢੱਠਣ ਵਾਲੇ, ਤੇਰੇ ਦਰ ਤੇ ਢੱਠੇ ਰਹਿਣ ਵਾਲੇ ਅਸਲੀ ਦਰਵੇਸ਼ ਹੋਏ ਤਾਂ ਤੇਰੇ ਨਾਮ ਵਿਚਿ, ਸੱਚੇ ਨਾਮ ਵਿਚਿ, ਇਕੋ ਗੁਰਮਤਿ ਸੱਚੇ ਨਾਮ ਵਿਚਿ ਰਤੜੇ ਗੁਰਮੁਖਿ ਜਨ ਹੀ ਹੋਏ। ਨਹੀਂ ਤਾਂ ਸਭਨਾਂ ਦੀ ਹਾਲਤ ਰਹਿਮ ਯੋਗ ਹੈ। ਉਨ੍ਹਾਂ ਉਤੇ ਭੀ ਸੱਚਾ ਰਹੀਮ ਕਰੀਮੁ ਕਾਦਰੇ ਮੁਤਲਕ ਸੱਚਾ ਪਾਤਸ਼ਾਹ ਰਹਿਮਤ ਕਰੇਗਾ। ਰਹਿਮਤ ਧਾਰ ਕੇ ਕਿਤੇ ਕਦੇ ਨਾ ਕਦੇ ਸਚੜੇ ਗੁਰਮਤਿ ਮਾਰਗ ਤੇ ਲਿਆਇ ਕੇ ਅਤੇ ਸਚੜੇ ਨਾਮ ਦੀ ਖ਼ੈਰ ਪਾ ਕੇ ਸੱਚੇ ਦਰਸ਼ਨਾਂ ਦੇ ਪਾਤਰ ਅਧਿਕਾਰੀ ਬਣਾਏਗਾ। ਕਿਉਂਕਿ ਓੜਕ ਤਿਨ੍ਹਾਂ ਮੁਤਲਾਸ਼ੀਆਂ ਦੀ ਭਾਲ ਟੋਲ ਤਲਾਸ਼ ਤਾਂ ਰੱਬ ਦੀ ਅਤੇ ਰੱਬ ਦੇ ਦਰਸ਼ਨ ਦੀ ਹੀ ਰਹੀ ਹੈ, ਚਾਹੇ ਕਰੂਰ ਕਰਮੀ ਹੋਣ ਕਰ ਕੇ ਤਿਨ੍ਹਾਂ ਨੂੰ ਹੁਣ ਤਾਈਂ ਸੱਚਾ ਮਾਰਗ ਨਹੀਂ ਸੀ ਮਿਲਿਆ ਰੱਬ ਦੇ ਦੀਦਾਰ ਮੁਕੱਦਸੀ ਯਾਫ਼ਤ ਦਾ, ਪਰ ਤਿਨ੍ਹਾਂ ਦਾ ਮਨੋਰਥ ਸਾਫ਼ ਅਤੇ ਪਾਕ ਹੋਣ ਕਰਕੇ ਤਿਨ੍ਹਾਂ ਨੂੰ ਇਕ ਦਿਨ ਨੇੜੇ ਦੂਰ ਨੂਰ ਜ਼ਹੂਰੀ ਹਜ਼ੂਰੀ ਵਾਲੀ ਸੱਚੜੀ ਮਾਅਰਫ਼ਤ ਜ਼ਰੂਰ ਪ੍ਰਾਪਤਿ ਹੋਵੇਗੀ। ਪਰ ਹੋਵੇਗੀ ਗੁਰੂ ਨਾਨਕ ਦਰਸਾਏ ਮਾਰਗ ਤੇ ਚੱਲ ਕੇ, ਗੁਰਮਤਿ ਮਾਰਗ ਦੇ ਸਚੇ ਮਾਰਗੀ ਬਣ ਕੇ। ਖਲੜੀ ਖਪਰੀ ਲਕੜੀ, ਚਮੜੀ, ਸਿਖਾ ਸੂਤ ਧੋਤੀ ਵਾਲੀ ਧਾਰਨਾ ਭਾਵੇਂ ਉਨ੍ਹਾਂ ਰਹਿਤ ਕੁਰਹਿਤੀ ਭੇਖ ਭਗਤੀ ਧਾਰਨਾ ਹੀ ਕੀਤੀ ਹੈ, ਪਰ ਕੀਤੀ ਪ੍ਰਮਾਰਥ ਵਾਸਤੇ ਹੀ ਹੈ। ਕਿਸੇ ਸੁਆਰਥ ਖਾਤਰ ਸ੍ਵਾਂਗ ਨਹੀਂ ਧਾਰਿਆ। ਪਰ ਸੱਚੇ ਪਾਤਸ਼ਾਹ ਨੇ ਕਿਸੇ ਜਾਤਿ ਦੇ ਵਿਤਕਰੇ ਆਦਿ ਯਾ ਕਿਸੇ ਸ੍ਵਾਂਗ ਤੇ ਨਹੀਂ ਰੀਝਣਾ, ਰੀਝਣਾ ਓੜਕ ਸਿਦਕ ਸ਼ਰਧਾ ਉਪਰ ਹੀ ਹੈ। ਸੱਚੀ ਸਿਦਕ ਸ਼ਰਧਾ ਵਾਲਿਆਂ ਨੂੰ ਗੁਰੂ ਕਰਤਾਰ ਤੁੱਠ ਕੇ ਸਿੱਧਾ ਰਸਤਾ, ਸਿੱਧਾ ਪ੍ਰਮਾਰਥੀ ਮਾਰਗ ਦਿਖਾਏਗਾ, ਪਰ ਜ਼ਰੂਰ ਦਿਖਾਏਗਾ ਅਤੇ ਇਕ ਦਿਨ ਆਪਣੀ ਨਦਰਿ ਮੇਹਰ ਦੀ ਬਰਖਾ ਬਰਖਾਏਗਾ। ਬਥੇਰੇ ਅਜਿਹੇ ਭੁਲੜ ਲੋਕ ਗੁਰੂ ਨਾਨਕ ਦੇ ਦੁਆਰੇ ਆ ਗਏ ਹਨ। ਬਾਕੀ ਰਹਿੰਦੇ ਭੀ ਸਾਰੇ ਹੀ ਆ ਜਾਣਗੇ। ਬੋਲਹੁ ਭਾਈ ਵਾਹਿਗੁਰੂ!

ੴ ਸਤਿਗੁਰ ਪ੍ਰਸਾਦਿ ॥ ਮਹਲਾ ੪ ਰਾਗੁ ਆਸਾ ਘਰੁ ੬ ਕੇ ੩ ॥
ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥ ਗੁਰਮਤਿ ਹਰਿ ਗੁਣ ਬੋਲਹੁ
ਜੋਗੀ ਇਹੁ ਮਨੂਆ ਹਰਿ ਰੰਗ ਭੇਨ ॥ ੧ ॥ ਜੋਗੀ ਹਰਿ ਦੇਹੁ ਮਤੀ ਉਪਦੇਸੁ
॥ ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥ ੧ ॥
ਰਹਾਉ ॥ ਗਾਵਹਿ ਰਾਗ ਭਾਤਿ ਬਹੁਤ ਬੋਲਹਿ ਇਹੁ ਮਨੂਆ ਖੇਲੈ ਖੇਲ ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥ ੨ ॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥ ੩ ॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥ ਜਨ ਨਾਨਕ ਕੇ
ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥ ੪ ॥ ੯ ॥ ੬੧ ॥

(ਪੰਨਾ ੩੬੮)

ਇਸ ਗੁਰਵਾਕ ਦੁਆਰਾ ਜੋਗੀਆਂ ਆਦਿਕਾਂ ਦੇ ਮਨਮਤਿ ਹਠ-ਕਰਮਾਂ ਨੂੰ ਖੰਡਨ ਕਰ ਕੇ ਸੱਚੀ ਗੁਰਮਤਿ ਯੋਗ ਸਾਧਨਾ ਵਾਲੇ ਕਰਮ ਦੀ ਵਿਲੱਖਣਤਾ ਨੂੰ ਸਪੱਸ਼ਟ ਕਰ ਕੇ ਦ੍ਰਿੜ੍ਹਾਇਆ ਗਿਆ ਹੈ। ਜਿਹੜੀ ਕਿੰਗਰੀ ਦੀ ਤਾਰ-ਤੰਤੀ ਨੂੰ, ਤੂੰ ਹੇ ਜੋਗੀ! ਹੱਥਾਂ ਕਰ ਬਜਾਉਂਦਾ ਹੈਂ, ਇਸ ਵਿਚੋਂ ਬੇ-ਅਸਰੀ, ਥੋਥੀ ਅਤੇ ਬੇ-ਸਿਰ-ਪੈਰੀ ਬੇਸ਼ਕ ਬੇਣ ਵਾਲੀ ਤੰਤੀ ਕਿੰਗਰੀ ਹੀ ਵਜਦੀ ਹੈ।

ਇਸ ਤੰਤੀ ਵਜਾਉਣ ਦੇ ਥਾਉਂ ਹੇ ਜੋਗੀ! ਗੁਰਮਤਿ ਹਰਿ ਗੁਣ ਬੋਲਹੁ। ਗੁਰੂ ਦੀ ਮਤਿ ਗੁਰ-ਦੀਖਿਆ ਲੈ ਕੇ ਸਿਫਤਿ ਸਾਲਾਹ ਕਰੋ ਤੇ ਗੁਰਮਤਿ ਨਾਮ ਨੂੰ ਜਪਹੁ। ਇਸ ਮਨੂਏ ਨੂੰ ਵਾਹਿਗੁਰੂ ਦੇ ਰੰਗਾਂ ਵਿਚਿ ਰੰਗੀਜਣ (ਭਿਉਣ) ਦਾ ਇਹੀ ਇਕੋ ਇਕ ਤ੍ਰੀਕਾ ਹੈ। ਹੇ ਜੋਗੀ! ਇਉਂ ਹਰਿ ਰੰਗਾਂ ਵਿਚਿ ਭਿੱਜ ਕੇ ਫੇਰ ਹੋਰਨਾਂ ਨੂੰ ਹਰਿ ਮਤਿ ਦਾ ਉਪਦੇਸ਼ ਦੇਵਹੁ। ਪ੍ਰਿਥਮੇ ਆਪਣੇ ਮਨ ਨੂੰ ਪਰਬੋਧ ਕੇ ਫੇਰ ਅਵਰਾਂ ਨੂੰ ਰੀਝਾਵਹੁ। ਹੇ ਜੋਗੀਓ! ਤੁਸੀਂ ਜੋ ਸ਼ਿਵਜੀ ਗੋਰਖ ਵਾਲੀ ਅਲਪੱਗ ਆਦੇਸ ਅਲਖ ਜਗਾ ਕੇ ਪਰਸਪਰ ਨਮਸਕਾਰ ਕਰਦੇ ਹੋ, ਜੋਗੀਆਂ ਦੇ ਤ੍ਰੀਕੇ ਵਾਲਾ ਪਰਣਾਮ ਕਰਦੇ ਹੋ, ਸਾਡੀ (ਗੁਰਮਤਿ ਦੀ) ਆਦੇਸ ਓਸੇ ਇਕ ਅਕਾਲ ਪੁਰਖ ਨੂੰ ਹੈ, ਜੋ ਜੁਗਾਂ ਜੁਗੰਤਰਾਂ ਵਿਖੇ ਸਾਰੇ ਤੇ ਸਾਰਿਆਂ ਵਿਚਿ ਸਮਸਰ ਸਮਾਨ ਹੀ ਵਰਤਦਾ ਚਲਿਆ ਆਇਆ ਹੈ ਅਤੇ ਸਦਾ ਇਕ-ਸਮਾਨ ਹੀ ਵਰਤਦਾ ਰਹੇਗਾ। ਅਸੀਂ ਸ਼ਿਵਜੀ ਗੋਰਖ ਆਦਿਕ ਅਲਪਗ ਅਵਤਾਰਾਂ ਨੂੰ, ਸਮੇਂ ਸਮੇਂ ਸਿਰ ਬਦਲਦੇ ਅਵਤਾਰਾਂ ਨੂੰ ਨਹੀਂ ਮੰਨਦੇ। ਅਸੀਂ ਤਾਂ ਇਕ-ਰਸ ਰਹਿਣ ਵਾਲੇ ਆਦਿ ਜੁਗਾਦੀ ਅਤੇ ਸਦੀਵੀ ਈਸ਼ਵਰ ਪਰਮਾਤਮਾ ਨੂੰ ਪਰਣਾਮ ਆਦੇਸ ਕਰਦੇ ਹਾਂ।

ਅਗਲੀਆਂ ਤੁਕਾਂ ਅੰਦਰਿ ਭਗਤਿ (ਰਾਸ) ਪਾਉਣ ਵਾਲੇ ਭਗਤੀਆਂ ਜੰਗਮਾਂ ਨੂੰ ਉਪਦੇਸ਼ ਕਰਦੇ ਹਨ, ਜੋ ਭਾਂਤਿ ਭਾਂਤਿ ਦਾ ਰਾਗ ਅਲਾਪਦੇ ਹਨ ਅਤੇ ਭਾਂਤਿ ਭਾਂਤਿ ਦੀਆਂ ਬੋਲੀਆਂ ਬੋਲਦੇ ਹਨ। ਤਿਨ੍ਹਾਂ ਪ੍ਰਤੀ ਫ਼ੁਰਮਾਉਂਦੇ ਹਨ ਕਿ ਰਾਗ ਤਾਂ ਗਾਉਂਦੇ ਹੋ ਅਤੇ ਬਹੁ ਭਾਂਤੀਆਂ ਬੋਲੀਆਂ ਭੀ ਬੋਲਦੇ ਹੋ, ਪਰ ਤੁਸਾਡੇ ਮਨ ਤਾਂ ਹੋਰ ਹੀ ਖੇਡਾਂ ਖੇਡਦੇ ਫਿਰਦੇ ਹਨ। ਹੋਰ ਹੋਰ ਹੀ ਤ੍ਰਿਸ਼ਨਾਲੂ ਸੰਕਲਪਾਂ ਵਿਕੱਲਪਾਂ ਦੀਆਂ ਧਾਵਣੀਆਂ ਧਾਵੰਦੇ ਫਿਰਦੇ ਹਨ। ਜਿਸ ਪ੍ਰਕਾਰ, ਖੂਹ ਤਾਂ ਇਸ ਲਈ ਜੋਂਦੇ ਹਨ ਕਿ ਖੇਤੀ ਨੂੰ ਪਾਣੀ ਮਿਲੇ, ਜਿਸ ਕਰਕੇ ਖੇਤੀ ਹਰੀ ਹੋ ਜਾਏ, ਪਰ ਜੇ ਖੂਹ ਜੋਏ ਬਲਦਾਂ ਨੂੰ ਕਾਬੂ ਵਿਚਿ ਨਾ ਰਖਿਆ ਜਾਏ ਤਾਂ ਬਲਦ ਹੀ ਵੇਲਾਂ ਨੂੰ ਖਾ ਜਾਂਦੇ ਹਨ ਅਤੇ ਖੂਹ ਜੋਣ ਦਾ ਸਾਰਾ ਆਹਰ-ਮਨੋਰਥ ਹੀ ਬਿਰਥਾ ਜਾਂਦਾ ਹੈ। ਏਸੇ ਪ੍ਰਕਾਰ ਜੇ ਮਨ ਰੂਪੀ ਬਲਦ ਵੱਸ ਵਿਚਿ ਨਾ ਆਵੇ ਅਤੇ ਏਕਾਗਰ ਨਾ ਹੋਵੇ, ਉਤੋਂ ਉਤੋਂ ਰਾਗ ਨਾਦ ਕੀਤਾ ਕਾਰਗਰ ਨਹੀਂ ਹੁੰਦਾ। ਹੇ ਜੋਗੀਓ! ਰਾਗ ਨਾਦੀਓ! ਕਾਇਆਂ ਨਗਰੀ ਦੀ ਬਸੁਧਾ ਧਰਤੀ ਅੰਦਰਿ ਗੁਰਮਤਿ ਨਾਮੁ ਰੂਪੀ ਬੀਜ ਨੂੰ ਬੋ ਕੇ ਉਸ ਦੀ ਅਭਿਆਸ ਕਮਾਈ ਵਾਲਾ ਕਰਮ ਗਹਿ ਕੇ ਕਮਾਵਹੁ। ਤਦ ਇਸ ਹਿਰਦੇ ਰੂਪੀ ਕਾਇਆਂ ਭੂਮੀ ਅੰਦਰਿ ਅੰਮ੍ਰਿਤ ਰਸ ਨਾਮ ਦਾ ਜੋਤਿ-ਖਿੜਨੀ ਫਲ ਉਗਵੇਗਾ (ਜੰਮੇਗਾ), ਜਿਸ ਕਰਕੇ ਕਾਇਆਂ ਸਰੀਰ ਰੂਪੀ ਖੇਤ ਸਦਾ ਹਰਿਆ ਭਰਿਆ ਜੋਤਿ ਵਿਗਾਸ ਵਿਗਸਾਇਆ, ਰਸ-ਰਸਾਇਆ ਰਹੇਗਾ। ਇਸ ਬਿਧਿ ਗੁਰਮਤਿ ਸਿੰਚਨੀ ਸਿੰਚਹੁ ਕਾਇਆ-ਨਗਰ ਭੂਮੀ ਬਸੁਧਾ ਨੂੰ। ਮਨ ਰੂਪੀ ਬੈਲ ਨੂੰ ਅਸਥਿਰ ਕਰ ਕੇ ਗੁਰਮਤਿ ਨਾਮ-ਜਾਪ ਵਿਚਿ ਜੋੜੇ। ਜਿਉਂ ਜਿਉਂ ਜੋੜੋਗੇ ਤੇ ਜੋੜਿ ਜੋੜਿ ਅਭਿਆਸ ਕਰੀ ਜਾਵੋਗੇ, ਤਿਉਂ ਤਿਉਂ ਹੋਰ ਤੋਂ ਹੋਰ ਅਸਚਰਜ ਰੰਗ ਖਿੜਨਗੇ।

ਗੁਰੂ ਸੱਚੇ ਪਾਤਿਸ਼ਾਹ ਫੇਰ ਇਨ੍ਹਾਂ ਜੋਗੀਆਂ ਜੰਗਮਾਂ ਦੀ ਤਰਸ ਜੋਗ ਦਸ਼ਾ ਤੇ ਰਹਿਮ ਕਰ ਕੇ ਇਉਂ ਸਨਮੁਖ ਪ੍ਰਾਰਥਨਾ ਵਾਹਿਗੁਰੂ ਅਗੇ ਕਰਦੇ ਹਨ- ਹੇ ਵਾਹਿਗੁਰੂ! ਏਹ ਜੋਗੀ ਜੰਗਮ ਸਭ ਤੇਰੀ ਹੀ ਸਾਜੀ ਸ੍ਰਿਸ਼ਟੀ ਵਿਚੋਂ ਤੇਰੇ ਹੀ ਸਾਜੇ ਹੋਏ ਜੀਵ ਹਨ। ਜਿਵੇਂ ਤੁਸੀਂ ਏਹਨਾਂ ਨੂੰ ਮਤੀ ਦੇਵਹੁਗੇ ਤਿਵੇਂ ਹੀ ਚਲਣਗੇ। ਇਹਨਾਂ ਨੂੰ ਕਿਰਪਾ ਕਰ ਕੇ ਗੁਰਮਤਿ ਸੁਮੱਤੀ ਬਖ਼ਸ਼ੋ। ਸੱਚੀ ਸੁਮੱਤੀ ਬਖ਼ਸ਼ੋ, ਜਾਂ ਤੇ ਇਹ ਸਿੱਧੇ ਪ੍ਰਮਾਰਥੀ ਮਾਰਗ ਤੇ ਚਲਣ ਜੋਗੇ ਹੋ ਜਾਣ। ਹੇ ਗੁਰੂ ਨਾਨਕ ਸਾਹਿਬ ਦੇ ਪ੍ਰੀਤਮ ਪ੍ਰਭੂ ਪਿਆਰੇ ਅੰਤਰਜਾਮੀ ਵਾਹਿਗੁਰੂ! ਆਪ ਇਹਨਾਂ ਦਾ ਮਨੂਆ ਪ੍ਰੇਰ ਕੇ

 www.sikhbookclub.com

ਆਪਣੀ ਓਰ, ਆਪਣੇ ਚਰਨਾਂ ਦੀ ਓਰ ਲਾਵਹੁ, ਜਾਂ ਤੇ ਇਹਨਾਂ ਦੀ ਭੀ ਸੱਚੀ ਗਤੀ ਹੋਵੇ।

ਇਹ ਜਾਚਨਾ ਗੁਰੂ ਸਾਹਿਬ ਦੀ ਕੀਤੀ ਹੋਈ ਬਿਰਥੀ ਨਹੀਂ ਜਾਵੇਗੀ। ਇਕ ਦਿਨ ਆਵੇਗਾ ਕਿ ਇਹ ਜੋਗੀ ਜੰਗਮ ਆਦਿਕ ਸਾਰੇ ਹੀ ਭੇਖ-ਕਰਮੀ ਮੁੜਿ ਮੁੜਿ ਗੁਰੂ ਸ਼ਰਨਾਗਤਿ ਆਉਣਗੇ ਅਤੇ ਗੁਰਮਤਿ ਨੂੰ ਮਤਿ ਕਰ ਕੇ ਗ੍ਰਹਿਣ ਕਰਨਗੇ ਅਤੇ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਿ ਕਰਿ ਤਰਨਗੇ, ਭਵਜਲ ਤੋਂ ਪਾਰ ਪਰਨਗੇ। ਬੋਲਹੁ ਭਾਈ ਵਾਹਿਗੁਰੂ !

ਗੁਰਮਤਿ ਕਰਮ ਫ਼ਿਲਾਸਫ਼ੀ ਦੀ ਬਾਰਤਾ ਹੋਰ ਚਲੀ। ਆਨਮਤਿ ਕਰਮਾਂ ਨਾਲੋਂ ਗੁਰਮਤਿ ਕਰਮ ਦੇ ਅਫਜਲ ਅਤੇ ਵਿਲੱਖਣ ਹੋਣ ਦਾ ਨਿਰਣਾ ਵੇਰਵਾ ਹੋਰ ਚਲਿਆ।

> ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥ ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ
> ॥ ੨ ॥ ... ... ... ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥ ਗੁਰ ਹਰਿ ਹਰਿ
> ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥ ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥
> ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥ ੪ ॥

(ਆਸਾ ਮ: ੫, ਪੰਨਾ ੩੭੧)

ਭਾਵ— ਮਾਇਆ ਐਸੀ ਮੋਹਨੀ ਹੈ, ਨਾ ਤੀਰਥਾਂ ਦੇ ਤਟਾਂ ਤੇ ਰਹਿਣ ਵਾਲਿਆਂ ਨੂੰ ਛਡਦੀ ਹੈ, ਨਾ ਤੀਰਥਾਂ ਦੇ ਪੁਰਬੀ-ਇਸ਼ਨਾਨ ਕਰਨ ਵਾਲਿਆਂ ਨੂੰ ਛਡਦੀ ਹੈ, ਨਾ ਜੋਗ ਅਭਿਆਸੀਆਂ ਨੂੰ ਅਤੇ ਨ ਹੋਰ ਸਾਧਨ ਕਰਮ ਕਰਨਹਾਰਿਆਂ ਉਤੇ ਮਾਇਆ ਆਪਣਾ ਅਸਰ ਪਾਉਣੋਂ ਰਹਿੰਦੀ ਹੈ। ਨਾ ਸੰਨਿਆਸ ਕਰਮ ਕਰਨਹਾਰੇ ਸੰਨਿਆਸੀਆਂ ਦਾ ਖਹਿੜਾ ਛਡਦੀ ਹੈ। ਬਥੇਰੇ ਸਿਮ੍ਰਿਤੀਆਂ ਸ਼ਾਸਤ੍ਰਾਂ ਨੂੰ ਪੜ੍ਹਿ ਥਕੇ, ਤਿਨ੍ਹਾਂ ਦੇ ਪੜ੍ਹਨ-ਹਾਰਿਆਂ ਅਤੇ ਤਿਨ੍ਹਾਂ ਦੇ ਅਨੁਸਾਰੀ ਕਰਮ ਕਰਨਹਾਰਿਆਂ ਨੂੰ ਭੀ ਇਹ ਮਾਇਆ ਪ੍ਰਬਲ ਹੋ ਕੇ ਲੈਂਦੀ ਹੈ। ਬੇਦ-ਅਭਿਆਸੀਆਂ ਅਤੇ ਬੇਦਾਚਾਰੀ ਕਰਮ ਕੀਤਿਆਂ ਭੀ ਇਸ ਮਾਇਆ ਮੋਹਨੀ ਤੋਂ ਛੁਟਕਾਰਾ ਨਹੀਂ ਹੁੰਦਾ। ਮਹਿਮਾ ਮਈ ਗੁਰੂ ਘਰ ਦੀ ਵਡਿਆਈ ਸੁਣ ਕੇ ਸਤਿਗੁਰੂ ਦਆਰੇ ਜੋ ਵਡਭਾਗਾ ਜਨ ਆਉਂਦਾ ਹੈ ਅਤੇ ਸ਼ਰਧਾ ਸੇਤੀ ਜਾਚਨਾਂ ਕਰਦਾ ਹੈ, ਉਸ ਦੇ ਉਪਰ ਸਤਿਗੁਰੂ ਦੀ ਦਇਆ ਹੁੰਦੀ ਹੈ। ਤਾਂ ਉਸ ਨੂੰ ਗੁਰੂ ਦੁਆਰਿਓਂ ਗੁਰਮਤਿ ਨਾਮ ਗੁਰ-ਮੰਤਰ ਮਿਲਦਾ ਹੈ ਅਤੇ ਦ੍ਰਿੜ੍ਹਾਇਆ ਜਾਂਦਾ ਹੈ। ਗੁਰ-ਮੰਤਰ ਦੀ ਅਭਿਆਸ ਕਮਾਈ ਕਰ ਕੇ ਅਤੇ ਗੁਰੂ ਦਰਸਾਏ ਅਨੰਦਤ ਗੁਣ ਗਾਇ ਕੇ ਲੋੜੰਦੜੇ ਨਿਜ ਘਰ ਵਿਚ ਵਾਸ ਹੋ ਜਾਂਦਾ ਹੈ। ਤੇ ਨਿਜ ਘਰ ਵਾਸਾ ਹੋਣ ਕਰਿ ਅਨੰਦਤ ਵਾਹਿਗੁਰੂ ਦਾ ਮਿਲਾਪ ਹੋ ਜਾਂਦਾ ਹੈ। ਪੂਰਨ ਨਿਸਚਿੰਤਤਾ ਇਸ ਪਦ ਨੂੰ ਪ੍ਰਾਪਤ ਕੀਤਿਆਂ ਹੁੰਦੀ ਹੈ। ਇਹ ਵਾਧਾ ਹੈ ਗੁਰਮਤਿ ਕਰਮਾਂ ਦਾ ਆਨਮਤਿ ਕਰਮ ਕਾਂਡਾਂ ਨਾਲੋਂ।

> ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥ ਉਪਦੇਸੁ ਕਰੈ ਆਪਿ
> ਨ ਕਮਾਵੈ ਤਤੁ ਸਬਦੁ ਨ ਪਛਾਨੈ ॥ ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ
> ਖਾਕੁ ਛਾਨੈ ॥ ੩ ॥ ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ ॥ ਮੇਰੀ
> ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥ ਗੁਰ ਮਿਲਿ ਨਾਨਕ ਨਾਮੁ
> ਧਿਆਇਆ ਸਾਚਿ ਨਾਮਿ ਨਿਸਤਾਰਾ ॥ ੪ ॥ ੧ ॥ ੩੮ ॥

(ਆਸਾ ਘਰ ੩ ਮ: ੫, ਪੰਨਾ ੩੮੦)

ਵਿਆਖਿਆ— ਬਹੁਤੇ ਅਤੇ ਅਨੇਕਾਂ ਆਨਮਤਿ ਕਰਮਾਂ ਧਰਮਾਂ ਦੀਆਂ ਆਮੁਹਾਰੀਆਂ ਜੁਗਤੀਆਂ ਕੀਤਿਆਂ ਅਤੇ ਅਨੇਕਾਂ ਪ੍ਰਕਾਰ ਦੇ ਕਰਮ ਕਮਾਇਆਂ ਕਰਨਹਾਰ ਕਰਤਾਰ ਨੂੰ ਨਹੀਂ ਜਾਣ ਪਛਾਣ ਸਕੀਦਾ। ਦੂਜਿਆਂ ਨੂੰ ਉਪਦੇਸ਼ ਦਿੰਦਾ ਹੈ ਅਤੇ ਆਪ ਨਹੀਂ ਕਮਾਉਂਦਾ। ਉਹ ਇਉਂ ਸਮਝੋ ਕਿ ਨਿਰੇ ਨਿਗੁਰੇ ਕਰਮ ਹੀ ਕਰਦਾ ਹੈ। ਗੁਰਮਤਿ ਤੱਤ ਸਬਦ ਦੀ ਉਸ ਨੂੰ ਸੂਝ ਬੂਝ ਨਹੀਂ ਹੁੰਦੀ। ਤਾਂ ਤੇ ਬਿਨ ਤੱਤ ਸ਼ਬਦ ਦੀ ਸੂਝ ਬੂਝ ਦੇ ਜਿਤਨੇ ਭੀ ਕਰਮ ਧਰਮ ਸੰਜਮ ਕੋਈ ਕਰਦਾ ਹੈ ਉਹ ਹਾਥੀ ਵਾਂਗੂੰ ਆਪਣੇ ਸਿਰ ਤੇ ਖੇਹ ਹੀ ਪਾਉਂਦਾ ਹੈ ਅਤੇ ਖ਼ਾਕ ਹੀ ਛਾਣਦਾ ਹੈ। ਜਿਹਾ ਨੰਗ ਮਲੰਗ ਆਇਆ ਤਿਹਾ ਹੀ ਨੰਗ ਮਲੰਗ ਜਗ ਤੋਂ ਉਠਿ ਜਾਂਦਾ ਹੈ, ਹਾਸਿਲ ਉਸ ਨੂੰ ਕੁਛ ਨਹੀਂ ਹੁੰਦਾ। ਸੱਚ ਮੁੱਚ ਐਥੋਂ, ਇਸ ਜਗ ਤੋਂ, ਨਾਮ ਬਿਨਾਂ ਖਟ ਕੇ ਲੈ ਜਾਣ ਨੂੰ ਭੀ ਕੁਛ ਨਹੀਂ। ਇਹ ਸਭ ਝੂਠਾ ਪਸਾਰਾ ਹੀ ਹੈ ਤ੍ਰੈਗੁਣੀ ਮਾਇਆ ਦਾ, ਜਿਸ ਪਿਛੇ ਸਾਰਾ ਜੱਗ ਧਾਵੰਦਾ ਫਿਰਦਾ ਹੈ। ਆਨਮਤਿ ਕਰਮਾਂ ਧਰਮਾਂ ਵਾਲੇ ਸਾਰੇ ਧਾਵੰਦੇ ਫਿਰਦੇ ਹਨ। ਐਸੇ ਕਰਮੀਏ ਧਰਮੀਏ ਸਭਿ ਗਵਾਰ ਲੋਗ ਹਨ, ਜੋ ਐਵੇਂ ਖਪਿ ਖਪਿ ਮਰਦੇ ਹਨ ਅਤੇ ਮੈਂ-ਮੇਰੀ ਦੇ ਹਠ-ਧਰਮੀ ਹਠ-ਕਰਮੀ ਹੜ੍ਹ ਵਿਚਿ ਡੁਬਿ ਡੁਬਿ ਮਰਦੇ ਹਨ। ਜਿਨ੍ਹਾਂ ਨੇ ਗੁਰੂ ਦੁਆਰਾ ਗੁਰਮਤਿ ਨਾਮੁ ਧਿਆਇਆ ਹੈ ਤਿਨ੍ਹਾਂ ਦਾ ਹੀ ਨਾਮ ਅਭਿਆਸ ਕਮਾਈਆਂ ਕਰਿ ਕਰਿ ਸੱਚਾ ਨਿਸਤਾਰਾ ਪਾਰ-ਉਤਾਰਾ ਹੁੰਦਾ ਹੈ।

**ਆਸਾ ਮਹਲਾ ੫ ॥ ਤੀਰਥਿ ਜਾਉ ਤ ਹਉ ਹਉ ਕਰਤੇ ॥ ਪੰਡਿਤ ਪੂਛਉ ਤ ਮਾਇਆ ਰਾਤੇ ॥ ੧ ॥ ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ ੧ ॥ ਰਹਾਉ ॥ ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥ ੨ ॥ ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥ ਕਰਮ ਕਰਤ ਜੀਅ ਕਉ ਜੰਜਾਰ ॥ ੩ ॥ ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥ ੪ ॥ ਸਾਧਸੰਗਿ ਹਰਿ ਕੀਰਤਨੁ ਗਾਈਐ ॥ ਇਹੁ ਅਸਥਾਨੁ ਗੁਰੂ ਤੇ ਪਾਈਐ ॥ ੧ ॥ ਰਹਾਉ ਦੂਜਾ ॥ ੨ ॥ ੫੮ ॥**

(ਪੰਨਾ ੩੮੫)

ਵਿਆਖਿਆ— ਆਨਮਤੀ ਲੋਗ ਪਹਿਲਾਂ ਤਾਂ ਹਉਂ ਹਉਂ ਕਰਦੇ ਹੋਏ ਹਉਮੈ ਦੇ ਲੱਦੇ ਹੋਏ ਤੀਰਥ-ਯਾਤਰਾ ਕਰਨ ਜਾਂਦੇ ਹਨ। ਤੀਰਥ ਕੀਤਿਆਂ ਤੇ ਤੀਰਥ ਨ੍ਹਾਤਿਆਂ ਹਉਮੈ ਦੀ ਹੋਰ ਦੂਗਣੀ ਮੈਲ ਲੱਗ ਜਾਂਦੀ ਹੈ। ਤਾਂ ਐਸੀ ਤੀਰਥ ਯਾਤਰਾ ਦਾ ਕੀ ਫ਼ਾਇਦਾ? ਬੜੇ ਬੜੇ ਬੇਦ-ਬੇਤੇ ਪੰਡਿਤਾਂ ਨੂੰ ਦੇਖੋ-ਪੜਤਾਲੋ ਤਾਂ ਵਿਚੋਂ ਉਹਨਾਂ ਦੇ ਮਾਇਆ ਦੀ ਭੰਗਾਰ ਭਰੀ ਹੋਈ ਹੀ ਮਿਲਦੀ ਹੈ। ਜਿਥੇ ਜਾਓ ਤੇ ਜਿਸ ਨੋ ਪੁਛੋ, ਤਿਥੇ ਹਰ ਕਿਸੇ ਦੇ ਅੰਦਰਿ ਮਾਇਆ ਦਾ ਪਸਾਰਾ ਹੀ ਪਸਰਿਆ ਨਿਕਲਦਾ ਹੈ। ਲੋੜ ਹੈ ਤਾਂ ਐਸੇ ਅਸਥਾਨ ਦੇ ਲੱਭਣ ਦੀ ਲੋੜ ਹੈ ਜਿਥੇ ਨਿਤਾਪ੍ਰਤਿ ਕੀਰਤਨ ਹੁੰਦਾ ਹੋਵੇ। ਸ਼ਾਸਤ੍ਰਾਂ ਤੇ ਬੇਦਾਂ ਵਿਚਿ ਪਾਪ ਪੁੰਨ ਦੇ ਹੀ ਫੋਕਟ ਭੰਗਾਰ ਰੂਪੀ ਵਿਚਾਰ ਭਰੇ ਪਏ ਹਨ। ਤ੍ਰੈਗੁਣੀ ਮਾਇਆ ਦੇ ਟੰਟਿਆਂ ਦਾ ਹੀ ਵਿਸਥਾਰ ਇਨ੍ਹਾਂ ਫੋਕਟ ਵੀਚਾਰਾਂ ਵਿਚਿ ਹੁੰਦਾ ਹੈ। ਏਹਨਾਂ ਸ਼ਾਸਤ੍ਰ ਬੇਦ ਵਿਸਥਾਰੀ ਕਰਮਾਂ ਦੇ ਕਰਨਹਾਰਿਆਂ ਨੂੰ ਨਰਕਾਂ ਸੁਰਗਾਂ ਵਿਚਿ ਹੀ ਪੈਣਾ ਪੈਂਦਾ ਹੈ। ਬੇਦ ਸ਼ਾਸਤ੍ਰ ਦੇ ਦ੍ਰਿੜਾਏ ਗ੍ਰਿਹਸਤ ਧਰਮ ਗ੍ਰਹਿਣ ਕੀਤਿਆਂ ਚਿੰਤਾ-ਗ੍ਰਸਤ ਹੀ ਰਹੀਦਾ ਹੈ। ਗ੍ਰਿਸਤ ਤੋਂ ਉਪਰਾਮ ਹੋ ਕੇ ਗ੍ਰਿਹਸਤ ਦਾ ਤਿਆਗ ਬੇਦਾਂ ਸ਼ਾਸਤ੍ਰਾਂ ਨੇ ਦ੍ਰਿੜ੍ਹਾਇਆ ਹੈ। ਤਿਸ

 www.sikhbookclub.com

ਤਿਆਗ ਸੰਨਿਆਸ ਦੇ ਧਾਰਨ ਕੀਤਿਆਂ ਹੰਕਾਰ ਹੀ ਹੰਕਾਰ ਵਧਦਾ ਹੈ, ਕੁਛ ਨਹੀਂ ਸਰਦਾ ਸਿਝਦਾ। ਹਰ ਸੂਰਤ ਬੇਦ ਸ਼ਾਸਤ੍ਰ ਅਨੁਸਾਰੀ ਕਰਮ ਕੀਤਿਆਂ ਜੀਆਂ ਦੇ ਬੰਧਨਾਂ ਰੂਪੀ ਜੰਜਾਲ ਹੀ ਜੰਜਾਲ ਵਧਦੇ ਹਨ। ਜਿਨ੍ਹਾਂ ਨੂੰ ਵਾਹਿਗੁਰੂ ਦੀ ਕਿਰਪਾ ਨਾਲਿ ਸੱਚੇ ਸਤਿਗੁਰੂ ਦੀ ਸਰਣ ਪ੍ਰਾਪਤਿ ਹੋਈ ਹੈ ਤਿਨ੍ਹਾਂ ਨੂੰ ਨਾਮ ਗੁਰ-ਦੀਖਿਆ ਗੁਰੂ ਦੁਆਰਿਓਂ ਮਿਲਣ ਕਰਿ ਗੁਰਮਤਿ ਨਾਮ ਅਭਿਆਸ ਕਮਾਈ ਦੀ ਬਰਕਤ ਪ੍ਰਾਪਤਿ ਹੋਈ ਹੈ। ਤਿਸ ਬਰਕਤ ਦੁਆਰਾ ਤਿਨ੍ਹਾਂ ਦਾ ਮਨੁ ਵਸਿ ਆਇਆ ਹੈ। ਐਸੇ ਮਨ-ਵਸਗਤੀ ਗੁਰਮੁਖਾਂ ਨੇ ਮਾਇਆ ਉਪਰ ਭੀ ਵਸੀਕਾਰ ਕੀਤਾ ਹੈ। ਤਿਨ੍ਹਾਂ ਨੂੰ ਮਾਇਆ ਪੁਹੰਦੀ ਨਹੀਂ। ਐਸੇ ਗੁਰਮੁਖਿ ਜਨ ਆਏ (ਸੰਸਾਰ ਵਿਚਿ) ਅਲੇਪ ਨਿਰਲੇਪ ਰਹਿੰਦੇ ਹੋਏ ਮਾਇਆ ਦੇ ਸਮੁੰਦਰ ਭਵਜਲੋਂ ਪਾਰ ਪੈਂਦੇ ਹਨ। ਤਿਨ੍ਹਾਂ ਨੂੰ ਗੁਰੂ ਘਰ ਦੀ ਸਾਧ ਸੰਗਤਿ ਪ੍ਰਾਪਤਿ ਹੋਈ ਹੈ। ਜਿਸ ਸਤਸੰਗਤਿ ਵਿਚਿ ਮਿਲ ਕੇ ਹਰਿ-ਕੀਰਤਨ ਗਾਉਣਾ ਨਸੀਬ ਹੁੰਦਾ ਹੈ। ਇਹ ਗੁਰੂ ਘਰ ਦਾ ਹਰਿ-ਕੀਰਤਨ ਅਤੇ ਗੁਰੂ ਘਰ ਦੇ ਕੀਰਤਨੀਆਂ ਦਾ ਕੀਰਤਨ-ਮੰਡਲ ਵਡੇ ਭਾਗਾਂ ਕਰਕੇ ਮਿਲਦਾ ਹੈ। ਜੋ ਸਾਰੇ ਕਰਮਾਂ ਸਿਰ ਸ੍ਰੇਸ਼ਟ ਅਤੇ ਮਹਾਂ ਸ੍ਰੇਸ਼ਟ ਉਤਮ ਅਤੇ ਵਿਲੱਖਣ ਕਰਮ ਹੈ। ਜਿਸ ਦੇ ਤੁਲਿ ਕੋਈ ਕਰਮ ਧਰਮ ਨਹੀਂ ਪੁਜ ਸਕਦਾ।

> ਆਸਾ ਮਹਲਾ ੫ ॥ ਸਗਲ ਸੂਖ ਜਪਿ ਏਕੈ ਨਾਮ ॥ ਸਗਲ ਧਰਮ ਹਰਿ ਕੇ ਗੁਣ ਗਾਮ ॥ ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸ ਭੇਟਤ ਲਾਗੈ ਪ੍ਰਭ ਰੰਗੁ ॥ ੧ ॥ ਗੁਰ ਪ੍ਰਸਾਦਿ ਓਇ ਆਨੰਦ ਪਾਵੈ ॥ ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ਤਾ ਕੀ ਗਤਿ ਮਿਤਿ ਕਹਨ ਨ ਜਾਵੈ ॥ ੧ ॥ ਰਹਾਉ ॥ ਵਰਤ ਨੇਮ ਮਜਨ ਤਿਸੁ ਪੂਜਾ ॥ ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ ॥ ਮਹਾ ਪੁਨੀਤ ਜਾ ਕਾ ਨਿਰਮਲ ਥਾਨੁ ॥ ਸਾਧਸੰਗਤਿ ਜਾ ਕੈ ਹਰਿ ਹਰਿ ਨਾਮੁ ॥ ੨ ॥ ਪ੍ਰਗਟਿਓ ਸੋ ਜਨ ਸਗਲੇ ਭਵਨ ॥ ਪਤਿਤ ਪੁਨੀਤ ਤਾ ਕੀ ਪਗ ਰੇਨ ॥ ਜਾ ਕਉ ਭੇਟਿਓ ਹਰਿ ਹਰਿ ਰਾਇ ॥ ਤਾ ਕੀ ਗਤਿ ਮਿਤਿ ਕਥਨੁ ਨ ਜਾਇ ॥ ੩ ॥ ਆਠ ਪਹਰ ਕਰ ਜੋੜਿ ਧਿਆਵਉ ॥ ਉਨ ਸਾਧਾ ਕਾ ਦਰਸਨੁ ਪਾਵਉ ॥ ਮੋਹਿ ਗਰੀਬ ਕਉ ਲੇਹੁ ਰਲਾਇ ॥ ਨਾਨਕ ਆਇ ਪਏ ਸਰਣਾਇ ॥ ੪॥ ੩੮॥ ੮੯॥

(ਪੰਨਾ ੩੯੨-੯੩)

ਵਿਆਖਿਆ— ਏਕ ਨਾਮ ਦੇ ਜਪਿਆਂ ਲੋਕ ਪਰਲੋਕ ਦੇ ਸਾਰੇ ਸੁਖਾਂ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਵਾਹਿਗੁਰੂ ਦੇ ਗੁਣ ਗਾਉਣ ਵਿਚਿ, ਗੁਰਬਾਣੀ ਰੂਪੀ ਗੁਰਮਤਿ ਗੁਣਾਂ ਦੇ ਕੀਰਤਨ ਕਰਨ ਵਿਚਿ ਸਾਰੇ ਹੀ ਕਰਮ ਧਰਮ ਆ ਜਾਂਦੇ ਹਨ। ਗੁਰੂ ਘਰ ਦੀ ਸਾਧ ਸੰਗਤਿ ਦਾ ਸੰਗ ਕਰਨਾ ਮਹਾਂ ਪਵਿੱਤਰ ਕਰਮੁ ਹੈ। ਜਿਸ ਜਿਹਾ ਕੋਈ ਕਰਮ ਨਹੀਂ। ਇਸ ਕਰਕੇ ਮਹਾਂ ਪਵਿੱਤਰ ਹੈ ਕਿ ਸਾਧ ਸੰਗਤਿ ਨੂੰ ਭੇਟਿਆਂ ਵਾਹਿਗੁਰੂ ਦਾ ਨਾਮ ਰੰਗੁ, ਪ੍ਰੇਮ ਰੰਗੁ, ਚੜ੍ਹਦਾ ਹੈ। ਨਾਮ ਦੇ ਪ੍ਰੇਮ ਦੇ ਰੰਗ ਚੜ੍ਹਿਆ ਗੁਰ ਪ੍ਰਸਾਦੀ ਉਹ ਆਨੰਦ ਆਉਂਦਾ ਹੈ, ਪ੍ਰਾਪਤਿ ਹੁੰਦਾ ਹੈ ਕਿ ਜਿਸ ਦੀ ਗਹਿਣ ਗਤਿ ਕਹੀ ਨਹੀਂ ਜਾ ਸਕਦੀ। ਵਾਹਿਗੁਰੂ ਨਾਮ ਦੀ ਅਭਿਆਸ ਕਮਾਈ (ਸਿਮਰਨ) ਕੀਤਿਆਂ ਮਨ ਅੰਦਰਿ ਜੋਤੀਸ਼ ਵਾਹਿਗੁਰੂ ਦੀ ਜੋਤਿ ਦਾ ਪ੍ਰਕਾਸ਼ ਹੋਇ ਆਵੰਦਾ ਹੈ। ਜਿਸ ਜੋਤਿ ਪ੍ਰਕਾਸ਼ ਦੀ ਮਹਿਮਾ ਭੀ ਅਕੱਥ ਹੈ, ਕਥੀ ਨਹੀਂ ਜਾ ਸਕਦੀ।

ਤਿਸ ਜੋਤਿ ਪ੍ਰਕਾਸ਼ੀ ਨਾਮ ਅਭਿਆਸੀ ਦੇ ਨਾਮ ਅਭਿਆਸ ਕਰਮ ਵਿਚਿ ਵਰਤ ਨੇਮ ਤੀਰਥਾਂ ਦੇ ਮਜਨ ਆਦਿਕ ਕਰਮ ਸਭਿ ਆ ਗਏ। ਉਸ ਨੇ ਬੇਦ ਪੁਰਾਣ ਸਿਮ੍ਰਿਤੀਆਂ ਸਭ ਸੁਣ ਲਈਆਂ। ਤਿਸ ਨੂੰ ਨਾ ਬੇਦਾਂ ਦੇ ਪੜ੍ਹਨ ਸੁਣਨ ਦੀ ਲੋੜ ਰਹੀ, ਨਾ ਹੀ ਪੁਰਾਣ, ਸ਼ਾਸਤ੍ਰ, ਸਿਮ੍ਰਿਤੀਆਂ ਦੇ ਪੜ੍ਹਨ ਸੁਣਨ ਦੀ ਕਨੌਡ ਰਹੀ। ਬੇਦਾਂ ਪੁਰਾਣਾਂ ਸਿਮ੍ਰਿਤੀਆਂ ਦੇ ਦ੍ਰਿੜ੍ਹਾਏ ਕਰਮ ਕਰਨ ਦੀ ਲੋੜ ਨਹੀਂ ਰਹੀ। ਸਾਰੇ ਕਰਮ ਨਾਮ ਜਪਣ ਵਿਚਿ ਹੀ ਆ ਗਏ। ਜਿਸ ਜਨ ਦੇ ਅੰਦਰਿ ਵਾਹਿਗੁਰੂ ਨਾਮ ਦਾ ਨਿਵਾਸ ਹੈ ਤਿਸ ਨੂੰ ਸਾਧ ਸੰਗਤਿ ਰੂਪੀ ਮਹਾਂ ਪਵਿੱਤਰ ਅਤੇ ਨਿਰਮਲ ਅਸਥਾਨ ਮਿਲ ਗਿਆ ਹੈ।

ਸਗਲੇ ਭਵਨਾਂ ਵਿਚਿ, ਚੌਦਾਂ ਲੋਕਾਂ ਵਿਚਿ, ਸਾਰੀ ਸ੍ਰਿਸ਼ਟੀ ਵਿਚਿ ਸੋ ਜਨ ਉੱਘਾ ਹੋ ਗਿਆ ਹੈ, ਤਿਸ ਦੀ ਚਰਨ ਧੂੜੀ ਪਤਿਤਾਂ ਨੂੰ ਪਵਿੱਤਰ ਕਰਨਹਾਰੀ ਹੈ। ਜਿਸ ਨੂੰ ਰਾਇਆਂ-ਸਿਰਿ-ਰਾਇ ਹਰੀ ਰਾਇ ਦਾ ਦਰਸ਼ਨ ਭੇਟ ਹੋ ਗਿਆ ਹੈ, ਤਿਸ ਦੀ ਗਤਿ ਮਿਤਿ ਕਥੀ ਨਹੀਂ ਜਾ ਸਕਦੀ। ਗੁਰੂ ਘਰ ਦੇ ਐਸੇ ਗੁਰਮੁਖਿ ਸਾਧ ਜਨਾਂ ਦੇ ਦਰਸ਼ਨ ਕਰਦਾ ਹੀ ਰਹਾਂ ਜਿਨ੍ਹਾਂ ਦੀ ਸੰਗਤਿ ਅਤੇ ਦਰਸ਼ਨ ਭੇਟਣ ਦੇ ਪਰਤਾਪ ਨਾਲਿ ਐਸੀ ਬਰਕਤ ਕਲਾ ਵਰਤ ਜਾਵੇ ਕਿ ਅਠੋ ਪਹਿਰ ਹੱਥ ਜੋੜ ਕੇ ਨਾਮ ਧਿਆਨ ਰੂਪੀ ਅਭਿਆਸ ਕਮਾਈਆਂ ਕਰਾਂ ਅਤੇ ਕਰਦਾ ਨਾ ਥੱਕਾਂ।

ਪੰਚੇਸ਼ ਗੁਰੂ ਨਾਨਕ ਸਾਹਿਬ (ਗਰੀਬੀ ਮਸਕੀਨੀ ਦੇ ਮੁਜੱਸਮ ਅਵਤਾਰ) ਭੀ ਇਹੀ ਅਰਾਧਨਾ ਕਰਦੇ ਹਨ ਕਿ ਅਜਿਹੇ ਗੁਰਮੁਖਿ ਸਾਧ ਜਨਾਂ ਦਾ ਦਰਸ਼ਨ ਪਾਉਂਦਾ ਰਹਾਂ ਅਤੇ ਆਠ ਪਹਿਰ ਕਰ ਜੋੜਿ ਧਿਆਉਂਦਾ ਰਹਾਂ। ਤਿਨ੍ਹਾਂ ਗੁਰਮੁਖਾਂ ਗੁਰੂ ਕੇ ਸਾਧਾਂ ਸਿਖਾਂ ਦੀ ਸਰਣਾਗਤਿ ਆਇ ਕੇ ਇਹੀ ਜੋਦੜੀ ਕਰਾਂ ਤੇ ਕਰਦਾ ਰਹਾਂ ਕਿ ਮੇਰੇ ਜਿਹੇ ਗਰੀਬ ਨੂੰ ਭੀ ਆਪਣੀ ਸੰਗਤ ਵਿਚਿ ਰਲਾਇ ਲਵੋ। ਧੰਨ ਗਰੀਬੀ! ਧੰਨ ਗੁਰੂ ਨਾਨਕ ਤੇਰੀ ਗਰੀਬੀ! ਜਿਸ ਨੇ "ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ"[੧] ਦਾ ਸਬਕ ਗੁਰਸਿੱਖਾਂ ਨੂੰ ਸਿਖਾਇਆ ਅਤੇ ਖ਼ੁਦ ਗਰੀਬੀ ਦੇ ਪੂਰਨੇ ਪਾ ਕੇ ਸਿਖਾਇਆ। ਗੁਰਮਤਿ ਕਰਮੀਸ਼ਰਾਂ ਦੇ ਗਰੀਬੀ-ਗੀਧੇ ਨਿਰਮਾਣ ਅਤੇ ਨਿਸ਼ਕਾਮ ਕਰਮੁ ਦੀ ਹੀ ਤੁਲਤਾ ਕਰਮ-ਅਭਿਮਾਨੀਆਂ ਦੇ ਕਰਮਾਂ ਨਾਲਿ ਕਿਵੇਂ ਫਬ ਸਕੀਦਾ ਹੈ। ਗੁਰਮਤਿ ਨਾਮ ਅਭਿਆਸ ਕਰਮ ਆਨਮਤਿ ਨਿਉਲੀ ਆਦਿ ਕਰਮਾਂ ਤੋਂ ਅਤਿ ਸ੍ਰੇਸ਼ਟ ਅਤੇ ਬਹੁਤ ਹੀ ਵਿਲੱਖਣ ਕਰਮ ਹੈ। ਤਾਂ ਹੀ ਤਾਂ ਗੁਰਮਤਿ ਸਰਬੋਤਮੀ ਕਰਮੁ ਕਰਨ ਵਾਲੇ ਵਾਹਿਗੁਰੂ ਦੀ ਦਰਗਾਹ ਵਿਚਿ ਕਬੂਲ ਹੁੰਦੇ ਹਨ ਅਤੇ ਗਰੀਬੀ ਦੇ ਗੁਣਾਂ ਨਾਲਿ ਹੀ ਪੈਧੇ ਜਾਂਦੇ ਹਨ। ਤਿਨ੍ਹਾਂ ਨੂੰ ਸੂਖਮ ਤੋਂ ਸੂਖਮ ਅਹੰਕਾਰ ਦਾ ਸੰਕਲਪ ਨਹੀਂ ਉਤਪੰਨ ਹੁੰਦਾ। ਤਿਨ੍ਹਾਂ ਨੂੰ ਇਹ ਭੀ ਪ੍ਰਤੀਤ ਨਹੀਂ ਹੁੰਦਾ, ਇਹ ਭੀ ਸੋਝੀ ਤਿਨ੍ਹਾਂ ਨੂੰ ਨਹੀਂ ਰਹਿੰਦੀ ਕਿ ਮੈਂ ਕਰਮ ਕਰਨਹਾਰਾ ਹਾਂ। ਵਾਹਿਗੁਰੂ ਦੀ ਨਦਰਿ ਮਿਹਰ ਭੀ ਉਨ੍ਹਾਂ ਦੇ ਸਨਮੁਖ ਹੁੰਦੀ ਹੈ। ਨਾਮ-ਰਤਿਆਂ ਨੂੰ ਭਲਾ ਹੋਰ ਸੰਕਲਪ ਕੀ ਕਹੁ?

> ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ ॥ ਜਨ ਨਾਨਕ ਕੀਤਾ ਨਾਮੁ
> ਧਰ ਹੋਰੁ ਛੋਡਿਆ ਧੰਧਾ ॥ ੪ ॥ ੧ ॥ ੧੦੩ ॥

(ਆਸਾ ਘਰੁ ੮ ਕਾਫੀ ਮਃ ੫, ਪੰਨਾ ੩੯੬)

ਭਾਵ— ਭਾਵੇਂ ਲਖਾਂ ਆਨਮਤਿ ਕਰਮਾਂ ਨੂੰ ਕਮਾਈਐ ਅਤੇ ਸਾਰੀ ਉਮਰ ਕਮਾਈ ਹੀ

---

[੧] ਸੋਰਠਿ ਮਃ ੫ ਪੰਨਾ ੬੨੮



www.sikhbookclub.com

ਜਾਈਐ, ਪਰ ਕਰਮ-ਕਾਂਡੀਆਂ ਦੀ ਤ੍ਰਿਸ਼ਨਾ ਦੁਬਿਧਾ ਨੂੰ ਬੰਨ੍ਹ ਨਹੀਂ ਪੈਂਦਾ, ਸਗੋਂ ਵਧਦੀ ਹੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੇ ਸਿੱਖਾਂ ਨੇ ਕੇਵਲ ਨਾਮ ਅਭਿਆਸ ਨੂੰ ਆਪਣੀ ਟੇਕ ਬਣਾਇਆ ਹੈ। ਹੋਰ ਸਭ ਧੰਧ-ਬੰਧੀ ਕਰਮ ਕਰਨੇ ਤਿਆਗ ਦਿੱਤੇ ਹਨ। ਕੇਵਲ ਨਾਮ ਜਪਣ ਨਾਲਿ ਹੀ ਤ੍ਰਿਸ਼ਨਾ ਦੁਬਿਧਾ ਮਿਟਦੀ ਹੈ। ਹੋਰ ਕਿਸੇ ਕਰਮਾਂ ਦੇ ਕੀਤਿਆਂ ਨਹੀਂ ਮਿਟਦੀ। ਤਾਂ ਤੇ ਇਹ ਗੁਰਮਤਿ ਨਾਮ ਅਭਿਆਸ ਕਰਮ ਹੀ ਸਭ ਕਰਮਾਂ ਤੋਂ ਸ੍ਰੇਸ਼ਟ ਅਤੇ ਅਫਜਲ ਹੋਇਆ। ਤਾਂ ਤੇ ਇਸ ਸਿੱਟੇ ਦੀ ਸੱਚਾਈ ਵਾਲੀ ਗੌਰਵਤਾ ਦੇ ਮੰਨਣ ਵਿਚਿ ਕੋਈ ਸੰਦੇਹ ਨਹੀਂ ਰਿਹਾ।

> ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥ ਗਰਹ ਨਿਵਾਰੇ ਸਤਿਗੁਰੂ
> ਦੇ ਅਪਣਾ ਨਾਉ ॥ ੧ ॥ ... ... ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ
> ਚੀਤਿ ਨ ਆਵੈ ॥ ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥ ੨ ॥
> ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥ ਹਰਿ ਹਰਿ ਰਸਨਾ ਜੋ ਜਪੈ
> ਤਿਸੁ ਪੂਰਨ ਕਾਮੁ ॥ ੩ ॥ ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥
> ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖ ਨ ਥੀਆ ॥ ੪ ॥ ੧੮ ॥ ੧੨੦ ॥
>
> (ਆਸਾ ਮਃ ੫, ਪੰਨਾ ੪੦੦-੦੧)

ਵਿਆਖਿਆ— ਵਾਹਿਗੁਰੂ ਸਿਫਤਿ ਸਾਲਾਹ ਭਿੰਨਾ, ਵਾਹਿਗੁਰੂ ਜਸ ਮਈ ਗੁਰਬਾਣੀ ਦਾ ਕੀਰਤਨ ਗਾਇਆਂ ਅਤੀਅੰਤ ਸਹਜ ਸੁਖ ਮਈ ਆਨੰਦ ਦਾ ਲੁਤਫ ਉਠਾਈਦਾ ਹੈ। ਸਤਿਗੁਰੂ ਨੇ ਆਪਣਾ (ਆਪਣੇ ਗੁਰੂ ਘਰ ਦਾ ਮਿਲਕ ਮਖ਼ਸੂਸੀ) ਨਾਮ ਦੇ ਕੇ ਰਾਹੂ ਕੇਤੂ ਆਦਿਕ ਸਾਰੇ ਹੀ ਗ੍ਰਹਿਆਂ ਨੂੰ ਨਿਵਾਰ ਦਿੱਤਾ। ਸਗਨ ਅਪਸਗਨ ਤਿਸ ਨੂੰ ਹੀ ਲਗਦੇ ਹਨ, ਜਿਸ ਨੂੰ ਵਾਹਿਗੁਰੂ ਨਾਮ ਚਿਤਿ ਨਹੀਂ ਆਉਂਦਾ। ਵਾਹਿਗੁਰੂ ਨਾਮ ਦੇ ਚੇਤਣ ਵਾਲਿਆਂ ਨੂੰ ਕੋਈ ਬਦ-ਸਗਨ ਨਹੀਂ ਪੋਹੰਦਾ। ਆਨਮਤਿ ਕਰਮ-ਕਾਂਡੀਆਂ ਨੂੰ ਹੀ ਆਨਮਤਿ ਕਰਮਾਂ ਦੇ ਕੀਤਿਆਂ ਮਾੜੇ ਸਗਨ ਪੋਹੰਦੇ ਹਨ। ਜੋ ਜਨ ਵਾਹਿਗੁਰੂ ਦੀ ਮਨਜ਼ੂਰੇ ਨਜ਼ਰ ਹੋ ਗਿਆ ਹੈ, ਵਾਹਿਗੁਰੂ ਦੀ ਦਰਗਾਹੇ ਮਕਬੂਲ ਹੋ ਗਿਆ ਹੈ ਤਿਸ ਦੇ ਜਮੁ ਨੇੜੇ ਭੀ ਨਹੀਂ ਆਉਂਦਾ। ਨਾਮ ਅਭਿਆਸੀ ਕਰਮੀ ਜਨ ਹੀ ਹਰਿ ਦਰਗਾਹ ਅੰਦਰਿ ਕਬੂਲ ਪਏ ਹਨ। ਪੁੰਨ ਦਾਨ, ਜਪ ਤਪ ਜੇਤੇ ਭੀ ਆਨਮਤਿ ਕਰਮ ਹਨ, ਸਭਨਾਂ ਦੇ ਉਤੋਂ ਦੀ ਵਾਹਿਗੁਰੂ ਨਾਮ ਅਭਿਆਸ ਕਰਮ ਹੈ। ਜੋ ਜਨ ਰਸਨਾ ਨਾਲ ਨਾਮ ਜਪਦਾ ਹੈ ਵਾਹਿਗੁਰੂ ਨਾਮ ਨੂੰ, ਤਿਸ ਦੇ ਸਭ ਅਰਥ-ਪ੍ਰਮਾਰਥੀ ਮਨੋਰਥ ਪੂਰੇ ਹੋ ਜਾਂਦੇ ਹਨ। ਕਦੇ ਅਧੂਰੇ ਨਹੀਂ ਰਹਿੰਦੇ। ਨਿਸਚੇ ਕਰ ਜਾਣੋ ਇਸ ਗੱਲ ਨੂੰ, ਤਿਸ ਦੇ ਭੈ ਤੇ ਮਮਤਾ-ਮਈ ਮੋਹ ਸਭਿ ਮੁਕ ਜਾਂਦੇ ਹਨ, ਬਿਨਸ ਜਾਂਦੇ ਹਨ ਅਤੇ ਸਗਲੇ ਅਗਿਆਨ ਭਰਮ ਭੀ ਦੂਰਿ ਹੋ ਜਾਂਦੇ ਹਨ। ਤਿਸ ਜਨ ਨੂੰ ਓਪਰਾ ਪਰਾਇਆ ਅਤੇ ਬਿਗਾਨਾ ਕੋਈ ਦਿਸਦਾ ਹੀ ਨਹੀਂ। ਉਨ੍ਹਾਂ ਨੂੰ ਪਾਰਬ੍ਰਹਮ ਪਰਮੇਸਰੁ ਅਪਿ ਹੱਥ ਦੇ ਕੇ ਰਖਦਾ ਹੈ। ਤਿਨ੍ਹਾਂ ਨੂੰ ਕੋਈ ਭੀ ਦੁਖ ਨਹੀਂ ਬਿਘਨ ਨਹੀਂ ਬਿਆਪਦਾ, ਐਸੀ ਫ਼ਜ਼ੀਲਤ ਹੈ ਗੁਰਮਤਿ ਨਾਮ ਕਰਮ ਦੀ!

> ਮੇਰੇ ਮਨ ਧਿਆਇ ਹਰਿ ਹਰਿ ਨਾਉ ॥ ਹਲਤਿ ਪਲਤਿ ਸਹਾਇ ਸੰਗੇ ਏਕ
> ਸਿਉ ਲਿਵ ਲਾਉ ॥ ੧ ॥ ਰਹਾਉ ॥ ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ
> ਸੰਸਾਰੁ ॥ ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥ ੨ ॥
>
> (ਆਸਾ ਮਃ ੫, ਪੰਨਾ ੪੦੫)


www.sikhbookclub.com

ਗੁਰਮਤਿ ਪ੍ਰਵਾਣੀਕ ਕਰਮੁ ਇਕੋ ਇਕ ਇਹੀ ਹੈ ਕਿ ਹਰਿ ਹਰਿ ਨਾਮ ਨੂੰ ਧਿਆਇਆ ਜਾਏ, ਅਰਥਾਤ, ਕੇਵਲ ਗੁਰਮਤਿ ਨਾਮ ਦਾ ਹੀ ਅਭਿਆਸ ਕੀਤਾ ਜਾਵੇ। ਲੋਕ ਵਿਚਿ ਭੀ, ਪਰਲੋਕ ਵਿਚਿ ਭੀ, ਅਰਥਾਤ ਇਸ ਜਹਾਨ ਵਿਚਿ ਭੀ ਤੇ ਅਗਲੇ ਜਹਾਨ ਵਿਚਿ ਭੀ ਸਦਾ ਸਹਾਈ ਅਤੇ ਸਦਾ ਸੰਗ ਰਹਿਣ ਵਾਲਾ ਇਹੀ ਇਕੋ ਨਾਮ-ਅਭਿਆਸ-ਕਰਮ ਹੀ ਹੈ। ਇਕ ਅਕਾਲ ਪੁਰਖ ਦੇ ਨਾਲਿ ਲਿਵ ਲਾਉਣ ਵਾਲਾ ਭੀ ਇਹੀ ਕਰਮ ਹੈ। ਸੰਸਾਰ ਸਾਗਰ ਦੇ ਤਰਨ ਖਾਤਰ ਆਮ ਲੋਕ ਬੇਦਾਂ ਸ਼ਾਸਤ੍ਰਾਂ ਦਾ ਅਧਿਐਨ ਕਰਦੇ ਹਨ। ਬੇਦਾਂ ਸ਼ਾਸਤ੍ਰਾਂ ਵਿਚਿ ਦ੍ਰਿੜ੍ਹਾਏ ਗਏ ਅਨੇਕ ਕਰਮ ਧਰਮ ਕਿਰਿਆ ਦੇ ਉਪਰਿ ਦੀ ਕਰਨ ਯੋਗ ਸ੍ਰੇਸ਼ਟ ਕਰਮ ਇਕੋ ਨਾਮ-ਅਭਿਆਸ-ਜਪ-ਕਰਮ ਹੀ ਹੈ। ਹੋਰ ਸਭ ਕਰਮ ਏਦੂੰ ਹੇਠਾਂ ਹਨ। ਆਨਮਤਿ ਕਰਮਾਂ ਦੇ ਕੀਤਿਆਂ ਵਾਹਿਗੁਰੂ ਦੇ ਦਰਸ਼ਨ ਦੀ ਪ੍ਰਾਪਤੀ ਨਹੀਂ ਹੁੰਦੀ। ਦਰਸ਼ਨ ਪ੍ਰਾਪਤੀ ਹੁੰਦੀ ਹੈ ਤਾਂ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੁੰਦੀ ਹੈ। ਯਥਾ ਗੁਰਵਾਕ—

> **ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥ ੧ ॥ ਵਰਤ ਨੇਮ ਸੰਜਮ ਕਰਿ ਥਾਕੇ ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ ॥ ੨ ॥ ੨ ॥ ੧੫੧ ॥**

(ਆਸਾ ਮ: ੫, ਪੰਨਾ ੪੦੮)

ਅਰਥ ਵਿਆਖਿਆ— ਸਿਮ੍ਰਿਤੀਆਂ ਅਤੇ ਸ਼ਾਸਤ੍ਰਾਂ ਦੇ ਦੱਸੇ ਹੋਏ ਬਥੇਰੇ ਕਰਮ ਕਰਿ ਕਰਿ ਦੇਖੇ, ਆਨਮਤਿ ਅਵਲੰਬੀ ਲੋਕ ਬਥੇਰੇ ਇਹ ਆਨਮਤਿ ਕਰਮ ਕਰਿ ਕਰਿ ਹੰਭ ਥਕੇ, ਪ੍ਰੰਤੂ ਇਹਨਾਂ ਕਰਮਾਂ ਦੇ ਕਰਨ ਕਰਿ ਸੱਚਾ ਸੁਖ ਨਹੀਂ ਲਭਦਾ। ਸੁਖ ਹੈ ਵਾਹਿਗੁਰੂ ਦੀ ਪ੍ਰਾਪਤੀ। ਹੇ ਵਾਹਿਗੁਰੂ! ਤੇਰੇ ਦਰਸ਼ਨ ਬਿਨਾਂ ਸੁਖ ਨਹੀਂ। ਹੋਰ ਆਨਮਤਿ ਦੇ ਦ੍ਰਿੜ੍ਹਾਏ ਹੋਏ ਵਰਤ ਨੇਮ ਸੰਜਮ ਆਦਿਕ ਕਰਮ ਕਰਿ ਕਰਿ ਬਥੇਰੇ ਆਨਮਤੀ ਲੋਕ ਵਿਗੁਚ ਰਹੇ। ਕਿਸੇ ਕਰਮ ਦੇ ਭੀ ਕਰਨ ਕਰਕੇ ਰੱਬ ਨਹੀਂ ਲਭਿਆ। ਨਾ ਲਭ ਸਕਦਾ ਹੈ। ਪ੍ਰੰਤੂ ਗੁਰੂ ਨਾਨਕ ਦੇ ਘਰ ਦੇ ਅਭਿਆਸੀ ਗੁਰਮੁਖਿ ਸਿੱਖਾਂ ਸਾਧਾਂ ਦੀ ਸ਼ਰਨੀ ਪਇਆਂ ਅਤੇ ਸੰਗਤਿ ਕੀਤਿਆਂ ਵਾਹਿਗੁਰੂ, ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਵਾਹਿਗੁਰੂ ਦੇ ਸੰਗ ਹੀ ਵੱਸਣ ਲਗ ਜਾਈਦਾ ਹੈ। ਐਸਾ ਹੈ ਗੁਰਮਤਿ ਨਾਮ ਅਤੇ ਗੁਰਮੁਖਿ ਜਨ ਨਾਮ ਅਭਿਆਸੀਆਂ ਦੀ ਸੰਗਤਿ ਦਾ ਫਲੁ, ਜੋ ਆਨਮਤਿ ਕਰਮੀਆਂ ਧਰਮੀਆਂ ਦੀ ਸੰਗਤ ਤੋਂ ਕਦੇ ਪ੍ਰਾਪਤਿ ਨਹੀਂ ਹੁੰਦਾ।

> ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ ॥ ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ ॥ ੧ ॥ ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥ ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥ ੧ ॥ ਰਹਾਉ ॥ ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥ ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ ॥ ੨ ॥ ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ ॥ ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ ॥ ੩ ॥ ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ ॥ ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕ ਆਇਆ ॥ ੪॥ ੧॥ ੧੫੨॥

(ਆਸਾ ਮ: ੫, ਪੰਨਾ ੪੦੮)


www.sikhbookclub.com

ਵਿਆਖਿਆ— ਜਿਹੜਾ ਪੁਰਸ਼ ਵਿਕਾਰਾਂ ਅਤੇ ਮਾਇਆ-ਮੋਹ ਦੇ ਮਦ (ਨਸ਼ੇ) ਵਿਚਿ ਮਦਹੋਸ਼ ਹੋਇਆ ਘੂਕ ਸੁੱਤਾ ਪਿਆ ਹੈ, ਉਸ ਨੂੰ ਕਰਮ ਸੁਕਰਮ ਮੰਦੇ ਚੰਗੇ ਕਰਮ ਕਰਨ ਦੀ ਕੋਈ ਸੂਝ ਬੂਝ (ਹੋਸ਼ ਤਮੀਜ਼) ਨਹੀਂ ਰਹਿੰਦੀ। ਉਹ ਇਸ ਮਦਹੋਸ਼ੀ ਵਿਚਿ ਅੰਨ੍ਹੇਵਾਹ ਮੰਦ ਕਰਮ ਹੀ ਕਰੀ ਜਾਂਦਾ ਹੈ। ਵਾਲਾਂ ਬੋਦੀਆਂ ਨੂੰ ਫੜ ਕੇ ਜਦੋਂ ਜਮੁ ਉਸ ਨੂੰ ਉਠਾਉਂਦਾ ਹੈ ਤਦੋਂ ਹੀ ਉਹ ਹੋਸ਼ ਦੇ ਘਰ ਵਿਚਿ ਆਉਂਦਾ ਹੈ ਅਤੇ ਅੱਖੀਆਂ ਖੋਲ੍ਹ ਕੇ ਜਾਗਦਾ ਹੈ। ਉਕਤ ਮਦਹੋਸ਼ੀ ਤੋਂ ਹੋਸ਼ ਵਾਲੇ ਠਿਕਾਣੇ (ਘਰ) ਜਾਂਦਾ ਹੈ। ਜਿਹੜੇ ਲੋਕ ਵਿਸ਼ਿਆਂ ਵਿਖੇ ਰਸ ਲੋਭ ਵਿਚਿ ਲਗੇ ਹੋਏ ਹੋਰ ਲੋਕਾਂ ਦੇ ਧਨ ਮਾਲ ਹਿਰ ਕੇ (ਚੁਰਾ ਕੇ) ਉਨ੍ਹਾਂ ਦੇ ਚਿਤ ਦੁਖਾਉਂਦੇ ਹਨ, ਉਹ ਮੂੜ੍ਹ ਰਾਖਸ਼ ਲੋਗ ਖਿਨ ਭੰਗਰੀ ਸੁਆਦ ਵਾਲੀਆਂ ਅਤੇ ਖਿਨ ਵਿਚਿ ਨਾਸ ਹੋਣ ਵਾਲੀਆਂ ਬਸਤਾਂ ਦੇ ਕੂੜਾਵੇ ਮਾਣ ਵਿਚਿ ਮੱਤੇ ਹੋਏ ਸਮਝਦੇ ਨਹੀਂ। ਖੋਟੇ ਕਰਮ ਕਰੀ ਹੀ ਜਾਂਦੇ ਹਨ।

ਜਿਹੜੇ ਗੁਰਬਾਣੀ ਅਤੇ ਗੁਰ-ਦੀਖਿਆ ਕੀਰਤਨ ਸਿਫਤਿ ਸਾਲਾਹ ਰੂਪੀ ਸੱਚੇ ਬੇਦ ਸ਼ਾਸਤ੍ਰਾਂ ਨੂੰ ਗੁਰਮੁਖਿ ਜਨ (ਖਾਸ ਸਤਿਗੁਰੂ ਸਾਹਿਬਾਨ) ਪੁਕਾਰ ਪੁਕਾਰ ਕੇ ਸੁਣਾਉਂਦੇ ਹਨ, ਸਿਖਾਉਂਦੇ ਹਨ, ਤਿਨ੍ਹਾਂ ਸੱਚੜੇ ਗੁਰੂ ਘਰ ਦੇ ਦਰਸਾਏ ਬੇਦ ਸ਼ਾਸਤ੍ਰਾਂ ਨੂੰ ਤਾਂ ਸੁਣਦਾ ਨਹੀਂ। ਜਾਣ ਬੁਝ ਕੇ ਬੋਲਾ ਬਣ ਜਾਂਦਾ ਹੈ ਅਤੇ ਤ੍ਰੈਗੁਣੀ ਮਾਇਆ-ਮੋਹ ਵਾਲੇ ਆਨਮਤਿ ਬੇਦਾਂ ਸ਼ਾਸਤ੍ਰਾਂ ਦੀ ਕੁਸਿਖਿਆ ਵਾਲੇ ਅਕਰਮਾਂ ਨਾਲਿ ਟੱਕਰਾਂ ਮਾਰਦਾ ਹੈ। ਜਦੋਂ ਨਿਖੁਟੇ ਜੀਵਨ ਦੀ ਬਾਜ਼ੀ (ਖੇਡ) ਨੂੰ ਮੂਲੋਂ ਹੀ, ਉੱਕੀ ਹੀ ਹਾਰ ਬਹਿੰਦਾ ਹੈ ਤਦੋਂ ਉਹ ਭੋਲਾ ਪੁਰਸ਼ ਮਨ ਵਿਚ ਪਛਤਾਉਂਦਾ ਹੈ, ਅਗਿਆਨਤਾ ਦੇ ਭੋਲੇਪਨ (ਕਮਲਊ) ਵਿਚਿ ਕੀਤੇ ਕਰਮਾਂ ਦਾ ਡੰਨ ਅਕਾਰਨ, ਅਰਥਾਤ, ਬਿਰਥਾ (ਗ਼ੈਰ ਵਜਹਿ) ਹੀ ਭਰਦਾ ਹੈ ਅਤੇ 'ਸਚੁ' ਦੀ ਸੱਚੀ ਹਜ਼ੂਰੀ ਵਾਲੇ ਦੀਵਾਨ ਵਿਚਿ ਕਿਸੇ ਲੇਖੇ ਨਾ ਪਿਆ। ਨਾ ਹੀ ਉਸ ਦੇ ਕਰਮ ਕੀਤੇ ਲੇਖੇ ਪਏ। ਜਿਸ ਸੱਚੜੇ ਕਰਮ ਦੇ ਕੀਤਿਆਂ ਉਸ ਦਾ ਓਹਲਾ ਰਹਿ ਜਾਂਦਾ, ਪੜਦਾ ਢਕਿਆ ਜਾਂਦਾ, ਓਹ ਹੀ ਕੰਮ ਸੱਚੜਾ ਗੁਰਮਤਿ ਨਾਮ ਅਭਿਆਸ ਵਾਲਾ ਉਸ ਨੇ ਨਾ ਕਰਿਆ। ਉਸ ਤੋਂ ਨਾ ਸਰਿਆ। ਅਜਿਹੇ ਕੂੜਾਵੇ ਕਰਮਾਂ ਵਿਚਿ ਖਚਤ ਹੋਏਵੇ ਸੰਸਾਰ ਅਤੇ ਸੰਸਾਰੀਆਂ ਨੂੰ ਦੇਖ ਕੇ ਦ੍ਰਵੀਭੂਤ ਹੋਏਵੇ ਸੱਚੜੇ ਖੋਜੀ ਜਨ ਦੇ ਮਨ ਨੂੰ ਇਬਰਤ ਆਈ ਤਾਂ ਗੁਰੂ ਦੁਆਰੇ ਹੋਇ ਕੇ ਏਕੋ ਸੱਚੇ ਸਾਹਿਬ ਵਾਹਿਗੁਰੂ ਨੂੰ ਸਮ੍ਹਾਲਿਆ ਅਤੇ ਉਸ ਦਾ ਕੀਰਤਨ ਸੱਚੜਾ ਸੋਹਿਲਾ ਗਾਇਆ। ਅਤੇ ਇਸ ਹਰਿ ਕੀਰਤੀ ਸਿਫਤਿ ਸੋਹਿਲੇ ਦੁਆਰਾ ਉਸ ਨੂੰ ਸਲਾਹਿਆ। ਮਾਨੁ ਤਾਨੁ ਸਗਲ ਸਿਆਣਪ ਤਜ ਕੇ ਗੁਰੂ ਨਾਨਕ ਦੀ ਸ਼ਰਨੀ ਆਇਆ ਅਤੇ ਨਿਰਮਾਣ ਨਿਸ਼ਕਾਮ ਗੁਰਮਤਿ ਨਾਮ ਅਭਿਆਸ ਕਰਮ ਨੂੰ ਕਮਾਇਆ ਤਾਂ ਘਾਲ ਥਾਉਂ ਪਈ ਤੇ ਲੇਖੇ ਲਗੀ। ਇਹ ਫ਼ਰਕ ਹੈ ਆਨਮਤਿ ਕਰਮਾਂ ਦੇ ਕਰਨ ਦਾ ਅਤੇ ਗੁਰਮਤਿ ਕਰਮ ਦੇ ਕਮਾਉਣ ਦਾ। ਉਹ ਕੁਲੇਖੇ ਜਾਂਦੇ ਹਨ ਅਤੇ ਇਹ ਲੇਖੇ ਪੈਂਦੇ ਹਨ।

ਆਸਾ ਮਹਲਾ ੧ ॥ ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ
ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥
੧ ॥ ਸਾਚੁ ਧਣੀ ਜਗੁ ਆਇ ਬਿਨਾਸਾ ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥ ੧
॥ ਰਹਾਉ ॥ ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ
॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥ ੨ ॥
ਜਗੁ ਤ੍ਰਿਆ ਜਿਤੁ ਕਾਮਣਿ ਹਿਤਕਾਰੀ ॥ ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ ॥

ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥ ਸਤਿਗੁਰੁ ਸੇਵੇ ਕਰਣੀ ਸਾਰੀ ॥ ੩ ॥ ਬਾਹਰਹੁ ਹਉਮੈ ਕਹੇ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥ ੪ ॥ ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥ ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥ ੫ ॥ ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥ ੬ ॥ ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥ ਨਦਰਿ ਕਰੇ ਰਾਖੈ ਰਖਵਾਲਾ ॥ ੭ ॥ ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥ ਸਬਦੁ ਵੀਚਾਰੇ ਏਕ ਲਿਵਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥ ੮ ॥ ੨ ॥

(ਪੰਨਾ ੪੧੨)

ਵਿਆਖਿਆ— ਭਾਵੇਂ ਕੋਈ ਕਿਤਨੇ ਜਪ ਤਪ ਮਨ-ਉਕਤ ਚਤੁਰਾਈ ਕਰ ਲਵੇ, ਪਰ ਉਸ ਨੂੰ ਸੁਮਾਰਗ ਸਿੱਧਾ ਰਾਹ ਪ੍ਰਮਾਰਥ ਦਾ ਨਹੀਂ ਮਿਲ ਸਕਦਾ, ਐਵੇਂ ਔਝੜਿ ਹੀ ਭਰਮਦਾ ਹੈ। ਸੱਚੇ ਸੁਮਾਰਗ (ਪ੍ਰਮਾਰਥ ਦੇ ਤੱਤ ਮਾਰਗ) ਦੇ ਬੂਝੇ ਬਿਨਾਂ ਅਤੇ ਬੂਝ ਕੇ ਉਸ ਮਾਰਗ ਉਤੇ ਚਲੇ ਬਿਨਾਂ ਕਿਸੇ ਦੀ ਘਾਲ ਥਾਉਂ ਨਹੀਂ ਪੈਂਦੀ। ਨਾਮ ਬਿਹੂਣੇ ਹੋਰਤ ਜਪ ਨੇਮ ਆਦਿ ਕਰਨ ਵਾਲੇ ਪ੍ਰਾਣੀ ਦੇ ਮੱਥੇ ਛਾਈ ਹੀ ਪੈਂਦੀ ਹੈ। ਕੱਖ ਪ੍ਰਾਪਤੀ ਨਹੀਂ ਹੁੰਦੀ। ਮਾਥੇ ਛਾਈ ਪੈਣ ਵਾਲੇ ਕਰਮਾਂ ਦੇ ਕੀਤਿਆਂ ਆਵਾਗਉਣ ਦੇ ਗੇੜ ਵਿਚ ਹੀ ਪਈਦਾ ਹੈ।

ਗੁਰਮਤਿ ਨਾਮ ਦੇ ਸੱਚੇ ਕਰਮ ਕਰਨਹਾਰੇ ਅਭਿਆਸੀ ਜਨ ਆਵਾਗਉਣੀਏ ਗੇੜ ਵਾਲੇ ਕਰਮ ਕਦੇ ਨਹੀਂ ਕਮਾਉਂਦੇ। ਇਹ ਚੁਰਾਸੀ ਦੇ ਜੀਵਾਂ ਦਾ ਕੰਮ ਹੈ ਕਿ ਅਜਿਹੇ ਕਰਮਾਂ ਵਿਚਿ ਪਰਵਿਰਤ ਹੋਣ। ਨਾਮ ਅਭਿਆਸ ਕਮਾਈ ਵਾਲੇ ਗੁਰਮੁਖਿ ਜਨ ਤਾਂ ਸੱਚ ਧਣੀ ਦੇ ਹੀ ਆਸ਼ਕ ਬਿਓਪਾਰੀ ਹਨ, ਜੋ ਸੱਚੇ ਨਾਮ ਦੀ ਕਮਾਈ ਕੀਤਿਆਂ ਹੀ ਮਿਲਦਾ ਹੈ।

ਜਗਤ ਰੂਪੀ ਦ੍ਰਿਸ਼ਟਮਾਨ ਪਸਾਰਾ ਸਭ ਤ੍ਰੈਗੁਣੀ ਮਾਇਆ ਦਾ ਪਸਾਰਾ ਹੀ ਹੈ, ਸਭ ਬਿਨਾਸਮਾਨ ਹੈ, ਕਦੇ ਥਿਰ ਨਹੀਂ ਰਹਿੰਦਾ। ਅਬਿਨਾਸ਼ੀ ਤਾਂ ਇਕੋ ਅਕਾਲ ਪੁਰਖ ਸਾਚ ਧਣੀ ਹੀ ਹੈ, ਜੋ ਅਦ੍ਰਿਸ਼ਟ ਅਗੋਚਰ ਹੈ। ਸਭ ਦੁਨੀਆਂ ਦ੍ਰਿਸ਼ਟਮਾਨ ਪਿਛੇ ਹੀ ਦਉੜਦੀ ਹੈ ਅਤੇ ਝੂਠੇ ਬੰਧ ਵਿਚਿ ਹੀ ਫਸੀ ਰਹਿੰਦੀ ਹੈ। ਗੁਰਮੁਖਿ ਪ੍ਰਾਣੀ ਹੀ ਗੁਰੂ ਦੇ (ਸਿਖ ਸਚਿਆਰ) ਬਣ ਕੇ ਛੁਟਦੇ ਹਨ ਅਤੇ ਆਵਾਗਉਣ ਤੋਂ ਰਹਿਤ ਹੁੰਦੇ ਹਨ। ਗੁਰੂ ਦੀ ਕਿਰਪਾ ਨਾਲਿ ਛੁਟੇ ਹੀ ਰਹਿੰਦੇ ਹਨ। ਫਸਦੇ ਨਹੀਂ। ਸਾਰਾ ਸੰਸਾਰ ਮਾਇਆ-ਮੋਹ-ਬੰਧਨਾਂ ਦਾ ਬੰਧਿਆ ਹੋਇਆ ਹੈ ਅਤੇ ਤ੍ਰਿਸ਼ਨਾ ਬਾਧਾ ਆਸਾ ਬੰਧੂ ਬਣਿਆ ਹੋਇਆ ਬਹੁਤੀ ਮਾਇਆ ਆਸਾ ਤ੍ਰਿਸ਼ਨਾ ਵਿਚਿ ਹੀ ਖੱਚਤ ਰਹਿੰਦਾ ਹੈ। ਐਸੇ ਗੁਰਮੁਖਿ ਜਨ ਭੀ ਜਗ ਵਿਚਿ ਮਉਜੂਦ ਹਨ ਜੋ ਮਾਇਆ ਵਿਚਿ ਰਹਿੰਦੇ ਹੋਏ ਫੇਰ ਮਾਇਆ ਤੋਂ ਅਲੇਪ ਰਹਿੰਦੇ ਹਨ। ਇਹ ਉਪਰਾਮਤਾ-ਮਈ ਨਿਰਲੇਪਤਾ ਤਾਂ ਗੁਰਮੁਖਾਂ ਨੂੰ ਗੁਰਮਤਿ ਨਾਮ ਦੀ ਅਤੁਟ ਅਭਿਆਸ ਕਮਾਈ ਕੀਤਿਆਂ ਪ੍ਰਾਪਤਿ ਹੁੰਦੀ ਹੈ। ਨਾਮ ਅਭਿਆਸ ਕਮਾਈਆਂ ਕਰਿ ਕਰਿ ਜਿਨ੍ਹਾਂ ਦੇ ਘਟਾਂ ਅੰਦਰਿ ਰਸ-ਜੋਤਿ ਰਤੰਨਾ ਨਾਮ ਪ੍ਰਜੁਲਤ ਹੋਇਆ ਹੋਵੇ ਅਤੇ ਹਿਰਦੇ ਦਾ

ਉਰਧ-ਮੁਖੀ ਨਾਭ ਕਮਲੁ ਸਿੱਧਾ ਹੋ ਕੇ ਪ੍ਰਗਾਸ ਹੋਇਆ ਹੋਵੇ ਤੇ ਜੋਤਿ-ਜਗੰਨਾ ਹੋ ਗਿਆ ਹੋਵੇ, ਬਸ ਤਿਨ੍ਹਾਂ ਨੂੰ ਮੋਹ ਮਮਤਾ ਮਈ ਮਾਇਆ ਨਹੀਂ ਪੋਹੰਦੀ। ਓਹ ਜਲ ਕੰਵਲ ਵਤ ਗ੍ਰਿਹਸਤ ਵਿਚਿ ਵਸਦੇ ਰਸਦੇ ਹੋਏ ਭੀ ਨਿਰਲੇਪ ਰਹਿੰਦੇ ਹਨ। ਅਜਿਹੇ ਨਾਮ ਰਿਦ-ਵਿਗਾਸੀ ਅਤੇ ਘਟ-ਕੰਵਲ ਪ੍ਰਗਾਸੀ ਗੁਰਮੁਖਿ ਜਨਾਂ ਨੂੰ ਜਮ ਦੀ ਤ੍ਰਾਸ ਉੱਕੀ ਹੀ ਨਹੀਂ ਰਹਿੰਦੀ।

ਸਾਰਾ ਜਗਤ ਸੰਸਾਰ ਕਾਮ ਦਾ ਸ਼ਿਕਾਰ ਬਣਿਆ ਹੋਇਆ ਹੈ। ਪੁਰਸ਼ ਤਾਂ ਤ੍ਰਿਆ ਕਾਮਣੀਆਂ ਇਸਤ੍ਰੀਆਂ ਦੇ ਵਸਿ ਕੀਤੇ (ਜਿਤੇ ਹੋਏ) ਹਨ ਅਤੇ ਕਾਮਵੰਤੀਆਂ ਇਸਤ੍ਰੀਆਂ ਕਾਮੀ ਮਰਦਾਂ ਦੇ ਕਾਮ ਭਰੇ ਹਿਤ ਦੇ ਅਧੀਨ ਹੋਈਆਂ ਵੀਆਂ ਹਨ ਅਤੇ ਕਾਮਵੰਤੇ ਮਰਦਾਂ ਦੇ ਵਸਿ ਹੋ ਰਹੀਆਂ ਹਨ (ਜਿੱਤੀਆਂ ਹੋਈਆਂ ਹਨ)। ਤਿਨ੍ਹਾਂ ਨੇ ਪੁਤਰ ਧੀਆਂ ਅਤੇ ਕੁਟੰਬ ਦੇ ਹੇਤ ਵਿਚਿ ਖੱਚਤ ਹੋ ਕੇ ਨਾਮੁ ਨੂੰ ਉੱਕਾ ਹੀ ਵਿਸਾਰ ਛਡਿਆ ਹੈ। ਕੁਟੰਬ ਦੇ ਪੁਤਰ-ਕਲਿਤ੍ਰੀ ਧੰਧਿਆਂ ਵਿਚਿ ਲਗ ਕੇ ਸੱਚੇ ਕੰਮ ਦੀ ਤਿਨ੍ਹਾਂ ਨੂੰ ਸੂਝ ਬੂਝ ਹੀ ਨਹੀਂ। ਤਿਨ੍ਹਾਂ ਕੁਟੰਬ-ਧੰਧ-ਕਰਮੀਆਂ ਨੇ ਸਾਰਾ ਜਨਮ ਬਿਰਥਾ ਹੀ ਗੰਵਾ ਲਿਆ ਹੈ ਅਤੇ ਮਨੁਖਾ ਜਨਮ ਦੀ ਬਾਜ਼ੀ ਹੀ ਹਾਰ ਦਿੱਤੀ। ਸਾਰ ਉਤਮ ਕਰਮ-ਕਰਣੀ ਸਤਿਗੁਰੂ ਦੀ ਸੇਵਾ ਹੈ ਅਤੇ ਸਤਿਗੁਰੂ ਦੀ ਤੱਤ ਸਾਰ ਸੇਵਾ ਭਜਨ-ਭਗਤੀ ਹੈ।

ਤਾਂ ਤੇ ਸਤਿਗੁਰੂ ਦ੍ਰਿੜ੍ਹਾਈ ਭਜਨ-ਭਗਤੀ ਮਈ ਨਾਮ ਅਭਿਆਸ ਸਾਰ ਕਰਣੀ ਵਾਲਾ ਗੁਰਮੁਖਿ ਜਨ ਉਪਰੋਂ ਉਪਰੋਂ ਤਾਂ ਸਭ ਨਾਲਿ ਬਾਤ ਚੀਤ ਮਈ ਠਾਠਾ ਬਾਗਾ ਕਰਦਾ ਹੈ, ਲੋਕਾਂ ਨੂੰ ਐਉਂ ਪ੍ਰਤੀਤ ਹੁੰਦਾ ਹੈ ਕਿ ਹਉਮੈ ਅਪਣੱਤ ਵਾਲਾ ਦੁਨੀਦਾਰ ਹੈ, ਅੰਦਰਹੁ ਉਸ ਜੀਵਨ-ਮੁਕਤ ਗੁਰਮੁਖਿ ਜਨ ਨੂੰ ਏਹਨਾਂ ਠਾਠਾ ਬਾਗਾਚੀਆਂ ਗੱਲਾਂ ਦਾ ਲੇਪ ਕਦੇ ਲਗਦਾ ਹੀ ਨਹੀਂ, ਸਦਾ ਨਿਰਲੇਪ ਹੀ ਰਹਿੰਦਾ ਹੈ। ਮਾਇਆ-ਮੋਹ ਦਾ ਲੇਪ ਉੱਕਾ ਹੀ ਨਹੀਂ ਲਗਦਾ। ਗੁਰ ਸਬਦ ਦੀ ਪਾਰਸ-ਸ਼ਕਤਿ ਕਮਾਈ ਦੁਆਰਾ ਮਾਇਆ-ਮੋਹ ਨੂੰ ਸਾੜ ਸਿਟਦਾ ਹੈ, ਕਿਉਂਕਿ ਨਿਰਮਲ ਨਾਮ ਨੂੰ, ਅੰਮ੍ਰਿਤ ਨਾਮ ਨੂੰ, ਪਾਰਸ ਕਲਾ ਵਾਲੇ ਨਾਮ ਨੂੰ ਸਦਾ ਆਪਣੇ ਹਿਰਦੇ ਵਿਚਿ ਵਸਾਈ ਹੀ ਰਖਦਾ ਹੈ। ਅਤੇ ਹਿਰਦੇ ਕਰਕੇ ਸੁਆਸ ਅਭਿਆਸ ਸੇਤੀ ਸਦਾ ਅੰਤਰਗਤੀ ਜਪਦਾ ਹੀ ਰਹਿੰਦਾ ਹੈ। ਬੇਮਲੂਮ ਹੀ ਜਾਪਦਾ ਹੈ, ਕਿਸੇ ਨੂੰ ਮਲੂਮ ਨਹੀਂ ਹੁੰਦਾ। ਇਸ ਬਿਧਿ ਉਸ ਦੀ ਸੁਰਤੀ ਬਿਰਤੀ ਨਾਮ ਨਾਲਿ ਹੀ ਜੁਟੀ ਰਹਿੰਦੀ ਹੈ।

ਮਨ ਨੂੰ ਧਾਵਣ ਤੋਂ ਬਰਜੀ ਰਖਣ ਦਾ, ਠਾਕੀ ਰਖਣ ਦਾ, ਇਹੀ ਇਕੋ ਜ਼ਰੀਆ ਹੈ। ਐਸੇ ਗੁਰਸਿੱਖਾਂ ਦੀ ਸੰਗਤਿ ਵਾਹਿਗੁਰੂ ਦੀ ਨਦਰ-ਕਰੰਮੀ ਮੇਹਰ ਨਾਲਿ ਹੀ ਮਿਲਦੀ ਹੈ। ਨਹੀਂ ਤਾਂ ਅਜਿਹੀ ਸੰਗਤ ਤੋਂ ਵਾਂਜੇ ਆਨਮਤਿ ਕਰਮ-ਕਾਂਡੀ ਗੁਰੂ ਬਿਨਾਂ ਸਾਰੀ ਉਮਰਿ ਭੁਲੇ ਹੀ ਫਿਰਦੇ ਹਨ ਅਤੇ ਮਰ ਕੇ ਚੁਰਾਸੀ ਦੇ ਗੇੜ ਵਿਚਿ, ਆਵਾ ਗਵਣਾਂ ਦੇ ਫੇਰ ਵਿਚ ਹੀ ਪਏ ਫਿਰਦੇ ਰਹਿੰਦੇ ਹਨ। ਖਾਸ ਨਦਰਿ ਮੇਹਰ ਵਾਹਿਗੁਰੂ ਦੀ ਹੋਵੇ ਤਾਂ ਸਤਿਗੁਰੂ ਦੇ ਸੰਜੋਗ-ਮੇਲੇ ਦਾ ਢੋਅ ਜੁੜਦਾ ਹੈ।

ਵਾਹਿਗੁਰੂ ਨਾਲ ਮਿਲੇ ਹੋਏ ਮੇਲ-ਸੰਜੋਗੀਆਂ ਕੋਲੋਂ ਭੀ ਅਤਿ ਸੁੰਦਰ ਵਾਹਿਗੁਰੂ ਦੀ ਅਸਚਰਜ ਸੁੰਦਰਤਾ ਕਹੀ ਕਥੀ ਨਹੀਂ ਜਾਂਦੀ। ਅਕੱਥ ਵਾਹਿਗੁਰੂ ਦੀ ਅਤੇ ਉਸ ਦੇ ਸੁੰਦਰ ਸਰੂਪ ਦੀ ਗਤਿ ਮਿਤਿ ਕੀਮਤਿ ਜੇ ਕੋਈ ਕਥਨੀ ਚਾਹੇ ਤਾਂ ਕਥੀ ਨਹੀਂ ਜਾ ਸਕਦੀ। ਗੱਲਾਂ ਕਰਿ ਕਰਿ ਲੋਕੀ ਕਥਾਂ ਪਾਉਂਦੀ ਹੈ, ਕਥਾ ਨਹੀਂ ਕਰਦੀ। ਵਾਕਈ ਕਥਾ ਕਰਨੀ ਬੜੀ ਹੀ ਅਸੰਭਵ ਹੈ। ਅਕੱਥ ਦੀ ਕਥਾ ਕੀ ਕਹੁ? ਖਸਮ ਦਾਤਾਰ ਦੇ ਦਿੱਤੇ ਹੋਏ ਦੁਖ ਭੀ ਉਸ ਦੀ ਰਜ਼ਾ ਸਤਿ ਕਰਿ ਮੰਨਣ ਵਾਲਿਆਂ ਲਈ ਸੁਖ ਰੂਪ ਹੀ ਹਨ। ਹੁਕਮ ਰਜ਼ਾਈ ਚਲਣਹਾਰੇ ਗੁਰਮੁਖਾਂ ਨੇ ਦੁਖ ਸੁਖ ਸਮ

 www.sikhbookclub.com

ਕਰ ਕੇ ਹੀ ਮੰਨਿਆ ਹੈ। ਸੱਚੇ ਨਾਮ ਦੀ ਕਰਮ-ਕਮਾਈ ਦੀ ਕਿਰਪਾ ਨਾਲਿ ਦੁਖ ਕੋਈ ਰਹਿੰਦਾ ਹੀ ਨਹੀਂ, ਸਾਰੇ ਦੁਖ ਮਿਟ ਜਾਂਦੇ ਹਨ। ਜੇਕਰ ਨਾਮ-ਰੰਗਾਂ ਵਿਚ ਲੀਨਤਾ ਹੋ ਜਾਏ ਤਾਂ ਸੱਚੀਂ ਮੁੱਚੀਂ ਸੁਖੀ ਹੋ ਜਾਈਦਾ ਹੈ, ਸੱਚੀ ਆਤਮ-ਮੁਸੱਰਤੀ ਖ਼ੁਸ਼ੀ ਵਾਲੇ ਸੁਖ ਵਿਚਿ ਲੀਨ ਰਹੀਦਾ ਹੈ।

ਇਸ ਆਤਮ-ਰੰਗਾਂ ਵਾਲੀ ਅਵਸਥਾ ਅੰਦਰਿ ਅੰਦਰਲੇ ਬਿਸਮ ਰੰਗ ਕੀਰਤਨ ਅਖਾੜੇ ਖੁਲ੍ਹ ਜਾਂਦੇ ਹਨ ਅਤੇ ਅਸਚਰਜ ਕੀਰਤਨ ਧੁਨੀਆਂ ਦੀ ਮਸਤੀ ਵਿਚਿ ਅਨੰਦਤ ਹੋ ਜਾਈਦਾ ਹੈ। ਅਜਿਹੇ ਅਨਹਤ ਧੁਨੀ ਦੇ ਕੀਰਤਨ ਮਸਤਾਂ ਦੇ ਅੰਦਰਿ ਬਿਨਾਂ ਹੱਥਾਂ ਦੇ ਬਜਾਇਆ ਬਾਜਾ (ਕਰ ਬਿਨ ਬਾਜਾ) ਬਜਦਾ ਰਹਿੰਦਾ ਹੈ ਅਤੇ ਪੈਰਾਂ ਦੀ ਨਿਰਤ ਵਾਲੇ ਘੁੰਗਰੂ ਦੀ ਤਾਲ ਤੋਂ ਬਿਨਾਂ ਹੀ (ਪਗ ਬਿਨ ਤਾਲਾ) ਤਾਲ ਪੂਰੀਂਦਾ ਰਹਿੰਦਾ ਹੈ। ਇਹ ਹਾਲ-ਮਸਤੀ ਵਾਲੀ ਸੱਚੀ ਨਿਹਾਲਤਾ ਉਹਨਾਂ ਨੂੰ ਪ੍ਰਾਪਤਿ ਹੁੰਦੀ ਹੈ, ਜਿਨ੍ਹਾਂ ਨੇ ਉਪਰ ਲਿਖੇ ਅਨੁਸਾਰ ਸ਼ਬਦ ਕਮਾਈ ਦੀ ਸੱਚੀ ਬੂਝ ਬੂਝੀ ਹੈ ਅਤੇ ਸੱਚੀ ਨਾਮ-ਅੰਮ੍ਰਿਤ-ਕਲਾ ਦੀ ਸੁਧਾ ਸੰਜੀਵਨੀ ਸੱਚ ਅਮਲ-ਖੀਵਨੀ ਦਾਰੂ ਪੀਤੀ ਹੈ। ਜਿਸ ਦੇ ਅੰਦਰਿ ਸੱਚੀ ਅੰਮ੍ਰਿਤ ਨਾਮ ਖੁਮਾਰੀ ਦੀ ਮਸਤੀ ਚੜ੍ਹੀ ਹੋਈ ਹੈ, ਉਸ ਦੇ ਅੰਤਰਿ ਆਤਮੇ ਹੀ ਵਾਸਤਵ ਵਿਚਿ ਸੱਚਾ ਆਤਮ ਸੁਖ ਵਸਦਾ ਹੈ। ਇਕ ਆਤਮ ਸੁਖ ਕੀ, ਸਾਰੇ ਸੁਖ ਹੀ ਨਾਲਿ ਆ ਵਸਦੇ ਹਨ। ਅੰਤਰਜਾਮੀ ਵਾਹਿਗੁਰੂ ਨਦਰੀ ਨਦਰਿ ਨਿਹਾਲ ਹੋਵੇ ਤਾਂ ਉਹ ਆਪਣੇ ਆਤਮ-ਸੁਖੀ ਭਗਤਾਂ ਦੇ ਏਸ ਪਰਮ ਸੁਖ ਦੀ ਰਖਵਾਲੀ ਆਪਿ ਕਰਦਾ ਹੈ। ਏਸ ਸੁਖ ਤੋਂ ਉਨ੍ਹਾਂ ਨੂੰ ਕਦੇ ਸੁੰਞੇ ਨਹੀਂ ਹੋਣ ਦਿੰਦਾ। ਸਹਜ ਸੁਖ ਜੀਰਾਂਦਨੀ ਜੀਰਾਂਦ ਵਿਚਿ ਇਸ ਅਜੱਰ ਸੁਖ ਨੂੰ ਜਰਾਈ ਰਖਦਾ ਹੈ। ਅਮਰ ਸੁਖ ਨੂੰ ਅਮਰਾਈ ਰਖਦਾ ਹੈ।

ਇਸ ਅਜਰ ਅਮਰ ਸੁਖ ਦੀ ਜੀਰਾਂਦ ਵਾਲੀ ਸਹਜ ਆਤਮ ਅਵਸਥਾ ਅੰਦਰਿ ਹੀ ਆਪੇ ਦਾ ਅਭਾਵ ਹੁੰਦਾ ਹੈ ਅਤੇ ਤ੍ਰਿਭਵਣ ਦੀ ਸੋਝੀ ਵਾਲੀ ਤ੍ਰੈਕਾਲ-ਦ੍ਰਿਸ਼ਟੀ ਭੀ ਏਥੇ ਆ ਕੇ ਹੀ ਖੁਲ੍ਹਦੀ ਹੈ। ਗੁਰਬਾਣੀ ਨਾਮ ਦੀ ਅੰਮ੍ਰਿਤ-ਕਲਾ ਰੋਮ ਰੋਮ ਅੰਦਰਿ ਪ੍ਰਵੇਸ਼ ਹੋਣ ਕਰਿ ਹੀ ਏਸ ਤ੍ਰੈਕਾਲ-ਦਰਸਤਾ ਵਾਲੀ ਸੋਝੀ ਸੁਝਦੀ ਹੈ। ਹੋਰ ਆਨਮਤਿ ਹਠ ਯੋਗ ਕੀਤਿਆਂ ਨਹੀਂ ਸੁਝਦੀ। ਕੇਵਲ ਗੁਰਬਾਣੀ ਨਾਮ ਦੀ ਗੁਰਮਤਿ ਪਾਰਸ ਕਮਾਈ ਕਰ ਕੇ ਸੱਚੇ ਵਾਹਿਗੁਰੂ ਦੇ ਸਰੂਪ ਵਿਚਿ ਸਮਾਈ ਹੁੰਦੀ ਹੈ। ਇਹ ਏਕੈ ਲਿਵਤਾਰ ਵਾਲੀ ਸੱਚ ਸਮਾਈ ਗੁਰ-ਸ਼ਬਦ ਦੀ ਅਭਿਆਸ ਰੂਪੀ ਕਮਾਈ ਕਰਕੇ ਹੀ ਹੁੰਦੀ ਹੈ। ਐਸੇ ਕਮਾਈ ਵਾਲਿਆਂ ਨੂੰ ਸਾਜ ਕੇ ਸੰਵਾਰਨਹਾਰ ਵਾਹਿਗੁਰੂ ਧੰਨ ਹੈ ਅਤੇ ਅਜਿਹੇ ਗੁਰੂ ਸੰਵਾਰੇ ਸਿਖ ਭੀ ਧੰਨ ਹਨ ਜਿਨ੍ਹਾਂ ਨੇ ਅਜਿਹੀ ਗੁਰਮਤਿ-ਗੀਧੀ ਨਾਮ ਕਮਾਈ ਕੀਤੀ ਹੈ। ਏਥੇ ਆਨਮਤਿ ਕਰਮ ਫ਼ਿਲਾਸਫ਼ੀ ਦੀ ਕੀ ਸਮਾਈ ਹੈ? ਕੀ ਹੈਸੀਅਤ ਹੈ? ਆਨਮਤਿ ਕਰਮ ਕਰੰਮੀ ਕਰਮ ਫ਼ਿਲਾਸਫ਼ੀ ਦਾ ਗੁਰਮਤਿ ਫ਼ਿਲਾਸਫ਼ੀ ਨਾਲਿ ਟਾਕਰਾ ਕੀ? ਮੁਕਾਬਲਾ ਹੀ ਕੀ? ਸੱਚ ਪੁਛੋ ਤਾਂ ਗੁਰਮਤਿ ਕਰਮ ਵਿਲੱਖਣਤਾ ਨੂੰ ਫ਼ਿਲਾਸਫ਼ੀ ਦਾ ਪਦ (ਨਾਉਂ) ਦੇਣਾ ਹੀ ਅਨਉਚਿਤ ਹੈ।

ਅਗਲੇ ਗੁਰ ਪ੍ਰਮਾਣ ਅੰਦਰਿ ਇਹ ਦਰਸਾਇਆ ਜਾਂਦਾ ਹੈ ਕਿ ਵਾਹਿਗੁਰੂ ਦੀ ਭਗਤੀ ਰੂਪੀ ਸਿਫ਼ਤਿ ਸਾਲਾਹੀ ਸੱਚੇ ਕਰਮ ਬਿਨਾਂ ਨਿਜ ਕੁਟੰਬ, ਖੇਸ਼ ਸਨਬੰਧੀਆਂ ਦੀ ਮੋਹ-ਮਮਤਾ ਵਾਲੇ ਸੁਆਰਥੀ ਕੰਮ, ਖੇਤੀ-ਬਾੜੀ ਬਣਜ ਆਦਿਕ ਦੇ ਵਾਪਾਰੀ ਵਿਹਾਰ ਕਰਮ, ਧਰਮ ਬੇਦ ਪਾਠ ਆਦਿ ਸਭ ਬੰਧਨ ਹਨ। ਗੁਰਮਤਿ ਨਾਮੁ ਸਿਮਰਨ ਮਈ ਸਤਿਗੁਰ ਸੇਵਾ ਰੂਪੀ ਸੱਚਾ ਕਰਮ ਸਭ ਆਨਮਤਿ ਕਰਮਾਂ ਅਤੇ ਧੰਧਾਂ ਬੰਧਾਂ ਤੋਂ ਸੁਖਦਾਈ ਅਤੇ ਸ੍ਰੇਸ਼ਟ ਹੈ ਅਤੇ ਸਰਬੋਤਮ ਵਿਲੱਖਣੀ


www.sikhbookclub.com

ਕਰਮ ਇਕੋ ਇਕ ਕਰਨ ਜੋਗ ਕਰਮ ਹੈ। ਯਥਾ—

> ਆਸਾ ਮਹਲਾ ੧ ਇਕਤੁਕੀ ॥ ਗੁਰੁ ਸੇਵੇ ਸੋ ਠਾਕੁਰ ਜਾਨੈ ॥ ਦੂਖੁ ਮਿਟੈ ਸਚੁ ਸਬਦਿ ਪਛਾਨੈ ॥ ੧ ॥ ਰਾਮੁ ਜਪਹੁ ਮੇਰੀ ਸਖੀ ਸਖੈਨੀ ॥ ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ ॥ ੧ ॥ ਰਹਾਉ ॥ ਬੰਧਨ ਮਾਤ ਪਿਤਾ ਸੰਸਾਰਿ ॥ ਬੰਧਨ ਸੁਤ ਕੰਨਿਆ ਅਰੁ ਨਾਰਿ ॥ ੨ ॥ ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤੁ ਕਲਤੁ ਮਨਿ ਬੀਆ ॥ ੩ ॥ ਬੰਧਨ ਕਿਰਖੀ ਕਰਹਿ ਕਿਰਸਾਨ ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥ ੪ ॥ ਬੰਧਨ ਸਉਦਾ ਅਣ ਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥ ੫ ॥ ਬੰਧਨ ਸਾਹ ਸੰਚਹਿ ਧਨੁ ਜਾਇ ॥ ਬਿਨੁ ਹਰਿ ਭਗਤਿ ਨ ਪਵਈ ਥਾਇ ॥ ੬ ॥ ਬੰਧਨ ਬੇਦੁ ਬਾਦੁ ਅਹੰਕਾਰ ॥ ਬਧਨਿ ਬਿਨਸੈ ਮੋਹ ਵਿਕਾਰ ॥ ੭ ॥ ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰਿ ਰਾਖੇ ਬੰਧੁ ਨ ਪਾਈ ॥ ੮ ॥ ੧੦ ॥
>
> (ਪੰਨਾ ੪੧੬)

ਵਿਆਖਿਆ— ਗੁਰਮਤਿ ਨਾਮ ਸਿਮਰਨ ਮਈ ਸਤਿਗੁਰ ਦੀ ਸੇਵਾ ਦੁਆਰਾ ਵਾਹਿਗੁਰੂ ਦਾ ਦਰਸ ਮਈ ਸਾਪੇਖਸ਼ੀ ਗਿਆਨ ਹੁੰਦਾ ਹੈ, ਪਰਤੱਖ ਦਰਸ਼ਨ ਗੁਰੂ ਦੇ ਹੋਣ ਨਾਲ ਹੀ ਵਾਹਿਗੁਰੂ ਨੂੰ ਸੱਚੀ ਜਾਨਣੀ ਜਾਣਿਆ ਜਾਂਦਾ ਹੈ। ਵਾਹਿਗੁਰੂ ਦਰਸ਼ਨ ਦਾ ਹੀ ਨਾਮ ਤੱਤ ਅਰਥਾਂ ਵਿਚਿ ਗਿਆਨ ਹੈ। ਸ਼ਬਦ (ਨਾਮੁ ਗੁਰਮੰਤਰ) ਦੀ ਕਮਾਈ ਦੁਆਰਾ ਵਾਹਿਗੁਰੂ ਰੂਪੀ ਸਚੁ ਨੂੰ, ਭਾਵ ਸੱਚੇ ਵਾਹਿਗੁਰੂ ਨੂੰ ਪਛਾਣਿਆ ਜਾਂਦਾ ਹੈ। ਨਹੀਂ ਤਾ ਆਨਮਤਿ ਗਿਆਨੀਆਂ ਧਿਆਨੀਆਂ ਨੂੰ ਵਾਹਿਗੁਰੂ ਦੀ ਸਤਿ ਕਰਕੇ ਪਛਾਣ ਹੀ ਨਹੀਂ ਆਉਂਦੀ। ਵਾਹਿਗੁਰੂ ਦੀ ਸੱਚ ਪ੍ਰਾਪਤੀ ਵਾਲੀ ਜਾਣ ਪਛਾਣ ਕੇਵਲ ਗੁਰ-ਸ਼ਬਦ ਗੁਰਮਤਿ ਨਾਮ ਦੀ ਕਮਾਈ ਕੀਤਿਆਂ ਹੀ ਆਉਂਦੀ ਹੈ। ਨਹੀਂ ਤਾ ਆਨਮਤਿ ਕਰਮਾਂ ਦੇ ਕਮਾਉਣ ਵਾਲੇ ਉੱਕਾ ਹੀ ਧੋਖਾ ਖਾ ਜਾਂਦੇ ਹਨ। ਉਹ ਵਾਹਿਗੁਰੂ ਦੇ ਸਰੂਪ ਦੀ ਸੱਚੀ ਜਾਣ ਪਛਾਣ ਖੁਣੋਂ ਖਾਲੀ ਹੀ ਰਹਿੰਦੇ ਹਨ। ਵਾਹਿਗੁਰੂ ਦੇ ਸਰੂਪ ਗਿਆਨ ਦੇ ਮਨ-ਉਕਤ ਅਨੁਮਾਨ ਤੇ ਲੱਖਣ ਹੀ ਲਾਉਂਦੇ ਹਨ, ਕਿਉਂਕਿ ਪਰਤੱਖ ਦਰਸ਼ਨ ਉਨ੍ਹਾਂ ਨੂੰ ਨਸੀਬ ਨਹੀਂ ਹੁੰਦੇ। ਪਰਤੱਖ ਦਰਸ਼ਨਾਂ ਬਾਝੋਂ ਜਾਣ ਪਛਾਣ ਕੈਸੀ? ਸਭ ਊਣੀ ਅਤੇ ਛੋਛੀ ਜਾਣ ਪਛਾਣ ਹੈ। ਅਤੇ ਇਹ ਪਰਤੱਖ ਦਰਸ਼ਨ ਵਾਹਿਗੁਰੂ ਦੇ ਗੁਰਮਤਿ ਨਾਮ ਅਭਿਆਸ ਦੀ ਅਥਾਹ ਕਮਾਈ ਕੀਤੇ ਬਿਨਾਂ ਹੁੰਦੇ ਨਹੀਂ। ਤਾਂ ਤੇ ਗੁਰੂ ਸੱਚੇ ਪਾਤਸ਼ਾਹ ਧੰਨ ਗੁਰੂ ਨਾਨਕ ਗੁਰਸਿੱਖਾਂ ਪ੍ਰਤੀ ਜ਼ੋਰ ਦੇ ਕੇ ਇਹੀ ਸਿਕਸ਼ਾ ਮਈ ਉਪਦੇਸ਼ ਦ੍ਰਿੜ੍ਹਾਉਂਦੇ ਹਨ ਅਤੇ ਬੜੇ ਪਿਆਰ ਨਾਲਿ ਗੁਰਸਿਖਾਂ ਨੂੰ ਆਪਣਾ ਸਖਾ ਸੈਨ ਕਹਿ ਕੇ ਮੁਖ਼ਾਤਬ ਹੁੰਦੇ ਹਨ, (ਕੈਸਾ ਉੱਚਾ ਪਿਆਰ ਹੈ) ਕਿ ਹੇ ਮੇਰੀ ਗੁਰਸਿੱਖੀ ਦੇ ਰਿਸ਼ਤੇ ਵਾਲੀਓ ਗੁਰਸਿਖ ਜਗਿਆਸਨੀ ਸਖੀਓ ਸਹੇਲੀਓ! ਤਦ-ਰੂਪ ਹੋ ਕੇ, ਜੁਟ ਕੇ ਨਾਮੁ ਜਪਹੁ, ਪਰ ਨਾਮ ਜਪਹੁ ਸਤਿਗੁਰੂ ਤੋਂ ਦੀਖਿਆ ਗੁਰ-ਮੰਤਰ ਲੈ ਕੇ। ਇਸ ਸਤਿਗੁਰੂ ਦੀ ਦਿੱਤੀ ਮਤਿ ਗੁਰਮਤਿ-ਦੀਖਿਆ ਨੂੰ ਧਾਰ ਕੇ ਜੋ ਸਿਮਰਨ ਕਰੋਗੇ, ਇਸ ਸਤਿਗੁਰ ਦੀ ਸਿਮਰਨ-ਦਾਤਿ ਨੂੰ ਸੇਂਵਦੇ ਕਮਾਵੰਦੇ ਹੋਏ ਹੀ ਤੁਸੀਂ ਵਾਹਿਗੁਰੂ ਨੂੰ ਪਰਤੱਖ ਆਪਣੇ ਨੇਤਰਾਂ ਨਾਲਿ ਦੇਖ ਲਵੋਗੇ। ਆਪਣੀ ਨੈਣੀਂ ਹੀ ਵਾਹਿਗੁਰੂ ਦਾ ਸਾਂਗੋ ਪਾਂਗ ਦਰਸ਼ਨ ਦੀਦਾਰ ਕਰਿ ਲਵੋਗੇ ॥ ੧ ॥ ਰਹਾਉ ॥ ਇਸ ਗੁਰਮਤਿ ਤੱਤ-ਸਿਮਰਨ ਸੇਵਾ ਤੋਂ ਹੀਣੇ ਬਿਹੂਣੇ ਹੋ ਕੇ ਜੋ ਆਨਮਤਾਂ ਦੇ ਕਰਮਾਂ ਅਨੁਸਾਰੀ

ਸੇਵਾ ਕਰਦੇ ਹਨ, ਉਹ ਸਭ ਮਾਇਆਵੀ ਤ੍ਰੈਗੁਣਾਂ ਦੀ ਕਰਮ ਬੰਧਨੀ ਸੇਵਾ ਹੈ। ਬੰਧਨਾਂ ਵਿਚਿ ਪਾਉਣਹਾਰੇ ਹੀ ਸਾਰੇ ਕਰਮ ਹਨ, ਜੇ ਗੁਰਮਤਿ ਨਾਮ ਦੇ ਸੱਚੇ ਕਰਮ ਨੂੰ ਛਡੋਗੇ। ਸੰਸਾਰ ਵਿਖੇ ਰਹਿ ਕੇ ਸੰਸਾਰੀ ਮਾਤ ਪਿਤਾ ਦੀ ਆਗਿਆਕਾਰੀ ਕਰਮ ਕਮਾਵਨ ਮਈ ਸੇਵਾ ਕਰਦੇ ਹਨ, ਸਭ ਬੰਧਨ ਰੂਪ ਹੈ। ਮਾਤਾ ਪਿਤਾ ਦੇ ਮੋਹ ਹੇਤ ਵਿਚ ਪੈ ਕੇ, ਮਾਇਆ ਨੂੰ ਖਟ ਕਮਾ ਕੇ ਦੇਣ ਵਾਲੇ ਜਿਤਨੇ ਭੀ ਕੰਮ ਕਰਮ ਕਮਾਉਂਦੇ ਹਨ ਅਤੇ ਨਾਮ ਨਹੀਂ ਧਿਆਉਂਦੇ, ਸੋ ਬੰਧਨ ਰੂਪੀ ਪੈਖੜ ਹੀ ਪੈਰਾਂ ਵਿਚਿ ਪਾਉਂਦੇ ਹਨ। ਉਹ ਮਾਇਆਵੀ ਮਮਤਾਵੀ ਕਰਮਾਂ ਵਿਚਿ ਹੀ ਖੱਚਤ ਹੋ ਹੋ ਖਪ ਖਪ ਮਰਦੇ ਹਨ। ਸੋ ਅਜਿਹੇ ਮਾਤ ਪਿਤਾ ਮਮਤਾਵੀ ਕਰਮ ਸਭ ਬੰਧਨ ਰੂਪ ਹਨ। ਫੇਰ ਪੁੱਤਰ ਪੁੱਤਰੀ ਅਤੇ ਨਾਰੀ (ਇਸਤ੍ਰੀ) ਦੀ ਮੋਹ ਮਮਤਾ ਹੈ, ਸੋ ਭੀ ਬੰਧਨ ਰੂਪ ਹੀ ਹੈ। ਕਿਉਂਕਿ ਪ੍ਰਥਮ ਤਾਂ ਉਹ ਪੁੱਤਰ ਕੁਟੰਬ ਨੂੰ ਪਾਲਨ ਪੋਸਣ ਹਿਤ ਖਟੀਆਂ ਕਮਾਈਆਂ ਦੇ ਜੋ ਕਰਮ ਕਰਦਾ ਹੈ, ਉਹ ਉਸ ਨੂੰ ਉਹਨਾਂ ਕਰਮਾਂ ਦਾ ਅਤੇ ਜਿਨ੍ਹਾਂ ਨਮਿਤ ਉਹ ਕਰਮ ਕਰਦਾ ਹੈ ਉਨ੍ਹਾਂ ਦਾ ਰੂਪ ਹੀ ਬਣਾ ਲੈਂਦੇ ਹਨ। ਦੂਜੇ ਪੁੱਤਰ ਕਲੱਤਰ (ਪੁੱਤਰ, ਧੀ, ਇਸਤ੍ਰੀ) ਦਾ ਮੋਹ-ਮਮਤਾਵੀ ਹੇਤ ਉਸ ਨੂੰ ਨਿਮਖ ਮਾਤਰ ਭੀ ਪ੍ਰਮਾਰਥ ਦੇ ਪਾਸੇ ਆਉਣ ਨਹੀਂ ਦਿੰਦਾ। ਤਾਂ ਤੇ ਪੁਤ ਕੰਨਿਆ ਅਤੇ ਨਾਰੀ ਬੰਧਨ ਹੀ ਹੈ। ਗੁਰਮਤਿ ਨਾਮ ਅਭਿਆਸੀ ਜਨ ਇਸਤ੍ਰੀ ਪੁੱਤਰਾਂ ਪੁੱਤਰੀਆਂ ਵਿਚਿ ਰਹਿੰਦਾ ਹੋਇਆ ਭੀ ਮੋਹ-ਮਮਤਾ ਤੋਂ ਅਲੇਪ ਰਹਿੰਦਾ ਹੈ, ਕਿਉਂਕਿ ਤਿਨ੍ਹਾਂ ਦੀ ਪ੍ਰਬਲ ਰੁਚੀ ਬਿਰਤੀ ਹਰ ਵਕਤ ਹਰ ਛਿਨ ਵਾਹਿਗੁਰੂ ਦੇ ਸਿਮਰਨ ਵਿਚਿ ਹੀ ਰਹਿੰਦੀ ਹੈ। ਤਿਨ੍ਹਾਂ ਨੂੰ ਮੋਹ ਮਮਤਾ ਵਿਆਪਦੀ ਹੀ ਨਹੀਂ। ਪੁੱਤਰ ਕਲੱਤਰ ਦੀ ਪਾਲਣਾ ਪੋਸਣਾ ਮਈ ਚਿੰਤਾ ਤਿਨ੍ਹਾਂ ਨੂੰ ਨਹੀਂ ਸਤਾਉਂਦੀ, ਕਿਉਂਕਿ ਉਹ ਮਨ, ਬਚ, ਕਰਮ ਕਰਕੇ ਸਭਨਾਂ ਦਾ ਪਾਲਣ ਪੋਸਣਹਾਰਾ ਸਰਬ ਦਾ ਪ੍ਰਤਿਪਾਲਕ ਮਾਲਕ ਇਕ ਅਕਾਲ ਪੁਰਖ ਨੂੰ ਜਾਣਦੇ ਹਨ। ਹੁਕਮ ਅਨੁਸਾਰ ਘਾਲ ਖਟੀ ਕਮਾਈ ਜੋ ਦਸਾਂ ਨਹੁੰਆਂ ਦੀ ਕਰਦੇ ਹਨ, ਉਸ ਵਿਚ ਉਨ੍ਹਾਂ ਦੀ ਹਉਮੈ ਰਾਈ ਮਾਤਰ ਭੀ ਨਹੀਂ ਹੁੰਦੀ। ਆਪਣੇ ਆਪ ਨੂੰ ਖੱਟ ਕੇ ਖੁਆਉਣਹਾਰਾ ਉਹ ਸਮਝਦੇ ਹੀ ਨਹੀਂ। ਇਸ ਕਰਕੇ ਨਾ ਉਹ ਖਟਣ ਘਾਲਣ ਵਿਚਿ ਖਚਤ ਹੁੰਦੇ ਹਨ, ਨਾ ਹੀ ਉਹ ਮੋਹ ਕੁਟੰਬੀ ਮਮਤਾ ਦੇ ਬੰਧਨਾਂ ਵਿਚਿ ਪੈਂਦੇ ਹਨ। ਸਦਾ ਅਲੇਪ ਰਹਿੰਦੇ ਹਨ। ਗੁਰਮਤਿ ਰੂਪੀ ਪਾਰਸ ਕਮਾਈ ਦੇ ਪਰਤਾਪ ਨਾਲਿ ਤਿਨ੍ਹਾਂ ਨੂੰ ਲੇਪ ਹੀ ਨਹੀਂ ਲਗਦਾ। ਬੰਧਨ ਕੋਈ ਵਿਆਪਦਾ ਹੀ ਨਹੀਂ। ਆਨ ਕਰਮਾਰੀ ਸੁਤ ਕੰਨਿਆ ਅਤੇ ਨਾਰੀ ਦੇ ਬੰਧਨਾਂ ਵਿਚਿ ਰਚ ਪਚ ਕੇ ਖੱਜਲ ਖੁਆਰ ਹੁੰਦੇ ਰਹਿੰਦੇ ਹਨ। ਤਿਨ੍ਹਾਂ ਦਾ ਉਭਾਰ ਹੋ ਹੀ ਨਹੀਂ ਸਕਦਾ, ਬੜੀ ਤਰਸ ਵਾਲੀ ਦਸ਼ਾ ਹੈ ਇਨ੍ਹਾਂ ਦੀ ॥ ੨ ॥ ਹਉਮੈ ਦੇ ਅਧੀਨ ਹੋ ਕੇ ਜਿਤਨੇ ਭੀ ਕਰਮ ਧਰਮ ਕੀਤੇ ਜਾਂਦੇ ਹਨ, ਸੋ ਸਭਿ ਹਉਮੈ ਬੰਧਨੀ ਕਰਮ ਧਰਮ ਹਨ। ਸਾਰੇ ਆਨਮਤਿ ਕਰਮਾਂ ਧਰਮਾਂ ਦਾ ਇਹੀ ਹਾਲ ਹੈ। ਉਹ ਸਭੇ ਕਰਮ ਧਰਮ ਬੰਧਨ ਰੂਪ ਹਨ। ਕਿਉਂਕਿ ਹਉਮੈ ਵਿਚਿ ਲਥ ਪਥ ਹੋ ਕੇ ਕੀਤੇ ਜਾਂਦੇ ਹਨ। ਆਨਮਤਿ ਕਰਮ ਧਰਮ ਹਨ ਹੀ ਐਸੇ, ਜਿਨ੍ਹਾਂ ਦੇ ਕੀਤਿਆਂ ਹਉਮੈ ਹੀ ਹਉਮੈ ਉਪਜਦੀ ਹੈ। ਅਹੰ-ਬੰਧਨੀ ਬੰਧਨ ਸਗੋਂ ਹੋਰ ਵਧੇਰੇ ਵਧ ਜਾਂਦੇ ਹਨ। ਇਹਨਾਂ ਆਨਮਤਿ ਕਰਮਾਂ ਧਰਮਾਂ ਦੇ ਕੀਤਿਆਂ ਪੁੱਤਰ ਕਲਿੱਤਰ ਦੇ ਮੋਹ-ਮਮਤਾਵੀ-ਬੰਧਨਾਂ ਵਿਚਿ ਪੈ ਕੇ ਮਨ ਅੰਦਰ ਦੂਜੇ ਭਾਵ ਵਾਲੇ ਕਰਮ ਹੀ ਉਹਨਾਂ ਤੋਂ ਹੁੰਦੇ ਹਨ ਅਤੇ ਦੂਜੇ ਭਾਵ ਦੇ ਕੀਤੇ ਕਰਮ ਸਗੋਂ ਹੋਰ ਬੰਧਨ ਰੂਪ ਹੋ ਕੇ ਚਿੰਮੜ ਜਾਂਦੇ ਹਨ, ਕਰਮ ਕਮਾਵਣਹਾਰ ਪ੍ਰਾਣੀ ਨੂੰ ॥ ੩ ॥ ਨਾਮ ਕਮਾਈ ਰੂਪੀ ਕਿਰਸਾਣੀ ਤੋਂ ਸਖਣੇ ਕਿਰਸਾਨ ਜੋ ਖੇਤੀ ਕਰਦੇ ਹਨ, ਐਸੀ ਖੇਤੀ ਭੀ ਬੰਧਨ ਰੂਪ ਹੈ। ਕਿਉਂਕਿ ਕਿਰਸਾਨ ਲੋਗ ਨਿਸ ਬਾਸਰ, ਦਿਨੇ ਰਾਤ ਖੇਤੀ ਦੇ ਕਾਰ ਬਿਹਾਰੀ ਕਰਮ ਕਰਨ ਵਿਚ

ਹੀ ਹਮਾਤਨ ਖੱਚਤ ਰਹਿੰਦੇ ਹਨ। ਤਿਨ੍ਹਾਂ ਨੂੰ ਨਿਮਖ ਮਾਤਰ ਭੀ ਪ੍ਰਮਾਰਥ ਦਾ ਪਾਸਾ ਯਾਦ ਨਹੀਂ ਰਹਿੰਦਾ। ਲਹੂ ਪਾਣੀ ਇਕ ਕਰਕੇ ਖੇਤੀ ਸੰਬੰਧੀ ਕਰਮ ਕਰਦੇ ਹਨ। ਇਕ ਨਿਮਖ ਮਾਤਰ ਭੀ ਨਾਮ ਨਹੀਂ ਲੈਂਦੇ ਉਸ ਪਰਮਾਤਮਾ ਦਾ, ਜਿਸ ਨੇ ਉਹਨਾਂ ਨੂੰ ਪੈਦਾ ਕੀਤਾ ਹੈ। ਖੇਤੀ ਬਹੁਤੀ ਬੰਧਨ ਰੂਪ ਇਸ ਕਰਕੇ ਹੈ ਕਿ ਖੇਤੀ ਕਰਨਹਾਰਿਆਂ ਨੂੰ ਵਕਤ ਦੀ ਰਾਜ-ਹਕੂਮਤ ਦਾ ਹਉਮੈ ਡੰਨ ਸਹਿਣਾ ਪੈਂਦਾ ਹੈ। ਜਦੋਂ ਰਾਜ ਕਰਮਾਚਾਰੀ ਉਸ ਤੋਂ ਜਬਰਨ ਮਾਮਲੇ ਦੀ ਵਸੂਲੀ ਕਰਦੇ ਹਨ ॥ ੪ ॥ ਗੁਰਮਤਿ ਦੀ ਤੱਤ ਵੀਚਾਰ ਤੋਂ ਹੀਣੀ ਸਉਦੇਬਾਜ਼ੀ ਸੁਦਾਗਰੀ ਭੀ ਬੰਧਨ ਰੂਪ ਹੈ, ਜੋ ਨਿਰਾ ਮਾਇਆਵੀ ਨਫ਼ਾ ਕਮਾਉਣ ਦੀ ਹਿਰਸ ਵਿਚ ਹੀ ਕੀਤੀ ਕੱਤਰੀ ਜਾਂਦੀ ਹੈ। ਸੱਚੀ ਸੁਦਾਗਰੀ ਅਤੇ ਸੱਚਾ ਸਉਦਾ ਤਾਂ ਨਾਮ ਦੇ ਵਾਪਾਰ ਦਾ, ਨਾਮ ਦੇ ਨਫ਼ੇ ਉਪਜਾਉਣ ਵਾਲਾ ਹੈ, ਹੋਰ ਸਭ ਕੁੜਾਵੀਆਂ ਸਉਦੇਬਾਜ਼ੀਆਂ ਹਨ, ਜੋ ਨਿਰੀਆਂ ਬੰਧਨ ਰੂਪ ਹੀ ਹਨ, ਕਿਉਂਕਿ ਇਸ ਮਾਇਆ ਦੀ ਸਉਦੇਬਾਜ਼ੀਆਂ ਸਉਦਾ-ਸੁਦਾਗਰੀ ਵਿਚਿ ਤ੍ਰਿਪਤੀ ਕਿਤੇ ਭੀ ਨਹੀਂ ਅਤੇ ਕਦੇ ਭੀ ਨਹੀਂ। ਇਹ ਸਉਦਾ ਸਭ ਮਾਇਆ ਮੋਹ ਦਾ ਪਸਾਰਾ ਹੀ ਹੈ। ਜਿਤਨੇ ਭੀ ਆਨਮਤਿ ਕਰਮ ਆਨਮਤੀ ਲੋਗ ਕਮਾਉਂਦੇ ਹਨ, ਸਭ ਤ੍ਰੈਗੁਣੀ ਕਰਮ ਹੀ ਹਨ। ਮਾਇਆ ਮੋਹ ਦੇ ਪਸਾਰੇ ਵਾਲੇ ਕਰਮ ਹੀ ਹਨ। ਕੋਈ ਕਰਮ ਭੀ ਥਾਉਂ ਨਹੀਂ ਪੈਂਦੇ। ਕਿਸੇ ਲੇਖੇ ਨਹੀਂ ॥ ੫-੬ ॥ ਬੇਦ ਭੀ ਅਤੇ ਬੇਦਾਚਾਰੀ ਕਰਮ ਭੀ ਸਭਿ ਬੰਧਨ ਰੂਪ ਹੀ ਹਨ। ਏਨ੍ਹਾਂ ਦੀ ਬੀਚਾਰ ਭੀ ਬਾਦ ਬਿਬਾਦ ਰੂਪੀ ਹਉਮੈ ਅਹੰਕਾਰ ਵਧਾਉਂਦੀ ਹੈ ਤੇ ਤਿਸ ਬਾਦ ਬਿਬਾਦ ਤੋਂ ਖਰੜ ਗਿਆਨ ਹੀ ਹਾਸਲ ਹੁੰਦਾ ਹੈ। ਤੱਤ ਗਿਆਨ ਕਿਨਾਰੇ ਰਹਿ ਜਾਂਦਾ ਹੈ। ਮੋਹ ਵਿਕਾਰੀ ਕਰਮ ਦੇ ਬੰਧਨ ਕਰਕੇ ਕਰਮ-ਬੰਧਨੀ-ਪ੍ਰਾਣੀ ਦਾ ਨਾਸ ਹੁੰਦਾ ਹੈ। ਨਾਸ ਹੀ ਨਹੀਂ, ਸਤਿਆਨਾਸ ਹੋ ਜਾਂਦਾ ਹੈ। ਕੇਵਲ ਗੁਰਮਤਿ ਨਾਮ ਦੀ ਸ਼ਰਨ ਪਇਆਂ ਹੋਰ ਬੰਧਨ ਨਹੀਂ ਪੈਂਦੇ। ਜਿਸ ਨੂੰ ਸਤਿਗੁਰੂ ਰਖੇ ਤਿਸ ਨੂੰ ਹੀ ਇਹਨਾਂ ਹਉਮੈ-ਬੰਧਨੀ ਕਰਮਾਂ ਦਾ ਬੰਧ (ਬੰਧਣ) ਨਹੀਂ ਪੈਂਦਾ ॥ ੭-੮ ॥

ਆਸਾ ਮਹਲਾ ੧ ॥ ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ ॥ ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ ॥ ੧ ॥ ਦਰੁ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ ॥ ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ ॥ ੧ ॥ ਰਹਾਉ ॥ ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥ ਮੈ ਇਕੁ ਨਾਮ ਨ ਵੀਸਰੈ ਸਾਚੇ ਗੁਰ ਬੁਧਿ ॥ ੨ ॥ ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥ ਗੁਰ ਕਾ ਸਬਦੁ ਨਾ ਚੀਨ੍ਹਹੀ ਤਤੁ ਸਾਰੁ ਨਿਰੰਤਰ ॥ ੩ ॥ ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥ ੪ ॥ ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥ ੫ ॥ ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥ ੬ ॥ ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥ ੭ ॥ ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ ॥ ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥ ੮ ॥ ੧੪ ॥

(ਪੰਨਾ ੪੧੮-੧੯)

ਵਿਆਖਿਆ— ਗੁਰੂ ਨਾਨਕ ਸਾਹਿਬ ਨੇ ਆਪਣੀ ਦਿਬ ਤ੍ਰਿਕਾਲ ਦ੍ਰਿਸ਼ਟੀ ਦੁਆਰਾ ਚਾਰੇ ਕੁੰਟਾਂ, ਸਾਰੇ ਭਵਨ, ਸਿਰਜਨਹਾਰ ਕਰਤਾਰ ਦੀ ਰਚੀ ਹੋਈ ਸਾਰੀ ਸ੍ਰਿਸ਼ਟੀ ਢੂੰਡ ਪੜਤਾਲ ਕਰ ਕੇ ਦੇਖ ਲਈ, ਸੱਚੇ ਵਾਹਿਗੁਰੂ ਸਮਸਰ ਹੋਰ ਕੋਈ ਉਪਾਸ਼ਯ ਦੇਵ ਉਪਾਸ਼ਨਾ ਯੋਗ ਨਹੀਂ। ਇਕੋ ਅਕਾਲ ਪੁਰਖ ਹੈ। ਸੱਚੇ ਸਾਹਿਬਾ ਇਕੋ ਤੂੰ ਹੈਂ ਜਿਸ ਨੂੰ ਮੈਂ ਉਪਾਸ਼ਨਾ ਯੋਗ ਸਮਝ ਕੇ ਅਪਣਾਇਆ, ਹੋਰ ਕਿਸੇ ਨੂੰ ਮੈਂ ਨਹੀਂ ਅਪਣਾਇਆ, ਮੈਂਡਾ ਆਪਣਾ ਉਪਾਸ਼ਯ ਮਾਸ਼ੂਕ ਇਕ ਤੂੰ ਹੀ ਹੈਂ ਅਤੇ ਮੈਂ ਤੇਰਾ ਸੱਚਾ ਉਪਾਸ਼ਕ, ਸੱਚਾ ਆਸ਼ਕ ਹਾਂ। ਹੇ ਮੇਰੇ ਸਾਹਿਬਾ ਸਚਿਆ! ਜੇ ਤੈਨੂੰ ਭਾਵੇ, ਤੇਰੀ ਸੱਚੀ ਰਜ਼ਾ ਹੋਵੇ ਤਾਂ ਤੇਰੀ ਮੇਰੀ, ਮੇਰੀ ਤੇਰੀ ਸੱਚੀ ਆਸ਼ਕੀ ਮਸ਼ੂਕੀ ਬਣੀ ਰਹੇ। ਤੂੰ ਮੇਰਾ ਮੈਂਡਾ ਮਾਸ਼ੂਕ ਸਦਾ ਬਣਿਆ ਰਹੇਂ ਤੇ ਮੈਂ ਤੇਰਾ ਤੈਂਡਾ ਸਦਾ ਸਦਾ ਆਸ਼ਕ ਉਪਾਸ਼ਕ ਬਣਿਆ ਰਹਾਂ। ਇਕ ਤੇਰੀ ਹੀ ਉਪਾਸ਼ਨਾ ਕਰਦਾ ਰਹਾਂ। ਇਕ ਤੇਰੇ ਹੀ ਨਾਮ ਨੂੰ ਜਪਦਾ ਰਟਦਾ ਰਹਾਂ। ਮੈਨੂੰ ਤੇਰਾ ਦਰ ਛਡ ਕੇ ਹੋਰ ਕੋਈ ਦਰੁ ਨਹੀਂ ਦਿਸਦਾ ਸੁਝਦਾ। ਤੁਧੁ ਜਿਹਾ ਮੈਨੂੰ ਹੋਰ ਕੋਈ ਨਜ਼ਰ ਨਹੀਂ ਆਉਂਦਾ, ਜਿਸ ਅਗੇ ਮੈਂ ਝੁਕਾਂ, ਤੇ ਝੁਕ ਝੁਕ ਕੇ ਸਲਾਮਾਂ ਨਮਸਕਾਰਾਂ ਪ੍ਰਣਾਮਾਂ ਕਰਾਂ। ਮੈਂਡਾ ਇਕੋ ਮਾਲਕ ਤੂੰ ਹੈਂ ਅਤੇ ਤੈਂਡਾ ਹੀ ਇਕੋ ਨਾਮੁ ਹੈ, ਜੋ ਮੈਂਡੇ ਮੁਖ ਵਿਚਿ ਜਪਣ ਉਚਾਰਨ ਲਈ ਸਦਾ ਸਹਾਰਾ ਹੈ। ਤੇਰੇ ਇਕੈ ਨਾਮ ਦੀ ਮੈਂ ਉਪਾਸ਼ਨਾ ਕਰਦਾ ਰਹਾਂ। ਤੇਰਾ ਇਕੋ ਨਾਮ ਹੀ ਮੈਂ ਮੁਖ ਰਸਨਾ ਕਰਕੇ ਰਟਦਾ ਰਹਾਂ। ਤੈਂਡੇ ਨਾਮ ਬਿਨਾਂ ਹੋਰ ਦੂਜੀ ਉਪਾਸ਼ਨਾ ਸਭ ਨਾਸਤ ਹੈ। ਤੈਂਡੇ ਨਾਮ ਜਪਣ ਸਿਮਰਨ ਰੂਪੀ ਕਰਮ ਬਿਨਾਂ ਹੋਰ ਕਰਮ ਕਰਨਾ, ਹੋਰ ਧਰਮ ਧਾਰਨਾ ਮੇਰੇ ਲਈ ਸ਼ਰਮ ਭਰੀ ਮੂੜ੍ਹਤਾ ਹੈ। ਭਾਵ, ਗੁਰਮਤਿ ਨਾਮ ਅਭਿਆਸੀਆਂ ਨੂੰ ਗੁਰਮਤਿ ਨਾਮ ਅਭਿਆਸ ਰੂਪੀ ਕਰਮ ਬਾਝੋਂ, ਆਨ ਕਰਮ ਆਨਮਤਿ ਧਰਮ ਦੇ ਕਰਮਾਂ ਨੂੰ ਕਰਦਿਆਂ ਲਜਿਆ ਆਉਂਦੀ ਹੈ। ਕਿਉਂਕਿ ਉਹ ਗੁਰਮਤਿ ਨਾਮ ਅਭਿਆਸ ਰੂਪੀ ਕਰਮ ਦੇ ਸਾਹਮਣੇ ਬੜੇ ਹੀ ਨਿਚਲੇ ਦਰਜੇ ਦੇ ਕਰਮ ਹਨ ॥ ੧ ॥ ਰਹਾਉ ॥ ਕਈ ਸ਼ੁਸ਼ਕ ਬੁਧੀ ਵਾਲੇ ਲੋਕ ਸਿਧਾਂ ਦੇ ਸੇਵਕ ਉਪਾਸ਼ਕ ਬਣਦੇ ਹਨ ਅਤੇ ਸਿਧ ਪੀਰ ਬਣਿਆ ਲੋਚਦੇ ਹਨ ਤੇ ਰਿਧੀਆਂ ਸਿਧੀਆਂ ਮੰਗਦੇ ਹਨ। ਪਰ ਨਾਮ ਦੇ ਆਸ਼ਕਾਂ ਉਪਾਸ਼ਕਾਂ ਦੇ ਨਿਕਟਿ ਇਹ ਰਿਧੀਆਂ ਸਿਧੀਆਂ ਸਭ ਹੇਚ ਅਤੇ ਤੁੱਛ ਹਨ। ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਅਗੇ ਇਹੀ ਜੋਦੜੀ ਕਰਦੇ ਹਨ ਕਿ ਹੇ ਵਾਹਿਗੁਰੂ! ਮੈਨੂੰ ਤੇ ਮੇਰੇ ਘਰ ਦੇ ਗੁਰਸਿੱਖਾਂ ਨੂੰ ਇਕ ਤੇਰਾ ਨਾਮ ਨਾ ਵੀਸਰੇ। ਤੇਰਾ ਇਕੋ ਨਾਮ ਕਦੇ ਨ ਵੀਸਰੇ, ਜੋ ਸੱਚ, ਇਕੋ ਗੁਰੂ ਦੀ ਸੱਚੀ ਦੀਖਿਆ ਦੁਆਰਾ, ਗੁਰੂ ਦੀ ਸੱਚੀ ਮਤਿ ਬੁਧਿ ਦੁਆਰਾ ਪ੍ਰਾਪਤਿ ਹੁੰਦਾ ਹੈ। ਭਾਵ, ਇਕੋ ਗੁਰਮਤਿ ਨਾਮੁ ਕਦੇ ਨਾ ਵੀਸਰੇ, ਪਰ ਨ ਵੀਸਰੇ। ਏਸ ਨਾਮ ਦੇ ਤੁਲਿ ਰਿਧੀਆਂ ਸਿਧੀਆਂ ਕੀ ਚੀਜ਼ ਹਨ। ਕੁਛ ਭੀ ਨਹੀਂ। ਇਹ ਰਿਧੀਆਂ ਸਿਧੀਆਂ ਸਤਿਨਾਮ ਦੀਆਂ ਦਾਸੀਆਂ ਹਨ। ਨਾਮ ਜਪਣ ਵਾਲਿਆਂ ਨਾਮ ਅਭਿਆਸੀਆਂ ਦੇ ਪਿਛੇ ਲਗੀਆਂ ਫਿਰਦੀਆਂ ਹਨ। ਪਰ ਨਾਮ ਅਭਿਆਸੀ, ਗੁਰਮਤਿ ਨਾਮ ਅਭਿਆਸੀ ਜਨ ਇਹਨਾਂ ਨੂੰ ਸਿਆਣਦੇ ਨਹੀਂ ਕਿ ਕਿਸ ਬਾਗ ਦੀਆਂ ਮੂਲੀਆਂ ਹਨ ॥ ੨ ॥ ਜੋਗ ਸਾਧਣ ਵਾਲੇ ਜੋਗੀ ਲੋਗ ਅਤੇ ਭੋਗ ਭੋਗਣ ਵਾਲੇ ਭੋਗੀ ਲੋਗ ਅਤੇ ਲੀਰਾਂ ਦੇ ਚੋਲੇ ਪਾਉਣ ਵਾਲੇ ਫ਼ਕੀਰ ਲੋਕ ਐਵੇਂ ਵਾਹੀਆਤ ਹੀ ਦੇਸਾਂ ਬਦੇਸਾਂ ਵਿਚਿ ਭਉਂਦੇ ਫਿਰਦੇ ਹਨ, ਪਰ ਉਹਨਾਂ ਨੂੰ ਲਭਤ ਕੁਝ ਨਹੀਂ ਹੁੰਦੀ। ਉਹ ਬਦਕਿਸਮਤ ਜੇ ਗੁਰ ਕਾ (ਗੁਰੂ ਘਰ ਦਾ) ਸ਼ਬਦ ਗੁਰ ਮੰਤਰ-ਗੁਰ-ਦੀਖਿਆ ਦੁਆਰਾ ਲੈ ਲੈਣ ਤਾਂ ਉਨ੍ਹਾਂ ਨੂੰ ਘਟ ਅੰਤਰਿ ਤਤੁ ਸਾਰ ਵਸਤੂ (ਪਦਾਰਥ) ਲਭ ਪਵੇ। ਪਰ ਉਹਨਾਂ ਦੀ ਕਿਸਮਤ ਵਿਚਿ ਗੁਰ ਸ਼ਬਦ ਚੀਨਣਾ ਲਿਖਿਆ ਹੋਇਆ ਹੀ ਨਹੀਂ। ਉਹ ਗੁਰ-ਸ਼ਬਦ

ਚੀਨਦੇ ਹੀ ਨਹੀਂ। ਚੀਨਣ ਤਾਂ; ਜੇ ਗੁਰ ਕੀ ਸ਼ਰਨੀ ਆਉਣ। ਉਹ ਤਾਂ ਆਪਣੇ ਅਹੰਕਾਰ ਦੇ ਮਤੇ ਹੋਏ ਦੂਰ ਦੂਰ ਹੀ ਭੱਜੇ ਫਿਰਦੇ ਹਨ। ਪਏ ਦੇਸੰਤਰੀ ਭਟਕਦੇ ਭਰਮਦੇ ਹਨ ॥ ੩ ॥ ਹੁਣ ਪੰਡਿਤਾਂ ਪਾਧੇ ਜੋਤਸ਼ੀਆਂ ਦੀ ਗੱਲ ਲਵੋ। ਉਹ ਓਦੂੰ ਭੀ ਰਹੇ ਹੋਏ ਹਨ। ਰਹਿ ਖੜੋਤੇ ਹੋਏ ਹਨ। ਨਿਤ ਪੁਰਾਣਾਂ ਨੂੰ ਪੜ੍ਹਦੇ ਹਨ, ਪਰ ਭੰਬਲ ਭੂਸੇ ਹੀ ਖਾਂਦੇ ਹਨ। ਸੱਚੇ ਪਦਾਰਥ ਮਈ ਸੱਚੀ ਵਸਤੂ ਤਾਂ ਅੰਤਰਿ ਆਤਮੇ ਹੀ ਹੈ, ਜਿਸ ਨੂੰ ਉਹ ਬਾਹਰ ਭਾਲਦੇ ਫਿਰਦੇ ਹਨ ਅਤੇ ਜਿਸ ਬ੍ਰਹਮ ਨੂੰ ਆਪਣੀ ਪੁਰਾਣਕ ਵਿਦਿਆ ਕੁਵਿਦਿਆ ਦੇ ਆਸਰੇ ਬਾਹਜ-ਮੁਖੀ ਹੋ ਕੇ ਬਾਹਰੋਂ ਹੀ ਢੂੰਡਦੇ ਹਨ। ਉਹ ਬ੍ਰਹਮ ਤਾਂ ਘਟਾਂ ਅੰਦਰਿ ਗੁਪਤ ਲੁਕਿਆ ਬੈਠਾ ਹੈ, ਪਰ ਇਹ ਗੁਰਮਤਿ ਜੁਗਤੀ ਨਾਲਿ ਹੀ, ਗੁਰਮਤਿ-ਸ਼ਬਦ-ਕਰਮ ਦੀ ਜੁਗਤੀ ਨਾਲਿ ਹੀ ਗੁਪਤੋਂ ਪਰਗਟ ਹੁੰਦਾ ਹੈ, ਗੁਰਮਤਿ ਨਾਮ ਦੀ ਕਮਾਈ ਕੀਤਿਆਂ ਘਟ ਅੰਤਰੋਂ ਹੀ ਪ੍ਰਗਟ ਹੋ ਜਾਂਦਾ ਹੈ, ਜੋਤਿ ਸ਼ਿਗੁਫ਼ਤਾ ਹੋ ਕੇ ਪ੍ਰਕਾਸ਼ਤ ਹੋ ਜਾਂਦਾ ਹੈ। ਪੁਰਾਣਾਂ ਦੀ ਪੜ੍ਹਾਈ ਅੰਦਰਿ ਇਸ ਗੁਰਮਤਿ ਗੂੜ੍ਹ ਭੇਦ ਦਾ ਨਮੂਦ ਭੀ ਨਹੀਂ ॥ ੪ ॥ ਅਨੇਕਾਂ ਤਪੱਸਿਆ ਕਰਨ ਵਾਲੇ ਤਪੱਸੀ ਲੋਕ ਹਨ ਜੋ ਤਪੱਸਿਆ ਕਰਨ ਹਿਤ ਬਨਾਂ ਵਿਖੇ ਅਤੇ ਤੀਰਥਾਂ ਦੇ ਤਟਾਂ ਉਤੇ ਜਾਇ ਬਸਦੇ ਹਨ, ਘਰ ਬਾਰ ਨੂੰ ਛਡ ਕੇ। ਪਰ ਤਪ ਕੀਤਿਆਂ ਤਾਮਸ ਤਮੋਗੁਣ ਹੀ ਵਧਦਾ ਹੈ। ਉਹ ਤਪਸੀ ਤਮੋਗੁਣੀ ਕ੍ਰੋਧੀ ਹੀ ਹੋ ਜਾਂਦੇ ਹਨ ਅਤੇ ਤਾਮਸੀ ਭੀ ਪੁਜ ਕੇ ਅਤੇ ਪਰਲੇ ਦਰਜੇ ਦੇ ਹੁੰਦੇ ਹਨ। ਉਹ ਤਾਮਸੀ ਆਤਮ-ਪਦਾਰਥ ਪਰਮਾਤਮ ਪਦ ਨੂੰ ਆਪਣੇ ਅੰਦਰਿ ਨਹੀਂ ਚੀਨ (ਲਖ) ਸਕਦੇ। ਤਾਂ ਫੇਰ ਉਪਰਾਮਤਾ ਉਦਾਸੀਨਤਾ ਮਈ ਗ੍ਰਿਹਸਤ ਦਾ ਤਿਆਗ ਉਨ੍ਹਾਂ ਨੇ ਕਾਹਦੇ ਲਈ ਕੀਤਾ। ਏਸ ਤਿਆਗ ਨੂੰ ਹੀ ਲਾਜ ਲਾਈ। ਆਪਣੇ ਤਿਆਗ ਵੈਰਾਗ ਨੂੰ ਹੀ ਹਾਸੋਹੀਣਾ ਕੀਤਾ ॥ ੫ ॥ ਅਣਗਿਣਤ ਐਸੇ ਪੁਰਸ਼ ਹਨ ਜੋ ਹਠ ਨਿਗ੍ਰਹਿ ਕਰਿ ਆਪਣੇ ਬੀਰਜ ਨੂੰ ਕਾਇਮ ਰਖਣ ਵਿਚਿ ਹੀ ਆਪਣੇ ਆਪ ਨੂੰ ਪੁੱਗੇ ਹੋਏ ਸਮਝਦੇ ਹਨ। ਅਤੇ ਇਸ ਬਿੰਦ ਨੂੰ ਰੋਕ ਕੇ ਜਤੀ ਸਦਾਵਣ ਦੀ ਵਡਿਆਈ ਵਿਚਿ ਹੀ ਫੂਲੇ ਅਤੇ ਭੁਲੇ ਫਿਰਦੇ ਹਨ ਅਤੇ ਆਵਾਗਉਣ ਦੇ ਗੇੜ ਵਿਚਿ ਭਰਮਿ ਭਰਮਿ ਚੋਟਾਂ ਖਾਂਦੇ ਹਨ। ਉਨ੍ਹਾਂ ਭਰਮ-ਭੁਲਿਆਂ ਦਾ ਛੁਟਕਾਰਾ ਨਿਸਤਾਰਾ ਭੀ ਗੁਰ-ਸ਼ਬਦ ਦੀ ਪਾਰਸ ਕਮਾਈ ਬਿਨਾਂ ਨਹੀਂ ਹੋ ਸਕਦਾ। ਕਿਤੇ ਭਾਗ ਖੁਲ੍ਹਣ ਤਾਂ ਗੁਰ ਸ਼ਰਨਾਈ ਆਵਣਿ, ਗੁਰੂ ਘਰ ਤੋਂ ਗੁਰ-ਦੀਖਿਆ ਗੁਰ-ਮੰਤਰ ਪ੍ਰਾਪਤਿ ਕਰਨ। ਫੇਰ ਗੁਰ-ਮੰਤਰ ਦੀ ਅਥੱਕ ਕਮਾਈ ਕਰਨ ਤਾਂ ਜਾ ਕੇ ਉਨ੍ਹਾਂ ਦਾ ਨਿਸਤਾਰਾ ਛੁਟਕਾਰਾ ਹੋਵੇ ॥ ੬ ॥ ਵਿਰਲੇ ਵਡਭਾਗੇ ਗੁਰਸਿੱਖਾਂ ਸੇਵਕਾਂ ਦੀ ਬਹੁਲਤਾ ਭੀ ਐਸੀ ਹੈ, ਜੋ ਗ੍ਰਿਹਸਤੀ ਹੁੰਦੇ ਹੋਏ ਘਰ ਅੰਦਰਿ ਹੀ ਰਹਿ ਕੇ, ਗੁਰ ਦੀਖਸ਼ਾਏ ਗੁਰ-ਮੰਤਰ ਨਾਮ ਦੀ ਸਿਮਰਨ ਰੂਪੀ ਸੇਵ (ਅਭਿਆਸ ਕਮਾਈ) ਨੂੰ ਸਾਧਦੇ ਹੋਏ, ਗੁਰਮਤਿ ਦੇ ਪੱਕੇ ਧਾਰਨੀ ਬਣੇ ਹੋਏ ਹਨ (ਗੁਰਮਤੀ ਲਗੇ ਹੋਏ ਹਨ)। ਉਨ੍ਹਾਂ ਨੇ ਨਾਮ, ਦਾਨ, ਇਸ਼ਨਾਨ ਦੀ ਗੁਰਮਤਿ ਰਹਿਣੀ (ਗੁਰੂ ਘਰ ਦੀ ਰਹਿਤ ਮਰਯਾਦਾ) ਦ੍ਰਿੜ੍ਹ ਕਰ ਕੇ ਧਾਰਨ ਕੀਤੀ ਹੋਈ ਹੈ। ਇਸ ਬਿਧਿ ਕੀਤੀ ਗੁਰ-ਭਗਤੀ ਦੁਆਰਾ ਉਨ੍ਹਾਂ ਨੂੰ ਘਰ ਵਿਚਿ ਸੱਚੇ ਸੁਹਾਗ ਭਾਗ ਦੀ ਜਾਗ ਸੁਜਾਗੀ ਜਾਗ ਲਗ ਜਾਂਦੀ ਹੈ। ਇਸ ਬਿਧਿ ਗੁਰੂ ਦੁਆਰਾ ਗੁਰਮਤਿ ਨਾਮ ਦੀ ਕਮਾਈ ਕੀਤਿਆਂ ਐਥੇ ਹੀ ਇਸ ਲੋਕ ਵਿਖੇ ਹੀ ਸੱਚੇ ਦਰ ਘਰ ਦਾ ਜਾਣੂ ਹੋ ਜਾਈਦਾ ਹੈ ਅਤੇ ਅਗੇ ਜਾ ਕੇ ਭੀ ਏਸੇ ਜਾਣ-ਪਛਾਣ ਦੀ ਨੀਸ਼ਾਨੀ ਦੁਆਰਾ ਸੱਚੜਾ ਦੁਆਰਾ ਸੱਚਖੰਡ ਦਰਬਾਰ ਸਿਆਣ ਲਈਦਾ ਹੈ। ਸਿਆਣ ਕੇ ਛੜੱਪ ਹੀ ਉਸੇ ਦੁਆਰੇ ਜਾ ਵੜੀਦਾ ਹੈ, ਜਿਥੋਂ ਹੋੜਨ ਹਟਕਣ ਵਾਲਾ ਕੋਈ ਨਹੀਂ। ਗੁਰੂ ਨਾਨਕ ਸਾਹਿਬ ਦੀ ਪਹੁੰਚ ਨਾਲਿ ਧੁਰਿ ਪਹੁੰਚਿਆਂ ਹੋਇਆਂ ਨੂੰ ਧੁਰ ਸੱਚਖੰਡ ਪਹੁੰਚ ਕੇ ਭੀ

ਸੱਚੜਾ ਨਾਮ ਨਹੀਂ ਵੀਸਰਦਾ, ਐਸਾ ਉਨ੍ਹਾਂ ਦੀ ਆਤਮਾ ਅੰਦਰਿ ਉਹ (ਨਾਮ) ਧਸਿਆ ਅਤੇ ਰਸਿਆ ਹੋਇਆ ਹੁੰਦਾ ਹੈ ॥ ੮ ॥ ਇਸ ਗੁਰਵਾਕ ਵਿਆਖਿਆ ਦੁਆਰਾ ਆਨਮਤਿ ਕਰਮਾਂ ਉਪਰ ਗੁਰਮਤਿ ਕਰਮ ਦੀ ਸਰਫ਼ਰਾਜ਼ੀ (ਉਚਤਾ) ਅਤੇ ਫ਼ਜ਼ੀਲਤ (ਵਡਿਆਈ) ਆਨਮਤਿ ਕਰਮਾਂ ਦੀ ਨਿਪੁੰਸਕਤਾ ਅਤੇ ਗੁਰਮਤਿ ਕਰਮ ਦੀ ਮਹਾਨਤਾ ਭਲੀ ਪ੍ਰਕਾਰ ਸਿਧ ਹੋ ਗਈ। ਅਗਲੇ ਗੁਰਵਾਕ ਅੰਦਰਿ ਤ੍ਰੈਗੁਣੀ ਮਾਇਆ ਵਿਚਿ ਭਰਮ-ਭੁਲੇ ਕਰਮਾਚਾਰੀਆਂ ਦਾ ਵਿਸਥਾਰ ਹੈ, ਏਹਨਾਂ ਤੋਂ ਵਿਲੱਖਣ ਗੁਰਮਤਿ ਕਰਮਾਂ ਦੀ ਸ੍ਰੇਸ਼ਟਤਾ ਹੈ।

**ਮਃ ੩ ॥ ਤ੍ਰੈਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥ ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜ੍ਹਾਇਆ ॥ ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਯਿ ਖੁਆਇਆ ॥ ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ ॥ ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ ॥ ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ ਧਿਆਇਆ ॥ ਜਨ ਨਾਨਕ ਕਿਸ ਨੋ ਆਖਿ ਸੁਣਾਈਐ ਜਾ ਕਰਦੇ ਸਭਿ ਕਰਾਇਆ ॥ ੨ ॥**

**(ਗੂਜਰੀ ਕੀ ਵਾਰ, ਪੰਨਾ ੫੧੩)**

ਵਿਆਖਿਆ— ਦ੍ਰਿਸ਼ਟਮਾਨ ਪਸਾਰਾ ਸਭ ਤ੍ਰੈਗੁਣੀ ਮਾਇਆ ਦਾ ਹੈ। ਇਸ ਦੇ ਭਰਮ-ਭੁਲਾਵੇ ਵਿਚਿ ਬੜੇ ਬੜੇ ਦੇਵਤੇ ਫਸ ਕੇ ਤ੍ਰੈਗੁਣੀ ਮਾਇਆ ਦੇ ਹੀ ਕਰਮ ਕਮਾਉਣ ਵਿਚਿ ਪਰਵਿਰਤ ਹੁੰਦੇ ਰਹੇ। ਤ੍ਰੈਗੁਣੀ ਮਾਇਆ ਨੂੰ ਦੇਖ ਕੇ ਐਉਂ ਭਰਮ-ਭੁਲੇ ਹੋਏ ਮਾਇਆ ਵਿਚਿ ਹੀ ਗਲਤਾਨ ਹੋ ਗਏ, ਜਿਵੇਂ ਦੀਵੇ (ਦੀਪਕ) ਨੂੰ ਦੇਖ ਕੇ ਪਤੰਗਾ ਰਚ ਪਚ ਕੇ ਮਰ ਜਾਂਦਾ ਹੈ। ਬੇਦ-ਵੇਤੇ ਪੰਡਿਤ ਜਨ ਮਾਇਆ ਦੇ ਏਤਨੇ ਲਾਲਚੀ ਹਨ ਕਿ ਉਹਨਾਂ ਦੀ ਸੁਰਤੀ ਸਦਾ ਮਾਇਆ ਦੇ ਚੜ੍ਹਾਵੇ ਵਿਚਿ ਹੀ ਰਹਿੰਦੀ ਹੈ। ਜਦੋਂ ਕੋਈ ਚੜ੍ਹਾਵਾ ਚੜ੍ਹਾਉਂਦਾ ਹੈ ਓਦੋਂ ਹੀ ਉਹ ਉਸਰ ਉਸਰ ਕੇ ਦੇਖਦੇ ਹਨ ਕਿ ਕਿੰਨੀ ਕੁ ਮਾਇਆ ਚੜ੍ਹਾਈ ਹੈ। ਕਿਉਂਕਿ ਉਹ ਦੂਜੇ ਭਾਇ ਦੀ ਬਿਖਿਆ ਵਾਲੀ ਵਿਦਿਆ ਹੀ ਨਿਤ ਪੜ੍ਹਦੇ ਪੜ੍ਹਾਉਂਦੇ ਹਨ, ਏਸ ਕਰਕੇ ਬਿਖਿਆ ਮਤੀ ਸੁਰਤਿ ਬਿਰਤਿ ਉਨ੍ਹਾਂ ਦੀ ਹੋ ਜਾਂਦੀ ਹੈ। ਉਨ੍ਹਾਂ ਬਿਖ-ਮਤਿਆਂ ਦੀ ਪੂਰਬਲੀ ਕਰਣੀ ਹੀ ਐਸੀ ਹੈ ਕਿ ਉਹਨਾਂ ਦੇ ਇਸ ਜਨਮ ਵਿਚਿ ਭੀ ਬਿਖ ਮਾਇਆ ਵਿਚਿ ਖੁਆਰੀ ਹੀ ਲਿਖੀ ਹੋਈ ਹੈ। ਨਾਮ ਵਲੋਂ ਇਹਨਾਂ ਦੀ ਸੁਰਤੀ ਹੀ ਭਵਾ ਛਡੀ ਹੈ ਕਰਮ ਬਿਧਾਤੇ ਨਿਰੰਕਾਰ ਨੇ। ਨਾਮ ਵਲੋਂ ਭੁਆਟਣੀਆਂ ਖਾਣ ਵਾਲਿਆਂ ਦੀ ਇਹੋ ਗਤੀ ਹੁੰਦੀ ਹੈ।

ਆਨਮਤੀ ਭੇਖਾਂ ਦੇ ਫ਼ਿਰਕੇ ਜੋਗੀ ਜੰਗਮ ਸੰਨਿਆਸੀ ਸਭਿ ਭਰਮਦੇ ਹੀ ਭੁਲੇ ਫਿਰਦੇ ਹਨ। ਤ੍ਰੈਗੁਣੀ ਮਾਇਆ ਦੇ ਕਰਮ ਕਰਿ ਕਰਿ ਤਿਨ੍ਹਾਂ ਸਭਨਾਂ ਦਾ ਮਾਣ ਹੰਕਾਰ ਹੀ ਵਧਦਾ ਹੈ। ਤੇੜ ਦੇ ਢਕਣ ਲਈ ਕਪੜਾ ਅਤੇ ਉਦਰ ਪੂਰਨ ਲਈ ਅੰਨ ਭੋਜਨ ਇਹ ਦੋਵੇਂ ਭਿਛਿਆਵਾਂ ਹੀ ਭੀਖਕਾਂ ਦੇ ਦੇਣ ਲੈਣ ਲਈ ਸ਼ੋਭਨੀਕ ਹਨ। ਇਹ ਤਾਂ ਉਹ ਲੈਂਦੇ ਨਹੀਂ। ਹਠਕਰਮੀ ਬਣ ਕੇ ਆਪਣਾ ਜੀਵਨ ਜਨਮ ਅਕਾਰਥ ਗੰਵਾਉਂਦੇ ਹਨ।

ਏਤੜਿਆਂ ਸਮੂਹ ਕਰਮਾਚਾਰੀਆਂ ਵਿਚੋਂ ਭੁਲਾ ਹੋਇਆ ਮਾਰਗ ਉਹੀ ਪੈਂਦਾ ਹੈ, ਉਹੋ

ਸ੍ਰੇਸ਼ਟ-ਕਰਮੀ ਹੈ ਜਿਸ ਨੇ ਵਾਹਿਗੁਰੂ ਨਾਮ ਨੂੰ ਧਿਆਇਆ ਹੈ। ਸਭ ਆਪਣੇ ਪੂਰਬਲੇ ਕਰਮ ਦਾ ਫਲ ਹੀ ਭੁਗਤਦੇ ਹਨ। ਭੁਗਤਾਉਣ-ਹਾਰਾ ਗੁਰੂ ਕਰਤਾਰ ਹੈ, ਜਿਸ ਦੇ ਅਗੇ ਚਾਰਾ ਕਿਸੇ ਦਾ ਕੁਛ ਨਹੀਂ ਚਲਦਾ। ਗੁਰੂ ਸਾਹਿਬ ਨੇ ਭਰਮ-ਭੁਲੇ ਕਰਮਾਚਾਰੀਆਂ ਪ੍ਰਥਾਇ ਇਉਂ ਫੁਰਮਾਇਆ ਹੈ—

> ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥ ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥ ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥ ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥ ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥ ੧ ॥
>
> (ਵਾਰ ਬਿਲਾਵਲ, ਸਲੋਕ ਮਃ ੩, ਪੰਨਾ ੮੫੨)

ਇਸ ਗੁਰ-ਪ੍ਰਮਾਣ ਦੁਆਰਾ ਇਹ ਗੱਲ ਭੀ ਸਿਧ ਹੋ ਗਈ ਕਿ ਬ੍ਰਹਮਾ, ਬਿਸ਼ਨ, ਮਹੇਸ਼, ਜਿਨ੍ਹਾਂ ਨੂੰ ਹਿੰਦੂ ਆਨਮਤੀ ਲੋਗ ਵੱਡੇ ਕਹਿ ਕੇ ਮੰਨਦੇ ਹਨ, ਉਹ ਦ੍ਰਿਸ਼ਟਮਾਨ ਮਾਇਆ ਦੇ ਤ੍ਰੈਗੁਣ ਹੀ ਹਨ। ਇਹ ਤਿੰਨੇ ਦੇਵਤੇ ਮਾਇਆ ਤ੍ਰੈਗੁਣਾਂ ਦਾ ਪੁੰਜ (Embodiment) ਹੀ ਹਨ। ਏਹਨਾਂ ਤ੍ਰੈਗੁਣੀ ਦੇਵਤਿਆਂ ਦੇ ਉਪਾਸ਼ਕਾਂ ਨੂੰ ਛੁਟ ਮਾਇਆ ਵਿਹਾਜਣੀ ਮਮਤਾ ਦੇ ਹੋਰ ਕੁਛ ਪੱਲੇ ਨਹੀਂ ਪੈਂਦਾ। ਤਾਂ ਤੇ ਸਿਧ ਹੋਇਆ ਕਿ ਆਨਮਤਿ ਕਰਮਾਚਾਰੀ ਸਭੇ ਹੀ ਰਸਾਤਲ ਜਾਣ ਵਾਲੇ ਕਰਮ ਕਮਾਉਂਦੇ ਹਨ। ਨਾਮ-ਰਤੇ ਗੁਰਮੁਖਿ ਜਨ ਹੀ ਸ੍ਰੇਸ਼ਟ ਕਰਮਾਚਾਰੀ ਹਨ, ਜਿਨ੍ਹਾਂ ਨੂੰ ਗੁਰੂ ਦੀ ਸੁਮਤਿ ਹੈ। ਬਸ, ਇਹਨਾਂ ਦਾ ਹੀ ਨਿਸਤਾਰਾ ਅਤੇ ਆਵਾ-ਗਵਣ ਤੋਂ ਛੁਟਕਾਰਾ ਹੋਣਾ ਹੈ। ਅਗਲੇ ਗੁਰਵਾਕ ਅੰਦਰਿ ਇਹ ਵਰਣਨ ਹੈ ਕਿ ਕਰਮ ਕਾਂਡ ਕਰਨ ਵਾਲੇ ਕਰਮ-ਕਾਂਡੀਆਂ ਦੇ ਕਰਮ, ਕਾਂਡੀਆਂ ਨੂੰ ਭਰਮ ਵਿਚਿ ਹੀ ਰਖਦੇ ਹਨ, ਜਿਸ ਕਰਕੇ ਤਿਨ੍ਹਾਂ ਦਾ ਆਵਾ-ਗਵਣ ਬਣਿਆ ਹੀ ਰਹਿੰਦਾ ਹੈ। ਏਹਨਾਂ ਸਾਰੇ ਭਰਮਾਂ ਕਰਮਾਂ ਤੋਂ ਸ੍ਰੇਸ਼ਟ ਸਰਬੋਤਮ ਕਰਮ, ਸਰਬ ਸੁਖ ਦੇਣ ਵਾਲਾ ਗੁਰਮਤਿ ਨਾਮ ਅਭਿਆਸ ਕਰਮ ਹੀ ਹੈ, ਜੋ ਸਭ ਕਰਮਾਂ ਤੋਂ ਸਰਬੋਤਮ ਕਰਮ ਹੈ। ਯਥਾ ਗੁਰਵਾਕ—

> ਸੋਰਠਿ ਮਹਲਾ ੧ ਤਿਤੁਕੀ ॥
>
> ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥ ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥ ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥ ੧ ॥ ਸੁਣਿ ਪੰਡਿਤ ਕਰਮਾਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥ ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥ ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥ ੨ ॥ ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥ ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥ ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥ ੩ ॥ ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨ ਨਿਰਮਲੁ ਸਾਚਿ ਸਮਾਈ ॥ ਗੁਰ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥ ਜਿਸੁ ਅੰਤਰਿ ਲੋਭੁ

 www.sikhbookclub.com

ਕੂੜੁ ਬੋਲਿ ਬਿਖੁ ਖਾਈ ॥ ੪ ॥ ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥ ਗੁਰ ਬਿਨੁ ਭਰਮਿ ਵਿਗੁਚੀਐ ਭਾਈ ਘਟਿ ਘਟਿ ਦੇਉ ਅਲਖੁ ॥ ੫ ॥ ਇਹੁ ਜਗੁ ਤਾਗੋ ਸੂਤ ਕੋ ਭਾਈ ਦਹਦਿਸ ਬਾਧੋ ਮਾਇ ॥ ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥ ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥ ੬ ॥ ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥ ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥ ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥ ੭ ॥ ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥ ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥ ਧਨ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥ ੮ ॥ ੨ ॥

(ਪੰਨਾ ੬੩੫)

ਵਿਆਖਿਆ—ਅੱਖੀਂ ਡਿਠੇ, ਕੰਨੀ ਸੁਣੇ, ਸੰਵਾਤੇ, ਸਪਰਸੇ ਅਤੇ ਸੁੰਘੇ ਪੰਜੇ ਗਿਆਨ ਇੰਦਰਿਆਂ ਕਰਿ ਹੰਘੇ ਪਦਾਰਥਾਂ ਦੀ ਪ੍ਰਾਪਤੀ ਲਈ ਜੋ ਆਸਾ (ਉਮੈਦ) ਤੇ ਇੱਛਾ (ਮਨਸਾ) ਇਨਸਾਨ ਨੂੰ ਪ੍ਰਬਲ ਹੋ ਕੇ ਲਗੀ ਰਹਿੰਦੀ ਹੈ, ਇਹੀ ਬੰਧਨ ਫਾਹੇ ਹਨ। ਜਿਨ੍ਹਾਂ ਦੇ ਫਾਥੇ ਹੋਏ ਆਨਮਤਿ ਕਰਮੀਏ, ਆਨਮਤਿ ਧਰਮੀਏ ਲੋਗ ਏਨ੍ਹਾਂ ਹੀ ਬੰਧਨਾਵਾਂ ਵਾਲੇ ਬੰਧਕਾਰੀ ਕਰਮ ਧਰਮ ਕਰਨ ਵਿਚਿ ਪਰਵਿਰਤ ਕਰਮ ਕਰਨੇ ਸਿਖਾਉਂਦੇ ਦ੍ਰਿੜ੍ਹਾਉਂਦੇ ਹਨ। ਏਸ ਪਰਵਿਰਤੀ ਮਾਰਗ ਤੋਂ ਉਤਾਹਾਂ ਉਹ ਉਤਰਦੇ ਹੀ ਨਹੀਂ, ਕਿਉਂਕਿ ਨਿਰਵਿਰਤੀ ਪੱਖ ਦੇ ਪ੍ਰਮਾਰਥੀ ਅਦ੍ਰਿਸ਼ਟ ਪਦਾਰਥਾਂ ਦੀ ਉਹਨਾਂ ਨੂੰ ਸੂਝ ਬੂਝ ਹੀ ਨਹੀਂ। ਦ੍ਰਿਸ਼ਟਮਾਨ ਪਦਾਰਥਾਂ ਵਿਚ ਹੀ ਆਨਮਤਿ ਕਰਮੀ ਧਰਮੀਆਂ ਦੀ ਸੁਰਤੀ ਬਿਰਤੀ ਉਲਝ ਜਾਂਦੀ ਹੈ। ਅਦ੍ਰਿਸ਼ਟ ਮੰਡਲਾਂ ਵਲ ਉਚਿਆਂ ਹੁੰਦੀ ਹੀ ਨਹੀਂ। ਤ੍ਰੈਗੁਣੀ ਹਵਾਸੇ ਖ਼ਮਸਾ (ਪੰਜ ਇੰਦਰੇ) ਵਾਲੇ ਇਨਸਾਨ ਨੂੰ ਦੇਖੇ ਪਰਖੇ ਸੁਣੇ ਪਰਸੇ ਅਤੇ ਸੁੰਘੇ ਹੰਘੇ ਪਦਾਰਥਾਂ ਦੀ ਲਾਲਸਾ ਤ੍ਰਿਸ਼ਨਾ ਮਈ ਆਸਾ ਤ੍ਰਿਸ਼ਨਾ ਲਗੀ ਰਹਿੰਦੀ ਹੈ। ਏਸੇ ਆਸਾ ਤ੍ਰਿਸ਼ਨਾ ਨੂੰ ਪੂਰੀ ਕਰਨ ਦੀ ਕਾਮਨਾ ਹਿਤ ਉਹ ਨਾਨਾ ਪ੍ਰਕਾਰੀ ਕਰਮ ਕਮਾਵਣ ਲਈ ਧਾਵੰਦੇ ਰਹਿੰਦੇ ਹਨ। ਏਸੇ ਕਰਕੇ ਇਹ ਸਾਰੇ ਤ੍ਰੈਗੁਣੀ ਕਰਮ ਬੰਧਕਾਰੀ ਕਰਮ ਹਨ, ਕਿਉਂਕਿ ਇਹ ਲਾਲਸਾ ਤ੍ਰਿਸ਼ਨਾ ਤੋਂ ਉਪੰਨਾ ਹਉਮੈ ਰੋਗ ਹੋਰ ਵਧਾਉਂਦੇ ਹਨ। ਮਹਿਜ਼ ਇਖ਼ਲਾਕੀ ਨੇਕੀ ਵਾਲੇ ਕਰਮ ਪੁੰਨ ਕਰਮ ਕਹਾਉਂਦੇ ਹਨ। ਇਨਸਾਨੀ ਅਲਪਗਤਾ ਦੇ ਸੂਝ ਇਖ਼ਲਾਕ ਔਸਤੀ ਦਾਇਰੇ ਵਾਲੇ ਕਰਮ ਪੁੰਨ ਕਰਮ ਕਹਾਉਂਦੇ ਹਨ। ਇਸ ਦਾਇਰੇ ਤੋਂ ਨੀਵੇਂ ਮੰਦ ਆਚਾਰ ਵਾਲੇ ਕਰਮ ਪਾਪ ਕਰਮ ਸਦਾਉਂਦੇ ਹਨ। ਸੱਚੇ ਪ੍ਰਮਾਰਥੀ ਗੁਰਮਤਿ ਮੇਅਰਾਜ ਵਾਲੇ ਕਰਮ ਏਹਨਾਂ ਇਖ਼ਲਾਕ ਮੁਹੀਤੀ ਦਾਇਰਿਆਂ ਤੋਂ ਅਪਰੰਪਰ ਹਨ, ਜੋ ਕੇਵਲ ਤ੍ਰੈਗੁਣ ਅਤੀਤ ਗੁਰਮੁਖਿ ਜਨਾਂ ਦੇ ਕਰਮ ਵਿਰਸੇ ਵਿਚ ਹੀ ਆਇ ਹਨ। ਆਮ ਕਰਮਾਚਾਰੀ ਦ੍ਰਿਸ਼ਟ ਮੰਡਲ ਵਾਲੇ ਪੁੰਨ ਕਰਮ ਭੀ ਅਪਰੰਪਰੀ ਕਰਮੱਗਾਂ ਦੇ ਨਿਕਟ ਨਿਚਲੇ ਦਰਜੇ ਦੇ ਕਰਮ ਹਨ। ਸਾਰਾ ਜਗ ਸੰਸਾਰੁ ਪਾਪ ਪੁੰਨ ਕਰਮਾਂ ਅੰਦਰ ਹੀ ਜਾਇਆ ਜਨਮਿਆ ਹੋਇਆ ਹੈ। ਭਾਵੇ ਚੰਗੇ ਕਰਮ ਕਰੇ ਭਾਵੇਂ ਮੰਦੇ, ਭਾਵੇ ਪੁੰਨ ਕਰਮ ਕਰੇ ਭਾਵੇਂ ਪਾਪ ਕਰਮ ਕਰੇ ਯਾ ਰਲੇ ਮਿਲੇ ਕੁਛ ਪਾਪ ਤੇ ਕੁਛ ਪੁੰਨ ਕਰਮ ਕਰੇ,

ਜਨਮਾਂ ਵਿਚਿ ਆਉਂਦਾ ਰਹਿੰਦਾ ਹੈ। ਨਿਰਾ ਪਾਪੀ, ਪਾਪ-ਕਰੰਮੀ ਪੁਰਸ਼ ਨਰਕਾਂ ਵਿਚਿ ਪੈ ਕੇ ਫੇਰ ਚੁਰਾਸੀ ਦੇ ਵਿਚਿ ਪੈ ਜਾਂਦਾ ਹੈ। ਨਿਰਾ ਪੁੰਨੀ ਪੁਰਸ਼ ਪੁੰਨ ਕਰਕੇ ਸੁਰਗ ਭੋਗ ਕੇ ਫੇਰ ਆਵਾਗਉਣ ਨੂੰ ਭੁਗਤਦਾ ਹੈ। ਨਾਮ ਨੂੰ ਵਿਸਾਰ ਕੇ ਇਉਂ ਆਵਾਗਉਣ ਸਿਲਸਿਲੇ ਵਿਚ ਹੀ ਖੁਆਰ ਹੁੰਦਾ ਰਹਿੰਦਾ ਹੈ। ਬਸ, ਨਾਮ ਨੂੰ ਭੁਲਾ ਕੇ ਤਬਾਹ ਹੁੰਦਾ ਹੈ। ਜਗਤ ਵਿਖੇ ਇਹ ਮਾਇਆ ਮੋਹਣੀ ਰੂਪ ਹੋ ਕੇ ਜਗਜੀਵਾਂ ਸੰਸਾਰੀਆਂ ਨੂੰ ਮਮਤਾ ਗ੍ਰਸਤ ਮੋਹਿਤ ਕਰਿ ਰਹੀ ਹੈ। ਮਮਤਾ ਗ੍ਰਸਤ ਹੋਏਵੇ ਸੰਸਾਰੀ ਕਰਮਾਚਾਰੀਆਂ ਦੇ ਕੀਤੇ ਕਰਮ ਸਭਿ ਵਿਚਾਰ ਰੂਪ ਵਿਕਾਰੀ ਕਰਮ ਹਨ ॥ ੧ ॥ ਕਰਮਾਕਾਰੀ ਬੇਦਾਚਾਰੀ ਪੰਡਿਤ ਨੂੰ ਸਨਮੁਖ (ਮੁਖ਼ਾਤਬ) ਹੋ ਕੇ ਗੁਰੂ ਨਾਨਕ ਸਾਹਿਬ ਇਉਂ ਉਚਾਰਨ ਕਰਦੇ ਹਨ— ਹੇ ਬੇਦ ਅਨੁਸਾਰੀ, ਕਰਮ ਧਰਮਾਰੀ, ਕਰਮਾਂ ਦੇ ਕਰਮਾਕਾਰੀ (ਕਰਮਾਚਾਰੀ) ਪੰਡਿਤ! ਸੱਚਾ ਸੁਖ ਉਪਜਾਉਣ ਵਾਲਾ ਕਰਮੁ, ਇਕੋ ਆਤਮ ਤੱਤ ਵੀਚਾਰੀ ਕਰਮ, ਗੁਰਮਤਿ ਨਾਮੁ ਅਭਿਆਸ ਕਮਾਈ ਕਰਮ ਵਾਲਾ ਕਰਮੁ ਹੀ ਹੈ। ਸ਼ਾਸਤ੍ਰਾਂ ਅਤੇ ਬੇਦਾਂ ਦੇ ਬਕਤਾ ਉਪਦੇਸ਼ਟਾ ਹੋ ਕੇ ਤੂੰ ਸੰਸਾਰੀ ਕਰਮ ਕਰਨਹਾਰਾ ਬਣ ਸਕਦਾ ਹੈ, ਕਿਉਂਕਿ ਇਹਨਾਂ ਸ਼ਾਸਤ੍ਰ ਬੇਦਾਂ ਦੀ ਵਿਦਿਆ ਅੰਦਰਿ ਤ੍ਰੈਗੁਣੀ ਕਰਮਾਂ ਦਾ ਹੀ ਵਿਸਥਾਰੁ ਦ੍ਰਿੜ੍ਹਾਰੁ ਹੈ। ਤਾਂ ਤੇ ਤ੍ਰੈਗੁਣੀ ਕਰਮਾਂ ਦੇ ਕਰਨ ਸਿਵਾਏ ਹੋਰ ਕਰਮੁ ਤੂੰ ਕਰ ਹੀ ਨਹੀਂ ਸਕਦਾ। ਅਤੇ ਇਹ ਆਨਮਤਿ ਕਰਮ ਸਭ ਪਾਖੰਡ ਕਰਮ ਹਨ। ਏਹਨਾਂ ਪਾਖੰਡ ਕਰਮਾਂ ਦੇ ਕੀਤਿਆਂ ਪਾਖੰਡ ਦੀ ਮੈਲ ਚੁਕੀ ਨਹੀਂ ਜਾਂਦੀ, ਸਗੋਂ ਚੜ੍ਹਦੀ ਹੈ। ਅਤੇ ਅੰਦਰਖਾਨੇ ਵਿਕਾਰਾਂ ਦੀ ਮੈਲ ਵਧਦੀ ਹੈ। ਤਾਂ ਤੇ ਕਰਮ-ਕਾਂਡੀ ਆਪਣੇ ਕੀਤੇ ਵਿਕਾਰੀ ਕਰਮਾਂ ਦੇ ਜਾਲ ਵਿਚ ਫਸ ਕੇ ਆਪ ਹੀ ਤਬਾਹ ਹੋ ਜਾਂਦੇ ਹਨ, ਜਿਵੇਂ ਮਕੜੀ ਹੋਰ ਕੀੜਿਆਂ ਮਕੌੜਿਆਂ ਨੂੰ ਫਸਾਉਣ ਲਈ ਆਪਣੇ ਅੰਦਰਿ ਹੀ ਪਾਖੰਡ ਜਾਲ ਦਾ ਤਾਣਾ ਤਣ ਕੇ ਉਹਨਾਂ ਦੇ ਅੰਦਰਿ ਹੀ ਆਪਣੇ ਪਾਖੰਡ ਜਾਲੀ ਤਾਣੇ ਵਿਚ ਉਲਟੀ ਸਿਰ ਦੇ ਭਾਰ ਹੋ ਕੇ ਮਰ ਜਾਂਦੀ ਹੈ ॥ ੨ ॥ ਹੇ ਪੰਡਿਤ! ਤੂੰ ਪਾਖੰਡ-ਮਈ ਦਿਖਾਵੇ ਦੇ ਝੂਠੇ ਕੂੜਾਵੇ ਕਰਮ ਧਰਮ ਕਰਕੇ ਉਹਨਾਂ ਦੇ ਪਾਖੰਡ ਪਾਪ ਨਾਲਿ ਆਪਣੀ ਆਤਮਾ ਦਾ ਹੀ ਸਤਿਆਨਾਸ ਕਰਦਾ ਹੈਂ। ਏਸ ਦੁਰਮਤਿ ਖੋਟੀ ਮਤਿ ਨਾਲਿ ਵਿਗੁਚੀ ਹੋਈ ਘਣੀ ਲੋਕਾਈ ਖੀਨ ਖਰਾਬ ਅਤੇ ਖੁਆਰ ਹੋਈ। ਇਹ ਸਭ ਦੂਜੇ ਭਾਇ ਦੇ ਕਰਮਾਂ ਦੀ ਖਰਾਬੀ ਹੈ। ਇਸ ਬਿਧਿ ਦੀ ਖੁਆਰੀ ਦਾ ਕਾਰਨ ਦੂਜੇ ਭਾਇ ਦੇ ਕਰਮਾਂ ਦੀ ਪਾਖੰਡ ਗਤੀ ਹੈ, ਜੋ ਸਿਰਫ਼ ਭਰਮਾਂ ਦੇ ਭੁਲਾਵੇ ਵਿਚਿ ਹੀ ਪਾਉਂਦੇ ਹਨ। ਇਹ ਮਨ ਦੇ ਭਰਮ-ਭਟਕਣ ਮਈ ਅਗਿਆਨ ਗੁਰਮਤਿ ਨਾਮ ਤੋਂ ਬਿਨਾਂ ਜਾਂਦੇ ਨਹੀਂ ਅਤੇ ਸੱਚੇ ਸਤਿਗੁਰੂ ਬਾਝੋਂ ਨਾਮ ਕਦੇ ਨਹੀਂ ਪਾਇਆ ਜਾਂਦਾ। ਗੁਰਮਤਿ ਨਾਮ ਦੁਆਰਾ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਅਤੇ ਇਹ ਸੱਚਾ ਸੁਖੁ ਸਤਿਗੁਰੂ ਦੇ ਸੇਵਕ ਸਿਖ ਬਣਿਆਂ ਹੀ ਪ੍ਰਾਪਤਿ ਹੁੰਦਾ ਹੈ। "ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ"[੧] ਦੇ ਵਾਕ ਅਨੁਸਾਰ ਸਚੇ ਸਤਿਗੁਰ ਦੀ ਸਚੀ ਸੇਵਾ, ਭਾਉ-ਭਗਤੀ ਸਿਮਰਨ ਹੀ ਸਭ ਤੋਂ ਉਤਮ ਸਤਿਗੁਰੂ ਸੇਵਾ ਹੈ। ਇਸ ਗੁਰਮਤਿ ਨਾਮ ਰੂਪੀ ਸੱਚੀ ਸੇਵਾ ਦੁਆਰਾ ਨਾ ਸਿਰਫ਼ ਸੱਚੇ ਸੁਖ ਦੀ ਗਤਿ ਮਤਿ ਨਾਜ਼ਲ ਹੁੰਦੀ ਹੈ, ਬਲਕਿ ਜੰਮਣ ਮਰਣ ਦਾ ਆਵਾਗਉਣੀ ਸਿਲਸਿਲਾ ਭੀ ਮਿਟ ਮੁਕ ਜਾਂਦਾ ਹੈ। ਸੱਚੇ ਨਾਮ ਦੇ ਸਹਜ ਰੰਗਾਂ ਵਿਚਿ ਸਮਾਇਆ ਇਹ ਮਲੀਨ ਮਨ ਦੁਧ ਧੋਤਾ ਨਿਰਮਲ ਹੀ ਹੋ ਜਾਂਦਾ ਹੈ। ਕੇਵਲ ਗੁਰੂ ਘਰ ਵਿਚਿ ਹੀ ਗੁਰਮਤਿ ਗ੍ਰਹਿਣ ਕੀਤਿਆਂ ਆਤਮ ਸੁਖ ਦੀ ਸਹਜ ਬਿਵਸਥਾ ਨਸੀਬ ਹੁੰਦੀ ਹੈ। ਇਸ ਸਹਜ ਅਵਸਥਾ ਨੂੰ

[੧] ਸਿਰੀਰਾਗ ਮਃ ੩. ਪੰਨਾ ੬੬

ਸੋਈ ਬੁਝਦਾ ਹੈ ਜੋ ਗੁਰੂ ਦਾ ਅੰਮ੍ਰਿਤਧਾਰੀ ਸਿਖ ਸੇਵਕ ਹੋ ਕੇ ਗੁਰੂ ਦਰਸਾਈ ਅਤੁਟ ਸੇਵਾ ਕਰਦਾ ਹੈ। ਸਤਿਗੁਰੂ ਬਾਝੋਂ, ਸਤਿਗੁਰ ਦੇ ਸੱਚੇ ਗੁਰਸਿਖ ਸੇਵਕ ਬਣੇ ਬਿਨਾਂ ਸੱਚੇ ਪ੍ਰਮਾਰਥ ਦੇ ਸੁਮਾਰਗ ਦਾ ਪਤਾ ਨਹੀਂ ਲਗਦਾ। ਸੁਮਾਰਗੇ ਪੈ ਹੀ ਨਹੀਂ ਸਕਦਾ ਗੁਰ ਸੁਮੱਤੇ ਲਗੇ ਬਿਨਾਂ। ਜਿਸ ਦੇ ਅੰਦਰਿ ਲੋਭ ਵਿਕਾਰ ਦੀ ਮੈਲ ਹੈ, ਉਹ ਕਾਹਦੇ ਵਾਸਤੇ ਆਨਮਤਿ ਪਾਖੰਡ ਕਰਮ ਕਰਦੇ ਹਨ? ਉਸ ਦੇ ਕਰਮ ਕਰਨ ਦਾ ਕੋਈ ਲਾਭ ਨਹੀਂ। ਉਹ ਕੂੜ ਬੋਲ ਕੇ ਬਿਖ (ਜ਼ਹਿਰ) ਖਾਂਦਾ ਹੈ ॥ ੩, ੪ ॥ ਹੇ ਕੂੜ ਕਰਮਾਕਾਰੀ ਪੰਡਿਤ! ਦੁੱਧ ਤੋਂ ਜਮਾਏ ਹੋਏ ਦਹੀਂ (ਦੁੱਧ) ਰਿੜਕੇ ਤੋਂ ਹੀ ਮੱਖਣ ਰੂਪੀ ਤੱਤ ਵਿਚੋਂ ਨਿਕਲਦਾ ਹੈ। ਪਾਣੀ ਰਿੜਕੇ ਤੇ ਪਾਣੀ ਹੀ ਨਿਕਲਦਾ ਹੈ। ਏਸੇ ਤਰ੍ਹਾਂ ਨਾਮ ਬਿਨਾਂ ਹੋਰਨਾਂ ਫੋਕੇ ਕਰਮਾਂ ਦੇ ਕੀਤਿਆਂ ਕੋਈ ਸਫਲ ਫਲ ਪ੍ਰਾਪਤਿ ਨਹੀਂ ਹੁੰਦਾ। ਇਹ ਗੁਰਮਤਿ ਨਾਮ ਅਭਿਆਸ ਰੂਪੀ ਕਰਮ ਹੀ ਹੈ, ਜਿਸ ਦੇ ਕਮਾਇਆਂ ਸੱਚੇ ਸਫਲ-ਫਲੇ ਪ੍ਰਮਾਰਥੀ ਫਲ ਦੀ ਪ੍ਰਾਪਤੀ ਹੁੰਦੀ ਹੈ। ਸੰਸਾਰੀਆਂ ਦੇ ਸੰਸਾਰੀ ਕਰਮ ਪਾਣੀਓਂ ਪਤਲੇ ਕਰਮ ਹਨ। ਸਤਿਗੁਰੂ ਦਾ ਅੰਮ੍ਰਿਤਧਾਰੀ ਨਾਮ ਗੁਰ-ਮੰਤਰ ਦੀਖਿਆਧਾਰੀ ਬਣੇ ਬਿਨਾਂ ਅਤੇ ਸੱਚਾ ਗੁਰਮਤਿ ਨਾਮ ਕਮਾਏ ਬਿਨਾਂ ਹੋਰ ਕਰਮਾਂ ਦੇ ਕੀਤਿਆਂ ਭਰਮਾਂ ਵਿਚਿ ਹੀ ਵਿਗੁੱਚੀਦਾ ਹੈ। ਅਲਖ ਪਾਰਬ੍ਰਹਮ ਪਰਮੇਸ਼ਰ ਦੀ, ਜੋ ਸਭ ਦੇ ਘਟ ਘਟ ਵਿਚਿ ਵਰਤ ਰਿਹਾ ਹੈ, ਪ੍ਰਾਪਤੀ ਨਹੀਂ ਹੁੰਦੀ, ਬਿਲਕੁਲ ਨਹੀਂ ਹੁੰਦੀ। ਗੁਰਮਤਿ ਨਾਮ ਅਭਿਆਸ ਰੂਪੀ ਸੱਚਾ ਸਿਫਤਿ ਸਾਲਾਹੀ ਕਰਮ ਕੀਤਿਆਂ ਉਹ ਘਟਿ ਘਟਿ ਗੁਪਤੇਉ ਸਮੇਉ ਅਲਖ ਦੇਵ ਘਟ ਅੰਤਰ ਹੀ ਪ੍ਰਕਾਸ਼ਤ ਹੋ ਕੇ ਪਰਗਟ ਪਾਹਾਰੇ ਪਰਤੱਖ ਜਾਪਣ ਲਗ ਪੈਂਦਾ ਹੈ ॥ ੫ ॥ ਇਹ ਜਗਤ-ਸੰਸਾਰ ਸੂਤ ਦੇ ਧਾਗੇ ਵਾਂਗ ਹੈ। ਇਸ ਦੇ ਚਾਰ ਚੁਫੇਰੇ ਦਹਦਿਸ ਮਾਇਆ ਦੇ ਬੰਧਨਾਂ ਦੁਆਰਾ ਗੱਠਾਂ ਬੰਨ੍ਹੀਆਂ ਹੋਈਆਂ ਹਨ। ਸਤਿਗੁਰੂ ਬਾਝੋਂ ਅਤੇ ਗੁਰਮਤਿ ਨਾਮ ਕਰਮ ਕਮਾਏ ਬਾਝੋਂ ਇਹ ਗੱਠਾਂ ਖੁਲ੍ਹਦੀਆਂ ਨਹੀਂ। ਬਥੇਰੇ ਕਰਮਾਚਾਰੀ ਕਰਮ ਕਮਾਇ ਥਕੇ ਹਨ। ਇਹ ਸਾਰਾ ਜਗ ਅਗਿਆਨ ਭਰਮ ਦਾ ਭੁਲਾਇਆ ਭੰਬਲ-ਭੂਸੇ ਖਾਂਦਾ ਫਿਰਦਾ ਹੈ। ਕੁਛ ਕਹਿਆ ਨਹੀਂ ਜਾਂਦਾ। ਅਕਹਿ ਹਾਲਤ ਹੈ ॥ ੬ ॥ ਗੁਰੂ ਮਿਲੇ ਤੋਂ ਨਿਗੁਰਿਓਂ ਸਗੁਰਾ ਹੋਏ ਤੇ ਵਾਹਿਗੁਰੂ ਦੀ ਭੈ ਭਾਉ-ਭਾਵਨੀ ਮਨ ਵਿਚਿ ਵਸਦੀ ਹੈ। ਭੈ ਦੁਆਰਾ ਆਪਾ ਭਾਵ ਦਾ ਅਭਾਵ ਹੋਣਾ ਹੀ ਸੱਚੇ ਸ਼ੁਭ ਭਾਗਾਂ ਵਾਲਾ ਲੇਖੁ ਹੈ। ਨਾਮ ਦਾਨ, ਇਸ਼ਨਾਨ ਇਹ ਗੁਰਮਤਿ ਦੇ ਕਰਮ ਵੱਡੇ ਕੀਆਂ ਵਡਿਆਈਆਂ ਚੰਗੀਆਈਆਂ ਮਈ ਸੱਚਿਆਂ ਸੁੱਚਿਆਂ ਕਰਮੀਆਂ ਵਿਚੋਂ ਸ੍ਰੇਸ਼ਟ ਕਰਮੀਆਂ ਵਾਲੇ ਕਰਮ ਹਨ। ਪਰ ਸਭ ਤੋਂ ਵਿਸੇਖ ਅਤੇ ਸ੍ਰੇਸ਼ਟ ਕਰਮ ਨਾਮ ਹੈ, ਜੋ ਦਰਗਹ ਅੰਦਰਿ ਭੀ ਖਾਸ ਵਿਸ਼ੇਸ਼ਤਾ ਸਹਿਤ ਸਫਲ ਫਲਿਆ ਨਾਲੇ ਜਾਣਾ ਹੈ। ਮਸਤ ਹਾਥੀ ਰੂਪੀ ਮਨ ਮੈਗਲ ਨੂੰ ਵਸਗਤਿ ਕਰਨ ਲਈ ਗੁਰੂ ਦਾ ਬਖ਼ਸ਼ਿਆ ਹੋਇਆ ਗੁਰਮਤਿ ਨਾਮ ਰੂਪੀ ਅੰਕੁਸ (ਕੁੰਡਾ) ਹੀ ਹੈ। ਇਸ ਗੁਰ-ਸ਼ਬਦ ਰੂਪੀ ਅੰਕੁਸ ਦੇ ਬਾਰੰਬਾਰ ਮਨ ਵਿਚਿ ਮਾਰਨ ਕਰ ਕੇ, ਅਰਥਾਤ, ਸੁਆਸਿ ਸੁਆਸਿ ਗੁਰਮਤਿ ਨਾਮ ਦਾ (ਜੋ ਗੁਰੂ ਦੁਆਰਿਓਂ ਦ੍ਰਿੜ੍ਹ ਹੋਇਆ ਹੈ) ਖੰਡਾ ਖੜਕਾਉਣ ਕਰਕੇ ਸਭ ਭਰਮ-ਭੇਖੀ ਕਰਮਾਂ ਵਾਲਾ ਪਾਖੰਡ ਚੁਕਿਆ ਜਾਂਦਾ ਹੈ ॥ ੭ ॥ ਇਹ ਤਨੁ ਸਰੀਰ ਸੱਚੇ ਸਰਾਫ਼ ਦੀ ਹਟੜੀ ਹੈ ਭਾਈ, ਜਿਸ ਵਿਚ ਅਪਾਰ ਅਮੁੱਲੇ ਨਾਮ ਦੀ ਵੱਖਰ ਵਿਹਾਜੀਦੀ ਹੈ। ਇਸ ਵੱਖਰ ਨੂੰ ਸੋਈ ਵਾਪਾਰੀ ਵਿਹਾਜਦਾ ਹੈ, ਜੋ ਗੁਰ-ਸ਼ਬਦ ਗੁਰ-ਮੰਤਰ ਨਾਮ ਅਭਿਆਸ ਦੀ ਅਤੁਟ ਕਮਾਈ ਕਰਦਾ ਹੈ। ਧੰਨਤਾ ਯੋਗ ਹੈ ਇਹ ਵਾਪਾਰੀ, ਜੋ ਵਾਹਿਗੁਰੂ-ਮਿਲਾਪ ਸੰਦਾ ਸੱਚਾ ਵਾਪਾਰ ਕਰਦਾ ਹੈ। ਨਹੀਂ ਤਾਂ ਹੋਰ ਪਾਖੰਡ ਕਰਮਾਂ ਦੇ ਕਰਨਹਾਰੇ ਕੂੜਾਵੇ

ਵਾਪਾਰ ਦੇ ਕੂੜੇ ਵਾਪਾਰੀ ਹੀ ਹਨ।

ਅਗਲੇ ਗੁਰ ਪ੍ਰਮਾਣ ਅੰਦਰਿ ਅਨੇਕ ਆਨਮਤਿ ਕਰਮਾਂ ਦੀ ਨਿਸਫਲਤਾ ਅਤੇ ਕਰਮਾਂ ਸਿਰ ਕਰਮੁ ਹਰਿ ਜਸ ਮਈ ਸਿਫਤਿ ਸਾਲਾਹ ਗੁਰਮਤਿ ਕਰਮ ਦਾ ਸਿਮਰਨ ਤਾਂ ਖ਼ੂਬ ਵਿਸਥਾਰ ਸਹਿਤ ਦਰਸਾਇਆ ਗਿਆ ਹੈ, ਸਰਬੱਤ ਆਨਮਤਿ ਕਰਮਾਂ ਨਾਲੋਂ ਗੁਰਮਤਿ ਕਰਮ ਦੀ ਵਿਲੱਖਣਤਾ ਖ਼ੂਬ ਸਿੱਧ ਕੀਤੀ ਗਈ ਹੈ। ਯਥਾ—

> ਸੋਰਠਿ ਮਹਲਾ ੫ ਘਰੁ ੨ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ੧ ॥ ਪਿਆਰੇ ਇਨਿ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥ ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥ ੨ ॥ ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥ ੩ ॥ ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥ ੪ ॥ ਪੂਜਾ ਅਰਚਾ ਬੰਧਨ ਡੰਡਉਤ ਖਟੁ ਕਰਮਾ ਰਤੁ ਰਹਤਾ ॥ ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ ੫ ॥ ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ ੬ ॥ ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥ ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥ ੭ ॥ ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥ ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥ ੧ ॥ ੩ ॥
>
> (ਪੰਨਾ ੬੪੧-੪੨)

ਵਿਆਖਿਆ— ਬੇਦਾਂ ਦਾ ਪਾਠ ਪੜ੍ਹਨ ਅਤੇ ਵੀਚਾਰਨ ਕਮਾਵਨ ਤੇ ਨਿਉਲੀ ਕਰਮ ਅਤੇ ਭੁਅੰਗਮ ਆਦਿ ਜੋਗ ਦੇ ਸਾਧਨ ਸਾਧਿਆਂ ਪੰਜਾਂ ਦੂਤਾਂ (ਕਾਮ, ਕ੍ਰੋਧ, ਆਦਿਕ) ਤੋਂ ਸੰਗੁ (ਖਹਿੜਾ) ਨਹੀਂ ਛੁਟਦਾ। ਹੋਰ ਵਧੇਰੇ ਅਹੰਬੁਧ ਦੀ ਬੰਧਨ ਵਿਚਿ ਬੱਝ ਜਾਈਦਾ ਹੈ। ਹੰਕਾਰ ਹੀ ਵਧਦਾ ਹੈ ਅਤੇ ਪੰਜਾਂ ਦਾ ਸੰਗ ਨਹੀਂ ਛੁਟਦਾ। ਤਾਂ ਤੇ ਬੇਦ ਪੜ੍ਹਨ ਵੀਚਾਰਨ ਅਤੇ ਬੇਦਾਂ ਦੇ ਪੜ੍ਹੇ ਬੀਚਾਰੇ ਅਨੁਸਾਰ ਕਰਮ ਕਮਾਇਆਂ ਹੋਰ ਕੁਛ ਨਹੀਂ ਬਣਦਾ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੁਟਦੇ ਨਹੀਂ, ਸਗੋਂ ਹੋਰ ਵਿਕਾਰ ਵਧ ਜਾਂਦੇ ਹਨ। ਤਾਂ ਬੇਦਾਂ ਦੇ ਪੜ੍ਹਨ ਬੀਚਾਰਨ ਕਮਾਵਨ ਦਾ ਕੀ ਫ਼ਾਇਦਾ? ਏਵੇਂ ਜਿਵੇਂ ਨਿਉਲੀ ਕਰਮ ਕਰਨਾ ਭੀ ਨਿਰਾ ਨਿਸਫਲ ਹੀ ਹੈ। ਜੋਗ ਪਾਖੰਡ ਰੂਪ ਹੈ। ਸਾਰੀਆਂ ਆਂਦਰਾਂ ਨੂੰ ਉਗਲਛ ਕੇ ਬਾਹਰ ਕਢਣ ਅਤੇ ਧੋ ਕੇ ਫੇਰ ਅੰਦਰਿ ਪਾਉਣ ਦੀ ਫੋਕਟ


www.sikhbookclub.com

ਕਿਰਿਆ ਫ਼ਜ਼ੂਲ ਪਾਖੰਡ ਯੋਗ ਕਿਰਿਆਵੀ ਕਰਮੁ ਹੈ। ਏਸੇ ਤਰ੍ਹਾਂ ਯੋਗ ਦੀ ਭੁਯੰਗਮ ਸਾਧਨਾ ਸਾਧਣੀ ਭੀ ਨਿਰਾ ਫੋਕਾ ਹਠ ਕਮਾਣਾ ਹੀ ਹੈ। ਯੋਗੀਆਂ ਦੀ ਗਿਣੀ ਮਿਥੀ ਹੋਈ ਇਕ ਨਾੜੀ ਹੈ, ਜੋ ਸੱਪ ਵਾਂਗੂੰ ਵਲ ਖਾਂਦੀ ਹੋਈ ਰੀੜ੍ਹ ਦੀ ਹੱਡੀ ਦੇ ਨਾਲਿ ਨਾਲਿ ਵਿਚਕਾਰ ਦੀ ਹੇਠਾਂ ਤੋਂ ਉਪਰ ਤਾਈਂ ਜਾਂਦੀ ਹੈ, ਜਿਸ ਨੂੰ ਉਹ ਕੁੰਡਲਨੀ ਨਾੜੀ ਆਖਦੇ ਹਨ। ਇਸ ਦੇ ਵਿਚਿ ਦੀ ਸੁਆਸ ਚੜ੍ਹਾਉਣ ਉਤਾਰਨ ਦੀ ਕਿਰਿਆ ਨੂੰ ਭੁਅੰਗਮਾ ਨਾਮੇ ਯੋਗ ਸਾਧਨ ਆਖਦੇ ਹਨ। ਇਸ ਕਸ਼ਟ ਯੋਗ ਸਾਧਨ ਨਾਲਿ ਭੀ ਤੱਤ ਸਿਧੀ ਪ੍ਰਮਾਰਥ ਦੀ ਨਹੀਂ ਹੁੰਦੀ। ਇਹਨਾਂ ਉਪਰ ਦੱਸੇ ਕਰਮਾਂ ਦੇ ਕਰਨ ਕਰਿ ਅਹੰਬੁਧ ਹੀ ਵਧਦੀ ਹੈ। ਪ੍ਰਮਾਰਥ ਦੀ ਸਿਧੀ ਹਰਗਿਜ਼ ਨਹੀਂ ਹੁੰਦੀ।

ਇਹਨਾਂ ਕਸ਼ਟ-ਯੋਗ ਦੀਆਂ ਅਤੇ ਬੇਦਾਚਾਰੀ ਕਰਮਾਂ ਦੀਆਂ ਬਿਧੀਆਂ ਦੁਆਰਾ ਪਰਮਾਤਮਾ ਨਾਲਿ ਭੀ ਮਿਲਿਆ ਨਹੀਂ ਜਾਂਦਾ, ਇਸ ਪ੍ਰਕਾਰ ਦੇ ਭਾਵੇਂ ਅਨੇਕਾਂ ਕਰਮ ਕਰਿ ਕਰਿ ਕੇ ਹੰਭਿਆ ਜਾਵੇ। ਹਾਰ ਕੇ ਉਹਨਾਂ ਕਰਮਾਚਾਰੀਆਂ ਨੂੰ ਪ੍ਰਮਾਰਥ ਸੰਬੰਧੀ ਅਤੇ ਪਰਮਾਤਮਾ ਮਿਲਣ ਸੰਬੰਧੀ ਸੱਚੀ ਬਿਬੇਕ ਬੁਧੀ ਪ੍ਰਾਪਤਿ ਕਰਨ ਲਈ ਸੁਆਮੀ ਸਿਰਿ ਸੁਆਮੀ, ਸੱਚੇ ਗੁਰੂ ਕਰਤਾਰ ਸੁਆਮੀ ਦੇ ਦੁਆਰੇ ਢਹਿ ਪੈਣਾ ਪਵੇਗਾ। ਗੁਰੂ ਘਰ ਤੋਂ ਹੀ ਸੱਚੀ ਗੁਰਮਤਿ ਬਿਬੇਕ ਯੁਗਤੀ ਪਰਮਾਤਮਾ ਦੇ ਮਿਲਣ ਦੀ ਮਿਲ ਸਕਦੀ ਹੈ, ਹੋਰ ਕਿਤੋਂ ਨਹੀਂ। ਭਾਵੇਂ ਅਨੇਕਾਂ ਆਨਮਤਿ ਕਰਮਾਂ ਨਾਲ ਟੱਕਰਾਂ ਮਾਰੀਆਂ ਜਾਣ, ਏਹ ਐਵੇਂ ਬਿਰਥੀਆਂ ਜਾਂਦੀਆਂ ਹਨ।

ਫੇਰ ਨੰਬਰ ਦੋ ਤੇ ਹੋਰ ਆਨਮਤਿ ਕਰਮਾਂ ਦਾ ਖੰਡਨ ਇਸ ਗੁਰਵਾਕ ਅੰਦਰਿ ਇਉਂ ਹੈ- ਮੋਨ ਧਾਰੀ ਰਖਣਾ, ਮੋਨ ਬ੍ਰਤ ਰਖ ਕੇ ਚੁਪ ਸਾਧੀ ਰਖਣੀ ਇਹ ਕਰਮ ਕਰਨਾ ਭੀ ਗੁਰਮਤਿ ਅਨੁਸਾਰ ਪਾਖੰਡ ਰੂਪ ਹੀ ਜਣਾਇਆ ਗਿਆ ਹੈ। ਤਿਸ ਤੇ ਕੁਛ ਪ੍ਰਾਪਤੀ ਨਹੀਂ, ਨਾ ਪ੍ਰਮਾਰਥ ਦੀ ਸਿਧੀ ਹੁੰਦੀ ਹੈ। ਆਪਣੇ ਹੱਥ ਚਿਪੀ ਫੜੀ ਰਖਣੀ, ਇਸ ਚਿਪੀ ਵਿਚਿ ਅੰਨ-ਜਲ ਛਕਣਾ, ਇਸ ਵਿਚਿ ਭੀ ਕੋਈ ਪ੍ਰਮਾਰਥ-ਸਿਧੀ ਨਹੀਂ। ਹੱਥ ਵਿਚ ਬਰਤਨ ਰਖਣਾ, ਅਰਥਾਤ ਕਰਪਾਤੀ ਮਈ ਇਹ ਕਰਮ ਭੀ ਪਾਖੰਡ ਹੈ। ਅਤੇ ਬਨਾਂ ਜੰਗਲਾਂ ਵਿਚਿ ਅਲਫ਼ ਨੰਗੇ ਹੋ ਕੇ ਭਉਂਦੇ ਫਿਰੀ ਜਾਣ ਵਾਲਾ ਕਰਮ ਭੀ ਨਿਰਾ ਬੇਸ਼ਰਮੀ ਭਰਿਆ ਪਾਖੰਡ ਕਰਮ ਹੈ। ਭਲਾ, ਤਨ ਬਦਨ ਦੇ ਉਤੇ ਸਰੀਰ ਢਕਣ ਲਈ ਬਸਤਰ ਨਾ ਓਢਣ ਵਿਚਿ ਭੀ ਕੋਈ ਵਡਿਆਈ ਹੈ! ਨਾ ਕੋਈ ਪ੍ਰਮਾਰਥ-ਸਿਧੀ ਹੈ। ਫੇਰ ਤੀਰਥਾਂ ਦੇ ਤਟਾਂ ਤੇ ਨ੍ਹਾਤਿਆਂ ਅਤੇ ਸਾਰੀ ਧਰਤੀ ਤੇ ਐਵੇਂ ਊਠ ਵਾਂਗੂੰ ਮੂੰਹ ਚੁਕ ਕੇ ਭਉਂਦੇ ਫਿਰਨ ਵਿਚ ਭੀ ਕੋਈ ਸੁਚੱਜਾ ਮਨੋਰਥ ਸਿਧ ਨਹੀਂ ਹੁੰਦਾ। ਮਨ ਏਕਾਂਤ ਭੀ ਨਹੀਂ ਹੁੰਦਾ। ਨਾ ਹੀ ਮਨ ਦੀ ਦੁਬਿਧਾ ਛੁਟਦੀ ਹੈ। ਸਗੋਂ ਹੋਰ ਵਧੇਰੀ ਵਧਦੀ ਹੈ ॥ ੨ ॥ ਮਨੋ ਕਾਮਨਾ ਸਹਿਤ ਤੀਰਥਾਂ ਤੇ ਜਾਇ ਬਸਣ ਨਾਲਿ ਭੀ ਕੁਛ ਨਹੀਂ ਬਣਦਾ। ਸਿਰ ਤੇ ਆਰਾ ਧਰਾ ਕੇ ਦੁਫਾੜ ਚੀਰੇ ਜਾਣ ਨਾਲਿ ਭੀ ਕੁਛ ਨਹੀਂ ਬਣਦਾ। ਇਹਨਾਂ ਬਿਧੀਆਂ ਨਾਲਿ ਮਨ ਦੀ ਮੈਲ ਨਹੀਂ ਉਤਰਦੀ, ਚਾਹੇ ਲਖ ਯਤਨ ਏਸ ਤਰ੍ਹਾਂ ਦੀ ਆਨਮਤਿ ਕਿਰਿਆ ਕਰਮ ਦੇ ਕੀਤੇ ਜਾਣ ॥ ੩ ॥ ਸੋਨਾ, ਇਸਤ੍ਰੀ, ਉਤਮ ਤੋਂ ਉਤਮ ਘੋੜੇ, ਹਾਥੀ, ਏਸ ਪ੍ਰਕਾਰ ਦੇ ਬਹੁ ਬਿਸਥਾਰ ਦਾਨ ਦੇਣ ਵਾਲਾ ਦਾਤਾਰ ਭੀ ਬਣਿਆ ਅਤੇ ਅਨਾਜ ਬਸਤਰ ਜ਼ਮੀਨ ਭੀ ਬਾਹਲੀ ਬਾਹਲੀ ਦਾਨ ਕਰਿ ਦਿੱਤੀ, ਪਰ ਵਾਹਿਗੁਰੂ ਦੇ ਦੁਆਰੇ ਦੀ ਪ੍ਰਾਪਤੀ ਨਾ ਹੋਈ। ਨੇੜੇ ਢੁਕਣਾ ਨਾ ਮਿਲਿਆ। ਇਹਨਾਂ ਉਪਰ ਦੱਸੇ ਕਰਮਾਂ ਦੇ ਕਰਨ ਕਰ ਕੇ ਕੁਝ ਹਥਿ ਨਾ ਆਇਆ ॥ ੪ ॥ ਫੇਰ ਆਨਮਤਿ ਕਰਮਾਰੀ ਅਨਿਕ ਪ੍ਰਕਾਰੀ ਬੇਦ ਮੰਤਰ ਗਾਇਤ੍ਰੀ ਪੂਜਾ ਕਰਨੀ, ਚੰਦਨ ਛਿੜਕਣਾ (ਅਰਚਾ ਕਰਮ) ਡੰਡੇ ਵਾਂਗ ਲੰਮੇ ਪੈ ਕੇ ਡੰਡਉਤ

ਨਮਸਕਾਰ ਕਰਨੀ ਅਤੇ ਖਟ (ਛੇ) ਕਰਮਾਂ ਦੇ ਕਰਨ ਦਾ ਨੇਮੀ ਪ੍ਰੇਮੀ ਹੋਣਾ, ਇਹਨਾਂ ਆਨਮਤਿ ਕਰਮਾਂ ਦੇ ਕੀਤਿਆਂ ਭੀ ਕੁਛ ਨਹੀਂ ਬਣ ਸਕਦਾ। ਸਗੋਂ ਇਹਨਾਂ ਕਰਮਾਂ ਦੇ ਕੀਤਿਆਂ ਹਉਮੈ ਹੀ ਵਧਦੀ ਹੈ ਅਤੇ ਵਧੇਰੇ ਤੋਂ ਵਧੇਰੇ ਹਉਮੈ ਦੇ ਬੰਧਨਾਂ ਵਿਚਿ ਪਈਦਾ ਹੈ। ਇਹਨਾਂ ਕੁਚੱਜੀਆਂ ਆਨਮਤਿ ਕਰਮੱਜੀਆਂ ਜੁਗਤੀਆਂ ਨਾਲ ਹਰਗਿਜ਼ ਹਰਗਿਜ਼ ਪਰਮਾਤਮਾ ਨੂੰ ਨਹੀਂ ਮਿਲ ਸਕੀਦਾ। ਇਹ ਨਿਰਾ ਕੁਚੱਜ ਹੀ ਹੈ। ਪਰਮਾਤਮਾ ਨੂੰ ਏਹਨਾਂ ਕੁਚੱਜ-ਕਰਮਾਂ ਨਾਲ ਮਿਲਿਆ ਨਹੀਂ ਜਾ ਸਕਦਾ ॥ ੫ ॥ ਜੋਗੀਆਂ ਦੇ ਜੋਗ-ਕਰਮ ਅਤੇ ਸਿਧਾਂ ਦੇ ਚਉਰਾਸੀ ਆਸਣ ਜਮਾਣ ਵਾਲੀ ਸਿਧ ਸਾਧਨਾ ਭੀ ਕਰਿ ਕਰਿ ਕੇ ਭਾਵੇਂ ਕਿਤਨਾ ਹੀ ਖਪਿਆ ਹੰਭਿਆ ਜਾਵੇ, ਇਹ ਆਨਮਤਿ ਕਰਮਾਂ ਦੇ ਕੀਤਿਆਂ ਭੀ ਹਰੀ ਪਰਮਾਤਮਾ ਨਾਲਿ ਮੇਲ ਨਹੀਂ ਹੁੰਦਾ। ਏਹਨਾਂ ਸਾਧਨਾਂ ਦੇ ਸਾਧਣ ਕਰਿ ਆਯੂ ਭਾਵੇਂ ਬਹੁਤੀ ਵਡੇਰੀ ਅਤੇ ਲੰਮੇਰੀ ਹੋ ਜਾਵੇ। ਪਰ ਵਡੇਰੀ ਉਮਰ ਲੰਮੇਰੀ ਹੋਣ ਕਰਿ ਭੀ ਕੁਛ ਹੱਥ ਨਹੀਂ ਆਉਂਦਾ। ਓੜਕ ਮਰਨਾ ਹੀ ਹੁੰਦਾ ਹੈ ਅਤੇ ਮਰ ਕੇ ਫੇਰ ਜੋਨੀਆਂ ਵਿਚਿ ਹੀ ਪੈਣਾ ਪੈਂਦਾ ਹੈ। ਤਾਂ ਤੇ ਏਹ ਆਨਮਤਿ ਕਰਮ ਕੀਤੇ ਭੀ ਨਿਸਫਲ ਗਏ ॥ ੬ ॥ ਰਾਜਿਆਂ ਵਾਲੇ ਸਾਜ ਬਾਜ ਅਡੰਬਰਾਂ ਨੂੰ ਰਚ ਰਚ ਕੇ ਬਹੁ ਪ੍ਰਕਾਰੀ ਰਾਜ ਲੀਲ੍ਹਾ ਭੀ ਬਥੇਰੇ ਲੀਲ੍ਹਾ-ਚਾਰੀ ਰਾਜੇ ਕਰਿ ਕਰਿ ਹੰਭ ਖੜੋਤੇ। ਅਤੇ ਲੀਲ੍ਹਾ ਕਰ ਕਰ ਕੇ ਅਨਿਕ ਪ੍ਰਕਾਰੀ ਕਾਮਾਰਥੀ ਭੋਗ ਭੋਗੇ ਅਤੇ ਹਕੂਮਤ ਦੇ ਅਫਰੇਮੇ ਵਾਲੇ ਮਦ (ਨਸ਼ੇ) ਵਿਚਿ ਅਤਿਆਚਾਰੀ ਅਨਰਥ ਅਧਰਮ ਵਾਲੇ ਹੁਕਮ ਚਾੜ੍ਹੇ। ਸੋਹਣੀਆਂ ਤੋਂ ਸੋਹਣੀਆਂ ਸੁੰਦਰ ਇਸਤ੍ਰੀਆਂ ਨੂੰ ਮਹਲਾਂ ਵਿਚਿ ਪਾ ਕੇ ਉਹਨਾਂ ਦੇ ਨਾਲਿ ਕਾਮ ਦੇ ਚੇਸ਼ਟੀ ਭੋਗ ਭੀ ਬਥੇਰੇ ਭੋਗੇ। ਭੋਗਣ ਵਾਲੀਆਂ ਸੇਜਾਂ ਨੂੰ ਚੰਦਨ, ਅਰਗਜਾ, ਅਤਰ ਆਦਿ ਛਿੜਕ ਕੇ ਗਚਾ ਗਚ ਕਰ ਕਰ ਕੇ ਆਪਣੇ ਕਾਮ ਲੀਲ੍ਹਾ ਵਾਲੇ ਗੱਚ ਗੁਮਰ ਬਥੇਰੇ ਕਢੇ, ਪਰ ਓੜਕ ਇਹ ਰਾਜ ਲੀਲਾ ਵਾਲਾ ਕਾਮ ਕਮੀਲੀ ਕਮਾਸ਼ ਵਾਲਾ ਤਮਾਸ਼ਾ ਅਖਾੜਾ ਮਹਲ ਦਰਬਾਰਾ ਨਰਕ ਘੋਰ ਦਾ ਦੁਆਰਾ ਹੀ ਸਿਧ ਹੋਇਆ। ਅਰਥਾਤ, ਏਹਾ ਰਾਜ-ਸਾਜ਼ੀ ਕਰਮਾਂ ਦੇ ਕਰਨ ਕਰਿ ਘੋਰ ਨਰਕ ਹੀ ਅੰਤ ਨੂੰ ਭੋਗਣੇ ਪੈਣਗੇ। ਧ੍ਰਿਕਾਰ ਹੈ ਅਜਿਹੇ ਕਰਮਾਂ ਦੇ ਕਰਨ ਤੇ ॥ ੭ ॥ ਉਪਰਲੇ ਸਾਰੇ ਆਨਮਤਿ ਕਰਮਾਂ ਦੀ ਸੋਧ ਸੁਧਾਈ ਅਤੇ ਖੰਡਨਤਾਈ ਕਰ ਕੇ ਸੱਚਾ ਸਚਿਆਈ ਭਰਿਆ ਇਕੋ ਇਕ ਕਰਮ ਕਮਾਉਣਾ ਦਰਸਾਇਆ ਜਾਂਦਾ ਹੈ। ਇਸ ਗੁਰਵਾਕ ਦੇ ਅਠਵੇਂ ਅੰਗ ਵਿਚਿ, ਜੋ ਸਾਰੇ ਗੁਰਵਾਕ ਦਾ ਸਾਰ ਸਿੱਟਾ ਹੈ — "**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ।**" ਇਹਨਾਂ ਸਾਰਿਆਂ ਉਪਰ ਦੱਸੇ ਆਨਮਤਿ ਕਰਮਾਂ ਦੇ ਸਿਰ ਕਰਮ ਹਰਿ ਕੀਰਤਿ ਵਾਹਿਗੁਰੂ ਦੇ ਗੁਣਾਂ ਦੀ ਗੁਰਬਾਣੀ ਦੁਆਰਾ ਸਿਫਤਿ ਸਾਲਾਹ ਕਰਨ ਵਾਲਾ ਸਰਬੋਤਮ ਕਰਮ ਹੀ ਹੈ, ਜੋ ਗੁਰੂ ਘਰ ਦੀ ਸਾਧ ਸੰਗਤਿ ਵਿਚਿ ਮਿਲ ਕੇ ਹੀ ਕੀਤਾ ਕਮਾਇਆ ਜਾਂਦਾ ਹੈ। ਅਤੇ ਇਹ ਕਰਮਨ ਸਿਰ ਕਰਮ ਪ੍ਰਾਪਤਿ ਭੀ ਤਿਸ ਵਡਭਾਗੀ ਜਨ ਨੂੰ ਹੀ ਹੁੰਦਾ ਹੈ, ਜਿਸ ਨੇ ਪੁਰਬ ਲਿਖੇ ਦਾ ਲਹਿਣਾ ਲੈਣਾ (ਪ੍ਰਾਪਤਿ ਕਰਨਾ) ਹੁੰਦਾ ਹੈ।

ਗੁਰੂ ਘਰ ਦਾ ਕੋਈ ਵਿਰਲਾ ਗੁਰਮੁਖਿ ਸਿਖ ਸੇਵਕ ਹੀ ਇਸ ਹਰੀ ਕੀਰਤਨ ਦੇ ਰੰਗਾਂ ਵਿਚਿ ਹਰਦੰਮ ਮਸਤ ਰਹਿਣ ਵਾਲਾ ਹੁੰਦਾ ਹੈ। ਦੀਨਾਂ ਦੇ ਦੁਖ ਭੰਜਨ-ਹਾਰਾ ਗੁਰੂ ਕਰਤਾਰ ਜਦੋਂ ਕਿਰਪਾਲ ਹੋਵੇ ਤਦੋਂ ਹੀ ਹਰੀ ਕੀਰਤਨ ਦੇ ਰੰਗਾਂ ਵਿਚਿ ਇਹ ਮਨ ਰੰਗਿਆ ਜਾਂਦਾ ਹੈ। ਅਜਿਹੇ ਰੰਗ-ਰੰਗੀਸ਼ਰਾਂ ਦੀ ਜੁੜੀ ਸਾਧ ਸੰਗਤਿ ਵਿਚਿ ਕੀਰਤਨ ਕੀਤਾ ਧੁਰ ਦਰਗਾਹੇ ਪਰਵਾਣ ਪੈਂਦਾ ਹੈ, ਜੋ ਗੁਰਮਤਿ ਸਿਫਤਿ ਸਾਲਾਹੀ ਕਰਮ ਦੇ ਅਨਿਕ ਪ੍ਰਕਾਰੀ ਰੰਗਾਂ ਵਿਚ ਕੀਤਾ ਜਾਂਦਾ ਹੈ, ਸਰਬੱਤ੍ਰ

ਆਨਮਤਿ ਕਰਮਾਂ ਨਾਲੋਂ ਸ੍ਰੇਸ਼ਟ ਅਤੇ ਸਰਬੋਤਮ ਕਰਮੁ ਹੈ। ਚਾਹੇ ਨਾਮ ਅਭਿਆਸ ਕਮਾਈ ਕੀਤੀ ਜਾਵੇ, ਚਾਹੇ ਅਖੰਡ ਗੁਰਬਾਣੀ ਅੰਮ੍ਰਿਤ ਰੂਪ ਪਾਰਸ ਦਾ ਅਭਿਆਸ ਕੀਤਾ ਜਾਵੇ। ਚਾਹੇ ਕੀਰਤਨ ਕਮਾਈਆਂ ਵਿਚਿ ਸਿਫ਼ਤਿ ਸਾਲਾਹ ਉਕਤਾਈ ਜਾਵੇ। ਇਹ ਇਕੋ ਹੀ ਸਚਾ ਸਿਫਤਿ ਸਾਲਾਹੀ ਅਚਾਰ ਗੁਰਮਤਿ ਕਰਮਾਤੀ ਕਰਮ ਹੈ, ਜੋ ਸਿਰ ਕਰਮਨ ਕਰਮ ਅਮਰ ਕਰਮ ਹੈ।

ਧਨਾਸਰੀ ਮਹਲ ੫ ਘਰੁ ੬ ਅਸਟਪਦੀ ੴ ਸਤਿਗੁਰ ਪ੍ਰਸਾਦਿ ॥

ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ ॥ ਤਾ ਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ ॥ ੧ ॥ ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥ ਕਰਉ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥ ੧ ॥ ਰਹਾਉ ॥ ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦ ਹੀ ਵਿਹਾਵੈ ॥ ਕੋਈ ਐਸੋ ਰੇ ਭੇਟੈ ਸੰਤ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ ॥ ੨ ॥ ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥ ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥ ੩ ॥ ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥ ਕਦਿ ਪਾਵਉ ਸਾਧ ਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥ ੪ ॥ ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕ ਹੀਨ ਦੇਹੀ ਧੋਏ ॥ ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥ ੫ ॥ ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ ॥ ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ ਗੁਰ ਪਰਸਾਦਿ ਕੋਊ ਨੇਤ੍ਰਹੁ ਪੇਖੈ ॥ ੬ ॥ ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥ ਕੋਈ ਐਸੋ ਰੇ ਸੁਖਹ ਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ ਭੇਟੇ ਗਤਿ ਹੋਇ ਹਮਾਰੀ ॥ ੭ ॥ ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥ ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥ ੮ ॥ ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥ ੧ ॥ ਰਹਾਉ ਦੂਜਾ ॥ ੧ ॥ ੩ ॥

(ਪੰਨਾ ੬੮੬-੮੭)

ਵਿਆਖਿਆ— ਜੋ ਜੋ ਜੀਵ ਜੂਨੀ ਵਿਚਿ ਜਨਮ ਮਰਨ (ਆਵਾਗਉਣ) ਦੇ ਗੇੜ ਵਿਚਿ ਪੈ ਗਿਆ, ਸੋ ਸੋ ਸਮਝੋ ਏਸ ਗੇੜ ਦੇ ਉਲਝੇਵੇਂ ਵਿਚਿ ਉਲਝ ਗਿਆ। ਇਹ ਮਾਨੁਖਾ ਜਨਮ ਤਕੜੇ ਗੇੜ ਪਿਛੋਂ ਮਸਾਂ ਸੰਜੋਗਾਂ ਨਾਲਿ (ਭਾਗਾਂ ਨਾਲਿ) ਮਿਲਦਾ ਹੈ। ਇਸ ਮਾਨੁਖਾ ਜਨਮ ਨੂੰ ਭੀ ਜੋ ਐਵੇਂ ਅਕਾਰਥ ਹੀ ਗਵਾ ਲੈਂਦੇ ਹਨ, ਉਹ ਬੜੇ ਅਭਾਗੇ ਹਨ। ਇਹ ਮਾਨੁਖਾ ਜਨਮ ਉਹਨਾਂ ਵਡਭਾਗੇ ਜਨਾਂ ਦਾ ਹੀ ਲੇਖੇ ਲਗਦਾ ਹੈ, ਜਿਨ੍ਹਾਂ ਨੇ ਗੁਰੂ ਘਰ (ਗੁਰੂ ਨਾਨਕ ਦੇ ਘਰ) ਦੀ ਸਾਧ

ਸੰਗਤਿ ਦੀ ਓਟ ਤੱਕੀ ਹੈ। ਵਾਹਿਗੁਰੂ (ਹਰਿ ਰਾਇ) ਦੀ ਜਿਨ੍ਹਾਂ ਉਤੇ ਅਪਾਰ ਕਿਰਪਾ ਹੁੰਦੀ ਹੈ, ਤਿਨ੍ਹਾਂ ਨੂੰ ਹੀ ਗੁਰੂ ਸਾਧ ਸੰਗਤਿ ਦਾ ਮਿਲਾਪ ਹੁੰਦਾ ਹੈ। ਵਾਹਿਗੁਰੂ ਹੱਥ ਦੇ ਕੇ ਤਿਨ੍ਹਾਂ ਨੂੰ ਗੁਰ ਸਾਧ ਸੰਗਤਿ ਦੀ ਓਟ ਵਿਚਿ ਹੀ ਰਖਦਾ ਹੈ, ਤਿਨ੍ਹਾਂ ਦੇ ਸਿਰ ਤੇ ਹੱਥ ਦੇ ਕੇ। ਭੂਤ ਭਵਿਖਤ ਦੇ ਦਾਨੀ (ਜਾਣੂ) ਅੰਤਰਯਾਮੀ ਗੁਰੂ ਨਾਨਕ ਪੰਚਮੇਸ਼ ਸਾਹਿਬ ਭੀ ਤਿਨ੍ਹਾਂ ਗੁਰਮੁਖਾਂ ਤੇ ਤੁਠ ਕੇ ਤਿਨ੍ਹਾਂ ਨਮਿਤ ਇਹੀ ਅਰਦਾਸ ਕਰਿ ਰਹੇ ਹਨ (ਧੁਰਿ ਸਚਖੰਡ ਵਿਚਿ ਬੈਠੇ) ਕਿ ਹੇ ਵਾਹਿਗੁਰੂ! ਗੁਰ ਸਾਧ ਸੰਗਤਿ ਦੀ ਸ਼ਰਨੀ ਆਇਆਂ ਨੂੰ ਸਦਾ ਸੰਗਤਿ ਦੀ ਓਟ ਵਿਚਿ ਹੀ ਰਖੋ। ਇਸ ਕਰਕੇ ਕਰਤਾਰ ਜ਼ਰੂਰ ਸ਼ਰਨਿ ਆਇਆਂ ਦੀ ਲਾਜ ਰਖਦਾ ਹੈ। ਐਸੇ ਕਿਰਪਾ ਦੇ ਪਾਤਰ ਉਤਮ ਜਗਿਆਸੂ ਜਨ ਭੀ ਗੁਰ ਸੁਮੱਤੇ ਪਏ ਹੋਏ ਇਸ ਪ੍ਰਕਾਰ ਦੀਆਂ ਜੋਦੜੀਆਂ ਕਰਦੇ ਹਨ। ਗੁਰੂ ਸਾਹਿਬ ਇਹ ਜੋਦੜੀਆਂ ਕਰਨੀਆਂ ਉਹਨਾਂ ਨੂੰ ਸਮਝਾਉਂਦੇ ਹਨ ਕਿ ਅਨੇਕਾਂ ਜਨਮਾਂ ਵਿਚਿ ਭਉਂਦਿਆਂ ਭਰਮਦਿਆਂ ਭਟਕਦਿਆਂ ਨੂੰ ਇਸ ਆਵਾਗਉਣ ਦੇ ਗੇੜ ਤੋਂ ਥੰਮ੍ਹ ਨਹੀਂ ਪਿਆ। ਹੁਣ ਮਾਨਸ ਜਨਮ ਸੰਜੋਗੀਂ ਪਾਇਆ ਹੈ। ਇਸ ਜਨਮ ਵਿਚਿ ਹੇ ਕਰਤਾਰ! ਮੈਂ ਗੁਰੂ ਦੀ ਸੇਵਾ ਕਰਦਾ ਹੀ ਰਹਾਂ ਅਤੇ ਗੁਰੂ ਘਰ ਦੀ ਸਾਧ ਸੰਗਤਿ ਦੇ ਚਰਨੀਂ ਲਗਿਆ ਹੀ ਰਹਾਂ। ਜਾਂ ਤੇ ਗੋਬਿੰਦ ਜੀ ਦਾ ਮਾਰਗ ਦਸਾ ਹੀ ਲਵਾਂ। ਇਹ ਮਾਨਸ ਜਨਮ ਪਾ ਕੇ ਭੀ ਮਤੇ ਆਨਮਤਿ ਧਰਮਾਂ ਦੇ ਹੋਰਸ ਕਰਮਾਂ ਨੂੰ ਕਰਨ ਦੇ ਅਨੇਕਾਂ ਉਪਾਵਾਂ ਵਿਚਿ ਲੱਗਣ ਦੇ ਵਹਿਣ ਵਿਚਿ ਰੁੜ੍ਹ ਜਾਵਾਂ, ਕਿਉਂਕਿ ਆਨਮਤਿ ਧਰਮ-ਕਰਮੀ ਉਪਾਵ ਤਾਂ ਮਹਿਜ਼ ਮਾਇਆ ਮਮਤਾ ਦੇ ਮਨਸਾ-ਹੋੜਨੀ ਉਪਾਵ ਹੀ ਹਨ, ਜੋ ਫੇਰ ਚੁਰਾਸੀ ਦੇ ਗੇੜ ਵਿਚਿ ਰੁੜ੍ਹਾ ਲੈ ਜਾਂਦੇ ਹਨ।

ਇਹਨਾਂ ਮਮਤਾ-ਮਈ ਕਰਮਾਂ ਵਿਚਿ ਲਗੇ ਹੋਇਆਂ ਦੀ ਮੇਰੀ ਮੇਰੀ ਕਰਦਿਆਂ ਹੀ ਸਾਰੀ ਉਮਰ ਵਿਹਾ ਜਾਂਦੀ ਹੈ। ਇਹ ਸਾਰੀ ਮੇਰੀ ਚਿੰਤਾ ਲਾਹੁਣ ਵਾਲਾ ਅਤੇ ਚਿੰਤਾ ਲਾਹ ਕੇ ਠਾਕਰ ਸਿਉਂ ਰੰਗ ਲਾਉਣ ਵਾਲਾ ਸੰਤ-ਗੁਰੂ ਗੁਰੂ ਨਾਨਕ ਹੀ ਹੈ, ਜੋ ਆਪਣਿਆਂ ਗੁਰ ਬਿਸਮੇਸ ਜਾਮਿਆਂ ਅੰਦਰਲੀ ਪਾਰਸ-ਕਲਾ ਭੇਟ (ਸਪਰਸ਼) ਦੁਆਰਾ ਜਗਿਆਸੂ ਜਨਾਂ ਨੂੰ ਪਾਰਸ ਰੂਪ ਹੀ ਬਣਾ ਲੈਂਦਾ ਹੈ। ਅਤੇ ਗੁਰੂ ਘਰ ਦੀ ਪਾਰਸ ਸ਼ਕਤਿ ਵਾਲੀ ਪੰਚ ਪਰਵਾਨ ਪੰਚ ਪਰਧਾਨ ਜਨਾਂ ਦੀ ਸੁਮਤਿ ਵਿਚਿ ਮੇਲੀ ਰਖਣ ਕਰਕੇ ਉਤਮ ਅਤੇ ਅਧਿਕਾਰੀ ਜਗਿਆਸੂ ਜਨਾਂ ਦੇ ਬੇੜੇ ਪਾਰ ਕਰ ਦਿੰਦਾ ਹੈ ॥ ੨ ॥ ਸਾਰੇ ਅਤੇ ਸਮੁੱਚੇ ਬੇਦ ਅਖਰ ਅਖਰ ਕਰ ਕੇ ਪੜ੍ਹ ਕੇ ਘੋਖ ਲਏ। ਪਰ ਏਹਨਾਂ ਬੇਦਾਂ ਦੇ ਘੋਖਣ ਕਰਮੋਖਣ ਕਰ ਕੇ ਮਨ ਦੇ ਭਰਮ ਭੇਦ ਨਾ ਚੁਕੇ ਗਏ। ਮਨ ਅੰਦਰਲੇ ਪੰਜ ਚੋਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਇਕ ਖਿਨ ਮਾਤਰ ਭੀ ਨਾ ਵਰਜਿ ਰਹਾਏ ਗਏ। ਇਹ ਤਾਂ ਮੋਹ ਮਾਇਆ ਤੋਂ ਨਿਰਲੇਪ ਗ੍ਰਿਹਸਤ ਉਦਾਸ ਗੁਰੂ ਘਰ ਦੇ ਗੁਰਮੁਖਿ ਭਗਤ ਜਨ ਏਹ ਪੰਚ ਪਰਧਾਨ ਜਨ ਹੀ ਹਨ, ਜੋ ਅੰਮ੍ਰਿਤ-ਸਿੰਚਾਰ ਦੁਆਰਾ ਪੰਚਾਂ ਦੇ ਗੁਰੂ ਰੂਪ ਸਰੂਪ ਵਿਚਿ ਅਧਿਕਾਰੀ ਜਗਿਆਸੂ ਜਨ ਦੇ ਹਿਰਦੇ ਅੰਦਰਿ ਅੰਮ੍ਰਿਤ ਨਾਮੁ ਨੂੰ ਸਿੰਚ ਕੇ ਪਾਰਸ ਰਸਾਇਣੀ ਕਲਿਆਨ ਮੋਖ ਪਰਦਾਨ ਕਰ ਦਿੰਦੇ ਹਨ। ਇਹ ਗੁਰਮਤਿ ਨਾਮ ਦ੍ਰਿੜ੍ਹਾਉਂਦੇ ਹਨ। ਜਿਸ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਕਰਮ ਦੀ ਪਾਰਸ-ਕਲਾ ਦੁਆਰਾ ਉਹਨਾਂ ਦਾ ਕਲਿਆਣ-ਮਈ ਉਧਾਰ ਹੋ ਜਾਂਦਾ ਹੈ ਅਤੇ ਉਹ ਮੋਖ-ਦੁਆਰੀਏ ਹੋ ਜਾਂਦੇ ਹਨ। ਨਹੀਂ ਤਾਂ ਬੇਦਾਂ ਦੇ ਦੱਸੇ ਦ੍ਰਿੜ੍ਹਾਏ ਆਨਮਤਿ ਕਰਮਾਂ ਦੇ ਕੀਤਿਆਂ ਕੁਛ ਨਹੀਂ ਬਣਦਾ ਸਰਦਾ ॥ ੩ ॥ ਹੋਰ ਜਿਤਨੇ ਭੀ ਆਨਮਤੀ ਤੀਰਥਾਂ ਦੇ ਇਸ਼ਨਾਨ ਮਜਨੀ ਕਰਮ ਕੋਈ ਆਨਮਤੀ ਕਰੇ, ਤਿਨ੍ਹਾਂ ਦੇ ਕੀਤਿਆਂ, ਅਰਥਾਤ,

ਤਿਨ੍ਹਾਂ ਤੀਰਥਾਂ ਵਿਚਿ ਨ੍ਹਾਤਿਆਂ ਅਗਲੀ ਮੈਲ ਤਾਂ ਕੀ ਉਤਰਨੀ ਸੀ, ਸਗੋਂ ਹੋਰ ਦੂਣੀ ਤਿਗਣੀ ਚਉਗਣੀ ਦਸਗੁਣੀ ਮੈਲ ਅਹੰਬੁਧਿ ਮਤਸਰ ਦੀ ਲਗ ਜਾਂਦੀ ਹੈ। ਨਾ ਹੀ ਇਹਨਾਂ ਤੀਰਥ ਮਜਨੀ ਕਰਮਾਂ ਦੇ ਕ਼ੀਤਿਆਂ ਘਟਿ ਘਟਿ ਵਾਸੀ ਸਰਬ ਨਿਵਾਸੀ ਠਾਕੁਰ ਪਤੀਜਦਾ ਹੀ ਹੈ। ਇਕ ਤਿਲ ਮਾਤਰ ਭੀ ਨਹੀਂ ਪਤੀਜਦਾ। ਤਾਂ ਤੇ ਵਡੇ ਭਾਗਾਂ ਕਰ ਕੇ ਗੁਰੂ ਘਰ ਦੇ ਗੁਰਮੁਖਿ ਭਗਤ ਜਨਾਂ ਦੀ ਸਾਧ ਸੰਗਤਿ ਕਰਨੀ ਨਸੀਬ ਹੋਵੇ, ਜਾਂ ਤੇ ਵਾਹਿਗੁਰੂ ਨਾਮ ਦੇ ਰੰਗਾਂ ਵਾਲਾ ਸਦ-ਸਦੀਵੀ ਅਨੰਦ ਪ੍ਰਾਪਤਿ ਹੋਵੇ ਅਤੇ ਸਦਾ ਪ੍ਰਾਪਤਿ ਰਹੇ ਅਤੇ ਪ੍ਰਚੰਡ ਗਿਆਨ ਰੂਪੀ ਇਸ਼ਨਾਨ ਸੇਤੀ ਮਨ ਇਸ਼ਨਾਨਿਆ ਮਜਨਾਨਿਆ ਜਾਵੇ। ਸਦਾ ਉਜਲਾ ਅਤੇ ਰੌਸ਼ਨ ਮੁਨੱਵਰੀ ਨੂਰ ਵਾਲਾ ਹੋ ਜਾਵੇ। ਪਾਰਬ੍ਰਹਮ ਦੇ ਰੰਗ-ਰਤੜੇ ਮਹਾਂ ਪੁਰਸ਼ਾਂ ਗੁਰਮਤਿ ਗਿਆਨ ਸੁਰਤੀਸ਼ਰਾਂ ਦੇ ਪੁੰਜ ਢੋਏ ਦਾ ਵਸਲ ਹੋਵੇ, ਜੋ ਮਨ ਦੀ ਦੁਰਮਤਿ ਮੈਲ ਨੂੰ ਹੀ ਧੋ ਸਿਟੇ ॥ ੪, ੫ ॥ ਆਨਮਤਿ ਕਰਮ ਧਰਮ ਦੀਆਂ ਅਨੇਕਾਂ ਜੁਗਤੀਆਂ ਦੁਆਰਾ ਵਾਹਿਗੁਰੂ ਦੇ ਨਾਲਿ ਨਿਮਖ ਭਰ (ਭੋਰੀ ਮਾਤਰ) ਭੀ ਪ੍ਰੇਮ-ਨਾਤਾ ਨਹੀਂ ਜੁੜਦਾ, ਸਗੋਂ ਕਰਮਾਂ ਦੇ ਕਰਨ ਕਰਿ ਗਰਬ ਗੁਮਾਨ ਹੀ ਵਧਦਾ ਹੈ। ਗਰਭ ਕੀਤਿਆਂ ਗਰਭ-ਜੋਨੀਆਂ ਵਿਚਿ ਹੀ ਪਈਦਾ ਹੈ ਅਤੇ ਗਰਬ ਕੀਤਾ ਰਾਸਿ ਨਹੀਂ ਆਉਂਦਾ। ਗਰਬ-ਗ੍ਰਸੇ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ। ਇਹ ਗੁਰਮਤਿ ਸਿਫਤਿ ਸਾਲਾਹ ਦੇ ਸੱਚੇ ਮਾਰਗ ਰਾਹ ਵਾਲਾ ਕਰਮ ਹੀ ਹੈ, ਜਿਸ ਵਿਚਿ ਰੱਤਾ ਹੋਇਆ ਗੁਰਮੁਖਿ ਜਨ ਸਦਾ ਕੀਰਤਨ ਹੀ ਕਰਦਾ ਰਹਿੰਦਾ ਹੈ ਅਤੇ ਸਦਾ ਕਰਮਾਈ ਪਾਰਸ ਰੂਪ ਕੀਰਤਨ-ਕਲਾ ਦੀ ਅੰਮ੍ਰਿਤ ਰਸਾਇਣੀ ਪਾਰਸ ਸਪਰਸ਼ੀ ਛੋਹ ਨਾਲਿ ਸਫਲ ਮੂਰਤਿ ਅਕਾਲ ਪੁਰਖ ਨੂੰ ਭੇਟ ਲੈਂਦਾ ਹੈ ਅਤੇ ਆਪਣੇ ਦਿੱਬ ਦ੍ਰਿਸ਼ਟੇ ਇਹਨਾਂ ਨੈਣਾਂ ਨਾਲਿ ਹੀ ਦੇਖਿ ਲੈਂਦਾ ਹੈ ॥ ੬ ॥ ਇਹ ਤਾਂ ਹੈ ਗੁਰਮਤਿ ਕਰਮ ਦੀ ਸਹਜ ਕਮਾਈ ਦਾ ਪਰਤਾਪ; ਹੋਰ ਮਨ ਹਠ ਕਰਕੇ ਜਿਤਨੇ ਭੀ ਕਰਮ, ਆਨਮਤਿ ਕਰਮ ਕੀਤੇ ਕੱਤਰੇ ਕਮਾਏ ਕਮੱਤਰੇ ਜਾਂਦੇ ਹਨ, ਉਹ ਤਿਲ ਮਾਤਰ ਭੀ ਸੁਲੇਖੇ ਨਹੀਂ ਪੈਂਦੇ। ਜਿਹੜੇ ਆਨਮਤਿ ਇੰਦਰੇ-ਦਮਨੀ, ਮੈਡੀਟੇਸ਼ਨੀ ਮਨ-ਉਕਤ ਹਠ-ਯੋਗ ਭੇਖਨੀ ਬਗਲ-ਸਮਾਧੀਆਂ ਲਾ ਲਾ ਕੇ ਧਿਆਨ ਜਮਾਉਂਦੇ ਹਨ, ਉਹ ਭੀ ਐਵੇਂ ਨਿਸਫਲ ਹੀ ਜਾਂਦੇ ਹਨ, ਕਿਉਂਕਿ ਅੰਤੀ ਅਭਿਪਰੇ ਅੰਦਰਿ ਮਾਇਆ ਰੁਚੀ ਵਾਲੀ ਧਾਰਨਾ ਹੀ ਹੁੰਦੀ ਹੈ। ਐਸੇ ਵਿਰਲੇ ਹੀ ਸੁਖਹਦਾਈ ਗੁਰਮੁਖਿ ਜਨ ਹੁੰਦੇ ਹਨ ਜੋ ਵਾਹਿਗੁਰੂ ਦੇ ਨਾਮ ਦੀ ਅਕੱਥ ਕਥਾ ਅਤੇ ਗੁਰਬਾਣੀ ਦਾ ਅਖੰਡ ਕੀਰਤਨ ਸੁਣਾਉਂਦੇ ਹਨ। ਜਿਨ੍ਹਾਂ ਦੇ ਮਿਲਿਆਂ (ਭੇਟਿਆਂ) ਜਗਿਆਸੂ ਜਨ ਦੀ ਗਤਿ ਕਲਿਆਣ ਹੁੰਦੀ ਹੈ। ਐਸੇ ਗੁਰਮੁਖਿ ਜਨ ਗੁਰੂ ਘਰ ਵਿਖੇ ਹੀ ਪਾਏ ਜਾਂਦੇ ਹਨ ॥ ੭ ॥ ਸਭ ਦਾ ਪ੍ਰਤਿਪਾਲਕ, ਸਾਰੀ ਸ੍ਰਿਸ਼ਟੀ ਦਾ ਮਾਲਕ ਕਰਤਾ ਪੁਰਖ ਕਰਤਾਰ ਵਾਹਿਗੁਰੂ ਸੁਪ੍ਰਸੰਨ ਹੋਵੇ, ਆਪਣੀ ਨਦਰਿ ਮੇਹਰ ਕਰੇ ਅਤੇ ਮਾਇਆ ਦੇ ਬੰਧਨ ਕੱਟ ਦੇਵੇ। ਗੁਰੂ ਦੇ ਸ਼ਬਦ ਵਿਚਿ ਮਨ ਨੂੰ ਰੰਗ ਕੇ ਕਰਤਾ ਪੁਰਖ ਮਾਇਆ ਦੇ ਬੰਧਨ ਕਟਦਾ ਹੈ। ਫੇਰ ਤਾਂ ਬਸ, ਸਦਾ ਸਦਾ ਅਨੰਦ ਹੀ ਆਉਂਦਾ ਹੈ। ਨਿਰਭੈ ਗੋਬਿੰਦ ਦੇ ਪਰਤੱਖ ਦਰਸ਼ਨ ਭੇਟ ਵਾਲੀ ਗੁਰਮੁਖਿ ਜਨ ਦੀ ਅਵੱਸਥਾ ਹੀ ਬੜੀ ਨਿਰਭੈਤਾ ਪੂਰਤ ਆਨੰਦ ਬਿਸਮਾਦ ਵਾਲੀ ਹੋ ਜਾਂਦੀ ਹੈ। ਵਾਹਿਗੁਰੂ ਦੇ ਚਰਨਾਂ ਵਿਚਿ ਪਏ ਰਹਿਣ ਦੀ, ਵਾਹਿਗੁਰੂ ਦੇ ਸਚਖੰਡੀ ਦਰਬਾਰ ਦੀ ਸ਼ਰਨੀ ਸਮਾਇ ਰਹਿਣ ਵਾਲੀ ਆਤਮ-ਬਿਸਮਾਦ-ਅਹਿਲਾਦੀ ਅਵੱਸਥਾ ਬੜੀ ਹੀ ਸਹਜ ਸੁਖ ਲੱਧਣੀ ਅਵੱਸਥਾ ਹੈ। ਕੇਵਲ ਗੁਰੂ ਨਾਨਕ ਦੇ ਘਰ-ਦਰ ਦੇ ਸੇਵਕ ਸਿਖ ਗੁਰਮਤਿ ਨਾਮ ਅਭਿਆਸ ਕਮਾਈ ਦੇ ਕਰਨਹਾਰੇ ਹੋਇਆਂ ਹੀ ਲਭਦੀ ਹੈ ॥ ੮ ॥ ਤਿਨ੍ਹਾਂ ਦੀ,

ਕੇਵਲ ਤਿਨ੍ਹਾਂ ਦੀ ਹੀ ਮਾਨੁਖਾ ਜਨਮ ਰੁਪੀ ਯਾਤਰਾ ਸਫਲ ਅਤਿ ਸਫਲ ਹੁੰਦੀ ਹੈ, ਕਿਉਂਕਿ ਤਿਨ੍ਹਾਂ ਦੇ ਆਵਣ-ਜਾਣੇ ਸਭ ਮਿਟ ਜਾਂਦੇ ਹਨ ॥ ੧ ॥ ਰਹਾਉ ਦੂਜਾ ॥ ੧ ॥ ੩ ॥ ਗੁਰੂ ਨਾਨਕ ਦੇ ਆਪਣੇ ਗੁਰਮੁਖਿ ਸਾਧਾਂ ਸੰਤਾਂ ਭਗਤਾਂ ਦੀ ਸੰਗਤ ਦੇ ਮਿਲਣ ਕਰਕੇ, ਦੇਖੋ, ਕੈਸੀ ਵਿਲੱਖਣ ਅਤੇ ਅਨੂਪ ਬਿਚੱਖਣ ਸ੍ਰੇਸ਼ਟਤਾ ਹੈ ਗੁਰਮਤਿ-ਨਾਮ ਕਰਮ ਦੀ। ਆਨਮਤਿ ਕਰਮਾਂ ਦੇ ਮੁਕਾਬਲੇ ਵਿਚਿ ਵਿਲੱਖਣਤਾ ਹੀ ਵਿਲੱਖਣਤਾ ਹੈ।

> **ਸਭਿ ਤੀਰਥ ਵਰਤ ਜਗ ਪੁੰਨ ਤੁੋਲਾਹਾ ॥ ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥ ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ ਗੁਰਮਤਿ ਜਪਿ ਓਮਾਹਾ ਰਾਮ ॥ ੩ ॥ ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥ ਕਿਲਵਿਖ ਮੈਲੁ ਪਾਪ ਧੋਵਾਹਾ ॥ ਦੀਨ ਦਇਆਲ ਹੋਹੁ ਜਨ ਊਪਰਿ ਦੇਹੁ ਨਾਨਕ ਨਾਮੁ ਓਮਾਹਾ ਰਾਮ ॥ ੪ ॥ ੫ ॥ ੧੧ ॥**

**(ਜੈਤਸਰੀ ਮਃ ੪, ਪੰਨਾ ੬੯੯)**

ਵਿਆਖਿਆ— ਆਨਮਤਿ ਕਰਮ ਕਰਮੰਨੇ ਸਾਰੇ ਹੀ ਤੀਰਥ, ਸਾਰੇ ਹੀ ਵਰਤ ਕਰਮ, ਸਾਰੇ ਹੀ ਜਗ-ਕਿਰਿਆਵੀ ਕਰਮ ਅਤੇ ਸਮੁੱਚੇ ਹੀ ਪੁੰਨ ਦਾਨ ਵਾਲੇ ਕਰਮ ਹਾੜ ਤੋਲ ਕੇ ਦੇਖ ਲਏ, ਵਾਹਿਗੁਰੂ ਨਾਮ ਦੇ ਤੁਲ ਨਹੀਂ ਪੁਜਦੇ। ਪਾਸੰਗ ਮਾਤਰ ਭੀ ਪੂਰੇ ਨਹੀਂ ਉਤਰਦੇ। ਗੁਰਮਤਿ ਜਾਪ ਦੇ ਪੂਰਨ ਉਮਾਹੇ ਵਿਚਿ ਜਪਿਆ ਨਾਮੁ ਬੜੇ ਭਾਰੀ ਗੌਰਵ ਤੇ ਗੰਭੀਰ ਤੋਲ ਵਾਲਾ ਹੈ, ਜੋ ਕਦੇ ਤੋਲਿਆ ਹੀ ਨਹੀਂ ਜਾ ਸਕਦਾ। ਸਦਾ ਅਤੁਲ ਹੈ ਅਤੇ ਭਾਰੀ ਤੋਲ ਵਾਲਾ ਹੈ। ਐਸੇ ਗੁਰਮਤਿ ਨਾਮ ਦੇ ਇਕ ਵਾਰ ਦੇ ਜਾਪ ਅਭਿਆਸ ਵਿਚਿ ਸਾਰੇ ਹੀ ਕਰਮ ਧਰਮ ਆ ਜਾਂਦੇ ਹਨ, ਆਨਮਤਿ ਦੇ। ਅਤੇ ਗੁਰਮਤਿ ਨਾਮ ਦਾ ਇਕ ਵਾਰ ਜਾਪ ਜਪਿਆਂ ਕਿਲਵਿਖ ਮੈਲ ਵਾਲੇ ਕਮਾਤੇ ਸਗਲੇ ਪਾਪ ਧੋਏ ਜਾਂਦੇ ਹਨ। ਧੰਨ ਗੁਰੂ ਨਾਨਕ ਸਾਹਿਬ ਕੈਸੀ ਸ਼ਫਾਅਤ ਕਰਦੇ ਹਨ ਨਿਜ ਘਰ ਦੇ ਗੁਰਸਿਖ ਨਾਮ ਅਭਿਆਸੀ ਜਨਾਂ ਨਮਿਤ। ਹੇ ਦੀਨ ਦਇਆਲ ਵਾਹਿਗੁਰੂ! ਤੂੰ ਸਦਾ ਹੀ ਆਪਣੇ ਜਨਾਂ ਉਪਰ ਦਇਆਲ ਹੀ ਰਹੁ। ਅਤੇ ਤਿਨ੍ਹਾਂ ਨੂੰ ਨਾਮ ਜਪਣ ਦਾ ਨਿਤ ਨਵਾਂ ਉਮਾਹ ਤੇ ਉਤਸ਼ਾਹ ਬਖ਼ਸ਼।

ਅਗਲੇ ਗੁਰ ਪ੍ਰਮਾਣ ਅੰਦਰਿ ਗੁਰਬਾਣੀ ਰੂਪੀ ਸਚੜੇ ਬੇਦ ਦੇ ਪਾਠ ਦਾ ਅਤੇ ਗੁਰਮਤਿ ਨਾਮ ਅਭਿਆਸ ਕਰਮ ਰੂਪੀ ਸਚੜੇ ਬੇਦ-ਕਰਮ ਦਾ ਮੁਕਾਬਲਾ ਆਨਮਤਿ ਧਰਮ ਦੇ ਬੇਦਾਂ ਦੇ ਪਾਠ-ਅਭਿਆਸ ਕਰਮ ਨਾਲ ਕਰ ਕੇ ਸਚੜੇ ਗੁਰਮਤਿ ਅਭਿਆਸ ਕਰਮ ਦੀ ਫ਼ਜ਼ੀਲਤ ਅਤੇ ਸਰਬੋਤਮਤਾ ਦਰਸਾਈ ਜਾਂਦੀ ਹੈ। ਯਥਾ—

> **ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥ ... ... ... ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥ ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥ ੧॥**

**(ਸਲੋਕ ਮਃ ੧, ਵਾਰ ਸੂਹੀ, ਪੰਨਾ ੭੯੧)**

ਵਿਆਖਿਆ — ਜਿਸ ਮਕਾਨ ਵਿਚਿ ਦੀਵਾ (ਲੈਂਪ ਆਦਿਕ) ਬਾਲਿਆ ਜਾਵੇ, ਉਸ ਮਕਾਨ ਦਾ ਅੰਧੇਰਾ (ਹਨੇਰਾ) ਦੂਰ ਹੋ ਜਾਂਦਾ ਹੈ। ਏਸ ਤਰ੍ਹਾਂ ਨਾਮ ਦਾ ਦੀਵਾ ਬਲੇ ਤੇ ਅਗਿਆਨ

ਰੂਪੀ ਅੰਧੇਰਾ ਸਾਰਾ ਦੂਰ ਹੋ ਜਾਂਦਾ ਹੈ ਅਤੇ ਘਟ ਅੰਦਰਿ ਨੂਰ ਮਈ ਚਾਨਣਾ ਹੀ ਚਾਨਣਾ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦਾ ਦਰਸਾਇਆ ਪਰਸਿਧ ਦੀਵਾ ਗੁਰਮਤਿ ਨਾਮ ਦਾ ਹੀ ਹੈ, ਜਿਸ ਤਰ੍ਹਾਂ ਕਿ ਗੁਰ ਪ੍ਰਮਾਣ ਆਉਂਦਾ ਹੈ—

> **ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ੧ ॥**
>
> (ਆਸਾ ਮਃ ੧, ਪੰਨਾ ੩੫੮)

ਭਾਵ— ਨਾਮ ਦੀਵੇ ਦੇ ਨੂਰ-ਚਾਨਣੇ ਨਾਲਿ ਦੁਖ ਰੂਪੀ ਤੇਲ ਸੁਕ ਮੁਕ ਜਾਂਦਾ ਹੈ। ਨਾਮ ਅਭਿਆਸ ਕਰਮੀ ਦੀਵੇ ਦੇ ਚਾਨਣ ਜਮਾਂ ਦਾ ਮੇਲ ਭੀ ਚੁਕਿਆ ਜਾਂਦਾ ਹੈ, ਅਰਥਾਤ, ਨਾਮ ਅਭਿਆਸੀਆਂ ਦੇ ਜਮ ਨੇੜੇ ਨਹੀਂ ਆਉਂਦਾ। ਏਸ ਪ੍ਰਕਾਰ ਉਪਰਲੇ ਮੁਖ ਗੁਰ-ਪ੍ਰਮਾਣ ਅੰਦਰਿ ਹੀ ਦਰਸਾਇਆ ਗਿਆ ਹੈ ਕਿ ਗੁਰਮਤਿ ਨਾਮ ਅਭਿਆਸ, ਗੁਰਬਾਣੀ ਰੂਪੀ ਸਚੜੇ ਬੇਦ ਦੇ ਪਾਠ ਨਾਲਿ ਪਾਪਾਂ ਦਾ ਅਤੇ ਪਾਪ-ਕਰਮਨੀ ਦੁਰਮਤਿ ਮਤਿ ਦਾ ਖੈ (ਨਾਸ) ਹੋ ਜਾਂਦਾ ਹੈ। ਜਿਵੇਂ ਸੂਰਜ ਦੇ ਉਦੇ ਹੋਣ ਨਾਲਿ ਚੰਦੁ ਅਲੋਪ ਹੋ ਜਾਂਦਾ ਹੈ, ਚੰਦ ਦੀ ਰੌਸ਼ਨੀ ਮੱਧਮ ਪੈ ਜਾਂਦੀ ਹੈ ਅਤੇ ਰਾਤ ਦਾ ਅੰਧੇਰਾ ਬਿਨਸ ਜਾਂਦਾ ਹੈ, ਏਸੇ ਤਰ੍ਹਾਂ ਪ੍ਰਚੰਡ ਗਿਆਨ ਨੂਰਾਨੀਏ ਨਾਮ ਰੂਪੀ ਸੂਰਜ ਦੇ ਪ੍ਰਕਾਸ਼ਤ ਹੋਣ ਨਾਲਿ ਆਨਮਤਾਂ ਦੀ ਗੰਧਲ-ਚੌਦੇਂ ਵਾਲਾ ਸਗਲਾ ਅਗਿਆਨ-ਅੰਧੇਰਾ ਮਿਟ ਜਾਂਦਾ ਹੈ। "**ਬੇਦ ਪਾਠ ਮਤਿ ਪਾਪਾ ਖਾਇ**" ਵਾਲੀ ਗੁਰਵਾਕ-ਪੰਗਤੀ ਵਿਚਿ ਆਏ ਬੇਦ ਪਦ (ਲੈਫ਼ਜ਼) ਤੋਂ ਤੱਤ ਭਾਵੀ ਮੁਰਾਦ ਨਾਮ, ਗੁਰਬਾਣੀ ਦੇ ਸੱਚੇ ਮਾਅਨਿਆਂ ਵਾਲੀ ਹੈ। ਗੁਰੂ ਨਾਨਕ ਦਾ ਬੇਦ ਹੀ ਨਿਰਾਲਾ ਹੈ। ਗੁਰਮਤਿ ਦਾ, ਗੁਰੂ ਘਰ ਦਾ ਬੇਦੁ ਵਿਲੱਖਣ ਹੈ, ਓਹ ਵਿਲੱਖਣੀ ਨਿਰਾਲਾ ਬੇਦੁ ਨਾਮ ਗੁਰਬਾਣੀ ਹੈ। ਜਿਵੇਂ ਜਪੁ ਜੀ ਸਾਹਿਬ ਦੀ "**ਅਹਰਣਿ ਮਤਿ ਵੇਦੁ ਹਥਿਆਰੁ**" ਵਾਲੀ ਤੁਕ ਪੰਗਤੀ ਅੰਦਰਿ "**ਵੇਦੁ**" ਪਦ ਨਾਮ ਬਾਣੀ ਦੇ ਅਰਥਾਂ ਵਿਚਿ ਵਰਤਿਆ ਗਿਆ ਹੈ, ਤਿਵੇਂ ਹੀ "**ਬੇਦ ਪਾਠ ਮਤਿ ਪਾਪਾ ਖਾਇ**" ਵਾਲੀ ਪੰਗਤੀ ਵਿਚਿ ਭੀ "**ਬੇਦ**" ਪਦ ਨਾਮ ਗੁਰਬਾਣੀ ਦਾ ਹੀ ਅਰਥ ਰਖਦਾ ਹੈ। ਪਾਪਾਂ ਦੀ ਦੁਰਮਤਿ ਮਤਿ ਨੂੰ ਖਾਣ ਵਾਲਾ, ਖੈ ਕਰਨ ਵਾਲਾ ਗੁਰਮਤਿ ਨਾਮ ਬਾਣੀ ਤੋਂ ਬਿਨਾਂ ਹੋਰ ਕਿਹੜਾ ਬੇਦ ਹੋ ਸਕਦਾ ਹੈ? ਦੁਰਮਤਿ ਪਾਪਾਂ ਨੂੰ ਨਾਸ ਕਰਨ ਦੀ ਸਮਰੱਥਾ ਕੇਵਲ ਗੁਰਮਤਿ ਨਾਮ ਅਭਿਆਸ ਅਤੇ ਗੁਰਬਾਣੀ ਦੇ ਪਾਠ ਕੀਰਤਨ ਵਿਚਿ ਹੀ ਹੈ। ਆਨਮਤੀ ਬੇਦਾਂ ਦੇ ਅਰਥ ਵਾਲਾ ਬੇਦੁ ਅਤੇ ਬੇਦ-ਪਾਠੀ ਭਾਵ ਤੁਕ "**ਬੇਦ ਪਾਠ ਸੰਸਾਰ ਦੀ ਕਾਰ**" ਵਿਚਿ ਆਉਂਦਾ ਹੈ। ਏਥੇ ਬੇਦ ਪਾਠ ਤੋਂ ਮਤਲਬ ਆਨਮਤੀ ਬੇਦ ਦੇ ਪਾਠ ਤੋਂ ਹੈ, ਜੋ ਆਮ ਸੰਸਾਰੀਆਂ ਆਨਮਤੀਆਂ ਪੰਡਤਾਂ ਦੀ ਕਾਰ ਹੈ। ਆਨਮਤਿ ਬੇਦਾਂ ਦੇ ਪਾਠ ਵਾਲੀ ਕਾਰ ਸੰਸਾਰੀਆਂ ਆਮ ਆਨਮਤੀਆਂ ਦੀ ਹੈ। ਗੁਰਮਤਿ-ਅਵਲੰਬੀ ਗੁਰਮੁਖਾਂ ਦਾ ਵਾਸਤਾ ਗੁਰਮਤਿ ਨਾਮ ਗੁਰਬਾਣੀ ਰੂਪੀ ਸਚੜੇ ਬੇਦ ਦੀ ਕਾਰ ਨਾਲਿ ਹੈ। ਬੇਦਾਂ ਨੂੰ ਪੜ੍ਹਿ ਪੜ੍ਹਿ, ਬੇਦਾਂ ਦੇ ਪਾਠ ਕਰਿ ਕਰਿ ਪੰਡਿਤ ਲੋਗ ਬਥੇਰਾ ਹੰਭ ਹਾਰ ਥਕੇ ਹਨ, ਤਿਨ੍ਹਾਂ ਦੇ ਪੱਲੇ ਕੁਛ ਨਹੀਂ ਪੈਂਦਾ। ਪ੍ਰਮਾਰਥ ਸੰਬੰਧੀ ਉੱਕਾ ਹੀ ਕੋਈ ਮਤਲਬ ਹਲ ਨਹੀਂ ਹੁੰਦਾ। ਸਚੜੇ ਬੇਦ ਨਾਮ-ਗੁਰਬਾਣੀ ਨੂੰ ਬੁਝੇ ਬਿਨਾਂ ਸੰਸਾਰ-ਕਾਰੀ ਬੇਦਾ-ਕਰਮਾਚਾਰੀ ਪੰਡਿਤ ਪਏ ਖੁਆਰ ਹੁੰਦੇ ਫਿਰਦੇ ਹਨ। ਸਚੜੇ ਗੁਰਮਤਿ ਨਾਮ ਗੁਰਬਾਣੀ ਰੂਪੀ ਗੁਰੂ ਨਾਨਕ ਦੇ ਮਤੇ ਵਾਲੇ ਬੇਦਾਚਾਰੀ ਗੁਰਮੁਖਿ ਜਨ ਹੀ ਭਵਜਲ ਤੋਂ ਪਾਰ ਉਤਰਦੇ ਹਨ। ਨਹੀਂ ਤਾਂ ਆਨਮਤਿ ਬੇਦਾ-ਕਰਮਾਚਾਰੀ ਭਵ-ਸਾਗਰ ਅੰਦਰਿ ਵਿਚਿ-ਵਿਚਾਲੇ ਹੀ ਭੰਬਲ ਭੂਸੇ ਖਾਂਦੇ ਫਿਰਦੇ ਹਨ। ਆਨਮਤੀ ਚਹੁੰਆਂ ਬੇਦਾਂ ਨਾਲੋਂ ਨਾਮ ਗੁਰਬਾਣੀ

ਰੂਪੀ ਬੇਦ ਹੀ ਸਰਬੋਤਮ ਬੇਦ ਹੈ। "ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ"[੧] ਵਾਲੀ ਪੰਗਤੀ ਦਾ ਤੱਤ ਗੁਰਮਤਿ ਭਾਵ-ਅਰਥ ਇਹ ਹੈ ਕਿ ਸਾਰੇ ਬੇਦਾਂ ਵਿਚੋਂ ਗੁਰਮਤਿ ਤੱਤ ਸਾਰ ਨਾਮੁ ਰੂਪੀ ਬੇਦ ਹੀ ਸਰਬੋਤਮ ਬੇਦ ਹੈ। ਤਿਸ ਸਰਬੋਤਮ ਬੇਦ ਨਾਮ-ਦੀਖਿਆ ਗੁਰਬਾਣੀ ਦੀ ਸਿਖਸ਼ਾ ਨੂੰ ਤਾਂ ਆਮ ਮਨਮਤੀਏ ਅਤੇ ਆਨਮਤੀਏ ਸੁਣਦੇ ਹੀ ਨਹੀਂ। ਹੋਰਨਾਂ ਬੇਦਾਂ ਪਿਛੇ ਭੁਲਿਆਂ ਵਾਗੂੰ ਭੁਲੇ ਫਿਰਦੇ ਹਨ। ਸਤਿਗੁਰੂ ਨਾਨਕ ਨੇ ਜੋ ਨਵੀਨ ਬੇਦ ਨਾਮ ਰੂਪੀ ਪ੍ਰਕਾਸ਼ਤ ਅਤੇ ਪਰਚੁਰ ਕੀਤਾ ਹੈ, ਉਹ ਸਾਰੇ ਹੀ ਬੇਦਾਂ ਤੋਂ ਸਰਬੋਤਮ ਨੂਰ-ਨਿਰੋਤਮੀ ਅਤੇ ਸ਼ਿਰੋਮਣੀ ਬੇਦ ਹੈ। ਇਸ ਸਚੜੇ ਬੇਦੁ ਨੂੰ ਛੱਡ ਕੇ ਭਰਮ ਭੁਲੀ ਲੁਕਾਈ ਹੋਰ ਬੇਦਾਂ ਵਲ ਦਉੜੀ ਅਤੇ ਭਮੱਤਰੀ ਫਿਰਦੀ ਹੈ, ਜੋ ਅਗਿਆਨ ਭਰੀ ਹੋਈ ਉਹਨਾਂ ਨੂੰ ਅਗਿਆਨ ਮਾਰਗ ਤੇ ਹੀ ਭਰਮਾਏਗੀ ਅਤੇ ਕਲਿਆਣ ਦਾ ਸੱਚਾ ਮਾਰਗ ਨਹੀਂ ਪ੍ਰਕਾਸ਼ੇਗੀ। ਸਚੜੇ ਬੇਦ, ਨਾਮ ਗੁਰਬਾਣੀ ਦੀਆਂ ਕਮਾਈਆਂ ਕੀਤਿਆਂ ਹੀ ਸੱਚਾ ਗਿਆਨ ਪ੍ਰਚੰਡ ਪ੍ਰਕਾਸ਼ਤ ਹੁੰਦਾ ਹੈ।

**ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥ ਗੁਰੁ ਪਰਮੇਸਰੁ**
**ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥ ੩ ॥ ੬ ॥**

**(ਰਾਮਕਲੀ ਮਃ ੧, ਪੰਨਾ ੮੭੮)**

ਭਾਵ— ਸਰਬੋਤਮ ਕਰਮ ਕਰਨਹਾਰੇ ਗੁਰਮਤਿ ਨਾਮ ਅਭਿਆਸੀ ਜਨ ਜਪ ਤਪ ਸੰਜਮ ਆਦਿਕ ਆਨਮਤਿ ਕਰਮਾਂ ਨੂੰ ਸਿਆਣਦੇ ਨਹੀਂ। ਇਕੋ ਗੁਰਮਤਿ ਨਾਮ ਰੂਪੀ ਸਰਬੋਤਮ ਕਰਮ ਕਰਨ ਲਈ ਹੀ ਸਾਵਧਾਨ ਰਹਿੰਦੇ ਹਨ। ਇਸ ਸਰਬੋਤਮੀ ਗੁਰਮਤਿ ਨਾਮ ਅਭਿਆਸ ਦੀ ਕਮਾਈ ਕਰਨ ਕਰਕੇ ਪਾਰਬ੍ਰਹਮ ਪਰਮੇਸ਼ਰ ਦੇ ਸਦੀਵੀ ਮਿਲਾਪ ਅਤੇ ਦਰਸ਼ਨ ਭੇਟ ਦੀ ਦਾਤਿ ਇਲਾਹੀ ਤਿਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ। ਸੱਚੇ ਗੁਰ-ਸ਼ਬਦ ਗੁਰ-ਮੰਤਰ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੀ ਸੱਚ ਨਿਬੇੜਾ ਹੁੰਦਾ ਹੈ।

**ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥**

**(ਰਾਮਕਲੀ ਮਃ ੧, ਪੰਨਾ ੮੭੯)**

ਭਾਵ— ਗੁਰਸਿੱਖਾਂ, ਗੁਰੂ ਨਾਨਕ ਦੇ ਸਿੱਖਾਂ ਲਈ ਗੁਰਮਤਿ ਨਾਮ ਗੁਰਬਾਣੀ ਹੀ ਨਾਦ ਹੈ, ਗੁਰਬਾਣੀ ਹੀ ਬੇਦ ਹੈ। ਨਾਦ ਬੇਦ ਸਭ ਕੁਛ ਗੁਰਬਾਣੀ ਹੀ ਗੁਰਬਾਣੀ ਅਤੇ ਨਾਮ ਹੀ ਨਾਮ ਹੈ। ਇਸ ਗੁਰਬਾਣੀ ਗੁਰਮਤਿ ਨਾਮ ਰੂਪੀ ਨਾਦ ਬੇਦ ਦੀ ਅਭਿਆਸ ਕਮਾਈ ਦੀ ਬਦੌਲਤ ਰੰਗ-ਰੱਤੜਾ ਮਨ ਵਾਹਿਗੁਰੂ ਦੇ ਸਰੂਪ ਵਿਚਿ ਸਮਾ ਜਾਂਦਾ ਹੈ। ਗੁਰਮਤਿ ਅੰਦਰਿ ਸਭ ਨਾਦ ਬੇਦ ਗੁਰਬਾਣੀ ਵਿਚ ਹੀ ਆ ਜਾਂਦੇ ਹਨ। ਸਿਰੀ ਜਪੁਜੀ ਸਾਹਿਬ ਦੀ ਪੰਜਵੀਂ ਪਉੜੀ ਵਿਚਿ "ਗੁਰਮੁਖਿ ਨਾਦੰ ਗੁਰਮਖਿ ਵੇਦੰ ਗੁਰਮੁਖਿ ਰਹਿਆ ਸਮਾਈ" ਪੰਗਤੀ ਦੇ ਇਹੀ ਅਰਥ ਹਨਃ ਵਾਹਿਗੁਰੂ (ਨਾਮ) ਹੀ ਨਾਦੁ ਹੈ, ਵਾਹਿਗੁਰੂ (ਨਾਮ) ਹੀ ਵੇਦੁ ਹੈ ਅਤੇ ਸਾਰੇ ਵਾਹਿਗੁਰੂ ਹੀ ਸਮਾਇ ਰਹਿਆ ਹੈ। ਗੁਰਾਂ ਸਿਰਿ ਮੁਖੀ ਗੁਰੂ ਹੈ ਵਾਹਿਗੁਰੂ। ਤਾਂ ਤੇ ਗੁਰਮੁਖਿ ਪਦ ਦੇ ਗੁਰਮਤਿ ਤੱਤ ਅਰਥ ਵਾਹਿਗੁਰੂ ਦੇ ਹੀ ਹਨ। ਵਾਹਿਗੁਰੂ ਨਾਮ ਹੀ ਸਰਬੋਤਮ ਨਾਦੁ ਬੇਦੁ ਹੈ। ਵਾਹਿਗੁਰੂ ਨਾਮ ਦਾ ਅਭਿਆਸ ਕੀਤਿਆਂ ਹੋਰ ਕਿਸੇ ਆਨਮਤਿ ਬੇਦ ਦੇ ਪੜ੍ਹਨ ਕਮਾਵਣ ਦੀ ਲੋੜ ਨਹੀਂ ਰਹਿੰਦੀ।

---

[੧] ਰਾਮਕਲੀ ਮਃ ੩ ਅਨੰਦ ਪਉੜੀ ੧੯, ਪੰਨਾ ੯੧੯

ਵਾਹਿਗੁਰੂ ਨਾਮ ਦੀ ਕਮਾਈ ਕਰਨ ਵਾਲਿਆਂ ਦੇ ਅੱਗੇ ਬੇਦਾਂ ਮੰਤਰਾਂ ਦੇ ਸ਼ਾਸਤ੍ਰਾਰਥੀ ਤੱਤਸਾਰ ਰੁਲਦੇ ਫਿਰਦੇ ਹਨ। ਸੁਤੇ ਹੀ ਪ੍ਰਾਪਤਿ ਹਨ। ਉਹ ਬੇਦਾਂ ਆਦਿਕ ਦੀ ਹੋਰ ਆਨਮਤਿ ਪੜ੍ਹਾਈ ਵਲ ਰੁਚੀ ਨਹੀਂ ਦਿੰਦੇ।

**ਰਾਮਕਲੀ ਮਹਲਾ ੫ ॥ ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥ ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥ ੧ ॥ ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥ ੧ ॥ ਰਹਾਉ ॥ ਆਗੈ ਰਾਖਿਓ ਸਾਲਗਿਰਾਮੁ ॥ ਮਨੁ ਕੀਨੋ ਦਹਦਿਸ ਬਿਸ੍ਰਾਮੁ ॥ ਤਿਲਕੁ ਚਰਾਵੈ ਪਾਈ ਪਾਇ ॥ ਲੋਕ ਪਚਾਰਾ ਅੰਧੁ ਕਮਾਇ ॥ ੨ ॥ ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥ ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥ ੩ ॥ ਸੋ ਪੰਡਿਤੁ ਗੁਰ ਸਬਦੁ ਕਮਾਇ ॥ ਤ੍ਰੈਗੁਣ ਕੀ ਓਸੁ ਉਤਰੀ ਮਾਇ ॥ ਚਤੁਰ ਬੇਦ ਪੂਰਨ ਹਰਿ ਨਾਇ ॥ ਨਾਨਕ ਤਿਸ ਕੀ ਸਰਣੀ ਪਾਇ ॥ ੪ ॥ ੬ ॥ ੧੭ ॥**

(ਪੰਨਾ ੮੮੭-੮੮)

ਤ੍ਰੈਗੁਣੀ ਵਿਦਿਆ ਦੇ ਪੰਡਿਤ ਲੋਗ ਬੇਦ ਪੁਰਾਨ ਸ਼ਾਸਤ੍ਰਾਂ ਨੂੰ ਮੁਖੋਂ ਤਾਂ ਅਰਥ ਲਾ ਲਾ ਕੇ ਪੜ੍ਹਦੇ ਹਨ, ਪਰ ਕਰਮ-ਕਮਾਈਆਂ ਉਹਨਾਂ ਦੀਆਂ ਫੋਕਟ ਹੀ ਹਨ। ਉਹਨਾਂ ਦੇ ਹਿਰਦੇ ਅੰਦਰਿ ਰਾਮ ਵਸਦਾ ਹੀ ਨਹੀਂ, ਨਾ ਹੀ ਉਹਨਾਂ ਦੀ ਰਹਿਣੀ ਰਹਿਤ ਹੀ ਪੂਰਨ-ਕਰੰਮੀਆਂ ਵਾਲੀ ਹੁੰਦੀ ਹੈ। ਤ੍ਰੈਗੁਣ ਵਿਦਿਆ ਨੂੰ ਪੜ੍ਹਨ ਵੀਚਾਰਨਹਾਰੇ ਤ੍ਰੈਗੁਣੀ ਕਰਮ ਹੀ ਕਮਾਉਂਦੇ ਹਨ। ਜਿਹੀ ਪੜ੍ਹਾਈ, ਜਿਹੀ ਵਿਦਿਆ, ਤੇਹਾ ਕਰਮ। ਜਿਹੜੇ ਕਰਮਾਂ ਦੇ ਕਰਨ ਦਾ ਉਪਦੇਸ਼ ਦੇ ਕੇ ਲੋਕਾਂ ਨੂੰ ਕਰਮ ਕਰਨੇ ਦ੍ਰਿੜ੍ਹਾਉਂਦਾ ਹੈ, ਉਹ ਕਰਮ ਆਪਿ ਨਹੀਂ ਕਰਦਾ। ਲੋਕਾਂ ਪ੍ਰਤੀ ਆਪਣਾ ਉਪਦੇਸ਼ ਕਹਿਆ ਕਥਿਆ ਹੋਇਆ ਆਪ ਨਹੀਂ ਕਮਾਉਂਦਾ। ਕੈਸੀ ਅਧੋਗਤੀ ਵਾਲੀ ਗੱਲ ਹੈ। ਹੇ ਪੰਡਿਤ! ਬੀਚਾਰਨਾ ਹੈ ਤਾਂ ਨਾਮੁ ਰੂਪੀ ਸਚੜਾ ਬੇਦੁ ਬੀਚਾਰ ਅਤੇ ਬੀਚਾਰ ਕੇ ਕਮਾਈ ਕਰਿ, ਅਰਥਾਤ, ਗੁਰਮਤਿ ਨਾਮ ਅਭਿਆਸ ਕਮਾਈ ਕਰੁ। ਤਾਂ ਤੇਰੇ ਮਨ ਦੇ ਕਾਮ, ਕ੍ਰੋਧ ਆਦਿਕ ਵਿਸ਼ਿਆਂ ਵਾਲੀ ਬਲਾ ਦੂਰ ਹੋਵੇਗੀ। ਐਵੇਂ ਝੂਠੇ ਬੇਦ ਕੀ ਪੜ੍ਹਦਾ ਹੈਂ। ਏਹਨਾਂ ਬੇਦਾਂ ਸ਼ਾਸਤ੍ਰਾਂ ਦੀ ਪੜ੍ਹਾਈ ਸਭ ਨਿਸਫਲ ਹੈ। ਆਨਮਤਿ ਪੁਸਤਕਾਂ ਦੀ ਪੜ੍ਹਾਈ ਦਾ ਇਹ ਸਿੱਟਾ ਹੈ ਕਿ ਹੇ ਪੰਡਿਤ, ਤੂੰ ਆਪਣੇ ਅਗੇ ਤਾਂ ਵਿਸ਼ਨੂੰ ਦੀ ਮੂਰਤੀ ਵਾਲਾ ਪੱਥਰ (ਸਾਲਗਿਰਾਮ) ਪੂਜਾ ਵਾਸਤੇ ਰਖਦਾ ਹੈਂ, ਅਰਥਾਤ, ਬੁੱਤ-ਪੂਜਾ ਕਰਦੇ ਹੋ, ਤੇ ਮਨ ਤੇਰਾ ਦਸੀਂ ਪਾਸੀਂ ਭਉਂਦਾ ਫਿਰਦਾ ਹੈ। ਐਸੀ ਬੁੱਤ-ਪ੍ਰਸਤੀ ਕੀਤਿਆਂ ਤੈਨੂੰ ਕੀ ਲਾਭ, ਜਿਸ ਤੇ ਤੇਰਾ ਮਨ ਹੀ ਨਹੀਂ ਟਿਕਦਾ? ਫੇਰ ਤੂੰ ਉਸ ਮੂਰਤੀ ਨੂੰ ਤਿਲਕ ਚੜ੍ਹਾਉਂਦਾ (ਲਗਾਉਂਦਾ) ਹੈਂ, ਉਸ ਨੂੰ ਵਿਸ਼ਨੂੰ ਸਮਝ ਕੇ ਅਤੇ ਉਸ ਸਾਲਗਿਰਾਮ ਦੀ ਪੈਰੀਂ ਪੈਂਦਾ ਹੈਂ। ਬਸ, "**ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ**"[੧] ਦੇ ਗੁਰਵਾਕ-ਭਾਵ ਵਾਲੀ ਗਤੀ ਤੇਰੀ ਹੋਵੇਗੀ। ਤੇਰੀ ਸਾਰੀ ਘਾਲ ਅਜਾਈਂ ਜਾਏਗੀ। "**ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥**"[੨] ਪੱਥਰ ਨੂੰ ਦੇਵਤਾ, ਨਿਰਜੀਉ ਨੂੰ ਸਰਜੀਉ

---

[੧] ਭੈਰਉ ਮਃ ੫, ਪੰਨਾ ੧੧੬੦

[੨] ਭੈਰਉ ਮਃ ੫, ਪੰਨਾ ੧੧੬੦

ਸਮਝ ਕੇ ਪੂਜਾ ਕਰਨ ਵਾਲਿਆਂ ਦੀ ਪੂਜਾ ਸੇਵਾ ਸਭ ਬਿਰਥਾ ਹੀ ਜਾਵੇਗੀ। ਬਸ, ਤੂੰ ਏਤਨੇ ਬੇਦ ਸ਼ਾਸਤ੍ਰ ਪੜ੍ਹ ਕੇ ਲੋਕਾਚਾਰੀ ਕਰਮ ਹੀ ਕਰਦਾ ਹੈਂ। ਇਹ ਸਭ ਅੰਧੁ-ਕਮਾਈਆਂ ਵਾਲੇ ਕਰਮ ਹਨ, ਜਿਨ੍ਹਾਂ ਦੇ ਕਰਨ ਕਰਿ ਤੇਰਾ ਕਖ ਨਹੀਂ ਸਉਰੇਗਾ। ਬਸ, **"ਅੰਧੀ ਕੰਮੀ ਅੰਧ ਸਜਾਇ"**[1] ਮਿਲ ਕੇ ਹੀ ਰਹੇਗੀ। ਬੇਦ ਅਤੇ ਖਟ ਸ਼ਾਸਤ੍ਰ ਆਦਿਕ ਪੜ੍ਹ ਕੇ ਤੂੰ ਖਟ ਕਰਮ ਕਰਨ ਜੋਗਾ ਹੀ ਮਸਾਂ ਹੁੰਦਾ ਹੈਂ ਅਤੇ ਯੋਗੀਆਂ ਵਾਲੇ ਆਸਣ ਜਮਾਉਣ ਜੋਗਾ ਅਤੇ ਨੇਤੀ ਧੋਤੀ ਨਿਉਲੀ ਕਰਮ ਕਮਾਉਣ ਜੋਗਾ ਹੀ ਬਣਦਾ ਹੈਂ। ਧਨੀ ਸ਼ਾਹੂਕਾਰਾਂ ਦੇ ਘਰਿ ਜਾ ਕੇ ਤੂੰ ਨਿਤ ਪੋਥੀਆਂ ਪੜ੍ਹ ਕੇ ਸੁਣਾਉਂਦਾ ਹੈਂ; ਕੇਵਲ ਟਕੇ ਬਟੋਰਨ ਲਈ। ਦਿਖਾਵੇ ਮਾਤਰ ਮਾਲਾ ਫੇਰਦਾ ਹੈਂ, ਸਿਰਫ਼ ਇਸ ਲਈ ਕਿ ਇਸ ਪਾਖੰਡ-ਕਰਮ ਨਾਲਿ ਧਨ ਰੂਪੀ ਬਿਭੂਤੀ ਮਿਲੂਗੀ। ਹੇ ਮਿਤ੍ਰ ਬ੍ਰਾਹਮਣ ਪੰਡਿਤ! ਇਉਂ ਦੁਤਰ ਸੰਸਾਰ-ਸਾਗਰ ਨਹੀਂ ਤਰਿਆ ਜਾ ਸਕਦਾ। ਇਹ ਸਾਮਾਨ ਹੀ ਭਵ-ਸਾਗਰ ਤਰਨ ਦੇ ਨਹੀਂ।ਅਸਲ ਸੱਚਾ ਪੰਡਿਤ ਸੋ ਹੈ, ਜੋ ਸ਼ਬਦ ਨੂੰ ਕਮਾਉਂਦਾ ਹੈ। ਸੋ ਜੇ ਤੈਂ ਸੱਚਾ ਅਸਲ ਪੰਡਿਤ ਬਣਨਾ ਹੈ ਤਾਂ ਸਤਿਗੁਰੂ ਦੇ ਦੁਆਰਿਓਂ ਗੁਰ-ਦੀਖਿਆ ਲੈ ਕੇ ਗੁਰੂ ਕਾ ਸਿਖ ਸੇਵਕ ਬਣ ਕੇ ਸ਼ਬਦ ਗੁਰ-ਮੰਤਰ ਦੀ ਕਮਾਈ ਕਰ, ਤਾਂ ਤ੍ਰੈਗੁਣੀ ਮਾਇਆ ਵਾਲੀ ਮੈਲ ਤੇਰੇ ਉਪਰੋਂ ਉਤਰੇਗੀ। ਵਾਹਿਗੁਰੂ ਨਾਮ ਦੀ ਕਮਾਈ ਚਹੁੰਆਂ ਹੀ ਸੰਪੂਰਨ ਬੇਦਾਂ ਦੀ ਕਰਮ ਕਮਾਈ ਤੋਂ ਵਧ ਸ੍ਰੇਸ਼ਟ ਹੈ। ਐਸੀ ਪੂਰਨ ਕਮਾਈ ਕਰਨ ਵਾਲਾ ਜੋ ਭੀ ਪੰਡਿਤ ਹੈ, ਤਿਸ ਦੇ ਅਸੀਂ ਪੈਰੀਂ ਪੈਂਦੇ ਹਾਂ। ਐਸੀ ਉਚਾਰਨੀ, ਐਸੀ ਫ਼ੁਰਮਾਉਣੀ ਗੁਰੂ ਨਾਨਕ ਸਾਹਿਬ ਜੀ ਉਚਰਦੇ ਅਤੇ ਫ਼ੁਰਮਾਉਂਦੇ ਹਨ।

ਤੱਤ-ਭਾਵ ਇਹ ਕਿ ਗੁਰਮਤਿ ਨਾਮ ਅਭਿਆਸ ਕਮਾਈ ਦੇ ਤੁਲਿ ਕਿਸੇ ਕਰਮ ਦਾ ਫਲ ਨਹੀਂ ਪੁਜਦਾ ਤੁਲਦਾ, ਬਲਕਿ ਸਮੁਚੇ ਹੀ ਆਨਮਤਿ ਕਰਮਾਂ ਦਾ ਫਲ ਭੀ ਗੁਰਮਤਿ ਨਾਮ ਅਭਿਆਸ ਕਮਾਈ ਦੇ ਸਾਹਮਣੇ ਐਵੇਂ ਤਸੂ ਭਰ ਪਾਸੰਗ ਮਾਤਰ ਹੀ ਹੈ।

**ਸਭ ਤੇ ਊਤਮ ਇਹੁ ਕਰਮੁ ॥ ਸਗਲ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥ ਜਨਮ ਜਨਮ ਕਾ ਉਤਰੈ ਭਾਰੁ ॥ ੩ ॥ ਪੂਰਨ ਤੇਰੀ ਹੋਵੈ ਆਸ ॥ ਜਮ ਕੀ ਕਟੀਐ ਤੇਰੀ ਫਾਸ ॥ ਗੁਰ ਕਾ ਉਪਦੇਸੁ ਸੁਨੀਜੈ ॥ ਨਾਨਕ ਸੁਖਿ ਸਹਜਿ ਸਮੀਜੈ ॥ ੪ ॥ ੩੦ ॥ ੪੧ ॥**

**(ਰਾਮਕਲੀ ਮਃ ੫, ਪੰਨਾ ੮੯੫)**

ਭਾਵ— ਸਾਰੇ ਕਰਮਾਂ ਤੋਂ ਸਰਬੋਤਮ ਕਰਮ ਇਹ ਹੈ ਅਤੇ ਸਾਰੇ ਧਰਮਾਂ ਤੋਂ ਸ੍ਰੇਸ਼ਟ ਧਰਮ ਇਹ ਹੈ ਕਿ ਕੇਵਲ ਗੁਰਮਤਿ ਨਾਮ ਦਾ ਸਿਮਰਨ ਕੀਤਾ ਜਾਵੇ। ਬਸ, ਸਿਮਰਨ ਰੂਪੀ ਸਰਬੋਤਮ ਕਰਮ ਕਰਨ ਕਰਕੇ ਹੀ ਹਰੇਕ ਪ੍ਰਾਣੀ ਦਾ ਉਧਾਰ ਹੁੰਦਾ ਹੈ ਅਤੇ ਜਨਮ ਜਨਮ ਦੇ ਕਮਾਤੇ ਪਾਪ-ਕਰਮਾਂ ਦਾ ਭਾਰ ਭੀ ਉਤਰਿ ਜਾਂਦਾ ਹੈ। ਸਿਮਰਨ ਕਰਨਹਾਰੇ ਅਭਿਆਸੀ ਜਨ ਦੀ ਸਗਲ ਆਸ ਪੂਰਨ ਹੋ ਜਾਂਦੀ ਹੈ ਅਤੇ ਜਮ ਦੀ ਫਾਸ ਭੀ ਕੱਟੀ ਜਾਂਦੀ ਹੈ। ਸਤਿਗੁਰੂ ਦੀਖਿਆ ਮਈ ਸਚੜਾ ਉਪਦੇਸ਼ ਐਸੀ ਸੁਣਨੀ ਸੁਣੀਏ ਕਿ ਉਸ ਉਪਦੇਸ਼ ਉਤੇ ਤੱਤਪਰ ਹੋ ਕੇ ਗੁਰਮਤਿ-ਨਾਮ ਗੁਰ-ਮੰਤਰ ਦੀਆਂ ਅਤੁਟ ਕਮਾਈਆਂ ਕਰੀਏ। ਇਉਂ ਕਰ ਕੇ ਗੁਰੂ ਨਾਨਕ ਦੇ ਦਰਸਾਏ ਸੁਖ ਸਹਜ ਆਨੰਦ ਵਿਚਿ ਸਮਾ ਜਾਈਦਾ ਹੈ।

---

[1] ਸਲੋਕ ਮਃ ੧, ਸਾਰੰਗ ਕੀ ਵਾਰ, ਪੰਨਾ ੧੨੪੧

 www.sikhbookclub.com

ਅਗਲੇ ਗੁਰ ਪ੍ਰਮਾਣ ਅੰਦਰਿ ਸਾਰੇ ਜੁਗਾਂ ਦੇ ਕਰਮਾਂ ਨਾਲੋਂ ਕਲਜੁਗ ਦੇ ਇਕੋ ਕਰਮੁ ਗੁਰਮਤਿ ਸਿਫਤਿ ਸਾਲਾਹੀ ਦੀ ਵਡਿਆਈ ਤੇ ਸ੍ਰੇਸ਼ਟਾਈ ਨਿਰੂਪਨ ਕੀਤੀ ਗਈ ਹੈ। ਯਥਾ—

ਆਖੁ ਗੁਣਾ ਕਲਿ ਆਈਐ ॥ ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥ ੧ ॥ ਰਹਾਉ ॥ ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥ ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥ ੫ ॥ ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥ ੬ ॥ ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥ ੭ ॥ ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥ ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥ ੮ ॥ ੧ ॥

(ਰਾਮਕਲੀ ਮਃ ੧, ਅਸਟਪਦੀਆ, ਪੰਨਾ ੯੦੩)

ਵਿਆਖਿਆ— ਹੇ ਭਾਈ! ਤੂੰ ਹਰਿ ਜਸੁ ਭਾਖੁ ਤੇ ਗੁਰਮਤਿ ਗੁਣਾਂ ਨੂੰ ਆਖੁ, ਅਰਥਾਤ, ਗੁਰਬਾਣੀ ਨੂੰ ਵਖਾਣ, ਕਿਉਂਕਿ ਕਲਜੁਗ ਦੀ ਰਾਤਿ ਆਈ ਹੈ। ਇਸ ਕਲੀਕਾਲ ਵਿਖੇ ਹੋਰ ਕਰਮ ਕੀਤਾ ਕੋਈ ਭੀ ਕਾਰਗਰ ਸਫਲਾ ਨਹੀਂ ਹੁੰਦਾ। ਤਿਹਾਂ ਪਿਛਲੇ ਜੁਗਾਂ ਦੇ ਕਰਮਾਂ ਦਾ ਫਲੁ ਹੁਣ ਫਲੀਭੂਤ ਨਹੀਂ ਹੁੰਦਾ, ਸਫਲਾ ਨਹੀਂ ਹੁੰਦਾ, ਸਫਲਾ ਹੋਣੋਂ ਰਹਿ ਖੜੋਤਾ।

ਕਲਜੁਗ ਦੀ ਕਲਹ ਕਲੇਸ਼ ਵਾਲੀ ਮੁਸਲਮਾਨੀ ਸ਼ਰਾ ਦਾ ਨਿਆਉਂ ਨਿਬੜਨੋਂ ਭੀ ਰਹਿ ਖੜੋਤਾ। ਕੇਵਲ ਨਿਆਉਂ ਨਿਬੇੜਨਹਾਰੀ ਹਕੂਮਤ ਦੀ ਹੀ ਤਬਦੀਲੀ ਹੋਈ ਹੈ। ਅਗੇ ਹਿੰਦਵਾਣੀ ਕ੍ਰਿਸ਼ਨ-ਉਦੇਸ਼ਣੀ ਹਕੂਮਤ ਸੀ, ਹੁਣ ਕਾਜ਼ੀਆਂ ਮੁਲਾਣਿਆਂ ਦੀ ਹਕੂਮਤ। ਇਹ ਦੋਈ ਹਕੂਮਤਾਂ ਨਿਆਉਂ ਖੁਣੋਂ ਰਹਿ ਖੜੋਤੀਆਂ ਹਨ। ਕਦੇ ਨਹੀਂ ਸੱਚੜਾ ਨਿਆਉਂ ਨਿਬੇੜਨ ਜੋਗੀਆਂ ਹੋਣਗੀਆਂ। ਤੋੜ ਨਹੀਂ ਨਿਭਣਗੀਆਂ। ਬ੍ਰਹਮਾ ਦਾ ਉਚਾਰਿਆ ਹੋਇਆ ਬੇਦ ਅਥਰਬਣ ਅਤੇ ਮੁਸਲਮਾਨੀ ਮੱਤ ਦੀ ਕਤੇਬ ਕੁਰਾਨ ਦਾ ਨਿਆਉਂ ਨਿਬੇੜ, ਭਾਵ ਕੁਭਾਵ ਇਕਸਰ ਹੀ ਅਨਿਆਉਂ ਉਤੇ ਨਿਰਭਰ ਹੈ। ਬਸ, ਕਲਜੁਗ ਅੰਦਰ ਕਰਣੀ ਕੀਰਤਿ ਹੀ ਪਰਵਾਨ ਅਤੇ ਪ੍ਰਧਾਨ ਰਹੇਗੀ। ਗੁਰਮਤਿ ਸਿਫਤਿ ਸਾਲਾਹ ਨਾਮ ਅਭਿਆਸ ਕਰਮ ਹੀ ਮੰਨਿਆ ਦੰਨਿਆ ਸਰਬੋਤਮ ਕਰਮ ਅਸਥਿਰ ਰਹੇਗਾ। ਇਸੇ ਕਰਮ ਦੇ ਕੀਤਿਆਂ ਹੀ ਕਲਜੁਗੀ ਜੀਵਾਂ ਦਾ ਉਧਾਰ ਹੋਵੇਗਾ।

ਹਿੰਦੂਆਂ ਦੇ ਕਰਮ ਪੂਜਾ ਸੰਜਮ (ਇੰਦਰੀਆਂ ਨੂੰ ਰੋਕਣਾ) ਜਤ ਸਤ ਤੀਰਥ ਆਦਿ ਸਭ ਬਾਦ ਹੀ ਜਾਣਗੇ, ਕਿਸੇ ਲੇਖੇ ਨਹੀਂ ਲਗਣਗੇ। ਪਤਿ ਪ੍ਰਤੀਤ ਬਿਨਾਂ ਪੂਜਾ ਹਿੰਦੂਆਂ ਦੀ ਕਿਸੇ ਕੰਮ ਦੀ ਨਹੀਂ। ਅਤੇ ਸਤ ਰਖੇ ਬਿਨਾਂ ਹਿੰਦੂਆਂ ਦਾ ਸੰਜਮੀ ਕਰਮ ਭੀ ਨੇਪਰੇ ਨਹੀਂ ਚੜ੍ਹਦਾ। ਯਗਿਓਪਵੀਤ ਜਨੇਊ ਰਖਣਾ ਭੀ ਹਿੰਦੂਆਂ ਦਾ ਪਾਖੰਡ ਕਰਮ ਕਿਸ ਲੇਖੇ ਹੈ, ਬਿਨਾਂ ਜਤੁ ਰਖੇ ਦੇ। ਹਿੰਦੂਆਂ ਦੇ ਨ੍ਹਾਉਣ ਧੋਣ ਤਿਲਕ ਲਗਾਉਣ ਦੇ ਕਰਮ ਸਭ ਫਾਦਲ ਬਾਦ ਫ਼ਜ਼ੂਲ ਹੀ ਹਨ। ਸੱਚ ਬਿਨਾਂ ਸੌਚ ਸੁਚਮਤਾ ਨਹੀਂ ਨਿਭਦੀ।

ਕਲਜੁਗ ਵਿਖੇ ਜੋ ਕੁਰਾਨ ਕਤੇਬੀ ਮੁਸਲਿਮ ਕਰਮ ਪ੍ਰਚਲਤ ਹੋ ਚਲਿਆ ਹੈ, ਜਿਸ ਕਰਕੇ

ਪੰਡਿਤਾਂ ਦਾ ਪੋਥੀਆਂ ਆਦਿ ਦੁਆਰਾ ਉਪਦੇਸ਼ਿਆ ਕਰਮ ਰਹਿ ਖੜੋਤਾ ਹੈ, ਇਹ ਭੀ ਚਾਰ ਦਿਨ ਦਾ ਹੀ ਪਰਾਹੁਣਾ ਹੈ। ਪਰ ਫ਼ਰਕ ਏਤਨਾ ਹੀ ਪਿਆ ਹੈ ਕਿ ਹਿੰਦੂਆਂ ਦੇ ਰਾਮ ਦੇ ਥਾਉਂ ਰਹੀਮ ਦਾ ਨਾਉਂ ਪਰਸਿਧ ਹੋ ਗਿਆ ਹੈ। ਕਾਰਨ ਕਰਨ ਕਰੀਮ ਅਤੇ ਕਰਤਾ ਪੁਰਖ ਵਾਸਤਵ ਵਿਚਿ ਹੈ ਇਕੋ ਹੀ, ਪਰ ਇਥੇ ਇਸ ਕਲਜੁਗ ਵਿਖੇ ਕਿਰਤਮ ਨਾਮਾਂ ਦੀ ਕੁਛ ਨਹੀਂ ਚਲਦੀ। ਇਕੋ ਸਤਿਨਾਮ ਦੀ ਹੀ ਵਡਿਆਈ ਹੈ। ਓੜਕ ਗੁਰੂ ਨਾਨਕ ਸਾਹਿਬ ਇਉਂ ਅਤੇ ਇਹ ਸਿੱਟਾ ਕਢਦੇ ਹਨ ਕਿ ਨਾਮ ਦੀ ਸਿਫਤਿ ਸਾਲਾਹ ਕਰਨ ਦੀ ਵਡਿਆਈ ਵਿਸ਼ੇਸ਼ਤਾ ਜੋ ਧੁਰੋਂ ਗੁਰੂ ਨਾਨਕ ਦੇ ਘਰ ਨੂੰ ਮਿਲੀ ਹੈ, ਏਦੂੰ ਉਪਰ ਹੋਰ ਕੋਈ ਕਰਮੁ ਨਹੀਂ। ਬਸ, ਸਭ ਤੋਂ ਸਰਬੋਤਮ ਕਰਮੁ ਸਿਫਤਿ ਸਾਲਾਹ, ਨਾਮੁ, ਗੁਰਮਤਿ ਨਾਮ ਅਭਿਆਸ ਕਮਾਈ ਹੀ ਹੈ। ਇਸ ਵਿਚਿ ਰੰਚਕ ਸੰਦੇਹ ਨਹੀਂ। ਇਹੋ ਸਿਫਤਿ ਸਾਲਾਹੀ ਕਰਮ ਹੀ ਐਥੇ ਓਥੇ ਲੋਕ ਪਰਲੋਕ ਵਿਖੇ ਸਫਲ ਫਲ ਪਰਦਾਤਾ ਰਹੇਗਾ। ਗੁਰੂ ਘਰ ਵਿਖੇ ਇਹ ਸਤਿਨਾਮ ਪਦਾਰਥ ਹੈ। ਜੇ ਗੁਰੂ ਘਰ ਦੇ ਸ਼ਰਧਾਲੂ ਇਸ ਪਦਾਰਥ ਨੂੰ ਗੁਰੂ ਘਰੋਂ ਲੱਭਣ ਦੀ ਥਾਂ ਬਾਹਰੋਂ ਲਭਦੇ ਫਿਰਨ, ਉਨ੍ਹਾਂ ਨੇ ਧੁਰ ਦਰਗਾਹੇ ਜਾ ਕੇ ਉਲ੍ਹਾਮੇ ਹੀ ਖਟਣੇ ਹਨ।

> ਰਾਮਕਲੀ ਮਹਲਾ ੧ ॥ ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥ ਰਾਮ ਨਾਮ ਸਰਿ ਅਵਰੁ ਨ ਪੂਜੈ ॥ ੧ ॥ ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥ ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥ ੧ ॥ ਰਹਾਉ ॥ ਵਾਦੁ ਪੜੈ ਰਾਗੀ ਜਗੁ ਭੀਜੈ ॥ ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਦੂਖੁ ਸਹੀਜੈ ॥ ੨ ॥ ਚਾੜਸਿ ਪਵਨੁ ਸਿੰਘਾਸਨੁ ਭੀਜੈ ॥ ਨਿਉਲੀ ਕਰਮ ਖਟੁ ਕਰਮ ਕਰੀਜੈ ॥ ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥ ੩ ॥ ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥ ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥ ੪ ॥ ਅੰਤਰਿ ਮੈਲੁ ਤੀਰਥ ਭਰਮੀਜੈ ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥ ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥ ੫ ॥ ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥ ਮਨਮੁਖਿ ਜਨਮੈ ਜਨਮਿ ਮਰੀਜੈ ॥ ੬ ॥ ਸਤਿਗੁਰ ਪੂਛਿ ਸੰਗਤਿ ਜਨ ਕੀਜੈ ॥ ਮਨ ਹਰਿ ਰਾਚੈ ਨਹੀ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਕਿਆ ਕਰਮੁ ਕੀਜੈ ॥ ੭ ॥ ਊਂਦਰ ਦੂੰਦਰ ਪਾਸਿ ਧਰੀਜੈ ॥ ਧੁਰ ਕੀ ਸੇਵਾ ਰਾਮੁ ਰਵੀਜੈ ॥ ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥ ੮ ॥ ੫ ॥
>
> (ਪੰਨਾ ੯੦੫)

ਵਿਆਖਿਆ— ਹਠ ਯੋਗ ਕੀਤਿਆਂ ਅਤੇ ਇੰਦਰਿਆਂ ਨੂੰ ਦਮਨ ਦੀ ਕਿਰਿਆ ਕੀਤਿਆਂ ਕੇਵਲ ਕਇਆਂ ਸਰੀਰ ਨੂੰ ਹੀ ਕਸ਼ਟ ਮਿਲਦਾ ਹੈ, ਜਿਸ ਕਰਕੇ ਕਾਇਆਂ ਛਿਜਦੀ ਛਿਜਦੀ ਬੋਦੀ ਅਤੇ ਨਿਕਾਰੀ ਹੋ ਜਾਂਦੀ ਹੈ। ਹੋਰ ਹਠ ਨਿਗ੍ਰਹਿ ਕਰਮ ਕੀਤਿਆਂ ਕੋਈ ਲਾਭ ਨਹੀਂ ਹੁੰਦਾ। ਵਰਤਾਂ ਤੇ ਤਪਾਂ ਦੇ ਸਾਧਿਆਂ ਮਨ ਨਹੀਂ ਭਿਜਦਾ। ਇਹਨਾਂ ਹਠ-ਕਰਮਾਂ ਵਿਚੋਂ ਕੋਈ ਕਰਮ ਭੀ ਨਾਮ ਸਿਮਰਨ ਦੇ ਬਰਾਬਰ ਨਹੀਂ ਪੁਜਦਾ ॥ ੧ ॥ ਤਾਂ ਤੇ ਨਾਮ ਸਿਮਰਨ ਰੂਪੀ ਕਰਮ ਦ੍ਰਿੜ੍ਹ ਕਰਮ

ਕਰਾਉਣ ਲਈ ਗੁਰ ਸਤਿਗੁਰੂ ਦਾ ਸਿਖ ਬਣ ਕੇ ਸੰਗਤਾਂ ਦੀ ਸੇਵਾ ਅਤੇ ਨਾਮ ਜਪਣ ਵਾਲੇ ਗੁਰਮੁਖਿ ਜਨਾਂ ਦਾ ਸੰਗੁ ਕਰਨਾ ਅਤਿ ਜ਼ਰੂਰੀ ਹੈ। ਇਸ ਬਿਧਿ ਗੁਰੂ ਦੁਆਰਿਓਂ ਮਿਲੀ ਗੁਰ-ਦੀਖਿਆ ਗੁਰ-ਮੰਤਰ ਨੂੰ ਅਭਿਆਸ ਦੁਆਰਾ ਕਮਾ ਕੇ ਹਰ ਦਮ ਹਰਿ-ਰਸ ਪੀਣ ਵਾਲਾ ਹੋ ਜਾਈਦਾ ਹੈ। ਜਿਸ ਕਰਕੇ ਡੰਡ ਦੇਣ ਵਾਲਾ ਜਮ ਜੋਹ ਨਹੀਂ ਸਕੇਗਾ ਅਤੇ ਮਾਇਆ ਰੂਪ ਸਰਪਨੀ ਡੰਗ ਨਹੀਂ ਮਾਰ ਸਕੇਗੀ ॥ ੧ ॥ ਰਹਾਉ।

ਬਾਦ-ਬਿਵਾਦੀ ਝਗੜਿਆਂ ਵਾਲੀ ਬੇਦ ਸ਼ਾਸਤ੍ਰ ਦੀ ਥੋਥੀ ਪੜ੍ਹਾਈ ਪੜ੍ਹਿਆਂ ਅਤੇ ਨਿਰੇ ਰਾਗ ਵਿਦਿਆ ਵਾਲੇ ਫੋਕੇ ਅਤੇ ਕੱਚੇ ਪਿੱਲੇ ਰਾਗਾਂ ਨੂੰ ਗਾਇਨ ਕੀਤਿਆਂ ਪਰਮਾਤਮਾ ਨਹੀਂ ਭਿਜਦਾ। ਤ੍ਰੈਗੁਣੀ ਬਿਖ ਮਾਇਆ ਧੰਧ-ਬੰਧੀ ਕਰਮਾਂ ਦੇ ਕੀਤਿਆਂ ਜੰਮਣ ਮਰਣ (ਆਵਾਗਉਣ) ਦੇ ਗੇੜ ਵਿਚਿ ਪੈ ਜਾਈਦਾ ਹੈ ਅਤੇ ਅਵੱਸ਼ ਪੈ ਜਾਈਦਾ ਹੈ। ਹਰ ਹਾਲਤ ਵਿਚ ਏਹਨਾਂ ਕਰਮਾਂ ਦੇ ਕੀਤਿਆਂ, ਬਿਨਾਂ ਨਾਮ ਦੇ ਲੀਤਿਆਂ, ਦੁਖ ਹੀ ਦੁਖ ਸਹਿਣੇ ਪੈਂਦੇ ਹਨ ॥ ੨ ॥ ਜੋਗੀ ਜਨ ਜੋ ਹਠ ਯੋਗ ਸਾਧਨਾ ਕਰ ਕੇ ਨਾਮ ਅਭਿਆਸੀ ਸੁਆਸਾਂ ਬਿਨਾਂ ਸੁੱਕੀ ਪਉਣ ਦਸਮੇ ਦੁਆਰ ਚਾੜ੍ਹ ਕੇ ਕਹਿੰਦੇ ਹਨ ਕਿ ਸਾਡਾ ਦਸਮ ਦੁਆਰੀ ਸਿੰਘਾਸਨ ਭਿੱਜ ਜਾਂਦਾ ਹੈ, ਨਿਉਲੀ ਕਰਮ ਕਾਂਡੀ ਜੋ ਏਤਨੇ ਕਰਮ ਕਮਾਉਂਦੇ ਹਨ ਸੋ ਐਵੇਂ ਹੀ ਬਫਾਉਂਦੇ ਹਨ। ਨਾਮ ਤੋਂ ਬਿਨਾਂ ਏਹਨਾਂ ਦੇ ਜਿਤਨੇ ਹੀ ਸਵਾਸ ਹਨ, ਸੋ ਬਿਰਥੇ ਹੀ ਜਾਂਦੇ ਹਨ। ਨਾਮ ਸੰਗਿ ਸੁਆਸ ਲਿਆ, ਅਰਥਾਤ, ਸੁਆਸਿ ਸੁਆਸਿ ਨਾਮ ਦਾ ਅਭਿਆਸ ਕੀਤਾ ਹੀ ਲੇਖੇ ਪੈਂਦਾ ਹੈ। ਨਹੀਂ ਤਾਂ ਸਭ ਪਵਨ ਸਿੰਘਾਸਨੀ ਸੁਆਸ ਬਿਰਥੇ ਹਨ ॥ ੩ ॥ ਜਿਨ੍ਹਾਂ ਦੇ ਅੰਦਰਿ ਪੰਜਾਂ ਦੂਤਾਂ ਕਾਮ, ਕ੍ਰੋਧ, ਆਦਿਕ ਦੀ ਅਗਨੀ ਮੱਚੀ ਰਹਿੰਦੀ ਹੈ, ਉਹਨਾਂ ਨੂੰ ਕਦੇ ਧੀਰਜ ਟੇਕ ਨਹੀਂ ਆਉਂਦੀ, ਸਦਾ ਬੇਚੈਨੀ ਹੀ ਰਹਿੰਦੀ ਹੈ, ਉਤਲੇ ਕਰਮਾਂ ਦੇ ਕੀਤਿਆ ਭੀ ਇਹ ਬੇਚੈਨੀ ਨਹੀਂ ਮਿਟਦੀ। ਜਿਨ੍ਹਾਂ ਦੇ ਅੰਦਰਿ ਇਹ ਚੋਰ ਬਸਦੇ ਹਨ, ਤਿਨ੍ਹਾਂ ਦੇ ਉਤਲੇ ਕਰਮ ਕੀਤਿਆਂ ਦਾ ਕੀ ਸੁਆਦ ਤੇ ਕੀ ਫ਼ਾਇਦਾ ਹੈ। ਗੁਰਮੁਖਿ ਹੋ ਕੇ ਅਤੇ ਗੁਰਮੁਖਾਂ ਵਾਲੀ ਕਾਰ ਕਮਾ ਕੇ ਹੀ ਕਾਇਆਂ ਰੂਪੀ ਕਿਲ੍ਹੇ ਉਤੇ ਹਾਵੀ ਹੋਈਦਾ ਹੈ ॥ ੪ ॥ ਮਨ ਅੰਦਰਿ ਮੈਲ ਹੋਵੇ ਅਤੇ ਤੀਰਥਾਂ ਉਤੇ ਭ੍ਰਮਿਆ ਜਾਵੇ, ਇਹ ਤੀਰਥਾਂ ਤੇ ਭਰਮਣ ਵਾਲੀ ਕਾਰ ਅਕਾਰ ਅਤੇ ਬਿਰਥੀ ਹੀ ਹੈ। ਜੇ ਮਨ ਸੁੱਚਾ ਨਹੀਂ ਹੋਇਆ ਅਤੇ ਜੂਠਾ ਹੀ ਰਹਿਆ ਤਾਂ ਤੀਰਥ-ਮਜਨੀ ਇਸ਼ਨਾਨ ਕੀਤੇ, ਨਾ ਕੀਤੇ ਬਰਾਬਰ ਹੀ ਹਨ ਅਤੇ ਸਾਰੀਆਂ ਸੁਚਮਤਾਈਆਂ ਕੀਤੀਆਂ ਬਿਰਥੀਆਂ ਹੀ ਹਨ, ਜੇ ਮਨ ਜੂਠਾ ਹੀ ਰਿਹਾ, ਸੁੱਚਾ ਨਾ ਹੋਇਆ। ਉਸ ਦੇ ਕਿਰਤ ਕਰਮਾਂ ਵਿਚਿ ਐਸਾ ਹੀ ਲੇਖ ਲਿਖਿਆ ਪਿਆ ਸੀ। ਤਾਂ ਤੇ ਦੋਸ਼ ਉਸ ਦੇ ਕਰਮਾਂ ਨੂੰ ਹੈ। ਹੋਰ ਕੀਹਨੂੰ ਹੋਵੇ ॥ ੫ ॥ ਪਰ ਜੇਹੜੇ ਅੰਨ ਨਹੀਂ ਖਾਂਦੇ, ਉਹ ਐਵੇਂ ਹੀ ਦੇਹੀ ਨੂੰ ਦੁਖ ਕਸ਼ਟ ਦਿੰਦੇ ਹਨ। ਇਉਂ ਕੀ ਬਣਦਾ ਹੈ, ਕੁਛ ਪ੍ਰਾਪਤਿ ਨਹੀਂ ਹੁੰਦਾ। ਗੁਰ-ਗਿਆਨ ਪ੍ਰਾਪਤਿ ਹੋਏ ਬਿਨਾਂ ਤ੍ਰਿਪਤੀ ਕਿਤੇ ਨਹੀਂ ਆਉਂਦੀ। ਜੇ ਕਿਸੇ ਕਰਮ ਦੇ ਕੀਤਿਆਂ ਤ੍ਰਿਪਤ ਤੇ ਸੰਤੁਸ਼ਟ ਹੋਈਦਾ ਭੀ ਹੈ ਤਾਂ ਗੁਰ ਗਿਆਨ ਕਮਾਇਆਂ ਹੀ ਹੋਈਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਹੀ ਗੁਰ-ਗਿਆਨ ਕਮਾਈ ਹੈ। ਜੋ ਨਰ ਗੁਰੂ-ਹੀਣੇ ਨਿਗੁਰੇ ਮਨਮੁਖ ਹਨ, ਸੋ ਸਭੇ ਇਕ ਦੂੰ ਵਾਧਿਓਂ ਹੀ ਚੁਰਾਸੀ ਦੇ ਗੇੜ ਪੈਣਗੇ, ਜੰਮਣਗੇ ਅਤੇ ਮੁੜਿ ਮੁੜਿ ਜੰਮ ਕੇ ਫੇਰ ਮਰਨਗੇ ਤੇ ਮੁੜ ਫੇਰ ਜੰਮਣਗੇ। ਇਹ ਪਤਾ ਨਹੀਂ ਕਿਹੜੀਆਂ ਜੂਨੀਆਂ ਵਿਚਿ ਪੈਣਗੇ ॥ ੬ ॥ ਜੋ ਜਨ ਸਤਿਗੁਰੂ ਦੁਆਰਿਓਂ ਗੁਰ-ਦੀਖਿਆ ਲੈਂਦੇ ਹਨ ਅਤੇ ਦੀਖਿਆ ਲੈ ਕੇ ਗੁਰ-ਸ਼ਬਦ ਦੀ ਕਮਾਈ ਕਰਦੇ ਹਨ ਅਤੇ ਗੁਰਮਤਿ ਨਾਮ ਅਭਿਆਸੀ

ਜਨਾਂ ਦੀ ਸੰਗਤਿ ਕਰਦੇ ਹਨ, ਉਹਨਾਂ ਦੇ ਮਨ ਹਰੀ ਦੇ ਰੰਗਾਂ ਵਿਚਿ ਰਚ ਜਾਂਦੇ ਹਨ। ਉਹ ਫੇਰ ਜੰਮਣ ਮਰਨ ਵਿਚਿ ਨਹੀਂ ਆਉਂਦੇ। ਉਹਨਾਂ ਦਾ ਆਵਾਗਉਣ ਦਾ ਗੇੜ ਮੁਕ ਜਾਂਦਾ ਹੈ। ਉਹ ਨਾਮ ਅਭਿਆਸ ਬਿਨਾਂ ਹੋਰ ਕੋਈ ਕਰਮ ਕਰਦੇ ਨਹੀਂ, ਵਾਕਈ ਹੋਰ ਕੋਈ ਕਰਮ ਭੀ ਕਰਨੇ ਯੋਗ ਨਹੀਂ। ਨਾਮ ਬਿਨਾਂ ਹੋਰ ਸਭ ਕਰਮ ਰਸਾਤਲ ਵਿਚਿ ਹੀ ਲੈ ਜਾਣ ਵਾਲੇ ਹਨ ॥ ੭ ॥ ਅੰਦਰਿ ਊਧਮ ਮਚਾਉਣ ਵਾਲੇ ਅਤੇ ਦੂੰਦ ਰੌਲਾ ਪਾਉਣ ਵਾਲੇ ਭੈੜੇ ਖ਼ਿਆਲਾਂ ਨੂੰ ਇਕ ਪਾਸੇ ਕੀਤਾ ਜਾਵੇ, ਅਰਥਾਤ, ਦੂਰਿ ਕੀਤਾ ਜਾਵੇ। ਬਸ ਧੁਰ ਦੀ ਸੇਵਾ ਧੁਰਿ ਹੁਕਮ ਰਜ਼ਾਵੀ ਸੇਵਾ ਕੇਵਲ ਨਾਮ ਸਿਮਰਨ ਹੀ ਕੀਤਾ ਜਾਵੇ। ਇਹੀ ਕਰਣੀ ਸਾਰ ਹੈ। ਇਹੀ ਕਰਮ ਸਭਨਾਂ ਕਰਮਾਂ ਤੋਂ ਪਵਿੱਤਰ ਹੈ ਅਤੇ ਪਰਮ ਪੁਨੀਤ ਅਤੇ ਪਾਰਜੀਤ ਹੈ, ਇਸ ਦੇ ਮੁਕਾਬਲੇ ਤੇ ਹੋਰ ਕਰਮ ਕੀਤੇ ਸਭ ਤੁਛ ਹੀ ਹਨ।

> ਰਾਮਕਲੀ ਮਹਲਾ ੧ ॥ ਅੰਤਰਿ ਉਤਭੁਜੁ ਅਵਰੁ ਨ ਕੋਈ ॥ ਜੋ ਕਹੀਐ ਸੋ ਪ੍ਰਭ ਤੇ ਹੋਈ ॥ ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ ॥ ਉਤਪਤਿ ਪਰਲਉ ਅਵਰੁ ਨ ਕੋਈ ॥ ੧ ॥ ਐਸਾ ਮੇਰਾ ਠਾਕੁਰੁ ਗਹਿਰ ਗੰਭੀਰੁ ॥ ਜਿਨਿ ਜਪਿਆ ਤਿਨ ਹੀ ਸੁਖੁ ਪਾਇਆ ਹਰਿ ਕੈ ਨਾਮਿ ਨ ਲਗੈ ਜਮ ਤੀਰੁ ॥ ੧ ॥ ਰਹਾਉ ॥ ਨਾਮੁ ਰਤਨੁ ਹੀਰਾ ਨਿਰਮੋਲੁ ॥ ਸਾਚਾ ਸਾਹਿਬੁ ਅਮਰੁ ਅਤੋਲੁ ॥ ਜਿਹਵਾ ਸੂਚੀ ਸਾਚਾ ਬੋਲੁ ॥ ਘਰਿ ਦਰਿ ਸਾਚਾ ਨਾਹੀ ਰੋਲੁ ॥ ੨ ॥ ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ ॥ ਨਾਮੁ ਬਿਸਾਰਿ ਪਚਹਿ ਅਭਿਮਾਨੁ ॥ ਨਾਮ ਬਿਨਾ ਕਿਆ ਗਿਆਨ ਧਿਆਨੁ ॥ ਗੁਰਮੁਖਿ ਪਾਵਹਿ ਦਰਗਹਿ ਮਾਨੁ ॥ ੩ ॥ ਹਠੁ ਅਹੰਕਾਰੁ ਕਰੈ ਨਹੀ ਪਾਵੈ ॥ ਪਾਠ ਪੜੈ ਲੇ ਲੋਕ ਸੁਣਾਵੈ ॥ ਤੀਰਥਿ ਭਰਮਸਿ ਬਿਆਧਿ ਨ ਜਾਵੈ ॥ ਨਾਮ ਬਿਨਾ ਕੈਸੇ ਸੁਖੁ ਪਾਵੈ ॥ ੪ ॥ ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥ ਜਮਪੁਰਿ ਬਾਧੋ ਲਹੈ ਸਜਾਈ ॥ ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥ ੫ ॥ ਸਿਧ ਸਾਧਿਕ ਕੇਤੇ ਮੁਨਿ ਦੇਵਾ ॥ ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ ॥ ਸਬਦੁ ਵੀਚਾਰਿ ਗਹਹਿ ਗੁਰ ਸੇਵਾ ॥ ਮਨਿ ਤਨਿ ਨਿਰਮਲ ਅਭਿਮਾਨ ਅਭੇਵਾ ॥ ੬ ॥ ਕਰਮਿ ਮਿਲੈ ਪਾਵੈ ਸਚੁ ਨਾਉ ॥ ਤੁਮ ਸਰਣਾਗਤਿ ਰਹਉ ਸੁਭਾਉ ॥ ਤੁਮ ਤੇ ਉਪਜਿਓ ਭਗਤੀ ਭਾਉ ॥ ਜਪੁ ਜਾਪਉ ਗੁਰਮੁਖਿ ਹਰਿ ਨਾਉ ॥ ੭ ॥ ਹਉਮੈ ਗਰਬੁ ਜਾਇ ਮਨ ਭੀਨੈ ॥ ਝੂਠਿ ਨ ਪਾਵਸਿ ਪਾਖੰਡਿ ਕੀਨੈ ॥ ਬਿਨ ਗੁਰ ਸਬਦ ਨਹੀ ਘਰੁ ਬਾਰੁ ॥ ਨਾਨਕ ਗੁਰਮੁਖਿ ਤਤੁ ਬੀਚਾਰੁ ॥ ੮ ॥ ੬ ॥
>
> (ਪੰਨਾ ੯੦੫-੦੬)

ਇਸ ਗੁਰ ਪ੍ਰਮਾਣ ਅੰਦਰਿ ਭੀ ਆਨਮਤਿ ਕਰਮਾਂ ਦੀ ਨਿਖੇਧੀ ਅਤੇ ਗੁਰਮਤਿ ਕਰਮ ਦਾ ਵਿਧਾਨ ਹੈ। ਨੰਗੇ ਪੈਰੀਂ ਜੰਗਲਾਂ ਪਹਾੜਾਂ ਵਿਚਿ ਭਉਣ ਰਉਣ ਨਾਲਿ, ਬੇਦਾਂ ਪੁਰਾਣਾਂ ਸ਼ਾਸਤ੍ਰਾਂ ਆਦਿ ਆਨਮਤਿ ਪੁਸਤਕਾਂ ਦੇ ਪਾਠ ਪੜ੍ਹਨ ਨਾਲਿ, ਤੀਰਥਾਂ ਉਪਰ ਗਵਨ ਕਰਨ ਨਾਲਿ ਯਾ ਤੀਰਥਾਂ ਉਤੇ ਜਾ ਵੱਸਣ ਨਾਲਿ, ਬੀਰਜ ਨਾ ਪਾਤ ਹੋਣ ਦੇ ਸਾਧਨ ਬਿੰਦ ਰਖਣ ਨਾਲਿ ਅਤੇ ਯੋਗ ਅਭਿਆਸ ਕਰਨ ਨਾਲਿ ਕੁਛ ਨਹੀਂ ਸੌਰਦਾ। ਏਹਨਾਂ ਆਨਮਤਿ ਪਾਖੰਡ ਕਰਮਾਂ ਦੇ ਥਾਉਂ ਜੇ ਗੁਰ

 www.sikhbookclub.com

ਸ਼ਬਦ ਗੁਰਮਤਿ ਨਾਮ ਦੀ ਕਮਾਈ! ਕੀਤੀ ਜਾਵੇ ਤਾਂ ਉਕਤ ਕਰਮਾਂ ਤੋਂ ਮਹਾਂ ਸ੍ਰੇਸ਼ਟ ਅਤੇ ਉਤਮ ਹੈ। ਨਿਸਤਾਰਾ ਪਾਰ-ਉਤਾਰਾ ਹੈ ਤਾਂ ਕੇਵਲ ਗੁਰਮਤਿ ਕਰਮ ਦੇ ਕੀਤਿਆਂ ਹੈ, ਹੋਰ ਕਰਮਾਂ ਦੇ ਕੀਤਿਆਂ ਨਹੀਂ। ਹੁਣ ਉਪਰਲੇ ਗੁਰ ਸ਼ਬਦ ਦੀ ਵਿਆਖਿਆ ਇਸ ਪ੍ਰਕਾਰ ਹੈ—

ਉਤਭੁਜ ਖਾਣੀ ਦਾ ਮਾਲਕ, ਸਰਬ ਸ੍ਰਿਸ਼ਟੀ ਦੀ ਉਤਪਤੀ ਕਰਨ ਵਾਲਾ ਕਰਤਾ ਪੁਰਖ ਸਭਨਾਂ ਦੇ ਅੰਤਰਿ, ਸਗਲ ਘਟਾਂ ਦੇ ਅੰਦਰਿ ਵਸਿ ਰਹਿਆ ਹੈ। ਓਹੀ ਇਕ ਅਕਾਲ ਪੁਰਖ ਹੀ ਵਸਿ ਰਹਿਆ ਹੈ। ਹੋਰ ਕੋਈ ਨਹੀਂ। ਸਰਬ ਵਿਆਪੀ ਪਰਮਾਤਮਾ ਤੋਂ ਛੁਟ ਹੋਰ ਕੋਈ ਸਰਬ ਘਟਾਂ ਕੇ ਅੰਤਰਿ ਵੱਸਣਹਾਰਾ ਨਹੀਂ। ਕਹਿਣ ਕਥਨ ਅੰਦਰਿ ਜੋ ਜੋ ਭੀ ਦ੍ਰਿਸ਼ਟਮਾਨ ਰਚਨਾ ਦਾ ਦ੍ਰਿਸ਼ਟਮਾਨ ਪਦਾਰਥ ਹੈ, ਸੋ ਪ੍ਰਭੂ ਪਰਮਾਤਮਾ ਤੋਂ ਹੀ ਹੋਇਆ ਹੈ। ਸਾਰੇ ਜੁਗਾਂ ਜੁਗੰਤਰਾਂ ਵਿਖੇ ਏਕੋ ਸੱਚਾ ਸਾਹਿਬ ਹੀ ਹੁੰਦਾ ਚਲਿਆ ਆਇਆ ਹੈ। ਸ੍ਰਿਸ਼ਟੀ ਦੀ ਉਤਪਤੀ (ਰਚਨਾ) ਕਰਨਹਾਰਾ ਅਤੇ ਸਮੇਟਣਹਾਰਾ ਉਸੇ ਏਕੋ ਕਰਤੇ ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਨਹੀਂ ॥ ੧ ॥ ਓਹ ਸਭਨਾਂ ਦਾ ਸਾਂਝਾ ਸਾਹਿਬ ਐਸਾ ਗਹਿਰ ਗੰਭੀਰ ਠਾਕੁਰ ਹੈ ਜਿਸ ਨੇ ਭੀ ਉਸ ਨੂੰ ਜਪਿਆ ਹੈ ਤਿਸ ਨੇ ਹੀ ਸੱਚਾ ਸਹਜ-ਸੁਖ ਪਾਇਆ ਹੈ। ਵਾਹਿਗੁਰੂ ਨਾਮ ਜਪਣ ਨਾਲਿ ਜਮ ਦਾ ਤੀਰ ਨਹੀਂ ਲਗਦਾ। ਅਰਥਾਤ, ਵਾਹਿਗੁਰੂ ਨਾਮ ਜਪਣਹਾਰਾ ਜਮ ਦੀਆਂ ਚੋਟਾਂ ਨਹੀਂ ਖਾਂਦਾ ॥ ੧ ॥ ਰਹਾਉ ॥ ਨਾਮੁ ਇਕ ਨਿਰਮੋਲਕ ਹੀਰਾ ਰਤਨੁ ਹੈ। ਨਾਮ ਨਾਮੀ ਵਾਹਿਗੁਰੂ ਨਾਲਿ ਅਭੇਦ ਰੂਪ ਹੋਣ ਕਰਕੇ ਨਾਮ ਵਿਚਿ ਰਤਿਆਂ ਸੱਚੇ ਅਮਰ ਅਤੋਲ ਸਾਹਿਬ ਦੇ ਸਰੂਪ ਵਿਚਿ ਸਮਾ ਜਾਈਦਾ ਹੈ। ਉਸ ਜਨ ਦੀ ਜੀਭ ਅਤਿ ਸੁੱਚੀ ਪਾਕ ਪਵਿੱਤਰ ਹੋ ਜਾਂਦੀ ਹੈ, ਜਿਸ ਨੇ ਨਾਮ ਰੂਪੀ ਸੱਚੇ ਬੋਲ ਨੂੰ ਬੋਲਿਆ ਹੈ, ਸੱਚੇ ਨਾਮ-ਜਾਪ ਨੂੰ ਜਪਿਆ ਹੈ। ਉਸ ਦਾ ਸੱਚੇ ਵਾਹਿਗੁਰੂ ਦੇ ਸੱਚੇ ਘਰ ਦਰ ਦਰਬਾਰ ਸੱਚਖੰਡ ਵਿਚਿ ਵਾਸਾ ਹੋ ਜਾਂਦਾ ਹੈ। ਉਹ ਫੇਰ ਦਰਿ ਦਰਿ ਰੁਲਦਾ ਨਹੀਂ ਫਿਰਦਾ, ਜਨਮ-ਜੂਨੀਆਂ ਵਿਚਿ ਭਟਕਦਾ ਨਹੀਂ ਫਿਰਦਾ ॥ ੨ ॥ ਇਹ ਤਾਂ ਹੈ ਗੁਰਮੁਖਿ ਨਾਮ ਜਪਣ ਵਾਲਿਆਂ ਦੀ ਉਤਮ ਰੀਤੀ। ਹੁਣ ਲਓ ਆਨਮਤਿ ਕਰਮ ਅਵਲੰਬੀਆਂ ਦੀ ਦੁਰਮਤਿ ਦਸ਼ਾ। ਇਕ ਤਾਂ ਆਨਮਤਿ ਕਰਮੀ ਐਸੇ ਹਨ ਅਨੇਕਾਂ ਦੀ ਗਿਣਤੀ ਵਿਚਿ, ਬਨਾਂ ਜੰਗਲਾਂ ਡੂਗਰ ਅਸਥਾਨਾਂ ਪਹਾੜੀਆਂ ਕੰਦਰਾਵਾਂ ਵਿਚਿ ਤਪ ਕਰਨ ਜਾਇ ਬਹਿੰਦੇ ਹਨ। ਇਹ ਉਹਨਾਂ ਦਾ ਨਾਮ-ਹੀਣ ਤਪ ਹੁੰਦਾ ਹੈ। ਨਾਮ ਦੀ ਪ੍ਰਾਪਤੀ ਤਾਂ ਉਹਨਾਂ ਨੂੰ ਹੁੰਦੀ ਨਹੀਂ, ਆਪਣੇ ਮਨ-ਹਠ ਕਰਿ ਨਾਮ ਬਿਹੂਣੇ ਹੀ ਮਨ-ਉਕਤ ਤਪ ਕਰਨ ਲਗ ਪੈਂਦੇ ਹਨ। ਪਰ ਨਾਮੋਂ ਸੱਖਣੇ ਹੋਣ ਕਰਕੇ ਅਭਿਮਾਨ ਅਹੰਕਾਰ ਦੀ ਅਗਨੀ ਵਿਚਿ ਹੀ ਪਚ ਪਚ ਕੇ ਸੜਦੇ ਹਨ। ਤਿਨ੍ਹਾਂ ਦਾ ਮਨ-ਉਕਤੀ ਜਪ ਤਪ ਮਨ-ਉਕਤੀ ਫੋਕਾ ਗਿਆਨ ਧਿਆਨ ਕਿਸੇ ਕੰਮ ਦਾ ਨਹੀਂ। ਸਚਾ ਗੁਰਮਤਿ ਪ੍ਰਚੰਡ ਗਿਆਨ ਤੇ ਜੋਤੰਡ ਧਿਆਨ ਤਾਂ ਗੁਰਮੁਖਾਂ ਨੂੰ ਹੀ ਗੁਰਮਤਿ ਨਾਮ ਅਭਿਆਸ ਕਮਾਈ ਦੇ ਕੀਤਿਆਂ ਪ੍ਰਾਪਤਿ ਹੁੰਦਾ ਹੈ। ਅਜਿਹੇ ਪ੍ਰਚੰਡ ਗਿਆਨ ਵਾਲੇ ਜੋਤੰਡ ਗਿਆਨ ਦੇ ਧਨੀ ਗੁਰਮੁਖਿ ਜਨ ਹੀ ਸੱਚੀ ਦਰਗਾਹੇ ਜਾ ਕੇ ਸੱਚੜੀ ਮਾਨ-ਪ੍ਰਤਿਸ਼ਟਾ, ਧੁਰ ਦਰਗਾਹੀ ਮਾਨ ਪ੍ਰਤਿਸ਼ਟਾ ਨੂੰ ਪ੍ਰਾਪਤਿ ਹੁੰਦੇ ਹਨ ॥ ੩ ॥ ਹਠ ਹੰਕਾਰ ਕਰੇ ਤੋਂ ਕਿਸੇ ਨੂੰ ਏਸ ਪਦ ਦੀ ਪ੍ਰਾਪਤੀ ਨਹੀਂ ਹੁੰਦੀ। ਭੇਖੀ ਆਨਮਤੀ ਪੁਰਸ਼ ਬੇਦਾਂ ਆਦਿਕ ਆਨਮਤਿ ਪੁਸਤਕਾਂ ਦੇ ਪਾਠ ਪੜ੍ਹ ਪੜ੍ਹ ਕੇ ਲੋਕਾਂ ਨੂੰ ਸੁਣਾਉਂਦੇ ਹਨ, ਪਰ ਆਪ ਨਹੀਂ ਕਮਾਉਂਦੇ। ਪਰ ਕਮਾਉਣ ਨੂੰ ਓਥੇ ਕੀ ਧਰਿਆ ਪਿਆ ਹੈ। ਆਨਮਤਿ ਪੁਸਤਕਾਂ ਅੰਦਰਿ ਸੱਚੀ ਕਮਾਈ ਕਰਨ ਜੋਗ ਸੱਚੜੇ ਕਰਮ ਦਾ ਤਾਂ ਨਮੂਦ ਮਾਤਰ ਭੀ ਨਹੀਂ ਲਭਦਾ। ਬਸ,

ਪਾਠ ਪੜ੍ਹਾਈਆਂ ਪੜ੍ਹਨ ਸੁਣਨਹਾਰਿਆਂ ਦੋਹਾਂ ਦਾ ਹੀ ਅਹੰਕਾਰ ਵਧਦਾ ਹੈ। ਹੋਰ ਉਥੇ ਲਭਦਾ ਕੁਛ ਨਹੀਂ। ਤੀਰਥਾਂ ਤੇ ਭਰਮਿਆਂ ਸਰੀਰ ਦੇਹੀ ਦੇ ਆਧੀਆਂ ਬਿਆਧੀਆਂ ਉਪਾਧੀਆਂ ਵਾਲੇ ਦੁਖ ਰੋਗ ਨਹੀਂ ਜਾਂਦੇ। ਮਾਨਸਿਕ ਰੋਗ ਤਾਂ ਕੀ ਜਾਣੇ ਸੀ, ਬਸ, ਉਹ ਬਿਚਾਰੇ ਏਤਨੇ ਉੱਗਰ ਤਪ ਸਾਧ ਕੇ ਭੀ ਦੁਖੀਏ ਹੀ ਰਹਿੰਦੇ ਹਨ। ਨਾਮ ਬਿਨਾਂ ਸੱਚਾ ਸੁਖ ਉਨ੍ਹਾਂ ਨੂੰ ਕੈਸੇ ਮਿਲ ਸਕਦਾ ਹੈ ਅਤੇ ਕਿਵੇਂ ਉਹ ਤੱਤ ਅਰਥਾਂ ਵਿਚਿ ਸੁਖੀ ਹੋ ਸਕਦੇ ਹਨ ॥ ੪ ॥ ਬਿੰਦ ਰੱਖਣ, ਬੀਰਜ ਰੋਕਣ ਦੇ ਜਤਨ ਕੀਤਿਆਂ ਭੀ ਕੋਈ ਬਿੰਦ-ਜਤਨ-ਭੇਖੀ ਕਾਮ ਚੇਸ਼ਟਾ ਵਾਲੇ ਆਲੂਦੇ ਖ਼ਿਆਲਾਂ ਤੋਂ ਕਿਸੇ ਪ੍ਰਕਾਰ ਭੀ ਬਚ ਨਹੀਂ ਸਕਦਾ। ਮਨੂਆ ਉਸ ਦਾ ਡੋਲਦਾ ਰਹਿੰਦਾ ਹੈ। ਕਾਮ ਦੇ ਰਖਨੇ ਟਟੋਲਦਾ ਰਹਿੰਦਾ ਹੈ। ਬਸ, ਇਹ ਸਭ ਨਰਕ ਜਾਣ ਦਾ ਹੀ ਕੱਚਾ ਦੁਰਾਚਾਰੀ ਸਉਦਾ ਹੈ। ਐਸੇ ਡਿੰਭੀ ਲੋਕ ਸਰਪਰ ਨਰਕਾਂ ਵਿਚ ਹੀ ਜਾਂਦੇ ਹਨ। ਅਤੇ ਜਮਪੁਰਿ ਬੱਧੇ ਚੋਟਾਂ ਖਾਂਦੇ ਹਨ। ਨਾਨਾ ਪ੍ਰਕਾਰੀ ਸਜ਼ਾਵਾਂ ਪਾਉਂਦੇ ਹਨ। ਨਾਮ ਬਿਹੂਣੇ ਜੀਵ-ਆਤਮਾ ਦਾ ਅਗੇ ਜਾ ਕੇ ਜਲਨਾ ਬਲਨਾ ਹੀ ਹੁੰਦਾ ਹੈ ॥ ੫ ॥ ਅਜਿਹੇ ਹਠ ਜਪਾਂ ਤਪਾਂ ਦੇ ਕਰਨਹਾਰੇ ਅਨੇਕਾਂ ਸਿਧ ਸਾਧਿਕ ਰਿਖੀ ਮੁਨੀ ਦੇਵਤਿਆਂ ਦੇ ਦਲਾਂ ਦੇ ਦਲ ਹਜ਼ਾਰਾਂ ਲਖਾਂ ਕ੍ਰੋੜਾਂ ਦੀ ਗਿਣਤੀ ਵਿਚਿ ਹੋ ਗੁਜ਼ਰੇ ਹਨ। ਹਠ ਨਿਗ੍ਰਹ ਵਾਲੇ ਵੇਸ ਭੇਖ ਕਰਮ ਕੀਤਿਆਂ ਉਨ੍ਹਾਂ ਦਾ ਘਰ ਪੂਰਾ ਨਹੀਂ ਹੁੰਦਾ। ਓਹ ਮਨ ਆਤਮਾ ਕਰਕੇ ਤ੍ਰਿਪਤ ਨਹੀਂ ਹੋ ਸਕਦੇ। ਜੋ ਗੁਰਮਤਿ ਨਾਮ ਅਭਿਆਸ ਕਮਾਈ ਰੂਪ ਸਿਮਰਨ ਸੇਵਨ ਕਰਦੇ ਹਨ ਅਤੇ ਗੁਰ-ਦਰਸਾਈ ਸਿਮਰਨ-ਸੇਵਨ ਦੀ ਪ੍ਰੇਮਾ ਭਗਤੀ ਰੂਪੀ ਯੁਕਤੀ ਨਾਲਿ ਕਰਦੇ ਹਨ, ਉਹ ਮਨ ਕਰਕੇ ਭੀ ਤੇ ਤਨ ਕਰਕੇ ਭੀ ਨਿਰਮਲ ਹੋ ਜਾਂਦੇ ਹਨ। ਤਿਨ੍ਹਾਂ ਦੇ ਅਭਿਮਾਨ ਦਾ ਭੀ ਨਮੂਦ ਨਹੀਂ ਰਹਿੰਦਾ, ਉੱਕਾ ਹੀ ਅਭਾਵ ਹੋ ਜਾਂਦਾ ਹੈ ॥ ੬ ॥ ਨਦਰਿ ਕਰਮ ਦੁਆਰਾ ਹੀ ਸੱਚੇ ਨਾਮ ਦੀ ਪ੍ਰਾਪਤੀ ਅਤੇ ਨਾਮੀ ਪਰਮਾਤਮਾ ਦਾ ਮੇਲ ਹੁੰਦਾ ਹੈ। ਇਉਂ ਸੁਭਾਵਕ ਹੀ ਵਾਹਿਗੁਰੂ ਦੇ ਚਰਨ ਸਰਨਿ ਵਿਚਿ ਸਮਾਇ ਰਹਿਣ ਦੀ ਅਪਰ ਅਪਾਰ ਦਸ਼ਾ ਪ੍ਰਾਪਤਿ ਹੋ ਜਾਂਦੀ ਹੈ। ਅਸਲ ਭਗਤੀ-ਭਾਉ ਪ੍ਰੀਤਮ ਪਰਮਾਤਮਾ ਦੇ ਚਰਨ ਸਰਨਿ ਸਮਾਇ ਰਹਿਣ ਵਿਚਿ ਹੀ ਹੈ। ਏਵਡ ਵਡੀ ਚਰਨ-ਸਰਨਾਗਤੀ ਸਮਾਈ ਹੋਣ ਪਰ ਹੀ ਗੁਰਮੁਖਿ ਜਨ ਗੁਰਮਤਿ ਨਾਮ ਦੇ ਜਾਪ ਦੀ ਅਭਿਆਸ ਕਮਾਈ ਕਰਦੇ ਰਹਿੰਦੇ ਹਨ। ਕਰਨੋਂ ਰੁਕਦੇ ਨਹੀਂ ॥ ੭ ॥ ਨਾਮ-ਰੰਗਾਂ ਵਿਚਿ ਮਨ ਦੇ ਭਿਜਿਆਂ ਹੀ ਹਉਮੈ ਰੋਗ ਜਾਂਦਾ ਹੈ। ਨਾ ਹੀ ਝੂਠ ਦੁਆਰਾ ਅਤੇ ਨਾ ਹੀ ਪਾਖੰਡ ਕੀਤਿਆਂ ਇਹ ਮਾਰਗ ਮਿਲਦਾ ਹੈ। ਗੁਰ-ਸ਼ਬਦ ਦੀ ਕਮਾਈ ਕੀਤੇ ਬਿਨਾਂ ਆਪਣਾ ਨਿਜ ਘਰ-ਬਾਰ, ਸਾਈਂ ਸੱਚੇ ਸਾਹਿਬ ਦਾ ਦਰਬਾਰ ਨਹੀਂ ਮਿਲਦਾ। ਗੁਰੂ ਨਾਨਕ ਦੇ ਘਰ ਦੇ (ਗੁਰੂ ਘਰ ਦੇ) ਗੁਰਮੁਖ ਜਨਾਂ ਨੂੰ ਇਸ ਤੱਤ ਬੀਚਾਰ ਦੀ ਸੋਝੀ ਪੈਂਦੀ ਹੈ। ਤਿਨ੍ਹਾਂ ਨੂੰ ਹੀ ਸੱਚ ਕਰਣੀ ਰੂਪੀ ਤੱਤ ਵੀਚਾਰ ਕਮਾਈ ਪ੍ਰਾਪਤਿ ਹੁੰਦੀ ਹੈ ॥ ੮ ॥ ੬ ॥

ਰਾਮਕਲੀ ਮਹਲਾ ੫ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥

ਕਿਨਹੀ ਕੀਆ ਪਰਵਿਰਤਿ ਪਸਾਰਾ ॥ ਕਿਨਹੀ ਕੀਆ ਪੂਜਾ ਬਿਸਥਾਰਾ ॥ ਕਿਨਹੀ ਨਿਵਲ ਭੁਇਅੰਗਮ ਸਾਧੇ ॥ ਮੋਹਿ ਦੀਨ ਹਰਿ ਹਰਿ ਆਰਾਧੇ ॥ ੧ ॥ ਤੇਰਾ ਭਰੋਸਾ ਪਿਆਰੇ ॥ ਆਨ ਨ ਜਾਨਾ ਵੇਸਾ ॥ ੧ ॥ ਰਹਾਉ ॥ ਕਿਨਹੀ ਗ੍ਰਿਹੁ ਤਜਿ ਵਣਖੰਡਿ ਪਾਇਆ ॥ ਕਿਨਹੀ ਮੋਨਿ ਅਉਧੂਤੁ ਸਦਾਇਆ ॥ ਕੋਈ ਕਹਤਉ ਅਨੰਨਿ ਭਗਉਤੀ ॥ ਮੋਹਿ ਦੀਨ ਹਰਿ ਹਰਿ

ਓਟ ਲੀਤੀ ॥ ੨ ॥ ਕਿਨਹੀ ਕਹਿਆ ਹਉ ਤੀਰਥ ਵਾਸੀ ॥ ਕੋਈ ਅੰਨੁ ਤਜਿ ਭਇਆ ਉਦਾਸੀ ॥ ਕਿਨਹੀ ਭਵਨੁ ਸਭ ਧਰਤੀ ਕਰਿਆ ॥ ਮੋਹਿ ਦੀਨ ਹਰਿ ਹਰਿ ਦਰਿ ਪਰਿਆ ॥ ੩ ॥ ਕਿਨਹੀ ਕਹਿਆ ਮੈ ਕੁਲਹਿ ਵਡਿਆਈ ॥ ਕਿਨਹੀ ਕਹਿਆ ਬਾਹ ਬਹੁ ਭਾਈ ॥ ਕੋਈ ਕਹੈ ਮੈ ਧਨਹਿ ਪਸਾਰਾ ॥ ਮੋਹਿ ਦੀਨ ਹਰਿ ਹਰਿ ਆਧਾਰਾ ॥ ੪ ॥ ਕਿਨਹੀ ਘੂਘਰ ਨਿਰਤਿ ਕਰਾਈ ॥ ਕਿਨਹੂ ਵਰਤ ਨੇਮ ਮਾਲਾ ਪਾਈ ॥ ਕਿਨਹੀ ਤਿਲਕੁ ਗੋਪੀ ਚੰਦਨ ਲਾਇਆ ॥ ਮੋਹਿ ਦੀਨ ਹਰਿ ਹਰਿ ਹਰਿ ਧਿਆਇਆ ॥ ੫ ॥ ਕਿਨਹੀ ਸਿਧ ਬਹੁ ਚੇਟਕ ਲਾਏ ॥ ਕਿਨਹੀ ਭੇਖ ਬਹੁ ਥਾਟ ਬਨਾਏ ॥ ਕਿਨਹੀ ਤੰਤ ਮੰਤ ਬਹੁ ਖੇਵਾ ॥ ਮੋਹਿ ਦੀਨ ਹਰਿ ਹਰਿ ਹਰਿ ਸੇਵਾ ॥ ੬ ॥ ਕੋਈ ਚਤੁਰੁ ਕਹਾਵੈ ਪੰਡਿਤ ॥ ਕੋ ਖਟੁ ਕਰਮ ਸਹਿਤ ਸਿਉ ਮੰਡਿਤ ॥ ਕੋਈ ਕਰੈ ਆਚਾਰ ਸੁਕਰਣੀ ॥ ਮੋਹਿ ਦੀਨ ਹਰਿ ਹਰਿ ਹਰਿ ਸਰਣੀ ॥ ੭ ॥ ਸਗਲੇ ਕਰਮ ਧਰਮ ਜੁਗ ਸੋਧੇ ॥ ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥ ਕਹੁ ਨਾਨਕ ਜਉ ਸਾਧਸੰਗੁ ਪਾਇਆ ॥ ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥ ੮ ॥ ੧ ॥

(ਪੰਨਾ ੯੧੨-੧੩)

ਇਸ ਗੁਰਵਾਕ ਅੰਦਰਿ ਜੋਗੀਆਂ ਸੰਨਿਆਸੀਆਂ ਗ੍ਰਿਹਸਤੀਆਂ ਸੰਸਾਰੀਆਂ ਭੇਖੀਆਂ ਭਗਉਤੀਆਂ ਪੰਡਿਤਾਂ ਆਦਿ ਆਨਮਤੀਆਂ ਦੇ ਕਰਮ ਧਰਮ ਸਭਿ ਪਰਖ ਪੜਤਾਲ ਕੇ ਸੋਧੇ ਪਰਬੋਧੇ ਗਏ ਹਨ। ਤਿਨ੍ਹਾਂ ਸਮੂਹ ਕਰਮ-ਕਾਂਡਾਂ, ਧਰਮ-ਧਾਂਡਾਂ ਵਿਚੋਂ ਕੋਈ ਭੀ ਮਨ ਪ੍ਰਬੋਧ ਨਹੀਂ ਸਕਦਾ, ਇਕ ਗੁਰਮਤਿ ਨਾਮ ਹੀ ਪ੍ਰਬੋਧਣ ਨੂੰ ਸਮਰੱਥ ਹੈ। ਇਸ ਕਰਕੇ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਕਰਮੁ, ਸਿਰ ਕਰਮਨ ਕੇ ਕਰਮਾ ਹੈ। ਅਗੇ ਉਪਰਲੇ ਗੁਰਵਾਕ ਦੀ ਵਿਆਖਿਆ ਚੱਲੀ—

ਕਿਸੇ ਨੇ (ਭਾਵ ਕਈਆਂ, ਅਨੇਕਾਂ ਨੇ) ਗ੍ਰਿਹਸਤ ਵਿਚ ਰਹਿ ਕੇ ਹੀ ਮਾਇਆ ਖਟਣੇ ਅਡੰਬਰਾਂ ਦਾ ਬਿੱਢ ਬਿੱਢਿਆ। ਇਉਂ ਪਰਵਿਰਤ ਪਸਾਰੇ ਵਿਚਿ ਖੱਚਤ ਹੋ ਕੇ ਜੀਵਨ ਬਤੀਤ ਕਰਨਾ ਆਰੰਭਿਆ। ਇਸ ਤੋਂ ਉਲਟ ਅਨੇਕਾਂ ਕਰਮ-ਕਾਂਡੀਆਂ ਨੇ ਗ੍ਰਿਹਸਤ ਤੋਂ ਤਿਆਗੀ ਵੈਰਾਗੀ ਉਦਾਸੀ ਹੋ ਕੇ ਪਰਵਿਰਤ ਪਸਾਰੇ ਨੂੰ ਛਡ ਕੇ ਨਿਰੇ ਨਿਰਵਿਰਤੀ ਪੱਖ ਦੇ ਪੂਜਾ ਆਦਿਕ ਵਿਸਥਾਰਕ ਕੰਮਾਂ ਵਿਚ ਕਰਮੱਗ ਹੋਣ ਦੀ ਰਾਹ ਫੜੀ। ਕਿਸੇ ਨੇ (ਅਨੇਕਾਂ ਨੇ) ਹਠ ਯੋਗ ਦੇ ਕਸ਼ਟ ਕਰਮ ਨਿਵਲ ਭੁਇਅੰਗਮ ਆਦਿ ਸਾਧੇ। ਇਹਨਾਂ ਕਰਮਾਂ ਦੇ ਕਰਨ ਕਰਕੇ ਮਨ ਦਾ ਅਹੰਕਾਰ ਹੀ ਵਧਿਆ। ਗੁਰੂ ਨਾਨਕ ਦੀ ਗਰੀਬੀ ਗਦਾ ਵਾਲੇ ਉਦੇਸ਼ ਕੇਵਲ ਪਰਮਾਤਮਾ ਦੇ ਆਰਾਧਣ ਵਾਲਾ ਦੀਨਤਾ ਭਰਿਆ ਕਰਮੁ ਕਰਨਾ ਗੁਰਸਿੱਖਾਂ ਨੇ ਹੀ ਅਖ਼ਤਿਆਰ ਕੀਤਾ, ਜੋ ਤੱਤ ਨਿਸਤਾਰੇ ਦਾ ਮੂਜਬ ਅਤੇ ਮੂਜਦ ਹੈ ॥ ੧ ॥ ਤਿਨ੍ਹਾਂ ਨੇ ਇਕ ਅਕਾਲ ਦੇ ਭਰੋਸੇ ਦੀ ਹੀ ਟੇਕ ਪਕੜੀ ਅਤੇ ਸੱਚੇ ਅਕਾਲੀ ਧਰਮ, ਅਕਾਲੀ ਕਰਮ ਨੂੰ ਹੀ ਆਪਣੇ ਜੀਵਨ-ਜਨਮ ਦਾ ਆਧਾਰ ਬਣਾਇਆ। ਆਨ ਭੇਖਾਂ ਦੇ ਵੇਸਾਂ, ਆਨਮਤਿ ਕਰਮਾਂ ਨੂੰ ਸਿਆਣਿਆ ਨਹੀਂ ॥ ੧ ॥ ਰਹਾਉ ॥ ਅਨੇਕਾਂ ਨੇ ਘਰ ਬਾਰ, ਧਨ ਧਾਮ ਛਡ ਕੇ ਘੋਰ ਬਨ-ਖੰਡੀ ਜੰਗਲਾਂ ਵਿਚਿ ਹੀ ਜਾ ਵਾਸਾ ਪਾਇਆ। ਅਨੇਕਾਂ ਨੇ ਮੋਨਧਾਰੀ ਅਖਾਉਣ ਵਿਚਿ, ਅਨੇਕਾਂ ਨੇ ਅਉਧੂਤ ਸੰਸਾਰ ਤੋਂ ਉਪਰਾਮ ਸਦਾਉਣ ਵਿਚਿ ਹੀ ਵਡਿਆਈ

ਸਮਝੀ। ਅਨੇਕਾਂ ਹੋਰ ਸਭ ਕੁਛ ਛਡ ਕੇ ਨਿਰੋਲ ਇਕ ਰੱਬ ਦੇ ਭਗਤ ਬਣਨ ਦਾ ਹੀ ਦਾਅਵਾ ਕੀਤਾ। ਪਰ ਗੁਰੂ ਘਰ ਦੇ ਗੁਰਮੁਖਾਂ ਨੇ ਬੜੀ ਦੀਨਤਾ ਗਰੀਬੀ ਸਹਿਤ ਵਾਹਿਗੁਰੂ ਭਗਤੀ ਵਾਲੇ ਗੁਰਮਤਿ ਮਾਰਗ ਤੇ ਚਲਣ ਵਾਲੀ ਨਿਮਰਤਾ ਭਰੀ ਰੀਤਿ ਧਾਰਨ ਕੀਤੀ ॥ ੨ ॥ ਅਨੇਕਾਂ ਨੂੰ ਤੀਰਥ-ਵਾਸੀ ਹੋਣ ਦਾ ਅਹੰਕਾਰ ਭਰਿਆ ਅੰਧ ਕਰਮੀ ਮੇਨੀਆਂ ਚਿਮੜ ਗਿਆ। ਅਨੇਕਾਂ ਨੇ ਅੰਨ ਤਜ ਕੇ ਫੋਕਟ ਉਦਾਸ ਬਰਤ ਧਾਰਨ ਦੀ ਬਿਆਧਿ ਚਮੇੜ ਲਈ। ਕਈਆਂ ਅਨੇਕਾਂ ਨੂੰ ਸਾਰੀ ਧਰਤੀ ਤੇ ਭਉਂਦੇ ਫਿਰਨ ਦਾ ਸੁਦਾਅ ਲਗ ਗਿਆ। ਉਹ ਏਸੇ ਸੁਦਾਅ ਨੂੰ ਖ਼ੁਦਾ ਦੀ ਪਹੁੰਚ ਦਾ ਜ਼ਰੀਆ ਸਮਝਣ ਲਗ ਪਏ, ਆਪਦੀ ਕੁਸਮਝ ਕਰਕੇ। ਗੁਰੂ ਨਾਨਕ ਦੇ ਘਰ ਦੇ ਦੀਨਤਾ ਭਰੇ ਭਗਤ ਗੁਰਮੁਖਿ ਜਨ ਕੇਵਲ ਵਾਹਿਗੁਰੂ ਦੇ ਦਰ ਘਰ ਦੇ ਸ਼ੈਦਾਈ ਬਣੇ ਰਹੇ ॥ ੩ ॥ ਅਨੇਕਾਂ ਆਦਮੀ ਕੁਲ ਦੀ ਵਡਿਆਈ ਦੇ ਅਫਰੇਮੇ ਵਾਲੇ ਕੁਲ-ਰੀਤੀ ਕਰਮ ਦੇ ਕਰਨ ਦੀ ਸ਼ੇਖੀ ਦੇ ਹੀ ਸ਼ੇਖ-ਕਰਮੀ ਹੋ ਗਏ। ਅਨੇਕਾਂ ਬਹੁਤੇ ਭਾਈਆਂ ਵਾਲੇ, ਬਹੁਤੀਆਂ ਬਾਹਾਂ ਬਾਹੀਆਂ, ਬਹੁਤ ਹਮਾਇਤੀਆਂ ਵਾਲੇ ਹੋਣ ਦੀਆਂ ਹੀ ਡੀਂਗਾਂ ਮਾਰਦੇ ਹਨ। ਅਨੇਕਾਂ ਨੇ ਮਾਇਆਧਾਰੀ ਧਨਹਿ ਪਸਾਰੀ ਹੋਣ ਦੀ ਹੈਂਕੜ ਧਾਰੀ। ਪ੍ਰੰਤੂ ਗੁਰੂ ਘਰ ਦੇ ਗਰੀਬ ਬਿਰਤੀ ਵਾਲੇ ਗੁਰਮੁਖਾਂ ਨੂੰ ਕੇਵਲ ਨਾਮ ਦੇ ਅਧਾਰ ਦਾ ਹੀ ਸੱਚਾ ਆਸਰਾ ਹੈ ॥ ੪ ॥ ਅਨੇਕਾਂ ਨਾਚਿਆਂ ਦੀਆਂ ਮੰਡਲੀਆਂ ਨੇ ਪੈਰਾਂ ਤੇ ਲੱਕ ਵਿਚਿ ਘੁੰਗਰੂ ਬੰਨ੍ਹ ਕੇ ਨੱਚਣ ਨਿਰਤਕਾਰੀ ਦੇ ਕੁਕਰਮ ਨੂੰ ਹੀ ਸੁਭ ਕਰਮੁ ਸਮਝ ਛਡਿਆ। ਅਨੇਕਾਂ ਪਾਖੰਡ ਮਤਿ ਅਵਲੰਬੀਆਂ ਨੇ ਦਿਖਾਵੇ ਦੇ ਵਰਤ ਰਖਣ ਅਤੇ ਲੋਕ-ਪਰਚਾਵੇ ਦੇ ਨੇਮ-ਕਰਮ ਕਰਨ ਅਤੇ ਲੋਕ-ਰੀਝਾਵੇ ਲਈ ਗਲ ਵਿਚਿ ਮਾਲਾ ਪਾਈ ਅਤੇ ਹੱਥਾਂ ਤੇ ਭੀ ਮਾਲਾ ਦੇ ਮਣਕਿਆਂ ਦੇ ਗਾਨੇ ਬੰਨ੍ਹੇ। ਕਈਆਂ ਨੇ ਮਹਿਜ਼ ਮੱਥੇ ਤੇ ਗੋਪੀ ਚੰਦਨ ਦੇ ਤਿਲਕ ਵਾਲੇ ਟਿਕੇ ਲਾਉਣ ਨੂੰ ਹੀ ਪਰਮ ਧਰਮ ਅਤੇ ਉਚਾ ਕਰਮ ਜਾਣਿਆ। ਇਹ ਕੇਵਲ ਗੁਰੂ ਘਰ ਦੇ ਸਿਖ ਹੀ ਹਨ ਜਿਨ੍ਹਾਂ ਗੁਰਮਤਿ ਨਾਮ ਧਿਆਉਣ ਨੂੰ ਹੀ ਸਭ ਤੋਂ ਸ੍ਰੇਸ਼ਟ ਕਰ ਕੇ ਪਹਿਚਾਨਿਆ ਸਨਮਾਨਿਆ ਹੈ। ਹੈ ਭੀ ਇਹੀ ਠੀਕ ਜਾਨਣੀ ਪਹਿਚਾਨਣੀ ਇਕੋ ਉਚੇ ਸੁਚੇ ਕਰਮ ਸੁਕਰਮ ਦੀ ॥ ੫ ॥ ਕਈਆਂ ਕਰਾਮਾਤੀ ਸਿੱਧੀਆਂ ਦੇ ਕਰਮ ਕਰਨਹਾਰਿਆਂ ਨੇ ਸਿਧ ਬਣ ਕੇ ਨਾਟਕ ਚੇਟਕ ਟੂਣੇ ਕਰ ਆਮ ਅਮੂੜ ਲੋਕਾਂ ਨੂੰ ਪਰਚਾਇਆ ਭਰਮਾਇਆ। ਕਈਆਂ ਨੇ ਭੇਖੀ ਠਾਠ ਵਾਲੇ ਅਨੇਕਾਂ ਥਾਨ ਡੇਰੇ ਰਚ ਕੇ ਮੱਲੇ। ਕਈਆਂ ਨੇ ਅਨੇਕ ਮੰਤਰ ਤੰਤਰੀ ਪਾਖੰਡ ਚਲਾ ਕੇ ਗੁਜ਼ਾਰੇ (ਨਿਰਬਾਹ) ਕੀਤੇ। ਪ੍ਰੰਤੂ ਗੁਰੂ ਘਰ ਦੇ ਵਿਰਲੀਸ਼ਰ ਗੁਰਮੁਖਿ ਜਨਾਂ ਨੇ ਕੇਵਲ ਗੁਰਮਤਿ ਦੀ ਸੱਚੀ ਘਾਲ ਕਮਾਈ ਰੂਪੀ ਸੇਵਾ ਨੂੰ ਹੀ ਆਪਦਾ ਆਹਾਰ ਬਣਾਇਆ ॥ ੬ ॥ ਅਨੇਕਾਂ ਨੂੰ ਚਤਰ ਪੰਡਿਤ ਕਹਾਉਣ ਦੀ ਹੀ ਚੇਟਕ ਲਗ ਗਈ। ਅਨੇਕਾਂ ਪਾਖੰਡ-ਕਰਮੀ ਖੰਡਨ ਮੰਡਨੀ ਪੂਜਾ ਸਹਿਤ ਖਟ ਕਰਮ ਦੇ ਕਰਨਹਾਰੇ ਸਦਾਏ। ਅਨੇਕਾਂ ਨੂੰ ਉਘੇ ਆਚਾਰ ਬਿਉਹਾਰੀ ਕਰਤੂਤ ਕਰਣੀਆਂ ਦੇ ਕੁਚਸਕੇ ਲਗ ਗਏ। ਇਕ ਗੁਰੂ ਨਾਨਕ ਦੇ ਘਰ ਦੇ ਗੁਰਮੁਖਿ ਦੇਵਤਿਆਂ ਨੂੰ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦੀ ਸ਼ਰਨੀ ਪਰੇ ਰਹਿਣ ਦਾ ਸੱਚੜਾ ਇਸ਼ਕ ਪ੍ਰੇਮ-ਪ੍ਰਬਲ ਹੋ ਕੇ ਪ੍ਰਗਾਸਿਆ ਰਿਹਾ। ਉਹ ਸਦ ਸਦਾ ਪ੍ਰੀਤਮ ਵਾਹਿਗੁਰੂ ਦੀ ਪ੍ਰੇਮਾ ਭਗਤੀ ਵਿਚਿ ਲਿਵਲੀਨ ਹੋ ਕੇ ਅਡੋਲ ਜੁਟੇ ਰਹੇ। ਨਹੀਂ ਤਾਂ ਹੋਰ ਕਰਮ ਕਰੰਦੜੀਏ ਪਾਜ ਕਰਮੀ ਲੋਕ ਸਭ ਡੋਲ ਗਏ ॥ ੭ ॥ ਤ੍ਰੈਕਾਲ ਦਰਸੀ ਗੁਰੂ ਨਾਨਕ ਅੰਤਰਯਾਮੀ ਨੇ ਚਾਰੇ ਜੁਗਾਂ ਦੇ ਸਾਰੇ ਕਰਮ ਧਰਮ ਸੋਧ ਕੇ ਪੜਤਾਲ ਲਏ, ਪਰਖ ਲਏ। ਸਿੱਟਾ ਇਹ ਕਢਿਆ ਕਿ ਨਾਮ ਬਿਨਾਂ ਇਹ ਕਠੋਰ ਮਨੂਆ ਨਹੀਂ ਪਰਬੋਧਿਆ ਜਾ ਸਕਦਾ। ਗੁਰੂ ਨਾਨਕ ਦੇ ਘਰ ਦੀ ਸਾਧ ਸੰਗਤਿ ਵਿਚਿ ਜੁੜ ਕੇ ਮਨ ਦੀਆਂ ਸਭਿ

ਤ੍ਰਿਸ਼ਨਾਵਾਂ ਅਤੇ ਭਟਕਣੀਆਂ ਦੂਰਿ ਹੁੰਦੀਆਂ ਹਨ। ਗੁਰਮਤਿ ਅੰਮ੍ਰਿਤ ਭਿੰਨੀ ਸੀਤਲਤਾ ਵਾਲਾ ਅਮਿਉ ਰਸਾਇਣੀ ਪਾਰਸ ਨਾਮ ਜਪ ਕੇ ਹੀ ਮਨ ਸੀਤਲ ਸ਼ਾਂਤ ਹੁੰਦਾ ਹੈ। ਨਾਲੇ ਸਾਰੀਆਂ ਡੰਝਾਂ ਮਿਟ ਜਾਂਦੀਆਂ ਹਨ। ਮਾਇਆ ਮੋਹ ਨਾਲਿ ਮਨੂਰ ਹੋਇਆ ਮਨ ਨੂਰੋ ਨੂਰ ਹੋ ਜਾਂਦਾ ਹੈ। ਅਤੇ ਤ੍ਰਿਸ਼ਨਾ-ਅਗਨੀ ਨਾਲਿ ਦਘਧ ਹੋਇਆ ਹਿਰਦਾ ਠੰਢਾ ਠਾਰ ਬਰਫ਼ੋਂ ਵਧ ਸੀਤਲ ਹੋ ਜਾਂਦਾ ਹੈ ॥ ੮ ॥ ੧ ॥

ਦੇਖੋ! ਕੈਸੀ ਸ੍ਰੇਸ਼ਟਾਈ, ਸ਼ਿਰੋਮਣਤਾਈ ਅਸਚਰਜਤਾਈ ਦਰਸਾਈ ਗਈ ਹੈ ਗੁਰਮਤਿ ਨਾਮ ਅਭਿਆਸ ਸ਼ਿਰੋਮਣੀ ਕਰਮ ਦੀ। ਅਗਲੇ ਗੁਰਵਾਕ ਅੰਦਰਿ ਸੰਸਾਰ ਭਰ ਦੇ ਭਿੰਨ ਭਿੰਨ ਅਤੇ ਭਾਂਤ ਭਾਂਤ ਦੇ ਕੰਮਾਂ ਵਿਹਾਰਾਂ, ਚਸਕ-ਕੁਚਸਕੀ ਆਚਾਰਾਂ, ਮਨ-ਮੰਨੀਆਂ ਪੂਜਾਂ ਤੇ ਪਾਠਾਂ ਵਿਚਿ ਖੱਚਤ ਹੋਏ ਪ੍ਰਾਣੀਆਂ ਦਾ ਨਕਸ਼ਾ ਖਿਚ ਕੇ ਭਾਉ-ਭਗਤੀ ਵਿਚਿ ਲਗੇ ਹੋਏ ਸਿਖ ਸੇਵਕਾਂ ਸੰਤਾਂ ਭਗਤਾਂ ਦੀ ਸਿਫਤਿ ਸਾਲਾਹੀ ਕਰਮਾਂ ਦੀ ਫ਼ਜ਼ੀਲਤ ਦਸਦੇ ਹੋਏ ਇਹ ਗੱਲ ਨਿਰੂਪਣ ਕੀਤੀ ਗਈ ਹੈ ਕਿ ਸਿਫਤਿ ਸਾਲਾਹੀ ਸੱਚੇ ਕਰਮ ਨਾਮ ਅਭਿਆਸ ਕਮਾਈ ਦੇ ਤੁਲ ਹੋਰ ਕੋਈ ਭੀ ਕੰਮ ਕਾਜ ਨਹੀਂ। ਸਭ ਹੋਛੇ ਪਰਪੰਚ ਦੇ ਕੰਮ ਘੜੰਮ ਹਨ। ਯਥਾ—

> ਰਾਮਕਲੀ ਮਹਲਾ ੫ ॥ ਕਾਹੂ ਬਿਹਾਵੈ ਰੰਗ ਰਸ ਰੂਪ ॥ ਕਾਹੂ ਬਿਹਾਵੈ ਮਾਇ ਬਾਪ ਪੂਤ ॥ ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ ॥ ਸੰਤ ਬਿਹਾਵੈ ਹਰਿ ਨਾਮ ਅਧਾਰਾ ॥ ੧ ॥ ਰਚਨਾ ਸਾਚੁ ਬਨੀ ॥ ਸਭ ਕਾ ਏਕੁ ਧਨੀ ॥ ੧ ॥ ਰਹਾਉ ॥ ਕਾਹੂ ਬਿਹਾਵੈ ਬੇਦ ਅਰੁ ਬਾਦਿ ॥ ਕਾਹੂ ਬਿਹਾਵੈ ਰਸਨਾ ਸਾਦਿ ॥ ਕਾਹੂ ਬਿਹਾਵੈ ਲਪਟਿ ਸੰਗਿ ਨਾਰੀ ॥ ਸੰਤ ਰਚੇ ਕੇਵਲ ਨਾਮ ਮੁਰਾਰੀ ॥ ੨ ॥ ਕਾਹੂ ਬਿਹਾਵੈ ਖੇਲਤ ਜੂਆ ॥ ਕਾਹੂ ਬਿਹਾਵੈ ਅਮਲੀ ਹੂਆ ॥ ਕਾਹੂ ਬਿਹਾਵੈ ਪਰ ਦਰਬ ਚੋੁਰਾਏ ॥ ਹਰਿ ਜਨ ਬਿਹਾਵੈ ਨਾਮ ਧਿਆਏ ॥ ੩ ॥ ਕਾਹੂ ਬਿਹਾਵੈ ਜੋਗ ਤਪ ਪੂਜਾ ॥ ਕਾਹੂ ਰੋਗ ਸੋਗ ਭਰਮੀਜਾ ॥ ਕਾਹੂ ਪਵਨ ਧਾਰ ਜਾਤ ਬਿਹਾਏ ॥ ਸੰਤ ਬਿਹਾਵੈ ਕੀਰਤਨੁ ਗਾਏ ॥ ੪ ॥ ਕਾਹੂ ਬਿਹਾਵੈ ਦਿਨੁ ਰੈਨਿ ਚਾਲਤ ॥ ਕਾਹੂ ਬਿਹਾਵੈ ਸੋ ਪਿੜੁ ਮਾਲਤ ॥ ਕਾਹੂ ਬਿਹਾਵੈ ਬਾਲ ਪੜਾਵਤ ॥ ਸੰਤ ਬਿਹਾਵੈ ਹਰਿ ਜਸੁ ਗਾਵਤ ॥ ੫ ॥ ਕਾਹੂ ਬਿਹਾਵੈ ਨਟ ਨਾਟਿਕ ਨਿਰਤੇ ॥ ਕਾਹੂ ਬਿਹਾਵੈ ਜੀਆਇਹ ਹਿਰਤੇ ॥ ਕਾਹੂ ਬਿਹਾਵੈ ਰਾਜ ਮਹਿ ਡਰਤੇ ॥ ਸੰਤ ਬਿਹਾਵੈ ਹਰਿ ਜਸੁ ਕਰਤੇ ॥ ੬ ॥ ਕਾਹੂ ਬਿਹਾਵੈ ਮਤਾ ਮਸੂਰਤਿ ॥ ਕਾਹੂ ਬਿਹਾਵੈ ਸੇਵਾ ਜਰੂਰਤਿ ॥ ਕਾਹੂ ਬਿਹਾਵੈ ਸੋਧਤ ਜੀਵਤ ॥ ਸੰਤ ਬਿਹਾਵੈ ਹਰਿ ਰਸੁ ਪੀਵਤ ॥ ੭ ॥ ਜਿਤੁ ਕੋ ਲਾਇਆ ਤਿਤ ਹੀ ਲਗਾਨਾ ॥ ਨਾ ਕੋ ਮੂੜੁ ਨਹੀ ਕੋ ਸਿਆਨਾ ॥ ਕਰਿ ਕਿਰਪਾ ਜਿਸੁ ਦੇਵੈ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥ ੮ ॥ ੩ ॥
>
> (ਪੰਨਾ ੯੧੩-੧੪)

ਵਿਆਖਿਆ— ਬਹੁਤਿਆਂ ਦੀ ਸਾਰੀ ਉਮਰ ਦ੍ਰਿਸ਼ਟਮਾਨ ਮਾਇਆ ਦੇ ਰੰਗਾਂ ਰਸਾਂ ਰੂਪਾਂ ਦੇ ਮਾਨਣ ਵਿਚ ਹੀ ਵਿਹਾ ਜਾਂਦੀ ਹੈ। ਉਹਨਾਂ ਦੀਆਂ ਅੱਖੀਆਂ ਦੁਨੀਆ ਦੇ ਰੰਗ ਤਮਾਸ਼ੇ ਦੇਖਣ ਵਿਚ ਹੀ ਦੱਝੀਆਂ ਰੁਝੀਆਂ ਰਹਿੰਦੀਆਂ ਹਨ। ਨਿਤ ਨਿਤ ਭੈੜੇ ਅਵੈੜੇ ਰੰਗ-ਕੁਰੰਗੀ ਤਮਾਸ਼ਿਆਂ ਦੇ

ਅਖਾੜੇ ਦੇਖਦੇ ਹਨ। ਸਾਰੀ ਉਮਰ ਦੇਖਿ ਦੇਖਿ ਹੰਢੀ ਜਾਂਦੇ ਹਨ। ਪਰ ਇਹਨਾਂ ਕੂੜਾਵੇ ਕਚ-ਰੰਗਾਂ ਦੇ ਦੇਖਣ ਦਾ ਭੁਸ ਉਨ੍ਹਾਂ ਦਾ ਮਿਟਦਾ ਨਹੀਂ। ਇਸੇ ਤਰ੍ਹਾਂ ਤਿਨ੍ਹਾਂ ਦੀਆਂ ਜੀਭਾਂ ਹੋਛੇ ਰਸਾਂ ਕਸਾਂ ਦੇ ਸੁਆਦਾਂ ਵਿਚਿ ਗਿਝੀਆਂ ਰਹਿੰਦੀਆਂ ਹਨ। ਉਹਨਾਂ ਨੂੰ ਸਾਰੀ ਉਮਰ ਖਾਣ ਪੀਣ ਦੇ ਸੁਆਦ-ਖੜਮੱਸਾਂ ਵਿਚ ਹੀ ਖੱਚਤ ਰਖਦੀਆਂ ਹਨ। ਹੋਛੇ ਰਸਾਂ ਕਸਾਂ ਸੁਆਦਾਂ ਵਿਚਿ ਖੱਚਤ ਹੋਏ ਤਿਨ੍ਹਾਂ ਦੇ ਵਿਸ਼ੇ-ਵਿਕਾਰ ਗ੍ਰਸਤ ਮਨ, ਤਿਨ੍ਹਾਂ ਨੂੰ ਏਹਨਾਂ ਵਿਚਿ ਓਪਰੇ ਰਸਾਂ ਸੁਆਦਾਂ ਤੋਂ ਉਪਰ ਉਭਰਨ ਹੀ ਨਹੀਂ ਦਿੰਦੇ ਅਤੇ ਸੱਚੇ ਰਸ ਸੁਆਦ ਵਲ ਆਉਣ ਹੀ ਨਹੀਂ ਦਿੰਦੇ। ਨਿਤਾਪ੍ਰਤਿ ਏਹਨਾਂ ਬਿਖੇ ਰਸਾਂ ਰੰਗਾਂ ਵਿਚਿ ਖੁਆਰ ਹੁੰਦੇ ਹਨ, ਪਰ ਹਟਦੇ ਨਹੀਂ। ਹਟਣ ਕਿਵੇਂ, ਉਹਨਾਂ ਉਤੇ ਖੋਟੀ ਆਦਤ ਵਾਲਾ ਰਸ-ਕੁਚਸਕਾ ਪ੍ਰਬਲ ਜੁ ਪਿਆ ਹੋਇਆ ਹੁੰਦਾ ਹੈ, ਜੋ ਉਹਨਾਂ ਦੀ ਸੁਰਤਿ ਨੂੰ ਪਲਟਾ ਖਾਣ ਹੀ ਨਹੀਂ ਦਿੰਦਾ।

ਏਵੇਂ ਜਿਵੇਂ ਕਿਤਨੇ ਹੀ ਅਣਗਿਣਤ ਐਸੇ ਨਰ ਨਾਰੀ ਭੀ ਹਨ, ਜੋ ਹੱਡ ਚੰਮ ਮਾਸ ਦੇ ਪੁਤਲੇ ਉਪਰਲਾ ਸੂਹਾ ਚਿਟਵਟੇ ਗੋਰੇ ਰੰਗ ਵਾਲਾ ਜਿਸਮਾਨੀ ਰੂਪ ਦੇਖਿ ਦੇਖਿ ਹੀ ਮੋਹਤ ਹੋਏ ਫਿਰਦੇ ਹਨ। ਨਰ ਤਾਂ ਨਾਰੀਆਂ ਦੇ ਰੂਪ ਉਤੇ ਖਰਮਸਤ ਹਨ ਅਤੇ ਨਾਰੀਆਂ ਨਰਾਂ ਦੇ ਰੂਪ ਉਤੇ ਮੁਗਧ ਹਨ। ਸਾਰੀ ਉਮਰ ਤਿਨ੍ਹਾਂ ਦੀ ਇਸ ਹੋਛੀ ਰੂਪ-ਧੋਖੇ ਦੀ ਇਸ਼ਕ-ਬਾਜ਼ੀ ਵਿਚਿ ਹੀ ਲੰਘ ਜਾਂਦੀ ਹੈ। ਸਾਰੀ ਦੁਨੀਆ ਇਸ ਰੂਪ ਦੇ ਸੌਖੇ ਧੋਖੇ-ਠਗੋਛੇ ਵਿਚ ਭਰਮ-ਭੁਲਾਈ ਠਗਾਈ ਰਹਿੰਦੀ ਹੈ। ਕੂੜਾਵੇ ਚਾਰ ਦਿਨਾਂ ਦੀ ਰੂਪ-ਮੋਹ-ਠਗਉਰੀ ਪਾ ਕੇ ਝੂਠੀ ਮੋਹਣੀ ਮੋਹੀਦੇ ਅਤੇ ਕੋਹਣੀ ਕੋਹੀਦੇ ਰਹਿੰਦੇ ਹਨ। ਇਹ ਜੋਬਨ ਰੂਪ ਕੂੜਾਵਾ ਚੰਦ ਦਿਨਾਂ ਦਾ ਹੀ ਰਹਿੰਦਾ ਹੈ। ਵਿਸ਼ੇ ਵਿਕਾਰਾਂ ਵਿਚਿ ਹੰਢਾਇਆ ਜਾਣ ਕਰਕੇ ਛੇਤੀ ਹੀ ਢਲ ਜਾਂਦਾ ਹੈ। ਫੇਰ ਤਿਨ੍ਹਾਂ ਵਲ ਕੋਈ ਥੁਕਦਾ ਭੀ ਨਹੀਂ। ਰੂਪ ਦੀ ਠੱਗ-ਬਾਜ਼ੀ ਵਾਲੀ ਭਰਮ ਭੁਲਾਣੀ ਖੇਡ ਆਪਣੀ ਅੱਖੀਂ ਦੇਖ ਕੇ ਭੀ ਭੁਲੜ ਨਰ ਨਾਰੀ ਨਿੱਤ ਨਵੇਂ ਦਿਨ ਇਸ ਕਸੁੰਭ-ਰੰਗਲੇ ਰੂਪ ਦਾ ਸ਼ਿਕਾਰ ਹੁੰਦੇ ਹਨ। ਥੋੜੇ ਦਿਹਾਂ (ਦਿਨਾਂ) ਅਤੇ ਛੋਛੇ ਮੁਲ ਵਾਲੇ ਇਸ ਰੂਪ ਕਸੁੰਭੜੇ ਦੀ ਹੇਰਾ ਫੇਰੀ ਦੇਖ ਕੇ ਭੀ ਭਰਮ-ਭੁਲੀ ਦੁਨੀਆ ਨੂੰ ਇਬਰਤ ਨਹੀਂ ਆਉਂਦੀ। ਸਭ ਉਸ ਵਹਿਣ ਵਿਚਿ ਹੀ ਰੁੜ੍ਹੀ ਚਲੀ ਜਾਂਦੀ ਹੈ ਅਤੇ ਰਸਾਤਲੀ ਖਾਤੇ ਵਿਚ ਜਾ ਡਿਗਦੀ ਹੈ।

ਇਸ ਉਪਰਲੀ ਰੂਪ-ਸੁੰਦਰਤਾ ਦੀ ਇਸ਼ਕਬਾਜ਼ੀ ਤੋਂ ਬਚੇ ਖੁਚੇ ਬਹੁਤ ਸਾਰੇ ਅਜਿਹੇ ਪ੍ਰਾਣੀ ਭੀ ਹਨ ਜੋ ਨਿਜ ਕੁਟੰਬ ਪਰਵਾਰ ਦੀ ਮੋਹ-ਮਮਤਾ ਵਿਚਿ ਐਸੇ ਖਚਤ ਹੋ ਜਾਂਦੇ ਹਨ ਕਿ ਤਿਨ੍ਹਾਂ ਦੀ ਨਿਸ-ਬਾਸਰ ਮਾਇ ਬਾਪ ਪੂਤ, ਭਾਈ ਭੈਣ, ਇਸਤ੍ਰੀ ਭਰਤੇ ਦੇ ਮੋਹ ਵਿਚਿ ਮੱਤਿਆਂ ਮਗਨੱਤਿਆਂ ਹੀ ਵਿਹਾਉਂਦੀ ਹੈ। ਇਹ ਮੋਹ-ਮਮਤਾ ਤਿਨ੍ਹਾਂ ਨੂੰ ਮੁੜਿ ਮੁੜਿ ਜੂਨੀਆਂ ਵਿਚਿ ਲਿਆਉਂਦੀ ਹੈ। ਇਸ ਮਿੱਠੜੀ ਮੋਹ-ਮਮਤਾ ਵਿਚਿ ਮਗ਼ਰੂਰੇ ਹੋਏ ਉਹ ਕਿਸੇ ਨੂੰ ਨਜ਼ਰ ਤਲੇ ਨਹੀਂ ਲਿਆਉਂਦੇ। ਕੇਤੜਿਆਂ ਦੀ ਆਵਰਦਾ ਰਾਜ ਸਾਜ ਦੇ ਅਹੰਕਾਰ ਵਿਚਿ ਹੰਢਦਿਆਂ ਹੀ ਵਿਹਾ ਜਾਂਦੀ ਹੈ। ਕੇਤੜਿਆਂ ਦੀ ਮਿਲਖ ਧਨ ਮਾਲ ਦੇ ਮਦ ਵਿਚਿ ਬਦਮਸਤ ਹੋਇਆਂ ਹੀ ਸਾਰੀ ਉਮਰ ਬਿਤੀਤ ਹੋ ਜਾਂਦੀ ਹੈ। ਅਨੇਕਾਂ ਮਾਇਆ ਦੇ ਵਾਪਾਰੀ ਲੋਗ ਮਾਇਆ ਦੇ ਵਾਪਾਰ ਵਿਚ ਹੀ ਸਾਰੀ ਉਮਰ ਖੱਜਲ ਖੁਆਰ ਹੋਏ ਰਹਿੰਦੇ ਹਨ। ਖੱਜਲ ਖੁਆਰ ਹੁੰਦੇ ਹੋਏ ਭੀ ਫੇਰ ਏਸੇ ਖੱਜਲ ਖੁਆਰੀ ਵਾਪਾਰ ਵਿਚ ਹੀ ਲਗੇ ਰਹਿੰਦੇ ਹਨ। ਤਿਨ੍ਹਾਂ ਦੀ ਸਾਰੀ ਉਮਰ ਹੀ ਏਸੇ ਮਾਇਕ ਵਾਪਾਰੀ ਖੱਜਲ ਖੁਆਰੀ ਵਿਚ ਹੀ ਵਿਹਾ ਜਾਂਦੀ ਹੈ। ਏਹ ਕੇਵਲ ਗੁਰੂ ਘਰ ਦੇ

ਗੁਰਮੁਖਿ ਸੰਤ ਭਗਤ ਹੀ ਹਨ ਜਿਨ੍ਹਾਂ ਦਾ ਮਾਨੁਖ ਜੀਵਨ ਜਨਮ ਸਾਰਾ ਨਾਮ ਦੇ ਆਧਾਰ, ਨਾਮ ਦੇ ਵਾਪਾਰ ਵਿਚ ਹੀ ਸੁਲੇਖੇ ਲਗਦਾ ਹੈ। ਇਹੀ ਸੁਭਾਗ ਜੀਵਨ ਜਨਮ ਧਾਰੀਆ ਜੀਊਣੀਆ (ਜਿਉਣ ਯੋਗ) ਤੇ ਸੁਲੱਖਣਾ ਜੀਵਨ ਹੈ। ਏਸੇ ਨਾਮ-ਆਧਾਰ, ਨਾਮ-ਵਾਪਾਰ ਦੇ ਆਹਰ ਵਿਚਿ ਸਦਾ ਬਤੀਤਿਆ ਜਨਮ ਹੀ ਸਕਾਰਥਾ ਜਨਮੁ ਹੈ। ਹੋਰ ਟੰਟਿਆਂ ਅਸਟੰਡਾਂ ਅਡੰਬਰਾਂ ਵਿਚਿ ਬੀਤਿਆ ਜਨਮ ਅਕਾਰਥ ਨਿਰਾਰਥ ਜਨਮ ਹੀ ਹੈ ॥ ੧ ॥ ਪਰ ਸੱਚੇ ਸਿਰਜਨਹਾਰ ਦੀ ਸੱਚੀ ਰਚਨਾ ਭੀ ਅਚਰਜ ਹੈ। ਸਾਰੀ ਸਿਰਜੀ ਰਚਨਾ ਸ੍ਰਿਸ਼ਟੀ ਦੇ ਚਰਾਚਰ ਜੀਵਾਂ ਦਾ ਰਾਜ਼ਕ ਪਾਲਕ ਅਤੇ ਮਾਲਕ ਸੱਚਾ ਪਰਵਰਦਗਾਰ, ਸਿਰਜਨਹਾਰ ਪਰਵਰਦਗਾਰ ਇਕੋ ਕਰਤਾਰ ਹੀ ਹੈ। ਉਹ ਅਕ੍ਰਿਤਘਣਾਂ ਨੂੰ ਭੀ ਪਾਲਦਾ ਹੈ। ਨਾਮ ਤੋਂ ਮੁਨਕਰਾਂ ਨੂੰ ਭੀ ਰਿਜ਼ਕ ਦਿੰਦਾ ਹੈ। ਨਾਮ ਤੋਂ ਛੁਟੜਾਂ ਗਮਰੁਠੜਾਂ ਨੂੰ ਨਾਨਾ ਪ੍ਰਕਾਰੀ ਮਾਇਆ ਬਿਕਾਰੀ ਕੁਕਰਮਾਂ ਦੇ ਗੇੜਾਂ ਵਿਚਿ ਜੋ ਘੁਮਾਉਂਦਾ ਹੈ, ਸੋ ਤਿਨ੍ਹਾਂ ਦੇ ਕੁਕਰਮਾਂ ਦੀ ਹੀ ਸਜ਼ਾ ਭੁਗਤਾਉਂਦਾ ਹੈ। ਸਾਰੀ ਸ੍ਰਿਸ਼ਟੀ ਆਪੇ ਹੀ ਆਪੇ ਆਪਣੇ ਧੰਧ ਬੰਧ ਵਿਚਿ ਥੋੜੋ ਲਗਿ ਰਹੀ ਹੈ, ਲਾਈ ਹੀ ਲਗ ਰਹੀ ਹੈ, ਤਿਨ੍ਹਾਂ ਦੀ ਕਰਮ-ਗਤੀ ਨੂੰ ਹੀ ਭੁਗਤਾਉਣ ਲਈ ॥ ੧ ॥ ਰਹਾਉ ॥ ਕਿਤਨਿਆਂ ਦੀ ਬੇਦਾਂ ਦੇ ਇਲਮ-ਆਦੀ ਅਵਿਦਿਤਾ ਭਰੀ ਵੀਚਾਰ ਕਰਮਾਰ ਵਿਚ ਹੀ ਵਿਹਾਉਂਦੀ ਹੈ। ਕੇਤੜਿਆਂ ਦੀ ਬੇਦ-ਵੀਚਾਰ ਦੇ ਬਾਦ-ਬਿਵਾਦੀ ਰਗੜੇ ਝਗੜਿਆਂ ਵਿਚਿ ਸਾਰੀ ਉਮਰ ਖੀਨ ਖਚਤਾਰ ਹੋਈ ਐਵੇਂ ਬਿਰਥੀ ਹੀ ਵਿਹਾ ਜਾਂਦੀ ਹੈ। ਕਿਤਨਿਆਂ ਦੀ ਫਿਕੇ ਮਾਇਕ ਪਦਾਰਥਾਂ ਦੇ ਜੀਭ-ਰਸ-ਸੁਆਦਾਂ ਵਿਚਿ ਸਾਰੀ ਉਮਰ ਅਜਾਈਂ ਗੁਜ਼ਰ ਜਾਂਦੀ ਹੈ। ਅਨੇਕਾਂ ਲੰਪਟਾਂ ਬਾਜ਼ਾਰੀਆਂ ਸ਼ੁਹਦਿਆਂ ਲੁੱਚਿਆਂ ਦੀ ਸਾਰੀ ਜ਼ਿੰਦਗੀ ਬਾਜ਼ਾਰੀ ਇਸਤ੍ਰੀਆਂ ਗਨਕਾਂ ਕੰਜਰੀਆਂ ਨਾਲਿ ਹੀ ਬਿਭਚਾਰ ਕੁਕਰਮੀ ਖੇਹ ਖਾਂਦਿਆਂ ਹੀ ਚੌੜ ਹੋ ਜਾਂਦੀ ਹੈ। ਨਰ ਨਾਰੀਆਂ ਨਾਲਿ ਖੇਹ ਖਾਂਦੇ ਹੰਢਾ ਜਾਂਦੇ ਹਨ ਅਤੇ ਨਾਰੀਆਂ ਨਰਾਂ ਨਾਲਿ ਵਿਸ਼ੇ ਵਿਕਾਰੀ ਟੱਕਰਾਂ ਮਾਰਦੀਆਂ ਹੀ ਜੋਬਨ ਜੁਆਨੀ ਤੋਂ ਉਤਾਰੂ ਹੋ ਜਾਂਦੀਆਂ ਹਨ। ਬੁੱਢੀਆਂ ਹੋ ਜਾਂਦੀਆਂ ਹਨ, ਪਰ ਉਹਨਾਂ ਦੀ ਵਿਸ਼ੇ ਮਈ ਹਿਰਸ ਨਹੀਂ ਮਿਟਦੀ। ਨਾ ਹੀ ਮਰਨ ਪਹਿਰੇ ਤੇ ਆਏ ਹੋਏ ਮਨਮੁਖ ਹਿਣਸੀ ਬੁਢੜਿਆਂ ਦੀ ਹਿਰਸ ਵਿਸ਼ੇ-ਕਾਮਨਾ ਮਿਟਦੀ ਹੈ। ਇਹ ਕੇਵਲ ਗੁਰੂ ਸੰਵਾਰੇ ਗੁਰਮੁਖਿ ਸੰਤ ਭਗਤ ਗੁਰੂ ਦੇ ਵਰੋਸਾਏ ਸਿਖ ਹੀ ਹਨ ਜਿਨ੍ਹਾਂ ਦੀ ਕੇਵਲ ਵਾਹਿਗੁਰੂ-ਨਾਮ-ਰੰਗਾਂ ਵਿਚਿ ਰੰਗਿਆਂ ਰੱਚਿਆਂ ਹੀ ਸਾਰੀ ਆਰਬਲਾ ਤੋੜ ਤਾਈਂ ਵਿਹਾਉਂਦੀ ਹੈ ॥ ੨ ॥ ਐਸੇ ਭੀ ਅਣਗਿਣਤ ਅਭਾਗੇ ਲੋਗ ਹਨ, ਜਿਨ੍ਹਾਂ ਦੀ ਸਾਰੀ ਆਯੂ ਜੂਏ ਖੇਲਦਿਆਂ ਹੀ ਬਰਬਾਦ ਹੁੰਦੀ ਹੈ। ਉਹਨਾਂ ਨੂੰ ਜੂਏ ਦਾ ਐਸਾ ਝਸ ਪਿਆ ਹੋਇਆ ਹੁੰਦਾ ਹੈ ਕਿ ਉਹ ਜੂਏ ਨੂੰ ਛਡ ਹੀ ਨਹੀਂ ਸਕਦੇ। ਛਡਾਇਆਂ ਭੀ ਨਹੀਂ ਛਡਦੇ। ਜੂਆ ਖੇਲਣਾ ਭੀ ਇਕ ਭਾਰੀ ਵਿਕਾਰੀ ਕੁਕਰਮ ਹੈ। ਜੋ ਸੱਟੇ ਦੇ ਵਾਪਾਰੀ ਹਨ, ਉਹ ਭੀ ਇਕ ਪ੍ਰਕਾਰ ਦੇ ਜੁਆਰੀਏ ਹੀ ਹਨ। ਇਹਨਾਂ ਸੱਟੇਬਾਜ਼ਾਂ ਅਤੇ ਜੁਆਰੀਆਂ ਦਾ ਬੜਾ ਹੀ ਤਰਸ ਯੋਗ ਜੀਵਨ ਹੈ। ਸਾਰਾ ਜਨਮ ਜੂਏਬਾਜ਼ੀ ਸੱਟੇਬਾਜ਼ੀ ਵਿਚਿ ਬਿਤਾ ਦਿੰਦੇ ਹਨ। ਏਥੇ (ਇਸ ਲੋਕ ਵਿਖੇ) ਭੀ ਖੁਆਰ ਹੁੰਦੇ ਹਨ ਅਤੇ ਅਗੇ ਜਾ ਕੇ ਪਰਲੋਕ ਵਿਚਿ ਘੋਰ ਖੁਆਰੀ ਉਹਨਾਂ ਦੇ ਨਸੀਬਾਂ ਲੇਖਾਂ ਵਿਚਿ ਲਿਖੀ ਹੋਈ ਹੁੰਦੀ ਹੈ। ਲਖ ਚੁਰਾਸੀ ਜੂਨੀਆਂ ਦੇ ਜਨਮ ਭੁਗਤ ਕੇ ਮੁੜ ਤਿਨ੍ਹਾਂ ਨੂੰ ਕਦੇ ਫੇਰ ਅਵਸਰ ਮਾਨੁਖਾ ਜਨਮ ਦਾ ਮਿਲਦਾ ਹੈ। ਓਦੂੰ ਵਧ ਜੂਏਬਾਜ਼ੀ ਫੇਰ ਕਰਦੇ ਹਨ, ਕਿਉਂਕਿ ਪਹਿਲੇ ਸੰਸਕਾਰ ਉਹਨਾਂ ਦੇ ਜੂਏਬਾਜ਼ੀ ਵਾਲੇ ਨਹੀਂ ਮਿਟੇ ਹੋਏ ਹੁੰਦੇ। ਏਸੇ ਮਾਨਖਾ ਜਨਮ ਵਿਚ ਹੀ ਉਹਨਾਂ ਦਾ ਸੁਧਾਰ ਹੋ

ਜਾਵੇ ਤਾਂ ਹੋ ਜਾਵੇ, ਨਹੀਂ ਤਾਂ ਕੋਈ ਠਿਕਾਣਾ ਨਹੀਂ। ਉਹ ਗੁਰਸਿੱਖੀ ਦੇ ਮਾਰਗ ਤੇ ਆ ਹੀ ਨਹੀਂ ਸਕਦੇ। ਜੇ ਕਿਤੇ ਭੁਲੇ ਭਟਕੇ ਆ ਭੀ ਜਾਣ ਤਾਂ ਚਲ ਨਹੀਂ ਸਕਦੇ, ਖੰਡੇ ਦੀ ਧਾਰ ਵਾਲੇ ਤਿਖੇ ਗੁਰਸਿੱਖੀ ਦੇ ਮਾਰਗ ਉਤੇ। ਏਹਨਾਂ ਜੁਆਰੀਆਂ ਦੇ ਬਿਗੜ-ਜੀਵਨੀ ਜੀਵਨ ਵਾਕਰ ਹੀ ਬਦਕਾਰੀ ਅਮਲੀਆਂ, ਸ਼ਰਾਬੀਆਂ, ਅਫ਼ੀਮੀਆਂ, ਪੋਸਤੀਆਂ, ਭੰਗੀਆਂ, ਬਿਖਈਆਂ, ਸੁਲਫ਼ਈਆਂ, ਬਿਖਿਆ (ਤਮਾਕੂ) ਨਸ਼ਈਆਂ ਦਾ·ਅਤਿ ਮਤ ਮੰਦਾ ਜੀਵਨ ਹੈ। ਤਿਨ੍ਹਾਂ ਦੀ ਸਾਰੀ ਅਮਲ-ਦਹਿਚਾਰਨੀ ਉਮਰ ਅਮਲੀ ਹੋਇਆਂ ਹੀ ਨਿਬੜ ਜਾਂਦੀ ਹੈ। ਪਰ ਕਿਸੇ ਅਮਲੀ ਤੋਂ ਕੋਈ ਭੀ ਅਮਲ ਨਹੀਂ ਛੁਟਦਾ। ਉਹ ਐਥੇ ਭੀ ਧੱਕੇ ਖਾਂਦੇ ਹਨ ਅਤੇ ਸੱਚੇ ਖਸਮ ਦੇ ਦਰ ਤੇ ਭੀ ਜਾ ਕੇ ਧੱਕੇ ਹੀ ਖਾਂਦੇ ਹਨ। ਅਣਗਿਣਤ ਚੋਰੀ ਦੇ ਕਸਬ ਵਾਲੇ ਚੋਰਾਂ ਦੀ, ਪਰਾਇਆ ਧਨ ਚੁਰਾਉਂਦਿਆਂ ਦੀ, ਚੋਰਾਂ ਦਾ ਕਿਤਾ ਕਮਾਉਂਦਿਆਂ ਦੀ ਹੀ ਸਾਰੀ ਉਮਰ ਖਰਾਬ ਹੁੰਦੀ ਹੈ। ਚੋਰੀ ਦਾ ਕੁਕਰਮ ਯਾਰੀ ਦੇ ਕੁਕਰਮ ਜਿਹਾ ਹੀ ਕਰੂਰ ਅਤੇ ਕੁਲੱਛਣਾ ਹੈ। ਚੋਰ ਚੋਰੀ ਕਦੇ ਛਡ ਹੀ ਨਹੀਂ ਸਕਦੇ। ਇਹ ਕੇਵਲ ਗੁਰੂ ਕੇ ਸੁਮਤਿ ਨਦਰਾਏ ਸਿਖ ਸੰਤ ਹੀ ਹਨ ਜਿਨ੍ਹਾਂ ਦੀ ਕੇਵਲ ਨਾਮ ਧਿਆਉਂਦਿਆਂ ਸਾਰੀ ਆਯੂ ਸਫਲੀ ਹੁੰਦੀ ਹੈ, ਸਫਲ ਨਾਮ ਸਾਲਾਹੀ ਕਰਮ ਕਰੰਦਿਆਂ ॥ ੩ ॥ ਕਿਤਨਿਆਂ ਦੀ ਜੋਗ ਤਪ ਪੂਜਾ ਵਾਲੇ ਕਨਿਸ਼ਟ ਕਰਮਾਂ ਵਿਚਿ ਕਨਿਸ਼ਟਤ ਹੋਈ ਵੀ ਸਾਰੀ ਜ਼ਿੰਦਗੀ ਖ਼ਰਚ ਹੋ ਜਾਂਦੀ ਹੈ। ਬਹੁਤਿਆਂ ਦੀ ਅਜਿਹੇ ਭੈੜੇ ਕਰਮਾਂ ਵਿਚਿ ਸਾਰੀ ਉਮਰ ਗੁਜ਼ਰਦੀ ਹੈ, ਜਿਨ੍ਹਾਂ ਭੈੜੇ ਕਰਮਾਂ ਦੇ ਕਰਨ ਕਰਿ ਉਹਨਾਂ ਨੂੰ ਅਸਾਧ ਰੋਗ ਚਿਮੜ ਜਾਂਦੇ ਹਨ। ਉਹ ਸਾਰੀ ਉਮਰ ਰੋਗ-ਗ੍ਰਸਤ ਹੀ ਰਹਿੰਦੇ ਹਨ। ਰੋਗਾਂ ਸੋਗਾਂ ਵਿਚ ਹੀ ਭਰਮਦਿਆਂ, ਗਰਤ ਹੋਏ ਤਿਨ੍ਹਾਂ ਪ੍ਰਾਣੀਆਂ ਦੀ ਉਮਰ ਵਿਹਾਉਂਦੀ ਹੈ। ਪਵਨ-ਧਾਰੀਆਂ ਦੀ ਪਵਨਧਾਰੀ-ਪ੍ਰਾਣਾਯਾਮ ਕਰਦਿਆਂ ਹੀ ਸਾਰੀ ਬੈਸ ਵਿਹਾ ਜਾਂਦੀ ਹੈ। ਪ੍ਰਾਣਾਯਾਮ ਕਰ ਕੇ ਬੈਸ (ਉਮਰ) ਲੰਮੇਰੀ, ਵਡ-ਲੰਮੇਰੀ ਤਾਂ ਹੋ ਜਾਂਦੀ ਹੈ, ਪਰ ਕਲਿਆਣ-ਗਤੇਰੀ ਫੇਰ ਭੀ ਨਹੀਂ ਹੁੰਦੀ। ਸਗੋਂ ਵਧੇਰੀ ਤ੍ਰਿਸ਼ਨਾ-ਤ੍ਰਿਸ਼ਨੇਰੀ ਸੰਕਲਪ-ਵਿਕਲਪੇਰੀ ਹੋ ਜਾਂਦੀ ਹੈ। ਇਹ ਕੇਵਲ ਗੁਰੂ ਘਰ ਦੇ ਨਿਰੰਕਾਰੀ ਨਾਮ ਆਧਾਰੀ ਸਿਖ ਹੀ ਹਨ ਜਿਨ੍ਹਾਂ ਦੀ ਦਿਨ ਰੈਣਾਈ ਸਾਰੀ ਅਵਸਥਾ ਹਰਿ ਕੀਰਤਨ ਗਾਵੰਦਿਆਂ ਹੀ ਵਿਹਾਉਂਦੀ ਹੈ, ਕਰਮਨ ਸਿਰ ਕਰਮੁ ਸੱਚਾ ਕਰਮੁ ਕੀਰਤਨ ਕਮਾਵੰਦਿਆਂ ਹੀ ਸਫਲੀ ਹੁੰਦੀ ਹੈ ॥ ੪ ॥ ਐਸੇ ਭੀ ਬਥੇਰੇ ਅਣਗਿਣਤ ਬੰਦੇ ਹਨ ਜਿਨ੍ਹਾਂ ਦੀ ਸਾਰੀ ਉਮਰ ਸਫ਼ਰ ਵਿਚ ਹੀ ਏਧਰ ਉਧਰ ਚਲਦਿਆਂ ਫਿਰਦਿਆਂ ਹੀ ਵਿਹਾ ਜਾਂਦੀ ਹੈ। ਅਨੇਕਾਂ ਦੀ ਇਕ ਥਾਉਂ ਜੰਮ ਕੇ ਬੈਠੇ ਰਹਿਣ ਵਿਚਿ ਨਿਜ ਮਨਸਾ ਮੁਤਾਬਕ ਮਨ-ਮੰਨਿਆ ਪਿੜ ਮੱਲੀ ਰੱਖਣ ਵਿਚਿ ਸਾਰੀ ਉਮਰ ਵਿਹਾਉਂਦੀ ਹੈ। ਇਕੈ ਖਾਸ ਡੇਰੇ ਅਸਥਾਨ ਦਾ ਸਾਰੀ ਉਮਰ ਮਹੰਤ ਬਣੇ ਰਹਿਣ ਵਿਚਿ ਹੀ ਬਿਹਾ ਜਾਂਦੀ ਹੈ। ਅਨੇਕਾਂ ਅਣਗਿਣਤ ਪਾਂਧਿਆਂ, ਪਾਦਰੀਆਂ, ਮੁਲਾਣਿਆਂ, ਮਾਸਟਰਾਂ, ਟੀਚਰਾਂ, ਪ੍ਰੋਫ਼ੈਸਰਾਂ, ਪ੍ਰਿੰਸੀਪਲਾਂ, ਅਨਿਕ ਪ੍ਰਕਾਰੀ ਅਧਿਆਪਕਾਂ ਦੀ ਸਾਰੀ ਹੀ ਅਵਸਥਾ ਬਾਲਕੇ ਬਾਲਕੀਆਂ ਮੁੰਡੇ ਕੁੜੀਆਂ ਨੂੰ ਪੜ੍ਹਾਉਂਦਿਆਂ, ਕੁੜਾਵੀਆਂ ਪੜ੍ਹਾਈਆਂ ਨਾਲ ਮਗਜ਼ ਮਾਰਦਿਆਂ ਹੀ ਗੁਜ਼ਰ ਜਾਂਦੀ ਹੈ ਅਤੇ ਸਾਰੀ ਉਮਰ ਅਜਾਈਂ ਹੀ ਜਾਂਦੀ ਹੈ। ਕੇਵਲ ਹਰਿ ਜਸ ਗਾਵਣਹਾਰੇ ਗੁਰਸਿੱਖਾਂ ਸੰਤਾਂ ਦੀ ਹੀ ਸਾਰੀ ਉਮਰ ਥਾਇਂ ਪੈਂਦੀ ਹੈ, ਕਿਉਂਕਿ ਤਿਨ੍ਹਾਂ ਦੀ ਉਮਰ ਭਰ ਹਰਿ ਜਸ ਕੀਰਤਨ ਵਿਚਿ ਮਗਨੰਦ ਰਹਿੰਦਿਆਂ ਹੀ ਸੁਜੀਵਨੀ ਸੁਖ ਸਹਜ ਲੇਖੇ ਲਗਦੀ ਹੈ ॥ ੫ ॥ ਸੰਸਾਰੀ ਦੁਨੀਆਦਾਰਾਂ ਦੀ ਸਭ ਤੋਂ ਵਡੀ ਮੇਜਾਰਟੀ ਉਹ ਹੈ ਜੋ ਚੰਚਲ ਚਾਇ ਵਾਲੇ ਨਟ

ਨਾਟਿਕ ਨਿਰਤੀ ਥੀਏਟਰਾਂ ਸਿਨਿਮਿਆਂ ਦੇ ਦੇਖਣ ਵਿਚ ਹੀ ਸਾਰੀ ਦੀ ਸਾਰੀ ਉਮਰ ਖਰਾਬ ਕਰ ਦਿੰਦੇ ਹਨ। ਪਰ ਉਹਨਾਂ ਦੇ ਪੱਲੇ ਕੁਛ ਨਹੀਂ ਪੈਂਦਾ, ਸਗੋਂ ਸਭ ਕੁਛ ਗੁਆ ਬੈਠਦੇ ਹਨ। ਆਪਣੀ ਆਕਬਤ ਭੀ ਗੰਦੀ ਕਰ ਲੈਂਦੇ ਹਨ। ਬੜੇ ਬੜੇ ਪੜ੍ਹੇ ਲਿਖੇ ਮਗ਼ਰਬੀ (ਪੱਛਮੀ) ਤਹਿਜ਼ੀਬ ਦੀਆਂ ਮੁਹੱਜ਼ਬ ਪੜ੍ਹਾਈਆਂ ਵਿਚਿ ਹੜ੍ਹੇ ਕੜ੍ਹੇ ਹੋਏ ਏਸ ਨਿਘਰ ਟੋਏ ਵਿਚਿ ਗ਼ਰਕ ਹੋ ਕੇ ਬਹੁਤੇ ਡਿਗਦੇ ਹਨ। ਮਾਇਕ ਵਡੇਰੂਆਂ, ਫੋਕੀ ਤਹਿਜ਼ੀਬ ਦੇ ਮੁਠੜੇ, ਤਾਲੀਮ ਇਲਮੇਰੂਆਂ ਦੇ ਪਰਵਾਰਾਂ ਦੇ ਪਰਵਾਰ ਜੁੜ ਕੇ ਸਿਨਿਮੇ ਥੀਏਟਰਾਂ ਦੇ ਗੰਦੇ ਰਾਗ, ਨੰਗੇ ਨਾਚ, ਮੰਦੇ ਕਰਮਾਚ ਦੇਖਣ ਸੁਣਨ ਅਤੇ ਗੁੜਨ ਲਈ ਜਾਂਦੇ ਹਨ। ਬੜੇ ਬੜੇ ਉਘੇ ਰੀਫ਼ਾਰਮਰ ਵਜ਼ੀਰ ਕਬੀਰ ਰਾਜੇ ਰਾਉ ਅਮੀਰ ਆਪਣੀਆਂ ਬਹੂਆਂ ਬੇਟੀਆਂ ਨੋਹਾਂ ਪੜਨੋਹਾਂ ਨੂੰ ਲੈ ਕੇ ਏਸ ਅਤਿ ਬੇਸ਼ਰਮੀ ਵਾਲੇ ਤਮਾਸ਼ਿਆਂ ਦੇ ਨਿਜ ਸੰਤਾਨ ਵਿਗਾੜੂ ਪਰਚਾਰਕ ਬਣਦੇ ਹਨ। ਅੱਜ ਸਾਰਾ ਭਾਰਤ-ਵਰਸ਼, ਸਾਰਾ ਹਿੰਦੁਸਤਾਨ, ਕੀ ਅਮੀਰ ਕੀ ਗਰੀਬ ਤਬਕਾ ਏਸੇ ਸਿਨਿਮੇ-ਬਾਜ਼ੀ ਦੀ ਧਸਣ ਵਿਚਿ ਧਸ ਰਹਿਆ ਹੈ। ਤਿਨ੍ਹਾਂ ਦੇ ਉਤਾਰੇ ਨਿਸਤਾਰੇ ਦੀ ਕੋਈ ਆਸ ਉਮੈਦ ਨਹੀਂ। ਬੇਸ਼ੁਮਾਰ ਅਸੰਖਾਂ ਐਸੇ ਅਤਿਆਚਾਰੀ ਹਨ ਜੋ ਨਿਧੜਕ ਹੋ ਕੇ ਜੀਵ-ਹਿੰਸਾ ਕਰਦੇ ਹਨ ਅਤੇ ਜਾਨਵਰਾਂ ਪਸ਼ੂਆਂ ਪੰਖੀਆਂ ਦੇ ਗਲ ਵੱਢ ਕੇ ਹੱਤਿਆ ਕਮਾਉਂਦੇ ਹਨ। ਅਨੇਕਾਂ ਦੀ ਤਾਂ ਰਾਜ-ਗਰਦੀ ਕਰਦਿਆਂ ਦੀ ਵਿਹਾਉਂਦੀ ਹੈ, ਪਰ ਅਨੇਕਾਂ ਦੀ ਇਸ ਰਾਜ-ਗਰਦੀ ਤੋਂ ਡਰਿ ਡਰਿ ਮਰਦਿਆਂ ਦੀ ਮਸਾਂ ਗ਼ੁਲਾਮੀ ਦੇ ਜੀਵਨ ਵਾਲਾ ਗੁਜ਼ਾਰਾ ਕਰਦਿਆਂ ਦੀ ਵਿਹਾਉਂਦੀ ਹੈ। ਏਹਨਾਂ ਗ਼ੁਲਾਮਾਂ ਦੀ ਕੋਈ ਜੀਊਣੀ ਹੈ? ਪਰ ਉਨ੍ਹਾਂ ਦੀ ਆਦਤ ਬਣੀ ਹੋਈ ਹੈ ਸਾਰਿਆਂ ਦੇ ਗ਼ੁਲਾਮ ਬਣਨ ਦੀ। ਇਸ ਗ਼ੁਲਾਮੀ ਤੋਂ, ਇਸ ਵਿਡਾਣੀ ਚਾਕਰੀ ਦੀ ਛੱਟ ਪੁਆਉਣ ਤੋਂ ਅਤੇ ਉਪਰ ਜ਼ਿਕਰ ਕੀਤੇ ਲੰਪਟ ਬਾਜ਼ਾਰੀਆਂ ਵਾਲੀ ਵਿਕਾਰ ਡੰਡਾਰੀ ਸੱਟ ਸਹਿਣ ਤੋਂ ਸੇਈ ਜਨ ਬਚੇ ਹਨ ਜੋ ਕੇਵਲ ਨਾਮ ਨਿਰੰਕਾਰ ਦੇ ਰੰਗਾਂ ਵਿਚਿ ਰੱਤੇ ਹਨ। ਐਸੇ ਹਨ ਕੇਵਲ ਗੁਰੂ ਘਰ ਦੇ ਉਹ ਸੰਤ ਭਗਤ ਸਿਖ ਗੁਰਮੁਖਿ ਪਿਆਰੇ, ਜੋ ਅਨਦਿਨ ਨਾਮ ਸਿਫਤਿ ਸਾਲਾਹ ਦੇ ਕੀਰਤਨ ਰੰਗ ਵਿਚਿ ਦਿਨ ਰਾਤ ਰੱਤੇ ਰਹਿੰਦੇ ਹਨ ॥ ੬ ॥ ਐਸੇ ਭੀ ਕਿਤਨੇ ਨੀਤੀਵਾਨ ਮਤਾ ਮਸੂਰਤੀ ਮੁਸਾਹਿਬ ਹਨ, ਜਿਨ੍ਹਾਂ ਦੀ ਅਨਦਿਨ ਮਸ਼ਵਰੇ ਕਰਦਿਆਂ ਅਤੇ ਮਤੇ ਪਕਾਉਂਦਿਆਂ ਹੀ ਵਿਹਾਉਂਦੀ ਹੈ। ਦੁਨੀਆ ਵਿਚਿ ਅਜਿਹੇ ਸੁਆਰਥੀ ਬੰਦੇ ਭੀ ਅਣਗਿਣਤ ਹਨ ਜੋ ਆਪਣੀ ਖ਼ੁਦਗਰਜ਼ੀ ਨੂੰ, ਨਿਜ ਸੁਆਰਥ ਨੂੰ ਮੁਖ ਰਖ ਕੇ ਆਪਣੀ ਨਿਜ ਜ਼ਰੂਰਤ ਦੇ ਮਾਰੇ ਹੀ ਕੌਮ ਦੀ ਸੇਵਾ ਯਾ ਹਕੂਮਤ ਦੀ ਮੁਲਾਜ਼ਮਤ ਕਰਦੇ ਹਨ, ਪਰਉਪਕਾਰ ਯਾ ਪਰਸੁਆਰਥ ਲਈ ਨਹੀਂ। ਅਨੇਕਾਂ ਐਸੇ ਹਨ ਜੋ ਨਿਰੀ ਸੋਧ ਸਫ਼ਾਈ ਸੋਚ ਪੋਚ ਵਾਲੀ ਜੀਵਨੀ ਨੂੰ ਮੁਖ ਰੱਖ ਕੇ ਹੀ ਜੀਵਨ ਜਨਮ ਬਿਤੀਤ ਕਰਦੇ ਹਨ, ਪ੍ਰੰਤੂ ਗੁਰੂ ਨਾਨਕ ਦੇ ਘਰ ਦੇ ਨਿਰੰਕਾਰ-ਨਾਮ-ਰਸੀਏ ਸੰਤ ਜਨਾਂ ਦੀ ਸਾਰੀ ਉਮਰ ਹੀ ਅਮਿਉ ਰਸ ਪੀਂਦਿਆਂ, ਅੰਮ੍ਰਿਤ ਨਾਮ ਦੇ ਗਟਾਕ ਛਕਦਿਆਂ ਹੀ ਵਿਹਾਉਂਦੀ ਹੈ ॥ ੭ ॥ ਨਿਰੰਕਾਰੀ ਨਾਮ ਤੋਂ ਘੁਥੜੇ ਸਾਰੇ ਸੰਸਾਰੀ ਹੋਰ ਹੋਰ ਕਰਮਾਂ ਵਿਚ ਹੀ ਸਾਰੀ ਉਮਰ ਲਗੇ ਰਹਿੰਦੇ ਹਨ। ਪਰ ਜਿਵੇਂ ਲਾਉਣਹਾਰੇ ਕਰਮ-ਬਿਧਾਤੇ ਕਰਤਾਰ ਨੇ ਉਹ ਜਿਥੇ ਜਿਥੇ ਜਿਹੜੇ ਕਰਮਾਂ ਵਿਚਿ ਲਾਏ ਹਨ, ਤਿਥੇ ਤਿਥੇ ਤਿਨ੍ਹਾਂ ਕਰਮਾਂ ਵਿਚ ਹੀ ਉਹਨਾਂ ਨੂੰ ਆਪਣੇ ਪੂਰਬਲੇ ਕਰਮਾਂ ਅਨੁਸਾਰ ਲਗਣਾ ਪੈਂਦਾ ਹੈ। ਤਿਨ੍ਹਾਂ ਕਰਮਾਂ ਵਿਚਿ ਲੱਗਣ ਵਾਲੀ ਮੂਰਖਤਾ (ਮੂੜ੍ਹਤਾ) ਤੇ ਸਿਆਣਪ ਭੀ ਉਹਨਾਂ ਦੇ ਆਪਣੇ ਅਖ਼ਤਿਆਰ ਨਹੀਂ। ਜਿਹੋ ਜਿਹੇ ਉਹ ਕਰਮ ਕਮਾਉਂਦੇ ਹਨ, ਤਿਹੋ ਜਿਹੀ ਉਹਨਾਂ ਦੀ

 www.sikhbookclub.com

ਮਤਿ ਹੋਈ ਰਹਿੰਦੀ ਹੈ। ਅਤੇ ਤਿਹੋ ਜਿਹੀ ਹੀ ਹੋ ਜਾਂਦੀ ਹੈ ਕਰਮਗੇੜ ਦੇ ਉਲੱਥ-ਪਲੱਥੀ ਸਜ਼ਾ ਜਜ਼ਾਏ ਸਿਲਸਿਲੇ ਅਨੁਸਾਰ। ਜਿਨ੍ਹਾਂ ਨੂੰ ਆਪਣੀ ਅਪਾਰ ਕਿਰਪਾ ਕਰ ਕੇ ਵਾਹਿਗੁਰੂ ਨਾਮ ਦੀ ਬਖ਼ਸ਼ੀਸ਼ ਕਰਦਾ ਹੈ, ਉਹੀ ਨਾਮ ਜਪਦੇ ਹਨ। ਤਿਨ੍ਹਾਂ ਦੀ ਨਾਮ ਅਭਿਆਸ ਕਮਾਈ ਤੋੜ ਨਿਭਦੀ ਹੈ ਅਤੇ ਸਫਲ ਫਲਦੀ ਹੈ। ਸਦਕੇ, ਧੰਨ ਗੁਰੂ ਨਾਨਕ! ਗੁਰੂ ਨਾਨਕ ਸਾਹਿਬ ਤਿਨ੍ਹਾਂ ਦੇ ਬਲਿਹਾਰਨੇ ਜਾਂਦੇ ਹਨ। ਕੈਸੇ ਵਡਭਾਗੀ ਹਨ ਨਾਮ ਅਭਿਆਸ ਕਮਾਈ ਕਰਨਹਾਰੇ, ਜਿਨ੍ਹਾਂ ਉਤੇ ਗੁਰੂ ਸਾਹਿਬ ਐਸੇ ਕੁਰਬਾਨ ਹਨ। ਤਾਂ ਹੀ ਤੇ ਤਿਨ੍ਹਾਂ ਦੀ ਸਫਲ ਕਮਾਈ ਸਭਨਾਂ ਕਰਮ-ਕਮਾਈਆਂ ਤੋਂ ਸ੍ਰੇਸ਼ਟ ਅਤੇ ਪੁਜ ਕੇ ਉੱਤਮ ਹੈ ॥ ੮ ॥ ਧੰਨ ਗੁਰੂ ਨਾਨਕ!

ਅਗਲੇ ਗੁਰ ਪ੍ਰਮਾਣ ਅੰਦਰਿ ਕੇਵਲ "**ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥**" ਮਈ ਗੁਰਮਤਿ ਕਰਮ ਵਿਲੱਖਣੀ ਭਾਵ ਦੀ ਵਿਧਾਨਤਾ ਦਾ ਵਿਸਥਾਰ ਹੈ, ਜਿਸ ਦੇ ਮੁਕਾਬਲੇ ਵਿਚਿ ਆਨਮਤਿ ਕਰਮ ਸਭ ਹੋਛੇ ਹਨ। ਯਥਾ ਗੁਰਵਾਕ—

**ਸਲੋਕੁ ਮਃ ੧ ॥ ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ। ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥ ੧ ॥**

**(ਰਾਮਕਲੀ ਕੀ ਵਾਰ, ੯੫੩-੫੪)**

ਵਿਆਖਿਆ— ਹਜ਼ਾਰ ਭਗਾਂ ਵਾਲਾ ਗੋਤਮ-ਸਰਾਪੀ-ਡੰਨ-ਝਲ ਕੇ (ਮਜਬੂਰੀ ਦਾਨ ਦੇ ਕੇ) ਇੰਦਰ ਰਾਜੇ ਨੂੰ ਰੋਣਾ ਪਿਆ। ਗੋਤਮ ਰਿਖੀ ਨੇ ਨਿਜ ਇਸਤ੍ਰੀ ਅਹਿਲਿਆ ਨਾਲ ਕੁਕਰਮ ਦੇ ਬਦਲੇ ਇੰਦਰ ਰਾਜੇ ਨੂੰ ਹੁਜ਼ਾਰ ਭਗਾਂ ਦੇ ਸਰਾਪ ਵਾਲਾ ਡੰਨ-ਦਾਨ ਦੇ ਕੇ ਰੁਆ ਦਿੱਤਾ। ਇੰਦਰ ਐਡਾ ਪਰਸਿਧ ਦੇਵਤਾ ਹੋ ਕੇ ਕਾਮ ਚੇਸ਼ਟਾ ਦਾ ਸ਼ਿਕਾਰ ਹੋ ਗਿਆ ਅਤੇ ਪ੍ਰਾਈ ਇਸਤ੍ਰੀ (ਗੋਤਮ ਦੀ ਸੁਪਤਨੀ) ਅਹਿਲਿਆ ਨਾਲਿ ਬਿਭਚਾਰ ਕਰ ਕੇ ਪਤਿਤ ਹੋ ਗਿਆ। ਉਸ ਦੀ ਤਪੱਸਿਆ ਘਾਲਣਾ ਐਵੇਂ ਅਜਾਈਂ ਗਈ। ਉਹ ਕਾਮ ਨੂੰ ਭੀ ਬਸ ਨਾ ਕਰਿ ਸਕਿਆ ਅਤੇ ਆਪਣੀ ਦੇਵਤਾਈ ਨੂੰ ਭੁਲ ਕੇ ਪਰਤ੍ਰਿਆ-ਗਾਮੀ ਹੋ ਗਿਆ। ਕੀ ਵਡਿਆਈ ਹੈ ਦੇਵ ਕਰਮ ਦੀ? ਇੰਦਰ ਦੇਵਤੇ ਨੂੰ ਹੰਕਾਰ ਹੋ ਗਿਆ ਸੀ ਆਪਣੇ ਦੇਵਤਾਪਣ ਦਾ ਅਤੇ ਆਪਣੇ ਕੀਤੇ ਉੱਗਰ ਤਪ ਦਾ। ਇਸ ਅਹੰਕਾਰ ਦੇ ਬਦਲੇ ਉਸ ਨੂੰ ਇਹ ਸਜ਼ਾ ਮਿਲੀ ਕਿ ਕਾਮ ਵਿਚਿ ਅੰਨ੍ਹਾ ਹੋ ਕੇ ਪਤਿਤ-ਕਰਮੀ ਹੋ ਗਿਆ। ਅਹਿਲਿਆ ਨੂੰ ਆਪਣੇ ਸਤੀਬ੍ਰਤ ਕਰਮ ਦਾ ਮਾਣ ਸੀ। ਸੋ ਉਹ ਭੀ ਟੁਟ ਗਿਆ। ਆਨਮਤਿ ਕਰਮ ਜਪ, ਤਪ, ਸਤ ਆਦਿਕ ਕਰ ਕੇ ਕਾਮ, ਕ੍ਰੋਧ, ਹੰਕਾਰ

ਵਿਆਪ ਜਾਂਦਾ ਹੈ। ਤਾਂ ਤੇ ਸਭ ਆਨਮਤਿ ਕਰਮ ਨਿਸਫਲ ਹਨ।

ਪਰਸਰਾਮ ਨੂੰ ਆਪਣੇ ਬਲ ਪਰਾ-ਕਰਮ ਦਾ ਬੜਾ ਹੰਕਾਰ ਸੀ। ਸਿਰੀ ਰਾਮ ਚੰਦਰ ਜੀ ਨੇ ਉਸ ਦੇ ਪੈਰੀਂ ਹੱਥ ਲਾ ਕੇ ਉਸ ਦੀ ਬਲ-ਸਤਿਆ ਸਾਰੀ ਖਿਚ ਲਈ। ਬਲ-ਸਤਿਆ ਗੰਵਾ ਕੇ ਉਹ ਆਪਣੇ ਘਰਿ ਆ ਕੇ ਬਹੁਤ ਰੁੰਨਾ। ਉਸ ਦੇ ਤਪ ਸਾਧਨ ਕੀਤੇ ਐਵੇਂ ਹੀ ਗਏ। ਸਿਰੀ ਰਾਮ ਚੰਦਰ ਦੇ ਦਾਦੇ ਰਾਜਾ ਅਜੈ ਨੇ ਇਕ ਮੰਗਣ ਆਏ ਸਾਧੂ ਨੂੰ ਮਖ਼ੌਲ ਕਰ ਕੇ ਲਿੱਦ ਦੀ ਭਿਖਿਆ ਦਿੱਤੀ। ਸਾਧੂ ਦੇ ਸਰਾਪ ਕਰ ਕੇ ਅਜੈ ਨੂੰ ਲਿੱਦ ਖਾਣੀ ਪਈ। ਪਰ ਫੇਰ ਰੋਏ ਧੋਏ ਤੇ ਕੀ ਬਣਦਾ ਹੈ। ਆਪਣੇ ਤਪ ਹੰਕਾਰ ਦਾ ਫਲ ਅਵੱਸ਼ ਪਾਉਣਾ ਪਿਆ। ਦਰਗਾਹ ਅੰਦਰਿ ਉਸ ਨੂੰ ਭੀ ਸਜ਼ਾ ਭੁਗਤਣੀ ਪਈ। ਜਪ ਤਪ ਸੰਜਮ ਵਾਲਿਆ ਨੂੰ ਸਜ਼ਾਵਾਂ ਭੁਗਤਣੀਆਂ ਹੀ ਪੈਂਦੀਆਂ ਹਨ। ਦੇਸ਼-ਨਿਕਾਲਾ ਮਿਲੇ ਤੇ ਰਾਮ ਚੰਦਰ ਨੂੰ ਭੀ ਰੋਣਾ ਪਿਆ। ਐਡੇ ਐਡੇ ਅਵਤਾਰਾਂ ਦੀ ਇਹ ਹਾਲਤ ਹੈ ਕਿ ਭਾਣਾ ਮੰਨਣ ਦੀ ਸ਼ਕਤੀ ਤੋਂ ਆਸ਼ਕਤ ਰਹਿ ਗਏ। ਨਿਜ ਤ੍ਰਿਆ ਸੀਤਾ ਅਤੇ ਨਿਜ ਭਰਾਤਾ ਲਛਮਣ ਦੇ ਵਿਛੋੜੇ ਦੇ ਕਾਰਨ ਭੀ ਸਿਰੀ ਰਾਮ ਚੰਦਰ ਨੂੰ ਰੋਣਾ ਪਿਆ। ਦਸਾਂ ਦਿਮਾਗਾਂ (ਸਿਰਾਂ) ਵਾਲਾ ਬਦ-ਦਿਮਾਗ ਰਾਵਣ ਲੰਕਾ ਨੂੰ ਹੱਥੋਂ ਗੰਵਾ ਕੇ ਰੋਇਆ, ਜਿਸ ਨੇ ਸੀਤਾ ਨੂੰ ਡੌਰੂ ਵਜਾ ਕੇ ਅਤੇ ਫ਼ਕੀਰ ਦਾ ਭੇਸ ਧਾਰ ਕੇ ਚੁਰਾ ਲਿਆਂਦਾ ਸੀ। ਪੰਜੇ ਪਾਂਡੋ (ਜਿਨ੍ਹਾਂ ਦੇ ਕ੍ਰਿਸ਼ਨ ਜੀ ਕੋਲ ਰਹਿੰਦੇ ਸਨ) ਉਹ ਭੀ ਬੜੇ ਰੋਏ, ਜਦੋਂ ਮਜੂਰ ਬਣੇ। ਰਾਜਾ ਜਨਮੇਜਾ ਭੀ ਕੁਰਾਹੇ ਪੈ ਕੇ ਬੜਾ ਰੋਇਆ। ਇਕ ਗ਼ਲਤੀ ਦੇ ਕਾਰਨ ਪਾਪੀ ਬਣ ਗਿਆ। ਉਸ ਨੇ ਇਕ ਬ੍ਰਾਹਮਣ ਦੀ ਹੱਤਿਆ ਕੀਤੀ ਸੀ ਜਾਨੋਂ ਮਾਰ ਕੇ, ਤਿਸ ਹੱਤਿਆ ਦਾ ਬਦਲਾ ਦੇਣਾ ਪਿਆ। ਬੜੇ ਬੜੇ ਸ਼ੇਖ ਮਸ਼ਾਇਕ ਪੀਰ ਭੀ ਰੋਂਦੇ ਫਿਰਦੇ ਰਹੇ, ਮਤੇ ਅੰਤ ਕਾਲ ਸਮੇਂ ਕੋਈ ਭੀੜ ਆ ਬਣੇ, ਇਸ ਡਰ ਕਰ ਕੇ ਰੋਏ। ਭਰਥਰੀ, ਗੋਪੀ ਚੰਦ ਰਾਜੇ ਭੀ ਗੋਰਖ ਪਾਸੋਂ ਕੰਨ ਪੜਾ ਕੇ ਅਤੇ ਗੋਰਖ ਦੇ ਚੇਲੇ ਬਣ ਕੇ ਬੜੇ ਰੋਏ ਪਛੋਤਾਏ, ਜਦੋਂ ਉਹਨਾਂ ਨੂੰ ਘਰਿ ਘਰਿ ਜਾ ਕੇ ਭਿਖਿਆ ਮੰਗਣੀ ਪਈ। ਸੂਮ ਲੋਕ ਧਨ ਗਵਾ ਕੇ, ਧਨ ਗਏ ਤੋਂ ਬਹੁਤ ਰੋਏ ਪਛੋਤਾਏ। ਬੇਦ-ਵੀਚਾਰੀ ਪੰਡਿਤ ਗਿਆਨ ਗਵਾ ਕੇ ਰੋਏ। ਜਿਸ ਦਾ ਘਰ ਭਤਾਰ ਪਤੀ ਨਾ ਰਿਹਾ ਉਹ ਬਾਲੀ (ਇਸਤ੍ਰੀ) ਭੀ ਬੜੀ ਰੋਈ।

ਗੁਰੂ ਨਾਨਕ ਸਾਹਿਬ ਓੜਕ ਸਚਾ ਫ਼ਤਵਾ ਇਹ ਦਿੰਦੇ ਹਨ ਕਿ ਸਾਰਾ ਸੰਸਾਰ ਹੀ ਦੁਖੀਆ ਹੈ। ਨਾਮ ਦਾ ਸ਼ਰਧਾਵਾਨ ਪੁਰਸ਼ ਹੀ ਸੰਸਾਰ ਵਿਚ ਜਿੱਤ ਕੇ ਜਾਣ ਵਾਲਾ ਹੈ। ਨਾਮ ਤੋਂ ਬਿਨਾਂ ਹੋਰ ਕਰਮ ਉੱਕੇ ਹੀ ਲੇਖੇ ਨਹੀਂ ਪੈਂਦੇ। ਨਾਮ ਰੂਪੀ ਕਰਮ ਸੁਕਰਮੀ ਜਿਤਣ ਵਾਲਿਆਂ ਦੀ ਹੀ ਜੈ ਜੈ ਕਾਰ ਹੁੰਦੀ ਹੈ। "**ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਪਾਇ ॥**" ਹੋਰਨਾਂ ਕਰਮਾਂ ਕਾਂਡਾਂ ਦੇ ਕਰਨ ਵਾਲਾ ਸਾਰਾ ਸੰਸਾਰ ਹੀ ਦੁਖੀਆ ਹੈ। ਗੁਰਮਤਿ ਨਾਮ ਨੂੰ ਮੰਨਣਹਾਰੇ, ਸਿਫਤਿ ਸਾਲਾਹੀ ਸਰਬੋਤਮ ਕਰਮ ਨੂੰ ਕਰਨ ਵਾਲੇ ਗੁਰਮਤਿ ਨਾਮ ਅਭਿਆਸੀ ਜਨ ਹੀ ਅਸਲ ਸੁਖੀਏ ਹਨ, ਕਿਉਂਕਿ ਤਿਨ੍ਹਾਂ ਦਾ ਤੱਤ ਸਾਰ ਸਿਫਤਿ ਸਾਲਾਹੀ ਗੁਰਮਤਿ ਨਾਮ ਕਰਮ ਹੀ ਲੇਖੇ ਲੱਗਣ ਵਾਲਾ ਕਰਮੁ ਹੈ। ਅਵਰੀ ਆਨਮਤਿ ਕਰਮ ਕੀਤੇ ਕਿਤੇ ਭੀ ਲੇਖੇ ਨਹੀਂ ਪੈਂਦੇ। ਤਾਂ ਹੀ ਤੇ ਗੁਰਮਤਿ ਨਾਮ ਅਭਿਆਸ ਕਰਮ, ਕਰਮਨ ਸਿਰ ਕਰਮ ਹੈ।

ਅਗਲੇ ਗੁਰ ਪ੍ਰਮਾਣ ਅੰਦਰਿ ਸਮੂਹ ਆਨਮਤੀ ਕਰਮ ਕਾਂਡਾਂ ਨੂੰ ਰੱਦ ਕਰ ਕੇ ਏਕੋ ਗੁਰਮਤਿ ਨਾਮ ਐਭਿਆਸ ਕਰਮ ਨੂੰ ਸ਼ਿਰੋਮਣੀ ਕਰਮ ਬਣਾਇਆ ਗਿਆ ਹੈ। ਯਥਾ

ਗੁਰਵਾਕ—

ਰਾਮਕਲੀ ਘਰੁ ੨ ॥ ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥ ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥ ੧ ॥ ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥ ੧ ॥ ਰਹਾਉ ॥ ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥ ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥ ੨ ॥ ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ ॥ ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਉ ਨ ਪੂਜੈ ॥ ੩ ॥ ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ ॥ ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥ ੪ ॥ ੪ ॥

(ਪੰਨਾ ੯੭੩)

ਵਿਆਖਿਆ—ਬਨਾਰਸ ਕਾਂਸ਼ੀ ਰਹਿਣ ਵਾਲਾ ਪੁਰਸ਼ ਬਨਾਰਸ ਕਾਂਸ਼ੀ ਜੈਸੇ ਹਿੰਦਵੈਣ ਦੇ ਮੰਨੇ-ਪਰਮੰਨੇ ਤੀਰਥਾਂ ਤੇ ਰਹਿ ਕੇ ਸਾਰੀ ਉਮਰ ਜੇ ਤਪ ਕਰੇ ਅਤੇ ਉਲਟਾ ਏਸੇ ਤੀਰਥ ਤੇ ਮਰ ਕੇ ਹੀ ਪ੍ਰਾਣ ਤਿਆਗ ਦੇਵੇ, ਅਗਨੀ ਵਿਚਿ ਆਪਣੇ ਆਪ ਨੂੰ ਦਾਹ ਸਿਟੇ, ਯੋਗ ਦੇ ਸਾਧਨਾਂ ਨਾਲਿ ਤੇ ਸੰਨਿਆਸੀਆਂ ਵੈਦਾਂ ਦੀਆਂ ਖਾਸ ਕਲਪ-ਕਾਇਆਂ ਕਰਨ ਵਾਲੀਆਂ ਦਵਾਈਆਂ ਨਾਲਿ ਬੁਢੇਪੇ ਵਿਚਿ ਆਪਣੀ ਕਾਇਆਂ ਨੂੰ ਨਵੀਂ ਨਿਰੋਈ ਜਵਾਨੀ ਵਾਲੀ ਕਾਇਆ ਬਣਾ ਲਵੇ; ਘੋੜੇ ਦੀ ਕੁਰਬਾਨੀ ਵਾਲਾ ਜਗੁ (ਅਸ੍ਵਮੇਧ ਜਗੁ) ਕਰੇ, ਸੋਨੇ ਨੂੰ ਫਲ ਵਿਚਿ ਲੁਕਾ ਕੇ ਗੁਪਤ ਦਾਨ ਕਰੇ; ਤਿਨ੍ਹਾਂ ਉਪਰ ਦੱਸੇ ਸਾਰੇ ਕਰਮਾਂ ਦਾ ਫਲ ਇਕ ਰਮਤ ਰਾਮ ਗੁਰਮਤਿ ਨਾਮ ਦੇ ਬਰਾਬਰ ਨਹੀਂ ਪੁਜ ਸਕਦਾ। ਤਾਂ ਤੇ ਮਨ ਕਰਕੇ ਪਾਖੰਡੀਆਂ, ਪਾਖੰਡ-ਕਰਮੀਆਂ ਨੂੰ ਪਾਖੰਡ ਅਤੇ ਪਾਖੰਡ-ਕਰਮ ਕਰਨੇ ਉੱਕੇ ਹੀ ਛੱਡ ਦੇਣੇ ਚਾਹੀਦੇ ਹਨ। ਇਹਨਾਂ ਪਾਖੰਡ-ਕਰਮਾਂ ਦੇ ਥਾਉਂ ਨਿਤਾ ਨਿਤ ਨਿਤਾਪ੍ਰਤਿ ਵਹਿਗੁਰੂ ਨਾਮ ਦਾ ਅਭਿਆਸ ਕਰੀ ਜਾਣਾ ਉਚਿਤ ਹੈ, ਜੋ ਇਨ੍ਹਾਂ ਕਰਮਾਂ ਕਾਂਡਾਂ ਤੋਂ ਕ੍ਰੋੜਾਂ ਦਰਜਾ ਵਧੇਰਾ ਫਲ ਪਰਦਾਤਾ ਹੈ ॥ ੧ ॥ ਰਹਾਉ ॥ ਭਾਵੇਂ ਗੰਗਾ ਤੇ ਜਾਵੇ ਅਤੇ ਗੋਦਾਵਰੀ ਤੇ ਭੀ ਜਾਵੇ; ਕੁੰਭ ਤੇ ਜਾ ਕੇ ਨ੍ਹਾਵੇ, ਕੇਦਾਰਾ ਤੀਰਥ ਦਾ ਭੀ ਇਸ਼ਨਾਨ ਕਰੇ ਅਤੇ ਗੋਮਤੀ ਤੀਰਥ ਤੇ ਜਾ ਕੇ ਹਜ਼ਾਰਾਂ ਗਊਆਂ ਦਾ ਦਾਨ ਕਰੇ, ਇਹੋ ਜਿਹੇ ਕਰੋੜਾਂ ਤੀਰਥ ਕਰੇ, ਹਿਮਾਲੀਆ ਪਰਬਤ ਦੀ ਬਰਫ਼ ਵਿਚਿ ਜਾ ਕੇ ਆਪਣੇ ਤਨ ਨੂੰ ਗਾਲ ਦੇਵੇ, ਉਪਰ ਦੱਸੇ ਅਨੁਸਾਰ ਏਵਡ ਵਡੇ ਪੁੰਨ-ਦਾਨ ਤੀਰਥ-ਇਸ਼ਨਾਨ ਕਰਮ ਕਰੇ ਤਾਂ ਭੀ ਵਾਹਿਗੁਰੂ ਨਾਮ ਅਭਿਆਸ ਕਰਮ ਬਰਾਬਰ ਉਪਰ ਦੱਸੇ ਕ੍ਰੋੜਾਂ ਕਰਮ ਨਹੀਂ ਪੁਜਦੇ ॥ ੨ ॥ ਅਸ੍ਵ ਦਾਨ (ਘੋੜਿਆਂ ਦਾ ਦਾਨ), ਹਾਥੀਆਂ ਦਾ ਦਾਨ (ਗਜ ਦਾਨ), ਸੇਜੇ ਰਮਣ ਵਾਲੀ ਸੁੰਦਰ ਨਾਰੀ ਦਾ ਦਾਨ, ਸਾਰੀ ਭੂਮੀ ਮਿਲਖ ਮਲਕੀਅਤ ਦਾ ਦਾਨ, ਅਜਿਹੇ ਦਾਨ ਨਿਤ ਨਵੇਂ ਦਿਨ ਰੋਜ਼ ਰੋਜ਼ ਕਰਦਾ ਰਹੇ, ਆਪਣੇ ਜੀਵ-ਆਤਮਾ ਨੂੰ ਵੀ ਅਰਪਣ ਕਰ ਦੇਵੇ, ਆਪਣੇ ਸਰੀਰ ਦੇ ਬਰਾਬਰ ਤੋਲ ਕੇ ਸੋਨਾ

ਦਾਨ ਕਰ ਦੇਵੇ ਤਾਂ ਭੀ ਵਾਹਿਗੁਰੂ ਨਾਮ ਦੇ ਤਿਲ ਮਾਤਰੀ ਅਭਿਆਸ ਦੇ ਤੁਲ ਨਹੀਂ ਤੋਲੇ ਜਾ ਸਕਦੇ। ਵਾਹਿਗੁਰੂ ਨਾਮ ਅਭਿਆਸ ਕਰਮ ਏਹਨਾਂ ਉਪਰ ਦੱਸੇ ਸਾਰੇ ਕਰਮਾਂ ਦੇ ਤੋਲ ਨਾਲੋਂ ਭਾਰੀ ਹੈ। ਸਾਰੇ ਕਰਮ ਕੀਤੇ ਹੋਏ ਵਾਹਿਗੁਰੂ ਨਾਮ ਦੇ ਪਾਸੰਗ ਮਾਤਰ ਭੀ ਨਹੀਂ ਪੂਰੇ ਹੁੰਦੇ ॥ ੩ ॥ ਮਨ ਵਿਚਿ ਰੰਚਕ ਰੋਸ ਨਹੀਂ ਰਹੇਗਾ, ਨਾ ਹੀ ਜਮਾਂ ਨੂੰ ਦੋਸ ਦੇਣਾ ਬਾਕੀ ਰਹੇਗਾ, ਜੇਕਰ ਵਾਹਿਗੁਰੂ ਨਾਮ ਦੀ ਉਚ ਕਮਾਈ ਵਾਲਾ ਨਿਰਮਲ ਨਿਰਬਾਣ ਪਦ ਚੀਨ ਲਿਆ ਜਾਵੇ। ਇਹ ਗੁਰਮਤਿ ਨਾਮ ਹੀ ਮੇਰੇ ਲਈ ਦਸਰਥ ਰਾਜੇ ਦਾ ਪੁਤਰ ਰਾਜਾ ਰਾਮਚੰਦ ਹੈ। (ਇਸ ਤੋਂ ਬਿਨਾਂ ਮੇਰੇ ਲਈ ਕੋਈ ਰਾਮ ਅਵਤਾਰ ਨਹੀਂ)। ਏਸ ਨਾਮ ਨੂੰ ਜਪ ਕੇ ਹੀ ਤੱਤ ਰਸ ਅੰਮ੍ਰਿਤ ਪੀਵੀਦਾ ਹੈ ॥ ੪ ॥ ਇਸ ਕਰਕੇ ਨਿਰਗੁਣ ਨਾਮੁ ਦਾ ਦਰਜਾ ਸਰਗੁਣ ਉਪਾਸ਼ਨਾ ਵਾਲੇ ਅਵਤਾਰਾਂ ਦੇ ਦਰਜੇ ਨਾਲੋਂ ਮਹਾਂ ਸ੍ਰੇਸ਼ਟ ਅਤੇ ਸਰਬੋਤਮ ਹੈ। ਕਰਮਾਂ ਧਰਮਾਂ ਨਾਲੋਂ ਤਾਂ ਸ੍ਰੇਸ਼ਟ ਅਤੇ ਸਰਬੋਤਮ ਹੋਣਾ ਹੀ ਸੀ।

ਮਾਲੀ ਗਉੜਾ ਮਹਲਾ ੪ ॥

ਮੇਰੇ ਮਨ ਹਰਿ ਭਜੁ ਸਭ ਕਿਲਬਿਖ ਕਾਟ ॥ ਹਰਿ ਹਰਿ ਉਰਧਾਰਿਓ ਗੁਰਿ ਪੂਰੈ ਮੇਰਾ ਸੀਸੁ ਕੀਜੈ ਗੁਰ ਵਾਟ ॥ ੧ ॥ ਰਹਾਉ ॥ ਮੇਰੇ ਹਰਿ ਪ੍ਰਭ ਕੀ ਮੈ ਬਾਤ ਸੁਨਾਵੈ ਤਿਸੁ ਮਨੁ ਦੇਵਉ ਕਟਿ ਕਾਟ ॥ ਹਰਿ ਸਾਜਨ ਮੇਲਿਓ ਗੁਰਿ ਪੂਰੈ ਬਚਨਿ ਬਿਕਾਨੋ ਹਟਿ ਹਾਟ ॥ ੧ ॥ ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ ॥ ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵੈ ਬਹੁ ਕੰਚਨੁ ਦੀਜੈ ਕਟਿ ਕਾਟ ॥ ੨ ॥ ਹਰਿ ਕੀਰਤਿ ਗੁਰਮਤਿ ਜਸੁ ਗਾਇਓ ਮਨਿ ਉਘਰੇ ਕਪਟ ਕਪਾਟ ॥ ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ ॥ ੩ ॥ ਕਲਜੁਗਿ ਗੁਰੁ ਪੂਰਾ ਤਿਨ ਪਾਇਆ ਜਿਨ ਧੁਰਿ ਮਸਤਕਿ ਲਿਖੇ ਲਿਲਾਟ ॥ ਜਨ ਨਾਨਕ ਰਸੁ ਅੰਮ੍ਰਿਤ ਪੀਆ ਸਭ ਲਾਥੀ ਭੂਖ ਤਿਖਾਟ ॥ ੪ ॥ ੬ ॥

(ਪੰਨਾ ੯੮੬)

ਵਿਆਖਿਆ— ਵਾਹਿਗੁਰੂ ਦੇ ਭਜਨ ਨਾਲਿ ਸਭ ਕਮਾਤੇ ਬਿਕਟ ਪਾਪ (ਕਿਲਵਿਖ) ਕਟੇ ਜਾਂਦੇ ਹਨ। ਗੁਰ ਪੂਰੇ ਦੀ ਬਸੀਠੀ ਨਾਲਿ ਵਾਹਿਗੁਰੂ ਨਾਮੁ ਹਿਰਦੇ ਅੰਦਰਿ ਦ੍ਰਿੜ੍ਹ ਕਰਕੇ ਧਾਰਨ ਕੀਤਾ ਹੈ। ਐਸੇ ਗੁਰੂ ਦੇ ਰਾਹ ਵਿਚਿ ਸੀਸ ਬਿਛਾ ਦੇਈਏ। ਇਸ ਬਿਛੇ ਹੋਏ ਸੀਸ ਉਪਰਿ ਸਤਿਗੁਰੂ ਆਪਣੇ ਚਰਨ ਧਰ ਕੇ ਲੰਘੇ ॥ ੧ ॥ ਰਹਾਉ ॥ ਜੋ ਜਨ ਵਾਹਿਗੁਰੂ ਦੇ ਘਰ ਦੀ ਬਾਤ ਸੁਣਾਉਣ ਵਾਲਾ ਹੋਵੇ ਤਿਸ ਜਨ ਵਿਟਹੁੰ ਆਪਣੇ ਮਨ ਨੂੰ ਕਟ ਕਟ ਕੇ ਕੁਰਬਾਨ ਕਰਿ ਦੇਵਾਂ। ਇਹ ਗੁਰੂ ਪੂਰਾ ਹੀ ਹੈ ਜੋ ਵਾਹਿਗੁਰੂ ਸੱਜਣ ਨੂੰ ਮੇਲਣ ਲਈ ਸਮਰਥੁ ਹੈ। ਗੁਰ-ਬਚਨ ਦੀ ਪ੍ਰਾਪਤੀ ਲਈ ਗੁਰੂ ਦੇ ਹੀ ਬਣ ਰਹੀਏ। ਗੁਰੂ-ਬਚਨ ਦੀ ਖਾਤਰ ਹੱਟੀ ਹੱਟੀ ਬਿਕਿਆ ਜਾਵੇ ਤਾਂ ਭੀ ਥੋੜਾ ਹੈ ॥ ੧ ॥ ਸੂਰਜ ਦੇ ਮਕਰ ਰਾਸ ਵਿਚਿ ਜਾਣ ਵੇਲੇ ਮਾਘ ਮਹੀਨੇ ਪ੍ਰਾਗਰਾਜ ਤੀਰਥ ਤੇ ਜਾ ਕੇ ਦਾਨ ਕੀਤਾ ਜਾਂ ਕਾਂਸ਼ੀ ਜਾ ਕੇ ਸਰੀਰ ਨੂੰ ਕਲਵੱਤ੍ਰ ਆਰੇ ਨਾਲ ਅੱਧ ਵਿਚੋਂ ਚਿਰਾ ਦਿੱਤਾ। ਇਹ ਕਰਮ ਸਭਿ ਬਿਰਥੇ ਅਤੇ ਪਾਖੰਡ ਰੂਪ ਹੀ ਹਨ। ਵਾਹਿਗੂਰੂ ਦੇ ਨਾਮ ਬਿਨਾਂ ਕਿਸੇ ਨੂੰ ਭੀ ਮੁਕਤੀ ਨਹੀਂ ਮਿਲਦੀ। ਭਾਵੇਂ ਸਰੀਰ ਕਟ ਕੇ ਸਰੀਰ ਦੇ ਬਰਾਬਰ ਸੋਨਾ ਭੀ ਤਕੜੀ ਚੜ੍ਹਾ ਕੇ ਤੋਲ ਕੇ ਦਾਨ ਕਰਿ ਦਿੱਤਾ ਜਾਵੇ ॥ ੨

॥ ਗੁਰਮਤਿ ਸਿਫਤਿ ਸਾਲਾਹੀ ਹਰਿ ਕੀਰਤਨ ਗਾਏ ਤਾਂ ਦਸਮ ਦੁਆਰ ਦੇ ਕਪਾਟ ਖੁਲ੍ਹ ਜਾਂਦੇ ਹਨ। ਹਠ ਯੋਗ ਦੁਆਰਾ ਤ੍ਰਿਕੁਟੀ ਖੋਲ੍ਹਣ ਦੀਆਂ ਬਿਕਟ ਕੋਸ਼ਿਸ਼ਾਂ ਕਰ ਕੇ ਜੋ ਟੱਕਰਾਂ ਮਾਰਦੇ ਹਨ, ਉਹ ਤ੍ਰਿਕੁਟੀ ਹਰਿ ਕੀਰਤਨ ਕਲਾ ਦੁਆਰਾ ਗੁਰਮੁਖਾਂ ਦੀ ਸਹਜੇ ਹੀ ਖੁਲ੍ਹ ਜਾਂਦੀ ਹੈ। ਅਤੇ ਸਾਰੇ ਅਗਿਆਨ ਅੰਧਾਰੇ ਵਾਲੇ ਭਰਮ ਭਉ ਭੱਜ ਜਾਂਦੇ ਹਨ। ਅਤੇ ਲੋਕ ਲਾਜ ਰੂਪੀ ਕੱਚੀ ਮਿੱਟੀ ਦੀ ਮਟਕੀ ਭੀ ਆਪੇ ਹੀ ਫੁਟ ਜਾਂਦੀ ਹੈ ॥ ੩ ॥ ਇਸ ਕਲਜੁਗ ਦੇ ਸਮੇਂ ਅੰਦਰਿ ਜਿਸ ਵਡਭਾਗੇ ਜਨ ਨੇ ਗੁਰੂ ਪੂਰਾ ਭੇਟਿਆ ਹੈ ਤਿਸ ਜਨ ਦੇ ਮੱਥੇ ਉਤੇ ਚੰਗੇ ਲੇਖ ਲਿਖੇ ਸਮਝੋ। ਜਿਨ੍ਹਾਂ ਗੁਰੂ ਨਾਨਕ ਦੇ ਗੁਰਮੁਖਿ ਜਨਾਂ ਨੇ ਅੰਮ੍ਰਿਤ ਰਸ ਪੀਤਾ ਹੈ ਤਿਨ੍ਹਾਂ ਦੀਆਂ ਸਭ ਭੁਖਾਂ ਪਿਆਸਾਂ ਮਿਟ ਗਈਆਂ ਹਨ ॥ ੪ ॥ ੬ ॥ ਅਗਲਾ ਗੁਰ ਪ੍ਰਮਾਣ ਭੀ ਇਹੋ ਸਿੱਧ ਕਰਦਾ ਹੈ ਕਿ ਸਾਰੇ ਕਰਮਾਂ ਧਰਮਾਂ ਤੋਂ ਉਤੇ ਸਿਮਰਨ-ਮਈ ਸਿਫਤਿ ਸਾਲਾਹੀ ਗੁਰਮਤਿ ਨਾਮ ਅਭਿਆਸ ਕਰਮ ਹੀ ਹੈ। ਯਥਾ ਗੁਰਵਾਕ—

> ਬਸੰਤੁ ਮਹਲਾ ੫ ॥ ਜਿਸੁ ਬੋਲਤ ਮੁਖੁ ਪਵਿਤੁ ਹੋਇ ॥ ਜਿਸੁ ਸਿਮਰਤ ਨਿਰਮਲ ਹੈ ਸੋਇ ॥ ਜਿਸੁ ਅਰਾਧੇ ਜਮੁ ਕਿਛੁ ਨ ਕਹੈ ॥ ਜਿਸ ਕੀ ਸੇਵਾ ਸਭੁ ਕਿਛੁ ਲਹੈ ॥ ੧ ॥ ਰਾਮ ਰਾਮ ਬੋਲਿ ਰਾਮ ਰਾਮ ॥ ਤਿਆਗਹੁ ਮਨ ਕੇ ਸਗਲ ਕਾਮ ॥ ੧ ॥ ਰਹਾਉ ॥ ਜਿਸ ਕੇ ਧਾਰੇ ਧਰਣਿ ਅਕਾਸੁ ॥ ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥ ਜਿਸੁ ਸਿਮਰਤ ਪਤਿਤ ਪੁਨੀਤ ਹੋਇ ॥ ਅੰਤਕਾਲਿ ਫਿਰਿ ਫਿਰਿ ਨ ਰੋਇ ॥ ੨ ॥ ਸਗਲ ਧਰਮ ਮਹਿ ਊਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥ ਜਿਸ ਕਉ ਚਾਹਹਿ ਸੁਰਿ ਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥ ੩ ॥ ਆਦਿ ਪੁਰਖਿ ਜਿਸੁ ਕੀਆ ਦਾਨੁ ॥ ਤਿਸ ਕਉ ਮਿਲਿਆ ਹਰਿ ਨਿਧਾਨੁ ॥ ਤਿਸ ਕੀ ਗਤਿ ਮਿਤਿ ਕਹੀ ਨ ਜਾਇ ॥ ਨਾਨਕ ਜਨ ਹਰਿ ਹਰਿ ਧਿਆਇ ॥ ੪ ॥ ੯ ॥
>
> (ਪੰਨਾ ੧੧੯੨)

ਵਿਆਖਿਆ—ਜਿਸ ਨਾਮ ਦੇ ਮੁਖੋਂ ਬੋਲੇ ਤੇ ਮੁਖ ਪਵਿੱਤਰ ਹੁੰਦਾ ਹੈ; ਜਿਸ ਨਾਮ ਦੇ ਸਿਮਰੇ ਤੇ ਸੋਭਾ ਨਿਰਮਲ ਹੁੰਦੀ ਹੈ; ਜਿਸ ਨਾਮ ਦੇ ਆਰਾਧੇ ਤੇ ਜਮ ਕੁਛ ਨਹੀਂ ਕਹਿ ਸਕਦਾ; ਜਿਸ ਦੀ ਸਿਮਰਨ ਰੂਪੀ ਸੇਵਾ ਕੀਤੇ ਸਭ ਕੁਛ ਲਭਦਾ ਹੈ; ਐਸੇ ਵਾਹਿਗੁਰੂ ਦਾ ਨਾਮ ਮੁਖੋਂ ਹਰਿ ਵਕਤ ਸੁਆਸਿ ਸੁਆਸਿ ਉਚਾਰੀ ਜਾਣਾ ਹੀ ਪਰਮ ਉਤਮ ਹੈ। ਗੁਰਮਤਿ ਨਾਮ ਸਿਮਰਨ ਤੋਂ ਬਿਨਾਂ ਮਨ ਦੇ ਹੋਰ ਸਭ ਮਨੋਰਥੀ ਫੁਰਨੇ ਤਿਆਗ ਦੇਵੋ ॥ ੧ ॥ ਰਹਾਉ ॥ ਜਿਸ ਵਾਹਿਗੁਰੂ ਨੇ ਧਰਤੀ ਤੇ ਅਕਾਸ਼ ਧਾਰੇ ਹੋਏ ਹਨ; ਜਿਸ ਵਾਹਿਗੁਰੂ ਦਾ ਪ੍ਰਕਾਸ਼-ਚਾਨਣਾ ਘਟ ਘਟ ਦੇ ਅੰਦਰਿ ਹੈ; ਜਿਸ ਨੂੰ ਸਿਮਰਿਆਂ ਪਤਿਤੋਂ ਪੁਨੀਤ ਹੋ ਜਾਈਦਾ ਹੈ, ਅੰਤ ਕਾਲ ਸਮੇਂ ਅਤੇ ਮੁੜਿ ਮੁੜਿ ਦੁਖੀ ਨਹੀਂ ਹੋਈਦਾ, ਨਾ ਹੀ ਜੋਨੀ ਪਈਦਾ ਹੈ, ਨਾ ਹੀ ਮੁੜਿ ਮੁੜਿ ਰੋਣ ਪਛੋਤਾਉਣ ਦੇ ਅਵਸਰ ਆਉਂਦੇ ਹਨ ॥ ੨ ॥ ਸਾਰਿਆਂ ਧਰਮਾਂ ਤੋਂ ਉਤਮ ਧਰਮ ਅਤੇ ਸਾਰਿਆਂ ਕਰਮਾਂ ਕਰਤੂਤਾਂ ਸਿਰਿ ਉਪਰ ਕਰਮੁ ਇਹੀ ਗੁਰਮਤਿ ਨਾਮ ਅਭਿਆਸ ਹੈ। ਸੁਰ ਨਰ ਦੇਵ ਸਗਲੇ ਹੀ ਵਾਹਿਗੁਰੂ ਦਾ ਦਰਸ਼ਨ ਚਾਹੁੰਦੇ ਹਨ, ਉਹ ਵਾਹਿਗੁਰੂ ਗੁਰੂ ਘਰ ਦੀ ਸਾਧ ਸੰਗਤਿ ਦੀ ਸੇਵਾ ਵਿਖੇ ਲਗਿਆਂ ਸਿਮਰਨ ਦੁਆਰਾ ਮਿਲਦਾ ਹੈ ॥ ੩ ॥ ਆਦਿ ਪੁਰਖ ਕਾਰਨ ਕਰਤਾਰ ਨੇ ਜਿਸ ਨੂੰ ਦਾਨ ਕੀਤਾ ਹੈ, ਤਿਸ ਨੂੰ ਵਾਹਿਗੁਰੂ ਨਾਮ ਰੂਪੀ ਨਿਧਾਨ ਪ੍ਰਾਪਤ ਹੁੰਦਾ ਹੈ। ਇਸ ਗੁਰਮਤਿ ਨਾਮ ਵਾਹਿਗੁਰੂ ਦੇ ਸਿਮਰਨ ਦੀ ਉਚੀ ਅਵੱਸਥਾ ਅਤੇ ਡੂੰਘਿਆਈ ਦੀ ਗਿਣਤੀ ਮਿਣਤੀ ਕੀਤੀ ਨਹੀਂ ਜਾਂਦੀ। ਬਸ ਗਿਣਤੀਆਂ ਮਿਣਤੀਆਂ ਕਰਨ ਦੀ ਹੀ ਕੋਈ ਲੋੜ ਨਹੀਂ। ਕੇਵਲ ਵਾਹਿਗੁਰੂ ਨਾਮ ਹੀ ਸੁਆਸਿ ਸੁਆਸਿ ਉਚਾਰੀ ਜਾਣਾ ਚਾਹੀਦਾ ਹੈ। ਬਸ ਏਦੂੰ


www.sikhbookclub.com

**ਉਪਰਿ ਹੋਰ ਕੋਈ ਕਰਮ ਨਹੀਂ। ਸਭ ਕਰਮਾਂ ਤੋਂ ਸ੍ਰੇਸ਼ਟ ਕਰਮ ਇਹੀ ਕਰਮ ਹੈ ॥ ੪ ॥ ੬ ॥**

**ਸਾਰਗ ਮਹਲਾ ੫ ॥ ਕੰਚਨਾ ਬਹੁ ਦਤ ਕਰਾ ॥ ਭੂਮਿ ਦਾਨੁ ਅਰਪਿ ਧਰਾ ॥ ਮਨ ਅਨਿਕ ਸੋਚ ਪਵਿਤ੍ਰ ਕਰਤ ॥ ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ ॥ ੧ ॥ ਰਹਾਉ ॥ ਚਾਰਿ ਬੇਦ ਜਿਹਵ ਭਨੇ ॥ ਦਸ ਅਸਟ ਖਸਟ ਸ੍ਰਵਨ ਸੁਨੇ ॥ ਨਹੀ ਤੁਲਿ ਗੋਬਿਦ ਨਾਮ ਧੁਨੇ ॥ ਮਨ ਚਰਨ ਕਮਲ ਲਾਗੇ ॥ ੧ ॥ ਬਰਤ ਸੰਧਿ ਸੋਚ ਚਾਰ ॥ ਕ੍ਰਿਆ ਕੁੰਟ ਨਿਰਾਹਾਰ ॥ ਅਪਰਸ ਕਰਤ ਪਾਕਸਾਰ ॥ ਨਿਵਲੀ ਕਰਮ ਬਹੁ ਬਿਸਥਾਰ ॥ ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ ॥ ਰਾਮ ਦਇਆਰ ਸੁਨਿ ਦੀਨ ਬੇਨਤੀ ॥ ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ ॥ ੨ ॥ ੨ ॥ ੧੩੧ ॥**

**(ਪੰਨਾ ੧੨੨੯)**

ਵਿਆਖਿਆ— ਕੋਈ ਆਨਮਤਿ ਕਰਮੀ ਧਰਮੀ ਬੰਦਾ ਬਹੁਤ ਸੋਨਾ ਅਰਪਨ ਕਰਨ ਵਾਲਾ ਦਾਨ ਦਾਤਾਰੀ ਹੋ ਜਾਵੇ, ਸਾਰੀ ਆਪਣੀ ਜ਼ਮੀਨ ਜਾਇਦਾਦ ਨੂੰ ਭੀ ਪੁੰਨ ਦਾਨ ਵਿਚਿ ਮਣਸ ਦੇਵੇ ਅਤੇ ਬਹੁ ਪ੍ਰਕਾਰੀ ਸੁਚਮਤਾ ਪਵਿੱਤਰਤਾ ਧਾਰਨ ਕਰੇ, ਫੇਰ ਭੀ ਉਸ ਦਾ ਏਤਨਾ ਵੱਡਾ ਬਾਹਲਾ ਕਿਰਿਆ ਕਰਮ ਨਾਮ ਅਭਿਆਸ ਦੇ ਤੁਲ ਨਹੀਂ ਪੁਜਦਾ। ਗੁਰਮੁਖਿ ਜਨ ਗੁਰਮਤਿ ਨਾਮ ਜਪ ਕੇ, ਵਾਹਿਗੁਰੂ ਦੇ ਚਰਨਾਂ ਨਾਲਿ ਰੰਗੀਜ ਕੇ ਨਿਰਮਲ ਹੁੰਦੇ ਹਨ। ਇਹ ਗੁਰਮਤਿ ਕਰਮ ਸਮੂਹ ਕਰਮਾਂ ਨਾਲੋਂ ਸ੍ਰੇਸ਼ਟ ਅਤੇ ਸਰਬੋਤਮ ਹੈ ॥ ੧ ॥ ਰਹਾਉ ॥ ਭਾਵੇਂ ਕੋਈ ਆਨਮਤਿ ਕਰਮ-ਕਾਂਡੀ ਪੁਰਸ਼ ਚਾਰੇ ਬੇਦ ਕੰਠਾਗਰ ਕਰ ਕੇ ਮੂੰਹ ਜ਼ਬਾਨੀ ਰਸਨਾ ਨਾਲਿ ਰਟਨ ਕਰੇ, ਅਠਾਰ੍ਹਾਂ ਪੁਰਾਨ ਤੇ ਛੇ ਸ਼ਾਸਤ੍ਰ ਆਪਣੀ ਕੰਨੀਂ ਸੁਣੇ, ਤਾਂ ਭੀ ਉਹ ਗੋਬਿੰਦ ਨਾਮ ਦੀ ਇਕ ਬਾਰ ਉਚਾਰਨੀ ਧੁਨੀ ਦੇ ਬਰਾਬਰ ਨਹੀਂ, ਕਿਉਂਕਿ ਨਾਮ ਉਚਾਰਨ ਮਈ ਹੀ ਇਕੋ ਇੰਨਾ ਸ੍ਰੇਸ਼ਟ ਅਤੇ ਸਰਬੋਤਮ ਕਰਮ ਹੈ ਜਿਸ ਕਰਕੇ ਵਾਹਿਗੁਰੂ ਦੇ ਚਰਨ ਕਮਲਾਂ ਨਾਲਿ ਲਿਵ ਲਗ ਜਾਂਦੀ ਹੈ। ਉਹੀ ਕਰਮ ਸਭ ਕਰਮਾਂ ਤੋਂ ਸ੍ਰੇਸ਼ਟ ਕਰਮ ਹੈ ਜਿਸ ਨਾਲਿ ਅਕਾਲ ਪੁਰਖ ਦੇ ਚਰਨਾਂ ਕੰਵਲਾਂ ਨਾਲਿ ਲਿਵਤਾਰ ਲਗ ਜਾਵੇ ॥ ੧ ॥ ਧਰਤੀ ਦੀਆਂ ਚਹੁੰਆਂ ਕੁੰਟਾਂ ਦੀ ਨਿਰ-ਆਹਾਰ ਹੋ ਕੇ ਪਰਕਰਮਾ ਕਰੇ; ਪਕਵਾਨ ਨੂੰ ਆਪ ਪਕਾ ਕੇ ਖਾਏ, ਕਿਸੇ ਦਾ ਹੱਥ ਨਾ ਛੁਹਾਏ; ਅਛੂਤ ਕਿਰਿਆ ਵਾਲੀ ਰਸੋਈ ਆਪ ਆਪਣੇ ਹੱਥੀਂ ਕਰ ਕੇ ਖਾਏ, ਕਿਸੇ ਦਾ ਹੱਥ ਨਾ ਲੱਗਣ ਦੇਵੇ, ਸਭ ਤੋਂ ਅਛੂਤ ਰਹੇ; ਨਿਉਲੀ ਕਰਮ ਆਦਿ ਦਾ ਬਹੁਤ ਹੀ ਬਿਸਥਾਰ ਵਾਲਾ ਬਾਹਲਾ ਅਡੰਬਰ ਰਚੇ; ਧੂਪ ਧੁਖਾ ਕੇ ਅਤੇ ਦੀਵੇ ਜਗਾ ਕੇ ਠਾਕੁਰਾਂ (ਪੱਥਰਾਂ) ਦੀ ਪੂਜਾ ਕਰੇ; ਮਨ-ਮੰਨੇ ਦੇਵਤਿਆਂ ਦੀ ਮਨ-ਮੰਨੀ ਅਰਚਾ ਪੂਜਾ ਕ੍ਰਰੇ; ਤਾਂ ਭੀ ਏਤਨੀਆਂ ਕਰਮ-ਕਾਂਡੀ ਕਿਰਿਆਵਾਂ ਨਾਮ ਦੇ ਬਰਾਬਰ ਪੂਰੀਆਂ ਨਹੀਂ ਉਤਰਦੀਆਂ। ਨਾਮ ਜਪਦਾ ਹੋਇਆ ਦੀਨ ਦਇਆਲ ਹਾਜ਼ਰ ਨਾਜ਼ਰ ਕਰਤਾਰ ਦੇ ਸਨਮੁਖ ਨਾਮ ਜਪਣ ਦੀਆਂ, ਦਰਸ਼ਨ ਦੇਖ ਕੇ ਭੀ ਨਾਮ ਜਪੀ ਜਾਣ ਦੀਆਂ ਬੇਨਤੀਆਂ ਕਰਦਾ ਰਹੇ, ਉਸ ਨੂੰ ਅਵੱਸ਼ ਦਰਸ਼ਨ ਹੋ ਜਾਂਦੇ ਹਨ। ਇਸੇ ਕਰਕੇ ਨਾਮ-ਅਭਿਆਸ ਕਰਮ ਸਭਨਾਂ ਕਰਮਾਂ ਤੋਂ ਸਰਬੋਤਮ ਕਰਮ ਹੈ। ਨਾਮ ਦਾ ਜਾਪ ਹੀ ਆਪਣੇ ਸਵੈ-ਸਰੂਪ ਵਿਚਿ ਅਰਦਾਸ ਰੂਪ ਹੈ। ਜਿਉਂ ਜਿਉਂ ਉਤਮ ਜਗਿਆਸੂ ਨਾਮ ਜਪਦਾ ਹੈ ਤਿਉਂ ਤਿਉਂ ਨਾਮ ਵਿਚਿ ਲਿਵ ਜੁੜਦੀ ਜਾਂਦੀ ਹੈ ਅਤੇ ਵਾਹਿਗੁਰੂ-ਦਰਸ਼ਨ ਦਾ ਜੋਤਿ ਪ੍ਰਤਿ-ਬਿੰਬੀ ਜਲਵਾ ਘਟ ਅੰਤਰਿ ਪਸਰਨਾ ਅਰੰਭ ਹੋ ਜਾਂਦਾ ਹੈ। ਅਤੇ ਨਾਮ ਰਸ ਦੀ ਮਿਠਾਸ ਉਤਰਨੀ ਅਰੰਭ ਹੋ ਜਾਂਦੀ ਹੈ। ਰਸ ਅੰਮ੍ਰਿਤ-ਧਾਰਾ ਘਟੰਤਰ ਚੋਣ ਲਗ ਪੈਂਦਾ ਹੈ। ਨਾਲੋ ਨਾਲ ਜੋਤਿ ਵਿਗਾਸੀ ਦਰਸ਼ਨਾਂ ਦੀ ਝੁਨਕਾਰ

ਸਰਸ਼ਾਰ ਹੁੰਦੀ ਰਹਿੰਦੀ ਹੈ। ਇਹ ਇਕ ਅਜਬ ਅਜਾਇਬ ਰੰਗਲੀ ਆਤਮ-ਖੇਡ ਹੈ। ਇਸ ਦੇ ਚੋਜ ਵਿਡਾਣ ਨੂੰ ਸੋਈ ਜਾਣ ਸਕਦਾ ਹੈ ਜਿਸ ਉਤੇ ਇਹ ਹਾਲਤ ਵਾਪਰੀ ਹੋਈ ਹੋਵੇ। ਪਾਰਸ-ਕਲਾ ਵਰਤਣ ਦੀ ਪਹਿਲੀ ਨੀਸ਼ਾਣੀ ਇਹ ਹੁੰਦੀ ਹੈ ਕਿ ਨਾਮੁ ਮਿਠਾ ਹੋਣ ਲਗ ਪੈਂਦਾ ਹੈ, ਜਿਸ ਰਸ ਮਿਠਾਸ ਦਾ ਅੰਮ੍ਰਿਤ ਸੁਆਦ ਹੁੰਦਾ ਹੈ, ਜੋ ਬਿਸਮਾਦ ਰੰਗ ਵਿਚਿ ਲੀਨ ਕਰ ਲੈਂਦਾ ਹੈ।

**ਕਰਮ ਧਰਮ ਪ੍ਰਭਿ ਮੇਰੈ ਕੀਏ ॥ ਨਾਮੁ ਵਡਾਈ ਸਿਰਿ ਕਰਮਾਂ ਦੀਏ ॥੪॥**

**(ਪ੍ਰਭਾਤੀ ਮਃ ੧, ਪੰਨਾ ੧੩੪੫)**

ਸਪੱਸ਼ਟ ਹੈ ਕਿ ਸਾਰੇ ਕਰਮਾਂ ਸਿਰ ਨਾਮੁ ਰੂਪੀ ਕਰਮ ਦੀ ਵਡਾਈ ਤੇ ਵਡੱਪਣ ਹੈ। ਸਰਬੋਤਮ ਕਰਮੁ ਨਾਮ ਅਭਿਆਸ ਕਮਾਈ ਹੀ ਹੈ। ਇਸ ਸਿਧਾਂਤ ਵਿਚਿ ਹੁਣ ਰੰਚਕ ਸੰਦੇਹ ਨਹੀਂ ਰਿਹਾ।

# ੩੦ – ਅਧਿਆਤਮ ਕਰਮ

ਆਤਮ ਤੇ ਪਰਮਾਤਮ ਦੀ ਸੰਧ ਮਿਲਾਵਣਹਾਰੇ ਜੋ ਕਰਮ ਹਨ, ਤਿਨ੍ਹਾਂ ਨੂੰ ਗੁਰਮਤਿ ਅੰਦਰਿ ਅਧਿਆਤਮ ਕਰਮ ਦੇ ਨਾਮ ਨਾਲਿ ਸੰਕੇਤਿਆ ਜਾਂਦਾ ਹੈ। ਜੀਵ-ਬ੍ਰਹਮ, ਈਸ਼-ਜੀਵ ਦੀ ਰੂਹਾਨੀ ਅਭੇਦਤਾ ਨਿਰਣਾਉਣ ਅਤੇ ਪਰਸਪਰ ਸੰਬੰਧ ਜਣਾਉਣਹਾਰੇ ਗੁਰਮਤਿ ਕਰਮ ਸਭਿ ਅਧਿਆਤਮ ਕਰਮ ਹਨ। ਆਤਮਾ ਨਮਿਤ ਅਰਥਾਤ ਬਿਰਧੀ ਨਮਿਤ ਕੀਤੇ ਰੂਹਾਨੀ ਕਰਮ ਅਧਿਆਤਮ ਕਰਮ ਹਨ। ਗੁਰਮਤਿ ਅੰਦਰਿ ਅਧਿਆਤਮ ਕਰਮ ਦੀ ਖਾਸ ਵਿਸ਼ੇਸ਼ਤਾ ਹੈ। ਯਥਾ ਗੁਰਵਾਕ—

> ਗਉੜੀ ਮਹਲਾ ੧ ॥ ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥ ੧ ॥ ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥ ੧ ॥ ਰਹਾਉ ॥ ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥ ੨ ॥ ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥ ੩ ॥ ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥ ੪ ॥ ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥ ੫ ॥ ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥ ੬ ॥ ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥ ੭ ॥ ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥ ੮ ॥ ੬ ॥

(ਪੰਨਾ ੨੨੩)

ਵਿਆਖਿਆ— ਸਾਚਾ ਕਰਮਾਕਾਰੀ ਉਹ ਜਨੁ ਹੈ ਜੋ ਨਿਰੋਲ ਆਤਮਾ ਨਮਿਤ ਕਰਮ ਕਰਦਾ ਹੈ, ਆਤਮ ਪਰਮਾਤਮ ਸੰਬੰਧੀ ਆਤਮ ਪਰਮਾਤਮ ਦੀ ਸੰਧ ਮਿਲਾਵਣ ਵਾਲੇ ਕਰਮ ਕਰਦਾ ਹੈ। ਸੱਚਾ ਅਧਿਆਤਮ-ਕਰਮੀ ਬੰਦਾ, ਅਧਿਆਤਮੀ ਕਰਮ ਕਰੰਦਾ ਬੰਦਾ ਉਹੀ ਹੈ। ਅਜਿਹਾ ਅਧਿਆਤਮੀ ਕਰਮ ਕੁਨਿੰਦਾ ਸਾਚਾ (ਸਚਿਆਰ) ਜਨ ਬੰਦਾ ਹੀ ਮੁਕਤੀ ਦੇ ਸੱਚੇ ਭੇਦ ਨੂੰ, ਤੱਤ ਭੇਦ ਨੂੰ ਜਾਨਣਹਾਰਾ ਹੈ। ਗੁਰਮਤੋਂ ਘੁਥਿਆਂ ਕੱਚਿਆਂ (ਕਾਚੇ) ਬੰਦਿਆਂ ਨੂੰ ਸੱਚੀ ਮੁਕਤੀ ਗੁਰਮਤਿ ਜੁਗਤੀ (ਵਾਲੀ) ਮੁਕਤੀ ਦੀ ਕੀ ਸਾਰ ਹੈ। ਤੱਤ ਸੱਚ ਤੋਂ ਅਜਾਣ ਜਗਿਆਸੂ ਮੁਕਤੀ ਦੀ ਕੀ ਸਾਰ ਜਾਣਦੇ ਹਨ। ਕੱਚੇ ਕੂੜਿਆਰ ਆਨਮਤੀ ਬੰਦੇ ਨੂੰ ਮੁਕਤੀ ਦੇ ਭੇਦ ਦੀ ਕੀ ਸਾਰ ਹੋ ਸਕਦੀ ਹੈ। ਗੁਰਮਤਿ ਮੁਕਤੀ ਦੇ ਭੇਦ ਵਾਲੀ ਸੱਚੀ ਜੁਗਤੀ ਨੂੰ ਕੇਵਲ ਜਾਨਣਹਾਰਾ ਹੀ ਸੱਚਾ ਜੋਗੀ ਨਹੀਂ ਕਹਾ ਸਕਦਾ। ਸੱਚਾ ਜੋਗੀ ਓਹੀ ਹੈ, ਜੋ ਗੁਰਮਤਿ ਸੱਚ ਜੋਗ ਦੀ ਸੱਚੀ ਜੁਗਤੀ ਨੂੰ ਸਤਿਗੁਰ-ਬਚਨਾਂ ਦੁਆਰਾ ਬੀਚਾਰ ਕੇ ਕਮਾਵਣਹਾਰਾ ਭੀ ਹੋਵੇ। ਐਸੀ ਸੱਚੀ ਗੁਰਮਤਿ ਜੋਗ-ਜੁਗਤੀ ਵਾਲਾ ਜਨ, ਗੁਰਮਤਿ ਨਾਮ ਅਭਿਆਸੀ ਜਨ ਹੀ ਹੈ, ਜੋ ਗੁਰਮਤਿ ਨਾਮ ਅਭਿਆਸ ਦੀਆਂ ਅਧਿਆਤਮ ਕਰਮ ਕਮਾਈਆਂ ਕਰਦਾ ਹੈ। ਕਿਉਂਕਿ ਆਤਮ ਬਿਰਧੀ ਨਮਿਤ ਕਮਾਈਆਂ

ਕੇਵਲ ਗੁਰਮਤਿ ਨਾਮ ਦੀਆਂ ਹੀ ਅਭਿਆਸ ਕਮਾਈਆਂ ਹਨ। ਪਹਿਲਾਂ ਤਾਂ ਗੁਰਮਤਿ ਨਾਮ ਅਭਿਆਸ ਮਈ ਅਧਿਆਤਮ ਕਰਮ ਦੀ ਕਮਾਈ ਕਰਨ ਨਾਲਿ ਉਹ ਸੱਚੜਾ ਕਰਮ-ਜੋਗੀ, ਅਧਿਆਤਮ ਕਰਮ-ਕਰੋਗੀ ਗੁਰਮੁਖਿ ਜਨ ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਮਾਰਦਾ ਹੈ। ਫੇਰ ਪੰਜਾਂ ਨੂੰ ਮਾਰ ਕੇ ਸੱਚੇ ਵਾਹਿਗੁਰੂ ਨੂੰ ਅਧਿਆਤਮੀ ਅਭਿਆਸ ਕਰਮ ਦੁਆਰਾ ਘਟ ਅੰਤਰ ਹੀ ਪਰਗਟ ਹੋਏ ਵਾਹਿਗੁਰੂ ਸੱਚੇ (ਸਾਚ) ਨੂੰ ਉਰਿਧਾਰਦਾ ਹੈ। ਆਪਣੇ ਹਿਰਦੇ ਅੰਦਰਿ ਵਸਾ ਕੇ ਵਸਾਈ ਹੀ ਰਖਦਾ ਹੈ। (ਏਥੇ ਸਾਚੁ ਤੋਂ ਭਾਵ ਸਚੇ ਵਾਹਿਗੁਰੂ ਦਾ ਹੈ) ॥ ੧ ॥ ਰਹਾਉ ॥ ਜਿਸ ਜਨ ਦੇ ਅੰਤਰਿ-ਆਤਮੇ, ਅਧਿਆਤਮ ਕਰਮ ਵਾਲਾ ਅਭਿਆਸ (ਗੁਰਮਤਿ ਨਾਮ ਅਭਿਆਸ) ਵਾਹਿਗੁਰੂ ਰੂਪ ਸਾਚੁ ਨੂੰ ਵਸਾ ਦਿੰਦਾ ਹੈ, ਭਾਵ, ਵਾਹਿਗੁਰੂ ਨੂੰ ਵਸਾ ਦਿੰਦਾ ਹੈ, ਉਹ ਗੁਰਮੁਖਿ ਜਨ ਸੱਚੇ ਜੋਗ ਦੀ ਸੱਚੜੀ ਜੁਗਤੀ ਦੀ ਕੀਮਤਿ, ਮਿਤਿ ਨੂੰ ਪਾ ਲੈਂਦਾ ਹੈ ॥ ੨ ॥ ਅਜਿਹੇ ਸਚੁ ਜੋਗ ਜੁਗਤਿ ਮਰਮੀ ਸਚੜੇ ਅਧਿਆਤਮ ਕਰਮੀ ਗੁਰਮੁਖਿ ਜਨ ਨੂੰ ਉਸਨ ਸੀਤ (ਤਪਸ਼ ਤੇ ਠੰਢ), ਘਰ ਤੇ ਜੰਗਲ-ਬੀਆਬਾਨ ਸਮਾਨ ਹੀ ਹੁੰਦੇ ਹਨ। ਸੂਰਜ ਚੰਦ ਦੀ ਉਪਜਾਈ ਗਰਮੀ ਸਰਦੀ ਉਸ ਨੂੰ ਪੋਹੰਦੀ ਨਹੀਂ ਤੇ ਨਾ ਸੂਰਜ ਚੰਦ ਤੋਂ ਉਪਜਿਆ ਉਜਿਆਰਾ ਯਾ ਅੰਧਿਆਰਾ ਹੀ ਉਸ ਨੂੰ ਪੋਹ ਸਕਦਾ ਹੈ। ਉਸ ਦੇ ਅੰਦਰਿ ਨਾਮ ਜਪਣ ਦੀ ਪਾਰਸ-ਕਲਾ ਦੁਆਰਾ ਜੋ ਕੋਟਿ ਸੂਰਜਾਂ ਦਾ ਉਜਿਆਰਾ ਹੋ ਜਾਂਦਾ ਹੈ, ਉਸ ਮਹਾਂ ਸੀਤਲ ਉਜਿਆਰੇ ਦੇ ਸਾਹਮਣੇ ਇਹ ਸੂਰਜ ਚੰਦੀ ਉਜਿਆਰੇ ਅੰਧਿਆਰੇ ਤਪਸ਼ ਸੀਤਲਤਾਰੇ ਕੋਈ ਭੀ ਹਕੀਕਤ ਨਹੀਂ ਰਖਦੇ। ਸੀਤ ਚਾਨਣਾਰੇ ਮਿਠ-ਜੋਤਿ ਓਘਾੜੇ ਹੀ ਓਘਾੜੇ ਹੋਏਵੇ ਹੁੰਦੇ ਹਨ। ਜਿਨ੍ਹਾਂ ਦੇ ਘਟ ਰੂਪੀ ਘਰ ਅੰਦਰਿ ਅਜਿਹੇ ਰਸ ਪਰਮਾਤਮੀ ਰੰਗ ਲੱਗੇ ਹੋਏ ਹੋਣ, ਐਸੇ ਅਧਿਆਤਮ-ਕਰੰਮੀਆਂ, ਰਸ-ਜੋਤਿ ਠਰੰਮੀਆਂ ਨੂੰ ਬਨਾਂ ਜੰਗਲਾਂ ਵਿਚਿ ਜਾਣ ਦੀ ਕੀ ਲੋੜ ਰਹਿੰਦੀ ਹੈ? ਗ੍ਰਿਹ ਉਦਿਆਨ ਉਨ੍ਹਾਂ ਲਈ ਇਕ-ਸਮਾਨ (ਸਮਸਰੀ) ਹੀ ਹੁੰਦੇ ਹਨ। ਉਸ ਲਈ ਸਿਫਤਿ ਸਾਲਾਹ-ਮਈ ਕੀਰਤਿ ਰੂਪੀ ਕਰਣੀ ਹੀ ਸੱਚਾ ਕਰਮ ਹੈ। ਇਸ ਅਧਿਆਤਮ ਕਰਮ ਤੋਂ ਛੁਟ ਹੋਰ ਕਰਮ ਅਨਕਰਮ ਨੂੰ ਆਨਮਤ ਮੰਨੇ-ਪ੍ਰਮੰਨੇ ਕਰਮ ਸੁਕਰਮ ਸਭ ਸਮਾਨ ਹੀ ਹਨ ॥ ੩ ॥ ਅਜਿਹੇ ਗੁਰਮਤਿ ਨਾਮ ਅਭਿਆਸ ਦੇ ਸੱਚੜੇ ਅਧਿਆਤਮ ਕਰੰਮੜੇ ਸੰਨਿਆਸੀ ਜਨ ਕੇਵਲ ਨਾਮੁ-ਭਿਖਿਆ, ਇਕੋ ਸਬਦ-ਭਿਖਿਆ ਮੰਗਣਹਾਰੇ ਭਿਖਾਰੀ ਹੀ ਹਨ। ਇਸ ਭਿਖਿਆ ਮੰਗਣ ਲਈ ਉਹ ਆਪਣੀ ਘਟ ਨਗਰੀ ਅੰਦਰਿ ਹੀ ਅਲਖ ਜਗਾਉਂਦੇ ਹਨ, ਸੁਆਸ ਅਭਿਆਸੀ ਖੰਡਾ ਖੜਕਾਉਂਦੇ ਹਨ। ਜਿਸ ਘਟਿ-ਅਭਿਆਸ ਰਸ-ਜੋਤਿ ਪ੍ਰਕਾਸ਼ਨੀ ਖੰਡੇ ਦੇ ਪ੍ਰਤਾਪ ਕਰਕੇ ਸੱਚੇ ਜੋਤੀਸ਼ਤ ਵਾਹਿਗੁਰੂ ਨੂੰ ਆਪਣੇ ਅੰਦਰੇ ਹੀ ਪ੍ਰਕਾਸ਼ ਕਰ ਲੈਂਦੇ ਹਨ (ਜਗਾ ਲੈਂਦੇ ਹਨ, ਜਗਮਗਾ ਲੈਂਦੇ ਹਨ)। "ਜੋਤਿ ਲਾਇ ਜਗਦੀਸ ਜਗਾਇਆ"[1] ਵਾਲਾ ਪ੍ਰਚੰਡ ਜਗਦੀਸੀ ਦਰਸ਼ਨ ਆਪਣੇ ਘਟ ਅੰਤਰਿ ਹੀ ਕਰ ਲੈਂਦੇ ਹਨ। ਇਸ ਕਰਕੇ "ਸਚੁ ਜਾਗੈ" ਤੋਂ ਆਨ ਗਿਆਨ ਧਿਆਨ ਜੋਗ ਜੁਗਤੀਆਂ ਸਾਰੀਆਂ ਹੀ ਪ੍ਰਚੰਡ ਨੂਰ ਝਲਕਰਨੀਏ ਦਰਸ਼ਨ ਅੰਦਰਿ ਹੀ ਸਮਾ ਜਾਂਦੀਆਂ ਹਨ। ਐਸਾ ਅਧਿਆਤਮ ਕਰਮੀ ਜਨ, ਘਟ ਅੰਤਰਿ ਜਾਗੇ ਜਗਦੀਸ਼ ਦੀ ਭੈ ਅਦਬ ਪੂਜਾ ਵਾਲੀ ਪ੍ਰੇਮਾ ਭਗਤੀ ਵਿਚਿ ਅੰਦਰੇ ਅੰਦਰਿ ਹੀ ਰਚਿਆ ਰਹਿੰਦਾ ਹੈ। ਇਸ ਦਰਸ਼ਨ ਅਵਤਾਰੀ ਅਨੰਦ ਤੋਂ ਉਸ ਦੀ ਅੱਖ ਹੀ ਨਹੀਂ ਉਘੜਦੀ। ਅੰਤਰਗਤੀ ਦਰਸ-ਰੰਗਲੇ ਆਨੰਦ ਮਾਨਣ ਵਾਲੀ ਪ੍ਰੇਮਾ ਭਗਤੀ ਵਿਚਿ ਹੀ ਰਚਿਆ

---

੧ ਪ੍ਰਭਾਤੀ ਕਬੀਰ ਜੀ, ਪੰਨਾ ੧੩੫੦

ਰਹਿੰਦਾ ਹੈ। ਬਾਹਜਮੁਖੀ ਸੁਰਤਿ ਉਸ ਦੀ ਹੁੰਦੀ ਹੀ ਨਹੀਂ। ਬਾਹਰ ਜਾ ਕੇ ਬਾਹਰ ਸੁਰਤੀਆਂ ਬਿਰਤੀਆਂ ਦੌੜਾ ਕੇ ਉਸ ਨੇ ਲੈਣਾ ਹੀ ਕੀ ਹੈ। "**ਕਤ ਜਾਈਐ ਰੇ ਘਰ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥**"[1] ਉਸ ਦੀ ਆਤਮ ਦਸ਼ਾ ਐਸੀ ਹੋ ਜਾਂਦੀ ਹੈ। ਉਹ ਇਸ ਪਰਮਾਤਮ ਰੰਗ ਵਿਚਿ ਹੀ ਰੰਗੇ ਜਾਂਦੇ ਹਨ। ਅਜਿਹੇ ਅਧਿਆਤਮ ਕਰੰਮੀ, ਪਰਮਾਤਮ-ਲਿਵ-ਦਰਸ-ਮਰੰਮੀ ਦੀ ਮਹਿਮਾ ਮਿਤਿ ਕਹੀ ਹੀ ਨਹੀਂ ਜਾ ਸਕਦੀ। ਕਹੇ ਤਾਂ ਕਉਣ ਕਹੇ? ਇਸ ਅੰਤਰਗਤੀ ਦਰਸ ਲਿਵ ਜੋਤਿ ਰਹੱਸੀ ਦੀ ਕੀਮਤ ਹੀ ਕੁਛ ਨਹੀਂ। ਉਸ ਦੀ ਕੀਮਤ ਪਾਈ ਹੀ ਨਹੀਂ ਜਾ ਸਕਦੀ। ਹੋਰ ਕਉਨ ਸੀ ਕੀਮਤ ਹੈ, ਬਸ ਲਿਵ ਹੀ ਲਾਇ ਰਹੇ। ਲਿਵ ਲਾ ਕੇ ਦੇਖੇ ਤੇ ਹੀ ਕੀਮਤ ਪੈਂਦੀ ਹੈ। ਪਰ ਕੀਮਤ ਫੇਰ ਭੀ ਕੀ ਪੈਣੀ ਸੀ। ਲਿਵ ਲਾਇ ਰਹਿਣਿਆਂ ਨੂੰ ਕੀਮਤ ਪਾਉਣ ਦੀ ਸੂਝ ਬੂਝ ਤੇ ਜ਼ਰੂਰਤ ਹੀ ਕੀ ਹੈ? ਕੀਮਤ ਪਾਉਣ ਪੁਆਉਣ ਦੀ ਕਿਹੜੀ ਬਿਪਤਾ ਪਈ ਹੈ? ਲਿਵ ਲਾਇ ਕੇ ਜੋਤੀਸ਼ ਜਗਦੀਸ਼ ਨਾਲਿ ਸਮਾਇ ਰਹੇ ਪ੍ਰਮਾਤਮ ਪਦ ਤੇ ਪੁਗ ਰਹੇ ਅਧਿਆਤਮੀਆਂ ਦੀ ਪ੍ਰਮਾਤਮਾ ਨਾਲਿ ਮੇਲ-ਮਿਲਾਉਣੀ ਆਪ ਹੀ ਮੇਲ-ਕਰਨਹਾਰ ਮਿਲਾਉਂਦਾ ਹੈ। ਐਸੀ ਮਿਲਾਉਣੀ ਵਾਲਾ ਮਿਲਾਪ ਮਿਲਾਉਂਦਾ ਹੈ ਕਿ ਸਗਲੇ ਭਰਮ ਭੇਦ ਚੁਕਾ ਦਿੰਦਾ (ਚੁਕਾਉਂਦਾ) ਹੈ। ਇਸ ਉਚੀ ਤੋਂ ਉਚੀ ਕਲਿਆਣ-ਗਤੀ ਵਾਲੇ ਪਰਮ ਪਦ ਨੂੰ ਉਹ ਗੁਰੂ ਦੀ ਅਪਾਰ ਕਿਰਪਾ ਪ੍ਰਸਾਦਿ ਦੁਆਰਾ ਹੀ ਪਾਉਂਦਾ ਹੈ। ਸ਼ਬਦ ਵੀਚਾਰ ਰੂਪੀ ਗੁਰਮਤਿ ਨਾਮ ਅਭਿਆਸ ਕਮਾਈ ਹੀ ਸਤਿਗੁਰੂ ਦੀ ਸੱਚੀ ਸੇਵਾ ਹੈ। ਇਸ ਨਾਮ ਅਭਿਆਸ ਕਮਾਈ ਦੀ ਪਾਰਸ-ਕਲਾ ਨਾਲਿ ਹੀ ਹਉਮੈ ਦਾ ਅਭਾਵ ਹੁੰਦਾ ਹੈ। ਹਉਮੈ ਨੂੰ ਮਾਰਨਾ ਇਕ ਬੜੀ ਸਾਰ-ਕਰਣੀ ਹੈ। ਇਹੀ ਉਨ੍ਹਾਂ ਦੇ ਜਪ ਤਪ ਸੰਜਮ ਬੇਦ ਪਾਠ ਪੁਰਾਣ ਹਨ, ਅਰਥਾਤ, ਇਸ ਅਧਿਆਤਮ ਕਰਣੀ ਤੋਂ ਛੁਟ ਹੋਰ ਕਿਸੇ ਜਪ ਤਪ ਸੰਜਮ ਦੀ ਲੋੜ ਨਹੀਂ। ਨਾ ਹੀ ਬੇਦਾਂ ਤੇ ਪੁਰਾਣਾਂ ਸ਼ਾਸਤ੍ਰਾਂ ਦਾ ਪਾਠ ਕਰਨ ਦੀ ਲੋੜ ਹੈ। ਕਿਸੇ ਭੀ ਆਨਮਤੀ ਪੁਸਤਕਾਂ ਬੇਦ, ਕੁਰਾਨ, ਅੰਜੀਲ, ਤੌਰੇਤ ਆਦਿ ਦੇ ਪੜ੍ਹਨ ਦੀ ਲੋੜ ਨਹੀਂ। ਉਹ ਸਰਬ ਆਨ-ਮਤ ਕਰਮ ਗੁਰਮਤਿ ਅਧਿਆਤਮ ਕਰਮ ਤੋਂ ਹੇਠਾਂ ਹਨ। ਅਰਥਾਤ, ਗੁਰਮਤਿ ਅਧਿਆਤਮ ਕਰਣੀ ਦੇ ਕਰਣੀਸ਼ਰਾਂ ਲਈ ਗੁਰਮਤਿ ਅਧਿਆਤਮ ਕਰਮ-ਕਰਣੀ ਹੋਰ ਆਨਮਤ ਕਰਮ-ਕਾਂਡੀ ਕਰਣੀਆਂ ਤੋਂ ਅਤਿ ਅਪਰੰਪਰ ਹੈ।

> **ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥ ੧ ॥ ਰਹਾਉ ॥ ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥ ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥ ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥ ੨ ॥ ੩੦॥**

(ਸਿਰੀ ਰਾਗੁ ਮ: ੩, ਪੰਨਾ ੩੮-੩੯)

ਵਿਆਖਿਆ— ਸੱਚੇ ਸੁਖ ਦੀ ਪ੍ਰਾਪਤੀ ਕੇਵਲ ਨਾਮ ਨਾਲ ਰੱਤਿਆਂ ਹੁੰਦੀ ਹੈ, ਨਾਮ ਵਿਚਿ ਰੰਗਿਆਂ ਹੀ ਹੁੰਦੀ ਹੈ। ਨਾਮ ਵਿਚਿ ਰੰਗੇ ਤਾਂ ਜਾਈਦਾ ਹੈ ਜੇ ਨਾਮ ਦੀ ਪ੍ਰਾਪਤੀ ਗੁਰਮਤਿ ਦੁਆਰਾ

---

੧ ਬਸੰਤ ਰਾਮਾਨੰਦ ਜੀ, ਪੰਨਾ ੧੧੯੫

 www.sikhbookclub.com

ਹੋਵੇ। ਅਤੇ ਸੱਚੇ ਸਤਿਗੁਰੂ ਦੀ ਗੁਰ-ਦੀਖਿਆ ਦੇ ਪੰਨੇ ਪੈ ਕੇ ਨਾਮ ਮਿਲੇ। ਤਿਸ ਗੁਰਮਤਿ ਨਾਮ ਨੂੰ ਕੇਵਲ ਗੁਰਮਤੀ ਸਾਲਾਹ ਕੇ, ਅਰਥਾਤ ਜਪ ਕੇ ਹੀ ਗੁਰਮਤਿ ਜੁਗਤੀ ਦੁਆਰਾ ਸਾਲਾਹਕਾਰੀ ਨਾਮ ਦਾ ਰੰਗ ਚੜ੍ਹਦਾ ਹੈ; ਸੱਚੇ ਗੁਰਮਤਿ ਨਾਮ, ਪਰਾ-ਪੂਰਬਲੇ ਸੱਚੇ ਨਾਮ (ਸਤਿਨਾਮ) ਨੂੰ ਸਾਲਾਹ ਕੇ ਹੀ (ਜੋ ਕੇਵਲ ਗੁਰੂ ਦੁਆਰਿਓਂ ਮਿਲਦਾ ਹੈ) ਚੜ੍ਹਦਾ ਹੈ। ਇਸ ਗੁਰਮਤਿ ਨਾਮ, ਇਕੋ ਸਾਲਾਹਣ ਯੋਗ ਨਾਮ ਤੋਂ ਬਿਨਾਂ, ਹੋਰ ਦੂਜਾ ਨਾਮ ਹੀ ਕੋਈ ਨਹੀਂ, ਜੋ ਸਾਲਾਹਿਆ ਜਾਵੇ। ਇਕੋ ਗੁਰਮਤਿ ਨਾਮ ਬਾਝੋਂ ਹੋਰ ਸਭ ਕਿਰਤਮ ਨਾਮ ਹਨ। ਇਸ ਸਤਿਨਾਮ (ਸੱਚੇ ਨਾਮੁ) ਗੁਰਮਤਿ ਨਾਮ ਬਾਝੋਂ ਆਨਮਤ ਕਿਰਤਮ ਨਾਮ ਕਮਾਏ ਤੋਂ ਪਰਮਾਤਮ ਰੰਗ ਨਹੀਂ ਚੜ੍ਹਦਾ। ਹੋਰ ਕਿਸੇ ਨਾਮ ਜਪੇ ਤੋਂ ਨਿਸਤਾਰਾ ਨਹੀਂ। ਧਰਮ ਰਾਇ ਨੂੰ ਵਾਹਿਗੁਰੂ ਸੱਚੇ ਪਾਤਸ਼ਾਹ ਦਾ ਕਰੜਾ ਹੁਕਮ ਹੈ, ਸੱਚਾ ਧਰਮ ਨਿਆਉਂ ਬੀਚਾਰਨ ਦਾ। ਦੂਜੇ ਭਾਇ ਦੇ ਕਰਮ ਕਮਾਵਣਹਾਰੇ ਅਤੇ ਦੂਤੀ ਨਾਮ ਜਪਣ ਵਾਲੇ ਤੇ ਹੋਰ ਦੁਸ਼ਟ-ਆਤਮੀ ਪ੍ਰਾਣੀ ਸਭ ਤੇਰੀ (ਧਰਮ ਰਾਇ) ਦੀ ਸਰਕਾਰ ਪਰਜਾ ਹੈ, ਉਹਨਾਂ ਤੇ ਤੇਰਾ ਜ਼ੋਰ ਚਲਦਾ ਹੈ। ਅਧਿਆਤਮੀ ਕਰਮ ਕਰਨਹਾਰਿਆਂ ਦੇ ਮਨ ਅੰਦਰਿ ਗੁਣਾਂ ਦਾ ਪੁੰਜ ਖ਼ਜ਼ਾਨਾ ਰੂਪੀ ਵਾਹਿਗੁਰੂ ਵਸਿਆ ਹੈ। ਉਹ ਕੇਵਲ ਇਕੋ ਗੁਰਮਤਿ ਨਾਮ ਨੂੰ ਜਪਦੇ ਹਨ। ਤਿਨ੍ਹਾਂ ਉਪਰ, ਹੇ ਧਰਮ ਰਾਇ! ਤੇਰਾ ਜ਼ੋਰ ਨਹੀਂ ਚਲਦਾ। ਤਿਨ੍ਹਾਂ ਦੀ ਸਗੋਂ ਧਰਮ ਰਾਇ ਉਲਟੀ ਸੇਵਾ ਕਰਦਾ ਹੈ। ਤਿਨ੍ਹਾਂ ਨੂੰ ਡੰਨ ਤਾਂ ਕੀ ਦੇਣਾ ਸੀ, ਸਗੋਂ ਉਲਟਾ ਤਿਨ੍ਹਾਂ ਦੀ ਧਰਮ ਰਾਇ ਸੇਵਾ ਕਰਦਾ ਹੈ। ਧੰਨ ਸੰਵਾਰਨਹਾਰਾ ਸੱਚਾ ਪਾਤਸ਼ਾਹ! ਅਤੇ ਧੰਨ ਹਨ ਅਧਿਆਤਮੀ ਕਰਮ ਕਰਨਹਾਰੇ ਗੁਰਮੁਖਿ ਜਨ, ਜਿਨ੍ਹਾਂ ਦੀ ਧਰਮ ਰਾਇ ਭੀ ਸੇਵਾ ਕਰਦਾ ਹੈ।

> ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥ ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥ ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥ ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ ॥ ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥ ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ ॥ ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥

(ਸਲੋਕ ਮ: ੩, ਸਿਰੀਰਾਗ ਕੀ ਵਾਰ, ਪੰਨਾ ੮੭)

ਵਿਆਖਿਆ— ਸਰਬ ਸ਼ਕਤੀਸ਼ਰ ਪ੍ਰਕਾਸ਼ ਰੂਪ ਪੂਜਜ ਪੁਰਖ ਪਰਮਾਤਮਾ ਨੂੰ ਗੁਰਮਤਿ ਦੀ ਸਹਜ ਪੂਜਾ ਬਿਧੀ ਦੁਆਰਾ ਹੀ ਪੂਜਾ ਪਦ ਦੇ ਸਚੇ ਅਰਥਾਂ ਵਿਚਿ ਪੂਜਿਆ ਜਾਂਦਾ ਹੈ। ਆਨ ਦੇਵ ਸੇਵ ਦੇਵ ਵਾਲੀ ਪੂਜਾ ਫ਼ਰਜ਼ੀ ਅਤੇ ਹਠ-ਲਰਜ਼ੀ ਹੈ। ਸੱਚੇ ਪਰਮਾਤਮਾ ਰੂਪੀ ਸੱਚੇ ਪੁਰਖ ਅਕਾਲ ਦੀ ਪੂਜਾ ਗੁਰਮਤਿ ਦਰਸਾਈ ਪੂਜਾ ਇਕ ਨਿਰੰਜਨੀ ਪੂਜਾ ਹੈ। ਅਤੇ ਬੜੀ ਹੀ ਬਿਚੱਛਨ ਪੂਜਾ ਹੈ। ਆਨਮਤਾਂ ਨਾਲੋਂ ਵਿਲੱਖਣ ਪੂਜਾ ਹੈ। ਕਾਲ ਰਹਿਤ ਮੂਰਤੀ ਵਾਲੇ ਅਕਾਲ ਮੂਰਤਿ ਅਮੂਰਤ ਦੇਵ ਨਿਰੰਜਨੀ ਪੁਰਖ ਨਿਰੰਕਾਰ ਦੀ ਪੂਜਾ ਕੇਵਲ ਨਿਰੰਕਾਰੀ ਨਾਮ ਨਿਰੰਜਨਾ ਦੁਆਰਾ ਹੀ ਹੋਣੀ ਸੰਭਵ ਹੈ, ਨਿਰੰਕਾਰ ਦੇ ਨਿਰੰਜਨੀ ਨਾਮ ਦੁਆਰਾ ਹੀ ਹੋ ਸਕਦੀ ਹੈ। ਨਿਰੰਕਾਰੀ ਜੁਗਤੀ ਬਿਧੀ ਨਾਲ ਹੀ ਨਿਰੰਕਾਰ ਪਰਮਾਤਮ ਦੇਵ ਦੀ ਪੂਜਾ ਕੀਤੀ ਜਾ ਸਕਦੀ ਹੈ। ਇਹ ਨਿਰੰਕਾਰੀ ਜੁਗਤਿ ਬਿਧੀ ਨਿਰੰਕਾਰੀ ਨਾਮ ਵਿਚਿ ਹੀ ਅਸਥਿਰ ਹੈ, ਜੋ ਨਿਰੰਕਾਰੀ ਗੁਰੂ ਸਤਿਗੁਰ ਨਾਨਕ ਦੇਵ ਨੇ ਨਿਰੰਕਾਰ ਦੀ ਧੁਰਿ ਦਰਗਾਹੋਂ ਨਿਰੰਕਾਰੀ ਹੁਕਮ ਨਾਲ ਹੀ ਲਿਆਂਦਾ ਹੈ। ਇਸ ਧੁਰੋਂ ਆਏ


www.sikhbookclub.com

ਨਿਰੰਕਾਰੀ ਨਾਮ ਦੀ ਬਿਧੀ ਨਿਰੰਕਾਰੀ ਗੁਰੂ ਸਾਹਿਬਾਨ ਦੁਆਰਾ ਧੁਰੋਂ ਆਈ ਬਾਣੀ, ਨਿਰੰਕਾਰੀ ਬਾਣੀ ਗੁਰਬਾਣੀ ਅੰਦਰਿ ਹੀ ਵਿਦਮਾਨ ਹੈ। ਯਾ ਨਿਰੰਕਾਰ ਜੋਤੀਸ਼ ਗੁਰਮੁਖਿ ਸੀਨਿਆਂ ਵਿਚਿ ਹੀ ਜੁਗਤਿ ਧੁਰੰਧਰੀ ਹੋਈ ਚਲੀ ਆਉਂਦੀ ਹੈ। ਅਕਾਲ ਮੂਰਤਿ ਪਰਮਾਤਮ ਦੇਵ ਦੀ ਨਿਰੰਕਾਰੀ ਨਿਰੰਜਨ ਜੁਗਤਾਰੀ ਪੂਜਾ ਦੇ ਉਦਾਹਰਨੀ ਨਮੂਨੇ ਨਿਰੰਕਾਰੀ ਬਾਣੀ ਗੁਰਬਾਣੀ ਅੰਦਰਿ ਅਨੇਕਾਂ ਗੁਰਵਾਕਾਂ ਦੁਆਰਾ ਵਿਦਤਾਏ ਗਏ ਹਨ। ਵੰਨਗੀ ਮਾਤਰ ਇਹ ਗੁਰ ਪ੍ਰਮਾਣ ਹੈ, ਜਿਸ ਦੀਆਂ ਅਰੰਭਕ ਸਤਰਾਂ ਹੇਠ ਲਿਖੀਆਂ ਜਾਂਦੀਆਂ ਹਨ—

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥ ੧ ॥ ਸੰਤਹੁ
ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥ ੧ ॥ ਰਹਾਉ ॥

(ਰਾਮਕਲੀ ਮ: ੩, ਪੰਨਾ ੯੧੦)

ਜਿਸ ਦਾ ਤੱਤ ਭਾਵ ਇਹ ਹੈ ਕਿ ਨਿਰੰਕਾਰ ਦੀ ਪੂਜਾ ਨਿਰੰਕਾਰੀ ਨਾਮ ਦੁਆਰਾ ਹੀ ਹੁੰਦੀ ਹੈ। ਅਤੇ ਗੁਰੂ ਵਰੋਸਾਇਆ ਕੋਈ ਪੂਰਾ ਗੁਰਮੁਖਿ ਜਨ ਹੀ ਨਿਰੰਕਾਰੀ ਨਾਮ ਗੁਰਮਤਿ ਨਾਮ ਨੂੰ ਪਾਉਂਦਾ ਹੈ। ਅਤੇ ਗੁਰਮਤਿ ਤੱਤ ਅਸਲ ਅਰਥਾਂ ਵਾਲੀ ਪੂਜਾ ਦਾ ਜੁਗਤਿ-ਭੇਦ ਭੀ ਉਹੀ ਗੁਰਮੁਖਿ ਜਨ ਪਾਉਂਦਾ ਹੈ, ਜਿਸ ਨੂੰ ਗੁਰਮਤਿ ਨਾਮ ਦੀ ਪ੍ਰਾਪਤੀ ਹੋ ਚੁਕੀ ਹੁੰਦੀ ਹੈ। ਨਿਰੰਕਾਰ ਦੀ ਸਰਗੁਣ ਮੂਰਤੀ ਕੋਈ ਨਹੀਂ। ਮੂਰਤੀ ਹੈ, ਪਰ ਕਾਲ ਰਹਿਤ ਤ੍ਰੈਗੁਣਾਂ-ਅਬਾਧ ਨਿਰਗੁਣ ਮੂਰਤੀ ਹੈ। ਅਕਾਲ ਮੂਰਤਿ ਵਾਲਾ ਅਕਾਲ ਪੁਰਖ ਹੈ। ਇਸ ਮੂਰਤਿ ਪਦ ਦਾ ਭਾਵ ਹੈ ਵਜੂਦ, ਹਸਤੀ, ਹੋਂਦ। ਅਕਾਲ ਪੁਰਖ ਤੱਤਵਤਾ-ਮਈ ਹੋਂਦ ਅਕਾਲ ਮੂਰਤਿ ਦੁਪੰਗਤੀ ਜੁੜਤ ਪਦ ਅੰਦਰਿ ਵਿਦਮਾਨ ਹੈ। ਅਕਾਲ ਪੁਰਖ ਦੀ ਹੋਂਦ ਹਸਤੀ ਦੇ ਮੰਨਣ ਵਿਚਿ ਗੁਰਮਤਿ ਆਸਤਕਤਾ ਪੂਰਤਿ ਹੈ (ਪੂਰਿ ਰਹੀ ਹੈ)। ਇਸ ਭਾਵ ਸ਼ਰਧਾ ਬਿਹੂਣੇ ਹੋਣ ਕਰਿ ਹੀ ਆਮ ਵਿਸ਼ਵ ਸੰਸਾਰ ਅੰਦਰਿ ਨਾਸਤਕਤਾ ਛਾ ਰਹੀ ਹੈ। ਗੁਰਮਤਿ ਅੰਦਰਿ (ਅਨੁਸਾਰ) ਬੁੱਤ ਪੂਜਾ, ਮੂਰਤੀ ਪੂਜਾ ਅਤਿ ਨਿਖੇਧਤ ਕਰਮੁ ਗਰਦਾਨਿਆ ਗਿਆ ਹੈ। ਨਿਰੰਜਨੀ (ਨਿਰੰਜਨਾ) ਨਾਮ ਦੀ ਪੂਜਾ ਦਾ ਹੀ ਗੁਰਮਤਿ ਅੰਦਰਿ ਵਿਧਾਨ ਹੈ। ਨਾਮ ਦੀ ਪੂਜਾ ਹੀ ਨਾਮੀ (ਵਾਹਿਗੁਰੂ) ਨਿਰੰਕਾਰ ਦੀ ਪੂਜਾ ਹੈ। ਪੂਜਾ ਸਮੇਂ ਨਾ ਹੀ ਨਾਮ ਨੂੰ ਅਤੇ ਨਾ ਹੀ ਨਾਮੀ ਪੁਰਖ ਨਿਰੰਕਾਰ ਨੂੰ ਮੂਰਤੀ ਵਜੋਂ ਸਨਮੁਖ ਰਖਿਆ ਜਾਂਦਾ ਹੈ। ਨਿਰੰਕਾਰ ਕੀ ਤੇ ਮੂਰਤੀ ਕੀ ? ਨਿਰੰਕਾਰ ਦੀ ਮੂਰਤੀ ਹੀ ਕੋਈ ਨਹੀਂ ਹੋ ਸਕਦੀ। ਤਾਂ ਤੇ ਕੋਈ ਫ਼ਰਜ਼ੀ ਮੂਰਤੀ ਥਾਪ ਕੇ ਨਿਰੰਕਾਰ ਦੀ ਯਾ ਨਿਰੰਕਾਰੀ ਨਾਮ ਦੀ ਪੂਜਾ ਕਰਨੀ ਨਿਰੀ ਨਾਦਾਨੀ ਅਤੇ ਮੂਰਖਤਾ ਹੈ। ਸੱਚ ਪੁਛੋ ਤਾਂ ਨਿਰੀ ਮਨ ਦੀ ਮਤਿ (ਮਨਮਤਿ) ਹੈ। ਗੁਰਮਤਿ ਦਾ ਐਸੀ ਮੂਰਤਿ ਮੁਖੀ ਪੂਜਾ ਦਾ ਕੋਈ ਵਾਸਤਾ (ਤੁਅੱਲਕ) ਹੀ ਨਹੀਂ। ਸੱਚੇ ਸਾਹਿਬਾਨ, ਨਿਰੰਕਾਰੀ ਗੁਰੂ ਪਾਤਸ਼ਾਹ ਸਾਹਿਬਾਨ ਨੇ ਗੁਰਸਿਖਾਂ ਪ੍ਰਤੀ ਨਾਮ ਅਭਿਆਸ ਦੀ ਨਿਰੰਕਾਰੀ ਜੁਗਤੀ ਦ੍ਰਿੜ੍ਹਾਈ। ਜਿਸ ਨਿਰੰਕਾਰੀ ਜੁਗਤੀ ਦੁਆਰਾ ਸਹਜ ਪੂਜਾ ਨਿਰੰਕਾਰ ਦੀ ਸੁਤੇ ਸੁਭਾਵ ਹੀ ਬਣਿ ਆਉਂਦੀ ਹੈ। ਜਿਸ ਵਿਚ ਮੂਰਤੀ ਪੂਜਾ ਵਾਲਾ ਰੰਚਕ ਮਾਤਰ, ਲਾਗ ਮਾਤਰ ਭੀ ਲੇਸ ਨਹੀਂ। ਗੁਰਮਤਿ ਨਾਮ ਪੂਜਾ ਜੁਗਤੀਸ਼ਰ ਗੁਰਸਿੱਖਾਂ ਨੇ ਨਾ ਹੀ ਕਿਸੇ ਅੱਖਰੀ ਬਿਉਂਤ ਵਾਲੀ ਨੂੰ ਅੱਖੀਆਂ ਅੱਗੇ ਯਾ ਧਿਆਨ ਗੋਚਰਾ ਰਖਣਾ ਹੈ, ਨਾ ਹੀ ਨਾਮੀ ਪਰਮਾਤਮਾ ਦੀ ਸਰਗੁਣ ਦੇਵਤਾ ਮਈ ਕਿਸੇ ਮੂਰਤੀ ਦਾ ਧਿਆਨ ਧਰਨਾ ਹੈ। ਇਉਂ ਕੀਤਿਆਂ ਤਾਂ ਅਕਾਲ ਪੁਰਖ ਦੀ ਅਕਾਲਤਾ ਨਹੀਂ ਰਹਿੰਦੀ, ਨਿਰੰਕਾਰ ਦੀ ਨਿਰੰਕਾਰਤਾ ਨਹੀਂ ਰਹਿੰਦੀ, ਨਿਰੰਜਨ ਪਰਮਾਤਮਾ ਦੀ

ਨਿਰੰਜਨਤਾ ਜਾਂਦੀ ਹੈ। ਉਹੀ ਫਕਵੰਜ ਮੂਰਤੀ-ਪੂਜਾ ਆਨਮਤੀਆਂ ਵਾਲਾ ਗੁਰੂ ਘਰ ਅਤੇ ਗੁਰੂ ਘਰ ਦੇ ਸਿੱਖਾਂ ਅੰਦਰਿ ਭੀ ਆ ਵੜਦਾ ਹੈ। ਫ਼ਰਜ਼ੀ ਮੂਰਤਿ ਫ਼ਰਜ਼ ਫ਼ਰਜ਼ਾ ਕੇ ਧਿਆਨ ਜਮਾਉਣਾ ਤੱਤ ਗੁਰਮਤਿ ਨਾਲ ਧ੍ਰੋਹ ਕਮਾਉਣਾ ਹੈ, ਗੁਰੂ ਸਾਹਿਬਾਨ ਦੀ ਚਲਾਈ ਗੁਰਮਤਿ ਨੂੰ ਹਾਸੋ ਹੀਣ ਕਰਨਾ ਹੈ। ਦਸੋਂ ਗੁਰੂ ਸਾਹਿਬਾਨ ਵਿਚੋਂ ਕਿਸੇ ਭੀ ਗੁਰੂ ਦੀ ਫ਼ਰਜ਼ੀ ਧੀਂਗੋ-ਮਰਜ਼ੀ ਵਾਲੀ ਮੂਰਤੀ ਦਾ ਧਿਆਨ ਧਰਨਾ ਓਦੂੰ ਭੀ ਪਰਲੇ ਦਰਜੇ ਦੀ ਮਨਮਤਿ ਹੈ। ਇਹ ਜੋ ਪਰਚਲਤ ਫ਼ੋਟੋ ਵਾਲੀਆਂ ਯਾ ਹਥੀਂ ਖਿੱਚੀਆਂ ਤਸਵੀਰਾਂ ਹਨ, ਗੁਰੂ ਸਾਹਿਬਾਨ ਦੀਆਂ ਸਭ ਫ਼ਰਜ਼ੀ ਮਨੋ-ਮਰਜ਼ੀ ਤਸਵੀਰਾਂ ਫ਼ੋਟੂਆਂ ਹਨ। ਇਹੀ ਕਾਰਨ ਹੈ ਕਿ ਜੋ ਦ੍ਰਿਸਟੀ ਜੀਉ ਮਰਜ਼ੀ ਵਿਚਿ ਆਈ ਸੋਈ ਫ਼ਰਜ਼ੀ ਤਸਵੀਰ ਫ਼ੋਟੋ ਖਿਚ ਮਾਰੀ। ਇਸ ਤਸਵੀਰ-ਬਾਜ਼ੀ ਅਤੇ ਫੋਟੋ-ਬਾਜ਼ੀ ਦੁਆਰਾ ਗੁਰੂ ਪੰਥ ਅੰਦਰਿ ਮਹਾਂ ਮਨਮਤਿ ਫੈਲ ਰਹੀ ਹੈ। ਜਿਸ ਦਾ ਸਿੱਟਾ ਇਹ ਹੈ ਕਿ ਗੁਰਮਤਿ ਪ੍ਰਮਾਰਥ ਦੇ ਪਾਂਧੀ ਜਨ ਸੱਚੀ ਸੁੱਚੀ ਅਕਾਲ-ਪ੍ਰਸਤੀ ਆਤਮ ਪੂਜਾ ਤੋਂ, ਤੱਤ ਪਰਮਾਤਮ ਪੂਜਾ ਤੋਂ ਵਾਂਜੇ ਜਾ ਰਹੇ ਹਨ। ਗੁਰੂ ਸਾਹਿਬਾਨ ਦੀ ਦ੍ਰਿੜ੍ਹਾਈ ਨਿਰੰਕਾਰੀ ਗੁਰਬਾਣੀ ਦੁਆਰਾ ਆਈ ਖ਼ੁਦ ਨਿਰੰਕਾਰ ਵਿਦਤਾਈ ਪੂਜਾ ਇਕਲਵਾਂਝੇ ਹੀ, ਕਿਨਾਰੇ ਹੀ ਰਹਿ ਜਾਂਦੀ ਹੈ। ਸਾਨੂੰ ਗੁਰਸਿੱਖਾਂ ਨੂੰ ਗੁਰੂ ਸੱਚੇ ਪਾਤਸ਼ਾਹ ਨੇ ਨਾਮ ਦ੍ਰਿੜ੍ਹਾਇਆ, ਨਾਮ ਦੀ ਪੂਜਾ ਸਿਖਾਈ, ਗੁਰ-ਦੀਖਿਆ ਦੀ ਗੁੜ੍ਹਤੀ ਦਿੱਤੀ; ਕਮਾਈ ਵਾਲੇ ਪੰਜਾਂ ਪਿਆਰਿਆਂ ਦੇ ਸਰੂਪ ਵਿਚਿ ਦਿੱਤੀ, ਜਿਨ੍ਹਾਂ ਨੇ ਖ਼ੁਦ ਨਾਮ ਅਭਿਆਸ ਰੂਪੀ ਸਚੜੀ ਪੂਜਾ ਨੂੰ ਜਗਿਆਸੂ ਜਨਾਂ ਪ੍ਰਤੀ ਕਰਕੇ ਪਰਤੱਖ ਦਿਖਾਇਆ। ਗੁਰ-ਮੰਤਰ ਗੁਰ-ਦੀਖਿਆ ਮਈ ਗੁਰਮਤਿ ਨਾਮ ਦਾ ਅਭਿਆਸ ਕਰਨਾ ਸਿਖਾਇਆ, ਜਿਸ ਵਿਚਿ ਕੋਈ ਫ਼ਰਜ਼ੀ ਧਿਆਨ ਕਿਸੇ ਫ਼ਰਜ਼ੀ ਮੂਰਤੀ ਦਾ ਨਹੀਂ ਧਰਨਾ ਪੈਂਦਾ। ਅਭਿਆਸ ਕਰਦੇ ਹੋਏ ਗੁਰ-ਮੰਤਰ ਗੁਰਮਤਿ ਨਾਮ ਰੂਪੀ ਸ਼ਬਦ ਨੂੰ ਸੁਰਤੀ ਨਾਲਿ ਜੋੜਨਾ ਹੈ। ਨਾਮ ਜਪਦੇ ਹੋਏ, ਨਾਮ ਜਾਪ ਦੇ ਆਰੰਭ ਵਿਚਿ ਸ਼ਬਦ ਨਾਲਿ ਸੁਰਤੀ ਲਾਉਣੀ ਹੈ। ਨਾਮ ਸ਼ਬਦ ਦੀ ਜੋ ਧੁਨੀ ਅਭਿਆਸ ਜਾਪ ਕਰਦਿਆਂ ਆਵੇ (ਨਿਕਲੇ), ਉਸ ਧੁਨਿ ਨਾਲ ਸੁਰਤੀ ਨੂੰ ਜੋੜਨਾ ਇਹ ਸ਼ਬਦ ਸੁਰਤਿ ਦਾ ਅਰੰਭਕ ਖੇਲੁ ਹੈ। ਅਭਿਆਸੀ ਜਨ ਪਹਿਲਾਂ ਏਥੋਂ ਹੀ ਅਭਿਆਸ ਆਰੰਭ ਕਰਦਾ ਹੈ। ਗੁਰ-ਮੰਤਰ ਨਾਮ ਸ਼ਬਦ ਚੁਅਖਰੇ ਦਾ ਪਹਿਲਾ ਦੁਅਖਰਾ ਸਹਿਤ ਸੁਆਸ ਦੇ ਅੰਦਰ ਨੂੰ ਖਿਚ ਕੇ ਉਪਰ ਨੂੰ ਦਸਮੇ ਦੁਆਰ ਓਰਿ ਲੈ ਜਾਵੇ, ਸਹਜ ਸੁਆਸੀ ਸੁਤੇ ਵੇਗ ਸੇਤੀ ਲੈ ਜਾਵੇ ਅਤੇ ਸਹਜ ਸੁਆਸੀ ਵੇਗ ਸੇਤੀ ਹੀ ਉਪਰੋਂ (ਅੰਦਰੋਂ) ਹੇਠਾਂ ਬਾਹਰ ਵਲ ਉਤਰਾਵੇ। ਅਤੇ ਉਤਰਾਵਨ ਸਮੇਂ ਪਿਛਲੇ (ਦੂਜੇ) ਅਰਧ ਗੁਰ-ਮੰਤਰੀ ਸ਼ਬਦ ਦੇ ਹਿਸੇ ਨੂੰ ਰਸਨਾ ਨਾਲਿ ਸਪਰਸ਼ ਕੇ ਨਿਕਸਾਵੇ। ਏਸੇ ਪ੍ਰਕਾਰ ਸੁਤੇ ਸੁਆਸਾਂ ਦੇ ਸਹਿਜ ਵੇਗ ਸਹਿਤ ਸ਼ਬਦ ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰਖੇ। ਉਪਰ ਨੂੰ, ਅਰਥਾਤ, ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸਪਰਸ਼ ਹਲਕ ਤਾਲੂ ਸਹਿਤ ਹੋਵੇਗਾ। ਅਤੇ ਹੇਠਾਂ ਬਾਹਰਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸਪਰਸ਼ੇਗਾ। ਇਸ ਸੁਪਰਸ਼ ਦੀ ਧੁਨੀ ਚਾਹੇ ਬੈਖਰੀ ਹੋਵੇ, ਚਾਹੇ ਮੱਧਮ ਪਰਾ ਪਸੰਤੀ ਹੋਵੇ, ਉਸ ਧੁਨੀ ਸੇਤੀ ਸੁਰਤਿ ਨੂੰ ਜੋੜਨਾ ਹੈ। "ਸਬਦੁ ਗੁਰੂ ਸੁਰਤਿ ਧੁਨਿ ਚੇਲਾ"[੧] ਦੇ ਗੁਰਵਾਕ ਅਨੁਸਾਰੀ ਇਹ ਗੁਰਮਤਿ ਨਾਮ ਅਭਿਆਸ ਦੀ ਖੇਡ ਹੈ। ਸ਼ਬਦ ਗੁਰੂ-ਰੂਪ ਇਸ ਕਰਕੇ ਹੈ ਕਿ ਧੁਰੋਂ ਨਿਰੰਕਾਰ ਦੀ ਦਰਗਾਹ ਤੋਂ ਆਇਆ ਹੋਣ ਕਰਕੇ ਸ਼ਬਦ ਦੀ ਸਪਰਸ਼ ਪਾਰਸ

**ਨਾਮ ਜਪਣ ਦੀ ਜੁਗਤੀ**

੧ ਰਾਮਕਲੀ ਮ: ੧, ਸਿਧ ਗੋਸਟਿ, ॥ ੪੪॥, ਪੰਨਾ ੯੪੩

ਰੂਪੀ ਹੈ, ਅੰਮ੍ਰਿਤ ਰਸਾਇਣੀ ਹੈ। ਇਸ ਦੇ ਹਲਕ ਤਾਲੂ ਨਾਲਿ ਸੁਰਤੀ ਸਹਿਤ ਸਪਰਸ਼ਿਆਂ ਕਾਟ ਕਰ ਕੇ ਸਣੇ ਸਣੇ ਬਿਸਮਾਦ ਰੂਪ ਵਿਚਿ ਲੀਨਤਾ ਦਾ ਆਨੰਦ, ਬਿਸਮ ਅਨੰਦ ਆਉਣ ਲੱਗ ਪੈਂਦਾ ਹੈ। ਰਸਨਾ ਨਾਲਿ ਸਪਰਸ਼ ਹੋਣ ਕਰਕੇ ਅੰਤਰਗਤਿ ਜੋਤਿ ਪ੍ਰਕਾਸ਼ ਦਾ ਰਸ ਰੁਮਕਣ ਲੱਗ ਪੈਂਦਾ ਹੈ। ਜਦੋਂ ਰਸ-ਬਿਸਮਤਾ ਦੀ ਨੌਬਤ ਆਨਿ ਉਪਜਦੀ ਹੈ ਤਦੋਂ ਅਭਿਆਸੀ ਜਨ ਦੀ ਸੁਰਤੀ ਬਿਰਤੀ ਇਸ ਰਸ-ਬਿਸਮਾਦ ਕਲਾ ਵਿਚਿ ਲੀਨ ਹੋ ਕੇ ਸਹਜ-ਲੀਨਤਾ ਦੇ ਦਰਜੇ ਨੂੰ ਅਪੜ ਜਾਂਦੀ ਹੈ। ਫੇਰ ਸੁਰਤੀ ਜੋੜਨ ਦਾ ਕੋਈ ਖਾਸ ਯਤਨ ਨਹੀਂ ਕਰਨਾ ਪੈਂਦਾ। ਰਸ-ਜੋਤਿ-ਪ੍ਰਕਾਸ਼ ਦੀ ਕਿਰਨ ਕਣੀ ਹੀ ਸੁਰਤਿ-ਮਹਿਵੀਅਤ ਲਈ ਸਹਾਈ ਹੋਈ ਰਹਿੰਦੀ ਹੈ; ਸ਼ਬਦ-ਅਭਿਆਸ ਤੋਂ ਇਕ ਖਿਨ ਭੀ ਬਾਹਰ ਨਹੀਂ ਹੋਣ ਦਿੰਦੀ। ਗੁਰ ਪ੍ਰਸਾਦਿ ਕਰ ਹੀ ਇਹ ਬਿਧਿ ਬਣਿ ਆਉਂਦੀ ਹੈ। ਅਤੇ ਜਿਉਂ ਜਿਉਂ ਇਹ ਬਿਧਿ ਬਣਦੀ ਹੈ ਤਿਉਂ ਤਿਉਂ ਗੁਰੂ ਕਰਤਾਰ ਦੇ ਸ਼ੁਕਰਾਨੇ ਵਿਚਿ ਨਿਮਰੀਭੂਤ ਹੋ ਕੇ ਅਭਿਆਸ ਆਨੰਦਨੀ ਖੇਡ ਐਸੀ ਹੁੰਦੀ ਹੈ ਕਿ ਸ਼ਬਦ ਅਭਿਆਸ ਗੁਰੂ ਕਰਤਾਰ ਸਨਮੁਖੀ ਅਰਦਾਸ ਰੂਪ ਹੋ ਜਾਂਦਾ ਹੈ। ਚੇਤੇ ਰਹੇ ਕਿ ਇਸ ਅਭਿਆਸ ਰਸ-ਅਨੰਦਨੀ ਖੇਡ ਵਿਚਿ ਰਸ-ਪ੍ਰਾਇਣ ਹੋ ਕੇ, ਰਸ-ਰਸਾਇਣ ਹੋ ਕੇ ਅਭਿਆਸੀ ਜਨ ਦਾ ਰੋਮ ਰੋਮ ਰੁਮਕ ਉਠਦਾ ਹੈ, ਅੰਗ ਅੰਗ ਫੁਰਕਣ ਲੱਗ ਪੈਂਦਾ ਹੈ, ਹੋਂਠ ਭੀ ਆ-ਮੁਹਾਰੇ ਫੁਰਕਣ ਲੱਗ ਪੈਂਦੇ ਹਨ। ਇਹ ਅਮਿਉ-ਰਸਾਇਣੀ ਰਸ ਅਤੀਅੰਤ ਹੀ ਅਜੱਰ ਵਸਤੂ ਹੈ। ਗੁਰ ਪ੍ਰਸਾਦ ਕਰ ਹੀ ਜਰਿਆ ਜਾ ਸਕਦਾ ਹੈ। ਅਰਦਾਸ ਰੂਪ ਅਭਿਆਸ (ਜੈਸਾ ਉਪਰਿ ਵਰਨਣ ਹੋਇਆ ਹੈ) ਇਸ ਅਜੱਰ ਪਦ ਨੂੰ ਜਰਾਉਣ ਲਈ ਬੜਾ ਹੀ ਸਹਾਈ ਹੁੰਦਾ ਹੈ। ਜੋ ਜਰ ਨਹੀਂ ਸਕਦੇ, ਉਹ ਭੁੜਕ ਕੇ ਉਠਦੇ ਹਨ। ਜਰਨ ਵਾਲਿਆਂ ਦੀ ਭੀ ਨਿਝਰ ਝਰਨ ਬਿਰਤੀ ਇਕ ਬਿਸਮ-ਆਨੰਦੀ ਹੁਲਾਰੇ ਦੀ ਅਕੱਥਨੀਯ ਮੌਜ ਵਿਚਿ ਹਾਲ ਖੇਡਣ ਲੱਗ ਪੈਂਦੀ ਹੈ। ਸਰੀਰ ਭੀ ਵਜਦ ਵਿਚਿ ਆ ਕੇ ਝੂਲਣ ਮੇਹਲਣ ਲੱਗ ਪੈਂਦਾ ਹੈ, ਪਰ ਸਹਜ ਕਲਾ ਵਿਚਿ। ਇਸ ਵਜਦ-ਹੁਲਾਰੜੀ ਖੇਡ ਵਿਚਿ ਅੰਤ੍ਰੀਵੀ ਅਮਿਉ ਰਸ ਰਸਾਇਣ ਸੇਤੀ ਸਰਸ਼ਾਰ ਹੋ ਕੇ ਅਤੇ ਬਿਹਬਲ ਹੋ ਕੇ ਅਭਿਆਸੀ ਜਨ ਸ਼ਬਦ ਅਭਿਆਸ ਤ੍ਰੰਗੀ ਫੁਰਾਟੇ ਵੀ ਮਾਰਨ ਲੱਗ ਪੈਂਦਾ ਹੈ। ਇਨ੍ਹਾਂ ਫੁਰਾਟਿਆਂ ਸੁਰਾਟਿਆਂ ਗੁਰਾਟਿਆਂ ਦੇ ਗਰਜਾਉਣ ਵਿਚਿ ਹੋਰ ਭੀ ਅਦਭੁਤ ਆਨੰਦ ਆਉਂਦਾ ਹੈ। ਜਿਨ੍ਹਾਂ ਉਤੇ ਇਹ ਦਸ਼ਾ ਵਾਪਰੀ ਹੋਵੇ, ਸੋਈ ਜਾਨਣ ਇਸ ਰਸ-ਅਨੰਦੀ ਖੇਡ ਨੂੰ, ਨਹੀਂ ਤਾਂ ਆਮ ਲੋਕੀ ਆਪੋ ਆਪਣੀ ਮਤਿ ਕੁਮਤਿ ਅਨੁਸਾਰ ਰਸ-ਫੁਰਾਟੀਆਂ, ਰਸ-ਰਸਾਟੀਆਂ, ਰਸ-ਝਰਨਾਟੀਆਂ, ਰਸ-ਸੁਰਤਾਟੀਆਂ, ਰਸ-ਗੁਰਾਟੀਆਂ, ਰਸ-ਗਜਰਾਟੀਆਂ ਦੀ ਇਸ ਅਨੂਪਮ ਅਤੇ ਅਲੌਕਿਕ ਖੇਡ (ਦਸ਼ਾ) ਨੂੰ ਦੇਖ ਕੇ ਮਖ਼ੌਲ ਉਡਾਉਣ ਲੱਗ ਪੈਂਦੇ ਹਨ। ਪਏ ਉਡਾਉਣ!

**ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥ ਜਿਉ ਜਿਉ ਰਾਮੁ**
**ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥**

(ਰਾਮਕਲੀ ਮ: ੪, ਪੰਨਾ ੮੮੧)

ਭਾਗਹੀਣਾਂ ਦੇ ਵਸਿ ਭੀ ਕੀ ਹੈ! ਉਹਨਾਂ ਨੂੰ ਏਸ ਅਧਿਆਤਮ ਖੇਡ ਦਾ ਪਤਾ ਹੀ ਨਹੀਂ। ਤਾਂ ਹੀ ਤਾਂ ਓਹਨਾਂ ਨੂੰ ਵਜਦ-ਆਨੰਦੀ ਕੇਲ ਕਰਤੇ ਹੰਸ ਜਨ ਭਾਵੰਦੇ ਨਹੀਂ। ਸਤਿਗੁਰੂ ਉਹਨਾਂ ਨੂੰ ਸੁਮਤਿ ਬਖ਼ਸ਼ੇ, ਸ਼ਬਦ ਅਭਿਆਸੀਆਂ ਦੇ ਅਭਿਆਸ ਬਿਲੋਵਨੇ ਬਿਲੋਵਨ ਨੂੰ ਹੌਂਕਣੀਆਂ ਧੌਂਕਣੀਆਂ ਦੱਸਣ ਵਾਲੇ ਅਤੇ ਅਨਿਕ ਪ੍ਰਕਾਰ ਕਰਿ ਨਿੰਦਣ ਵਾਲੇ, ਕਦੇ ਵਕਤ ਆਵੇਗਾ, ਏਸੇ


www.sikhbookclub.com

ਨੱਕੇ ਥਾਣੀ ਲੰਘਣਗੇ ਅਤੇ ਪਛਤਾਇ ਕੇ ਆਪਣੀਆਂ ਭੁੱਲਾਂ ਸਤਿਗੁਰੂ ਪਾਸੋਂ ਬਖ਼ਸ਼ਾਉਣਗੇ ਤੇ ਰਾਹੇ-ਰਾਸਤ ਪਰ ਆਉਣਗੇ ਅਤੇ ਪਰਮਾਤਮਾ ਦੀ ਉਪਰ ਦੱਸੀ ਅਧਿਆਤਮ ਪੂਜਾ ਦੇ ਮਾਰਗ ਤੇ ਚੱਲਣ ਵਾਲੇ ਬਣਨਗੇ।

ਉਪਰ ਵਿਸਥਾਰਿਆ ਵਿਆਖਿਆ ਵਿਸਥਾਰ ਆਤਮ ਦੇਵ ਪਰਮਾਤਮਾ ਦੀ "ਗੁਰ ਕੈ ਭਾਇ ਸੁਭਾਇ" ਪੂਜਾ ਕਰਨ ਦਾ ਨਿਰਣਾ ਨਿਰਣਿਆ ਗਿਆ ਹੈ। ਇਸ ਉਪਰ ਦੱਸੇ ਅਭਿਆਸ ਪਦ ਨੂੰ ਪੁਜ ਕੇ ਹੀ ਆਤਮੇ ਨੂੰ ਆਤਮੇ ਦੀ ਪ੍ਰਤੀਤ ਹੋਇ ਆਵੰਦੀ ਹੈ। ਆਤਮੇ ਦੀ ਕੀ? ਪਰਮਾਤਮੇ ਦੀ ਪਰਮਾਤਮਾ ਦੇ ਪ੍ਰਕਾਸ਼ ਰੂਪ ਹੋਂਦ ਹਸਤੀ ਵਾਲੀ ਪ੍ਰਤੀਤ ਆਉਂਦੀ ਹੈ। ਅਤੇ ਇਉਂ ਉਪਰ ਦੱਸੇ ਅਨੁਸਾਰ ਹੀ "ਘਰ ਹੀ ਪਰਚਾ ਪਾਇ" ਤੱਤ ਪ੍ਰਮਾਰਥੀ ਅਰਥ ਖੁਲ੍ਹਦੇ ਹਨ। ਅਤੇ ਏਸ ਪਦਿ ਪਤੀਜ ਕੇ ਹੀ "ਆਤਮਾ ਅਡੋਲੁ ਨ ਡੋਲਈ" ਵਾਲਾ ਚਲਤ ਉਜਲਰਤ ਹੁੰਦਾ ਹੈ। ਅਤੇ "ਗੁਰ ਕੈ ਭਾਇ ਸੁਭਾਇ" ਹੀ ਆਤਮਾ ਅਡੋਲ ਥੀਵਨ ਦੀ ਸਹਜ-ਖੇਡ ਵਰਤੀਂਦੀ ਹੈ। ਅਤੇ "ਗੁਰ ਵਿਣੁ ਸਹਜੁ ਨ ਆਵਈ" ਵਾਲੀ ਗੁਰਵਾਕ-ਪੰਗਤੀ ਵਾਲੇ ਮਿਸਦਾਕ ਦੀ ਸਦਾਕਤ ਭੀ ਏਵੇਂ ਹੀ ਪਰਖੀਂਦੀ ਹੈ (ਪਰਖੀ ਜਾਂਦੀ ਹੈ)। ਗੁਰ-ਸ਼ਬਦ ਗੁਰਮਤਿ ਸ਼ਬਦ ਅਭਿਆਸ ਦੀ ਏਸ ਕਸੌਟੀ ਤੇ ਚੜ੍ਹੇ ਤੋਂ ਹੀ "ਲੋਭੁ ਮੈਲੁ ਨ ਵਿਚਹੁ ਜਾਇ" ਵਾਲੀ ਹਕ਼ੀਕ਼ਤ ਉਘੜਦੀ (ਉਜਲੀ ਹੁੰਦੀ) ਹੈ। ਹੁਣ ਇਸ ਗੁਰਵਾਕ ਪੰਗਤੀ ਦੀ ਸਚਾਈ ਸੁਚਿਆਈ ਵਿਚ ਭੀ ਕੋਈ ਸੰਦੇਹ ਨਹੀਂ ਰਹਿਆ— "ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥" ਕਰਮ ਵਿਗਾਸੀਆਂ, ਗੁਰਮਤਿ-ਅਧਿਆਤਮ ਕਰਮਾਸੀਆਂ, ਆਤਮ-ਅਮੀ ਮਜਨਾਸੀਆਂ ਨੂੰ ਮੈਲ ਕਦੇ ਨਹੀਂ ਲੱਗਦੀ। ਲੱਗਦੀ ਹੈ ਤਾਂ ਦੂਜੇ ਭਾਇ ਦੇ ਕਰਮ ਕਰਾਸੀਆਂ ਨੂੰ ਹੀ ਲੱਗਦੀ ਹੈ। ਤੇ ਐਸੀ ਲੱਗਦੀ ਹੈ ਕਿ ਧੋਤੀ ਮੂਲਿ ਨਹੀਂ ਉਤਰਦੀ। ਚਾਹੇ ਉਹ ਅਠਸਠਿ (ਅਠਾਹਠ) ਤੀਰਥਾਂ ਵਿਚਿ ਨ੍ਹਾਉਂਦੇ ਰਹਿਣ। ਅਧਿਆਤਮ ਕਰਮ ਕਰਨਹਾਰਿਆਂ ਗੁਰਮੁਖਾਂ ਦੀ ਨਿਰਾਲੀ ਹੀ ਖੇਡ ਹੈ।

> ਪੰਚ ਤਤੁ ਮਿਲਿ ਇਹੁ ਤਨੁ ਕੀਆ। ਆਤਮ ਰਾਮ ਪਾਏ ਸੁਖੁ ਥੀਆ ॥ ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ ॥ ੭ ॥ ਨਾ ਤਿਸੁ ਭੂਖ ਪਿਆਸ ਮਨੁ ਮਾਨਿਆ ॥ ਸਰਬ ਨਿਰੰਜਨੁ ਘਟਿ ਘਟਿ ਜਾਨਿਆ ॥ ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ ਗੁਰਮਤਿ ਭਾਇ ਸੁਭਾਇਆ ॥ ੮ ॥ ਅਧਿਆਤਮ ਕਰਮ ਕਰੇ ਦਿਨੁ ਰਾਤੀ ॥ ਨਿਰਮਲ ਜੋਤਿ ਨਿਰੰਤਰਿ ਜਾਤੀ ॥ ਸਬਦੁ ਰਸਾਲੁ ਰਸਨ ਰਸਿ ਰਸਨਾ ਬੇਣੁ ਰਸਾਲੁ ਵਜਾਇਆ ॥ ੯ ॥ ਬੇਣੁ ਰਸਾਲੁ ਵਜਾਵੈ ਸੋਈ ॥ ਜਾ ਕੀ ਤ੍ਰਿਭਵਣ ਸੋਝੀ ਹੋਈ ॥ ਨਾਨਕ ਬੂਝਹੁ ਇਹ ਬਿਧਿ ਗੁਰਮਤਿ ਹਰਿ ਰਾਮ ਨਾਮਿ ਲਿਵ ਲਾਇਆ ॥ ੧੦ ॥ ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥ ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥ ੧੧ ॥ ਘਰੁ ਦਰੁ ਮੰਦਰੁ ਜਾਣੈ ਸੋਈ। ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥ ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥ ੧੨ ॥ ਚਤੁਰਦਸ ਹਾਟ ਦੀਵੇ ਦੁਇ ਸਾਖੀ ॥ ਸੇਵਕ ਪੰਚ ਨਾਹੀ ਬਿਖੁ ਚਾਖੀ ॥ ਅੰਤਰਿ ਵਸਤੁ ਅਨੂਪ ਨਿਰਮੋਲਕ ਗੁਰ ਮਿਲਿਐ ਹਰਿ ਧਨੁ ਪਾਇਆ ॥ ੧੩ ॥ ਤਖਤਿ ਬਹੈ ਤਖਤੈ

ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥ ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥ ੧੪ ॥ ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥ ਨਾਨਕ ਰਾਮੁ ਜਪਹੁ ਤਰੁ ਤਾਰੀ ਹਰਿ ਅੰਤਿ ਸਖਾਈ ਪਾਇਆ ॥ ੧੫ ॥ ੧ ॥ ੧੮ ॥

(ਮਾਰੂ ਮ: ੧, ਪੰਨਾ ੧੦੩੯)

ਤਤ ਭਾਵ ਪ੍ਰਕਾਸ਼ਨੀ ਵਿਆਖਿਆ— ਪੰਜਾਂ ਤੱਤਾਂ ਦੇ ਬਣੇ ਹੋਏ ਸਰੀਰ ਵਿਚੋਂ ਹੀ ਆਤਮ ਰਾਮ ਪਰਮਾਤਮਾ ਵਾਹਿਗੁਰੂ (ਜੋ ਆਤਮ-ਕਣੀ ਅੰਸ ਰੂਪਾ ਹੋ ਕੇ ਸਭਨਾਂ ਤਨਾਂ ਘਟਾਂ ਵਿਚਿ ਰਮਿਆ ਹੋਇਆ ਹੈ) ਪ੍ਰਗਟਾ ਕੇ ਅਤੇ ਪਾ ਕੇ ਹੀ ਸੱਚੇ ਪ੍ਰਮਾਰਥੀ ਸੁਖ ਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਰਥ-ਨਮਿਤੀ ਆਤਮਕ ਬਿਰਧੀ ਨੂੰ ਮੁਖ ਰਖ ਕੇ ਜੋ ਅਧਿਆਤਮ ਕਰਮ ਕੀਤੇ ਗਏ ਹੋਣ, ਤਿਨ੍ਹਾਂ ਅਧਿਆਤਮ ਕਰਮਾਂ ਦੀ ਸ਼ੁਭ ਕਰਣੀ ਰੂਪ ਕਰਤੂਤ ਦੇ ਕੀਤਿਆਂ ਇਹ ਅੰਮ੍ਰਿਤ ਫਲੁ ਲੱਗਦਾ ਹੈ ਕਿ ਰਸ ਜੋਤਿ ਪਰਜੁਅਲਤੀ ਹੀਰੇ ਰਤਨ ਮਈ ਜਗਮਗੀ ਸਰੂਪ ਵਿਚਿ ਵਾਹਿਗੁਰੂ ਨਾਮ ਨੂੰ ਮਨ ਅੰਦਰ ਹੀ ਪਾ ਲਈਦਾ ਹੈ ॥ ੭ ॥ ਵਾਹਿਗੁਰੂ ਨਾਮ ਰੂਪ ਹੀਰੇ ਰਤਨ ਨੂੰ ਅਜਿਹੀ ਪਾਉਣੀ ਪਾ ਕੇ ਭੀ ਗੁਰਮੁਖਿ ਜਨਾਂ ਨੇ ਗੁਰਮਤਿ ਨਾਮ ਅਭਿਆਸ ਰੂਪੀ ਅਧਿਆਤਮਕ ਕਰਮ ਨੂੰ ਕਮਾਇਆ। ਜਿਸ ਦਾ ਹੋਰ ਭੀ ਅਦਭੁਤ ਸਿੱਟਾ ਇਹ ਨਿਕਲਿਆ ਕਿ ਜਿਸ ਜੋਤਿ ਨਿਰੰਜਨੀ ਵਾਹਿਗੁਰੂ ਨੂੰ ਜਗਮਗ ਜਗਦਾ ਨਿਜ (ਆਪਣੇ ਹੀ) ਘਟ ਵਿਚਿ ਨਿਜ ਘਟ ਅੰਦਰਿ ਡਿਠਾ ਸੀ, ਉਸ ਸਰਬ ਨਿਰੰਜਨੀ ਵਾਹਿਗੁਰੂ ਦਾ ਸਾਰਿਆਂ ਅੰਦਰਿ, ਸਾਰਿਆਂ ਹੀ ਘਟਾਂ ਅੰਦਰਿ ਜਗਮਗੀ ਜੋਤਿ ਵਾਲਾ ਦੀਦਾਰ ਜਲਵਾ ਦੇਖਿਆ। ਐਸੀ ਅਧਿਆਤਮ ਕਮਾਈ ਵਾਲੇ ਗੁਰਮੁਖਿ ਜਨ ਨੂੰ ਭੁਖ ਪਿਆਸ ਉੱਕੀ ਹੀ ਨਹੀਂ ਲੱਗਦੀ। ਉਸ ਦਾ ਮਨ ਸੰਤੁਸ਼ਟ ਸਦਾ ਰੱਜਿਆ ਹੋਇਆ ਰਹਿੰਦਾ ਹੈ। ਕਿਉਂਕਿ ਗੁਰਮਤਿ ਦੀ ਸੱਚੀ ਪ੍ਰੇਮ-ਸ਼ਰਧਾ-ਭਾਵਨੀ ਦਾ ਸਦਕਾ ਆਨ ਰਸਾਂ ਤੋਂ ਉਪਰਾਮ ਅਤੀਤ ਬੈਰਾਗੀ ਹੋਣ ਦੇ ਕਾਰਨ ਉਸ ਦੀ ਰੁਚੀ ਮਾਇਕ ਪਦਾਰਥਾਂ ਦੇ ਭੁੰਚਣ (ਖਾਣ ਪੀਣ) ਵਲ ਜਾਂਦੀ ਹੀ ਨਹੀਂ। ਉਹ ਅੰਮ੍ਰਿਤ ਨਾਮ ਦੇ ਸੱਚੇ ਰਸ ਵਿਚਿ ਰੱਤਿਆ ਮਗਨੱਤਿਆ ਰਹਿੰਦਾ ਹੈ ॥ ੮ ॥ ਉਹ ਆਤਮ ਪਰਮਾਤਮ ਗਿਆਨ ਪ੍ਰਚੰਡੀ ਗੁਰਮਤਿ ਨਾਮ ਅਭਿਆਸ ਰੂਪ ਅਧਿਆਤਮ ਕਰਮਾਂ ਦੇ ਕਮਾਵਣ ਵਿਚਿ ਹੀ ਦਿਨੇ ਰਾਤ ਜੁਟਿਆ ਰਹਿੰਦਾ ਹੈ। ਜਿਸ ਕਮਾਈ ਦੇ ਪਾਰਸ-ਰਸਾਇਣੀ ਪ੍ਰਭਾਵ ਕਰਕੇ ਸ਼ਬਦ ਨਿਰੰਜਨੀ ਜੋਤਿ ਨੂੰ ਨਿਜ ਆਤਮ ਨਿਰੰਤਰਿ ਹੀ ਰਸਾਈ ਜਗਾਈ ਰਖਦਾ ਹੈ। ਅੰਮ੍ਰਿਤ ਰਸ ਖੀਵੜੀ ਨਾਮ ਖੁਮਾਰੀ ਰਸ-ਜੋਤਿ ਗੁੱਧੜਾ ਹੋ ਕੇ ਹਰ ਦਮ ਮਖ਼ਮੂਰ ਰਹਿੰਦਾ ਹੈ। ਸਚੜੇ ਅਮਲ ਵਿਚਿ ਰਸ-ਖੀਵਾ ਹੋ ਕੇ ਰੱਜਿਆ ਰਹਿੰਦਾ ਹੈ। ਸਰਬੱਤਰ ਅੰਮ੍ਰਿਤ ਰਸਾਇਣੀ ਰਸਾਂ ਦਾ ਅਮਿਉ ਨਿਧਾਨੀ ਘਰੁ, ਜੋ ਪਾਰਸ ਰੂਪ ਗੁਰ-ਸ਼ਬਦ ਗੁਰ-ਮੰਤਰ ਹੈ, ਤਿਸ ਨਾਲਿ ਸਪੱਰਸ਼ ਕੇ ਗੁਰਮੁਖਿ ਨਾਮ-ਅਭਿਆਸੀ ਅਧਿਆਤਮ-ਕਮਾਈ ਸੰਤ ਜਨ ਦੀ ਰਸਨਾ, ਰਸਿ ਗੀਧੀ ਰਸਨਾ ਅਨਹਦ ਅੰਮ੍ਰਿਤ-ਰਸੁ ਰਸਾਉਂਦੀ ਹੋਈ ਐਸੀ ਅਸਚਰਜ ਕਲਾ ਵਰਤਾਉਂਦੀ ਹੈ ਕਿ ਦਸਮ ਦੁਆਰ ਅੰਦਰਿ ਅੰਮ੍ਰਿਤ ਰਸ ਭਰੇ ਅਨਹਦ ਸ਼ਬਦ ਵਜਣ ਲੱਗ ਪੈਂਦੇ ਹਨ ॥ ੯ ॥ ਤਤ ਵਾਸਤਵਤਾ ਵਿਚਿ ਇਹ ਪਾਰਸ ਸ਼ਬਦ ਸਪਰਸ਼ਨੀ ਰਸਨਾ ਹੀ ਦਸਮ ਦੁਆਰੜੇ ਅਨਹਦ ਬੇਣ ਰਸਾਲ ਵਜਾਉਣਹਾਰੀ ਹੈ। ਦਸਮ ਦੁਆਰ ਅੰਦਰਿ ਇਹ ਅਨਹਦ ਬੇਣ ਰਸਾਲ ਵੱਜਣ ਕਰਕੇ ਅਧਿਆਤਕ ਕਰਮ ਅਭਿਆਸੀ ਜਨ ਨੂੰ ਤ੍ਰੈ ਭਵਣਾਂ ਦੀ ਸੋਝੀ ਹੋ ਜਾਂਦੀ ਹੈ। ਤ੍ਰੈ ਭਵਣ ਸੋਝੀ ਵਾਲੇ ਗੁਰਮੁਖਿ ਜਨਾਂ ਦੇ

ਦਸਮ ਦੁਆਰ ਅੰਦਰਿ ਅਨਹਦ ਬੇਣ ਰਸਾਲ ਬੀਣਾ ਸਦਾ ਹੀ ਵਜਦੀ ਰਹਿੰਦੀ ਹੈ। ਜਦ ਚਾਹੇ ਉਹ ਗੁਰਮੁਖਿ ਜਨ ਦਸਮ ਦੁਆਰ ਚੜ੍ਹ ਕੇ (ਪ੍ਰਵੇਸ਼ ਹੋ ਕੇ) ਅਨਹਦ ਸ਼ਬਦ ਬੀਣਾ ਵਜਾ ਲਵੇ। ਇਹ ਦਸਮ ਦੁਆਰੇ ਅਨਹਦ ਸ਼ਬਦ ਵਜਾਉਣ ਦੀ ਬਿਧੀ ਜੁਗਤੀ ਗੁਰਮਤਿ ਨਾਮ ਵਿਖੇ ਲਿਵ ਲਾਇਆਂ ਸੁਤੇ ਹੀ ਪ੍ਰਾਪਤਿ ਹੋ ਜਾਂਦੀ ਹੈ। ਪਰ ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਾਂ ਨੂੰ ਪ੍ਰਾਪਤਿ ਹੁੰਦੀ ਹੈ। ਹੋਰ ਆਨਮਤੀਏ ਹਠ ਯੋਗੀ ਅਤੇ ਪਾਖੰਡ-ਮਤੀਏ ਰਾਧਾ ਸੁਆਮੀ ਆਦਿ ਫੋਕੀਆਂ ਡੀਂਗਾਂ ਹੀ ਮਾਰਦੇ ਹਨ.। ਨਾ ਉਹਨਾਂ ਦੇ ਦਸਮ ਦੁਆਰ ਖੁਲ੍ਹਦੇ ਹਨ, ਨਾ ਅਨਹਦ ਸ਼ਬਦ ਵਜਦੇ ਹਨ। ਅਨਹਦ ਸ਼ਬਦ ਦੀ ਉਹਨਾਂ ਨੂੰ ਸੂਝ ਬੂਝ ਹੀ ਨਹੀਂ। ਨਾ ਹੀ ਉਨ੍ਹਾਂ ਨੂੰ ਜੁਗਤੀ ਆਉਂਦੀ ਹੈ ਅਨਹਦ ਸ਼ਬਦ ਵਜਾਉਣ ਦੀ ਅਤੇ ਦਸਮ ਦੁਆਰ ਖੋਲ੍ਹਣ ਖੁਲ੍ਹਾਉਣ ਦੀ। ਇਹ ਜੁਗਤੀ ਕੇਵਲ ਗੁਰਮਤਿ ਅੰਦਰਿ ਹੀ ਖ਼ਸੂਸੀਅਤ ਨਾਲ ਮਹਿਫ਼ੂਜ਼ ਹੈ[੧] ॥ ੧੦ ॥ ਐਸੇ ਜਨ ਸੰਸਾਰ ਅੰਦਰ ਵਿਰਲੇ ਹੀ ਹਨ ਅਤੇ ਹਨ, ਤਾਂ ਗੁਰੂ ਘਰ ਅੰਦਰਿ ਹਨ। ਗੁਰੂ ਘਰੋਂ ਬਾਹਰ ਕਿਤੇ ਨਹੀਂ, ਇਹ ਗੱਲ ਨਿਸਚੇ ਕਰਕੇ ਮੰਨੋ। ਜੋ ਗੁਰ-ਸ਼ਬਦ ਦੀ ਤੱਤ ਅਧਿਆਤਮ ਅਭਿਆਸਾਰੀ ਲਿਵ ਲਾਇ ਕੇ ਸੰਸਾਰ ਅੰਦਰਿ ਨਿਰਾਲੇ ਹੀ ਮਾਇਆ ਤੋਂ ਨਿਰਲੇਪ ਹੋ ਕੇ ਵਰਤਦੇ ਰਹਿੰਦੇ ਹਨ, ਅਜਿਹੇ ਵਿਰਲੇ ਗੁਰਮੁਖਿ ਜਨ ਖ਼ੁਦ ਆਪ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ ਅਤੇ ਆਪਣੇ ਸੰਗੀਆਂ ਤੇ ਆਪਣੀ ਕੁਲ ਨੂੰ ਭੀ ਤਾਰ ਲੈ ਜਾਂਦੇ ਹਨ। ਐਸੇ ਜਨਾਂ ਦਾ ਹੀ ਜਗ ਵਿਚਿ ਆਇਆ ਸਫਲ ਹੈ ॥ ੧੧ ॥ ਦਸਮ ਦੁਆਰੜਾ ਘਰ, ਸੱਚੀ ਦਰਗਾਹੜਾ ਦਰੁ, ਸੱਚ ਮੰਦਰਾਠੜਾ ਮਹਿਲ ਸੋਈ ਗੁਰਮੁਖਿ ਜਨ ਜਾਣਦਾ ਹੈ, ਤੱਤ-ਸਤ ਪਹਿਚਾਣ ਹੋ ਕੇ ਜਾਣਦਾ ਹੈ, ਜਿਸ ਨੂੰ ਪੂਰੇ ਗੁਰੂ ਸਤਿਗੁਰੂ ਨਾਨਕ ਰੂਪਾ ਗੁਰੂ ਤੋਂ ਸਚੜੀ ਸੋਝੀ ਦੀ ਬਖ਼ਸ਼ਸ਼ ਹੁੰਦੀ ਹੈ। ਉਸ ਨੂੰ ਕਾਂਇਆਂ ਗੜ੍ਹ ਮੰਦਰ ਦੇ ਅੰਦਰ ਹੀ ਮਹਿਲ ਮਹਿਲੀ ਵਾਹਿਗੁਰੂ ਸੱਚੇ ਦਾ ਤੱਤ ਸਤ ਰੂਪੀ ਸੱਚਾ ਤਖ਼ਤ ਸਾਂਗੋ ਪਾਂਗ ਸਚਖੰਡੀ ਰਚਨਾ ਵਿਚਿ ਰਚਿਆ ਹੋਇਆ ਪਰਤੱਖ ਨਜ਼ਰੀਂ ਆਉਂਦਾ ਹੈ ॥ ੧੨ ॥ ਚੌਦਾਂ ਭਵਨਾਂ ਵਿਚਿ ਚਾਨਣ ਕਰਨਹਾਰੇ ਚੰਦ ਸੂਰਜ ਦੋਇ ਦੀਵੇ ਇਸ ਗੱਲ ਦੇ ਸਾਖੀ (ਗਵਾਹ) ਹਨ ਕਿ ਗੁਰਮਤਿ ਅਧਿਆਤਮ ਕਰਣੀ ਗੁਰਮੁਖਾਂ ਸਿੱਖਾਂ ਸੇਵਕਾਂ ਪੰਚ ਪਰਵਾਨ ਜਨਾਂ ਨੇ ਮਾਇਆ ਰੂਪੀ ਵਿਹੁ (ਬਿਖੁ) ਉੱਕੀ ਹੀ ਨਹੀਂ ਚਾਖੀ। ਕਿਉਂਕਿ ਉਹਨਾਂ ਦੇ ਅੰਦਰਿ (ਇਸ ਬਿਖੁ ਤੋਂ ਬਚਾ ਕੇ ਰਖਣ ਵਾਲੀ) ਅਤਿ ਸੋਹਣੀ ਅਨੂਪ ਅਤੇ ਨਿਰਮੋਲਕ ਵਸਤੂ ਵਾਹਿਗੁਰੂ ਨਾਮ ਦੀ ਵੱਸੀ ਹੋਈ ਹੈ, ਜੋ ਸੱਚੇ ਗੁਰੂ ਨੂੰ ਮਿਲਣ ਕਰਕੇ ਉਨ੍ਹਾਂ ਨੂੰ ਪ੍ਰਾਪਤ ਹੋਈ ਹੈ ॥ ੧੩ ॥ ਐਸੀ ਵਸਤੂ ਦੇ ਅਭਿਆਸਾਕਾਰੀ ਅਧਿਆਤਮ ਕਰਮ ਕਰਮਾਰੀ ਹੋਣ ਕਰਿ ਹੀ ਪੰਚ ਪਰਵਾਨ ਜਨ ਨੂੰ ਸੱਚੀ ਪਰਧਾਤਨਤਾ ਮਈ ਤਖ਼ਤ ਵਡਾਈ ਧੁਰ ਗੁਰ-ਦਰਗਾਹੋਂ ਮਿਲੀ ਹੈ। ਗੁਰੂ ਦਸਮੇਸ਼ ਜੀ ਨੇ ਇਸ ਪ੍ਰਧਾਨਗੀ ਦੇ ਤਖ਼ਤ ਨੂੰ ਸਸ਼ੋਭਤ ਕਰਨ ਦੇ ਲਾਇਕ ਪੰਚ ਪਰਵਾਨ ਜਨਾਂ ਨੂੰ ਹੀ ਸਚੁ ਅਧਿਕਾਰਤਾਈ ਸੰਵਾਹੀ ਹੈ। ਇਸ ਪ੍ਰਧਾਨਗੀ ਵਾਲੇ ਤਖ਼ਤ ਨੂੰ ਸੰਮ੍ਹਾਲਣ ਲਈ ਗੁਰਮਤਿ ਪਾਇਕੀ ਪੰਚ ਪਰਵਾਨ ਜਨਾਂ ਦੀ ਹੀ ਸਮਾਈ ਅਧਿਕਾਰਤਾਈ ਹੈ। ਇਸ ਪੰਚ ਪਰਵਾਨਾਂ ਦੀ ਪ੍ਰਧਾਨਗੀ ਦੇ ਤਖ਼ਤ ਦੀ ਸਦਾ ਸਲਾਮਤੀ ਲਈ ਸਤਿਗੁਰੂ ਨਾਨਕ ਦਸਮੇਸ਼ ਜੀ ਦੀ ਨਦਰਿ ਮੇਹਰੀ ਅਸੀਸ ਹੀ ਕਾਫ਼ੀ ਹੈ, ਜੋ ਧੁਰਿ ਧੁਰੰਧਰੀ ਗੁਰੂ ਦੀਆਂ ਖ਼ੁਸ਼ੀਆਂ ਤੋਂ ਉਪੰਨੀ ਹੈ। ਸੱਚੇ ਸਾਹਿਬ ਸਤਿਗੁਰੂ ਨੇ ਜੋ ਇਹ ਪੰਚ ਪਰਵਾਨ ਜਨਾਂ ਦੀ ਪ੍ਰਧਾਨਗੀ ਦਾ ਤਖ਼ਤ ਰਚਾਇਆ ਹੈ, ਇਹ ਆਦਿ ਜੁਗਾਦਿ ਸਦ-ਸਦਾ ਅਟੱਲ ਪ੍ਰਤਾਪੀ ਰਹੇਗਾ।

---

੧ ਦੇਖੋ ਪੁਸਤਕ 'ਅਨਹਦ ਸ਼ਬਦ ਦਸਮ ਦੁਆਰ'।

 www.sikhbookclub.com

ਇਸ ਵਿਚਿ ਰੰਚਕ ਮਾਤਰ ਭੀ ਸੰਸਾ ਭਰਮ ਸੰਦੇਹ ਨਹੀਂ ॥ ੧੪ ॥ ਗੁਰੂ ਨਾਨਕ ਦੀ ਬਖ਼ਸ਼ਿਸ਼ ਦੇ ਪਾਤਰਾਂ, ਭਵ ਸਾਗਰ ਤੋਂ ਤਰਨ ਤਾਰਨ ਦੇ ਸੁਪਾਤਰਾਂ, ਗੁਰੂ ਘਰ ਦੇ ਪੰਚ ਪਰਵਾਨ ਪੰਚ ਪਰਧਾਨ ਗੁਰਮੁਖ ਜਨਾਂ, ਨਾਮ ਅਭਿਆਸ ਦੀ ਅਧਿਆਤਮ ਕਮਾਈ ਦੇ ਸੱਚੇ ਸੁਪਾਤਰਾਂ ਲਈ ਇਹ ਉਪਰ ਦੱਸੀ ਗੁਰ ਨਦਰਿ ਮੇਹਰਾਂ ਵਾਲੀ ਅਸੀਸ ਆਦਿ ਅੰਤਿ ਸਦਾ ਸਹਾਈ ਰਹੇਗੀ। ਬੋਲਹੁ ਭਾਈ ਵਾਹਿਗੁਰੂ!

ਅਧਿਆਤਮ ਕਰਮ ਵਾਲੀ ਗੁਰਮਤਿ ਫ਼ਿਲਾਸਫ਼ੀ ਦੀ ਹੋਰ ਸਾਖੀ ਚਲੀ—

ਭੈਰਉ ਅਸਟਪਦੀਆ ਮਹਲਾ ੧ ਘਰੁ ੨ ੧ਓ ਸਤਿਗੁਰ ਪ੍ਰਸਾਦਿ ॥ ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥ ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥ ੧ ॥ ਨਾਨਕ ਹਉਮੈ ਰੋਗ ਬੁਰੇ ॥ ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥ ੧ ॥ ਰਹਾਉ ॥ ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ ॥ ਜਿਨ ਕਉ ਨਦਰਿ ਭਈ ਗੁਰ ਮੇਲੇ ਪ੍ਰਭ ਭਾਣਾ ਸਚੁ ਸੋਈ ॥ ੨ ॥ ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥ ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥ ੩ ॥ ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥ ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥ ੪ ॥ ਰੋਗੀ ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿ ਰੋਗਿ ਭਰੇ ॥ ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥ ੫ ॥ ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥ ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥ ੬ ॥ ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥ ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥ ੭ ॥ ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥ ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥ ੮ ॥ ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥ ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥ ੯ ॥ ੧ ॥

(ਪੰਨਾ ੧੧੫੩)

ਵਿਆਖਿਆ— ਆਤਮਾ ਵਿਚਿ ਪਰਮਾਤਮਾ ਵਸਦਾ ਹੈ ਅਤੇ ਪਰਮਾਤਮਾ ਵਿਚਿ ਆਤਮਾ ਹੈ। ਪਰ ਇਸ ਸਚਾਈ ਵਾਲੇ ਭੇਦ ਨੂੰ ਕੇਵਲ ਗੁਰੂ ਬਖ਼ਸ਼ੀ ਤੱਤ-ਸਾਰ ਗੁਰਮਤਿ ਵੀਚਾਰ ਦੁਆਰਾ ਹੀ ਚੀਨਿਆ ਜਾ ਸਕਦਾ ਹੈ। ਸਰਬ ਵਿਆਪੀ ਪਰਮਾਤਮਾ ਦੇ ਸਰੂਪ ਵਿਚਿ ਆਤਮਾ ਦਾ ਵੱਸਣਾ ਤਾਂ ਇਕ ਆਮ-ਫ਼ਹਿਮ ਰਵਾਇਤੀ ਰਮਜ਼ ਹੈ, ਪਰ ਆਤਮਾ ਵਿਚਿ ਪਰਮਾਤਮਾ ਦਾ ਹੋਣਾ ਆਮ ਸਮਝ ਤੋਂ ਪਰੇ ਦੀ ਗੱਲ ਹੈ। ਪ੍ਰੰਤੂ ਵਾਸਤਵ ਵਿਚਿ ਦੋਹਾਂ ਹੀ ਬੁਝਾਰਤਾਂ ਦੀ ਤੱਤ-ਲਖਤਾ ਉਦੋਂ ਹੀ ਲਖੀ ਜਾ ਸਕਦੀ ਹੈ ਜਦੋਂ ਗੁਰਮਤਿ ਨਾਮ ਅਭਿਆਸ ਦੀ ਅਧਿਆਤਮ ਕਮਾਈ ਦੁਆਰਾ ਅਕਲ ਲਤੀਫ਼ੀ ਆਤਮ-ਸਿੱਧੀ ਦੀ ਦਿੱਬਤਾ ਵਾਲੀ ਬੁੱਧੀ ਦਾ ਉਘਾੜ ਹੁੰਦਾ ਹੈ। ਓਦੂੰ ਪਹਿਲਾਂ ਤਾਂ ਆਤਮਾ ਦੀ ਮਾਹੀਅਤ ਦਾ ਹੀ ਪਤਾ ਨਹੀਂ ਲੱਗਦਾ। ਇਹ ਗੁਰਮਤਿ ਨਾਮ ਇਨਕਸ਼ਾਫ਼ਨੀ ਅਧਿਆਤਮ (ਬ੍ਰਹਮ)


www.sikhbookclub.com

ਵਿਦਿਆ ਹੀ ਹੈ, ਜਿਸ ਕਰਕੇ ਆਤਮਾ ਅਤੇ ਪਰਮਾਤਮਾ ਦੇ ਸਰੂਪ ਦੀ ਪਰਤੱਖ ਲਖਤਾ ਹੁੰਦੀ ਹੈ। ਗੁਰਮਤਿ ਦਰਸਾਈ ਅਪਾਰ ਅਧਿਆਤਮ ਨਾਮ ਅਭਿਆਸ ਕਮਾਈ ਦੁਆਰਾ ਜਦੋਂ ਘਟ ਅੰਦਰਿ ਜੋਤਿ-ਪ੍ਰਕਾਸ਼ੀ ਚਾਨਣਾ ਹੁੰਦਾ ਹੈ, ਓਦੋਂ ਹੀ ਅਸਲ ਗੰਢ ਖੁਲ੍ਹਦੀ ਹੈ ਕਿ ਆਤਮਾ ਅੰਦਰਿ ਪਰਮਾਤਮਾ ਕਿਵੇਂ ਵਸਦਾ ਹੈ। ਆਤਮਾ ਅਤੇ ਪਰਮਾਤਮਾ ਦੇ ਸਰੂਪ ਦੀ ਭਿੰਨ ਭਿੰਨ ਅਤੇ ਅਭਿੰਨ ਨਿਰਖਤਾ ਵਾਲਾ ਤੱਤ-ਦਰਸੀ ਭੇਦ ਓਦੋਂ ਹੀ ਪ੍ਰਗਟ ਹੁੰਦਾ ਹੈ। ਆਤਮਾ ਅਤੇ ਪਰਮਾਤਮਾ ਦੇ ਸਰੂਪ ਦੀ ਪਰਸਪਰ ਓਤਪਤੀ ਅਭੇਦਤਾ ਦੀ ਗੁੰਝਲ ਓਦੋਂ ਹੀ ਖੁਲ੍ਹਦੀ ਹੈ। ਆਤਮਾ ਦੇ ਜੋਤਿ-ਵਿਗਾਸੀ ਪ੍ਰਭਾਵ ਤੇਜ ਪ੍ਰਤਾਪ ਕਰਕੇ ਅੰਦਰ ਬਾਹਰਿ ਪਰਮਾਤਮਾ ਦੇ ਸਰਬ ਵਿਆਪਕਤਾ ਵਾਲੇ ਭੇਦ ਦੀ ਪਰਤੱਖ ਲਖਤਾ ਹੋ ਜਾਂਦੀ ਹੈ। ਤਾਂ ਹੀ ਤੇ ਇਹ ਕਹਿਣਾ ਠੀਕ ਫਬਦਾ ਹੈ ਕਿ **"ਆਤਮ ਮਹਿ ਰਾਮੁ ਰਾਮ ਮਹਿ ਆਤਮ"** ਦੇ ਗੁਰਵਾਕ ਭਾਵ ਅਨੁਸਾਰ ਆਤਮਾ ਅੰਦਰਿ ਪਰਮਾਤਮਾ ਅਤੇ ਪਰਮਾਤਮਾ ਅੰਦਰਿ ਆਤਮਾ ਹੈ। ਆਤਮ-ਪ੍ਰਕਾਸ਼ ਜੋਤਿ ਲਾਈਟ ਜੋਤਿ.ਰੌਸ਼ਨੀ ਪ੍ਰਗਟ ਹੋਣ ਕਰਿ ਪਰਮਾਤਮਾ ਦੇ ਸਰੂਪ ਦਾ ਅਤੇ ਉਸ ਦੀ ਸਰਬ ਵਿਆਪਕਤਾ ਦਾ ਨਿਖਰਵਾਂ ਲਿਸ਼ਕਾਰ ਲਖਸ਼ਤ ਹੁੰਦਾ ਹੈ। ਇਉਂ **'ਆਤਮ ਮਹਿ ਰਾਮੁ'** ਆਤਮਾ ਅੰਦਰਿ ਪਰਮਾਤਮਾ ਦੇ ਹੋਣ ਵਾਲੀ ਅਸਲੀਅਤ (ਹਕ਼ੀਕ਼ਤ) ਮੁਨਕਸ਼ਿਫ਼ ਹੁੰਦੀ ਹੈ ਤੇ ਪਰਮਾਤਮਾ ਦੇ ਸਰਬ ਵਿਆਪੀ ਹੋਣ ਵਾਲੀ ਹਕ਼ੀਕ਼ਤ ਆਪੇ ਹੀ ਇਸ ਮੁਇੰਮੇ ਨੂੰ ਹੱਲ ਕਰ ਦਿੰਦੀ ਹੈ ਕਿ ਪਰਮਾਤਮਾ ਅੰਦਰਿ ਆਤਮਾ, **'ਰਾਮ ਮਹਿ ਆਤਮ'** ਬਿਰਾਜਮਾਨ ਹੈ। ਇਸ ਮੁਇੰਮੇ ਦਾ ਤੱਤ ਹਲ **'ਚੀਨਸਿ ਗੁਰ ਬੀਚਾਰਾ'** ਵਾਲੀ ਗੁਰਵਾਕ-ਪੰਗਤੀ ਅਸਲ ਅਰਥਾਂ ਵਿਚਿ ਹੈ, ਜੋ ਉਪਰਿ ਨਿਰਣਾਏ ਗਏ ਹਨ। ਗੁਰਬਾਣੀ ਦੇ ਪਾਰਸ-ਰਸਾਇਣੀ ਅੰਮ੍ਰਿਤ ਸਰੂਪਾ ਹੋਣ ਦੀ ਤੱਤ ਪਰਖ-ਪਛਾਣ ਸ਼ਬਦ ਗੁਰ-ਮੰਤਰ ਦੀ ਕਮਾਈ ਕੀਤਿਆਂ ਹੀ ਹੁੰਦੀ ਹੈ ਅਤੇ ਪਾਰਸ-ਕਲਾ ਵਰਤਦੀ ਹੈ। **"ਅੰਮ੍ਰਿਤ ਬਾਣੀ ਸਬਦਿ ਪਛਾਣੀ"** ਦੀ ਪਾਰਸ ਕਲਾ ਇਹ ਵਰਤਦੀ ਹੈ ਕਿ ਸਾਰੇ ਦੁਖ ਕਟੇ ਜਾਂਦੇ ਹਨ। ਅੰਮ੍ਰਿਤ ਨਾਮੁ ਅਤੇ ਅੰਮ੍ਰਿਤ ਬਾਣੀ ਦੇ ਅਭਿਆਸ ਦੇ ਤੁਫ਼ੈਲ ਸਗਲੇ ਦੁਖ ਰੋਗ ਕਟੇ ਜਾਂਦੇ ਹਨ ਅਤੇ ਹਉਮੈ ਦਾ ਬਿਨਾਸ ਹੋ ਜਾਂਦਾ ਹੈ। ਐਵੇਂ ਹੋਰ ਕਿਸੇ ਭੀ ਉਪਾਵ ਦੁਆਰਾ ਹਉਮੈ ਨਹੀਂ ਮਰਦੀ, ਗੁਰਮਤਿ ਨਾਮ ਸ਼ਬਦ ਗੁਰਬਾਣੀ ਦੇ ਅਭਿਆਸ ਨਾਲਿ ਮਰਦੀ ਹੈ। ਇਹ ਥੋੜੀ ਕਰਾਮਾਤ ਹੈ? ਬਹੁਤ ਬੜੀ ਭਾਰੀ ਕਰਾਮਾਤ ਹੈ, ਨਾਮ ਬਾਣੀ ਦੀ ਅੰਮ੍ਰਿਤ ਸਰੂਪ ਪਾਰਸ-ਕਲਾ ਕਮਾਈ ਦੀ ਕਿ ਜੋ ਅਸਾਧ ਹਉਮੈ ਰੋਗੁ ਕਿਸੇ ਭੀ ਆਨਮਤ ਕਰਮ ਦੇ ਕਰਨ ਕਰਿ ਨਹੀਂ ਸਾਧਿਆ ਜਾ ਸਕਦਾ, ਉਹ ਕੇਵਲ ਗੁਰਮਤਿ ਨਾਮ ਅਭਿਆਸਨੀ ਅਧਿਆਤਮ ਕਰਮ ਦੁਆਰਾ ਸਾਧਿਆ ਜਾ ਸਕਦਾ ਹੈ। ਸਾਧਿਆ ਕੀ? ਹਉਮੈ ਰੋਗ ਦਾ ਅਭਾਵ ਹੀ ਹੋ ਜਾਂਦਾ ਹੈ। ਐਸਾ ਹੈ ਗੁਰਮਤਿ ਅਧਿਆਤਮ ਕਰਮ। ਗੁਰੂ ਨਾਨਕ ਸਾਹਿਬ ਪੁਕਾਰ ਕੇ ਢੰਡੋਰਾ ਦਿੰਦੇ ਹਨ ਕਿ ਆਓ ਜਿਸ ਨੇ ਹਉਮੈ ਰੋਗ ਬਿਦਾਰਨਾ ਹੋਵੇ ਅਤੇ ਸਾਰੇ ਸਰੀਰਕ ਤੇ ਮਾਨਸਕ ਰੋਗ ਹਟਾਉਣੇ ਕਟਾਉਣੇ ਹੋਣ ਉਹ ਗੁਰੂ ਘਰ ਵਿਖੇ ਆਵੇ ਅਤੇ ਗੁਰ ਮਿਲਿ ਅਧਿਆਤਮ ਕਰਮ ਕਮਾਵੇ। ਤ੍ਰਿਕਾਲ ਦਰਸੀ ਗੁਰੂ ਨਾਨਕ ਸਾਹਿਬ ਅੰਤਰਜਾਮੀ ਨੇ ਸਾਰਾ ਸੰਸਾਰ ਹੀ ਇਸੇ ਇਕੈ ਪੀੜਾ ਦੁਖ (ਵੇਦਨ) ਹਉਮੈ ਰੋਗ ਦਾ ਗ੍ਰਸਿਆ ਹੋਇਆ ਦੇਖਿਆ ਅਤੇ ਸੰਸਾਰੀ ਜੀਵਾਂ ਤੇ ਤਰਸ ਖਾ ਕੇ ਆਪਣੀ ਅਪਾਰ ਬਖ਼ਸ਼ਸ਼ ਦੁਆਰਾ ਧੁਰ ਅਕਾਲ ਪੁਰਖ ਦੀ ਬਾਰਗਾਹ (ਦਰਗਾਹ) ਤੋਂ ਹਉਮੈ ਰੋਗ ਬਿਦਾਰਨੀ ਇਕੋ ਇਕ ਅਲੌਕਿਕ ਇਲਾਜ ਅਵਖਧ ਨਾਮ ਦਾਰੂ ਦਾ ਲਿਆਂਦਾ ਅਤੇ ਲਿਆ ਕੇ ਸੰਸਾਰ ਰੋਗੀ ਨਮਿਤ ਵਰਤਿਆ ਵਰਤਾਇਆ। ਐਸਾ ਤਰਸ, ਐਸੀ ਅਪਾਰ ਬਖ਼ਸ਼ਸ਼ ਦਇਆ ਮਇਆ ਮਿਹਰ ਅੱਜ ਤਾਈਂ ਨਾ ਕਿਸੇ ਪੈਗ਼ੰਬਰ ਅਵਤਾਰ ਅੰਦਰਿ

ਹੋਈ ਹੈ, ਨਾ ਹੋਵੇਗੀ। ਨਾਲੇ ਰੋਗ ਦਾ ਪਛਾਣੂ, ਨਾਲੇ ਉਕਤ ਰੋਗ ਦੇ ਦਾਰੂ ਦਾ ਜਾਣੂ ਇਕੋ ਇਕ ਸਤਿਗੁਰੂ ਨਾਨਕ ਹੀ ਹੋਇਆ ਹੈ। ਹੋਰ ਨਾ ਕੋਈ ਹੋਇਆ ਨਾ ਹੋਵੇਗਾ। **"ਆਪੇ ਬਖਸੈ ਸਬਦਿ ਧੁਰੇ"** ਆਪੇ ਹੀ ਤਰਸ ਕੀਤਾ, ਆਪੇ ਹੀ ਬਖ਼ਸ਼ਸ਼ ਕੀਤੀ ਗੁਰ-ਸ਼ਬਦ ਦੀ। ਆਪ ਹੀ ਧੁਰੋਂ ਪਾਰਸ ਰਸਾਇਣੀ ਸ਼ਬਦ ਦੀ ਦਾਰੂ-ਅਉਖਧੀ ਆਂਦੀ (ਧੁਰੋਂ ਲਿਆਂਦੀ)। ਆਪ ਸੰਸਾਰ ਰੋਗੀ ਦੀ ਬੇਦਨ ਜਾਣੀ, ਆਪ ਹੀ ਨਬਜ਼ ਪਛਾਣੀ, ਆਪੇ ਅਸਲ ਰੋਗ ਦੀ ਜੜ ਉਖਾੜਨੀ ਠਾਣੀ ॥ ੧ ॥ ਰਹਾਉ ॥ ਏਵਡ ਵਡਾ ਉਪਕਾਰੀ ਹੋ ਕੇ ਫੇਰ ਏਸ ਉਪਕਾਰ ਦੀ ਸਾਰੀ ਵਡਿਆਈ ਵਾਹਿਗੁਰੂ ਪਰਮਾਤਮਾ ਨੂੰ ਦਿੱਤੀ ਅਤੇ ਆਖਿਆ (ਫ਼ੁਰਮਾਇਆ), **"ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ॥"** ਪਰਖਣਹਾਰੇ ਨੇ ਐਸਾ ਪਛਾਣਿਆ ਪਰਖਿਆ ਰੋਗ ਨੂੰ ਅਤੇ ਐਸਾ ਅਉਖਧ ਲਾਇਆ ਇਸ ਰੋਗ ਦਾ, ਕਿ ਮੁੜ ਕੇ ਇਹ ਸੂਲ ਸਮਾਨ ਕਸ਼ਟ ਕਿਸੇ ਨੂੰ ਨਾ ਹੋਇਆ। ਸਭ ਕਸ਼ਟ ਰੋਗ ਤੇ ਸੂਲ ਸਭ ਦੇ ਮਿਟ ਗਏ। ਤਿਨ੍ਹਾਂ ਦੇ ਮਿਟੇ ਜਿਨ੍ਹਾਂ ਉਪਰਿ ਨਦਰਾਲੂ ਦੀ ਨਦਰਿ ਹੋਈ ਅਤੇ ਨਦਰਿ ਕਰ ਕੇ ਉਸ ਨੂੰ ਸਤਿਗੁਰੂ ਦਾ ਮਿਲਾਪ ਹੋਇਆ, ਅਤੇ ਜੋ ਕੁਛ ਸਤਿਗੁਰੂ ਨੂੰ ਭਾਇਆ, ਅਰਥਾਤ, ਜੋ ਸਤਿਗੁਰੂ ਦਾ ਹੁਕਮ ਹੋਇਆ, ਉਸ ਨੂੰ ਜਿਨ੍ਹਾਂ ਨੇ ਕਮਾਇਆ, ਉਹਨਾਂ ਦੇ ਸਾਰੇ ਰੋਗ ਸਣੇ ਹਉਮੈ ਰੋਗ ਦੇ ਮਿਟ ਗਏ। ਜਿਹੜੇ ਅਭਾਗੇ ਪਰਮ ਹੰਕਾਰੀ ਲੋਗ ਸਤਿਗੁਰੂ ਦੀ ਸਰਣਾਗਤ ਨਹੀਂ ਆਏ, ਉਹ ਰੋਗੀ ਹੀ ਰਹੇ। ਰੋਗ ਕਦੇ ਨ ਮਿਟੇ, ਨ ਮਿਟਣਗੇ, ਜਦ ਤਾਈਂ ਸਤਿਗੁਰੂ ਦੀ ਸਰਣੀ ਨਹੀਂ ਆਉਣਗੇ। ਨਾਮ ਤੋਂ ਬਿਨਾਂ, ਜਿਥੇ ਨਾਮ ਨਹੀਂ ਵਰਤਿਆ (ਤਿਥੇ) ਰੋਗ ਹੀ ਰੋਗ ਵਿਆਪਿਆ ਹੋਇਆ ਹੈ ॥ ੨ ॥ ਨਾਮ-ਕਲਾ ਦੇ ਵਰਤਣ ਬਿਨਾਂ, ਨਾਮ ਬਿਹੂਣੇ ਜਿਤਨੇ ਭੀ ਪਉਣ ਪਾਣੀ ਬੈਸੰਤਰ ਦੇ ਪੁਲਾੜ ਮੰਡਲ ਹਨ, ਤਿਨ੍ਹਾਂ ਵਿਖੇ ਸਾਰੇ ਹੀ ਰੋਗ ਵਿਆਪਿਆ ਪਿਆ ਹੋਇਆ ਹੈ। ਸਭੇ ਮੰਡਲ ਰੋਗ-ਗ੍ਰਸਤ ਹਨ। ਮਾਇਕ ਪਦਾਰਥੀ ਭੋਗਾਂ ਵਾਲੀ ਧਰਤੀ ਭੀ ਰੋਗ ਦੀ ਹੀ ਗ੍ਰਹਿਣੀ ਹੋਈ ਹੈ। ਆਮ ਸੰਸਾਰੀਆਂ ਦੇ ਕੁਟੰਬਾਂ ਦੇ ਕੁਟੰਬ ਪਰਵਾਰਾਂ ਦੇ ਪਰਵਾਰ ਸਾਰੇ ਰੋਗ-ਗ੍ਰਸਤ ਹਨ। ਸੰਸਾਰਕ ਮਾਤਾ ਪਿਤਾ ਆਦਿ ਸਰਬ ਸਨਬੰਧੀ ਭੀ ਰੋਗੀ ਹਨ। ਮਾਟੀ ਦੇ ਪੁਤਲੇ ਵਾਲੀ ਦੇਹ ਮਾਇਆ-ਧਾਰੀਆਂ ਦੀ ਸਾਰੀ ਜ਼ਿੰਦਗੀ ਰੋਗਾਂ ਦੀ ਗ੍ਰਸੀ ਹੋਈ ਹੈ। ਸੰਸਾਰੀ ਸੰਜੋਗ ਨਾਤੇ ਭੀ ਸਭ ਰੋਗ ਪੂਰਤ ਹਨ ॥ ੩ ॥ ਹਿੰਦੂਆਂ ਆਨਮਤੀਆਂ ਦੇ ਸਾਰੇ ਦੇਵਤੇ ਭੀ ਰੋਗੀ ਹਨ। ਬ੍ਰਹਮਾ ਭੀ ਰੋਗੀ, ਵਿਸ਼ਨੂੰ ਦੇਵਤਾ ਭੀ ਰੋਗੀ, ਰੁਦਰ ਮਹੇਸ਼ ਸ਼ਿਵਜੀ ਦੇਵਤਾ ਭੀ ਰੋਗੀ। ਸਾਰਾ ਸੰਸਾਰ ਹੀ ਰੋਗੀਆਂ ਦਾ ਹੈ। ਜਿਨ੍ਹਾਂ ਗੁਰਮੁਖਾਂ ਨੇ ਹਰਿ ਪਦ ਚੀਨਿਆ ਹੈ ਸੋ ਮੁਕਤੀਸ਼ਰ ਸਗਲੇ ਰੋਗਾਂ ਤੋਂ ਭੀ ਮੁਕਤ (ਖਲਾਸ) ਹੋ ਗਏ। ਪਰ ਗੁਰ-ਸ਼ਬਦ ਦੀ ਕਮਾਈ ਕਰ ਕੇ ਮੁਕਤ ਅਤੇ ਰੋਗ ਰਹਿਤ ਹੋਏ ॥ ੪ ॥ ਸਤੇ ਸਮੁੰਦਰ ਸਣੇ ਸਮੁੰਦਰਾਂ ਵਿਚਿ ਪੈਣ ਵਾਲੀਆਂ ਨਦੀਆਂ ਅਤੇ ਦਰਿਆਵਾਂ ਦੇ ਸਭੇ ਰੋਗੀ ਹਨ। ਜਿਤਨੇ ਵੀ ਖੰਡ ਬ੍ਰਹਮੰਡ ਪਾਤਾਲ ਪੁਰੀਆਂ ਲੋਆਂ ਹਨ, ਸਭੇ ਰੋਗਾਂ ਦੇ ਭਰੇ ਹੋਏ, ਰੋਗ ਨਾਲਿ ਹੀ ਭਰਪੂਰ ਜਾਣੋ। ਇਹ ਹਰਿ ਕੇ ਲੋਗ ਗੁਰਮੁਖਿ ਸੰਤ ਭਗਤ ਜਨ ਹੀ ਹਨ ਜੋ ਸੱਚੀਆਂ ਅਧਿਆਤਮ ਕਮਾਈਆਂ ਕਰਿ ਕਰਿ ਸਦਾ ਸੁਖੀਏ ਅਤੇ ਸੁਹੇਲੇ ਹਨ ਅਤੇ ਦੁਖਾਂ ਦੇ ਦੁਹੇਲਾ-ਪਨ ਤੋਂ ਰਹਿਤ ਹੋਏ ਹਨ ਅਤੇ ਹੋ ਰਹਿਣਗੇ। ਨਦਰਾਲੂ ਗੁਰੂ ਕਰਤਾਰ ਉਹਨਾਂ ਦੀ ਸਰਬੀ ਠਾਈਂ ਸਭ ਠਉਰ ਟਿਕਾਣਿਆਂ ਪਰ ਉਨ੍ਹਾਂ ਉਤੇ ਨਦਰਿ ਮੇਹਰ ਕਰਦਾ ਹੈ ਅਤੇ ਹੱਥ ਦੇ ਕੇ ਉਨ੍ਹਾਂ ਨੂੰ ਰੋਗੋਂ ਰਹਿਤ ਰਖਦਾ ਹੈ। ਸਰਬ ਰੋਗਾਂ ਤੋਂ ਰਹਿਤ ਰਖਦਾ ਹੈ ॥ ੫ ॥ ਖਟ ਦਰਸ਼ਨਾਂ ਛੇਈ ਸ਼ਾਸਤ੍ਰਾਂ ਵਾਲੇ ਭੇਖਧਾਰੀ ਸਭਿ ਰੋਗੀ ਹੀ ਹਨ ਅਤੇ ਨਾਨਾ ਪ੍ਰਕਾਰ ਦੇ ਸਰਬੱਤ ਆਨਮਤੀ ਹਠ-ਕਰਮੀਏ ਹਠੀ ਲੋਗ ਸਭੇ ਹੀ ਰੋਗੀ ਹਨ। ਹਿੰਦੂਆਂ ਦੇ ਬੇਦ ਅਤੇ ਯਵਨੀਆਂ ਦੇ

ਕਤੇਬ (ਕੁਰਾਨ, ਤੌਰੇਤ, ਜ਼ੱਬੂਰ, ਅੰਜੀਲ) ਬਿਚਾਰੇ ਭੀ ਕੀਹਦੇ ਪਾਣੀਹਾਰ ਹਨ, ਕੀ ਕਰ ਸਕਦੇ ਹਨ, ਜੋ ਰੋਗ ਰਹਿਤ ਹੋ ਸਕਣ। ਉਹ ਭੀ ਉਪਰ ਦੱਸੇ ਰੋਗੀਆਂ ਦੇ ਭੇਡਰੰਭੇ ਵਿਚਿ ਹੀ ਸ਼ੁਮਾਰ ਹਨ। ਇਕ ਅਕਾਲ ਪੁਰਖ ਦੀ ਸੱਚੀ ਸੂਝ ਤੋਂ ਰਹਿਤ ਹੋਣ ਕਰਕੇ ਇਹ ਬੇਦ ਕਤੇਬ ਆਦਿਕ ਸਾਰੇ ਨਾਮ ਤੋਂ ਘੁਥੇ ਹੋਏ ਹਨ। ਇਸ ਕਰਕੇ ਸਭੇ ਰੋਗੀ ਹਨ ॥ ੬ ॥ ਨਾਨਾ ਪ੍ਰਕਾਰ ਦੇ ਮਿਠ ਰਸ ਭੋਜਨ ਖਾਣ ਵਾਲੇ ਗ੍ਰਿਹਸਤੀ ਲੋਗ ਭੀ ਸਾਰੇ ਰੋਗੀ ਹਨ ਅਤੇ ਗ੍ਰਿਹਸਤ ਤੋਂ ਤਿਆਗੀ ਜੰਗਲਾਂ ਵਿਚਿ ਜਾ ਕੇ ਕੰਦ ਮੂਲ ਖਾਣ ਵਾਲੇ ਸੰਨਿਆਸੀ ਭੀ ਸਭ ਰੋਗੀ ਹਨ। ਗ੍ਰਿਹਸਤੀ ਤਿਆਗੀ ਸਭਿ ਰੋਗ-ਗ੍ਰਸਤ ਹੋਣ ਕਰਕੇ ਸਭੇ ਰੋਗੀ ਹਨ, ਦੁਖੀਏ ਹਨ, ਸੁਖੀਆ ਇਨ੍ਹਾਂ ਵਿਚੋਂ ਕੋਈ ਭੀ ਨਹੀਂ। ਜੋ ਗੁਰਮਤਿ ਨਾਮ ਨੂੰ ਵਿਸਾਰ ਕੇ ਹੋਰ ਆਨਮਤ ਮਾਰਗ ਤੇ ਚਲਦੇ ਹਨ, ਉਹ ਅੰਤ ਕਾਲ ਸਮੇਂ ਪਛਤਾਉਣਗੇ ਤੇ ਰੋਗ-ਗ੍ਰਸੇ ਹੀ ਚਲੇ ਜਾਣਗੇ ॥ ੭ ॥ ਤੀਰਥ ਤੇ ਭਰਮਿਆਂ ਭੀ ਰੋਗ ਨਹੀਂ ਛੁਟਦਾ। ਤਿਨ੍ਹਾਂ ਆਨਮਤ ਪੁਸਤਕਾਂ ਦਾ ਇਲਮ ਪੜ੍ਹਿਆ ਲਿਖਿਆ ਸਭ ਬਾਦ ਬਰਬਾਦ ਹੀ ਗਇਆ। ਬਾਦ ਬਿਬਾਦੀ ਝਗੜਿਆਂ ਵਿਚਿ ਝਗੜਦਿਆਂ ਅਜਾਈਂ ਹੀ ਗਇਆ। ਜਿਸ ਨੂੰ ਦੁਬਿਧਾ ਦਾ ਰੋਗ ਚਿੰਮੜ ਜਾਏ, ਉਹ ਅਧਿਕ ਵਡੇਰਾ ਰੋਗ ਹੈ। ਇਸ ਰੋਗ ਦਾ ਗ੍ਰਸਿਆ ਹੋਇਆ ਸਾਰਾ ਰੋਗੀ ਸੰਸਾਰ ਮਾਇਆ-ਮੁਥਾਜ ਬਣਿ ਰਹਿਆ ਹੈ। ਮਾਇਆ ਦੀ ਮੁਥਾਜੀ ਇਕ ਬੜਾ ਭਾਰੀ ਦੁਬਿਧਾ ਰੋਗ ਹੈ ॥ ੮ ॥ ਇਸ ਮਾਇਆ ਤੋਂ ਬੇਮੁਹਤਾਜ ਕੇਵਲ ਗੁਰੂ ਘਰ ਦੇ ਅਧਿਆਤਮ ਕਰਮੀ ਗੁਰਮੁਖਿ ਜਨ ਹੀ ਹਨ, ਕਿਉਂਕਿ ਉਹ ਅਨਦਿਨ (ਦਿਨ ਰਾਤ) ਸੱਚੇ ਸ਼ਬਦ ਦੀ ਸਾਲਾਹ (ਸਿਫਤਿ ਸਾਲਾਹ) ਮਈ ਅਭਿਆਸ ਕਮਾਈ ਵਿਚਿ ਹੀ ਨਿਮਗਨ ਰਹਿੰਦੇ ਹਨ। ਤਿਨ੍ਹਾਂ ਦੇ ਮਨ ਅੰਦਰਿ ਇਸ ਸੱਚੜੀ ਸਿਫਤਿ ਸਾਲਾਹੀ ਅਧਿਆਤਮ ਅਭਿਆਸ ਕਮਾਈ ਕਰਨ ਦੇ ਕਾਰਨ ਸੱਚਾ ਵਾਹਿਗੁਰੂ ਹੀ ਸਦਾ ਵਸਿ ਰਹਿਆ ਹੁੰਦਾ ਹੈ। ਵਾਹਿਗੁਰੂ ਅਤੇ ਵਾਹਿਗੁਰੂ ਦੀ ਸਿਫਤਿ ਸਾਲਾਹ ਤਿਨ੍ਹਾਂ ਦੇ ਮਨ ਅੰਦਰਿ ਵੱਸਣ ਅਤੇ ਸਦਾ ਵੱਸੀ ਰਹਿਣ ਕਰਕੇ ਤਿਨ੍ਹਾਂ ਦਾ ਸਗਲਾ ਰੋਗ ਕਟਿਆ ਜਾਂਦਾ ਹੈ। ਗੁਰ ਨਾਨਕ ਸਾਹਿਬ ਦੇ ਘਰ ਦੇ (ਗੁਰੂ ਘਰ ਦੇ) ਹਰਿ ਜਨ ਗੁਰਮੁਖਿ ਲੋਗ ਸਦਾ ਹੀ ਹਰ ਪ੍ਰਕਾਰੀ ਰੋਗ ਤੋਂ ਬਚੇ ਹੀ ਰਹਿੰਦੇ ਹਨ, ਰੋਗ ਦੀ ਮੈਲ ਤੋਂ ਨਿਰਮਲ (ਨਿਰਲੇਪ) ਹੀ ਰਹਿੰਦੇ ਹਨ, ਜਿਨ੍ਹਾਂ ਨੂੰ ਨਦਰਿ-ਕਰੰਮੀ ਬਖ਼ਸ਼ਸ਼ ਦੁਆਰਾ ਸੱਚੜਾ ਅਧਿਆਤਮ ਕਰਮ ਵਾਲਾ ਖ਼ੁਤਬਾ (ਨੀਸਾਣ) ਨਸੀਬ ਹੋਇਆ ਵਿਆ ਹੁੰਦਾ ਹੈ ॥ ੯॥ ੧॥ ਧੰਨ ਗੁਰੂ ਨਾਨਕ ਨਿਰੰਕਾਰੀ, ਅਧਿਆਤਮ-ਕਰਮੀਆਂ ਦਾ ਨਿਰੰਕਾਰੀ ਨਾਮ ਆਧਾਰੀ !

ਪ੍ਰਭਾਤੀ ਮਹਲਾ ੧ ॥ ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ॥ ਜੋਗੀ ਕਾਪੜੀਆ ਸਿਰਖੂਥੇ ਬਿਨੁ ਸਬਦੈ ਗਲਿ ਫਾਸੀ ॥ ੧ ॥ ਸਬਦਿ ਰਤੇ ਪੂਰੇ ਬੈਰਾਗੀ ॥ ਅਉਹਠਿ ਹਸਤ ਮਹਿ ਭੀਖਿਆ ਜਾਚੀ ਏਕ ਭਾਇ ਲਿਵ ਲਾਗੀ ॥ ੧ ॥ ਰਹਾਉ ॥ ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ ॥ ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥ ੨ ॥ ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ ॥ ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥ ੩ ॥ ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥ ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥ ੪ ॥ ੧੬ ॥

(ਪੰਨਾ ੧੩੩੨)

ਵਿਆਖਿਆ— ਬਾਰ੍ਹਾਂ ਫ਼ਿਰਕਿਆਂ ਦੇ ਵਖੋ ਵਖ ਕਰਮਾਂ ਵਿਚਿ ਤਾਂ ਬਾਰ੍ਹਾਂ ਫ਼ਿਰਕਿਆਂ ਵਾਲੇ ਜੋਗੀ ਭਰਮਦੇ ਫਿਰੇ ਅਤੇ ਦਸਾਂ ਫ਼ਿਰਕਿਆਂ ਵਾਲੇ ਦਸ ਪ੍ਰਕਾਰੀ ਕਰਮਾਂ ਵਿਚਿ ਦੱਸੇ ਫ਼ਿਰਕੇ ਸੰਨਿਆਸੀਆਂ ਦੇ ਭਟਕਦੇ ਫਿਰੇ। ਏਸ ਪ੍ਰਕਾਰ ਸਿਰਖੁਥੜੇ ਸਿਰ ਵਿਚਿ ਸੁਆਹ ਪਾਉਣ ਵਾਲੇ ਮਲੰਗ ਅਤੇ ਕਾਪੜ-ਪੰਥੀਏ ਕੰਨੀਂ ਮੁੰਦਰਾਂ ਵਾਲੇ ਕੰਨ-ਪਾਟੇ ਭੀ ਭੰਬਲ ਭੂਸੇ ਖਾਂਦੇ ਫਿਰੇ, ਫਿਰ ਰਹੇ ਹਨ ਅਤੇ ਫਿਰਨਗੇ। ਸ਼ਬਦ ਕਮਾਈ ਬਿਨ੍ਹਾਂ ਗੁਰ ਸ਼ਬਦ ਦਰਸਾਏ ਅਧਿਆਤਮ ਕਰਮ ਕੀਤੇ ਬਿਨਾਂ ਏਹਨਾਂ ਉਪਰ ਦੱਸੇ ਸਭਨਾਂ ਹੀ ਆਨਮਤ ਕਰਮ-ਕਾਂਡੀਆਂ ਦੇ ਗਲ ਵਿਚਿ ਜਮ ਦੀ ਫਾਸੀ ਪਏਗੀ ਅਤੇ ਚੁਰਾਸੀ ਵਿਚਿ ਘੁਮਣਗੇ ॥ ੧ ॥ ਜੋ ਅਧਿਆਤਮ ਕਮਾਈਆਂ ਕਰ ਕਰ ਕੇ ਗੁਰ-ਸ਼ਬਦ ਵਿਚਿ ਰੱਤੇ ਹਨ, ਉਹ ਸੱਚੇ ਵੈਰਾਗੀ ਹਨ। ਐਸੇ ਵੈਰਾਗੀਆਂ ਨੇ ਹੱਥ ਅੱਡ ਕੇ ਹੋਛੀ ਭੀਖ ਨਹੀਂ ਮੰਗੀ, ਬਲਕਿ ਹਿਰਦੇ ਰੂਪੀ ਹਸਤ ਕੰਵਲ (ਹੱਥ) ਵਿਚਿ ਸੱਚੇ ਪ੍ਰੇਮ ਵੈਰਾਗ ਦੀ ਸ਼ਰਧਾ ਕਰਕੇ ਦਰਸ਼ਨ ਰੂਪੀ ਸੱਚੀ ਭੀਖਿਆ ਦੀ ਯਾਚਨਾ ਕੀਤੀ ਹੈ। ਤਿਨ੍ਹਾਂ ਦੀ ਇਕੇ ਦਰਸ਼ਨ ਦੀ ਭਾਵਨਾ ਵਿਚ ਸਰੂਰਤ ਹੋ ਕੇ ਸੱਚੀ ਲਿਵ ਲੱਗ ਗਈ ਹੈ, ਸਚੇ ਦੇ ਚਰਨਾਂ ਵਿਚਿ ॥ ੧ ॥ ਰਹਾਉ ॥ ਬ੍ਰਾਹਮਣ ਲੋਗ ਤਾਂ ਬੇਦ ਰੂਪੀ ਵਾਦ ਪੜ੍ਹ ਕੇ ਜੋ ਜੋ ਕਿਰਿਆਚਾਰ-ਕਰਣੀ ਕਰਮ ਕਰਦੇ ਹਨ, ਤਿਨ੍ਹਾਂ ਕਰਣੀਆਂ ਕਰਮਾਂ ਕਿਰਿਆਚਾਰ ਨੂੰ ਕਰ ਕੇ ਹੀ ਤਿਨ੍ਹਾਂ ਦੀ ਘਾਲ ਅਜਾਈਂ ਜਾਂਦੀ ਹੈ। ਓਹ ਤਿਨ੍ਹਾਂ ਬਾਦ-ਕਰਮੀਆਂ ਕਰਮਾਂ ਵਿਚਿ ਹੀ ਉਲਝ ਮਰਦੇ ਹਨ, ਉਹਨਾਂ ਦੇ ਹੱਥ ਕੁਛ ਨਹੀਂ ਆਉਂਦਾ। ਨਾ ਉਨ੍ਹਾਂ ਨੂੰ ਕੁਝ ਸੁਝਦਾ ਬੁਝਦਾ ਹੈ। ਉਹ ਪਾਰਬ੍ਰਹਮ ਪਰਮੇਸ਼ਰ ਦੀ ਵਾਟ (ਰਾਹ) ਤੋਂ ਪਰੇਡੇ ਰਹਿ ਕੇ ਵਿਛੁੜਿ ਵਿਛੁੜਿ ਦੁਖ ਪਾਉਂਦੇ ਹਨ। ਜੂਨੀਆਂ ਵਿਚਿ ਮੁੜ ਮੁੜ ਕੇ ਪੈਂਦੇ ਹਨ। ਸਤਿਗੁਰੂ ਦੇ ਬੁਝਾਏ ਸੁਝਾਏ ਬਿਨਾਂ ਤਿਨ੍ਹਾਂ ਨੂੰ ਕਦੇ ਭੀ ਸੱਚੜੀ ਸੂਝ ਬੂਝ ਨਹੀਂ ਆਉਂਦੀ, ਨਾ ਹੀ ਆ ਸਕਦੀ ਹੈ ॥ ੨ ॥ ਗੁਰੂ ਘਰ ਦੇ ਅਧਿਆਤਮ ਕਰਮੀ ਨਾਮ ਅਭਿਆਸੀ ਗੁਰਮੁਖਿ ਸਿਖ ਜੋ ਸੱਚੇ ਸੁੱਚੇ ਗੁਰ-ਸ਼ਬਦ ਦੀ ਪਾਰਸ ਕਲਾ ਵਾਲੀ ਕਮਾਈ ਕਰਨਹਾਰੇ ਹਨ, ਉਹੀ ਸੱਚੇ ਵਾਹਿਗੁਰੂ ਦੇ ਸਰੂਪ ਵਿਚਿ ਮਿਲੇ ਹਨ ਅਤੇ ਸੇਈ ਸੱਚੇ ਸਦਾਚਾਰੀ ਹਨ, ਉੱਚੇ ਸੁੱਚੇ ਕਰਮਾਕਾਰੀ ਹਨ। ਉਹੀ ਅਗੇ ਜਾ ਕੇ ਸੱਚੀ ਦਰਗਾਹੇ ਮਾਨ ਪਾਉਣਗੇ, ਮੰਨੇ ਪ੍ਰਮੰਨੇ ਜਾਣਗੇ। ਜਿਨ੍ਹਾਂ ਅਧਿਆਤਮ-ਕਰਮੀਆਂ ਨਾਮ-ਅਭਿਆਸ-ਮਰਮੀਆਂ ਦੀ ਨਾਮ ਦੇ ਰਤਨ-ਜੋਤੰਨੇ ਸਰੂਪ ਵਿਚਿ ਲਿਵ ਲੱਗੀ ਹੈ, ਉਹ ਜੁਗੋ ਜੁਗ, ਜੁਗਾਂ ਪ੍ਰਯੰਤ ਸੱਚੇ ਵਾਹਿਗੁਰੂ ਦੇ ਹੀ ਸੱਚੇ ਸਰੂਪ ਵਿਚਿ ਹੀ ਸਮਾ ਜਾਂਦੇ ਹਨ ॥ ੩ ॥ ਜਿਤਨੇ ਭੀ ਸਾਰੇ ਜਪ ਤਪ ਸੁਚ ਸੰਜਮ ਤੀਰਥ ਆਦਿ ਕਰਮ ਧਰਮ ਹਨ, ਉਹ ਸਭ ਸ਼ਬਦ ਦੀ ਸ਼ਕਤਿ ਕਲਾ ਤਲੇ ਵਸਦੇ ਹਨ। ਏਹਨਾਂ ਸਾਰੇ ਕਰਮਾਂ ਦੇ ਉਪਰ ਦੀ ਸ਼ਰੋਮਣੀ ਕਰਮ-ਅਚਾਰ, ਗੁਰਮਤਿ ਨਾਮ ਅਭਿਆਸੀ ਅਧਿਆਤਮ ਕਰਮੀਆਂ ਦਾ ਹੈ। ਜਿਨ੍ਹਾਂ ਨੇ ਸ਼ਬਦ ਅਧਿਆਤਮੀ ਗੁਰਮਤਿ ਕਰਮ ਕਰ ਲਿਆ, ਤਿਨ੍ਹਾਂ ਨੇ ਸਾਰੇ ਹੀ ਕਰਮ ਕਰ ਲਏ। ਅਰਥਾਤ, ਤਿਨ੍ਹਾਂ ਨੂੰ ਹੋਰਤ ਕਰਮ ਕਰਨ ਦੀ ਉੱਕਾ ਹੀ ਲੋੜ ਨਹੀਂ ਰਹੀ।

**ਪ੍ਰਭਾਤੀ ਮਹਲਾ ੧ ॥ ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥ ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥ ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲ ਕਦੇ ਨ ਲਹੈ ॥ ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥ ੧ ॥ ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥ ੧ ॥ ਰਹਾਉ ॥ ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ**

ਬੂਝਿ ਨ ਸਕੈ ਕਾਰ ॥ ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥ ੨ ॥ ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥ ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥ ੩ ॥ ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥ ਆਵਹਿ ਜਾਂਹਿ ਮਰਹਿ ਮਰਿ ਜਾਈ ॥ ੪ ॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥ ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤ੍ਰਿਸਨਾ ਅਰੁ ਆਪੁ ॥ ੫ ॥ ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥ ੬ ॥ ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥ ੭ ॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥ ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥

(ਪੰਨਾ ੧੩੪੩)

ਇਸ ਸਮੁੱਚੇ ਗੁਰਵਾਕ ਦਾ ਤੱਤ-ਭਾਵ ਇਹ ਹੈ ਕਿ ਤ੍ਰੈਗੁਣ ਮਾਇਆ ਦੇ ਭ੍ਰਮਿ-ਭੁਲਾਏ ਹੋਏ ਜੋ ਆਨਮਤੀ ਲੋਕ ਆਨਮਤ ਕਰਮ ਕਰਦੇ ਹਨ (ਜੋਗੀਆਂ ਦੇ ਨਿਉਲੀ ਕਰਮ, ਹਠ, ਯੋਗ, ਪ੍ਰਾਣਾਯਾਮ, ਭੁਅੰਗਮ ਆਦਿ ਅਤੇ ਬ੍ਰਾਹਮਣਾਂ ਦੇ ਖਟ ਕਰਮ ਆਦਿ) ਉਹ ਸਭ ਫੋਕਟ ਕਰਮ ਹਨ। ਅਤੇ ਤਿਨ੍ਹਾਂ ਕਰਮਾਂ ਦੇ ਕਰਨਹਾਰੇ ਭੀ ਫੋਕਟ-ਕਰਮੀ ਹਨ। ਤੱਤ ਸਾਰ ਕਰਮਨ ਸਿਰ ਕਰਮੁ, ਜਿਸ ਦੇ ਨਾਲਿ ਸੱਚੀ ਕਲਿਆਣ ਹੁੰਦੀ ਹੈ ਅਤੇ ਮੁਕਤੀ ਮਿਲਦੀ ਹੈ, ਉਹ ਕੇਵਲ ਗੁਰਮਤਿ ਅਧਿਆਤਮ ਕਰਮ ਸਿਫਤਿ ਸਾਲਾਹ ਨਾਮ ਜਪਣਾ ਹੈ। ਜਿਸ ਨਾਲਿ ਆਤਮਾ ਪ੍ਰਗਾਸ ਹੁੰਦਾ ਹੈ ਅਤੇ ਪਰਮਾਤਮਾ ਦਾ ਮਿਲਾਪ ਹੁੰਦਾ ਹੈ। ਗੁਰਮਤਿ ਅਨੁਸਾਰ ਇਹੋ ਕਲਿਆਣ ਹੈ। ਤੇ ਏਹੋ ਮੁਕਤੀ ਹੈ। ਏਸੇ ਨਾਲਿ ਦੁਬਿਧਾ ਦੂਰ ਹੁੰਦੀ ਹੈ। ਅਤੇ ਹਰ ਥਾਂ ਤੇ ਪਰਮਾਤਮ ਦੇਵ ਦਾ ਹੀ ਆਤਮ-ਪਸਾਰਾ ਨਜ਼ਰੀ ਆਉਂਦਾ ਹੈ। ਇਸ ਅਧਿਆਤਮ ਕਰਮ ਦੇ ਮੁਕਾਬਲੇ ਵਿਚਿ ਸੱਭੇ ਆਨਮਤ ਕਰਮ-ਕਾਂਡ ਅਨਾਤਮ ਕਰਮ ਹਨ, ਜਿਨ੍ਹਾਂ ਦੇ ਕਰਨ ਕਰਕੇ ਆਤਮ ਪਰਮਾਤਮ ਵਾਲੀ ਪ੍ਰਮਾਰਥਕ ਸੂਝ ਬੂਝ ਕੁਛ ਨਹੀਂ ਹੁੰਦੀ। ਨਿਉਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭਕ ਕਰਮ ਸਭ ਹਠ ਯੋਗ ਦੇ ਕਰਮ ਹਨ, ਜਿਨ੍ਹਾਂ ਦੇ ਕਰਨ ਕਰਿ ਆਤਮ ਪ੍ਰਚੰਡ ਗਿਆਨ ਪ੍ਰਾਪਤ ਨਹੀਂ ਹੁੰਦਾ। ਨਾ ਹੀ ਪਰਮਾਤਮ ਦੇ ਜੋਤਿ ਤੇਜੰਤੀ ਦਰਸ਼ਨਾਂ ਦੀ ਸੂਝ ਬੂਝ ਹੁੰਦੀ ਹੈ। ਇਹ ਸੂਝ ਬੂਝ ਕੇਵਲ ਗੁਰੂ ਘਰ ਦੇ ਅਧਿਆਤਮ ਕਰਮ ਕੀਤਿਆਂ ਹੀ ਹੁੰਦੀ ਹੈ। ਸਤਿਗੁਰੂ ਬਿਨਾਂ ਕੁਝ ਭੀ ਸੋਝੀ ਨਹੀਂ ਪੈਂਦੀ। ਇਹਨਾਂ ਉਤਲੇ ਕਰਮਾਂ ਦੇ ਕਰਨਹਾਰਾ ਭਰਮ ਵਿਚਿ ਭੁਲਿਆ ਰਹਿੰਦਾ ਹੈ। ਅਜਿਹੇ ਨਿਉਲੀ ਕਰਮ ਆਦਿ ਕਰਮ ਕਰ ਕੇ ਅਭਿਮਾਨ ਵਿਚਿ ਮਤਿਆ ਰਹਿੰਦਾ ਹੈ। ਓੜਕ ਡੁਬ ਮਰਦਾ ਹੈ। ਭਵ-ਸਾਗਰ ਤੋਂ ਤਰਦਾ ਨਹੀਂ, ਵਿਚੇ ਡੁਬ ਕੇ ਮਰਦਾ ਹੈ। ਨਿਸਚੇ ਕਰਕੇ ਜਾਣੋ ਕਿ ਹਠ ਯੋਗ ਦੇ ਨਿਉਲੀ ਕਰਮਾਂ ਆਦਿ ਕਰਮਾਂ ਵਿਚਿ ਕੁਛ ਨਹੀਂ


www.sikhbookclub.com

ਧਰਿਆ ਪਿਆ। ਸੋ ਆਤਮ-ਗਿਆਨ ਅਤੇ ਪਰਮਾਤਮ ਧਿਆਨ ਵਾਲੀ ਮੰਜ਼ਲ ਦੇ ਮੁਤਲਾਸ਼ੀਆਂ ਲਈ ਹੋਰਨਾਂ ਕਰਮਾਂ ਦੇ ਕੀਤਿਆਂ ਕੱਖ ਪੱਲੇ ਨਹੀਂ ਪੈਂਦਾ। ਪੱਲੇ ਪੈਂਦਾ ਹੈ ਤਾਂ ਗੁਰਮਤਿ ਅਧਿਆਤਮ ਕਰਮ ਨਾਮ ਅਭਿਆਸ ਦੇ ਕੀਤਿਆਂ ਪੈਂਦਾ ਹੈ। ਹੋਰ ਸਭ ਅੰਧ ਮਤਿ ਕਰਮ ਹਨ। ਅੰਧ ਅਗਿਆਨਤਾ ਦੇ ਕਰਮ ਕੀਤਿਆਂ ਅੰਤਰ ਦੀ ਮੈਲ ਕਦੇ ਨਹੀਂ ਲਹਿੰਦੀ ਅਤੇ ਆਤਮ ਦੇਵ ਕਦੇ ਉਜਲ ਨਹੀਂ ਹੁੰਦਾ। ਗੁਰਮਤਿ ਨਾਮ ਦੇ ਜਪਿਆਂ ਆਤਮਾ ਪ੍ਰਗਾਸਦਾ ਹੈ, ਨਿਰਮਲ ਉਜਲਾ ਹੁੰਦਾ ਹੈ। ਪਰਮਾਤਮਾ ਘਟ ਅੰਤਰਿ ਹੀ ਪ੍ਰਗਟ ਹੋ ਜਾਂਦਾ ਹੈ। ਏਸੇ ਕਰਕੇ ਤਾਂ ਗੁਰਮਤਿ ਨਾਮ ਅਭਿਆਸ ਕਰਮ ਅਧਿਆਤਮ ਕਰਮ ਅਖਾਉਂਦਾ ਹੈ। ਨਾਮ ਨਿਰੰਕਾਰੀ ਅਧਿਆਤਮ ਕਰਮ ਵਿਚਿ ਸਭੇ ਖਟ ਕਰਮ ਆ ਜਾਂਦੇ ਹਨ। ਖਟ ਕਰਮਾਂ ਦੇ ਕਰਨ ਦੀ ਰਾਈ ਮਾਤਰ ਲੋੜ ਨਹੀਂ ਰਹਿੰਦੀ ॥ ੧ ॥ ਰਹਾਉ ॥ ਵਾਹਿਗੁਰੂ ਗੁਣਾਂ ਦੇ ਸਾਗਰ ਨੂੰ ਅਲਪਗ ਅਵਗੁਣਿਆਰਾ ਜੀਵ ਕੀ ਜਾਣ ਸਕਦਾ ਹੈ? ਤ੍ਰੈਗੁਣੀ ਮਾਇਆ ਦੇ ਧੰਧਾ-ਧਾਵਣੀ ਬਿਕਾਰ ਰੂਪ ਕਰਮ ਕੀਤਿਆਂ ਦੁਰਮਤਿ ਮੈਲ ਵਾਲੇ ਬਿਕਾਰ ਹੀ ਉਪਜਦੇ ਹਨ। ਸੱਚੀ ਕਾਰ ਤਾਂ ਉਹ ਬੁਝ ਨਹੀਂ ਸਕਦਾ। ਏਹਨਾਂ ਕਰਮਾਂ ਦੇ ਕਰਨਹਾਰਾ ਅੰਧਾ ਮੂਰਖ ਗਵਾਰ ਕਰਮ ਕਰਿ ਕਰਿ ਆਪਣਾ ਆਪ ਹੀ ਜਣਾਉਂਦਾ ਹੈ। ਮਨਸਾ ਮਾਇਆ ਮੋਹਣੀ ਦੇ ਮੋਹੇ ਹੋਏ, ਠਗੇ ਹੋਏ ਮਨਮੁਖ ਦੇ ਮੂੰਹੋਂ ਜੋ ਭੀ ਬੋਲ ਨਿਕਲਦੇ ਹਨ, ਸੋ ਖੁਆਰੀ ਕਰਨ ਵਾਲੇ ਹੁੰਦੇ ਹਨ, ਉਸ ਨੂੰ ਖੁਆਰ ਹੀ ਕਰਦੇ ਹਨ। ਹਉਮੈ ਦੇ ਪੱਠੇ ਹੀ ਪੈਂਦੇ ਹਨ। ਜਿਵੇਂ ਚੰਡਾਲ ਦਾ ਮੱਜਨ-ਇਸ਼ਨਾਨ ਸਭ ਝੂਠਾ ਹੀ ਗਰਦਾਨਿਆ ਜਾਂਦਾ ਹੈ, ਉਸ ਦੇ ਸੋਹਣੇ ਸ਼ਿੰਗਾਰ ਕੀਤੇ ਹੋਏ ਭੀ ਫੋਕਟ ਹੀ ਹੁੰਦੇ ਹਨ ॥ ੨ ॥ ਏਵੇਂ ਜਿਵੇਂ ਮਨਮਤੀਏ ਪੁਰਖ ਦੀ ਮਨ ਦੀ ਮਤਿ ਝੂਠੀ ਹੁੰਦੀ ਹੈ ਅਤੇ ਉਸ ਦੀ ਕਰਣੀ ਭੀ ਬਾਦ ਬਿਬਾਦ ਹੀ ਹੁੰਦੀ ਹੈ। ਝੂਠੇ ਮਨਮਤੀਏ ਦੇ ਮਨ ਅੰਦਰਿ ਨਿਰਾ ਅਹੰਕਰਣ (ਹੰਕਾਰ) ਹੀ ਭਰਿਆ ਹੋਇਆ ਹੁੰਦਾ ਹੈ। ਹੰਕਾਰ ਦੀ ਭੁਸ ਭਰੀ ਵਾਲੇ ਮਨ-ਮਤੀਏ ਮਤਸਰੀਏ ਨੂੰ ਨਾਮ ਅਤੇ ਨਾਮੀ ਵਾਹਿਗੁਰੂ ਸੱਚੇ ਸਾਈਂ ਸੱਚੇ ਖਸਮ ਦਾ ਕੀ ਸੁਆਉ ਹੈ। ਗੁਰਮਤਿ ਨਾਮ ਅਭਿਆਸ ਅਧਿਆਤਮ ਕਮਾਈ ਵਾਲੇ ਕਰਮ ਤੋਂ ਬਿਨਾਂ ਹੋਰ ਕਰਮ ਕਮਾਇਆਂ ਫਿੱਕਾ ਸਵਾਦ ਹੀ ਆਉਂਦਾ ਹੈ, ਫਿਕ-ਕਰਮੀਆਂ ਨੂੰ। ਐਸੇ ਮਨਮੁਖ ਹੰਕਾਰੀ ਦੁਸ਼ਟਾਂ ਦੀ ਸੰਗਤਿ ਕੀਤਿਆਂ ਵਿਗੋਚਾ ਹੀ ਆਉਂਦਾ ਹੈ, ਬਿਗੜਨ ਹੀ ਬਿਗੜਨ ਹੈ। ਜਿਨ੍ਹਾਂ ਦੇ ਮੁਖ ਮਨ ਅੰਦਰਿ ਅੰਮ੍ਰਿਤ ਨਾਮ ਨਹੀਂ, ਉਹਨਾਂ ਦੇ ਮੁਖ ਮਨ ਹਿਰਦੇ ਸਦਾ ਬਿਖ ਨਾਲਿ ਹੀ ਭਰੇ ਰਹਿੰਦੇ ਹਨ। ਤਿਨ੍ਹਾਂ ਬਿਖਵਾਤੀਆਂ ਦਾ ਜੀਵਨ ਬਰਬਾਦ ਹੋ ਜਾਂਦਾ ਹੈ ॥ ੩ ॥ ਐਸੀ ਬਿਖਮ ਜੀਵਨ ਜੀਵਨੀ ਮਰਨਾ ਹੈ, ਜੀਵਨਾ ਨਹੀਂ ਹੈ। ਐਸੀ ਮਰਨੀ ਜੋ ਮਰਦਾ ਹੈ ਉਹ ਮੁਢੋਂ ਹੀ ਭਰਮਿ ਭੁਲਿਆ ਹੋਇਆ ਹੈ। ਜਿਸ ਨੇ ਸੁਖ-ਜੀਵਨੀ ਜੀਵਨਾ ਅਤੇ ਸਦਾ ਲਈ ਸੁਖੀ ਥੀਵਨਾ ਹੈ, ਉਹ ਸਤਿਗੁਰੂ ਦੇ ਸੱਚੇ ਸਿਖ ਸੇਵਕ ਬਣ ਜਾਣ ਅਤੇ ਸਿਖ ਸੇਵਕ ਬਣ ਕੇ ਸਤਿਗੁਰੂ ਦਰਸਾਈ ਦ੍ਰਿੜ੍ਹਾਈ ਸੱਚੀ ਕਾਰ ਕਰੀ ਜਾਣ ਤਾਂ ਸਦਾ ਲਈ ਸੁਖ ਹੀ ਸੁਖ ਪ੍ਰਾਪਤਿ ਹੁੰਦਾ ਹੈ। ਸਤਿਗੁਰੂ ਦਰਸਾਈ ਐਸੀ ਕਾਰ, ਗੁਰਮਤਿ ਨਾਮ ਅਭਿਆਸ ਅਧਿਆਤਮੀ ਕਾਰ ਕਮਾਈ ਬਿਨਾਂ ਕਿਸੇ ਨੂੰ ਤੱਤ ਸਿਧਾਂਤੀ ਗੁਰਮਤਿ ਆਦਰਸ਼ ਦੀ ਪ੍ਰਾਪਤੀ ਨਹੀਂ ਹੁੰਦੀ, ਤੇ ਸੱਚੀ ਸੁਖਦਾਈ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਅਧਿਆਤਮ ਕਰਮ ਨੂੰ ਛਡ ਕੇ ਜੋ ਪ੍ਰਾਣੀ ਆਨਮਤ ਅਨਾਤਮ ਕਰਮ ਕਰਦੇ ਹਨ ਉਹ ਮੁੜਿ ਮੁੜਿ ਜੂਨੀਆਂ ਵਿਚਿ ਆਉਂਦੇ ਹਨ ਅਤੇ ਮਰਿ ਮਰਿ ਜਾਂਦੇ ਹਨ ॥ ੪ ॥ ਇਹ ਸਰੀਰ ਤਾਂ ਤ੍ਰੈਗੁਣ ਧਾਤ ਦਾ ਹੀ ਬਣਿਆ ਹੋਇਆ ਹੈ। ਇਸ ਨੂੰ ਤ੍ਰੈਗੁਣੀ ਕਰਮਾਂ ਵਿਚਿ ਪੈ ਕੇ ਸੋਗ ਸੰਤਾਪ ਹੀ ਵਿਆਪਣਾ ਹੈ। ਜੋ ਮਨਮੁਖੀਏ, ਅਲਪਗ

ਬੰਦਿਆਂ ਨੂੰ ਗੁਰ ਪਰਮੇਸ਼ਰ ਸਮਝ ਕੇ ਪੂਜਦੇ ਹਨ, ਉਹ ਮਹਾਂ ਮੂਰਖ ਅਤੇ ਘੋਰ ਨਰਕਾਂ ਦੇ ਭਾਗੀ ਹਨ। ਗੁਰਸਿਖ ਤਾਂ ਇਕੋ ਅਕਾਲ ਪੁਰਖ ਦੇ ਉਪਾਸ਼ਕ ਹਨ। ਉਸ ਦੇ ਸੇਵਕ ਹਨ। ਉਸੇ ਸਰਬੱਗ ਪੁਰਖ ਅਕਾਲ ਦੀ ਸੇਵਾ ਕਰਦੇ ਹਨ, ਜਿਸ ਦਾ ਨਾ ਕੋਈ ਮਾਂ ਹੈ ਨਾ ਬਾਪ। ਇਕ ਅਕਾਲ ਦੇ ਸੇਵਕ-ਪੂਜਕਾਂ ਦੇ ਅੰਦਰੋਂ ਹੀ ਆਪਾ ਨਿਕਲਦਾ ਹੈ, ਤ੍ਰਿਸ਼ਨਾ ਦਾ ਤਾਪ ਦੂਰ ਹੁੰਦਾ ਹੈ। ਹੋਰ ਕਰਮਾਂ ਦੇ ਕੀਤਿਆਂ ਤੇ ਆਨ ਟੇਵ ਸੇਵ ਦੇਵ ਗਹਿਆਂ ਆਪੇ ਦਾ ਅਭਾਵ ਨਹੀਂ ਹੁੰਦਾ। ਸਗੋਂ ਆਪਾ, ਅਰਥਾਤ, ਹੰਕਾਰ ਹੋਰ ਵਧਦਾ ਹੈ ॥ ੫ ॥ ਅਧਿਆਤਮ ਕਰਮੀ ਗੁਰਮਤਿ ਨਾਮ-ਅਭਿਆਸੀ-ਕਰਮੀ ਆਪੇ ਦੇ ਥਾਉਂ ਆਪਣੇ ਅੰਦਰਿ ਪ੍ਰਚੰਡ ਆਤਮਾ ਦਾ ਪ੍ਰਗਾਸ ਅਤੇ ਸਾਫ਼ ਪਰਮਾਤਮਾ ਦਾ ਹੀ ਤੇਜ ਪ੍ਰਤਾਪ ਦੇਖਦੇ ਹਨ। ਏਥੇ ਆਪੇ ਦਾ ਨਮੂਦ ਨਹੀਂ ਰਹਿੰਦਾ। ਸਮ ਘਟ ਅੰਤਰੀ ਆਤਮਾ ਦੇ ਪਰਚਲਤ ਚਾਨਣੇ ਦੀ ਲਾਈਟ (light) ਰੌਸ਼ਨੀ ਨਾਲਿ ਜਹ ਜਹ ਦੇਖਦੇ ਹਨ ਤਹ ਤਹ ਸੋਈ ਪਰਮਾਤਮਾ ਦੇਵ ਹੀ ਉਹਨਾਂ ਨੂੰ ਪਰਤੱਖ ਨਜ਼ਰੀਂ ਆਉਂਦਾ ਹੈ। ਹੇ ਮੁਕਤੀ ਭਾਲਣ ਵਾਲਿਓ ਕਰਮ ਕਾਂਡੀਓ! ਸਤਿਗੁਰੂ ਭੇਟੇ ਬਿਨਾਂ ਤੁਸਾਡੀ ਮੁਕਤੀ ਨਹੀਂ ਹੋਣੀ, ਤੇ ਨਹੀਂ ਹੋਣੀ, ਕਦਾਚਿਤ ਨਹੀਂ ਹੋਣੀ। ਹਿਰਦੇ ਅੰਦਰਿ ਪਰਮਾਤਮਾ ਮਈ ਸਚੁ ਵਸਿ ਜਾਵੇ ਤਾਂ ਹੀ ਕੀਤੀ ਕਤਰਾਈ ਕਰਣੀ ਤੱਤ ਸਾਰ ਕਰਣੀ ਕਹਾਉਂਦੀ ਹੈ ਅਤੇ ਥਾਇੰ ਪੈਂਦੀ ਹੈ। ਹੋਰ ਸਭ ਪਾਖੰਡ-ਪੂਜਾ ਖੁਆਰ ਹੋਣ ਵਾਲੀ ਤੇ ਖੁਆਰ ਕਰਨ ਵਾਲੀ ਪਾਖੰਡ-ਪੂਜਾ ਹੈ ॥ ੬ ॥ ਅਧਿਆਤਮ ਕਰਮੀ ਦੇ ਅਧਿਆਤਮ ਕਰਮ ਦੀ ਪਛਾਣ ਇਹ ਹੈ ਕਿ ਅਧਿਆਤਮ-ਕਰਮੀਆਂ ਸ਼ਬਦ ਅਭਿਆਸੀਆਂ ਦੀ ਦੁਬਿਧਾ ਦੂਰ ਹੋ ਜਾਂਦੀ ਹੈ, ਚੁੱਕੀ ਜਾਂਦੀ ਹੈ। ਦੁਬਿਧਾ ਦਾ ਨਮੂਦ ਹੀ ਚੁੱਕਿਆ ਜਾਂਦਾ ਹੈ। ਤਿਨ੍ਹਾਂ ਨੂੰ ਅੰਦਰਿ ਬਾਹਰਿ ਇਕੋ ਹੀ ਨਜ਼ਰੀ ਆਉਂਦਾ ਹੈ। ਇਹ ਗੁਰਮਤਿ ਦੀ ਸ਼ਬਦ ਸਿੱਧਾਂਤੀ ਅਧਿਆਤਮ ਕਰਮ ਵਾਲੀ ਸ੍ਰੇਸ਼ਟ ਸਾਰ ਮਤਿ ਹੈ। ਹੋਰ ਸਾਰੀਆਂ ਮੱਤੀਆਂ ਕਰਮੱਤੀਆਂ ਦੁਬਿਧਾ ਦੁਰਮੱਤੀਆਂ ਹੀ ਹਨ। ਅਤੇ ਦੁਬਿਧਾ-ਕਰਮ-ਮੱਤੀ ਵਾਲਿਆਂ ਦੇ ਮੁਖ ਮੱਥੇ ਤੇ ਛਾਰ, ਸੁਆਹ ਹੀ ਉੜਦੀ ਹੈ ॥ ੭ ॥ ਸਭ ਤੋਂ ਉਤਮ ਕਰਣੀ ਗੁਰਮਤਿ ਕੀਰਤਿ-ਕਰਮੀਆਂ ਦੀ ਸਾਰ ਕਰਣੀ ਹੈ। ਵਾਹਿਗੁਰੂ ਦੇ ਗੁਣਾਂ ਦਾ ਸੱਚਾ ਵੀਚਾਰ, ਸੱਚੀ ਅਕੱਥ ਕਥਾ ਵਾਲਾ ਵੀਚਾਰ, ਸੱਚੇ ਅਖੰਡ ਕੀਰਤਨ ਵਾਲਾ ਵੀਚਾਰ ਗੁਰੂ ਘਰ ਦੇ ਸੰਤ ਜਨਾਂ ਦੇ ਸਮਾਗਮ ਵਿਚਿ ਹੀ ਹੁੰਦਾ ਹੈ। ਅਜਿਹੇ ਸੰਤ ਸਮਾਗਮ ਵਿਚਿ ਆ ਕੇ ਮਨ ਮਰਦਾ ਹੈ। ਜੋ ਇਸ ਮਰਨੀ ਮਰ ਕੇ ਜੀਵਨ ਮੁਕਤ ਹੁੰਦੇ ਹਨ, ਸੋਈ ਪਰਵਾਨ ਪੈਂਦੇ ਹਨ। ਤੇ ਗੁਰੂ ਨਾਨਕ ਦੀਆਂ ਨਦਰਾਂ ਮਿਹਰਾਂ ਤੋਂ ਨਦਰੀ ਨਿਹਾਲ ਹੁੰਦੇ ਹਨ। ਇਹ ਵਡਿਆਈ ਹੈ ਗੁਰਮਤਿ ਅਧਿਆਤਮ ਕਰਮ ਦੇ ਕਮਾਉਣ ਦੀ। ਸਤਿ ਕਰ ਕੇ ਮੰਨਣਾ ਜੀ ॥ ੮ ॥ ੩ ॥

 www.sikhbookclub.com

# ੩੧ – ਨਿਰਬਾਣ ਪਦ ਦੀ ਪ੍ਰਾਪਤੀ

## ਨਿਹਕਰਮ ਤੇ ਨਿਹਕੇਵਲ ਕਿਵੇਂ ਹੋਈਦਾ ਹੈ?

ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੈ ॥ ਨਾਮੁ ਪਦਾਰਥੁ ਨਉਨਿਧਿ ਪਾਏ ਤ੍ਰੈਗੁਣ ਮੇਟਿ ਸਮਾਵਣਿਆ ॥ ੨ ॥ ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥ ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥ ੩ ॥ ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥ ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥ ੪ ॥ ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥ ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥ ੫ ॥ ਮਨਮੁਖ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥ ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥ ੬ ॥ ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪ ਪਛਾਨਣਿਆ ॥ ੭ ॥ ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥ ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥ ੮ ॥ ੩੧ ॥ ੩੨ ॥

(ਮਾਝ ਮ: ੩, ਪੰਨਾ ੧੨੮-੨੯)

ਵਿਆਖਿਆ— ਨਿਹਕਰਮੀ ਪੁਰਸ਼ ਸੋ ਹੈ ਜੋ ਹੋਰ ਕਰਮਾਂ ਨੂੰ ਛੱਡ ਕੇ ਕੇਵਲ ਸ਼ਬਦ ਅਭਿਆਸ ਕਮਾਈ ਰੂਪੀ ਕਰਮ ਹੀ ਕਮਾਉਂਦਾ ਹੈ। ਤਿਸ ਗੁਰਮੁਖਿ ਜਨ ਨੂੰ ਹੋਰ ਆਨਮਤ ਕਰਮਾਂ ਦੇ ਕਰਨ ਦੀ ਕੋਈ ਮੁਛੰਦਗੀ ਨਹੀਂ ਰਹਿੰਦੀ, ਕਿਉਂਕਿ ਗੁਰਮਤਿ ਕਰਮੁ ਸ਼ਬਦ ਅਭਿਆਸ ਕਮਾਈ ਕਰਕੇ ਉਸ ਦੇ ਅੰਤਰਿ-ਆਤਮੇ ਤਤੋ ਤਤ ਨੂਰ ਜ਼ਹੂਰ ਪਜ਼ੀਰ ਹੋ ਜਾਂਦਾ ਹੈ। ਤਿਸ ਨੂਰ-ਜ਼ਹੂਰੀ ਪ੍ਰਚੰਡ ਗਿਆਨ-ਜੋਤੰਡ ਦੇ ਪਾਰਸ ਭੂਤੀ ਪਰਤਾਪ ਕਰਿ ਉਸ ਦੀ ਹਉਮੈ ਦਾ ਅਭਾਵ ਹੋ ਜਾਂਦਾ ਹੈ। ਹਉਮੈ ਉੱਕੀ ਹੀ ਮਰ ਜਾਂਦੀ ਹੈ। ਉਸ ਨੂੰ ਇਹ ਅਹਿਸਾਸ ਭੀ ਨਹੀਂ ਰਹਿੰਦਾ ਕਿ ਮੈਂ ਕਰਮ ਕਰਦਾ ਹਾਂ। "ਕਰਮ ਕਰਤ ਹੋਵੈ ਨਿਹਕਰਮ"[1] ਦਾ ਭਾਵ ਭੀ ਇਹੀ ਹੈ। "ਨਿਹਕਰਮ" ਪਦ ਦੇ ਇਹ ਅਰਥ ਕਿ ਕਰਮ ਕਰਦਾ ਹੋਇਆ ਕਰਮਾਂ ਦੇ ਫਲ ਦੀ ਆਸਾ ਇੱਛਾ ਜੋ ਨਹੀਂ ਰਖਦਾ, ਸੋ ਨਿਹਕਰਮੀ ਹੈ, ਉਪਰਲੇ ਗੁਰਭਾਵ ਦੀ ਕਸੌਟੀ ਅਨੁਸਾਰ ਬਿਪਰਜੇ ਹੈ। ਕੀਤੇ ਕਰਮਾਂ ਦੀ ਫਲ-ਬਾਂਛਾ ਨਾ ਰਖਣ ਵਾਲੇ ਅਰਥ 'ਨਿਹਕਰਮ' ਕਰਮ ਦੇ ਹਨ, ਨਾ ਕਿ ਨਿਹਕਰਮੀ ਦੇ।

---

੧ ਗਉੜੀ ਸੁਖਮਨੀ ਮ: ੫, ॥ ੨॥ ੯॥ ਪੰਨਾ ੨੭੪


www.sikhbookclub.com

ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਨਿਹਕਰਮੀ ਕਰਮ ਕਮਾਵਣਹਾਰੇ ਨੂੰ ਜਦ ਕਰਮ ਦੇ ਕਰਨ ਦਾ ਅਹਿਸਾਸ ਸੂਖਮ ਮਾਤਰ ਅਹੰਕਾਰ ਹੀ ਨਹੀਂ ਰਹਿੰਦਾ ਤਾਂ ਉਸ ਨੇ ਫਲ ਕੀ ਬਾਂਛਨਾ ਸੀ? ਹੋਰਨਾਂ ਕਰਮਾਂ ਦੇ ਕਰਨਹਾਰਿਆਂ ਨੂੰ ਤਾਂ ਬਾਂਛਾ ਫੁਰਦੀ ਹੈ, ਕਿਉਂਕਿ ਉਹ ਕਰਮ ਹੀ ਬਾਂਛਾ ਪੂਰਤਿ ਕੀਤੇ ਜਾਂਦੇ ਹਨ। ਤਿਨ੍ਹਾਂ ਆਨਮਤ ਕਰਮ ਕਰਨਹਾਰਿਆਂ ਦੀ ਅਹੰਮਤਿ ਨਹੀਂ ਮਿਟਦੀ, ਨਾ ਹੀ ਬਾਂਛਾ ਦੂਰਿ ਹੁੰਦੀ ਹੈ। ਗੁਰਮਤਿ ਸ਼ਬਦ ਅਭਿਆਸ ਕਮਾਈ ਕਰਨਹਾਰੇ ਗੁਰਮੁਖਿ ਜਨਾਂ ਦਾ ਕਰਮ ਹੀ ਅਹੰਮਤ ਅਭਾਵੀ ਕਰਮੁ ਹੈ, ਹਉਮੈ ਮੇਟਣਹਾਰਾ ਕਰਮੁ ਹੈ। ਹਉਮੈ ਮਨਸਾਵੀ ਵਾਸ਼ਨਾ ਦਾ ਸੰਕਲਪ ਹੀ ਉਸ ਨੂੰ ਨਹੀਂ ਉਪਜਦਾ। ਫੁਰਨਾ ਹੀ ਨਹੀਂ ਫੁਰਦਾ। ਸ਼ਬਦ ਅਭਿਆਸ ਕਮਾਈ ਵਾਲਾ ਗੁਰਮਤਿ ਨਿਹਕਰਮੀ-ਕਰਮ ਤ੍ਰੈਗੁਣੀ ਮਾਇਆ ਮਮਤਾ ਦੇ ਮਨੋਰਥਾਂ ਨੂੰ ਸੁਤੇ ਸੁਭਾਵ ਹੀ ਮੇਟਣਹਾਰਾ ਹੈ। ਗੁਰਮਤਿ ਸ਼ਬਦ ਅਭਿਆਸ ਕਮਾਈ ਦੇ ਕਰਮ ਨਿਹਕਰਮੀ ਜਨ ਨੂੰ ਇਸ ਨਿਹਕਰਮ ਕਰਮ ਦੀ ਪਾਰਸ ਕਮਾਈ ਦੁਆਰਾ ਘਟ ਅੰਤਰਿ ਜੋਤੀਸ਼ ਜੋਤਿ ਪ੍ਰਗਟੰਨਾ ਅਦਭੁਤ ਅਤੇ ਅਲੌਕਿਕ ਨਾਮੁ ਪਦਾਰਥ ਹੀ ਤੱਤ ਨਵਨਿਧ ਸਰੂਪ ਹੈ। ਪਰਸਿੱਧ ਨਉ ਨਿਧੀਆਂ ਦੀ ਨੇਅਮਤ ਤੋਂ ਅਪਰ ਅਪਾਰ ਅਮਰ ਅਮੋਲ ਨੇਅਮਤ ਵਾਲਾ ਹੈ ॥ ੨ ॥ ਜੋ ਕਰਮ ਕਰਕੇ ਹਉ-ਹਉ ਮੈਂ-ਮੈਂ ਕਰਦਾ ਹੈ, ਮੈਂ ਕਰਮ ਕੀਤੇ, ਹਉਂ ਕਰਮਾਂ ਦੇ ਕਰਨਹਾਰਾ ਹਾਂ, ਉਹ ਨਿਹਕਰਮੀ ਨਹੀਂ ਹੋ ਸਕਦਾ। ਗੁਰਮਤਿ ਨਿਹਕਰਮ ਪਦ ਦੀ ਗੁਰਮਤਿ ਡੈਫ਼ੀਨੀਸ਼ਨ (definition) ਅਨੁਸਾਰ ਉਹ ਨਿਹਕਰਮੀ ਹੀ ਨਹੀਂ ਕਹਾ ਸਕਦਾ। ਕਰਮਾਂ ਦੇ ਫਲ ਬਾਂਛਣਹਾਰਾ ਭੀ ਨਿਹਕਰਮੀ ਨਹੀਂ ਸਦਾ ਸਕਦਾ। ਗੁਰਮਤਿ ਨਿਹਕਰਮ ਕਰਮ ਕਰਨਹਾਰੇ ਦੀ ਹਉਮੈ ਗੁਰ ਪ੍ਰਸਾਦੀ ਹੀ ਖੋਈ ਜਾਂਦੀ ਹੈ। ਸਤਿਗੁਰੂ ਦੀ ਬਖ਼ਸ਼ੀ ਗੁਰ-ਦੀਖਿਆ ਦੇ ਪਾਰਸ-ਪਰਭੂਤੀ ਪਰਤਾਪ ਨਾਲਿ ਹਉਮੈ ਰਹਿੰਦੀ ਹੀ ਨਹੀਂ। ਜਿਸ ਨਿਹਕਰਮ ਕਰਮੀ ਗੁਰਮੁਖਿ ਜਨ ਨੇ "**ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ**"[1] ਵਾਲਾ ਵਾਹਿਗੁਰੂ ਜੋਤਿ ਪ੍ਰਚੰਡਨੀ ਬਿਬੇਕੁ ਅੰਤਰਿ ਆਤਮੇ ਢੰਡੋਲਿਆ ਪ੍ਰਚੰਡੋਲਿਆ ਹੈ, ਉਹ ਏਸੇ ਗੁਰ-ਗਿਆਨ ਪ੍ਰਚੰਡਨੀ ਬਿਬੇਕ ਦੀ ਅੰਮ੍ਰਿਤ ਰਸ-ਰਸਾਰਨੀ, ਜੋਤਿ-ਰਹੱਸ ਪ੍ਰਗਟਾਰਨੀ ਹਜ਼ (ਅਨੰਦ) ਮਸਤੀ ਵਿਚਿ ਹੀ ਮਸਤੂਲ ਮਸਤ ਰਹਿੰਦਾ ਹੈ। ਇਹੀ ਗੁਰਮਤਿ ਬਿਬੇਕੀ ਜਨ ਦਾ ਆਪਾ-ਵੀਚਾਰਨੀ-ਬਿਬੇਕ ਹੈ। ਕੈਸਾ ਅਲੌਕਿਕ ਅਤਿ ਨਿਰਮੋਲਕ ਬਿਬੇਕੁ ਹੈ ॥ ੩ ॥ ਗੁਰਮੁਖਿ ਨਿਹਕਰਮੀ ਜਨ ਹਜ਼ ਦੇ ਅਨੰਦ-ਹੁਲਾਸੀ ਜੋਸ਼ ਵਲਵਲੇ ਆਪਣੇ ਅੰਤਰਿ ਆਤਮੇ ਨਿਰਖਦੇ ਨਿਹਾਰਦੇ ਹੋਏ ਗੁਰਬਾਣੀ ਦੇ ਸ਼ਬਦਾਂ (ਗੁਰ ਸ਼ਬਦਾਂ) ਦਾ ਜੋ ਕੀਰਤਨ ਕਰਦੇ ਹਨ, ਉਹ ਅਤੀਅੰਤ ਹੀ ਮਹਾਂ ਅਨੰਦ ਹੁਲਾਸੀ ਕ੍ਰਿਸ਼ਮ-ਕਲਾ ਵਾਲਾ ਹੁੰਦਾ ਹੈ। ਉਹ ਕੀਰਤਨ ਕੀ ਕਰਦੇ ਹਨ, ਅਮਿਉ ਸਰੋਵਰ ਹਰਿ-ਸਰ ਸਾਗਰ ਵਿਚਿ ਚੁੱਭੇ ਮਾਰਿ ਮਾਰਿ ਰੋਮ ਰੋਮ ਅੰਦਰ ਅਮੀ ਰਸ ਨੂੰ ਪ੍ਰਵੇਸ਼ ਕਰਿ ਕਰਿ ਅੰਮ੍ਰਿਤ ਦੇ ਗਟਾਕ ਭੁੰਚਦੇ ਹਨ। ਜਿੰਨੇ ਰੋਮ ਸਰੀਰ ਦੇ ਹੁੰਦੇ ਹਨ, ਉਤਨੀਆਂ ਹੀ ਜੀਭਾਂ ਬਣਿ ਬਣਿ ਅੰਮ੍ਰਿਤ ਰਸ ਨੂੰ ਪੀਂਦੀਆਂ ਹਨ, ਉਸ ਦੀ ਸਮੂਹ ਦੇਹੁਰੀ ਕ੍ਰਾਂਤ ਹੀ ਅੰਮ੍ਰਿਤ ਭਿੰਨੀ ਹੋ ਜਾਂਦੀ ਹੈ, ਅੰਮ੍ਰਿਤ ਨਾਲਿ ਭਿੱਜ ਸਰਿੱਜ ਜਾਂਦੀ ਹੈ। ਨਿਰੀ ਅੰਮ੍ਰਿਤ ਦੀ ਹੀ ਪੁਤਲੀ "**ਅੰਮ੍ਰਿਤ ਕਾਇਆ ਰਹੈ ਸੁਖਾਲੀ**"[2] ਹੋ ਜਾਂਦੀ ਹੈ। ਇਸ ਅੰਮ੍ਰਿਤ-ਕਾਇਆਂ ਤੋਂ ਬਾਹਰਵਾਰ ਭੀ

---

੧ ਗਉੜੀ ਪੂਰਬੀ ਮ: ੪, ॥ ੧॥ ੧੫॥ ਪ੩॥ ਪੰਨਾ ੧੬੮

੨ ਗਉੜੀ ਚੇਤੀ ਮ: ੧, ॥ ੧॥ ੧੩॥, ਪੰਨਾ ੧੫੪

"ਪਾਲਿ ਸਮੁਹਾ ਸਰਵਰੁ ਭਰਾ"[੧] ਅੰਮ੍ਰਿਤ ਸਾਗਰ ਚਾਰ ਚੁਫੇਰੇ ਲਹਿਰਾਂ ਮਾਰਦਾ ਪਰਤੱਖ ਨਜ਼ਰੀ ਆਵੰਦਾ ਹੈ। ਕਿਨ੍ਹਾਂ ਨੂੰ? ਅਮੀ-ਮੱਜਨੀ ਗੁਰਮੁਖਿ ਜਨ ਦਿਬਦ੍ਰਿਸ਼ਟੇ ਅੰਮ੍ਰਿਤ ਨੈਨਾਂ ਨੂੰ, ਅੰਮ੍ਰਿਤ ਭਿੰਨੇ ਲੋਇਣਾਂ ਨੂੰ। ਇਸ ਨਿਰਮਲ ਹਰਿ ਸਰ ਸਾਗਰ ਵਿਚਿ ਅਮਿਉ-ਮਜਨੀ ਹਉਮੈ-ਭੰਜਨੀ ਗੁਰਮੁਖਿ ਜਨ ਦਿਨ ਰਾਤਿ ਸਦਾ ਸਦਾ ਗੋਤੇ ਲਾ ਲਾ ਕੇ ਚੁੱਭੇ ਮਾਰ ਮਾਰ ਕੇ ਮੱਜਨ ਇਸ਼ਨਾਨ ਕਰਦੇ ਹਨ ਅਤੇ ਹੰਸਲੇ ਸੰਤ ਬਣਿ ਬਣਿ ਜੋਤਿ ਰਸ ਸੁਧਾ ਸੰਪੰਨੇ ਹੀਰੇ ਰਤਨ ਜਵਾਹਰ ਮੋਤੀਆਂ ਦੇ ਗਟਾਕ ਰਸ ਛਾਂਦੇ ਛਿਨ ਛਿਨ ਅਤੇ ਰਜ ਰਜ ਕੇ ਭੁੰਚਦੇ ਹਨ, ਹੰਸ ਸੰਤਲਿਆਂ ਵਾਲੀ ਚੋਗ ਚੁਗਦੇ ਹਨ ॥ ੪ ॥ ਅਜਿਹੇ ਉਪਰ ਵਰਨੇ ਨਿਹਕਰਮ ਅਧਿਆਤਮੀ ਗੁਰਮੁਖਿ ਜਨਾਂ ਦਾ ਹੰਸਾਂ ਸਦਰਸ ਸਾਫ਼ ਸ਼ਫ਼ਾਫ਼ ਨਿਰਮਲ ਆਤਮਾ (ਜੀਵ-ਆਤਮਾ) ਹੰਸ ਰੂਪ ਹੋ ਕੇ ਅਤਿ ਪ੍ਰੇਮ ਪਿਆਰ ਸਹਿਤ ਨਿਤਾ ਨਿਤ ਸਦਾ ਸਦਾ ਉਪਰ ਦਰਸਾਏ ਹਰੀ ਰੂਪ ਅੰਮ੍ਰਿਤ ਸਰੋਵਰ ਤੇ ਹੀ ਵਸਦਾ ਰਸਦਾ ਹੈ। ਹਉਮੈ ਦੀ ਰਾਈ ਭੀ ਉਸ ਦੇ ਅੰਦਰਿ ਨਹੀਂ ਹੁੰਦੀ, ਨਾ ਹੀ ਰਹਿੰਦੀ ਹੈ। ਦਿਨ ਰਾਤਿ ਸਦਾ ਸਦਾ ਤਿਨ੍ਹਾਂ ਦੀ ਸੁਰਤੀ-ਬਿਰਤੀ ਮਈ ਪ੍ਰੀਤ ਸੱਚੇ ਸ਼ਬਦ ਰੂਪੀ ਹੀਰਾ ਰਤਨ ਦੇ ਚੁਗਣ ਵਿਚਿ ਹੀ ਚੁਭੀ ਰਹਿੰਦੀ ਹੈ ॥ ੫ ॥ ਇਹ ਰਤਨ ਪਦਾਰਥ ਹਰਿ ਸਰ ਵਾਸਾ ਪਾਵਣਹਾਰੇ ਗੁਰਮੁਖਿ ਹੰਸਲਿਆਂ ਗੁਰਮੁਖਿ ਹੰਸਲੇ ਜਨਾਂ ਨੇ ਆਪਣੇ ਘਟ ਅੰਦਰੋਂ (ਘਰ ਤੇ) ਹੀ ਪਾਇਆ ਹੈ। ਇਹ ਘਟ ਅੰਦਰਿ ਲੱਧਾ ਰਤਨ ਪਦਾਰਥ ਤਿਨ੍ਹਾਂ ਨੇ ਗੁਰ-ਦੁਆਰਿਓਂ ਗੁਰ-ਦੀਖਿਆ ਮਿਲਣ ਤੇ ਅਤੇ ਉਸ ਸੁਣੀ, ਮਿਲੀ ਦ੍ਰਿੜ੍ਹੀ ਗੁਰ-ਸ਼ਬਦ ਮਈ ਗੁਰ-ਦੀਖਿਆ ਦੀ ਨਿਹਕਰਮੀ ਅਧਿਆਤਮੀ ਕਰਮ ਕਮਾਈ ਕਰਕੇ ਹੀ ਪਾਇਆ ਹੈ। ਅਗਿਆਨ ਤਿਮਰ ਅੰਧਿਆਰਾ ਤਿਨ੍ਹਾਂ ਦੇ ਅੰਦਰੋਂ ਗੁਰ ਪ੍ਰਸਾਦ ਕਰਿ ਉੱਕਾ ਹੀ ਮਿਟ ਗਿਆ ਹੈ। ਅਤੇ ਗੁਰ ਗਿਆਨ ਪ੍ਰਚੰਡਨੀ ਚਾਨਣ ਹੀ ਚਾਨਣ ਤਿਨ੍ਹਾਂ ਦੇ ਘਟ ਅੰਦਰਿ ਪਰਜੁਅਲਤ ਹੋ ਗਿਆ ਹੈ। ਆਪਾ ਪਛਾਨਣ, ਆਪਾ ਚੀਨਣ, ਨਿਜ ਆਤਮਾ ਦੇ ਪ੍ਰਚੰਡ ਅਧਿਆਤਮੀ ਸਰੂਪ ਦੇ ਲਖਣ ਦਾ ਇਹ ਗੁਰਮਤਿ ਨਿਰਣੇ ਲਖਸ਼ ਭਾਸ਼ ਹੈ। ਸਭ ਨਿਹਕਰਮ ਕਮਾਈ ਦੀ ਬਰਕਤ ਹੈ ॥ ੭ ॥ ਸਭ ਤੋਂ ਉੱਚਾ ਸੁਚਾ ਕਰਮੁ, ਨਿਹਕੇਵਲ ਕਰਮੁ, ਸ਼ਬਦ ਕਮਾਈ ਵਾਲਾ ਨਿਹਕਰਮ ਕਮਾਇਆਂ ਉਚੀ ਤੋਂ ਉਚੀ ਪਦਵੀ ਪਾਉਂਦਾ ਹੈ, ਨਿਹਕਰਮ ਕਮਾਉਣ ਵਾਲਾ ਗੁਰਮੁਖਿ ਜਨ। ਨਹੀਂ ਤੇ ਹੋਰ ਜੇਹੇ ਕੇਹੇ ਕਰਮ ਕੋਈ ਕਰਦਾ ਹੈ, ਤਿਹੋ ਜਿਹਾ ਫਲ ਉਸ ਨੂੰ ਅਗੇ ਜਾ ਕੇ ਮਿਲਦਾ ਹੈ। ਤਿਹੋ ਜਿਹੀ ਕਰਮ-ਸਰੂਪੀ ਜਾਤਿ ਜਨਮੀ ਜੋਨਿ ਉਸ ਨੂੰ ਮਿਲਦੀ ਹੈ। ਐਥੋਂ ਦੇ ਕਰਮ ਕੀਤੇ ਅਗੇ ਜਾ ਕੇ ਫਲਦੇ ਹਨ। ਰੂਪ ਜਾਤਿ ਦਾ ਅਭਿਮਾਨ ਬਿਰਥਾ ਹੈ। ਏਹ ਤਾਂ ਏਥੇ ਦੇ ਏਥੇ ਹੀ ਰਹਿ ਜਾਂਦੇ ਹਨ—

> **ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥ ੪ ॥ ੧੦ ॥**

(ਪ੍ਰਭਾਤੀ ਮ: ੧, ਪੰਨਾ ੧੩੩੦)

ਨਾਮ ਨਿਹਕਾਮ ਹੀ ਸਦਾ ਨਿਹਕਰਮੀ ਕਰਮ ਹੈ, ਜਿਸ ਦੇ ਏਥੇ ਕਮਾਏ ਤੇ ਅਗੇ ਨਿਸਤਾਰਾ ਹੁੰਦਾ ਹੈ ਅਤੇ ਜਾਤਿ ਜੋਨਿ ਕਰਮਾਂ ਤੋਂ ਛੁਟਕਾਰਾ ਹੁੰਦਾ ਹੈ।

---

੧ ਸਲੋਕ ਕਬੀਰ ਜੀ, ॥ ੧੭੦॥, ਪੰਨਾ ੧੩੭੩

 www.sikhbookclub.com

ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥ ਸਬਦੇ ਊਚੋ ਊਚਾ ਹੋਇ ॥ ਨਾਨਕ ਸਾਚਿ ਸਮਾਵੈ ਸੋਇ ॥ ੪ ॥ ੮ ॥ ੪੭ ॥

(ਆਸਾ ਮ: ੩, ਪੰਨਾ ੩੬੩)

ਇਕ ਸ਼ਬਦ ਕਮਾਈ ਰੂਪੀ ਨਿਹਕਰਮ ਕਮਾਈ ਹੀ ਐਸੀ ਹੈ ਜਿਸ ਦੇ ਕੀਤੇ ਤੋਂ ਕਰਮ-ਗਤੀ ਤੋਂ ਛੁਟਕਾਰਾ ਹੁੰਦਾ ਹੈ। ਕੇਵਲ ਨਿਸਤਾਰਾ ਹੀ ਨਹੀਂ ਹੁੰਦਾ, ਸਗੋਂ ਨਿਹਕਰਮੀ ਨਿਸਤਾਰਾ ਹੁੰਦਾ ਹੈ। ਜਿਉਂ ਜਿਉਂ ਸ਼ਬਦ ਕਮਾਈ ਰੂਪੀ ਨਿਹਕਰਮੀ ਕਮਾਈ ਕਰੇਗਾ, ਤਿਉਂ ਤਿਉਂ ਉਚੇ ਤੋਂ ਉਚੇ ਨਿਹਕਰਮ ਆਦਰਸ਼ੀ ਅਰਸ਼ਾਂ ਤੇ ਉਸ ਦਾ ਵਾਸਾ ਹੁੰਦਾ ਜਾਏਗਾ। ਓੜਕ ਸੱਚੇ ਵਾਹਿਗੁਰੂ ਦੇ ਸਰੂਪ ਵਿਚਿ ਸਮਾ ਜਾਏਗਾ। ਏਥੇ ਇਸ ਲੋਕ ਵਿਖੇ ਸਰੀਰ ਕਰਕੇ ਰੂਪਵੰਤ ਰੂਪ ਸਰੂਪਾ ਅਤੇ ਊਚ ਜਾਤਿ ਜਨਮਾ ਹੋਣ ਦੀ ਜੋ ਕਿਸੇ ਨੂੰ ਵਡਿਆਈ ਮਿਲਦੀ ਹੈ ਤਾਂ ਪਿਛਲੇ ਜਨਮ ਦੇ ਕੀਤੇ ਉਸ ਦੇ ਸੁਕਰਮੀ ਕਰਮ ਫਲ ਦੀ ਮੰਗ ਹੀ ਇਹੀ ਸੀ। ਪਰ ਏਥੇ ਮਿਲੀ ਜਾਤਿ, ਏਥੇ ਮਿਲੇ ਰੂਪ ਨੇ ਅਗੇ ਨੂੰ ਉਸ ਦੀ ਸਹਾਇਤਾ ਨਹੀਂ ਕਰਨੀ। ਅਗੇ ਚਲ ਕੇ ਤਾਂ ਓਹੋ ਕੁਝ ਹੋਵੇਗਾ ਤੇ ਓਹੋ ਕੁਝ ਮਿਲੇਗਾ, ਜੈਸੇ ਹੁਣ ਇਥੇ ਕਰਮ ਕਮਾਉਂਦਾ ਹੈ ਅਤੇ ਇੱਛਾ ਪੂਰਤ ਹੋ ਕੇ ਕਮਾਉਂਦਾ ਹੈ। ਨਿਰਇੱਛਤ ਕਰਮ, ਨਿਹਕੇਵਲ ਕਰਮ ਤਾਂ ਬਸ ਸ਼ਬਦ ਅਭਿਆਸ ਮਈ ਨਿਹਕਰਮੀ ਕਰਮ ਹੀ ਹਨ, ਜਿਨ੍ਹਾਂ ਦੇ ਕਰਨ ਕਰਕੇ ਕਰਨਹਾਰੇ ਨੂੰ ਜਾਤਿ-ਜਨੰਮੀ ਖਲਜਗਣ ਵਿਚਿ ਨਹੀਂ ਪੈਣਾ ਪੈਂਦਾ, ਬਲਕਿ ਉਚੇ ਤੋਂ ਉਚਾ ਮਰਾਤਬਾ ਉਸ ਨੂੰ ਮਿਲਦਾ ਹੈ। ਜਿਥੇ ਆਨਮਤ ਕਰਮ ਕਰੰਮੀਆਂ ਦੀ ਪਹੁੰਚ ਨਹੀਂ।

ਨਿਹਕਰਮ ਕਰਮੀ ਉਹ ਹੈ ਜੋ ਮਾਇਆ ਗ੍ਰਿਹਸਤ ਅੰਦਰਿ ਰਹਿ ਕੇ ਹੀ ਐਸੇ ਕਰਮ ਕਮਾਵੇ, ਜੋ ਉਸ ਨੂੰ ਮਾਇਆ ਵਿਚਿ ਖਚਤ ਨਾ ਹੋਣ ਦੇਣ। ਅਤੇ ਗ੍ਰਿਹਸਤ ਦੇ ਤਿਆਗਣ, ਤਰਕ ਕਰਨ ਦੀ ਭੀ ਉਸ ਨੂੰ ਇੱਛਾ ਨਾ ਹੋਵੇ। ਗ੍ਰਿਹਸਤ ਵਿਚਿ ਰਹਿ ਕੇ ਜੋ ਕਰਮ ਕਰੇ, ਸੋ ਕਿਸੇ ਫਲ ਨੂੰ ਬਾਂਛ ਕੇ ਨ ਕਰੇ। ਨਿਹਕੇਵਲ ਨਿਰਬਾਣ ਨਿਹਕਰਮ ਹੀ ਕਰੇ; ਉਹ ਨਿਹਕਰਮੀ ਕਰਮ ਹੈ। ਸ਼ਬਦ ਅਭਿਆਸ ਕਮਾਈ ਦੀ ਜੁਗਤੀ ਗੁਰਮੁਖਿ ਜਨ ਜੋਗੀਆਂ ਨੂੰ ਹੀ ਆਉਂਦੀ ਹੈ, ਦਿਖਾਵੇ ਦੇ ਪਾਖੰਡ-ਕਰਮੀਆਂ ਨੂੰ ਨਹੀਂ ਆਉਂਦੀ। ਯਥਾ ਗੁਰਵਾਕ—

ਆਸਾ ਮਹਲਾ ੫ ॥ ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥ ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥ ੧ ॥ ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥ ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥ ੧ ॥ ਰਹਾਉ ॥ ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥ ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ ॥ ੨ ॥ ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥ ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥ ੩ ॥ ਕੂੜਿ ਕਪਟਿ ਬੰਚਿ ਨਿਮੁੰਨੀਆਦਾ ਬਿਨਸਿ ਗਇਆ ਤਤਕਾਲੇ ॥ ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥ ੪ ॥ ੩ ॥ ੪੨ ॥

(ਪੰਨਾ ੩੮੧)

ਵਿਆਖਿਆ— ਆਨਮੱਤ ਕਰਮੀ ਬੰਦਾ ਜਿਤਨੇ ਭੀ ਕਰਮ ਕਮਾਉਂਦਾ ਹੈ, ਪਾਖੰਡ ਬੰਧਨੀ

ਹਠ ਕਰਮ, ਦਿਖਾਵੇ ਦੇ ਕਰਮ ਹੀ ਕਮਾਉਂਦਾ ਹੈ। ਲੋਕਾਂ ਦੇ ਦਿਖਾਵੇ ਲਈ ਉਦਕ ਇਸ਼ਨਾਨੀ ਬਣਦਾ ਹੈ। ਬਾਹਰੋਂ ਤਾਂ ਦੇਹੀ ਨੂੰ ਮਲ ਮਲ ਕੇ ਧੋਂਦਾ ਹੈ। ਅੰਦਰਲੀ ਮੈਲ ਲੱਗੀ ਨੂੰ ਧੋਂਦਾ ਹੀ ਨਹੀਂ ਅਤੇ ਅੰਦਰੋਂ ਮੈਲਾ ਹੀ ਰਹਿੰਦਾ ਹੈ। ਐਸੇ ਪਾਖੰਡੀ ਦੁਰਗਤੀ ਵਾਲੇ ਪੁਰਸ਼ ਨੇ ਲੋਕ ਪਰਲੋਕ ਆਪਣੇ ਦੋਵੇਂ ਠਉਰ ਹੀ ਖੋ ਲਏ। ਈਹਾਂ (ਇਸ ਲੋਕ ਵਿਖੇ) ਅੰਦਰ ਮੈਲਾ ਹੋਣ ਕਰਕੇ (ਬਾਹਰੋਂ ਬਗਲਾ ਭਗਤ ਹੋਣ ਕਰਕੇ) ਸਾਰਾ ਜੀਵਨ-ਜਨਮ ਕਾਮ ਕ੍ਰੋਧ ਲੋਭ ਮੋਹ ਵਿਸ਼ਿਆ ਵਿਚਿ ਖੱਚਤ ਹੋ ਕੇ ਹੀ ਗਵਾਏ। ਜਿਸ ਦੇ ਕਾਰਨ ਅਗੇ ਜਾ ਕੇ ਉਸ ਨੂੰ ਬੁਸ ਬੁਸ ਕਰਕੇ ਝੀਣੀ ਬਾਨਿ ਰੋਣਾ ਪਵੇਗਾ ਅਤੇ ਦਰਦਨਾਕ ਕੀਰਨੇ ਪਾਉਣੇ ਪੈਣਗੇ। ਜਦੋਂ ਜਮ ਮਗ ਦੀਆਂ ਚੋਟਾਂ ਖਾਣੀਆਂ ਪੈਣਗੀਆਂ ਅਗਲੇ ਲੋਕ (ਪ੍ਰਲੋਕ) ਵਿਖੇ। ਉਕਤ ਕਰਮ-ਹੀਣ ਪਖੰਡੀ ਲੋਕਾਂ ਨੇ ਅਖੀਂ ਧੂੜ ਧਮੱਕੇ ਘਟਾ ਪਾ ਕੇ ਲੋਕ-ਪਤੀਆਉਣੇ ਕਰਮ ਕਰਨੇ ਦਿਖਾਵੇ ਦੇ ਬਾਹਰ-ਮੁਖੀ ਕਰਮਾਂ ਦੇ ਕਰਨ ਕਮਾਉਣ ਨੂੰ ਭਗਤੀ-ਮਾਰਗ ਭੁਲ ਕਰਕੇ ਜਾਤਾ ਹੈ, ਇਹ ਨਹੀਂ ਪਛਾਣਿਆ ਕਿ **"ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥"** ਉਹ ਹੈ ਨਿਹਕਰਮ ਹੋ ਕੇ ਗੁਰ-ਸ਼ਬਦ ਦੀ ਭਜਨ ਕਮਾਈ ਕਰਨੀ। ਅਜਿਹੀ ਭਜਨ-ਕਮਾਈ ਤਾਂ ਉਹ ਮੂਰਖ ਪਾਖੰਡੀ ਕਰ ਹੀ ਨਹੀਂ ਸਕਿਆ, ਦਿਖਾਵੇ ਦੇ ਮਹਿਜ਼ ਦੇਹੀ ਧੋਣ ਆਦਿ ਕਰਮ ਕਰ ਕੇ ਲੋਕਾਂ ਨੂੰ ਪਤੀਆਉਣ ਲੱਗ ਪਿਆ। ਪ੍ਰੰਤੂ **"ਲੋਕਿ ਪਤੀਣੈ ਨਾ ਪਤਿ ਹੋਇ"**[੧], ਨਾ ਹੀ ਵਰਮੀ ਮਾਰੀ ਤੋਂ ਮਨ ਰੂਪੀ ਸੱਪ ਵਸਿ ਆਉਂਦਾ ਹੈ। ਅਤੇ ਮਨ ਮਾਰੇ ਬਿਨਾਂ ਭਗਤੀ ਨਹੀਂ ਹੋ ਸਕਦੀ। ਨਾ ਹੀ ਭਗਤੀ ਬਿਹੂਣ ਭਗਤ ਵਾਹਿਗੁਰੂ ਨਾਲਿ ਮਿਲ ਸਕਦਾ ਹੈ। ਸੋ ਭਗਤੀ ਵਲੋਂ ਤਾਂ ਉਹ ਡੋਰਾ (ਬੋਲਾ) ਹੀ ਬਣਿ ਰਿਹਾ ਹੈ। ਨਾ ਨਾਮ ਸੁਣਦਾ ਹੈ ਨਾ ਗੁਰਬਾਣੀ ਗੁਣਦਾ ਹੈ। ਇਸ ਪਾਖੰਡੀ ਦੀ ਮਾਇਆ ਦੇ ਕਿਰਤ ਕਰੰਮੀ ਕੰਮਾਂ ਵਿਚਿ ਭੀ ਪੂਰੀ ਨਹੀਂ ਪੈਂਦੀ। ਪੂਰੀ ਨਾ ਪਈ ਤਾਂ ਮਾਇਆ ਦੀ ਕਿਰਤ ਭੀ ਛਡਿ ਬੈਠਾ। ਦਸਾਂ ਨਹੁੰਆਂ ਦੀ ਕਮਾਈ ਭੀ ਗੰਵਾਈ। ਅਤੇ ਸੱਚੀ ਭਾਉ-ਭਗਤੀ ਦਾ ਚੱਜ ਸੁਚੱਜ ਸਿਖਾਉਣ ਵਾਲੀ ਗੁਰਬਾਣੀ ਹੈ। ਭਗਤੀ ਦਾ ਸੱਚਾ ਮਾਰਗ ਦੱਸਣ ਵਾਲੀ, ਸੁਮਾਰਗ ਪਾਉਣ ਵਾਲੀ ਗੁਰਮਤਿ ਨਾਮ ਦੀ ਕਮਾਈ ਹੈ। ਕਿਉਂਕਿ ਕਲਜੁਗ ਅੰਦਰਿ ਭਾਉ-ਭਗਤੀ ਦਰਸਾਉਣ ਵਾਲਾ ਜੋ ਸੱਚਾ ਬੇਦੁ, ਸੱਚਾ ਹਕ਼ੀਕ਼ੀ ਸ਼ਾਸਤ੍ਰ ਗੁਰੂ ਸਾਹਿਬਾਨ ਨੇ ਉਦੀਪਤ (reveal) ਕੀਤਾ ਹੈ ਸੋ ਹੈ ਗੁਰਬਾਣੀ ਅਤੇ ਗੁਰਮਤਿ ਨਾਮ, ਸਾਰੇ ਬੇਦਾਂ ਸਿਰ ਬੇਦ। ਗੁਰਬਾਣੀ ਰੂਪੀ ਸੱਚਾ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ ਅਤੇ ਸਾਰੇ ਸ਼ਾਸਤ੍ਰਾਂ ਸਿਰ ਸੱਚਾ ਸ਼ਾਸਤ੍ਰ ਗੁਰਮਤਿ ਨਾਮ ਕਰਮ ਫ਼ਿਲਾਸਫ਼ੀ ਵਾਲਾ ਸ਼ਾਸਤ੍ਰ ਹੈ। ਪਰ ਅਭਾਗਾ ਨੀਮ ਨਾਸਤਕ ਪਾਖੰਡੀ ਇਸ ਬੇਦ ਸ਼ਾਸਤ੍ਰ ਨੂੰ ਭੀ ਤਰਕਣ ਲੱਗ ਪਿਆ, ਜਿਸ ਦੁਆਰਾ ਸੱਚੜਾ ਕਲਿਆਣ ਨਿਸਤਾਰਾ ਹੋਣਾ ਹੈ। ਪ੍ਰਮਾਰਥ ਦੀ ਪ੍ਰਾਪਤੀ ਵਾਲੇ, ਪ੍ਰਮਾਰਥ ਨਾਲਿ ਜੁੜਨ ਵਾਲੇ ਤੱਤ ਯੋਗ ਨੂੰ ਕਿਵੇਂ ਪਛਾਣੇ। ਇਹ ਤੱਤ-ਯੋਗ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦੇ ਬੋਹਿਥ ਵਿਚਿ ਭਰਿਆ ਪਿਆ ਹੈ। ਓਥੋਂ ਹੀ ਗੁਰਮਤਿ ਨਾਮ ਕਮਾਈ ਰੂਪੀ ਸਚੜੇ ਯੋਗ ਕਮਾਉਣ ਦੀ ਜੁਗਤੀ ਬਿਧੀ ਮਿਲਦੀ ਹੈ। ਉਸ ਨੂੰ ਤਾਂ ਪਖੰਡੀ ਕਰਮ-ਹੀਣੇ ਨੇ ਤਰਕ ਬਿਤਰਕ ਦਿੱਤਾ, ਤੱਤ ਯੋਗ ਦੀ ਪਛਾਣ ਕਿਵੇਂ ਆਵੇ! ਬਸ ਮਨ-ਉਕਤ ਕਰਮ ਕਮਾਉਣ ਵਿਚਿ ਲਥ-ਪਥ ਹੋ ਗਿਆ। ਜਿਵੇਂ ਖੋਟੇ ਸਿੱਕੇ ਦਾ ਪਾਜ ਉਘੜ ਜਾਂਦਾ ਹੈ ਜਦੋਂ ਖੋਟਾ ਸਿੱਕਾ ਸਰਾਫ਼ਾਂ ਦੀ ਪਰਖ-ਕਸੌਟੀ ਤੇ ਚੜ੍ਹਦਾ ਹੈ। ਏਸੇ ਤਰ੍ਹਾਂ ਪਾਖੰਡੀ ਪੁਰਸ਼ਾਂ ਦੇ ਪਾਖੰਡ-ਕਰਮਾਂ ਦਾ ਪੜਦਾ ਭੀ ਉਘੜ ਜਾਂਦਾ ਹੈ, ਜਦੋਂ ਲੋਕ ਪਰਲੋਕ ਦੀ ਗਤਿ ਮਿਤਿ

---

੧ ਧਨਾਸਰੀ ਮ: ੧ ਘਰ ਦੂਜਾ, ਪੰਨਾ ੬੬੧

 www.sikhbookclub.com

ਜਾਨਣਹਾਰ ਅੰਤਰਯਾਮੀ ਵਾਹਿਗੁਰੂ ਦੀ ਸੱਚੀ ਦਰਗਾਹੇ ਜਾ ਕੇ ਪਾਖੰਡ-ਕਰਮੀ ਪਾਖੰਡੀ ਪੁਰਸ਼ ਦੇ ਪਾਖੰਡ ਕਰਮ ਪਰਖੇ ਨਿਰਖੇ ਗਏ। ਅਲਪਗ ਲੋਕੀ ਦੀ ਅੰਧ ਦ੍ਰਿਸਟੀ ਤੋਂ ਤਾਂ ਪਾਖੰਡ ਕਰਮ ਛਿਪ ਸਕਦੇ ਹਨ, ਸਰਬ ਦਿਬ-ਦ੍ਰਿਸ਼ਟੇ ਤ੍ਰੈਕਾਲ ਦਰਸੀ ਅੰਤਰਯਾਮੀ ਪਰਮਾਤਮਾ ਤੋਂ ਪਾਖੰਡ-ਕਰਮ ਕਿਵੇਂ ਛਿਪਾਏ ਲੁਕਾਏ ਜਾ ਸਕਦੇ ਹਨ? ਕੂੜ ਕਪਟ ਫ਼ਰੇਬ ਦੀ ਥੋਥੀ ਪੋਲੀ ਬੇਬੁਨਿਆਦ ਜ਼ਿੰਦਗੀ ਵਾਲਾ ਪਾਖੰਡ ਕਰਮੀ ਪ੍ਰਾਣੀ ਤਤਕਾਲ ਨਸ਼ਟ ਹੋ ਗਿਆ ਹੈ ਅਤੇ ਉਸ ਦੇ ਪਾਖੰਡ ਕਰਮਾਂ ਦਾ ਭੀ ਨਮੂਦ ਚੁੱਕਿਆ ਗਿਆ। ਜੋ ਫ਼ੁਰਮਾਨ ਕਥਨ ਗੁਰੂ ਸਾਹਿਬਾਨ ਨੇ ਗੁਰਬਾਣੀ ਅੰਦਰਿ 'ਸਤਿ ਸਤਿ ਸਤਿ' ਕਹਿ ਕੇ ਫ਼ੁਰਮਾਇਆ ਹੈ, ਉਸ ਤੱਤ ਕਥਨ ਰੂਪੀ ਤੱਤ ਭੂਤੀ ਸਤਿ ਪਦਾਰਥ ਨੂੰ ਜੋ ਪ੍ਰਾਣੀ ਦ੍ਰਿੜ੍ਹ ਕਰ ਕੇ, ਸਤਿ ਕਰ ਕੇ ਮੰਨੇਗਾ ਅਤੇ ਉਸ ਉਤੇ ਮਨ ਬਚਨ ਕਰਮ ਕਰ ਕੇ ਚਲੇਗਾ, ਉਸ ਤੱਤ ਕਥਨੀ ਬਚਨ ਨੂੰ ਆਪਣੇ ਹਿਰਦੇ ਅੰਦਰਿ ਗ੍ਰਹਿਣ ਕਰ ਕੇ ਸੰਭਾਲੇਗਾ ਅਤੇ ਨਿਹਕਰਮ ਕਰਮੀ ਹੋ ਕੇ ਕਮਾਵੇਗਾ ਉਸ ਨਿਹਕਰਮੀ ਕਰਮ ਨੂੰ ਗ੍ਰਹਿਣ ਕਰਨ ਦਾ ਪਰਤਾਪ ਓਹੀ ਜਨ ਦੇਖੇਗਾ। ਅਤੇ ਨਿਹਕਰਮੀ ਕਸਬ ਕਮਾਲ ਕਰਮ ਕਮਾਲ ਨੂੰ ਪੇਖ ਪੇਖ ਕੇ, ਪਰਖ ਪਰਖ ਤੇ ਨਿਰਖ ਨਿਰਖ ਕੇ ਨਿਹਾਲ ਹੋਵੇਗਾ। ਬੋਲਹੁ ਭਾਈ ਸੰਤਹੁ, ਵਾਹਿਗੁਰੂ! ਨਿਹਕਰਮੀ ਕਰਮ ਦੀ ਸਾਖੀ ਹੋਰ ਚਲੀ। ਉਤਲੀ ਵਿਆਖਿਆ ਸਮਾਪਤ।

ਸੱਚਾ ਨਿਰਬਾਣ ਪਦੁ ਨਿਹਕੇਵਲ ਪਦੁ ਗੁਰਮਤਿ ਨਾਮ ਨਿਹਕਾਮ (ਨਿਹਕਰਮ) ਕਰਮ ਕੀਤਿਆਂ ਮਿਲਦਾ ਹੈ। ਨਾ ਹੀ ਕਸ਼ਟ ਯੋਗ ਕੀਤਿਆਂ, ਨਾ ਹਠ-ਯੋਗ ਕੀਤਿਆਂ ਮਿਲਦਾ ਹੈ, ਨਾ ਆਨਮਤ ਮਾਰਗ ਕਰਮਾਰੀ ਰਾਜ-ਜੋਗ ਕਮਾਇਆਂ ਤੇ ਮਿਲਦਾ ਹੈ। ਨਾ ਹੀ ਖਟ ਸ਼ਾਸਤ੍ਰੀ ਫ਼ਿਲਾਸਫ਼ੀਆਂ ਦੇ ਘੋਟਿਆਂ ਮਿਲਦਾ ਹੈ। ਨਾਨਾ ਪ੍ਰਕਾਰੀ ਪਛਮੀ ਵਿਦਿਆ ਦੀਆਂ ਕਰਮ-ਫ਼ਿਲਾਸਫ਼ੀਆਂ ਭੀ ਨਿਰਬਾਣ ਪਦ ਪਾਉਣੋਂ ਫ਼ਿਅਲ ਹਨ। ਪੁਰਾਤਨ ਸਮਿਆਂ ਵਿਚਿ ਮਹਾਤਮਾ ਬੁੱਧ ਦੀ ਕਰਮ-ਯੋਗ ਫ਼ਿਲਾਸਫ਼ੀ ਭੀ ਬਥੇਰੀ ਪ੍ਰਚਲਤ ਹੋਈ। ਰਾਜਿਆਂ ਮਹਾਰਾਜਿਆਂ ਦੁਨਿਆਵੀ ਵਡੇਰਿਆਂ ਦੀ ਉਪਾਸ਼ਨਾ ਵਿਚਿ ਆਉਣ ਕਰਕੇ ਬੁੱਧ ਦੀ ਉਸ ਸਮੇਂ ਦੀ ਕਰਮ ਯੋਗ ਫ਼ਿਲਾਸਫ਼ੀ ਨੇ ਇਹ ਜੌਹਰ ਤਾਂ ਵਿਖਾਏ ਕਿ ਬੁੱਧ ਮੱਤ ਹੋਰ ਸਾਰੇ ਮਤਾਂ ਨਾਲੋਂ ਸ੍ਰਿਸ਼ਟੀ ਅੰਦਰਿ ਸਭ ਤੋਂ ਬਹੁਤਾ ਫੈਲਿਆ। ਪਰ ਸੱਚੜਾ ਨਿਰਬਾਣ ਪਦ ਬੁੱਧ ਮੱਤ ਮਤੀਸਰੀ ਦੀ ਕਰਮ-ਯੋਗ ਘਾਲ ਘਾਲਣਾ ਤੋਂ ਭੀ ਪ੍ਰਾਪਤਿ ਨਾ ਹੋਇਆ। ਬੁੱਧ ਦੀ ਅਤੇ ਬੁੱਧ ਦੇ ਮਰਨ ਪਿਛੋਂ ਬੁੱਧ ਦੇ ਬੁੱਤਾਂ ਦੀ ਤਾਂ ਪੂਜਾ ਹੋਣ ਲੱਗ ਪਈ ਅਤੇ ਬਥੇਰੀ ਪੂਜਾ ਹੋਈ। ਦੇਸਾਂ ਬਦੇਸਾਂ ਵਿਚ ਪੁਰਾਣੇ ਜ਼ਮਾਨੇ ਦੇ ਖੰਡਰਾਤ ਤੋਂ ਮਿਲੇ ਬੁੱਧ ਦੇ ਅਨੇਕਾਂ ਬੁੱਤਾਂ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਲਗ ਭਗ ਬੜੇ ਬੜੇ ਐਸ਼੍ਵਰਜੀ ਬਾਦਸ਼ਾਹਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਪਰਜਾਵਾਂ ਸਣੇ ਰਾਜਿਆਂ ਦੇ ਬੁੱਧ ਮੱਤ ਅਵਲੰਬੀ ਹੋ ਗਈਆਂ ਸਨ। ਤੇ ਸਾਰੇ ਦੇ ਸਾਰੇ ਮੁਲਕ ਅਤੇ ਥਾਂ ਪਰ ਥਾਂ ਮੁਲਕਾਂ ਦੀਆਂ ਰਈਅਤਾਂ ਪਰਜਾਵਾਂ ਇਕ ਦੂੰ ਵਾਦਿਓਂ ਬੁੱਧ ਮੱਤ ਦੀਆਂ ਹਾਮੀ ਗ੍ਰਾਮੀ ਹੋ ਗਈਆਂ ਸਨ, ਪਰ ਇਸ ਬੁੱਧ ਮੱਤ ਅਵਲੰਬੀ ਸਾਰੇ ਦੇ ਸਾਰੇ ਦੇਸ ਅਤੇ ਦੇਸ-ਵਾਸੀ ਤੱਤ ਨਿਰਬਾਣ ਪਦ ਤੋਂ ਮਹਿਰੂਮ ਅਤੇ ਮਾਯੂਸ ਹੀ ਰਹੇ। ਨਿਰਬਾਣ ਪਦ ਤਾਂ ਉਨ੍ਹਾਂ ਨੂੰ ਕੀ ਮਿਲਣਾ ਸੀ, ਉਹ ਉਲਟੇ ਕੱਟੜ ਨਾਸਤਕ ਹੋ ਗਏ। ਕਿਉਂਕਿ ਬੁੱਧ ਮੱਤ ਦੀ ਤਾਲੀਮ ਹੀ ਅਸੂਲਨ ਇਹ ਗੱਲ ਮੁਖ ਕਰਕੇ ਦ੍ਰਿੜ੍ਹਾਉਂਦੀ ਨਿਸਚਾਉਂਦੀ ਹੈ ਕਿ ਪਰਮਾਤਮਾ ਦੀ ਕੋਈ ਹਸਤੀ ਨਹੀਂ। ਕੋਈ ਹੋਂਦ ਪਰਮਾਤਮਾ ਦੀ ਬੁੱਧ ਮੱਤ ਨੇ ਨਹੀਂ ਮੰਨੀ, ਉੱਕਾ ਹੀ ਨਹੀਂ ਮੰਨੀ। ਉਲਟੀ ਇਹ ਸਿਖਿਆ ਇਸ ਬੁੱਧ ਮੱਤ ਨੇ ਦ੍ਰਿੜ੍ਹਾਈ ਕਿ ਹਰੇਕ

ਇਨਸਾਨ ਤਿਆਗ ਵੈਰਾਗ ਦੇ ਮਨ ਹਠ ਕਰਮ ਕਮਾਵਣ ਵਾਲਾ ਵਡੀ ਤੋਂ ਵਡੀ ਹਸਤੀ ਵਾਲਾ ਪੂਜਜ ਪੁਰਖ ਬਣ ਸਕਦਾ ਹੈ। ਮਨ ਦੇ ਵਿਸ਼ਿਆਂ ਨੂੰ ਮਾਰਿਆਂ, ਪੰਜਾਂ ਦੂਤਾਂ ਨੂੰ ਕਾਬੂ ਕੀਤਿਆਂ, ਦੁਨੀਆ ਦਾ ਪ੍ਰਤਿਆਗ ਕੀਤਿਆਂ, ਰਾਜ ਮਾਲ ਨੂੰ ਛਡਿਆਂ ਹਰੇਕ ਪ੍ਰਾਣੀ ਮਾਤਰ ਨਿਰਬਾਣ ਪਦ ਨੂੰ ਪ੍ਰਾਪਤਿ ਹੋ ਸਕਦਾ ਹੈ। ਨਿਰਬਾਣ ਪਦ ਬੁੱਧ ਮੱਤ ਦਾ ਇਹ ਹੈ ਕਿ ਜਦੋਂ ਸਾਰੇ ਸੰਕਲਪ ਵਿਕਲਪ, ਸ਼ੁਭ ਅਸ਼ੁਭ ਸੰਸਕਾਰ ਜਿਸ ਪ੍ਰਾਣੀ ਦੇ ਮਿਟ ਜਾਣ, ਉਸ ਪ੍ਰਾਣੀ ਦੀ ਅਫੁਰ ਅਤੇ ਸੁੰਨਮ-ਸੁੰਨ ਦਸ਼ਾ ਅਵਸਥਾ (ਕੁਅਵਸਥਾ) ਦਾ ਨਾਉਂ ਨਿਰਬਾਣ ਪਦੁ ਹੈ। ਇਹ ਨਿਰਬਾਣ ਪਦੁ ਹੈ। ਇਹ ਨਿਰੀ ਬੇਸਮਝੀ ਵਾਲਾ ਨਿਰਬਾਣ ਪਦ ਉਹਨਾਂ ਨੇ ਅਨੁਮਾਨਿਆ ਗਰਦਾਨਿਆ ਹੈ। ਭਲਾ ਮਨ-ਹਠ ਅਤੇ ਮਨ-ਉਕਤ ਅਲਪੱਗ ਖ਼ਿਆਲੀ ਵਾਲੇ ਸੰਜਮ ਯਤਨ ਨਾਲਿ ਕਦੇ ਮਨ ਵਸਿ ਆ ਸਕਦਾ ਹੈ ? ਮਨ ਨੂੰ ਵਸਿ ਕਰਨਾ ਹੈ ਅਤੇ ਮਨ ਦੇ ਖ਼ਿਆਲੀ ਫ਼ਿਲਸਫ਼ੇ ਨਾਲਿ ਕਰਨਾ ਹੈ। ਮਨ ਵਸਿ ਕਰਨ ਲਈ ਮਨ ਦੀ ਅਵੱਸਥਾ ਤੋਂ ਉਪਰਲਾ ਸੋਧਕ ਡੰਡਾ ਚਾਹੀਏ। ਮਨ ਦੇ ਵਿਸ਼ੇ ਵਿਕਾਰ, ਮਨ ਦੇ ਖ਼ਿਆਲਾਂ ਨਾਲਿ, ਮਨ ਦੇ ਦਉੜਾਏ, ਮਨ ਦੇ ਉਕਤਾਏ ਫ਼ਿਲਸਫ਼ੇ ਦੀਆਂ ਥੀਊਰੀਆਂ ਨਾਲ ਕਦੇ ਦੂਰ ਨਹੀਂ ਹੋ ਸਕਦੇ। ਏਕਾਂਤ ਵਿਖੇ ਜਾ ਕੇ ਕੋਈ ਘੁੱਗੂ ਮਟ ਵਾਸੀ ਚਾਹੇ ਬਣ ਬੈਠੇ, ਪਰ ਉਸ ਦੇ ਸੰਕਲਪ ਵਿਕਲਪ ਦਿਲ ਦਿਮਾਗ ਵਿਚਿ ਹੀ ਗੂੰਜਦੇ ਰਹਿਣਗੇ। ਇਸ ਨੂੰ ਨਿਰਬਾਣ ਪਦ ਕਿਵੇਂ ਕਹੋਗੇ? ਕਿਹੜੀ ਸਿਆਣਪ ਨਾਲਿ ਨਿਰਬਾਣ ਪਦ ਪ੍ਰਾਪਤਿ ਹੋਇਆ ਮੰਨੋਗੇ? ਗੁਰਮਤਿ ਕਰਮ ਫ਼ਿਲਾਸਫ਼ੀ ਦੇ ਇਸ ਪੁਸਤਕ ਅੰਦਰ ਦਰਸਾਏ ਸਿਧਾਂਤਾਂ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਕੋਈ ਭੀ ਅਲਪੱਗ ਆਨਮਤ ਕਰਮ ਕੀਤਾ ਮਨ ਨੂੰ ਵਸਿ ਕਰਨ ਹਿਤ ਸਹਾਈ ਨਹੀਂ। ਕਰਮਾਂ ਅਕਰਮਾਂ ਦੀ ਧੰਧ ਪਿਟਾਈ ਹੀ ਰਹਿ ਜਾਣੀ ਹੈ। ਤਾਂ ਤੇ ਨਿਰਬਾਣ ਪਦ ਪ੍ਰਾਪਤੀ ਦੀ ਧਾਈ ਸਭ ਬਾਦਰ ਛਾਈ ਹੀ ਹੈ। ਸਭ ਮਤ-ਮਤਾਂਤਰਾਂ ਦੀ ਫ਼ਿਲਾਸਫ਼ੀ ਨਿਰਬਾਣ ਪਦ ਪਾਉਣ ਵਾਲਾ ਫ਼ੇਲ ਹੀ ਨਹੀਂ, ਸਗੋਂ ਗੁਮਰਾਹ-ਕੁਨ ਹੈ, ਖ਼ੁਦ ਗੁਮਰਾਹ ਹੋ ਰਹੀ ਹੈ, ਹੋਰਾਂ ਨੂੰ ਗੁਮਰਾਹ ਕਰ ਰਹੀ ਹੈ। ਪੁਰਾਤਨ ਜ਼ਮਾਨੇ ਦੇ ਨਿਰਬਾਣ-ਪਦ ਮੱਤੀਏ ਫ਼ਿਲਾਸਫ਼ਰ ਭਾਂਤ ਭਾਂਤ ਕਰਮ-ਫ਼ਿਲਾਸਫ਼ੀਆਂ ਰਚਿ ਰਚਿ ਗੁਮਰਾਹ ਹੋ ਗਏ ਅਤੇ ਆਉਣ ਵਾਲੀ ਪਨੀਰੀ ਨੂੰ ਗੁਮਰਾਹ ਕਰ ਗਏ। ਬਥੇਰੇ 'ਅਹੰਬ੍ਰਹਮਅਸਮੀ' ਬੇਦਾਂਤੀ ਬਣੇ। ਬਥੇਰੇ 'ਹਮਾ ਓਸਤ ਓ ਹਮਾ' ਸੂਫ਼ੀ ਮੱਤੀਏ ਅਨਲ-ਹੱਕ (ਮੈਂ ਹੀ ਖ਼ੁਦਾ ਹਾਂ) ਅਸੂਲ ਪ੍ਰਚਲਤੀ ਹੋਏ। 'ਤੂੰ ਭੀ ਬ੍ਰਹਮ ਮੈਂ ਭੀ ਬ੍ਰਹਮ' ਹਮਾ ਤੁਮਾ ਸਗਲ ਬ੍ਰਹਮ ਅਸਮੀ ਲੋਕਾਈ ਬ੍ਰਹਮ ਬਣ ਬੈਠੀ। ਦੱਸੋ, ਇਹ ਨਾਸਤਕਤਾ ਨਹੀਂ ਤਾਂ ਹੋਰ ਕੀ ਹੈ? ਨਿਰਬਾਣ ਪਦ ਦਾ ਸੱਚ ਕਿਨਾਰੇ ਰਹਿ ਗਿਆ। ਸੱਚੜਾ ਬ੍ਰਹਮ ਇਕੋ ਇਕ ਪਾਰਬ੍ਰਹਮ ਪਰੇਡੇ ਰਹਿ ਗਿਆ। ਸਭਨਾਂ ਅਲਪਗ-ਅਕਲੀਆਂ ਦੀ ਖਰ ਫ਼ਿਲਾਸਫ਼ੀ ਵਾਲੇ ਖਰ ਦਿਮਾਗਾਂ ਤੋਂ ਦੁਰੇਡੇ ਰਹਿ ਗਿਆ। ਜਣਾ ਕਣਾ ਬ੍ਰਹਮ ਬਣ ਕੇ ਬਹਿ ਗਿਆ। "ਜਿਨਿ ਜਿਨਿ ਤਨਿਕ ਸਿੱਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥"[੧] ਸੋ ਆਪ ਹੀ ਬ੍ਰਹਮ ਕਹਾਇਆ "ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥"[੨] ਆਦਿ ਸਿਰੀ ਦਸਮੇਸ਼ ਉਚਾਰੇ ਮਹਾਂਵਾਕ ਪਰਗਟ ਕਰਦੇ ਹਨ ਕਿ ਬੜੇ ਬੜੇ ਔਲੀਆ ਅੰਬੀਆ ਪੈਗ਼ੰਬਰ ਅਵਤਾਰ ਮੈਂ-ਮੈਂ ਕਰਦੇ ਹੀ ਮੁੱਕ ਗਏ। ਪਰ "ਪਾਰਬ੍ਰਹਮ

---

੧ ਬਚਿਤ੍ਰ ਨਾਟਕ, ਅਧਿ: ੬, ਅੰਕ ੧੯

੨ ਬਚਿਤ੍ਰ ਨਾਟਕ, ਅਧਿ: ੬, ਅੰਕ ੨੫

 www.sikhbookclub.com

ਕਾਹੂ ਨ ਪਛਾਨਾ ॥"[1] ਸਿਰੀ ਕ੍ਰਿਸ਼ਨ ਜੀ ਦੀ ਗੀਤਾ ਦਾ ਕੀਤਾ ਹੋਇਆ ਮਿਸਟਰ ਤਿਲਕ ਦਾ ਅਨੁਵਾਦ ਜੋ ਹਿੰਦੀ ਅੰਦਰ ਹੈ, ਸਾਫ਼ ਦਸਦਾ ਹੈ ਅਤੇ ਨਿਰਣਾਉਂਦਾ ਹੈ ਕਿ 'ਅਹੰਬ੍ਰਹਮ ਅਸਮੀ' ਦਾ ਅਸੂਲ ਹੀ ਕਲਿਆਣ-ਕਾਰਕ ਹੈ। ਕ੍ਰਿਸ਼ਨ ਜੀ ਦੀ ਸਾਰੀ ਤਾਲੀਮ, ਜੋ ਗੀਤਾ ਅੰਦਰਿ ਦਰਸਾਈ ਹੋਈ ਹੈ, ਉਸਦਾ ਤੱਤ ਅਭਿਪਰਾ 'ਅਹੰਬ੍ਰਹਮ ਅਸਮੀ' ਦੇ ਅਸੂਲ ਨੂੰ ਪ੍ਰਚਲਤਾਉਣ ਦਾ ਹੈ। 'ਮੈਂ ਹੀ ਬ੍ਰਹਮ ਅਤੇ ਮੈਂ ਹੀ ਰੱਬ ਹਾਂ, ਮੈਂ ਹੀ ਕਰਨ ਕਾਰਨ ਸਮਰੱਥ ਸਰਬ ਸ੍ਰਿਸ਼ਟੀ ਦਾ ਆਧਾਰ ਹਾਂ', ਏਸੇ ਪ੍ਰਕਾਰ ਦੀ ਸਿਖਿਆ ਦ੍ਰਿੜ੍ਹਾਇ ਕ੍ਰਿਸ਼ਨ ਜੀ ਆਪਣੇ ਆਪ ਨੂੰ ਈਸ਼ਵਰ ਰੱਬ ਸਿਧ ਕਰਦੇ ਹਨ। ਅਤੇ ਓੜਕ ਸਿੱਟਾ ਇਸ ਕ੍ਰਿਸ਼ਨਾਵੀ ਗੀਤਾ ਅੰਤ੍ਰਾਵੀ ਤਾਲੀਮ ਦਾ ਇਹ ਹੈ ਕਿ ਕ੍ਰਿਸ਼ਨ ਜੀ ਦੀ ਗੀਤਾ ਦੀ ਸਿਖਿਆ ਤੇ ਚੱਲਣ ਕਰਿ ਹਰੇਕ ਪ੍ਰਾਣੀ ਹੀ ਰੱਬ ਬਣ ਸਕਦਾ ਹੈ। ਕੈਸੀ ਗ਼ਲਤ ਤਾਲੀਮ ਹੈ! ਕੈਸੀ ਮਾਯੂਸ-ਕੁੰਨ ਸਿਖਿਆ ਹੈ! ਕੈਸੀ ਨਾਸਤਕਤਾ ਭਰੀ ਤਾਲੀਮ ਹੈ! ਤਿਲਕ ਜੀ ਨੇ ਇਸ ਗੀਤਾ ਦਾ ਅਨੁਵਾਦ ਕਰ ਕੇ ਕੋਈ ਉਪਕਾਰ ਨਹੀਂ ਕੀਤਾ, ਸਗੋਂ ਇਸ ਗੀਤਾ ਦੇ ਅਨੁਵਾਦ ਨਾਮੇ ਪੁਸਤਕ ਦੇ ਪੜ੍ਹਾਕੂਆਂ ਨੂੰ ਨਾਸਤਕ ਹੀ ਬਣਾਇਆ ਹੈ। ਬੁੱਧ ਦੀ ਨਿਰਬਾਣ ਮਤੀ ਤਾਲੀਮ ਨੇ ਤਾਂ ਸਭ ਦੁਨੀਆ ਦੀ ਪੱਟੀ ਮੇਸ ਹੀ ਕਰਿ ਛਡੀ ਸੀ। ਪਰ ਭਲਾ ਹੋਵੇ ਸ਼ੰਕਰਾਚਾਰੀਆ ਦਾ, ਜਿਸ ਦਾ ਅਵਤਾਰ ਹੀ ਬੁੱਧ ਮੱਤ ਨੂੰ ਦਮਨ ਕਰਨ ਲਈ ਹੋਇਆ ਸੀ। ਭਾਵੇਂ ਸ਼ੰਕਰਾਚਾਰਜ ਭੀ ਮੁਢੋਂ ਪ੍ਰਮਾਰਥ ਵਾਲੇ ਪਰਮਾਤਮਾ ਵਲੋਂ ਘੁੱਥਾ ਹੋਇਆ ਹੀ ਸੀ, ਪਰ ਉਸ ਨੇ ਸਾਕਯਾਮੁਨੀ ਬੁੱਧ ਦੀ ਅੱਤ ਖ਼ਤਰਨਾਕ ਤਾਲੀਮ ਦੇ ਜੋ ਬਖੀਏ ਉਧੇੜੇ, ਇਸ ਉਪਕਾਰ ਦਾ ਤਾਂ ਸਾਰਾ ਭਾਰਤ ਵਰਸ਼ ਰਹਿੰਦੀ ਦੁਨੀਆ ਤਾਈਂ ਰਿਣੀ ਰਹੇਗਾ ਅਤੇ ਧੰਨਵਾਦ ਕਰਦਾ ਰਹੇਗਾ। ਉਸ ਨੇ ਬੁੱਧ ਦੀ ਤਾਲੀਮ ਨੂੰ ਖ਼ਤਮ (ਨਾਸ਼) ਕਰਿ, ਬੁੱਧ ਦੇ ਮਨਮਤਿ ਨਿਰਬਾਣ ਨੂੰ ਖੰਡਨ ਕਰਨ ਦਾ ਉਪਕਾਰ ਹੀ ਕਮਾਇਆ ਹੈ। ਖ਼ੁਦ ਆਪ ਦੁਨੀਆ ਨੂੰ ਕਲਿਆਣ ਦਾ ਕੋਈ ਰਾਹ ਦੱਸ ਨਹੀਂ ਸਕਿਆ। ਧੰਨ ਗੁਰੂ ਨਾਨਕ ਸਾਹਿਬ! ਧੰਨ ਗੁਰੂ ਨਾਨਕ ਸਾਹਿਬ ਦੇ ਘਰ ਦੀ ਪ੍ਰਮਾਰਥੀ, ਉਚ ਪ੍ਰਮਾਰਥੀ ਤਾਲੀਮ! ਜਿਸ ਨੇ ਪਰਮਾਤਮਾ ਦੇ ਮਿਲਣ ਦਾ ਸੱਚਾ ਸੁਆਉ ਦੱਸਿਆ, ਦ੍ਰਿੜ੍ਹਾਇਆ ਅਤੇ ਪ੍ਰਚੱਲਤ ਕੀਤਾ ਹੈ। ਹੋਰ ਤਾਂ ਹੋਰ, ਏਸੇ ਇਕੋ ਨਿਰਬਾਣ ਪਦ ਦੇ ਮਸਲੇ ਨੂੰ ਹੀ ਲਓ, ਗੁਰੂ ਪੰਚਮ ਪਾਤਸ਼ਾਹ ਜੀ ਨੇ ਇਸ ਅਗਲੇਰੇ ਗੁਰਵਾਕ ਅੰਦਰਿ ਕੈਸੀ ਅਤੀ ਸੁੰਦਰਤਾ ਸਹਿਤ ਹੱਲ ਕੀਤਾ ਹੈ। ਯਥਾ ਗੁਰਵਾਕ—

> ਆਸਾ ਮਹਲਾ ੫ ॥ ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥ ੧ ॥ ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥ ੧ ॥ ਰਹਾਉ ॥ ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਬਿਰਬਾਣੇ ॥ ੨ ॥ ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਨਾਮਿ ਰਤਾ ਸੋਈ ਨਿਰਬਾਣੁ ॥ ੩ ॥ ਜਾ ਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥ ੪ ॥ ੯ ॥ ੫੭ ॥
>
> (ਪੰਨਾ ੩੯੫)

ਵਿਆਖਿਆ— ਗੁਰਮਤਿ ਨਾਮ ਦੇ ਨਿਹਕਰਮ ਕਰਮ ਰੂਪੀ ਅਭਿਆਸ ਕਮਾਈ ਨੇ ਜੋ ਬਹਾਉ

---

੧ ਬਚਿਤ੍ਰ ਨਾਟਕ, ਅਧਿ: ੬, ਅੰਕ ੨੮

ਕ੍ਰਿਸ਼ਮਾਉ ਘਟ ਅੰਦਰਿ ਹੀ ਬਣਾਇਆ ਵਿਸਮਾਇਆ ਹੈ, ਉਹ ਅਤੀਅੰਤ ਅਕੱਥਨੀਯ ਤੇ ਬਿਸਮਾਦ-ਜਨਕ ਹੈ। ਬੜੀ ਬਚਿਤਰ ਰਾਜ ਲੀਲ੍ਹਾ ਬਣਾਈ ਹੈ ਗੁਰਮਤਿ ਨਾਮ ਅਭਿਆਸ ਨੇ। ਗੁਰਮੁਖਾਂ ਦੇ ਜੀਵਨ ਦੀ ਦੋਵੇਂ ਤਰ੍ਹਾਂ ਦੀ ਆਰਥਕ ਪ੍ਰਮਾਰਥਕ ਪਰਫੁਲਤਾ ਇਸ ਗੁਰਮਤਿ ਨਾਮ ਦੇ ਖੇੜੇ ਖਿੜਾਉ ਕਰਿ ਖਿੜਦੀ ਪਰਫੁਲਦੀ ਹੈ। ਇਸੇ ਵਿਚਿ ਰਾਜ ਹੈ, ਇਸੇ ਵਿਚ ਜੋਗ ਹੈ। ਰਾਜ ਭਾਗ ਮਾਣਦੇ ਹੋਏ ਭੀ ਗੁਰਮੁਖਿ ਜਨ ਰਾਜਸੀ ਔਜ ਤੋਂ ਉਚੇ ਰਹਿੰਦੇ ਹਨ, ਇਸ ਦੀ ਐਸ਼ੋ-ਇਸ਼ਰਤ ਵਿਚਿ ਖਪਤ ਖੱਚਤ ਨਹੀਂ ਹੁੰਦੇ। ਸਤਿਗੁਰੂ ਦੇ ਬਖ਼ਸ਼ੇ ਨਾਮ ਦੀ ਐਸੀ ਵਡਿਆਈ ਹੈ ਕਿ ਗ੍ਰਿਹਸਤ ਵਿਚਿ ਰਹਿੰਦੇ ਹੋਏ ਪੁੱਤਰ ਕਲਿਤਰ ਵਿਚਿ ਬਿਰਾਜਦੇ ਹੋਏ ਗੁਰਮੁਖਾਂ ਨੇ ਗਤਿ ਪਾਈ ਹੈ। ਪਾਉਂਦੇ ਹਨ ਤੇ ਪਾਉਂਦੇ ਰਹਿਣਗੇ:

**ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ ੨ ॥**

(ਧਨਾਸਰੀ ਮ: ੧, ਪੰਨਾ ੬੬੧)

ਪ੍ਰਮਾਰਥ-ਸਿੱਧੀ ਲਈ ਤਿਨ੍ਹਾਂ ਨੂੰ ਗ੍ਰਿਹਸਤ ਤਿਆਗਣ ਦੀ ਲੋੜ ਨਹੀਂ। ਸਗੋਂ ਗ੍ਰਿਹਸਤ ਵਿਚ ਰਹਿੰਦੇ ਹੋਏ ਪੁੱਤਰ ਕਲਿਤਰ (ਇਸਤ੍ਰੀ ਪੁੱਤਰ) ਕੁਟੰਬੀਆਂ ਸਮੇਤ ਹੀ ਤਿਨ੍ਹਾਂ ਦੀ ਗਤਿ ਕਲਿਆਣ ਹੋ ਜਾਂਦੀ ਹੈ। ਐਸੀ ਵਡਿਆਈ ਹੈ ਗੁਰਮਤਿ ਨਾਮ ਦੇ ਅਭਿਆਸ ਦੀ। ਗੁਰਮਤਿ ਨਾਮ ਦਾ ਅਭਿਆਸ ਐਸਾ ਨਿਹਕਰਮੀ ਕਰਮ ਹੈ, ਜਿਸ ਦੇ ਕਮਾਇਆਂ ਮੋਹ ਮਮਤਾ ਮਾਇਆ ਦੀ ਲਾਗ ਨਹੀਂ ਲੱਗਦੀ। ਗੁਰਮੁਖਿ ਜਨ ਪਰਵਾਰੇ ਸਾਧਾਰੇ ਹੁੰਦੇ ਹਨ। ਗੁਰੋਮੁਖਾਂ ਦੇ ਪਰਵਾਰ ਜਦੋਂ ਰਲ ਮਿਲ ਕੇ ਅੰਮ੍ਰਿਤ ਵੇਲੇ ਨਿਤਾਪ੍ਰਤਿ ਨਾਮ ਗੁਰਬਾਣੀ ਦੇ ਰੰਗਾਂ ਵਾਲਾ ਸਤਸੰਗ ਕਰਦੇ ਹਨ, ਓਦੋਂ ਅਸਚਰਜ ਅਨੰਦ-ਬਿਨੋਦੀ ਲੀਲ੍ਹਾ ਬਣਦੀ ਹੈ, ਜੋ ਬੜੇ ਬੜੇ ਰਾਜਿਆਂ ਮਹਾਰਾਜਿਆਂ ਨੂੰ ਭੀ ਨਸੀਬ ਨਹੀਂ ਹੁੰਦੀ। ਸਗੋਂ ਰਾਜੇ ਮਹਾਰਾਜੇ ਤਾਂ ਰਾਜ ਸਾਜ ਕਰਦੇ ਹੋਏ ਭੀ ਸੋਗੀ ਰੰਜੋਗੀ ਰਹਿੰਦੇ ਹਨ। ਵਿਸ਼ੇ ਵਿਕਾਰਾਂ ਦੀ ਖੱਚ ਨੇ ਓਹਨਾਂ ਦਾ ਮਨ ਮੁਸੱਰਤੀ ਮੱਚ ਮਾਰ ਦਿੱਤਾ ਹੁੰਦਾ ਹੈ। ਉਹਨਾਂ ਦੇ ਚੇਹਰੇ ਤੇ ਕਦੇ ਬਸ਼ਾਸ਼ਤ ਆਉਂਦੀ ਹੀ ਨਹੀਂ। ਸਦਾ ਗ਼ਮੀ ਦੀ ਗਨੂਦਗੀ ਭਰੀ ਆਲੂਦਗੀ ਨੁਮਾਇਆਂ ਰਹਿੰਦੀ ਹੈ। ਪਰਵਾਰ-ਸਾਧਾਰੀ ਗੁਰਮੁਖਿ ਜਨਾਂ ਦੇ ਹਿਰਦਿਆਂ ਦੇ ਸਦਾ ਸ਼ਗੁਫ਼ਤੀ ਖੇੜੇ ਓਹਨਾਂ ਦੇ ਚਿਹਰਿਆਂ ਨੂੰ ਭੀ ਖਿੜਾਈ ਮਹਿਜ਼ੁਜ਼ਾਈ ਰਖਦੇ ਹਨ। ਉਹ ਸਦਾ ਹਸੰਦੇ ਵਿਗਸੰਦੇ ਰਹਿੰਦੇ ਹਨ। ਮਗਨ-ਆਨੰਦੀ ਕੇਲ ਕਰੰਦੇ ਰਹਿੰਦੇ ਹਨ। ਭੁੰਚਣ ਯੋਗ ਪਦਾਰਥਾਂ ਨੂੰ ਭੁੰਚਦਿਆਂ, ਪਹਿਰਨ ਯੋਗ ਸਾਧਾਰਨ ਗੁਰਮੁਖੀ ਪੁਸ਼ਾਕਿਆਂ ਨੂੰ ਪਹਿਰਦਿਆਂ ਫ਼ੈਸ਼ਨ-ਪ੍ਰਸਤੀ ਅਤੇ ਇਸ਼ਰਤ ਇਸ਼ਰਤੀ ਤੋਂ ਸਦਾ ਨਿਰਲੇਪ ਰਹਿੰਦੇ ਹਨ। ਐਸ਼-ਪ੍ਰਸਤਾਂ ਦੀ ਸ਼ਰਰ-ਅੰਗੇਜ਼ ਜ਼ੇਬਾਇਸ਼ ਆਰਾਇਸ਼ ਨੁਮਾਇਸ਼ ਦਾ ਤਿਨ੍ਹਾਂ ਨੂੰ ਲੇਸ ਨਹੀਂ ਲੱਗਦਾ।

"**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨॥**"[੧] ਇਸ ਦਾ ਇਹ ਭਾਵ ਨਹੀਂ ਕਿ ਸਿਨਮੇ ਥੀਏਟਰਾਂ ਵਾਲੇ ਖੇਲ ਤਮਾਸ਼ੇ ਨਿਸੰਗ ਦੇਖਣ ਤੇ ਮਨ-ਭਾਉਂਦੇ ਐਸ਼ ਮਾਨਣ। ਏਹਨਾਂ ਭੰਵਰ-ਕਰਮਾਂ ਤੋਂ ਅਟੰਕ ਰਹਿੰਦੇ ਹੋਏ ਉਨ੍ਹਾਂ ਦੇ ਮਨ ਅਹਿਲਾਦ ਪ੍ਰਮਾਰਥੀ ਰੰਗ ਵਾਲੇ ਹੁੰਦੇ ਹਨ। ਗ੍ਰਿਹਸਤ ਰਾਜ ਦਾ ਆਨੰਦ ਅਹਿਲਾਦੀ ਸੁਆਦ ਨਾਮ ਰਸੀਅੜੇ ਗੁਰਮੁਖਿ ਜਨ ਹੀ ਮਾਣਦੇ ਹਨ। ਅਤੇ ਗ੍ਰਿਹਸਤ ਵਿਚਿ ਰਹਿ

---

੧ ਮ: ੫, ਗੂਜਰੀ ਕੀ ਵਾਰ, ਪੰਨਾ ੫੨੨

ਕੇ ਹੀ ਮਾਣਦੇ ਹਨ। ਇਸ ਕਰਕੇ ਹੀ ਤਿਨ੍ਹਾਂ ਦੀ ਰਾਜ ਲੀਲ੍ਹਾ ਅਸਚਰਜ ਬਿਸਮਤਾ ਵਾਲੀ ਹੁੰਦੀ ਹੈ, ਜਿਸ ਦੇ ਅਗੇ ਹੋਰ ਲੀਲ੍ਹਾਵਾਂ, ਕ੍ਰਿਸ਼ਨ ਲੀਲ੍ਹਾ ਤੇ ਰਾਮ ਲੀਲ੍ਹਾ ਵਾਲੀਆਂ, ਸਭ ਮਾਤ ਹਨ। ਰਾਜ ਲੀਲ੍ਹਾ ਵਾਲਾ ਸੁਭਾਗ ਤਾਂ ਤਿਨ੍ਹਾਂ ਨੂੰ ਐਉਂ ਬਣਿ ਆਉਂਦਾ ਹੈ, ਅਤੇ ਤੱਤ ਪ੍ਰਮਾਰਥੀ ਸੱਚਾ ਯੋਗ ਉਹਨਾਂ ਨੂੰ ਬਣਿ ਆਵੰਦਾ ਹੈ, ਕੀਰਤਨ ਗਾਇਆਂ। ਵਾਹਿਗੁਰੂ ਦੇ ਆਤਮ-ਰੰਗਾਂ ਵਾਲਾ ਕੀਰਤਨ ਗੁਰਮੁਖਿ ਗ੍ਰਿਹਸਤੀਆਂ ਨੂੰ ਸਹਜ ਜੋਗ ਵਿਚ ਸੁਤੇ ਹੀ ਲੀਨ ਰਖਦਾ ਹੈ। **"ਜੋਗੁ ਬਨਿਆ ਤੇਰਾ ਕੀਰਤਨੁ ਗਾਈ"** ਸਚੜਾ ਯੋਗ ਗੁਰਬਾਣੀ ਦਾ ਕੀਰਤਨ ਹੈ। ਕੀਰਤਨ ਵਿਚਿ ਜੁਟਿਆਂ ਇਕ ਤੁਰਤ-ਫੁਰਤੀ ਸੁਰਤਿ-ਅਲਾਂਬੇ ਨਾਲਿ ਸਹਜ-ਜੋਗ ਵਿਚਿ ਜੁੜ ਜਾਈਦਾ ਹੈ। ਪਰਮਾਤਮਾ ਦੇ ਚਰਨਾਂ ਨਾਲਿ ਤੁਰਤ ਫੁਰਤ ਜੋੜਨ ਹਿਤ ਗੁਰਬਾਣੀ ਦਾ ਕੀਰਤਨ ਖਾਸ ਪਾਰਸ-ਕਲਾ ਰਖਦਾ ਹੈ। ਇਉਂ ਵਾਹਿਗੁਰੂ ਜੀ ਦੀ ਓਟਿ ਲਇਆਂ, ਵਾਹਿਗੁਰੂ ਦਾ ਓਹਲਾ ਆਸਰਾ ਲਇਆਂ ਗੁਰਮੁਖਿ ਗ੍ਰਿਹਸਤੀਆਂ ਨੂੰ ਸਰਬ ਸੁਖਾਂ ਦਾ ਬਣਾਓ ਸਰੰਜਾਓ ਬਣਿ ਆਉਂਦਾ ਹੈ। ਆਰਥਕ ਪ੍ਰਮਾਰਥਕ ਸੁਖ ਸਾਰੇ ਹੀ ਗੁਰਮੁਖਿ ਗ੍ਰਿਹਸਤੀਆਂ ਦੇ ਪਿਛੇ ਲੱਗੇ ਫਿਰਦੇ ਹਨ। ਅਤੇ ਅਗਿਆਨ ਭਰਮ ਦੇ ਸਾਰੇ ਪੜਦੇ ਸਤਿਗੁਰੂ ਓਹਨਾਂ ਦੇ ਖੋਲ੍ਹ ਦਿੰਦਾ ਹੈ। ਜਿਤਨੇ ਭੀ ਦੁਖ ਕਲੇਸ਼ ਸੰਸਾਰੀਆਂ ਨੂੰ ਵਿਆਪਦੇ ਹਨ, ਸੋ ਅਗਿਆਨ ਭਰਮ ਕਰਕੇ ਹੀ ਵਿਆਪਦੇ ਹਨ। ਤਿਸ ਅਗਿਆਨ ਭਰਮ ਦੇ ਪੜਦੇ ਸਤਿਗੁਰੂ ਨੇ ਖੋਲ੍ਹ ਦਿੱਤੇ ਹਨ, ਆਪਣੇ ਗੁਰਸਿੱਖਾਂ ਦੇ। ਸਭ ਤੋਂ ਵਡਾ ਤੇ ਤਕੜਾ ਜ਼ੋਰ-ਜਕੜਾ ਪੜਦਾ ਹਉਮੈ ਦਾ ਭਰਮ-ਅੰਸਾਰੀ ਅਗਿਆਨ-ਗੁਬਾਰੀ ਪੜਦਾ ਪਿਆ ਹੋਇਆ ਹੁੰਦਾ ਹੈ ਮਨਮੁਖਾਂ ਦੀ ਬੁਧੀ ਤੇ। ਇਹ ਪੜਦਾ ਨਾਮ ਦੀ ਬਰਕਤ ਨਾਲਿ ਤਤਕਾਲ ਹੀ ਫਟ ਜਾਂਦਾ ਹੈ। ਹਉਮੈ ਦਾ ਪੜਦਾ ਪਾੜਨ ਨੂੰ ਗੁਰਮਤਿ ਨਾਮ ਦੀ ਸ਼ਕਤਿ-ਕਲਾ ਅਰਥਾਤ ਸਮਰੱਥਤਾ ਅਤਿਸੈ ਬਲਵਾਨ ਅਤੇ ਸ਼ਕਤਿਮਾਨ ਹੈ ਅਤੇ ਨਾਮ ਸਤਿਗੁਰੂ ਦੀ ਬਖ਼ਸ਼ਸ਼ ਕਰਕੇ ਹੈ। ਤਾਂ ਤੇ ਇਹ ਆਖਣਾ ਅਤੀਅੰਤ ਹੀ ਉਚਿਤ ਹੈ ਕਿ **"ਭ੍ਰਮ ਕੇ ਪੜਦੇ ਸਤਿਗੁਰਿ ਖੋਲ੍ਹੇ ॥"** ਸਤਿਗੁਰੂ ਨੇ ਹੀ ਭਰਮ ਦੇ ਪੜਦੇ ਖੋਲ੍ਹ ਦਿੱਤੇ ਹਨ। ਸਤਿਗੁਰੂ ਦਾ ਹੁਕਮ ਬੁਝ ਕੇ ਸਤਿਗੁਰੂ ਦੇ ਸਮੱਗਰ ਹੁਕਮ ਦੇ ਅਨੁਸਾਰੀ ਅਗਿਆਕਾਰੀ ਹੋ ਕੇ ਗੁਰਸਿਖ ਗ੍ਰਿਹਸਤੀ ਜਨ ਗ੍ਰਿਹਸਤ ਵਿਚਿ ਰਹਿ ਕੇ ਹੀ, ਅਰਥਾਤ, ਬਿਵਹਾਰ ਦਾ ਠਾਠਾ ਬਾਗਾ ਕਰਦੇ ਹੋਏ ਸਾਰੇ ਪ੍ਰਮਾਰਥੀ ਰੰਗ ਰਸ ਮਾਣਦੇ ਹਨ ਅਤੇ ਸਤਿਗੁਰੂ ਦੇ ਸਮੱਗਰ ਹੁਕਮਾਂ ਦਾ ਪੁੰਜ (ਸਮੂਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਸ ਅੰਦਰਿ ਸਾਰੇ ਗੁਰ-ਹੁਕਮ ਬਿਰਾਜਮਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰਿ ਬਿਰਾਜਮਾਨ ਗੁਰਬਾਣੀ ਸਮੁੱਚੇ ਗੁਰ-ਹੁਕਮਾਂ ਦਾ ਪੁੰਜ ਹੈ। ਗੁਰਸਿਖ ਗ੍ਰਿਹਸਤੀ ਰਾਜ-ਜੋਗੀ ਨਿਤਾਪ੍ਰਤਿ ਅੰਮ੍ਰਿਤ ਵੇਲੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ (ਆਵਾਜ਼ਾ) ਲੈਂਦੇ ਹਨ। ਫੇਰ ਉਸੇ ਹੁਕਮ ਦੇ ਅਨੁਸਾਰੀ ਹੁੰਦੇ ਹੋਏ ਕੰਮਾਂ ਵਿਚਿ ਲੱਗਦੇ ਹਨ। ਇਉਂ ਕੰਮਾਂ ਵਿਚਿ ਪਰਵਿਰਤ ਹੁੰਦੇ ਹੋਏ ਭੀ ਨਿਰਵਿਰਤ ਰਹਿੰਦੇ ਹਨ, ਕਰਮ ਕਰਦੇ ਹੋਏ ਭੀ ਨਿਹਕਰਮ ਰਹਿੰਦੇ ਹਨ। ਨਿਹਕੇਵਲ ਰਹਿ ਕੇ ਰਾਜ ਜੋਗ ਮਾਣਦੇ ਹਨ। ਯੋਗ ਪਦ ਤਾਂ ਉਹਨਾਂ ਨੂੰ ਗੁਰਬਾਣੀ ਕੀਰਤਨ ਦੇ ਆਸਰੇ ਸਹਜ ਹੀ ਪ੍ਰਾਪਤਿ ਹੋ ਜਾਂਦਾ ਹੈ। ਜਿਸ ਜੋਗ ਨੂੰ ਜੋਗੀ ਸਾਰੀ ਉਮਰ ਟੱਕਰਾਂ ਮਾਰਿ ਮਾਰਿ, ਹਠ ਕਰਮ ਕਮਾ ਕਮਾ ਕੇ ਭੀ ਪ੍ਰਾਪਤਿ ਨਹੀਂ ਹੁੰਦੇ, ਤਿਸ ਸਹਜ ਦੀ ਪ੍ਰਾਪਤੀ ਗੁਰਮੁਖਿ ਉਦਾਸੀਆਂ ਲਈ ਇਕ ਖੱਬੇ ਹੱਥ ਦੀ ਖੇਡ ਹੈ। ਸਤਿਗੁਰੂ ਦੇ ਹੁਕਮਾਂ ਅਨੁਸਾਰੀ ਕਰਮ ਕਮਾਵਣੇ ਹੀ ਸਤਿਗੁਰੂ ਦੀ ਸੱਚੀ ਸੇਵਾ ਹੈ। ਸਤਿਗੁਰੂ ਦਾ ਹੁਕਮਾਂ ਸਿਰ ਹੁਕਮ ਅਤੇ ਸਤਿਗੁਰੂ ਹੁਕਮਾਂ ਦਾ ਦਰਸਾਇਆ ਕਰਮਾਂ ਸਿਰ ਕਰਮ: ਸਤਿਗੁਰੂ

ਦਰਸਾਈ ਦ੍ਰਿੜ੍ਹਾਈ ਤੱਤ-ਸੇਵਾ ਸਿਮਰਨ ਸਿਫਤਿ ਸਾਲਾਹ ਹੈ। ਇਸ ਸਿਮਰਨ ਰੂਪੀ ਸੇਵਾ ਦੇ ਨਿਹਕਰਮ ਕਮਾਵਣ ਕਰਿ ਮਹਾਂ ਨਿਰਬਾਣ ਪਦ ਹਾਸਲ ਹੁੰਦਾ ਹੈ। **"ਸਤਿਗੁਰ ਸੇਵਾ ਮਹਾ ਨਿਰਬਾਣੇ ॥"** ਜੋ ਅਜ ਤਾਈਂ ਕਿਸੇ ਜੋਗੀ ਸਹਜੋਗੀ ਕਰਮ ਜੋਗੀ ਨੂੰ ਹਾਸਲ ਨਹੀਂ ਹੋਇਆ। ਇਸ ਤੋਂ ਬੁੱਧ ਸਾਰਖੇ ਮਾਇਆ-ਤਿਆਗੀ ਤਪੀ ਭੀ ਵਾਂਜੇ ਰਹਿ ਗਏ। 'ਗੁਰਮਤਿ ਨਿਰਬਾਣ' ਅਟੱਲ ਨਿਹਚਲ ਪਦ ਵਾਲਾ ਮਹਾਂ ਨਿਰਬਾਣ ਹੈ, ਜੋ ਅਕਾਲ ਪੁਰਖ ਨਾਲਿ ਮਿਲਾ ਦਿੰਦਾ ਹੈ। ਗੁਰਮਤਿ ਅੰਦਰਿ ਅਕਾਲ ਪੁਰਖ ਦਾ ਮਿਲਾਪ ਹੀ ਨਿਰਬਾਣ, ਮਹਾਂ ਨਿਰਬਾਣ ਹੈ। ਬੁੱਧ ਮੱਤ ਅੰਦਰਿ 'ਨਿਰਬਾਣ' ਇਕ ਮਹਾਂ ਸ਼ੂਨਜ ਅਵਸਥਾ ਦਾ ਨਾਉਂ ਹੈ, ਜਿਥੇ ਅਸਤ, ਨਾਸਤ ਦੋਵੇਂ ਨਾ ਰਹਿਣ। ਬੁੱਧ ਜੀ ਨੇ ਆਪ ਇਕ ਜਗ੍ਹਾ ਆਖਿਆ ਹੈ ਕਿ ਰੋਗ ਦ੍ਵੈਖ ਮੋਹ ਦੇ ਮਿਟ ਜਾਣ ਦਾ ਨਾਉਂ ਨਿਰਬਾਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਇਹ ਪਦ (ਨਿਰਬਾਣ) 'ਮਹਾਂ ਸ਼ੂਨਜ' ਦੇ ਅਰਥਾਂ ਵਿਚਿ ਕਿਤੇ ਨਹੀਂ ਆਇਆ। ਕਲਿਆਣ ਜਾਂ ਮੁਕਤੀ ਦੇ ਅਰਥਾਂ ਵਿਚਿ ਆਇਆ ਹੈ ਯਾ ਦ੍ਵੰਦਾਂ ਤੋਂ ਛੁਟ ਕੇ ਵਾਹਿਗੁਰੂ-ਪ੍ਰਾਪਤੀ ਦੇ ਅਰਥਾਂ ਵਿਚਿ ਆਇਆ ਹੈ। ਮਾਇਆ ਤੋਂ ਉਚਾ ਉਠ ਕੇ, ਪਰਮਾਤਮਾ ਨਾਲ ਮਿਲਣ ਦੀ ਦਸ਼ਾ, ਨਿਹਚਲ ਪਦ ਅਟੱਲ ਪਦਵੀ ਨੂੰ ਮਹਾਂ ਨਿਰਬਾਣ ਆਖਿਆ ਗਿਆ ਹੈ ਅਤੇ ਜਿਵੇਂ ਮੁਕਤੀ ਨੂੰ ਪ੍ਰਾਪਤਿ ਹੋਏ ਪੁਰਖਾਂ ਨੂੰ ਮੁਕਤ, ਜੀਵਨ ਮੁਕਤ ਆਖਿਆ ਜਾਂਦਾ ਹੈ, ਤਿਵੇਂ ਹੀ ਨਿਰਬਾਣ ਪਦ-ਪ੍ਰਾਪਤੀ ਵਾਲੇ ਗੁਰਮੁਖਿ ਜਨ ਨੂੰ ਗੁਰਬਾਣੀ ਵਿਚਿ 'ਨਿਰਬਾਣ' ਦਾ ਖ਼ਿਤਾਬ ਭੀ ਦਿੱਤਾ ਗਿਆ ਹੈ। ਜਿਥੇ ਗੁਰਬਾਣੀ ਅੰਦਰਿ 'ਨਿਰਬਾਣ ਕੀਰਤਨ' ਜੁੜਤ ਪਦ (compound word) ਵਰਤਿਆ ਹੈ, ਉਥੇ ਨਿਰਬਾਣ ਕੀਰਤਨ ਦਾ ਅਰਥ ਹੈ ਨਿਰਬਾਣ ਪਦ ਨੂੰ ਪੁਚਾਉਣ ਵਾਲਾ ਕੀਰਤਨ, ਨਿਰਬਾਣ ਕਰਨਹਾਰਾ ਕੀਰਤਨ। ਇਕ-ਰਸ ਅਖੰਡ ਕੀਰਤਨ ਨੂੰ ਭੀ ਗੁਰਮਤਿ ਸੰਗਿਆ ਅੰਦਰਿ ਨਿਰਬਾਣ ਕੀਰਤਨ ਕਰਕੇ ਸੰਕੇਤਿਆ ਜਾਂਦਾ ਹੈ। ਨਿਰਾ ਬਾਣੀ ਦਾ ਕੀਰਤਨ, ਨਿਰੋਲ ਗੁਰਬਾਣੀ ਦੇ ਕੀਰਤਨ ਨੂੰ ਭੀ ਨਿਰਬਾਣ ਕੀਰਤਨ, ਕੀਰਤਨ-ਰਸੀਏ ਆਖਦੇ ਹਨ, ਜਿਸ ਵਿਚਿ ਕੱਚੀ ਬਾਣੀ ਦਾ ਮਿਲਾਪ ਨਾ ਹਵੇ। ਨਿਰੋਲ (ਨਿਰਾ) ਗੁਰਬਾਣੀ ਦਾ ਹੀ ਕੀਰਤਨ ਹੋਵੇ, ਉਹ ਨਿਰਬਾਣ ਕੀਰਤਨ ਗੁਰਮਤਿ ਅੰਦਰਿ ਪਰਵਾਨ ਅਤੇ ਪ੍ਰਧਾਨ ਹੈ। ਜਿਸ ਗੁਰਮੁਖਿ ਜਨ ਨੇ ਗ੍ਰਿਹਸਤ ਵਿਚਿ ਰਹਿ ਕੇ ਹੀ ਗੁਰਮਤਿ ਨਾਮ ਨਿਹਕਾਮ ਦੀਆਂ ਅਤੁਟ ਨਿਰਬਾਣ ਕਮਾਈਆਂ ਕਰ ਕੇ ਅਤੇ ਗੁਰਮਤਿ ਅਭਿਆਸ ਕਰਮ ਕਮਾਉਂਦਿਆਂ ਹੋਇਆਂ ਨਿਹਕਰਮੀ ਰਹਿ ਕੇ ਵਾਹਿਗੁਰੂ ਅਪ੍ਰੋਕਸ਼ ਗਿਆਨ ਗੰਮਿਆ ਹੈ, ਪਰਤੱਖ ਗਿਆਨ ਪ੍ਰਚੰਡਨੀ ਦਰਸ਼ਨ ਕੀਤਾ ਹੈ, ਸੋਈ ਪਰਵਾਨ ਗ੍ਰਿਹਸਤ ਉਦਾਸ ਸੱਚਾ ਰਾਜ ਜੋਗੀ ਹੈ, ਜਾਗਦਾ ਜੋਗੀ ਹੈ। **"ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ"**[੧] ਭਾਈ ਗੁਰਦਾਸ ਜੀ ਦਾ ਮਹਾਂ ਵਾਕ ਭੀ ਇਸ ਗੁਰਵਾਕ ਪੰਗਤੀ ਦੀ ਪ੍ਰੋੜ੍ਹਤਾ ਕਰਦਾ ਹੈ। **"ਜਿਨਿ ਤੂੰ ਜਾਤਾ ਸੋ ਗ੍ਰਿਹਸਤ ਉਦਾਸੀ ਪਰਵਾਣ ॥"** ਇਸ ਦੇ ਨਾਲਿ ਦੀ ਦੂਜੀ ਗੁਰਵਾਕ-ਪੰਗਤੀ ਦਸਦੀ ਹੈ, ਕਿ ਗੁਰਮੁਖ ਜਨ ਨਾਮ-ਰੰਗਾਂ ਵਿਚਿ ਰੱਤਿਆ ਹੋਇਆ ਹੈ ਸੋ ਜਨ ਨਿਰਬਾਣ ਹੈ, ਅਰਥਾਤ, ਨਿਰਬਾਣ ਪਦ ਨੂੰ ਪੁੱਗਿਆ ਹੋਇਆ ਹੈ। **"ਨਾਮਿ ਰਤਾ ਸੋਈ ਨਿਰਬਾਣ"** ਅਤੇ ਜਿਸ ਜਨ ਨੂੰ ਨਾਮ ਰੂਪੀ ਸੱਚਾ ਨਿਧਾਨ ਮਿਲਿਆ ਹੈ ਤਿਸ ਦਾ ਇਹ ਨਾਮ-ਨਿਧਾਨੀ ਖ਼ਜ਼ਾਨਾ ਫੇਰ ਸਦਾ ਭਰਿਆ ਹੀ (ਪੂਰਿਆ ਹੀ) ਰਹਿੰਦਾ ਹੈ, ਕਦੇ ਨਿਖੁਟਦਾ ਨਹੀਂ। ਨਾਮ ਨਾਲਿ ਭਰਪੂਰ ਹੀ ਰਹਿੰਦਾ

੧ ਵਾਰ ੭, ਪਉੜੀ ੧੫


www.sikhbookclub.com

ਹੈ। ਇਕ ਵਾਰ ਇਹ ਨਾਮ ਰੂਪੀ ਨਿਧਾਨ ਮਿਲ ਜਾਏ ਸਹੀ, ਫੇਰ ਇਹ ਉਸ ਗੁਰਮੁਖਿ ਜਨ ਨੂੰ ਮਿਲਿਆ ਨਾਮੁ ਨਿਧਾਨ ਰੂਪੀ ਖ਼ਜ਼ਾਨਾ ਕਦੇ ਊਣਾ ਨਹੀਂ ਹੁੰਦਾ, ਸਦਾ ਸੁਭਰ ਭਰਿਆ ਭਰਪੁਰਿਆ ਹੀ ਰਹਿੰਦਾ ਹੈ। **"ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥"** ਜੋ ਜਨ ਵਾਹਿਗੁਰੂ ਨਾਮ ਬਿਨਾਂ ਹੋਰ ਕੋਈ ਕਰਮ, ਕਿਰਿਆ, ਕੰਮ ਸੰਦੀ ਸੇਵਾ ਨਹੀਂ ਕਰਦਾ ਉਹ ਨਿਹਕੇਵਲ-ਕਰਮੀਆ ਹੈ। ਹੋਰ ਸਭ ਕਰਮਾਂ ਤੋਂ ਨਿਹਕਰਮ ਹੋ ਕੇ ਜੋ ਕੇਵਲ ਵਾਹਿਗੁਰੂ ਪ੍ਰਾਇਣ ਕਰਮ ਹੀ ਕਰਦਾ ਹੈ, ਉਹ ਗੁਰਮਤਿ ਅੰਦਰਿ ਨਿਹਕੇਵਲ ਕਰਮ ਕਮਾਵਣਹਾਰਾ ਸਦਾਉਂਦਾ ਹੈ। ਜਿਸ ਦੇ ਨਿਕਟਿ ਵਾਹਿਗੁਰੂ ਨਾਮ ਅਭਿਆਸ ਕਮਾਈ ਹੀ ਵਾਹਿਗੁਰੂ ਦੀ ਸੇਵਾ ਹੈ। ਹੋਰ ਦੂਜੀ ਸੇਵਾ ਦੁਤੀਏ ਭਾਵ ਦੀ ਪੂਜਾ ਜਿਸ ਦੇ ਭਾਣੇ ਨਫ਼ੀ (nil) ਹੀ ਹੈ, ਉਹ ਨਿਹਕੇਵਲ ਕਰਮ ਕਮਾਵਨੀਆਂ ਕਮਾਉਂਦਾ ਹੈ। ਜਿਸ ਦੇ ਉਚ ਆਦਰਸ਼ੀ ਇਰਾਦੇ ਅੰਦਰਿ ਵਾਹਿਗੁਰੂ ਨਾਮ ਸਿਮਰਨ ਦੇ ਵਾਹਿਗੁਰੂ ਦਰਸ਼ਨ, ਵਾਹਿਗੁਰੂ ਪ੍ਰਾਪਤੀ ਮਈ ਫਲ ਤੋਂ ਬਿਨਾਂ ਹੋਰ ਫਲਾਂ ਤੋਂ ਨਿਰਇੱਛਤ ਰਹਿਣਾ ਦ੍ਰਿੜ੍ਹ ਹੋਇਆ ਵਿਆ ਹੈ, ਉਹ ਨਿਹਕੇਵਲ ਕਰਮ ਕਰਨਹਾਰਾ ਨਿਰਇੱਛਤੀਆ ਉਤਮ ਪਦ ਵਾਲਾ ਹਰਿ ਕਾ ਲੋਗੁ ਹੈ। ਜਿਸ ਨੇ ਵਾਹਿਗੁਰੂ ਨਾਮ ਸਿਮਰਨ ਰੂਪੀ ਸੇਵਾ ਤੋਂ ਬਿਨਾਂ ਦੂਜੀ ਸੇਵਾ ਕਰਨਾ ਮਾਨੁਖਾ ਜਨਮ ਨੂੰ ਬਿਰਥਾ ਗੰਵਾਵਣਾ ਮੰਨਿਆ ਹੋਇਆ ਹੈ, ਉਹ ਅਨਿੰਨ ਅਕਾਲ ਸੇਵੀ, ਅਕਾਲਪੁਰਖ ਦਾ ਸੱਚਾ ਸੁੱਚਾ ਆਸ਼ਕ ਉਪਾਸ਼ਕ ਜਨ ਨਿਹਕੇਵਲ ਕਰਮ ਕਰਨ ਦਾ ਸਾਦਕ ਸਿਦਕੀਆ ਸ਼ਰਧਾਵਾਨ ਹੈ। ਜਿਸ ਜਨ ਨੇ ਵਾਹਿਗੁਰੂ ਨਾਮ ਅਤੇ ਵਾਹਿਗੁਰੂ ਦੀ ਪ੍ਰੀਤ ਨੂੰ ਸੱਚੀ ਅਤੇ ਕਰਨ ਜੋਗ ਹਕ਼ੀਕ਼ੀ ਪ੍ਰੀਤ ਕਰ ਕੇ ਜਾਣਿਆ ਹੈ, ਜਿਸ ਨੇ ਵਾਹਿਗੁਰੂ ਸਿਮਰਨ ਵਾਲੀ ਰੀਤੀ ਨੂੰ ਹੀ ਸੱਚੀ ਸੱਚ-ਰੀਤਾਵਨੀ ਰੀਤ ਕਰਕੇ ਸਮਝਿਆ ਹੋਇਆ ਹੈ ਅਤੇ ਮਨ ਬਚ ਕਰਮ ਕਰਕੇ ਸਮਝਿਆ ਹੋਇਆ ਹੈ ਓਹੀ ਸੱਚਾ ਨਿਹਕੇਵਲ ਕਰਮ ਰੀਤ ਰੀਤੰਨੀਆ ਨਿਹਕੇਵਲ ਕਰਮ ਕਰੰਮੀਆ ਹੈ। ਜਿਸ ਵਾਹਿਗੁਰੂ ਨਾਮ ਦੇ ਅਨਿੰਨ ਉਪਾਸ਼ਕ ਨੇ, ਗੁਰਬਾਣੀ ਪੜ੍ਹਨ ਸੁਣਨ ਗਾਵਣ ਦੇ ਸੱਚੇ ਆਸ਼ਕ ਨੇ ਵਾਹਿਗੁਰੂ ਨਾਮ ਸਿਫਤਿ ਸਾਲਾਹ ਗੁਰਬਾਣੀ ਕੀਰਤਨ ਨੂੰ ਸੱਚੀ ਕਥਾ ਕਹਾਣੀ ਕਰਕੇ ਸਨਮਾਨਿਆ ਹੋਇਆ ਹੈ ਅਤੇ ਹੋਰ ਚੁੰਚ ਕਥਾਵਾਂ ਤੋਂ, ਕੱਚੀਆਂ ਕਹਾਣੀਆਂ ਤੋਂ ਮੂੰਹ ਮੋੜਿ ਚਿਤ-ਬਿਰਤੀ ਨੂੰ ਹੋੜਿਆ ਹੋਇਆ ਹੈ, ਓਹੀ ਨਿਰੋਲ ਨਿਹਕੇਵਲ-ਕਰੰਮੀਆ ਹੈ। ਉਹ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦੇ ਪ੍ਰੇਮ ਵਿਚਿ ਹੀ ਭਿੱਜੇ ਰਹਿਣ ਨੂੰ ਸੱਚੀ ਨਿਹਕਰਮ ਕਰਣੀ ਵਾਲੀ ਸੇਵਾ ਸਮਝਦਾ ਹੈ। ਜਿਸ ਦੇ ਭਾਣੇ ਜਿਸ ਦੇ ਨਜ਼ਦੀਕ ਵਾਹਿਗੁਰੂ ਨਾਮ ਹੀ ਸਿਮ੍ਰਿਤ ਬੇਦੁ ਹੈ, ਵਾਹਿਗੁਰੂ ਨਾਮ ਹੀ ਸੱਚਾ ਸ਼ਾਸਤ੍ਰ ਪੁਰਾਣ ਹੈ, ਜੋ ਅਨਿੰਨ ਸਿਖ ਵਾਹਿਗੁਰੂ ਨਾਮ ਤੋਂ ਛੁਟ ਹੋਰ ਕਿਸੇ ਬੇਦ ਨੂੰ ਬੇਦ ਨਹੀਂ ਸਮਝਦਾ, ਹੋਰ ਕਿਸੇ ਸ਼ਾਸਤ੍ਰ ਨੂੰ ਸੱਚਾ ਸ਼ਾਸਤ੍ਰ ਕਰਕੇ ਨਹੀਂ ਜਾਣਦਾ, ਹੋਰ ਕਿਸੇ ਸਿਮਰਤੀ ਨੂੰ ਸਚੀ ਸਿਮਰਤੀ ਕਰਕੇ ਨਹੀਂ ਬੁਝਦਾ, ਵਾਹਿਗੁਰੂ ਨਾਮ ਤੋਂ ਬਿਨਾਂ ਕਿਸੇ ਹੋਰ ਪੁਰਾਣ ਨੂੰ ਪੁਰਾਣ ਕਰਕੇ ਨਹੀਂ ਮੰਨਦਾ, ਵਾਹਿਗੁਰੂ ਨਾਮ ਰੂਪੀ ਸੱਚੇ ਕੁਰਾਨ ਤੋਂ ਬਿਨਾਂ ਕਿਸੇ ਹੋਰ ਕੁਰਾਨ ਨੂੰ ਕੁਰਾਨ ਕਰਕੇ ਨਹੀਂ ਮੰਨਦਾ, ਉਹ ਅਸਲ ਨਿਹਕੇਵਲ ਕਰਮ ਕਰੰਮੀ ਹੈ। ਵਾਹਿਗੁਰੂ ਨਾਮ ਨੂੰ ਹੀ ਜਿਸ ਨੇ ਬੰਧਪ ਕਰਕੇ ਜਾਣਿਆ ਹੋਇਆ ਹੈ, ਵਾਹਿਗੁਰੂ ਨਾਮ ਨੂੰ ਹੀ ਜਿਸ ਨੇ ਭਾਈ ਸਖਾ ਸਹਾਈ ਕਰਕੇ ਪਛਾਣਿਆ ਹੋਇਆ ਹੈ, ਵਾਹਿਗੁਰੂ ਨਾਮ ਤੋਂ ਬਿਨਾਂ ਹੋਰ ਕਿਸੇ ਸਾਕ ਰਿਸ਼ਤੇ ਨੂੰ ਨਹੀਂ ਸਿਆਣਦਾ, ਉਹੀ ਦਰ-ਹਕ਼ੀਕ਼ਤ ਸਚੜਾ ਨਿਹਕੇਵਲ-ਕਰੰਮੀਆ ਕਰਮਕਾਰੀ ਹੈ। ਵਾਹਿਗੁਰੂ ਨਾਮ ਦੀ ਹੀ ਅਕਾਂਖਿਆ ਜਿਸ ਨੂੰ ਬਣੀ ਰਹਿੰਦੀ ਹੈ, ਵਾਹਿਗੁਰੂ ਨਾਮ ਸਿਮਰਨ ਦੀ ਹੀ ਜਿਸ ਨੂੰ ਖਿਨ ਖਿਨ ਭੁੱਖ ਲੱਗੀ ਰਹਿੰਦੀ ਹੈ, ਵਾਹਿਗੁਰੂ ਨਾਮ ਤੋਂ ਛੁਟ ਜਿਸ ਦੀ ਹੋਰ ਕੋਈ ਅਕਾਂਖਿਆ ਨਹੀਂ,

ਵਾਹਿਗੁਰੂ ਨਾਮ ਦੀ ਭੁੱਖ ਤੋਂ ਛੁਟ ਜਿਸ ਨੂੰ ਹੋਰ ਕੋਈ ਭੁੱਖ ਨਹੀਂ, ਉਹ ਨਿਹਕੇਵਲ ਪਦ ਵਾਲਾ ਸੱਚਾ ਨਿਹਕਰਮੀ ਸੁਚਿਆਰ ਸਿਖ ਹੈ। ਜਿਸ ਨੂੰ ਵਾਹਿਗੁਰੂ ਨਾਮ ਸਿਮਰਨ ਰੂਪੀ ਤ੍ਰਿਪਤੀ ਤੋਂ ਬਿਨਾਂ ਹੋਰ ਕਿਸੇ ਕਰਮ ਦੇ ਕਰਨ ਕਰਿ ਤ੍ਰਿਪਤੀ ਨਹੀਂ ਆਉਂਦੀ, ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਕਰਮ ਕਰਨ ਵਿਚਿ ਹੀ ਸੱਚੀ ਤ੍ਰਿਪਤੀ ਆਉਂਦੀ ਹੈ, ਓਹੀ ਸਚੜਾ ਨਾਮ ਤ੍ਰਿਪਤਾਸੀਆ ਨਿਹਕੇਵਲ ਕਰਮੀ ਸਿਖ ਸੂਰਮਾ ਹੈ। ਜਿਸ ਨੇ ਕੇਵਲ ਵਾਹਿਗੁਰੂ ਦੇ ਪਾਕ ਨਾਮ ਨੂੰ ਹੀ ਅੰਤ ਸਖਾਈ ਹੋਣ ਵਾਲਾ ਸੱਚਾ ਸਾਕ ਸਮਝਿਆ ਹੋਇਆ ਹੈ, ਉਹੀ ਜਨ ਨਿਹਕੇਵਲ ਕਰਮ ਕਰਨ ਦਾ ਸੱਚਾ ਸ਼ਰਧਾਲੂ ਹੈ। ਜੋ ਵਾਹਿਗੁਰੂ ਨਾਮ ਦਾ ਵਾਪਾਰੀ ਵਾਹਿਗੁਰੂ ਨਾਮ ਦੀ ਰਾਸ ਨੂੰ ਹੀ ਖੱਟਣ ਯੋਗ ਸੱਚੀ ਰਾਸ-ਪੂੰਜੀ ਪਰਖਦਾ ਹੈ ਅਤੇ ਵਾਹਿਗੁਰੂ ਨਾਮ ਦੀ ਰਾਸ ਪੂੰਜੀ ਬਿਨਾਂ ਹੋਰਸ ਰਾਸ ਪੂੰਜੀ ਨੂੰ ਕੂੜਾਵੀ ਰਾਸ ਸਮਝਦਾ ਹੈ, ਇਸ ਅਸਾਰ ਸੰਸਾਰ ਤੋਂ ਚਲਦਿਆਂ ਹੋਇਆਂ ਅੰਤ ਚਲਾਣੇ ਸਮੇਂ (ਕੂਚ ਨਗਾਰਾ ਬਜਣ ਦੇ ਸਮੇਂ) ਸੰਗ ਸਾਥ ਨਾ ਚਲਣ ਵਾਲੀ ਝੂਠੀ ਰਾਸ ਪੂੰਜੀ ਸਮਝਦਾ ਹੈ, ਉਹੀ ਸੱਚੇ ਅਰਥਾਂ ਵਿਚਿ ਨਿਹਕੇਵਲ ਕਰੰਮੀ ਪੁਰਸ਼ ਹੈ। ਜੋ ਜਨ ਕੇਵਲ ਵਾਹਿਗੁਰੂ ਨਾਮ-ਧਨ ਨੂੰ ਸਾਥ ਚੱਲਣ ਵਾਲਾ ਸੱਚਾ ਧਨ ਕਰਕੇ ਪਹਿਚਾਨਦਾ ਹੈ, ਉਹੀ, ਕੇਵਲ ਉਹੀ ਸੱਚੜਾ ਨਿਹਕੇਵਲ ਕਰਮ ਦਾ ਕਰਨ ਕਰਾਵਣਹਾਰਾ ਹੈ। ਜਿਸ ਦੇ ਨਿਕਟ ਹੋਰ ਝੂਠੇ ਕਰਮ ਕਮਾਵਣਹਾਰੇ, ਝੂਠੇ ਕੰਮਾਂ ਵਿਚਿ ਲੱਗਣਹਾਰੇ ਸਭਿ ਝੂਠੇ ਹਨ, ਉਹੀ ਸੱਚਾ ਸੁਚਿਆਰ ਨਿਹਕੇਵਲ ਕਰਮਾਂ ਦਾ ਕਰਮਾਚਾਰੀ ਹੈ। ਜੋ ਇਸ ਪ੍ਰਕਾਰ ਦਾ ਵਿਗਿਆਨੀ ਹੈ ਕਿ ਕਰਮਾਂ ਦੇ ਕਰਮ ਕਮਾਵਨੀ ਸਿਲਸਿਲੇ ਵਿਚਿ ਜੋ ਕੁਛ ਹੋ ਰਿਹਾ ਹੈ, ਉਸੇ ਵਿਚਿ ਵਾਹਿਗੁਰੂ ਦਾ ਸੱਚ-ਰਜ਼ਾਨੀ ਭਾਣਾ ਹੀ ਹੁੰਦਾ ਸਮਝਦਾ ਹੈ ਅਤੇ ਮਨ ਬਚ ਕਰਮ ਕਰਕੇ ਸਮਝਦਾ ਹੈ, ਉਹ ਸੱਚਾ ਨਿਹਕੇਵਲ ਪਦ ਦੇ ਨਿਹਕਰਮ ਪਦ ਤੇ ਪੁਜਿਆ ਹੋਇਆ ਹੈ।

ਇਸ ਉਪਰਲੇ ਸਮੁੱਚੇ ਸਿਧਾਂਤ ਦੀ ਪ੍ਰੋੜ੍ਹਤਾ ਵਿਚਿ ਇਹ ਹੇਠ ਲਿਖਿਆ ਗੁਰਵਾਕ ਪ੍ਰਮਾਣ ਖੂਬ ਫਬਦਾ, ਖੂਬ ਹੀ ਘਟਦਾ ਅਤੇ ਪੂਰਾ ਉਤਰਦਾ ਹੈ। ਦੇਖੋ, ਇਕ ਇਕ ਤੁਕ ਨਾਲਿ ਘਟਾ ਕੇ ਦੇਖੋ। ਯਥਾ ਗੁਰਵਾਕ—

> ਗੂਜਰੀ ਮਹਲਾ ੩ ॥ ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥ ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥ ੧ ॥ ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ ॥ ਗੁਰ ਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵ ਬਨੀ ਜੀਉ ॥ ੧ ॥ ਰਹਾਉ ॥ ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ॥ ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ ॥ ੨ ॥ ਹਰਿ ਬਿਨੁ ਹੋਰ ਰਾਸਿ ਕੂੜੀ ਹੈ ਚਲਦਿਆ ਨਾਲਿ ਨ ਜਾਈ ॥ ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ ਜਹਾ ਹਉ ਜਾਉ ਤਹ ਜਾਈ ॥ ੩ ॥ ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ ॥ ਕਹੈ ਨਾਨਕੁ ਹਰਿ ਕਾ ਭਾਣਾ ਹੋਆ ਕਹਣਾ ਕਛੂ ਨ ਜਾਈ ॥ ੪ ॥ ੨ ॥ ੪ ॥

(ਪੰਨਾ ੪੯੦)

ਅਗਲੇ ਗੁਰ ਪ੍ਰਮਾਣ ਅੰਦਰਿ ਕਰਮ ਅਭਿਮਾਨੀ ਪੰਡਿਤਾਂ ਪ੍ਰਥਾਇ ...

Page 453 www.sikhbookclub.com

ਗੁਰੂ ਨਾਨਕ ਤ੍ਰਿਤੀਏਸ ਜੀ ਸਚੜੇ ਕਲਿਆਣਕਾਰੀ ਨਿਹਕੇਵਲ ਕਰਮ ਨੂੰ ਨਿਰਣਾਉਂਦੇ ਹਨ। ਜਿਸ ਦੁਆਰਾ ਕਿ ਸੱਚੀ ਕਲਿਆਣ ਦਾ ਮਾਰਗ ਖੁਲ੍ਹਦਾ ਹੈ ਅਤੇ ਜਿਸ ਨਿਹਕੇਵਲ ਕਰਮ ਨੂੰ ਕਰ ਕੇ ਸੱਚੀ ਪੰਡਿਤਾਈ ਪ੍ਰਾਪਤਿ ਹੁੰਦੀ ਹੈ। ਯਥਾ ਗੁਰਵਾਕ—

ਗੂਜਰੀ ਮਹਲਾ ੩ ਤੀਜਾ ॥

ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ ॥ ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ ॥ ੧ ॥ ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥ ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥ ੧ ॥ ਰਹਾਉ ॥ ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥ ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥ ੨ ॥ ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥ ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥ ੩ ॥ ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥ ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੈ ਪਿਆਰੁ ॥ ੪ ॥ ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ ॥ ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ ॥ ੫ ॥ ੭ ॥ ੯ ॥

(ਪੰਨਾ ੪੯੨)

ਵਿਆਖਿਆ— ਗੁਰੂ ਤੀਜੀ ਪਾਤਸ਼ਾਹੀ ਫ਼ੁਰਮਾਉਂਦੇ ਹਨ ਕਿ ਗੁਰੂ ਦੁਆਰੇ ਸੱਚੇ ਸਤਿਗੁਰੂ ਪਾਸੋਂ ਸੱਚੀ ਸਿਖਿਆ ਗੁਰ-ਦੀਖਿਆ ਲੈ ਕੇ ਕੇਵਲ ਨਾਮ ਨਿਧਾਨ ਦੀ ਸਿਮਰਨ ਅਭਿਆਸੀ ਕਰਣੀ ਕਮਾਵਣਹਾਰਾ ਨਿਹਕੇਵਲ ਕਰਮੀ ਜਨ ਸੱਚ ਕਰਮਵੰਤ ਅਸਲੀ ਪੰਡਿਤ ਹੈ। ਐਸਾ ਨਿਹਕੇਵਲ ਕਰਮੀ ਪੰਡਿਤ ਜਿਸ ਨੇ ਬਣਨਾ ਹੈ ਸੋ ਨਿਸੰਗ ਬਣ ਲਵੇ। ਨਹੀਂ ਤਾਂ ਹੋਰ ਨਿਰੀਆਂ ਆਨਮਤ ਬੇਦ ਸ਼ਾਸਤ੍ਰ ਪੜ੍ਹਾਈਆਂ ਦੀਆਂ ਪੰਡਿਤਾਈਆਂ ਸਭਿ ਕੂੜੀਆਂ ਕੂੜਾਵੀਆਂ ਪੰਡਿਤਾਈਆਂ ਹੀ ਹਨ। ਨਿਹਕੇਵਲ ਕਰੰਮਣੇ ਗੁਰਮਤਿ ਨਾਮ, ਅੰਮ੍ਰਿਤ ਨਿਧਾਨੀ ਨਾਮ ਦੀ ਪੜ੍ਹਾਈ ਤੋਂ ਛੁਟ ਦੂਜੇ ਭਾਇ ਦੀਆਂ ਜਿਤਨੀਆਂ ਭੀ ਪੜ੍ਹਾਈਆਂ ਹਨ, ਤਿਨ੍ਹਾਂ ਪੜ੍ਹਾਈਆਂ ਦੇ ਪੜ੍ਹੇ ਗੁਣੇ ਤੋਂ ਨਿਰਾ ਦੁਖ ਹੀ ਦੁਖ ਹੁੰਦਾ ਹੈ। ਸੁਖ, ਸੱਚਾ ਸੁਖ ਕਦੇ ਨਹੀਂ ਮਿਲਦਾ। ਸੱਚੜਾ ਸੁਖ ਹੈ ਤਾਂ ਨਾਮ ਨਿਧਾਨੀ ਪੰਡਿਤਾਈ ਦੀ ਨਿਹਕੇਵਲਤਾ ਵਿਚਿ ਹੈ, ਨਹੀਂ ਤਾਂ ਹੋਰ ਕਿਸੇ ਪੜ੍ਹਾਈ ਵਿਚਿ ਸੁਖ ਨਹੀਂ। ਕੀ ਆਨਮੱਤ ਬੇਦਾਂ ਦੀ ਪੜ੍ਹਾਈ, ਕੀ ਆਨਮੱਤ ਸ਼ਾਸਤ੍ਰ ਪੁਰਾਣਾਂ ਸਿਮ੍ਰਿਤੀਆਂ ਦੀ ਪੜ੍ਹਾਈ, ਸਭ ਦੁਖ ਰੂਪ ਹੈ। ਸੱਚੀ ਪੜ੍ਹਾਈ ਦੀ ਸੋਝੀ ਗੁਰ-ਸ਼ਬਦ ਦੁਆਰਾ ਹੁੰਦੀ ਹੈ। ਗੁਰੂ ਦੁਆਰਾ ਸੱਚੀ ਗੁਰ-ਦੀਖਿਆ ਲੈ ਕੇ ਜਿਸ ਸੱਚੀ ਪੜ੍ਹਾਈ, ਸੱਚੜੀ ਇਲਮਾਂ ਸਿਰਿ ਇਲਮੀ ਪੜ੍ਹਾਈ ਦੀ ਸੋਝੀ ਹੁੰਦੀ ਹੈ, ਉਹ ਹੈ ਕੇਵਲ ਗੁਰਮਤਿ ਨਾਮ ਸਿਮਰਨ ਦੀ ਪੜ੍ਹਾਈ। ਅਤੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਜੋ ਹੈ, ਸੋ ਹੈ ਇਸ ਸੱਚੀ ਪੜ੍ਹਾਈ ਦਾ ਪੜ੍ਹਨਾ ਗੁੜ੍ਹਨਾ। ਇਸ ਸੱਚੀ ਪੜ੍ਹਾਈ ਨੂੰ ਪੜ੍ਹ ਗੁਣ ਕੇ, ਅਰਥਾਤ, ਗੁਰਮਤਿ ਨਾਮ ਦੀ ਨਿਹਕੇਵਲ ਕਰਮ ਕਮਾਈ ਕਰਦਿਆਂ ਹੀ ਅਕਾਲ ਪੁਰਖ ਦੀ ਚਰਨ ਸ਼ਰਨਿ ਦੀ ਰਸਾਈ ਹੁੰਦੀ ਹੈ। ਰਸਨ (ਜੀਭ) ਦੁਆਰਾ ਹਰਿ ਰਸ ਚਖਿਆਂ ਮਨੁ ਨਿਰਮਲ ਹੁੰਦਾ ਹੈ।


www.sikhbookclub.com

ਇਉਂ ਸਤਿਗੁਰੂ ਦੇ ਮਿਲਿਆਂ, ਸਤਿਗੁਰੂ ਨੂੰ ਮਿਲ ਕੇ ਸਤਿਗੁਰੂ ਤਾਂ ਗੁਰ-ਦੀਖਿਆ ਪ੍ਰਾਪਤ ਕਰਕੇ ਤੇ ਗੁਰ-ਦੀਖਿਆ-ਦੀਖਨੀ ਨਿਹਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਕੀਤਿਆਂ ਮਨੁ ਸੰਤੋਖੀਦਾ ਹੈ, ਭਾਵ ਮਨ ਨੂੰ ਸਚੀ ਸੰਤੁਸ਼ਟਤਾ ਪ੍ਰਾਪਤਿ ਹੁੰਦੀ ਹੈ। ਐਸੀ ਸੰਤੁਸ਼ਟਤਾ ਕਿ ਮੁੜ ਕੇ ਕਿਸੇ ਪਦਾਰਥ ਦੇ ਭੁੰਚਣ ਦੀ ਤ੍ਰਿਸ਼ਨਾ ਭੁੱਖ ਨਹੀਂ ਰਹਿੰਦੀ। ਗੁਰੂ ਦੁਆਰਿਓਂ ਸੱਚੀ ਪਰਦਾਨਣੀ ਨਾਮ ਨਿਧਾਨੀ ਨਿਧੀ ਪਾ ਕੇ ਫੇਰ ਗੁਰੂ ਘਰ ਤੋਂ ਬਿਨਾਂ ਪਰਾਏ ਘਰ ਦਾ ਆਸਰਾ ਤਕਣਾ ਮੁਕ ਜਾਂਦਾ ਹੈ।

ਮੂੰਹ ਜ਼ਬਾਨੀ ਦੀ ਕਥਨੀ ਬਦਨੀ ਵਾਲੀਆਂ ਬੇਦ ਸਿਮ੍ਰਿਤੀ ਸ਼ਾਸਤ੍ਰਾਂ ਆਦਿਕ ਦੀਆਂ ਕੂੜਾਵੀਆਂ ਪੜ੍ਹਾਈਆਂ ਪੜ੍ਹਨ ਗੁਣਨ ਨਾਲਿ ਮੁਨਮੁਖਾਂ ਦੀ ਭੁੱਖ ਨਹੀਂ ਜਾਂਦੀ। ਨਿਰੀ ਮਨ-ਮੁਖਤਾਈ ਹੀ ਪੱਲੇ ਰਹਿ ਜਾਂਦੀ ਹੈ। ਆਨਮਤ ਧਰਮ-ਪੁਸਤਕਾਂ ਪੰਡਿਤਾਈ ਵਾਲੀ ਪੜ੍ਹਾਈ ਨਿਰੀ ਮਨਮੁਖਤਾਈ ਹੀ ਉਪਜਾਉਂਦੀ ਹੈ। ਏਹਨਾਂ ਬੇਦਾਂ ਸ਼ਾਸਤ੍ਰਾਂ ਆਦਿ ਆਨਮਤ ਪੁਸਤਕਾਂ ਨੂੰ ਪੜ੍ਹਿਆਂ ਮਨਮੁਖ ਹੀ ਬਣੀਦਾ ਹੈ। ਸੱਚੇ ਪ੍ਰਮਾਰਥ ਦੀ, ਪਰਮਾਤਮਾ ਦੇ ਤੱਤ ਮਾਰਗ ਦੀ ਸੂਝ ਬੂਝੀ ਨਹੀਂ ਹੁੰਦੀ। ਇਹ ਸੱਚੀ ਸੂਝ ਬੂਝੀ ਗੁਰਮਤਿ ਨਾਮ ਪਾਏ, ਗੁਰਮਤਿ ਨਾਮ ਧਿਆਏ ਕਮਾਏ ਤੋਂ ਹੀ ਹੁੰਦੀ ਹੈ। ਅਤੇ ਐਸੀ ਹੁੰਦੀ ਹੈ ਕਿ ਘਟ ਅੰਦਰਿ ਜੋਤੀਸ਼ਰ ਪਰਮਾਤਮਾ ਦਾ ਜੋਤਿ-ਚਾਨਣਾ ਸਫੁਟ ਪ੍ਰਕਾਸ਼ਨਾ ਹੋ ਜਾਂਦਾ ਹੈ। ਭਾਵ, ਪ੍ਰਕਾਸ਼ ਹੋ ਆਉਂਦਾ ਹੈ। ਜੋਤਿ ਪ੍ਰਕਾਸ਼ਨੇ ਪ੍ਰਚੰਡ ਗਿਆਨ ਦੀ ਪਹੁ ਫੁਟ ਆਉਂਦੀ ਹੈ ਅਤੇ ਅਗਿਆਨ-ਅੰਧਾਰੇ ਦੀ ਕਾਲੀ ਬੋਲੀ ਰਾਤ੍ਰੀ ਦੀ ਮੱਸਿਆ ਮਿਟ ਜਾਂਦੀ ਹੈ।

ਐਸੇ ਪ੍ਰਚੰਡ ਗਿਆਨ ਵਿਦਿਆ ਪ੍ਰਕਾਸ਼ਨੇ ਗੁਰਮਤਿ ਨਾਮਿ ਨਿਧਾਸਨੇ ਸੱਚੇ ਬੇਦ ਸ਼ਾਸਤ੍ਰਾਂ ਨੂੰ ਕੂੜਾਵੇ ਆਨਮਤ ਬੇਦ ਸ਼ਾਸਤ੍ਰਾਂ ਦੀਆਂ ਕੂੜਾਵੀਆਂ ਪੜ੍ਹਾਈਆਂ ਪੜ੍ਹਨਹਾਰੇ ਕੂੜ-ਮੱਤੇ ਪੰਡਿਤ ਨਾ ਪੜ੍ਹਦੇ ਹਨ, ਨਾ ਸੁਣਦੇ ਹਨ, ਨਾ ਮੰਨਦੇ ਹਨ, ਨਾ ਬੁਝਦੇ ਹਨ। ਪੜ੍ਹਿ ਸੁਣਿ ਮੰਨ ਬੁਝ ਸਕਦੇ ਹੀ ਨਹੀਂ, ਜਦ ਤਾਈਂ ਗੁਰੂ ਦੀ ਸ਼ਰਨਿ ਨਾ ਆਉਣ ਅਤੇ ਗੁਰੂ ਦੁਆਰਿਓਂ ਗੁਰ-ਦੀਖਿਆ ਲੈ ਕੇ ਉਸ ਗੁਰ-ਦੀਖਿਆ ਨੂੰ ਨਾ ਕਮਾਉਣ। ਤਾਂ ਹੀ ਤੇ ਉਹ ਮੂਰਖ ਮਨਮਤੀਏ ਮਨਮੁਖ ਲੋਗ ਸ਼ੁਤਰੇ-ਬੇਮੁਹਾਰ (ਬੇਮੁਹਾਰੇ ਉਠ ਵਾਂਗੂੰ) ਦਰ ਬ-ਦਰ ਭਟਕਦੇ ਫਿਰਦੇ ਹਨ ਅਤੇ ਮਨੁਖਾ ਜਨਮ ਦੇ ਅੰਤ ਹੋਣ ਪਰ ਉਹ ਜੋਨੀਆਂ ਵਿਚਿ ਭਰਮਣਗੇ। ਮੂਰਖ ਸੋ ਹੈ ਜੋ ਆਪਣਾ ਮੂਲ ਨਹੀਂ ਪਛਾਣਦਾ। ਆਪਣੇ ਆਪ ਨੂੰ ਜੋਤਿ ਸਰੂਪ ਆਤਮ ਦੀ ਅੰਸ ਨਾ ਸਮਝਣ ਵਾਲਾ ਮਨਮੁਖ ਮਨਮਤੀਆ ਪੁਰਸ਼ ਮਹਾਂ ਮੂਰਖ ਹੈ। ਬਾਹਲੀ ਮੂਰਖਤਾ ਉਸ ਦੀ ਇਹ ਹੈ ਕਿ ਉਹ ਜੋਤੀਸ਼ ਪਰਮਾਤਮਾ ਪ੍ਰੀਤਮ ਸੱਚੇ ਵਾਹਿਗੁਰੂ ਦੀ ਪ੍ਰੇਮ-ਪਿਆਰ ਰੂਪੀ ਸੱਚੀ ਸ਼ਰਧਾ ਨੂੰ ਰਿਦੈ ਨਹੀਂ ਉਰਿਧਾਰਦਾ। ਸੱਚੇ ਵਾਹਿਗੁਰੂ ਨੂੰ ਭੀ ਅਜੇ ਮਨਜ਼ੂਰ ਨਹੀਂ ਕਿ ਪਰਮਾਤਮਾ ਦੀ ਪ੍ਰਾਪਤੀ ਦਾ ਸੱਚਾ ਮਾਰਗ ਤਿਨ੍ਹਾਂ ਮਨਮੁਖ ਮੂਰਖਾਂ ਨੂੰ ਸੁਝ ਸਕੇ। ਵਾਹਿਗੁਰੂ ਸੱਚੇ ਨੂੰ ਇਹੀ ਮਨਜ਼ੂਰ ਹੈ ਕਿ ਤਿਨ੍ਹਾਂ ਨੂੰ ਮਨਮੁਖਤਾ ਦੀ ਸਜ਼ਾ ਹੋਰ ਭੁਗਤਾਈ ਜਾਏ। ਇਸ ਕਰਕੇ ਉਹਨਾਂ ਨੂੰ ਆਪ ਭਾਣੇ ਦੇ ਮਾਲਕ ਵਾਹਿਗੁਰੂ ਨੇ ਸੱਚੇ ਮਾਰਗ ਤੇ ਭ੍ਰਮਾਇ ਡਹਿਕਾਇ ਛਡਿਆ ਹੈ। ਵਾਹਿਗੁਰੂ ਦੇ ਭਾਣੇ ਦੀ ਗਹਿਣਗਤਿ ਕੁਛ ਨਹੀਂ ਕਥੀ ਜਾ ਸਕਦੀ। ਜੋ ਉਸ ਨੂੰ ਭਾਉਂਦਾ ਹੈ, ਜਿਵੇਂ ਉਸ ਦੀ ਰਜ਼ਾ ਹੈ ਤਿਵੇਂ ਹੀ ਜੀਵਾਂ ਨੂੰ ਚਲਾਉਂਦਾ ਭਟਕਾਉਂਦਾ ਹੈ। ਪਰ ਪੂਰੇ ਨਿਆਉਂ ਇਨਸਾਫ਼ ਪਰ ਹੀ ਉਸ ਦੀ ਇਹ ਭਾਣੇ ਦੀ ਰਜ਼ਾ ਹੈ।

**ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨ ੧ਓ ਸਤਿਗੁਰ ਪ੍ਰਸਾਦਿ ॥ ਬਿਨੁ**


www.sikhbookclub.com

ਦੇਖੇ ਉਪਜੈ ਨਹੀ ਆਸਾ ॥ ਜੋ ਦੀਸੈ ਸੋ ਹੋਇ ਬਿਨਾਸਾ ॥ ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥ ੧ ॥ ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥ ੧ ॥ ਰਹਾਉ ॥ ਸੋ ਮੁਨਿ ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕਿ ਸਮਾਇ ॥ ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥ ੨ ॥ ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥ ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥ ੩ ॥ ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥ ਕਹਿ ਰਵਿਦਾਸ ਪਰਮ ਬੈਰਾਗ ॥ ਰਿਦੈ ਰਾਮੁ ਕੀ ਨ ਜਪਸਿ ਅਭਾਗ ॥ ੪ ॥ ੧ ॥

(ਪੰਨਾ ੧੧੬੭)

ਵਿਆਖਿਆ— ਕਿਸੇ ਪਦਾਰਥ ਦੀ ਪ੍ਰਾਪਤੀ ਦੀ ਆਸ ਪਿਆਸ ਤਾਂ ਲੱਗਦੀ ਹੈ ਜੇ ਉਸ ਪਦਾਰਥ ਨੂੰ ਪਹਿਲਾਂ ਅਖੀਂ ਦੇਖਿਆ ਹੋਵੇ। ਦੇਖੇ ਬਿਨਾਂ ਆਸ ਉਪਜਦੀ ਹੀ ਨਹੀਂ, ਪਿਆਸ ਲੱਗਦੀ ਹੀ ਨਹੀਂ। ਪਿਆਰ ਪੈਂਦਾ ਹੈ ਤਾਂ ਉਸ ਸੂਰਤਿ ਮੂਰਤਿ ਨਾਲਿ ਪੈਂਦਾ ਹੈ ਜੋ ਇਕ ਵਾਰ ਅਖੀਂ ਦੇਖੀ ਹੋਵੇ। ਦ੍ਰਿਸਟ ਗੋਚਰੀ ਹੋ ਗਈ ਹੋਵੇ, ਚਾਹੇ ਚਮਤਕਾਰ ਮਾਤ੍ਰ ਹੀ ਦੇਖੀ ਗਈ ਹੋਵੇ। ਦ੍ਰਿਸਟਮਾਨ ਸੂਰਤਿ ਮੂਰਤਿ ਨਾਲਿ, ਦ੍ਰਿਸਟਮਾਨ ਪਦਾਰਥ ਨਾਲਿ ਪਿਆਰ ਪਾਉਣਾ ਗੁਰਮਤਿ ਪ੍ਰਤਿਕੂਲ ਹੈ। ਕਿਉਂਕਿ ਜੋ ਭੀ ਮੂਰਤਿਮਾਨ ਸੂਰਤਿ ਜਾਂ ਜੋ ਭੀ ਸੂਰਤਿ ਸ਼ਕਲ ਵਾਲੀ ਮੂਰਤਿ ਵਜੂਦ ਮੂਰਤੀ ਦਿਸਦੀ ਹੈ (ਦ੍ਰਿਸਟਮਾਨ ਹੈ), ਪੰਜ ਭੂਤਕ ਅੱਖੀਆਂ ਦਾ ਵਿਸ਼ਾ ਹੈ, ਉਹ ਸਭ ਬਿਨਾਸਮਾਨ ਹੈ। ਅਤੇ ਉਸ ਨਾਲਿ ਪਿਆਰ ਪਾਉਣਾ ਅਤੇ ਪ੍ਰੇਮ ਲਾਉਣਾ ਭੀ ਨਿਰੀ ਅਗਿਆਨਤਾ ਭਰੀ ਮੂਰਖਤਾ ਹੈ। ਪਾਰਬ੍ਰਹਮ ਅਦ੍ਰਿਸ਼ਟ ਅਗੋਚਰਾ ਪਰਮਾਤਮਾ ਦ੍ਰਿਸਟੀ ਗੋਚਰਾ ਨਹੀਂ, ਦ੍ਰਿਸਟੀ ਤੋਂ ਅਗੋਚਰਾ ਹੈ। ਉਸ ਨਾਲਿ ਪਿਆਰ ਪਵੇ ਤਾਂ ਕਿਵੇਂ ਪਵੇ, ਪ੍ਰੇਮ ਲੱਗੇ ਤਾਂ ਕਿਵੇਂ ਲੱਗੇ। ਕਿਸੇ ਦ੍ਰਿਸਟਮਾਨ ਮੂਰਤਿ ਸੂਰਤਿ ਨੂੰ ਅਗੇ ਰਖ ਕੇ, ਦ੍ਰਿਸਟੀ ਗੋਚਰਾ ਰਖ ਕੇ, ਅੱਖੀਆਂ ਦੇ ਸਾਹਮਣੇ ਸਨਮੁਖ ਰਖ ਕੇ ਅਦ੍ਰਿਸ਼ਟ ਅਗੋਚਰ ਪਰਮਾਤਮਾ ਦਾ ਧਿਆਨ ਕਿਵੇਂ ਧਰਿਆ ਜਾ ਸਕਦਾ ਹੈ? ਕਦਾਚਿਤ ਨਹੀਂ ਧਰਿਆ ਜਾ ਸਕਦਾ। ਦ੍ਰਿਸਟਹਾਰੀ ਸੂਰਤਿ ਮੂਰਤਿ ਦਾ ਧਿਆਨ ਧਰਿਆਂ ਅਦ੍ਰਿਸ਼ਟ ਪਰਮਾਤਮਾ ਪੂਰਨ ਪਾਰਬ੍ਰਹਮ ਨਾਲਿ ਕਿਵੇਂ ਪਿਆਰ ਪੈ ਸਕਦਾ ਹੈ? ਕਿਵੇਂ ਭੀ ਨਹੀਂ, ਕਦਾਚਿਤ ਨਹੀਂ ਪੈ ਸਕਦਾ। ਸਗੋਂ ਜਿਸ ਦ੍ਰਿਸ਼ਟਹਾਰ ਸੂਰਤਿ ਮੂਰਤਿ ਨੂੰ ਨੀਝ ਧਿਆਨ ਲਾ ਕੇ ਦੇਖਿਆ ਨੀਝੇਖਿਆ ਜਾਂਦਾ ਹੈ, ਉਸੇ ਨਾਲਿ ਪਿਆਰ ਪੈ ਜਾਂਦਾ ਹੈ। ਉਹੀ ਸੂਰਤਿ ਮੂਰਤਿ ਪਿਆਰੀ ਲੱਗਣ ਲੱਗ ਜਾਂਦੀ ਹੈ। ਅੱਵਲ ਤਾਂ ਉਸੇ ਸੂਰਤਿ ਮੂਰਤਿ ਦਾ ਧਿਆਨ ਧਰ ਹੁੰਦਾ ਹੈ ਜਾਂ ਉਸੇ ਸੂਰਤਿ ਮੂਰਤਿ ਨੂੰ ਨੀਝ ਲਾ ਕੇ ਦੇਖਣ ਨੂੰ ਜੀਉ ਕਰਦਾ ਹੈ, ਜਿਸ ਨਾਲਿ ਪਹਿਲਾਂ ਹੀ ਪਿਆਰ-ਲਗਨ ਲੱਗੀ ਹੋਈ ਹੋਵੇ, ਪਹਿਲਾਂ ਹੀ ਪਿਆਰ ਪਿਆ ਵਿਆ ਹੋਵੇ। ਨਹੀਂ ਤਾਂ ਉਸ ਵਲ ਦੇਖਣ ਨੀਝ ਲਾਉਣ ਨੂੰ ਹੀ ਜੀਉ ਨਹੀਂ ਕਰਦਾ। ਇਸ ਦ੍ਰਿਸਟਮਾਨ ਤ੍ਰੈ ਗੁਣੀ ਮਾਇਆ ਵਾਲੇ ਸੰਸਾਰ ਦੀਆਂ ਦੇਖਣ ਪਾਖਣ ਨੂੰ ਜਿੰਨੀਆਂ ਭੀ ਸੁੰਦਰ ਸੋਹਣੀਆਂ ਸੂਰਤਾਂ ਮੂਰਤਾਂ ਹਨ, ਉਹ ਸੋਹਣੀਆਂ ਹੋਣ ਕਰਕੇ ਮਨ ਨੂੰ ਮੋਹ ਲੈਂਦੀਆਂ ਹਨ। ਫੇਰ ਇਹੀ ਮਨ-ਮੋਹਣੀਆਂ ਸੂਰਤਾਂ ਮੂਰਤਾਂ ਪਿਆਰੀਆਂ ਲੱਗਣ ਲੱਗ ਪੈਂਦੀਆਂ ਹਨ। ਇਸ ਮਨਮੋਹਣੀ ਲਗਨ ਨੂੰ ਪਿਆਰ ਨਹੀਂ ਕਹਿ

ਸਕਦੇ। ਇਹ ਮੋਹ ਹੈ, ਪਿਆਰ ਨਹੀਂ। ਮੋਹ ਭੀ ਮਾਇਕ ਮੋਹ ਹੈ, ਕਿਉਂਕਿ ਜਿਤਨੀਆਂ ਭੀ ਸੁੰਦਰ ਮੋਹਣੀਆਂ ਸ਼ਕਲਾਂ ਸੂਰਤਾਂ ਅਤੇ ਮਨ-ਮੋਹਣੀਆਂ ਮੂਰਤਾਂ ਦ੍ਰਿਸਟ ਵਿਚਿ ਆਉਂਦੀਆਂ ਹਨ, ਸਭ ਮਾਇਆ ਦੀਆਂ ਚਿਤਰ ਬਚਿਤਰ ਪੁਤਲੀਆਂ ਹੀ ਹਨ। ਇਹਨਾਂ ਵਿਚਿ ਖੁਭਿਆ ਮੋਹਿਆ ਮਨ ਉਤਾਹਾਂ ਤਦ ਉਭਰੇ ਜੇ ਏਦੂੰ ਭੀ ਅਧਿਕ ਸੁੰਦਰ ਸੋਹਣੀ ਮੂਰਤਿ ਸ਼ਕਲ ਸੂਰਤਿ ਦ੍ਰਿਸਟੀ ਦਾ ਵਿਸ਼ਾ ਬਣੇ। ਇਸ ਦ੍ਰਿਸਟਮਾਨ ਕਾਲ ਚੱਕਰ ਵਿਚਿ ਆਈਆਂ ਅਨੇਕਾਂ ਸੁੰਦਰ ਸੋਹਣੀਆਂ ਸ਼ਕਲਮੰਦ ਸੂਰਤਾਂ ਮੂਰਤਾਂ ਇਕ ਦੂੰ ਇਕ ਵਧ ਸੋਹਣੀਆਂ, ਇਕ ਦੂੰ ਇਕ ਵਧ ਸੁੰਦਰ ਅਤੇ ਇਕ ਦੂੰ ਇਕ ਵਧ ਸ਼ਕਲਮੰਦ ਹਨ। ਜਿਸ ਦ੍ਰਿਸਟਮਾਨ ਸੂਰਤੀ ਮੂਰਤੀ ਸ਼ਕਲੂਰਤੀ ਦੀ ਵਧੇਰੀ ਸੁੰਦਰਤਾ ਤੇ ਸੁਹੱਪਣ ਹੈ, ਉਸ ਨਾਲਿ ਮਾਇਆ ਮੋਹ ਵਾਲੀ ਅਦਿੱਬਯ ਦ੍ਰਿਸਟੀ ਦੀ ਵਧੇਰੀ ਲਗਨ ਲੱਗ ਜਾਂਦੀ ਹੈ ਅਤੇ ਦੇਖਣ ਵਾਲੇ ਦਾ ਵਧੇਰਾ ਮੋਹ ਪਿਆਰ ਪੈ ਜਾਂਦਾ ਹੈ। ਸਭ ਤੋਂ ਵਧੇਰੀ ਸੁੰਦਰ, ਸਭ ਤੋਂ ਵਧ ਕੇ ਮੋਹਣੀ ਅਤੇ ਸ਼ਕਲਵੰਦ ਸੂਰਤੀ ਮੂਰਤੀ ਨਾਲਿ ਸਭ ਤੋਂ ਵਧੇਰਾ ਮੋਹ ਪਿਆਰ ਪੈ ਜਾਂਦਾ ਹੈ। ਪਰ ਕਿਤਨੀਆਂ ਮੋਹਣੀਆਂ ਵਧ ਵਧੇਣੀਆਂ ਸੁੰਦਰ ਮੂਰਤੀਆਂ ਸ਼ਕਲਵੰਦ ਸੂਰਤਾਂ ਹੋਣ, ਓੜਕ ਇਕ ਦਿਨ ਐਸਾ ਆਉਂਦਾ ਹੈ ਅਤੇ ਜ਼ਰੂਰ ਆਉਂਦਾ ਹੈ ਕਿ ਤਿਨ੍ਹਾਂ ਦੀ ਸੁੰਦਰਤਾ, ਤਿਨ੍ਹਾਂ ਦਾ ਸੁਹੱਪਣ ਸੋਹਣਾਪਨ ਜ਼ਵਾਲ ਪਜ਼ੀਰ ਹੋ ਜਾਂਦਾ ਹੈ। ਐਸਾ ਜ਼ਵਾਲ ਆਉਂਦਾ ਹੈ ਕਿ ਹੁਸਨ ਜਮਾਲ ਘਟਦਾ ਘਟਦਾ ਘਟ ਹੀ ਜਾਂਦਾ ਹੈ। ਜਿਉਂ ਜਿਉਂ ਘਟਦਾ ਹੈ, ਪਿਆਰ ਮੋਹ ਵਾਲਿਆਂ ਦਾ ਮੋਹ ਪਿਆਰ ਭੀ ਹਟਦਾ ਹਟਦਾ ਉੱਕਾ ਹੀ ਹਟ ਜਾਂਦਾ ਹੈ। ਤਾਂ ਤੇ ਹਰ ਸੂਰਤਿ ਵਿਚਿ ਅੰਤੀ ਅਉਸਰਿ ਅੰਤਕਾਲ ਦ੍ਰਿਸਟਮਾਨ ਹੋਛੇ ਹੁਸਨ ਜਮਾਲ ਨੂੰ ਭੀ ਜ਼ਵਾਲ ਹੀ ਹੈ ਅਤੇ ਸਾਥ ਹੀ ਹੋਛੇ ਪਿਆਰ ਨੂੰ ਭੀ ਜ਼ਵਾਲ ਹੈ। ਇਹ ਦੋਨੋਂ ਹੀ ਬਿਨਸਨਹਾਰ ਹਨ।

ਪ੍ਰੰਤੂ ਜਿਸ ਮੁਹੱਕਕ ਪਿਆਰ-ਪ੍ਰਸਤ ਅੰਦਰਿ ਹਕੀਕ਼ੀ ਪਿਆਰ ਦੀ ਕੁਦਰਤੀ ਅੰਸ ਹੈ ਉਸ ਨੂੰ ਦ੍ਰਿਸਟਮਾਨ ਨਾਲਿ ਤਾਂ ਪਿਆਰ ਨਾ ਰਹੇਗਾ, ਪਰ ਉਸ ਨੂੰ ਦ੍ਰਿਸਟਮਾਨ ਸੁਹੱਪਣ ਸੁੰਦਰਤਾ ਦੀ ਤਹਿ ਵਿਚਿ ਇਕ ਅਦ੍ਰਿਸ਼ਟ ਬਿਨਾਸ-ਰਹਿਤ ਅਕਾਲ-ਸ੍ਰਿਸ਼ਤ ਹਕ-ਹਕੀਕ਼ੀ ਅਪਾਰ ਅਤੇ ਅਟੱਲ ਸੁੰਦਰਤਾ ਦੇ ਸੋਮੇ ਹੁਸਨਲ ਵਜੂਦ ਮੁਜੱਸਮ ਸੁੰਦਰਤਾ ਦੀ ਹੋਂਦ ਜ਼ਰੂਰ ਪ੍ਰਤੀਤ ਹੋਵੇਗੀ, ਭਾਵੇਂ ਅਨਭਵ ਮਾਤਰ ਹੀ ਪ੍ਰਤੀਤ ਹੋਵੇ। ਜਿਸ ਦਾ ਮੂਰਤਿ ਪ੍ਰਤਿਬਿੰਬੀ ਇਹ ਦ੍ਰਿਸ਼ਟਮਾਨ ਸੁਹੱਪਣ ਹੈ ਅਤੇ ਪ੍ਰਤਿਬਿੰਬ ਹੋਣ ਕਰਕੇ ਬਿਨਾਸਮਾਨ ਹੈ ਤੇ ਬਿਨਸ ਜਾਂਦਾ ਹੈ। ਇਸ ਅਦ੍ਰਿਸ਼ਟ ਪਿਆਰ ਅੰਸੀ ਆਤਮਾ ਨੂੰ ਅਦ੍ਰਿਸ਼ਟ ਮੂਰਤੀ ਪਰਮਾਤਮਾ ਦੀ ਭਾਲ-ਤ੍ਰਿਖਾ ਮਿਟੇਗੀ ਨਹੀਂ, ਚਾਹੇ ਸੂਖਮ ਤੋਂ ਸੂਖਮ ਹੋਵੇ, ਮਧਮ ਤੋਂ ਮਧਮ ਹੋਵੇ। ਉਕਤ ਅੰਸ ਮਾਤਰੀ ਪ੍ਰੀਤਿ ਟਿਮਟਿਮਾਉਂਦੀ ਜ਼ਰੂਰ ਰਹੇਗੀ। ਇਸ ਸੂਖਮ ਪਿਆਰ-ਅੰਸੀ ਆਤਮਾ ਵਾਲੇ ਵਡਭਾਗੇ ਜਨ ਨੂੰ ਜਦੋਂ ਭੀ ਪਾਰਸ-ਰਸਾਇਣੀ ਅੰਮ੍ਰਿਤ ਰੂਪ ਗੁਰਬਾਣੀ ਦੇ ਸੁਪਰਸਨ ਦਾ ਸੁਭਾਗ ਪ੍ਰਾਪਤਿ ਹੋਵੇਗਾ, ਤਦੋਂ ਹੀ ਤਤਕਾਲ ਉਸ ਵਡਭਾਗੇ ਪ੍ਰੀਤ-ਮੁਤਲਾਸ਼ੀ ਪ੍ਰੇਮ ਵਾਪਾਰੀ ਜਨ ਨੂੰ ਅਦ੍ਰਿਸ਼ਟ ਪ੍ਰੀਤਮ ਪਰਮਾਤਮਾ ਦੀ ਦਰਸ-ਮਿਲਾਪੀ ਖੋਜ-ਲਿੱਲ, ਭਾਲ-ਲਿੱਲ ਲੱਗ ਜਾਵੇਗੀ, ਕਿਉਂਕਿ ਗੁਰਬਾਣੀ ਅੰਦਰਿ (ਕੇਵਲ ਗੁਰਬਾਣੀ ਅੰਦਰਿ) ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਪਰਮੇਸ਼ਰ ਸਚੇ ਪ੍ਰੀਤਮ ਨਾਲਿ ਪ੍ਰੇਮ ਪਾਉਣ ਦੀ ਅਤੇ ਪ੍ਰੇਮ ਪਾ ਕੇ ਗੁਪਤ ਪ੍ਰੀਤਮ ਨੂੰ ਪ੍ਰਗਟਾਉਣ ਦਰਸਾਉਣ ਦੀ ਸੱਚੀ ਗੁਰਮਤਿ ਬਿਧੀ ਜੁਗਤੀ ਭਰਪੂਰ ਹੈ। ਵਿਛੜੇ ਆਤਮ ਪਰਮਾਤਮ ਦੀ ਸੰਧੀ ਮਿਲਾਉਣ, ਵਿਛੜੇ ਆਤਮਾ ਨੂੰ ਪਰਮਾਤਮਾ ਨਾਲਿ ਮਿਲਾਉਣ, ਅਦ੍ਰਿਸ਼ਟ ਅਗਮ ਅਗੋਚਰ ਪ੍ਰੀਤਮ ਦੇ ਦਰਸਾਉਣ ਦਾ ਇਕੋ ਇਕ ਵਸੀਲਾ (ਜ਼ਰੀਆ)


www.sikhbookclub.com

ਗੁਰਬਾਣੀ ਅੰਦਰਿ ਹੀ ਲਭਦਾ ਹੈ ਅਤੇ ਦਰਸ-ਮਿਲਾਪ ਦੀ ਲੱਗੀ ਹੋਈ ਸੱਚੀ ਲਿੱਲ ਵਾਲੇ ਸੱਚੇ ਮੁਤਲਾਸ਼ੀ, ਖੋਜੀ ਅਧਿਕਾਰੀ ਨੂੰ ਹੀ ਲਭਦਾ ਹੈ। ਪਰਮਾਤਮ ਦਰਸ-ਮਿਲਾਪ ਦੇ ਸੱਚੇ ਪ੍ਰੇਮੀਆਂ, ਹਕੀਕੀ ਮੁਤਲਾਸ਼ੀਆਂ ਨੂੰ ਜੋ ਗੁਰਬਾਣੀ ਅੰਦਰਿ ਦਰਸਾਏ ਇਸ ਸੂਝ ਭਾਵ ਦੀ ਗਿਆਤ (ਅਨਮਾਨ ਮਾਤਰੀ ਗਿਆਤ) ਹੁੰਦੀ ਹੈ ਕਿ ਪਰਮਾਤਮਾ ਹੈ, ਪਰ ਅਦ੍ਰਿਸ਼ਟ ਅਗੋਚਰ ਹੈ, ਅਦ੍ਰਿਸ਼ਟ ਅਗੋਚਰ ਹੁੰਦਾ ਹੋਇਆ ਸਰਬ ਬਿਆਪਕ ਘਟ ਘਟ ਅੰਦਰਿ ਬਿਰਾਜਮਾਨ ਹੈ, ਤਾਂ ਉਸ ਦੀ ਇਹ ਅਨੁਮਾਨ ਮਾਤਰੀ ਗਿਆਤ ਪਰਮਾਤਮਾ ਦੇ ਤੱਤ ਗਿਆਨ, ਪ੍ਰਚੰਡ ਗਿਆਨ ਦੀ ਸੂਚਕ ਨਹੀਂ। ਉਸ ਨੂੰ ਪਰਮਾਤਮਾ ਦੀ ਹੋਂਦ-ਹਸਤੀ ਦਾ ਅਨੁਮਾਨ ਤਾਂ ਹੋ ਜਾਂਦਾ ਹੈ ਅਤੇ ਪਰਮਾਤਮਾ ਦੀ ਸਰਬ ਵਿਆਪਕਤਾ, ਘਟਿ ਘਟਿ ਵਿਆਪਕਤਾ ਦਾ ਗੁਰਮਤਿ ਅਸੂਲ-ਆਦਰਸ਼ ਮਾਤਰੀ ਅਨੁਮਾਨ ਤਾਂ ਹੋ ਜਾਂਦਾ ਹੈ, ਪ੍ਰੰਤੂ ਤੱਤ ਸ਼ਰਧਾ ਪੂਰਤਿ ਸਚੜਾ ਗਿਆਨ ਵਿਸ਼ਵਾਸ ਨਿਸਚਾ ਪਰਮਾਤਮਾ ਦੀ ਹੋਂਦ (ਹਸਤੀ) ਦਾ ਅਤੇ ਉਸ ਦੇ ਘਟਿ ਘਟਿ ਦਰਸੀ ਸਰਬ ਨਿਵਾਸੀ ਹੋਣ ਦਾ ਓਦੋਂ ਹੀ ਬਝਦਾ ਹੈ ਜਦੋਂ ਦ੍ਰਿਸ਼ਟੀਓਂ ਅਗੋਚਰਾ ਪਾਰਬ੍ਰਹਮ ਪਰਮਾਤਮਾ ਪ੍ਰੀਤਮ ਦ੍ਰਿਸ਼ਟੀ ਗੋਚਰ ਪਰਤੱਖ ਹੁੰਦਾ ਹੈ। ਪਰ ਦ੍ਰਿਸ਼ਟੀ ਗੋਚਰਾ ਪਰਤੱਖ ਓਦੋਂ ਹੁੰਦਾ ਹੈ ਜਦੋਂ ਉਸ ਨੂੰ ਗੁਰੂ ਘਰ ਵਿਚੋਂ ਗੁਰੂ ਦੁਆਰਾ ਗੁਰ-ਦੀਖਿਆ ਮਿਲਣ ਕਰਿ ਪਾਰਬ੍ਰਹਮ ਅਦ੍ਰਿਸ਼ਟ ਅਗੋਚਰ ਪਰਮਾਤਮਾ ਦੇ ਪਰਸਣ ਦੀ ਪਾਰਸ-ਵੱਟੀ ਮਿਲਦੀ ਹੈ, ਪਾਰਸ-ਰਸਾਇਣੀ ਅੰਮ੍ਰਿਤ-ਨਾਮ ਦੀ ਕੀਮੀਆਈ ਗੁੜ੍ਹਤੀ ਮਿਲਦੀ ਹੈ। ਕਈਆਂ ਅਤਿ ਵਡਭਾਗੀਆਂ ਨੂੰ ਤਾਂ ਗੁੜ੍ਹਤੀ ਮਿਲਣ ਸਾਰ ਹੀ ਜਗਦੀਸ਼ ਜੋਤੀਸ਼ ਪਰਮਾਤਮਾ ਪਰਗਟ ਪਾਹਾਰੇ ਜਾਪਣ ਲੱਗ ਪੈਂਦਾ ਹੈ। ਤੁਰਤ ਫੁਰਤੀ ਹੀ ਜਗਦੀਸ਼ ਜੋਤਿ ਉਸ ਦੇ ਘਟ ਅੰਦਰਿ ਜਗਣ ਲੱਗ ਪੈਂਦੀ ਹੈ। ਕਈਆਂ ਨੂੰ ਪਾਰਸ-ਕੀਮੀਆਈ ਕਮਾਈ ਕੀਤਿਆਂ ਪਾਰਬ੍ਰਹਮ ਪਰਮਾਤਮਾ ਦਾ ਆਸ਼ਕਾਰ ਗੁਪਤੋਂ ਪ੍ਰਗਟ ਚਮਤਕਾਰੀ ਜੋਤਿ ਝਲਕਾਰ ਹੁੰਦਾ ਹੈ। ਇਹ ਜੋਤਿ ਝਲਕਾਰੀ ਪ੍ਰਕਾਸ਼ ਪਹਿਲਾਂ ਘਟ ਅੰਦਰਿ ਹੁੰਦਾ ਹੈ, ਫੇਰ ਘਟੋਂ ਬਾਹਰ ਇਸ ਜੋਤਿ ਦਾ ਪਸਰਾਉ ਹੋ ਕੇ ਪਟ ਪਟ ਅੰਦਰਿ ਖੰਡਾਂ ਬ੍ਰਹਮੰਡਾਂ ਅੰਦਰਿ ਪਰਗਟ ਪਹਾਰੇ ਜਾਪਣ ਵਾਲਾ ਪਰਤੱਖ ਦਰਸ਼ਨਾਂ ਦੇ ਦਰਸਨਾਪਣ ਵਾਲਾ ਸਾਂਗੋ ਪਾਂਗ ਸਰਬ ਵਿਆਪੀ ਜੋਤਿ ਜਗਮਗਾਰੇ ਵਾਲਾ ਦ੍ਰਿਸ਼ਟਿ ਆਉਂਦਾ ਹੈ, ਦ੍ਰਿਸ਼ਟੀ ਗੋਚਰਾ ਦਿਬ ਦ੍ਰਿਸ਼ਟੇਤਰਾ ਹੋਇ ਆਵੰਦਾ ਹੈ। ਘਟ ਜੋਤਿ-ਜਗੰਤਰੀ ਦਰਸ਼ਨ ਨੂੰ ਦੇਖ ਕੇ ਤੱਤ ਸ਼ਰਧਾ ਪਰਮਾਤਮਾ ਦੀ ਹੋਂਦ-ਹਸਤੀ ਦੀ ਸੱਚ-ਮੁੱਚ ਆਉਂਦੀ ਹੈ। ਨਹੀਂ ਤਾਂ ਪਹਿਲਾਂ ਅਨੁਮਾਨ ਅਨੁਭਵ ਹੀ ਕਹਾਉਂਦਾ ਹੈ। ਅੰਤਰ ਬਾਹਰ, ਖੰਡਾਂ ਬ੍ਰਹਮੰਡਾਂ ਅੰਦਰਿ ਸਾਰੇ ਆਕਾਸ਼ ਪੁਲਾੜ ਮਝਾਰ ਜਗਮਗ ਜੋਤਿ ਪਾਸਾਰੇ ਦਾ ਪਰਤੱਖ ਨਜ਼ਾਰਾ ਦੇਖ ਕੇ, ਦਿਬ ਦ੍ਰਿਸ਼ਟੇਖ ਕੇ ਹੀ ਪਰਮਾਤਮਾ ਦੇ ਸਰਬ ਵਿਆਪਕ ਹੋਣ ਦੀ ਸੱਚੀ ਸਰਧਾ ਪੂਰਤਿ ਪਤੀਜ ਆਉਂਦੀ ਹੈ। ਏਥੇ **"ਦਰਸਨੁ ਦੇਖਿ ਭਈ ਨਿਹਕੇਵਲ"**[੧] ਦੀ ਅਵਸਥਾ ਵਾਲੇ ਸੱਚੇ ਦਰਸ਼ਨਾਂ ਦਾ ਬਿਸਮਾਦ ਅਹਿਲਾਦੀ ਸੁਆਦ ਆਉਂਦਾ ਹੈ। ਅਤੇ ਇਸ ਪਦ ਪੁਜ ਕੇ ਹੀ ਪ੍ਰੀਤਮ ਦੇ ਨਾਲਿ ਸਚੇ ਪ੍ਰੇਮ ਪਿਆਰ ਦੀਆਂ ਪੀਡੀਆਂ ਗੰਢਾਂ ਪੈਂਦੀਆਂ ਹਨ। ਅਦ੍ਰਿਸ਼ਟੋਂ ਦ੍ਰਿਸ਼ਟ ਗੋਚਰੇ ਹੋਏ ਪ੍ਰੀਤਮ ਪਿਆਰੇ ਦੇ ਸੋਮੇ ਸਫੁਟ ਹੁੰਦੇ ਹਨ, ਜੋ ਸਦ ਸਦਾ ਹੀ ਸਰਸ਼ਾਰ ਰਹਿੰਦੇ ਹਨ। ਅਤੇ ਪ੍ਰੀਤਮ ਪ੍ਰੇਮੀ ਨੂੰ ਭੀ ਸਰਸ਼ਾਰ ਰਖਦੇ ਹਨ।

ਉਹਨਾਂ ਦੀ ਹਾਲਤ ਉਤੇ ਬੜਾ ਤਰਸ ਆਉਂਦਾ ਹੈ, ਜੋ ਅਦ੍ਰਿਸ਼ਟ ਪਰਮਾਤਮਾ ਦੇ ਅਨੁਮਾਨ

---

੧ ਸੂਹੀ ਮ: ੧ ਘਰੁ ੩, ਪੰਨਾ ੭੬੪

ਮਾਤਰ ਅਨੁਭਵ ਉਤੇ ਅਤੇ ਪਰਮਾਤਮਾ ਦੀ ਸਰਬ ਵਿਆਪਕਤਾ ਦੀ ਅਨੁਮਾਨਕ ਗਿਆਤ ਉਤੇ ਹੀ ਇਕਤਫ਼ਾ ਕਰੀ ਬੈਠੇ ਹਨ। ਅਤੇ ਏਸੇ ਅਨੁਮਾਨ ਮਾਤਰ ਅਨੁਭਵ ਅਤੇ ਅਨੁਮਾਨਕ ਗਿਆਤ ਨੂੰ ਹੀ ਸਾਖਸ਼ਾਤਕਾਰ ਸਮਝੀ ਬੈਠੇ ਹਨ। ਅਦ੍ਰਿਸ਼ਟ ਪਰਮਾਤਮਾ ਦੀ ਤੱਤ ਸਾਖਸ਼ਾਤਕਾਰਤਾ ਹੀ ਸੱਚਾ ਪਰਮਾਤਮ-ਗਿਆਨ, ਪਰਮਾਤਮ-ਦਰਸ-ਗਿਆਨ, ਪਰਤੱਖ ਜੋਤਿ-ਪ੍ਰਚੰਡੀ ਦਿੱਬ ਗਿਆਨ ਹੈ। ਇਸ ਪ੍ਰਚੰਡ ਗਿਆਨ ਉਜਿਆਰੇ ਵਾਲੇ ਅਦ੍ਰਿਸ਼ਟ ਪ੍ਰੀਤਮ ਦੇ ਦਿੱਬ ਦੀਦਾਰ ਦੇ ਦੇਖਿਆਂ, ਦਿੱਬ ਦ੍ਰਿਸ਼ਟੇਖਿਆਂ ਹੀ ਪ੍ਰੀਤਮ ਪਿਆਰੜੇ ਇਸ਼ਕ ਹਕੀਕੀ ਪਿਆਰ ਦਾ ਪ੍ਰੇਮ ਵਲਵਲਾ ਵਲਵਤ ਹੁੰਦਾ ਹੈ। ਇਉਂ ਦ੍ਰਿਸ਼ਟਮਾਨ ਦਾਇਰੇ ਤੋਂ ਉਠ ਕੇ ਅਦ੍ਰਿਸ਼ਟ ਪਰਮਾਤਮਾ ਪ੍ਰੀਤਮ ਦੇ ਸਾਖੀ ਦਿੱਬ ਦ੍ਰਿਸ਼ਟਾਖੀ ਬਣੀਦਾ ਹੈ। ਇਉਂ ਅਦ੍ਰਿਸ਼ਟੇ ਦਾ ਅਲੌਕਿਕ ਪ੍ਰੇਮ ਪਿਆਰ ਪੁੰਗਰਦਾ ਅਤੇ ਦਿਨੋ ਦਿਨ ਖਿਨੋ ਖਿਨ ਵਧਦਾ ਹੀ ਜਾਂਦਾ ਹੈ। ਜਿਸ ਵਧਾਉ ਦੇ ਹੱਦ ਬੰਨੇ ਦੀ ਥਾਹ ਹੀ ਕੋਈ ਨਹੀਂ। ਬੇਅੰਤ ਅਥਾਹ ਅਤੇ ਅਮੀਕ ਪ੍ਰੀਤਮ ਦਾ ਪ੍ਰੇਮ ਦਰਸ਼ਨ ਵਧਾਉ ਹੱਦਾਉ ਭੀ ਅਥਾਹ ਅਤੇ ਅਮੀਕ ਗਹਿਰ ਗੰਭੀਰ ਹੈ। ਗੁਰਮਤਿ ਨਾਮ ਦੀ ਅਗੰਮੀ ਦਾਤਿ, ਪਾਰਸ-ਪਾਰਸੰਮੀ ਦਾਤਿ ਅਦ੍ਰਿਸ਼ਟੇ ਤੋਂ ਦ੍ਰਿਸ਼ਟਮਾਨ ਕਰਾਉਣ ਵਾਲੀ ਇਕੋ ਇਕ ਕਰਾਮਾਤ ਹੈ। ਅੰਧ ਅਤੇ ਅਦਿੱਬ ਦ੍ਰਿਸ਼ਟੀ ਨੂੰ ਦਿੱਬ-ਦ੍ਰਿਸ਼ਟ ਕਰਾਉਣ ਵਾਲੀ ਭੀ ਇਹੀ ਇਲਿਕਸ਼ਰੀ ਕੀਮੀਆ ਹੈ। ਸਤਿਗੁਰੂ ਮਿਲਿਆਂ ਹੀ ਇਹ ਕਾਂਇਆਂ-ਕਲਪੀ ਕੀਮੀਆ ਵਾਲਾ ਅੰਮ੍ਰਿਤ ਰਸਾਇਣੀ (elixir) ਪ੍ਰਾਪਤਿ ਹੁੰਦਾ ਹੈ। ਆਤਮ ਪਰਮਾਤਮ ਦੀਦਾਰ ਆਸ਼ਕ ਦੇ ਨੇਤਰ ਦਿੱਬ-ਦ੍ਰਿਸ਼ਟੇ ਹੋ ਜਾਂਦੇ ਹਨ। ਇਉਂ ਦ੍ਰਿਸ਼ਟਮਾਨ ਬਰਨ ਅਖਰਾ ਨਾਮੁ, ਮੁਖ ਰਸਨਾ ਤੋਂ ਜਪਿਆ ਗੁਰ-ਦੀਖਿਆ ਦੀ ਅਗਾਧ ਪਾਰਸ ਕਲਾ ਦੁਆਰਾ ਪ੍ਰੀਖਿਆ ਪ੍ਰਸਾਦੀਖਿਆ (ਪਰੋਸਿਆ) ਜਾ ਕੇ ਅਦ੍ਰਿਸ਼ਟ ਨਾਮੀ ਅਕਾਲ ਪੁਰਖ ਵਾਹਿਗੁਰੂ ਦੇ ਅਦ੍ਰਿਸ਼ਟ ਦਰਸ਼ਨ ਨੂੰ ਪਰਤੱਖ ਸਾਮਰਤਖ ਕਰਾਉਣ ਲਈ ਸਮਰੱਥ ਹੈ। ਜਿਸ ਜਨ ਦੀ ਰਸਨਾ ਇਉਂ ਬਰਨ ਸਹਿਤ ਨਾਮ ਜਪ ਕੇ ਨਾਮੀ ਵਾਹਿਗੁਰੂ ਦੇ ਪਰਤੱਖ ਕਰਾਉਣ ਨੂੰ ਸਮਰੱਥ ਹੈ, ਸੋ ਜਨ ਹੀ ਨਿਹਕੇਵਲ ਨਿਰਬਾਣ ਪਦ ਲਖੀਸ਼ਰੀ ਸੱਚਾ ਜੋਗੀਸ਼ਰ ਨਿਹਕਰਮ ਕਰਮੀਸ਼ਰ ਜੋਗੀ ਹੈ ॥ ੧ ॥

**"ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥"**

ਇਉਂ ਉਪਰ ਦੱਸੀ ਗੁਰਮਤਿ ਵਿਆਖਿਆ ਵਾਲੀ ਗੁਰਮਤਿ ਨਾਮ ਦੀ ਵਿਆਖਿਆ ਦੀ ਬਰਣੀ ਬਿਧੀ ਜੁਗਤੀ, ਗੁਰਮਤਿ ਜੁਗਤੀ ਅਨੁਸਾਰ ਨਾਮ ਨਾਲਿ ਪਰਚਾ ਪਾਇਆਂ, ਗੁਰਮਤਿ ਨਾਮ ਅਭਿਆਸ ਨਾਲਿ ਪਰਚਿਆਂ ਸਰਚਿਆਂ ਜੋ ਗੁਰਮੁਖਿ ਜਨ ਵਾਹਿਗੁਰੂ ਪ੍ਰੀਤਮ ਦੇ ਸੰਜੋਗ ਸੁਹਾਗ ਰਸ ਮਿਲਾਪ ਦੇ ਆਨੰਦ ਹੁਲਾਸ ਦੀਆਂ ਰੰਗ ਰਲੀਆਂ ਮਾਣਦਾ ਹੈ, ਉਹੀ ਰਸੀਆ, ਰੰਗ-ਰਲਸੀਆ ਹੀ ਜਾਣਦਾ ਹੈ। ਇਉਂ ਵਾਹਿਗੁਰੂ ਨਾਮ ਰੂਪੀ ਪਾਰਸ ਨੂੰ ਪਰਸਿਆਂ ਅਤੇ ਪਾਰਸ ਪਰਸ ਕੇ ਅਮਿਉ ਰੰਗ ਰਲਸਿਆੜੀ ਨਿਹਕਰਮ ਨਿਹਕੇਵਲ ਕਰਣੀ ਦੁਆਰਾ ਸਰੱਸ ਵਿਗੱਸ ਕੇ ਵਾਹਿਗੁਰੂ ਦੇ ਦਰਸ਼ਨ ਜੋਤਿ ਸਰੂਪੀ ਸਰੂਪ ਵਿਚਿ ਇਕ-ਮਿਕ ਹੋਇਆਂ ਦੁਰੰਗੀ ਵਾਲੀ ਦੁਬਿਧਾ ਦੁਚਿਤਾਈ ਮਿਟਦੀ ਹੈ। ਅਤੇ ਸੱਚ ਸਰਧਾਨੀ ਆਸਤਕਤਾ ਵਾਲੀ ਜੀਊਣੀ ਜੀਵੀਦਾ ਹੈ। ਨਹੀਂ ਤਾਂ ਕੇਵਲ ਅਨੁਮਾਨਿਕ ਅਨੁਭਵ ਵਾਲੇ ਗਿਆਨ ਕਾਰਨ ਅੰਤਰਗਤੀ ਏਸੇ ਦੁਬਿਧਾ ਦੁਚਿਤਾਈ ਵਿਚਿ ਰਹੀਦਾ ਹੈ, ਅਤੇ ਭਰਮਿ ਭਰਮੀਦਾ ਹੈ ਕਿ ਅਪ੍ਰੋਖਸ਼ ਗਿਆਨ ਪ੍ਰਾਪਤਿ ਹੋਇਆ ਕਿ ਨਹੀਂ; ਪ੍ਰੀਤਮ ਦਰਸ਼ਨ ਦਰਸ਼ਨੋਹਿਆ ਕਿ ਨਹੀਂ। ਪਰਮਾਤਮਾ ਦੀ ਹੋਂਦ ਅਣਹੋਂਦ ਦੇਹ ਵਿਤਕਰੇ ਮਈ ਵਿਸ਼ਵਾਸ, ਦੁਚਿਤੀ ਅਤੇ ਦੁਬਿਧਾ ਹੀ ਉਪਜਾਉਂਦਾ ਹੈ। ਓੜਕ ਅਨਭਵੀ ਗਿਆਨ ਨੂੰ ਹੀ

ਅਨੁਮਾਨ ਕੇ ਚਿਤ-ਪਰਚਾਵਾ ਕਰ ਲੈਂਦੇ ਹਨ ਕਿ ਇਹ ਅਨੁਮਾਨਕ ਗਿਆਨ ਦੀ ਗੰਮਤਾ ਹੀ ਪਾਰੰਗਤ ਗਿਆਨ ਹੈ। ਇਹ ਦੁਬਿਧਾ ਦੁਚਿਤਾਈ ਪਾਰਸ ਪਰਸੇ ਬਿਨਾਂ ਨਹੀਂ ਜਾਂਦੀ। ਪਾਰਸ ਪਰਸਣ ਵਾਲੀ ਬਿਵਸਥਾ ਨੂੰ ਪ੍ਹੁੱਗਿਆਂ ਪਾਗਿਆਂ ਫੇਰ ਮੁੜ ਕੇ ਦੁਬਿਧਾ ਨਹੀਂ ਹੁੰਦੀ (ਵਿਆਪਦੀ ਨਹੀਂ)। "ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥" ਜੋ ਉਪਰ ਦੱਸੇ ਅਨੁਸਾਰ ਪਾਰਸ ਪਰਸਦਾ ਹੈ ਤਿਸ ਨੂੰ ਦੁਬਿਧਾ ਕਦੇ ਨਹੀਂ ਹੁੰਦੀ ॥ ੧ ॥ ਰਹਾਉ ॥ ਉਪਰ ਦੱਸੇ ਨਿਰਬਾਣ ਨਿਹਕੇਵਲ ਪਦ ਵਿਚਿ ਲਿਵਲੀਨ ਹੋ ਕੇ ਮਨ ਦੀ ਦੁਬਿਧਾ ਖੀਨ (ਖੈ) ਕਰਨਹਾਰਾ ਜਨ ਹੀ ਸੱਚਾ ਅਤੇ ਸ੍ਰੇਸ਼ਟ ਮੋਨੀ ਹੈ। ਕਰਮ ਇੰਦ੍ਰਿਆਂ ਦੇ ਦੁਆਰੇ (ਜ਼ਰੀਏ, ਵਸੀਲੇ) ਬਿਨਾਂ ਨਿਹਕਰਮੀ ਹੋ ਕੇ ਤ੍ਰਿਲੋਕੀ ਦੇ ਸਿਖਰ ਜਾ ਸਮਾਉਂਦਾ ਹੈ। ਸਾਰੇ ਸੰਸਾਰਕ ਦੁਬਿਧਾ-ਮਈ ਸੰਸਿਆਂ ਤੋਂ ਅਪਰੰਪਰ ਹੋ ਜਾਂਦਾ ਹੈ। ਤ੍ਰੈ ਲੋਕ ਅਪਰੰਪਰ ਹੋ ਕੇ ਕਰਤੇ ਪੁਰਖ ਦੇ ਸਰੂਪ ਵਿਚਿ ਲੀਨ ਹੋ ਜਾਂਦਾ ਹੈ। ਕਰਤੇ ਪੁਰਖ ਦੇ ਸਰੂਪ ਵਿਚਿ ਲੀਨ ਹੋਇਆਂ ਕਰਤਾ ਰੂਪ ਹੀ ਹੋ ਜਾਂਦਾ ਹੈ। ਅਤੇ ਮਨ ਇੰਦਿਰਿਆਂ ਦੀ ਅਧੀਨਤਾ ਤੋਂ ਆਜ਼ਾਦ ਹੋ ਕੇ ਗੁਰ-ਗੰਮ ਗਿਆਨ ਵਿਗਾਸ ਪਦ ਵਿਚਿ ਹੀ ਉਸ ਦਾ ਨਿਵਾਸ ਰਹਿੰਦਾ ਹੈ। ਇਸ ਗੁਰ-ਗੰਮ ਗਿਆਨ ਵਿਗਾਸ ਵਿਹੂਣਾ ਹਰ ਕੋਈ ਮਨ ਦੇ ਸੁਭਾਉ ਮਗਰ ਹੀ ਲੱਗਦਾ ਹੈ। ਗੁਰਮਤਿ ਗਿਆਨ ਪ੍ਰਚੰਡ ਵਿਗਾਸ ਵਾਲੇ ਤਬਕੇ ਵਿਚਿ ਨਿਵਾਸ ਰਖਣ ਵਾਲਾ ਗੁਰਮੁਖਿ ਨਿਹਕਰਮ ਕਰਮੀਸ਼ਰ ਜੋਗੀ ਸਭ ਕਰਮਾਂ ਤੋਂ ਅਤੀਤ ਨਾਮ-ਨਾਮੀਸ਼ਰੀ ਅਨਿੰਨ-ਭਗਤੀਸ਼ਰ ਹੀ ਬਣਿਆ ਰਹਿੰਦਾ ਹੈ। ਨਾਮੀ ਈਸ਼ਵਰ ਪਰਮਾਤਮਾ ਦੇ ਸਰੂਪ ਵਿਖੇ ਸਮਾਇ ਕੇ ਭੀ ਵਾਹਿਗੁਰੂ ਦੇ ਨਿਕਟ ਨਿਕਟੀਸ਼ਰ ਸਚਖੰਡ ਵਾਸੀਸ਼ਰ ਹੋਇ ਕੇ ਭੀ ਵਾਹਿਗੁਰੂ-ਭਗਤੀ ਦੀ ਅਨਿੰਨਤਾ ਦਾ ਆਨੰਦ ਮਾਣਦਾ ਹੈ। ਇਸ ਪੁੱਗੇ ਹੋਏ ਅਨਿੰਨ ਭਗਤ ਗੁਰਮੁਖਿ ਜੀਵਨ-ਮੁਕਤ ਪੁਰਖ ਨੂੰ ਆਨਮੱਤ ਕਰਮਾਂ ਦੇ ਕਰਨ ਦੀ ਉੱਕੀ ਹੀ ਲੋੜ ਨਹੀਂ ਰਹਿੰਦੀ। ਗੁਰਮਤਿ ਗਿਆਨ ਗੰਮੀਸ਼ਰ (ਜਿਸ ਦੀ ਗੰਮਤਾ ਪ੍ਰਚੰਡ ਗਿਆਨ ਖੰਡ ਵਾਲੀ ਹੋ ਗਈ ਹੋਵੇ) ਨੂੰ ਜਦੋਂ ਪਰਮਾਤਮਾ ਜੋਤੀਸ਼ ਦਾ ਪ੍ਰਚੰਡ ਦਰਸ਼ਨੀ ਗਿਆਨ ਵਾਲਾ ਸਾਖਸ਼ਾਤਕਾਰ ਹੋ ਜਾਂਦਾ ਹੈ ਤਾਂ ਸਭ ਕਰਮਾਂ ਤੋਂ ਨਿਹਕਰਮੀ ਹੋ ਜਾਂਦਾ ਹੈ। ਗਿਆਨ ਖੜਗ ਖੰਡੇ ਵਾਲੀ ਜੋਤਿ ਪ੍ਰਚੰਡ ਨਿਹਕਾਮ ਭਗਤੀ, ਸਹਜ ਸਨਮੁਖ ਵਾਹਿਗੁਰੂ ਦਰਸ਼ਨ ਦੇ ਬਿਸਮਾਦ ਪਰਮ ਅਦਭੁਤ ਬਿਸਮਾਦ ਵਿਚ ਬਿਸਮ ਰਸ ਹਰਣਤ ਝਰਣਤ ਰਹਿੰਦੀ ਹੈ। ਉਦਮ ਧਾਰ ਕੇ ਯਤਨਾਂ ਸਹਿਤ ਕੀਤੀ ਯਤਨ ਪੂਰਤ ਭਗਤੀ ਵਾਲੇ ਸਾਧਨ ਸੰਪੰਨ ਕਰਮਾਂ ਦਾ ਨਾਸ਼ ਹੋ ਜਾਂਦਾ ਹੈ, ਪ੍ਰੰਤੂ ਗਿਆਨ ਬਿਸਮਾਦਨੀ ਸਨਮੁਖ ਦਰਸ਼ਨ ਵਾਲੀ ਵਾਹੁ ਵਾਹੁ ਸਿਫਤਿ ਸਾਲਾਹ ਵਾਲੀ ਸਹਜ ਲਿਵਤਾਰ ਭਗਤੀ ਜਾਰੀ ਰਹਿੰਦੀ ਹੈ।

**ਸਚਖੰਡ ਵਾਸੀ ਰੂਹਾਂ ਦਾ ਨਜ਼ਾਰਾ**

ਨਾਮ ਨਿਹਕਾਮ ਦੇ ਸੰਗ-ਸਾਥ ਜਲ ਇਸ਼ਨਾਨ ਜਾਗ੍ਰਤੀ ਕਰਮ ਸੁਕਰਮਾਂ ਦੇ ਕਰਨ ਦੀ ਜੋ ਸਰੀਰ ਦੇ ਹੁੰਦਿਆਂ ਲੋੜ ਰਹਿੰਦੀ ਸੀ, ਗੁਰਪੁਰੀ ਸਚਖੰਡ ਵਿਚਿ ਸਮਾਇਆਂ ਫੇਰ ਇਹ ਸਰੀਰ ਸੰਬੰਧਨੀ ਕਰਮਾਂ ਸੁਕਰਮਾਂ ਦੀ ਲੋੜ ਸੁਤੇ ਹੀ ਮੁੱਕ ਜਾਂਦੀ ਹੈ। ਪਰ ਆਤਮ-ਪ੍ਰਫੁਲਨੀ ਬਿਸਮ ਬਿਨੋਦ ਪਰਮਾਤਮ ਪ੍ਰੇਮਾ ਭਗਤੀ ਦਾ ਅਭਾਵ ਕਦੇ ਨਹੀਂ ਹੁੰਦਾ, ਕਿਉਂਕਿ ਸਚੜਾ ਗਿਆਨ ਵਿਗਾਸ ਹੈ, ਜੋ ਸੱਚਖੰਡ ਪੁੱਜੇ ਸੱਚਖੰਡ ਸਮਾਏ ਭਗਤ ਜਨਾਂ ਦੀਆਂ ਰੂਹਾਂ ਦਾ ਆਤਮ-ਆਹਾਰ ਹੈ। ਸਚਖੰਡ ਵਿਚ ਪਰਮਾਤਮਾ ਜੋਤੀਸ਼ ਸੰਗ ਜੋਤਿ ਕਰ ਕੇ ਇਕ-ਮਿਕ ਓਤ-ਪੋਤ ਹੋਈਆਂ ਰੂਹਾਂ ਦੀ ਆਭਾ ਪਰਮਾਤਮ-ਦਰਸ਼ਨਾਵੀ-ਪ੍ਰਭਾ ਵਿਚਿ ਨਿਰਾਲੀ ਹੀ ਜੋਤਿ ਜਲਵਾਨੀ ਡਲ੍ਹਕੇ ਮਾਰਦੀ ਰਹਿੰਦੀ ਹੈ। ਤਿਨ੍ਹਾਂ

ਦੀਆਂ ਵਾਹਿਗੁਰੂ-ਦਰਸ਼ਨ ਨਿਰਖਾਨੀਆਂ ਲਖਾਰਨੀਆਂ ਸੂਰਤਿ ਪ੍ਰਿੰਮਨੀ ਲਿਵਾਂ ਅਗਾਧ ਪ੍ਰੇਮ-ਭਗਤੀ ਦੇ ਸੁਤੇ ਵਿਗਾਸੀ ਆਤਮ-ਮੰਡਲੀ ਪਰਮਾਤਮ ਜੋਤਿ ਆਖੰਡਲੀ ਪੁਲਾੜ ਵਿਚਿ ਸੁਤੇ ਹੀ ਖਿੜੀਆਂ ਰਹਿੰਦੀਆਂ ਹਨ, ਨਿਰਾਲ ਨਿਰਾਲੇ, ਬਿਸਮਾਲ ਬਿਸਮਾਲੇ ਦਿੱਬ ਵਿਗਾਸ ਵਿਚਿ ਵਿਗਸੀਆਂ ਨਿਰਾਲੀਆਂ ਨਿਰਾਲੀਆਂ ਅਕਾਲੀ (ਕਾਲ ਰਹਿਤ) ਮੂਰਤੀਆਂ ਵਿਚਿ ਮੂਰਤੀਮਾਨ ਰਹਿੰਦੀਆਂ ਹਨ। ਪ੍ਰੰਤੂ ਅਕਾਲ ਪੁਰਖ ਦੀ ਜੋਤਿ-ਜੀਆਇਨੇ, ਜੋਤਿ ਜਗਮਗੀ ਸਰਚਸ਼ਮੇ ਨਾਲਿ ਸਦਾ ਜੁੜੰਮਤ ਰਹਿੰਦੀਆਂ ਹਨ। ਪਰਮਾਤਮਾ ਜੋਤੀਸ਼ ਅਤੇ ਆਤਮ-ਜੋਤੀਆਂ ਦਾ ਇੱਕ-ਮਿੱਕਤਾ ਵਾਲਾ ਨੂਰ ਜੁੜੰਮਤ ਜ਼ਹੂਰ ਭੀ ਨਿਰਾਲਾ ਨੂਰ ਡਲ੍ਹਕਾਂ ਮਾਰਦਾ ਰਹਿੰਦਾ ਹੈ। ਜੋਤੀਸ਼ ਸੰਗਿ ਜੁੜੀਆਂ ਜੋਤਿ-ਆਤਮਾਵੀ ਜੋਤਾਂ ਭੀ ਨਿਰਾਲੀਆਂ ਹੀ ਜਗਦੀਆਂ ਦਗਦੀਆਂ ਰਹਿੰਦੀਆਂ ਹਨ। ਇਹਨਾਂ ਜੋਤਿ ਜੁੜੰਮੀਆਂ ਆਤਮਾਵਾਂ (ਰੂਹਾਂ) ਦੇ ਜੋਤਿ-ਲਤੀਫ਼ੀ ਦਿੱਬ ਵਜੂਦ ਭੀ ਨਿਰਾਲੇ ਨਿਰਾਲੇ ਹੀ ਆਭਾ ਮਾਰਦੇ ਹਨ। ਨਿਰਾਲੀਆਂ ਦਿੱਬ-ਜੋਤਿ ਡਲ੍ਹਕਾਂ ਮਾਰਦੇ ਹਨ ਅਤੇ ਜੋਤਿ ਕਿਰਨੀ ਛਲਕ ਛਲਕਾਰਦੇ ਹਨ। ਛਲਕਾਂ, ਭਗਤਿ ਲਿਵ-ਲਰਕਾਂ ਦੇ ਉਛਾਲੇ ਹੁੰਦੇ ਹਨ, ਜੋ ਨਿਰਾਲੇ ਨਿਰਾਲੇ ਹੀ ਦਿੱਬ ਦੀਦਾਰਿਆਂ ਵਿਚਿ ਨੂਰ ਜ਼ਹੂਰਤ ਰਹਿੰਦੇ ਹਨ— "**ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥ ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨ ਭਇਆ ਤਹ ਕਰਮਹ ਨਾਸੁ ॥**"

ਉਪਰਲੇ ਗੁਰ-ਪ੍ਰਮਾਣ ਦੀ ਦੁਪੰਗਤੀ ਦੀ ਭਾਵ-ਘਟਨਾ ਵਿਸ਼ੇਸ਼ ਕਰਕੇ ਆਨਮਤ ਕਰਮਾਂ ਪ੍ਰਥਾਇ ਹੀ ਘਟਦੀ ਹੈ ਕਿ ਜਿਸ ਪ੍ਰਕਾਰ ਸਾਰੀ ਬਨਾਸਪਤੀ ਫਲ ਕਾਰਨ ਹੀ ਫੂਲਦੀ ਹੈ ਅਤੇ ਫਲੁ ਲੱਗੇ ਤੋਂ ਫੂਲ ਬਿਲਾਇ ਜਾਂਦਾ ਹੈ, ਏਸੇ ਪ੍ਰਕਾਰ ਪਰਮਾਤਮ-ਗਿਆਨ-ਪ੍ਰਾਪਤੀ ਦੇ ਕਾਰਨ ਹੀ ਸਾਰੀ ਲੁਕਾਈ ਨਾਨਾ ਪ੍ਰਕਾਰ ਦੇ ਕਰਮ ਕਰਦੀ ਹੈ, ਪਰ ਨਾਨਾ ਮੱਤੀ ਕਰਮਾਂ ਦੇ ਕਰਨ ਕਰਿ ਐਵੇਂ ਅਨੁਮਾਨ ਮਾਤਰੀ ਚੁੰਚ ਗਿਆਨ ਹੀ ਪ੍ਰਾਪਤਿ ਹੁੰਦਾ ਹੈ। ਅਤੇ ਚੁੰਚ ਗਿਆਨੀ ਲੋਕ ਐਵੇਂ ਅਨੁਮਾਨਕ ਆਖਣੀ ਹੀ ਆਖ ਛਡਦੇ ਹਨ ਕਿ ਸਾਡੇ ਕਰਮਾਂ ਦਾ ਨਾਸ ਹੋ ਗਿਆ, ਹਾਲਾਂਕਿ ਆਨਮਤ ਕਰਮ ਵਾਸਤਵ ਵਿਚਿ ਹੀ ਬਿਨਾਸ ਰੂਪ ਹਨ। ਇਨ੍ਹਾਂ ਸੁਤੇ ਬਿਨਾਸਨੀ ਕਰਮਾਂ ਦਾ ਨਾਸ ਹੋਣਾ ਯਾ ਨਾ ਨਾਸ ਹੋਣਾ ਇਕ ਬਰਾਬਰ ਹੀ ਹੈ। ਉਕਤ ਕਰਮ ਕੀਤੇ ਨਾ ਕੀਤੇ ਇਕੋ ਜਿਹੇ ਹੀ ਹਨ, ਕਿਉਂਕਿ ਤਿਨ੍ਹਾਂ ਦੇ ਕਰਿਆਂ ਤੱਤ ਪ੍ਰਚੰਡ ਗਿਆਨ ਤਾਂ ਪ੍ਰਾਪਤ ਹੁੰਦਾ ਹੀ ਨਹੀਂ। ਤੱਤ ਪ੍ਰਚੰਡਨੀ ਗੁਰਮਤਿ ਗਿਆਨ ਹੀ ਪ੍ਰਾਪਤ ਹੋਣ ਯੋਗ ਸੱਚਾ ਗਿਆਨ ਹੈ, ਸੋ ਪ੍ਰਾਪਤ ਹੁੰਦਾ ਹੈ ਗੁਰਮਤਿ ਨਾਮ ਅਭਿਆਸ ਦੀ ਕਮਾਈ ਰੂਪੀ ਕਰਮ ਕੀਤਿਆਂ।

ਇਹ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਿਫਤਿ ਸਾਲਾਹੀ ਕਰਮ ਐਸਾ ਕਰਮ ਨਹੀਂ ਜੋ ਕਦੇ ਭੀ ਬਿਨਾਸ ਹੋਵੇ। ਗੁਰਮਤਿ ਅੰਦਰਿ ਨਾਮ ਪ੍ਰਕਾਸ਼ ਰੂਪੀ ਗਿਆਨ ਨਾਮ-ਅਭਿਆਸ ਸੁਕਰਮਨੇ-ਕਰਮ ਕਰਿ ਹੀ ਪ੍ਰਾਪਤਿ ਹੁੰਦਾ ਹੈ। ਸੋ ਇਸ ਨਾਮ ਅਭਿਆਸ ਰੂਪੀ ਗਿਆਨ ਸਰੂਪੇ ਕਰਮ ਦਾ ਕਦੇ ਬਿਨਾਸ ਨਹੀਂ। ਹਾਂ, ਨਾਮ ਦੇ ਸਾਧਨ ਸੰਪੰਨ ਸਹਾਈ ਕਰਮ ਇਸ਼ਨਾਨ ਦਾਨ ਆਦਿਕ ਗੁਰਮਤਿ ਕਰਮਾਂ ਦਾ ਅਭਾਵ ਤਾਂ ਹੋ ਜਾਂਦਾ ਹੈ। ਸੋ ਭੀ ਸਰੀਰ ਤਿਆਗੇ ਪਿਛੋਂ। ਜੀਊਂਦੇ-ਜੀ ਗਿਆਨ-ਪ੍ਰਕਾਸ਼ ਹੋਇਆਂ ਨਾਮ-ਅਭਿਆਸ ਸੰਬੰਧਨੀ ਸਾਧਨ-ਸੰਪੰਨ ਕਰਮਾਂ ਦਾ ਸਹਜ-ਕਿਰਿਆਈ ਅਭਿਆਸ ਜਾਰੀ ਹੀ ਰਹਿੰਦਾ ਹੈ। ਛੋਛੇ ਗਿਆਨ ਵੀਚਾਰੀ ਤਿਨਕੇ ਮਾਤਰ ਨਾਮ-ਰਸ ਆਏ ਤੋਂ ਹੀ ਸਮਝ ਬੈਠਦੇ ਹਨ ਕਿ ਗਿਆਨ ਪ੍ਰਾਪਤਿ ਹੋ ਗਿਆ ਹੈ। ਤਾਂ ਤੇ ਉਹ ਏਸੇ

ਨਿਘਾਸ ਤੇ ਹੋਛੇ ਨਿਘਾਸ ਕਰਕੇ ਗੁਰਬਾਣੀ ਹਰਿ ਕੀਰਤਨ ਅਭਿਆਸ ਭੀ ਛਡ ਬਹਿੰਦੇ ਹਨ। ਇਸ਼ਨਾਨ ਆਦਿਕ ਰਹਿਤ-ਰਹਿਣੀ ਦੀ ਕਿਰਿਆ ਭੀ ਤਿਆਗ ਬਹਿੰਦੇ ਹਨ, ਸਿਰਫ਼ ਇਹ ਸਿਧ ਕਰਨ ਲਈ ਕਿ ਸਾਨੂੰ ਗਿਆਨ ਹੋਇਆ ਹੈ। ਕਈ ਹੋਛੇ-ਮਤੀਏ ਕੇਸਾਂ ਨੂੰ ਭੀ ਤਿਲਾਂਜਲੀ ਦੇ ਦਿੰਦੇ ਹਨ ਅਤੇ ਮਿਣ ਮਿਥ ਕੇ ਜਾਣ ਬੁਝ ਕੇ ਮਨੋ ਮਨੀ ਗੁਰੂ ਕੀਆਂ ਬਖ਼ਸ਼ੀਆਂ ਰਹਿਤ-ਰਹਿਣੀਆਂ ਨੂੰ ਭੀ ਤਿਲਾਂਜਲੀ ਦੇ ਦਿੰਦੇ ਹਨ। ਪਰ ਯਾਦ ਰਹੇ ਕਿ ਅਜਿਹੇ ਹੋਛੇ-ਮਤੀਆਂ ਨੂੰ ਗੁਰੂ ਕੀ ਰਹਿਤ-ਰਹਿਣੀ ਨਾ ਰਖਣ ਕਰਿ ਫੇਰ ਜਨਮ ਧਾਰਨਾ ਪਵੇਗਾ। ਤੱਤ ਕਲਿਆਣ ਉਦੋਂ ਹੋਵੇਗੀ ਜਦੋਂ ਗੁਰੂ ਕੀ ਰਹਿਤ ਰਹਿਣੀ ਵਾਲੇ ਹੁਕਮ ਕਮਾਵਣ ਵਿਚਿ ਪੂਰੇ ਉਤਰਨਗੇ। ਪੂਰੀ ਤਿਨ੍ਹਾਂ ਦੀ ਪਵੇਗੀ ਜੋ ਗੁਰੂ-ਹੁਕਮੀ ਕਰਮ ਕਮਾਵਣਗੇ। ਅਤੇ ਤੋੜ ਅੰਤਲੇ ਸੁਆਸ ਤਾਈਂ ਕਮਾਵੰਦੇ ਰਹਿਣਗੇ, ਜਿਨ੍ਹਾਂ ਦੀ ਗੁਰਸਿੱਖੀ, ਗੁਰੂ ਬਖ਼ਸ਼ੇ ਸਿਦਕ ਭਰੋਸੇ ਵਾਲੀ ਸਿੱਖੀ, ਕੇਸੀਂ ਸੁਆਸੀਂ ਪੂਰੀ ਨਿਭ ਜਾਏਗੀ। ਗੁਰੂ ਕੀ ਰਹਿਤ-ਰਹਿਣੀ ਨੂੰ ਜੋ ਪੁਰਸ਼ ਕਰਮ-ਬੰਧਨੀ ਅਡੰਬਰ ਸਮਝ ਕੇ ਤਿਆਗ ਦਿੰਦੇ ਹਨ, ਉਹ ਗੁਰੂ-ਦਰਗਾਹੋਂ ਹੀ ਤਿਆਗੇ ਜਾਂਦੇ ਹਨ। ਸਿਰੀ ਗੁਰੂ ਦਸਮੇਸ਼ ਜੀ ਦਾ ਸਨੱਧ ਬੱਧ ਰਹਿਤ ਬਹਿਤ ਦੇ ਵੇਸ ਸੰਜੁਕਤ ਹੋ ਕੇ ਅਕਾਲ ਚਲਾਣਾ ਕਰਨਾ ਅਤੇ ਜੋਤੀ-ਜੋਤਿ ਸਮਾਉਣਾ ਸਾਨੂੰ ਇਹ ਗੁਰ ਸਿਖਿਆਮਈ ਸੱਚਾ ਸਬਕ ਦਿੰਦਾ ਹੈ ਕਿ ਗੁਰੂ ਦਾ ਸਿਖ ਅੰਤ ਸਮੇਂ ਤਾਈਂ ਗੁਰੂ ਦੀ ਰਹਿਤ ਨਿਭਾਵੇ। ਮਿਣ ਮਿਥ ਕੇ ਗੁਰੂ ਦੱਸੀ ਰਹਿਤ ਬਹਿਤ ਦਾ ਤਿਆਗ ਕਰਨ ਵਾਲੇ ਅਹੰਮਤੀਏ ਨੂੰ ਨਾਮ ਅਭਿਆਸ ਦਾ ਭੀ ਉਹ ਹੁਲਾਸ ਹੁਲਾਰਾ ਨਹੀਂ ਰਹਿੰਦਾ ਜੋ ਰਹਿਤ-ਰਹਿਣੀ ਰਖਣ ਵੇਲੇ ਤੇ ਗੁਰਮਤਿ ਕਰਮ ਕਮਾਇਆਂ ਹੁੰਦਾ ਸੀ। ਤੱਤ ਨਿਹਕਰਮੀ ਕਰਮ ਕਮਾਵਣਹਾਰਾ, ਨਿਰਬਾਣੀ ਨਿਹਕੇਵਲ ਪਦ ਦੀ ਪ੍ਰਾਪਤੀ ਵਾਲਾ ਉਹੀ ਸਾਰ ਸੁਕਰਮਣੀ ਗੁਰਮੁਖਿ ਹੀ ਹੈ। ਜੈਸੇ ਸਿਆਣੀ ਤ੍ਰੀਮਤ ਦੁੱਧੋਂ ਬਣੇ ਦਹੀਂ ਨੂੰ ਸੰਵਾਰਿ ਸੰਵਾਰਿ ਰਿੜਕਦੀ ਹੈ ਅਤੇ ਰਿੜਕ ਰਿੜਕ ਕੇ ਘਿਉ ਮੱਖਣ ਕਢਦੀ ਹੈ, ਏਸੇ ਪ੍ਰਕਾਰ ਜੀਵਨ-ਮੁਕਤ ਗੁਰਮੁਖਿ ਜਨ ਸਦਾ ਨਾਮ ਦਾ ਬਿਲੋਵਨਾ ਬਿਲੋਂਵਦੇ ਹਨ ਅਤੇ ਸਹਜ ਸੁਭਾਇ ਬਿਲੋਂਵਦੇ ਹਨ। ਇਉਂ ਬਿਲੋਵਨਾ ਬਿਲੋਂਵਦੇ ਬਿਲੋਂਵਦੇ ਪ੍ਰਕਾਸ਼ ਸਰੂਪ ਜੋਤਿ-ਜਗੰਨੇ ਨਾਮ ਦਾ ਤੱਤ ਨਿਕਸ ਆਉਂਦਾ ਹੈ। **"ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥"**[੧] ਸਹਜਿ ਬਿਲੋਵਹੁ ਤੋਂ ਭਾਵ ਸੁਰਤੀ ਬਿਰਤੀ ਲੱਗਾ ਕੇ ਨਾਮ ਅਭਿਆਸ ਦਾ ਸੁਆਸ ਸੁਆਸ ਖੰਡਾ ਖੜਕਾਉਣ ਤੋਂ ਹੈ। ਤੱਤ ਜੋਤਿ ਦਾ ਪ੍ਰਕਾਸ਼ ਹੋਏ ਪਿਛੋਂ ਭੀ ਉਤਮ ਜੀਵਨ-ਮੁਕਤ ਭਗਤ ਜਨ ਨਾਮ ਬਿਲੋਵੰਦੇ ਹੀ ਰਹਿੰਦੇ ਹਨ, ਨਾਮ ਅਭਿਆਸ ਦਾ ਖੰਡਾ ਖੜਕਾਉਂਦੇ ਹੀ ਰਹਿੰਦੇ ਹਨ। ਜਿਉਂ ਜਿਉਂ ਨਾਮ ਅਭਿਆਸੀ ਖੰਡਾ ਖੜਕਾਉਂਦੇ ਹਨ (ਬਿਲੋਵਨਾ ਬਿਲੋਵੰਦੇ ਹਨ) ਤਿਉਂ ਤਿਉਂ ਜੋਤਿ ਪ੍ਰਕਾਸ਼ੀ ਤੱਤ ਹੋਰ ਵਧੇਰਾ ਪ੍ਰਕਾਸ਼ਤ ਹੋ ਹੋ ਨਿਕਸਦਾ ਹੈ, ਟੁਲਿ ਟੁਲਿ ਡੁਲ੍ਹਿ ਡੁਲ੍ਹਿ ਪੈਂਦਾ ਹੈ। ਇਸ ਪ੍ਰਕਾਸ਼ ਪ੍ਰਕਾਸ਼ੇ ਦੇ ਟੁਲਾਉ ਦੀ ਥਾਹ ਕੋਈ ਨਹੀਂ। ਨਾ ਹੀ ਅਭਿਆਸ ਕਰਮ ਕਮਾਈ ਦੀ ਕੋਈ ਥਾਹ ਹੈ। ਅਭਿਆਸ ਲਗਾਤਾਰ ਜਾਰੀ ਹੀ ਰਹਿੰਦਾ ਹੈ। ਵਧੇਰੇ ਤੋਂ ਵਧੇਰੇ ਉੱਚ ਉਚੇਰੇ ਆਤਮ-ਰੰਗਾਂ ਵਿਚਿ ਜਾਰੀ ਰਹਿੰਦਾ ਹੈ। ਜੋ ਕੁਛ ਹੈ ਸੋ ਇਹ ਨਾਮ ਅਭਿਆਸ ਹੀ ਹੈ। ਇਹ ਅਭਿਆਸ ਆਪੇ ਹੀ ਗਿਆਨ ਹੈ, ਆਪੇ ਗਿਆਨ ਪ੍ਰਚੰਡ ਹੈ; ਆਪ ਹੀ ਧਿਆਨ ਹੈ, ਆਪੇ ਧਿਆਨ ਜੋਤੰਡ ਹੈ; ਆਪੇ ਕਲਿਆਣ ਹੈ, ਆਪੇ ਕਲਿਆਣ ਮੁਕੰਦ ਹੈ; ਆਪੇ ਹੀ ਨਿਰਬਾਣ ਹੈ, ਆਪੇ ਹੀ ਨਿਰਬਾਣ ਪਦ ਉਦੰਡ ਹੈ।

---

੧ ਆਸਾ ਕਬੀਰ ਜੀਉ, ॥ਰਹਾਉ॥ ਪੰਨਾ ੪੭੮

ਏਸੇ ਨਾਮ ਅਭਿਆਸ ਦੀ ਕਮਾਈ ਕਰੀ ਜਾਣ ਵਾਲੇ; ਕਮਾਈ ਕਰਿ ਕਰਿ ਅੰਦਰੇ ਅੰਦਰ ਜਰੀ ਜਾਣ ਵਾਲੇ ਜੀਵਨ ਮੁਕਤ 'ਮਰਿ ਜੀਵੈ ਮਰੀਆ'[1] ਦੀ ਜੁਗਤਿ ਜਰੀਆ ਪਉੜੀ ਨੂੰ ਲੰਘ ਕੇ ਅਗਾਹਾਂ ਹੀ ਅਗਾਹਾਂ ਤੁਰੇ ਜਾਂਦੇ ਹਨ ਅਤੇ ਨਿਰਬਾਣ ਕਰਮ ਸੁਕਰਮ ਅਭਿਆਸ ਕਮਾਈ ਉਨ੍ਹਾਂ ਤੋਂ ਛੁਟਦੀ ਨਹੀਂ। ਇਹੀ ਜੀਵਨੇ ਦਾ ਮੂਲ, ਇਹੀ ਆਧਾਰ ਹੈ। ਇਹੀ ਭਗਤੀ, ਇਹੀ ਭਗਤੀ-ਭੰਡਾਰ ਹੈ। ਤਾਂ ਤੇ ਗੁਰਮਤਿ ਨਾਮ ਅਭਿਆਸੀਆਂ ਦਾ ਨਿਰਬਾਣ ਪਦ ਨਿਰਾਲਾ ਸਹਜ ਬਿਚੱਛਨੀ ਬਿਲੱਖਨਤਾ ਵਾਲਾ ਹੈ। ਤਾਂ ਤੇ ਨਾਮ ਅਭਿਆਸ ਕਰਿ ਕਰਿ ਤੱਤ ਵਿਰੋਲਣ ਵਾਲੇ ਗੁਰਮੁਖਿ ਜਨ "ਜੀਵਤ ਮੁਕਤ ਸਦਾ ਨਿਰਬਾਨ" ਰਹਿੰਦੇ ਹਨ। ਨਾਮ ਅਭਿਆਸ ਹੀ ਨਿਰਬਾਣ ਪਦ ਪੁੰਗਰੇ ਅਭਿਆਸੀ ਜਨਾਂ ਦਾ ਪਰਮ ਬੈਰਾਗ ਹੈ, ਨਾਮ ਹੀ ਸਹਜ ਅਨੁਰਾਗ ਹੈ, ਨਾਮ ਹੀ ਸਦਾ ਸੁਹਾਗ ਹੈ, ਨਾਮ ਹੀ ਭਾਗਾਂ ਸਿਰ ਭਾਗ ਹੈ। ਜੋ ਹਿਰਦੇ ਵਿਚਿ ਐਸੇ ਨਾਮ ਦਾ ਰਿੜਕਣਾ ਨਹੀਂ ਰਿੜਕਦੇ, ਬਿਲੋਵਨਾ ਨਹੀਂ ਬਿਲੋਵੰਦੇ, ਉਹ ਬੜੇ ਹੀ ਅਭਾਗੇ ਹਨ, ਐਸੇ ਕਥਨ ਕਰਦੇ ਹਨ ਗੁਰੂ ਸੱਚੇ ਪਾਤਸ਼ਾਹ ਅਮਰਦਾਸ ਜੀ—

**ਗਉੜੀ ਗੁਆਰੇਰੀ ਮਹਲਾ ੩ ॥**

**ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥ ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥ ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥ ੧ ॥ ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥ ੧ ॥ ਰਹਾਉ ॥ ਸਤਿਗੁਰੁ ਸੇਵਹਿ ਸੇ ਮਹਾ ਪੁਰਖ ਸੰਸਾਰੇ ॥ ਆਪਿ ਉਧਰੇ ਕੁਲ ਸਗਲ ਨਿਸਤਾਰੇ ॥ ਹਰਿ ਕਾ ਨਾਮੁ ਰਖਹਿ ਉਰਧਾਰੇ ॥ ਨਾਮ ਰਤੇ ਭਉਜਲ ਉਤਰਹਿ ਪਾਰੇ ॥ ੨ ॥ ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥ ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥ ੩ ॥ ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥ ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥ ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥ ੪ ॥ ੧੩ ॥ ੩੩ ॥**

(ਪੰਨਾ ੧੬੧-੬੨)

ਵਿਆਖਿਆ— ਗੁਰੂ ਦਰਸਾਈ, ਗੁਰਮਤਿ ਲਖਾਈ ਸਿਮਰਨ ਰੂਪੀ ਸੇਵਾ-ਘਾਲਣਾ ਚਾਰੇ ਜੁਗਾਂ ਚਹੁੰਆਂ ਜੁਗਾਂ ਲਈ ਹੀ ਮਨਸੂਬ ਹੈ। ਹੋਰ ਕਰਮਾਂ ਨਾਲੋਂ ਪਰਧਾਨ ਅਤੇ ਵਿਲੱਖਣ ਕਰਮ ਘਾਲਣਾ (ਸੇਵਾ) ਗੁਰਮਤਿ ਨਾਮ ਅਭਿਆਸ ਕਮਾਈ ਮਈ ਸਚੜੀ ਸੇਵਾ ਘਾਲਣਾ ਹੈ। ਇਸ ਦੀ ਪਰਧਾਨਤਾ ਪਿਛਲੇ ਜੁਗਾਂ ਵਿਚਿ ਹੁੰਦੀ ਆਈ ਹੈ ਅਤੇ ਹੁਣ ਏਸ ਜੁਗ ਵਿਚਿ ਭੀ ਗੁਰਮਤਿ ਨਾਮ ਅਭਿਆਸ ਕਰਮ ਹੀ ਪਰਧਾਨ ਹੈ। ਜੁਗਾਂ ਦੇ ਆਉਣ ਵਾਲੇ ਗੇੜ ਵਿਚਿ ਭੀ ਇਸ ਦੀ ਪ੍ਰਧਾਨਤਾ ਰਹੇਗੀ। ਪ੍ਰੰਤੂ ਚਹੁੰਆਂ ਜੁਗਾਂ ਵਿਚਿ ਇਸ ਗੁਰਮਤਿ ਨਾਮ ਅਭਿਆਸ ਰੂਪੀ ਕਰਮ ਦੀ ਕਾਰ (ਸੇਵਾ) ਕਮਾਉਣ ਵਿਚ ਕੋਈ ਵਿਰਲਾ ਪੂਰਾ ਸੂਰਾ ਗੁਰਮੁਖਿ ਜਨ ਹੀ ਪੂਰਾ ਉਤਰਦਾ ਹੈ। ਪਰ ਜਿਸ ਕਿਸੇ ਪੂਰੇ ਸੂਰੇ ਗੁਰਮੁਖਿ ਜਨ ਨੇ ਇਹ ਕਾਰ ਕਮਾਈ ਹੈ, ਉਸ ਨੂੰ ਇਸ ਕਮਾਈ ਦੀ ਤੋਟ

---

੧ ਆਸਾ ਮ: ੪, ॥ ੨॥ ੧੫॥ ਪੰਨਾ ੪੪੯


www.sikhbookclub.com

(ਟੋਟ) ਕਦੇ ਨਹੀਂ ਆਈ, ਕਿਉਂਕਿ ਨਾਮ ਧਨ ਸਦਾ ਅਖੁਟ ਹੈ ਅਤੇ ਨਿਖੁਟਦਾ ਕਦੇ ਨਹੀਂ। ਨਾ ਇਸ ਦੀ ਕਮਾਈ ਵਿਚਿ ਕਦੇ ਟੋਟਾ ਆਉਂਦਾ ਹੈ। ਅਤੇ ਇਸ ਗੁਰਮਤਿ ਨਾਮ ਦੀ ਕਮਾਈ ਕਰਨ ਨਾਲਿ ਏਥੇ ਇਸ ਲੋਕ ਵਿਖੇ ਸਦੀਵੀ ਸੁਖ ਦੀ ਪ੍ਰਾਪਤੀ ਰਹਿੰਦੀ ਹੈ। ਅਤੇ ਅਗਲੇ ਲੋਕ ਪਰਲੋਕਿਕ ਪਾਰਬ੍ਰਹਮੀ ਦਰਗਾਹ ਵਿਚਿ ਸਚੀ ਸੋਭਾ ਹੁੰਦੀ ਹੈ ॥ ੧ ॥ ਇਹ ਰੰਚਕ ਮਾਤਰ ਭਰਮ ਸੰਦੇਹ ਵਾਲੀ ਗੱਲ ਨਹੀਂ, ਬਲਕਿ ਯਕੀਨੀ ਗੱਲ ਸੋਲ੍ਹਾਂ ਆਨੇ ਸਚੁ ਹੈ ਕਿ ਗੁਰੂ ਦੁਆਰੇ ਗੁਰ-ਦੀਖਿਆ ਲੈ ਕੇ ਜਿਸ ਗੁਰਮੁਖਿ ਜਨ ਨੇ ਗੁਰਮਤਿ ਨਾਮ ਅਭਿਆਸ ਰੂਪੀ ਅਭਿਆਸ ਕਮਾਈ (ਸੇਵਾ) ਕੀਤੀ ਹੈ ਉਸ ਨੇ ਅੰਮ੍ਰਿਤ ਰਸ ਦੇ ਗਟਾਕ ਪੀਤੇ ਹਨ ॥ ੧ ॥ ਰਹਾਉ ॥ ਜੋ ਗੁਰਮੁਖਿ ਜਨ ਇਸ ਅਮਰਾ ਪਦ ਵਾਲੀ ਗੁਰੂ ਦਰਸਾਈ, ਗੁਰੂ ਦ੍ਰਿੜ੍ਹਾਈ ਗੁਰਮਤਿ ਸੇਵਾ ਕਮਾਈ ਕਰਦੇ ਹਨ, ਉਹੀ ਜਨ ਸੰਸਾਰ ਭਰ ਵਿਚੋਂ ਚੁਣ-ਕਢੇ ਲਧੋਵਾਰੇ ਮਹਾਂ ਪੁਰਖ ਹਨ। ਹੋਰ ਐਵੇਂ ਕਹਿਣ ਕਹਾਉਣ ਵਾਲੇ ਧੀਂਗੋ ਜ਼ੋਰੀ ਦੇ ਬਣਾਏ ਹੋਏ ਯਾ ਆਪੇ ਬਣਿ ਬੈਠੇ ਮਹਾਤਮਾ ਹਨ। ਸਭ ਤੋਂ ਵਡਾ ਮਰਾਤਬਾ ਇਸ ਸੰਸਾਰ ਅੰਦਰਿ ਸਤਿਗੁਰੂ ਦਾ ਹੈ, ਓਦੂੰ ਉਤਰ ਕੇ ਤਿਨ੍ਹਾਂ ਮਹਾਂ ਪੁਰਸ਼ਾਂ ਦਾ ਹੀ ਮਾਨਨੀਕ ਮਰਾਤਬਾ ਹੈ ਜਿਨ੍ਹਾਂ ਗੁਰਮੁਖਿ ਜਨਾਂ ਨੇ ਅਥਾਹ ਗੁਰਮਤਿ ਨਾਮ ਕਮਾਈਆਂ ਕਰ ਕੇ ਅੰਮ੍ਰਿਤ ਰਸ ਪੀਤਾ ਹੈ। ਸੱਚਾ ਕਲਿਆਣ ਮਈ ਉਧਾਰ ਤਿਨ੍ਹਾਂ ਗੁਰਮੁਖਿ ਮਹਾਂ ਪੁਰਖਾਂ ਦਾ ਹੀ ਹੋਇਆ ਹੈ। ਤਿਨ੍ਹਾਂ ਦਾ ਉਧਾਰ ਤਾਂ ਹੋਣਾ ਹੀ ਸੀ, ਤਿਨ੍ਹਾਂ ਦੀਆਂ ਸਗਲੀਆਂ ਕੁਲਾਂ ਦਾ ਭੀ ਨਿਸਤਾਰਾ ਹੋ ਗਿਆ ਹੈ। ਉਹ ਮਹਾਂ ਪੁਰਸ਼ ਨਿਰੇ ਮਿੱਟੀ ਦੇ ਮਟੂੰਨ ਨਿਜ ਪੂਜਾ ਪਰਤਿਸ਼ਟਾ ਕਰਾਉਣ ਵਾਲੇ ਕਰਮ-ਕਾਂਡੀ ਮਹਾਤਮਾ (ਮਹੰਤ) ਬਣ ਕੇ ਨਹੀਂ ਬਹਿੰਦੇ, ਬਲਕਿ ਉਹ ਸਦਾ ਸਦਾ ਨਾਮ ਅਭਿਆਸ ਕਮਾਈ ਰੂਪੀ ਨਿਹਕਰਮ ਕਰਮ ਨੂੰ ਕਰੀ ਹੀ ਜਾਂਦੇ ਹਨ, ਵੇਹਲੇ ਕਦੇ ਨਹੀਂ ਬਹਿੰਦੇ। ਹਰ ਦਮ ਵਾਹਿਗੁਰੂ ਨਾਮ ਨੂੰ ਉਰਿਧਾਰੀ ਰਖਦੇ ਹਨ। ਹਿਰਦੇ ਅੰਦਰਿ ਧਾਰ ਕੇ (ਵਸਾ ਕੇ) ਸੁਆਸਿ ਸੁਆਸਿ ਹਿਰਦਾਂਤਰੀ ਅਭਿਆਸ ਵਿਚਿ ਜੁਟੇ ਰਹਿੰਦੇ ਹਨ। ਇਉਂ ਨਾਮ-ਰੰਗਾਂ ਵਿਚਿ ਰੰਗੀਜੇ ਹੋਏ ਰੱਤੇ ਹੋਏ ਇਸ ਭਵ-ਸਾਗਰ ਤੋਂ ਪਾਰ ਉਤਰਿ ਜਾਂਦੇ ਹਨ।

ਜਗਤ ਪ੍ਰਸਿੱਧ ਪੁਲੀਟੀਕਲ ਮਹਾਤਮਾ ਚਾਹੇ ਕਿਤਨੇ ਵਡੇ ਮਹਾਤਮਾ ਕਿਉਂ ਨਾ ਸਦਾਉਣ, ਰਾਮ ਰੰਗਾਂ ਤੋਂ ਸੂਨ ਹੋਣ ਕਰਕੇ ਮੁੜਿ ਮੁੜਿ ਚੁਰਾਸੀ ਦੇ ਗੇੜ ਵਿਚਿ ਪੈਣਗੇ। ਉਹਨਾਂ ਦਾ ਨਿਸਤਾਰਾ ਭਵਜਲੋਂ ਪਾਰ-ਉਤਾਰਾ ਕਦੇ ਨਹੀਂ ਹੋਵੇਗਾ, ਜਦ ਤਾਈਂ ਸੱਚੇ ਸਤਿਗੁਰੂ ਗੁਰੂ ਨਾਨਕ ਦੀ ਸ਼ਰਨੀ ਪੈ ਕੇ ਗੁਰੂ ਦੁਆਰਿਓਂ (ਗੁਰੂ ਨਾਨਕ ਦੇ ਦੁਆਰਿਓਂ) ਅੰਮ੍ਰਿਤ ਛਕ ਕੇ ਅਤੇ ਗੁਰ-ਦੀਖਿਆ ਗੁਰ-ਮੰਤਰ ਗੁਰਮਤਿ ਨਾਮ ਜਪ ਕੇ ਅੰਮ੍ਰਿਤ-ਰਸ ਪ੍ਰਾਪਤਨੀਆਂ ਅਭਿਆਸ-ਕਮਾਈਆਂ ਨਹੀਂ ਕਰਨਗੇ।

ਐਸੀ ਸਤਿਗੁਰੂ ਸੇਵਾ, ਸਤਿਗੁਰੂ ਦਰਸਾਈ ਸੇਵਾ ਨਾਮ ਕਮਾਈ ਕਰਨਹਾਰੇ ਆਪਣੇ ਆਪ ਨੂੰ ਜਣਾਉਣਗੇ ਨਹੀਂ। ਆਪੋਂ ਕੁਛ ਬਣ ਨਹੀਂ ਬੈਠਣਗੇ (ਬਣਿ ਬੈਠਣ ਦਾ ਤਿਨ੍ਹਾਂ ਨੂੰ ਫ਼ਿਕਰ ਹੀ ਨਹੀਂ ਰਹੇਗਾ), ਬਲਕਿ ਸਦਾ ਹੀ ਮਨ ਬਚਨ ਕਰਮ ਕਰਕੇ ਓਹ ਸਾਰਿਆਂ ਦੇ ਦਾਸ ਸੇਵਕ ਬਣੇ ਰਹਿਣਗੇ। ਤਿਨ੍ਹਾਂ ਦੀ ਹਉਮੈ ਦਾ ਉੱਕਾ ਹੀ ਅਭਾਵ ਹੋ ਜਾਵੇਗਾ। ਇਉਂ ਕੀਤੀ ਉਹਨਾਂ ਦੀ ਨਿਰਮਾਣ ਨਾਮ ਅਭਿਆਸ ਕਮਾਈ ਇਹ ਫਲ ਲਿਆਵੇਗੀ ਕਿ ਹਿਰਦਾ-ਕੰਵਲ ਨਾਮ ਅਭਿਆਸ ਦੀ ਪਾਰਸ-ਕਲਾ ਦੁਆਰਾ ਖਿੜ ਕੇ ਜੋਤਿ-ਰਸ ਵਿਗਾਸ ਦੇ ਉਜਿਆਰੇ (ਚਾਨਣੇ) ਨਾਲਿ ਪ੍ਰਕਾਸ਼ਤ ਹੋ ਕੇ ਨੂਰੋ ਨੂਰ ਹੋ ਜਾਵੇਗਾ। ਅੰਮ੍ਰਿਤ ਰਸ ਰਸਾਇਣੀ ਡਲ੍ਹਕ ਡਲ੍ਹਕੂਰ ਨਾਲਿ ਭਰਪੂਰਿ ਹੋ ਜਾਏਗਾ

ਅਤੇ ਅਮੀ ਡਲ੍ਹਕੂਰਨੀ ਅਉਖਧੀ ਭੁੰਚਿ ਭੁੰਚਿ ਮਖ਼ਮੂਰ ਰਹੇਗਾ। ਇਹੋ ਹੀ ਨਹੀਂ, ਤਿਨ੍ਹਾਂ ਰਿਦਿ ਕਮਲ ਪ੍ਰਗਾਸੀਆਂ ਦਾ ਨਿਜ ਘਰ ਦਸਮੇ ਦੁਆਰ ਵਿਖੇ ਸਦੀਵੀ ਵਾਸਾ ਹੋ ਜਾਵੇਗਾ। ਜਿਥੇ ਅਖੰਡ ਕੀਰਤਨ ਅਨਹਦ ਅਖਾੜੇ ਖੁਲ੍ਹ ਜਾਣਗੇ। ਸਭ ਤੋਂ ਵਾਧੇ ਦੀ ਗੱਲ ਇਹ ਹੈ ਕਿ ਅਜਿਹੇ ਜੀਵਨ-ਮੁਕਤ ਨਾਮ ਰੱਤੜੇ ਗੁਰਮੁਖਿ ਜਨਾਂ ਦਾ ਗ੍ਰਿਹਸਤ ਵਿਚਿ ਰਹਿ ਕੇ ਹੀ ਉਪਰ ਵਰਨੀ ਅਪਾਰ ਆਤਮ ਅਵਸਥਾ ਵਾਲਾ ਉਧਾਰ ਹੋਵੇਗਾ, ਤਿਨ੍ਹਾਂ ਨੂੰ ਗ੍ਰਿਹਸਤ ਦਾ ਤਿਆਗ ਕਰਨ ਦੀ ਉੱਕੀ ਲੋੜ ਨਹੀਂ। ਸੋ ਵਡਭਾਗੇ ਜਨ ਗ੍ਰਿਹਸਤ-ਉਦਾਸ ਰਾਜ-ਜੋਗ ਮਾਨਣਗੇ। ਮਾਇਆ ਅਤੀਤ ਵੈਰਾਗੀ ਨਹੀਂ ਬਨਣਗੇ।

ਅਜਿਹੇ ਅਨਿੰਨ ਗੁਰਸਿਖ ਸੇਵਕ ਭਗਤ ਜਨਾਂ ਦੀ ਜੁਗ ਜੁਗਾਣੀ ਸਚੜੀ ਰਾਸ ਗੁਰਮਤਿ ਨਾਮ ਨੀਸਾਣੀ ਉਤਮ ਗੁਰਬਾਣੀ ਹੀ ਰਹੇਗੀ। ਜਿਸ ਰਾਸ ਪੂੰਜੀ ਦੀ ਖੇਪ ਵਿਹਾਜ ਕੇ ਉਹ ਦਿਨ ਰਾਤੇ ਵਾਹਿਗੁਰੂ ਨਾਮ-ਜਾਪ-ਅਭਿਆਸ-ਰੰਗਾਂ ਵਿਚਿ ਮਸਤੁਲ ਮਸਤ ਰਹਿਣਗੇ। ਅਜਿਹੇ ਪਰਮ ਪਦ ਪੁਗੜੇ ਨਾਮ ਰਤੁੱਗੜੇ ਗੁਰਮੁਖਿ ਜਨ ਹੀ ਨਿਹਕੇਵਲ ਨਿਰਬਾਣੀ ਜਨ ਹੀ ਸੁਜਾਣੀ ਹਨ।

"ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥"

# ੩੨ – ਕਦਮ–ਉਲਾਂਘ ਦੇ ਅਰਥਾਂ ਵਿਚ ਕਰਮ

ਪੁਸਤਕ ਦੇ ਮੁਢ ਵਿਚ ਦਸਿਆ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਰਮ ਸ਼ਬਦ ਸੱਤਾਂ ਅਰਥਾਂ ਵਿਚ ਵਰਤਿਆ ਗਿਆ ਹੈ, ਜਿਹਾ ਕਿ

(੧) ਕੰਮ; ਕਾਜ,

(੨) ਕਿਸਮਤ, ਭਾਗ,

(੩) ਫ਼ਜ਼ਲ, ਰਹਿਮਤ, ਨਦਰਿ, ਮਿਹਰ,

(੪) ਸ਼ੁਭ ਅਸ਼ੁਭ ਕਰਮ,

(੫) ਸਖ਼ਾਵਤ, ਦਾਤਾਪਣ,

(੬) ਵੇਰਵਾ, ਨੀਸਾਣ, ਨਿਰਣਾ, ਅਤੇ

(੭) ਕਦਮ, ਉਲਾਂਘ।

ਪਹਿਲਾਂ ਛੇ ਅਰਥਾਂ ਵਿਚ ਕਰਮ ਸ਼ਬਦ ਦਾ ਨਿਰਣਾ ਉਪਰ ਸਾਰੀ ਪੁਸਤਕ ਵਿਚ ਥਾਉਂ ਥਾਈਂ ਹੋ ਚੁਕਾ ਹੈ। ਹੁਣ ਕਦਮ, ਉਲਾਂਘ ਦੇ ਅਰਥਾਂ ਸੰਬੰਧੀ ਇਕ ਦੋ ਪ੍ਰਮਾਣ ਦੇ ਕੇ ਪੁਸਤਕ ਦੀ ਸਮਾਪਤੀ ਕੀਤੀ ਜਾਂਦੀ ਹੈ।

**ਸਾਗਰ ਮੇਰ ਉਦਿਆਨ ਬਨ ਨਵਖੰਡ ਬਸੁਧਾ ਭਰਮ ॥ ਮੂਸਨ ਪ੍ਰੇਮ ਪਿਰੰਮ ਕੈ**
**ਗਨਉ ਏਕ ਕਰਿ ਕਰਮ ॥ ੩ ॥**

(ਚਉਬੋਲੇ ਮ: ੫, ਪੰਨਾ ੧੩੬੪)

ਅਰਥ— ਸਮੁੰਦਰ, ਪਹਾੜ, ਜੰਗਲ, ਬਣ, ਨਉਖੰਡ, ਧਰਤੀ ਪਰ ਜੋ ਫਿਰਨਾ ਹੈ, ਉਹ ਪ੍ਰੇਮ ਦੇ ਪੰਧ ਵਿਚ ਮਸਤ ਹੋ ਕੇ ਚੱਲਣ ਦੇ ਇਕ ਕਦਮ ਬਰਾਬਰ ਸਮਝੋ।

**ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥**

(ਪ੍ਰਭਾਤੀ ਮ: ੧, ਪੰਨਾ ੧੩੪੪)

ਏਥੇ 'ਕਰਉ' ਦੇ ਅਰਥ ਜ਼ਮੀਨ ਦੀ ਮਿਣਤੀ ਕਰਨ ਵਾਲੀ ਕਰਮ (ਕਦਮ, ਉਲਾਂਘ) ਦੇ ਹਨ। ਏਸ ਸਾਰੇ ਸ਼ਬਦ ਦੇ ਅਰਥ ਇਸ ਪੁਸਤਕ ਦੇ ਪ੍ਰਕਰਣ "ਕਰੇ ਕਰਾਏ ਆਪਿ ਪ੍ਰਭੁ" ਦੇ ਅੰਤ ਵਿਚ (ਸਫ਼ਾ ੧੩੮ ਤੋਂ ੧੪੧ ਤਕ) ਦੇਖੋ।

॥ ਸਮਾਪਤ ॥


www.sikhbookclub.com

# ਸਾਧ-ਸੰਗਤ ਪ੍ਰਤੀ ਬੇਨਤੀ

ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ਭਾਈ ਸਾਹਿਬ ਰਣਧੀਰ ਸਿੰਘ ਰਚਿਤ ਪੁਸਤਕਾਂ ਛਪਵਾਉਣ ਦੀ ਸੇਵਾ ਲਾਗਤ ਕੀਮਤ ਤੇ ਕਰਵਾ ਕੇ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਕਰ ਰਿਹਾ ਹੈ। ਸਟਾਕ ਵਿਚ ਸਾਲਾਂ ਬੱਧੀ ਪੁਸਤਕਾਂ ਪਈਆਂ ਰਹਿਣ ਕਰਕੇ ਅਤੇ ਕਾਗਜ਼ ਤੇ ਛਪਾਈ ਦੀ ਮਹਿੰਗਾਈ ਹੋ ਜਾਣ ਕਰਕੇ ਨਵੀਆਂ ਪੁਸਤਕਾਂ ਦੀ ਛਪਵਾਈ ਕਰਵਾਉਣ ਲਈ ਮਾਇਆ ਦੀ ਤੋਟ ਰਹਿੰਦੀ ਹੈ ਅਤੇ ਹਰ ਵਕਤ ੧੦-੧੨ ਪੁਸਤਕਾਂ (ਪੂਰੇ ੩੫ ਪੁਸਤਕਾਂ ਦੇ ਸੈਟ ਵਿਚੋਂ) ਛੱਪਣ ਵਲੋਂ ਰਹਿ ਜਾਂਦੀਆਂ ਹਨ।

ਸੋ ਧਰਮ ਪ੍ਰਚਾਰ ਹਿੱਤ ਗੁਰਮੁੱਖ-ਸੱਜਣਾਂ ਪ੍ਰਤੀ ਬੇਨਤੀ ਹੈ ਕਿ ਪੁਸਤਕਾਂ ਦੀ ਛਪਾਈ ਵਾਸਤੇ ਚੈਕ/ਡਰਾਫਟ "ਭਾਈ ਸਾਹਿਬ ਰਣਧੀਰ ਸਿੰਘ ਟਰੱਸਟ" ਦੇ ਨਾਂ ਹੇਠ ਲਿਖੇ ਪਤੇ ਤੇ ਭੇਜ ਕੇ ਜਾਂ ਮਾਇਆ ਭੇਜ ਕੇ ਰਸੀਦ ਪ੍ਰਾਪਤ ਕਰੋ ਜੀ।

ਸਕੱਤਰ
ਭਾਈ ਸਾਹਿਬ ਰਣਧੀਰ ਸਿੰਘ ਟਰੱਸਟ
੨੩-ਜੀ, ਸਰਾਭਾ ਨਗਰ,
ਲੁਧਿਆਣਾ-੧੪੧੦੦੧

ਨੋਟ: ਗੁਰਮੁੱਖ-ਸੱਜਣ ਜਾਂ ਕਿਸੇ ਇਲਾਕੇ / ਸ਼ਹਿਰ ਦੀ ਸੰਗਤ ਕਿਸੇ ਵੀ ਪੁਸਤਕ ਦੀ ਸੇਵਾ ਲੈ ਸਕਦੀ ਹੈ ਉਸਦਾ ਧੰਨਵਾਦ ਉਸੇ ਪੁਸਤਕ ਵਿੱਚ ਕੀਤਾ ਜਾਵੇਗਾ ਜੀ।


www.sikhbookclub.com

# ਭਾਈ ਸਾਹਿਬ ਰਣਧੀਰ ਸਿੰਘ
# ਰਚਿਤ ਪੁਸਤਕਾਂ ਦੀ ਸੂਚੀ

੧. ਜੇਲ੍ਹ ਚਿੱਠੀਆਂ
੨. ਰੰਗਲੇ ਸਜਣ
੩. ਅਣਡਿੱਠੀ ਦੁਨੀਆਂ
੪. ਗੁਰਮਤਿ ਬਿਬੇਕ
੫. ਗੁਰਮਤਿ ਲੇਖ
੬. ਗੁਰਮਤਿ ਪ੍ਰਕਾਸ਼
੭. ਗੁਰਮਤਿ ਵਿਚਾਰ
੮. ਗੁਰਮਤਿ ਗੌਰਵਤਾ
੯. ਸੰਤ ਪਦ ਨਿਰਣੈ
੧੦. ਕਥਾ ਕੀਰਤਨ
੧੧. ਸੱਚਖੰਡ ਦਰਸ਼ਨ
੧੨. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੧੩. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ?
੧੪. ਗੁਰਮਤਿ ਨਾਮ ਅਭਿਆਸ ਕਮਾਈ
੧੫. ਗੁਰਮਤਿ ਸਚ ਨਿਰਣੈ
੧੬. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
੧੭. ਚਰਨ ਕਮਲ ਕੀ ਮਉਜ
੧੮. ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣੈ
੧੯. ਅਨਹਦ ਸ਼ਬਦ ਦਸਮ ਦੁਆਰ
੨੦. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲੱਖਣਤਾ
੨੧. ਜੋਤਿ ਵਿਗਾਸ (ਮਹਾਂ ਕਾਵਿ)
੨੨. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
੨੩. Autobiography of Bhai Randhir Singh (ਜੇਲ੍ਹ ਚਿੱਠੀਆਂ ਅੰਗ੍ਰੇਜ਼ੀ)
੨੪. War Against the King Emperor (Gadar of 1914-15) ਟਰੱਸਟ ਵਲੋਂ ਨਵੀਂ ਛੱਪੀ ਪੁਸਤਕ

ਛੋਟੇ ਟ੍ਰੈਕਟ-

੨੫. ਅੰਮ੍ਰਿਤ ਕੀ ਹੈ
੨੬. ਅੰਮ੍ਰਿਤ ਕਲਾ
੨੭. ਗੁਰਮਤਿ ਰਮਜ਼ਾ
੨੮. ਸਿੱਖ ਕੌਣ ਹੈ ?
੨੯. ਸੱਚੀਆਂ ਦਾੜ੍ਹੀਆਂ
੩੦. ਵਾਹਿਗੁਰੂ ਸਿਮਰਨ
੩੧. ਸੁਪਨਾ
੩੨. ਆਸਤਕ ਨਾਸਤਕ
੩੩. ਸ਼ੰਕਿਆਂ ਦੇ ਉਤਰ
੩੪. ਨਾਮ ਸਬੰਧੀ ਵਿਚਾਰ
੩੫. ਤਿਮਰ ਅਗਿਆਨ ਤੋਂ ਉਜਿਆਰਾ
੩੬. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
੩੭. ਸਿੰਘਾ ਦਾ ਪੰਥ ਨਿਰਾਲਾ
੩੮. ਬਾਬਾ ਵੈਦ ਰੋਗੀਆਂ ਦਾ
੩੯. ਕੋ ਵਿਰਲਾ ਗੁਰਮਤਿ ਚਲੈ ਜੀਉ
੪੦. ਹਉਮੈ ਨਾਵੈ ਨਾਲਿ ਵਿਰੋਧ ਹੈ
੪੧. ਨਾਮ ਦਾ ਦਾਤਾ ਸਤਿਗੁਰੂ
੪੨. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
੪੩. ਸਿੱਖੀ ਸਿਦਕ ਤੇ ਧਰਮ ਰੱਖਿਆ
੪੪. ਕੀਰਤਨੀ ਜੱਥਿਆਂ ਦੀ ਦਾਸਤਾਨ
੪੫. Meaning of Sikh Baptism

## ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
੨੩-ਜੀ, ਸਰਾਭਾ ਨਗਰ, ਲੁਧਿਆਣਾ